ਗੁਰਮੁਖ ਮਾਰਗੁ ਧੰਨੁ ਹੈ, ਸਾਧ ਸੰਗਤਿ ਮਿਲਿ ਸੰਗੁ ਚਲਾਇਆ

# ਗੁਰਮੁਖ ਮਾਰਗ

ਪਵਿੱਤਰ ਜੀਵਨ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ

ਲਿਖਾਰੀ

ਗਿਆਨੀ ਪਾਲ ਸਿੰਘ

ਗੁਰਮੁਖ ਮਾਰਗੁ ਧੰਨੁ ਹੈ, ਸਾਧ ਸੰਗਤਿ ਮਿਲਿ ਸੰਗੁ ਚਲਾਇਆ

# ਗੁਰਮੁਖ ਮਾਰਗ

## ਪਵਿੱਤਰ ਜੀਵਨ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ

**ਲਿਖਾਰੀ**

**ਗਿਆਨੀ ਪਾਲ ਸਿੰਘ**

**ਮਦਾਨ ਪਬਲੀਸ਼ਿੰਗ ਹਾਊਸ**

**ਗੁਰਮੁਖ ਮਾਰਗ**
**ਪਵਿੱਤਰ ਜੀਵਨ**
ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ

ਪਹਿਲੀ ਵਾਰ : ਸਤੰਬਰ 2017

ISB : 978-93-84661-54-0

*ਲਿਖਾਰੀ :*
**ਗਿਆਨੀ ਪਾਲ ਸਿੰਘ ਖਾਲਸਾ**
ਮੁੱਖ ਸੇਵਾਦਾਰ, ਗੁਰਮਤਿ ਪ੍ਰਚਾਰ ਸਭਾ,
14 ਇੰਦਰਾਪੁਰੀ ਸਰਹਿੰਦ ਰੋਡ, ਪਟਿਆਲਾ
ਮੋਬਾਇਲ ਨੰ: 9888868182
e-mail : gurmukhmarg@gmail.com
Website: www.gurmukhmarg.net

*ਪ੍ਰਕਾਸ਼ਕ:*
**ਮਦਾਨ ਪਬਲੀਸ਼ਿੰਗ ਹਾਊਸ**
ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਜਿਨ ਭੈ ਅਦਬ ਨ ਬਾਣੀ ਧਾਰਾ।
ਜਾਨਹੁ ਸੋ ਸਿਖ ਨਹੀਂ ਹਮਾਰਾ।

ਗੁਰਮੁਖ ਮਾਰਗ ਪੋਥੀ ਵਿਚ ਗੁਰਬਾਣੀ ਦੇ ਸਬਦ ਹੋਣ ਕਰਕੇ ਇਸ ਨੂੰ ਸਤਿਕਾਰ ਨਾਲ ਰੱਖਿਆ ਜਾਵੇ।

ਇਹ ਪੋਥੀ ਕਿਸੇ ਅਦਾਲਤ ਜਾਂ ਕੋਰਟ ਵਿਚ ਦਸਤਾਵੇਜ ਦੇ ਤੌਰ ਤੇ ਪੇਸ਼ ਨਹੀਂ ਕੀਤੀ ਜਾ ਸਕਦੀ।

**ਪੋਥੀ ਮਿਲਣ ਦੇ ਪਤੇ:**
੧. ਗੁਰਦੁਆਰਾ ਖਾਲਸਾ ਦਰਬਾਰ ਸਾਹਿਬ,
ਉਪਲਹੇੜੀ ਜੀ.ਟੀ.ਰੋਡ ਰਾਜਪੁਰਾ,
ਜ਼ਿਲ੍ਹਾ ਪਟਿਆਲਾ।
੨. ਲੋਹਗੜ੍ਹ ਸਾਹਿਬ ਕੰਵਰਪੁਰ,
ਜੀ.ਟੀ.ਰੋਡ ਰਾਜਪੁਰਾ,
ਜ਼ਿਲ੍ਹ ਪਟਿਆਲਾ।

ੴ

ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
ਜਪੁ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਵਾਹਿਗੁਰੂ

ਏਕੰਕਾਰੁ ਇਕਾਂਗ ਲਿਖਿ, ਊੜਾ ਓਅੰਕਾਰੁ ਲਿਖਾਇਆ॥
ਸਤਿਨਾਮੁ ਕਰਤਾ ਪੁਰਖੁ, ਨਿਰਭਉ ਹੁਇ ਨਿਰਵੈਰੁ ਸਦਾਇਆ॥
ਅਕਾਲ ਮੂਰਤਿ ਪ੍ਰਤੱਖ ਸੋਇ, ਨਾਉ ਅਜੂਨੀ ਸੈਭੰ ਭਾਇਆ॥
ਗੁਰਪ੍ਰਸਾਦਿ ਸੁ ਆਦਿ ਸਚੁ ਜੁਗਹੁ ਜੁਗੰਤਰ ਹੋਂਦਾ ਆਇਆ॥
ਹੈ ਭੀ ਹੋਸੀ ਸਚੁ, ਨਾਉ ਸੱਚ, ਦਰਸ਼ਨ ਸਤਿਗੁਰੂ ਦਿਖਾਇਆ॥
ਸਬਦੁ ਸੁਰਤਿ ਲਿਵਲੀਣੁ ਹੁਇ, ਗੁਰੁ ਚੇਲਾ ਪਰਚਾ ਪਰਚਾਇਆ॥
ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ॥
ਗੁਰਮੁਖਿ ਸੁਖ ਫਲੁ ਅਲਖ ਲਖਾਇਆ॥੧॥ (ਵਾਰ ੩੯ਵੀਂ)

ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸ਼ਨਾ ਨਾਮ ਜਪਾਵੈ॥
ਦੁਆਪਰ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮ ਜਪਾਵੈ॥
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੈ ਸੁਖ ਪਾਵੈ॥
ਕਲਿਜੁਗ ਨਾਨਕ ਗੁਰ ਗੋਬਿੰਦ ਗੱਗਾ ਗੋਬਿੰਦ ਨਾਮ ਅਲਾਵੈ॥
ਚਾਰੇ ਜਾਗੇ ਚਹੁੰ ਜੁਗੀ ਪੰਚਾਇਣ ਵਿਚ ਜਾਇ ਸਮਾਵੈ॥
ਚਾਰੋਂ ਅਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਸੁਣਾਵੈ॥
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ॥੯੯॥੧॥ ਭਾਈ ਗੁਰਦਾਸ

# ਜਾਣ ਪਛਾਣ

ਜਦੋਂ ਦਾਸ ਪਹਿਲੀ ਵਾਰੀ ਹੈਡ ਆਫਿਸ ਦੁਪਹਿਰ ਸਮੇਂ ਗਿਆਨੀ ਪਾਲ ਸਿੰਘ ਜੀ ਨੂੰ ਮਿਲਿਆ ਇਹ ਸਾਰੇ ਪ੍ਰੇਮੀਆਂ ਦੇ ਸੁਆਲਾਂ ਦੇ ਜੁਆਬ ਗੁਰਬਾਣੀ ਦੀਆਂ ਪੰਕਤੀਆਂ ਅਤੇ ਗੁਰ ਇਤਿਹਾਸ ਨਾਲ ਦੇ ਰਹੇ ਸਨ। ਇਨ੍ਹਾਂ ਦੇ ਬਚਨ ਸੁਣ ਕੇ ਸਾਨੂੰ ਆਪਣੇ ਫਰਜ ਨਿਭਾਉਣ ਲਈ ਪ੍ਰੇਰਨਾ ਮਿਲਦੀ ਸੀ। ਮੇਰੀ ਇਹ ਪਹਿਲੀ ਮੁਲਕਾਤ ਸੀ। ਇਹ ਸਮੇਂ ਸਿਰ ਆਪਣੇ ਦਫਤਰ ਵਿਚ ਚਲੇ ਗਏ। ਇਨ੍ਹਾਂ ਦੇ ਬਚਨ ਸੁਣ ਕੇ ਸਾਡੀ ਬਿਰਤੀ ਅੰਤਰਮੁਖੀ ਹੋ ਗਈ।

ਕੁਝ ਦਿਨਾਂ ਬਾਅਦ ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਕਿਸੇ ਮਹਾਤਮਾ ਦੀ ਸੰਗਤ ਕਰਦੇ ਹੋ। ਇਹ ਆਖਣ ਲਗੇ ਸਹਿਜ ਪਾਠ ਕਰਿਆ ਕਰੋ। ਮੈਂ ਵੀ ਹੋਰ ਪ੍ਰੇਮੀਆਂ ਦੀ ਤਰ੍ਹਾਂ ਸੈਂਚੀਆਂ ਲੈ ਕੇ ਸਹਿਜ ਪਾਠ ਕਰਨੇ ਸ਼ੁਰੂ ਕਰ ਦਿਤੇ ਅਤੇ ਮੇਰੇ ਮਨ ਵਿਚ ਚਾਅ ਪੈਦਾ ਹੋਇਆ ਕਿ ਕਿਸੇ ਪੂਰਨ ਮਹਾਂਪੁਰਖਾਂ ਦੇ ਦਰਸ਼ਨ ਕਰੀਏ। ਇਨ੍ਹਾਂ ਨਾਲ ਅਸੀਂ ਗੁਰਦੁਆਰਾ ਸਾਹਿਬ ਕੰਵਰਪੁਰ ਵਿਖੇ ਮਹਾਂਪੁਰਖਾਂਦੇ ਦਰਸ਼ਨ ਕਰਕੇ ਨਿਹਾਲ ਹੋ ਗਏ। ਗੁਰੂ ਸਾਹਿਬ ਦੀ ਐਸੀ ਕਿਰਪਾ ਹੋਈ ਕਿ ਮਹਾਂਪੁਰਖਾਂ ਦੇ ਮੁਖਾਰਬਿੰਦ ਤੋਂ ਅਸੀਂ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਇਹ ਸਾਰਾ ਪ੍ਰਬੰਧ ਇਨ੍ਹਾਂ ਨੇ ਆਪਣੀ ਘਰ ਵਾਲੀ ਬੀਬੀ ਅਮਰਜੀਤ ਕੌਰ ਨਾਲ ਮਿਲ ਕੇ ਕੀਤਾ। ਬੀਬੀ ਜੀ ਹੁਰਾਂ ਨੇ ਇਸ ਮਹਾਨ ਸੇਵਾ ਦਾ ਬਹੁਤ ਲਾਹਾ ਲਿਆ। ਲੜੀਵਾਰ ਕਥਾ ਸਰਵਣ ਕਰਨ ਤੋਂ ਬਾਅਦ ਕਈ ਸਿੰਘ ਗੁਰਮਤਿ ਪ੍ਰਚਾਰ ਦੀ ਸੇਵਾ ਕਰਨ ਲਗ ਪਏ। ਪਰ ਇਹ ਆਪਣੇ ਅਨੰਦ ਵਿਚ ਟਿਕ ਗਏ। ਮਹਾਂਪੁਰਖਾਂ ਦੇ ਉਚੇਚੇ ਹੁਕਮ ਮੰਨ ਕੇ ਇਨ੍ਹਾਂ ਨੇ ਪਟਿਆਲੇ ਤੋਂ ਉਪਲਹੇੜੀ ਜਾ ਕੇ ਪੂਰਾ ਇਕ ਸਾਲ ਸਾਰੇ ਗੁਰਪੁਰਬ ਅਤੇ ਸੰਗਰਾਂਦਾਂ ਤੇ ਕਥਾ ਦੀ ਸੇਵਾ ਨਿਭਾਈ। ਇਸ ਤੋਂ ਉਪਰੰਤ ਆਪਣੀ ਸਰਕਾਰੀ ਡਿਊਟੀ ਦੇ ਨਾਲ ਨਾਲ ਦੇਸ ਵਿਦੇਸ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾ ਕੇ ਮਹਾਂਪੁਰਖਾਂ ਪਾਸੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮਹਾਂਪੁਰਖਾਂ ਨੇ ਪਰਖ ਕਰਕੇ ਗੁਰਮਤਿ ਪ੍ਰਚਾਰ ਦੀ ਸੇਵਾ ਦੀ ਜਿੰਮੇਵਾਰੀ ਇਨ੍ਹਾਂ ਨੂੰ ਸੌਂਪ ਦਿੱਤੀ। ਜਿੱਥੇ ਇਨ੍ਹਾਂ ਨੇ ਸੇਵਾ ਕਰਕੇ ਉਪਲਹੇੜੀ ਵਾਲੇ ਮਹਾਂਪੁਰਖਾਂ ਪਾਸੋਂ ਖੁਸ਼ੀਆਂ ਪ੍ਰਾਪਤ ਕੀਤੀਆਂ ਉਥੇ ਸੰਤ ਬਾਬਾ ਠਾਕੁਰ ਸਿੰਘ ਜੀ ਮੁਖੀ ਦਮਦਮੀ ਟਕਸਾਲ ਪਾਸੋਂ ਵੀ ਗੁਰਮਤਿ ਪ੍ਰਚਾਰ ਦੇ ਦੌਰੇ ਰਖਵਾ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਸੱਚਖੰਡ ਵਾਸੀ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਫੁਰਨੇ ਦੇ ਅਨੁਸਾਰ ਵੱਖੋ ਵੱਖਰੀਆਂ ਸੇਵਾਵਾਂ ਕਰਕੇ ਬਖਸ਼ਿਸ਼ਾਂ ਹਾਸਿਲ ਕੀਤੀਆਂ। ਇਨ੍ਹਾਂ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਹਰ ਸਾਲ ਗਰਮੀ ਦੀ ਰੁੱਤੇ ਛੇ ਮਹੀਨੇ ਠੰਢੀ ਮਿੱਠੀ ਛਬੀਲ ਦੀ ਸੇਵਾ ਰਾਹੀਂ ਪੰਜਾਬ ਰਾਜ ਬਿਜਲੀ ਬੋਰਡ ਦੇ ਹੈਡ ਆਫਿਸ ਦੇ ਗੇਟ ਤੇ ਹਰੇਕ ਐਤਵਾਰ ਗਰੀਬ ਗੁਰਬੇ ਰਾਹਗੀਰਾਂ ਤੋਂ ਅਸੀਸਾਂ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਸੇਵਾਵਾਂ ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਮਨਾਂ ਨੂੰ ਜਿੱਤ ਕੇ ਗੁਰੂ ਸਾਹਿਬਾਂ ਦੇ ਪ੍ਰਕਾਸ਼ ਪੁਰਬਾਂ ਉਤੇ ਸਲਾਨਾ ਸਮਾਗਮਾਂ ਉਤੇ ਗੁਰੂ ਕੇ ਲੰਗਰਾਂ ਦੀ ਸੇਵਾ ਕਰਵਾ ਕੇ ਆਪਣੇ ਫਰਜਾਂ ਨੂੰ ਪੂਰਾ ਕਰ ਰਹੇ ਹਨ ਕਿਉਂਕਿ ਮਹਾਂਪੁਰਖਾਂ ਦੇ ਪੁਰਖਿਆਂ ਨੇ ਕਲਗੀਧਰ ਦੇ ਲੰਗਰਾਂ ਦੀ ਸੇਵਾ ਕੀਤੀ ਹੋਈ ਹੈ।

ਗੁਰਮਤਿ ਪ੍ਰਚਾਰ ਦੇ ਨਾਲ ਨਾਲ ਗਿਆਨੀ ਪਾਲ ਸਿੰਘ ਨੇ ਸਰਕਾਰੀ ਹਾਈ ਸਕੂਲ ਉਪਲਹੇੜੀ ਦੇ ਦਫਤਰ, ਸ਼ਹੀਦ ਬਾਬਾ ਹੀਰਾ ਸਿੰਘ ਦੀ ਯਾਦ ਵਿਚ ਬਹੁਤ ਸੁੰਦਰ ਹਵਾਦਾਰ ਲੰਗਰ ਹਾਲ, ਬੁੰਗਾ ਸਾਹਿਬ, ਮਹਾਂਪੁਰਖਾਂ ਦੀ ਯਾਦ ਵਿਚ ਖਾਲਸਾ ਦਰਬਾਰ ਸਾਹਿਬ, ਮਹਾਂਪੁਰਖਾਂ ਦੇ ਪੂਜਨੀਕ ਮਾਤਾ ਪ੍ਰੇਮ ਕੌਰ ਦੀ ਯਾਦ ਵਿਚ ਰਸੋਈ ਘਰ, ਸ਼ਹੀਦ ਬਾਬਾ ਹੀਰਾ ਸਿੰਘ ਜੀ ਦੀ ਇਕਲੌਤੀ ਪੁੱਤਰੀ ਮਾਤਾ ਨੰਦ ਕੌਰ ਦੀ ਯਾਦ ਵਿਚ ਰਸੋਈ ਹਾਲ, ਸਰਕਾਰੀ ਹਾਈ ਸਕੂਲ ਉਪਲਹੇੜੀ ਦੇ ਸੰਗੀਤ ਭਵਨ ਅਤੇ ਮਹਾਂਪੁਰਖਾਂ ਦੀ ਪਵਿੱਤਰ ਯਾਦ ਵਿਚ ਗੁਰਮਤਿ ਸੰਗੀਤ ਅਕੈਡਮੀ ਦੀ ਕਾਰ ਸੇਵਾ ਕਰਵਾਈ।

ਪੂਰਨ ਪੁਰਖ ਦਾ ਜੀਵਨ ਕੋਈ ਵਰੋਸਾਇਆ ਹੋਇਆ ਗੁਰੂ ਕਾ ਪਿਆਰਾ ਹੀ ਲਿਖ ਸਕਦਾ ਹੈ। ਮਹਾਂਪੁਰਖਾਂ ਦੇ ਉਤਰਾਧਿਕਾਰੀ ਹੋਣ ਦੇ ਨਾਤੇ ਉਨ੍ਹਾਂ ਦੇ ਜੀਵਨ ਨੂੰ ਕਲਮਬੰਦ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਲੇ ਵਾਸਤੇ ਉਪਰਾਲਾ ਕੀਤਾ ਹੈ। ਮੇਰਾ ਇਹ ਨਿਸ਼ਚਾ ਹੈ ਕਿ ਜਿਹੜਾ ਕੋਈ ਗੁਰਮੁਖ ਮਾਰਗ ਪੋਥੀ ਨੂੰ ਗਹੁ ਨਾਲ ਪੜ੍ਹੇਗਾ ਉਸ ਦੀ ਜਾਣ ਪਛਾਣ ਆਪ ਹੀ ਹੋ ਜਾਵੇਗੀ। ਵੈਸੇ ਜਾਣ ਪਛਾਣ ਤਾਂ ਆਪ ਹੀ ਕਰਨੀ ਬਣਦੀ ਹੈ।



ਮਹਾਂਪੁਰਖਾਂ ਦਾ ਵਿਆਰਥੀ,<br>
ਇੰਜ. ਨਿਰਮਲ ਸਿੰਘ, ਏ.ਐਸ.ਈ.<br>
ਪੰਜਾਬ ਸਟੇਟ ਪਾਵਰ ਕਾ: ਲਿ:<br>
ਪਟਿਆਲਾ।

# ਸਮਰਪਣ

ਉਨ੍ਹਾਂ ਸਤਿਸੰਗੀ ਪ੍ਰੇਮੀ ਨੇਮੀਆਂ
ਨੂੰ
ਜਿਹੜੇ ਬੇਪਰਵਾਹੀ ਦੀ ਅਵਸਥਾ
ਦਾ
ਅਨੰਦ ਮਾਣਨਾ ਚਾਹੁੰਦੇ ਹਨ।

# ਬੰਦਨਾ

ਸ਼੍ਰੀ ਨਾਨਕ ਪਦ ਪੰਕਜ ਬੰਦਨ।
ਸਿਮਰੋਂ ਅੰਗਦ ਦੋਖ ਨਿਕੰਦਨ।
ਅਮਰਦਾਸ ਗੁਰ ਹਿਰਦੇ ਧਯਾਵੌਂ।
ਸ਼੍ਰੀ ਗੁਰ ਰਾਮਦਾਸ ਗੁਨ ਗਾਵੌਂ।
ਸ਼੍ਰੀ ਅਰਜਨ ਬਿਘਨਨਿ ਕੇ ਨਾਸ਼ਕ।
ਹਰਿਗੁਬਿੰਦ ਸੁਭ ਸੁਮਤਿ ਪ੍ਰਕਾਸ਼ਕ।
ਸ਼੍ਰੀ ਹਰਿਰਾਇ ਨਮੋ ਕਰ ਜੋਰੀ।
ਗੁਰੁ ਹਰਿਕ੍ਰਿਸ਼ਨ ਮਨਾਇ ਬਹੋਰੀ।
ਤੇਗ ਬਹਾਦਰ ਪਰਮ ਕ੍ਰਿਪਾਲਾ।
ਸ਼੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ।
ਧਰੌਂ ਧਰਾ ਪਰ ਪੁਨ ਪੁਨ ਸੀਸਾ।
ਬੰਦੋਂ ਬਾਰ ਬਾਰ ਜਗਦੀਸ਼ਾ।
ਜਿਸ ਮਹਿ ਅੰਮ੍ਰਿਤੁ ਗਯਾਨ ਹੈ ਮਾਣਿਕ ਭਗਤਿ ਵਿਰਾਗ।
ਗੁਰੂ ਗ੍ਰੰਥ ਸਾਹਿਬ ਉਦਧਿ ਬੰਦੌਂ ਕਰ ਅਨੁਰਾਗ।
ਸ਼੍ਰੀ ਗੁਰ ਸ਼ਬਦ ਕਮਾਇ ਜਿਨ ਜੀਤੇ ਪੰਚ ਬਿਕਾਰ।
ਤਿਨ ਸੰਤਨ ਕਉ ਬੰਦਨਾ ਸਿਰ ਚਰਨਨ ਪਰ ਧਾਰਿ।
ਪੂਰਨ ਦੇਖਯੋ ਆਤਮਾ ਦ੍ਵੈਤਿਹਿ ਸਰਬ ਨਿਵਾਰਿ।
ਭਏ ਸ਼ਾਂਤਿ ਮਨ ਸੰਤ ਜੋ ਤਿਨ ਪਦ ਨਮੋ ਹਮਾਰਿ।
ਏਕੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚ ਹੋਇ।
ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸ਼ਨ ਸੋਇ।



ਸੰਤ ਗੁਰਬਚਨ ਸਿੰਘ ਜੀ ਖਾਲਸਾ ਉਪਲ ਹੇੜੀ ਵਾਲੇ
26-6-1903 - 9-9-2004

# ਭੂਮਿਕਾ

ਅਕਾਲ ਪੁਰਖ ਨੇ ਪੰਜ ਤੱਤ ਪੌਣ, ਪਾਣੀ, ਧਰਤੀ, ਅਕਾਸ਼ ਤੇ ਅਗਨੀ ਬਣਾ ਕੇ ਸੰਸਾਰ ਦੀ ਸਾਜਨਾ ਕੀਤੀ। ਪਰਮੇਸਰ ਤੋਂ ਇਲਾਵਾ ਕੋਈ ਹੋਰ ਅਜਿਹਾ ਨਹੀਂ ਹੈ ਜਿਹੜਾ ਛੇਵਾਂ ਤੱਤ ਬਣਾ ਕੇ ਵਿਖਾ ਦੇਵੇ। ਹਜੂਰ ਦਾ ਸ੍ਰੀ ਮੁੱਖਵਾਕ ਹੈ:-

***ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥ ਆਦਿ ੭੩੬***

ਪਰਮੇਸਰ ਨੇ ਇਨ੍ਹਾਂ ਪੰਜਾਂ ਤੱਤਾਂ ਤੋਂ ਸਰੀਰ ਬਣਾ ਕੇ ਅਕਾਸ਼ ਵਿੱਚ ਸ਼ਬਦ, ਵਾਯੂ ਵਿੱਚ ਸਪਰਸ਼, ਅਗਨੀ ਵਿੱਚ ਰੂਪ, ਜਲ ਵਿੱਚ ਰਸ ਅਤੇ ਧਰਤੀ ਵਿੱਚ ਗੰਧ ਦਾ ਗੁਣ ਪਾ ਦਿੱਤਾ। ਪਰਮੇਸਰ ਆਪ ਹੀ ਆਪਣੇ ਸੰਤਾਂ ਸੇਵਕਾਂ ਨੂੰ ਮਿਲਾਉਂਦਾ ਹੈ ਅਤੇ ਆਪ ਹੀ ਉਨ੍ਹਾਂ ਦੇ ਅੰਦਰੋਂ ਖਿਚੋਤਾਣ ਮਕਾਉਂਦਾ ਹੈ। ਹਜੂਰ ਦਾ ਫੁਰਮਾਨ ਹੈ:-

***ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥***
***ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥***
***ਆਦਿ ੭੧੯***

ਜਿਨ੍ਹਾਂ ਦਾ ਮਨ ਪ੍ਰਭੂ ਚਰਨਾਂ ਤੋਂ ਪਰੇ ਹੋ ਜਾਂਦਾ ਹੈ ਉਨ੍ਹਾਂ ਨੂੰ ਆਪਣਾ ਹੀ ਦੇਸ ਪਰਾਇਆ ਲੱਗਣ ਲੱਗ ਜਾਂਦਾ ਹੈ। ਹਜੂਰ ਦਾ ਫੁਰਮਾਨ ਹੈ:-

***ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥ ਆਦਿ ੭੬੭***

ਅਜਿਹੇ ਬੰਦਿਆਂ ਵਾਸਤੇ ਸੰਸਾਰ ਅੱਗ ਦਾ ਸਮੁੰਦਰ ਹੈ ਜਿਸ ਵਿੱਚ ਕਾਮ, ਕ੍ਰੋਧ, ਲੋਭ, ਮੋਹ ਦੀ ਅੱਗ ਹੈ। ਹਜੂਰ ਦਾ ਫੁਰਮਾਨ ਹੈ:-

***ਹੰਸ ਹੇਤੁ ਲੋਭ ਕੋਪ ਚਾਰੇ ਨਦੀਆ ਅਗਿ॥ ਆਦਿ ੧੪੭***

ਜਦੋਂ ਇਹ ਜੀਵ ਕਰਤੇ ਦੀ ਰਜਾ ਵਿੱਚ ਰਹਿੰਦਾ ਹੈ ਤਾਂ ਇਹ ਸਾਰੇ ਤੱਤ ਇਸ ਦੀ ਸਹਾਇਤਾ ਕਰਦੇ ਹਨ। ਰਜਾ ਤੋਂ ਬਾਹਰ ਰਹਿਣ ਕਰਕੇ ਇਹ ਜੀਵ ਇਨ੍ਹਾਂ ਵਿਕਾਰਾਂ, ਤ੍ਰਿਸ਼ਨਾ, ਈਰਖਾ, ਮੇਰ-ਤੇਰ, ਆਪਣਾ-ਪਰਾਇਆ, ਮੋਹ-ਮਮਤਾ ਅਤੇ ਕਾਲ ਦੀ ਅੱਗ ਵਿੱਚ ਸੜਨ ਲੱਗ ਜਾਂਦਾ ਹੈ। ਹਜੂਰ ਦਾ ਸ੍ਰੀ ਮੁੱਖ-ਵਾਕ ਹੈ।

***ਮਿਥਨ ਮੋਹ ਅਗਨਿ ਸੋਕ ਸਾਗਰ॥ ਆਦਿ ੭੬੦***

ਜਦੋਂ ਇਸ ਸੰਸਾਰ ਵਿੱਚ ਕੋਈ ਜੀਵ ਕਿਸੇ ਨੂੰ ਨਜਾਇਜ਼ ਪਰੇਸ਼ਾਨ ਕਰੇ ਤਾਂ ਕਰਤਾ ਉਸ ਦਾ ਨਾਸ਼ ਕਰਨ ਵਾਸਤੇ ਕਿਸੇ ਮਹਾਂਪੁਰਖ ਨੂੰ ਭੇਜਦਾ ਹੈ। ਉਹ ਪਰਮੇਸ਼ਰ ਵੱਲੋਂ ਮਿਲੀ ਸ਼ਕਤੀ ਦੇ ਅਨੁਸਾਰ ਜਾਲਮ ਦਾ ਨਾਸ਼ ਕਰਕੇ ਸੰਸਾਰ ਵਿੱਚੋਂ

ਚਲਾ ਜਾਂਦਾ ਹੈ। ਹਜੂਰ ਦਾ ਸ੍ਰੀ ਮੁਖਵਾਕ ਹੈ:-

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥ ਆਦਿ ੪੫੧*

ਜਦੋਂ ਸੰਸਾਰ ਵਿੱਚ ਵਿਕਾਰਾਂ ਦੀ ਅਗਨੀ ਦੇ ਭਾਂਬੜ ਮੱਚ ਜਾਣ ਤਾਂ ਸੜ ਰਹੇ ਸੰਸਾਰ ਨੂੰ ਬਚਾਉਣ ਲਈ ਅਕਾਲ ਪੁਰਖ ਆਪ ਸੰਸਾਰ ਵਿੱਚ ਆਪਣਾ ਰੂਪ ਧਾਰ ਕੇ ਆਉਂਦਾ ਹੈ। ਕਲਜੁਗ ਦੇ ਭਿਆਨਕ ਸਮੇਂ ਵਿੱਚ ਜਦੋਂ ਰਾਜੇ ਪਰਜਾ ਤੇ ਜੁਲਮ ਕਰਨ ਲੱਗ ਪਏ ਅਤੇ ਧਾਰਮਿਕ ਆਗੂ ਵੀ ਵੱਢੀ ਲੈ ਕੇ ਕਿਸੇ ਦੇ ਹੱਕਾਂ ਨੂੰ ਕੁਚਲਣ ਲੱਗ ਪਏ ਤਾਂ ਐਸੇ ਸਮੇਂ ਪਰਮੇਸ਼ਰ ਨੇ ਗੁਰੂ ਨਾਨਕ ਨਾਮ ਰਖਾ ਕੇ ਆਪਣਾ ਅਵਤਾਰ ਕਲਜੁਗ ਵਿੱਚ ਪ੍ਰਗਟ ਕੀਤਾ। ਦਸ ਸਰੂਪ ਧਾਰਨ ਕਰਕੇ ੧੪੬੯ ਤੋਂ ੧੭੦੮ ਤੱਕ ੨੩੯ ਸਾਲ ਕਥਾ ਤੇ ਕੀਰਤਨ ਰਾਹੀਂ ਠੰਢ ਵਰਤਾਈ।

*ਪਾਰਬ੍ਰਹਮ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ॥ ਆਦਿ ੬੧੬*
*ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥ ਆਦਿ ੧੨੯੧*
*ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥*
*ਆਦਿ ੨੮੮*

ਦੁਨੀਆਂ ਦੇ ਇਤਿਹਾਸ ਵਿੱਚ ਅਜਿਹੀ ਕੋਈ ਮਿਸਾਲ ਨਹੀਂ ਲੱਭਦੀ। ਦਸਾਂ ਪਾਤਿਸ਼ਾਹੀਆਂ ਨੇ ਜਾਲਮਾਂ ਦਾ ਨਾਸ਼ ਕਰਕੇ ਸਾਰੀ ਲੋਕਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਨਿਸ਼ਚਾ ਬਖਸ਼ਿਆ:-**ਆਤਮਾ ਗ੍ਰੰਥ ਵਿੱਚ ਤੇ ਸਰੀਰ ਪੰਥ ਵਿੱਚ॥**

ਇਸ ਨਿਸ਼ਚੇ ਨੂੰ ਕਾਇਮ ਰੱਖਣ ਲਈ ਦਸਾਂ ਪਾਤਿਸ਼ਾਹੀਆਂ ਨੇ ਸੰਸਾਰ ਦੇ ਜੀਵਾਂ ਦੀਆਂ ਮੁਸ਼ਕਿਲਾਂ ਦਾ ਹੱਲ ਪਵਿੱਤਰ ਬਾਣੀ ਨਾਲ ਕਰਕੇ ਵਿਖਾਇਆ। ਪਵਿੱਤਰ ਬਾਣੀ ਦੀ ਵਰਤੋਂ ਸਤਿਗੁਰਾਂ ਨੇ ਬਹੁਤ ਸਾਦੇ ਢੰਗ ਨਾਲ ਕਥਾ ਤੇ ਕੀਰਤਨ ਰਾਹੀ ਕੀਤੀ। ਕਥਾ ਅਤੇ ਕੀਰਤਨ ਸਿੱਖ ਸੰਗਤਾਂ ਵਿੱਚ ਪ੍ਰਚੱਲਤ ਜਰੂਰ ਹੈ ਪਰ ਕਰਣੀ ਵਾਲੇ ਗੁਰਮੁਖਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਸਾਡੇ ਮਨਾਂ ਵਿੱਚੋਂ ਵੀ ਗੁਰਸਿੱਖਾਂ ਅਤੇ ਸੰਤਾਂ ਦਾ ਆਦਰ ਸਤਿਕਾਰ ਘਟ ਗਿਆ ਹੈ।ਜਿਸ ਕਾਰਨ ਅਸੀਂ ਇਨ੍ਹਾਂ ਮਹਾਂਵਾਕਾਂ ਨੂੰ ਭੁੱਲ ਗਏ ਹਾਂ:-

*ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥*
*ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ॥ ਆਦਿ ੬੧੪*

ਸੰਸਾਰ ਅੰਦਰ ਸੰਤਾਂ ਦਾ ਸਤਿਕਾਰ ਹੁੰਦਾ ਵੇਖ ਕੇ ਭੇਖੀਆਂ ਦਾ ਪ੍ਰਗਟ ਹੋਣਾ ਸੁਭਾਵਿਕ ਹੈ। ਭੇਖੀਆਂ ਤੋਂ ਬਚਣ ਵਾਸਤੇ ਸਾਨੂੰ ਪਾਰਖੂ ਬਣਨਾ ਚਾਹੀਦਾ ਹੈ। ਨੌਜੁਆਨ ਪੀੜ੍ਹੀ ਨੂੰ ਪਾਰਖੂ ਬਣਾਉਣ ਸਮੇਂ ਅਜਿਹੀ ਸਿੱਖਿਆ ਦੇਣੀ ਬਣਦੀ ਹੈ ਜਿਸ

ਵਿੱਚ ਉਨ੍ਹਾਂ ਦੀ ਸ਼ਰਧਾ ਅਤੇ ਭਾਵਨਾ ਇੰਨੀ ਵਧ ਜਾਵੇ ਕਿ ਉਹ ਪਰਉਪਕਾਰੀ ਗੁਰਮੁਖਾਂ ਦੀ ਭਾਲ ਵਿੱਚ ਜੁਟ ਜਾਣ। ਐਸੇ ਕਰਣੀ ਵਾਲੇ ਗੁਰਮੁਖ ਪਿਆਰੇ ਜੋ ਇੱਕ ਤੋਂ ਇੱਕ ਚੜ੍ਹਦੀਕਲਾ ਵਾਲੇ ਹਨ ਤੇ ਪ੍ਰਭੂ ਨਾਲ ਇੱਕ ਮਿੱਕ ਹੋ ਕੇ ਉਸ ਦੀ ਰਜਾ ਵਿੱਚ ਰਹਿ ਕੇ ਅਨੰਦ ਪ੍ਰਾਪਤ ਕਰਦੇ ਹਨ। ਉਨ੍ਹਾਂ ਗੁਰਮੁਖਾਂ ਦੇ ਦਰਸ਼ਨ ਕਰਕੇ ਮਨ ਵਿੱਚ ਚਾਅ ਪੈਦਾ ਹੁੰਦਾ ਹੈ ਕਿ ਕਦੇ ਮੈਂ ਵੀ ਇਨ੍ਹਾਂ ਦੀ ਤਰ੍ਹਾਂ ਪ੍ਰਭੂ ਦੀ ਪ੍ਰਾਪਤੀ ਵਾਲਾ ਹੋਵਾਂਗਾ। ਜਿਨ੍ਹਾਂ ਬਾਬਤ ਹਜੂਰ ਫੁਰਮਾਉਂਦੇ ਹਨ।

*ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ॥*
*ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ॥ ਆਦਿ ੭੦੩*

ਜਿਹੜੇ ਸਤਿਸੰਗੀ ਪ੍ਰੇਮੀ ਤੇ ਨੇਮੀ ਪਰਮੇਸ਼ਰ ਦੀ ਪ੍ਰਾਪਤੀ ਤਾਂ ਚਾਹੁੰਦੇ ਹਨ ਪਰ ਉਨ੍ਹਾਂ ਵਿੱਚ ਇੰਨੀ ਸਮਰੱਥਾ ਨਹੀਂ ਹੁੰਦੀ ਕਿ ਉਹ ਇਸ ਮਾਰਗ ਤੇ ਚੱਲ ਸਕਣ। ਮਨੁੱਖੀ ਸੁਭਾਅ ਹੈ ਕਿ ਉਹ ਪ੍ਰਾਪਤੀ ਵਾਲੇ ਨੂੰ ਮਿਲ ਕੇ ਉਤਸ਼ਾਹ ਨਾਲ ਔਖੇ ਤੋਂ ਔਖਾ ਕੰਮ ਵੀ ਕਰ ਲੈਂਦਾ ਹੈ। ਅਸੀਂ ਭਾਵੇਂ ਗੁਰਬਾਣੀ ਨੂੰ ਕਿਤਨਾ ਪੜ੍ਹੀਏ ਤੇ ਵਿਚਾਰੀਏ ਪਰੰਤੂ ਜਦ ਤੱਕ ਗੁਰਬਾਣੀ ਦੀ ਸਪਿਰਟ ਨੂੰ ਅਮਲੀ ਤੌਰ ਤੇ ਕਿਸੇ ਦੇ ਜੀਵਨ ਵਿੱਚ ਵਰਤਦਾ ਨਾ ਦੇਖੀਏ ਤਾਂ ਆਪਣੇ ਆਪ ਉਸ ਦੇ ਵਰਤਨ ਦੀ ਸਮਰੱਥਾ ਸਾਡੇ ਵਿੱਚ ਘੱਟ ਆਉਂਦੀ ਹੈ। ਗੁਰੂ ਸਾਹਿਬ ਜਦੋਂ ਕਿਸੇ ਜਗਿਆਸੂ ਦਾ ਮਨ ਡੋਲਦਾ ਵੇਖਦੇ ਸਨ ਤਾਂ ਉਸ ਨੂੰ ਕਿਸੇ ਅਵਸਥਾ ਵਾਲੇ ਐਸੇ ਗੁਰਮੁਖ ਪਿਆਰੇ ਦੀ ਸੰਗਤ ਕਰਨ ਲਈ ਪ੍ਰੇਰਨਾ ਦਿੰਦੇ ਸਨ ਜੋ ਕਹਿਣੀ ਦੇ ਨਾਲ ਨਾਲ ਕਰਣੀ ਵਾਲਾ ਭਾਈ ਭਿਖਾਰੀ ਵਰਗਾ ਹੋਵੇ।

ਪਰ ਅੱਜ ਅਸੀਂ ਕੀਰਤਨ ਵਿੱਚ ਮਿੱਠੀ ਆਵਾਜ ਅਤੇ ਸਾਜਾਂ ਦੀਆਂ ਧੁਨੀਆਂ ਨੂੰ ਵੇਖਣ ਲੱਗ ਪਏ ਹਾਂ। ਇਸੇ ਤਰ੍ਹਾਂ ਕਥਾ ਵੇਲੇ ਵੀ ਕਥਾ ਕਰਨ ਵਾਲੇ ਦੀ ਆਵਾਜ ਅਤੇ ਨਵੀਆਂ ਗੱਲਾਂ ਨੂੰ ਅਸੀਂ ਵੇਖਦੇ ਹਾਂ। ਇਸ ਤਰ੍ਹਾਂ ਅਸੀਂ ਕਰਣੀ ਵਾਲੇ ਗੁਰਮੁਖਾਂ ਦੀ ਵਜਾਏ ਕਲਾਕਾਰਾਂ ਨੂੰ ਤਰਜੀਹ ਦੇਣ ਲੱਗ ਪਏ। ਅਜਿਹੇ ਮਹੌਲ ਵਿਚ ਕਲਾਕਾਰ ਹੀ ਸਟੇਜਾਂ ਤੇ ਕਾਬਜ ਹੋ ਗਏ।ਉਨ੍ਹਾਂ ਦੇ ਮੁੱਖੋਂ ਸੁਣਿਆ ਹੋਇਆ ਕੀਰਤਨ ਤੇ ਕਥਾ ਸੰਗਤਾਂ ਦੇ ਮਨਾਂ ਤੇ ਅਸਰ ਨਹੀਂ ਪਾਉਂਦੀ। ਗੁਰੂ ਕੀ ਸੰਗਤ ਵਿਚ ਕੁਝ ਅਜਿਹੇ ਸਤਸੰਗੀ ਵੀ ਹੁੰਦੇ ਹਨ ਜਿਹੜੇ ਅਸਲੀਅਤ ਨੂੰ ਪਿਆਰ ਕਰਦੇ ਹਨ। ਉਨ੍ਹਾਂ ਸਤਿਸੰਗੀਆਂ ਨੇ ਕਥਾ ਦੌਰਾਨ ਮਹਾਂਪੁਰਖਾਂ ਦੇ ਜੀਵਨ ਦੀਆਂ ਘਾਲਣਾਵਾਂ ਸੁਣ ਕੇ ਦਾਸ ਨੂੰ ਪ੍ਰੇਰਨਾ ਦਿੱਤੀ ਕਿ ਅਜਿਹੇ ਗੁਰਮੁਖਾਂ ਦਾ ਜੀਵਨ ਕਲਮਬੰਦ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣਾ ਨਿਸ਼ਚਾ ਕਾਇਮ ਕਰ ਸਕਣ। ਇਸ ਮੰਤਵ ਨੂੰ ਮੁੱਖ ਰੱਖ ਕੇ ਗੁਰਮੁਖ ਮਾਰਗ ਪੋਥੀ ਦੇ ਪਹਿਲੇ ਭਾਗ ਵਿੱਚ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਉਪਲਹੇੜੀ ਵਾਲਿਆਂ ਦਾ ਪਵਿੱਤਰ ਜੀਵਨ ਲਿਖਿਆ ਗਿਆ ਹੈ।

ਇਸ ਭਾਗ ਵਿੱਚ ਮਹਾਂਪੁਰਖਾਂ ਦੇ ਨਾਨਕੇ ਅਤੇ ਦਾਦਕੇ ਪਰਿਵਾਰਾਂ ਦਾ ਪਿਛੋਕੜ ਦਰਸਾਇਆ ਗਿਆ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਲਗੀਧਰ ਪਿਤਾ ਜੀ ਨੇ ਜਦੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਗਰੀਬ ਲੋਕਾਂ ਨੇ ਕਿਵੇਂ ਖੁਸ਼ੀਆਂ ਮਨਾਈਆਂ। ਜਿਹੜੀਆਂ ਜਾਤਾਂ ਦੇ ਲੋਕ ਸ਼ੂਦਰ ਕਹਿ ਕੇ ਦੁਰਕਾਰੇ ਹੋਏ ਸਨ ਉਨ੍ਹਾਂ ਨੂੰ ਸਤਿਗੁਰਾਂ ਨੇ ਅੰਮ੍ਰਿਤ ਦੀ ਦਾਤ ਦੇ ਕੇ ਸ਼੍ਰੋਮਣੀ ਬਣਾ ਦਿੱਤਾ। ਜਿਨ੍ਹਾਂ ਨੂੰ ਕੋਈ ਪੰਗਤ ਵਿੱਚ ਬੈਠਣ ਨਹੀਂ ਦਿੰਦਾ ਸੀ ਫੇਰ ਉਹੀ ਲੋਕ ਆਪ ਵਾਰਸ ਬਣ ਕੇ ਲੰਗਰਾਂ ਦੀ ਸੇਵਾ ਸੰਭਾਲ ਕਰਨ ਲੱਗ ਪਏ।

ਕਲਗੀਧਰ ਪਿਤਾ ਜੀ ਦੀ ਬਖਸ਼ਿਸ਼ ਦਾ ਸਦਕਾ ਨਾਨਕੇ ਅਤੇ ਦਾਦਕੇ ਪਰਿਵਾਰਾਂ ਦਾ ਭਲਾ ਮਿਲਾਪ ਹੋਇਆ। ਨਾਨਕਾ ਪਰਿਵਾਰ ਬਹੁਤ ਅਮੀਰ ਸੀ ਅਤੇ ਦਾਦਕਾ ਪਰਿਵਾਰ ਬਹੁਤ ਗਰੀਬ ਸੀ ਪਰ ਉਨ੍ਹਾਂ ਨੇ ਸਿੱਖੀ ਨੂੰ ਮਹਾਨ ਜਾਣ ਕੇ ਆਪਣੀ ਪੁੱਤਰੀ ਦਾ ਰਿਸ਼ਤਾ ਇੱਕ ਗਰੀਬ ਸਿੱਖ ਦੇ ਪੁੱਤਰ ਨਾਲ ਕਰ ਦਿੱਤਾ। ਇਨ੍ਹਾਂ ਦੇ ਗ੍ਰਹਿ ਵਿਖੇ ਭਾਗਾਂ ਵਾਲੇ ਬੱਚੇ ਨੇ ਜਨਮ ਲਿਆ ਜੋ ਵੱਡੇ ਹੋ ਕੇ ਨਾਮ ਦੇ ਰਸੀਏ ਬ੍ਰਹਮ ਗਿਆਨੀ ਹੋਏ। ਜਿਨ੍ਹਾਂ ਨੇ ਸੰਸਾਰ ਦੇ ਲੋਕਾਂ ਨੂੰ ਆਪਣੇ ਜੀਵਨ ਰਾਹੀਂ ਦੱਸ ਦਿੱਤਾ ਕਿ ਸੰਸਾਰ ਦੇ ਪਦਾਰਥਾਂ ਨਾਲੋਂ ਗੁਰੂ ਦੀ ਸਿੱਖੀ ਵਿੱਚ ਸਭ ਬਰਕਤਾਂ ਆ ਜਾਂਦੀਆਂ ਹਨ। ਇਨ੍ਹਾਂ ਮਹਾਂਪੁਰਖਾਂ ਦਾ ਕਰਣੀ ਵਾਲਾ ਜੀਵਨ ਸੁਣ ਕੇ ਸਰੋਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧੰਨ ਧੰਨ ਕਹਿ ਕੇ ਮੁੜ ਮੁੜ ਨਮਸਕਾਰਾਂ ਕਰਦੇ ਹਨ। ਇਸ ਪ੍ਰਕਾਰ ਮਹਾਂਪੁਰਖਾਂ ਨੇ ਆਪਣੇ ਸਾਰੇ ਜੀਵਨ ਵਿੱਚ ਸਤਿਗੁਰਾਂ ਦਾ ਨਿਰਮਲ ਭਉ ਆਪਣੇ ਮਨ ਵਿੱਚ ਵਸਾ ਕੇ ਹਰੇਕ ਗੁਰੂ ਘਰ ਦੀ ਹੱਥੀਂ ਸੇਵਾ ਕਰਕੇ ਅਤੇ ਹਰੇਕ ਕਬੀਲੇ ਦੇ ਬੱਚਿਆਂ ਨੂੰ ਵਿੱਦਿਆ ਦੇ ਦਾਨ ਦੇ ਕੇ ਸ਼ਰਧਾ ਤੇ ਭਾਵਨਾ ਵਾਲੇ ਪ੍ਰੇਮੀ ਤੇ ਨੇਮੀ ਬਣਾਇਆ। ਇਨ੍ਹਾਂ ਸਾਰੇ ਵਿਦਿਆਰਥੀਆਂ ਨੇ ਕਥਾ ਤੇ ਕੀਰਤਨ ਨੂੰ ਆਮਦਨ ਦਾ ਸਾਧਨ ਬਣਾਉਣ ਦੀ ਬਜਾਏ ਕਲਿਆਣ ਦਾ ਸਾਧਨ ਸਮਝਿਆ।

ਮਹਾਂਪੁਰਖਾਂ ਨੇ ਪਰਮੇਸ਼ਰ ਦੀ ਪ੍ਰਾਪਤੀ ਲਈ ਨੌਜੁਆਨ ਅਵਸਥਾ ਵਿਚ ਘਰੋਂ ਚਾਲੇ ਪਾਏ। ਅੱਗੇ ਕਲਗੀਧਰ ਦੀ ਕਿਰਪਾ ਦਾ ਸਦਕਾ ਪੂਰਨ ਗੁਰਸਿੱਖ ਬ੍ਰਹਮਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਵਾਲਿਆਂ ਨਾਲ ਮਿਲਾਪ ਹੋਇਆ। ਇਨ੍ਹਾਂ ਪਾਸੋਂ ਵਿੱਦਿਆ ਪ੍ਰਾਪਤ ਕਰਕੇ ਅੰਮ੍ਰਿਤ ਸੰਚਾਰ ਦੀ ਸੇਵਾ, ਕੀਰਤਨ ਦੀ ਨਿਸ਼ਕਾਮ ਸੇਵਾ ਅਤੇ ਗੁਰੂ ਘਰਾਂ ਦੀ ਕਾਰ ਸੇਵਾ ਕਰਕੇ ਸਤਿਗੁਰਾਂ ਪਾਸੋਂ ਬੇਅੰਤ ਖੁਸ਼ੀਆਂ ਪ੍ਰਾਪਤ ਕੀਤੀਆਂ। ਆਪ ਜੀ ਨੇ ਸਾਰੀ ਉਮਰ ਸਤਿਗੁਰਾਂ ਵੱਲੋਂ ਬਖਸ਼ੀ ਹੋਈ ਮਰਿਆਦਾ ਅਨੁਸਾਰ ਕਥਾ, ਕੀਰਤਨ ਅਤੇ ਹੱਥੀਂ ਸੇਵਾ ਕਰਕੇ ਜਿੱਥੇ ਆਪਣੇ ਜੀਵਨ ਨੂੰ ਸਫਲਾ ਕੀਤਾ ਹੈ ਉੱਥੇ ਬੇਅੰਤ ਸੰਗਤਾਂ ਨੂੰ ਇਲਾਹੀ ਮਾਰਗ ਤੇ ਚੱਲਣ ਦਾ ਹੌਂਸਲਾ ਬਖਸ਼ਿਆ ਹੈ। ਉਨ੍ਹਾਂ ਮਹਾਂਪੁਰਖਾਂ ਦੇ ਸੱਚਖੰਡ ਪਿਆਨਾ ਕਰਨ ਤੋਂ ਉਪਰੰਤ ਆਪ ਜੀ ਨੇ ਬੇਅੰਤ ਵਿਦਿਆਰਥੀਆਂ ਨੂੰ ਪਾਠੀ, ਰਾਗੀ, ਕਥਾ ਵਾਚਕ ਬਣਾਉਣ ਦੇ ਨਾਲ ਨਾਲ ਹੱਥੀਂ ਧਰਮ ਦੀ ਕਿਰਤ ਕਰਨ ਵਾਲੇ ਪ੍ਰੇਮੀ ਅਤੇ ਨੇਮੀ ਬਣਾਇਆ।

ਉਨ੍ਹਾਂ ਦੇ ਪਵਿੱਤਰ ਬਚਨਾਂ ਨਾਲ ਮਨ ਵਿੱਚ ਐਸਾ ਚਾਅ ਉੱਠਿਆ ਕਿ ਅਖੀਰਲੇ ਸਵਾਸਾਂ ਤੱਕ ਮੱਧਮ ਨਹੀਂ ਪਿਆ। ਸਾਰੀ ਉਮਰ ਪਵਿੱਤਰ ਬਾਣੀ ਨਾਲ ਆਪਣੇ ਮਨ ਨੂੰ ਲੱਦ ਕੇ ਕੇਵਲ ਮਨੁੱਖਾ ਜਾਤੀ ਦੀ ਸੇਵਾ ਹੀ ਨਹੀਂ ਕੀਤੀ ਬਲਕਿ ਪਸ਼ੂ ਪੰਛੀਆਂ ਦਾ ਵੀ ਸਹਾਰਾ ਬਣ ਗਏ।

ਅਸਲ ਮਹਾਂਪੁਰਖ ਉਹ ਹੀ ਹੁੰਦਾ ਹੈ ਜੋ ਬੰਦਗੀ ਦੇ ਆਸਰੇ ਮਾਇਆ ਦੀ ਲਾਲਸਾ ਨੂੰ ਤਿਆਗਦਾ ਹੈ। ਬੰਦਗੀ ਤੋਂ ਬਗੈਰ ਲਾਲਸਾ ਪਰਬਲ ਹੋ ਜਾਂਦੀ ਹੈ ਜਿਸ ਕਰਕੇ ਸਗੋਂ ਉਹ ਚੋਰ ਉਚੱਕਾ ਅਤੇ ਬਜਾਰੀਆ ਬਣ ਜਾਂਦਾ ਹੈ। ਗੁਰਬਾਣੀ ਦੇ ਆਸਰੇ ਉਨ੍ਹਾਂ ਨੇ ਨਿਸਕਾਮਤਾ ਨਾਲ ਸੇਵਾ ਕਰਕੇ ਪਰਮੇਸਰ ਦੀ ਪ੍ਰਾਪਤੀ ਕੀਤੀ। ਹਜ਼ੂਰ ਦਾ ਫੁਰਮਾਨ ਹੈ:-

***ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਆਦਿ ੨੮੬***

ਉਹ ਹਰ ਸਮੇਂ ਆਪਣੇ ਸਤਿਗੁਰਾਂ ਨੂੰ ਅੰਗ ਸੰਗ ਸਮਝਦੇ। ਕਦੇ ਦੂਰ ਨਹੀਂ ਤੱਕਿਆ। ਇਹ ਉਨ੍ਹਾਂ ਦਾ ਸ੍ਰੇਸ਼ਟ ਗੁਣ ਸੀ। ਜਿਵੇਂ ਸਤਿਗੁਰਾਂ ਦਾ ਫੁਰਮਾਨ ਹੈ:-

***ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ॥ ਆਦਿ ੪੦੦***

ਐਸੀ ਪ੍ਰਾਪਤੀ ਵਾਲੇ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਹੋਏ ਜੋ ਬਚਪਨ ਤੋਂ ਹੀ ਮਨ ਬਾਣੀ ਸਰੀਰ ਕਰਕੇ ਪਰਉਪਕਾਰੀ ਰਹੇ। ਇਨ੍ਹਾਂ ਦੇ ਪੁਰਖਿਆਂ ਨੇ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕਰਕੇ ਆਪਣੀ ਕਿਰਤ ਕਮਾਈ ਅਤੇ ਸੰਗਤਾਂ ਦੇ ਤਿਲ ਫੁਲ ਨਾਲ ਗੁਰੂ ਕੇ ਲੰਗਰਾਂ ਦੀ ਸੇਵਾ ਕਰਕੇ ਆਪਣੇ ਘਰ ਨੂੰ ਪਵਿੱਤਰ ਕੀਤਾ। ਜਿਵੇਂ ਸਰੋਵਰ ਤੇ ਹੰਸ ਆਪਣੇ ਆਪ ਹੀ ਮੋਤੀ ਚੁਗਣ ਆ ਜਾਂਦੇ ਹਨ ਤਿਵੇਂ ਮਾਤਾ ਪ੍ਰੇਮ ਕੌਰ ਅਤੇ ਬਾਬਾ ਕਾਹਨ ਸਿੰਘ ਜੀ ਦੇ ਸਬਰ ਸੰਤੋਖੀ ਪਰਿਵਾਰ ਵਿੱਚ ਹੰਸ ਰੂਪ ਤੱਤ ਬੇਤੇ ਮਹਾਂਪੁਰਖਾਂ ਨੇ ਪਰਉਪਕਾਰ ਕਰਨ ਵਾਸਤੇ ਜਨਮ ਲਿਆ।

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਆਦਿ ੭੪੯***

ਕਲਗੀਧਰ ਪਿਤਾ ਨੇ ਨਾਂਦੇੜ ਦੀ ਪਵਿੱਤਰ ਧਰਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਕਥਾ ਕੀਰਤਨ ਰਾਹੀਂ ਸਾਰੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਬਚਨਾਂ ਤੇ ਨਿਸ਼ਚਾ ਇਨ੍ਹਾਂ ਮਹਾਂਪੁਰਖਾਂ ਨੂੰ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਕਰਵਾਇਆ। ਸਾਰੀ ਜਿੰਦਗੀ ਕਥਾ ਤੇ ਕੀਰਤਨ ਦੀ ਨਿਸ਼ਕਾਮ ਸੇਵਾ ਕੀਤੀ ਆਪਣੇ ਜਿੰਦਗੀ ਦੇ ਤਜਰਬੇ ਨਾਲ

ਆਮ ਬਚਨ ਕਰਦੇ ਕਿ ਨਿਰੇ ਉਪਦੇਸ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ। ਮਨ ਦੀ ਮੈਲ,ਸੇਵਾ ਨਾਲ ਸੁਤੇ ਹੀ ਉਤਰ ਜਾਂਦੀ ਹੈ। ਜਿਵੇਂ ਕੋਈ ਤਰਖਾਣ ਲੱਕੜ ਦੀ ਕੋਈ ਚੀਜ ਬਣਾਉਣੀ ਸਿੱਖਣਾ ਚਾਹੇ ਤਾਂ ਸਿਰਫ ਉਪਦੇਸ ਸੁਣਨ ਨਾਲ ਤਰਖਾਣ ਪੁਣਾ ਨਹੀਂ ਆ ਜਾਂਦਾ ਉਸ ਨੂੰ ਹੱਥੀਂ ਵੀ ਜਰੂਰ ਕਰਨਾ ਪਵੇਗਾ। ਇਸੇ ਤਰ੍ਹਾਂ ਕਥਾ ਕੀਰਤਨ ਦੇ ਨਾਲ ਹੱਥੀਂ ਸੇਵਾ ਕਰਨੀ ਗੁਰੂ ਕੇ ਸਿੱਖ ਲਈ ਜਰੂਰੀ ਹੈ।

ਇਸ ਪੋਥੀ ਦੇ ਪਹਿਲੇ ਭਾਗ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਇੱਕ ਪਰਤੱਖ ਨਾਮ ਅਤੇ ਕੀਰਤਨ ਦੇ ਰਸੀਏ, ਭਜਨ, ਜਪ, ਤਪ, ਸਿਮਰਨ ਦੇ ਅਭਿਆਸੀ, ਸੇਵਾ, ਪਰਉਪਕਾਰੀ, ਨਿਮਰਤਾ, ਗਰੀਬੀ, ਸ੍ਰੇਸ਼ਟ ਆਚਰਣ, ਕਹਿਣੀ ਅਤੇ ਕਰਨੀ ਵਿੱਚ ਪੂਰੇ ਗੁਰਸਿੱਖ ਦਾ ਜੀਵਨ ਲਿਖਿਆ ਗਿਆ ਹੈ। ਐਸੇ ਮਹਾਂਪੁਰਖਾਂ ਦੀ ਮਰਿਆਦਾ ਬਾਬਤ ਹਜੂਰ ਫੁਰਮਾਉਂਦੇ ਹਨ:

*ਮਾਰੂ ਮਹਲਾ ੫॥*

*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥੧॥ ਮਨ ਮੇਰੇ ਰਾਮ ਰਉ ਨਿਤ ਨੀਤਿ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ॥੧॥ਰਹਾਉ॥ ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ॥੨॥ ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ॥੩॥ ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ॥੪॥ ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ॥੫॥ ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ॥੬॥ ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ॥੭॥ ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ ਆਦਿ ੧੦੧੭*

ਉਨ੍ਹਾਂ ਦਾ ਪਵਿੱਤਰ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਦੇ ਸਾਹਮਣੇ ਰੱਖਣਾ ਜਰੂਰੀ ਸੀ। ਐਸੀ ਪਵਿੱਤਰ ਜਿੰਦਗੀ ਵਾਲੇ ਮਹਾਂਪੁਰਖਾਂ ਦੇ ਕਾਰਨਾਮੇ ਇੱਕ ਲੜੀ ਵਿੱਚ ਪਰੋ ਕੇ ਮਾਲਾ ਬਣਾਉਣ ਦਾ ਛੋਟਾ ਜਿਹਾ ਯਤਨ ਗੁਰੂ ਕੀ ਸੰਗਤ ਨੇ ਪ੍ਰੇਰਨਾ ਦੇ ਕੇ ਕਰਵਾਇਆ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪ੍ਰੇਮੀ ਅਤੇ ਨੇਮੀ ਸ਼ਰਧਾ ਭਾਵਨਾ ਸਹਿਤ ਬੇਪਰਵਾਹੀ ਦੀ ਅਵਸਥਾ ਦਾ ਅਨੰਦ ਮਾਣ ਸਕਣ।

ਜੀਵਨ ਦੀਆਂ ਘਟਨਾਵਾਂ ਲਿਖਦੇ ਸਮੇਂ ਮੈਨੂੰ ਇਹੋ ਸੁਝਦਾ ਸੀ ਕਿ ਇਨ੍ਹਾਂ

ਮਹਾਪੁਰਖਾਂ ਨੇ ਸੰਗਤਾਂ ਨੂੰ ਕਿਸੇ ਇੱਕ ਅਸਥਾਨ ਜਾਂ ਡੇਰੇ ਨਾਲ ਨਹੀਂ ਜੋੜਿਆ ਸਗੋਂ ਸਰਬ ਵਿਆਪਕ ਪਰਮੇਸਰ ਨਾਲ ਜੋੜਿਆ ਹੈ। ਸਤਿਗੁਰਾਂ ਦਾ ਇਹ ਬਚਨ ਆਮ ਹੀ ਸੁਣਾਇਆ ਕਰਦੇ।

***ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥ ਆਦਿ ੧੧੯੫***
***ਕਤ ਜਾਈਐ ਰੇ ਘਰ ਲਾਗੋ ਰੰਗੁ॥ ਆਦਿ ੧੧੯੫***

ਜਿਹੜਾ ਵੀ ਕੋਈ ਪ੍ਰੇਮੀ ਤੇ ਨੇਮੀ ਇਸ ਪੋਥੀ ਨੂੰ ਪੜ੍ਹੇਗਾ ਉਸ ਦਾ ਨਿਸ਼ਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਪ੍ਰਤੀ ਅਟੱਲ ਹੋ ਜਾਵੇਗਾ। ਉਹ ਫੈਸ਼ਨਪ੍ਰਸਤੀ ਅਤੇ ਅਖਉਤੀ ਤਿਉਹਾਰਾਂ, ਸ਼ਗਨ-ਅਪਸ਼ਗਨ ਦੀ ਘੁੰਮਣ ਘੇਰੀ ਤੋਂ ਵੀ ਬਚ ਜਾਵੇਗਾ। ਰਾਤ ਨੂੰ ਕੀਰਤਨ ਸੋਹਿਲੇ ਦਾ ਪਾਠ ਕਰਕੇ ਛੇਤੀ ਸੌਣ ਨਾਲ ਅੰਮ੍ਰਿਤ ਵੇਲੇ ਦੀ ਸੰਭਾਲ ਕਰਕੇ ਉਹ ਹੱਥੀਂ ਧਰਮ ਦੀ ਕਿਰਤ ਕਰਕੇ ਸਤਿਗੁਰਾਂ ਦਾ ਜੋ ਫੁਰਮਾਨ ਹੈ:-

***ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥***
***ਆਦਿ ੧੨੪੫***

ਉਸ ਦੇ ਸਹੀ ਅਰਥ ਸਮਝ ਸਕੇਗਾ।

ਮੈਨੂੰ ਇਹ ਵੀ ਉਮੀਦ ਹੈ ਕਿ ਮਹਾਂਪੁਰਖਾਂ ਦੇ ਜੀਵਨ ਨੂੰ ਪੜ੍ਹਨ ਉਪਰੰਤ ਪ੍ਰੇਮੀ ਦੀ ਜਿੰਦਗੀ ਵਿੱਚ ਜਿੱਥੇ ਸਾਦਗੀ ਅਤੇ ਨਿਮਰਤਾ ਆਵੇਗੀ ਉਥੇ ਉਸ ਨੂੰ ਆਪਣੇ ਹੱਥੀਂ ਸੇਵਾ ਕਰਨ ਲਈ ਉਤਸ਼ਾਹ ਵੀ ਮਿਲੇਗਾ। ਜਦੋਂ ਕਿਸੇ ਗੁਰਸਿੱਖ ਦੇ ਮਨ ਵਿੱਚ ਸਾਦਗੀ ਅਤੇ ਨਿਮਰਤਾ ਦਾ ਚਾਅ ਪੈਦਾ ਹੋ ਗਿਆ ਤਾਂ ਮੇਰੇ ਮਨ ਦਾ ਮਨੋਰਥ ਵੀ ਪੂਰਾ ਜਾਣੋ। ਜਿਨ੍ਹਾਂ ਦਾ ਗੁਰਮੁਖਾਂ ਨਾਲ ਅਤਿ ਹਿਤ ਹੈ, ਜਿਨ੍ਹਾਂ ਦਾ ਸਦਾ ਭਗਤੀ ਵਿਚ ਪ੍ਰੇਮ ਹੈ, ਜਿਨ੍ਹਾਂ ਨੇ ਨਾਮ ਸਿਮਰਨ ਨੂੰ ਚਿਤ ਦੀ ਬਿਰਤੀ ਹੀ ਬਣਾ ਲਿਆ ਹੈ, ਜਿਹੜੇ ਸੁਭਾਅ ਦੇ ਦਿਆਲੂ ਹਨ, ਜਿਹੜੇ ਬਚਪਨ ਤੋਂ ਹੀ ਭਜਨ ਵਿਚ ਲੱਗੇ ਹੋਏ ਹਨ, ਜਿਨ੍ਹਾਂ ਦੇ ਚਰਨ ਜਨਮ ਤੋਂ ਹੀ ਪਵਿੱਤਰ ਹਨ, ਮੈਂ ਦੋਵੇਂ ਹੱਥ ਜੋੜ ਕੇ ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਦਾ ਹਾਂ।

***ਸ਼੍ਰੀ ਗੁਰ ਸ਼ਬਦ ਕਮਾਇ ਜਿਨ ਜੀਤੇ ਪੰਚ ਬਿਕਾਰ॥***
***ਤਿਨ ਸੰਤਨ ਕਉ ਬੰਦਨਾ ਸਿਰ ਚਰਨਨ ਪਰ ਧਾਰਿ॥***
***-ਗੁਰਪ੍ਰਤਾਪ ਸੂਰਜ ਗ੍ਰੰਥ***

ਇਸ ਪੋਥੀ ਦੇ ਦੂਜੇ ਭਾਗ ਵਿੱਚ ਸੁਆਲ ਜਵਾਬ ਹਨ। ਮਹਾਂਪੁਰਖਾਂ ਕੋਲ ਜੋ ਸੰਗਤਾਂ ਬੇਨਤੀਆਂ ਕਰਦੀਆਂ ਹਨ ਅੱਗੋਂ ਮਹਾਂਪੁਰਖ ਉਨ੍ਹਾਂ ਬੇਨਤੀਆਂ ਦੇ ਜਵਾਬ ਗੁਰਬਾਣੀ ਦੀਆਂ ਪੰਗਤੀਆਂ ਨਾਲ ਦਿੰਦੇ। ਲੋੜ ਪੈਣ ਤੇ ਕੋਈ ਇਤਿਹਾਸਕ ਗੁਰ ਸਾਖੀ ਸੁਣਾ ਦਿਆ ਕਰਦੇ। ਉਨ੍ਹਾਂ ਦਾ ਵਿਸਥਾਰ ਤੀਜੇ ਭਾਗ ਵਿੱਚ ਕੀਤਾ ਗਿਆ ਹੈ।

ਇਸ ਪੋਥੀ ਦੇ ਤੀਜੇ ਭਾਗ ਵਿੱਚ ਇਤਿਹਾਸਕ ਗੁਰ ਸਾਖੀਆਂ ਹਨ। ਮਹਾਂਪੁਰਖ ਆਪਣੀ ਪਵਿੱਤਰ ਰਸਨਾ ਦੁਆਰਾ ਜੋ ਗੁਰ ਸਾਖੀਆਂ ਗੁਰ ਇਤਿਹਾਸ ਵਿੱਚੋਂ

ਸੁਣਾਉਂਦੇ ਸਨ ਉਹ ਗੁਰ ਸਾਖੀਆਂ ਇਸ ਭਾਗ ਵਿੱਚ ਦਰਜ ਕੀਤੀਆਂ ਹਨ। ਇਹ ਚੋਣਵੀਆਂ ਗੁਰ ਸਾਖੀਆਂ ਸਾਡੇ ਬੱਚਿਆਂ ਵਾਸਤੇ ਵੀ ਬਹੁਤ ਲਾਹੇਵੰਦ ਹੋਣਗੀਆਂ।

ਪੋਥੀ ਦੇ ਚੌਥੇ ਭਾਗ ਵਿੱਚ ਫੁਟਕਲ ਪ੍ਰਚੱਲਿਤ ਸਾਖੀਆਂ ਹਨ। ਇਨ੍ਹਾਂ ਨਾਲ ਬਹੁਤ ਸਾਰੇ ਪੱਖ ਸਪਸ਼ਟ ਹੋ ਜਾਂਦੇ ਹਨ। ਇਸ ਲਈ ਇਹ ਸਾਖੀਆਂ ਲਿਖੀਆਂ ਗਈਆਂ ਹਨ।

ਪੋਥੀ ਦੇ ਪੰਜਵੇਂ ਭਾਗ ਵਿੱਚ ਕਲਗੀਧਰ ਦੇ ੫੨ ਬਚਨ ਹਨ ਜੋ ਕਲਗੀਧਰ ਪਿਤਾ ਨੇ ਸੱਚਖੰਡ ਜਾਣ ਸਮੇਂ ਨਾਂਦੇੜ ਦੀ ਪਾਵਨ ਧਰਤੀ ਤੇ ਆਪਣੇ ਪਿਆਰੇ ਗੁਰ ਸਿੱਖਾਂ ਨੂੰ ਬਖਸ਼ੇ ਸਨ। ਇਨ੍ਹਾਂ ਤੋਂ ਇਲਾਵਾ ਸੰਤਾਂ ਮਹਾਂਪੁਰਖਾਂ ਦੇ ਅਮੋਲਕ ਬਚਨ ਹਨ। ਇਹ ਅਮੋਲਕ ਬਚਨ ਜਿੰਦਗੀ ਦੇ ਤਜਰਬਿਆਂ ਵਿਚੋਂ ਹਾਸਲ ਹੁੰਦੇ ਹਨ। ਇਹ ਅਮੋਲਕ ਬਚਨ ਸਾਡੇ ਭਵਿੱਖ ਨੂੰ ਸੁਨਹਿਰੀ ਬਣਾਉਣ ਵਾਸਤੇ ਹਨ।

ਇਸ ਤੋਂ ਇਲਾਵਾ ਮਹਾਂਪੁਰਖਾਂ ਦੀਆਂ ਕੁਝ ਤਸਵੀਰਾਂ ਹਨ। ਮਹਾਂਪੁਰਖ ਅਕਸਰ ਕੈਮਰੇ ਤੋਂ ਪਰ੍ਹੇ ਹੀ ਰਹਿੰਦੇ ਇਸ ਲਈ ਉਨ੍ਹਾਂ ਦੀਆਂ ਤਸਵੀਰਾਂ ਬਹੁਤ ਘੱਟ ਮਿਲਦੀਆਂ ਹਨ। ਜੋ ਤਸਵੀਰਾਂ ਮਿਲੀਆਂ ਹਨ ਉਹ ਪੰਜਵੇਂ ਭਾਗ ਵਿੱਚ ਲਾਈਆਂ ਗਈਆਂ ਹਨ।

ਜਦੋਂ ਗੁਰਮੁਖ ਮਾਰਗ ਪੋਥੀ ਦਾ ਖਰੜਾ ਤਿਆਰ ਹੋ ਗਿਆ ਪਰ ਮੇਰੇ ਮਨ ਅੰਦਰ ਕਸ਼ਮਕਸ਼ ਚੱਲ ਪਈ ਕਿ ਮਹਾਂਪੁਰਖਾਂ ਦੀ ਮਹਿਮਾ ਲਿਖੀ ਨਹੀਂ ਗਈ।

*ਬਹੁਤੁ ਓਪਮਾ ਥੋਰ ਕਹੀ॥ ਆਦਿ ੯੮੬*

ਪਰ ਪ੍ਰੇਮੀ ਆਖਣ ਪੋਥੀ ਜਲਦੀ ਛਪਾਓ। ਮੇਰੇ ਕੋਲ ਕੋਈ ਉਤਰ ਨਹੀਂ ਸੀ। ਫੇਰ ਮਨ ਵਿਚ ਵਿਚਾਰ ਆਈ ਕਿ ਇਹ ਥੋੜ੍ਹੇ ਜਿਹੇ ਅੱਖਰ ਲਿਖਣ ਨਾਲ ਜੋ ਮੈਨੂੰ ਮਹਿਸੂਸ ਹੋਇਆ ਸੰਗਤਾਂ ਨੂੰ ਵੀ ਮਹਿਸੂਸ ਹੋ ਜਾਵੇਗਾ। ਹਜੂਰ ਦਾ ਫੈਸਲਾ ਵੀ ਹੈ।

*ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਆਦਿ ੨੭੧*
*ਸਾਧ ਕੀ ਮਹਿਮਾ ਬੇਦ ਨ ਜਾਨਹਿ॥ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਆਦਿ ੨੭੨*

ਜਿਹੜੇ ਪ੍ਰੇਮੀ, ਨੇਮੀ ਅਤੇ ਸਤਿਸੰਗੀ ਇਸ ਪੋਥੀ ਵਿਚ ਰਹਿ ਗਈਆਂ ਉਕਾਈਆਂ ਨੂੰ ਮੇਰੇ ਧਿਆਨ ਵਿਚ ਲਿਆਉਣਗੇ ਦਾਸ ਉਹਨਾਂ ਦਾ ਹਾਰਦਿਕ ਰਿਣੀ ਹੋਵੇਗਾ ਅਤੇ ਅਗਲੇ ਐਡੀਸ਼ਨ ਵਿਚ ਉਹਨਾਂ ਦੇ ਯੋਗ ਸੁਝਾਵਾਂ ਨੂੰ ਸ਼ਾਮਿਲ ਕਰ ਲਿਆ ਜਾਵੇਗਾ।

ਦਾਸਨਿ ਦਾਸ
ਗਿਆਨੀ ਪਾਲ ਸਿੰਘ ਖਾਲਸਾ
ਮੁੱਖ ਸੇਵਾਦਾਰ
ਗੁਰਮਤਿ ਪ੍ਰਚਾਰ ਸਭਾ, ਪਟਿਆਲਾ।

# ਤਤਕਰਾ


| | | |
|---|---|---|
| ਭਾਗ-ਪਹਿਲਾ | ਪਵਿੱਤਰ ਜੀਵਨ | ਪੰਨਾ **031** ਤੋਂ **234** |
| ਭਾਗ-ਦੂਜਾ | ਸੁਆਲ ਜਵਾਬ | ਪੰਨਾ **235** ਤੋਂ **314** |
| ਭਾਗ-ਤੀਜਾ | ਗੁਰਸਾਖੀਆਂ | ਪੰਨਾ **315** ਤੋਂ **590** |
| ਭਾਗ-ਚੌਥਾ | ਫੁਟਕਲ ਸਾਖੀਆਂ | ਪੰਨਾ **591** ਤੋਂ **648** |
| ਭਾਗ-ਪੰਜਵਾਂ | ਕਲਗੀਧਰ ਦੇ 52 ਬਚਨ ਅਤੇ ਮਹਾਂਪੁਰਖਾਂ ਦੇ ਅਨਮੋਲ ਬਚਨ | ਪੰਨਾ **649** ਤੋਂ **664** |


## ਭਾਗ-ਪਹਿਲਾ


| | |
|---|---|
| ਪੋਥੀ ਦਾ ਨਾਂ ਗੁਰਮੁਖ ਮਾਰਗ ਰੱਖਣ ਦਾ ਕਾਰਨ | 33 |
| ਦਾਦਕੇ ਪਰਿਵਾਰ ਦਾ ਸੰਖੇਪ ਇਤਿਹਾਸ | 34 |
| ਨਾਨਕੇ ਪਰਿਵਾਰ ਦਾ ਸੰਖੇਪ ਇਤਿਹਾਸ | 37 |
| ਮਨਸੂਹਾ ਵਿਖੇ ਬਾਗ ਅਤੇ ਖੂਹ ਲਗਾਉਣ ਬਾਰੇ | 40 |
| ਮਾਤਾ ਜੀ ਦੇ ਬਚਪਨ ਦਾ ਸੰਖੇਪ ਇਤਿਹਾਸ | 40 |
| ਮਹਾਤਮਾ ਦੇ ਭਵਿੱਖਤ ਬਚਨ | 42 |
| ਪਿਤਾ ਜੀ ਦਾ ਸੰਖੇਪ ਇਤਿਹਾਸ | 43 |
| ਨਾਨਕਿਆਂ ਅਤੇ ਦਾਦਕਿਆਂ ਦਾ ਭਲਾ ਮਿਲਾਪ | 45 |
| ਮਾਤਾ ਜੀ ਨੇ ਛੋਟੀ ਭੈਣ ਦਾ ਰਿਸ਼ਤਾ ਲਿਆਉਣਾ | 47 |
| ਜਨਮ ਨਗਰ ਉਪਲਹੇੜੀ ਦਾ ਸੰਖੇਪ ਇਤਿਹਾਸ | 48 |
| ਨਗਰ ਉਪਲਹੇੜੀ ਦੀ ਮਹਿਮਾ | 49 |
| ਦੋਹਾਂ ਪਰਿਵਾਰਾਂ ਉਪਰ ਕਲਗੀਧਰ ਦੀ ਬਖਸ਼ਿਸ਼ | 50 |
| ਮਹਾਂਪੁਰਖਾਂ ਦਾ ਪਵਿੱਤਰ ਜਨਮ | 51 |
| ਜਨਮ ਸੰਸਕਾਰ | 52 |
| ਮਹਾਂਪੁਰਖਾਂ ਦਾ ਪਵਿੱਤਰ ਨਾਮ ਰੱਖਣਾ | 52 |
| ਗ੍ਰੰਥੀ ਸਿੰਘ ਦਾ ਸਤਿਕਾਰ | 53 |
| ਪਸ਼ੂਆਂ ਦੀ ਸੇਵਾ ਸੰਭਾਲ | 54 |
| ਮਾਤਾ ਪਿਤਾ ਦੀ ਸਿੱਖੀ ਦੀ ਘਾਲਣਾ ਦੀ ਸਿਫਤ | 55 |
| ਲੰਗਰ ਦੀ ਪਵਿੱਤਰਤਾਈ | 56 |
| ਲੰਗਰ ਦਾ ਸਤਿਕਾਰ | 56 |
| ਲੰਗਰ ਦੇ ਥਾਲ ਨੂੰ ਰੋਜਾਨਾ ਭੋਗ ਲਗਾਉਣਾ | 57 |
| ਪਵਿੱਤਰ ਚੋਲਾ | 58 |
| ਮਹਾਂਪੁਰਖਾਂ ਦੇ ਬੱਤੀ ਲੱਛਣ | 59 |

| | |
|---|---|
| ਬਾਲ ਅਵਸਥਾ | 60 |
| ਨੌਜੁਆਨ ਅਵਸਥਾ | 62 |
| ਕੰਵਰਪੁਰ ਵਿਖੇ ਕੱਚੀ ਕੋਠੜੀ | 63 |
| ਨਾਨਾ ਜੀ ਦੇ ਭਵਿੱਖਤ ਬਚਨ | 64 |
| ਮਾਤਾ ਜੀ ਨੇ ਪੇਕੇ ਘਰ ਤੋਂ ਕਛਹਿਰੇ ਲਿਆਉਣੇ | 65 |
| ਨਾਨਾ ਜੀ ਦੀ ਪਵਿੱਤਰ ਸੋਚ | 65 |
| ਮਾਤਾ ਜੀ ਨੇ ਰੁਮਾਲਿਆਂ ਦੀ ਸੇਵਾ ਕਰਨੀ | 66 |
| ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ | 67 |
| ਪਰਉਪਕਾਰੀ ਸੁਭਾਅ | 69 |
| ਪੜੋਸੀਆਂ ਦੇ ਪਸ਼ੂਆਂ ਨੂੰ ਚਾਰਾ ਪਾਉਣਾ | 69 |
| ਪਸ਼ੂਆਂ ਨਾਲ ਪਿਆਰ | 69 |
| ਪਿੰਡ ਦੇ ਲੋਕਾਂ ਦੀਆਂ ਫਸਲਾਂ ਨੂੰ ਪਾਲਣਾ | 71 |
| ਪਿੰਡ ਦੇ ਲੋਕਾਂ ਦੇ ਪਸ਼ੂਆਂ ਨੂੰ ਚਾਰਨਾ | 71 |
| ਬੁਰੇ ਦਾ ਭਲਾ ਕਰਨ ਬਾਰੇ | 74 |
| ਰਾਹਗੀਰ ਅਤੇ ਲੋੜਵੰਦਾਂ ਦੀ ਸੇਵਾ | 75 |
| ਸਾਧੂਆਂ ਨੂੰ ਲੰਗਰ ਛਕਾਉਣ ਬਾਰੇ | 76 |
| ਕੁਸਤੇ ਮਾਰਨ ਬਾਰੇ | 76 |
| ਪਰਾਏ ਝਗੜਿਆਂ ਦਾ ਨਿਪਟਾਰਾ | 77 |
| ਰਸਤੇ ਸਾਫ ਤੇ ਪੱਧਰੇ ਕਰਨੇ | 77 |
| ਕੋਮਲ ਹਿਰਦਾ | 78 |
| ਬਰਸਾਤਾਂ ਵਿਚ ਦਰਖਤ ਲਗਵਾਉਣ ਬਾਰੇ | 79 |
| ਪਿੰਡ ਦੇ ਟੋਭੇ ਨੂੰ ਸਾਫ ਰੱਖਣ ਬਾਰੇ | 80 |
| ਮਿਲਾਵਟ ਕਰਨਾ ਪਾਪ ਹੈ | 81 |
| ਕਿਰਤ ਦੀ ਮਹਾਨਤਾ | 81 |
| ਖਿਡਾਰੀ ਲਈ ਕਿਰਤ | 82 |
| ਅਨੰਦ ਕਾਰਜ | 83 |
| ਪਤਨੀ ਅਤੇ ਬੇਟੀ ਨੇ ਚੜ੍ਹਾਈ ਕਰਨਾ | 83 |
| ਬੇਪ੍ਰਵਾਹੀ ਦੀ ਅਵਸਥਾ | 84 |
| ਪੂਰਨ ਪੁਰਖ ਦੀ ਭਾਲ | 84 |
| ਮਾਤਾ ਦਾ ਇਮਤਿਹਾਨ | 85 |
| ਮਨਮੁੱਖਾਂ ਵਲੋਂ ਮਜਾਕ | 87 |
| ਧੰਨਾ ਸਿੰਘ ਨੱਥੋਵਾਲ ਵਿਚੋਲਾ | 88 |
| ਟਕਸਾਲ ਦੇ ਬਾਰ੍ਹਵੇਂ ਮੁਖੀ ਨਾਲ ਮਿਲਾਪ | 89 |

| | |
|---|---|
| ਭਿੰਡਰਾਂ ਵਾਲੇ ਮਹਾਂਪੁਰਖਾਂ ਦੀ ਅੰਤਰਜਾਮਤਾ | 90 |
| ਦਮਦਮੀ ਟਕਸਾਲ ਵਿੱਚ ਭਰਤੀ ਹੋਣਾ | 90 |
| ਮਾਤਾ ਜੀ ਦਾ ਇਮਤਿਹਾਨ ਵਿਚੋਂ ਪਾਸ ਹੋਣਾ | 91 |
| ਟਕਸਾਲ ਵਿੱਚ ਬ੍ਰਹਮ ਵਿੱਦਿਆ ਦੀ ਪੜ੍ਹਾਈ | 92 |
| ਕੀਰਤਨ ਰਾਹੀਂ ਆਤਮਿਕ ਸਾਂਝ ਪਾਉਣੀ | 93 |
| ਮਹਾਂਪੁਰਖਾਂ ਦੇ ਆਸਣ ਦੀ ਸੇਵਾ | 94 |
| ਦਰਬਾਰ ਸਾਹਿਬ ਦੀ ਵਿਛਾਈ ਦੀ ਸੇਵਾ | 94 |
| ਪਾਲਕੀ ਨਾ ਸਜਾਉਣ ਬਾਰੇ | 95 |
| ਗੁ: ਸ੍ਰੀ ਅਖੰਡ ਪ੍ਰਕਾਸ਼ ਭਿੰਡਰ ਕਲਾਂ ਦੇ ਪ੍ਰਬੰਧ ਬਾਰੇ | 95 |
| ਮਾਤਾ ਜੀ ਨੇ ਸੇਵਾ ਕਰਕੇ ਵਰਦਾਨ ਲੈਣੇ | 96 |
| ਇਤਿਹਾਸਕ ਅਸਥਾਨਾਂ ਦੀ ਕਾਰ ਸੇਵਾ | 97 |
| ਸ਼੍ਰੋਮਣੀ ਕਮੇਟੀ ਵਿੱਚ ਭਰਤੀ ਹੋਣ ਬਾਰੇ ਫੁਰਨਾ ਨਾ ਹੋਣਾ | 100 |
| ਗੁਰਬਾਣੀ ਨਾਲ ਠੀਕ ਹੋਣਾ | 101 |
| ਗਿਆਨੀ ਮੋਹਨ ਸਿੰਘ ਵੱਲੋਂ ਅਗਲੇ ਮੁਖੀ ਲਈ ਬੇਨਤੀ | 102 |
| ਮੌੜਾਂ ਦੀ ਪੰਚਾਇਤ ਵੱਲੋਂ ਬੇਨਤੀ | 103 |
| ਮੌੜਾਂ ਵਿਖੇ ਗੁਰਮਤਿ ਪ੍ਰਚਾਰ | 103 |
| ਨੈਤਿਕ ਕਦਰਾਂ ਕੀਮਤਾਂ | 105 |
| ਗੁਰਪੁਰਬਾਂ ਦੀ ਸੇਵਾ ਵੰਡਣ ਬਾਰੇ | 105 |
| ਆਯੁਰਵੈਦਿਕ ਡਿਗਰੀ ਪ੍ਰਾਪਤ ਕਰਨੀ | 108 |
| ਭੂਰੇ ਕੋਹਨੇ ਨਗਰ ਵਿਖੇ ਭਵਿੱਖਤ ਬਚਨ | 109 |
| ਸੰਤ ਜਰਨੈਲ ਸਿੰਘ ਦੀ ਟਕਸਾਲ ਵਿਚ ਭਰਤੀ | 110 |
| ਪਾ: ਦਸਵੀਂ ਦਾ 300 ਸਾਲਾ ਪ੍ਰਕਾਸ਼ ਗੁਰਪੁਰਬ | 110 |
| ਪਟਨਾ ਸਾਹਿਬ ਵਿਖੇ ਅਗਲੇ ਮੁਖੀ ਦੀ ਚੋਣ | 111 |
| ਉਗਾਣੀ ਸਾਹਿਬ ਵਿਖੇ ਭਵਿੱਖਤ ਬਚਨ | 112 |
| ਉਪਲਹੇੜੀ ਵਿਖੇ ਗੁਰਮਤਿ ਪ੍ਰਚਾਰ | 113 |
| ਉਪਲਹੇੜੀ ਵਾਲੇ ਵਿਦਿਆਰਥੀਆਂ ਦਾ ਵੇਰਵਾ | 114 |
| ਲੋਗਨ ਸਿਉਂ ਮੇਰਾ ਠਾਠਾਬਾਗਾ | 116 |
| ਬਾਰ੍ਹਵੇਂ ਮੁਖੀ ਦਾ ਸੱਚਖੰਡ ਗਮਨ | 118 |
| ਗੁ: ਗੁਰਦਰਸ਼ਨ ਪ੍ਰਕਾਸ਼ ਦੀ ਕਾਰ ਸੇਵਾ | 119 |
| ਸੂਰਜਪੁਰ ਵਿਖੇ ਗੁਰਮਤਿ ਪ੍ਰਚਾਰ | 119 |
| ਮਹਾਂਪੁਰਖਾਂ ਦੇ ਬੈਂਕ ਖਾਤਿਆਂ ਬਾਰੇ | 120 |
| ਕੰਵਰਪੁਰ ਦਾ ਸੰਖੇਪ ਇਤਿਹਾਸ | 121 |
| ਲੋਹਗੜ੍ਹ ਸਾਹਿਬ ਕੰਵਰਪੁਰ | 122 |

| | |
|---|---|
| ਚੰਡੀਗੜ੍ਹ ਵਿਖੇ ਗੁਰਮਤਿ ਪ੍ਰਚਾਰ | 126 |
| ਕਿਤਾਬਾਂ ਪੜ੍ਹਨ ਨਾਲੋਂ ਸੰਗਤ ਦੀ ਮਹਾਨਤਾ | 126 |
| ਮੋਹਾਲੀ ਵਿਖੇ ਗੁਰਮਤਿ ਪ੍ਰਚਾਰ | 127 |
| ਕੰਵਰਪੁਰ ਥੇਹ ਦੀਆਂ ਅਵਗਤ ਰੂਹਾਂ ਦਾ ਭਲਾ | 127 |
| ਕੰਵਰਪੁਰ ਵਿਖੇ ਗੁਰਮਤਿ ਪ੍ਰਚਾਰ | 128 |
| ਕੰਵਰਪੁਰ ਥੇਹ ਤੇ ਸੱਪ ਦਾ ਉਧਾਰ | 128 |
| ਵਿਆਹ ਸ਼ਾਦੀਆਂ ਬਾਰੇ | 129 |
| ਤੋਹਫੇ ਦੇਣ ਬਾਰੇ | 129 |
| ਨੰਬਰਦਾਰਾਂ, ਸਰਪੰਚਾਂ ਅਤੇ ਪੰਚਾਂ ਨੂੰ ਉਪਦੇਸ | 130 |
| ਸੰਤ ਕਰਤਾਰ ਸਿੰਘ ਖਾਲਸਾ ਦਾ ਉਪਲਹੇੜੀ ਪਹੁੰਚਣਾ | 130 |
| ਸੰਤ ਕਰਤਾਰ ਸਿੰਘ ਖਾਲਸਾ ਦਾ ਅਕਾਲ ਚਲਾਣਾ | 132 |
| ਸੰਤ ਕਰਤਾਰ ਸਿੰਘ ਖਾਲਸਾ ਦਾ ਦੁਸਹਿਰਾ | 133 |
| ਸੰਤ ਜਰਨੈਲ ਸਿੰਘ ਖਾਲਸਾ ਦਾ ਮੁਖੀ ਬਣਨਾ | 134 |
| ਭਗਤ ਅਤੇ ਸੰਸਾਰੀ ਦਾ ਆਪਸੀ ਫਰਕ | 134 |
| ਬਾਬਾ ਜੋਗਿੰਦਰ ਸਿੰਘ ਜੀ ਨਾਲ ਬਚਨ ਬਿਲਾਸ | 135 |
| ਬਾਬਾ ਜੋਗਿੰਦਰ ਸਿੰਘ ਜੀ ਵੱਲੋਂ ਬਾਣੀ ਦਾ ਸਤਿਕਾਰ | 136 |
| ਸ. ਸੁੰਦਰ ਸਿੰਘ ਦਾ ਜਗਤ ਜੂਠ ਤੋਂ ਛੁਟਕਾਰਾ | 137 |
| ਸੰਤ ਜਰਨੈਲ ਸਿੰਘ ਖਾਲਸਾ ਦਾ ਉਪਲਹੇੜੀ ਪਹੁੰਚਣਾ | 139 |
| ਮਹਾਂਪੁਰਖਾਂ ਵੱਲੋਂ ਫੋਟੋ ਦੀ ਮਨਾਹੀ | 140 |
| ਮਾਤਾ ਜੀ ਦੇ ਚੜ੍ਹਾਈ ਕਰਨ ਸਮੇਂ ਦੇ ਬਚਨ | 140 |
| ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਸਮੇਂ ਮਹਿਤੇ ਪਹੁੰਚਣਾ | 141 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਗੁਰੂ ਹਨ | 142 |
| ਗੁਰੂ ਮਹਾਰਾਜ ਦਾ ਅਵਤਾਰ ਭਲੇ ਲਈ ਹੈ | 143 |
| ਗੁਰੂ ਮਹਾਰਾਜ ਦੀ ਸੇਵਾ | 143 |
| ਨਿਤਨੇਮ | 144 |
| ਸੈਰ | 145 |
| ਲੰਗਰ | 145 |
| ਰਸੋਈ ਸਾਡਾ ਦਵਾਖਾਨਾ ਹੈ | 145 |
| ਸੇਵਾ | 145 |
| ਸੰਥਿਆ | 146 |
| ਫੁੱਲ ਬੂਟੇ | 146 |
| ਅਵਸਥਾ | 147 |
| ਅਨੁਭਵ ਬਾਰੇ | 148 |

| | |
|---|---|
| ਮਨ ਦੀ ਇਕਾਗਰਤਾ ਬਾਰੇ | 149 |
| ਉਲ੍ਹਾਮੇ ਜਾਂ ਸ਼ਿਕਵੇ ਦੀ ਥਾਂ ਸ਼ੁਕਰਾਨਾ | 149 |
| ਮੱਤਭੇਦ ਹੋਣ ਤੇ ਝਗੜੇ ਨਿਬੇੜਨ ਬਾਰੇ | 151 |
| ਗੁਰਮੁਖ | 152 |
| ਕੀਰਤਨ ਬਾਰੇ | 152 |
| ਅਰਦਾਸ ਕਰਨ ਦਾ ਢੰਗ | 153 |
| ਅਧਿਕਾਰੀ ਨੂੰ ਉਪਦੇਸ ਦੇਣ ਬਾਰੇ | 154 |
| ਇਤਿਹਾਸਿਕ ਅਸਥਾਨਾਂ ਦੀ ਯਾਤਰਾ | 155 |
| ਇਤਿਹਾਸਿਕ ਅਸਥਾਨਾਂ ਦੇ ਦਰਸ਼ਨ | 155 |
| ਜੂਠ ਅਤੇ ਝੂਠ ਤੋਂ ਪਰੇ ਰਹਿਣ ਬਾਰੇ | 155 |
| ਚੜ੍ਹਦੀਕਲਾ ਲਈ ਨਰਾਜ਼ਗੀ ਦਾ ਤਿਆਗ | 157 |
| ਰੋਕ ਅਤੇ ਟੋਕ ਜੀਵਨ ਲਈ ਜਰੂਰੀ ਹੈ | 157 |
| ਪੰਛੀਆਂ ਲਈ ਪਾਣੀ ਅਤੇ ਅਨਾਜ ਦਾ ਪ੍ਰਬੰਧ | 158 |
| ਮਾਪਿਆਂ ਦੀ ਸੇਵਾ ਕਰਨ ਬਾਰੇ | 158 |
| ਗੁਰਪੁਰਬ ਮਨਾਉਣ ਬਾਰੇ | 159 |
| ਇਤਿਹਾਸਿਕ ਦਿਹਾੜਿਆਂ ਤੇ ਲੰਗਰਾਂ ਦੀ ਸੇਵਾ | 159 |
| ਗੁਰਸਿੱਖਾਂ ਨੂੰ ਮਾਸ ਖਾਣ ਦੀ ਮਨਾਹੀ ਹੈ | 160 |
| ਗੁਰਸਿੱਖ ਲਈ ਗੁਰਮੁਖੀ ਜਰੂਰੀ | 161 |
| ਬੱਚਿਆਂ ਦੇ ਨਾਮ ਰੱਖਣ ਸਮੇਂ ਉਪਦੇਸ | 161 |
| ਸੰਤਾਨ ਨੂੰ ਪੜ੍ਹਾਉਣ ਬਾਰੇ ਉਪਦੇਸ | 162 |
| ਲੜਕੀਆਂ ਨੂੰ ਵਿੱਦਿਆ ਪੜ੍ਹਾਉਣ ਬਾਰੇ | 163 |
| ਰੱਖੜੀ ਦੇ ਤਿਉਹਾਰ ਬਾਰੇ | 163 |
| ਮਹਾਂਪੁਰਖਾਂ ਦੀ ਨਿੱਤ ਕਿਰਿਆ | 164 |
| ਮਹਾਂਪੁਰਖਾਂ ਦਾ ਵਿਦਿਆਰਥੀਆਂ ਨਾਲ ਪਿਆਰ | 165 |
| ਸਿੱਖ ਲਈ ਗੁਰੂ ਦੀ ਸੇਵਾ ਜਰੂਰੀ | 167 |
| ਅੰਮ੍ਰਿਤ ਵੇਲੇ ਦੀ ਸੰਭਾਲ ਦਾ ਅਰਥ | 167 |
| ਨਿੰਦਾ ਚੁਗਲੀ ਗਾਲ਼ੀ ਗਲੋਚ ਨਾ ਕਰਨੀ | 168 |
| ਧਾਗੇ, ਤਵੀਤ ਅਤੇ ਜੰਤਰ ਮੰਤਰ ਦੀ ਮਨਾਹੀ | 168 |
| ਭੂਤਾਂ ਪਰੇਤਾਂ ਬਾਰੇ | 168 |
| ਜੁਆਨੀ ਦੀ ਸੰਭਾਲ ਬਾਰੇ | 169 |
| ਗੁਰਬਾਣੀ ਗੁਰੂ ਸਰੂਪ ਹੈ | 170 |
| ਸਤਿਗੁਰਾਂ ਦੇ ਪਰਤੱਖ ਦਰਸਨ | 170 |
| ਤੰਬਾਕੂ ਦੀ ਖੇਤੀ ਅਤੇ ਵਰਤੋਂ ਨੂੰ ਬੰਦ ਕਰਾਉਣਾ | 171 |

| | |
|---|---|
| ਪਰਾਈ ਜਾਇਦਾਦ ਦੀ ਆਸ ਤੋਂ ਹਟਾਉਣਾ | 171 |
| ਮਹਾਂਪੁਰਖਾਂ ਦਾ ਤਿਆਗੀ ਸੁਭਾਅ | 172 |
| ਮੌੜਾਂ ਨਗਰ ਦੀ ਜਮੀਨ ਨਾ ਲੈਣ ਬਾਰੇ | 173 |
| ਫੱਗਣ ਮਾਜਰਾ ਨਗਰ ਦੀ ਜਮੀਨ ਨਾ ਲੈਣ ਬਾਰੇ | 174 |
| ਆਲਸ ਤੋਂ ਰਹਿਤ ਰਹਿਣ ਬਾਰੇ | 175 |
| ਗੁਰਬਾਣੀ ਲਿਖਣ ਅਤੇ ਕੰਠ ਕਰਨ ਦਾ ਉਪਦੇਸ਼ | 175 |
| ਦਸਵੰਧ ਗੁਰੂ ਕਾ | 176 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਰੇ | 177 |
| ਸਮਕਾਲੀ ਮਹਾਂਪੁਰਖਾਂ ਨਾਲ ਮੇਲ ਮਿਲਾਪ | 178 |
| ਸਾਲ 1984 ਦਾ ਘੱਲੂਘਾਰਾ | 178 |
| ਗੋਡਿਆਂ ਦੀ ਅਰਦਾਸ ਨਾ ਕਰਨ ਬਾਰੇ | 180 |
| ਬਾਬਾ ਠਾਕੁਰ ਸਿੰਘ ਜੀ ਦਾ ਮੁਖੀ ਬਣਨਾ | 181 |
| ਸਾਕਾ ਨੀਲਾ ਤਾਰਾ ਤੇ ਮਹਾਂਪੁਰਖਾਂ ਵੱਲੋਂ ਉਪਦੇਸ | 182 |
| ਛੀਨਾ ਹਾਊਸ ਪਟਿਆਲਾ ਵਿਖੇ ਸੰਗਤਾਂ ਦਾ ਭਲਾ | 183 |
| ਨਿਵਾਸ ਅਸਥਾਨ ਇੰਦਰਾ ਪੁਰੀ ਦੀ ਕਾਰ ਸੇਵਾ | 185 |
| ਆਦਿ ਦੀ ਕਥਾ ਬਾਰੇ ਬਚਨ | 186 |
| ਸੋਹੀ ਪਰਿਵਾਰ ਨੂੰ ਗੁਰਮਤਿ ਮਾਰਗ ਦਾ ਪਾਂਧੀ ਬਣਾਉਣਾ | 187 |
| ਪਟਿਆਲਾ ਵਿਖੇ ਗੁਰਮਤਿ ਪ੍ਰਚਾਰ | 189 |
| ਗੁਰਮਤਿ ਪ੍ਰਚਾਰ ਨਾਲ ਮਨ ਦੀ ਸੰਭਾਲ | 191 |
| ਮਹਾਂਪੁਰਖਾਂ ਦਾ ਸਰੀਰ ਢਿੱਲਾ ਹੋਣਾ | 193 |
| ਗੁਰਮਤਿ ਪ੍ਰਚਾਰ ਦੀ ਸੇਵਾ ਸੌਂਪਣ ਬਾਰੇ | 196 |
| ਨੰਗਲ ਵਿਖੇ ਗੁਰਮਤਿ ਪ੍ਰਚਾਰ | 196 |
| ਚੌਪਈ ਸਾਹਿਬ ਦੇ ਪਾਠ ਨਾਲ ਅਵਗਤ ਰੂਹ ਤੋਂ ਛੁਟਕਾਰਾ | 197 |
| ਕੰਵਰਪੁਰ ਵਿਖੇ ਗੁਰਮਤਿ ਸਮਾਗਮ | 198 |
| ਲੰਗਰ ਦੀ ਸੇਵਾ | 199 |
| ਗੱਡੀ ਦੀ ਸੇਵਾ | 199 |
| ਪਟਿਆਲੇ ਵਾਲੇ ਵਿਦਿਆਰਥੀਆਂ ਦਾ ਵੇਰਵਾ | 200 |
| ਮਹਾਂਪੁਰਖਾਂ ਵੱਲੋਂ ਅੰਤਮ ਗੁਰਮਤਿ ਸਮਾਗਮ | 208 |
| ਗੁਰਮਤਿ ਪ੍ਰਚਾਰ ਦੀ ਸੇਵਾ ਚਾਲੂ ਰੱਖਣ ਬਾਰੇ | 210 |
| ਮਹਾਂਪੁਰਖਾਂ ਦਾ ਸਰੀਰ ਦੂਜੀ ਵਾਰ ਢਿੱਲਾ ਹੋਣਾ | 211 |
| ਮਹਾਂਪੁਰਖਾਂ ਨੇ ਸੱਚਖੰਡ ਗਮਨ ਕਰਨਾ | 215 |
| ਮਹਾਂਪੁਰਖਾਂ ਦੇ ਸਰੀਰ ਦਾ ਸਸਕਾਰ | 217 |
| ਵਿਛੋੜੇ ਦੇ ਦ੍ਰਿਸ਼ | 217 |

ਪਸ਼ੂਆਂ ਅਤੇ ਪੰਛੀਆਂ ਦੀ ਬਿਹਬਲਤਾ 217
ਸੰਗਤਾਂ ਦੀ ਬਿਹਬਲਤਾ 218
ਦੁਸਹਿਰੇ ਦਾ ਸਮਾਗਮ 218
ਮਹਾਂਪੁਰਖਾਂ ਦੀ ਸ਼ਖਸੀਅਤ ਬਾਰੇ 219
ਦਸਤਾਰ ਬੰਦੀ 223
ਸਲਾਨਾ ਗੁਰਮਤਿ ਸਮਾਗਮ ਕਰਾਉਣ ਬਾਰੇ 224
ਖਾਲਸਾ ਦਰਬਾਰ ਸਾਹਿਬ ਦੀ ਸੇਵਾ ਸੰਭਾਲ 224
ਸਕੂਲ ਦੇ ਦਫਤਰ ਦੀ ਕਾਰ ਸੇਵਾ 225
ਲੰਗਰ ਹਾਲ ਦੀ ਕਾਰ ਸੇਵਾ 226
ਖਾਲਸਾ ਦਰਬਾਰ ਸਾਹਿਬ ਉਪਲਹੇੜੀ ਦੀ ਕਾਰ ਸੇਵਾ 227
ਬੁੰਗਾ ਸਾਹਿਬ ਦੀ ਕਾਰ ਸੇਵਾ 227
ਰਸੋਈ ਘਰ ਦੀ ਕਾਰ ਸੇਵਾ 228
ਸੰਗੀਤ ਭਵਨ ਦੀ ਕਾਰ ਸੇਵਾ 228
ਰਸੋਈ ਹਾਲ ਦੀ ਕਾਰ ਸੇਵਾ 229
ਗੁਰਮਤਿ ਸੰਗੀਤ ਅਕੈਡਮੀ ਦੀ ਕਾਰ ਸੇਵਾ 230
ਰੈਸਟ ਹਾਊਸ ਦੀ ਕਾਰ ਸੇਵਾ 231
ਡਿਸਪੈਂਸਰੀ ਦੀ ਕਾਰ ਸੇਵਾ 232
ਯਾਦਗਾਰੀ ਗੇਟ ਦੀ ਕਾਰ ਸੇਵਾ 233
ਦਰਸ਼ਨੀ ਡਿਊਡੀ ਦੀ ਕਾਰ ਸੇਵਾ 233
ਸੁੰਦਰ ਝੀਲ ਦੀ ਕਾਰ ਸੇਵਾ 234

## ਭਾਗ-ਦੂਜਾ

**ਸੁਆਲ ਜੁਆਬ** 235-314

## ਭਾਗ-ਤੀਜਾ

ਗੁਰੂ ਬੰਸਾਵਲੀਨਾਮਾ 317
**ਪਾਤਿਸ਼ਾਹੀ ਪਹਿਲੀ** 320
ਦੁਨੀ ਚੰਦ ਦੇ ਪਿਤਾ ਦਾ ਉਧਾਰ 320
ਮੋਹ ਵਿਚ ਫਸੇ ਬੁੱਢੇ ਦਾ ਉਧਾਰ 321
ਦੀਪਾਲਪੁਰ ਦੇ ਕੋੜ੍ਹੀ ਫ਼ਕੀਰ ਨੂੰ ਰਾਜੀ ਕਰਨਾ 322
ਮੂਲੇ ਖਤ੍ਰੀ ਦਾ ਬੇਮੁਖ ਹੋਣਾ 323
ਤੁਲਸਾਂ ਦਾਸੀ ਦਾ ਚਰਨਾ ਨਾਲ ਪਿਆਰ 325
ਭਾਈ ਮਨਸੁਖ ਦਾ ਰਾਜੇ ਸ਼ਿਵਨਾਭ ਨਾਲ ਮਿਲਾਪ 326

ਹੋਲ਼ਾਂ ਵਾਲੇ ਬਾਲਕ ਨੂੰ ਰਾਜ ਬਖਸ਼ਿਸ਼ ਕਰਨਾ 330
ਗੁਰਬਾਣੀ ਦੀ ਮਹਾਨਤਾ 331
ਸਿੱਖਾਂ ਨੂੰ ਉਪਦੇਸ਼ 332
**ਪਾਤਿਸ਼ਾਹੀ ਦੂਜੀ** 346
ਖਡੂਰ ਸਾਹਿਬ ਵਿਖੇ ਹਮਾਯੂੰ ਦੇ ਹੰਕਾਰ ਦਾ ਨਾਸ 346
ਖਡੂਰ ਸਾਹਿਬ ਦੇ ਸ਼ਿਵਨਾਥ ਤਪੇ ਦੀ ਦੁਰਦਸ਼ਾ 348
ਸਿੱਖਾਂ ਨੂੰ ਉਪਦੇਸ਼ 350
**ਪਾਤਿਸ਼ਾਹੀ ਤੀਜੀ** 353
ਭਾਈ ਮਹਿੰਗੇ ਨੇ ਸੇਵਾ ਕਰਕੇ ਸਿੱਖੀ ਦੀ ਦਾਤ.... 353
ਬ੍ਰਾਹਮਣ ਦੁਰਗਾ ਜੀ ਤੇ ਬਖਸ਼ਿਸ਼ ਕਰਨੀ 354
ਪ੍ਰੇਮੇ ਕੋਹੜੀ ਤੇ ਬਖਸ਼ਿਸ਼ ਕਰਨੀ 356
ਸੱਚਨ ਸੱਚ ਦਾ ਵਿਆਹ 364
ਗੰਗੋਸ਼ਾਹ ਬਸੀ ਖੱਤਰੀ ਤੇ ਬਖਸ਼ਿਸ਼ 368
ਸੇਖਾਂ ਦੇ ਬੱਚਿਆਂ ਨੇ ਕਰਨੀ ਦਾ ਫਲ ਪਾਉਣਾ 369
ਗੋਇੰਦਵਾਲ ਸਾਹਿਬ ਵਸਾਉਣਾ 372
ਭਾਈ ਪਾਰੋ ਜੁਲਕਾ 374
ਸਿੱਖਾਂ ਨੂੰ ਉਪਦੇਸ਼ 375
**ਪਾਤਿਸ਼ਾਹੀ ਚੌਥੀ** 375
ਬਾਬਾ ਆਦਮ ਸਿੱਧੂ ਨੂੰ ਪੁੱਤਰ ਦੀ ਦਾਤ 378
ਬਾਬਾ ਪ੍ਰਿਥੀ ਚੰਦ ਨੇ ਚਤੁਰਾਈ ਨਾਲ ਸੇਵਾ ਕਰਨੀ 380
ਸਿੱਖਾਂ ਨੂੰ ਉਪਦੇਸ਼ 388
**ਪਾਤਿਸ਼ਾਹੀ ਪੰਜਵੀ** 388
ਹਰਿਮੰਦਰ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ 393
ਸੇਠ ਪਤੰਗ ਤੇ ਪਠਾਣ ਜਮਾਲ 396
ਭਾਈ ਗੁਰਮੁਖ ਅਤੇ ਭਾਈ ਭਿਖਾਰੀ ਮਿਲਾਪ 398
ਲੱਖੂ ਧਾੜਵੀ ਦਾ ਬ੍ਰਹਮ ਗਿਆਨੀ ਬਣਨਾ 399
ਭਾਈ ਬੁਧੂ ਦਾ ਆਵਾ 401
ਭਾਈ ਸੰਤ ਰਾਮ ਦਾ ਸਿਦਕ 403
ਭਾਈ ਮੰਞ ਦਾ ਸਿਦਕ 408
ਸੱਤਾ ਤੇ ਬਲਵੰਡ ਦਾ ਬੇਮੁੱਖ ਹੋਣਾ 411
ਲੱਧਾ ਪਰਉਪਕਾਰੀ ਨੇ ਸੱਤਾ ਤੇ ਬਲਵੰਡ ਨੂੰ ਬਖਸ਼ਾਉਣਾ 417
ਮੰਡੀ ਦੇ ਰਾਜੇ ਨੂੰ ਸੁਪਨੇ ਰਾਹੀਂ ਉਪਦੇਸ 421
ਗੰਗਾ ਰਾਮ ਬ੍ਰਾਹਮਣ ਨੇ ਸਿੱਖੀ ਲੈਣੀ 422

ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾ ਕੇ ਸੇਵਾ ਕਰਨੀ 422
ਗੁਰੂ ਅਰਜਨ ਦੇਵ ਜੀ ਨੇ ਲਾਹੌਰ ਤੋਂ ਚਿੱਠੀਆਂ ਲਿਖਣੀਆਂ 427
ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ........ 431
ਸੁਖਮਨੀ ਸਾਹਿਬ ਨਾਲ ਵਜੀਰ ਖਾਂ ਦੇ ਰੋਗ ਦੀ ਨਵਿਰਤੀ 435
ਭਾਈ ਬਹੋੜੂ ਦੀ ਜਰਨ ਸ਼ਕਤੀ 437
ਭਾਈ ਭੀਵਾ ਅਤੇ ਭਾਈ ਰੂਪ ਚੰਦ ਨਿਵਾਸੀ ਸਰਹਿੰਦ 437
ਸਿੱਖਾਂ ਨੂੰ ਉਪਦੇਸ਼ 439

**ਪਾਤਿਸ਼ਾਹੀ ਛੇਵੀਂ** 475

ਗੁਰਦੁਆਰਾ ਕਲਿਆਣ ਸਰ ਵਿਖੇ ਸੱਪ ਦਾ ਉਧਾਰ 475
ਬਾਜ ਅਤੇ ਬਟੇਰੇ ਦੀ ਜਾਮਨੀ 476
ਬੀਬੀ ਸੂਰਤੀ ਦੀ ਕੁੱਖੋਂ ਭਾਈ ਰੂਪੇ ਦਾ ਜਨਮ 478
ਪੈਂਦੇ ਖਾਨ ਨੇ ਮੋਹ ਵਿਚ ਫਸਣਾ 481
ਛੇਵੇਂ ਪਾਤਸ਼ਾਹ ਨੂੰ ਸੱਚੇ ਪਾਤਿਸ਼ਾਹ ਕਹਿਣ ਬਾਰੇ 482
ਸੁੰਦਰ ਸ਼ਾਹ ਫ਼ਕੀਰ ਅਤੇ ਭਾਈ ਬਿਧੀ ਚੰਦ ਦਾ ਮਿਲਾਪ 483
ਭਾਈ ਬਿਧੀ ਚੰਦ ਦਾ ਮਹਾਂਪੁਰਖ ਬਣਨ ਬਾਰੇ 484
ਭਾਈ ਬਿਧੀ ਚੰਦ ਨੇ ਸੁੰਦਰ ਸ਼ਾਹ ਫਕੀਰ ਦਾ .... 485
ਮਾਤਾ ਕਉਲਾਂ ਜੀ 486
ਛੇਵੇਂ ਪਾਤਿਸ਼ਾਹ ਵੱਲੋਂ ਸ਼ੇਰ ਦਾ ਸ਼ਿਕਾਰ 488
ਭਾਈ ਗੋਪਾਲੇ ਪਾਸੋਂ ਜਪੁ ਜੀ ਸਾਹਿਬ ਦਾ ਸੁਧ .... 490
ਭਾਈ ਤਿਲਕਾ ਜੀ ਦੀ ਦ੍ਰਿੜਤਾ ਦੇਖ ਕੇ ਜੋਗੀ ਨੇ .... 492
ਭਾਈ ਕੁਕੋ ਦੇ ਪੁੱਤਰ ਅਨੰਤੇ ਨੇ ਕਾਂ ਦੇ ਗਲੇਲਾ ਮਾਰਨਾ 495
ਚੱਬੇ ਵਾਲੀ ਮਾਤਾ ਸੁਲੱਖਣੀ ਨੂੰ ਸੱਤ ਪੁੱਤਰਾਂ ਦੀ ਬਖਸ਼ਿਸ਼ 497
ਸਿੱਖ ਪੁੱਤਰੀ ਨੇ ਪਤੀ ਜੋਧ ਰਾਇ ਨੂੰ ਸਿੱਖ ਬਣਾਉਣਾ 498
ਸਿੱਖਾਂ ਨੂੰ ਉਪਦੇਸ਼ 501

**ਪਾਤਿਸ਼ਾਹੀ ਸਤਵੀਂ** 506

ਭਾਈ ਗੋਂਦੇ ਨੇ ਸਮਾਧੀ ਰਾਹੀਂ ਚਰਨਾਂ ਦੀ ਸੇਵਾ ਕਰਨੀ 506
ਬਾਣੀ ਦਾ ਸਤਿਕਾਰ ਕਰਨਾ 508
ਬਾਬਾ ਰਾਮਰਾਇ ਦੀਆਂ ਸ਼ਕਤੀਆਂ ਬਾਰੇ 509
ਸ਼ਾਹ ਜਹਾਨ ਨੂੰ ਹਰੜ ਅਤੇ ਲੌਂਗ ਦੇਣ ਬਾਰੇ 512
ਲੰਗਰ ਦੀ ਸੇਵਾ ਦਾ ਮਹਾਤਮ 515
ਅਜਗਰ ਦੀ ਕਲਿਆਣ 517

**ਪਾਤਿਸ਼ਾਹੀ ਅੱਠਵੀਂ** 518
ਛੱਜੂ ਝੀਵਰ ਨੇ ਗੀਤਾ ਦੇ ਅਰਥ ਕਰਨੇ 518
**ਪਾਤਿਸ਼ਾਹੀ ਨੌਂਵੀਂ** 520
ਸਈਅਦ ਪੀਰ ਦਾ ਸੰਸਾ ਦੂਰ ਕਰਨਾ 520
ਚੋਰ ਨੇ ਸੂਲੀ ਚੜ੍ਹਨਾ 523
ਬਾਰਨੇ ਦੇ ਕਿਸਾਨ ਤੋਂ ਤੰਬਾਕੂ ਛੁਡਾਉਣਾ 526
ਭਾਈ ਦੱਗੋ ਕਿਸਾਨ ਨੂੰ ਖੂਹ ਅਤੇ ਬਾਗ ਲਾਉਣ .... 528
ਰਾਜਾ ਬਿਸ਼ਨ ਸਿੰਘ ਅਤੇ ਕਾਮਰੂਪ ਦੇਸ ਦੇ ਰਾਜੇ .... 529
ਰਾਜੇ ਰਾਮ ਦੇ ਗ੍ਰਿਹਿ ਵਿਖੇ ਰਤਨ ਰਾਇ ਦਾ ਜਨਮ 538
ਭਾਈ ਗੁਰਬਖਸ਼ ਹੁਲਾਸੀ ਤੇ ਬਖਸ਼ਿਸ਼ 540
ਚਾਚਾ ਫੱਗੋ ਦੇ ਗ੍ਰਿਹਿ ਵਿਖੇ ਚਰਨ ਪਾਉਣੇ 540
ਭਾਈ ਦੇਸੂ ਦੇ ਅੰਤ ਬਾਰੇ 545
ਭਾਈ ਮਤੀਦਾਸ ਜੀ ਦਾ ਆਰੇ ਨਾਲ ਚੀਰੇ ਜਾਣਾ 546
ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ 548
**ਪਾਤਿਸ਼ਾਹੀ ਦਸਵੀਂ** 549
ਅੰਮ੍ਰਿਤ ਦੀ ਮਹਾਨਤਾ 549
ਦਮਦਮੀ ਟਕਸਾਲ ਦੀ ਰਚਨਾ ਦਾ ਕਾਰਨ 550
ਭਾਈ ਜੋਗਾ ਸਿੰਘ ਦੀ ਰੱਖਿਆ 553
ਬਾਜਾਂ ਨੇ ਮੋਠ ਬਾਜਰੀ ਖਾਣੀ 556
ਲੰਮੀ ਉਮਰ ਵਾਲੇ ਜੋਗੀ ਦਾ ਹੰਕਾਰ ਤੋੜਨਾ 556
ਭਾਈ ਮਾਲਾ ਸਿੰਘ ਜੀ ਅਤੇ ਭਾਈ ਲਹੌਰਾ ਸਿੰਘ ਜੀ 558
ਸੁਥਰੇ ਸ਼ਾਹ ਬਾਰੇ 560
ਪੰਜ ਪਿਆਰਿਆਂ ਦੀ ਚੋਣ 560
ਪਟਨਾ ਵਿਖੇ ਧਨੀ ਦੀ ਨੂੰਹ ਨੂੰ ਪੁੱਤਰਾਂ ਦਾ ਵਰ 563
ਰਿੱਛ ਦੀ ਕਲਿਆਣ ਬਾਰੇ 565
ਰਤਨ ਰਾਏ ਨੇ ਅਨੰਦਪੁਰ ਸਾਹਿਬ ਵਿਖੇ ਦਰਸ਼ਨ ਕਰਨੇ 568
ਕਾਲ ਝਿਰਾਣੀ ਵਿਖੇ ਕਾਂ ਅਤੇ ਸੱਪ ਦਾ ਉਧਾਰ 570
ਭਾਈ ਗੁੱਜਰ ਲੁਹਾਰ ਦੀ ਢਾਲ 572
ਤੰਬਾਕੂ ਦੇ ਖੇਤ ਵਿਚ ਘੋੜੇ ਦਾ ਨਾ ਵੜਨਾ 574
ਨਾਰਦ ਮੁਨੀ ਨੇ ਹਮਾਯੂੰ ਪੰਛੀ ਦੇ ਖੰਭ ਭੇਟਾ ਕਰਨੇ 576
ਭੰਗ ਦੀਆਂ ਕੁਰਲੀਆਂ ਕਰਾਉਣ ਬਾਰੇ 577

ਰਾਜਾ ਜੈਦ ਰਥ ਦੀ ਕਲਿਆਣ 578
ਬੇਗਮ ਨਸੀਰਾਂ ਨੂੰ ਸ਼ਹੀਦ ਪੁੱਤਰਾਂ ਦੇ ਦਰਸ਼ਨ 580
ਬਰਗਾੜੀ ਵਿਖੇ ਚੌਧਰੀ ਨੰਦ ਦਾ ਲੜਾਈ ਵਿੱਚ ਮਰਨਾ 584
ਤਿੱਤਰ ਦਾ ਸ਼ਿਕਾਰ 585
ਘੋਗੜ ਦਾ ਸ਼ਿਕਾਰ 586
ਸਾਹਿਬਜਾਦਿਆਂ ਦੇ ਸਸਕਾਰ ਦੀ ਸੇਵਾ 587
ਸ਼ਰਧਾ ਅਤੇ ਭਗਤੀ ਵਾਲਿਆਂ ਨੂੰ ਬ੍ਰਹਮ ਗਿਆਨ .... 588
ਭਾਈ ਡੱਲੇ ਤੋਂ ਡੱਲਾ ਸਿੰਘ ਬਣਨਾ 589

## ਭਾਗ-ਚੌਥਾ

ਦੋ ਕਬੂਤਰਾਂ ਰਾਹੀਂ ਅਧਿਕਾਰੀ ਦੀ ਪਰਖ ਕਰਨੀ 593
ਦਸ ਗੁਰਾਂ ਦੇ ਪਰਤੱਖ ਦਰਸ਼ਨ 593
ਅਜਾਮਲ ਪਾਪੀ ਦਾ ਉਧਾਰ 594
ਵਿਦੇਸ਼ ਗਏ ਰਾਜੇ ਅਤੇ ਰਾਣੀ ਦਾ ਪ੍ਰਸੰਗ 596
ਗੋਰਖ ਨਾਥ ਦਾ ਗੁਰੂ ਮਛਿੰਦਰ ਨਾਥ 598
ਨਾਮ ਦੀ ਮਹਿਮਾ 599
ਬਾਲਮੀਕ ਬਟਵਾਰੇ ਦਾ ਮਹਾਂਪੁਰਖ ਬਣਨਾ 600
ਭਾਈ ਰੰਗ ਜੀ ਦੀ ਅਵਸਥਾ 602
ਜੱਟ ਦਾ ਕਬੀਰ ਬਣਨਾ 602
ਸੁਬੇਗ ਸਿੰਘ ਤੇ ਸ਼ਾਹਬਾਜ ਸਿੰਘ ਦਾ ਚਰਖੜੀ ਤੇ ਚੜ੍ਹਨਾ 603
ਇਸਤਰੀ ਤੋਂ ਸੂਰੀ ਬਣਨਾ 604
ਸੇਵਾ ਨਾਲ ਦੁਖਾਂ ਤੋਂ ਛੁਟਕਾਰਾ ਪਾਉਣਾ 605
ਬੁਰੇ ਦਾ ਭਲਾ ਕਰਨ ਬਾਰੇ 606
ਪਾਣੀ ਵਾਲੀ ਕਮਾਈ ਦਾ ਪਾਣੀ ਵਿਚ ਹੀ ਰੁੜ੍ਹ ਜਾਣਾ 608
ਹਠਯੋਗ ਨਾਲ ਮਨ ਵਾਸਨਾ ਤੋਂ ਰਹਿਤ ਨਹੀਂ ਹੁੰਦਾ 609
ਬੱਚੇ ਦੇ ਜਨਮ ਤੋਂ 20 ਸਾਲ ਪਹਿਲਾਂ ਗੁਰਮਤਿ ਪੜ੍ਹਨ ਬਾਰੇ 610
ਕੀੜੀ ਅਤੇ ਚੂਹੀ ਦੀ ਸਾਖੀ ਰਾਹੀਂ ਉਪਦੇਸ 612
ਗਣੇਸ਼ ਬਾਰੇ 613
ਤੇਲੀ ਅਤੇ ਕਾਜੀ ਦੇ ਬਲਦ 614
ਕੀੜੀਆਂ ਨੇ ਲਿੱਦ ਖਾਣੀ 615
ਮੂਰਖਾਂ ਦਾ ਟੱਬਰ 616
ਰਾਜਾ ਸਰਬਜੀਤ 617
ਕਬੀਰ ਦੀ ਰੀਸ 618

ਗਿਆਨੀ ਨਿਰਅਕੰਸ਼ 619
ਮਨ ਅਪੁਨੇ ਤੇ ਬੁਰਾ ਮਿਟਾਨਾ 620
ਡੋਰਿਆਂ ਦਾ ਟੱਬਰ 622
ਅਗਨੀ ਦਾਸ 622
ਦੋ ਹੁਕਮਨਾਮੇ 623
ਕਵੀ ਕਾਲੀਦਾਸ ਤੇ ਰਾਜਾ ਭੋਜ 623
ਮਾਇਆ ਦਾ ਚਲਿੱਤਰ 625
ਜੁਲਾਹੇ ਦੀਆਂ ਧੀਆਂ 626
ਥੰਮਾਂ ਵਾਲੇ ਮਕਾਨ ਦਾ ਅਲੰਕਾਰ 626
ਆਜੜੀ ਦੇ ਝੂਠ ਬੋਲਣ ਬਾਰੇ 627
ਨੌਕਰ ਦੇ ਝੂਠ ਬੋਲਣ ਬਾਰੇ 629
ਧਰੂ ਭਗਤ ਬਾਰੇ 629
ਸ੍ਰੀ ਰਾਮ ਚੰਦਰ ਜੀ ਨੇ ਭੀਲਣੀ ਨੂੰ ਨਿਵਾਜਣਾ 631
ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜਲੋਧਰ ਦੇ .... 632
ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜਨਮ ਬਾਰੇ 634
ਰਹਿਬਾਂ ਦਾ ਮੱਕੇ ਜਾਣਾ 637
ਲੈਂਪ ਦੀ ਚਿਮਨੀ ਮਾਂਜਣ ਬਾਰੇ 638
ਹੰਸ ਅਤੇ ਡੱਡੂ 638
ਅਖੌਤੀ ਬ੍ਰਹਮ ਗਿਆਨੀਆਂ ਦਾ ਹਾਲ 639
ਰਾਜੇ ਦੀਆਂ ਦੋ ਰਾਣੀਆਂ 640
ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੀ ਸੇਵਾ ਬਾਰੇ 641
ਚੰਦਨ ਦਾ ਬਾਗ ਸਾੜਨ ਬਾਰੇ 642
ਜਿਮੀਦਾਰ ਨੇ ਲਾਲਾਂ ਦੇ ਗੁਲੇਲੇ ਬਣਾ ਕੇ ਪਛਤਾਉਣਾ 643
ਰਾਜੇ ਨੇ ਬਾਗ ਰਾਹੀਂ ਉਪਦੇਸ਼ ਦੇਣਾ 644
ਮਨ ਵਸ ਕਰਨ ਦੀ ਵਿਧੀ 645
ਸੰਤਾਂ ਦੀ ਮਰਿਆਦਾ 647

## ਭਾਗ-ਪੰਜਵਾਂ

ਕਲਗੀਧਰ ਦੇ 52 ਬਚਨ 651
ਮਹਾਂਪੁਰਖਾਂ ਦੇ ਅਨਮੋਲ ਬਚਨ 653
ਯਯੇ ਅੱਖਰਾਂ ਵਾਲੇ ਪਾਠਾਂ ਦਾ ਉਚਾਰਨ 662
ਮਹੱਲੇ ਪਦ ਦਾ ਉਚਾਰਨ 663
ਸਮਾਪਤੀ ਦਾ ਮੰਗਲ 664
ਸਲੋਕ ਗੁਰਦੇਵ ਮਾਤਾ ਗੁਰਦੇਵ ਪਿਤਾ 664
**ਯਾਦਗਾਰੀ ਤਸਵੀਰਾਂ** 665-674

# ਭਾਗ ਪਹਿਲਾ
# ਪੰਨਾ 31 ਤੋਂ 234 ਤੱਕ
# ਪਵਿੱਤਰ ਜੀਵਨ

## ਪੋਥੀ ਦਾ ਨਾਂ ਗੁਰਮੁਖ ਮਾਰਗ ਰੱਖਣ ਦਾ ਕਾਰਨ

ਮਹਾਂਪੁਰਖਾਂ ਦੇ ਜੀਵਨ ਦੀਆਂ ਘਟਨਾਵਾਂ ਸੰਗਤ ਵਿੱਚੋਂ ਸੁਣ ਕੇ ਕਈ ਗੁਰਮੁਖ ਪਿਆਰੇ ਬਚਨ ਕਰਦੇ ਕਿ ਤੁਸੀਂ ਸਮਾਂ ਕੱਢ ਕੇ ਐਸੇ ਗੁਰਮੁਖਾਂ ਦਾ ਪਵਿੱਤਰ ਜੀਵਨ ਜਰੂਰ ਲਿਖੋ ਜਿਨ੍ਹਾਂ ਨੇ ਸਾਰੀ ਉਮਰ ਸੇਵਾ ਅਤੇ ਸਿਮਰਨ ਰਾਹੀਂ ਬੇਪ੍ਰਵਾਹੀ ਦੀ ਅਵਸਥਾ ਪ੍ਰਾਪਤ ਕਰਕੇ ਸਿੱਖੀ ਨੂੰ ਮਹਾਨ ਜਾਣਕੇ ਸਤਿਗੁਰਾਂ ਦੇ ਨਿਰਮਲ ਭਉ ਅੰਦਰ ਰਹਿੰਦੇ ਹੋਏ ਕਦੇ ਕਿਸੇ ਨੂੰ ਉੱਚੇ ਬੋਲ ਨਹੀਂ ਬੋਲੇ। ਅਮੀਰੀ, ਗਰੀਬੀ, ਕੜਾਕੇ, ਫਾਕੇ ਦੇ ਸਖਤ ਇਮਤਿਹਾਨਾਂ ਵਿੱਚ ਪਰਮੇਸ਼ਰ ਦੇ ਆਸਰੇ ਅਡੋਲ ਰਹੇ। ਅਜਿਹੇ ਗੁਰਮੁਖਾਂ ਦਾ ਜੀਵਨ ਜਿਨ੍ਹਾਂ ਦੇ ਮਨ ਵਿਚ ਸਤਿਗੁਰਾਂ ਦੇ ਬਚਨ ਦ੍ਰਿੜ ਸਨ ਕਿ "ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥" "ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥" "ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥" "ਊਚਾ ਨਹੀਂ ਕਹਿਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥" "ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥ ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥" "ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥" ਉਨ੍ਹਾਂ ਦਾ ਜੀਵਨ ਜਰੂਰ ਲਿਖਣਾ ਚਾਹੀਦਾ ਹੈ।

ਅਜਿਹੇ ਗੁਰਮੁਖ ਪਿਆਰਿਆਂ ਦੀ ਨੇਕ ਸਲਾਹ ਤੋਂ ਮਿਲੇ ਹੌਂਸਲੇ ਨੂੰ ਲੈ ਕੇ ਦਾਸ ਨੇ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸੰਗਤਾਂ ਦੀ ਇੱਛਾ ਹੈ ਕਿ ਉਪਲਹੇੜੀ ਵਾਲੇ ਮਹਾਂਪੁਰਖਾਂ ਦਾ ਜੀਵਨ ਲਿਖਿਆ ਜਾਵੇ ਆਪ ਜੀ ਅਸ਼ੀਰਵਾਦ ਬਖਸ਼ੋ। ਬੇਨਤੀ ਸੁਣ ਕੇ ਹੰਸਾਲੀ ਵਾਲੇ ਮਹਾਂਪੁਰਖਾਂ ਨੇ ਬਚਨ ਕੀਤੇ ਕਿ ਭਾਈ ਕਿਸੇ ਮਹਾਤਮਾ ਦਾ ਜੀਵਨ ਕਲਮਬੰਦ ਕਰਨਾ ਅਸੰਭਵ ਹੁੰਦਾ ਹੈ ਫੇਰ ਵੀ ਗੁਰੂ ਸਾਹਿਬਾਂ ਕੋਲ ਅਰਦਾਸਾਂ ਕਰਕੇ ਲਿਖਣਾ ਅਰੰਭ ਕਰੋ। ਅਸ਼ੀਰਵਾਦ ਲੈ ਕੇ ਮਹਾਂਪੁਰਖਾਂ ਦੀ ਪਵਿੱਤਰ ਯਾਦ ਵਿਚ ਉਸਾਰੇ ਗਏ ਖਾਲਸਾ ਦਰਬਾਰ ਸਾਹਿਬ ਉਪਲਹੇੜੀ ਵਿਖੇ ਮਿਤੀ 9 ਸਤੰਬਰ 2013 ਨੂੰ ਨੌਵੇਂ ਸਲਾਨਾ ਗੁਰਮਤਿ ਸਮਾਗਮ ਸਮੇਂ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਹੇ ਸੱਚੇ ਪਾਤਿਸ਼ਾਹ, ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦਾ ਪਵਿੱਤਰ ਜੀਵਨ ਲਿਖਣਾ ਹੈ। ਇਹ ਮਹਾਨ ਕਾਰਜ ਹੈ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਦਮਦਮੀ ਟਕਸਾਲ ਵਿੱਚ ਰਹਿ ਕੇ, ਬ੍ਰਹਮ ਵਿਦਿਆ ਪ੍ਰਾਪਤ ਕਰਕੇ, ਗੁਰਬਾਣੀ ਅਨੁਸਾਰ ਆਪਣਾ ਜੀਵਨ ਬਣਾ ਕੇ, ਪੰਥ ਦੀ ਮਹਾਨ ਸੇਵਾ ਕੀਤੀ ਅਤੇ ਇਸ ਸੰਸਾਰ ਵਿਚੋਂ ਬਾਜੀ ਜਿੱਤ ਕੇ ਗਏ ਹਨ। ਉਨ੍ਹਾਂ ਦਾ ਜੀਵਨ ਲਿਖਣਾ ਮੇਰੇ ਵਸ ਦੀ ਗਲ ਨਹੀਂ ਹੈ, ਆਪ ਜੀ ਦੀ ਕਿਰਪਾ ਦੀ ਲੋੜ ਹੈ। ਆਗਿਆ

ਬਖ਼ਸ਼ਿਸ਼ ਕਰੋ, ਜੋ ਇਹ ਮਹਾਨ ਕਾਰਜ ਹੈ ਸਤਿਸੰਗੀ ਪ੍ਰੇਮੀ ਨੇਮੀਆਂ ਦੀ ਭਾਵਨਾ ਅਨੁਸਾਰ ਲਿਖਿਆ ਜਾ ਸਕੇ।

ਹੁਕਮਨਾਮਾ ਲੈਣ ਤੋਂ ਉਪਰੰਤ ਸਾਰੀ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਂਪੁਰਖਾਂ ਦਾ ਜੀਵਨ ਲਿਖਿਆ ਜਾਵੇਗਾ ਜਿਸ ਪ੍ਰੇਮੀ ਦੇ ਕੋਲ ਮਹਾਂਪੁਰਖਾਂ ਦੇ ਪਵਿੱਤਰ ਜੀਵਨ ਸੰਬੰਧੀ ਕੋਈ ਵੀ ਘਟਨਾ ਦੀ ਜਾਣਕਾਰੀ ਹੋਵੇ ਉਹ ਗੁਰੂ ਘਰ ਦੇ ਸੇਵਾਦਾਰਾਂ ਨੂੰ ਜਰੂਰ ਦੱਸੇ। ਇਸ ਤਰ੍ਹਾਂ ਸੰਗਤ ਵਲੋਂ ਮਿਲੇ ਉਤਸ਼ਾਹ ਅਤੇ ਸਤਿਗੁਰਾਂ ਦੀ ਬਖਸ਼ਿਸ਼ ਨਾਲ ਪਵਿੱਤਰ ਜੀਵਨ ਲਿਖਣਾ ਆਰੰਭ ਕੀਤਾ। ਜਿਨ੍ਹਾਂ ਗੁਰੂ ਕੇ ਪਿਆਰਿਆਂ ਨੇ ਮਹਾਂਪੁਰਖਾਂ ਦਾ ਜੀਵਨ ਲਿਖਣ ਲਈ ਪ੍ਰੇਰਨਾ ਦਿਤੀ ਉਨ੍ਹਾਂ ਦੀ ਇਹ ਮਨਸਾ ਸੀ ਕਿ ਐਸੇ ਤੱਤ ਬੇਤੇ ਗੁਰਮੁਖਾਂ ਦਾ ਜੀਵਨ ਪ੍ਰਮੇਸ਼ਰ ਦੀ ਪ੍ਰਾਪਤੀ ਕਰਨ ਵਾਲੇ ਪਾਂਧੀਆਂ ਲਈ ਮਾਰਗ ਹੁੰਦਾ ਹੈ। ਇਸ ਲਈ ਦਾਸ ਨੇ ਇਸ ਪੋਥੀ ਦਾ ਨਾਂ "ਗੁਰਮੁਖ ਮਾਰਗ" ਹੀ ਰੱਖਿਆ ਹੈ।

## ਦਾਦਕੇ ਪਰਿਵਾਰ ਦਾ ਸੰਖੇਪ ਇਤਿਹਾਸ

ਤਖਤ ਸ੍ਰੀ ਕੇਸਗੜ੍ਹ ਵਾਲੇ ਅਸਥਾਨ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੱਚੇ ਪਾਤਸ਼ਾਹ ਦੇ ਪਾਵਨ ਹਸਤ ਕਮਲਾਂ ਤੋਂ ਅੰਮ੍ਰਿਤ ਦੀ ਦਾਤ ਬਾਬਾ ਧਿਆਨ ਸਿੰਘ ਜੀ ਦੇ ਪੜਦਾਦੇ ਬਾਬਾ ਸੋਭਾ ਰਾਮ ਨੇ ਪ੍ਰਾਪਤ ਕੀਤੀ ਜਿਹੜੇ ਕਿ ਬਨਵੈਤ ਗੋਤ ਦੇ ਸੈਣੀ ਸਿੱਖ ਸਨ। ਇਨ੍ਹਾਂ ਦੇ ਪੁੱਤਰ ਸੁਜਾਨ ਸਿੰਘ ਹੋਏ ਅਤੇ ਪੋਤਰੇ ਬਾਬਾ ਖੜਕ ਸਿੰਘ ਸੂਰਵੀਰ ਅਤੇ ਗਿਆਨੀ ਹੋਏ। ਇਸ ਤਰ੍ਹਾਂ ਬਾਬਾ ਸੋਭਾ ਸਿੰਘ ਦੇ ਪੜਪੋਤੇ ਬਾਬਾ ਧਿਆਨ ਸਿੰਘ ਹੋਏ। ਬਾਬਾ ਧਿਆਨ ਸਿੰਘ ਜੀ ਨੇ ਕਾਕਰੋਂ ਨਗਰ ਵਿਖੇ ਆ ਕੇ ਖੇਤੀਬਾੜੀ ਅਰੰਭ ਕੀਤੀ। ਬਾਬਾ ਧਿਆਨ ਸਿੰਘ ਜੀ ਦੇ ਪੰਜ ਪੁੱਤਰ ਕਲਗੀਧਰ ਦੀ ਕਿਰਪਾ ਦਾ ਸਦਕਾ ਤਿਆਰ ਪਰ ਤਿਆਰ ਅੰਮ੍ਰਿਤਧਾਰੀ ਹੋਏ ਜਿਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਬਾਅਦ ਵਿੱਚ ਇਨ੍ਹਾਂ ਪੰਜਾਂ ਪੁੱਤਰਾਂ ਦੀ ਸੰਤਾਨ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਦੇ ਨਗਰ ਉਪਲਹੇੜੀ ਵਿਖੇ ਅਬਾਦ ਹੋਈ।

1. ਬਾਬਾ ਅਤਰ ਸਿੰਘ
2. ਬਾਬਾ ਕਿਸ਼ਨ ਸਿੰਘ
3. ਬਾਬਾ ਸ਼ੇਰ ਸਿੰਘ
4. ਬਾਬਾ ਕਿਰਪਾ ਸਿੰਘ
5. ਬਾਬਾ ਨਿਹਾਲ ਸਿੰਘ

ਬਾਬਾ ਕਿਰਪਾ ਸਿੰਘ ਦੇ ਦੋ ਪੁੱਤਰ

1. ਬਾਬਾ ਕਾਹਨ ਸਿੰਘ
2. ਬਾਬਾ ਉਤਮ ਸਿੰਘ

ਬਾਬਾ ਕਾਹਨ ਸਿੰਘ ਜੀ ਦੇ ਸੱਤ ਪੁੱਤਰ ਅਤੇ ਤਿੰਨ ਪੁੱਤਰੀਆਂ

1. ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ
2. ਗਿਆਨੀ ਸੰਤੋਖ ਸਿੰਘ ਜੀ
3. ਸਰਦਾਰ ਉਜਾਗਰ ਸਿੰਘ ਜੀ
4. ਗਿਆਨੀ ਖੇਮ ਸਿੰਘ ਜੀ
5. ਸਰਦਾਰ ਦਿਆਲ ਸਿੰਘ ਜੀ
6. ਭਾਈ ਜੀਤਾ ਸਿੰਘ ਜੀ
7. ਭਾਈ ਮੋਤਾ ਸਿੰਘ ਜੀ
8. ਬੀਬੀ ਗਿਆਨ ਕੌਰ ਪਿੰਡ ਭੇਡਵਾਲ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਵਿਆਹੇ ਗਏ
9. ਬੀਬੀ ਕਿਰਪਾਲ ਕੌਰ ਪਿੰਡ ਭੇਡਵਾਲ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਵਿਆਹੇ ਗਏ
10. ਬੀਬੀ ਭਜਨ ਕੌਰ ਪਿੰਡ ਦਿਵਾਨ ਸਿੰਘ ਵਾਲਾ ਤਹਿਸੀਲ ਸਰਹਿੰਦ ਜਿਲ੍ਹਾ ਫਤਹਿਗੜ੍ਹ ਸਾਹਿਬ ਵਿਆਹੇ ਗਏ

1699 ਦੀ ਵਿਸਾਖੀ ਦੇ ਮਹਾਨ ਪਵਿੱਤਰ ਦਿਹਾੜੇ ਤੇ ਚਰਨ ਪਹੁਲ ਦੀ ਥਾਂ ਖੰਡੇ ਦੀ ਪਹੁਲ ਅਰੰਭ ਹੋਣ ਕਰਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੋਜਾਨਾ ਦੀਵਾਨ ਸਜਾਏ ਜਾਣ ਲੱਗੇ। ਅਨੰਦਪੁਰ ਸਾਹਿਬ ਦਸਵੇਂ ਪਾਤਿਸ਼ਾਹ ਨੇ ਪੰਜ ਸਿੱਖਾਂ ਦੇ ਸੀਸ ਕਲਮ ਕਰਕੇ ਮੁੜ ਸੁਰਜੀਤ ਕਰ ਦਿੱਤੇ। ਇਨ੍ਹਾਂ ਪੰਜਾਂ ਸਿਖਾਂ ਵਿਚ ਛਤਰੀ, ਜੱਟ, ਝੀਵਰ, ਛੀਂਬੇ, ਨਾਈ ਹਨ। ਉਨ੍ਹਾਂ ਨੂੰ ਆਪਣੇ ਪਿਆਰੇ ਵੀ ਆਖਿਆ ਹੈ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਗੁਰਮੰਤਰ ਵੀ ਲੈ ਲਿਆ ਹੈ। ਇਨ੍ਹਾਂ ਕੋਤਕਾਂ ਕਰਕੇ ਪ੍ਰੇਮੀ ਸੰਗਤਾਂ ਦੂਰ ਦੂਰ ਤੋਂ ਅਨੰਦਪੁਰ ਸਾਹਿਬ ਵਿਖੇ ਪਹੁੰਚ ਰਹੀਆਂ ਹਨ। ਬਨਵੈਤ ਗੋਤ ਦੇ ਜਿਮੀਦਾਰਾਂ ਨੇ ਸਲਾਹ ਕੀਤੀ ਕਿ ਸਾਨੂੰ ਵੀ ਗੁਰੂ ਕੇ ਲੰਗਰ ਲਈ ਰਸਦਾਂ ਬਸਦਾਂ ਅਤੇ ਸੰਗਤਾਂ ਲਈ ਦਰੀਆਂ, ਖੇਸ, ਚਾਦਰਾਂ ਇਕੱਠੀਆਂ ਕਰਕੇ ਗੱਡਿਆਂ ਰਾਹੀਂ ਅਨੰਦਪੁਰ ਸਾਹਿਬ ਪਹੁੰਚਾਣੀਆਂ ਚਾਹੀਦੀਆਂ ਹਨ।

ਇੱਕ ਦਿਨ ਸਾਰੇ ਇਕੱਠੇ ਹੋ ਕੇ ਰਸਦਾਂ ਬਸਦਾਂ ਦੇ ਗੱਡੇ ਭਰ ਕੇ ਅਨੰਦਪੁਰ ਸਾਹਿਬ ਪਹੁੰਚ ਗਏ ਅਤੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਭੇਟਾਵਾਂ ਅਰਪਨ ਕੀਤੀਆਂ। ਮੱਥਾ ਟੇਕਣ ਤੋਂ ਉਪਰੰਤ ਇਹ ਸਾਰੇ ਦੀਵਾਨ ਵਿਚ ਬੈਠ ਗਏ। ਦੀਵਾਨ ਦੀ ਸਮਾਪਤੀ ਤੋਂ ਉਪਰੰਤ ਗੁਰੂ ਸਾਹਿਬ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ।

ਸਤਿਗੁਰਾਂ ਦੇ ਪਾਵਨ ਹਸਤ ਕਮਲਾਂ ਤੋਂ ਬਾਬਾ ਧਿਆਨ ਸਿੰਘ ਜੀ ਦੇ ਪੜਦਾਦੇ ਬਾਬਾ ਸੋਭਾ ਰਾਮ ਨੇ ਅੰਮ੍ਰਿਤ ਛਕ ਲਿਆ ਅਤੇ ਸੋਭਾ ਸਿੰਘ ਬਣ ਗਏ ਜਿਹੜੇ ਕਿ ਬਨਵੈਤ ਗੋਤ ਦੇ ਸੈਣੀ ਸਿੱਖ ਸਨ। ਇਨ੍ਹਾਂ ਦੇ ਪੁੱਤਰ ਸੁਜਾਨ ਸਿੰਘ ਹੋਏ ਅਤੇ ਪੋਤਰੇ ਬਾਬਾ ਖੜਕ ਸਿੰਘ ਸੂਰਵੀਰ ਅਤੇ ਗਿਆਨੀ ਹੋਏ। ਇਸ ਤਰ੍ਹਾਂ ਬਾਬਾ ਸੋਭਾ ਰਾਮ ਦੇ ਪੜਪੋਤੇ ਬਾਬਾ ਧਿਆਨ ਸਿੰਘ ਹੋਏ ਜਿਨ੍ਹਾਂ ਨੇ ਕਾਕਰੋਂ ਆ ਕੇ ਖੇਤੀਬਾੜੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਬਾਬਾ ਧਿਆਨ ਸਿੰਘ ਜੀ ਸਾਧੂ ਬਿਰਤੀ ਵਾਲੇ ਕਿਰਤੀ ਗੁਰਸਿੱਖ ਹੋਏ। ਆਪ ਜੀ ਅਖੰਡ ਪਾਠੀ ਹੁੰਦੇ ਹੋਏ ਆਪਣੇ ਹਥੀਂ ਫਸਲ ਬੀਜਦੇ ਅਤੇ ਵੱਢਦੇ ਸਨ। ਪਰਾਈ ਫਸਲ ਵਿਚੋਂ ਕਦੇ ਕਿਸੇ ਦੇ ਦਾਣੇ ਜਾਂ ਨੀਰਾ ਨਹੀਂ ਲੈਂਦੇ ਸਨ। ਕਿਰਤ ਕਰਦਿਆਂ ਹੋਇਆਂ ਹਰ ਵੇਲੇ ਪਾਠ ਕਰਦੇ ਰਹਿੰਦੇ, ਆਪਣੇ ਹਥੀਂ ਹਲ਼ ਵਾਹੁੰਦੇ ਜਮੀਨ ਵਟਾਈ ਤੇ ਲੈ ਕੇ ਖੇਤੀ ਕਰਿਆ ਕਰਦੇ। ਬਾਬਾ ਧਿਆਨ ਸਿੰਘ ਦਾ ਪਰਿਵਾਰ ਵਟਾਈ ਵਾਲੀ ਜਮੀਨ ਵਿਚੋਂ ਗੰਨੇ ਅਤੇ ਛੱਲੀਆਂ ਆਦਿ ਆਪਣੇ ਖਾਣ ਲਈ ਨਹੀਂ ਵਰਤਦਾ ਸੀ। ਪਰਮੇਸ਼ਰ ਵਲੋਂ ਕਿਰਤ ਦਾ ਜੋ ਵੀ ਫਲ਼ ਹੁੰਦਾ ਉਸ ਧਰਮ ਦੀ ਕਮਾਈ ਵਿਚੋਂ ਆਟਾ ਪੀਹ ਕੇ ਗੁਰੂ ਕੇ ਲੰਗਰਾਂ ਦੀ ਸੇਵਾ ਕਰਦੇ। ਜੇਠ ਹਾੜ੍ਹ ਦੇ ਮਹੀਨੇ ਚੁਰਸਤੇ ਉਪਰ ਹਥੀਂ ਪਾਣੀ ਢੋਅ ਕੇ ਰਾਹਗੀਰਾਂ ਨੂੰ ਪਿਲਾਉਂਦੇ। ਸਰੀਰ ਨੂੰ ਵੀ ਰੱਬੀ ਦਾਤ ਸਮਝਦੇ ਹੋਏ ਸਾਧੂ ਸੰਤਾਂ ਦੀ ਸੇਵਾ ਨਾਲ ਸਫਲਾ ਕਰਦੇ। ਸੁੱਧ ਪਾਠ ਕਰਨ ਦਾ ਉਨ੍ਹਾਂ ਨੂੰ ਬਹੁਤ ਸ਼ੌਂਕ ਸੀ। ਕਿਸੇ ਕੋਲੋਂ ਸੁੱਧ ਪਾਠ ਸੁਣ ਕੇ ਉਹ ਬਹੁਤ ਖੁਸ਼ ਹੋਇਆ ਕਰਦੇ। ਜਦੋਂ ਕਿਸੇ ਪਾਠੀ ਸਿੰਘ ਕੋਲੋਂ ਪਾਠ ਕਰਦੇ ਹੋਏ ਉਕਾਈ ਹੋ ਜਾਂਦੀ ਤਾਂ ਟੋਕ ਕੇ ਬਾਣੀ ਸ਼ੁੱਧ ਕਰਵਾ ਦਿੰਦੇ। ਲੋਕ ਇਨ੍ਹਾਂ ਨੂੰ ਗਿਆਨੀ ਜੀ ਕਹਿਣ ਲਗ ਪਏ। ਉਨ੍ਹਾਂ ਦਿਨਾਂ ਵਿਚ ਵਿਦਿਆ ਬਹੁਤ ਘੱਟ ਸੀ। ਬਾਬਾ ਧਿਆਨ ਸਿੰਘ ਜੀ ਨੇ ਬਹੁਤ ਸਾਰੇ ਨੌਜੁਆਨਾ ਨੂੰ ਗੁਰਮੁਖੀ ਪੜ੍ਹਾ ਕੇ ਬਾਣੀ ਦੀ ਸੰਥਿਆ ਕਰਵਾਈ।

ਬਾਬਾ ਧਿਆਨ ਸਿੰਘ ਆਪਣੇ ਬਜੁਰਗਾਂ ਦੀ ਰਵਾਇਤ ਅਨੁਸਾਰ ਕਾਕਰੋਂ ਨਗਰ ਤੋਂ ਸੰਗਤਾਂ ਨੂੰ ਪ੍ਰੇਰ ਕੇ ਲੰਗਰਾਂ ਦੀ ਸੇਵਾ ਕਰਨ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਲਿਜਾਂਦੇ ਰਹੇ। ਇਸ ਤਰ੍ਹਾਂ ਗੁਰੂ ਕਲਗੀਆਂ ਵਾਲੇ ਸੱਚੇ ਪਾਤਸ਼ਾਹ ਦੀ ਕਿਰਪਾ ਦੇ ਨਾਲ ਇਨ੍ਹਾਂ ਦੇ ਗ੍ਰਹਿ ਵਿਖੇ ਪੰਜ ਪੁੱਤਰਾਂ ਨੇ ਜਨਮ ਲਿਆ। ਬਾਬਾ ਅਤਰ ਸਿੰਘ ਜੀ, ਬਾਬਾ ਕਿਸ਼ਨ ਸਿੰਘ ਜੀ, ਬਾਬਾ ਸ਼ੇਰ ਸਿੰਘ ਜੀ, ਬਾਬਾ ਕਿਰਪਾ ਸਿੰਘ ਜੀ, ਬਾਬਾ ਨਿਹਾਲ ਸਿੰਘ ਜੀ। ਇਹ ਪੰਜੇ ਪੁੱਤਰ ਵੀ ਗੁਰੂ ਸਾਹਿਬ ਜੀ ਦੀ ਕਿਰਪਾ ਦਾ ਸਦਕਾ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇਹ ਸਾਰੇ ਹੀ ਨਿਤਨੇਮੀ ਬਣੇ। ਇਲਾਕੇ ਦੇ ਲੋਕ ਇਨ੍ਹਾਂ ਨੂੰ ਗਿਆਨੀਆਂ ਦਾ ਪਰਿਵਾਰ ਕਹਿਣ ਲਗ ਪਏ। ਇਨ੍ਹਾਂ ਪੰਜਾਂ ਪੁੱਤਰਾਂ ਵਿੱਚੋਂ ਚੌਥੇ ਨੰਬਰ ਤੇ ਬਾਬਾ ਕਿਰਪਾ ਸਿੰਘ ਜੀ ਹੋਏ। ਬਾਬਾ

ਕਿਰਪਾ ਸਿੰਘ ਜੀ ਦੇ ਗ੍ਰਹਿ ਵਿਖੇ ਦੋ ਪੁੱਤਰ ਬਾਬਾ ਕਾਹਨ ਸਿੰਘ ਜੀ ਅਤੇ ਬਾਬਾ ਉੱਤਮ ਸਿੰਘ ਜੀ ਹੋਏ। ਇਨ੍ਹਾਂ ਦੋਨਾਂ ਭਰਾਵਾਂ ਨੇ ਵੀ ਅੰਮ੍ਰਿਤ ਦੀ ਦਾਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪ੍ਰਾਪਤ ਕੀਤੀ। ਬਾਬਾ ਕਾਹਨ ਸਿੰਘ ਜੀ ਮਹਾਂਪੁਰਖਾਂ ਦੇ ਪਿਤਾ ਜੀ ਹੋਏ। ਬਾਬਾ ਕਾਹਨ ਸਿੰਘ ਅੰਮ੍ਰਿਤ ਵੇਲੇ ਉੱਠ ਕੇ ਪੰਜ ਗ੍ਰੰਥੀ ਦਾ ਪਾਠ ਕਰਦੇ। ਇਨ੍ਹਾਂ ਨੇ ਬਚਪਨ ਵਿੱਚ ਹੀ ਸਾਰਾ ਨਿਤਨੇਮ ਕੰਠ ਕਰ ਲਿਆ ਸੀ। ਆਪ ਜੀ ਅਖੰਡ ਪਾਠੀ ਵੀ ਸਨ। ਸਾਰੀ ਉਮਰ ਨਿਸਕਾਮ ਸੇਵਾ ਕੀਤੀ। ਇਹ ਦੋਨੋਂ ਭਰਾ ਕੁਝ ਸਾਲ ਕਾਕਰੋਂ ਨਗਰ ਵਿਖੇ ਰਹਿ ਕੇ ਖੇਤੀ ਬਾੜੀ ਦਾ ਕੰਮ ਕਰਦੇ ਰਹੇ। ਇਸ ਨਗਰ ਦੇ ਨੇੜੇ ਹੀ ਇਕ ਹੋਰ ਨਗਰ ਬ੍ਰਾਹਮਣ ਮਾਜਰਾ ਹੈ। ਇਸ ਨਗਰ ਵਿਚ ਛੇਵੇਂ ਪਾਤਸ਼ਾਹ ਅਤੇ ਦਸਵੇਂ ਪਾਤਸ਼ਾਹ ਨੇ ਪਵਿਤਰ ਚਰਨ ਪਾਏ ਹੋਏ ਹਨ। ਗੁਰੂ ਸਾਹਿਬਾਨ ਦੀ ਪਵਿਤਰ ਯਾਦ ਵਿਚ ਬਣੇ ਗੁਰੂ ਘਰਾਂ ਦੀ ਰੋਜਾਨਾ ਦੀ ਸੇਵਾ ਸੰਭਾਲ ਇਹ ਸੈਣੀ ਸਿੱਖ ਪਰਿਵਾਰ ਕਰਦੇ ਰਹੇ। ਹਰ ਸਾਲ ਬਰਸਾਤਾਂ ਦੇ ਮਗਰੋਂ ਵੀ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਦੀ ਸੇਵਾ ਸੰਭਾਲ ਕਰਵਾਉਂਦੇ ਰਹੇ।

## ਨਾਨਕੇ ਪਰਿਵਾਰ ਦਾ ਸੰਖੇਪ ਇਤਿਹਾਸ

1. ਬਾਬਾ ਬੁਧੋ ਪਿੰਡ ਸੁਜੋ ਜੋ ਨਵਾਂ ਸ਼ਹਿਰ ਤੋਂ 25-30 ਕਿਲੋਮੀਟਰ ਦੇ ਫਾਸਲੇ ਤੇ ਚੜ੍ਹਦੀ ਵਾਲੇ ਪਾਸੇ ਤੇ ਹੈ ਦੇ ਵਸਨੀਕ ਸਨ। ਇਨ੍ਹਾਂ ਦੇ ਪੁੱਤਰ ਬਾਬਾ ਮਾਹੀ ਸਿੰਘ ਰੈਲੋਂ ਆ ਗਏ।
2. ਬਾਬਾ ਮਾਹੀ ਸਿੰਘ ਦੇ ਚਾਰੇ ਪੁੱਤਰਾਂ ਨੇ ਰੈਲੋਂ ਵਿਖੇ ਜਨਮ ਲਿਆ।
    1. ਹਰਦਿਆਲ ਸਿੰਘ
    2. ਰਾਮਦਿਆਲ ਸਿੰਘ
    3. ਗੁਰਦਿਆਲ ਸਿੰਘ
    4. ਗੁਰਬਖਸ਼ ਸਿੰਘ

ਰਾਮਦਿਆਲ ਸਿੰਘ ਦੀ ਸ਼ਾਦੀ ਧੰਨੇ ਚੌਧਰੀ ਦੀ ਭੈਣ ਨਾਲ ਖੇੜੀ ਵਿਖੇ ਹੋਈ ਸੀ। ਧੰਨੇ ਚੌਧਰੀ ਦੀ ਸਹਾਇਤਾ ਵਾਸਤੇ ਰਾਮਦਿਆਲ ਸਿੰਘ ਆਪਣੇ ਸਹੁਰੇ ਪਿੰਡ ਖੇੜੀ ਸਲਾਬਤਪੁਰ ਆ ਕੇ ਵਸ ਗਿਆ। ਰਾਮਦਿਆਲ ਸਿੰਘ ਦੇ ਤਿੰਨ ਸਪੁੱਤਰ ਖੇੜੀ ਸਲਾਬਤਪੁਰ ਵਿਖੇ ਹੋਏ।

1. ਮੰਗਲ ਸਿੰਘ
2. ਭੋਲਾ ਸਿੰਘ
3. ਕਾਹਨ ਸਿੰਘ

ਮੰਗਲ ਸਿੰਘ ਦੇ ਤਿੰਨ ਸਪੁੱਤਰ ਹੋਏ।

1. ਨਿਹਾਲ ਸਿੰਘ
2. ਗੁੱਜਰ ਸਿੰਘ
3. ਬੇਲਾ ਸਿੰਘ ਜੀ

ਜੋ ਮਹਾਂਪੁਰਖਾਂ ਦੇ ਸਤਿਕਾਰਯੋਗ ਨਾਨਾ ਜੀ ਸਨ। ਸ. ਬੇਲਾ ਸਿੰਘ ਜੀ ਪਿੰਡ ਬਿੱਕੋਂ ਨੇੜੇ ਘਨੌਲੀ ਮਾਤਾ ਉੱਤਮ ਕੌਰ ਨਾਲ ਵਿਆਹੇ ਹੋਏ ਸਨ। ਇਨ੍ਹਾਂ ਦੇ ਪੰਜ ਸਪੁੱਤਰ ਹੋਏ ਜੋ ਮਹਾਂਪੁਰਖਾਂ ਦੇ ਸਤਿਕਾਰਯੋਗ ਮਾਮਾ ਜੀ ਹੋਏ। ਇਨ੍ਹਾਂ ਦੀਆਂ ਪੰਜ ਪੁੱਤਰੀਆਂ ਹੋਈਆਂ। ਵੱਡੇ ਮਾਤਾ ਪ੍ਰੇਮ ਕੌਰ ਜੀ ਮਹਾਂਪੁਰਖਾਂ ਦੇ ਸਤਿਕਾਰਯੋਗ ਮਾਤਾ ਜੀ ਹੋਏ। ਬਾਕੀ ਚਾਰ ਮਾਸੀਆਂ ਹੋਈਆਂ।

1. ਪੂਰਨ ਸਿੰਘ
2. ਕਪੂਰ ਸਿੰਘ
3. ਆਤਮਾ ਸਿੰਘ
4. ਕਿਰਪਾਲ ਸਿੰਘ
5. ਇੰਦਰ ਸਿੰਘ
6. ਮਾਤਾ ਪ੍ਰੇਮ ਕੌਰ ਕਾਕਰੋਂ ਵਿਖੇ ਬਾਬਾ ਕਾਹਨ ਸਿੰਘ ਜੀ ਨਾਲ ਵਿਆਹੇ ਗਏ ਜੋ ਧੰਨਤਾ ਦੇ ਯੋਗ ਹਨ।
7. ਕਿਰਪਾਲ ਕੌਰ ਭੈਰੋਂ ਮਾਜਰਾ
8. ਪ੍ਰੀਤਮ ਕੌਰ ਭਿਉਰਾ
9. ਕਰਤਾਰ ਕੌਰ ਟੱਪਰੀਆਂ
10. ਪ੍ਰਤਾਪ ਕੌਰ ਕਾਕਰੋਂ

ਬਾਬਾ ਕਾਹਨ ਸਿੰਘ ਜੀ ਆਪਣੀ ਧਰਮ ਪਤਨੀ ਮਾਤਾ ਪ੍ਰੇਮ ਕੌਰ ਦੇ ਨਾਲ ਕਾਕਰੋਂ ਨਗਰ ਤੋਂ ਜਿਲ੍ਹਾ ਪਟਿਆਲਾ ਦੇ ਨਗਰ ਉਪਲਹੇੜੀ ਵਿਖੇ ਆ ਕੇ ਵਸ ਗਏ ਜੋ ਮਹਾਂਪੁਰਖਾਂ ਦਾ ਜਨਮ ਨਗਰ ਹੈ।

ਚੌਧਰੀ ਨਗਾਹੀ ਦੇ ਪੁੱਤਰ ਧੰਨੇ ਨੇ ਖੇੜੀ ਸਲਾਬਤਪੁਰ ਦੀ ਮੋਹੜੀ ਗੱਡੀ ਸੀ ਜੋ ਗਹੂਣੀਆ ਗੋਤ ਦੇ ਸੈਣੀ ਸਿੱਖ ਜਿਮੀਦਾਰਾਂ ਵਿੱਚੋਂ ਸਨ। ਇਸ ਪਿੰਡ ਵਿੱਚ ਦੋ ਧੜੇ ਹੀ ਸ਼ਕਤੀਸ਼ਾਲੀ ਸਨ। ਇੱਕ ਚੌਧਰੀ ਧੰਨੇ ਦਾ ਧੜਾ ਅਤੇ ਦੂਜਾ ਜੈਲਦਾਰਾਂ ਦਾ ਧੜਾ ਸੀ। ਚੌਧਰੀ ਧੰਨੇ ਦੇ ਧੜੇ ਪਾਸ ਜਮੀਨ ਬਹੁਤੀ ਸੀ ਪਰ ਜਨ ਸ਼ਕਤੀ ਘੱਟ ਸੀ। ਜੈਲਦਾਰਾਂ ਦੇ ਧੜੇ ਪਾਸ ਜਮੀਨ ਵੀ ਵਾਧੂ ਸੀ ਤੇ ਜਨ ਸ਼ਕਤੀ ਵੀ ਵਾਧੂ ਸੀ। ਕੁਝ ਦੇਰ ਬਾਅਦ ਦੋਹਾਂ ਧੜਿਆਂ ਵਿੱਚ ਝਗੜਾ ਹੋ ਗਿਆ ਤੇ ਚੌਧਰੀ ਧੰਨੇ ਦੇ ਧੜੇ ਨੂੰ ਜੈਲਦਾਰਾਂ ਦੇ ਧੜੇ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੀਆਂ ਮੱਝਾਂ ਅਤੇ

ਘੋੜੀਆਂ ਨੂੰ ਜਹਿਰ ਦੇ ਕੇ ਮਾਰ ਦਿੱਤਾ ਅਤੇ ਬੰਦਿਆਂ ਦੀ ਕੁੱਟਮਾਰ ਵੀ ਕੀਤੀ। ਚੌਧਰੀ ਧੰਨੇ ਨੇ ਤੰਗ ਆ ਕੇ ਆਪਣੀ ਭੈਣ ਜੋ ਰੈਲੋਂ ਗਹੂਣੀਆ ਗੋਤ ਦੇ ਜਿਮੀਦਾਰ ਰਾਮਦਿਆਲ ਸਿੰਘ ਨੂੰ ਵਿਆਹੀ ਹੋਈ ਸੀ ਉਸ ਨੂੰ ਸਾਰੀ ਵਿਥਿਆ ਸੁਣਾਈ। ਧੰਨੇ ਚੌਧਰੀ ਦੀ ਭੈਣ ਨੇ ਆਪਣੇ ਪੇਕੇ ਪਰਿਵਾਰ ਦੀ ਦੁੱਖਾਂ ਭਰੀ ਸਾਰੀ ਕਹਾਣੀ ਆਪਣੇ ਘਰ ਵਾਲੇ ਰਾਮਦਿਆਲ ਸਿੰਘ ਨੂੰ ਸਮਝਾਈ। ਧੰਨੇ ਚੌਧਰੀ ਦੀ ਭੈਣ ਦਾ ਸਹੁਰਾ ਪਰਿਵਾਰ ਵੀ ਗੁਰੂ ਘਰ ਦਾ ਪ੍ਰੇਮੀ ਸੀ। ਰਾਮਦਿਆਲ ਸਿੰਘ ਹੁਰੀਂ ਚਾਰੇ ਭਰਾ ਚੰਗੀ ਡੀਲ ਡੋਲ ਵਾਲੇ ਅਤੇ ਲੜਨ ਭਿੜਨ ਨੂੰ ਵੀ ਸ਼ੇਰ ਸਨ। ਇਨ੍ਹਾਂ ਦਾ ਪਿਤਾ ਬਾਬਾ ਮਾਹੀ ਸਿੰਘ ਜੋ ਬਾਬਾ ਬੁੱਧੋ ਗਹੂਣੀਆ ਦਾ ਪੁੱਤਰ ਸੀ। ਬਾਬਾ ਬੁੱਧੋ ਦੇ ਚਾਰ ਪੋਤਰੇ ਹਰਦਿਆਲ ਸਿੰਘ, ਰਾਮਦਿਆਲ ਸਿੰਘ, ਗੁਰਦਿਆਲ ਸਿੰਘ ਅਤੇ ਗੁਰਬਖਸ਼ ਸਿੰਘ ਸਨ। ਸਾਰੇ ਕੋੜਮੇ ਨੇ ਸਲਾਹ ਕਰਕੇ ਰਾਮਦਿਆਲ ਸਿੰਘ ਨੂੰ ਸਮੇਤ ਪਰਿਵਾਰ ਰੈਲੋਂ ਤੋਂ ਖੇੜੀ ਸਲਾਬਤਪੁਰ ਭੇਜ ਦਿਤਾ। ਕਿਉਂ ਕਿ ਰਾਮਦਿਆਲ ਸਿੰਘ ਖੇੜੀ ਵਿਆਹੇ ਹੋਏ ਸਨ ਤੇ ਉਨ੍ਹਾਂ ਦੀ ਸਹਾਇਤਾ ਲਈ ਗੁਰਦਿਆਲ ਸਿੰਘ ਨੂੰ ਨਾਲ ਭੇਜਿਆ ਗਿਆ। ਇਨ੍ਹਾਂ ਦੇ ਆਉਣ ਨਾਲ ਚੌਧਰੀ ਧੰਨੇ ਦੀ ਜਨ ਸ਼ਕਤੀ ਅਤੇ ਮਾਨਸਿਕ ਸ਼ਕਤੀ ਵਿੱਚ ਵਾਧਾ ਹੋਇਆ। ਉਨ੍ਹਾਂ ਦੀਆਂ ਮੱਝਾਂ ਅਤੇ ਘੋੜੀਆਂ ਨੂੰ ਮਾਰਿਆ ਅਤੇ ਉਨ੍ਹਾਂ ਦੀ ਚੰਗੀ ਮਾਰਕੁੱਟ ਵੀ ਕੀਤੀ। ਇਨ੍ਹਾਂ ਨੇ ਜੈਲਦਾਰਾਂ ਦੇ ਧੜੇ ਨੂੰ ਵੰਗਾਰਿਆ ਅਤੇ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਬਦਲਾ ਵੀ ਲਿਆ। ਇਸ ਤਰ੍ਹਾਂ ਦੰਡ ਦੇਣ ਨਾਲ ਦੋਨਾਂ ਧੜਿਆਂ ਵਿੱਚ ਹਮੇਸ਼ਾਂ ਵਾਸਤੇ ਸ਼ਾਂਤੀ ਪੈਦਾ ਹੋ ਗਈ। ਧੰਨੇ ਚੌਧਰੀ ਦੀ ਆਪਣੀ ਕੋਈ ਔਲਾਦ ਨਹੀਂ ਸੀ। ਇਸ ਕੋਲ 2.75 ਹਲਾਂ ਦੀ ਜਮੀਨ ਸੀ। ਜਿਸ ਵਿਚੋਂ 1.50 ਹਲਾਂ ਦੀ ਜਮੀਨ ਆਪਣੇ ਭਣੋਈਏ ਰਾਮਦਿਆਲ ਸਿੰਘ ਨੂੰ ਦਿਤੀ ਅਤੇ ਪ'ਕੇ ਤੌਰ ਤੇ ਖੇੜੀ ਦਾ ਵਸਨੀਕ ਬਣਾ ਲਿਆ। ਬਾਕੀ 1.25 ਹਲਾਂ ਦੀ ਜਮੀਨ ਆਪਣੇ ਭਰਾ ਪ੍ਰੇਮ ਸਿੰਘ ਨੂੰ ਦਿੱਤੀ। ਧੰਨੇ ਚੌਧਰੀ ਦੀ ਭੈਣ ਘਰ ਤਿੰਨ ਸਪੁੱਤਰ ਹੋਏ। ਮੰਗਲ ਸਿੰਘ, ਭੋਲਾ ਸਿੰਘ ਅਤੇ ਕਾਹਨ ਸਿੰਘ।

ਮੰਗਲ ਸਿੰਘ ਦੇ ਪੁੱਤਰ ਸ. ਬੇਲਾ ਸਿੰਘ ਜੀ ਜੋ ਕਿ ਮਹਾਂਪੁਰਖਾਂ ਦੇ ਨਾਨਾ ਜੀ ਹੋਏ ਪਿੰਡ ਬਿਕੋਂ ਨੇੜੇ ਘਨੌਲੀ ਜਿਲ੍ਹਾ ਰੋਪੜ ਬੀਬੀ ਉੱਤਮ ਕੌਰ ਨਾਲ ਵਿਆਹੇ ਹੋਏ ਸਨ। ਸ.ਬੇਲਾ ਸਿੰਘ ਜੀ ਦਾ ਸਹੁਰਾ ਪਰਿਵਾਰ ਵੀ ਗੁਰੂ ਘਰ ਦਾ ਅਨਿੰਨ ਸੇਵਕ ਸੀ।

ਸ. ਬੇਲਾ ਸਿੰਘ ਜੀ ਦੇ ਪੰਜ ਸਪੁੱਤਰ ਪੂਰਨ ਸਿੰਘ, ਕਪੂਰ ਸਿੰਘ, ਕ੍ਰਿਪਾਲ ਸਿੰਘ, ਆਤਮਾ ਸਿੰਘ ਅਤੇ ਇੰਦਰ ਸਿੰਘ ਹੋਏ ਅਤੇ ਪੰਜ ਪੁੱਤਰੀਆਂ ਬੀਬੀ ਪ੍ਰੇਮ ਕੌਰ, ਬੀਬੀ ਕ੍ਰਿਪਾਲ ਕੌਰ, ਬੀਬੀ ਪ੍ਰੀਤਮ ਕੌਰ, ਬੀਬੀ ਕਰਤਾਰ ਕੌਰ, ਬੀਬੀ ਪ੍ਰਤਾਪ ਕੌਰ ਹੋਈਆਂ। ਸ. ਬੇਲਾ ਸਿੰਘ ਜੀ ਦੀ ਵੱਡੀ ਸਪੁੱਤਰੀ ਬੀਬੀ ਪ੍ਰੇਮ ਕੌਰ ਜੀ ਮਹਾਂਪੁਰਖਾਂ ਦੇ ਮਾਤਾ ਜੀ ਹੋਏ। ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਸ. ਬੇਲਾ ਸਿੰਘ ਜੀ ਦੇ ਪੰਜੇ ਸਪੁੱਤਰ ਅਤੇ ਪੰਜੇ ਸਪੁੱਤਰੀਆਂ ਸਾਰੇ ਅੰਮ੍ਰਿਤਧਾਰੀ ਸਨ।

## ਮਨਸੂਹਾ ਵਿਖੇ ਬਾਗ ਅਤੇ ਖੂਹ ਲਗਾਉਣ ਬਾਰੇ

ਸ. ਬੇਲਾ ਸਿੰਘ ਜੀ ਨੇ ਆਪਣੇ ਪਿੰਡ ਖੇੜੀ ਸਲਾਬਤਪੁਰ ਵਿਖੇ ਰਹਿੰਦੇ ਸਮੇਂ ਪਿੰਡ ਮਨਸੂਹਾ ਵਿਖੇ ਚਾਲੀ ਵਿਘੇ ਜਮੀਨ ਖਰੀਦ ਕੇ ਫਲਦਾਰ ਬੂਟਿਆਂ ਦਾ ਬਾਗ ਲਗਵਾ ਕੇ ਉਸ ਵਿੱਚ ਇੱਕ ਖੂਹ ਲਗਵਾਇਆ। ਰਾਹਗੀਰਾਂ ਦੇ ਪਾਣੀ ਪੀਣ ਵਾਸਤੇ ਖੂਹ ਤੇ ਡੋਲ ਰੱਖਿਆ ਅਤੇ ਇੱਕ ਕੋਠਾ ਵੀ ਬਣਵਾਇਆ। ਸਰਦੀਆਂ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਰਾਹਗੀਰ ਅਤੇ ਸਾਧੂ ਮਹਾਤਮਾ ਇੱਥੇ ਵਿਸ਼ਰਾਮ ਕਰਦੇ ਸਨ। ਇਸ ਬਾਗ ਵਿੱਚ ਅੰਬ, ਜਾਂਮਣ, ਅਮਰੂਦ, ਅਨਾਰ ਆਦਿ ਦੇ ਬੂਟੇ ਲਵਾਏ ਹੋਏ ਸਨ। ਇਸ ਬਾਗ ਦੇ ਫਲਾਂ ਨੂੰ ਰਾਹਗੀਰ ਜਾਂ ਸਾਧੂ ਸੰਤ ਆਦਿ ਛਕਦੇ ਸਨ। ਉਨ੍ਹਾਂ ਨੇ ਕਦੇ ਵੀ ਇਸ ਬਾਗ ਦੇ ਫਲਾਂ ਨੂੰ ਵੇਚਿਆ ਨਹੀਂ ਸੀ। ਜਿਹੜਾ ਉਥੇ ਖੂਹ ਤੋਂ ਪਾਣੀ ਕੱਢ ਕੇ ਪਿਲਾਉਂਦਾ ਸੀ ਉਸਨੂੰ ਪਊਆ ਕਹਿੰਦੇ ਸਨ। ਉਨ੍ਹਾਂ ਦਿਨਾਂ ਵਿੱਚ ਉਸ ਦੀ ਤਨਖਾਹ ਪੰਦਰਾਂ ਤੋਂ ਵੀਹ ਰੁਪਏ ਹੁੰਦੀ ਸੀ। ਸ. ਬੇਲਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਉਪਰੰਤ ਵੀ ਉਨ੍ਹਾਂ ਦੇ ਪਰਿਵਾਰ ਵਲੋਂ 1980 ਤੱਕ ਰਾਹਗੀਰਾਂ ਅਤੇ ਸਾਧੂ ਸੰਤਾਂ ਦੀ ਸੇਵਾ ਵਿੱਚ ਪਊਆ ਹਾਜਰ ਰਿਹਾ। ਉਸ ਨੂੰ ਤਨਖਾਹ ਦਿੰਦੇ ਰਹੇ। ਇਸ ਤਰ੍ਹਾਂ ਨਾਨਕੇ ਪਰਿਵਾਰ ਦਾ ਪਛੋਕੜ ਵੀ ਸਿੱਖੀ ਵਿੱਚ ਪਰਪੱਕ ਅਤੇ ਸਬਰ ਸੰਤੋਖ ਅਤੇ ਲੋੜਵੰਦਾਂ ਦੀ ਸੇਵਾ ਭਾਵ ਵਾਲਾ ਸੀ।

## ਮਾਤਾ ਜੀ ਦੇ ਬਚਪਨ ਦਾ ਸੰਖੇਪ ਇਤਿਹਾਸ

ਸ. ਬੇਲਾ ਸਿੰਘ ਜੀ ਦੀ ਸਭ ਤੋਂ ਵੱਡੀ ਪੁੱਤਰੀ ਪ੍ਰੇਮ ਕੌਰ ਜੀ ਸਨ। ਆਪ ਜੀ ਆਪਣੀ ਮਾਤਾ ਉਤਮ ਕੌਰ ਨਾਲ ਖੇੜੀ ਸਲਾਬਤਪੁਰ ਤੋਂ ਰੋਜਾਨਾ ਲੰਗਰ ਤਿਆਰ ਕਰਕੇ ਪਿੰਡ ਮਨਸੂਹੇ ਦੇ ਬਾਗ ਵਿੱਚ ਪਹੁੰਚਾਉਂਦੇ ਰਹੇ। ਉਥੇ ਬਾਗ ਵਿੱਚ ਲਗੇ ਖੂਹ ਤੇ ਬਣੇ ਹੋਏ ਕੋਠੇ ਵਿਚ ਹੋਰ ਮੱਤਾਂ ਦੇ ਮਹਾਤਮਾ ਵੀ ਕਈ ਕਈ ਦਿਨ ਠਹਿਰ ਕੇ ਸਿਮਰਨ ਭਜਨ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਰਾਹਗੀਰ ਵੀ ਆ ਜਾਂਦੇ ਸਨ। ਇਸ ਤਰ੍ਹਾਂ ਨਿਸ਼ਕਾਮ ਸੇਵਾ ਕਰਨ ਨਾਲ ਅਤੇ ਆਪਣੇ ਮਾਤਾ ਪਿਤਾ ਦੀਆਂ ਧਾਰਮਿਕ ਰੁਚੀਆਂ ਵਾਲੇ ਸੁਭਾਅ ਦਾ ਆਪ ਜੀ ਦੇ ਮਨ ਤੇ ਡੂੰਘਾ ਅਸਰ ਹੋਇਆ। ਆਪ ਜੀ ਕਈ ਵਾਰੀ ਲੰਗਰ ਤੋਂ ਵਿਹਲੇ ਹੋ ਕੇ ਜਦੋਂ ਬਾਗ ਵਿੱਚ ਜਾਂਦੇ ਉਥੇ ਕਿਸੇ ਪੰਛੀ ਨੂੰ ਫਲ ਖਾਂਦੇ ਵੇਖਦੇ ਤਾਂ ਪਿਛੇ ਹੀ ਮੁੜ ਆਉਂਦੇ ਉਸ ਸਮੇਂ ਮਾਤਾ ਜੀ ਨੇ ਆਖਣਾ ਕਿ ਹੇ ਪੁੱਤਰੀ ਤੂੰ ਬਾਗ ਵਿਚੋਂ ਵਾਪਿਸ ਕਿਉਂ ਮੁੜ ਆਈ। ਅਗੋਂ ਆਪ ਜੀ ਨੇ ਆਖਣਾ ਕਿ ਹੇ ਮਾਂ ਮੈ ਬਾਗ ਵਿਚ ਬੈਠੇ ਪੰਛੀਆਂ ਨੂੰ ਵੇਖ ਕੇ ਤੁਰੰਤ ਵਾਪਿਸ ਆ ਗਈ ਹਾਂ। ਅਗੋਂ ਮਾਂ ਨੇ ਆਖਣਾ ਕਿ ਮੈਂ ਬਾਗ ਵਿੱਚੋਂ ਪੰਛੀ ਉਡਾਉਣ ਵਾਸਤੇ ਤੈਨੂੰ ਗਲੇਲ ਮੰਗਵਾ ਕੇ ਦੇਵਾਂਗੀ। ਜੇਕਰ ਤੈਨੂੰ ਬਾਗ ਵਿਚ ਪੰਛੀਆਂ ਤੋਂ ਡਰ ਲਗਦਾ

ਹੈ ਤਾਂ ਤੂੰ ਗਲੇਲ ਚਲਾ ਕੇ ਬਾਗ ਵਿੱਚੋਂ ਪੰਛੀ ਉਡਾ ਦਿਆ ਕਰੀਂ। ਅੱਗੋਂ ਆਪ ਜੀ ਨੇ ਆਖਣਾ ਕਿ ਹੇ ਮਾਂ ਮੈਂ ਬਾਗ ਵਿਚ ਬੈਠੇ ਹੋਏ ਪੰਛੀਆਂ ਤੋਂ ਨਹੀ ਡਰਦੀ ਮੈਂ ਤਾਂ ਸਗੋਂ ਪੰਛੀਆਂ ਦੇ ਉਡ ਜਾਣ ਤੋਂ ਡਰਦੀ ਹਾਂ। ਇਸ ਲਈ ਮੈਨੂੰ ਗਲੇਲ ਦੀ ਲੋੜ ਨਹੀਂ। ਮੈਂ ਗੁਰਦੁਆਰਾ ਕੱਚੀ ਗੜ੍ਹੀ ਚਮਕੌਰ ਸਾਹਿਬ ਵਿਖੇ ਸੁਣਿਆ ਸੀ ਕਿ ਇਕ ਨੌਜੁਆਨ ਬੱਚੇ ਨੇ ਕਾਂ ਉਪਰ ਗਲੇਲ ਚਲਾ ਕੇ ਗਲੇਲਾ ਮਾਰਿਆ ਸੀ ਕਾਂ ਉਡਣ ਤੋਂ ਅਸਮਰਥ ਹੋ ਗਿਆ, ਕਾਂ ਨੂੰ ਅਜਿਹੀ ਤਰਸਯੋਗ ਹਾਲਤ ਵਿਚ ਵੇਖ ਕੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਰਾਜ਼ ਹੋ ਗਏ ਸਨ।

**ਮਾਤਾ ਨੇ ਆਖਿਆ ਹੇ ਪੁੱਤਰੀ ਤੂੰ ਪੰਛੀਆਂ ਦੇ ਉਡਣ ਤੋਂ ਕਿਉਂ ਡਰਦੀ ਹੈ ਅੱਗੋਂ ਆਪ ਜੀ ਨੇ ਆਖਣਾ ਕਿ ਜਿਹੜੇ ਪੰਛੀ ਬੂਟਿਆਂ ਦੀਆਂ ਟਾਹਣੀਆਂ ਤੇ ਬੈਠ ਕੇ ਤਾਜ਼ਾ ਫਲ ਖਾਣਾ ਚਾਹੁੰਦੇ ਹਨ ਕਿਤੇ ਉਹ ਮੇਰੇ ਕੋਲੋਂ ਡਰ ਜਾਣ ਕਰਕੇ ਉਡ ਕੇ ਤਾਜ਼ਾ ਫਲ ਖਾਏ ਬਗੈਰ ਭੁੱਖੇ ਨਾ ਰਹਿ ਜਾਣ। ਪੰਛੀਆਂ ਦੇ ਭੁੱਖੇ ਰਹਿ ਜਾਣ ਤੋਂ ਮੈਂ ਡਰਦੀ ਹਾਂ। ਮਾਤਾ ਉੱਤਮ ਕੌਰ ਨੇ ਕਹਿਣਾ ਹੇ ਪੁੱਤਰੀ ਪ੍ਰੇਮ ਕੌਰ ਤੂੰ ਤਾਂ ਬਹੁਤੀਆਂ ਹੀ ਡੂੰਘੀਆਂ ਗੱਲਾਂ ਕਰਦੀ ਰਹਿੰਦੀ ਹੈਂ।**

ਘਰ ਦੀ ਵਾਪਸੀ ਸਮੇਂ ਮਾਤਾ ਨੇ ਪਊਏ ਨੂੰ ਕਹਿਣਾ ਕਿ ਘਰ ਵਾਸਤੇ ਬੱਚਿਆਂ ਲਈ ਫਲਾਂ ਦੀ ਟੋਕਰੀ ਤਿਆਰ ਕਰ ਦਿਓ। ਪਊਏ ਵੱਲੋਂ ਤਿਆਰ ਕੀਤੀ ਫਲਾਂ ਦੀ ਟੋਕਰੀ ਆਪ ਜੀ ਨੇ ਆਪਣੇ ਸਿਰ ਤੇ ਰੱਖ ਕੇ ਲੈ ਕੇ ਆਉਣੀ। ਰਸਤੇ ਵਿੱਚ ਜਦੋਂ ਕੋਈ ਮੰਗਤਾ ਫਕੀਰ ਮਿਲ ਜਾਂਦਾ ਤਾਂ ਆਪ ਜੀ ਉਸ ਟੋਕਰੀ ਵਿੱਚੋਂ ਫਲ ਕੱਢ ਕੇ ਉਸ ਮੰਗਤੇ ਨੂੰ ਦੇ ਦਿੰਦੇ। ਜਦੋਂ ਮੌਸਮ ਦੇ ਅਨੁਸਾਰ ਬਾਗ ਵਿਚ ਨਵੇਂ ਫਲ ਲਗਦੇ ਤਾਂ ਉਹ ਪਹਿਲੀ ਟੋਕਰੀ ਗੁਰਦੁਆਰਾ ਕੱਚੀ ਗੜ੍ਹੀ ਵਿਖੇ ਆਪ ਜੀ ਗੁਰੂ ਮਹਾਰਾਜ ਨੂੰ ਭੇਟਾ ਕਰਕੇ ਆਉਂਦੇ। ਆਪ ਜੀ ਆਪਣੇ ਪਿੰਡ ਦੀਆਂ ਹੋਰ ਲੜਕੀਆਂ ਨੂੰ ਲੈ ਕੇ ਗੁਰਦੁਆਰਾ ਕੱਚੀ ਗੜ੍ਹੀ ਗੁਰਪੁਰਬਾਂ ਤੇ ਲੰਗਰ ਪਕਾਉਣ ਜਾਂਦੇ। ਗੁਰੂ ਘਰ, ਲੰਗਰ ਹਾਲ ਅਤੇ ਰਸੋਈ ਆਦਿ ਕੱਚੇ ਹੋਣ ਕਰਕੇ ਆਪ ਜੀ ਆਪਣੀਆਂ ਸਹੇਲੀਆਂ ਦੇ ਸਹਿਯੋਗ ਨਾਲ ਹਰ ਸਾਲ ਬਰਸਾਤਾਂ ਦੇ ਦਿਨਾਂ ਵਿੱਚ ਟੋਭਿਆਂ ਵਿੱਚੋਂ ਗਾਰਾ ਕੱਢਦੇ। ਉਸ ਗਾਰੇ ਨੂੰ ਤਸਲਿਆਂ ਵਿੱਚ ਪਾ ਕੇ ਆਪਣੇ ਆਪਣੇ ਸਿਰਾਂ ਤੇ ਰੱਖ ਕੇ ਗੁਰਦੁਆਰਾ ਕੱਚੀ ਗੜ੍ਹੀ ਪਹੁੰਚਾਉਂਦੇ। ਫੇਰ ਉਸ ਗਾਰੇ ਨਾਲ ਗੁਰਦੁਆਰਾ ਸਾਹਿਬ ਦਾ ਕੱਚਾ ਫਰਸ਼, ਲੰਗਰ ਦਾ ਕੱਚਾ ਫਰਸ਼ ਅਤੇ ਰਸੋਈ ਦਾ ਕੱਚਾ ਫਰਸ਼ ਲਿੱਪਦੇ। ਇਸ ਤਰ੍ਹਾਂ ਗੁਰੂ ਘਰ ਦੇ ਸੇਵਾਦਾਰ ਅਤੇ ਗ੍ਰੰਥੀ ਸਾਹਿਬ ਆਪ ਜੀ ਨੂੰ ਬਚਪਨ ਤੋਂ ਹੀ ਬਹੁਤ ਪਿਆਰ ਬਖਸ਼ਿਸ਼ ਕਰਦੇ। ਬਚਪਨ ਤੋਂ ਹੀ ਸ਼ਰਧਾ ਹੋਣ ਕਰਕੇ ਇੰਨੀ ਉਚਾਈ ਉਤੇ ਸਿਰ ਉਪਰ ਗਾਰੇ ਦਾ ਭਰੇ ਹੋਏ ਤਸਲੇ ਲੈ ਕੇ ਜਾਂਦੇ ਰਹੇ।

ਪਿੰਡ ਵਿੱਚ ਸਕੂਲ ਨਾ ਹੋਣ ਕਰਕੇ ਸ. ਬੇਲਾ ਸਿੰਘ ਜੀ ਆਪਣੀਆਂ ਪੁੱਤਰੀਆਂ ਨੂੰ ਸੰਸਾਰੀ ਵਿਦਿਆ ਨਾ ਪੜ੍ਹਾ ਸਕੇ। ਉਨ੍ਹਾਂ ਦਿਨਾਂ ਵਿੱਚ ਸਕੂਲਾਂ ਦੇ ਰਸਤੇ ਬਿਖੜੇ, ਲੰਮੇ ਅਤੇ ਸੁੰਨੇ ਹੁੰਦੇ ਸਨ। ਸ:ਬੇਲਾ ਸਿੰਘ ਜੀ ਨੇ ਆਪਣੀਆਂ ਪੁੱਤਰੀਆਂ ਨੂੰ ਗੁਰਮੁਖੀ ਅੱਖਰਾਂ ਦੀ ਪਹਿਚਾਣ, ਮੁਹਾਰਨੀ ਅਤੇ ਨਿਤਨੇਮ ਦੀ ਬਾਣੀ ਦੀ ਸੰਥਿਆ ਆਪ ਕਰਵਾਈ। ਸੇਵਾ ਸਿਮਰਨ ਦੀ ਦਾਤ ਸਾਰੇ ਬੱਚੇ ਬੱਚੀਆਂ ਨੂੰ ਵਿਰਸੇ ਵਿੱਚੋਂ ਹੀ ਪ੍ਰਾਪਤ ਹੋ ਗਈ। ਆਪ ਜੀ ਆਪਣੀ ਮਾਤਾ ਦੇ ਨਾਲ ਜਿਥੇ ਘਰ ਦੇ ਜੀਆਂ ਦਾ ਲੰਗਰ ਤਿਆਰ ਕਰਾਉਂਦੇ ਉੱਥੇ ਮਨਸੂਹੇ ਪਿੰਡ ਦੇ ਬਾਗ ਵਿੱਚ ਲੰਗਰ ਤਿਆਰ ਕਰਕੇ ਵੀ ਪਹੁੰਚਾਉਂਦੇ। ਇਸ ਤੋਂ ਇਲਾਵਾ ਦੁੱਧ ਦੇਣ ਵਾਲੀਆਂ ਗਾਵਾਂ ਅਤੇ ਮੱਝਾਂ ਦੀ ਸੇਵਾ ਸੰਭਾਲ ਵੀ ਕਰਵਾਉਂਦੇ। ਇਸ ਕਰਕੇ ਉਨ੍ਹਾਂ ਸਮਿਆਂ ਵਿੱਚ ਕਿਸੇ ਵੀ ਪਰਿਵਾਰ ਦੀਆਂ ਧੀਆਂ ਨਹੀਂ ਪੜ੍ਹ ਸਕੀਆਂ। ਭਾਵੇਂ ਸੰਸਾਰੀ ਵਿਦਿਆ ਸਾਰੀਆਂ ਭੈਣਾਂ ਪ੍ਰਾਪਤ ਨਹੀਂ ਕਰ ਸਕੀਆਂ ਪਰ ਘਰ ਵਿੱਚ ਗੁਰਮੁਖੀ ਪੜ੍ਹ ਕੇ ਗੁਰੂ ਮਹਾਰਾਜ ਜੀ ਦੀ ਪਵਿਤਰ ਬਾਣੀ ਨਾਲ ਜੁੜ ਗਈਆਂ। ਸਕੂਲਾਂ ਦੇ ਰਸਤੇ ਭਾਵੇਂ ਬਿਖੜੇ, ਲੰਮੇ ਅਤੇ ਸੁੰਨੇ ਸਨ ਪਰ ਮਾਤਾ ਜੀ ਦੇ ਸਾਰੇ ਭਰਾ ਚੰਗੇ ਪੜ੍ਹ ਲਿਖ ਕੇ ਉੱਚ ਹਸਤੀਆਂ ਦੇ ਮਾਲਕ ਬਣੇ। ਜਿੱਥੇ ਮਾਤਾ ਜੀ ਦੇ ਭਰਾਵਾਂ ਨੇ ਸੰਸਾਰੀ ਵਿੱਦਿਆ ਪ੍ਰਾਪਤ ਕਰਕੇ ਉੱਚੇ-ਉੱਚੇ ਅਹੁਦੇ ਪ੍ਰਾਪਤ ਕੀਤੇ ਉੱਥੇ ਗੁਰਮਤਿ ਦੀ ਪੜ੍ਹਾਈ ਕਰਕੇ ਪੂਰਨ ਗੁਰਸਿੱਖ ਵੀ ਹੋਏ। ਮਾਤਾ ਪ੍ਰੇਮ ਕੌਰ ਜੀ ਬਚਪਨ ਵਿੱਚ ਆਪਣੀਆਂ ਸਹੇਲੀਆਂ ਨਾਲ ਮਿਲ ਕੇ ਵਿਆਹ ਸ਼ਾਦੀਆਂ ਸਮੇਂ ਸੁਹਾਗ ਅਤੇ ਘੋੜੀਆਂ ਗਾਉਂਦੇ ਰਹੇ। ਕਦੇ ਕਿਸੇ ਨੂੰ ਠੱਠਾ ਮਖੌਲ ਨਹੀਂ ਕਰਦੇ ਸਨ। ਲੰਗਰ ਪਕਾਉਂਦੇ ਸਮੇਂ ਬਹੁਤ ਸਾਰੇ ਸ਼ਬਦਾਂ ਨੂੰ ਉਚੀ ਅਵਾਜ ਵਿੱਚ ਗਾਉਂਦੇ ਰਹੇ। ਦਾਸ ਨੇ ਮਾਤਾ ਪ੍ਰੇਮ ਕੌਰ ਦੇ ਮੁਖੋਂ ਆਮ ਮਾਈਆਂ ਦੀ ਤਰ੍ਹਾਂ ਗਾਲਾਂ ਕਦੇ ਨਹੀਂ ਸੁਣੀਆਂ। ਪੰਜਾਬ ਵਿੱਚ ਮਾਈਆਂ ਗੁੱਸੇ ਵਿਚ ਮੁਟਿਆਰਾਂ ਨੂੰ ਆਮ ਕਹਿ ਦਿੰਦੀਆਂ ਕਿ ਤੇਰਾ ਮਰ ਜਾਵੇ ਪਰ ਮਾਤਾ ਪ੍ਰੇਮ ਕੌਰ ਕਹਿੰਦੇ ਕਿ ਤੇਰਾ ਰਹਿ ਜਾਏ। ਇਸ ਤਰ੍ਹਾਂ ਮਾਤਾ ਜੀ ਦੀ ਜਿਥੇ ਇਸ ਜਨਮ ਦੀ ਬਚਪਨ ਤੋਂ ਸੇਵਾ ਹੈ ਉਥੇ ਪਿਛਲੇ ਜਨਮਾਂ ਦੀ ਵੀ ਭਗਤੀ ਨਜਰ ਪੈਂਦੀ ਸੀ। ਮਾਤਾ ਪ੍ਰੇਮ ਕੌਰ ਆਪਣੇ ਪੋਤਰਿਆਂ ਨੂੰ ਬੀਬੀ ਸ਼ਰਨ ਕੌਰ ਪਾਬਲਾ ਰਾਇਪੁਰ ਵਾਲਿਆਂ ਦੀ ਕੁਰਬਾਨੀ ਸੁਣਾਇਆ ਕਰਦੇ ਜਿਨ੍ਹਾਂ ਨੇ ਭਰ ਜੁਆਨੀ ਵਿਚ ਚਮਕੌਰ ਸਾਹਿਬ ਦੀ ਜੰਗ ਸਮੇਂ ਸ਼ਹੀਦ ਹੋਏ ਗੁਰੂ ਕੇ ਲਾਲਾਂ ਦੇ ਸ਼ਰੀਰਾਂ ਦੀ ਸੰਭਾਲ ਕਰਕੇ ਸਸਕਾਰ ਕੀਤਾ ਸੀ।

ਸਾਖੀ- ਪਾਤਿਸ਼ਾਹੀ ਛੇਵੀਂ ਦੇ ਸਿੱਖ ਭਾਈ ਕੁਕੋ ਦੇ ਪੁੱਤਰ ਅਨੰਤੇ ਨੇ ਕਾਂ ਦੇ ਗਲੇਲਾ ਮਾਰਨਾ

## ਮਹਾਤਮਾ ਦੇ ਭਵਿੱਖਤ ਬਚਨ

ਸ. ਬੇਲਾ ਸਿੰਘ ਜੀ ਦੇ ਘਰੋਂ ਬੀਬੀ ਉੱਤਮ ਕੌਰ ਆਪਣੀ ਵੱਡੀ ਪੁੱਤਰੀ ਪ੍ਰੇਮ

ਕੌਰ ਨਾਲ ਰੋਜਾਨਾ ਖੇੜੀ ਸਲਾਬਤਪੁਰ ਤੋਂ ਲੰਗਰ ਤਿਆਰ ਕਰਕੇ ਮਨਸੂਹੇ ਬਾਗ ਵਿੱਚ ਪਹੁੰਚਾਉਂਦੇ ਸਨ। ਇਹ ਲੰਗਰ ਰਾਹਗੀਰ, ਮਹਾਤਮਾ ਅਤੇ ਫੇਰੀ ਵਾਲੇ ਛਕਦੇ ਹੁੰਦੇ ਸਨ। ਇੱਕ ਦਿਨ ਜਦੋਂ ਦੋਨੋਂ ਮਾਵਾਂ ਧੀਆਂ ਲੰਗਰ ਲੈ ਕੇ ਪਹੁੰਚੀਆਂ ਤਾਂ ਉਥੇ ਬਾਗ ਵਿੱਚ ਇੱਕ ਸਬਰ ਸੰਤੋਖੀ ਭਗਵੇ ਕੱਪੜਿਆਂ ਵਾਲਾ ਸਾਧੂ ਆਪਣੇ ਰੰਗ ਵਿੱਚ ਬੈਠਾ ਸੀ। ਮਾਤਾ ਉਤਮ ਕੌਰ ਨੇ ਆਪਣੇ ਹੱਥੀਂ ਇਸ ਸਾਧੂ ਨੂੰ ਲੰਗਰ ਛਕਾਇਆ ਅਤੇ ਆਖਿਆ ਕਿ ਇਹ ਮੇਰੀ ਵੱਡੀ ਪੁੱਤਰੀ ਰੋਜਾਨਾ ਲੰਗਰ ਤਿਆਰ ਕਰਵਾ ਕੇ ਮੇਰੇ ਨਾਲ ਆਉਂਦੀ ਹੈ। ਹਰੇਕ ਸੰਗਰਾਂਦ ਅਤੇ ਗੁਰਪੁਰਬਾਂ ਨੂੰ ਗੁਰਦੁਆਰਾ ਕੱਚੀ ਗੜ੍ਹੀ ਦੇ ਲੰਗਰਾਂ ਦੇ ਚੁੱਲ੍ਹਿਆਂ ਨੂੰ ਲਿੱਪ ਪੋਚ ਕੇ ਸੇਵਾ ਕਰਕੇ ਆਉਂਦੀ ਹੈ ਪਰ ਬਾਗ ਵਿੱਚੋਂ ਫਲ ਤੋੜਨ ਸਮੇਂ ਪੰਛੀਆਂ ਕੋਲੋਂ ਡਰਦੀ ਹੈ। ਇਹ ਡਰਪੋਕ ਹੈ ਇਸ ਨੂੰ ਅਸ਼ੀਰਵਾਦ ਬਖਸ਼ੋ।

ਸਾਧੂ ਨੇ ਆਖਿਆ ਕਿ ਇਹ ਡਰਪੋਕ ਨਹੀਂ ਸਗੋਂ ਕੋਮਲ ਹਿਰਦੇ ਵਾਲੀ ਹੈ। ਇਹ ਆਪਣੀ ਸੇਵਾ ਸਹੁਰੇ ਘਰ ਜਾਂਦੇ ਸਮੇਂ ਨਾਲ ਲੈ ਕੇ ਜਾਵੇਗੀ। ਇਸ ਦੀ ਕੁੱਖ ਨੂੰ ਕੋਈ ਸਿਮਰਨ ਭਜਨ ਵਾਲੀ ਰੂਹ ਭਾਗ ਲਾਵੇਗੀ। ਇਸ ਪੁੱਤਰੀ ਦਾ ਵਿਆਹ ਮਾਪਿਆਂ ਨੇ ਸਿੱਖੀ ਨੂੰ ਮਹਾਨ ਸਮਝਦੇ ਹੋਏ ਇੱਕ ਗਰੀਬ ਕਿਰਸਾਨ ਦੇ ਪੁੱਤਰ ਨਾਲ ਕਰ ਦਿੱਤਾ। ਵਿਆਹ ਤੋਂ ਕੁਝ ਸਾਲਾਂ ਬਾਅਦ ਇਸੇ ਪੁੱਤਰੀ ਦੀ ਕੁੱਖ ਤੋਂ ਹੋਣਹਾਰ ਬੱਚੇ ਨੇ ਜਨਮ ਲਿਆ ਜੋ ਬਾਅਦ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਨਾਮ ਨਾਲ ਪ੍ਰਸਿੱਧ ਹੋਏ। ਜੋ ਕਥਾ ਅਤੇ ਕੀਰਤਨ ਦੇ ਆਚਾਰੀਆ ਹੀ ਨਹੀਂ ਹੋਏ ਸਗੋਂ ਬੇਅੰਤ ਰੁਲਦੇ ਫਿਰਦੇ ਅਨਪੜ੍ਹ ਨੌਜੁਆਨਾਂ ਨੂੰ ਪੜ੍ਹਾ ਕੇ ਕਥਾ ਕੀਰਤਨ ਸਖਾ ਕੇ ਪੰਥ ਦੇ ਨਿਸ਼ਕਾਮ ਸੇਵਕ ਬਣਾ ਦਿੱਤਾ। ਇਸ ਤਰ੍ਹਾਂ ਮਹਾਤਮਾ ਦੇ ਭਵਿੱਖਤ ਬਚਨ ਸਮਾਂ ਆਉਣ ਤੇ ਪਰਗਟ ਹੋਏ।

## ਪਿਤਾ ਜੀ ਦਾ ਸੰਖੇਪ ਇਤਿਹਾਸ

*ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥*
*ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ॥ ਆਦਿ ੩੨*

ਬਾਬਾ ਕਿਰਪਾ ਸਿੰਘ ਜੀ ਦੇ ਦੋ ਪੁੱਤਰ ਹੋਏ। ਵੱਡੇ ਗਿਆਨੀ ਕਾਹਨ ਸਿੰਘ ਜੀ ਜੋ ਮਹਾਂਪੁਰਖਾਂ ਦੇ ਪਿਤਾ ਜੀ ਅਤੇ ਛੋਟੇ ਗਿਆਨੀ ਉਤਮ ਸਿੰਘ ਜੀ ਜੋ ਮਹਾਂਪੁਰਖਾਂ ਦੇ ਚਾਚਾ ਜੀ ਸਨ। ਬਾਬਾ ਕਾਹਨ ਸਿੰਘ ਜੀ ਪੂਰਨ ਗੁਰਸਿੱਖ ਸਨ ਜੋ ਆਪਣੇ ਪਿਤਾ ਬਾਬਾ ਕਿਰਪਾ ਸਿੰਘ ਜੀ ਨਾਲ ਖੇਤੀਬਾੜੀ ਦਾ ਕੰਮ ਕਰਦੇ ਸਨ। ਵਡੇਰਿਆਂ ਦੇ ਜੀਵਨ ਦਾ ਅਸਰ ਇਨ੍ਹਾਂ ਦੇ ਮਨ ਤੇ ਗਹਿਰਾ ਸੀ। ਇਹ ਖੇਤੀ ਬਹੁਤ ਈਮਾਨਦਾਰੀ ਨਾਲ ਕਰਦੇ ਸਨ। ਖੇਤੀ ਦੇ ਨਾਲ-ਨਾਲ ਗਾਵਾਂ ਮੱਝਾਂ ਵੀ ਪਾਲਦੇ ਸਨ। ਨੌਜੁਆਨ ਅਵਸਥਾ ਵਿੱਚ ਇਨ੍ਹਾਂ ਦਾ ਵਿਆਹ ਬੀਬੀ ਪ੍ਰੇਮ ਕੌਰ ਪੁੱਤਰੀ

ਸ.ਬੇਲਾ ਸਿੰਘ ਨਿਵਾਸੀ ਖੇੜੀ ਸਲਾਬਤਪੁਰ ਨਾਲ ਹੋਇਆ। ਦੋਵੇਂ ਪਤੀ ਪਤਨੀ ਬਹੁਤ ਪਿਆਰ ਨਾਲ ਰਹਿੰਦੇ। ਦੋਨਾਂ ਦੇ ਸੰਸਕਾਰ ਲੰਗਰਾਂ ਦੀ ਸੇਵਾ ਵਾਲੇ ਸਨ। ਸਿੱਖੀ ਹਿਰਦੇ ਵਿੱਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਮਾਤਾ ਪ੍ਰੇਮ ਕੌਰ ਜੀ ਘਰ ਦਾ ਕੰਮ ਕਰਦੇ ਸਮੇਂ ਮੂਲ ਮੰਤਰ, ਗੁਰ ਮੰਤਰ ਤੇ ਨਿਤਨੇਮ ਰੋਜਾਨਾ ਜਬਾਨੀ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਗੁਰਬਾਣੀ ਕੰਠ ਕਰਨ ਦਾ ਬਹੁਤ ਰਿਵਾਜ ਸੀ। ਦਿਨ ਰਾਤ ਗੁਰਬਾਣੀ ਦਾ ਪਾਠ ਕਰਨ ਕਰਕੇ ਇਲਾਕੇ ਦੇ ਲੋਕ ਇਨ੍ਹਾਂ ਨੂੰ ਵੀ ਗਿਆਨੀ ਜੀ ਕਹਿਣ ਲੱਗ ਪਏ। ਹੁਣ ਤੱਕ ਇਨ੍ਹਾਂ ਦੀ ਅੰਸ ਬੰਸ ਨੂੰ ਗਿਆਨੀਆਂ ਦੇ ਪਰਿਵਾਰ ਨਾਲ ਸਨਮਾਨਿਆ ਜਾਂਦਾ ਹੈ। ਮਾਤਾ ਜੀ ਆਪਣੇ ਹੱਥੀਂ ਆਟਾ ਪੀਹ ਕੇ ਰੋਜਾਨਾ ਲੰਗਰ ਤਿਆਰ ਕਰਕੇ ਥਾਲ ਸਜਾ ਕੇ ਗੁਰੂ ਮਹਾਰਾਜ ਨੂੰ ਭੋਗ ਲਵਾਉਂਦੇ ਸਨ। ਬਾਬਾ ਕਾਹਨ ਸਿੰਘ ਜੀ ਚਿੱਟੇ ਖੱਦਰ ਦਾ ਕੁੜਤਾ ਪਜਾਮਾ ਪਹਿਨਦੇ ਸਨ। ਬਾਬਾ ਜੀ ਬਹੁਤ ਸਾਫ ਸੁਥਰੇ ਕੱਪੜੇ ਪਹਿਨਦੇ ਸਨ। ਸਾਰਾ ਨਿਤਨੇਮ ਜਬਾਨੀ ਕੰਠ ਸੀ। ਅਖੰਡ ਪਾਠ ਦੀ ਪੂਰੀ ਰੌਲ ਉੱਚੀ ਅਵਾਜ ਵਿੱਚ ਲਾਉਂਦੇ ਸਨ। ਸਾਰੀ ਜਿੰਦਗੀ ਨਿਤਨੇਮ ਅਤੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਆਦਿ ਦੀ ਕਿਰਿਆ ਵਿੱਚ ਕਦੇ ਫਰਕ ਨਹੀਂ ਪਿਆ।

***ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਗੁਰਮੁਖਿ ਲਾਗੈ ਸਹਜਿ ਧਿਆਨੁ॥ ਗੁਰਮੁਖਿ ਪਾਵੈ ਦਰਗਹ ਮਾਨੁ॥ ਗੁਰਮੁਖਿ ਭਉ ਭੰਜਨੁ ਪਰਧਾਨੁ॥ ਗੁਰਮੁਖਿ ਕਰਣੀ ਕਾਰ ਕਰਾਏ॥ ਨਾਨਕ ਗੁਰਮੁਖਿ ਮੇਲਿ ਮਿਲਾਏ॥ ਆਦਿ ੯੪੨***

ਇੱਕ ਵਾਰੀ ਬਾਬਾ ਕਾਹਨ ਸਿੰਘ ਜੀ ਆਪਣੇ ਛੋਟੇ ਸਪੁੱਤਰ ਸਰਦਾਰ ਦਿਆਲ ਸਿੰਘ ਨੂੰ ਪਟਿਆਲਾ ਵਿਖੇ ਮਿਲਣ ਆਏ। ਉਹ ਉਨ੍ਹਾਂ ਦਿਨਾਂ ਵਿੱਚ ਮਹਾਰਾਜਾ ਪਟਿਆਲਾ ਦੀ ਫੌਜ ਵਿੱਚ ਭਰਤੀ ਸਨ। ਜਦੋਂ ਬਾਬਾ ਕਾਹਨ ਸਿੰਘ ਜੀ ਨੇ ਫੌਜ ਦੇ ਦਫਤਰ ਵਿੱਚ ਜਾ ਕੇ ਦੱਸਿਆ ਕਿ ਮੈਂ ਆਪਣੇ ਪੁੱਤਰ ਦਿਆਲ ਸਿੰਘ ਨੂੰ ਮਿਲਣਾ ਹੈ ਤਾਂ ਉਨ੍ਹਾਂ ਨੇ ਆਖਿਆ ਕਿ ਉਹ ਕਿਸੇ ਕੰਮ ਬਾਹਰ ਗਏ ਹੋਏ ਹਨ ਤੁਸੀਂ ਇੱਕ ਘੰਟਾ ਉਡੀਕ ਕਰੋ। ਥੋੜ੍ਹੀ ਦੇਰ ਬਾਅਦ ਜਦੋਂ ਸੂਰਜ ਡੁੱਬਣ ਲੱਗਿਆ ਤਾਂ ਇਨ੍ਹਾਂ ਨੇ ਉਥੋਂ ਜਲ ਲੈ ਕੇ ਪੰਜ ਇਸ਼ਨਾਨਾ ਕੀਤਾ ਅਤੇ ਘਾਹ ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਉੱਚੀ ਅਵਾਜ ਵਿੱਚ ਕਰਨਾ ਆਰੰਭ ਕਰ ਦਿੱਤਾ। ਫੌਜ ਦੇ ਉੱਚ ਅਧਿਕਾਰੀ ਨੇ ਜਦੋਂ ਰਹਿਰਾਸ ਸਾਹਿਬ ਦੇ ਪਾਠ ਵਿੱਚ ਪਾਤਿਸ਼ਾਹੀ ਦਸਵੀਂ ਦੇ ਦੋਹਰਿਆਂ ਦੀ ਮਿੱਠੀ ਅਵਾਜ ਸੁਣੀ ਤਾਂ ਉਹ ਵੀ ਘਾਹ ਤੇ ਬੈਠ ਗਿਆ। ਅਰਦਾਸ ਸਮੇਂ ਸਰਦਾਰ ਦਿਆਲ ਸਿੰਘ ਜੀ ਵੀ ਪਹੁੰਚ ਗਏ। ਫੌਜ ਦੇ ਅਧਿਕਾਰੀ ਨੇ ਸਰਦਾਰ ਦਿਆਲ ਸਿੰਘ ਨੂੰ ਦੱਸਿਆ ਕਿ ਤੁਹਾਡੇ ਬਾਪੂ ਜੀ ਤਾਂ ਕੋਈ ਮਹਾਤਮਾ ਹਨ ਇਸ ਲਈ ਅੱਜ ਇਹ ਮੇਰੇ ਬੰਗਲੇ ਵਿੱਚ ਠਹਿਰਨਗੇ। ਉਨ੍ਹਾਂ ਦੇ ਚਿੱਟੇ ਦੁੱਧ ਵਰਗੇ ਬਸਤਰ, ਚਿੱਟਾ ਸੁੰਦਰ

ਦਾੜ੍ਹਾ, ਪੈਰਾਂ ਵਿੱਚ ਨਰੀ ਦੀ ਜੁੱਤੀ, ਮੁੱਖ ਵਿੱਚ ਪਵਿੱਤਰ ਬਾਣੀ ਸੀ। ਉਸ ਅਧਿਕਾਰੀ ਨੇ ਕਈਆਂ ਨੌਜੁਆਨਾਂ ਨੂੰ ਦੱਸਿਆ ਕਿ ਅਜਿਹੇ ਬਾਪੂ ਕਾਹਨ ਸਿੰਘ ਵਰਗੇ ਲੱਭੇ ਨਹੀਂ ਮਿਲਦੇ।

ਨਗਰ ਵਿੱਚ ਕਿਸੇ ਦੇ ਮੰਜੇ ਦਾ ਬਾਣ ਟੁੱਟਿਆ ਹੋਇਆ ਹੋਵੇ ਤਾਂ ਉਹ ਮੰਜਾ ਆਪਣੀ ਬੈਠਕ ਵਿੱਚ ਮੰਗਵਾ ਲੈਂਦੇ ਸਨ। ਸਾਰੇ ਬਾਣ ਨੂੰ ਸੱਠ ਲਾ ਕੇ ਕੋਲੋਂ ਹੋਰ ਬਾਣ ਪਾ ਕੇ ਮੰਜਾ ਬੁਣਕੇ ਵਾਪਸ ਉਸ ਦੇ ਘਰ ਭੇਜ ਦਿੰਦੇ ਸਨ। ਘਰ ਵਿੱਚ ਰਾਹਗੀਰ ਅਤੇ ਸਾਧੂ ਸੰਤਾਂ ਦੀ ਸੇਵਾ ਕਰਨਾ ਇਨ੍ਹਾਂ ਦਾ ਸ਼ੌਂਕ ਸੀ। ਇਹ ਸੇਵਾ ਮਾਤਾ ਪਿਤਾ ਨੇ ਸਾਰੀ ਉਮਰ ਨਿਭਾਈ। ਮਾਤਾ ਜੀ ਚੱਕੀ ਪੀਂਹਦੇ ਸਮੇਂ ਨਿੱਤਨੇਮ ਦੋ-ਦੋ ਵਾਰੀ ਕਰ ਲੈਂਦੇ ਸਨ। ਬਾਬਾ ਕਾਹਨ ਸਿੰਘ ਜੀ ਦੇ ਘਰ ਦਾ ਮਹੌਲ ਕਿਸੇ ਮਹਾਤਮਾ ਦੇ ਡੇਰੇ ਵਰਗਾ ਬਣਿਆ ਰਹਿੰਦਾ ਸੀ। ਇਨ੍ਹਾਂ ਦੇ ਵਡੇਰੇ ਕਲਗੀਧਰ ਦੇ ਸਮੇਂ ਤੋਂ ਲੰਗਰਾਂ ਦੀ ਸੇਵਾ ਆਪਣੀ ਕਿਰਤ ਕਮਾਈ ਕਰਕੇ ਅਤੇ ਸੰਗਤਾਂ ਦੇ ਤਿਲ ਫੁਲ ਨਾਲ ਨਿਭਾਉਂਦੇ ਆ ਰਹੇ ਹਨ। ਅੱਜ ਤੱਕ ਇਨ੍ਹਾਂ ਦੀ ਅੰਸ ਬੰਸ ਵਿਚੋਂ ਕਦੇ ਕਿਸੇ ਨੇ ਕੋਈ ਆਸ਼ਰਮ ਜਾਂ ਡੇਰਾ ਨਹੀਂ ਬਣਾਇਆ। ਅੱਜ ਤੱਕ ਸੀਨਾ ਬਸੀਨਾ ਇਨ੍ਹਾਂ ਦੀ ਅੰਸ ਬੰਸ ਆਪਣੇ ਘਰਾਂ ਵਿੱਚ ਰਹਿ ਕੇ ਸਿੱਖੀ ਦੀ ਘਾਲਣਾ ਘਾਲਦੇ ਆ ਰਹੇ ਹਨ। ਗੁਰਪੁਰਬਾਂ ਤੋਂ ਇਲਾਵਾ ਲੋੜਵੰਦਾਂ ਅਤੇ ਰਾਹਗੀਰਾਂ ਲਈ ਲੰਗਰ ਦੀ ਸੇਵਾ ਕਰਕੇ ਖੁਸ਼ ਹੁੰਦੇ ਹਨ।

ਬਾਬਾ ਕਾਹਨ ਸਿੰਘ ਜੀ ਜਿੱਥੇ ਗੁਰੂ ਕੇ ਲੰਗਰਾਂ ਦੀ ਸੇਵਾ ਕਰਦੇ ਸਨ ਉਥੇ ਘਰ ਵਿੱਚ ਰੱਖੇ ਹੋਏ ਪਸ਼ੂਆਂ ਦਾ ਬਹੁਤ ਧਿਆਨ ਰੱਖਦੇ ਸਨ। ਆਪਣਾ ਲੰਗਰ ਛਕਣ ਤੋਂ ਪਹਿਲਾਂ ਗਾਵਾਂ, ਮੱਝਾਂ ਤੇ ਬਲਦਾਂ ਨੂੰ ਪਾਣੀ ਦਿਖਾਉਣ ਅਤੇ ਪੱਠੇ ਪਾਉਣ ਦਾ ਕੰਮ ਕਰਦੇ ਸਨ। ਮਹਾਂਪੁਰਖਾਂ ਦੇ ਮਾਤਾ ਪ੍ਰੇਮ ਕੌਰ ਜੀ ਪੰਛੀਆਂ ਨੂੰ ਰੋਜਾਨਾ ਦਾਣੇ ਪਾਉਂਦੇ ਸਨ। ਇਹ ਸਾਰੀਆਂ ਸੇਵਾਵਾਂ ਦਾ ਸਦਕਾ ਘਰ ਵਿੱਚ ਅਨਾਜ ਦੀ ਬਰਕਤ ਰਹੀ ਅਤੇ ਮਹਾਂਪੁਰਖਾਂ ਨੇ ਇਸ ਘਰ ਵਿੱਚ ਜਨਮ ਲੈ ਕੇ ਚਰਨ ਪਾਏ।

## ਨਾਨਕਿਆਂ ਅਤੇ ਦਾਦਕਿਆਂ ਦਾ ਭਲਾ ਮਿਲਾਪ

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥੧॥*
*ਆਦਿ-੯੫੭*

ਸ.ਬੇਲਾ ਸਿੰਘ ਜੀ ਆਪਣੀ ਵੱਡੀ ਸਪੁਤਰੀ ਬੀਬੀ ਪ੍ਰੇਮ ਕੌਰ ਦੇ ਰਿਸ਼ਤੇ ਲਈ ਗੁਰਸਿਖ ਪਰਿਵਾਰ ਦੀ ਭਾਲ ਵਿੱਚ ਸਨ। ਉਨ੍ਹਾਂ ਨੂੰ ਕਿਸੇ ਤੋਂ ਪਤਾ ਲਗਿਆ ਕੇ

ਕਾਕਰੋਂ ਪਿੰਡ ਵਿੱਚ ਬਨਵੈਤ ਗੋਤ ਦੇ ਜਿਮੀਦਾਰ ਬਾਬਾ ਕਿਰਪਾ ਸਿੰਘ ਜੀ ਦੇ ਦੋ ਭੁਝੰਗੀ ਖੇਤੀ ਬਾੜੀ ਦਾ ਕੰਮ ਕਰਦੇ ਹਨ ਜੋ ਕਿ ਅੰਮ੍ਰਿਧਾਰੀ ਹਨ। ਇਹ ਵੀ ਪਤਾ ਲੱਗਿਆ ਹੈ ਕਿ ਉਨ੍ਹਾਂ ਦੇ ਪੁਰਖਿਆਂ ਨੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਹਸਤ ਕਮਲਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਈ ਹੈ। ਤੰਬਾਕੂ ਦੀ ਖੇਤੀ ਤੋਂ ਵੀ ਬਚੇ ਹੋਏ ਹਨ। ਵਾਹੀ ਯੋਗ ਜਮੀਨ ਘਟ ਹੈ ਇਸ ਕਰਕੇ ਗਰੀਬੀ ਦਾਵੇ ਵਿਚ ਰਹਿੰਦੇ ਹਨ। ਸ.ਬੇਲਾ ਸਿੰਘ ਜੀ ਨੂੰ ਆਪਣੀ ਪੁੱਤਰੀ ਦਾ ਰਿਸ਼ਤਾ ਕਰਨ ਲਈ ਕਾਫੀ ਸਮੇਂ ਤੋਂ ਕੋਈ ਗੁਰਸਿੱਖ ਪਰਿਵਾਰ ਮਿਲ ਨਹੀਂ ਰਿਹਾ ਸੀ। ਗੁਰਸਿੱਖ ਪਰਿਵਾਰ ਜਾਣ ਕੇ ਸ: ਬੇਲਾ ਸਿੰਘ ਜੀ ਆਪ ਹੀ ਪਿੰਡ ਕਾਕਰੋਂ ਪਹੁੰਚ ਗਏ। ਪਿੰਡ ਦੇ ਲੋਕਾਂ ਤੋਂ ਪਤਾ ਲੱਗਿਆ ਕਿ ਇਸ ਪਰਿਵਾਰ ਦਾ ਬਜੁਰਗ ਸੋਭਾ ਰਾਮ ਗੁਰੂ ਕੇ ਲੰਗਰਾਂ ਦੀ ਸੇਵਾ ਵਿੱਚ ਬਹੁਤ ਲੰਮਾ ਸਮਾਂ ਰਿਹਾ ਜਿਸ ਕਰਕੇ ਜਮੀਨ ਜਾਇਦਾਦ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਸਕਿਆ। ਇਨ੍ਹਾਂ ਦੇ ਪਰਿਵਾਰ ਵਿੱਚ ਗਰੀਬੀ ਬਹੁਤ ਹੈ ਪਰ ਇਹ ਪਰਿਵਾਰ ਸਿੱਖੀ ਸਿਦਕ ਵਾਲਾ ਅਤੇ ਲੰਗਰਾਂ ਦੀ ਸੇਵਾ ਕਰਨ ਵਾਲਾ ਹੈ। ਇਲਾਕੇ ਦੇ ਇੱਕ ਜਿਮੀਂਦਾਰ ਕਿਰਸਾਨ ਨੇ ਇਨ੍ਹਾਂ ਦਾ ਮਿਲਾਪ ਬਾਬਾ ਕਿਰਪਾ ਸਿੰਘ ਜੀ ਨਾਲ ਕਰਵਾ ਦਿੱਤਾ। ਰਿਸ਼ਤੇ ਦੀ ਗਲਬਾਤ ਚਲਾਈ। ਬਾਬਾ ਕਿਰਪਾ ਸਿੰਘ ਜੀ ਦੇ ਵੱਡੇ ਪੁੱਤਰ ਕਾਹਨ ਸਿੰਘ ਜੀ ਨੂੰ ਵੀ ਮਿਲੇ। ਪਿਓ ਪੁੱਤਰ ਦਾ ਸਿੱਖੀ ਵਿੱਚ ਦ੍ਰਿੜ੍ਹ ਨਿਸਚਾ ਵੇਖ ਕੇ ਸ. ਬੇਲਾ ਸਿੰਘ ਜੀ ਦੇ ਮਨ ਤੇ ਚੰਗਾ ਪ੍ਰਭਾਵ ਪਿਆ। ਪਰ ਖੇਤੀਬਾੜੀ ਵਾਲੀ ਜਮੀਨ ਘੱਟ ਹੋਣ ਕਰਕੇ ਰਿਸ਼ਤਾ ਕੀਤੇ ਤੋਂ ਬਗੈਰ ਹੀ ਉਹ ਵਾਪਿਸ ਆਪਣੇ ਘਰ ਨੂੰ ਆ ਗਏ।

ਸ. ਬੇਲਾ ਸਿੰਘ ਜੀ ਨੇ ਇਹ ਸਾਰੀ ਗੱਲਬਾਤ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਸਾਂਝੀ ਕੀਤੀ ਅਤੇ ਦਸਿਆ ਕਿ ਕਾਕਰੋਂ ਪਿੰਡ ਵਿੱਚ ਇੱਕ ਗੁਰਸਿੱਖ ਪਰਿਵਾਰ ਹੈ। ਉਨ੍ਹਾਂ ਦੇ ਦੋਨੋਂ ਪੁੱਤਰ ਅੰਮ੍ਰਿਤਧਾਰੀ ਹਨ। ਆਪਣੇ ਗੋਤ ਵੀ ਉਨ੍ਹਾਂ ਨਾਲ ਨਹੀਂ ਮਿਲਦੇ ਪਰ ਜਮੀਨ ਬਹੁਤ ਘੱਟ ਹੈ। ਇਸ ਗੱਲ ਦੀ ਕਾਫੀ ਵਿਚਾਰ ਹੋਈ ਕਿਉਂਕਿ ਸ.ਬੇਲਾ ਸਿੰਘ ਆਪਣੇ ਇਲਾਕੇ ਵਿੱਚ ਰੱਜੇ ਪੁੱਜੇ ਜਾਣੇ ਜਾਂਦੇ ਸਨ। ਆਖਿਰਕਾਰ ਸ.ਬੇਲਾ ਸਿੰਘ ਜੀ ਨੇ ਸਾਰੇ ਪਰਿਵਾਰ ਦੀ ਸਲਾਹ ਦੇ ਨਾਲ ਸਿੱਖੀ ਨੂੰ ਮਹਾਨ ਸਮਝਦੇ ਹੋਏ ਆਪਣੀ ਵੱਡੀ ਪੁੱਤਰੀ ਬੀਬੀ ਪ੍ਰੇਮ ਕੌਰ ਦਾ ਰਿਸ਼ਤਾ ਬਾਬਾ ਕਿਰਪਾ ਸਿੰਘ ਜੀ ਦੇ ਵੱਡੇ ਪੁੱਤਰ ਭਾਈ ਕਾਹਨ ਸਿੰਘ ਜੀ ਦੇ ਨਾਲ ਕਰ ਦਿੱਤਾ। ਉਨ੍ਹਾਂ ਦਿਨਾਂ ਵਿੱਚ ਬੀਬੀ ਪ੍ਰੇਮ ਕੌਰ ਦੇ ਨੱਕ ਕੰਨ ਆਦਿ ਵਿੰਨ੍ਹੇ ਹੋਏ ਨਹੀਂ ਸਨ। ਹਾੜੀ ਦੀ ਫਸਲ ਤੋਂ ਬਾਅਦ ਵਿਸਾਖ ਦੀ ਪੂਰਨਮਾਸੀ ਨੂੰ ਜਦੋਂ ਬੀਬੀ ਪ੍ਰੇਮ ਕੌਰ ਦੇ ਅਨੰਦ ਕਾਰਜ ਭਾਈ ਕਾਹਨ ਸਿੰਘ ਨਾਲ ਹੋਏ ਤਾਂ ਦੋਨਾਂ ਪਰਿਵਾਰਾਂ ਵਿੱਚ ਬਹੁਤ ਖੁਸ਼ੀ ਮਨਾਈ ਗਈ। ਵਿਆਹ ਤੋਂ ਉਪਰੰਤ ਬੀਬੀ ਪ੍ਰੇਮ ਕੌਰ ਜੀ ਆਪਣੇ ਸਹੁਰੇ ਪਰਿਵਾਰ ਵਿੱਚ ਜਾ ਕੇ ਘਰ ਦਾ ਕੰਮ ਕਾਜ ਕਰਦੇ ਸਮੇਂ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਕੁਝ ਸ਼ਬਦਾਂ ਦਾ ਜਾਪ ਵੀ ਕਰਦੇ ਰਹਿੰਦੇ। ਜਦੋਂ ਸਹੁਰੇ

ਪਰਿਵਾਰ ਨੇ ਦੇਖਿਆ ਕਿ ਸਾਡੀ ਨੂੰਹ ਪ੍ਰੇਮ ਕੌਰ ਕਿਸੇ ਨੂੰ ਹਾਸੀ ਮਖੌਲ ਆਦਿ ਨਹੀਂ ਕਰਦੀ ਅਤੇ ਘਰ ਦੇ ਕੰਮ ਨੂੰ ਸੇਵਾ ਸਮਝ ਕੇ ਖੁਸ਼ੀ ਨਾਲ ਕਰਦੀ ਹੈ ਤਾਂ ਸਾਰੇ ਬਹੁਤ ਖੁਸ਼ ਹੁੰਦੇ। ਮਾਤਾ ਪ੍ਰੇਮ ਕੌਰ ਜੀ ਆਪਣੇ ਪਤੀ ਬਾਬਾ ਕਾਹਨ ਸਿੰਘ ਜੀ ਨਾਲ ਲੰਗਰ ਦੀ ਸੇਵਾ ਬਹੁਤ ਉਤਸ਼ਾਹ ਨਾਲ ਕਰਦੇ। ਘਰੋਂ ਲੰਗਰ ਤਿਆਰ ਕਰਕੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜਾਦਿਆਂ ਦੀ ਸਭਾ ਅਤੇ ਹਰੇਕ ਸੰਗਰਾਂਦ ਨੂੰ ਆਪਣੇ ਹੱਥੀਂ ਵਰਤਾਉਂਦੇ। ਮਾਤਾ ਪ੍ਰੇਮ ਕੌਰ ਜੀ ਆਪਣੇ ਸਹੁਰੇ ਪਰਿਵਾਰ ਵਿੱਚ ਰਹਿੰਦੇ ਹੋਏ ਰਾਹਗੀਰਾਂ ਅਤੇ ਹੋਰ ਮੱਤਾਂ ਦੇ ਸੰਤਾਂ ਮਹਾਂਪੁਰਖਾਂ ਨੂੰ ਵੀ ਲੰਗਰ ਪ੍ਰੇਮ ਨਾਲ ਛਕਾਉਂਦੇ। ਦਸਵੇਂ ਪਾਤਿਸ਼ਾਹ ਦੀ ਬਖਸ਼ਿਸ਼ ਸਦਕਾ ਮਾਤਾ ਪ੍ਰੇਮ ਕੌਰ ਦੇ ਭੜੋਲਿਆਂ ਵਿੱਚੋਂ ਕਦੇ ਅਨਾਜ ਖਤਮ ਨਹੀਂ ਹੁੰਦਾ ਸੀ। ਇਹ ਬਰਕਤ ਵੇਖ ਕੇ ਪਰਿਵਾਰ ਦੇ ਸਾਰੇ ਮੈਂਬਰ ਗੁਰੂ ਸਾਹਿਬ ਦਾ ਬਹੁਤ ਬਹੁਤ ਸ਼ੁਕਰ ਕਰਦੇ।

## ਮਾਤਾ ਜੀ ਨੇ ਛੋਟੀ ਭੈਣ ਦਾ ਰਿਸ਼ਤਾ ਲਿਆਉਣਾ

ਜਿਵੇਂ ਸਿਆਣਿਆਂ ਨੇ ਆਖਿਆ ਹੈ ਕਿ ਆਪ ਵਿਚ ਚੰਗੇ ਗੁਣ ਹੋਣ ਤਾਂ ਮਿੱਤਰ ਭਾਲਣ ਦੀ ਲੋੜ ਨਹੀਂ ਹੋਇਆ ਕਰਦੀ। ਐਵੇਂ ਮਾਤਾ ਪ੍ਰੇਮ ਕੌਰ ਨੇ ਆਪਣੇ ਪੇਕੇ ਜਾ ਕੇ ਦਸਿਆ ਕਿ ਮੇਰਾ ਸਹੁਰਾ ਪਰਿਵਾਰ ਭਾਵੇਂ ਗਰੀਬ ਹੈ ਪਰ ਗੁਰੂ ਘਰ ਦਾ ਪ੍ਰੇਮੀ ਅਤੇ ਨੇਮੀ ਹੈ। ਘਰ ਵਿੱਚ ਆਏ ਲੋੜਵੰਦ ਰਾਹਗੀਰਾਂ ਨੂੰ ਪ੍ਰਸ਼ਾਦਾ ਪ੍ਰੇਮ ਨਾਲ ਛਕਾਉਂਦੇ ਹਨ। ਫਤਹਿਗੜ੍ਹ ਸਾਹਿਬ ਸਭਾ ਅਤੇ ਸੰਗਰਾਂਦ ਦੇ ਦਿਹਾੜਿਆਂ ਤੇ ਲੰਗਰ ਤਿਆਰ ਕਰਕੇ ਪਹੁੰਚਾਉਂਦੇ ਹਨ। ਮਾਤਾ ਪ੍ਰੇਮ ਕੌਰ ਵਲੋਂ ਸਹੁਰੇ ਪਰਿਵਾਰ ਦੀ ਸਿਫਤ ਦਾ ਅਸਰ ਪਿਤਾ ਸ.ਬੇਲਾ ਸਿੰਘ ਜੀ ਦੇ ਮਨ ਤੇ ਬਹੁਤ ਚੰਗਾ ਪਿਆ। ਉਨ੍ਹਾਂ ਨੇ ਖੁਸ਼ ਹੋ ਕੇ ਆਪਣੀ ਦੂਜੀ ਪੁੱਤਰੀ ਬੀਬੀ ਪ੍ਰਤਾਪ ਕੌਰ ਦਾ ਰਿਸ਼ਤਾ ਵੀ ਭਾਈ ਕਾਹਨ ਸਿੰਘ ਜੀ ਦੇ ਛੋਟੇ ਭਰਾ ਭਾਈ ਉਤਮ ਸਿੰਘ ਜੀ ਨਾਲ ਕਰਨ ਦਾ ਮਨ ਬਣਾ ਲਿਆ। ਸ.ਬੇਲਾ ਸਿੰਘ ਜੀ ਨੇ ਪਿੰਡ ਕਾਕਰੋਂ ਜਾ ਕੇ ਸ.ਕਿਰਪਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸਾਡੀ ਪੁੱਤਰੀ ਆਪ ਜੀ ਦੇ ਗ੍ਰਹਿ ਵਿਖੇ ਰਹਿ ਕੇ ਬਹੁਤ ਖੁਸ਼ ਹੈ ਅਤੇ ਤੁਹਾਡਾ ਸਾਰਾ ਪਰਿਵਾਰ ਪ੍ਰੇਮੀ ਅਤੇ ਨੇਮੀ ਹੈ,ਧਰਮ ਦੀ ਕਿਰਤ ਕਰਕੇ ਵੰਡ ਕੇ ਛਕਦਾ ਹੈ, ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰਦਾ ਇਹ ਗੁਣ ਮੇਰੀ ਪੁੱਤਰੀ ਨੇ ਤੁਹਾਡੇ ਪਰਿਵਾਰ ਵਿੱਚ ਵੇਖੇ ਹਨ। ਇਸ ਲਈ ਮੈਂ ਆਪਣੀ ਦੂਜੀ ਪੁੱਤਰੀ ਦਾ ਰਿਸ਼ਤਾ ਵੀ ਆਪ ਜੀ ਦੇ ਘਰ ਵਿੱਚ ਹੀ ਕਰਨਾ ਚਾਹੁੰਦਾ ਹਾਂ। ਇਧਰ ਕਾਕਰੋਂ ਵਾਲੇ ਪਰਿਵਾਰ ਦੀ ਵੀ ਇਹ ਰਿਸ਼ਤਾ ਲੈਣ ਦੀ ਇਛਾ ਬਣ ਚੁੱਕੀ ਸੀ। ਦੋਨਾਂ ਪਰਿਵਾਰਾਂ ਦੇ ਗੁਰਮੱਤੇ ਅਨੁਸਾਰ ਬੀਬੀ ਪ੍ਰਤਾਪ ਕੌਰ ਦਾ ਰਿਸ਼ਤਾ ਬਾਬਾ ਕਿਰਪਾ ਸਿੰਘ ਜੀ ਦੇ ਛੋਟੇ ਪੁੱਤਰ ਭਾਈ ਉੱਤਮ ਸਿੰਘ ਜੀ ਨਾਲ ਕਰ ਦਿੱਤਾ ਗਿਆ। ਖੇੜੀ ਸਲਾਬਤਪੁਰ ਅਤੇ ਕਾਕਰੋਂ ਵਾਲਿਆਂ ਦਾ ਸਿੱਖੀ ਨਾਲ ਪਿਆਰ ਹੋਣ ਕਰਕੇ ਆਪਸੀ ਸੰਬੰਧ ਬਹੁਤ ਪੱਕੇ ਬਣ ਗਏ। ਕੁਝ ਸਮਾਂ ਦੋਨੋਂ ਭੈਣਾਂ ਕਾਕਰੋਂ ਵਿਖੇ ਆਪਣੇ ਸਹੁਰੇ ਪਰਿਵਾਰ ਵਿੱਚ

ਬਹੁਤ ਪਿਆਰ ਨਾਲ ਰਹਿੰਦੀਆਂ ਰਹੀਆਂ। ਉਨ੍ਹਾਂ ਦਿਨਾਂ ਵਿੱਚ ਦੋਨਾਂ ਭੈਣਾਂ ਨੇ ਗੁਰੂ ਕੇ ਲੰਗਰਾਂ ਦੀ ਸੇਵਾ ਕਰਕੇ ਸਹੁਰੇ ਪਰਿਵਾਰ ਦੇ ਸ਼ਰੀਕੇ ਦੀਆਂ ਨੂੰਹਾਂ ਨੂੰ ਵੀ ਗੁਰੂ ਘਰ ਨਾਲ ਜੋੜ ਲਿਆ। ਇਸ ਤਰ੍ਹਾਂ ਇਹ ਸਾਰੀਆਂ ਨੂੰਹਾਂ ਅਤੇ ਲੜਕੀਆਂ ਇਕੱਠੀਆਂ ਹੋ ਕੇ ਗੁਰਪੁਰਬਾਂ ਤੇ ਲੰਗਰਾਂ ਦੀ ਸੇਵਾ ਕਰਕੇ ਆਪਣੇ ਵੱਡੇ ਵਡੇਰਿਆਂ ਤੋਂ ਬਹੁਤ ਖੁਸ਼ੀਆਂ ਪ੍ਰਾਪਤ ਕਰਦੀਆਂ।

## ਜਨਮ ਨਗਰ ਉਪਲਹੇੜੀ ਦਾ ਸੰਖੇਪ ਇਤਿਹਾਸ

ਇਸ ਪਿੰਡ ਦੀ ਮੋਹੜੀ ਉੱਪਲ ਜਾਤੀ ਦੇ ਜਿਮੀਦਾਰ ਨੇ ਗੱਡੀ ਸੀ ਅਤੇ ਆਪਣੇ ਗੋਤ ਦੇ ਨਾਮ ਤੇ ਹੀ ਪਿੰਡ ਦਾ ਨਾਮ ਉਪਲਹੇੜੀ ਰਖਿਆ ਸੀ। ਬਾਬਾ ਕਾਹਨ ਸਿੰਘ ਜੀ ਨੇ ਕਾਕਰੋਂ ਪਿੰਡ ਵਿੱਚ ਜਮੀਨ ਘੱਟ ਹੋਣ ਕਰਕੇ ਜਿਲ੍ਹਾ ਪਟਿਆਲਾ ਰਾਜਪੁਰਾ ਤਹਿਸੀਲ ਦੇ ਪਿੰਡ ਉਪਲਹੇੜੀ ਵਿਖੇ ਖੇਤੀਬਾੜੀ ਲਈ ਜਮੀਨ ਖਰੀਦ ਲਈ ਅਤੇ ਕੁਝ ਜਮੀਨ ਉਪਲਹੇੜੀ ਦੇ ਨਾਲ ਲਗਦੇ ਬੇਚਰਾਗ ਕੰਵਰਪੁਰ ਦੇ ਮੌਜੇ ਵਿੱਚ ਵੀ ਖਰੀਦ ਲਈ ਅਤੇ ਆਪਣੀ ਰਿਹਾਇਸ਼ ਪਿੰਡ ਉਪਲਹੇੜੀ ਵਿਖੇ ਰੱਖ ਲਈ। ਨਗਰ ਉਪਲਹੇੜੀ ਵਿੱਚ ਆ ਕੇ ਬਾਬਾ ਕਾਹਨ ਸਿੰਘ ਨੇ ਖੇਤੀਬਾੜੀ ਦਾ ਧੰਧਾ ਹੀ ਰੱਖਿਆ। ਇਸ ਪਿੰਡ ਵਿੱਚ ਕੋਈ ਗੁਰੂ ਘਰ ਨਹੀਂ ਸੀ। ਗੁਰੂ ਘਰ ਦੀ ਘਾਟ ਮਾਤਾ ਪ੍ਰੇਮ ਕੌਰ ਨੂੰ ਬਹੁਤ ਰੜਕਦੀ ਸੀ। ਬਾਬਾ ਕਾਹਨ ਸਿੰਘ ਜੀ ਪਹਿਰ ਦੇ ਤੜਕੇ ਉਠ ਕੇ ਇਸ਼ਨਾਨ ਕਰਕੇ ਆਪਣੇ ਘਰ ਹੀ ਗੁਰਬਾਣੀ ਦਾ ਪਾਠ ਪੋਥੀਆਂ ਤੋਂ ਨੇਮ ਨਾਲ ਕਰਦੇ। ਪਿੰਡ ਅਤੇ ਇਲਾਕੇ ਦੇ ਲੋਕ ਇਨ੍ਹਾਂ ਨੂੰ ਵੀ ਗਿਆਨੀਆਂ ਦਾ ਟੱਬਰ ਕਹਿਣ ਲਗ ਪਏ। ਇਨ੍ਹਾਂ ਦੇ ਵਡੇਰਿਆਂ ਨੂੰ ਵੀ ਰੋਪੜ ਦੇ ਇਲਾਕੇ ਵਿੱਚ ਗਿਆਨੀਆਂ ਦਾ ਕੋੜਮਾ ਆਖਿਆਂ ਜਾਂਦਾ ਹੈ। ਇਸ ਟੱਬਰ ਦੀ ਵਿਸ਼ੇਸ਼ਤਾ ਇਹ ਸੀ ਕਿ ਬਾਬਾ ਕਾਹਨ ਸਿੰਘ ਜੀ ਨੇ ਆਪਣੀ ਘਰ ਵਾਲੀ ਪ੍ਰੇਮ ਕੌਰ ਜੀ ਨਾਲ ਮਿਲਕੇ ਛੋਟੇ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਹਰੇਕ ਸੰਗਰਾਂਦ ਅਤੇ ਹਰ ਸਾਲ 11,12,13 ਪੋਹ ਨੂੰ ਸਭਾ ਦੇ ਦਿਨਾਂ ਵਿੱਚ ਲੰਗਰ ਤਿਆਰ ਕਰਕੇ ਗੱਡੇ ਤੇ ਲੱਦ ਕੇ ਪਹੁੰਚਾਉਣ ਦੀ ਸੇਵਾ ਜਾਰੀ ਰੱਖੀ। ਇਸੇ ਤਰ੍ਹਾਂ ਬਾਬਾ ਕਾਹਨ ਸਿੰਘ ਅਤੇ ਮਾਤਾ ਪ੍ਰੇਮ ਕੌਰ ਆਪਣੇ ਹੱਥੀਂ ਲੰਗਰ ਤਿਆਰ ਕਰਕੇ ਆਪਣੇ ਘਰ ਵਿੱਚ ਆਏ ਰਾਹਗੀਰਾਂ ਨੂੰ ਛਕਾਉਂਦੇ। ਉਪਲਹੇੜੀ ਨਗਰ ਜਰਨੈਲੀ ਸੜਕ ਤੇ ਵਸਿਆ ਹੋਣ ਕਰਕੇ ਬਹੁਤ ਸਾਰੇ ਰਾਹਗੀਰ ਅਤੇ ਸਾਧੂ ਮਹਾਤਮਾ ਆਦਿ ਲੰਗਰ ਪ੍ਰਸ਼ਾਦੇ ਲਈ ਆ ਜਾਂਦੇ ਤਾਂ ਮਾਤਾ ਪ੍ਰੇਮ ਕੌਰ ਜੀ ਪ੍ਰਸ਼ਾਦਾ ਤਿਆਰ ਕਰਕੇ ਲੋੜਵੰਦਾਂ ਨੂੰ ਛਕਾ ਕੇ ਬਹੁਤ ਖੁਸ਼ ਹੁੰਦੇ ਕਿਉਂ ਕਿ ਮਾਤਾ ਪ੍ਰੇਮ ਕੌਰ ਜੀ ਵਿਆਹ ਤੋਂ ਪਹਿਲਾ ਜਿਵੇਂ ਪੇਕੇ ਪਰਿਵਾਰ ਵਿੱਚ ਲੰਗਰ ਪਾਣੀ ਦੀ ਸੇਵਾ ਕਰਦੇ ਸਨ ਉਸੇ ਤਰ੍ਹਾਂ ਹੀ ਸਹੁਰੇ ਪਰਿਵਾਰ ਵਿੱਚ ਵੀ ਸੇਵਾ

ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਇਸ ਤਰ੍ਹਾਂ ਘਰ ਦੇ ਕੰਮਾਂ ਕਾਰਾਂ ਅਤੇ ਭਾਵਨਾ ਨਾਲ ਸੇਵਾ ਕਰਦਿਆਂ ਕਾਫੀ ਸਮਾਂ ਉਪਲਹੇੜੀ ਨਗਰ ਵਿੱਚ ਬਤੀਤ ਹੋ ਗਿਆ। ਮਾਤਾ ਪ੍ਰੇਮ ਕੌਰ ਦੀ ਗੁਰੂ ਕੇ ਲੰਗਰਾਂ ਦੀ ਕੀਤੀ ਹੋਈ ਸੇਵਾ ਨਗਰ ਉਪਲਹੇੜੀ ਨੂੰ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਲੈ ਆਈ।

## ਨਗਰ ਉਪਲਹੇੜੀ ਦੀ ਮਹਿਮਾ

*ਕਹਿ ਕਬੀਰ ਹਉ ਭਇਆ ਉਦਾਸੁ॥*
*ਤੀਰਥੁ ਬਡਾ ਕਿ ਹਰਿ ਕਾ ਦਾਸੁ॥ ਆਦਿ ੩੩੧*
*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਆਦਿ ੮੯੦*

ਪੰਜਾਬ ਦੇ ਅੰਦਰ ਤਹਿਸੀਲ ਰਾਜਪੁਰਾ ਦੇ ਆਸ ਪਾਸ ਦਾ ਅਜਿਹਾ ਇਲਾਕਾ ਹੈ ਜਿਥੇ ਕੋਈ ਨਦੀ, ਦਰਿਆ ਜਾਂ ਨਹਿਰ ਨਹੀਂ ਹੈ ਨਾ ਹੀ ਕਿਤੇ ਆਸ ਪਾਸ ਕੋਈ ਪਹਾੜੀ ਜਾਂ ਝੀਲ ਹੈ। ਪਾਣੀ ਦੀ ਘਾਟ ਕਾਰਨ ਖੇਤੀਬਾੜੀ ਤਾਂ ਇਕ ਪਾਸੇ ਰਹੀ ਦਰੱਖਤਾਂ ਦੀ ਘਾਟ ਕਾਰਨ ਜੇਠ ਹਾੜ੍ਹ ਦੀ ਤਪਸ ਸਮੇਂ ਆਮ ਆਦਮੀ ਨੂੰ ਠੰਡੀ ਛਾਂ ਵੀ ਨਸੀਬ ਨਹੀਂ ਹੁੰਦੀ ਸੀ। ਇਸ ਪਛੜੇ ਇਲਾਕੇ ਵਿਚ ਕੋਈ ਉਚ ਅਧਿਕਾਰੀ ਆਉਣ ਨੂੰ ਤਿਆਰ ਨਹੀਂ ਹੁੰਦਾ ਸੀ ਕਿਉਂਕਿ ਉਨ੍ਹਾਂ ਦੇ ਮਨ ਵਿਚ ਇਹ ਗਲ ਵਸੀ ਹੋਈ ਹੁੰਦੀ ਹੈ ਕਿ ਇੰਨੇ ਪਛੜੇ ਹੋਏ ਇਲਾਕੇ ਵਿਚ ਕਿਹੜਾ ਕਿਸੇ ਨੇ ਕੋਈ ਆਉ ਭਗਤ ਕਰਨੀ ਹੈ। ਜੇ ਕੋਈ ਆਉਂਦਾ ਸੀ ਤਾਂ ਬਰਸਾਤ ਦੇ ਦਿਨਾਂ ਵਿਚ ਹੜ੍ਹ ਦਾ ਪਾਣੀ ਆਉਂਦਾ ਸੀ। ਉਹ ਆਪਣੇ ਸੁਭਾਅ ਅਨੁਸਾਰ ਗਰੀਬ ਕਿਰਸਾਨਾਂ ਦੀ ਫਸਲ ਨੂੰ ਤਬਾਹ ਕਰਕੇ ਬਹੁਤ ਖੁਸ਼ ਹੁੰਦਾ ਸੀ। ਇਹੋ ਜਿਹੇ ਭਿਆਨਕ ਸਮਿਆਂ ਅੰਦਰ ਬਾਬਾ ਕਿਰਪਾ ਸਿੰਘ ਜੀ ਦੇ ਸਪੁੱਤਰ ਬਾਬਾ ਕਾਹਨ ਸਿੰਘ ਨੇ ਆਪਣੀ ਧਰਮ ਸੁਪਤਨੀ ਮਾਤਾ ਪ੍ਰੇਮ ਕੌਰ ਦੇ ਸਹਿਯੋਗ ਨਾਲ ਗੁਰੂ ਕੇ ਲੰਗਰਾਂ ਦੀ ਸੇਵਾ ਦੇ ਨਾਲ ਨਾਲ ਰਹਿਤ ਬਹਿਤ ਵਿਚ ਪਰਪੱਕ ਰਹਿ ਕੇ ਪਵਿੱਤਰ ਬਾਣੀ ਪੜ੍ਹ ਕੇ ਕਲਗੀਆਂ ਵਾਲੇ ਸੱਚੇ ਪਾਤਸ਼ਾਹ ਦੇ ਦਰ ਤੋਂ ਸੂਰਬੀਰ, ਪਰਉਪਕਾਰੀ ਤੱਤ ਬੇਤੇ ਬ੍ਰਹਮ ਗਿਆਨੀ ਪੁੱਤਰ ਦੀ ਦਾਤ ਪ੍ਰਾਪਤ ਕੀਤੀ। ਉਹ ਦਾਤ ਵੀ ਪ੍ਰੇਮੀਆਂ ਦੇ ਹਿਰਦੇ ਨੂੰ ਠਾਰਨ ਵਾਸਤੇ ਗਰਮੀ ਦੀ ਜੋਬਨ ਰੁੱਤੇ 26-06-1903 ਦਿਨ ਸ਼ੁੱਕਰਵਾਰ ਨੂੰ ਪਰਗਟ ਹੋਈ। ਇਹ ਦਾਤ ਜੋਤ ਰੂਪ ਵਿਚ ਹੋ ਕੇ ਸਿੱਖ ਜਗਤ ਅੰਦਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਨਾਮ ਨਾਲ ਪ੍ਰਸਿੱਧ ਹੋਈ।

ਭਾਵੇਂ ਇਨ੍ਹਾਂ ਦਿਨਾਂ ਵਿਚ ਮੀਂਹ ਨਾ ਪੈਣ ਕਰਕੇ ਹਰਿਆਵਲ ਦੀ ਘਾਟ ਸੀ ਪਰ ਗਰੀਬ ਗੁਰਬੇ ਹਰਾ ਘਾਹ ਲਭ ਕੇ ਬਾਬਾ ਕਾਹਨ ਸਿੰਘ ਨੂੰ ਵਧਾਈਆਂ ਦੇਣ ਆਏ। ਉਪਲਹੇੜੀ ਦੀਆਂ ਮਾਈਆਂ ਵੀ ਮਹਾਂਪੁਰਖਾਂ ਦੀ ਮਹਿਮਾ ਬਣਾਉਣ ਵਿਚ ਪਿੱਛੇ ਨਹੀਂ ਰਹੀਆਂ ਉਨ੍ਹਾਂ ਨੇ ਵੀ ਅੰਬਾਂ ਦੇ ਪੱਤੇ ਤੋੜ ਕੇ ਲੰਬੇ ਲੰਬੇ ਬੰਦਰਵਾਲ

ਤਿਆਰ ਕਰਕੇ ਮਹਾਂਪੁਰਖਾਂ ਦੇ ਘਰ ਦੇ ਸਾਰੇ ਦਰਵਾਜਿਆਂ ਤੇ ਸਜਾ ਦਿੱਤੇ ਇਨ੍ਹਾਂ ਮਹਾਂਪੁਰਖਾਂ ਨੇ ਇਸ ਪਛੜੇ ਹੋਏ ਇਲਾਕੇ ਵਿਚ ਆਪਣੇ ਚਰਨ ਪਾ ਕੇ ਭਾਗ ਲਾ ਦਿੱਤੇ। ਜਿਨ੍ਹਾਂ ਲੋਕਾਂ ਦੇ ਨੇੜੇ ਕੋਈ ਢੁਕਦਾ ਨਹੀਂ ਸੀ ਮਹਾਂਪੁਰਖ ਉਨ੍ਹਾਂ ਦਾ ਆਸਰਾ ਬਣੇ। ਇਕ ਸਦੀ ਸਰੀਰਕ ਜਾਮੇ ਵਿਚ ਵਿਚਰ ਕੇ ਆਪ ਉਪਲਹੇੜੀ ਨਗਰ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਲਿਖਾ ਗਏ। ਪਰਮੇਸਰ ਦੇ ਨਾਮ ਦੀ ਇੰਨੀ ਵੱਡੀ ਮਹਿਮਾ ਹੈ ਕਿ ਮਹਾਂਪੁਰਖ ਭਾਵੇਂ 9 ਸਤੰਬਰ 2004 ਦਿਨ ਵੀਰਵਾਰ ਨੂੰ ਸਚਖੰਡ ਜਾ ਬਿਰਾਜੇ ਪਰ ਸੰਗਤਾਂ ਹਰ ਸਾਲ ਇਸ ਦਿਨ ਨੂੰ ਉਨ੍ਹਾਂ ਦੀ ਪਵਿੱਤਰ ਯਾਦ ਨੂੰ ਲੈ ਕੇ ਉਨ੍ਹਾਂ ਦੇ ਜਨਮ ਨਗਰ ਉਪਲਹੇੜੀ ਨੂੰ ਨਤਮਸਤਕ ਹੁੰਦੀਆਂ ਹਨ। ਇਹ ਇਲਾਕਾ ਕੁਦਰਤੀ ਆਫਤਾਂ ਕਰਕੇ ਹਰ ਪੱਖੋਂ ਪਛੜਿਆ ਹੋਇਆ ਹੈ। ਗਰੀਬੀ ਅਤਿਅੰਤਾਂ ਦੀ ਹੈ। ਲੋਕਾਂ ਦੀ ਸਹਾਇਤਾ ਕਰਨ ਵਾਸਤੇ ਜਿਥੇ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਅਧਿਕਾਰੀ ਨਹੀਂ ਬਹੁੜਦਾ ਉਥੇ ਜੇ ਕੋਈ ਪਰਮੇਸਰ ਦਾ ਨਾਮ ਲੈਣ ਵਾਲਾ ਆਪਣੇ ਚਰਨ ਪਾ ਦੇਵੇ ਤਾਂ ਕੁਦਰਤ ਨੇ ਤਾਂ ਸਹਾਇਤਾ ਕਰਨੀ ਹੀ ਹੈ ਸੰਸਾਰ ਵੀ ਆ ਕੇ ਚਰਨੀ ਪੈ ਜਾਂਦਾ ਹੈ। ਇਸ ਕਰਕੇ ਨਗਰ ਉਪਲਹੇੜੀ ਦੀ ਮਹਿਮਾ ਕੇਵਲ ਪਰਮੇਸਰ ਦੇ ਨਾਮ ਕਰਕੇ ਹੀ ਹੋ ਰਹੀ ਹੈ। ਹਜ਼ੂਰ ਦਾ ਫੁਰਮਾਨ ਹੈ।

***ਜਿਸ ਨੀਚ ਕਉ ਕੋਈ ਨ ਜਾਨੈ॥***
***ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥ ਆਦਿ ੩੮੬***
***ਜਾ ਕੈ ਨਿਕਟਿ ਨ ਆਵੈ ਕੋਈ॥***
***ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ॥***

***ਆਦਿ ੩੮੬***

## ਦੋਹਾਂ ਪਰਿਵਾਰਾਂ ਉਪਰ ਕਲਗੀਧਰ ਦੀ ਬਖਸ਼ਿਸ਼

ਦੋਹਾਂ ਪਰਿਵਾਰਾਂ ਦੇ ਪੁਰਖਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਚੇ ਪਾਤਿਸ਼ਾਹ ਪਾਸੋਂ ਸਿਖੀ ਦੀ ਦਾਤ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੈ। ਸਿਖੀ ਦੀ ਦਾਤ ਦੋਨਾਂ ਪਰਿਵਾਰਾਂ ਨੂੰ ਗੁਰੂ ਕੇ ਲੰਗਰਾਂ ਦੀ ਸੇਵਾ ਕਰਨ ਕਰਕੇ ਪ੍ਰਾਪਤ ਹੋਈ ਸੀ। ਸੇਵਾ ਅਤੇ ਸਿਮਰਨ ਦੇ ਸੰਸਕਾਰ ਦੰਪਤੀ ਜੋੜੀ ਦੇ ਮਨਾਂ ਤੇ ਬਚਪਨ ਤੋਂ ਹੀ ਪਏ ਹੋਏ ਸਨ। ਉਸ ਸਮੇਂ ਨਗਰ ਉਪਲਹੇੜੀ ਵਿਖੇ ਗੁਰੂ ਘਰ ਨਾ ਹੋਣ ਕਰਕੇ ਦੰਪਤੀ ਜੋੜੀ ਦੇ ਮਨਾਂ ਵਿਚ ਇਹ ਭਾਵਨਾ ਬਣੀ ਰਹਿੰਦੀ ਜੇਕਰ ਇਸ ਨਗਰ ਵਿੱਚ ਗੁਰੂ ਘਰ ਹੁੰਦਾ ਤਾਂ ਅਸੀਂ ਜੁਆਨੀ ਪਹਿਰੇ ਵਿੱਚ ਰੱਜ-ਰੱਜ ਕੇ ਸੇਵਾ ਕਰਦੇ। ਗੁਰੂ ਘਰ ਨਾ ਹੁੰਦੇ ਹੋਏ ਵੀ ਲੰਗਰਾਂ ਦੀ ਸੇਵਾ ਜੋ ਪਰਿਵਾਰ ਦੇ ਪੁਰਖਿਆਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਅਰੰਭ ਕੀਤੀ ਸੀ ਉਹ ਉਸੇ ਤਰ੍ਹਾਂ ਹੀ ਨਿਭਾਂਦੇ ਰਹੇ। ਮਾਤਾ ਪ੍ਰੇਮ ਕੌਰ ਜੀ ਦੀ ਸੇਵਾ ਤੋਂ ਸਹੁਰਾ ਪਰਿਵਾਰ ਬਹੁਤ ਖੁਸ਼ ਸੀ ਕਿਉਂਕਿ ਸਹੁਰਾ ਪਰਿਵਾਰ

ਲੰਗਰਾਂ ਦੀ ਸੇਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਕਰਦਾ ਆ ਰਿਹਾ ਸੀ। ਜਿਹੜੀ ਨੂੰਹ ਸਹੁਰੇ ਘਰ ਵਿੱਚ ਆ ਕੇ ਕੁਲ ਦੀਆਂ ਰੀਤਾਂ ਨੂੰ ਪਿਆਰ ਨਾਲ ਸੰਭਾਲ ਲਵੇ ਉਸ ਤੇ ਵੱਡਿਆਂ ਦੀਆਂ ਖੁਸ਼ੀਆਂ ਹੋਣੀਆਂ ਸੁਭਾਵਿਕ ਹਨ। ਬਾਬਾ ਕਿਰਪਾ ਸਿੰਘ ਜੀ ਨੂੰ ਰਿਸ਼ਤੇਦਾਰ ਆਖਦੇ ਸਨ ਕਿ ਤੁਹਾਡੀ ਨੂੰਹ ਕਲਗੀਧਰ ਨੇ ਗਿਆਨੀਆਂ ਦੇ ਟੱਬਰ ਦੀ ਸੇਵਾ ਕਰਨ ਲਈ ਆਪ ਭੇਜੀ ਹੈ।

## ਮਹਾਂਪੁਰਖਾਂ ਦਾ ਪਵਿੱਤਰ ਜਨਮ

ਪਰਿਵਾਰ ਦੇ ਪੁਰਖਿਆਂ ਵਲੋਂ ਪਵਿੱਤਰ ਭਾਵਨਾ ਨਾਲ ਪੜ੍ਹੀ ਹੋਈ ਗੁਰਬਾਣੀ ਅਤੇ ਨਿਮਰਤਾ ਨਾਲ ਕੀਤੀ ਹੋਈ ਸੇਵਾ ਦਾ ਫਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਦੇ ਨਾਲ ਬਾਬਾ ਕਾਹਨ ਸਿੰਘ ਜੀ ਦੇ ਗ੍ਰਹਿ ਵਿਖੇ ਮਿਤੀ 26.06.1903 ਦਿਨ ਸ਼ੁੱਕਰਵਾਰ ਨੂੰ ਅੰਮ੍ਰਿਤ ਵੇਲੇ ਮਾਤਾ ਪ੍ਰੇਮ ਕੌਰ ਜੀ ਦੀ ਕੁੱਖੋਂ ਪਿੰਡ ਉਪਲਹੇੜੀ ਤਹਿ: ਰਾਜਪੁਰਾ ਜਿਲ੍ਹਾ ਪਟਿਆਲਾ ਵਿਖੇ ਮਹਾਂਪੁਰਖਾਂ ਦਾ ਪਵਿੱਤਰ ਜਨਮ ਹੋਇਆ।

*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥ ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥ ਆਦਿ ੫੯੩*

*ਗੁਰਮੁਖਿ ਗਾਵੈ ਗੁਰਮੁਖਿ ਬੋਲੈ॥ ਗੁਰਮੁਖਿ ਤੋਲਿ ਤੁੋਲਾਵੈ ਤੋਲੈ॥ ਗੁਰਮੁਖਿ ਆਵੈ ਜਾਇ ਨਿਸੰਗੁ॥ ਪਰਹਰਿ ਮੈਲੁ ਜਲਾਇ ਕਲੰਕੁ॥ ਗੁਰਮੁਖਿ ਨਾਦ ਬੇਦ ਬੀਚਾਰੁ॥ ਗੁਰਮੁਖਿ ਮਜਨੁ ਚਜੁ ਅਚਾਰੁ॥ ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ॥ ਨਾਨਕ ਗੁਰਮੁਖਿ ਪਾਵੈ ਪਾਰੁ॥ ਆਦਿ ੯੩੨*

*ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥ ਆਦਿ ੪੮੮*

*ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥ ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥ ਆਦਿ ੫੩੨*

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ਆਦਿ ੧੩੬੫*

*ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ॥ ਮਾਤ ਪਿਤਾ ਸਾਜਨ ਸੰਤ ਮੇਰੇ ਸੰਤ ਸਹਾਈ ਬੀਰ॥੧॥ ਆਦਿ ੯੭੮*

## ਜਨਮ ਸੰਸਕਾਰ

ਜਿਸ ਸਮੇਂ ਇਹ ਖੁਸ਼ੀ ਦੀ ਖਬਰ ਬਾਬਾ ਕਾਹਨ ਸਿੰਘ ਜੀ ਨੂੰ ਮਿਲੀ ਉਸ ਸਮੇਂ ਉਹ ਜੇਠ ਹਾੜ ਦੀ ਤੱਤੀ ਲੋਅ ਵਿਚ ਖੇਤਾਂ ਵਿੱਚ ਕਹੀ ਨਾਲ ਵੱਟਾਂ ਪਾ ਰਹੇ ਸਨ। ਮਨ ਵਿਚ ਇਹ ਖਿਆਲ ਸੀ ਕਿ ਜਦੋਂ ਬੱਦਲਾਂ ਦੀ ਵਰਖਾ ਆਵੇਗੀ ਖੇਤ ਪਾਣੀ ਨਾਲ ਲਬਾ ਲਬ ਭਰ ਜਾਣਗੇ। ਪੁੱਤਰ ਦੇ ਜਨਮ ਦੀ ਖਬਰ ਨੂੰ ਸੁਣ ਕੇ ਬਾਬਾ ਕਾਹਨ ਸਿੰਘ ਜੀ ਇਉਂ ਖੁਸ਼ ਹੋ ਗਏ ਮਾਨੋਂ ਬਦਲਾਂ ਦੀ ਵਰਖਾ ਪੈਣ ਨਾਲ ਸਾਰੇ ਖੇਤ ਪਾਣੀ ਨਾਲ ਲਬਾ ਲਬ ਭਰ ਗਏ ਹੋਣ। ਭੁਝੰਗੀ ਦੇ ਜਨਮ ਹੋਣ ਤੇ ਮਾਨੋਂ ਜਗਤ ਦੇ ਸਾਰੇ ਸੁਖ ਘਰ ਵਿੱਚ ਹੀ ਪ੍ਰਾਪਤ ਹੋ ਗਏ ਹੋਣ। ਬਾਬਾ ਕਾਹਨ ਸਿੰਘ ਜੀ ਨੇ ਧਿਆਨ ਨਾਲ ਦੋਵੇਂ ਹੱਥ ਜੋੜ ਕੇ ਆਪਣੇ ਖੇਤ ਵਿੱਚ ਹੀ ਅਨੰਦਪੁਰ ਸਾਹਿਬ ਵੱਲ ਮੂੰਹ ਕਰਕੇ ਧਰਤੀ ਤੇ ਸੀਸ ਧਰ ਕੇ ਗੁਰੂ ਕਲਗੀਆਂ ਵਾਲੇ ਸਚੇ ਪਾਤਿਸ਼ਾਹ ਦੇ ਚਰਨਾਂ ਤੇ ਨਮਸਕਾਰ ਕੀਤੀ। ਖੁਸ਼ੀ ਦੀ ਖਬਰ ਮਿਲਣ ਉਪਰੰਤ ਖੇਤਾਂ ਵਿੱਚ ਇਸ਼ਨਾਨ ਪਾਣੀ ਕਰਕੇ ਬਾਬਾ ਕਾਹਨ ਸਿੰਘ ਜੀ ਆਪਣੇ ਘਰ ਆ ਗਏ। ਘਰ ਵਿੱਚ ਪਹਿਲਾਂ ਹੀ ਪਤਾਸੇ ਲਿਆ ਕੇ ਰੱਖੇ ਹੋਏ ਸਨ। ਸਰਬਲੋਹ ਦੇ ਬਾਟੇ ਵਿੱਚ ਸਵੱਛ ਜਲ ਅਤੇ ਕੁਝ ਪਤਾਸੇ ਪਾ ਕੇ ਗਾਤਰੇ ਵਾਲੀ ਛੋਟੀ ਸ੍ਰੀ ਸਾਹਿਬ ਫੇਰਦੇ ਸਮੇਂ ਜਪੁ ਜੀ ਸਾਹਿਬ ਦਾ ਪਾਠ ਕੀਤਾ ਅਤੇ ਅਰਦਾਸ ਕੀਤੀ। ਸਰਬਲੋਹ ਦੇ ਬਾਟੇ ਵਿੱਚੋਂ ਕ੍ਰਿਪਾਨ ਦੀ ਨੋਕ ਨਾਲ ਅੰਮ੍ਰਿਤ ਦੀਆਂ ਬੂੰਦਾਂ ਹੋਣਹਾਰ ਪੁੱਤਰ ਦੇ ਮੁੱਖ ਵਿੱਚ ਪਾਈਆਂ ਅਤੇ ਬਾਕੀ ਦਾ ਅੰਮ੍ਰਿਤ ਮਾਤਾ ਪ੍ਰੇਮ ਕੌਰ ਜੀ ਨੂੰ ਛਕਾ ਦਿੱਤਾ ਅਤੇ ਬਾਕੀ ਸੰਗਤਾਂ ਨੂੰ ਪਤਾਸਿਆਂ ਦਾ ਪ੍ਰਸਾਦਿ ਵੰਡ ਦਿੱਤਾ।

## ਮਹਾਂਪੁਰਖਾਂ ਦਾ ਪਵਿੱਤਰ ਨਾਮ ਰੱਖਣਾ

ਜਦੋਂ ਭੁਝੰਗੀ ਸਿੰਘ ਕੁਝ ਦਿਨਾਂ ਦਾ ਹੋਇਆ ਅਤੇ ਮਾਤਾ ਜੀ ਆਪਣੀ ਸਰੀਰਕ ਕ੍ਰਿਆ ਚੰਗੀ ਤਰ੍ਹਾਂ ਆਪ ਸੋਧਣ ਲੱਗ ਪਏ ਤਾਂ ਮਾਤਾ ਜੀ ਨੇ ਅੰਮ੍ਰਿਤ ਵੇਲੇ ਆਪ ਇਸ਼ਨਾਨ ਕੀਤਾ ਅਤੇ ਭੁਝੰਗੀ ਸਿੰਘ ਨੂੰ ਵੀ ਨਾਲ ਇਸ਼ਨਾਨ ਕਰਵਾਇਆ। ਬਾਬਾ ਕਾਹਨ ਸਿੰਘ ਜੀ ਨੇ ਵੀ ਇਸ਼ਨਾਨ ਕਰਕੇ ਨਿਤਨੇਮ ਕੀਤਾ। ਫੇਰ ਬਹੁਤ ਖੁਸ਼ੀ ਦੇ ਨਾਲ ਕੜਾਹ ਪ੍ਰਸ਼ਾਦਿ ਬਣਾਉਣ ਵਾਸਤੇ ਆਪਣੇ ਗੱਡੇ ਵਿੱਚ ਰਸਦਾਂ ਬਸਦਾਂ ਰੱਖ ਲਈਆਂ। ਮਾਤਾ ਪ੍ਰੇਮ ਕੌਰ ਜੀ ਆਪਣੇ ਪਿਆਰੇ ਹੋਣਹਾਰ ਪੁੱਤਰ ਨੂੰ ਗੋਦੀ ਵਿੱਚ ਲੈ ਕੇ ਬੈਲਾਂ ਵਾਲੇ ਗੱਡੇ ਵਿੱਚ ਬੈਠ ਗਏ। ਬਾਬਾ ਕਾਹਨ ਸਿੰਘ ਜੀ ਹੌਲੀ-ਹੌਲੀ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ ਪਿੰਡ ਪਿਲਖਣੀ ਤਹਿਸੀਲ ਰਾਜਪੁਰਾ ਵਿਖੇ ਪਹੁੰਚ ਗਏ। ਮਾਤਾ ਪ੍ਰੇਮ ਕੌਰ ਜੀ ਆਪਣੇ ਪੁੱਤਰ ਸਮੇਤ ਗੱਡੇ ਵਿੱਚੋਂ ਅਰਾਮ ਨਾਲ ਉਤਰ ਕੇ ਗੁਰੂ ਘਰ ਪਹੁੰਚ ਕੇ ਖੁਸ਼ੀ ਦੇ ਨਾਲ ਦੁੱਧ ਚੁੰਘਾਉਣ ਲੱਗ ਪਏ। ਮਾਤਾ ਪ੍ਰੇਮ

ਕੌਰ ਜੀ ਨੇ ਆਪਣੇ ਪਿਆਰੇ ਪੁੱਤਰ ਦੀ ਸਰੀਰਕ ਕਿਰਿਆ ਸੋਧ ਕੇ ਦਰਬਾਰ ਸਾਹਿਬ ਵਿਖੇ ਮੱਥਾ ਟਿਕਾਇਆ। ਬਾਬਾ ਕਾਹਨ ਸਿੰਘ ਜੀ ਨੇ ਰਸਦਾਂ ਬਸਦਾਂ ਉਤਾਰ ਕੇ ਗੁਰੂ ਘਰ ਵਿਖੇ ਗ੍ਰੰਥੀ ਸਾਹਿਬ ਨੂੰ ਦੇ ਦਿੱਤੀਆਂ। ਗ੍ਰੰਥੀ ਸਾਹਿਬ ਨੇ ਕੜਾਹ ਪ੍ਰਸ਼ਾਦਿ ਸਜਾ ਕੇ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਚੌਂਕੀ ਤੇ ਰੱਖ ਦਿੱਤਾ। ਸ਼੍ਰੀ ਅਨੰਦ ਸਾਹਿਬ ਜੀ ਦਾ ਸੰਪੂਰਨ ਪਾਠ ਕਰਕੇ ਗ੍ਰੰਥੀ ਸਿੰਘ ਸਾਹਿਬ ਨੇ ਅਰਦਾਸ ਕੀਤੀ ਅਤੇ ਮਹਾਰਾਜ ਜੀ ਦਾ ਪਵਿੱਤਰ ਹੁਕਮਨਾਮਾ ਲਿਆ।

*ਸੂਹੀ ਮਹਲਾ ੫॥*
*ਗੁਰੁ ਪਰਮੇਸਰੁ ਕਰਣੈਹਾਰੁ॥ ਸਗਲ ਸ੍ਰਿਸਟਿ ਕਉ ਦੇ ਆਧਾਰੁ॥੧॥*
*ਗੁਰ ਕੇ ਚਰਣ ਕਮਲ ਮਨ ਧਿਆਇ॥*
*ਦੂਖੁ ਦਰਦੁ ਇਸੁ ਤਨ ਤੇ ਜਾਇ॥੧॥ ਰਹਾਉ॥*
*ਭਵਜਲਿ ਡੂਬਤ ਸਤਿਗੁਰੁ ਕਾਢੈ॥ਜਨਮ ਜਨਮ ਕਾ ਟੂਟਾ ਗਾਢੈ॥੨॥*
*ਗੁਰ ਕੀ ਸੇਵਾ ਕਰਹੁ ਦਿਨੁ ਰਾਤਿ॥ਸੂਖ ਸਹਜ ਮਨਿ ਆਵੈ ਸਾਂਤਿ॥੩॥*
*ਸਤਿਗੁਰ ਕੀ ਰੇਣੁ ਵਡਭਾਗੀ ਪਾਵੈ॥*
*ਨਾਨਕ ਗੁਰ ਕਉ ਸਦ ਬਲਿ ਜਾਵੈ॥੪॥੧੬॥੨੨॥*

*ਆਦਿ ੭੪੧*

ਸ਼੍ਰੀ ਮੁਖਵਾਕ ਦੇ ਸਬਦ ਦੇ ਪਹਿਲੇ ਅੱਖਰ 'ਗ' ਤੋਂ ਗ੍ਰੰਥੀ ਸਿੰਘ ਨੇ ਹੋਣਹਾਰ ਬਾਲਕ ਦਾ ਨਾਮ ਗੁਰਬਚਨ ਸਿੰਘ ਰੱਖਿਆ। ਜੋ ਸਮਾਂ ਪਾ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਨਾਮ ਨਾਲ ਪ੍ਰਸਿੱਧ ਹੋਏ।

## ਗ੍ਰੰਥੀ ਸਿੰਘ ਦਾ ਸਤਿਕਾਰ

ਬਾਬਾ ਕਾਹਨ ਸਿੰਘ ਜੀ ਆਪਣੇ ਨਾਲ ਗ੍ਰੰਥੀ ਬਲਕਾਰ ਸਿੰਘ ਜੀ ਨੂੰ ਉਪਲਹੇੜੀ ਵਿਖੇ ਲੈ ਆਏ। ਗ੍ਰੰਥੀ ਬਲਕਾਰ ਸਿੰਘ ਜੀ ਦੇ ਮੁੱਖ ਤੇ ਅਜੇ ਥੋੜ੍ਹਾ ਥੋੜ੍ਹਾ ਦਾਹੜਾ ਆ ਰਿਹਾ ਸੀ। ਨਿਹੰਗ ਸਿੰਘਾਂ ਵਾਲਾ ਨੀਲਾ ਬਾਣਾ ਬਹੁਤ ਸੋਭਾ ਪਾ ਰਿਹਾ ਸੀ। ਗ੍ਰੰਥੀ ਬਲਕਾਰ ਸਿੰਘ ਜੀ ਦੇ ਪਿਤਾ ਬਾਬਾ ਲਛਮਣ ਸਿੰਘ ਨਿਹੰਗ ਸਿੰਘ ਹਨ ਜੋ ਰਹਿਤ ਵਿਚ ਪਰਪੱਕ ਅਤੇ ਨਿਤਨੇਮੀ ਹਨ। ਇਨ੍ਹਾਂ ਨੇ ਗੁਰੂ ਘਰ ਰਹਿ ਕੇ ਸਿੰਘਾਂ ਨੂੰ ਗੁਰਮੁਖੀ ਪੜ੍ਹਾ ਕੇ ਅਖੰਡ ਪਾਠੀ ਬਣਾਇਆ। ਗ੍ਰੰਥੀ ਸਿੰਘ ਨੂੰ ਬਾਬਾ ਕਾਹਨ ਸਿੰਘ ਜੀ ਨੇ ਘਰ ਦੇ ਵਿਹੜੇ ਵਿੱਚ ਖੜ੍ਹੇ ਨਿੰਮ ਦੇ ਦਰਖਤ ਥੱਲੇ ਮੰਜਾ ਡਾਹ ਕੇ ਵਿਛਾਈ ਕਰਕੇ ਸੁੰਦਰ ਆਸਣ ਉੱਤੇ ਬੈਠਣ ਲਈ ਆਖਿਆ। ਗ੍ਰੰਥੀ ਸਿੰਘ ਨੇ ਆਖਿਆ ਕਿ ਬਾਬਾ ਜੀ ਮੈਂ ਤਾਂ ਆਪ ਦੇ ਬੱਚਿਆਂ ਵਰਗਾ ਹਾਂ ਮੈਂ ਇਕੱਲਾ ਪਲੰਘ ਤੇ ਨਹੀਂ ਬੈਠ ਸਕਦਾ। ਬਾਬਾ ਕਾਹਨ ਸਿੰਘ ਜੀ ਦੇ ਦੁਬਾਰਾ ਕਹਿਣ ਤੇ ਗ੍ਰੰਥੀ ਬਲਕਾਰ ਸਿੰਘ ਪਲੰਘ ਤੇ ਬੈਠ ਗਏ। ਬਾਬਾ ਜੀ ਨੇ ਨਿੰਮ ਦੇ ਦਰਖਤ ਦੀ ਛਾਂ ਥੱਲੇ ਫਰਸ਼ ਵਿਛਾ

ਦਿੱਤਾ। ਸਾਰੇ ਰਿਸ਼ਤੇਦਾਰ ਬੈਠ ਗਏ। ਗ੍ਰੰਥੀ ਸਿੰਘ ਜੀ ਨੇ ਬਾਬਾ ਕਾਹਨ ਸਿੰਘ ਜੀ ਹੁਰਾਂ ਨੂੰ ਮੁੜ ਬੇਨਤੀ ਕੀਤੀ ਕਿ ਆਪ ਜੀ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਨਿਤਨੇਮੀ ਸਿੰਘ ਹੋ ਅਤੇ ਮੇਰੇ ਪਿਤਾ ਜੀ ਤੋਂ ਵੀ ਵੱਡੇ ਹੋ ਇਸ ਲਈ ਪਲੰਘੇ ਤੇ ਮੇਰੇ ਬਰਾਬਰ ਸਜ ਜਾਓ। ਬਾਬਾ ਕਾਹਨ ਸਿੰਘ ਜੀ ਨੇ ਆਖਿਆ ਤੁਸੀਂ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਤੇ ਸੇਵਾ ਨਿਭਾ ਰਹੇ ਹੋ ਇਸ ਲਈ ਤੁਸੀਂ ਪਲੰਘੇ ਤੇ ਬੈਠ ਜਾਉ। ਇਸ ਤਰ੍ਹਾਂ ਜਦੋਂ ਬਾਬਾ ਕਾਹਨ ਸਿੰਘ ਜੀ ਛੋਟੀ ਉਮਰ ਦੇ ਗ੍ਰੰਥੀ ਸਿੰਘ ਦਾ ਸਤਿਕਾਰ ਕਰ ਰਹੇ ਸਨ ਤਾਂ ਉਸ ਸਮੇਂ ਕੁਝ ਰਿਸ਼ਤੇਦਾਰ, ਨਾਲ ਲਗਦੇ ਪਿੰਡਾਂ ਦੀਆਂ ਸੰਗਤਾਂ ਅਤੇ ਨਗਰ ਦੀਆਂ ਸੰਗਤਾਂ ਇਹ ਸਾਰਾ ਕੁਝ ਵੇਖ ਰਹੀਆਂ ਸਨ। ਬਾਬਾ ਕਾਹਨ ਸਿੰਘ ਜੀ ਲੰਗਰ ਦੇ ਬਰਤਨ ਮਾਂਜਣ ਵਾਸਤੇ ਚਲੇ ਗਏ ਅਤੇ ਕੁਝ ਨਾਲ ਲਗਦੇ ਪਿੰਡ ਤੋਂ ਆਏ ਹੋਏ ਸਿੰਘ ਵੀ ਲੰਗਰ ਦੀ ਸੇਵਾ ਵਿੱਚ ਲੱਗ ਗਏ। ਸਿੰਘ ਬਰਤਨਾਂ ਦੀ ਸੁਧਾਈ ਕਰਕੇ ਮੰਜੇ ਤੇ ਰੱਖੀ ਜਾਂਦੇ। ਕੁਝ ਬੀਬੀਆਂ ਲੋਹ ਤੇ ਪ੍ਰਸ਼ਾਦੇ ਪਕਾ ਰਹੀਆਂ ਸਨ ਅਤੇ ਇੱਕ ਬੀਬੀ ਕੋਲ ਬੈਠੀ ਸੁਖਮਨੀ ਸਾਹਿਬ ਦਾ ਪਾਠ ਲੰਗਰ ਪਕਾਉਣ ਵਾਲੀਆਂ ਬੀਬੀਆਂ ਨੂੰ ਸੁਣਾ ਰਹੀ ਸੀ। ਇਸ ਤਰ੍ਹਾਂ ਬਹੁਤ ਸਤਿਕਾਰ ਅਤੇ ਪਵਿੱਤਰਤਾ ਦੇ ਨਾਲ ਗੁਰੂ ਕਾ ਲੰਗਰ ਤਿਆਰ ਹੋ ਰਿਹਾ ਸੀ।

### ਪਸ਼ੂਆਂ ਦੀ ਸੇਵਾ ਸੰਭਾਲ

ਪਰਮੇਸ਼ਰ ਨੇ ਇਸ ਧਰਤੀ ਤੇ ਆਪਾਂ ਨੂੰ ਸਰਦਾਰੀ ਬਖਸ਼ੀ ਹੈ। ਬਾਕੀ ਸਾਰੀਆਂ ਜੂਨਾਂ ਦੇ ਜੀਵ ਆਪਣੇ ਸੇਵਾਦਾਰ ਹਨ। ਸਾਨੂੰ ਸੇਵਾਦਾਰਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਸਿੱਖ ਤਾਂ ਸਭ ਨੂੰ ਵਰਤਾ ਕੇ ਆਪ ਪਿੱਛੋਂ ਛਕਦਾ ਹੈ।

***ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥***
***ਆਦਿ ੩੭੪***

ਜਦੋਂ ਬੀਬੀਆਂ ਲੋਹ ਤੇ ਲੰਗਰ ਪਕਾ ਰਹੀਆਂ ਸਨ ਅਤੇ ਗ੍ਰੰਥੀ ਸਾਹਿਬ ਪਲੰਘ ਤੇ ਬੈਠੇ ਸੰਗਤਾਂ ਨਾਲ ਬਚਨ ਬਿਲਾਸ ਕਰ ਰਹੇ ਸਨ ਉਸ ਸਮੇਂ ਬਾਬਾ ਕਾਹਨ ਸਿੰਘ ਜੀ ਨੇ ਗਾਵਾਂ ਤੇ ਮੱਝਾਂ ਨੂੰ ਪਾਣੀ ਪਿਲਾ ਕੇ ਦਰੱਖਤਾਂ ਦੀ ਛਾਂ ਹੇਠ ਬੰਨ੍ਹਿਆ। ਜਦੋਂ ਗਾਂ ਦਾ ਵੱਛਾ ਮਸਤੀ ਨਾਲ ਇੱਧਰ ਉਧਰ ਘੁੰਮਦਾ ਸੀ ਤਾਂ ਪਿੰਡ ਦੇ ਕਿਸੇ ਨੌਜੁਆਨ ਬੱਚੇ ਨੇ ਵੱਛੇ ਨੂੰ ਫੜ ਕੇ ਗਾਲ਼ ਕੱਢੀ ਅਤੇ ਖੁੰਡੇ ਨਾਲ ਬੰਨ੍ਹ ਦਿੱਤਾ। ਜਦੋਂ ਇਹ ਗੰਦੀ ਗਾਲ਼ ਬਾਬਾ ਕਾਹਨ ਸਿੰਘ ਜੀ ਨੇ ਸੁਣੀ ਤਾਂ ਉਨ੍ਹਾਂ ਨੂੰ ਬਹੁਤ ਬੁਰਾ ਲੱਗਿਆ। ਉਸ ਨੌਜੁਆਨ ਨੇ ਭਾਂਪ ਲਿਆ ਕਿ ਬਾਬਾ ਜੀ ਗਾਲ਼ ਤੋਂ ਪਰੇਸ਼ਾਨ ਹੋ ਗਏ ਹਨ। ਸੰਗਤ ਵਿੱਚੋਂ ਇੱਕ ਬੀਬੀ ਨੇ ਦੱਸਿਆ ਕਿ ਗਿਆਨੀਆਂ ਦੇ ਪਰਿਵਾਰ ਵਿੱਚ ਪਸ਼ੂ, ਜਾਨਵਰ ਜਾਂ ਪੰਛੀ ਆਦਿ ਨੂੰ ਵੀ ਕੋਈ ਗਾਲ਼ ਨਹੀਂ ਕੱਢਦਾ। ਬੀਬੀ ਦੇ ਕਹਿਣ ਤੇ ਉਸ

ਨੌਜੁਆਨ ਨੇ ਸਾਰਿਆਂ ਦੇ ਸਾਹਮਣੇ ਬਾਬਾ ਕਾਹਨ ਸਿੰਘ ਪਾਸੋਂ ਮੁਆਫੀ ਮੰਗੀ। ਬਾਬਾ ਕਾਹਨ ਸਿੰਘ ਨੇ ਦੱਸਿਆ ਜੇਕਰ ਆਪਾਂ ਕਿਸੇ ਨੂੰ ਮੰਦੇ ਬੋਲ ਬੋਲਾਂਗੇ ਤਾਂ ਆਪਣਾ ਮਨ ਵੀ ਫਿੱਕਾ ਪੈ ਜਾਂਦਾ ਹੈ। ਜਿਹੜੇ ਪਸ਼ੂ ਅਤੇ ਜਾਨਵਰ ਸਾਡੇ ਵਫਾਦਾਰ ਹਨ ਉਨ੍ਹਾਂ ਨਾਲ ਮੰਦਾ ਬੋਲ ਬੋਲਣਾ ਸੋਭਾ ਨਹੀਂ ਪਾਉਂਦਾ। ਦੂਜਾ ਇਹ ਕਿ ਆਪਣੇ ਲੰਗਰ ਤੋਂ ਪਹਿਲਾਂ ਘਰ ਵਿੱਚ ਜਿਹੜੇ ਪਸ਼ੂ ਰੱਸਿਆਂ ਨਾਲ ਬੰਨ੍ਹੇ ਹੋਏ ਹਨ ਉਨ੍ਹਾਂ ਨੂੰ ਪਾਣੀ ਦਿਖਾਉਣਾ ਅਤੇ ਸਮੇਂ ਸਿਰ ਪੱਠੇ ਪਾਉਣੇ ਬਹੁਤ ਜਰੂਰੀ ਹਨ। ਪਸ਼ੂਆਂ ਨੂੰ ਗਰਮੀ ਸਰਦੀ ਤੋਂ ਬਚਾਉਣਾ ਬਹੁਤ ਜਰੂਰੀ ਹੈ। ਜੇਕਰ ਗਾਵਾਂ ਅਤੇ ਮੱਝਾਂ ਸਾਫ ਸੁਥਰੀ ਥਾਂ ਤੇ ਅਰਾਮ ਕਰਨਗੀਆਂ ਅਤੇ ਵਧੀਆ ਤਾਜੇ ਪੱਠੇ ਖਾਣਗੀਆਂ ਤਾਂ ਵਧੀਆ ਦੁੱਧ ਦੇਣਗੀਆਂ। ਬਿਮਾਰ ਪਸ਼ੂਆਂ ਦਾ ਦੁੱਧ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ। ਇਸ ਪਰਿਵਾਰ ਦਾ ਰਹਿਣ ਸਹਿਣ ਵੇਖ ਕੇ ਗ੍ਰੰਥੀ ਸਿੰਘ ਬਹੁਤ ਖੁਸ਼ ਹੋਏ ਅਤੇ ਕਹਿਣ ਲੱਗੇ ਕਿ ਇਸ ਤਰ੍ਹਾਂ ਦੇ ਮਾਹੌਲ ਵਿੱਚ ਪਲਿਆ ਬੱਚਾ ਗੁਰਮੁਖ ਬਣ ਜਾਂਦਾ ਹੈ।

## ਮਾਤਾ ਪਿਤਾ ਦੀ ਸਿੱਖੀ ਦੀ ਘਾਲਣਾ ਦੀ ਸਿਫਤ

ਜਦੋਂ ਗ੍ਰੰਥੀ ਬਲਕਾਰ ਸਿੰਘ ਖੁਲ੍ਹੇ ਵਿਹੜੇ ਵਿੱਚ ਸੁੰਦਰ ਆਸਣ ਤੇ ਸਜੇ ਹੋਏ ਬੈਠੇ ਸਨ ਤਾਂ ਹੋਰ ਸੰਗਤਾਂ ਵੀ ਆ ਗਈਆਂ। ਗ੍ਰੰਥੀ ਸਾਹਿਬ ਨੂੰ ਆਈ ਹੋਈ ਸੰਗਤ ਵਿੱਚੋਂ ਇੱਕ ਸਿੰਘ ਕਹਿਣ ਲੱਗਿਆ ਕਿ ਇਹ ਅੰਮ੍ਰਿਤਧਾਰੀ ਜੋੜੀ ਕਾਕਰੋਂ ਪਿੰਡ ਤੋਂ ਆਈ ਹੋਈ ਹੈ। ਇਲਾਕੇ ਦੇ ਸਾਰੇ ਲੋਕ ਇਨ੍ਹਾਂ ਨੂੰ ਗਿਆਨੀਆਂ ਦਾ ਪਰਿਵਾਰ ਕਹਿੰਦੇ ਹਨ। ਇਨ੍ਹਾਂ ਦੇ ਘਰਾਂ ਵਿੱਚੋਂ ਕੋਈ ਵੀ ਪਰਿਵਾਰ ਤੰਬਾਕੂ ਦੀ ਖੇਤੀ ਨਹੀਂ ਕਰਦਾ। ਉਸ ਸਮੇਂ ਬਾਬਾ ਕਾਹਨ ਸਿੰਘ ਜੀ ਵੀ ਪਸ਼ੂਆਂ ਨੂੰ ਦਰੱਖਤਾਂ ਦੀ ਛਾਂ ਹੇਠ ਬੰਨ੍ਹ ਕੇ ਪੱਠੇ ਪਾ ਰਹੇ ਸਨ। ਗ੍ਰੰਥੀ ਸਿੰਘ ਨੇ ਦਸਵੇਂ ਪਾਤਿਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਵਾਲੀ ਉਹ ਸਾਖੀ ਸੁਣਾਈ ਜਿਸ ਤੰਬਾਕੂ ਦੇ ਖੇਤ ਵਿਚ ਗੁਰੂ ਸਾਹਿਬ ਦਾ ਘੋੜਾ ਨਹੀਂ ਵੜਿਆ ਸੀ।

**ਸਾਖੀ:** ਤੰਬਾਕੂ ਦੇ ਖੇਤ ਵਿਚ ਕਲਗੀਧਰ ਜੀ ਦੇ ਘੋੜੇ ਨੇ ਨਾ ਵੜਨਾ।

ਗ੍ਰੰਥੀ ਸਾਹਿਬ ਇਸ ਪਰਿਵਾਰ ਦੀ ਮਹਿਮਾ ਸੁਣ ਕੇ ਬਹੁਤ ਪ੍ਰਸੰਨ ਹੋਏ। ਗ੍ਰੰਥੀ ਸਾਹਿਬ ਨੇ ਗਾਤਰੇ ਜੋ ਵੱਡੀ ਸ਼੍ਰੀ ਸਾਹਿਬ ਸਜਾਈ ਹੋਈ ਸੀ ਉਹ ਉਨ੍ਹਾਂ ਨੇ ਲਾਹ ਕੇ ਸਿਰਹਾਣੇ ਉਪਰ ਰੱਖੀ ਹੋਈ ਸੀ। ਨੀਲਾ ਚੋਲਾ ਅਤੇ ਫਰਲੇ ਵਾਲੀ ਨੀਲੀ ਦਸਤਾਰ ਦੇ ਉਪਰ ਸਰਬਲੋਹ ਦਾ ਖੰਡਾ ਅਤੇ ਚੱਕਰ ਸਜਾਏ ਹੋਏ ਸਨ। ਜਦੋਂ ਨਗਰ ਦੇ ਵਸਨੀਕ ਬਾਬਾ ਕਾਹਨ ਸਿੰਘ ਜੀ ਦੇ ਪਰਿਵਾਰ ਦੀ ਸਿਫਤ ਕਰਦੇ ਸਨ ਉਸ ਸਮੇਂ ਗ੍ਰੰਥੀ ਸਿੰਘ ਆਪਣੇ ਗਾਤਰੇ ਸਜਾਈ ਹੋਈ ਛੋਟੀ ਸ਼੍ਰੀ ਸਾਹਿਬ ਨੂੰ ਨਿੰਮ ਥੱਲੇ ਪਏ ਰੇਤੇ ਨਾਲ ਮਾਂਝਦੇ ਰਹੇ। ਉਨ੍ਹਾਂ ਨੇ ਕੜੇ ਵੀ ਮਾਂਜੇ। ਗ੍ਰੰਥੀ ਸਿੰਘ ਆਖਣ ਲਗੇ ਕਿ ਮੈਂ

ਕਾਫੀ ਦੇਰ ਤੋਂ ਇਸ ਇਲਾਕੇ ਵਿੱਚ ਰਹਿ ਕੇ ਵਿੱਦਿਆ ਪੜ੍ਹ ਰਿਹਾ ਹਾਂ ਪਰ ਬਾਬਾ ਕਾਹਨ ਸਿੰਘ ਜੀ ਦੇ ਮਨ ਵਿੱਚ ਜੋ ਸੇਵਾ ਕਰਨ ਦਾ ਚਾਓ ਵੇਖਿਆ ਹੈ ਅਜਿਹਾ ਚਾਓ ਮੈਂ ਅਜ ਤੀਕ ਕਿਸੇ ਵਿਚ ਨਹੀਂ ਵੇਖਿਆ। ਇਹ ਹਰ ਸਾਲ ਕੱਤਕ ਦੀ ਪੂਰਨਮਾਸੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਰੌਲਾਂ ਲਾਉਂਦੇ ਹਨ ਅਤੇ ਨਾਲ ਨਾਲ ਤਿੰਨੇ ਦਿਨ ਲੰਗਰਾਂ ਦੀ ਸੇਵਾ ਆਪਣੇ ਹੱਥੀਂ ਕਰਦੇ ਹਨ। ਗ੍ਰੰਥੀ ਸਿੰਘ ਕਹਿਣ ਲੱਗੇ ਕਿ ਮੇਰੇ ਪਿਤਾ ਜੀ ਨੇ ਇਹ ਵੀ ਦੱਸਿਆ ਹੈ ਕਿ ਇਹ ਰੌਲਾਂ ਦੇ ਕਦੇ ਵੀ ਪੈਸੇ ਨਹੀਂ ਲੈਂਦੇ ਸਗੋਂ ਘਰੋਂ ਲੰਗਰ ਲਈ ਰਸਦਾਂ ਬਸਦਾਂ ਲੈ ਕੇ ਆਉਂਦੇ ਹਨ। ਇਸ ਅਸਥਾਨ ਤੇ ਜਦੋਂ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ ਉਸ ਸਮੇਂ ਤੋਂ ਹਰ ਸਾਲ ਕੱਤਕ ਦੀ ਪੂਰਨਮਾਸੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾਂਦੇ ਹਨ। ਮੇਰੇ ਪਿਤਾ ਜੀ ਵੀ ਬਚਪਨ ਵਿਚ ਸ੍ਰੀ ਜਪੁ ਜੀ ਸਾਹਿਬ ਦੀਆਂ ਰੌਲਾਂ ਲਾਉਂਦੇ ਰਹੇ ਹਨ।

## ਲੰਗਰ ਦੀ ਪਵਿੱਤਰਤਾਈ

ਸੰਗਤ ਦੇ ਵਿੱਚੋਂ ਕਿਸੇ ਇੱਕ ਬਜੁਰਗ ਨੇ ਆਖਿਆ ਕਿ ਇਨ੍ਹਾਂ ਦੀ ਘਰ ਵਾਲੀ ਬੀਬੀ ਪ੍ਰੇਮ ਕੌਰ ਵੀ ਰੋਜਾਨਾ ਆਪਣੇ ਘਰ ਵਿੱਚ ਹਰੇਕ ਸਾਧੂ ਅਤੇ ਰਾਹਗੀਰ ਨੂੰ ਬਿਠਾ ਕੇ ਲੰਗਰ ਛਕਾਉਂਦੇ ਹਨ। ਜਦੋਂ ਕੋਈ ਭੁੱਖਾ ਮੰਗਤਾ ਘਰ ਦੇ ਦਰਵਾਜੇ ਤੇ ਆ ਕੇ ਰੋਟੀ ਮੰਗੇ ਤਾਂ ਖੜ੍ਹੇ ਮੰਗਤੇ ਨੂੰ ਇਕ ਜਾਂ ਅੱਧੀ ਰੋਟੀ ਦੇਣ ਦੀ ਬਜਾਏ ਆਪਣੇ ਵੇਹੜੇ ਵਿੱਚ ਬਿਠਾ ਕੇ ਇਕੋ ਵਾਰੀ ਪ੍ਰਸ਼ਾਦਾ ਛਕਾ ਕੇ ਤ੍ਰਿਪਤ ਕਰ ਦਿੰਦੇ ਹਨ। ਚੌਂਕੇ ਤੇ ਲੰਗਰ ਬਣਾਉਂਦੇ ਸਮੇਂ ਮਾਤਾ ਪ੍ਰੇਮ ਕੌਰ ਜੀ ਜਪੁ ਜੀ ਸਾਹਿਬ ਦੇ ਕਈ ਕਈ ਪਾਠ ਕਰ ਲੈਂਦੇ। ਇਨ੍ਹਾਂ ਦੇ ਚੌਂਕੇ ਤੇ ਲੰਗਰ ਦੀ ਸੇਵਾ ਕਰਨ ਤੋਂ ਪਹਿਲਾਂ ਹੱਥ ਧੋਣੇ ਜਰੂਰੀ ਹਨ। ਚੌਂਕੇ ਦੇ ਬਾਹਰਲੇ ਪਾਸੇ ਲੱਕੜ ਦੀ ਘੜੌਂਜੀ ਉੱਤੇ ਇੱਕ ਪਿੱਤਲ ਦਾ ਗੜਵਾ ਹਮੇਸ਼ਾ ਰੱਖਿਆ ਰਹਿੰਦਾ ਹੈ ਜਿਸ ਵਿੱਚ ਪੰਜ ਛੇ ਸੇਰ ਪਾਣੀ ਪੈ ਜਾਂਦਾ ਹੈ। ਇਹ ਗੜਵਾ ਖੱਦਰ ਦੇ ਪੋਣੇ ਨਾਲ ਹਮੇਸ਼ਾਂ ਢਕਿਆ ਰਹਿੰਦਾ ਹੈ। ਇਸ ਗੜਵੇ ਨੂੰ ਕਦੇ ਕੋਈ ਵੀ ਜੂਠੇ ਹੱਥ ਨਹੀਂ ਲਾ ਸਕਦਾ। ਘਰ ਦੇ ਘੜਿਆਂ ਵਿੱਚ ਪਾਣੀ ਖਤਮ ਹੋ ਸਕਦਾ ਹੈ ਪਰ ਇਸ ਹੱਥ ਧੋਣ ਵਾਲੇ ਗੜਵੇ ਵਿੱਚ ਪਾਣੀ ਕਦੇ ਖਤਮ ਨਹੀਂ ਹੁੰਦਾ। ਇਨ੍ਹਾਂ ਦੇ ਘਰ ਵਿਚ ਰੋਜਾਨਾ ਲੋਹ ਤੋਂ ਪ੍ਰਸ਼ਾਦੇ ਲਾਹ ਕੇ ਥਾਲ ਵਿੱਚ ਰੱਖ ਕੇ ਕਟੋਰੇ ਵਿੱਚ ਦਹੀਂ ਜਾਂ ਭਾਜੀ ਪਾ ਕੇ ਭੋਗ ਲਗਾਇਆ ਜਾਂਦਾ ਹੈ। ਫੇਰ ਟੱਬਰ ਦੇ ਜੀਆਂ ਵਿੱਚ ਪ੍ਰਸ਼ਾਦਾ ਵਰਤਾਇਆ ਜਾਂਦਾ ਹੈ। ਪਰਿਵਾਰ ਦੇ ਬੱਚਿਆਂ ਦੇ ਬਚੇ ਹੋਏ ਜੂਠੇ ਪ੍ਰਸ਼ਾਦੇ ਅਤੇ ਦਾਲ ਸਬਜੀ ਪਾਉਣ ਵਾਸਤੇ ਮਾਤਾ ਪ੍ਰੇਮ ਕੌਰ ਜੀ ਮਿੱਟੀ ਦੀਆਂ ਦੋ ਤੌੜੀਆਂ ਢਕ ਕੇ ਰੱਖਦੇ।

## ਲੰਗਰ ਦਾ ਸਤਿਕਾਰ

ਜੂਠੇ ਪ੍ਰਸ਼ਾਦੇ ਅਤੇ ਦਾਲਾਂ ਆਦਿ ਦੀ ਕਦੇ ਵੀ ਬੇਅਦਬੀ ਨਹੀਂ ਹੋਣ ਦਿੰਦੇ।

ਇਨ੍ਹਾਂ ਤੌੜੀਆਂ ਵਿੱਚੋਂ ਪ੍ਰਸ਼ਾਦੇ ਅਤੇ ਦਾਲਾਂ ਪਸ਼ੂਆਂ ਨੂੰ ਪਾ ਦਿੰਦੇ। ਮਾਤਾ ਜੀ ਦੇ ਮਨ ਵਿੱਚ ਅੰਨ ਦਾ ਬਹੁਤ ਸਤਿਕਾਰ ਸੀ। ਆਟਾ ਪੀਹਣ ਤੋਂ ਪਹਿਲਾਂ ਮਾਤਾ ਜੀ ਕਣਕ ਨੂੰ ਚੰਗੀ ਤਰ੍ਹਾਂ ਧੋਂਦੇ ਅਤੇ ਧੁੱਪ ਵਿੱਚ ਸਕਾਉਂਦੇ ਸਮੇਂ ਜੇ ਕੋਈ ਇੱਕ ਦਾਣਾ ਵੀ ਡਿੱਗ ਜਾਵੇ ਉਸ ਨੂੰ ਚੁੱਕ ਲੈਂਦੇ। ਮਾਤਾ ਜੀ ਸਤਿਗੁਰਾਂ ਦੇ ਇਹ ਬਚਨ ਸੁਣਾਉਂਦੇ ਹੁੰਦੇ।

*ਧੰਨੁ ਗੁਪਾਲ ਧੰਨੁ ਗੁਰਦੇਵ॥*
*ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥*
*ਧਨੁ ਓਇ ਸੰਤ ਜਿਨ ਐਸੀ ਜਾਨੀ॥*
*ਤਿਨ ਕਉ ਮਿਲਿਬੋ ਸਾਰਿੰਗਪਾਨੀ॥*

*ਆਦਿ ੮੭੩*

ਬਾਬਾ ਕਾਹਨ ਸਿੰਘ ਅਤੇ ਮਾਤਾ ਜੀ ਸੰਗਰਾਂਦ ਵਾਲੇ ਦਿਨ ਅਤੇ ਸਭਾ ਦੇ ਦਿਨਾਂ ਵਿੱਚ ਲੰਗਰ ਤਿਆਰ ਕਰਕੇ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਜਾ ਕੇ ਸੰਗਤਾਂ ਨੂੰ ਆਪ ਛਕਾਉਂਦੇ। ਇਨ੍ਹਾਂ ਦੀ ਪਵਿੱਤਰ ਸੇਵਾ ਨੂੰ ਦੇਖ ਕੇ ਹੋਰ ਮਾਈਆਂ ਵੀ ਲੰਗਰ ਪਕਾਉਂਦੇ ਸਮੇਂ ਸਤਿਨਾਮ ਵਾਹਿਗੁਰੂ ਕਹਿਣ ਲੱਗ ਪਈਆਂ। ਮਾਤਾ ਪ੍ਰੇਮ ਕੌਰ ਅਤੇ ਬਾਬਾ ਕਾਹਨ ਸਿੰਘ ਜੀ ਦੇ ਮੁੱਖੋਂ ਕਦੇ ਕਿਸੇ ਨੇ ਵੀ ਚੁਗਲੀ ਨਿੰਦਾ ਨਹੀਂ ਸੁਣੀ। ਇਹ ਪਸ਼ੂ ਪਰਿੰਦੇ ਨੂੰ ਵੀ ਗਾਲ ਨਹੀਂ ਕੱਢਦੇ। ਇਸ ਤਰ੍ਹਾਂ ਦੇ ਖੁਸ਼ੀ ਦੇ ਸਮੇਂ ਬਹੁਤ ਸਾਰੇ ਲੋਕਾਂ ਨੇ ਗ੍ਰੰਥੀ ਸਿੰਘ ਕੋਲ ਇਸ ਪਰਿਵਾਰ ਦੀ ਸਿੱਖੀ ਦੀ ਮਹਾਨ ਘਾਲਣਾ ਦੀ ਸਿਫਤ ਕੀਤੀ। ਗ੍ਰੰਥੀ ਸਿੰਘ ਨੇ ਸਾਰੀ ਸੰਗਤ ਨੂੰ ਦੱਸਿਆ ਕਿ ਪ੍ਰਚਾਰ ਨਾਲੋਂ ਅਜਿਹੀ ਪਵਿੱਤਰ ਕਰਣੀ ਦਾ ਸੰਗਤਾਂ ਤੇ ਜਿਆਦਾ ਅਸਰ ਹੁੰਦਾ ਹੈ। ਇਸ ਲਈ ਹਰੇਕ ਸਿੱਖ ਨੂੰ ਬਾਬਾ ਕਾਹਨ ਸਿੰਘ ਜੀ ਦੇ ਪਰਿਵਾਰ ਦੀ ਤਰ੍ਹਾਂ ਸੇਵਾ ਭਾਵਨਾ ਨਾਲ ਕਰਨੀ ਚਾਹੀਦੀ ਹੈ। ਮੇਰੇ ਪਿਤਾ ਜੀ ਮੈਨੂੰ ਸਮਝਾਉਂਦੇ ਰਹਿੰਦੇ ਹਨ ਕਿ ਗੁਰਮਤਿ ਦੇ ਪ੍ਰਚਾਰ ਨਾਲੋਂ ਪਵਿੱਤਰ ਜੀਵਨ ਦਾ ਅਸਰ ਲੋਕਾਂ ਦੇ ਮਨਾਂ ਤੇ ਜਿਆਦਾ ਪੈਂਦਾ ਹੈ। ਇਸ ਤਰ੍ਹਾਂ ਕਾਫੀ ਦੇਰ ਬਚਨ ਬਿਲਾਸ ਹੁੰਦੇ ਰਹੇ।

## ਲੰਗਰ ਦੇ ਥਾਲ ਨੂੰ ਰੋਜਾਨਾ ਭੋਗ ਲਗਾਉਣਾ

*ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ॥*
*ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ॥*

*ਆਦਿ ੧੨੬੬*

ਜਿੰਨੀ ਦੇਰ ਸੰਗਤ ਦੇ ਨਾਲ ਗ੍ਰੰਥੀ ਬਲਕਾਰ ਸਿੰਘ ਜੀ ਦੇ ਬਚਨ ਬਿਲਾਸ ਹੁੰਦੇ ਰਹੇ ਉਨੀਂ ਦੇਰ ਵਿੱਚ ਸੁੱਚੇ ਚੌਂਕੇ ਤੇ ਗੁਰੂ ਕਾ ਲੰਗਰ ਤਿਆਰ ਹੋ ਗਿਆ। ਥਾਲ ਵਿੱਚ ਦਾਲ, ਭਾਜੀ, ਖੀਰ, ਕੜਾਹ ਪ੍ਰਸ਼ਾਦਿ ਸਜਾ ਕੇ ਲਿਆਂਦੇ ਗਏ। ਗ੍ਰੰਥੀ ਸਿੰਘ ਨੇ ਅਰਦਾਸ ਕਰਕੇ ਸ਼੍ਰੀ ਸਾਹਿਬ ਨਾਲ ਭੋਗ ਲਗਵਾਇਆ। ਭੋਗ ਲਾਉਣ ਉਪਰੰਤ ਥਾਲ

ਲੰਗਰ ਵਿੱਚ ਵਾਪਿਸ ਭੇਜ ਦਿੱਤਾ ਗਿਆ। ਭੋਗ ਲਗੇ ਹੋਏ ਪਦਾਰਥਾਂ ਨੂੰ ਸਾਰੇ ਲੰਗਰ ਵਿੱਚ ਰਲਾ ਦਿੱਤਾ ਗਿਆ। ਦੁਬਾਰਾ ਫੇਰ ਥਾਲ ਪਰੋਸ ਕੇ ਗ੍ਰੰਥੀ ਸਿੰਘ ਵਾਸਤੇ ਲਿਆਂਦਾ ਗਿਆ। ਨਗਰ ਅਤੇ ਇਲਾਕਾ ਨਿਵਾਸੀ ਸੰਗਤ ਨੇ ਬਾਬਾ ਬਲਕਾਰ ਸਿੰਘ ਗ੍ਰੰਥੀ ਜੀ ਨੂੰ ਦਸਿਆ ਕਿ ਬਾਬਾ ਕਾਹਨ ਸਿੰਘ ਜੀ ਦੇ ਘਰੋਂ ਮਾਤਾ ਪ੍ਰੇਮ ਕੌਰ ਜੀ ਰੋਜਾਨਾ ਲੰਗਰ ਤਿਆਰ ਕਰ ਕੇ ਥਾਲ ਵਿੱਚ ਪਰੋਸ ਕੇ ਅਰਦਾਸ ਕਰ ਕੇ ਭੋਗ ਲਗਵਾਉਂਦੇ ਹਨ। ਮਾਤਾ ਪ੍ਰੇਮ ਕੌਰ ਜੀ ਰੋਜਾਨਾ ਕਿਸੇ ਗਰੀਬ, ਰਾਹਗੀਰ ਜਾਂ ਸਾਧੂ ਮਹਾਤਮਾ ਨੂੰ ਆਪਣੇ ਹੱਥੀਂ ਲੰਗਰ ਛਕਾਉਂਦੇ ਹਨ। ਗ੍ਰੰਥੀ ਸਾਹਿਬ ਨੇ ਦਸਿਆ ਕਿ ਮੇਰਾ ਵੀ ਪਿਛਲੇ ਕਈ ਸਾਲਾਂ ਤੋਂ ਕਈ ਪਿੰਡਾਂ ਦੀਆਂ ਸੰਗਤਾਂ ਨਾਲ ਵਾਹ ਵਾਸਤਾ ਪੈਂਦਾ ਰਹਿੰਦਾ ਹੈ ਪਰ ਇਸ ਪਰਿਵਾਰ ਜਿੰਨੀ ਸ਼ਰਧਾ ਮੈਂ ਕਿਸੇ ਹੋਰ ਪਰਿਵਾਰ ਵਿੱਚ ਨਹੀਂ ਵੇਖੀ। ਗ੍ਰੰਥੀ ਸਿੰਘ ਨੂੰ ਲੰਗਰ ਛਕਣ ਉਪਰੰਤ ਬਾਬਾ ਕਾਹਨ ਸਿੰਘ ਜੀ ਨੇ ਮਾਤਾ ਪ੍ਰੇਮ ਕੌਰ ਦੇ ਆਪਣੇ ਹੱਥੀਂ ਕੱਤੇ ਹੋਏ ਸੂਤ ਦੇ ਕੱਪੜੇ ਉਪਰ ਸਵਾ ਰੁਪਿਆ ਰੱਖ ਕੇ ਭੇਟਾ ਕੀਤਾ। ਗ੍ਰੰਥੀ ਸਿੰਘ ਨੇ ਲੰਗਰ ਛਕ ਕੇ ਅਰਦਾਸਾ ਸੋਧਿਆ। ਅਰਦਾਸ ਕਰਨ ਮਗਰੋਂ ਗ੍ਰੰਥੀ ਸਿੰਘ ਜੀ ਨੇ ਸਾਰੇ ਪਰਿਵਾਰ ਨੂੰ ਦੱਸਿਆ ਕਿ ਭੁਝੰਗੀ ਸਿੰਘ ਦਾ ਨਾਮ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਂਵੀਂ ਪਿਲਖਣੀ ਵਿਖੇ ਗੁਰੂ ਸਾਹਿਬ ਦੇ ਹੁਕਮਨਾਮੇ ਦੇ ਪਹਿਲੇ ਅੱਖਰ "ਗ" ਤੋਂ ਗੁਰਬਚਨ ਸਿੰਘ ਰੱਖਿਆ ਗਿਆ ਹੈ। ਇਹ ਨਾਮ ਸਾਰੇ ਟੱਬਰ ਅਤੇ ਸੰਗਤ ਨੇ ਖੁਸ਼ੀ ਨਾਲ ਸਵੀਕਾਰ ਕੀਤਾ। ਜੋ ਬਾਅਦ ਵਿੱਚ ਸਿੱਖ ਪੰਥ ਦੇ ਅੰਦਰ ਰਾਗੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਪਵਿੱਤਰ ਨਾਮ ਦੇ ਨਾਲ ਪ੍ਰਸਿੱਧ ਹੋਏ।

## ਪਵਿੱਤਰ ਚੋਲਾ

***ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥ ਆਦਿ ੧੩੨***

ਆਪ ਜੀ ਜਨਮ ਤੋਂ ਹੀ ਸਿਹਤ ਵਿੱਚ ਨਰੋਏ ਅਤੇ ਰੰਗ ਵਿੱਚ ਗੋਰੇ ਸਨ। ਬਾਲਕ ਅਵਸਥਾ ਵਿੱਚ ਵੀ ਆਪ ਜੀ ਦਾ ਬਹੁਤ ਸੁੰਦਰ ਸਰੂਪ ਸੀ। ਵੱਡੇ ਹੋ ਕੇ ਸਾਧ ਸੰਗਤ ਦੀ ਸੇਵਾ ਕਰਕੇ ਸਾਰਾ ਸਰੀਰ ਹੀ ਪਵਿੱਤਰ ਹੋ ਗਿਆ। ਖੇੜੀ ਸਲਾਬਤਪੁਰ ਤੋਂ ਸ:ਬੇਲਾ ਸਿੰਘ ਜੀ ਦੇ ਵੱਡੇ ਸਪੁੱਤਰ ਸ:ਪੂਰਨ ਸਿੰਘ ਜੀ ਘੋੜੇ ਤੇ ਅਸਵਾਰ ਹੋ ਕੇ ਸੁੰਦਰ ਬਸਤਰ ਲੈ ਕੇ ਜਿਉਂ ਹੀ ਪਹੁੰਚੇ ਮੌਕੇ ਤੇ ਬੈਠੀਆਂ ਬੀਬੀਆਂ ਨੇ ਮਾਮਾ ਜੀ ਨੂੰ ਸਿੱਠਣੀਆਂ ਦਿੱਤੀਆਂ। ਮਹਾਂਪੁਰਖਾਂ ਦੇ ਮਾਮਾ ਜੀ ਨੇ ਸਾਰਿਆਂ ਦੇ ਪਿਆਰ ਅਤੇ ਸਤਿਕਾਰ ਨੂੰ ਅੰਗੀਕਾਰ ਕਰਦੇ ਹੋਏ ਬਟੂਏ ਵਿੱਚੋਂ ਮਾਇਆ ਕੱਢ ਕੇ ਬਸਤਰਾਂ ਤੇ ਰੱਖੀ। ਗਰਮੀ ਦੀ ਰੁੱਤ ਅਨੁਸਾਰ ਉਨ੍ਹਾਂ ਬਸਤਰਾਂ ਵਿੱਚ ਬਰੀਕ ਸਫੇਦ ਮਲਮਲ ਦੇ ਕਪੜੇ ਦੇ ਬਹੁਤ ਸਾਰੇ ਸੁੰਦਰ ਚੋਲੇ ਬਾਲਕ ਨੂੰ ਸਜਾਉਣ ਵਾਸਤੇ ਤਿਆਰ ਕਰਕੇ ਪਹਿਲਾਂ ਹੀ ਰੱਖੇ ਹੋਏ ਸਨ। ਮਾਤਾ ਪ੍ਰੇਮ ਕੌਰ ਜੀ ਨੇ ਅਰਦਾਸ ਕਰਵਾ ਕੇ ਪਹਿਲਾ

ਸੁੰਦਰ ਚੋਲਾ ਆਪਣੇ ਹੱਥੀਂ ਪਿਆਰੇ ਪੁੱਤਰ ਨੂੰ ਸਜਾਇਆ। ਇਸ ਤਰ੍ਹਾਂ ਆਪ ਜੀ ਹਮੇਸ਼ਾ ਹੀ ਸਾਰੀ ਉਮਰ ਕਲੀਆਂ ਵਾਲਾ ਚੋਲਾ ਅਤੇ ਰੇਬਦਾਰ ਕਛਹਿਰਾ ਸਜਾਉਂਦੇ ਰਹੇ। ਮਹਾਂਪੁਰਖ ਸਾਰੀ ਉਮਰ ਸੰਗਤਾਂ ਵਿੱਚ ਵਿਚਰੇ ਪਰ ਇਸ ਚੋਲੇ ਨੂੰ ਦਾਗ ਨਹੀਂ ਲਗਣ ਦਿੱਤਾ। ਸੇਵਾ ਕਰਕੇ ਆਪ ਜੀ ਦਾ ਸਰੀਰ ਰੂਪੀ ਚੋਲਾ ਵੀ ਸਦੀਵ ਕਾਲ ਲਈ ਪਵਿੱਤਰ ਅਤੇ ਪੂਜਨੀਕ ਬਣ ਗਿਆ। ਮਹਾਂਪੁਰਖ ਦੇ ਮਾਮਾ ਪੂਰਨ ਸਿੰਘ ਨੇ ਗਰੀਬ ਗੁਰਬੇ ਨੂੰ ਬਹੁਤ ਖੁਸ਼ੀ ਨਾਲ ਪੈਸੇ ਵੰਡੇ। ਮਹਾਂਪੁਰਖਾਂ ਨੇ ਸਾਰੀ ਉਮਰ ਚਾਰ ਪੰਜ ਹੀ ਚੋਲੇ ਰੱਖੇ। ਜਦੋਂ ਕੋਈ ਪਰਿਵਾਰ ਮਹਾਂਪੁਰਖਾਂ ਨੂੰ ਬਸਤਰ ਭੇਟਾ ਕਰਦਾ ਤਾਂ ਉਹ ਵਿਦਿਆਰਥੀ ਸਿੰਘਾਂ ਨੂੰ ਵੰਡ ਦਿੰਦੇ। ਬਸਤਰ ਵੰਡਦੇ ਸਮੇਂ ਮਾਇਆ ਵੀ ਨਾਲ ਦਿੰਦੇ। ਜਿਵੇਂ ਮਾਮਾ ਪੂਰਨ ਸਿੰਘ ਜੀ ਨੇ ਬਸਤਰਾਂ ਦੇ ਨਾਲ ਮਾਇਆ ਰੱਖੀ ਸੀ।

## ਮਹਾਂਪੁਰਖਾਂ ਦੇ ਬੱਤੀ ਲੱਛਣ

ਆਪ ਜੀ ਨਾਨਕਿਆਂ ਅਤੇ ਦਾਦਕਿਆਂ ਵਿੱਚ ਬਹੁਤ ਪਿਆਰੇ ਸਨ। ਜਿਵੇਂ ਸਿਆਣਿਆਂ ਦਾ ਕਥਨ ਹੈ ਕਿ ਇੱਕ ਸ਼੍ਰੇਸ਼ਟ ਪੁਰਖ ਦੇ ਬੱਤੀ ਲੱਛਣ ਹੁੰਦੇ ਹਨ। ਇਨ੍ਹਾਂ ਸਾਰਿਆਂ ਗੁਣਾਂ ਦੀ ਝਲਕ ਮਹਾਂਪੁਰਖਾਂ ਦੇ ਜੀਵਨ ਵਿੱਚੋਂ ਪੈਂਦੀ ਸੀ। ਹਜ਼ੂਰ ਦਾ ਪਵਿੱਤਰ ਫੁਰਮਾਨ ਹੈ:

> ***ਬਤੀਹ ਸੁਲਖਣੀ ਸਚੁ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥ ਇਛ ਪੂਰੇ ਮਨ ਕੰਤ ਸੁਆਮੀ॥ ਸਗਲ ਸੰਤੋਖੀ ਦੇਰ ਜੇਠਾਨੀ॥੩॥ ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥ ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥ ਜਨ ਨਾਨਕ ਸੁਖੇ ਸੁਖਿ ਵਿਹਾਇ॥ ਆਦਿ ੩੭੧***

1. ਸੁੰਦਰ
2. ਸੁਹਿਰਦ
3. ਸੱਚਾ
4. ਸੂਰਮਾ
5. ਸਾਵਧਾਨ
6. ਸ਼ਾਸਤਰ ਦਾ ਗਿਆਤਾ
7. ਉਦਮੀ
8. ਗੁਨਗ੍ਰਾਹੀ
9. ਉਦਾਰ
10. ਗੰਭੀਰ
11. ਸ਼ੁੱਧ ਮਨ
12. ਧਰਮੀ
13. ਖਿਮਾਵਾਨ
14. ਇੰਦ੍ਰੈ ਜਿੱਤ
15. ਪਵਿੱਤਰ
16. ਨਿਮਰਤਾਵਾਨ
17. ਤੇਜੱਸਵੀ
18. ਦਿਆਲੂ
19. ਵਾਹਿਗੁਰੂ ਦਾ ਪ੍ਰੇਮੀ
20. ਸੀਲਵਾਨ
21. ਸੰਤੋਖੀ
22. ਉਪਕਾਰੀ
23. ਚਤੁਰ
24. ਸ਼੍ਰੇਸ਼ਟ ਮਤੀ
25. ਜਪੀ
26. ਤਪੀ
27. ਨਿੰਦ੍ਰਾ ਜਿਤ
28. ਸਾਹਸੀ
29. ਸੰਜਮੀ
30. ਮਾਤਾ ਪਿਤਾ ਦਾ ਭਗਤ
31. ਜਤੀ
32. ਗਿਆਨੀ

ਗੁਰੂ ਸਾਹਿਬ ਦਾ ਫੁਰਮਾਣ ਹੈ:

*ਮਾਝ ਮਹਲਾ ੫ ਘਰੁ ੨॥*
*ਨਿਤ ਨਿਤ ਦਯੁ ਸਮਾਲੀਐ॥ ਮੂਲਿ ਨ ਮਨਹੁ ਵਿਸਾਰੀਐ॥ ਰਹਾਉ॥*
*ਸੰਤਾ ਸੰਗਤਿ ਪਾਈਐ॥ ਜਿਤੁ ਜਮ ਕੈ ਪੰਥਿ ਨ ਜਾਈਐ॥*
*ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ॥੧॥*
*ਜੋ ਸਿਮਰੰਦੇ ਸਾਂਈਐ॥ ਨਰਕਿ ਨ ਸੇਈ ਪਾਈਐ॥*
*ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ॥੨॥*
*ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥*
*ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ॥੩॥*
*ਹਰਿ ਅਮਿਉ ਰਸਾਇਣੁ ਪੀਵੀਐ॥ ਮੁਹਿ ਡਿਠੈ ਜਨ ਕੈ ਜੀਵੀਐ॥*
*ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ॥੪॥*
*ਜੋ ਹਰਿ ਕੀਤਾ ਆਪਣਾ॥ ਤਿਨਹਿ ਗੁਸਾਈ ਜਾਪਣਾ॥*
*ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ॥੫॥*
*ਮਨ ਮੰਧੇ ਪ੍ਰਭੁ ਅਵਗਾਹੀਆ॥ ਏਹਿ ਰਸ ਭੋਗਣ ਪਾਤਿਸਾਹੀਆ॥*
*ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ॥੬॥*
*ਕਰਤਾ ਮੰਨਿ ਵਸਾਇਆ॥ ਜਨਮੈ ਕਾ ਫਲੁ ਪਾਇਆ॥*
*ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ॥੭॥*
*ਅਟਲ ਪਦਾਰਥੁ ਪਾਇਆ॥ ਭੈ ਭੰਜਨ ਕੀ ਸਰਣਾਇਆ॥*
*ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ॥*
*ਆਦਿ ੧੩੨*

**ਬਾਲ ਅਵਸਥਾ**

ਬਚਪਨ ਤੋਂ ਹੀ ਮਹਾਂਪੁਰਖ ਧਾਰਮਿਕ ਰੁਚੀਆਂ ਦੇ ਮਾਲਕ ਸਨ। ਇਨ੍ਹਾਂ ਦੇ ਪਿਤਾ ਬਾਬਾ ਕਾਹਨ ਸਿੰਘ ਜੀ ਪੂਰਨ ਗੁਰਸਿੱਖ ਰਹਿਤਵਾਨ ਸਨ। ਬਾਬਾ ਕਾਹਨ ਸਿੰਘ ਜੀ ਨੇ ਆਪਣੇ ਪਿਆਰੇ ਹੋਣਹਾਰ ਪੁੱਤਰ ਨੂੰ ਬਚਪਨ ਵਿਚ ਹੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਸਾਰੀਆਂ ਸਾਖੀਆਂ ਕੰਠ ਕਰਵਾ ਦਿਤੀਆਂ। ਮਾਤਾ ਪਿਤਾ ਲੰਗਰਾਂ ਦੀ ਸੇਵਾ ਜੋ ਬਹੁਤ ਪ੍ਰੇਮ ਨਾਲ ਕਰਦੇ ਸਨ ਉਸ ਦਾ ਅਸਰ ਵੀ ਆਪ ਜੀ ਦੇ ਮਨ ਤੇ ਗਹਿਰਾ ਪਿਆ। ਛੋਟੀ ਅਵਸਥਾ ਵਿੱਚ ਆਪ ਜੀ ਬੱਚਿਆਂ ਨੂੰ ਲੰਗਰ ਦੀ ਖੇਡ ਖੇਡਣ ਵਾਸਤੇ ਇਕੱਠੇ ਕਰ ਲੈਂਦੇ। ਸਾਰੇ ਹਾਣੀ ਬੱਚਿਆਂ ਨੂੰ ਪੰਗਤਾਂ ਵਿੱਚ ਬਿਠਾ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਾਉਂਦੇ। ਕੁਝ ਸਮੇਂ ਬਾਅਦ ਬੱਚਿਆਂ ਨੂੰ ਆਖਦੇ ਕਿ ਹੁਣ ਲੰਗਰ ਤਿਆਰ ਹੋ ਗਿਆ ਹੈ ਆਪਾਂ

ਲੰਗਰ ਛਕਾਂਗੇ। ਕਮਰਕਸਾ ਕਰ ਕੇ ਜਿਵੇਂ ਲਾਂਗਰੀ ਸਿੰਘ ਸੱਚੀ ਮੁੱਚੀ ਪ੍ਰਸ਼ਾਦਾ ਵਰਤਾਉਂਦੇ ਸਮੇਂ ਕਹਿੰਦੇ ਹੁੰਦੇ ਹਨ ਕਿ ਪ੍ਰਸ਼ਾਦਾ ਜੀ ਪ੍ਰਸ਼ਾਦਾ, ਦਾਲਾ ਜੀ ਦਾਲਾ ਇਸ ਪ੍ਰਕਾਰ ਬਾਲਕ ਸਰੂਪ ਵਿੱਚ ਮਹਾਂਪੁਰਖ ਵੀ ਲੰਗਰ ਦੀ ਖੇਡ ਸਮੇਂ ਆਖਦੇ ਪ੍ਰਸ਼ਾਦਾ ਜੀ ਪ੍ਰਸ਼ਾਦਾ, ਭਾਜੀ ਜੀ ਭਾਜੀ। ਮਹਾਂਪੁਰਖ ਬੱਚਿਆਂ ਦੇ ਹੱਥਾਂ ਉਪਰ ਪ੍ਰਸ਼ਾਦੇ ਰੱਖ ਕੇ ਭਾਜੀ ਪਾ ਦਿੰਦੇ ਜਿਵੇਂ ਸੱਚੀ ਮੁੱਚੀ ਲੰਗਰ ਵਰਤ ਗਿਆ ਹੋਵੇ ਤਾਂ ਜੈਕਾਰਾ ਛੱਡ ਦਿੰਦੇ ਅਤੇ ਆਖਦੇ ਕਿ ਹੁਣ ਪਿਆਰ ਨਾਲ ਲੰਗਰ ਛਕੋ ਜੀ। ਪ੍ਰਸ਼ਾਦਾ ਛਕਦੇ ਸਮੇਂ ਕਿਸੇ ਨੇ ਹਸਣਾ ਜਾਂ ਰੌਲਾਂ ਨਹੀਂ ਪਾਉਣਾ।

ਮਹਾਂਪੁਰਖਾਂ ਦੇ ਪਿਆਰ ਦੇ ਬੰਨੇ ਹੋਏ ਬੱਚੇ ਕਿਤਨੀ ਕਿਤਨੀ ਦੇਰ ਇਸੇ ਤਰ੍ਹਾਂ ਹੀ ਬੈਠੇ ਰਹਿੰਦੇ ਜਿਵੇਂ ਸੱਚੀ-ਮੁੱਚੀ ਹੀ ਪੰਗਤਾਂ ਵਿੱਚ ਬੈਠ ਕੇ ਪ੍ਰਸ਼ਾਦਾ ਛਕਦੇ ਹੋਣ। ਜਦੋਂ ਕਿਸੇ ਬੱਚੇ ਦੀ ਮਾਂ ਆਪਣੇ ਬੱਚੇ ਨੂੰ ਲੱਭਣ ਆ ਜਾਂਦੀ ਉਸ ਸਮੇਂ ਪੁੱਛਦੀ ਕਿ, "ਤੁਸੀਂ ਇੱਥੇ ਬੈਠੇ ਕੀ ਕਰਦੇ ਹੋ?" ਅੱਗੋਂ ਸਾਰਿਆਂ ਬੱਚਿਆਂ ਨੇ ਕਹਿਣਾ ਕਿ ਅਸੀਂ ਲੰਗਰ ਛਕ ਰਹੇ ਹਾਂ। ਜਦੋਂ ਕੋਲ ਆ ਕੇ ਖਾਲੀ ਹੱਥ ਵੇਖਣੇ ਤਾਂ ਉਸ ਮਾਂ ਨੇ ਕਹਿਣਾ ਕਿ ਤੁਸੀਂ ਝੂਠ ਬੋਲਦੇ ਹੋ ਤੁਹਾਡੇ ਵਾਸਤੇ ਪ੍ਰਸ਼ਾਦਾ ਕਿਥੋਂ ਆਇਆ ਹੈ ਤਾਂ ਸਾਰੇ ਬੱਚਿਆਂ ਨੇ ਕਹਿਣਾ ਕਿ ਸਾਨੂੰ ਪ੍ਰਸ਼ਾਦਾ ਗਿਆਨੀਆਂ ਦੇ ਘਰੋਂ ਆਇਆ ਹੈ। ਉਦੋਂ ਤੋਂ ਲੈ ਕੇ ਬਾਬਾ ਕਾਹਨ ਸਿੰਘ ਜੀ ਦੇ ਪਰਿਵਾਰ ਨੂੰ ਇਸ ਇਲਾਕੇ ਵਿੱਚ ਵੀ ਗਿਆਨੀਆਂ ਦਾ ਪਰਿਵਾਰ ਕਰਕੇ ਜਾਣਿਆ ਜਾਣ ਲੱਗਾ ਕਿਉਂਕਿ ਇਨ੍ਹਾਂ ਦੇ ਵੱਡੇ ਵਡੇਰਿਆਂ ਵਿਚ ਦਸਵੇਂ ਪਾਤਿਸ਼ਾਹ ਦੇ ਸਮੇਂ ਤੋਂ ਵਿੱਦਿਆ ਚਲੀ ਆ ਰਹੀ ਹੈ। ਇਸ ਕਰਕੇ ਇਨ੍ਹਾਂ ਦੇ ਪੁਰਖਿਆਂ ਨੂੰ ਪਿੰਡ ਕਾਕਰੋਂ ਵਿਖੇ ਗਿਆਨੀਆਂ ਦਾ ਕੋੜਮਾ ਆਖਿਆ ਜਾਂਦਾ ਸੀ। ਉਸ ਬੱਚੇ ਦੀ ਮਾਂ ਆਪ ਜੀ ਨੂੰ ਫੜ ਕੇ ਮਾਤਾ ਪ੍ਰੇਮ ਕੌਰ ਕੋਲ ਲੈ ਜਾਂਦੀ ਹੈ ਅਤੇ ਕਹਿੰਦੀ ਕਿ ਤੁਹਾਡਾ ਪੁੱਤਰ ਸਾਰੇ ਬੱਚਿਆਂ ਨੂੰ ਲੰਗਰ ਦੇ ਬਹਾਨੇ ਭੁੱਖੇ ਹੀ ਬਿਠਾਈ ਰੱਖਦਾ ਹੈ। ਅੱਗੋਂ ਮਾਤਾ ਜੀ ਨੇ ਉਸੇ ਵੇਲੇ ਦੋ ਦੋ ਪ੍ਰਸ਼ਾਦੇ ਬੱਚਿਆਂ ਦੇ ਹੱਥਾਂ ਤੇ ਰੱਖ ਕੇ ਉੱਤੇ ਸਾਗ ਜਾਂ ਭਾਜੀ ਪਾ ਦੇਣੀ ਅਤੇ ਲੰਗਰ ਛਕਾ ਕੇ ਫੇਰ ਤੋਰਨਾ। ਮਾਤਾ ਜੀ ਨੇ ਕਹਿਣਾ ਕਿ ਹੇ ਪੁੱਤ ਆਪਣੇ ਹਾਣੀਆਂ ਨੂੰ ਜਦੋਂ ਪ੍ਰਸ਼ਾਦਾ ਛਕਾਉਣਾ ਹੋਵੇ ਤਾਂ ਘਰ ਹੀ ਲੈ ਕੇ ਆ ਜਾਇਆ ਕਰ ਐਵੇਂ ਬੱਚਿਆਂ ਨੂੰ ਖਾਲੀ ਹੱਥ ਭੁੱਖੇ ਨਹੀਂ ਬਿਠਾਈ ਦਾ। ਇਹੀ ਸਾਰੇ ਬੱਚੇ ਜਦੋਂ ਵੱਡੇ ਹੋ ਗਏ ਤਾਂ ਫਤਹਿਗੜ੍ਹ ਸਾਹਿਬ ਦੀ ਸਭਾ ਤੇ ਲੰਗਰਾਂ ਦੀ ਸੇਵਾ ਬੜੇ ਚਾਅ ਨਾਲ ਕਰਦੇ ਅਤੇ ਸਾਰੇ ਬੱਚੇ ਪ੍ਰੇਮੀ ਅਤੇ ਨੇਮੀ ਬਣ ਗਏ।

ਬਾਬਾ ਕਾਹਨ ਸਿੰਘ ਜੀ ਦੇ ਸੱਤ ਪੁੱਤਰ ਅਤੇ ਤਿੰਨ ਪੁੱਤਰੀਆਂ ਸਨ। ਸਭ ਤੋਂ ਵੱਡੇ ਪੁੱਤਰ ਖਾਲਸਾ ਪੰਥ ਅੰਦਰ, ਨਾਮ ਦੇ ਰਸੀਏ ਮਹਾਂਪੁਰਖ ਸੰਤ ਗਿ:ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਨਾਮ ਨਾਲ ਪ੍ਰਸਿੱਧ ਹੋਏ। ਆਪ ਜੀ ਨੇ

ਆਪਣੇ ਵਡੇਰਿਆਂ ਦੀ ਤਰ੍ਹਾਂ ਛੋਟੀ ਉਮਰ ਵਿੱਚ ਹੀ ਅੰਮ੍ਰਿਤ ਦੀ ਦਾਤ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਸ਼੍ਰੀ ਅਨੰਦਪੁਰ ਸਾਹਿਬ ਤੋਂ ਪ੍ਰਾਪਤ ਕੀਤੀ। ਇਨ੍ਹਾਂ ਤੋਂ ਛੋਟੇ ਗਿ. ਸੰਤੋਖ ਸਿੰਘ, ਸਰਦਾਰ ਉਜਾਗਰ ਸਿੰਘ, ਗਿ. ਖੇਮ ਸਿੰਘ, ਸਰਦਾਰ ਦਿਆਲ ਸਿੰਘ, ਭਾਈ ਮੋਤਾ ਸਿੰਘ ਅਤੇ ਭਾਈ ਜੀਤਾ ਸਿੰਘ ਹਨ। ਭੈਣਾਂ ਬੀਬੀ ਗਿਆਨ ਕੌਰ, ਬੀਬੀ ਕ੍ਰਿਪਾਲ ਕੌਰ, ਬੀਬੀ ਭਜਨ ਕੌਰ ਹਨ। ਬਾਬਾ ਕਾਹਨ ਸਿੰਘ ਜੀ ਨੇ ਆਪਣੇ ਵੱਡੇ ਪੁੱਤਰ ਨੂੰ ਗੁਰਮੁਖੀ ਦੀ ਪੈਂਤੀ ਅਤੇ ਮੁਹਾਰਨੀ ਆਪ ਸਿਖਾਈ। ਆਪ ਜੀ ਨੇ ਆਪਣੇ ਪਿਤਾ ਪਾਸੋਂ ਨਿਤਨੇਮ ਤੋਂ ਇਲਾਵਾ ਪੰਜ ਗ੍ਰੰਥੀ ਦੀ ਸੰਥਿਆ ਬਚਪਨ ਵਿੱਚ ਹੀ ਲੈ ਲਈ।

ਮਹਾਂਪੁਰਖਾਂ ਦੇ ਪਿਤਾ ਬਾਬਾ ਕਾਹਨ ਸਿੰਘ ਦਾ ਖਿਆਲ ਸੀ ਕਿ ਬੱਚੇ ਦਾ ਮਨ ਵਿੱਦਿਆ ਨਾਲ ਇੰਨਾ ਨਿਰਮਲ ਨਹੀਂ ਹੁੰਦਾ ਜਿੰਨਾ ਧਰਮ ਦੀ ਕਿਰਤ ਨਾਲ ਹੁੰਦਾ ਹੈ। ਬਾਬਾ ਕਾਹਨ ਸਿੰਘ ਜੀ ਦੇ ਵੱਡੇ ਵਡੇਰੇ ਕਿਰਤ ਸੁੱਚੀ ਰੱਖ ਕੇ ਹਾੜ੍ਹੀ ਸਉਣੀ ਦੇ ਦਾਣਿਆ ਵਿੱਚੋਂ ਆਟਾ ਪੀਹ ਕੇ ਲੰਗਰ ਚਲਾਉਂਦੇ ਰਹੇ। ਅੱਗੋਂ ਆਪਣੇ ਪਿਆਰੇ ਪੁੱਤਰ ਨੂੰ ਵੀ ਉਸੇ ਤਰ੍ਹਾਂ ਗਾਵਾਂ ਮੱਝਾਂ ਚਾਰਨ ਲਈ ਲਾਇਆ। ਸ਼ਾਮ ਨੂੰ ਗਾਵਾਂ ਮੱਝਾਂ ਦੀਆਂ ਧਾਰਾਂ ਕੱਢ ਕੇ ਉਸ ਦੁੱਧ ਵਿੱਚੋਂ ਕੁਝ ਦੁੱਧ ਨਗਰ ਦੇ ਗਰੀਬ ਗੁਰਬਿਆਂ, ਰਾਹਗੀਰਾਂ ਅਤੇ ਮੰਗਤਿਆਂ ਨੂੰ ਛਕਾਉਂਦੇ। ਹਾੜ੍ਹੀ ਸਉਣੀ ਦੇ ਦਾਣਿਆਂ ਵਿੱਚੋਂ ਵੱਡੇ ਵਡੇਰਿਆਂ ਦੇ ਪਾਏ ਪੂਰਨਿਆਂ ਅਨੁਸਾਰ ਆਟਾ ਪੀਹ ਕੇ ਲੰਗਰਾਂ ਦੀ ਸੇਵਾ ਕਰਦੇ। ਇਸ ਤਰ੍ਹਾਂ ਕਰਨ ਨਾਲ ਜਿੱਥੇ ਬੱਚਾ ਕੰਮ ਦੀ ਮਰਿਆਦਾ ਸਿੱਖਦਾ ਹੈ ਉੱਥੇ ਮਾਤਾ ਪਿਤਾ ਦੇ ਗੁਣਾਂ ਦਾ ਧਾਰਨੀ ਵੀ ਹੋ ਜਾਂਦਾ ਹੈ।

## ਨੌਜੁਆਨ ਅਵਸਥਾ

ਆਪ ਜੀ ਆਪਣੇ ਪਿਤਾ ਬਾਬਾ ਕਾਹਨ ਸਿੰਘ ਜੀ ਨਾਲ ਖੇਤੀਬਾੜੀ ਦਾ ਕੰਮ ਬਹੁਤ ਸ਼ੌਂਕ ਨਾਲ ਕਰਦੇ। ਅੰਮ੍ਰਿਤ ਵੇਲੇ ਉਠ ਕੇ ਮਹਾਂਪੁਰਖਾਂ ਨੇ ਆਪਣੇ ਪਿਤਾ ਜੀ ਪਾਸੋਂ ਸਾਰੀ ਪੰਜ ਗ੍ਰੰਥੀ ਦੀ ਸੰਥਿਆ ਪ੍ਰਾਪਤ ਕੀਤੀ। ਜਿਸ ਦਿਨ ਮਹਾਂਪੁਰਖ ਖੇਤ ਵਿੱਚ ਇਕੱਲੇ ਹੁੰਦੇ ਉਸ ਦਿਨ ਫਸਲ ਦੀ ਕਟਾਈ ਜਾਂ ਗੋਡੀ ਦਾ ਕੰਮ ਕਰਦੇ ਸਮੇਂ ਪਵਿੱਤਰ ਬਾਣੀ ਦਾ ਅਭਿਆਸ ਕਰਦੇ ਰਹਿੰਦੇ। ਕੰਮ ਵੀ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਨਿਬੇੜ ਲੈਂਦੇ। ਕੰਮ ਕਰਦੇ ਸਮੇਂ ਸ਼ਬਦਾਂ ਦਾ ਜਾਪ ਕਰਦੇ ਰਹਿੰਦੇ।

ਮਾਤਾ ਜੀ ਨੇ ਦੱਸਿਆ ਸੀ ਕਿ ਉਹਨਾਂ ਦਿਨਾਂ ਵਿਚ ਇਕ ਸਾਧੂ ਨੇ ਮੇਰੇ ਪੁੱਤਰ ਤੋਂ ਪੁਛਿਆ ਸੀ ਕਿ ਤੂੰ ਹਰ ਸਮੇਂ ਕਿਸਦਾ ਜਾਪ ਕਰਦਾ ਹੈਂ ਤਾਂ ਆਪ ਜੀ ਨੇ ਕਿਹਾ ਕਿ ਇਹ ਤਾਂ ਮੇਰੇ ਪਿਤਾ ਜੀ ਤੋਂ ਪੁੱਛੋ ਜਿਸਨੇ ਮੈਨੂੰ ਆਖਿਆ ਹੈ। ਸਾਧੂ ਨੇ ਦੂਜੀ ਵਾਰ ਪੁਛਿਆ ਜੇਕਰ ਤੁਸੀ ਜਾਪ ਨਾ ਕਰੋ ਤਾਂ ਕੀ ਹੋਵੇਗਾ। ਆਪ ਜੀ ਕਹਿਣ ਲੱਗੇ ਮੈਂ ਜਿੰਦਾ ਨਹੀਂ ਰਹਿ ਸਕਾਂਗਾ। ਮਹਾਂਪੁਰਖਾਂ ਪਾਸੋਂ ਇਹ ਸੁਣ ਕੇ ਸਾਧੂ ਨੇ ਧੰਨ ਆਖਿਆ।

## ਕੰਵਰਪੁਰ ਵਿਖੇ ਕੱਚੀ ਕੋਠੜੀ

ਉਸ ਸਾਧੂ ਦੇ ਕਹਿਣ ਤੇ ਬਾਬਾ ਕਾਹਨ ਸਿੰਘ ਜੀ ਨੇ ਆਪਣੇ ਪੁੱਤਰ ਵਾਸਤੇ ਕੱਚੀ ਕੋਠੜੀ ਤਿਆਰ ਕੀਤੀ। ਧੁੱਪ ਅਤੇ ਮੀਂਹ ਪੈਂਦੇ ਸਮੇਂ ਆਪ ਜੀ ਇਸ ਕੱਚੀ ਕੋਠੜੀ ਵਿਚ ਗੁਰਬਾਣੀ ਦਾ ਕੀਰਤਨ ਅਤੇ ਅਭਿਆਸ ਕਰਦੇ ਰਹਿੰਦੇ। ਗ੍ਰੰਥੀ ਬਾਬਾ ਬਲਕਾਰ ਸਿੰਘ ਜੀ ਰਾਗਾਂ ਵਿਚ ਕੀਰਤਨ ਸਿਖਾਉਂਦੇ। ਗਾਂਵਾਂ ਮੱਝਾਂ ਨੂੰ ਨਾਲ ਦੇ ਸਾਥੀ ਚਾਰਦੇ ਰਹਿੰਦੇ। ਕੀਰਤਨ ਸੁਣ ਕੇ ਬਾਬਾ ਕਾਹਨ ਸਿੰਘ ਜੀ ਪਰਮੇਸ਼ਰ ਦਾ ਸ਼ੁਕਰਾਨਾ ਕਰਦੇ। ਅੱਜ ਕੱਲ੍ਹ ਇਸ ਅਸਥਾਨ ਨੂੰ ਲੋਹਗੜ੍ਹ ਸਾਹਿਬ ਕਹਿੰਦੇ ਹਨ। ਪਿਲਖਣੀ ਨਗਰ ਦੇ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ ਦੇ ਪਵਿੱਤਰ ਅਸਥਾਨ ਤੋਂ ਗ੍ਰੰਥੀ ਬਲਕਾਰ ਸਿੰਘ ਨਿਹੰਗ ਸਿੰਘ ਜੀ ਪਾਸੋਂ ਥੋੜ੍ਹੇ ਸਮੇਂ ਵਿੱਚ ਹੀ ਆਪ ਜੀ ਨੇ ਹਾਰਮੋਨੀਅਮ ਸਿੱਖ ਲਿਆ। ਇਹ ਉਹੀ ਗ੍ਰੰਥੀ ਸਿੰਘ ਸਾਹਿਬ ਜੀ ਸਨ ਜਿਨ੍ਹਾਂ ਨੇ ਆਪ ਜੀ ਦਾ ਪਵਿੱਤਰ ਨਾਮ ਰੱਖਿਆ ਸੀ। ਜਦੋਂ ਆਪ ਜੀ ਕੰਵਰਪੁਰ ਦੇ ਖੇਤਾਂ ਵਿੱਚ ਗਾਵਾਂ ਮੱਝਾਂ ਚਾਰਨ ਜਾਂਦੇ ਉਥੇ ਗ੍ਰੰਥੀ ਬਲਕਾਰ ਸਿੰਘ ਨਿਹੰਗ ਸਿੰਘ ਜੀ ਆ ਜਾਂਦੇ ਸਨ। ਇਨ੍ਹਾਂ ਨੇ ਬਹੁਤ ਪਿਆਰ ਨਾਲ ਆਪ ਜੀ ਨੂੰ ਪੰਜ ਗ੍ਰੰਥੀ ਜੁਬਾਨੀ ਯਾਦ ਕਰਵਾ ਦਿੱਤੀ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਬਾਣੀਆਂ ਕੰਠ ਕਰਵਾ ਦਿੱਤੀਆਂ। ਮਹਾਂਪੁਰਖਾਂ ਦਾ ਬਚਪਨ ਤੋਂ ਹੀ ਬਾਬਾ ਬਲਕਾਰ ਸਿੰਘ ਨਿਹੰਗ ਸਿੰਘ ਜੀ ਨਾਲ ਬਹੁਤ ਪਿਆਰ ਸੀ। ਮਹਾਂਪੁਰਖ ਮੁੱਢ ਤੋਂ ਹੀ ਧਾਰਮਿਕ ਰੁਚੀਆਂ ਦੇ ਮਾਲਕ ਹੋਣ ਕਰਕੇ ਮਸਤ ਰਹਿੰਦੇ ਸਨ। ਇਸ ਤਰ੍ਹਾਂ ਸ਼ਬਦਾਂ ਦੀ ਕਮਾਈ ਕਰਕੇ ਆਪ ਜੀ ਨੂੰ ਇਹ ਅਨੁਭਵ ਹੋ ਗਿਆ ਸੀ ਕਿ ਗੁਰਬਾਣੀ ਗੁਰੂ ਰੂਪ ਹੈ। ਨੇਮੀ ਅਤੇ ਪ੍ਰੇਮੀ ਨੂੰ ਆਪ ਰਾਹ ਦਿਖਾਉਂਦੀ ਹੈ। ਨੌਜੁਆਨ ਅਵਸਥਾ ਵਿੱਚ ਆਮ ਵਿਅਕਤੀ ਕੁਸੰਗਤ ਵਿੱਚ ਫਸ ਕੇ ਭੈੜੇ ਕਰਮ ਕਰਨ ਲਗ ਜਾਂਦੇ ਹਨ ਪਰ ਆਪ ਜੀ ਤੇ ਵਾਹਿਗੁਰੂ ਦੀ ਐਸੀ ਬਖਸ਼ਿਸ਼ ਬਣੀ ਰਹੀ ਕਿ ਸੇਵਾ ਅਤੇ ਬਾਣੀ ਦਾ ਅਭਿਆਸ ਕਰਕੇ ਨੌਜੁਆਨ ਅਵਸਥਾ ਦਾ ਸਗੋਂ ਪੂਰਾ ਲਾਹਾ ਪ੍ਰਾਪਤ ਕੀਤਾ। ਜਦੋਂ ਬਾਣੀ ਉਚਾਰਦੇ ਸਨ ਇਸ ਤਰ੍ਹਾਂ ਪਰਤੀਤ ਹੁੰਦਾ ਸੀ ਜਿਵੇਂ ਝਰਨੇ ਦਾ ਪਾਣੀ ਵਹਿੰਦਾ ਹੁੰਦਾ ਹੈ।

***ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ॥***
***ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥***
***ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ॥੯॥***

***ਆਦਿ ੩੨੦***

ਆਪ ਜੀ ਨੇ ਨੌਜੁਆਨ ਅਵਸਥਾ ਵਿੱਚ ਬਾਬਾ ਬਲਕਾਰ ਸਿੰਘ ਗ੍ਰੰਥੀ ਦੀ ਸੰਗਤ ਵਿੱਚ ਰਹਿ ਕੇ ਮੱਝਾਂ ਚਾਰਦੇ ਸਮੇਂ ਜਪੁ ਜੀ ਸਾਹਿਬ, ਜਾਪੁ ਸਾਹਿਬ, ਅੰਮ੍ਰਿਤ ਸਵਈਏ, ਚੌਪਈ ਸਾਹਿਬ, ਅਨੰਦ ਸਾਹਿਬ, ਸ਼ਬਦ ਹਜਾਰੇ, ਰਹਿਰਾਸ ਸਾਹਿਬ,

ਕੀਰਤਨ ਸੋਹਿਲਾ ਸਾਹਿਬ, ਸੁਖਮਨੀ ਸਾਹਿਬ, ਆਸਾ ਦੀ ਵਾਰ, ਦਖਣੀ ਓਅੰਕਾਰ, ਸਿਧ ਗੋਸ਼ਟ ਆਦਿ ਬਾਣੀਆਂ ਕੰਠ ਕਰ ਲਈਆਂ ਸਨ। ਇਨ੍ਹਾਂ ਸਾਰੀਆਂ ਬਾਣੀਆਂ ਦੀ ਸੰਥਿਆ ਆਪ ਜੀ ਨੇ ਆਪਣੇ ਪਿਤਾ ਬਾਬਾ ਕਾਹਨ ਸਿੰਘ ਜੀ ਪਾਸੋਂ ਬਚਪਨ ਵਿੱਚ ਹੀ ਲੈ ਲਈ ਸੀ।

## ਨਾਨਾ ਜੀ ਦੇ ਭਵਿੱਖਤ ਬਚਨ

ਮਹਾਂਪੁਰਖ ਜਦੋਂ ਬਚਪਨ ਵਿੱਚ ਹੀ ਸਨ ਤਾਂ ਆਪਣੇ ਪਿਤਾ ਜੀ ਨਾਲ ਖੇਤਾਂ ਵਿੱਚ ਚਲੇ ਜਾਂਦੇ। ਉਥੇ ਬਲ੍ਹਦਾਂ ਨੂੰ ਆਪ ਜੋੜ ਕੇ ਹਲ਼ ਵਾਹੁਣ ਲੱਗ ਜਾਂਦੇ। ਖੇਤਾਂ ਵਿੱਚ ਗੱਡੇ ਤੇ ਪੱਠੇ ਲੱਦ ਕੇ ਲਿਆਉਣ ਲੱਗ ਪਏ। ਇਸ ਤਰ੍ਹਾਂ ਗੱਡਾ ਹੱਕਦੇ ਸਮੇਂ ਬਹੁਤ ਖੁਸ਼ ਹੁੰਦੇ। ਜਦੋਂ ਪਹਿਲੀ ਵਾਰੀ ਮਹਾਂਪੁਰਖ ਆਪਣੀ ਮਾਤਾ ਪ੍ਰੇਮ ਕੌਰ ਨੂੰ ਗੱਡੇ ਤੇ ਬਿਠਾ ਕੇ ਖੇੜੀ ਸਲਾਬਤਪੁਰ ਲੈ ਕੇ ਗਏ ਤਾਂ ਨਾਨਕਿਆਂ ਦਾ ਸਾਰਾ ਪਰਿਵਾਰ ਬਹੁਤ ਖੁਸ਼ ਹੋਇਆ। ਜੋ ਪਿੰਡ ਦਾ ਫੱਲੂ ਮਹਿਰਾ, ਬਾਬਾ ਕਾਹਨ ਸਿੰਘ ਜੀ ਨੇ ਨਾਲ ਭੇਜਿਆ ਸੀ ਉਸ ਨੇ ਦੱਸਿਆ ਕਿ ਮੈਂ ਤਾਂ ਗੱਡੇ ਦੇ ਨਾਲ ਨਾਲ ਹੀ ਆਇਆ ਹਾਂ। ਤੁਹਾਡੇ ਦੋਹਿਤਾ ਸਾਹਿਬ ਨੇ ਸਾਰੇ ਰਾਹ ਗੱਡਾ ਆਪ ਹੱਕਿਆ ਹੈ। ਫੱਲੂ ਮਹਿਰਾ ਮਹਾਂਪੁਰਖਾਂ ਦੇ ਬਚਪਨ ਸਮੇਂ ਬਹੁਤ ਸੇਵਾ ਕਰਦਾ ਰਿਹਾ। ਇਹਨਾਂ ਦਾ ਪੁੱਤਰ ਜਾਤੀ ਰਾਮ ਵੀ ਮਹਾਂਪੁਰਖਾਂ ਦੇ ਪਰਿਵਾਰ ਦੀ ਸੇਵਾ ਵਿਚ ਰਿਹਾ ਅਤੇ ਫੱਲੂ ਦੇ ਪੋਤਰੇ ਭਾਈ ਬਹਾਦਰ ਸਿੰਘ ਨੇ ਮਹਾਂਪੁਰਖਾਂ ਪਾਸੋਂ ਆਦਿ ਦੀ ਸੰਪੂਰਨ ਸੰਥਿਆ ਪ੍ਰਾਪਤ ਕੀਤੀ ਹੈ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਅੱਗੇ ਇਹਨਾਂ ਦਾ ਪੁੱਤਰ ਅਵਤਾਰ ਸਿੰਘ ਮਹਾਂਪੁਰਖਾਂ ਦੇ ਜਨਮ ਨਗਰ ਉਪਲਹੇੜੀ ਦੇ ਗੁਰਦੁਆਰਾ ਸਾਹਿਬ ਵਿਖੇ ਬਤੌਰ ਗ੍ਰੰਥੀ ਸਿੰਘ ਸੇਵਾ ਨਿਭਾ ਰਹੇ ਹਨ।

ਸ਼ਾਮ ਨੂੰ ਜਦੋਂ ਨਾਨਾ ਜੀ ਘਰ ਆਏ ਤਾਂ ਵੇਖਿਆ ਮੇਰਾ ਪਿਆਰਾ ਦੋਹਿਤਾ ਬਾਲ ਉਮਰੇ ਗੋਰੇ ਰੰਗ ਤੇ ਚਿੱਟਾ ਚੋਲਾ ਪਾ ਕੇ ਸੀਸ ਤੇ ਖੱਟੀ ਦਸਤਾਰ ਸਜਾ ਕੇ ਆਇਆ ਹੈ ਤਾਂ ਗੋਦੀ ਵਿੱਚ ਲੈ ਕੇ ਬਹੁਤ ਪਿਆਰ ਕੀਤਾ। ਆਪ ਜੀ ਨੇ ਆਪਣੇ ਨਾਨਾ ਜੀ ਨੂੰ ਸਾਰੀ ਰਹਿਰਾਸ ਸਾਹਿਬ ਦਾ ਪਾਠ ਚੌਂਕੜਾ ਮਾਰ ਕੇ ਸੁਣਾਇਆ। ਪਿਆਰ ਕਰਕੇ ਨਾਨਾ ਜੀ ਕਹਿਣ ਲੱਗੇ ਪੁੱਤਰ ਜਿੰਨੇ ਪੈਸੇ ਚਾਹੀਦੇ ਹਨ ਮੇਰੇ ਬਟੂਏ ਵਿੱਚੋਂ ਕੱਢ ਲੈ। ਜਿਉਂ ਹੀ ਨਾਨਾ ਜੀ ਦੇ ਇਹ ਬੋਲ ਸੁਣੇ ਤਾਂ ਆਪ ਜੀ ਨਾਨਾ ਜੀ ਦੀ ਬੁੱਕਲ ਵਿੱਚੋਂ ਬਾਹਰ ਨਿੱਕਲ ਗਏ ਅਤੇ ਕਹਿਣ ਲੱਗੇ ਮੈਂ ਤੁਹਾਡੇ ਨਾਲ ਕੱਟੀ ਤੁਸੀਂ ਮੈਂਨੂੰ ਮੰਗਤਾ ਸਮਝਦੇ ਹੋ। ਨਾਨਾ ਜੀ ਨੇ ਭੁੱਲ ਬਖਸ਼ਾਈ ਫੇਰ ਪਿਆਰ ਕੀਤਾ। ਆਪਣੇ ਦੋਹਿਤੇ ਦੇ ਤੇੜ ਕਛਹਿਰਾ, ਸਰੀਰ ਤੇ ਚਿੱਟਾ ਚੋਲਾ, ਸੀਸ ਤੇ ਖੱਟੀ ਦਸਤਾਰ ਵੇਖ ਕੇ ਬਹੁਤ ਖੁਸ਼ੀ ਪ੍ਰਾਪਤ ਕੀਤੀ। ਪਵਿੱਤਰ ਬਾਣੀ ਦੇ ਮਿੱਠੇ ਬੋਲ ਸੁਣ ਕੇ ਮਹਿਸੂਸ ਹੋਇਆ ਕਿ ਮੇਰੇ ਦੋਹਿਤੇ ਦਾ ਮਨ ਇੰਨਾ ਨਿਰਮਲ ਤੇ ਰੱਜਿਆ ਹੋਇਆ ਹੈ ਕਿ ਇਹ

ਤਾਂ ਕੋਈ ਮਹਾਂਪੁਰਖ ਹੀ ਹਨ। ਇਹ ਸਾਰਾ ਕੁਝ ਵੇਖ ਕੇ ਨਾਨਾ ਜੀ ਆਪਣੀ ਪੁੱਤਰੀ ਪ੍ਰੇਮ ਕੌਰ ਨੂੰ ਕਹਿਣ ਲੱਗੇ ਭਾਈ ਤੇਰਾ ਪੁੱਤਰ ਤਾਂ ਕੋਈ ਸੰਤ ਹੀ ਜਾਪਦਾ ਹੈ। ਮੈਂ ਤਾਂ ਪਿਆਰ ਵਿੱਚ ਬਟੂਆ ਦਿੱਤਾ ਸੀ ਇਹ ਤਾਂ ਮੇਰੇ ਨਾਲ ਨਰਾਜ ਹੀ ਹੋ ਗਿਆ ਸੀ। ਮੈਂ ਭੁੱਲ ਬਖਸ਼ਾਈ ਫੇਰ ਮੈਨੂੰ ਪਿਆਰ ਕਰਨ ਦਿੱਤਾ। ਹੇ ਪੁੱਤਰੀ ਮੇਰੇ ਮਨ ਵਿੱਚ ਰਿਸ਼ਤਾ ਕਰਨ ਵੇਲੇ ਦਾ ਜੋ ਸੰਸਾ ਉੱਕਰਿਆ ਹੋਇਆ ਸੀ ਕਿ ਇਹ ਗਰੀਬ ਪਰਿਵਾਰ ਹੈ ਉਹ ਸੰਸਾ ਅੱਜ ਤੇਰੇ ਪੁੱਤਰ ਨੇ ਖਤਮ ਕਰ ਦਿੱਤਾ ਹੈ। ਮਾਤਾ ਨੇ ਆਖਿਆ ਇਹ ਤਾਂ ਬੱਚਿਆਂ ਨੂੰ ਇਕੱਠੇ ਕਰਕੇ ਖੇਡਦਾ ਖੇਡਦਾ ਲੰਗਰ ਹੀ ਵਰਤਾਉਂਦਾ ਰਹਿੰਦਾ ਹੈ। ਫੇਰ ਮੈਂ ਬੱਚਿਆਂ ਨੂੰ ਘਰ ਲਿਜਾ ਕੇ ਪਿਆਰ ਨਾਲ ਲੰਗਰ ਛਕਾਉਂਦੀ ਹਾਂ। ਵਾਹਿਗੁਰੂ ਦੀ ਕਿਰਪਾ ਨਾਲ ਮੇਰੇ ਭੜੋਲਿਆਂ ਵਿੱਚ ਦਾਣੇ ਖਤਮ ਹੀ ਨਹੀਂ ਹੁੰਦੇ। ਇਹ ਤੜਕੇ ਉੱਠ ਕੇ ਮੇਰੇ ਨਾਲ ਚੱਕੀ ਚਲਾ ਕੇ ਆਟਾ ਪੀਂਹਦਾ ਹੈ।

## ਮਾਤਾ ਜੀ ਨੇ ਪੇਕੇ ਘਰ ਤੋਂ ਕਛਹਿਰੇ ਲਿਆਉਣੇ

ਪੰਜਾਬ ਦੇ ਰੀਤੀ ਰਿਵਾਜਾਂ ਅਨੁਸਾਰ ਜਦੋਂ ਵੀ ਕੋਈ ਵਿਆਹੀ ਹੋਈ ਲੜਕੀ ਆਪਣੇ ਪੇਕੇ ਪਰਿਵਾਰ ਵਿੱਚ ਮਿਲਣ ਗਿਲਣ ਲਈ ਆਉਂਦੀ ਹੈ ਤਾਂ ਮਾਪਿਆਂ ਵਲੋਂ ਆਪਣੀ ਧੀ ਨੂੰ ਕੁਝ ਨਾ ਕੁਝ ਜਰੂਰ ਸਹੁਰੇ ਘਰ ਵਾਪਸ ਜਾਂਦੇ ਸਮੇਂ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਮਾਤਾ ਪ੍ਰੇਮ ਕੌਰ ਜੀ ਨੇ ਆਪਣੇ ਪੇਕੇ ਖੇੜੀ ਸਲਾਬਤਪੁਰ ਮਿਲਣ ਆਉਣਾ ਤਾਂ ਪਿਤਾ ਸ.ਬੇਲਾ ਸਿੰਘ ਜੀ ਨੇ ਕਹਿਣਾ ਧੀਏ ਤੈਨੂੰ ਕਿਹੜੀ ਚੀਜ ਦੀ ਲੋੜ ਹੈ ਤਾਂ ਅਗੋਂ ਮਾਤਾ ਪ੍ਰੇਮ ਕੌਰ ਜੀ ਨੇ ਆਖਣਾ ਕਿ ਪਿਤਾ ਜੀ ਵਾਹਿਗੁਰੂ ਦੀ ਕਿਰਪਾ ਨਾਲ ਘਰ ਵਿੱਚ ਬਹੁਤ ਕੁਝ ਹੈ ਘਰ ਵਿੱਚ ਕਿਸੇ ਚੀਜ ਦੀ ਕੋਈ ਘਾਟ ਹੀ ਨਹੀਂ ਹੈ। ਆਪਣੀ ਧੀ ਦੇ ਸਬਰ ਸੰਤੋਖ ਨੂੰ ਦੇਖ ਕੇ ਸ.ਬੇਲਾ ਸਿੰਘ ਜੀ ਨੇ ਕਹਿਣਾ ਕਿ ਧੀਏ ਮੈਂ ਜਰੂਰ ਕੁਝ ਨ ਕੁਝ ਦੇਣਾ ਹੈ ਤਾਂ ਮਾਤਾ ਪ੍ਰੇਮ ਕੌਰ ਜੀ ਨੇ ਕਹਿਣਾ ਕਿ ਮੈਨੂੰ ਕਛਹਿਰੇ ਦੇ ਦਿਓ। ਸ.ਬੇਲਾ ਸਿੰਘ ਜੀ ਨੇ ਬਹੁਤ ਸਾਰੇ ਕਛਹਿਰੇ ਤਿਆਰ ਕਰਵਾ ਕੇ ਪੰਡ ਬੰਨ੍ਹ ਕੇ ਮਾਤਾ ਪ੍ਰੇਮ ਕੌਰ ਜੀ ਨੂੰ ਸੰਭਾਲ ਦੇਣੀ। ਪਿਤਾ ਜੀ ਦੀ ਖੁਸ਼ੀ ਲੈਣ ਵਾਸਤੇ ਤਿਆਰ ਕੀਤੇ ਹੋਏ ਕਛਹਿਰਿਆਂ ਦੀ ਪੰਡ ਲੈ ਕੇ ਆਉਂਦੇ। ਪਰਮੇਸ਼ਰ ਜੀ ਦੀ ਕਿਰਪਾ ਦੇ ਨਾਲ ਮਾਤਾ ਪਿਤਾ ਜੀ ਦੇ ਸ੍ਰੇਸ਼ਟ ਸੰਸਕਾਰਾਂ ਦਾ ਸਦਕਾ ਆਪ ਜੀ ਦੀਆਂ ਤਿੰਨ ਪੁੱਤਰੀਆਂ ਅਤੇ ਸੱਤ ਪੁੱਤਰ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਹੋਏ। ਇਸ ਤਰ੍ਹਾਂ ਮਹਾਂਪੁਰਖਾਂ ਦੇ ਨਾਨਾ ਸ.ਬੇਲਾ ਸਿੰਘ ਜੀ ਵੱਲੋਂ ਸਮੇਂ-ਸਮੇਂ ਸਿਰ ਕਛਹਿਰਿਆਂ ਦੀਆਂ ਭੇਜੀਆਂ ਜਾਂਦੀਆਂ ਪੰਡਾਂ ਸਾਰੇ ਬੱਚਿਆਂ ਨੂੰ ਮਾਤਾ ਪ੍ਰੇਮ ਕੌਰ ਵੱਲੋਂ ਵੰਡ ਦਿੱਤੀਆਂ ਜਾਂਦੀਆਂ।

## ਨਾਨਾ ਜੀ ਦੀ ਪਵਿੱਤਰ ਸੋਚ

ਸ. ਬੇਲਾ ਸਿੰਘ ਜੀ ਤੇ ਪਰਮੇਸ਼ਰ ਦੀ ਬਹੁਤ ਕਿਰਪਾ ਸੀ। ਉਹ ਸਾਰੀ

ਮਾਇਆ ਨੂੰ ਵਰਤੋਂ ਵਿੱਚ ਆਉਣ ਵਾਲੀਆਂ ਚੀਜਾਂ ਨੂੰ ਖਰੀਦ ਕੇ ਆਪਣੀਆਂ ਸਾਰੀਆਂ ਪੁੱਤਰੀਆਂ ਨੂੰ ਸਮੇਂ-ਸਮੇਂ ਸਿਰ ਦਿੰਦੇ ਰਹਿੰਦੇ ਸਨ। ਗਰੀਬ ਗੁਰਬੇ ਨੂੰ ਨਹਿਰਾਂ ਅਤੇ ਰਜਵਾਹਿਆਂ ਤੇ ਨੌਕਰੀ ਲਗਵਾ ਕੇ ਰੋਟੀ ਜੋਗਾ ਬਣਾ ਦਿੰਦੇ ਸਨ। ਸ.ਬੇਲਾ ਸਿੰਘ ਜੀ ਦੀ ਸੋਚ ਸੀ ਕਿ ਗਰੀਬ ਨੂੰ ਰਸਦਾਂ ਵਸਦਾਂ ਦੇਣ ਦੀ ਬਜਾਏ ਰੁਜਗਾਰ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਤਜਰਬਾ ਸੀ ਕਿ ਜਦੋਂ ਆਪਾਂ ਕਿਸੇ ਨੂੰ ਰਸਦਾਂ ਵਸਦਾਂ ਦੇਵਾਂਗੇ ਤਾਂ ਉਹ ਦਲਿੱਦਰੀ ਬਣ ਜਾਂਦਾ ਹੈ। ਗਰੀਬਾਂ ਦੀਆਂ ਧੀਆਂ ਨੂੰ ਉਹ ਕੰਮ ਕਾਜ ਤੇ ਲਾਉਂਦੇ ਸਨ ਉਸ ਰਕਮ ਨਾਲ ਉਹ ਲੜਕੀਆਂ ਸੂਤੀ ਚਾਦਰਾਂ ਅਤੇ ਧਾਗੇ ਖਰੀਦ ਕੇ ਵਿਹਲੇ ਦਿਨਾਂ ਵਿੱਚ ਕਢਾਈ ਦਾ ਕੰਮ ਕਰਦੀਆਂ ਸਨ। ਬਹੁਤ ਸੁਹਣੇ-ਸੁਹਣੇ ਪੱਖੇ ਅਤੇ ਪੱਖੀਆਂ ਨੌਜੁਆਨ ਬੱਚੀਆਂ ਤਿਆਰ ਕਰਕੇ ਬਜਾਰਾਂ ਵਿੱਚ ਵੇਚ ਦਿੰਦੀਆਂ ਸਨ। ਉਨ੍ਹਾਂ ਬੱਚੀਆਂ ਤੋਂ ਸ.ਬੇਲਾ ਸਿੰਘ ਜੀ ਪੱਖੇ ਪੱਖੀਆਂ ਖਰੀਦ ਕੇ ਬਹੁਤ ਸਾਰੇ ਗੁਰੂ ਘਰਾਂ ਵਿੱਚ ਭੇਟਾ ਕਰ ਦਿੰਦੇ ਸਨ।

## ਮਾਤਾ ਜੀ ਨੇ ਰੁਮਾਲਿਆਂ ਦੀ ਸੇਵਾ ਕਰਨੀ

ਮਹਾਂਪੁਰਖਾਂ ਦੇ ਮਾਤਾ ਪ੍ਰੇਮ ਕੌਰ ਨੂੰ ਪੰਜਾਬ ਦੇ ਰੀਤੀ ਰਿਵਾਜਾਂ ਅਨੁਸਾਰ ਪੇਕੇ ਪਰਿਵਾਰ ਤੋਂ ਸਾਲ ਵਿੱਚ ਦੋ ਤਿੰਨ ਵਾਰੀ ਕੱਪੜੇ ਦਿੱਤੇ ਜਾਂਦੇ। ਉਨ੍ਹਾਂ ਕੱਪੜਿਆਂ ਵਿਚੋਂ ਜਿਹੜੇ ਬਹੁਤੇ ਵਧੀਆ ਹੁੰਦੇ ਉਨ੍ਹਾਂ ਕੱਪੜਿਆਂ ਨੂੰ ਆਪਣੀ ਵਰਤੋਂ ਵਿੱਚ ਨਾ ਲਿਆਉਂਦੇ। ਆਪਣੇ ਪਰਿਵਾਰ ਦੇ ਜੀਆਂ ਨਾਲ ਵਿਚਾਰ ਕਰਦੇ ਸਮੇਂ ਕਹਿੰਦੇ ਕਿ ਇਹ ਤਾਂ ਬਹੁਤ ਮਹਿੰਗਾ ਕੱਪੜਾ ਹੈ ਆਪਣੇ ਪਾਉਣ ਵਾਲਾ ਨਹੀਂ ਹੈ। ਇਸ ਲਈ ਇਹ ਕੱਪੜਾ ਗੁਰੂ ਮਹਾਰਾਜ ਦੀ ਸੇਵਾ ਵਿੱਚ ਲੱਗਣਾ ਚਾਹੀਦਾ ਹੈ। ਉਨ੍ਹਾਂ ਦਿਨਾਂ ਵਿੱਚ ਗੁਰੂ ਘਰਾਂ ਦੀਆਂ ਖਿੜਕੀਆਂ, ਰੌਸ਼ਨਦਾਨਾਂ ਅਤੇ ਦਰਵਾਜਿਆਂ ਵਿੱਚ ਜਾਲੀਆਂ ਨਹੀਂ ਹੁੰਦੀਆਂ ਸਨ ਇਸ ਲਈ ਚਿੜੀਆਂ ਅੰਦਰ ਚਲੇ ਜਾਂਦੀਆਂ ਸਨ। ਚਿੜੀਆਂ ਚਾਨਣੀਆਂ ਨੂੰ ਖਰਾਬ ਕਰ ਦਿੰਦੀਆਂ ਸਨ। ਮਾਤਾ ਜੀ ਵਧੀਆ ਕੱਪੜੇ ਦੀ ਚਾਨਣੀ ਤਿਆਰ ਕਰਵਾ ਲੈਂਦੇ ਸਨ। ਦਰਜੀ ਨੂੰ ਆਪਣੇ ਖੇਤਾਂ ਵਿੱਚੋਂ ਆਲੂ, ਗੋਭੀ ਜਾਂ ਪਿਆਜ ਭੇਜ ਦਿੰਦੇ ਸਨ। ਉਹ ਬਹੁਤ ਖੁਸ਼ੀ ਨਾਲ ਸੁੰਦਰ ਚੰਦੋਏ ਵੱਡੇ ਛੋਟੇ ਤਿਆਰ ਕਰ ਦਿੰਦੇ ਸਨ। ਗੁਰੂ ਮਹਾਰਾਜ ਦੇ ਥੜ੍ਹੇ ਦੀ ਵਿਛਾਈ ਦੀਆਂ ਚਾਦਰਾਂ ਨੂੰ ਕਈ ਵਾਰ ਚੂਹੇ ਕੁਤਰ ਦਿੰਦੇ ਸਨ। ਉਨ੍ਹਾਂ ਦੀ ਥਾਂ ਤੇ ਕੱਪੜੇ ਦੀਆਂ ਨਵੀਆਂ ਚਾਦਰਾਂ ਬਣਾ ਕੇ ਵਿਛਾ ਦਿੰਦੇ ਸਨ। ਸੁਖ ਆਸਨ ਦੇ ਦੂਹਰੇ ਰੁਮਾਲ ਹਮੇਸ਼ਾ ਚਿੱਟੇ ਰੰਗ ਵਿੱਚ ਤਿਆਰ ਕਰਕੇ ਗੁਰੂ ਮਹਾਰਾਜ ਦੀ ਸੇਵਾ ਵਿੱਚ ਲਗਾਉਂਦੇ ਸਨ। ਮਾਤਾ ਜੀ ਨੇ ਆਪਣੀ ਕੋਈ ਵੀ ਫੁਲਕਾਰੀ ਨਿਜੀ ਵਰਤੋਂ ਵਿਚ ਨਹੀ ਲਿਆਂਦੀ ਪਰ ਵਧੀਆ ਤੇ ਕੀਮਤੀ ਜਾਣ ਕੇ ਹਰੇਕ ਫੁਲਕਾਰੀ ਗੁਰੂ ਮਹਾਰਾਜ ਦੇ ਪਿਛਲੇ ਪਾਸੇ ਕੱਚੀ ਦੀਵਾਰ ਤੇ ਗੁਲ ਮੇਖਾਂ ਨਾਲ ਸਜਾ ਦਿੰਦੇ ਸਨ।

ਮਾਤਾ ਜੀ ਵੱਲੋਂ ਮਿਲੀ ਸਿੱਖਿਆ ਅਨੁਸਾਰ ਮਹਾਂਪੁਰਖ ਬਚਪਨ ਤੋਂ ਹੀ ਨੇੜੇ ਤੇੜੇ ਦੇ ਗੁਰੂ ਘਰਾਂ ਵਿੱਚ ਜਦੋਂ ਜਾਂਦੇ ਸਨ ਤਾਂ ਚਾਦਰਾਂ, ਰੁਮਾਲਿਆਂ ਅਤੇ ਚਾਨਣੀਆਂ ਦੀ ਸੇਵਾ ਕਰਵਾ ਦਿੰਦੇ ਸਨ। ਅੱਗੋਂ ਮਹਾਂਪੁਰਖਾਂ ਤੋਂ ਮਿਲੀ ਸਿੱਖਿਆ ਅਨੁਸਾਰ ਅਸੀਂ ਵੀ ਹਰ ਸਮੇਂ ਆਪਣੇ ਘਰ ਵਿੱਚ ਸੁਖਆਸਨ ਦੇ ਰੁਮਾਲ ਅਤੇ ਵਧੀਆ ਚੰਦੋਏ ਤਿਆਰ ਕਰਕੇ ਰੱਖਦੇ ਹਾਂ। ਜਦੋਂ ਪਿੰਡਾਂ ਵਿੱਚ ਅਨੰਦ ਕਾਰਜਾਂ ਦੇ ਸਮਾਗਮਾਂ ਤੇ ਜਾਣਾ ਤਾਂ ਚੰਦੋਆ ਸਾਹਿਬ ਨਾਲ ਲੈ ਕੇ ਜਾਣਾ। ਅਨੰਦ ਕਾਰਜਾਂ ਤੋਂ ਪਹਿਲਾਂ ਅਨੰਦ ਕਾਰਜਾਂ ਵਾਲੇ ਪੰਡਾਲ ਵਿੱਚ ਚੰਦੋਆ ਸਾਹਿਬ ਸਜਾ ਕੇ ਸਾਨੂੰ ਬਹੁਤ ਖੁਸ਼ੀ ਹੋਣੀ। ਜਦੋਂ ਬਰਾਤੀ ਸਿੰਘਾਂ ਅਤੇ ਰਿਸ਼ਤੇਦਾਰਾਂ ਦੇ ਵਧੀਆ ਵਧੀਆ ਮਹਿੰਗੇ ਕੱਪੜੇ ਪਹਿਨੇ ਹੋਏ ਹੁੰਦੇ ਸਨ ਤਾਂ ਗੁਰੂ ਮਹਾਰਾਜ ਜੀ ਦੇ ਸਿਰਹਾਣੇ ਸੁਖਆਸਨ ਦੇ ਰੁਮਾਲ ਅਤੇ ਚੰਦੋਆ ਸਾਹਿਬ ਵਧੀਆ ਨਾ ਹੋਣ ਤਾਂ ਬਹੁਤ ਸ਼ਰਮ ਆਉਂਦੀ ਸੀ ਜਿਸ ਕਰਕੇ ਇਕਾਗਰਤਾ ਨਾਲ ਅਰਦਾਸ ਵੀ ਨਹੀਂ ਹੁੰਦੀ ਸੀ। ਇਸ ਕਰਕੇ ਅਨੰਦ ਕਾਰਜਾਂ ਤੋਂ ਪਹਿਲਾਂ ਜਾ ਕੇ ਚੰਦੋਆ ਆਦਿ ਸਜਾਉਣ ਦੀ ਸੇਵਾ ਪ੍ਰਾਪਤ ਕਰਕੇ ਬਹੁਤ ਖੁਸ਼ੀ ਹੁੰਦੀ ਸੀ। ਕਈ ਪਿੰਡਾਂ ਵਾਲੇ ਰੁਮਾਲੇ ਅਤੇ ਚੰਦੋਆ ਆਦਿ ਮੰਗ ਵੀ ਲੈਂਦੇ ਸਨ। ਗੁਰੂ ਮਹਾਰਾਜ ਜੀ ਦੀ ਕਿਰਪਾ ਦਾ ਸਦਕਾ ਅੱਜ ਵੀ ਇਹ ਸੇਵਾ ਮਿਲਦੀ ਹੀ ਰਹਿੰਦੀ ਹੈ ਇਹ ਮਹਾਰਾਜ ਜੀ ਦਾ ਹੀ ਬਿਰਦ ਹੈ। ਧੰਨਤਾ ਦੇ ਯੋਗ ਮਹਾਂਪੁਰਖਾਂ ਦੇ ਮਾਤਾ ਪ੍ਰੇਮ ਕੌਰ ਜੀ ਹਨ ਜਿਨਾਂ ਨੇ ਗੁਰੂ ਸਾਹਿਬ ਦੀ ਸ਼ਾਨ ਵਿੱਚ ਵਾਧਾ ਕਰਨ ਵਾਸਤੇ ਆਪਣੇ ਨਵੇਂ ਸੁੱਚੇ ਵਸਤਰਾਂ ਦੀ ਵਰਤੋਂ ਗੁਰੂ ਸਾਹਿਬਾਂ ਦੇ ਸੁੰਦਰ ਰੁਮਾਲਿਆਂ ਵਾਸਤੇ ਕਰਕੇ ਪਿੜਤ ਪਾਈ।

## ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ

ਮਹਾਂਪੁਰਖਾਂ ਨੇ ਬਚਪਨ ਵਿੱਚ ਆਪਣੇ ਚਾਚਾ ਗਿਆਨੀ ਉਤਮ ਸਿੰਘ ਜੀ ਕਾਕਰੋਂ ਵਾਲਿਆਂ ਪਾਸੋਂ ਕੜਾਹ ਪ੍ਰਸਾਦਿ ਤਿਆਰ ਕਰਨ ਦੀ ਵਿਧੀ ਸਿੱਖ ਲਈ ਸੀ। ਘਿਓ, ਆਟਾ ਅਤੇ ਖੰਡ ਤਿੰਨੇ ਚੀਜਾਂ ਬਰਾਬਰ ਅਤੇ ਸਵਾਇਆ ਜਲ। ਸਭ ਤੋਂ ਪਹਿਲਾਂ ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਪਾਣੀ ਕਰਕੇ ਨਿਤਨੇਮ ਦਾ ਪਾਠ ਕਰਦੇ। ਨਿਤਨੇਮ ਦਾ ਪਾਠ ਕਰਕੇ ਕੜਾਹ ਪ੍ਰਸਾਦਿ ਵਾਲੇ ਬਰਤਨ ਮਾਂਜ ਕੇ ਸਾਫ ਕਰਦੇ ਫੇਰ ਚੁੱਲ੍ਹੇ ਉਤੇ ਮਿਟੀ ਦਾ ਪੋਚਾ ਫੇਰਦੇ। ਲੋਹੇ ਦੀ ਕੜਾਹੀ ਵਿੱਚ ਦੇਸੀ ਘਿਓ ਪਾ ਕੇ ਚੁੱਲ੍ਹੇ ਤੇ ਰੱਖ ਦਿੰਦੇ। ਘਿਓ ਗਰਮ ਹੋਣ ਤੇ ਆਟਾ ਪਾ ਦਿੰਦੇ। ਖੁਰਚਣਾ ਇੰਨਾਂ ਲੰਮਾ ਹੁੰਦਾ ਕਿ ਖੜ੍ਹੇ ਹੋ ਕੇ ਆਟਾ ਭੁੰਨਦੇ ਸਮੇਂ ਜਪੁ ਜੀ ਸਾਹਿਬ ਦਾ ਸਾਰਾ ਪਾਠ ਕੰਠੋਂ ਉਚਾਰਨ ਕਰਦੇ। ਜੁਪ ਜੀ ਸਾਹਿਬ ਦਾ ਪਾਠ ਕਰਦੇ ਸਮੇਂ ਗਲ ਵਾਲਾ ਹਜੂਰੀਆਂ ਘੁਮਾ ਕੇ ਮੁਖ ਦੇ ਉਪਰ ਦੀ ਕਰ ਲੈਂਦੇ ਤਾਂ ਜੋ ਥੁੱਕ ਅਤੇ ਹਵਾੜ ਆਦਿ ਨਾਲ ਬੇਅਦਬੀ ਨਾ ਹੋ ਜਾਵੇ। ਸਵਾਇ ਜਲ ਵਿੱਚ ਜੋ ਖੰਡ ਪਾ ਕੇ ਚਾਸ ਤਿਆਰ

ਕੀਤੀ ਹੁੰਦੀ ਉਸ ਨੂੰ ਕੱਪੜੇ ਨਾਲ ਪੁਣ ਕੇ ਬਾਲਟੀ ਵਿੱਚ ਪਾ ਲੈਂਦੇ, ਫੇਰ ਬਾਲਟੀ ਵਿੱਚੋਂ ਚਾਸ ਕੜਾਹੀ ਵਿੱਚ ਪਾ ਦਿੰਦੇ ਅਤੇ ਖੁਰਚਣੇ ਨਾਲ ਰਲਾਉਂਦੇ। ਇਸ ਤਰ੍ਹਾਂ ਜਦੋਂ ਕੜਾਹ ਪ੍ਰਸਾਦਿ ਕੜਾਹੀ ਵਿੱਚ ਘਿਓ ਛੱਡ ਦਿੰਦਾ ਉਸ ਸਮੇਂ ਬਾਟੇ ਵਿੱਚ ਪਾ ਲੈਂਦੇ। ਕੜਾਹ ਪ੍ਰਸਾਦਿ ਤਿਆਰ ਕਰਦੇ ਸਮੇਂ ਜਪੁ ਜੀ ਸਾਹਿਬ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਬਾਣੀਆਂ ਦਾ ਜਾਪ ਕਰਦੇ। ਗੁਰੂ ਸਾਹਿਬ ਦੀ ਹਜੂਰੀ ਵਿੱਚ ਕੜਾਹ ਪ੍ਰਸਾਦਿ ਰੱਖ ਕੇ ਠੰਡਾ ਕਰਦੇ ਸਮੇਂ ਅਨੰਦ ਸਾਹਿਬ ਦੀਆਂ ਚਾਲੀ ਪੌੜੀਆਂ ਦਾ ਪਾਠ ਕਰਦੇ। ਆਪ ਜੀ ਅਰਦਾਸ ਕਰਦੇ ਸਮੇਂ ਹੀ ਕੜਾਹ ਪ੍ਰਸਾਦਿ ਨੂੰ ਭੋਗ ਲਵਾਉਂਦੇ ਸਨ। ਨਿਗੁਰੇ ਅਤੇ ਕੁਰਹਿਤੀਏ ਸਿੰਘ ਪਾਸੋਂ ਦੇਗ ਸਜਾਉਣ ਸਮੇਂ ਕੋਈ ਸੇਵਾ ਨਹੀਂ ਲੈਂਦੇ ਸਨ। ਕੜਾਹ ਪ੍ਰਸਾਦਿ ਦੇ ਸਾਰੇ ਬਰਤਨ ਸਰਬ ਲੋਹ ਦੇ ਹੀ ਵਰਤਦੇ ਰਹੇ। ਭੋਗ ਲਗਾਉਣ ਵਾਲੀ ਕਿਰਪਾਨ ਬਿਨਾਂ ਜੋੜ ਤੋਂ ਹੁੰਦੀ ਸੀ। ਇਸੇ ਤਰ੍ਹਾਂ ਵੱਡਾ ਖੁਰਚਣਾ ਵੀ ਬਿਨਾਂ ਜੋੜ ਤੋਂ ਪੰਜ ਫੁੱਟ ਦਾ ਹੁੰਦਾ ਸੀ। ਕੜਾਹ ਪ੍ਰਸ਼ਾਦਿ ਵਾਲੇ ਬਾਟੇ ਵਿੱਚ ਪਲਟਾ ਜਾਂ ਖੁਰਚਣਾ, ਚਮਚਾ ਆਦਿ ਰੱਖਣਾ ਸਖਤ ਮਨਾ ਸੀ। ਭੋਗ ਲੱਗਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿੱਚ ਕੋਈ ਸਿੰਘ ਹੱਥ ਨਹੀਂ ਪਾ ਸਕਦਾ ਸੀ। ਸੀਤ ਜਾਂ ਗਰਮ ਵੇਖਣ ਵਾਸਤੇ ਬਾਟੇ ਨੂੰ ਬਾਹਰੋਂ ਹੀ ਹੱਥ ਲਾ ਕੇ ਵੇਖਿਆ ਜਾਂਦਾ। ਜੇਕਰ ਇੱਕ ਤੋਂ ਵੱਧ ਸਰੂਪ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਹੁੰਦੇ ਤਾਂ ਸਾਰਿਆਂ ਦੀ ਹਜੂਰੀ ਵਿੱਚ ਕੜਾਹ ਪ੍ਰਸ਼ਾਦਿ ਦੇ ਬਾਟੇ ਚੌਂਕੀਆਂ ਉੱਪਰ ਸਜਾਉਂਦੇ।

ਅਰਦਾਸ ਅਤੇ ਹੁਕਮਨਾਮੇ ਤੋਂ ਉਪਰੰਤ ਬਾਟੇ ਵਿੱਚ ਪੰਜ ਪਿਆਰਿਆਂ ਦਾ ਛਾਂਦਾ ਅਤੇ ਛੋਟੇ ਬਾਟੇ ਵਿੱਚ ਗ੍ਰੰਥੀ ਸਿੰਘ ਸਾਹਿਬ ਦਾ ਛਾਂਦਾ ਕੱਢ ਕੇ ਮੰਜੀ ਸਾਹਿਬ ਹੇਠਾਂ ਰੱਖ ਦਿੰਦੇ। ਬਾਅਦ ਵਿੱਚ ਸੰਗਤ ਵਿੱਚ ਪੰਜ ਪਿਆਰਿਆਂ ਦਾ ਛਾਂਦਾ ਅੰਮ੍ਰਿਤਧਾਰੀ ਸਿੰਘਾਂ ਨੂੰ ਵਰਤਾਉਂਦੇ। ਕਦੀ ਕਿਸੇ ਨੂੰ ਦੂਹਰੀ ਵਾਰੀ ਛਾਂਦਾ ਨਹੀਂ ਦਿੰਦੇ ਸਨ। ਜੇਕਰ ਸੰਗਤ ਵਿੱਚ ਉਸ ਸਮੇਂ ਅੰਮ੍ਰਿਤਧਾਰੀ ਸਿੰਘ ਨਜਰ ਨਾ ਪੈਣ ਤਾਂ ਇਹ ਪੰਜੇ ਛਾਂਦੇ ਸਾਰੀ ਦੇਗ ਵਿੱਚ ਮਿਲਾ ਦਿੰਦੇ। ਪੰਜਾਂ ਪਿਆਰਿਆਂ ਅਤੇ ਗ੍ਰੰਥੀ ਸਿੰਘ ਦਾ ਛਾਂਦਾ ਕੱਢਦੇ ਸਮੇਂ ਹਜੂਰੀ ਵਿੱਚ ਮਹਾਂਪੁਰਖ ਉੱਚੀ ਅਵਾਜ ਵਿੱਚ ਇਹ ਸ਼ਬਦ ਪੜ੍ਹਦੇ।

*ਭੈਰਉ ਮਹਲਾ ੫॥*
*ਸਤਿਗੁਰ ਮੇਰਾ ਬੇਮੁਹਤਾਜੁ॥ ਸਤਿਗੁਰ ਮੇਰੇ ਸਚਾ ਸਾਜੁ॥*
*ਸਤਿਗੁਰੁ ਮੇਰਾ ਸਭਸ ਕਾ ਦਾਤਾ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ॥੧॥*
*ਗੁਰ ਜੈਸਾ ਨਾਹੀ ਕੋ ਦੇਵ॥*
*ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥੧॥ ਰਹਾਉ॥*
*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥ ਸਤਿਗੁਰੁ ਮੇਰਾ ਮਾਰਿ ਜੀਵਾਲੈ॥*
*ਸਤਿਗੁਰ ਮੇਰੇ ਕੀ ਵਡਿਆਈ॥ ਪ੍ਰਗਟੁ ਭਈ ਹੈ ਸਭਨੀ ਥਾਈ॥੨॥*

*ਸਤਿਗੁਰੁ ਮੇਰਾ ਤਾਣੁ ਨਿਤਾਣੁ॥ ਸਤਿਗੁਰੁ ਮੇਰਾ ਘਰਿ ਦੀਬਾਣੁ॥*
*ਸਤਿਗੁਰ ਕੈ ਹਉ ਸਦ ਬਲਿ ਜਾਇਆ॥*
*ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ॥੩॥*
*ਜਿਨਿ ਗੁਰ ਸੇਵਿਆ ਤਿਸੁ ਭਉ ਨ ਬਿਆਪੈ॥*
*ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ॥*
*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥੨੪॥* *ਆਦਿ ੧੧੪੨*

ਇਸ ਤੋਂ ਉਪਰੰਤ ਫਿਰ ਸੰਗਤ ਵਿੱਚ ਵਰਤਾਉਂਦੇ। ਮਹਾਂਪੁਰਖ ਬਚਨ ਕਰਦੇ ਕਿ ਕੜਾਹ ਪ੍ਰਸ਼ਾਦਿ ਦੇ ਪਹਿਰੇ ਤੇ ਕਿਸੇ ਇੱਕ ਸਿੰਘ ਦਾ ਹਾਜਰ ਰਹਿਣਾ ਜਰੂਰੀ ਹੈ ਕਿਉਂਕਿ ਗੁਰੂ ਸਾਹਿਬ ਜੀ ਦੀ ਹਜੂਰੀ ਵਿੱਚ ਮੱਥਾ ਟੇਕਣ ਵਾਲਾ ਬਾਹਰੋਂ ਆਇਆ ਪ੍ਰੇਮੀ ਆਪ ਕੜਾਹ ਪ੍ਰਸ਼ਾਦਿ ਨਹੀਂ ਲੈ ਸਕਦਾ। ਕੜਾਹ ਪ੍ਰਸ਼ਾਦਿ ਤਾਂ ਜਿੰਮੇਵਾਰ ਸਿੰਘ ਨੂੰ ਆਪ ਵਰਤਾਉਣਾ ਚਾਹੀਦਾ ਹੈ।

## ਪਰਉਪਕਾਰੀ ਸੁਭਾਅ

ਮਹਾਂਪੁਰਖਾਂ ਦਾ ਸ਼ੁਰੂ ਤੋਂ ਹੀ ਪਰਉਪਕਾਰੀ ਸੁਭਾਅ ਰਿਹਾ। ਖੇਡਾਂ ਖੇਡਦੇ ਸਮੇਂ ਵੀ ਪਰਉਪਕਾਰ ਵਾਲੇ ਕੌਤਕ ਕਰਦੇ। ਆਪਣੇ ਹਾਣੀ ਬੱਚਿਆਂ ਨੂੰ ਬਿਠਾ ਕੇ ਲੰਗਰ ਛਕਾਉਂਦੇ, ਬਾਹਰੋਂ ਕਿਸੇ ਭੁੱਖੇ ਮੰਗਤੇ ਨੂੰ ਘਰ ਲਿਜਾ ਕੇ ਲੰਗਰ ਛਕਾਉਂਦੇ ਆਦਿ।

## ਪੜੌਸੀਆਂ ਦੇ ਪਸ਼ੂਆਂ ਨੂੰ ਚਾਰਾ ਪਾਉਣਾ

ਜਿੱਥੇ ਆਪ ਜੀ ਆਪਣੇ ਪਸ਼ੂਆਂ ਲਈ ਹਰੇ ਚਾਰੇ ਦਾ ਟੋਕਾ ਗੰਡਾਸੇ ਨਾਲ ਕਿਸੇ ਲਕੜ ਤੇ ਰੱਖ ਕੇ ਆਪਣੇ ਹੱਥ ਨਾਲ ਕਰਦੇ ਸਨ ਉੱਥੇ ਪੜੌਸੀਆਂ ਦੇ ਪਸ਼ੂਆਂ ਵਾਸਤੇ ਵੀ ਖੇਤਾਂ ਵਿੱਚੋਂ ਲਿਆਂਦੇ ਹੋਏ ਹਰੇ ਚਾਰੇ ਦਾ ਟੋਕਾ ਆਪਣੇ ਹੱਥੀਂ ਗੰਡਾਸੇ ਨਾਲ ਕਰ ਦਿੰਦੇ। ਆਪ ਜੀ ਦੀ ਸਿਹਤ ਬਹੁਤ ਤਕੜੀ ਸੀ। ਪੜੌਸੀਆਂ ਦਾ ਕੰਮ ਕਰਕੇ ਬਹੁਤ ਖੁਸ਼ ਹੁੰਦੇ ਸਨ।

## ਪਸ਼ੂਆਂ ਨਾਲ ਪਿਆਰ

*ਕਹਿ ਕਬੀਰ ਭੋਗ ਭਲੇ ਕੀਨ॥ ਮਤਿ ਕੋਊ ਮਾਰੈ ਈਟ ਢੇਮ॥*
*ਆਦਿ ੧੧੯੬*

ਮਹਾਂਪੁਰਖਾਂ ਨੇ ਆਪਣੀ ਗਾਂ ਦੇ ਵੱਛਿਆਂ ਨੂੰ ਬਹੁਤ ਪ੍ਰੇਮ ਨਾਲ ਪਾਲਿਆ। ਮਹਾਂਪੁਰਖਾਂ ਦੇ ਮਾਤਾ ਜੀ ਬੇਰੜੇ ਦਾ ਆਟਾ ਆਪਣੀ ਚੱਕੀ ਨਾਲ ਪੀਂਹਦੇ ਫੇਰ ਉਸ ਆਟੇ ਦੀਆਂ ਰੋਟੀਆਂ ਲੋਹ ਤੇ ਪਕਾਉਂਦੇ। ਮਹਾਂਪੁਰਖ ਮਾਤਾ ਜੀ ਪਾਸੋਂ ਗਰਮ

ਗਰਮ ਰੋਟੀਆਂ ਲੈ ਕੇ ਉਸ ਵਿਚ ਸੱਕਰ ਅਤੇ ਦੇਸੀ ਘਿਉ ਪਾ ਕੇ ਚੂਰੀ ਤਿਆਰ ਕਰਦੇ। ਇਸ ਚੂਰੀ ਦੀਆਂ ਪੇੜੀਆਂ ਤਿਆਰ ਕਰਕੇ ਇਨ੍ਹਾਂ ਵੱਛਿਆਂ ਨੂੰ ਖਵਾਉਂਦੇ। ਇਸ ਤਰ੍ਹਾਂ ਬੜੇ ਚਾਅ ਨਾਲ ਵੱਛਿਆਂ ਦੀ ਸੇਵਾ ਕਰਦੇ। ਸ਼ਾਮਾਂ ਨੂੰ ਇਨ੍ਹਾਂ ਵੱਛਿਆਂ ਦੀਆਂ ਕੱਚੀ ਗੋਹਰ ਵਿਚ ਦੌੜਾਂ ਲਵਾਉਂਦੇ। ਸਰਦੀ ਦੇ ਦਿਨਾਂ ਵਿਚ ਰਾਤ ਨੂੰ ਅਲਸੀ ਦੀਆਂ ਪਿੰਨੀਆਂ ਬਣਾ ਕੇ ਖਵਾਉਂਦੇ। ਜਦੋਂ ਇਹ ਵੱਛੇ ਵੱਡੇ ਹੋ ਗਏ ਤਾਂ ਮਹਾਂਪੁਰਖਾਂ ਨੇ ਇਨ੍ਹਾਂ ਨੂੰ ਹਾਲੀ ਕੱਢ ਲਿਆ। ਇਕ ਦਿਨ ਮਹਾਂਪੁਰਖ ਇਨ੍ਹਾਂ ਬੈਲਾਂ ਨੂੰ ਗੱਡੇ ਵਿਚ ਜੋੜ ਕੇ ਰਾਜਪੁਰੇ ਗਏ ਹੋਏ ਸਨ। ਉਥੇ ਇਕ ਥਾਣੇਦਾਰ ਨੇ ਸਿਪਾਹੀ ਨੂੰ ਕਹਿ ਕੇ ਗੱਡਾ ਰੁਕਵਾ ਲਿਆ। ਸਿਪਾਹੀ ਮਹਾਂਪੁਰਖਾਂ ਨੂੰ ਕਹਿਣ ਲਗਿਆ ਕਿ ਆਪਣੀ ਪਰਾਇਣ ਚੈਕ ਕਰਵਾਉ ਜਿਸ ਨਾਲ ਤੁਸੀਂ ਇਨ੍ਹਾਂ ਬਲਦਾਂ ਨੂੰ ਹੱਕਦੇ ਹੋ। ਉਸ ਪਰਾਇਣ ਵਿਚ ਮਹਾਂਪੁਰਖਾਂ ਨੇ ਲੋਹੇ ਦੀ ਆਰ ਫਿੱਟ ਕੀਤੀ ਹੋਈ ਸੀ। ਜਦੋਂ ਇਹ ਪਰਾਇਣ ਸਿਪਾਹੀ ਨੇ ਥਾਣੇਦਾਰ ਨੂੰ ਦਿਖਾਈ ਤਾਂ ਉਹ ਕਹਿਣ ਲਗਿਆ ਕਿ ਗੱਡੇ ਨੂੰ ਇਕ ਪਾਸੇ ਖੜਾ ਕਰਕੇ ਬਲਦਾਂ ਨੂੰ ਇਧਰ ਲਿਆਉ। ਤੁਸੀਂ ਪਰਾਇਣ ਵਿਚ ਆਰ ਲਗਾਈ ਹੋਈ ਹੈ। ਬਲਦਾਂ ਨੂੰ ਫਾਟਕਾਂ ਅੰਦਰ ਕੀਤਾ ਜਾਵੇਗਾ ਅਤੇ ਤੁਹਾਨੂੰ ਇਸ ਦੋਸ਼ ਵਿਚ ਹਵਾਲਾਤ ਵਿਚ ਰੱਖਿਆ ਜਾਵੇਗਾ। ਮਹਾਂਪੁਰਖ ਆਖਣ ਲਗੇ ਥਾਣੇਦਾਰ ਸਾਹਿਬ ਤੁਸੀਂ ਹਥਿਆਰ ਲੋਕਾਂ ਨੂੰ ਮਾਰਨ ਲਈ ਰਖੇ ਹਨ। ਥਾਣੇਦਾਰ ਆਖਣ ਲਗਿਆ ਮਾਰਨ ਲਈ ਨਹੀਂ ਇਹ ਤਾਂ ਲੋਕਾਂ ਨੂੰ ਡਰਾਉਣ ਲਈ ਰਖੇ ਹੋਏ ਹਨ। ਮਹਾਂਪੁਰਖ ਆਖਣ ਲਗੇ ਜਿਵੇਂ ਤੁਸੀਂ ਲੋਕਾਂ ਨੂੰ ਡਰਾਉਣ ਲਈ ਇਹ ਹਥਿਆਰ ਰਖੇ ਹਨ ਇਵੇ ਅਸੀਂ ਇਨ੍ਹਾਂ ਪਸ਼ੂਆਂ ਨੂੰ ਡਰਾ ਕੇ ਕਾਬੂ ਕਰਨ ਵਾਸਤੇ ਪਰਾਇਣ ਵਿਚ ਆਰ ਰਖਦੇ ਹਾਂ। ਇਹ ਬਲਦ ਇੰਨੇ ਤਕੜੇ ਹਨ ਕਿ ਇਨ੍ਹਾਂ ਤੇ ਮੱਖੀ ਵੀ ਨਹੀਂ ਬੈਠ ਸਕਦੀ। ਜੇਕਰ ਪਸ਼ੂ ਭੁੱਸਰ ਜਾਵੇ ਤਾਂ ਅਸੀਂ ਬਾਂਹ ਮਾਰਾਂਗੇ। ਇਸ ਲਈ ਪਰਾਇਣ ਨਾਲ ਡਰਾ ਕੇ ਕਾਬੂ ਕਰਦੇ ਹਾਂ। ਤੁਸੀਂ ਇਨ੍ਹਾਂ ਬਲਦਾਂ ਦੇ ਪੁੜੇ ਵੇਖੋ ਕਿਤੇ ਆਰ ਦਾ ਨਿਸ਼ਾਨ ਤੁਹਾਨੂੰ ਨਜ਼ਰ ਨਹੀਂ ਪਵੇਗਾ। ਇਹ ਸੁਣ ਕੇ ਥਾਣੇਦਾਰ ਕਹਿਣ ਲਗਿਆ ਤੁਹਾਡੀ ਗਲ ਠੀਕ ਹੈ। ਤੁਹਾਡੇ ਬਲਦ ਬੜੇ ਤਕੜੇ ਹਨ। ਇਥੋਂ ਕੁਝ ਦੂਰੀ ਤੇ ਮੇਰੇ ਖੇਤ ਹਨ ਮੈਨੂੰ ਦੋ ਚਾਰ ਦਿਨਾਂ ਵਾਸਤੇ ਆਪਣੇ ਬਲਦ ਦੇਵੋ ਜਿਸ ਨਾਲ ਮੈਂ ਆਪਣੇ ਖੇਤਾਂ ਨੂੰ ਵਾਹ ਕੇ ਬੀਜ ਸਕਾਂ। ਮਹਾਂਪੁਰਖ ਆਖਣ ਲਗੇ ਇਹ ਬੈਲ ਮੈਨੂੰ ਬਹੁਤ ਪਿਆਰੇ ਹਨ। ਮੈਂ ਤੁਹਾਡੀ ਬਿਰਤੀ ਵੇਖ ਲਈ ਹੈ। ਤੁਹਾਡੀ ਬਿਰਤੀ ਵਿਚ ਥਾਣੇਦਾਰੀ ਛੁਪੀ ਹੋਈ ਹੈ। ਜੇਕਰ ਤੁਸੀਂ ਮੇਰੇ ਨਰੋਏ ਬਲਦਾਂ ਦੀ ਜੋੜੀ ਨੂੰ ਵੇਖ ਕੇ ਮੰਗ ਕਰ ਲੈਂਦੇ ਕਿ ਭਾਈ ਸਾਹਿਬ ਜੀ ਤੁਹਾਡੇ ਬੈਲ ਨਵੇਂ ਨਰੋਏ ਹਨ ਮੇਰੀ ਜਮੀਨ ਵਾਹੁਣ ਵਾਲੀ ਹੈ ਕਿਰਪਾ ਕਰਕੇ ਮੇਰਾ ਕਾਰਜ ਕਰੋ। ਫੇਰ ਮੈਂ ਤੁਹਾਡੇ ਖੇਤਾਂ ਵਿਚ ਜਾ ਕੇ ਆਪਣੇ ਬਲਦਾਂ ਨਾਲ ਜਮੀਨ ਵਾਹ ਕੇ ਬਿਜਾਈ ਵੀ ਕਰ ਆਉਣੀ ਸੀ ਪਰ ਤੁਹਾਡੇ ਵਤੀਰੇ ਵਿਚ ਲੋੜਵੰਦਾਂ ਵਾਲੀ ਨਿਮਰਤਾ ਲੇਸ ਮਾਤਰ ਵੀ ਨਹੀਂ ਹੈ। ਇਸ

ਲਈ ਇਹ ਬੈਲ ਤੁਹਾਨੂੰ ਨਹੀਂ ਦਿੱਤੇ ਜਾ ਸਕਦੇ। ਇਨ੍ਹਾਂ ਬੈਲਾਂ ਨੂੰ ਹੱਕਣ ਵਾਲਾ ਬਹੁਤ ਨਰਮ ਦਿਲ ਇਨਸਾਨ ਚਾਹੀਦਾ ਹੈ। ਥਾਣੇਦਾਰ ਨੂੰ ਇਹ ਬੈਲ ਸੌਂਪੇ ਨਹੀਂ ਜਾ ਸਕਦੇ ਹਨ। ਇਸ ਤਰ੍ਹਾਂ ਦਾ ਕੋਮਲ ਹਿਰਦਾ ਮਹਾਂਪੁਰਖਾਂ ਦਾ ਹੁੰਦਾ ਸੀ ਜਿਹੜੇ ਜਾਨਵਰਾਂ, ਪਸ਼ੂਆਂ ਅਤੇ ਪੰਛੀਆਂ ਨੂੰ ਵੀ ਪਾਲ ਕੇ ਬਹੁਤ ਪਿਆਰ ਕਰਦੇ ਸਨ।

## ਪਿੰਡ ਦੇ ਲੋਕਾਂ ਦੀਆਂ ਫਸਲਾਂ ਨੂੰ ਪਾਲਣਾ

ਬਰਸਾਤਾਂ ਦੇ ਦਿਨਾਂ ਵਿੱਚ ਟੋਭੇ ਅਤੇ ਛੱਪੜ ਮੀਂਹ ਦੇ ਪਾਣੀ ਨਾਲ ਆਮ ਭਰ ਜਾਂਦੇ ਸਨ। ਸਾਵਣ ਦੇ ਮਹੀਨੇ ਤੋਂ ਬਾਅਦ ਭਾਦਰੋਂ ਅਤੇ ਅੱਸੂ ਦੇ ਮਹੀਨਿਆਂ ਵਿੱਚ ਟੋਭਿਆਂ ਅਤੇ ਛੱਪੜਾਂ ਦਾ ਪਾਣੀ ਡਾਲ ਨਾਲ ਕੱਢ ਕੇ ਮਿਰਚਾਂ ਅਤੇ ਮੱਕੀ ਦੀ ਸਿੰਚਾਈ ਕਰ ਲੈਂਦੇ ਸਨ। ਇਹ ਡਾਲ ਲੋਹੇ ਦੇ ਤਸਲੇ ਵਰਗੀ ਹੁੰਦੀ ਹੈ ਜਿਸ ਨੂੰ ਚਾਰ ਕੁੰਡੇ ਲਗੇ ਹੁੰਦੇ ਹਨ। ਇਨ੍ਹਾਂ ਚਾਰਾਂ ਕੁੰਡਿਆਂ ਨੂੰ ਚਾਰ ਰੱਸੇ ਤਿੰਨ ਤਿੰਨ ਗਜ ਦੇ ਬੰਨ੍ਹੇ ਹੁੰਦੇ ਹਨ। ਛੱਪੜ ਦੇ ਕੰਢੇ ਤੇ ਦੋ ਆਦਮੀ ਬਾਹਰ ਵਾਰ ਸੁੱਕੀ ਥਾਂ ਤੇ ਖੜ੍ਹ ਕੇ ਪਾਣੀ ਵਿੱਚੋਂ ਡਾਲ ਭਰ ਕੇ ਬਾਹਰ ਸੁੱਟਦੇ ਰਹਿੰਦੇ। ਇਹ ਡਾਲ ਦਾ ਕੰਮ ਆਪ ਜੀ ਦੋ ਦੋ ਪਹਿਰ ਲਗਾਤਾਰ ਕਰਦੇ ਰਹਿੰਦੇ। ਨਾਲ ਵਾਲਾ ਸਾਥੀ ਬਦਲਦਾ ਰਹਿੰਦਾ। ਜਿਹੜਾ ਵੀ ਕੋਈ ਸਾਥੀ ਆਪ ਜੀ ਨਾਲ ਡਾਲ ਮਾਰਦਾ ਉਸਨੂੰ ਸਤਿਨਾਮ ਵਾਹਿਗੁਰੂ ਦਾ ਜਾਪ ਡਾਲ ਵਾਲੀ ਰਫਤਾਰ ਨਾਲ ਮਿਲਾ ਕੇ ਜਪਾਉਂਦੇ। ਆਪ ਜੀ ਨੇ ਨਾਲ ਦੇ ਸਾਥੀ ਨੂੰ ਆਖਣਾ ਕਿ ਜੇ ਤੂੰ ਪਿਆਰ ਨਾਲ ਚਾਲ ਮਿਲਾ ਕਿ ਸਤਿਨਾਮ ਵਾਹਿਗੁਰੂ ਦਾ ਜਾਪ ਕਰੇਂਗਾ ਤਾਂ ਸਰੀਰ ਨੂੰ ਥਕੇਵਾਂ ਬਹੁਤ ਘਟ ਹੋਵੇਗਾ। ਆਪਣੀ ਫਸਲ ਦੇ ਨਾਲ ਦੂਜੇ ਦੀ ਫਸਲ ਜਦੋਂ ਦੇਖਦੇ ਕਿ ਇਹ ਵੀ ਪਾਣੀ ਤੋਂ ਬਗੈਰ ਸੁੱਕ ਰਹੀ ਹੈ ਤਾਂ ਦੂਜੇ ਦੀ ਫਸਲ ਨੂੰ ਵੀ ਪਾਣੀ ਲਾ ਦਿੰਦੇ। ਆਪ ਜੀ ਆਪਣੇ ਖੇਤਾਂ ਦੇ ਨਾਲ ਲਗਦੇ ਦੂਜੇ ਜਿਮੀਦਾਰਾਂ ਦੇ ਖੇਤਾਂ ਦੀ ਫਸਲ ਨੂੰ ਵੀ ਵੇਖ ਕੇ ਬਹੁਤ ਖੁਸ਼ ਹੁੰਦੇ।

## ਪਿੰਡ ਦੇ ਲੋਕਾਂ ਦੇ ਪਸ਼ੂਆਂ ਨੂੰ ਚਾਰਨਾ

ਬਰਸਾਤਾਂ ਦੇ ਦਿਨਾਂ ਵਿੱਚ ਮਹਾਂਪੁਰਖ ਆਪਣੇ ਪਸ਼ੂਆਂ ਦੇ ਨਾਲ ਲੋਕਾਂ ਦੀਆਂ ਗਊਆਂ ਅਤੇ ਮੱਝਾਂ ਵੀ ਖੋਲ੍ਹ ਕੇ ਖੇਤਾਂ ਵਿੱਚ ਚਾਰਨ ਵਾਸਤੇ ਲੈ ਜਾਂਦੇ। ਕਿਸੇ ਦੇ ਢਿੱਲੇ ਮੱਠੇ ਪਸ਼ੂ ਨੂੰ ਗਰਮੀ ਦੀ ਰੁੱਤ ਵਿੱਚ ਸੜਦਾ ਵੇਖ ਕੇ ਦਰਖਤ ਦੀ ਛਾਂ ਵਿੱਚ ਬੰਨ੍ਹ ਦਿੰਦੇ ਸਨ। ਨੇੜੇ ਤੇੜੇ ਦੇ ਪਿੰਡਾਂ ਦੇ ਲੋਕ ਮਹਾਂਪੁਰਖਾਂ ਦੇ ਰਿਸ਼ਤੇਦਾਰਾਂ ਵਿੱਚ ਇਹ ਕਹਿਣ ਲੱਗ ਪਏ ਕਿ ਬਾਬਾ ਕਾਹਨ ਸਿੰਘ ਦਾ ਭੁਝੰਗੀ ਪਾਲ਼ੀ ਬਣ ਗਿਆ ਹੈ ਇਸ ਕਰਕੇ ਲੋਕਾਂ ਦੇ ਡੰਗਰਾਂ ਨੂੰ ਚਾਰਦਾ ਰਹਿੰਦਾ ਹੈ। ਇਹ ਗੱਲ ਪਿਤਾ ਕੋਲ ਵੀ ਪਹੁੰਚ ਗਈ। ਇਕ ਦਿਨ ਬਾਬਾ ਕਾਹਨ ਸਿੰਘ ਜੀ ਨੇ ਉਨ੍ਹਾਂ ਲੋਕਾਂ ਨੂੰ ਆਖਿਆ ਕਿ ਮੇਰਾ ਪੁੱਤਰ ਆਪਣੀਆਂ ਗਾਵਾਂ ਅਤੇ ਮੱਝਾਂ ਨਾਲ ਪਿੰਡ ਦੇ ਲੋਕਾਂ ਦੀਆਂ ਗਾਵਾਂ ਮੱਝਾਂ ਚਾਰਨ ਲਈ

ਲੈ ਕੇ ਜਾਂਦਾ ਹੈ ਇਹ ਕਿਹੜਾ ਕੋਈ ਮਾੜਾ ਕਰਮ ਹੈ ਜਿਸ ਨਾਲ ਸਾਡੀ ਬਦਨਾਮੀ ਹੋਵੇਗੀ। ਜਦੋਂ ਇਹ ਰੌਲ਼ਾ ਘਰ ਵਿੱਚ ਮਾਤਾ ਜੀ ਨੇ ਸੁਣਿਆ ਤਾਂ ਆਖਿਆ ਲੋਕਾਂ ਦੀਆਂ ਗਾਵਾਂ ਮੱਝਾਂ ਜਿਹੜੀਆਂ ਘਰ ਵਿੱਚ ਖੁੰਡਿਆਂ ਨਾਲ ਬੰਨ੍ਹੀਆਂ ਹੋਈਆਂ ਧੁੱਪੇ ਸੜਦੀਆਂ ਰਹਿੰਦੀਆਂ ਸਨ ਤਾਂ ਮੈਂ ਹੀ ਆਪਣੇ ਪੁੱਤਰ ਨੂੰ ਸਮਝਾਇਆ ਸੀ ਕਿ ਵੇਖ ਪੁੱਤਰ ਇਹ ਮੱਝਾਂ ਧੁੱਪ ਵਿੱਚ ਭੁੱਖੀਆਂ ਤਿਹਾਈਆਂ ਰੱਸਿਆਂ ਨਾਲ ਬੰਨ੍ਹੀਆਂ ਹੋਈਆਂ ਕਿਵੇਂ ਦੁਖੀ ਹੋ ਰਹੀਆਂ ਹਨ। ਤੂੰ ਇਨ੍ਹਾਂ ਨੂੰ ਵੀ ਆਪਣੀਆਂ ਗਾਵਾਂ ਮੱਝਾਂ ਦੇ ਨਾਲ ਖੇਤਾਂ ਵਿੱਚ ਚਾਰ ਲਿਆ ਕਰ। ਇਹ ਵੀ ਤੈਨੂੰ ਅਸੀਸਾਂ ਦੇਣਗੀਆਂ। ਮੇਰੇ ਸਮਝਾਉਣ ਤੇ ਇਹ ਸਾਰੇ ਘਰਾਂ ਦੀਆਂ ਗਾਵਾਂ ਮੱਝਾਂ ਚਾਰਨ ਲੱਗ ਪਿਆ। ਇਕੱਠੇ ਹੋਏ ਲੋਕ ਪਰ੍ਹੇ ਹੋ ਕੇ ਆਪਸ ਵਿੱਚ ਗੱਲਾਂ ਕਰਨ ਲੱਗੇ ਕਿ ਜਮੀਨ ਘੱਟ ਹੋਣ ਕਰਕੇ ਘਰ ਵਿੱਚ ਗਰੀਬੀ ਹੈ। ਅੰਦਰ ਖਾਤੇ ਲੋਕਾਂ ਕੋਲੋਂ ਦਾਣੇ ਇਕੱਠੇ ਕਰਦੇ ਹੋਣਗੇ। ਫੇਰ ਵੱਡੇ ਬਣਨ ਵਾਸਤੇ ਆਏ ਗਏ ਮੰਗਤਿਆਂ ਅਤੇ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਹਨ। ਇਸ ਤਰ੍ਹਾਂ ਦੀਆਂ ਮਜਾਕਾਂ ਆਪਸ ਵਿੱਚ ਕਰਦੇ ਹੋਏ ਵਾਪਿਸ ਚਲੇ ਗਏ। ਰਸਤੇ ਵਿੱਚ ਇਹ ਜੁੰਡਲੀ ਵਿਚਾਰ ਕਰਨ ਲੱਗੀ ਕਿ ਕਬੀਲੇ ਨੂੰ ਛੱਡ ਕੇ ਕੀ ਚਾਲ ਫੜੀ ਹੈ। ਇਹ ਤਾਂ ਗਿਆਨੀਆਂ ਦਾ ਟੱਬਰ ਹੈ। ਗੱਲਾਂ ਬਣਾਉਣ ਜਾਣਦੇ ਹਨ। ਚਲੋ ਸਾਰੇ ਕੰਵਰਪੁਰ ਵਿਖੇ ਇਨ੍ਹਾਂ ਦੇ ਪੁੱਤਰ ਗੁਰਬਚਨ ਸਿੰਘ ਨੂੰ ਮਿਲ ਕੇ ਪੁੱਛਦੇ ਹਾਂ ਕਿ ਸੱਚਾਈ ਕੀ ਹੈ। ਉਹ ਅਜੇ ਛੋਟੀ ਉਮਰ ਵਿੱਚ ਹੈ ਸੱਚ ਸੱਚ ਦੱਸ ਦੇਵੇਗਾ ਕਿ ਲੋਕਾਂ ਦੀਆਂ ਗਾਵਾਂ ਮੱਝਾਂ ਚਾਰਨ ਬਦਲੇ ਹਾੜ੍ਹੀ ਸਾਉਣੀ ਕਿੰਨੇ ਕਿੰਨੇ ਦਾਣੇ ਲੈਂਦੇ ਹਨ। ਇਹ ਨਿੰਦਕ ਲੋਕ ਨੇੜੇ ਦੇ ਪਿੰਡੋਂ ਮਹਾਂਪੁਰਖਾਂ ਦੇ ਸਬੰਧੀਆਂ ਨੂੰ ਲੈ ਕੇ ਕੰਵਰਪੁਰ ਖੇਤਾਂ ਵਿੱਚ ਪਹੁੰਚ ਗਏ। ਮਹਾਂਪੁਰਖਾਂ ਕੋਲ ਪਹੁੰਚ ਕੇ ਭਰਮਾਉਣ ਵਾਸਤੇ ਹਾਸੀ ਮਖੌਲ ਦੀਆਂ ਗੱਲਾਂ ਕਰਨ ਲੱਗੇ। ਮਹਾਂਪੁਰਖ ਭਾਵੇਂ ਅਜੇ ਬਚਪਨ ਵਿੱਚ ਹੀ ਸਨ ਪਰ ਗੰਭੀਰ ਰਹਿੰਦੇ ਸਨ। ਅੱਗੋਂ ਮਹਾਂਪਰਖਾਂ ਨੇ ਹਾਸੀ ਮਖੌਲ ਦਾ ਜਵਾਬ ਦੇਣ ਦੀ ਬਜਾਏ ਖੂਹ ਵਿੱਚੋਂ ਠੰਡਾ ਪਾਣੀ ਕੱਢ ਕੇ ਪਿਲਾਇਆ। ਕਿਸੇ ਨੇ ਮਹਾਂਪੁਰਖਾਂ ਨੂੰ ਇਹ ਨਹੀਂ ਦੱਸਿਆ ਕਿ ਅਸੀਂ ਸਵੇਰੇ ਤੁਹਾਡੇ ਘਰ ਵੀ ਸੂਹ ਕੱਢਣ ਗਏ ਸਾਂ। ਬੜੀ ਚਲਾਕੀ ਨਾਲ ਇਹ ਗੱਲਾਂ ਗੱਲਾਂ ਵਿੱਚ ਪੁੱਛਣ ਲੱਗੇ ਕਿ ਜਿਨਾਂ ਲੋਕਾਂ ਦੀਆਂ ਤੁਸੀਂ ਗਾਵਾਂ ਮੱਝਾਂ ਚਾਰਦੇ ਹੋ ਇਹ ਤੁਹਾਨੂੰ ਖੁਸ਼ੀ ਖੁਸ਼ੀ ਹਾੜ੍ਹੀ ਸਾਉਣੀ ਦਾਣੇ ਦੇ ਦਿੰਦੇ ਹੋਣਗੇ। ਕੰਮ ਦੇ ਬਦਲੇ ਦਾਣੇ ਲੈਣਾ ਕੋਈ ਮਾੜੀ ਗੱਲ ਨਹੀਂ।

ਅੱਗੋਂ ਮਹਾਂਪੁਰਖਾਂ ਨੇ ਆਖਿਆ ਜਦੋਂ ਮੈਂ ਆਪਣੀਆਂ ਗਾਵਾਂ ਮੱਝਾਂ ਚਾਰਨ ਲੱਗਿਆ ਸੀ ਤਾਂ ਮੇਰੀ ਅੰਮਾ ਨੇ ਸਮਝਾਇਆ ਸੀ ਕਿ ਜਿਨ੍ਹਾਂ ਘਰਾਂ ਵਿੱਚ ਕੋਈ ਚਾਰਨ ਵਾਲਾ ਨਹੀਂ ਹੈ ਉਨ੍ਹਾਂ ਦੀਆਂ ਗਾਵਾਂ ਮੱਝਾਂ ਨੂੰ ਤੂੰ ਚਾਰ ਲਿਆਇਆ ਕਰ ਤੈਨੂੰ ਅਸੀਸਾਂ ਦੇਣਗੀਆਂ। ਮੈਂ ਉਦੋਂ ਦਾ ਹੀ ਆਪਣੀ ਖੁਸ਼ੀ ਨਾਲ ਸਾਰੀਆਂ ਗਾਵਾਂ ਮੱਝਾਂ ਚਾਰਦਾ ਹਾਂ। ਦਾਣੇ ਕਿਉਂ ਕਿਸੇ ਤੋਂ ਲੈਣੇ ਹਨ। ਮੈਂ ਆਪਣੇ ਡੰਗਰਾਂ ਨਾਲ ਇਨ੍ਹਾਂ ਨੂੰ

ਵੀ ਚਾਰ ਲੈਂਦਾ ਹਾਂ। ਪਰਉਪਕਾਰ ਕਰਨਾ ਚਾਹੀਦਾ ਹੈ। ਖੂਹ ਦਾ ਠੰਡਾ ਪਾਣੀ ਪੀ ਕੇ ਮਹਾਂਪੁਰਖਾਂ ਪਾਸੋਂ ਮਿੱਠੀ ਮਿੱਠੀ ਅਵਾਜ ਵਿੱਚ ਦੋਬਾਰਾ ਪੁੱਛਣ ਲੱਗੇ ਕਿ ਤੈਨੂੰ ਬੇਗਾਨੇ ਪਸ਼ੂ ਚਾਰਨ ਦਾ ਕੀ ਫਾਇਦਾ ਹੈ। ਮਹਾਂਪੁਰਖ ਕਹਿਣ ਲੱਗੇ ਕਿ ਮੇਰੀਆਂ ਅੱਖਾਂ ਸਾਹਮਣੇ ਖੁੰਡਿਆਂ ਨਾਲ ਬੰਨ੍ਹੀਆਂ ਹੋਈਆਂ ਗਊਆਂ ਅਤੇ ਮੱਝਾਂ ਬਾਹਰ ਖੁੱਲ੍ਹੇ ਖੇਤਾਂ ਵਿੱਚ ਚਰਨ ਲਈ ਤਰਸਦੀਆਂ ਹੋਈਆਂ ਪੁਕਾਰਾਂ ਕਰਦੀਆਂ ਸਨ ਮੈਂ ਉਨ੍ਹਾਂ ਨੂੰ ਸਹਿਣ ਨਹੀਂ ਕਰ ਸਕਦਾ ਸੀ। ਜਦੋਂ ਮੈਂ ਇੱਥੇ ਕੰਵਰਪੁਰ ਵਿਖੇ ਗਾਵਾਂ ਮੱਝਾਂ ਚਾਰਦੇ ਸਮੇਂ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਅਤੇ ਅਭਿਆਸ ਕਰਦਾ ਸਾਂ ਉਸ ਸਮੇਂ ਜਿਹੜੀਆਂ ਗਾਵਾਂ ਮੱਝਾਂ ਘਰਾਂ ਵਿੱਚ ਖੁੰਡਿਆਂ ਨਾਲ ਬੰਨ੍ਹੀਆਂ ਹੋਈਆਂ ਰੋਂਦੀਆਂ ਕੁਰਲਾਉਂਦੀਆਂ ਸਨ ਉਹ ਮੈਨੂੰ ਕੀਰਤਨ ਨਹੀਂ ਕਰਨ ਦਿੰਦੀਆਂ ਸਨ। ਮਹਾਂਪੁਰਖਾਂ ਦੇ ਰਿਸ਼ਤੇਦਾਰਾਂ ਨੇ ਆਖਿਆ ਕਿ ਦੋ ਕੋਹ ਤੇ ਖੜੀਆਂ ਗਾਵਾਂ ਅਤੇ ਮੱਝਾਂ ਨੂੰ ਨਾ ਵੇਖਿਆ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਦੇ ਰਿੰਗਣ ਦੀ ਅਵਾਜ ਸੁਣੀ ਜਾ ਸਕਦੀ ਹੈ ਇਹ ਤਾਂ ਤੇਰੇ ਮਨ ਦਾ ਭਰਮ ਹੈ। ਇਹ ਕਹਿ ਕੇ ਇਹ ਸਾਰੇ ਲੋਕ ਇਥੋਂ ਚਲ ਪਏ। ਰਸਤੇ ਵਿਚ ਜਾਂਦੇ ਹੋਏ ਕਹਿਣ ਲਗੇ ਕਿ ਅਜਿਹੀ ਗਰੀਬੀ ਰਬ ਕਿਸੇ ਨੂੰ ਨਾ ਦੇਵੇ। ਇਨ੍ਹਾਂ ਦੇ ਵਡੇ ਵਡੇਰੇ ਤਾਂ ਗਿਆਨੀ ਹੋਏ ਹਨ ਪਰ ਹੁਣ ਇਹ ਵਡਾ ਲੜਕਾ ਕਿੰਨਾ ਸਿਧੜਾ ਹੈ। ਵਿਚਾਰਾ ਆਖਦਾ ਹੈ ਕਿ ਮੇਰੀ ਅੰਮਾ ਕਹਿੰਦੀ ਹੈ ਕਿ ਗਾਵਾਂ ਮੱਝਾਂ ਅਸੀਸਾਂ ਦੇਣਗੀਆਂ। ਇਹ ਗਲ ਸੁਣ ਕੇ ਰਸਤੇ ਵਿਚ ਸਾਰੇ ਹਸ ਪਏ। ਇਨ੍ਹਾਂ ਵਿਚੋਂ ਇਕ ਦੂਜਾ ਕਹਿਣ ਲਗਿਆ ਇਹ ਵਡਾ ਹੋ ਕੇ ਜਰੂਰ ਗਿਆਨੀ ਬਣੇਗਾ ਜਿਹੜਾ ਪਸ਼ੂਆਂ ਤੋਂ ਅਸ਼ੀਰਵਾਦ ਲੈਂਦਾ ਹੈ। ਤੀਜਾ ਕਹਿਣ ਲਗਿਆ ਇੱਕ ਕੋਹ ਤੇ ਖੜੀਆਂ ਗਾਵਾਂ ਮੱਝਾਂ ਰਿੰਗਦੀਆਂ ਦਿਖਦੀਆਂ ਹਨ ਮੈਨੂੰ ਕੀਰਤਨ ਨਹੀਂ ਕਰਨ ਦਿੰਦੀਆਂ। ਹੁਣ ਇਹ ਗੁਰਦੁਆਰੇ ਦੀ ਬਜਾਏ ਖੇਤਾਂ ਵਿਚ ਕੀਰਤਨ ਕਰਿਆ ਕਰੇਗਾ। ਚੌਥਾ ਕਹਿਣ ਲਗਿਆ ਇਹੋ ਜਿਹੇ ਕਮਲੇ ਨੂੰ ਗੁਰਦੁਆਰੇ ਵਿਚ ਕਿਹੜਾ ਕਿਸੇ ਨੇ ਵੜਨ ਦੇਣਾ ਹੈ ਖੇਤਾਂ ਵਿਚ ਹੀ ਅਜਿਹਾ ਕਮਲਾ ਗਾਉਂਦਾ ਫਿਰੇਗਾ। ਇਸ ਤਰ੍ਹਾਂ ਸਾਰੇ ਰਸਤੇ ਆਪਸ ਵਿਚ ਨਿੰਦਾ ਕਰਕੇ ਖੁਸ਼ ਹੁੰਦੇ ਹਨ।

ਅਸਲ ਵਿੱਚ ਉਸ ਸਮੇਂ ਇਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਪਵਿੱਤਰ ਬਾਣੀ ਪੜ੍ਹਨ ਨਾਲ ਅੰਤਰੀਵ ਨੇਤਰਾਂ ਦੀ ਨਿਗਾ ਲੰਮੀ ਹੋ ਜਾਂਦੀ ਹੈ ਅਤੇ ਕੰਨਾਂ ਦੀ ਸੁਣਨ ਸ਼ਕਤੀ ਵੀ ਜਿੰਨੀ ਚਾਹੇ ਉਨੀਂ ਹੋ ਜਾਂਦੀ ਹੈ। ਹਜ਼ੂਰ ਦਾ ਫੁਰਮਾਣ ਹੈ:-

*ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ॥ ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ॥ ਅੰਦਰ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ॥* *ਆਦਿ ੧੦੯੧*

## ਬੁਰੇ ਦਾ ਭਲਾ ਕਰਨ ਬਾਰੇ

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ਆਦਿ ੧੩੮੧*

ਮਹਾਂਪੁਰਖਾਂ ਦੇ ਨਾਲ ਕੋਈ ਬੁਰਾ ਵਰਤਾਰਾ ਵੀ ਕਰਦਾ ਤਾਂ ਵੀ ਮਹਾਂਪੁਰਖ ਉਸ ਦਾ ਭਲਾ ਹੀ ਕਰਦੇ। ਕਈ ਵਾਰੀ ਮਹਾਂਪੁਰਖ ਨੌਜੁਆਨ ਅਵਸਥਾ ਵਿਚ ਫਰੀਦਪੁਰ ਪਿੰਡ ਵਿਚ ਗਰੀਬ ਗੁੱਜਰਾਂ ਦੇ ਖੇਤੀ ਬਾੜੀ ਦਾ ਕੰਮ ਆਪਣੇ ਬਲਦਾਂ ਨਾਲ ਕਰਵਾ ਦਿੰਦੇ ਸਨ। ਇਸ ਤਰ੍ਹਾਂ ਗਰੀਬ ਗੁੱਜਰਾਂ ਦੀ ਮਿਰਚਾਂ ਦੀ ਫਸਲ ਬਹੁਤ ਸੋਹਣੀ ਹੋ ਗਈ ਉਨ੍ਹਾਂ ਦੀਆਂ ਮਿਰਚਾਂ ਵੀ ਆਪਣੀਆਂ ਮਿਰਚਾਂ ਦੇ ਨਾਲ ਗੱਡੇ ਤੇ ਲੱਦ ਕੇ ਮਿਰਚ ਮੰਡੀ ਵਿਚ ਪਹੁੰਚਾ ਦਿੰਦੇ। ਫਰੀਦਪੁਰ ਦੇ ਸਿੱਖ ਜੱਟਾਂ ਨੂੰ ਬੜਾ ਦੁਖ ਹੋਣਾ ਕਿ ਗੁੱਜਰਾਂ ਦੇ ਖੇਤਾਂ ਵਿਚ ਮਿਰਚਾਂ ਦੀ ਫਸਲ ਕਿੰਨੀ ਸੋਹਣੀ ਹੋ ਗਈ ਹੈ। ਇਕ ਵਾਰੀ ਇਨ੍ਹਾਂ ਸਿੱਖ ਜੱਟਾਂ ਨੇ ਮਹਾਂਪੁਰਖਾਂ ਨੂੰ ਬਦਨਾਮ ਕਰਨ ਵਾਸਤੇ ਪਿੰਡ ਦੇ ਇਕ ਸਰਦਾਰ ਦੀਆਂ ਮੱਝਾਂ ਖੋਲ੍ਹ ਕੇ ਰਾਤੋ ਰਾਤ ਬਹੁਤ ਦੂਰ ਪਹੁੰਚਾ ਦਿੱਤੀਆਂ। ਦਿਨ ਚੜ੍ਹੇ ਜਦੋਂ ਰੌਲਾ ਪਿਆ ਇੱਕ ਸਿੱਖ ਜੱਟ ਨੇ ਈਰਖਾ ਵਸ ਹੋ ਕੇ ਮਹਾਂਪੁਰਖਾਂ ਦੇ ਨਾਂਅ ਲਗਾ ਦਿੱਤੀਆਂ। ਜਦੋਂ ਇਲਾਕੇ ਦਾ ਇਕੱਠ ਹੋਇਆ ਤਾਂ ਲੋਕ ਮਹਾਂਪੁਰਖਾਂ ਦੇ ਹੱਕ ਵਿਚ ਹੋ ਗਏ। ਨਿੰਦਕ ਜੱਟ ਦਾ ਪੜਦਾ ਫਾਸ ਹੋ ਗਿਆ। ਮਹਾਂਪੁਰਖਾਂ ਵਿਚ ਇੰਨੀ ਨਿਮਰਤਾ ਸੀ ਕਿ ਬਾਅਦ ਵਿਚ ਫਰੀਦਪੁਰ ਦੇ ਨਿੰਦਕ ਜੱਟ ਨੂੰ ਇਕੱਲਿਆਂ ਮਿਲ ਕੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਸਾਨੂੰ ਤੁਹਾਡੇ ਤੇ ਨਰਾਜਗੀ ਸੀ ਕਿਉਂ ਕਿ ਤੁਸੀਂ ਸਿੱਖ ਹੋ ਕੇ ਸਾਡੇ ਪਿੰਡ ਦੇ ਗੁੱਜਰਾਂ ਦੀ ਬਹੁਤ ਸਹਾਇਤਾ ਕੀਤੀ। ਮਹਾਂਪੁਰਖਾਂ ਨੇ ਸਮਝਾਇਆ ਕਿ ਸਿੱਖ ਤਾਂ ਲੋੜਵੰਦਾਂ ਅਤੇ ਗਰੀਬਾਂ ਦੀ ਸਹਾਇਤਾ ਕਰਦਾ ਹੁੰਦਾ ਹੈ। ਮਹਾਂਪੁਰਖਾਂ ਦੇ ਸਮਝਾਉਣ ਤੇ ਉਹ ਨਿੰਦਕ ਜੱਟ ਚਰਨੀਂ ਪੈ ਗਿਆ ਅਤੇ ਉਹ ਗੁਰੂ ਘਰ ਦਾ ਇੰਨਾ ਪੱਕਾ ਸ਼ਰਧਾਲੂ ਹੋ ਗਿਆ ਕਿ ਉਹ ਬਹੁਤ ਵਾਰੀ ਦੇਸੀ ਘੀ ਦਾ ਝੱਕਰਾ ਭਰ ਕੇ ਗੁਰੂ ਘਰ ਪਹੁੰਚਾਉਦਾ ਰਿਹਾ ਅਤੇ ਬਾਕੀ ਸਿੱਖ ਜੱਟਾਂ ਨੂੰ ਵੀ ਸਮਝਾਇਆ ਕਿ ਸਾਨੂੰ ਸਿੱਖ ਹੋ ਕੇ ਈਰਖਾ ਨਹੀਂ ਕਰਨੀ ਚਾਹੀਦੀ ਸੀ। ਸਿੱਖ ਤਾਂ ਸਰਬੱਤ ਦਾ ਭਲਾ ਲੋਚਦਾ ਹੈ ਅਤੇ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਮਹਾਂਪੁਰਖ ਬੁਰੇ ਨਾਲ ਵੀ ਭਲਿਆਈ ਵਾਲਾ ਵਤੀਰਾ ਹੀ ਰੱਖਦੇ ਰਹੇ।

**ਸਾਖੀ:** ਬੁਰੇ ਦਾ ਭਲਾ ਕਰਨ ਦੀ।

*ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ਜੇ ਓਹੁ ਦੁਆਦਸ ਸਿਲਾ ਪੂਜਾਵੈ॥*
*ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥*
*ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥੧॥ ਰਹਾਉ॥*

*ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥*
*ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ ॥੨॥*
*ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ ॥*
*ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥*
*ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥*
*ਨਿੰਦਕੁ ਸੋਧਿ ਸਾਧਿ ਬੀਚਾਰਿਆ॥*
*ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ ੪॥ ਆਦਿ ੮੭੫*

ਮਹਾਂਪੁਰਖਾਂ ਨੇ ਉਸ ਜੱਟ ਨੂੰ ਲੱਧੇ ਪਰਉਪਕਾਰੀ ਦੀ ਸਾਰੀ ਸਾਖੀ ਸੁਣਾਈ।
**ਸਾਖੀ:** ਲੱਧਾ ਪਰਉਪਕਾਰੀ ਨੇ ਸੱਤਾ ਤੇ ਬਲਵੰਡ ਨੂੰ ਬਖਸ਼ਾਉਣਾ

## ਰਾਹਗੀਰ ਅਤੇ ਲੋੜਵੰਦਾਂ ਦੀ ਸੇਵਾ

ਕਈ ਵਾਰ ਰਾਹਗੀਰ ਦਾ ਘੋੜਾ ਜਾਂ ਬਲਦ ਆਦਿ ਲੰਮੇ ਰਸਤੇ ਵਿਚ ਚਲ ਚਲ ਕੇ ਢਿੱਲਾ ਮੱਠਾ ਹੋ ਜਾਂਦਾ ਤਾਂ ਮਹਾਂਪੁਰਖ ਪਸ਼ੂਆਂ ਦੇ ਦਰਿੰਦੇ ਨੂੰ ਨੇੜੇ ਤੇੜੇ ਦੇ ਪਿੰਡਾਂ ਵਿਚੋਂ ਬੁਲਾ ਕੇ ਲਿਆਉਂਦੇ। ਪਸ਼ੂ ਦੀ ਤੰਦਰੁਸਤੀ ਵਾਸਤੇ ਜੋ ਉਹ ਕਾੜ੍ਹਾ ਜਾਂ ਮਾਲਿਸ਼ ਆਦਿ ਦਸਦਾ ਤਾਂ ਮਹਾਂਪੁਰਖ ਸਾਰੀ ਸੇਵਾ ਆਪਣੇ ਹੱਥੀਂ ਕਰਦੇ। ਜਦੋਂ ਕਿਸੇ ਦਾ ਵੀ ਪਸ਼ੂ ਬਿਮਾਰ ਹੋ ਜਾਂਦਾ ਤਾਂ ਮਹਾਂਪੁਰਖਾਂ ਦੇ ਮਨ ਤੇ ਅਸਰ ਹੋ ਜਾਂਦਾ ਸੀ। ਮਹਾਂਪੁਰਖ ਉਸ ਦੇ ਇਲਾਜ ਵਾਸਤੇ ਤਰਲੋ ਮੱਛੀ ਹੋ ਜਾਂਦੇ। ਜਦੋਂ ਰਾਹਗੀਰ ਦਾ ਪਸ਼ੂ ਤੰਦਰੁਸਤ ਹੋ ਜਾਂਦਾ ਤਾਂ ਅਰਾਮ ਨਾਲ ਬਹਿੰਦੇ।

ਪਿੰਡ ਵਿੱਚ ਸਰਦੀਆਂ ਦੇ ਦਿਨਾਂ ਵਿੱਚ ਗੰਨੇ ਦਾ ਰਸ ਕੱਢਣ ਵਾਲੀ ਘੁਲਾੜੀ ਸਾਰੀ ਸਾਰੀ ਰਾਤ ਚਲਾਉਂਦੇ ਰਹਿੰਦੇ। ਘੁਲਾੜੀ ਚਲਾਉਂਦੇ ਸਮੇਂ ਆਪ ਜੀ ਕਦੇ ਕਿਸੇ ਨਾਲ ਹਾਸਾ ਮਖੌਲ ਨਹੀਂ ਕਰਦੇ ਸਨ। ਘੁਲਾੜੀ ਚਲਦੇ ਸਮੇਂ ਕੋਈ ਰਾਹਗੀਰ ਜਾਂ ਲੋੜਵੰਦ ਗੰਨੇ ਦਾ ਰਸ ਪੀਣ ਲਈ ਅਤੇ ਗਰਮ ਗਰਮ ਗੁੜ ਖਾਣ ਲਈ ਆ ਜਾਂਦਾ ਤਾਂ ਆਪ ਜੀ ਬਹੁਤ ਖੁਸ਼ ਹੁੰਦੇ। ਰਸ ਕਢਾਉਣ ਵੇਲੇ ਵਧੀਆ ਵਧੀਆ ਗੰਨੇ ਲੱਭ ਕੇ ਲਿਆਂਉਂਦੇ ਅਤੇ ਗੰਨੇ ਦੇ ਨਾਲ ਘੁਲਾੜੀ ਵਿਚ ਅਦਰਕ ਦੀਆਂ ਗੱਠੀਆਂ ਮਿਲਾ ਕੇ ਲਾ ਦਿੰਦੇ। ਇਸ ਤਰ੍ਹਾਂ ਗੰਨ੍ਹੇ ਦਾ ਰਸ ਤਿਆਰ ਕਰ ਕੇ ਕੱਪੜੇ ਨਾਲ ਪੁਣ ਕੇ ਬਾਲਟੀ ਭਰ ਲੈਂਦੇ ਅਤੇ ਬੜੇ ਉਤਸ਼ਾਹ ਦੇ ਨਾਲ ਕਟੋਰੇ ਭਰ ਭਰ ਕੇ ਛਕਾਉਂਦੇ ਸਨ। ਜਦੋਂ ਗਰਮ ਗੁੜ ਤਿਆਰ ਹੋ ਜਾਂਦਾ ਤਾਂ ਗੁੜ ਵੀ ਆਪ ਜੀ ਪਿਆਰ ਨਾਲ ਛਕਾਉਂਦੇ। ਕਈ ਵਾਰੀ ਜਦੋਂ ਕੋਈ ਇਹ ਵੇਖ ਲੈਂਦਾ ਕਿ ਮਹਾਂਪੁਰਖ ਘੁਲਾੜੀ ਤੇ ਕੰਮ ਕਰ ਰਹੇ ਹਨ ਤਾਂ ਸਿਆਣੇ ਬਜੁਰਗ ਆ ਕੇ ਬੈਠ ਜਾਂਦੇ। ਆਪ ਜੀ ਕੋਲੋਂ ਜਨਮ ਸਾਖੀਆਂ ਬੜੇ ਪਿਆਰ ਨਾਲ ਸੁਣਦੇ। ਸਮਾਪਤੀ ਤੋਂ ਉਪਰੰਤ ਗਰਮ ਗਰਮ ਗੁੜ ਦਾ ਹੀ ਪ੍ਰਸ਼ਾਦਿ ਵਰਤਾਇਆ ਜਾਂਦਾ। ਮਹਾਂਪੁਰਖਾਂ ਨੂੰ ਬਚਪਨ ਤੋਂ ਹੀ ਗੁੜ

ਪਕਾਉਣ ਦਾ ਬਹੁਤ ਸ਼ੌਕ ਤੇ ਤਜਰਬਾ ਸੀ ਇਸ ਲਈ ਸਰਦੀਆਂ ਦੇ ਦਿਨਾਂ ਵਿਚ ਰੋਜਾਨਾ ਘੁਲਾੜੀ ਤੇ ਹੀ ਸੇਵਾ ਕਰਦੇ ਰਹਿੰਦੇ।

## ਸਾਧੂਆਂ ਨੂੰ ਲੰਗਰ ਛਕਾਉਣ ਬਾਰੇ

ਜਦੋਂ ਕੋਈ ਮਹਾਤਮਾ ਜਾਂ ਰਾਹਗੀਰ ਘਰ ਆ ਜਾਂਦਾ ਤਾਂ ਆਪ ਜੀ ਆਪਣੀ ਮਾਤਾ ਦੇ ਨਾਲ ਲੰਗਰ ਤਿਆਰ ਕਰਵਾ ਕੇ ਆਪ ਛਕਾ ਕੇ ਬਹੁਤ ਖੁਸ਼ ਹੁੰਦੇ। ਰਾਤ ਨੂੰ ਵਿਸ਼ਰਾਮ ਕਰਨ ਵਾਸਤੇ ਮੰਜੇ ਬਿਸਤਰੇ ਦਾ ਪ੍ਰਬੰਧ ਕਰਕੇ ਥਾਂ ਸਿਰ ਡਾਹ ਦਿੰਦੇ। ਗਾਵਾਂ ਮੱਝਾਂ ਦਾ ਦੁੱਧ ਆਪਣੇ ਹੱਥੀਂ ਕੱਢ ਕੇ ਗਰਮ ਕਰਕੇ ਮਿੱਠਾ ਪਾ ਕੇ ਛਕਾਉਂਦੇ। ਛਕ ਛਕਾਈ ਕਰਨ ਤੋਂ ਉਪਰੰਤ ਦੂਜੇ ਮੱਤਾਂ ਦੇ ਮਹਾਂਪੁਰਖਾਂ ਪਾਸੋਂ ਬਹੁਤ ਸਤਿਕਾਰ ਨਾਲ ਵਿਚਾਰਾਂ ਸੁਣਦੇ। ਆਪ ਜੀ ਨੇ ਇਨ੍ਹਾਂ ਮਹਾਂਪੁਰਖਾਂ ਤੋਂ ਹਿੰਦੂ ਮਤ ਦਾ ਬਹੁਤ ਗਿਆਨ ਪ੍ਰਾਪਤ ਕਰ ਲਿਆ।

## ਕੁਸਤੇ ਮਾਰਨ ਬਾਰੇ

ਉਨ੍ਹਾਂ ਦਿਨਾਂ ਵਿਚ ਗੱਡੀਆਂ ਮੋਟਰਾਂ ਆਦਿ ਨਾ ਹੋਣ ਕਰਕੇ ਸਾਰੇ ਮਹਾਤਮਾ ਜਾਂ ਵੈਦ ਭੀ ਪੈਦਲ ਜਾਂ ਘੋੜਿਆਂ ਤੇ ਆਉਂਦੇ ਜਾਂਦੇ ਸਨ। ਰਾਹਗੀਰਾਂ, ਸੰਤਾਂ, ਮਹਾਤਮਾ ਅਤੇ ਫੇਰੀ ਵਾਲਿਆਂ ਨੂੰ ਮਹਾਂਪੁਰਖਾਂ ਦੇ ਪਰਿਵਾਰ ਬਾਰੇ ਪੂਰਾ ਗਿਆਨ ਸੀ ਕਿ ਇਹ ਪਰਿਵਾਰ ਹਰੇਕ ਦੀ ਸੇਵਾ ਕਰਦਾ ਹੈ। ਪਸ਼ੂਆਂ ਦੀ ਵੀ ਸੰਭਾਲ ਕਰਦਾ ਹੈ। ਲੰਗਰ ਪਾਣੀ ਸਾਫ ਸੁਥਰਾ ਦਿੰਦਾ ਹੈ। ਅਮਾਨਤ ਵੀ ਸੁਰੱਖਿਅਤ ਰੱਖਦਾ ਹੈ। ਲੰਗਰ ਪਾਣੀ ਵਿਚ ਕੋਈ ਨਸ਼ਾ ਨਹੀਂ ਪਾਉਂਦਾ। ਇਨ੍ਹਾਂ ਕਾਰਨਾਂ ਕਰਕੇ ਮਹਾਂਪੁਰਖਾਂ ਦੇ ਘਰ ਕੋਈ ਨਾ ਕੋਈ ਰਾਤ ਗੁਜਾਰਨ ਵਾਸਤੇ ਠਹਿਰ ਜਾਂਦਾ ਸੀ। ਇਸ ਤਰ੍ਹਾਂ ਇਕ ਮਹਾਤਮਾ ਆਇਆ ਜੋ ਵੈਦ ਵੀ ਸੀ। ਮਹਾਂਪੁਰਖਾਂ ਦੇ ਮਾਤਾ ਪਿਤਾ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋ ਗਿਆ। ਉਸ ਨੇ ਲਗਾਤਾਰ ਕਾਫੀ ਸਮਾਂ ਰਹਿ ਕੇ ਮਹਾਂਪੁਰਖਾਂ ਨੂੰ ਕਈ ਦੇਸੀ ਦਵਾਈਆਂ ਤਿਆਰ ਕਰਨ ਦੇ ਨੁਸਖੇ ਸਿਖਾ ਦਿੱਤੇ। ਕੁਸਤੇ ਕਿਵੇਂ ਮਾਰੇ ਜਾਂਦੇ ਹਨ ਅਤੇ ਇਨ੍ਹਾਂ ਦੀ ਕੀ ਤਸੀਰ ਹੈ। ਬੱਕਰੀ ਦੀਆਂ ਮੀਂਗਣਾਂ ਅਤੇ ਊਠ ਦੇ ਲੇਡਣਿਆਂ ਵਿਚੋਂ ਤੇਲ ਕੱਢਣ ਦੀ ਸਾਰੀ ਸਿਖਿਆ ਦਿਤੀ। ਇਹ ਤੇਲ ਕਿਨ੍ਹਾਂ ਕਿਨ੍ਹਾਂ ਬੀਮਾਰੀਆਂ ਲਈ ਵਰਤਿਆ ਜਾਂਦਾ ਹੈ ਉਹ ਜੜੀਆਂ ਬੂਟੀਆਂ ਦੀ ਪਹਿਚਾਣ ਅਤੇ ਉਨ੍ਹਾਂ ਤੋਂ ਦਵਾਈਆਂ ਤਿਆਰ ਕਰਕੇ ਪੂਰੀ ਸਿੱਖਿਆ ਮਹਾਂਪੁਰਖਾਂ ਨੂੰ ਦਿੱਤੀ। ਇਸ ਤਰ੍ਹਾਂ ਮਹਾਂਪੁਰਖ ਦੇਸੀ ਦਵਾਈਆਂ ਅਤੇ ਕੁਸਤੇ ਮਾਰਨ ਵਿਚ ਪੂਰੇ ਨਿਪੁੰਨ ਹੋ ਗਏ। ਇਹ ਹਕੀਮ ਮਹਾਤਮਾ ਹਰ ਸਾਲ ਹਰ ਮੌਸਮ ਵਿਚ ਆਉਂਦਾ ਰਹਿੰਦਾ ਸੀ। ਉਸਨੇ ਸਾਰੀ ਸਿਖਿਆ ਦੇਣ ਤੋਂ ਪਹਿਲਾਂ ਇਹ ਵੀ ਪ੍ਰਣ ਕਰਵਾਇਆ ਸੀ ਕਿ ਇਹ ਦਵਾਈਆਂ ਸੇਵਾ ਵਿਚ ਦੇਣੀਆਂ ਹਨ। ਧੰਦਾ ਨਹੀਂ ਬਣਾਉਣਾ। ਮਹਾਂਪੁਰਖਾਂ ਦਾ ਸੁਭਾਅ ਪਹਿਲਾਂ ਤੋਂ ਹੀ ਨਿਸ਼ਕਾਮੀ ਸੀ।

## ਪਰਾਏ ਝਗੜਿਆਂ ਦਾ ਨਿਪਟਾਰਾ

ਕਈ ਵਾਰੀ ਪਿੰਡ ਵਿੱਚ ਜਦੋਂ ਕਿਸੇ ਘਰ ਵਿੱਚ ਘਰੇਲੂ ਲੜਾਈ ਝਗੜਾ ਹੋ ਜਾਂਦਾ ਤਾਂ ਉਸ ਪਰਿਵਾਰ ਦੇ ਰੁੱਸੇ ਹੋਏ ਜੀਅ ਨੂੰ ਮਹਾਂਪੁਰਖ ਗੁਰੂ ਘਰ ਦੀਆਂ ਸਾਖੀਆਂ ਸੁਣਾ ਕੇ ਉਸ ਨੂੰ ਪਰਿਵਾਰ ਵਿੱਚ ਮਿਲਾ ਦਿੰਦੇ। ਨੌਜੁਆਨ ਬੱਚਿਆਂ ਨੂੰ ਸਮਝਾਉਂਦੇ ਹੋਏ ਆਖਦੇ ਕਿ ਮਾਤਾ ਪਿਤਾ ਅਤੇ ਵੱਡੇ ਬਜੁਰਗਾਂ ਦੇ ਸਾਹਮਣੇ ਸਾਨੂੰ ਅੜਨਾ ਨਹੀਂ ਚਾਹੀਦਾ। ਜੇਕਰ ਬਜੁਰਗ ਨੌਜੁਆਨ ਬੱਚੇ ਨੂੰ ਮਾਰ ਕੁੱਟ ਵੀ ਲੈਣ ਤਾਂ ਅੱਗੋਂ ਹੱਥ ਨਹੀਂ ਚੁੱਕਣਾ ਚਾਹੀਦਾ। ਜੇ ਕੋਈ ਬੱਚਾ ਇਹ ਆਖਦਾ ਕਿ ਮੈਨੂੰ ਮੇਰੇ ਪਿਤਾ ਜੀ ਨੇ ਮਾਰਿਆ ਹੈ, ਮੈਂ ਘਰ ਨਹੀਂ ਜਾਵਾਂਗਾ ਤਾਂ ਆਪ ਜੀ ਅੱਗੋਂ ਆਖਦੇ ਕਿ ਮਾਤਾ ਪਿਤਾ ਨੂੰ ਹਮੇਸ਼ਾਂ ਹੀ ਇਹ ਹੱਕ ਹੁੰਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾਰ ਕੁੱਟ ਵੀ ਸਕਦੇ ਹਨ ਅਤੇ ਘੂਰ ਵੀ ਸਕਦੇ ਹਨ। ਸਾਨੂੰ ਕੋਈ ਗੁੱਸਾ ਜਾਂ ਰੋਸਾ ਨਹੀਂ ਕਰਨਾ ਚਾਹੀਦਾ। ਉਸ ਬੱਚੇ ਨੂੰ ਸਮਝਾ ਕੇ ਘਰ ਦੇ ਮੈਂਬਰਾਂ ਵਿੱਚ ਰਲਾ ਕੇ ਆਉਂਦੇ। ਮਹਾਂਪੁਰਖ ਇਹ ਵੀ ਆਖਦੇ ਕਿ ਘਰ ਦੇ ਰਹਿੰਦੇ ਕੰਮਾਂ ਨੂੰ ਖੁਸ਼ੀ ਨਾਲ ਕਰਨਾ ਚਾਹੀਦਾ ਹੈ। ਜਿਹੜੇ ਪਸ਼ੂ ਧੁੱਪ ਵਿੱਚ ਬੰਨ੍ਹੇ ਹੋਏ ਖੜ੍ਹੇ ਹੁੰਦੇ ਹਨ, ਉਹ ਪਿਆਸੇ ਤੇ ਭੁੱਖੇ ਤੜਫ ਰਹੇ ਹੁੰਦੇ ਹਨ, ਉਨ੍ਹਾਂ ਦਾ ਪਾਪ ਸਾਨੂੰ ਲੱਗਦਾ ਹੈ। ਇਸ ਲਈ ਕਦੇ ਵੀ ਘਰੇਲੂ ਲੜਾਈ ਵਿੱਚ ਪਸ਼ੂਆਂ ਦੀ ਸੇਵਾ ਸੰਭਾਲ ਨਹੀਂ ਛੱਡਣੀ ਚਾਹੀਦੀ। ਮਹਾਂਪੁਰਖ ਕਥਾ ਕਰਦੇ ਸਮੇਂ ਵੀ ਬਚਨ ਕਰਿਆ ਕਰਦੇ ਕਿ ਰੋਕ ਟੋਕ ਤੋਂ ਬਗੈਰ ਜੁਆਨੀ ਵਿਚ ਮਨੁੱਖ ਬੁਰੇ ਕੰਮਾਂ ਤੋਂ ਬਚ ਨਹੀ ਸਕਦਾ।

## ਰਸਤੇ ਸਾਫ ਤੇ ਪੱਧਰੇ ਕਰਨੇ

ਉਨ੍ਹਾਂ ਦਿਨਾਂ ਵਿਚ ਖੇਤੀ ਬਾੜੀ ਵਾਲੀ ਜਮੀਨ ਤੋਂ ਇਲਾਵਾ ਵਾਧੂ ਪਈ ਜਮੀਨ ਵਿਚ ਕਿੱਕਰਾਂ, ਹੀਂਸਾਂ, ਝਾੜ ਅਤੇ ਢੱਕ ਦੇ ਦਰਖ਼ਤ ਆਮ ਹੁੰਦੇ ਸਨ। ਇਨ੍ਹਾਂ ਵਿਚ ਬਹੁਤ ਸਾਰੇ ਮਿਰਗ ਰਹਿੰਦੇ ਸਨ। ਇਹ ਫਸਲ ਦਾ ਬਹੁਤ ਉਜਾੜਾ ਕਰਦੇ ਸਨ। ਜਿਮੀਦਾਰ ਲੋਕ ਇਨ੍ਹਾਂ ਮਿਰਗਾਂ ਤੋਂ ਖੇਤੀ ਬਚਾਉਣ ਵਾਸਤੇ ਕਿੱਕਰਾਂ ਦੀਆਂ ਝੀਗਾਂ ਵੱਢ ਕੇ ਆਪਣੇ ਖੇਤ ਨੂੰ ਵਾੜ ਕਰ ਲੈਂਦੇ ਸਨ। ਗਰਮੀਆਂ ਦੇ ਦਿਨਾਂ ਵਿਚ ਜਦੋਂ ਜੋਰਦਾਰ ਹਨੇਰੀ ਚਲਦੀ ਸੀ ਤਾਂ ਇਹ ਵਾੜ ਦੀਆਂ ਝੀਗਾਂ ਪੁੱਟ ਹੋ ਜਾਂਦੀਆਂ ਸਨ। ਪੁੱਟੀਆਂ ਹੋਈਆਂ ਝਿੰਗਾਂ ਹਵਾ ਦੇ ਨਾਲ ਉੱਡ ਕੇ ਰਸਤਿਆਂ ਵਿਚ ਆ ਜਾਂਦੀਆਂ ਸਨ। ਜੋਰਦਾਰ ਹਨੇਰੀ ਨਾਲ ਜਦੋਂ ਧਰਤੀ ਉੱਤੇ ਝਿੰਗਾਂ ਰਗੜ ਖਾਦੀਆਂ ਸਨ ਤਾਂ ਰਸਤੇ ਵਿਚ ਝਿੰਗਾਂ ਨਾਲੋਂ ਕੰਡੇ ਟੁੱਟ ਕੇ ਖਿੰਡ ਜਾਂਦੇ ਸਨ। ਮਹਾਂਪੁਰਖ ਗਊਆਂ ਮੱਝਾਂ ਚਾਰਨ ਜਾਂਦੇ ਸਮੇਂ ਇਹ ਝਿੰਗਾਂ ਰਸਤੇ ਵਿਚੋਂ ਹਟਾ ਦਿੰਦੇ ਸਨ। ਸਾਥੀਆਂ ਨੂੰ ਨਾਲ ਲਾ ਕੇ ਰਸਤੇ ਵਿਚੋਂ ਖਿੰਡੇ ਹੋਏ ਕੰਡਿਆਂ ਨੂੰ ਵੀ ਬੜੇ ਧਿਆਨ ਨਾਲ ਚੁਗ ਦਿੰਦੇ ਸਨ। ਜਦੋਂ ਕਿਸੇ ਗਰੀਬ ਰਾਹਗੀਰ ਦੇ ਨੰਗੇ ਪੈਰ ਵਿਚ ਕੰਡਾ ਖੁਭ ਜਾਂਦਾ ਤਾਂ ਮਹਾਂਪੁਰਖ

ਬਹੁਤ ਬੇਚੈਨ ਹੋ ਜਾਂਦੇ ਸਨ। ਉਸ ਰਾਹਗੀਰ ਨੂੰ ਆਪਣੇ ਕੰਧੇੜੇ ਤੇ ਚੁੱਕ ਕੇ ਘਰ ਲੈ ਆਉਂਦੇ ਸਨ। ਘਰ ਲਿਆ ਕੇ ਉਸ ਦੇ ਪੈਰ ਵਿਚੋਂ ਖੁਭਿਆ ਹੋਇਆ ਕੰਡਾ ਕੱਢਦੇ ਅਤੇ ਪੈਰ ਥੱਲੇ ਅੰਬ ਦੇ ਅਚਾਰ ਦੀ ਲੂਣ ਅਤੇ ਹਲਦੀ ਵਾਲੀ ਫਾੜੀ ਬੰਨ੍ਹ ਦਿੰਦੇ। ਮਹਾਂਪੁਰਖ ਉਸ ਰਾਹਗੀਰ ਨੂੰ ਆਪਣੀ ਮਾਤਾ ਪਾਸੋਂ ਲੱਸੀ ਜਾਂ ਪ੍ਰਸ਼ਾਦਾ ਲੈ ਕੇ ਛਕਾ ਦਿੰਦੇ। ਜਦੋਂ ਰਾਹਗੀਰ ਚੰਗੀ ਤਰ੍ਹਾਂ ਤੁਰਨ ਲੱਗ ਜਾਂਦਾ ਤਾਂ ਮਹਾਂਪੁਰਖਾਂ ਦੀ ਬੇਚੈਨੀ ਦੂਰ ਹੁੰਦੀ। ਜਦੋਂ ਕਿਸੇ ਦੇ ਨੰਗੇ ਪੈਰ ਵਿਚ ਕੰਡਾ ਖੁਭ ਜਾਂਦਾ ਉਸ ਨੂੰ ਇਹ ਕਦੇ ਨਹੀਂ ਸਨ ਕਹਿੰਦੇ ਕਿ ਤੂੰ ਪੈਰ ਵਿਚ ਜੁੱਤੀ ਕਿਉਂ ਨਹੀਂ ਪਾਈ ਅਤੇ ਧਿਆਨ ਨਾਲ ਰਸਤਾ ਵੇਖ ਕੇ ਕਿਉਂ ਨਹੀਂ ਪੈਰ ਰੱਖਿਆ। ਸਗੋਂ ਇਹ ਕਹਿੰਦੇ ਸਨ ਕਿ ਹਨੇਰੀ ਦੇ ਮਗਰੋਂ ਅਸੀਂ ਰਸਤਾ ਸਾਫ ਨਹੀਂ ਕੀਤਾ ਇਸ ਲਈ ਤੁਹਾਡੇ ਪੈਰ ਵਿੱਚ ਕੰਡਾ ਖੁਭਿਆ ਹੈ।

ਬਰਸਾਤ ਦੇ ਦਿਨਾਂ ਵਿਚ ਜਦੋਂ ਜੋਰਦਾਰ ਮੀਂਹ ਪੈਂਦਾ ਸੀ ਤਾਂ ਕੱਚੀ ਸੜਕ ਦੀ ਮਿੱਟੀ ਹੜ੍ਹ ਕੇ ਨੀਵੇਂ ਥਾਂ ਚਲੀ ਜਾਂਦੀ ਸੀ। ਰਸਤੇ ਵਿਚ ਤੇਜ ਪਾਣੀ ਨਾਲ ਘਾਰੇ ਤੇ ਡੂੰਘੀਆਂ ਖੱਡਾਂ ਪੈ ਜਾਂਦੀਆਂ ਸਨ। ਬਰਸਾਤ ਮਗਰੋਂ ਮਹਾਂਪੁਰਖ ਕਹੀ ਲੈ ਕੇ ਰਸਤੇ ਵਿਚ ਪਏ ਹੋਏ ਘਾਰਿਆਂ ਨੂੰ ਇਕ ਪਾਸੇ ਤੋਂ ਮਿਟੀ ਪੁੱਟ ਕੇ ਪੱਧਰਾ ਕਰ ਦਿੰਦੇ ਸਨ। ਇਸ ਤਰ੍ਹਾਂ ਕਰਨ ਨਾਲ ਲੋਕਾਂ ਦੇ ਗੱਡਿਆਂ ਦੇ ਪਹੀਏ ਪੱਧਰੀ ਥਾਂ ਤੇ ਅਸਾਨੀ ਨਾਲ ਲੰਘ ਜਾਂਦੇ ਸਨ। ਗੱਡੇ ਵਿਚ ਜੁੜੇ ਹੋਏ ਬਲਦਾਂ ਦਾ ਜੋਰ ਘਟ ਲਗਦਾ ਸੀ। ਗੱਡੇ ਦੇ ਪਹੀਏ ਪੱਧਰੀ ਥਾਂ ਤੇ ਚਲਣ ਕਰਕੇ ਡਹਿਕੇ ਨਹੀਂ ਮਾਰਦੇ ਸਨ। ਬਲਦਾਂ ਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ ਸੀ। ਜਦੋਂ ਕਿਸੇ ਦੇ ਗੱਡੇ ਦੇ ਪਹੀਏ ਘਾਰਿਆਂ ਵਿਚ ਡਿੱਗਣ ਨਾਲ ਪੰਜਾਲੇ ਨਾਲ ਬਲਦ ਦਾ ਮਤਾੜ ਹੋ ਜਾਂਦਾ ਤਾਂ ਮਹਾਂਪੁਰਖ ਆਖਦੇ ਕਿ ਰਸਤੇ ਬਰਸਾਤ ਦੇ ਦਿਨਾਂ ਤੋਂ ਬਾਅਦ ਪੱਧਰੇ ਕਰਨਾ ਸਾਡਾ ਫਰਜ ਹੈ। ਜਿਹੜਾ ਬਲਦਾਂ ਨੂੰ ਦੁਖ ਪਹੁੰਚਿਆ ਹੈ ਇਸ ਦਾ ਪਾਪ ਸਾਨੂੰ ਲਗਦਾ ਹੈ। ਇਸ ਤਰ੍ਹਾਂ ਮਹਾਂਪੁਰਖ ਕੇਵਲ ਗੁਰਮਤਿ ਦਾ ਪ੍ਰਚਾਰ ਹੀ ਨਹੀਂ ਕਰਦੇ ਸਨ ਸਤਿਸੰਗੀ ਜਨਾਂ ਦਾ ਪਰਉਪਕਾਰੀ ਸੁਭਾਅ ਵੀ ਬਣਾ ਦਿੰਦੇ ਸਨ। ਹਰੇਕ ਸਾਲ ਬਰਸਾਤਾਂ ਮਗਰੋਂ ਲੋਕਾਂ ਨੂੰ ਪ੍ਰੇਰ ਕੇ ਰਸਤੇ ਪਧਰੇ ਕਰਾਉਂਦੇ ਰਹੇ।

## ਕੋਮਲਵ ਹਿਰਦਾ

ਇੱਕ ਵਾਰੀ ਮਹਾਂਪੁਰਖ ਆਪਣੇ ਬੈਲਾਂ ਵਾਲੇ ਗੱਡੇ ਉਪਰ ਕਪਾਹ ਦੀਆਂ ਗੰਢਾਂ ਲੱਦ ਕੇ ਮੋਰਿੰਡੇ ਲਿਜਾ ਰਹੇ ਸਨ। ਰਸਤੇ ਵਿੱਚ ਬਰਸਾਤਾਂ ਕਾਰਨ ਕੱਚੀ ਗੋਹਰ ਵਿੱਚ ਬਹੁਤ ਟੋਏ ਅਤੇ ਖੱਡੇ ਸਨ। ਜਦੋਂ ਮੋਰਿੰਡੇ ਕਪਾਹ ਦੀਆਂ ਗੰਢਾਂ ਆਪਣੇ ਗੱਡੇ ਵਿੱਚੋਂ ਉਤਾਰ ਦਿੱਤੀਆਂ ਆਪਣੇ ਬਲ੍ਹਦਾਂ ਨੂੰ ਪੱਠੇ ਖੁਆਏ। ਪਾਣੀ ਦਿਖਾਇਆ ਅਤੇ ਅਰਾਮ ਕਰਵਾਇਆ। ਹੁਣ ਮੋਰਿੰਡੇ ਤੋਂ ਗੱਡਾ ਗੁੜ ਦੀਆਂ ਭੇਲੀਆਂ ਨਾਲ ਭਰ ਲਿਆ। ਜਦੋਂ ਬਲ੍ਹਦਾਂ ਨੂੰ ਗੱਡੇ ਵਿੱਚ ਜੋੜਨ ਲੱਗੇ ਤਾਂ ਵੇਖਿਆ ਕਿ ਇੱਕ ਬਲਦ ਦੇ

ਕੰਨ੍ਹੇ ਨੂੰ ਮਤਾੜ ਹੋ ਗਿਆ ਹੈ। ਭਾਵ ਬਲ੍ਹਦ ਦੀ ਗਰਦਨ ਉਪਰ ਜਿੱਥੇ ਗੱਡੇ ਦਾ ਪੰਜਾਲਾ ਰੱਖਿਆ ਜਾਂਦਾ ਹੈ ਉਸ ਥਾਂ ਤੇ ਰਸਤੇ ਵਿੱਚ ਖੱਡੇ ਹੋਣ ਕਰਕੇ ਪੰਜਾਲੇ ਨਾਲ ਸੱਟਾਂ ਲੱਗ ਗਈਆਂ ਹਨ। ਸੱਟਾਂ ਲੱਗਣ ਕਰਕੇ ਸੋਜਸ ਆ ਗਈ। ਇਸ ਸੋਜਸ ਨੂੰ ਮਤਾੜ ਕਹਿੰਦੇ ਹਨ। ਆਮ ਜਿਮੀਦਾਰ ਮਤਾੜ ਹੋਣ ਦੇ ਬਾਵਜੂਦ ਵੀ ਬੈਲਾਂ ਨੂੰ ਜੋੜ ਲੈਂਦੇ ਹਨ ਪਰ ਮਹਾਂਪੁਰਖਾਂ ਦਾ ਹਿਰਦਾ ਇੰਨਾ ਕੋਮਲ ਸੀ ਕਿ ਬਲ੍ਹਦ ਦਾ ਮਤਾੜ ਵੇਖ ਕੇ ਬਹੁਤ ਦੁਖੀ ਹੋਏ। ਇਸ ਬਲ੍ਹਦ ਨੂੰ ਗੱਡੇ ਵਿੱਚ ਜੋੜਨ ਦੀ ਬਜਾਏ ਗੱਡੇ ਉਪਰ ਬੈਠੇ ਇੱਕ ਬੰਦੇ ਨੂੰ ਇਸ ਬਲ੍ਹਦ ਦਾ ਰੱਸਾ ਫੜਾ ਦਿੱਤਾ ਅਤੇ ਆਪ ਮਹਾਂਪੁਰਖ ਬਲ੍ਹਦ ਦੀ ਥਾਂ ਤੇ ਲੱਗ ਕੇ ਗੱਡੇ ਦਾ ਪੰਜਾਲਾ ਸਾਂਭ ਲਿਆ। ਇਹ ਬਲ੍ਹਦ ਅਰਾਮ ਨਾਲ ਗੱਡੇ ਦੇ ਪਿਛਲੇ ਪਾਸੇ ਹੌਲੀ-ਹੌਲੀ ਖਾਲੀ ਚਲਦਾ ਰਿਹਾ। ਇਸ ਤਰ੍ਹਾਂ ਮੋਰਿੰਡੇ ਤੋਂ ਲੈ ਕੇ ਰਾਜਪੁਰੇ ਤੱਕ ਮਹਾਂਪੁਰਖ ਬਲ੍ਹਦ ਦੀ ਥਾਂ ਲੱਗ ਕੇ ਗੱਡਾ ਖਿੱਚ ਕੇ ਲਿਆਏ। ਘਰ ਆ ਕੇ ਬਲ੍ਹਦ ਦੇ ਮਤਾੜ ਨੂੰ ਦੇਸੀ ਇਲਾਜ ਕਰਕੇ ਠੀਕ ਕੀਤਾ। ਜਦੋਂ ਬਾਪੂ ਕਾਹਨ ਸਿੰਘ ਨੇ ਪੁੱਛਿਆ ਕਿ ਗੁੜ ਦਾ ਭਰਿਆ ਹੋਇਆ ਗੱਡਾ ਕਿਵੇਂ ਲਿਆਂਦਾ ਤਾਂ ਮਹਾਂਪੁਰਖਾਂ ਦੇ ਦੱਸਣ ਨਾਲ ਸਾਰਿਆਂ ਨੂੰ ਪਤਾ ਲੱਗਿਆ ਕਿ ਇਹ ਆਪ ਹੀ ਬਲ੍ਹਦ ਦੀ ਥਾਂ ਲੱਗ ਕੇ ਗੱਡਾ ਲਿਆਏ ਹਨ। ਸਾਰਿਆਂ ਨੇ ਮਨ ਵਿੱਚ ਵਿਚਾਰ ਕੀਤੀ ਕਿ ਮਹਾਂਪੁਰਖ ਪਸ਼ੂਆਂ ਨਾਲ ਕਿੰਨਾ ਪਿਆਰ ਕਰਦੇ ਹਨ। ਉਨ੍ਹਾਂ ਦੀ ਪੀੜਾ ਨੂੰ ਕਿਵੇਂ ਸਮਝਦੇ ਹਨ।

*ਵਿਣੁ ਗੁਣ ਕੀਤੇ ਭਗਤਿ ਨ ਹੋਇ॥* *ਆਦਿ ੪*

**ਸਾਖੀ:-** ਭਾਈ ਮਹਿੰਗੇ ਨੇ ਸੇਵਾ ਤੇ ਸਿਮਰਨ ਕਰਕੇ ਪਾ:੩ ਤੋਂ ਸਿਖੀ ਦੀ ਦਾਤ ਪ੍ਰਾਪਤ ਕਰਨੀ

## ਬਰਸਾਤਾਂ ਵਿਚ ਦਰਖਤ ਲਗਾਉਣ ਬਾਰੇ

ਮਹਾਂਪੁਰਖ ਹਰ ਸਾਲ ਬਰਸਾਤਾਂ ਦੇ ਦਿਨਾਂ ਵਿਚ ਪੰਚਾਇਤੀ ਥਾਵਾਂ, ਗੁਰੂ ਘਰਾਂ ਦੀਆਂ ਜਮੀਨਾਂ, ਸਕੂਲਾਂ ਦੇ ਮੈਦਾਨ, ਸ਼ਾਮਲਾਟਾਂ ਅਤੇ ਨਿੱਜੀ ਜਮੀਨਾਂ ਵਿਚ ਲੋਕਾਂ ਨੂੰ ਪ੍ਰੇਰਨਾ ਦੇ ਕੇ ਦਰਖ਼ਤ ਲਗਵਾਉਂਦੇ। ਉਨ੍ਹਾਂ ਦਿਨਾਂ ਵਿਚ ਪਿੰਡਾਂ ਵਿਚ ਸਾਂਝੀਆਂ ਇਮਾਰਤਾਂ ਬਹੁਤ ਘੱਟ ਹੁੰਦੀਆਂ ਸਨ। ਲੋਕਾਂ ਨੂੰ ਮਿਲ ਕੇ ਬੈਠਣ ਵਾਸਤੇ ਛਾਂ ਦਾ ਹੋਣਾ ਬਹੁਤ ਜਰੂਰੀ ਸੀ। ਇਸ ਕਰਕੇ ਮਹਾਂਪੁਰਖ ਪਿੱਪਲ, ਬਰੋਟਾ, ਨਿੰਮ ਆਦਿ ਆਮ ਲਾਉਂਦੇ ਰਹਿੰਦੇ ਸਨ। ਅੱਜ ਵੀ ਇਲਾਕੇ ਦੇ ਕਈ ਗੁਰੂ ਘਰਾਂ ਵਿਚ ਅਤੇ ਸਕੂਲਾਂ ਵਿਚ ਉਨ੍ਹਾਂ ਦੇ ਪਵਿੱਤਰ ਹੱਥਾਂ ਤੋਂ ਨਿੰਮ ਬਰੋਟੇ ਆਦਿ ਲਗੇ ਹੋਏ ਹਨ। ਸਰਕਾਰੀ ਸਕੂਲ, ਧਰਮਸਾਲਾ, ਪਿੰਡ ਦੇ ਟੋਭੇ ਅਤੇ ਨਗਰ ਖੇੜੇ ਦੀਆਂ ਟੁਕੜੀਆਂ ਵਿਚ ਨਿੰਮ, ਬਰੋਟਾ ਅਤੇ ਪਿੱਪਲਾਂ ਦੇ ਦਰਖਤ ਕਈ ਥਾਵਾਂ ਤੇ ਮਹਾਂਪੁਰਖਾਂ ਦੇ ਪਵਿੱਤਰ ਹੱਥਾਂ ਤੋ ਲਗੇ ਹੋਏ ਮਿਲਦੇ ਹਨ। ਮਹਾਂਪਰਖਾਂ ਦਾ ਇਹ ਸੁਭਾਅ ਉਨ੍ਹਾਂ ਨੂੰ

ਆਪਣੇ ਨਾਨਕੇ ਪਰਿਵਾਰ ਵਿਚੋਂ ਮਿਲਿਆ ਹੋਇਆ ਸੀ। ਮਹਾਂਪੁਰਖਾਂ ਦੇ ਨਾਨਾ ਜੀ ਸ.ਬੇਲਾ ਸਿੰਘ ਜੀ ਨੇ ਚਾਲੀ ਵਿੱਘੇ ਜਮੀਨ ਖਰੀਦ ਕੇ ਪਿੰਡ ਮਨਸੂਹੇ ਨੇੜੇ ਚਮਕੌਰ ਸਾਹਿਬ ਵਿਖੇ ਬਾਗ ਲਗਵਾਇਆ ਸੀ। ਇਸ ਬਾਗ ਦੇ ਫਲਾਂ ਨੂੰ ਕਦੇ ਵੇਚਿਆ ਨਹੀਂ ਜਾਂਦਾ ਸੀ। ਇਸ ਬਾਗ ਦੇ ਫਲ ਗੁਰੂ ਘਰਾਂ, ਰਾਹਗੀਰਾਂ, ਸੰਤਾਂ, ਮਹਾਂਪੁਰਖਾਂ ਅਤੇ ਰਿਸ਼ਤੇਦਾਰਾਂ ਵਿੱਚ ਹੀ ਵਰਤੇ ਜਾਂਦੇ ਸਨ।

## ਪਿੰਡ ਦੇ ਟੋਭੇ ਨੂੰ ਸਾਫ ਰੱਖਣ ਬਾਰੇ

ਮਹਾਂਪੁਰਖ ਬਚਪਨ ਤੋਂ ਹੀ ਗਊਆਂ ਮੱਝਾਂ ਨਾਲ ਬਹੁਤ ਪਿਆਰ ਕਰਦੇ ਸਨ। ਨੌਜੁਆਨ ਅਵਸਥਾ ਸਮੇਂ ਗਰਮੀ ਦੇ ਦਿਨਾਂ ਵਿਚ ਗਾਵਾਂ ਨੂੰ ਦਰਖਤਾਂ ਦੀ ਠੰਢੀ ਛਾਂ ਥੱਲੇ ਬੰਨ੍ਹ ਦਿੰਦੇ ਸਨ। ਜਦੋਂ ਕਿਸੇ ਦੀ ਗਊ ਨੂੰ ਮਹਾਂਪੁਰਖ ਧੁੱਪ ਵਿਚ ਸੜਦੀ ਵੇਖ ਲੈਂਦੇ ਤਾਂ ਉਸ ਨੂੰ ਖੋਲ੍ਹ ਕੇ ਦਰਖ਼ਤ ਥੱਲੇ ਬੰਨ੍ਹ ਦਿੰਦੇ ਸਨ। ਇਸੇ ਤਰ੍ਹਾਂ ਮੱਝਾਂ ਨੂੰ ਧੁੱਪ ਵਿੱਚੋਂ ਖੋਲ੍ਹ ਕੇ ਟੋਭੇ ਵਿਚ ਪਾਣੀ ਪਿਲਾ ਕੇ ਨੁਹਾ ਕੇ ਛਾਂ ਥੱਲੇ ਬੰਨ੍ਹ ਦਿੰਦੇ ਸਨ। ਆਮ ਪਿੰਡਾਂ ਵਿਚ ਬਰਸਾਤ ਦੇ ਦਿਨਾਂ ਵਿਚ ਪਾਣੀ ਨਾਲ ਪਿੰਡ ਦੀ ਸਾਰੀ ਗੰਦਗੀ ਰੁੜ੍ਹ ਕੇ ਟੋਭੇ ਵਿਚ ਪੈ ਜਾਂਦੀ ਸੀ। ਮਹਾਂਪੁਰਖ ਇਸ ਤਰ੍ਹਾਂ ਦੀ ਗੰਦਗੀ ਨੂੰ ਟੋਭੇ ਵਿਚ ਪੈਣ ਤੋਂ ਬੰਨ੍ਹ ਲਾ ਕੇ ਰੋਕ ਦਿੰਦੇ ਸਨ। ਇਸ ਤੋਂ ਇਲਾਵਾ ਪਿੰਡਾਂ ਦੇ ਲੋਕ ਖੇਤਾਂ ਵਿੱਚੋਂ ਸਣ ਦੀ ਫਸਲ ਵੱਢ ਕੇ ਉਸ ਨੂੰ ਟੋਭੇ ਦੇ ਪਾਣੀ ਵਿੱਚ ਦੱਬ ਦਿੰਦੇ ਸਨ। ਟੋਭੇ ਦੇ ਪਾਣੀ ਨਾਲ ਸਣ ਕਾਨ੍ਹਿਆਂ ਤੋਂ ਉਕਲ ਜਾਂਦਾ ਹੈ। ਇਸ ਤਰ੍ਹਾਂ ਲੋਕ ਉਕਲੇ ਹੋਏ ਸਣ ਦੀ ਫਸਲ ਨੂੰ ਟੋਭੇ ਵਿੱਚੋਂ ਕੱਢ ਕੇ ਸਣ ਨੂੰ ਕਾਨ੍ਹਿਆਂ ਤੋਂ ਲਾਹ ਲੈਂਦੇ ਸਨ। ਖਾਲੀ ਕਾਨ੍ਹੇ ਚੁੱਲ੍ਹੇ ਵਿੱਚ ਈਂਧਣ ਦਾ ਕੰਮ ਦਿੰਦੇ ਸਨ। ਜੋ ਸਣ ਕਾਨ੍ਹਿਆਂ ਤੋਂ ਉਤਾਰਿਆ ਜਾਂਦਾ ਸੀ ਉਸ ਨੂੰ ਟੋਭੇ ਵਿੱਚ ਧੋ ਕੇ ਧੁੱਪ ਵਿੱਚ ਸੁਕਾ ਕੇ ਰੱਸੇ ਤੇ ਰੱਸੀਆਂ ਵੱਟ ਲੈਂਦੇ ਸਨ। ਇਹ ਰੱਸੇ ਪਸ਼ੂਆਂ ਦੇ ਬੰਨ੍ਹਣ, ਖੂਹਾਂ ਵਿੱਚੋਂ ਪਾਣੀ ਕੱਢਣ ਦੇ ਅਤੇ ਗੱਡਿਆਂ ਤੇ ਫਸਲ ਲੱਦਣ ਸਮੇਂ ਕੰਮ ਆਉਂਦੇ ਸਨ। ਸਾਰੇ ਘਰਾਂ ਵਿੱਚ ਮੰਜੇ ਸਣ ਅਤੇ ਸਣੀ ਦੇ ਬੁਣੇ ਜਾਂਦੇ ਸਨ। ਉਨ੍ਹੀਂ ਦਿਨੀ ਇਹ ਫਸਲ ਆਮ ਹੁੰਦੀ ਸੀ। ਇਸ ਤਰ੍ਹਾਂ ਕਰਨ ਤੋਂ ਬਗੈਰ ਵੀ ਸਰਦਾ ਨਹੀਂ ਸੀ। ਮਹਾਂਪੁਰਖਾਂ ਨੇ ਲੋਕਾਂ ਨੂੰ ਸਮਝਾਉਣਾ ਕਿ ਟੋਭੇ ਵਿੱਚ ਸਣ ਦੀ ਫਸਲ ਦੱਬਣ ਨਾਲ ਸਾਰਾ ਪਾਣੀ ਬਦਬੂਦਾਰ ਹੋ ਜਾਂਦਾ ਹੈ। ਜੇਕਰ ਆਪਾਂ ਟੋਭੇ ਵਿੱਚੋਂ ਕੁਝ ਪਾਣੀ ਇੱਕ ਪਾਸੇ ਲਿਜਾ ਕੇ ਸਣ ਦੀ ਫਸਲ ਦੱਬਾਂਗੇ ਤਾਂ ਸਣ ਦੀ ਫਸਲ ਵੀ ਪਾਣੀ ਨਾਲ ਬਣ ਜਾਵੇਗੀ ਅਤੇ ਟੋਭੇ ਦਾ ਪਾਣੀ ਵੀ ਸਵੱਛ ਰਹੇਗਾ। ਲੋਕਾਂ ਨੂੰ ਕਥਾ ਵਿਚ ਵੀ ਸਮਝਾ ਦਿੰਦੇ ਸਨ ਕਿ ਜੇਕਰ ਅਸੀਂ ਆਪਣੇ ਪਸ਼ੂਆਂ ਨੂੰ ਗੰਦਾ ਪਾਣੀ ਪਿਲਾਵਾਂਗੇ ਤਾਂ ਪਸ਼ੂ ਬੀਮਾਰ ਹੋ ਕੇ ਦੁੱਖ ਭੋਗੇਗਾ ਜਿਸ ਦਾ ਪਾਪ ਸਾਨੂੰ ਲੱਗੇਗਾ। ਬਿਮਾਰ ਗਊ ਅਤੇ ਮੱਝ ਦਾ ਦੁੱਧ ਅਸੀਂ ਬੱਚਿਆਂ ਨੂੰ ਪਿਲਾਵਾਂਗੇ ਤਾਂ ਉਹ ਵੀ ਬਿਮਾਰ ਹੋ ਕੇ ਹਰ ਪੱਖੋਂ ਕਮਜੋਰ ਹੋ ਜਾਣਗੇ। ਉਨ੍ਹਾਂ ਬੱਚਿਆਂ ਦੀ ਜਿੰਦਗੀ ਦੀ ਬਰਬਾਦੀ ਦਾ ਪਾਪ ਵੀ

ਸਾਨੂੰ ਲੱਗੇਗਾ। ਇਸ ਤਰ੍ਹਾਂ ਮਹਾਂਪੁਰਖ ਆਪਣੇ ਸਤਿਸੰਗੀਆਂ ਨੂੰ ਪ੍ਰੇਰਨਾ ਦਿੰਦੇ ਕਿ ਪਿੰਡ ਦੇ ਟੋਭੇ ਦੀ ਸਫਾਈ ਰੱਖਣੀ ਪੁੰਨ ਦਾ ਕਰਮ ਹੈ।

## ਮਿਲਾਵਟ ਕਰਨਾ ਪਾਪ ਹੈ

ਮਹਾਂਪੁਰਖ ਦੱਸਦੇ ਹੁੰਦੇ ਸਨ ਕਿ ਪਹਿਲੇ ਸਮਿਆਂ ਵਿਚ ਲੋਕੀ ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਬਰਾਬਰ ਮਾੜਾ ਕਰਮ ਸਮਝਦੇ ਸਨ। ਲੋੜ ਵਾਲੇ ਪਰਿਵਾਰ ਨੂੰ ਦੁੱਧ ਲੋਕੀ ਉਧਾਰ ਦੇ ਦਿੰਦੇ ਸਨ। ਜਦੋਂ ਦੂਜੇ ਪਰਿਵਾਰ ਕੋਲ ਦੁੱਧ ਹੋ ਜਾਂਦਾ ਸੀ ਤਾਂ ਉਹ ਉਧਾਰਾ ਲਿਆ ਹੋਇਆ ਦੁੱਧ ਵਾਪਸ ਕਰ ਦਿੰਦਾ ਸੀ। ਹੁਣ ਜਦੋਂ ਪਿੰਡਾਂ ਵਿਚ ਦੁੱਧ ਦੀਆਂ ਡਾਇਰੀਆਂ ਖੁਲ੍ਹ ਗਈਆਂ ਹਨ ਤਾਂ ਕਈਂ ਵਾਰੀ ਸੁਣਿਆ ਜਾਂਦਾ ਸੀ ਕਿ ਲੋਕ ਦੁੱਧ ਵਿਚ ਮਿਲਾਵਟ ਕਰ ਦਿੰਦੇ ਹਨ। ਇਸ ਤਰ੍ਹਾਂ ਦੀ ਮਿਲਾਵਟ ਕਰਨ ਵਾਲੇ ਪਰਿਵਾਰਾਂ ਨੂੰ ਮਹਾਂਪੁਰਖਾਂ ਨੇ ਸਮਝਾਉਣਾ ਕਿ ਅਜਿਹਾ ਦੁੱਧ ਪੀਣ ਵਾਲੇ ਬੱਚਿਆਂ ਨੂੰ ਜਿਹੜਾ ਰੋਗ ਲੱਗੇਗਾ ਉਸ ਦਾ ਪਾਪ ਮਿਲਾਵਟ ਕਰਨ ਵਾਲੇ ਨੂੰ ਲੱਗੇਗਾ। ਇਸੇ ਤਰ੍ਹਾਂ ਜਿਹੜੇ ਕਿਰਸਾਨ ਆਪਣੀ ਫਸਲ ਦੇ ਦਾਣਿਆਂ ਵਿਚ ਜਾਂ ਪਸ਼ੂਆਂ ਦੇ ਚਾਰੇ ਵਿਚ ਮਿਲਾਵਟ ਕਰਦੇ ਹਨ ਉਸਦਾ ਪਾਪ ਮਿਲਾਵਟ ਕਰਨ ਵਾਲੇ ਪਰਿਵਾਰਾਂ ਨੂੰ ਭੁਗਤਣਾ ਪਵੇਗਾ। ਇਸ ਤਰ੍ਹਾਂ ਮਹਾਂਪੁਰਖ ਪ੍ਰਚਾਰ ਕਰਦੇ ਸਨ ਕਿ ਇਹ ਸਾਰੀ ਬਿਮਾਰੀ ਅਤੇ ਗਰੀਬੀ ਅਸੀਂ ਆਪ ਰੱਖੀ ਹੋਈ ਹੈ। ਜਿਸ ਕਾਰਨ ਅਸੀਂ ਤੜਫਦੇ ਰਹਿੰਦੇ ਹਾਂ।

**ਸਾਖੀ:** ਪਾਣੀ ਵਾਲੀ ਕਮਾਈ ਪਾਣੀ ਵਿਚ ਹੀ ਰੁੜ ਜਾਂਦੀ ਹੈ

## ਕਿਰਤ ਦੀ ਮਹਾਨਤਾ

ਆਪ ਜੀ ਬਚਪਨ ਤੋਂ ਹੀ ਗਾਵਾਂ ਮੱਝਾਂ ਚਾਰਦੇ ਸਮੇਂ ਬਾਣੀ ਦਾ ਜਾਪ ਕਰਦੇ ਰਹਿੰਦੇ। ਖੇਤੀਬਾੜੀ ਦਾ ਕੰਮ ਕਾਜ ਕਰਦੇ ਸਮੇਂ ਮੂਲਮੰਤ੍ਰ ਅਤੇ ਗੁਰਮੰਤ੍ਰ ਦਾ ਜਾਪ ਕਰਦੇ ਰਹਿੰਦੇ। ਜਦੋਂ ਕਿਸੇ ਨਾਲ ਵੀਚਾਰ ਗੋਸਟੀ ਹੁੰਦੀ ਤਾਂ ਆਪ ਜੀ ਇਹ ਸਲਾਹ ਦਿੰਦੇ ਕਿ ਜੇਕਰ ਬਾਣੀ ਪੜ੍ਹਨ ਸੁਣਨ ਦਾ ਬਹੁਤਾ ਅਨੰਦ ਲੈਣਾ ਹੈ ਤਾਂ ਧਰਮ ਦੀ ਕਿਰਤ ਵੀ ਨਾਲ ਨਾਲ ਕਰਨੀ ਚਾਹੀਦੀ ਹੈ। ਗੁਰਬਾਣੀ ਸਾਡੇ ਸਾਰਿਆਂ ਦੀ ਕਲਿਆਣ ਕਰਨ ਵਾਲੀ ਹੈ। ਇਸ ਦਾ ਪ੍ਰਚਾਰ ਕਰਨਾ ਹਰ ਸਿੱਖ ਦਾ ਮੁਢਲਾ ਫਰਜ ਹੈ। ਇਸ ਨੂੰ ਕਿੱਤਾ ਨਾ ਬਣਾਇਆ ਜਾਵੇ। ਮਹਾਂਪੁਰਖ ਆਮ ਤੌਰ ਤੇ ਭਾਈ ਭੀਵਾ ਅਤੇ ਭਾਈ ਰੂਪ ਚੰਦ ਸਰਹਿੰਦ ਨਿਵਾਸੀਆਂ ਦੀ ਸਾਖੀ ਸੁਣਾਇਆ ਕਰਦੇ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥*
*ਆਦਿ ੩੦੫*

**ਸਾਖੀ:** ਭਾਈ ਭੀਵਾ ਅਤੇ ਭਾਈ ਰੂਪ ਚੰਦ ਨਿਵਾਸੀ ਸਰਹਿੰਦ
**ਸਾਖੀ:** ਸੇਠ ਪਤੰਗ ਤੇ ਪਠਾਣ ਜਮਾਲ ਦੀ

## ਖਿਡਾਰੀ ਲਈ ਕਿਰਤ

ਆਪ ਜੀ ਕੋਲ ਜਦੋਂ ਕੋਈ ਖਿਡਾਰੀ ਆ ਕੇ ਕਹਿੰਦਾ ਮੈਂ ਕਬੱਡੀ, ਹਾਕੀ, ਫੁਟਬਾਲ ਆਦਿ ਦਾ ਖਿਡਾਰੀ ਹਾਂ ਤਾਂ ਆਪ ਜੀ ਅਗੋਂ ਪੁੱਛਦੇ ਕਿ ਉਪਜੀਵਿਕਾ ਵਾਸਤੇ ਕੀ ਕੰਮ ਕਰਦੇ ਹੋ। ਜਦੋਂ ਖਿਡਾਰੀ ਨੇ ਕਹਿਣਾ ਕਿ ਮੈਂ ਕੇਵਲ ਖੇਡਦਾ ਹੀ ਹਾਂ ਉੱਦੋਂ ਆਪ ਜੀ ਬਚਨ ਕਰਦੇ ਕਿ ਜਦੋਂ ਤੇਰਾ ਵਿਆਹ ਹੋਵੇਗਾ ਤਾਂ ਪਰਿਵਾਰ ਦੀ ਪਾਲਣਾ ਕਿਵੇਂ ਕਰੇਂਗਾ। ਅਗੋਂ ਖਿਡਾਰੀ ਅਤੇ ਉਸ ਦੇ ਮਾਤਾ ਪਿਤਾ ਨੇ ਆਖਣਾ ਕਿ ਜਿਹੜੇ ਬੱਚੇ ਉੱਚ ਪੱਧਰ ਤੇ ਖੇਡਦੇ ਹਨ ਉਨ੍ਹਾਂ ਨੂੰ ਬਹੁਤ ਸਾਰੀਆਂ ਕੰਪਨੀਆਂ ਤੇ ਸਰਕਾਰਾਂ ਆਪਣੀ ਪ੍ਰਸਿੱਧੀ ਵਾਸਤੇ ਬਹੁਤ ਪੈਸਾ ਦਿੰਦੀਆਂ ਹਨ ਜਿਸ ਕਰਕੇ ਖਿਡਾਰੀ ਨੂੰ ਪੈਸੇ ਪੱਖੋਂ ਕੋਈ ਘਾਟ ਨਹੀ ਰਹਿੰਦੀ। ਅਗੋਂ ਮਹਾਂਪੁਰਖਾਂ ਨੇ ਬਚਨ ਕਰਨਾ ਕਿ ਇਹ ਤਾਂ ਸਰਕਾਰ ਦੀ ਬਹੁਤ ਵੱਡੀ ਭੁੱਲ ਹੈ। ਜਿਵੇ ਕਲਗੀਧਰ ਸੱਚੇ ਪਾਤਸ਼ਾਹ ਹਰੇਕ ਗੁਰਸਿੱਖ ਨੂੰ ਸ਼ਸਤਰ ਵਿੱਦਿਆ ਅਤੇ ਖੇਡਾਂ ਦਾ ਅਭਿਆਸ ਕਰਾਉਂਦੇ ਸਨ ਉਸੇ ਤਰ੍ਹਾਂ ਦੇਸ਼ ਦੇ ਹਰੇਕ ਨਾਗਰਿਕ ਨੂੰ ਆਪਣੀ ਉਪਜੀਵਕਾ ਦੀ ਡਿਊਟੀ ਦੇ ਨਾਲ ਨਾਲ ਸਵੈ ਰੱਖਿਆ ਵਾਸਤੇ ਖੇਡ ਅਤੇ ਸ਼ਸਤਰ ਵਿੱਦਿਆ ਜਰੂਰ ਸਿੱਖਣੀ ਚਾਹੀਦੀ ਹੈ। ਸਰਕਾਰ ਜਾਂ ਕਿਸੇ ਕੰਪਨੀ ਵਲੋਂ ਮਾਇਆ ਦੀ ਝਾਕ ਨਹੀਂ ਰੱਖਣੀ ਚਾਹੀਦੀ। ਸਤਯੁਗ, ਤ੍ਰੇਤਾ, ਦੁਆਪਰ ਦੇ ਇਤਿਹਾਸ ਨੂੰ ਵਿਚਾਰੀਏ ਤਾਂ ਸਾਡੇ ਸਾਰੇ ਅਵਤਾਰ ਸ਼ਸਤਰਧਾਰੀ ਹੋਏ ਹਨ ਅੱਗੇ ਉਨ੍ਹਾਂ ਦੇ ਪੈਰੋਕਾਰ ਵੀ ਸ਼ਸਤਰ ਤੇ ਸ਼ਾਸਤਰ ਨਾਲ ਪਿਆਰ ਕਰਦੇ ਰਹੇ। ਰਾਮ ਰਾਜ ਸ਼ਬਦ ਵੀ ਇਸੇ ਪਰੰਪਰਾ ਦਾ ਪ੍ਰਤੀਕ ਹੈ। ਮਹਾਂਪੁਰਖ ਆਖਦੇ ਭਾਈ ਸਾਡੇ ਸਮਿਆਂ ਵਿੱਚ ਜਦੋਂ ਪੰਚਾਇਤਾਂ ਖੇਡਾਂ ਕਰਾਉਂਦੀਆਂ ਸਨ ਤਾਂ ਬਾਜੀਗਰਾਂ ਦੇ ਬੱਚਿਆਂ ਨੂੰ ਮੁਕਾਬਲੇ ਵਾਲੀਆਂ ਖੇਡਾਂ ਵਿੱਚੋਂ ਬਾਹਰ ਕੱਢ ਦਿੰਦੀਆਂ ਸਨ ਕਿਉਂਕਿ ਬਾਜੀਗਰਾਂ ਦੀ ਜਾਤ ਦਾ ਬਾਜੀ ਪਾਉਣਾ ਕਿੱਤਾ ਹੁੰਦਾ ਸੀ। ਮਹਾਂਪੁਰਖ ਬੜੇ ਪ੍ਰੇਮ ਨਾਲ ਉਸ ਨੂੰ ਸਮਝਾਉਂਦੇ ਕਿ ਖੇਡ ਦੇ ਨਾਲ ਨਾਲ ਨੌਕਰੀ, ਦੁਕਾਨਦਾਰੀ, ਵਣਜ, ਖੇਤੀਬਾੜੀ, ਲੋਹਾਰਾ, ਤਰਖਾਣਾਂ ਅਤੇ ਪਸ਼ੂਆਂ ਦਾ

ਪਾਲਣਾ ਆਦਿ ਵਿੱਚੋਂ ਕੋਈ ਨਾ ਕੋਈ ਕੰਮ ਜਰੂਰ ਕਰਨਾ ਚਾਹੀਦਾ ਹੈ। ਇਸ ਲਈ ਖੇਡ ਨੂੰ ਖੇਡ ਹੀ ਰੱਖਿਆ ਜਾਵੇ। ਇਸ ਨੂੰ ਕਮਾਈ ਦਾ ਸਾਧਨ ਨਾ ਬਣਾਇਆ ਜਾਵੇ ਤਾਂ ਇਹ ਖੇਡ ਜੀਵਨ ਲਈ ਸੁਖਦਾਈ ਹੋਵੇਗੀ।

**ਸਾਖੀ:** ਪਾਤਿਸ਼ਾਹੀ ਦੂਜੀ ਨੇ ਖਡੂਰ ਸਾਹਿਬ ਮੱਲ ਅਖਾੜਾ ਵਿੱਚ ਬਾਦਸ਼ਾਹ ਹਮਾਯੂੰ ਦੇ ਹੰਕਾਰ ਦਾ ਨਾਸ਼ ਕਰਨਾ

## ਅਨੰਦ ਕਾਰਜ

ਦਾਦਕਿਆਂ ਅਤੇ ਨਾਨਕਿਆਂ ਵਿੱਚ ਇਨ੍ਹਾਂ ਦੇ ਵਿਆਹ ਦਾ ਬਹੁਤ ਚਾਅ ਸੀ। ਮਹਾਂਪੁਰਖਾਂ ਦਾ ਸਰੂਪ ਦਾੜ੍ਹੀ ਉਤਰਨ ਤੋਂ ਪਹਿਲਾਂ ਵੀ ਬਹੁਤ ਸੋਹਣਾ ਲਗਦਾ ਸੀ। ਹਰੇਕ ਮਾਤਾ ਪਿਤਾ ਨੂੰ ਆਪਣੇ ਪੁੱਤਰ ਦੇ ਵਿਆਹ ਦਾ ਬਹੁਤ ਚਾਅ ਹੁੰਦਾ ਹੈ। ਜਦੋਂ ਘਰ ਵਿੱਚ ਵਿਆਹ ਬਾਰੇ ਗੱਲ ਬਾਤ ਚਲਣੀ ਤਾਂ ਮਹਾਂਪੁਰਖਾਂ ਨੇ ਆਪਣੀ ਮਾਂ ਨੂੰ ਕਹਿਣਾ ਕਿ ਅੰਮਾਂ ਮੇਰਾ ਵਿਆਹ ਕਰਨ ਦੀਆਂ ਖੁਸ਼ੀਆਂ ਮਨ ਵਿੱਚ ਨਾ ਲਿਆਇਆ ਕਰੋ। ਮਾਂ ਨੂੰ ਇਸ ਗੱਲ ਦਾ ਬਹੁਤ ਦੁੱਖ ਲਗਣਾ। ਮਾਂ ਦੇ ਪਿਆਰ ਨੂੰ ਦੇਖਦੇ ਹੋਏ ਇਕ ਦਿਨ ਮਹਾਂਪੁਰਖਾਂ ਨੇ ਵਿਆਹ ਕਰਨ ਲਈ ਸਹਿਮਤੀ ਦੇ ਦਿੱਤੀ। ਬੜੇ ਲਾਡਾਂ ਅਤੇ ਚਾਵਾਂ ਨਾਲ ਮਹਾਂਪੁਰਖਾਂ ਦੇ ਅਨੰਦ ਕਾਰਜ ਛੋਟੀ ਉਮਰ ਵਿੱਚ ਹੋਏ। ਵਿਆਹ ਤੋਂ ਇੱਕ ਸਾਲ ਬਾਅਦ ਮਹਾਂਪੁਰਖਾਂ ਦੇ ਗ੍ਰਹਿ ਵਿਖੇ ਪੁੱਤਰੀ ਨੇ ਜਨਮ ਲਿਆ।

## ਪਤਨੀ ਅਤੇ ਬੇਟੀ ਨੇ ਚੜ੍ਹਾਈ ਕਰਨਾ

ਥੋੜ੍ਹੇ ਸਮੇਂ ਬਾਅਦ ਹੀ ਮਹਾਂਪੁਰਖਾਂ ਦੇ ਧਰਮ ਸੁਪਤਨੀ ਪਲੇਗ ਦੀ ਬਿਮਾਰੀ ਦੌਰਾਨ ਚੜ੍ਹਾਈ ਕਰ ਗਏ। ਨਾਲ ਦੀ ਨਾਲ ਛੋਟੀ ਪਿਆਰੀ ਪੁੱਤਰੀ ਵੀ ਚੜ੍ਹਾਈ ਕਰ ਗਈ। ਸਾਰੇ ਪਰਿਵਾਰ ਵਿੱਚ ਬਹੁਤ ਅਫਸੋਸ ਹੋਇਆ। ਕੁਝ ਸਮੇਂ ਬਾਅਦ ਮਹਾਂਪੁਰਖਾਂ ਦੇ ਮਾਤਾ ਪਿਤਾ ਨੂੰ ਉਨ੍ਹਾਂ ਦੇ ਪੁਨਰ ਵਿਆਹ ਵਾਸਤੇ ਰਿਸ਼ਤੇਦਾਰ ਜੋਰ ਪਾਉਣ ਲੱਗੇ। ਮਾਤਾ ਜੀ ਨੇ ਬੜੇ ਪਿਆਰ ਨਾਲ ਮਹਾਂਪੁਰਖਾਂ ਨੂੰ ਆਖਿਆ ਕਿ ਹੇ ਪੁੱਤਰ ਸਾਰੇ ਰਿਸ਼ਤੇਦਾਰ ਆਖਦੇ ਹਨ ਕਿ ਆਪਣੇ ਪੁੱਤਰ ਦਾ ਦੁਬਾਰਾ ਵਿਆਹ ਕਰੋ ਅਤੇ ਮੇਰੀ ਵੀ ਇਹੀ ਇੱਛਾ ਹੈ। ਮਹਾਂਪੁਰਖਾਂ ਨੇ ਬੇਨਤੀ ਕੀਤੀ ਕਿ ਇੱਕ ਵਾਰੀ ਤੁਹਾਡੇ ਕਹਿਣ ਨਾਲ ਮੈਂ ਅਨੰਦ ਕਾਰਜ ਕਰਵਾ ਲਏ ਹਨ ਹੁਣ ਤੁਹਾਨੂੰ ਕੋਈ ਰਿਸ਼ਤੇਦਾਰ ਜਾਂ ਸਬੰਧੀ ਤਾਹਨਾਂ ਨਹੀਂ ਮਾਰ ਸਕਦਾ ਕਿਉਂ ਕਿ ਤੁਸੀਂ ਇੱਕ ਵਾਰੀ ਆਪਣਾ ਫਰਜ ਵਿਆਹ ਕਰਕੇ ਪੂਰਾ ਕਰ ਦਿੱਤਾ ਹੈ। ਹੁਣ ਪਰਮੇਸ਼ਰ ਦੀ ਰਜਾ ਵਿੱਚ ਹੀ ਰਹਿਣਾ ਚਾਹੀਦਾ ਹੈ। ਇਸ ਲਈ ਹੁਣ ਤੁਸੀਂ ਇਸ ਵੀਚਾਰ ਨੂੰ ਤਿਆਗ ਦੇਵੋ। ਆਪ ਜੀ ਦੀ ਇਸ ਸਲਾਹ ਨੂੰ ਮਾਤਾ ਪਿਤਾ ਨੇ ਸਵੀਕਾਰ ਕਰ ਲਿਆ। ਸਾਰੀ ਉਮਰ ਮਹਾਂਪੁਰਖਾਂ ਨੂੰ ਦੁਬਾਰਾ ਵਿਆਹ ਕਰਨ ਦਾ ਸੰਕਲਪ ਹੀ ਨਹੀਂ ਫੁਰਿਆ।

## ਬੇਪ੍ਰਵਾਹੀ ਦੀ ਅਵਸਥਾ

ਆਪ ਜੀ ਸ਼ੁਰੂ ਤੋਂ ਹੀ ਪਿੰਡ ਉਪਲਹੇੜੀ ਅਤੇ ਕੰਵਰਪੁਰ ਦੀ ਜਮੀਨ ਵਿੱਚ ਖੇਤੀ ਦਾ ਕੰਮ ਕਰਦੇ ਸਮੇਂ ਅਤੇ ਗਾਵਾਂ ਮੱਝਾਂ ਚਾਰਦੇ ਸਮੇਂ ਬਾਣੀ ਦਾ ਅਭਿਆਸ ਕਰਦੇ ਰਹਿੰਦੇ। ਇਸ ਤਰ੍ਹਾਂ ਸ਼ਬਦਾਂ ਦੀ ਕਮਾਈ ਨਾਲ ਆਪ ਜੀ ਦੀ ਅਵਸਥਾ ਬਹੁਤ ਬੈਰਾਗਮਈ ਬਣ ਗਈ। ਜਿਸ ਕਰਕੇ ਪ੍ਰਵਿਰਤੀ ਖਿਆਲ ਅਲੋਪ ਹੋ ਗਏ ਅਤੇ ਨ੍ਰਿਵਿਰਤੀ ਖਿਆਲ ਪ੍ਰਗਟ ਹੋ ਗਏ। ਨ੍ਰਿਵਿਰਤੀ ਖਿਆਲਾਂ ਕਰਕੇ ਮਹਾਂਪੁਰਖ ਨੌਜੁਆਨ ਅਵਸਥਾ ਵਿਚ ਹੀ ਲੋਕਾਂ ਦੀ ਵਡਿਆਈ ਤੋਂ ਸੁਤੰਤਰ ਹੋ ਗਏ। ਸੁਤੰਤਰਤਾ ਕਾਰਨ ਹੀ ਆਪ ਸਾਰੀ ਜਿੰਦਗੀ ਬੇਪ੍ਰਵਾਹ ਰਹੇ।

**ਸਾਖੀ:** ਭਾਈ ਗੁਰਮੁਖ ਨੇ ਭਾਈ ਭਿਖਾਰੀ ਬ੍ਰਹਮ ਗਿਆਨੀ ਜੀ ਦੇ ਗੁਜਰਾਤ ਵਿਖੇ ਦਰਸ਼ਨ ਕਰਨੇ

## ਪੂਰਨ ਪੁਰਖ ਦੀ ਭਾਲ

ਨਗਰ ਉਪਲਹੇੜੀ ਵਿਖੇ ਜੋ ਕੱਚੀ ਕੋਠੜੀ ਮਹਾਂਪੁਰਖਾਂ ਨੇ ਆਪਣੇ ਮਾਤਾ ਜੀ ਦੇ ਨਾਲ ਲੱਗ ਕੇ ਆਪਣੇ ਹੱਥੀਂ ਤਿਆਰ ਕੀਤੀ ਸੀ ਉਸ ਕੋਠੜੀ ਵਿੱਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਬਹੁਤ ਸਾਰੇ ਸਹਿਜ ਪਾਠ ਆਪ ਕੀਤੇ। ਇਸ ਕੱਚੀ ਕੋਠੜੀ ਦੇ ਆਲੇ ਦੁਆਲੇ ਬਹੁਤ ਸੋਹਣੇ ਬੂਟੇ ਅਤੇ ਦਰੱਖਤ ਲੱਗੇ ਹੋਏ ਸਨ। ਸਹਿਜ ਪਾਠਾਂ ਤੋਂ ਵਿਹਲੇ ਹੋ ਕੇ ਫੇਰ ਆਪਣੇ ਖੇਤਾਂ ਵਿੱਚ ਗਊਆਂ ਅਤੇ ਮੱਝਾਂ ਚਾਰਦੇ। ਮੱਝਾਂ ਚਾਰਦੇ ਸਮੇਂ ਬਹੁਤ ਸਾਰੇ ਸਬਦਾਂ ਦਾ ਅਭਿਆਸ ਕਰਦੇ ਰਹਿੰਦੇ। ਇਸ ਤਰ੍ਹਾਂ ਪਵਿੱਤਰ ਗੁਰਬਾਣੀ ਦੇ ਸ਼ਬਦਾਂ ਦੀ ਕਮਾਈ ਨਾਲ ਆਪ ਜੀ ਦੇ ਮਨ ਵਿੱਚ ਬਹੁਤ ਬੈਰਾਗ ਪੈਦਾ ਹੋ ਗਿਆ। ਹਰ ਸਮੇਂ ਮਨ ਵਿੱਚ ਖਿੱਚ ਬਣੀ ਰਹਿੰਦੀ ਕਿ ਕਿਸੇ ਪੂਰਨ ਪੁਰਖ ਦਾ ਮਿਲਾਪ ਹੋ ਜਾਵੇ। ਇਸ ਅਵਸਥਾ ਵਿੱਚ ਮਹਾਂਪੁਰਖਾਂ ਨੂੰ ਹੁਣ ਆਪਣਾ ਘਰ ਪਰਾਇਆ ਲੱਗਣ ਲੱਗ ਪਿਆ। ਜੇਠ ਦਾ ਮਹੀਨਾ ਸੀ ਹਾੜ੍ਹੀ ਦੀ ਫਸਲ ਸਮੇਟੀ ਜਾ ਚੁੱਕੀ ਸੀ। ਗਰਮੀ ਜੋਰਾਂ ਤੇ ਸੀ। ਮਹਾਂਪੁਰਖਾਂ ਨੇ ਅੱਧੀ ਰਾਤ ਨੂੰ ਉਠ ਕੇ ਇਸ਼ਨਾਨ ਪਾਣੀ ਕੀਤਾ ਅਤੇ ਅਰਦਾਸਾ ਸੋਧਿਆ ਅਤੇ ਰਾਤ ਦੇ ਹਨ੍ਹੇਰੇ ਵਿੱਚ ਹੀ ਕਈ ਪਿੰਡਾਂ ਨੂੰ ਪਾਰ ਕਰਕੇ ਸੰਗਰੂਰ ਜਿਲ੍ਹੇ ਦੇ ਪਿੰਡ ਖਡਿਆਲ ਵਿਖੇ ਨੌਵੇਂ ਪਾਤਿਸ਼ਾਹ ਦੇ ਪਵਿੱਤਰ ਅਸਥਾਨ ਤੇ ਪਹੁੰਚ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਹੁਕਮਨਾਮਾ ਲਿਆ। ਸਤਿਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਇਸ ਅਸਥਾਨ ਤੇ ਠਹਿਰ ਗਏ। ਦਰਬਾਰ ਸਾਹਿਬ ਤੋਂ ਬਾਹਰ ਆ ਕੇ ਗੁਰੂ ਘਰ ਦੇ ਸੇਵਾਦਾਰ ਪਾਸੋਂ ਲੰਗਰ ਛਕਿਆ। ਕੁਝ ਸਮਾਂ ਅਰਾਮ ਕੀਤਾ ਅਤੇ ਸ਼ਾਮ ਨੂੰ ਦਰਬਾਰ ਸਾਹਿਬ ਵਿੱਚ ਜੋਤ ਜਗਾ ਕੇ ਰਹਿਰਾਸ ਸਾਹਿਬ ਦਾ ਪਾਠ

ਕੀਤਾ। ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ ਕੀਰਤਨ ਕੀਤਾ। ਗੁਰੂ ਮਹਾਰਾਜ ਦੇ ਸੁਖ ਆਸਨ ਦੀ ਸੇਵਾ ਕੀਤੀ।ਦਰਬਾਰ ਸਾਹਿਬ ਤੋਂ ਬਾਹਰ ਆ ਕੇ ਸਾਰਿਆਂ ਨੇ ਲੰਗਰ ਛਕਿਆ। ਗ੍ਰੰਥੀ ਸਾਹਿਬ ਨੇ ਬਹੁਤ ਸਤਿਕਾਰ ਦੇ ਨਾਲ ਆਪ ਜੀ ਨੂੰ ਮੰਜਾ ਬਿਸਤਰਾ ਦੇ ਦਿੱਤਾ ਅਤੇ ਆਖਿਆ ਕਿ ਇਹ ਹੁਣ ਆਪ ਜੀ ਦਾ ਹੀ ਆਸਣ ਹੈ।

ਸੰਗਤਾਂ ਦੇ ਕਹਿਣ ਤੇ ਰੋਜਾਨਾ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਸ਼ੁਰੂ ਕਰ ਦਿੱਤੇ। ਨੌਵੇਂ ਪਾਤਿਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬੈਰਾਗਮਈ ਪਵਿੱਤਰ ਬਾਣੀ ਦਾ ਜਾਪ ਵੀ ਇਸੇ ਅਸਥਾਨ ਤੇ ਕੀਤਾ। ਬਾਣੀ ਦੇ ਜਾਪ ਅਤੇ ਸੇਵਾ ਕਰਨ ਨਾਲ ਆਪ ਜੀ ਦਾ ਮਨ ਬਹੁਤ ਬੈਰਾਗ ਵਿੱਚ ਆ ਗਿਆ। ਸੰਸਾਰ ਦੇ ਸਾਰੇ ਸਕੇ ਸੰਬੰਧੀ ਝੂਠੇ ਪਰਤੀਤ ਹੋਣ ਲੱਗ ਪਏ। ਇਸ ਤਰ੍ਹਾਂ ਆਪ ਜੀ ਲਗਾਤਾਰ ਬਹੁਤ ਬੈਰਾਗ ਵਿੱਚ ਆ ਕੇ ਬਾਣੀ ਪੜ੍ਹਦੇ ਰਹੇ। ਇਸ ਤਰ੍ਹਾਂ ਕਈ ਮਹੀਨੇ ਬੀਤ ਗਏ। ਮਾਤਾ ਦੇ ਮੋਹ ਦੀਆਂ ਤੰਦਾਂ ਮਹਾਂਪੁਰਖਾਂ ਨੂੰ ਡੁਲਾ ਨਾ ਸਕੀਆਂ। ਆਪ ਜੀ ਦੀ ਬੈਰਾਗਮਈ ਦਸ਼ਾ ਦੇਖ ਕੇ ਪਿੰਡ ਦੇ ਲੋਕ ਬੜੇ ਹੈਰਾਨ ਹੁੰਦੇ ਸਨ ਕਿ ਇਹ ਨੌਜੁਆਨ ਸਿੰਘ ਸਾਰਾ ਦਿਨ ਗੁਰੂ ਘਰ ਦੀ ਸੇਵਾ ਵਿੱਚ ਜੁਟਿਆ ਰਹਿੰਦਾ ਹੈ ਅਤੇ ਦੋਨੋਂ ਵੇਲੇ ਦਰਬਾਰ ਸਾਹਿਬ ਵਿੱਚ ਨਿਤਨੇਮ ਅਤੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸੇਵਾ ਵੀ ਕਰਦਾ ਹੈ।

## ਮਾਤਾ ਦਾ ਇਮਤਿਹਾਨ

ਉਪਲਹੇੜੀ ਵਿਖੇ ਮਹਾਂਪੁਰਖਾਂ ਦੇ ਮਾਤਾ ਪ੍ਰੇਮ ਕੌਰ ਜੀ ਪੁੱਤਰ ਦੇ ਅਲੋਪ ਹੋਣ ਕਰਕੇ ਬਹੁਤ ਬੈਰਾਗ ਵਿੱਚ ਰਹਿਣ ਲੱਗ ਪਏ। ਘਰ ਵਿੱਚੋਂ ਨੌਜੁਆਨ ਪੁੱਤਰ ਦਾ ਅਲੋਪ ਹੋ ਜਾਣਾ ਮਾਤਾ ਲਈ ਬਹੁਤ ਵੱਡਾ ਇਮਤਿਹਾਨ ਸੀ। ਮਾਤਾ ਜੀ ਦੋਨੋਂ ਵੇਲੇ ਆਪਣੇ ਪੁੱਤਰ ਦੇ ਹੱਥਾਂ ਨਾਲ ਬਣਾਈ ਹੋਈ ਕੱਚੀ ਕੋਠੜੀ ਵਿਚ ਪ੍ਰਕਾਸ਼ ਹੋਏ ਗੁਰੂ ਮਹਾਰਾਜ ਦੇ ਸਾਹਮਣੇ ਜਾ ਕੇ ਪੁੱਤਰ ਦੇ ਮਿਲਾਪ ਵਾਸਤੇ ਅਰਦਾਸਾਂ ਕਰਦੇ। ਗੁਰੂ ਘਰ ਤੋਂ ਵਾਪਸ ਆ ਕੇ ਪਰਿਵਾਰ ਦੇ ਜੀਆਂ ਵਾਸਤੇ ਆਟਾ ਪੀਂਹਦੇ ਸਮੇਂ ਬਹੁਤ ਬੈਰਾਗ ਵਿੱਚ ਆ ਜਾਂਦੇ। ਨੇਤਰਾਂ ਵਿੱਚੋਂ ਜਲ ਵਹਿ ਕੇ ਚੱਕੀ ਦਾ ਸਾਰਾ ਪੁੜ ਗਿੱਲਾ ਹੋ ਜਾਂਦਾ ਸੀ। ਦਸ ਮਹੀਨੇ ਮਾਂ ਆਪਣੇ ਪੁੱਤਰ ਦੇ ਦਰਸ਼ਨਾਂ ਨੂੰ ਤਰਸਦੀ ਰਹੀ। ਨਗਰ ਦੇ ਲੋਕ ਰੋਜਾਨਾ ਹੀ ਮਾਤਾ ਜੀ ਨੂੰ ਪੁੱਛਦੇ ਕਿ ਪੁੱਤਰ ਦੀ ਕੋਈ ਉਘ ਸੁਘ ਨਿੱਕਲੀ ਹੈ ਜਾਂ ਨਹੀਂ। ਮਾਤਾ ਜੀ ਨੇ ਬੈਰਾਗ ਵਿੱਚ ਆ ਕੇ ਕਹਿਣਾ ਕਿ ਸਾਰੇ ਰਿਸ਼ਤੇਦਾਰਾਂ ਵਿੱਚ ਪਤਾ ਕਰ ਲਿਆ ਹੈ ਕਿਤੋਂ ਕੋਈ ਵੀ ਖਬਰ ਨਹੀਂ ਮਿਲੀ। ਮਾਤਾ ਜੀ ਦੇ ਮੁੱਖੋਂ ਇਹ ਬਚਨ ਸੁਣ ਕੇ ਲੋਕਾਂ ਅਤੇ ਰਿਸ਼ਤੇਦਾਰਾਂ ਨੇ ਆਖਣਾ ਕਿ ਤੁਹਾਡੇ ਪੁੱਤਰ ਨੇ ਆਤਮਘਾਤ ਕਰ ਲਿਆ ਹੋਵੇਗਾ। ਕਿਸੇ ਖੂਹ ਵਿੱਚ, ਡੂੰਘੇ ਪਾਣੀ ਵਿੱਚ ਜਾਂ ਰੇਲ ਗੱਡੀ ਹੇਠਾਂ ਆ ਕੇ ਖਤਮ ਹੋ ਗਿਆ ਹੋਵੇਗਾ। ਹੁਣ ਤੁਸੀਂ ਅਫਸੋਸ ਕਰਕੇ

ਭੋਗ ਪਵਾ ਦੇਵੋ। ਅੱਗੋਂ ਮਾਤਾ ਜੀ ਨੇ ਆਖਣਾ ਕਿ ਮੇਰਾ ਪੁੱਤਰ ਬੁਜਦਿਲ ਨਹੀਂ ਹੈ। ਇਸ ਕਰਕੇ ਉਸ ਨੇ ਅਜਿਹਾ ਕੁਝ ਨਹੀਂ ਕੀਤਾ। ਅੱਗੋਂ ਲੋਕਾਂ ਤੇ ਰਿਸ਼ਤੇਦਾਰਾਂ ਨੇ ਕਹਿਣਾ ਕਿ ਉਹ ਬਚਪਨ ਤੋਂ ਹੀ ਮਸਤ ਰਹਿੰਦਾ ਸੀ। ਲੋਕਾਂ ਦੇ ਡੰਗਰ ਚਾਰੀ ਜਾਂਦਾ ਸੀ। ਕਦੇ ਕਿਸੇ ਨਾਲ ਹਾਸੀ ਮਖੌਲ ਨਹੀਂ ਕਰਦਾ ਸੀ। ਨਾ ਹੀ ਉਸ ਨੇ ਸਾਰੇ ਰਿਸ਼ਤੇਦਾਰਾਂ ਦੇ ਕਹਿਣ ਤੇ ਦੁਬਾਰਾ ਵਿਆਹ ਕਰਵਾਇਆ ਸੀ। ਉਸ ਨੂੰ ਸੰਸਾਰ ਵਿੱਚ ਰਹਿਣ ਦਾ ਕੋਈ ਚਾਅ ਨਹੀਂ ਸੀ। ਅੱਗੋਂ ਮਾਤਾ ਜੀ ਨੇ ਆਖਣਾ ਕਿ ਉਹ ਤਾਂ ਡੰਗਰ ਚਾਰਦੇ ਸਮੇਂ ਵੀ ਗੁਰਬਾਣੀ ਅਤੇ ਸ਼ਬਦਾਂ ਦਾ ਜਾਪ ਕਰਦਾ ਸੀ। ਬਾਣੀ ਪੜ੍ਹਨ ਵਾਲਾ ਕਦੇ ਵੀ ਆਤਮਘਾਤ ਨਹੀਂ ਕਰ ਸਕਦਾ ਇਸ ਲਈ ਮੇਰਾ ਪੁੱਤਰ ਅਲੋਪ ਹੈ ਜੋ ਜਿਊਂਦਾ ਹੈ। ਇਹ ਤਾਂ ਮੇਰਾ ਪਰਮੇਸ਼ਰ ਵੱਲੋਂ ਇਮਤਿਹਾਨ ਹੈ। ਸਗੋਂ ਤੁਸੀਂ ਸਾਰੇ ਅਰਦਾਸ ਕਰੋ ਕਿ ਮੈਂ ਇਸ ਇਮਤਿਹਾਨ ਵਿੱਚ ਪਾਸ ਹੋ ਜਾਵਾਂ।

ਖੜਿਆਲ ਵਿਖੇ ਮਹਾਂਪੁਰਖ ਨੌਵੇਂ ਪਾਤਿਸ਼ਾਹ ਜੀ ਦੇ ਪਵਿੱਤਰ ਅਸਥਾਨ ਤੇ ਸੇਵਾ ਅਤੇ ਬਾਣੀ ਦਾ ਜਾਪ ਕਰਦੇ ਰਹਿੰਦੇ ਸਨ ਉਸੇ ਤਰ੍ਹਾਂ ਉਪਲਹੇੜੀ ਵਿਖੇ ਮਾਤਾ ਜੀ ਵੀ ਆਪਣੇ ਪੁੱਤਰ ਦੇ ਹੱਥੋਂ ਤਿਆਰ ਕੀਤੀ ਕੱਚੀ ਕੋਠੜੀ ਵਿੱਚ ਗੁਰੂ ਸਾਹਿਬ ਦੀ ਸੇਵਾ ਕਰਦੇ ਸਮੇਂ ਸ਼ਬਦਾਂ ਦਾ ਜਾਪ ਕਰਦੇ ਰਹਿੰਦੇ। ਪਿਆਰੇ ਪੁੱਤਰ ਨੇ ਕੱਚੀ ਕੋਠੜੀ ਦੇ ਆਲੇ ਦੁਆਲੇ ਜੋ ਬੂਟੇ ਲਾਏ ਸਨ ਉਨ੍ਹਾਂ ਨੂੰ ਵਧਦੇ ਫੁਲਦੇ ਰੋਜਾਨਾ ਦੇਖਦੇ ਰਹਿੰਦੇ। ਇੱਥੋਂ ਵਾਪਿਸ ਘਰ ਜਾ ਕੇ ਚੱਕੀ ਪੀਂਹਦੇ ਸਮੇਂ ਸ਼ਬਦਾਂ ਦਾ ਜਾਪ ਕਰਦੇ ਰਹਿੰਦੇ। ਇਸ ਤਰ੍ਹਾਂ ਸੇਵਾ ਕਰਦੇ ਸਮੇਂ ਵੀ ਮਾਤਾ ਜੀ ਦੇ ਨੇਤਰਾਂ ਵਿੱਚੋਂ ਜਲ ਵਹਿੰਦਾ ਰਹਿੰਦਾ। ਆਪਣੇ ਪਿਆਰੇ ਜੇਠੇ ਪੁੱਤਰ ਦੇ ਦਰਸ਼ਨਾਂ ਦੀ ਤਾਂਘ ਜਦੋਂ ਮਨ ਵਿਚ ਬਹੁਤ ਵਧ ਜਾਂਦੀ ਤਾਂ ਮਾਤਾ ਜੀ ਉਹ ਕੱਚੀ ਕੋਠੜੀ ਜਿਸ ਨੂੰ ਉਨ੍ਹਾਂ ਦੇ ਪੁੱਤਰ ਨੇ ਟੋਭੇ ਵਿਚੋਂ ਸੁਕੇ ਡਲੇ ਕੱਢ ਕੇ ਬਣਾਇਆ ਸੀ ਅਤੇ ਉਸ ਕੋਠੜੀ ਨੂੰ ਆਪਣੇ ਪੁੱਤਰ ਨਾਲ ਲਗ ਕੇ ਗਾਰੇ ਨਾਲ ਲਿੱਪਿਆ ਸੀ ਜਿਸ ਵਿਚ ਗੁਰੂ ਮਹਾਰਾਜ ਦਾ ਪ੍ਰਕਾਸ਼ ਸੀ ਉਸ ਕੱਚੀ ਕੋਠੜੀ ਦੀਆਂ ਕਈ ਕਈ ਪ੍ਰਕਰਮਾਂ ਕਰਦੇ। ਆਪਣੇ ਪੁੱਤਰ ਦੇ ਹੱਥੀ ਲਗਾਏ ਹੋਏ ਬੂਟਿਆਂ ਵਿਚ ਟੋਭੇ ਵਿੱਚੋ ਪਾਣੀ ਲਿਆ ਕੇ ਪਾਉਂਦੇ ਅਤੇ ਦਰਖਤਾਂ ਦੀ ਛਾਂ ਵਿਚ ਮਿੱਟੀ ਦੇ ਕੰਡੀਰੇ ਵਿਚ ਪਾਣੀ ਭਰਦੇ। ਜਦੋਂ ਇਨ੍ਹਾਂ ਦਰਖਤਾਂ ਤੇ ਰਹਿੰਦੇ ਪੰਛੀ ਉਡ ਕੇ ਪਾਣੀ ਪੀਂਦੇ ਅਤੇ ਇਸ਼ਨਾਨ ਕਰਦੇ ਤਾਂ ਮਾਤਾ ਜੀ ਇਉਂ ਮਹਿਸੂਸ ਕਰਦੇ ਕਿ ਮੇਰਾ ਪੁੱਤਰ ਕਿਧਰੇ ਨਹੀਂ ਗਿਆ ਉਹ ਤਾਂ ਗੁਰੂ ਸਾਹਿਬਾਂ ਦੀ ਸੇਵਾ ਵਿੱਚ ਲੱਗਿਆ ਹੋਇਆ ਹੈ। ਮਾਤਾ ਜੀ ਇਹ ਸਾਰਾ ਕੁਝ ਰੋਜ਼ਾਨਾ ਵੇਖਦੇ ਰਹਿੰਦੇ।

ਜਦੋਂ ਮਾਤਾ ਜੀ ਨੂੰ ਦਿਨ ਵਿਚ ਪੁੱਤਰ ਦੇ ਵਿਛੋੜੇ ਦਾ ਬੈਰਾਗ ਆ ਜਾਂਦਾ ਤਾਂ ਕਾਫੀ ਕਾਫੀ ਸਮਾਂ ਗੁਰੂ ਮਹਾਰਾਜ ਉਪਰ ਚਵਰ ਕਰਨ ਦੀ ਸੇਵਾ ਖੜ੍ਹੇ ਹੋ ਕੇ ਕਰਦੇ ਰਹਿੰਦੇ। ਸੇਵਾ ਕਰਨ ਉਪਰੰਤ ਚਵਰ ਸਾਹਿਬ ਨੂੰ ਚੌਂਕੀ ਤੇ ਰੱਖ ਕੇ ਉਪਰੋਂ ਕੱਪੜੇ ਨਾਲ ਢਕ ਦਿੰਦੇ ਸਨ ਤਾਂ ਜੋ ਮੱਖੀਆਂ ਚਵਰ ਸਾਹਿਬ ਤੇ ਬੈਠ ਕੇ ਮੈਲਾ ਨਾ ਕਰ

ਸਕਣ। ਨਗਰ ਦੇ ਕਿਸੇ ਮਾਈ ਭਾਈ ਨੇ ਮਹਾਂਪੁਰਖਾਂ ਦੇ ਮਾਤਾ ਜੀ ਨੂੰ ਕਦੇ ਵੀ ਲੰਮੇ ਪਏ ਨਹੀ ਵੇਖਿਆ। ਇਸ ਤਰ੍ਹਾਂ ਕਾਫ਼ੀ ਸਮਾਂ ਮਾਤਾ ਜੀ ਦਾ ਆਪਣੇ ਪੁੱਤਰ ਦੇ ਦਰਸ਼ਨਾਂ ਦੀ ਉਡੀਕ ਵਿਚ ਕੱਚੀ ਕੋਠੜੀ ਵਿੱਚ ਪ੍ਰਕਾਸ਼ ਹੋਏ ਗੁਰੂ ਮਹਾਰਾਜ ਜੀ ਦੀ ਸੇਵਾ ਵਿਚ ਬੀਤਦਾ ਰਿਹਾ। ਇਹ ਗੁਰੂ ਮਹਾਰਾਜ ਜੀ ਦੀ ਪ੍ਰਤੱਖ ਕਰਾਮਾਤ ਹੈ ਕਿ ਇੱਕ ਮਾਂ ਆਪਣੇ ਪਿਆਰੇ ਜੇਠੇ ਪੁੱਤਰ ਦੇ ਵਿਛੋੜੇ ਵਿੱਚ ਚੜ੍ਹਦੀਕਲਾ ਵਿੱਚ ਰਹੇ। ਉਸ ਸਮੇਂ ਕੋਈ ਰਿਸ਼ਤੇਦਾਰ ਜਾਂ ਸਰੀਕਾ ਹੌਸਲਾ ਦੇਣ ਵਾਲਾ ਨਹੀਂ ਸੀ। ਮਹਾਂਪੁਰਖਾਂ ਦੇ ਪਿਤਾ ਗਿਆਨੀ ਕਾਹਨ ਸਿੰਘ ਜੀ ਖੇਤਾਂ ਵਿਚ ਕੰਮ ਕਰਦੇ ਸਮੇਂ ਅਤੇ ਰਸਤੇ ਵਿੱਚ ਆਉਂਦੇ ਜਾਂਦੇ ਸਮੇਂ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਸਨ। ਕਦੇ ਕਿਸੇ ਨਾਲ ਨਿੰਦਾ ਚੁਗਲੀ ਨਹੀਂ ਕਰਦੇ ਸਨ।

## ਮਨਮੁਖਾਂ ਵੱਲੋਂ ਮਜਾਕ

ਮਹਾਂਪੁਰਖ ਹਾੜੀ ਦੀ ਫਸਲ ਨੂੰ ਸਮੇਟ ਕੇ ਜੇਠ ਦੇ ਮਹੀਨੇ ਵਿਚ ਘਰੋਂ ਗੁਪਤ ਹੀ ਅਗਿਆਤ ਥਾਂ ਤੇ ਚਲੇ ਗਏ ਸਨ। ਮਹਾਂਪੁਰਖਾਂ ਦੇ ਮਗਰੋਂ ਬਰਸਾਤਾਂ ਕਾਰਨ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਮੱਧਮ ਪੈ ਗਿਆ ਸੀ। ਭਾਦਰੋਂ ਸੁਦੀ ਏਕਮ ਨੂੰ ਮਹਾਰਾਜ ਦਾ ਪਹਿਲਾ ਪ੍ਰਕਾਸ਼ ਪੁਰਬ ਆ ਰਿਹਾ ਸੀ। ਮਾਤਾ ਪ੍ਰੇਮ ਕੌਰ ਨੇ ਖੱਦਰ ਦਾ ਕੱਪੜਾ ਰੰਗਿਆ ਤਾਂ ਰੰਗ ਬਹੁਤ ਗੂੜ੍ਹਾ ਚੜ੍ਹ ਗਿਆ। ਸਿਲਾਈ ਕਰਵਾ ਲਈ। ਗੁਰਪੁਰਬ ਤੇ ਜਦੋਂ ਨਿਸ਼ਾਨ ਸਾਹਿਬ ਝੁਲਾਇਆ ਅਤੇ ਦੇਸੀ ਘੀ ਦਾ ਕੜਾਹ ਪ੍ਰਸ਼ਾਦਿ ਅਤੇ ਖੀਰ ਦਾ ਲੰਗਰ ਕੀਤਾ ਤਾਂ ਨਿੰਦਕ ਲੰਗਰ ਛਕ ਕੇ ਆਪਸ ਵਿਚ ਜਦੋਂ ਝੁੰਡੀ ਪਾ ਕੇ ਬਹਿੰਦੇ ਤਾਂ ਮਸ਼ਕਰੀਆਂ ਕਰਦੇ ਕਿ ਝੰਡੇ ਦਾ ਰੰਗ ਗੂੜ੍ਹਾ ਐਵੇਂ ਕੀਤਾ ਹੈ ਜਿਵੇਂ ਕੋਈ ਮੱਲ ਮਾਰੀ ਹੋਵੇ ਅਤੇ ਲੋਕਾਂ ਨੂੰ ਖੀਰ ਕੜਾਹ ਖੁਆ ਕੇ ਪੁੱਤਰ ਹੁਣ ਆਸਮਾਨ ਤੋਂ ਡਿਗ ਜਾਵੇਗਾ। ਇਸ ਤਰ੍ਹਾਂ ਮਾਤਾ ਜੀ ਪ੍ਰਤੀ ਠੱਠਾ ਮਜਾਕ ਕਰਦੇ ਰਹਿੰਦੇ। ਇਹ ਸਾਰੀ ਨਿੰਦਾ ਕਈ ਪ੍ਰੇਮੀ ਮਾਤਾ ਜੀ ਨੂੰ ਵੀ ਜਾ ਕੇ ਦੱਸ ਦਿੰਦੇ। ਇਸ ਤਰ੍ਹਾਂ ਦੇ ਠੱਠੇ ਮਜਾਕ ਅਤੇ ਨਿੰਦਾ ਸੁਣਨੀ ਕਿੰਨੀ ਔਖੀ ਹੋਵੇਗੀ। ਪੁੱਤਰ ਦੇ ਅਲੋਪ ਹੋਣ ਤੇ ਨਿੰਦਕਾਂ ਕੋਲੋ ਅਜਿਹੇ ਕੁਬੋਲ ਸੁਣ ਕੇ ਮਾਤਾ ਜੀ ਕੱਚੀ ਕੋਠੜੀ ਦੀ ਸੇਵਾ ਸੰਭਾਲ ਗੁਰੂ ਮਹਾਰਾਜ ਦੀ ਕਿਰਪਾ ਨਾਲ ਕਰਦੇ ਰਹੇ।

ਮਾਤਾ ਜੀ ਠੱਠਾ ਮਜਾਕ ਤੇ ਨਿੰਦਾ ਕਿਵੇਂ ਸੁਣਦੇ ਹੋਣਗੇ ਇਸ ਦਾ ਅੰਦਾਜਾ ਨਹੀਂ ਲਾਇਆ ਜਾ ਸਕਦਾ। ਇਹ ਅੱਖਰ ਪੜ੍ਹਨੇ ਤੇ ਸੁਣਨੇ ਤਾ ਸੌਖੇ ਹੀ ਹਨ ਪਰ ਜਿਸ ਦੇ ਨਾਲ ਬੀਤਦੀ ਸੀ ਇਹ ਤਾਂ ਉਹ ਹੀ ਜਾਣਦਾ ਹੈ। ਮਾਤਾ ਜੀ ਇਹ ਸਾਰਾ ਕੁਝ ਸੁਣਕੇ ਰੰਜਸ ਜਾ ਗਮੀਂ ਨਹੀਂ ਕਰਦੇ ਸਨ। ਮਨ ਮਾਰ ਕੇ ਸੇਵਾ ਕਰਦੇ ਸਮੇਂ ਗੁਰੂ ਮਹਾਰਾਜ ਜੀ ਦੀ ਅਰਾਧਨਾ ਕਰਦੇ ਰਹਿੰਦੇ। ਅਜਿਹੀ ਮਾਤਾ ਜੀ ਬਾਰੇ ਬਾਬਾ ਫਰੀਦ ਜੀ ਕਹਿੰਦੇ ਹਨ:

*ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥*
*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥* *ਆਦਿ ੪੮੮*

## ਧੰਨਾ ਸਿੰਘ ਨੱਥੋਵਾਲ ਵਿਚੋਲਾ

ਨੌਵੇਂ ਪਾਤਿਸ਼ਾਹ ਜੀ ਦੇ ਪਵਿੱਤਰ ਅਸਥਾਨ ਤੇ ਇੱਕ ਫੌਜੀ ਧੰਨਾ ਸਿੰਘ ਜੀ ਪਿੰਡ ਨੱਥੋਵਾਲ ਜਿਲ੍ਹਾ ਲੁਧਿਆਣਾ ਤੋਂ ਮੱਥਾ ਟੇਕਣ ਆਏ ਜੋ ਕਿ ਨਗਰ ਖੜਿਆਲ ਵਿਖੇ ਕਿਸੇ ਸਿੰਘ ਦੇ ਨਾਲ ਆਏ ਹੋਏ ਸਨ। ਫੌਜੀ ਧੰਨਾ ਸਿੰਘ ਨੂੰ ਨਗਰ ਦੀ ਸੰਗਤ ਨੇ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਗੁਰਦੁਆਰਾ ਸਾਹਿਬ ਵਿਖੇ ਇੱਕ ਨੌਜੁਆਨ ਸਿੰਘ ਠਹਿਰਿਆ ਹੋਇਆ ਹੈ ਜੋ ਦਿਨ ਰਾਤ ਬੈਰਾਗ ਵਿੱਚ ਰਹਿੰਦਾ ਹੈ ਅਤੇ ਬਾਣੀ ਦਾ ਜਾਪ ਕਰਦਾ ਰਹਿੰਦਾ ਹੈ। ਉਨ੍ਹਾਂ ਦਾ ਚਿਹਰਾ ਨੂਰਾਨੀ ਹੈ। ਉਹ ਸੰਗਤ ਨਾਲ ਕਦੇ ਵਾਧੂ ਗੱਲ ਬਾਤ ਨਹੀਂ ਕਰਦੇ ਅਤੇ ਗੁਰੂ ਘਰ ਦੀ ਸੇਵਾ ਵਿੱਚ ਜੁਟੇ ਰਹਿੰਦੇ ਹਨ। ਕਹਿਣ ਲੱਗੇ ਕਿ ਇਨ੍ਹਾਂ ਵਰਗਾ ਅਸੀਂ ਕੋਈ ਸਿੰਘ ਨਹੀਂ ਦੇਖਿਆ। ਇਹ ਰੋਜ਼ਾਨਾ ਨਿਤਨੇਮ ਤੋ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਵੀ ਕਰਦੇ ਹਨ। ਨਗਰ ਦੀ ਸੰਗਤ ਵੱਲੋਂ ਇਤਨੀ ਮਹਿਮਾ ਸੁਣ ਕੇ ਇਹ ਫੌਜੀ ਧੰਨਾ ਸਿੰਘ ਗੁਰੂ ਘਰ ਵਿਖੇ ਮਹਾਂਪੁਰਖਾਂ ਦੇ ਦਰਸ਼ਨ ਕਰਨ ਆਇਆ। ਗੁਰੂ ਘਰ ਪਹੁੰਚ ਕੇ ਦਰਸ਼ਨ ਕਰਕੇ ਇਨ੍ਹਾਂ ਨੇ ਮਹਾਂਪੁਰਖਾਂ ਨੂੰ ਪੁੱਛਿਆ ਕਿ ਆਪ ਜੀ ਦਾ ਇੰਨੇ ਬੈਰਾਗ ਵਿੱਚ ਰਹਿਣ ਦਾ ਕੀ ਕਾਰਨ ਹੈ। ਆਪ ਜੀ ਨੇ ਆਖਿਆ ਕਿ ਗੁਰੂ ਨਾਨਕ ਸਾਹਿਬ ਨੇ ਜੋ ਦਸ ਸਰੂਪ ਧਾਰਨ ਕਰ ਕੇ ਪਵਿੱਤਰ ਬਾਣੀ ਦੇ ਲੜ ਸਾਨੂੰ ਲਗਾ ਦਿੱਤਾ ਹੈ ਉਹ ਬਹੁਤ ਵੱਡਾ ਪਰਉਪਕਾਰ ਪਰਮੇਸਰ ਨੇ ਕੀਤਾ ਹੈ। ਮੇਰਾ ਬੈਰਾਗ ਵਿੱਚ ਰਹਿਣ ਦਾ ਕਾਰਨ ਹੈ ਕਿ ਜਿਵੇਂ ਪਹਿਲੇ ਦਸ ਗੁਰੂ ਸਾਹਿਬਾਨਾਂ ਨੇ ਆਪਣੇ ਸਮੇਂ ਬਹੁਤ ਸਾਰੇ ਗੁਰਸਿੱਖਾਂ ਤੇ ਬਖਸ਼ਿਸ਼ਾਂ ਕੀਤੀਆਂ। ਹੁਣ ਦਸਾਂ ਪਾਤਿਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਵਰੋਸਾਏ ਹੋਏ ਕਿਸੇ ਗੁਰਸਿੱਖ ਗੁਰਮੁਖ ਪਿਆਰੇ ਦੇ ਪਰਤੱਖ ਦਰਸ਼ਨ ਹੋ ਜਾਣ। ਧੰਨਾ ਸਿੰਘ ਨੇ ਦੱਸਿਆ ਕਿ ਮੈਂ ਤੁਹਾਨੂੰ ਪੂਰਨ ਮਹਾਂਪੁਰਖਾਂ ਦੇ ਦਰਸ਼ਨ ਕਰਾਵਾਂਗਾ।

ਉਨ੍ਹਾਂ ਨੇ ਦੱਸਿਆ ਕਿ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਸੱਚਖੰਡ ਜਾ ਬਿਰਾਜੇ ਹਨ। ਉਨ੍ਹਾਂ ਨੇ ਆਪਣੀ ਥਾਂ ਤੇ ਗਿਆਨੀ ਗੁਰਬਚਨ ਸਿੰਘ ਜੀ ਅਖਾੜੇ ਨਗਰ ਵਾਲਿਆਂ ਨੂੰ ਉਤਰਾਧਿਕਾਰੀ ਥਾਪਿਆ ਹੈ। ਉਨ੍ਹਾਂ ਨੂੰ ਗੁਰਮਤਿ ਪ੍ਰਚਾਰ ਦੀ ਸੇਵਾ ਬਖਸ਼ਿਸ਼ ਕਰ ਦਿੱਤੀ ਹੈ। ਫੌਜੀ ਧੰਨਾ ਸਿੰਘ ਪਾਸੋਂ ਮਹਾਂਪੁਰਖਾਂ ਦੀ ਉਸਤਤ ਸੁਣ ਕੇ ਆਪ ਜੀ ਉਨ੍ਹਾਂ ਦੇ ਨਾਲ ਹੀ ਬੋਪਾਰਾਇ ਜਾਣ ਵਾਸਤੇ ਤਿਆਰ ਹੋ ਗਏ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਨੂੰ ਦੱਸਿਆ ਕਿ ਮੈਂ ਹੁਣ ਬੋਪਾਰਾਇ ਜਾ ਰਿਹਾ ਹਾਂ। ਗ੍ਰੰਥੀ ਸਾਹਿਬ ਨੇ ਦੂਜਾ ਦਿਨ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਦੀ ਹਜ਼ੂਰੀ

ਵਿੱਚ ਆਪ ਜੀ ਦੀ ਸੇਵਾ ਦੀ ਅਤੇ ਕੀਰਤਨ ਦੀ ਸ਼ਲਾਘਾ ਕੀਤੀ। ਦੀਵਾਨ ਦੀ ਸਮਾਪਤੀ ਤੋਂ ਉਪਰੰਤ ਹਾਜਰੀ ਦਾ ਪ੍ਰਸ਼ਾਦਾ ਦਹੀਂ ਨਾਲ ਛਕ ਕੇ ਸਵਖਤੇ ਹੀ ਇੱਥੋਂ ਬੋਪਾਰਾਇ ਲਈ ਚਾਲੇ ਪਾ ਦਿੱਤੇ।

## ਟਕਸਾਲ ਦੇ ਬਾਰ੍ਹਵੇਂ ਮੁਖੀ ਨਾਲ ਮਿਲਾਪ

ਆਪ ਜੀ ਨੇ ਫੌਜੀ ਧੰਨਾ ਸਿੰਘ ਜੀ ਨਾਲ ਜਾ ਕੇ ਗੁਰਦੁਆਰਾ ਸੱਚਖੰਡ ਬੋਪਾਰਾਇ ਵਿਖੇ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਦਰਸ਼ਨ ਕਰਕੇ ਫਤਹਿ ਬੁਲਾਈ। ਸੰਤ ਜੀ ਨੇ ਬਚਨ ਕੀਤੇ ਕਿ "ਆ ਗਏ"। ਇਹ ਪਿਆਰ ਭਰੇ ਬਚਨ ਸੁਣ ਕੇ ਆਪ ਜੀ ਦੇ ਨੇਤ੍ਰਾਂ ਵਿੱਚ ਜਲ ਆ ਗਿਆ। ਚਰਨਾਂ ਤੇ ਸੀਸ ਰੱਖ ਕੇ ਬੇਨਤੀ ਕੀਤੀ ਕਿ "ਮਹਾਰਾਜ ਆਪ ਜੀ ਨੇ ਹੀ ਕਿਰਪਾ ਕੀਤੀ ਹੈ"। ਦਰਸ਼ਨ ਕਰਕੇ ਅਕਾਲ ਪੁਰਖ ਦੀ ਕਿਰਪਾ ਨਾਲ ਅੰਦਰੋਂ ਹੀ ਅੰਦਰ ਇਸ ਸ਼ਬਦ ਦਾ ਸਫੁਰਨ ਹੋਇਆ:

*ਗੋਂਡ ਮਹਲਾ ੫॥*
*ਜਾ ਕੈ ਸੰਗਿ ਇਹੁ ਮਨੁ ਨਿਰਮਲੁ॥ ਜਾ ਕੈ ਸੰਗਿ ਹਰਿ ਹਰਿ ਸਿਮਰਨੁ॥*
*ਜਾ ਕੈ ਸੰਗਿ ਕਿਲਬਿਖ ਹੋਹਿ ਨਾਸ॥ ਜਾ ਕੈ ਸੰਗਿ ਰਿਦੈ ਪਰਗਾਸ॥੧॥*
*ਸੇ ਸੰਤਨ ਹਰਿ ਕੇ ਮੇਰੇ ਮੀਤ॥ ਕੇਵਲ ਨਾਮੁ ਗਾਈਐ ਜਾ ਕੈ ਨੀਤ॥੧॥ ਰਹਾਉ॥*
*ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ ॥ ਜਾ ਕੈ ਉਪਦੇਸਿ ਭਰਮੁ ਭਉ ਨਸੈ॥*
*ਜਾ ਕੈ ਕੀਰਤਿ ਨਿਰਮਲ ਸਾਰ॥ ਜਾ ਕੀ ਰੇਨੁ ਬਾਂਛੈ ਸੰਸਾਰ॥੨॥*
*ਕੋਟਿ ਪਤਿਤ ਜਾ ਕੈ ਸੰਗਿ ਉਧਾਰ॥ ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ॥*
*ਸਰਬ ਜੀਆਂ ਕਾ ਜਾਨੈ ਭੇਉ॥ ਕ੍ਰਿਪਾ ਨਿਧਾਨ ਨਿਰੰਜਨ ਦੇਉ॥੩॥*
*ਪਾਰਬ੍ਰਹਮ ਜਬ ਭਏ ਕ੍ਰਿਪਾਲ॥ ਤਬ ਭੇਟੇ ਗੁਰ ਸਾਧ ਦਇਆਲ॥*
*ਦਿਨੁ ਰੈਣਿ ਨਾਨਕੁ ਨਾਮੁ ਧਿਆਏ॥ ਸੂਖ ਸਹਜ ਆਨੰਦ ਹਰਿ ਨਾਏ॥*
*ਆਦਿ- ੮੬੩*

*ਐਸੀ ਹੋਇ ਪਰੀ॥ ਜਾਨਤੇ ਦਇਆਰ॥੧॥ ਰਹਾਉ॥*
*ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ॥*
*ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ॥੧॥*
*ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ॥*
*ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥*
*ਆਦਿ-੧੨੩੦*

## ਭਿੰਡਰਾਂਵਾਲੇ ਮਹਾਂਪੁਰਖਾਂ ਦੀ ਅੰਤਰਜਾਮਤਾ

ਭਿੰਡਰਾਂਵਾਲੇ ਮਹਾਂਪੁਰਖਾਂ ਨੇ ਉੱਚੀ ਆਵਾਜ਼ ਵਿਚ ਆਖਿਆ:

*ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥*
*ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥੧॥*
*ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ ॥*
*ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥ ਆਦਿ ੧੨੩੦*

ਮਹਾਂਪੁਰਖਾਂ ਦੀ ਪਵਿੱਤਰ ਰਸਨਾ ਤੋਂ ਗੁਰਬਾਣੀ ਦੀਆਂ ਇਹ ਪੰਗਤੀਆਂ ਸੁਣ ਕੇ ਆਪ ਜੀ ਦੇ ਮਨ ਵਿੱਚ ਨਿਸਚਾ ਹੋ ਗਿਆ ਕਿ ਇਸ ਸਬਦ ਦਾ ਸਫੁਰਨ ਤਾਂ ਮੈਨੂੰ ਅੰਦਰੋਂ ਹੋਇਆ ਹੈ। ਇਹੋ ਹੀ ਸਬਦ ਇਨ੍ਹਾਂ ਨੇ ਉਚੀ ਅਵਾਜ਼ ਵਿਚ ਮੈਨੂੰ ਸੁਣਾ ਦਿੱਤਾ ਹੈ। ਇਸ ਲਈ ਇਹ ਮਹਾਂਪੁਰਖ ਪੂਰਨ ਬ੍ਰਹਮ ਗਿਆਨੀ ਹਨ। ਮਹਾਂਪੁਰਖਾਂ ਦੀ ਪਿਆਰ ਭਰੀ ਅਵਾਜ਼ ਵਿਚ ਇੰਨੀ ਸ਼ਕਤੀ ਸੀ ਕਿ ਅੰਦਰੋਂ ਉਹ ਸ਼ਬਦ ਦਾ ਸਫੁਰਨ ਹੋਇਆ ਜੋ ਪਿਛਲੇ ਲੰਮੇ ਸਮੇਂ ਤੋਂ ਰੋਜ਼ਾਨਾ ਕੀਰਤਨ ਵਿਚ ਗਾਉਂਦੇ ਸਨ।

*ਗਉੜੀ ਮਹਲਾ ੫॥*
*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥*
*ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥੧॥ ਰਹਾਉ॥*
*ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥*
*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥*
*ਆਦਿ ੨੦੪*

ਮਹਾਂਪੁਰਖਾਂ ਨੇ ਆਖਿਆ ਕਿ ਗੁਰਮੁਖੋ ਮਾਤਾ ਪਿਤਾ ਦਾ ਕੀ ਹਾਲ ਹੈ। ਆਪ ਜੀ ਨੇ ਆਖਿਆ ਕਿ ਮਾਤਾ ਪਿਤਾ ਦੇ ਬਾਰੇ ਆਪ ਜੀ ਨੂੰ ਹੀ ਪਤਾ ਹੈ ਮੈਨੂੰ ਤਾਂ ਘਰੋਂ ਆਏ ਨੂੰ ਕਈ ਮਹੀਨੇ ਹੋ ਗਏ ਹਨ। ਮਹਾਂਪੁਰਖਾਂ ਨੇ ਆਖਿਆ ਕਿ ਜਿਸ ਮਾਤਾ ਨੇ ਤੁਹਾਨੂੰ ਜਨਮ ਦਿੱਤਾ ਹੈ ਉਸ ਨੂੰ ਜਰੂਰ ਮਿਲਕੇ ਆਓ। ਆਪ ਜੀ ਨੇ ਸਤਿ ਬਚਨ ਕਹਿ ਕੇ ਚਰਨਾਂ ਤੇ ਮੁੜ ਨਮਸਕਾਰ ਕੀਤੀ।

## ਦਮਦਮੀ ਟਕਸਾਲ ਵਿੱਚ ਭਰਤੀ ਹੋਣਾ

ਭਿੰਡਰਾਂਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਗੁਰਮੁਖੋ ਕਿਹੜੀ ਕਿਹੜੀ ਬਾਣੀ ਕੰਠ ਹੈ ਤਾਂ ਆਪ ਜੀ ਨੇ ਆਖਿਆ ਕਿ ਪਿਤਾ ਜੀ ਨੇ ਪੰਜ ਗ੍ਰੰਥੀ ਕੰਠ ਕਰਵਾਈ ਹੋਈ ਹੈ। ਮਹਾਂਪੁਰਖਾਂ ਨੇ ਦੂਜੀ ਵਾਰੀ ਪੁੱਛਿਆ ਕਿ ਆਪ ਜੀ ਕੀਰਤਨ

ਵੀ ਕਰ ਲੈਂਦੇ ਹੋ ਤਾਂ ਆਪ ਜੀ ਨੇ ਆਖਿਆ ਕੀਰਤਨ ਮੈਨੂੰ ਬਾਬਾ ਬਲਕਾਰ ਸਿੰਘ ਨਿਹੰਗ ਸਿੰਘ ਜੀ ਨੇ ਸਿਖਾਇਆ ਹੈ। ਮਹਾਂਪੁਰਖਾਂ ਦੇ ਹੁਕਮਾਂ ਅਨੁਸਾਰ ਆਪ ਜੀ ਨੇ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਦਰਬਾਰ ਸਾਹਿਬ ਵਿੱਚ ਦੋਹਰਿਆਂ ਸਮੇਤ ਉਚੀ ਅਵਾਜ ਵਿੱਚ ਜੁਬਾਨੀ ਕੀਤਾ। ਬੋਪਾਰਾਇ ਦਰਬਾਰ ਸਾਹਿਬ ਵਿੱਚ ਵੀ ਦੋਹਰਿਆਂ ਸਮੇਤ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਸੀ। ਇਸ ਕਰਕੇ ਰਹਿਰਾਸ ਸਾਹਿਬ ਦਾ ਪਾਠ ਸੁਣ ਕੇ ਸੰਤ ਭਿੰਡਰਾਂਵਾਲੇ ਬਹੁਤ ਖੁਸ਼ ਹੋਏ। ਰਹਿਰਾਸ ਸਾਹਿਬ ਸੁਣ ਕੇ ਉਸੇ ਘੜੀ ਆਪ ਜੀ ਨੂੰ ਮਹਾਂਪੁਰਖਾਂ ਨੇ ਜਥੇ ਵਿੱਚ ਪੱਕੇ ਤੌਰ ਤੇ ਰੱਖ ਲਿਆ। ਮਹਾਂਪੁਰਖਾਂ ਨੇ ਆਪ ਜੀ ਨੂੰ ਦੋਨੋ ਵੇਲੇ ਦੀ ਕੀਰਤਨ ਦੀ ਸੇਵਾ ਬਖਸ਼ਿਸ਼ ਕਰ ਦਿੱਤੀ। ਮਹਾਂਪੁਰਖਾਂ ਨੇ ਜਥੇ ਦੇ ਸਿੰਘਾਂ ਨੂੰ ਆਖਿਆ ਕਿ ਆਪਣੇ ਕੋਲ ਰਾਗੀ ਸਿੰਘ ਨਹੀਂ ਸੀ। ਪਰਮੇਸਰ ਨੇ ਰਾਗੀ ਸਿੰਘ ਭੇਜ ਦਿੱਤਾ ਹੈ। ਇਨ੍ਹਾਂ ਦਾ ਮਿਲਾਪ ਲੰਮੇ ਅਰਸੇ ਮਗਰੋਂ ਹੋਇਆ ਹੈ। ਇਸ ਤਰ੍ਹਾਂ ਆਪ ਜੀ ਦੇ ਨਾਮ ਦੇ ਨਾਲ ਪੱਕੇ ਤੌਰ ਤੇ ਰਾਗੀ ਸਿੰਘ ਲੱਗ ਗਿਆ। ਮਹਾਂਪੁਰਖਾਂ ਨੇ ਆਪ ਜੀ ਦਾ ਆਸਣ ਆਪਣੇ ਕੋਲ ਲਗਵਾ ਲਿਆ। ਆਤਮ ਅਭਿਆਸ ਕਰਨ ਲਈ ਆਪ ਜੀ ਨੇ ਆਸਰਾ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਜੋ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਹੋਏ ਉਨ੍ਹਾਂ ਪਾਸੋਂ ਲਿਆ।

## ਮਾਤਾ ਜੀ ਦਾ ਇਮਤਿਹਾਨ ਵਿਚੋਂ ਪਾਸ ਹੋਣਾ

ਭਿੰਡਰਾਂਵਾਲੇ ਮਹਾਂਪੁਰਖਾਂ ਦੇ ਬਚਨ ਮੰਨ ਕੇ ਆਪ ਜੀ ਬੋਪਾਰਾਇ ਤੋਂ ਸਿੱਧੇ ਉਪਲਹੇੜੀ ਵਿਖੇ ਸ਼ਾਮ ਨੂੰ ਪਹੁੰਚ ਗਏ। ਆਪਣੀ ਮਾਤਾ ਪ੍ਰੇਮ ਕੌਰ ਨੂੰ ਮਿਲੇ। ਸਾਰੇ ਪਰਿਵਾਰ ਵਿੱਚ ਅਤੇ ਨਗਰ ਵਿੱਚ ਬਹੁਤ ਖੁਸ਼ੀ ਹੋਈ। ਮਾਤਾ ਜੀ ਨੂੰ ਦੱਸਿਆ ਕਿ ਮੈਂ ਹੁਣ ਭਿੰਡਰਾਂਵਾਲੇ ਸੰਤਾਂ ਕੋਲ ਰਹਿਣਾ ਹੈ। ਉਨ੍ਹਾਂ ਨੇ ਮੈਨੂੰ ਪੱਕੇ ਤੌਰ ਤੇ ਆਪਣੇ ਕੋਲ ਰੱਖ ਲਿਆ ਹੈ। ਉਨ੍ਹਾਂ ਨੇ ਬਚਨ ਕੀਤਾ ਕਿ ਆਪਣਾ ਮਿਲਾਪ ਲੰਮੇ ਅਰਸੇ ਮਗਰੋਂ ਹੋਇਆ ਹੈ। ਇਸ ਲਈ ਸਵੇਰੇ ਚਾਲੇ ਪਾਉਣੇ ਹਨ। ਮਾਤਾ ਜੀ ਨੇ ਭੱਜ ਕੇ ਬਾਪੂ ਕਾਹਨ ਸਿੰਘ ਨੂੰ ਦੱਸਿਆ ਕਿ ਗੁਰਬਚਨ ਸਿੰਘ ਆ ਗਿਆ ਹੈ। ਬਾਪੂ ਜੀ ਉਸੇ ਵੇਲੇ ਰਹਿਰਾਸ ਸਾਹਿਬ ਦਾ ਪਾਠ ਕਰਕੇ ਹਟੇ ਸਨ। ਪਾਠ ਤੋਂ ਉਪਰੰਤ ਆਪਣੀ ਬੈਠਕ ਵਿਚੋ ਉਠ ਕੇ ਪਿਆਰੇ ਪੁੱਤਰ ਕੋਲ ਆ ਗਏ। ਮਹਾਂਪੁਰਖਾਂ ਨੇ ਬਾਪੂ ਜੀ ਨਾਲ ਵੀ ਫਤਹਿ ਦੀ ਸਾਂਝ ਕੀਤੀ। ਮਾਤਾ ਜੀ ਨੇ ਬਾਪੂ ਜੀ ਨੂੰ ਦੱਸਿਆ ਕਿ ਗੁਰਬਚਨ ਸਿੰਘ ਨੂੰ ਭਿੰਡਰਾਂ ਵਾਲੇ ਸੰਤਾਂ ਨੇ ਆਪਣੇ ਕੋਲ ਪੱਕੇ ਤੌਰ ਤੇ ਰੱਖ ਲਿਆ ਹੈ। ਬਾਪੂ ਜੀ ਨੇ ਵੀ ਅੱਗੋਂ ਕੋਈ ਵਿਰੋਧਤਾ ਨਹੀਂ ਕੀਤੀ। ਮਾਂ ਨੇ ਆਖਿਆ ਕਿ ਹੇ ਪੁੱਤਰ ਤੂੰ ਮੈਨੂੰ ਆ ਕੇ ਮਿਲਿਆ ਹੈਂ ਹੁਣ ਮੈਂ ਬਹੁਤ ਖੁਸ਼ ਹਾਂ। ਤੂੰ ਪੱਕੇ ਤੌਰ ਤੇ ਸੰਤਾਂ ਕੋਲ ਹੀ ਰਹੁ। ਹੁਣ ਮੈਨੂੰ ਰਿਸ਼ਤੇਦਾਰ ਜਾਂ ਸਰੀਕਾ ਕੁਝ ਨਹੀਂ ਕਹਿ ਸਕੇਗਾ। ਜੋ ਤੂੰ ਕੱਚੀ

ਕੋਠੜੀ ਤਿਆਰ ਕਰਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਉਸ ਦੇ ਆਸਰੇ ਮੈਂ ਇਸ ਔਖੀ ਘੜੀ ਦੇ ਵਿਚੋ ਲੰਘ ਗਈ ਹਾਂ। ਲੋਕਾਂ ਅਤੇ ਰਿਸ਼ਤੇਦਾਰਾਂ ਨੇ ਮੈਨੂੰ ਬਹੁਤ ਤਾਹਨੇ ਮੇਹਣੇ ਮਾਰੇ ਹਨ। ਆਪ ਜੀ ਨੇ ਬਚਨ ਕੀਤੇ ਕਿ ਹੇ ਅੰਮਾ ਇਨ੍ਹਾਂ ਲੋਕਾਂ ਦੀ ਕੋਈ ਪਰਵਾਹ ਨਹੀਂ ਕਰਨੀ ਚਾਹੀਦੀ। ਗੱਲਾਂ ਬਾਤਾਂ ਕਰਦਿਆਂ ਹਨੇਰਾ ਹੋ ਗਿਆ। ਆਪ ਜੀ ਲੰਗਰ ਪਾਣੀ ਛਕ ਕੇ ਸਾਰਿਆਂ ਨੂੰ ਮਿਲ ਕੇ ਰਾਤ ਨੂੰ ਬਿਰਾਜ ਗਏ। ਰੋਜ਼ਾਨਾ ਦੀ ਤਰ੍ਹਾਂ ਮਹਾਂਪੁਰਖ ਅੰਮ੍ਰਿਤ ਵੇਲੇ ਉੱਠੇ ਇਸ਼ਨਾਨ ਕਰਕੇ ਨਿਤਨੇਮ ਕੀਤਾ ਕੱਚੀ ਕੋਠੜੀ ਵਿਚ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਅਰਦਾਸ ਕੀਤੀ ਅਤੇ ਵਾਪਿਸ ਆ ਕੇ ਆਪਣੀ ਅੰਮਾ ਕੋਲ ਬੈਠ ਕੇ ਹਾਜ਼ਰੀ ਦਾ ਪ੍ਰਸ਼ਾਦਾ ਮੱਖਣ, ਦਹੀਂ ਅਤੇ ਲੱਸੀ ਨਾਲ ਛਕਿਆ। ਮਾਤਾ ਜੀ ਨੇ ਬਹੁਤ ਸਾਰੇ ਪ੍ਰਸ਼ਾਦਿਆਂ ਵਿੱਚ ਅੰਬ ਦਾ ਅਚਾਰ ਰੱਖ ਕੇ ਪੋਣੇ ਵਿੱਚ ਬੰਨ੍ਹ ਕੇ ਆਪ ਜੀ ਦੇ ਝੋਲੇ ਵਿੱਚ ਪਾ ਦਿੱਤੇ ਅਤੇ ਇੱਕ ਬਾਟੀ ਵੀ ਝੋਲੇ ਵਿੱਚ ਪਾ ਦਿੱਤੀ। ਅੰਮਾ ਨੇ ਆਖਿਆ ਕਿ ਹੇ ਪੁੱਤ ਜਿਨ੍ਹਾਂ ਸੰਤਾਂ ਕੋਲ ਤੂੰ ਪੱਕੇ ਤੌਰ ਤੇ ਰਹਿਣ ਲੱਗ ਪਿਆ ਹੈਂ ਉਨ੍ਹਾਂ ਸੰਤਾਂ ਦੇ ਆਪਣੇ ਘਰ ਵੀ ਚਰਨ ਪੁਆਈਂ। ਭਿੰਡਰਾਂ ਵਾਲੇ ਮਹਾਂਪੁਰਖਾਂ ਦੇ ਬਚਨਾਂ ਨੂੰ ਮੰਨ ਕੇ ਆਪ ਜੀ ਆਪਣੀ ਮਾਤਾ ਕੋਲ ਕੇਵਲ ਇਕ ਰਾਤ ਠਹਿਰੇ। ਮਾਤਾ ਜੀ ਦੇ ਚਿਹਰੇ ਤੇ ਬਹੁਤ ਲਾਲੀਆਂ ਆ ਗਈਆਂ। ਆਪ ਜੀ ਨੇ ਮਾਤਾ ਜੀ ਪਾਸੋਂ ਝੋਲਾ ਲੈ ਕੇ ਬਹੁਤ ਖੁਸ਼ੀ ਨਾਲ ਬੋਪਾਰਾਇ ਵਾਸਤੇ ਚਾਲੇ ਪਾ ਦਿੱਤੇ। ਭਿੰਡਰਾਂ ਵਾਲੇ ਸੰਤਾਂ ਦੇ ਬਚਨਾਂ ਅਨੁਸਾਰ ਆਪਣੇ ਜਨਮ ਨਗਰ ਉਪਲਹੇੜੀ ਵਿਖੇ ਪਹੁੰਚ ਕੇ ਕੇਵਲ ਆਪਣੇ ਮਾਤਾ ਪਿਤਾ ਨੂੰ ਹੀ ਮਿਲੇ। ਪਿੰਡ ਦੇ ਹਾਣੀ ਮੁੰਡੇ ਜੋ ਮਹਾਂਪੁਰਖਾਂ ਦੇ ਨਾਲ ਰਹਿੰਦੇ ਸਨ ਉਨ੍ਹਾਂ ਦੇ ਘਰ ਕਿਸੇ ਨੂੰ ਮਿਲਣ ਨਹੀਂ ਗਏ। ਮਹਾਂਪੁਰਖਾਂ ਜੋਗੇ ਹੀ ਰਹਿ ਗਏ।

## ਟਕਸਾਲ ਵਿੱਚ ਬ੍ਰਹਮ ਵਿੱਦਿਆ ਦੀ ਪੜ੍ਹਾਈ

ਆਪ ਜੀ ਇੱਕ ਰਾਤ ਉਪਲਹੇੜੀ ਰਹਿ ਕੇ ਮਾਤਾ ਪ੍ਰੇਮ ਕੌਰ ਤੇ ਬਾਪੂ ਕਾਹਨ ਸਿੰਘ ਨੂੰ ਮਿਲ ਕੇ ਵਾਪਸ ਬੋਪਾਰਾਇ ਵਿਖੇ ਮਹਾਂਪੁਰਖਾਂ ਕੋਲ ਹਾਜਰ ਹੋ ਗਏ।ਆਪ ਜੀ ਦੀ ਸਿਫਾਰਿਸ਼ ਭਾਵੇਂ ਫੌਜੀ ਧੰਨਾ ਸਿੰਘ ਨੇ ਬਹੁਤ ਮਨੋ ਕੀਤੀ ਪਰ ਮਹਾਂਪੁਰਖ ਆਪ ਜੀ ਦੀ ਨਿਮਰਤਾ ਅਤੇ ਸੇਵਾ ਭਾਵਨਾ ਵਾਲੀ ਬਿਰਤੀ ਪੜ੍ਹ ਕੇ ਬਹੁਤ ਖੁਸ਼ ਹੋਏ। ਆਪ ਜੀ ਭਾਵੇਂ ਪਹਿਲਾਂ ਹੀ ਅਖੰਡ ਪਾਠੀ ਸਨ ਤੇ ਕੀਰਤਨ ਵੀ ਕਰਦੇ ਸਨ ਪਰ ਜਥੇ ਦੀ ਮਰਿਯਾਦਾ ਅਨੁਸਾਰ ਆਪ ਜੀ ਨੇ ਜਥੇ ਵਿੱਚ ਰਹਿ ਕੇ ਨਿਤਨੇਮ ਦੀਆਂ ਬਾਣੀਆਂ, ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿਤ ਸਵਯੈ, ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ, ਗੁਰ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਅਨੇਕਾਂ ਹੋਰ ਗ੍ਰੰਥ ਵੀਚਾਰੇ।

## ਕੀਰਤਨ ਰਾਹੀਂ ਆਤਮਿਕ ਸਾਂਝ ਪਾਉਣੀ

ਜਥੇ ਦੇ ਸਿੰਘਾਂ ਨੂੰ ਮਹਾਂਪੁਰਖਾਂ ਨੇ ਆਖਿਆ ਕਿ ਇਹ ਆਪਣੇ ਜਥੇ ਦੇ ਰਾਗੀ ਸਿੰਘ ਆ ਗਏ ਹਨ। ਇਨ੍ਹਾਂ ਦਾ ਮਿਲਾਪ ਲੰਮੇਂ ਅਰਸੇ ਬਾਅਦ ਹੋਇਆ ਹੈ। ਆਪ ਜੀ ਦੀ ਰਸਨਾ ਤੋਂ ਮਹਾਂਪੁਰਖਾਂ ਨੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਸਮੇਂ ਇਹ ਸ਼ਬਦ ਸੁਣਿਆ:

*ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥*
*ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥*
*ਸਾਚਾ ਨਿਰੰਕਾਰੁ ਨਿਜ ਥਾਇ ॥*
*ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥*
*ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥*
*ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥*
*ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥*
*ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥*
*ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥*
*ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ਆਦਿ ੧੪*

ਇਹ ਸ਼ਬਦ ਦਾ ਕੀਰਤਨ ਸੁਣਨ ਤੋਂ ਬਾਅਦ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਰਾਗੀ ਸਿੰਘ ਇੱਕ ਸ਼ਬਦ ਦਾ ਕੀਰਤਨ ਹੋਰ ਸੁਣਾਓ ਤਾਂ ਆਪ ਜੀ ਨੇ ਸ਼ਬਦ ਗਾਇਨ ਕੀਤਾ:

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥*
*ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥ ਆਦਿ ੧੩੮੩*

ਇਨ੍ਹਾਂ ਸ਼ਬਦਾਂ ਦਾ ਕੀਰਤਨ ਸੁਣ ਕੇ ਮਹਾਂਪੁਰਖ ਜਦੋਂ ਕਥਾ ਅਰੰਭ ਕਰਨ ਲੱਗੇ ਤਾਂ ਬਹੁਤ ਬੈਰਾਗ ਵਿੱਚ ਆ ਗਏ। ਬਾਕੀ ਸਿੰਘਾਂ ਨੂੰ ਮਹਾਂਪੁਰਖ ਕਥਾ ਕਰਨ ਸਮੇਂ ਬਚਨ ਕਰਨ ਲਗੇ ਕਿ ਜਿਵੇਂ ਰਾਗੀ ਸਿੰਘ ਨੇ ਕੀਰਤਨ ਰਾਹੀਂ ਸੁਣਾਇਆ ਹੈ ਇਸ ਤਰ੍ਹਾਂ ਸੰਸਾਰ ਦੇ ਪਦਾਰਥਾਂ ਦਾ ਅਤੇ ਖਾਣ-ਪੀਣ ਦਾ ਲੋਭ ਨਹੀਂ ਕਰਨਾ। ਕੇਵਲ ਬ੍ਰਹਮ ਵਿੱਦਿਆ ਵਿਚੋਂ ਹੀ ਅਨੰਦ ਪ੍ਰਾਪਤ ਕਰਨਾ ਹੈ। ਮਹਾਂਪੁਰਖਾਂ ਦੀ ਰਸਨਾ ਤੋਂ ਜਦੋਂ ਇਹ ਪਵਿੱਤਰ ਬਚਨ ਸੁਣੇ ਤਾਂ ਸਾਰੇ ਸਿੰਘਾਂ ਦਾ ਮਨ ਸੰਸਾਰ ਵੱਲੋਂ

ਉਪਰਾਮ ਹੋ ਗਿਆ। ਇਸ ਤਰ੍ਹਾਂ ਪਹਿਲੇ ਦਿਨ ਤੋਂ ਹੀ ਭਿੰਡਰਾਂ ਵਾਲੇ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਆਪ ਜੀ ਦਾ ਨਾਮ ਜਥੇ ਵਿੱਚ ਪੱਕੇ ਤੌਰ ਤੇ ਰਾਗੀ ਸਿੰਘ ਪੈ ਗਿਆ।

## ਮਹਾਂਪੁਰਖਾਂ ਦੇ ਆਸਣ ਦੀ ਸੇਵਾ

ਟਕਸਾਲ ਵਿੱਚ ਭਰਤੀ ਹੋਣ ਤੋਂ ਉਪਰੰਤ ਇੱਕ ਦਿਨ ਦੀਵਾਨ ਦੀ ਸਮਾਪਤੀ ਤੋਂ ਉਪਰੰਤ ਆਪ ਜੀ ਜਦੋਂ ਮਹਾਂਪੁਰਖਾਂ ਨਾਲ ਆਸਣ ਤੇ ਆਏ ਤਾਂ ਆਪ ਜੀ ਨੇ ਮਹਾਂਪੁਰਖਾਂ ਦੇ ਆਸਣ ਦੀ ਵਿਛਾਈ ਦੀ ਸੇਵਾ ਆਰੰਭ ਕਰ ਦਿੱਤੀ। ਮਹਾਂਪੁਰਖਾਂ ਨੇ ਕੁਝ ਦਿਨ ਇਸ ਪਿਆਰ ਨੂੰ ਅੰਗੀਕਾਰ ਕਰਕੇ ਬਚਨ ਕੀਤੇ ਰਾਗੀ ਸਿੰਘਾ ਮੇਰੇ ਬਿਸਤਰੇ ਦੀ ਵਿਛਾਈ ਕਰਨ ਵਾਲੇ ਤਾਂ ਹਰ ਸਮੇਂ ਮਿਲ ਜਾਣਗੇ ਪਰ ਗੁਰੂ ਮਹਾਰਾਜ ਦੀ ਵਿਛਾਈ ਕਰਨ ਵਾਲੇ ਸਿੰਘ ਵਿਰਲੇ ਹੀ ਮਿਲਦੇ ਹਨ। ਆਪ ਜੀ ਗੁਰੂ ਕੇ ਰਾਗੀ ਸਿੰਘ ਹੋ ਇਸ ਕਰਕੇ ਮੇਰੇ ਆਸਨ ਦੀ ਵਿਛਾਈ ਦੀ ਸੇਵਾ ਕਰਨ ਦੀ ਬਜਾਏ ਗੁਰੂ ਸਾਹਿਬ ਦੇ ਦਰਬਾਰ ਸਾਹਿਬ ਦੀ ਵਿਛਾਈ ਦੀ ਸੇਵਾ ਕਰਿਆ ਕਰੋ।

## ਦਰਬਾਰ ਸਾਹਿਬ ਦੀ ਵਿਛਾਈ ਦੀ ਸੇਵਾ

ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਦੇ ਬਚਨਾਂ ਨੂੰ ਮਨ ਵਿੱਚ ਵਸਾ ਕੇ ਰੋਜਾਨਾ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਦੇ ਥੜ੍ਹੇ ਦੀ ਵਿਛਾਈ ਦੀ ਸੇਵਾ ਅਤੇ ਮੰਜੀ ਸਾਹਿਬ ਦੀ ਵਿਛਾਈ ਦੀ ਸੇਵਾ ਆਰੰਭ ਕਰ ਦਿੱਤੀ। ਇਸ ਬਚਨ ਨੂੰ ਆਪ ਜੀ ਨੇ ਸਾਰੀ ਉਮਰ ਨਿਭਾਇਆ। ਅੰਮ੍ਰਿਤ ਵੇਲੇ ਉਠ ਕੇ ਦਰਬਾਰ ਸਾਹਿਬ ਜਾ ਕੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪ੍ਰਕਾਸ਼ ਦੀ ਸੇਵਾ ਆਪਣੇ ਹੱਥੀਂ ਕਰਦੇ। ਜਥਾ ਜਿਸ ਨਗਰ ਵਿੱਚ ਜਾਂਦਾ ਉਸ ਨਗਰ ਦੇ ਗੁਰੂ ਘਰ ਦੀ ਪੂਰੀ ਸਫਾਈ ਦੀ ਸੇਵਾ ਆਪ ਜੀ ਆਪਣੇ ਹੱਥੀਂ ਕਰਦੇ। ਉਨ੍ਹਾਂ ਦਿਨਾਂ ਵਿੱਚ ਗੁਰੂ ਘਰ ਕੱਚੇ ਹੁੰਦੇ ਸਨ। ਛੱਤਾਂ ਸਤੀਰਾਂ ਅਤੇ ਬਾਲਿਆਂ ਦੀਆਂ ਹੁੰਦੀਆਂ ਸਨ। ਬਾਲਿਆਂ ਵਿਚ ਚਿੜੀਆਂ ਆਲ੍ਹਣੇ ਪਾ ਲੈਂਦੀਆਂ ਸਨ। ਗੁਰੂ ਮਹਾਰਾਜ ਦੇ ਚੰਦੋਏ ਦੇ ਅੰਦਰ ਵੀ ਕਈ ਥਾਈਂ ਚਿੜੀਆਂ ਦੇ ਆਲ੍ਹਣੇ ਬਣਾਏ ਹੁੰਦੇ ਸਨ। ਗੁਰੂ ਘਰ ਕੱਚੇ ਹੋਣ ਕਰਕੇ ਛੱਤਾਂ ਤੇ ਉੱਗੇ ਹੋਏ ਘਾਹ ਨੂੰ ਆਪਣੇ ਹੱਥੀਂ ਖੁਰਪਾ ਲੈ ਕੇ ਸਾਫ ਕਰਦੇ। ਪਿੰਡ ਦੇ ਤਰਖਾਣ ਨੂੰ ਬੁਲਾ ਕੇ ਸੁਖ ਆਸਨ ਵਾਲੇ ਕਮਰੇ ਦੀਆਂ ਖਿੜਕੀਆਂ ਵਿਚ ਜਾਲੀ ਲਗਵਾਉਂਦੇ। ਸੁੰਦਰ ਪਲੰਘਾ ਤਿਆਰ ਕਰਵਾਉਂਦੇ। ਸੁਖ ਆਸਨ ਵਾਲੇ ਕਮਰੇ ਦੀ ਪੂਰੀ ਸਫਾਈ ਨਗਰ ਦੇ ਪ੍ਰੇਮੀ ਸਿੰਘਾਂ ਨਾਲ ਰਲ ਕੇ ਕਰਵਾਉਂਦੇ। ਇਸ ਤਰ੍ਹਾਂ ਹਰੇਕ ਨਗਰ ਵਿੱਚ ਸੁਖ ਆਸਨ ਅਸਥਾਨ ਅਤੇ ਦਰਬਾਰ ਸਾਹਿਬ ਦੇ ਥੜ੍ਹੇ ਦੀ ਵਿਛਾਈ ਨਗਰ ਦੇ ਸਿੰਘਾਂ ਨਾਲ ਮਿਲ ਕੇ ਕਰਦੇ। ਇਸ ਸੇਵਾ ਦੇ ਨਾਲ ਨਾਲ ਜਥੇ ਵਿੱਚ ਰਹਿ ਕੇ ਦੋਨੋ ਵੇਲੇ ਕੀਰਤਨ ਦੀ ਸੇਵਾ ਨਿਭਾਉਂਦੇ ਰਹਿੰਦੇ। ਕੀਰਤਨ ਤੋਂ ਉਪਰੰਤ ਦੋਨੋ ਵੇਲੇ ਕਥਾ ਵੀ ਸਰਵਣ

ਕਰਦੇ। ਮਹਾਂਪੁਰਖਾਂ ਨੇ ਆਪ ਜੀ ਨੂੰ ਬਚਨ ਕੀਤੇ ਕਿ ਤੁਹਾਨੂੰ ਕਿਸੇ ਕਾਪੀ ਤੇ ਲਿਖਣ ਦੀ ਲੋੜ ਨਹੀ ਹੈ ਹਿਰਦੇ ਵਿਚ ਹੀ ਲਿਖ ਲਉ। ਹਜੂਰ ਦਾ ਫੁਰਮਾਣ ਹੈ:

***ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ॥***
***ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ॥ ਆਦਿ ੮੪***

## ਪਾਲਕੀ ਨਾ ਸਜਾਉਣ ਬਾਰੇ

ਗੁਰਮਤਿ ਪ੍ਰਚਾਰ ਵਾਸਤੇ ਜਥਾ ਜਿਨ੍ਹਾਂ ਜਿਨ੍ਹਾਂ ਨਗਰਾਂ ਵਿੱਚ ਗਿਆ ਉਨ੍ਹਾਂ ਗੁਰੂ ਘਰਾਂ ਦੇ ਸੱਚਖੰਡ ਅਸਥਾਨ ਆਪ ਜੀ ਨੇ ਆਪਣੀ ਨਿਗਰਾਨੀ ਹੇਠ ਬਣਵਾਏ। ਹਰੇਕ ਨਗਰ ਦੀਆਂ ਸੰਗਤਾਂ ਨੂੰ ਸਮਝਾਉਂਦੇ ਕਿ ਥੜ੍ਹੇ ਦੀ ਰੋਜਾਨਾ ਵਿਛਾਈ ਝਾੜ ਕੇ ਕਰਿਆ ਕਰੋ। ਜੇਕਰ ਥੜ੍ਹੇ ਤੇ ਪਾਲਕੀ ਸਾਹਿਬ ਸਜਾ ਦਿੱਤੀ ਜਾਵੇਗੀ ਤਾਂ ਇਹ ਸੇਵਾ ਰੋਜਾਨਾ ਕਰਨੀ ਔਖੀ ਹੋਵੇਗੀ। ਪਾਲਕੀ ਦੇ ਥੱਲੇ ਮੱਛਰ ਵੀ ਪੈਦਾ ਹੋ ਜਾਂਦਾ ਹੈ। ਇਸ ਲਈ ਪਾਲਕੀ ਸਾਹਿਬ ਥੜ੍ਹੇ ਉਪਰ ਨਹੀਂ ਸਜਾਉਣੀ ਚਾਹੀਦੀ। ਪਾਲਕੀ ਤਾਂ ਗੁਰੂ ਸਾਹਿਬ ਦਾ ਪਵਿੱਤਰ ਸਰੂਪ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਵਾਸਤੇ ਹੁੰਦੀ ਹੈ। ਜੇਕਰ ਪਾਲਕੀ ਬਣਾਉਣੀ ਹੈ ਤਾਂ ਸੰਗਮਰਮਰ ਜਾਂ ਲੱਕੜ ਦੀ ਹੋਵੇ ਜੋ ਥੜ੍ਹੇ ਤੋਂ ਬਾਹਰ ਵਾਰ ਰੱਖੀ ਜਾਵੇ ਤਾਂ ਜੋ ਮੰਜੀ ਸਾਹਿਬ ਰੋਜਾਨਾ ਚੁੱਕ ਕੇ ਥੜ੍ਹੇ ਦੀ ਵਿਛਾਈ ਦੀ ਸੇਵਾ ਕੀਤੀ ਜਾ ਸਕੇ।

## ਗੁ: ਸ੍ਰੀ ਅਖੰਡ ਪ੍ਰਕਾਸ਼ ਭਿੰਡਰ ਕਲਾਂ ਦੇ ਪ੍ਰਬੰਧ ਬਾਰੇ

ਬਾਬਾ ਖਜਾਨ ਸਿੰਘ ਜੀ ਨੇ ਆਪਣੀ ਜੱਦੀ ਜਮੀਨ ਵਿੱਚ ਆਪਣੀ ਭਜਨ ਬੰਦਗੀ ਲਈ ਇੱਕ ਭੋਰਾ ਬਣਾਇਆ ਹੋਇਆ ਸੀ। ਆਪ ਆਪਣੀ ਜਮੀਨ ਵਿੱਚ ਖੇਤੀ ਬਾੜੀ ਦਾ ਕੰਮ ਕਰਦੇ ਸਨ। ਇਨ੍ਹਾਂ ਦੀ ਸੁਪਤਨੀ ਦਾ ਨਾਮ ਮਹਿਤਾਬ ਕੌਰ ਸੀ ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਦੀ ਸੀ। ਸੁਭਾਗੀ ਜੋੜੀ ਖੇਤੀਬਾੜੀ ਕਰਦੇ ਨਾਲ ਨਾਲ ਗਊਆਂ ਮੱਝਾਂ ਦੀ ਪਾਲਣਾ ਵੀ ਕਰਦੇ। ਇਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ। ਵੱਡੇ ਸ੍ਰੀ ਮਾਨ ਸੰਤ ਬਾਬਾ ਸੁੰਦਰ ਸਿੰਘ ਜੀ ਅਤੇ ਛੋਟੇ ਸੰਤ ਇੰਦਰ ਸਿੰਘ ਜੀ ਭਿੰਡਰਾਂਵਾਲੇ। ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਨੇ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਤੋਂ ਬ੍ਰਹਮ ਵਿੱਦਿਆ ਪੜ੍ਹੀ ਅਤੇ ਉਨ੍ਹਾਂ ਨੇ ਵਿੱਦਿਆ ਪੜ੍ਹਾਉਣ ਦੀ ਸੇਵਾ ਦਾ ਸਿਰੋਪਾਓ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਬਖਸ਼ਿਆ ਅਤੇ ਆਪ ਨੇ 15 ਮਾਘ ਬਿਕ੍ਰਮੀ 1962 ਨੂੰ ਸੱਚਖੰਡ ਪਿਆਨਾ ਕੀਤਾ। ਗੁਰਮਤਿ ਪ੍ਰਚਾਰ ਦੀ ਸੇਵਾ ਸੰਤ ਗਿਆਨੀ ਸੁੰਦਰ ਸਿੰਘ ਜੀ ਨੇ 15 ਫਰਵਰੀ 1930 ਤੱਕ ਨਿਭਾਈ। ਗੁਰਮਤਿ ਪ੍ਰਚਾਰ ਦੀ ਸੇਵਾ ਦਾ ਸਿਰੋਪਾਓ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੂੰ ਬਖਸ਼ਿਆ।

9 ਸਤੰਬਰ 1937 ਈ: ਨੂੰ ਬਾਬਾ ਖਜਾਨ ਸਿੰਘ ਜੀ ਦੀ ਯਾਦ ਵਿੱਚ ਸਲਾਨਾ ਜੋੜ ਮੇਲੇ ਦਾ ਪਹਿਲਾ ਦਿਨ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਜਥੇ ਸਮੇਤ ਭਿੰਡਰੀ ਪਹੁੰਚ ਗਏ। 11 ਸਤੰਬਰ 1937 ਨੂੰ ਜੋੜ ਮੇਲੇ ਦੀ ਸਮਾਪਤੀ ਉਪਰੰਤ ਬਾਬਾ ਇੰਦਰ ਸਿੰਘ ਜੀ ਭਿੰਡਰਾਂ, ਜਥੇਦਾਰ ਗੁਰਦਿਆਲ ਸਿੰਘ ਬੋਪਾਰਾਇ, ਸੰਤ ਅਜਾਇਬ ਸਿੰਘ ਬੋਪਾਰਾਇ, ਸੰਤ ਨਰਾਇਣ ਸਿੰਘ ਲਧਾਈਕੇ ਆਦਿ ਮੁੱਖ ਤੌਰ ਤੇ ਸ਼ਾਮਿਲ ਸਨ। ਇਨ੍ਹਾਂ ਨੇ ਇਕੱਤਰਤਾ ਬੁਲਾਈ। ਸਾਰਿਆਂ ਨੇ ਵਿਚਾਰ ਕਰਕੇ ਫੈਸਲਾ ਕੀਤਾ ਕਿ ਗੁ: ਅਖੰਡ ਪ੍ਰਕਾਸ਼ ਭਿੰਡਰ ਕਲਾਂ ਦਾ ਪ੍ਰਬੰਧ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੂੰ ਸੌਂਪਿਆ ਜਾਵੇ। ਫੈਸਲੇ ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੂੰ ਬੁਲਾ ਕੇ ਗੁ: ਸ੍ਰੀ ਅਖੰਡ ਪ੍ਰਕਾਸ਼ ਭਿੰਡਰ ਕਲਾਂ ਦਾ ਪ੍ਰਬੰਧ ਸੰਭਾਲਣ ਲਈ ਬੇਨਤੀ ਕੀਤੀ। ਮਹਾਂਪੁਰਖ ਤਿਆਗ ਬਿਰਤੀ ਦੇ ਹੋਣ ਕਰਕੇ ਪ੍ਰਵਿਰਤੀ ਤੋਂ ਸੰਕੋਚ ਕਰਦੇ ਸਨ ਤੇ ਸੁਤੰਤਰ ਵਿਚਰ ਕੇ ਗੁਰਮਤਿ ਪ੍ਰਚਾਰ ਕਰਨ ਨੂੰ ਵਧੇਰੇ ਮਹੱਤਤਾ ਦਿੰਦੇ ਸਨ। ਮਹਾਂਪੁਰਖਾਂ ਨੇ ਉਚੇਚੇ ਤੌਰ ਤੇ ਮੁਖੀ ਮੁਖੀ ਸਿੰਘਾਂ ਨਾਲ ਸਲਾਹ ਮਸ਼ਵਰਾ ਕੀਤਾ। ਸੰਤ ਇੰਦਰ ਸਿੰਘ ਭਿੰਡਰਾਂ ਵਾਲਿਆਂ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨੇ ਆਖਿਆ ਕਿ ਇਸ ਗੁਰਦੁਆਰੇ ਦੀ ਜਮੀਨ ਤੁਹਾਡੇ ਨਾਮ ਤੇ ਹੈ ਪਹਿਲਾਂ ਇਹ ਸਾਰੀ ਜਾਇਦਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਤੇ ਕਰਾਈ ਜਾਵੇ। ਸੰਤ ਇੰਦਰ ਸਿੰਘ ਜੀ ਨੇ ਹਾਂ ਕਰ ਦਿੱਤੀ। ਮਹਾਂਪੁਰਖਾਂ ਨੇ ਆਪਣੇ ਵੱਲੋਂ ਇਹ ਕੰਮ ਕਰਨ ਦਾ ਹੁਕਮ ਰਾਗੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਉਪਲਹੇੜੀ ਵਾਲਿਆਂ ਨੂੰ ਸੌਂਪਿਆ। ਇਨ੍ਹਾਂ ਨੇ ਅਦਾਲਤ ਵਿੱਚ ਜਾ ਕੇ ਮਹਾਂਪੁਰਖਾਂ ਦੇ ਹੁਕਮ ਅਨੁਸਾਰ ਇਹ ਸਾਰੀ ਜਾਇਦਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਕਰਵਾ ਦਿੱਤੀ। ਮਹਾਂਪੁਰਖ ਬਹੁਤ ਖੁਸ਼ ਹੋਏ ਤੇ ਕਹਿਣ ਲੱਗੇ ਆਪਣੇ ਦੋਹਾਂ ਦੇ ਇੱਕ ਨਾਮ ਹੋਣ ਦਾ ਇਹੀ ਲਾਭ ਹੈ। ਅੱਗੋਂ ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਬੇਨਤੀ ਕੀਤੀ ਕਿ ਅੱਗੇ ਸੱਚੀ ਅਦਾਲਤ ਵਿੱਚ ਮੇਰੇ ਨਾਲ ਖੜ੍ਹ ਜਾਣਾ। ਮਹਾਂਪੁਰਖ ਕਹਿਣ ਲੱਗੇ ਉਸ ਸਮੇਂ ਤੁਹਾਨੂੰ ਪੰਜ ਸਿੰਘਾਂ ਦੇ ਦਰਸ਼ਨ ਹੋਣਗੇ ਜਿਨ੍ਹਾਂ ਦੀ ਕੋਈ ਵੀ ਮੋੜ ਨਹੀਂ ਸਕਦਾ।

## ਮਾਤਾ ਜੀ ਨੇ ਸੇਵਾ ਕਰਕੇ ਵਰਦਾਨ ਲੈਣੇ

ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਉਪਲਹੇੜੀ ਵਿਖੇ ਕੁਝ ਸਿੰਘਾਂ ਸਮੇਤ ਚਰਨ ਪਾਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਸਤਿਕਾਰ ਯੋਗ ਪਿਤਾ ਬਾਬਾ ਕਾਹਨ ਸਿੰਘ ਜੀ ਮਹਾਂਪੁਰਖਾਂ ਨੂੰ ਬਹੁਤ ਸ਼ਰਧਾ ਦੇ ਨਾਲ ਆਪਣੇ ਘਰ ਲੈ ਕੇ ਗਏ। ਮਾਤਾ ਪ੍ਰੇਮ ਕੌਰ ਨੇ ਆਪਣੇ ਹੱਥੀਂ ਚੱਕੀ ਨਾਲ ਆਟਾ ਪੀਹ ਕੇ ਮਹਾਂਪੁਰਖਾਂ ਅਤੇ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ। ਘਰ ਦੇ ਤਿਆਰ ਕੀਤੇ ਹੋਏ ਦੇਸੀ

ਘੀ ਦੀਆਂ ਜਲੇਬੀਆਂ ਸਾਰੀ ਸੰਗਤ ਨੂੰ ਛਕਾਈਆਂ।ਮਹਾਂਪੁਰਖਾਂ ਨੂੰ ਪਿੰਡ ਦੀ ਸੰਗਤ ਨੇ ਦੱਸਿਆ ਕਿ ਮਾਤਾ ਪ੍ਰੇਮ ਕੌਰ ਜੀ ਦੇ ਸੱਤ ਪੁੱਤਰ ਅਤੇ ਤਿੰਨ ਧੀਆਂ ਹਨ। ਮਾਤਾ ਪ੍ਰੇਮ ਕੌਰ ਜੀ ਆਪਣੇ ਪੁੱਤਰਾਂ ਦਾ ਪੂਰਾ ਨਾਮ ਲੈਂਦੇ ਹਨ। ਇਹ ਗਿਆਨੀਆਂ ਦਾ ਟੱਬਰ ਹੈ। ਸਾਰੇ ਹੀ ਤੜਕੇ ਉਠ ਕੇ ਖੂਹ ਤੋਂ ਪਾਣੀ ਕੱਢ ਕੇ ਇਸ਼ਨਾਨ ਕਰਕੇ ਨਿਤਨੇਮ ਦਾ ਪਾਠ ਕਰਦੇ ਹਨ। ਸਵੇਰੇ ਸਵੇਰੇ ਘਰ ਵਿੱਚ ਕੋਈ ਜੀਅ ਗੱਲ ਬਾਤ ਨਹੀਂ ਕਰਦਾ। ਫੇਰ ਗਾਵਾਂ ਮੱਝਾਂ ਦੀ ਸੰਭਾਲ ਕਰਦੇ ਹਨ। ਘਰ ਵਿੱਚ ਕਿਸੇ ਡੰਗਰ ਜਾਂ ਜਾਨਵਰ ਨੂੰ ਵੀ ਕੋਈ ਗਾਲ਼ ਨਹੀਂ ਕੱਢਦਾ। ਨਗਰ ਵਿੱਚ ਕੋਈ ਵੀ ਫਕੀਰ ਸਾਧੂ ਮਹਾਤਮਾ ਜਾਂ ਰਾਹਗੀਰ ਆਏ ਸਭ ਨੂੰ ਪ੍ਰਸ਼ਾਦਾ ਆਪਣੇ ਹੱਥੀਂ ਛਕਾਉਂਦੇ ਹਨ। ਇਨ੍ਹਾਂ ਦਾ ਘਰ ਕਿਸੇ ਮਹਾਤਮਾ ਦੇ ਡੇਰੇ ਵਰਗਾ ਹੈ। ਪਿੰਡ ਦੀ ਸੰਗਤ ਨੇ ਮਹਾਂਪੁਰਖਾਂ ਨੂੰ ਇਹ ਵੀ ਦੱਸਿਆ ਕਿ ਜਿਸ ਸਾਲ ਮਾਤਾ ਜੀ ਦੇ ਸਪੁੱਤਰ ਗਿਆਨੀ ਗੁਰਬਚਨ ਸਿੰਘ ਅਲੋਪ ਹੋ ਗਏ ਸੀ ਤਾਂ ਰਿਸ਼ਤੇਦਾਰਾਂ ਨੇ ਅਤੇ ਸਰੀਕੇ ਦੇ ਲੋਕਾਂ ਨੇ ਬਹੁਤ ਤਾਹਨੇ ਮੇਹਨੇ ਮਾਰੇ ਪਰ ਆਪ ਜੀ ਦੀ ਕਿਰਪਾ ਨਾਲ ਮਾਤਾ ਜੀ ਗੁਰੂ ਘਰ ਦੀ ਕੱਚੀ ਕੋਠੜੀ ਦੀ ਸੇਵਾ ਕਰਕੇ ਅਡੋਲ ਰਹੇ। ਜਦੋਂ ਗਿਆਨੀ ਜੀ ਆਪ ਜੀ ਕੋਲੋਂ ਮਾਤਾ ਜੀ ਨੂੰ ਮਿਲਣ ਆਏ ਤਾਂ ਇਹ ਸਾਰੇ ਲੋਕ ਹੱਕੇ ਬੱਕੇ ਰਹਿ ਗਏ ਜਿਹੜੇ ਕਹਿੰਦੇ ਸਨ ਕਿ ਮਾਤਾ ਜੀ ਦਾ ਪੁੱਤਰ ਕਿਤੇ ਡੁੱਬ ਕੇ ਮਰ ਗਿਆ ਹੈ। ਪਰ ਆਪ ਜੀ ਦੀ ਕਿਰਪਾ ਨਾਲ ਇਨ੍ਹਾਂ ਦਾ ਪੁੱਤਰ ਸਹੀ ਸਲਾਮਤ ਰਿਹਾ।

ਮਹਾਂਪੁਰਖਾਂ ਦੇ ਚਰਨਾਂ ਵਿੱਚ ਮਾਤਾ ਪ੍ਰੇਮ ਕੌਰ ਜੀ ਨੇ ਬੈਰਾਗ ਵਿੱਚ ਆ ਕੇ ਬੇਨਤੀ ਕੀਤੀ ਕਿ ਮੇਰੇ ਪਰਿਵਾਰ ਵਿੱਚ ਸਿੱਖੀ ਰਹੇ।ਇਹ ਗੱਲ ਸੁਣ ਕੇ ਮਹਾਂਪੁਰਖ ਆਖਣ ਲਗੇ ਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ ਤੁਹਾਡੇ ਪਰਿਵਾਰ ਵਿੱਚ ਸਿੱਖੀ ਰਹੇਗੀ। ਸੇਵਾ ਅੱਗੋਂ ਵੀ ਕਰਦੇ ਰਹਿਣਾ।

ਗੁਰੂ ਘਰ ਵਿਖੇ ਦੀਵਾਨ ਸਜਿਆ। ਕੀਰਤਨ ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਆਪ ਕੀਤਾ। ਸ੍ਰੀ ਮੁੱਖਵਾਕ ਦੀ ਕਥਾ ਸੰਤ ਭਿੰਡਰਾਂਵਾਲਿਆਂ ਨੇ ਬਹੁਤ ਵਿਸਥਾਰ ਨਾਲ ਕੀਤੀ। ਕਥਾ ਵਿਚ ਭਾਈ ਆਕੁਲ ਜੀ ਦੀ ਪੁੱਤਰੀ ਬੀਬੀ ਸੂਰਤੀ ਪਿੰਡ ਬੜੇ ਘਰ ਜਿਲ੍ਹਾ ਬਠਿੰਡਾ ਦੀ ਸਾਖੀ ਸੁਣਾਈ। ਉਪਲਹੇੜੀ ਵਾਲੇ ਮਹਾਂਪੁਰਖਾਂ ਦੀ ਸਿਫਤ ਕਰਦਿਆਂ ਭਿੰਡਰਾਂ ਵਾਲੇ ਸੰਤਾਂ ਨੇ ਭਾਈ ਤਿਲਕੂ ਜੀ ਦੀ ਸਾਖੀ ਸੁਣਾਈ।

**ਸਾਖੀ:** ਭਾਈ ਆਕੁਲ ਜੀ ਦੀ ਪੁੱਤਰੀ ਬੀਬੀ ਸੂਰਤੀ

**ਸਾਖੀ:** ਭਾਈ ਤਿਲਕਾ ਜੀ ਦੀ ਦ੍ਰਿੜ੍ਹਤਾ ਨੂੰ ਦੇਖ ਕੇ ਜੋਗੀ ਨੇ ਪਾਤਿਸ਼ਾਹੀ ਛੇਵੀਂ ਦਾ ਸਿੱਖ ਬਣਨਾ

## ਇਤਿਹਾਸਕ ਅਸਥਾਨਾਂ ਦੀ ਕਾਰ ਸੇਵਾ

**ਪੰਜੋਖਰਾ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ:-** ਦਮਦਮੀ ਟਕਸਾਲ ਦੇ

ਬਾਰਵ੍ਹੇਂ ਮੁਖੀ ਸਚਖੰਡ ਵਾਸੀ ਸ਼੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਦੇ ਸਮੇਤ ਨੌਵੇਂ ਪਾਤਿਸ਼ਾਹ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਨਾਭਾ ਸਾਹਿਬ ਆਏ ਹੋਏ ਸਨ। ਮਹਾਂਪੁਰਖ ਆਪ ਜੀ ਨਾਲ ਕੁਝ ਵਿਚਾਰਾਂ ਕਰ ਰਹੇ ਸਨ। ਵਿਚਾਰਾਂ ਕਰਦੇ ਹੋਏ ਆਖਣ ਲੱਗੇ ਕਿ ਰਾਗੀ ਸਿੰਘ ਆਪ ਜੀ ਦੇ ਇਲਾਕੇ ਵਿੱਚ ਅਠਵੇਂ ਪਾਤਿਸ਼ਾਹ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਪਵਿੱਤਰ ਅਸਥਾਨ ਗੁਰਦੁਆਰਾ ਸ਼੍ਰੀ ਪੰਜੋਖਰਾ ਸਾਹਿਬ ਹੈ। ਇਸ ਅਸਥਾਨ ਤੇ ਅਠਵੇਂ ਪਾਤਿਸ਼ਾਹ ਨੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾ ਕੇ ਪੰਡਤ ਲਾਲ ਚੰਦ ਦਾ ਹੰਕਾਰ ਤੋੜਿਆ ਸੀ। ਉਸ ਅਸਥਾਨ ਦੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਕਰਨੀ ਚਾਹੀਦੀ ਹੈ। ਇਸ ਕਾਰ ਸੇਵਾ ਦੀ ਅਰੰਭਤਾ ਤੁਸੀਂ ਸਿੰਘਾਂ ਨੂੰ ਨਾਲ ਲੈ ਕੇ ਕਰ ਕੇ ਆਓ। ਆਪ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਇੰਨਾ ਵੱਡਾ ਕਾਰਜ ਆਪ ਜੀ ਨੂੰ ਹੀ ਕਰਨਾ ਬਣਦਾ ਹੈ। ਮਹਾਂਪੁਰਖ ਕਹਿਣ ਲਗੇ ਕਿ ਰਾਗੀ ਸਿੰਘਾ ਸਾਰੇ ਕੰਮ ਵੰਡ ਕੇ ਹੀ ਕਰਨੇ ਚਾਹੀਦੇ ਹਨ ਕਿਉਂ ਕਿ ਇਹ ਆਪ ਜੀ ਦਾ ਇਲਾਕਾ ਹੈ। ਰਾਜਨੀਤਕ ਆਗੂ ਵੀ ਆਪਣੇ ਆਪਣੇ ਹਲਕੇ ਵਿੱਚ ਆਪ ਕੰਮ ਕਰਦੇ ਹਨ। ਅਗੋਂ ਆਪ ਜੀ ਨੇ ਬੇਨਤੀ ਕੀਤੀ ਕਿ ਨਾ ਤਾਂ ਆਪਾਂ ਰਾਜਨੀਤਕ ਹਾਂ ਅਤੇ ਨਾ ਹੀ ਆਪਾਂ ਵੱਖੋ-ਵੱਖਰੇ ਹਾਂ। ਇਹ ਬਚਨ ਸੁਣ ਕੇ ਮਹਾਂਪੁਰਖ ਬਹੁਤ ਪ੍ਰਸੰਨ ਹੋਏ।

ਮਿਤੀ 20 ਅਪ੍ਰੈਲ 1952 ਨੂੰ ਪੰਜ ਪਿਆਰਿਆਂ ਨੇ ਅਰਦਾਸ ਕਰਕੇ ਸਰੋਵਰ ਦੀ ਨੀਂਹ ਰੱਖੀ। ਪੰਜ ਪਿਆਰਿਆਂ ਵਿਚ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ, ਸੰਤ ਹਰੀ ਸਿੰਘ ਜੀ ਰੋਡਿਆਂ ਵਾਲੇ, ਬਾਬਾ ਆਤਮਾ ਸਿੰਘ ਜੀ ਗ੍ਰੰਥੀ ਸਾਹਿਬ, ਬਾਬਾ ਅਮਰ ਸਿੰਘ ਜੀ ਸਨ। ਅਰਦਾਸ ਤੋਂ ਉਪਰੰਤ ਸਰੋਵਰ ਦੀ ਕਾਰ ਸੇਵਾ ਦੀ ਨਿਗਰਾਨੀ ਦੀ ਜਿੰਮੇਵਾਰੀ ਉਪਲਹੇੜੀ ਵਾਲੇ ਮਹਾਂਪੁਰਖਾਂ ਨੂੰ ਬਖ਼ਸ਼ੀ।

**ਸਾਖੀ:** ਪ:੮ ਨੇ ਛੱਜੂ ਝੀਵਰ ਤੋਂ ਪੰਜੋਖਰਾ ਸਾਹਿਬ ਵਿਖੇ ਗੀਤਾ ਦੇ ਅਰਥ ਕਰਵਾਉਣੇ।

## ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅੰਬਾਲਾ ਸ਼ਹਿਰ ਦੀ ਕਾਰ ਸੇਵਾ

ਪੰਜੋਖਰਾ ਸਾਹਿਬ ਤੋਂ ਬਾਅਦ,11 ਮਈ 1952 ਨੂੰ ਗੁਰਦੁਆਰਾ ਮੰਜੀ ਸਾਹਿਬ ਦੀ ਨੀਂਹ ਰੱਖੀ। ਇਸ ਅਸਥਾਨ ਦੀ ਕਾਰ ਸੇਵਾ ਦੀ ਨਿਗਰਾਨੀ ਦੀ ਜਿੰਮੇਵਾਰੀ ਵੀ ਉਪਲਹੇੜੀ ਵਾਲੇ ਮਹਾਂਪੁਰਖਾਂ ਨੂੰ ਸੌਂਪੀ ਗਈ।

**ਸਾਖੀ:** ਛੇਵੇਂ ਪਾਤਿਸ਼ਾਹ ਜੀ ਨੂੰ ਸੱਚੇ ਪਾਤਿਸ਼ਾਹ ਕਹਿਣ ਦੀ

**ਹਰਿਗੋਬਿੰਦਪੁਰਾ ਸਾਹਿਬ ਸਰੋਵਰ ਦੀ ਕਾਰ ਸੇਵਾ:-** ਇਸ ਨਗਰ ਦੀ ਪਵਿੱਤਰ ਕਾਰ ਸੇਵਾ ਦੀ ਅਰਦਾਸ ਮਹਾਂਪੁਰਖਾਂ ਦੇ ਬਚਨਾਂ ਦੇ ਅਨੁਸਾਰ ਆਪ ਜੀ

ਨੇ ਕੀਤੀ ਅਤੇ ਪੰਜਾਂ ਸਿੰਘਾਂ ਵਿੱਚ ਸ਼ਾਮਿਲ ਹੋ ਕੇ ਟੱਕ ਲਾਇਆ। ਇਸ ਪਵਿੱਤਰ ਅਸਥਾਨ ਤੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਸਚੇ ਪਾਤਿਸ਼ਾਹ ਨੇ ਅਣਖ ਅਤੇ ਗੈਰਤ ਨੂੰ ਕਾਇਮ ਰੱਖਣ ਲਈ ਦੂਜਾ ਜੰਗ ਕੀਤਾ ਸੀ।

**ਸਾਖੀ:** ਪਾਤਿਸ਼ਾਹੀ ਛੇਵੀਂ ਨੇ ਭਾਈ ਗੋਪਾਲਾ ਜੀ ਪਾਸੋਂ ਜਪੁ ਜੀ ਸਾਹਿਬ ਦਾ ਸ਼ੁੱਧ ਪਾਠ ਸੁਣਨਾ

## ਨਾਭਾ ਸਾਹਿਬ ਸਰੋਵਰ ਦੀ ਕਾਰ ਸੇਵਾ

ਇਹ ਪਵਿੱਤਰ ਅਸਥਾਨ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਵਿੱਚ ਪੈਂਦਾ ਹੈ। ਇਸ ਅਸਥਾਨ ਤੇ ਮੁਸਲਮਾਨ ਪੀਰ ਰਹਿੰਦਾ ਸੀ।ਇਹ ਪੀਰ ਬਹੁਤ ਲੰਮੀ ਉਮਰ ਦਾ ਸੀ ਜੋ ਕਿ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਮਾਲਿਕ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਪਰ ਸਮੇਂ ਦੇ ਹਾਲਾਤ ਅਨੁਸਾਰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਦਰਸ਼ਨ ਨਾ ਕਰ ਸਕਿਆ। ਜਿਸ ਸਮੇਂ ਭਾਈ ਜੈਤਾ ਜੀ ਨੌਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਉਪਰੰਤ ਦਿੱਲੀ ਤੋਂ ਸੀਸ ਲੈ ਕੇ ਆਏ ਤਾਂ ਉਹ ਇਸ ਅਸਥਾਨ ਤੇ ਰਾਤ ਨੂੰ ਠਹਿਰੇ। ਇਸ ਮੁਸਲਮਾਨ ਫਕੀਰ ਨੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਸੀਸ ਪਲੰਘੇ ਤੇ ਸਜਾਇਆ। ਦਰਸ਼ਨ ਕਰ ਕੇ ਨਮਸਕਾਰ ਕੀਤੀ ਅਤੇ ਆਪਣਾ ਆਸਣ ਜਮੀਨ ਤੇ ਲਾਇਆ। ਸਾਰੀ ਰਾਤ ਪਹਿਰਾ ਦਿੱਤਾ। ਭਾਈ ਜੈਤਾ ਜੀ ਦਾ ਇਸ ਮੁਸਲਮਾਨ ਫਕੀਰ ਨੇ ਬਹੁਤ ਧੰਨਵਾਦ ਕੀਤਾ ਅਤੇ ਬੇਨਤੀ ਕੀਤੀ ਕਿ ਇਨ੍ਹਾਂ ਦੀ ਗੱਦੀ ਤੇ ਜੋ ਦਸਵੇਂ ਪਾਤਿਸ਼ਾਹ ਬੈਠੇ ਹਨ ਉਨ੍ਹਾਂ ਨੂੰ ਬੇਨਤੀ ਕਰਨੀ ਕਿ ਉਹ ਵੀ ਮੈਨੂੰ ਦਰਸ਼ਨ ਬਖਸ਼ਣ। ਹਜੂਰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੇ ਯੁੱਧ ਤੋਂ ਉਪਰੰਤ ਇਸ ਥਾਂ ਤੇ ਚਰਨ ਪਾਏ ਅਤੇ ਦਰਸ਼ਨ ਬਖਸ਼ਿਸ਼ ਕਰਕੇ ਪੀਰ ਦੀ ਇੱਛਾ ਪੂਰੀ ਕੀਤੀ। ਮਹਾਰਾਜਾ ਕਰਮ ਸਿੰਘ ਜੀ ਪਟਿਆਲੇ ਵਾਲਿਆਂ ਵਲੋਂ ਇਸ ਅਸਥਾਨ ਤੇ ਸੁੰਦਰ ਦਰਬਾਰ ਸਾਹਿਬ ਦੀ ਸੇਵਾ ਕਰਵਾਈ ਗਈ। ਇਸ ਅਸਥਾਨ ਤੇ ਹਰ ਸਾਲ ਜੇਠ ਦੇ ਮਹੀਨੇ ਵਿੱਚ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁੱਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਆਉਂਦੇ ਰਹੇ। ਇਨ੍ਹਾਂ ਦਿਨਾਂ ਵਿੱਚ ਮਹਾਂਪੁਰਖ ਆਖਦੇ ਕਿ ਰਾਗੀ ਸਿੰਘਾ ਇਹ ਆਪ ਜੀ ਦਾ ਇਲਾਕਾ ਹੈ। ਹੁਣ ਅਸੀਂ ਆਪ ਜੀ ਦੇ ਅਧੀਨ ਹਾਂ। ਆਪ ਜੀ ਨੇ ਮਹਾਂਪੁਰਖਾਂ ਨੂੰ ਬੇਨਤੀ ਕਰਨੀ ਕਿ ਮਹਾਰਾਜ ਜੀ ਖਾਲਸਾ ਤਾਂ ਸੁਤੰਤਰ ਹੁੰਦਾ ਹੈ ਅਤੇ ਆਪ ਜੀ ਕਿਵੇਂ ਅਧੀਨ ਹੋ ਸਕਦੇ ਹੋ। ਸਗੋਂ ਗੁਰੂ ਕਾ ਖਾਲਸਾ ਗੁਲਾਮੀ ਨੂੰ ਕੱਟ ਕੇ ਅਜਾਦ ਕਰਾਉਣ ਵਾਲਾ ਹੈ। ਇਸ ਤਰ੍ਹਾਂ ਮਹਾਂਪੁਰਖ ਆਪ ਜੀ ਨਾਲ ਬਚਨ ਬਿਲਾਸ ਕਰਦੇ ਰਹਿੰਦੇ। ਨਾਭਾ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਦੀ ਅਰਦਾਸ ਮਹਾਂਪੁਰਖਾਂ ਨੇ ਆਪ ਜੀ ਪਾਸੋਂ ਕਰਵਾਈ

ਅਤੇ ਆਪ ਜੀ ਨੇ ਪੰਜ ਸਿੰਘਾਂ ਵਿੱਚ ਸ਼ਾਮਿਲ ਹੋ ਕੇ ਟੱਕ ਲਗਵਾਇਆ ਅਤੇ ਸਮੇਂ ਸਮੇਂ ਤੇ ਇੱਥੇ ਪਹੁੰਚ ਕੇ ਸਰੋਵਰ ਦੀ ਕਾਰ ਸੇਵਾ ਆਪ ਜੀ ਨੇ ਆਪਣੀ ਦੇਖ ਰੇਖ ਹੇਠ ਸੰਪੂਰਨ ਕਰਵਾਈ।

## ਗੁਰਦੁਆਰਾ ਬਾਉਲੀ ਸਾਹਿਬ ਦੀ ਕਾਰ ਸੇਵਾ

ਜੇਠ ਦੇ ਮਹੀਨੇ ਵਿੱਚ ਦਮਦਮੀ ਟਕਸਾਲ ਦਾ ਜਥਾ ਨਾਭਾ ਸਾਹਿਬ ਆਇਆ ਹੋਇਆ ਸੀ। ਇੱਕ ਦਿਨ ਸਵੇਰ ਵੇਲੇ ਲੜੀਵਾਰ ਕਥਾ ਤੋਂ ਉਪਰੰਤ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਨਾਲ ਆਪ ਜੀ ਗੁਰਦੁਆਰਾ ਬਾਉਲੀ ਸਾਹਿਬ ਪਾ:੧੦ ਪਿੰਡ ਢਕੋਲੀ ਦੇ ਅਸਥਾਨ ਤੇ ਗਏ। ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਰਾਗੀ ਸਿੰਘ ਜੀ ਇਸ ਅਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਚਰਨ ਪਾਏ ਹੋਏ ਹਨ। ਇਸ ਅਸਥਾਨ ਦੀ ਵੀ ਕਾਰ ਸੇਵਾ ਤੁਹਾਨੂੰ ਕਰਨੀ ਬਣਦੀ ਹੈ ਕਿਉਂਕਿ ਇਹ ਪਵਿੱਤਰ ਅਸਥਾਨ ਤੁਹਾਡੇ ਇਲਾਕੇ ਵਿੱਚ ਹੈ। ਆਪ ਜੀ ਨੇ ਆਖਿਆ ਕਿ ਮਹਾਂਪੁਰਖੋ ਖਾਲਸੇ ਦਾ ਤਾਂ ਸਾਰਾ ਦੇਸ ਹੀ ਆਪਣਾ ਹੈ ਬਾਕੀ ਜਿਵੇਂ ਆਪ ਜੀ ਨੇ ਸੇਵਾ ਲੈਣੀ ਹੈ ਇਹ ਆਪ ਜੀ ਦੀ ਮੌਜ ਹੈ। ਕੁਝ ਦਿਨਾਂ ਮਗਰੋਂ ਇਲਾਕੇ ਦੇ ਕੁਝ ਪ੍ਰੇਮੀਆਂ ਨੂੰ ਲੈ ਕੇ ਕਾਰ ਸੇਵਾ ਦਾ ਅਰਦਾਸਾ ਸੋਧਿਆ ਗਿਆ ਜਿਸ ਦੀ ਸੇਵਾ ਦੀ ਨਿਗਰਾਨੀ ਦੀ ਜਿੰਮੇਵਾਰੀ ਉਪਲਹੇੜੀ ਵਾਲੇ ਮਹਾਂਪੁਰਖਾਂ ਨੂੰ ਦਿੱਤੀ ਗਈ। ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਾਰ ਸੇਵਾ ਦਾ ਕੰਮ ਮਹਾਂਪੁਰਖਾਂ ਨੇ ਬਹੁਤ ਖੁਸ਼ੀ ਨਾਲ ਕਰਵਾਇਆ।

## ਸ਼੍ਰੋਮਣੀ ਕਮੇਟੀ ਵਿੱਚ ਭਰਤੀ ਹੋਣ ਬਾਰੇ ਫੁਰਨਾ ਨਾ ਹੋਣਾ

ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਦਿਨਾਂ ਵਿੱਚ ਕਈ ਵਾਰੀ ਕਥਾ ਵਾਚਕ, ਰਾਗੀ ਅਤੇ ਗ੍ਰੰਥੀ ਸਿੰਘਾਂ ਦੀ ਲੋੜ ਪਈ। ਇਸ ਲੋੜ ਨੂੰ ਪੂਰਾ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਉਸ ਸਮੇਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੂੰ ਮਿਲੇ। ਕਈ ਵਾਰੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਆਪ ਜੀ ਦੇ ਜਥੇ ਦੇ ਰਾਗੀ ਸਿੰਘਾਂ ਵਾਲਾ ਜਥਾ ਦਰਬਾਰ ਸਾਹਿਬ ਲਈ ਯੋਗ ਹੈ। ਅੱਗੋਂ ਮਹਾਂਪੁਰਖਾਂ ਨੇ ਆਖਿਆ ਕਿ ਇਹ ਰਾਗੀ ਸਿੰਘ ਕੇਵਲ ਰਾਗੀ ਹੀ ਨਹੀਂ ਹਨ ਇਨ੍ਹਾਂ ਨੇ ਗੁਰਬਾਣੀ ਦੇ ਅਭਿਆਸ ਦੇ ਨਾਲ-ਨਾਲ ਸੇਵਾ ਕਰਕੇ ਬੇਪਰਵਾਹੀ ਦੀ ਅਵਸਥਾ ਪ੍ਰਾਪਤ ਕੀਤੀ ਹੋਈ ਹੈ। ਇਹ ਹੁਣ ਕਿਸੇ ਦੀ ਨੌਕਰੀ ਨਹੀਂ ਕਰ ਸਕਦੇ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਆਖਿਆ ਕਿ ਜਿਵੇਂ ਤੁਹਾਡੇ ਕੋਲ ਇਹ ਕੀਰਤਨ ਕਰਦੇ ਹਨ ਇਸੇ ਤਰ੍ਹਾਂ ਹੀ ਇਹ ਸ਼੍ਰੋਮਣੀ ਕਮੇਟੀ ਵਿੱਚ ਕੀਰਤਨ ਕਰ ਸਕਦੇ ਹਨ। ਸਾਨੂੰ ਇਨ੍ਹਾਂ ਵਿੱਚ ਕੋਈ ਫਰਕ

ਮਹਿਸੂਸ ਨਹੀਂ ਹੁੰਦਾ। ਮਹਾਂਪੁਰਖ ਆਖਣ ਲੱਗੇ ਤੁਸੀਂ ਸਵੇਰੇ ਅੰਮ੍ਰਿਤ ਵੇਲੇ ਇਨ੍ਹਾਂ ਪਾਸੋਂ ਕੀਰਤਨ ਸੁਣ ਲੈਣਾ ਫੇਰ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਇਨ੍ਹਾਂ ਵਿੱਚ ਅਤੇ ਬਾਕੀ ਰਾਗੀਆਂ ਵਿੱਚ ਕੀ ਫਰਕ ਹੈ। ਅੰਮ੍ਰਿਤ ਵੇਲੇ ਜਦੋਂ ਇਨ੍ਹਾਂ ਨੇ ਆਸਾ ਜੀ ਦੀ ਵਾਰ ਦੇ ਕੀਰਤਨ ਵਿੱਚ ਬੇਨਤੀਆਂ ਵਾਲੇ ਸ਼ਬਦਾਂ ਦਾ ਕੀਰਤਨ ਕੀਤਾ ਤਾਂ ਕਥਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਕਹਿਣ ਲੱਗੇ ਕਿ ਵਾਕਿਆ ਹੀ ਇਨ੍ਹਾਂ ਦੇ ਕੀਰਤਨ ਵਿੱਚ ਫਰਕ ਹੈ। ਜਿਹੜੇ ਸ਼ਬਦਾਂ ਦਾ ਕੀਰਤਨ ਅਸੀਂ ਇਨ੍ਹਾਂ ਕੋਲੋਂ ਸੁਣਿਆ ਹੈ ਉਨ੍ਹਾਂ ਸ਼ਬਦਾਂ ਦਾ ਕੀਰਤਨ ਅਸੀਂ ਪਹਿਲਾਂ ਕਦੇ ਵੀ ਨਹੀਂ ਸੁਣਿਆ। ਇਨ੍ਹਾਂ ਨੇ ਦੋ ਘੰਟੇ ਲਗਾਤਾਰ ਕੀਰਤਨ ਕੀਤਾ। ਨਾਨਕ ਨਾਮ ਵਾਲੀ ਪੰਗਤੀ ਨੂੰ ਇਹ ਕਦੇ ਸਥਾਈ ਨਹੀਂ ਬਣਾਉਂਦੇ। ਬੇਨਤੀਆਂ ਵਾਲੀਆਂ ਪੰਗਤੀਆਂ ਨੂੰ ਸਥਾਈ ਵਿੱਚ ਲੈਂਦੇ ਹਨ ਜਾਂ ਪਰਮੇਸਰ ਦੀ ਸਮਰੱਥਾ ਪਰਗਟ ਕਰਨ ਵਾਲੀਆਂ ਪੰਗਤੀਆਂ ਨੂੰ ਸਥਾਈ ਵਿੱਚ ਲੈਂਦੇ ਹਨ। ਮਹਾਂਪੁਰਖ ਕਹਿਣ ਲੱਗੇ ਇਹ ਇਨ੍ਹਾਂ ਦੀ ਮਨ ਦੀ ਨਿਮਰਤਾ, ਬੇਪਰਵਾਹੀ ਅਤੇ ਸਤਿਗੁਰਾਂ ਨਾਲ ਮਨੋਂ ਪਿਆਰ ਦੀ ਮਿਸਾਲ ਹੈ। ਮਹਾਂਪੁਰਖਾਂ ਨੇ ਆਖਿਆ ਕਿ ਜਿਨ੍ਹਾਂ ਨੇ ਕੀਰਤਨ ਨੂੰ ਭਗਤੀ ਰੂਪ ਜਾਣਿਆ ਹੈ ਉਹ ਹੀ ਅਜਿਹੇ ਸ਼ਬਦਾਂ ਦਾ ਕੀਰਤਨ ਕਰਦੇ ਹਨ। ਇਹ ਕੀਰਤਨ ਆਪਣੇ ਵਾਸਤੇ ਕਰਦੇ ਹਨ। ਮਹਾਂਪੁਰਖਾਂ ਨੂੰ ਇਹ ਅਨੁਭਵ ਸੀ ਕਿ ਆਪ ਜੀ ਸ਼੍ਰੋਮਣੀ ਕਮੇਟੀ ਵਿੱਚ ਗ੍ਰੰਥੀ, ਰਾਗੀ ਅਤੇ ਕਥਾ ਵਾਚਕ ਲੱਗਣ ਦੀ ਇੱਛਾ ਨਹੀਂ ਰੱਖਦੇ ਇਸ ਲਈ ਉਨ੍ਹਾਂ ਨੇ ਕਦੇ ਵੀ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਦੀ ਨੌਕਰੀ ਵਾਸਤੇ ਬਚਨ ਨਹੀਂ ਕੀਤਾ।

## ਗੁਰਬਾਣੀ ਨਾਲ ਠੀਕ ਹੋਣਾ

ਇੱਕ ਵਾਰੀ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਗੁਰਮਤਿ ਪ੍ਰਚਾਰ ਵਾਸਤੇ ਬੱਸ ਰਾਹੀਂ ਜਾ ਰਹੇ ਸਨ। ਸਿੰਘਾਂ ਦੀ ਗਿਣਤੀ ਜਿਆਦਾ ਹੋਣ ਕਰਕੇ ਉਪਲਹੇੜੀ ਵਾਲੇ ਮਹਾਂਪੁਰਖ ਬੱਸ ਦੀ ਛੱਤ ਉਪਰ ਕੁਝ ਸਿੰਘਾਂ ਸਮੇਤ ਬੈਠ ਗਏ। ਬੱਸ ਦਾ ਡਰਾਈਵਰ ਆਪਣੇ ਧਿਆਨ ਵਿੱਚ ਬੱਸ ਚਲਾ ਰਿਹਾ ਸੀ। ਨਹਿਰ ਦੀ ਪਟੜੀ ਤੇ ਬੱਸ ਜਾ ਰਹੀ ਸੀ। ਰਸਤੇ ਵਿੱਚ ਇੱਕ ਦਰਖਤ ਦਾ ਟਾਹਣਾ ਨੀਵਾਂ ਸੀ। ਜਦੋਂ ਬੱਸ ਉਸ ਟਾਹਣੇ ਦੇ ਥੱਲੋਂ ਦੀ ਲੰਘੀ ਤਾਂ ਉਸ ਟਾਹਣੇ ਨੇ ਉਪਲਹੇੜੀ ਵਾਲੇ ਮਹਾਂਪੁਰਖਾਂ ਨੂੰ ਬੱਸ ਦੀ ਛੱਤ ਤੋਂ ਧੱਕ ਕੇ ਥੱਲੇ ਸੁੱਟ ਦਿੱਤਾ ਅਤੇ ਬੱਸ ਕਾਫੀ ਅੱਗੇ ਲੰਘ ਕੇ ਰੁਕੀ। ਉਪਰ ਬੈਠੇ ਬਾਕੀ ਸਿੰਘਾਂ ਨੇ ਉਤਰ ਕੇ ਇਨ੍ਹਾਂ ਨੂੰ ਚੁੱਕ ਕੇ ਬੱਸ ਵਿੱਚ ਲੰਮੇ ਪਾ ਦਿੱਤਾ। ਅੱਗੇ ਕਿਸੇ ਨਗਰ ਵਿੱਚ ਪਹੁੰਚ ਕੇ ਗਰਮ ਗਰਮ ਦੁੱਧ ਵਿੱਚ ਹਲਦੀ ਮਿਲਾ ਕੇ ਪਿਲਾਇਆ। ਜਦੋਂ ਜਥਾ ਨਗਰ ਦੇ ਗੁਰੂ ਘਰ ਵਿੱਚ ਪਹੁੰਚ ਗਿਆ ਤਾਂ ਸਿੰਘਾਂ ਨੇ ਮਹਾਂਪੁਰਖਾਂ ਦੇ ਸਰੀਰ ਤੇ ਲੱਗੀਆਂ ਸੱਟਾਂ ਦੀ ਮਾਲਿਸ਼ ਕਿਸੇ ਹਕੀਮ ਪਾਸੋਂ

ਤੇਲ ਲੈ ਕੇ ਕੀਤੀ। ਉਸ ਸਮੇਂ ਇਨ੍ਹਾਂ ਦੀ ਡਿਊਟੀ ਕੀਰਤਨ ਦੀ ਹੁੰਦੀ ਸੀ। ਆਪ ਜੀ ਕੀਰਤਨ ਦੀ ਸੇਵਾ ਉਨ੍ਹੀਂ ਦਿਨੀ ਨਾ ਨਿਭਾ ਸਕੇ। ਭਿੰਡਰਾਂਵਾਲੇ ਮਹਾਂਪੁਰਖਅੰਮ੍ਰਿਤ ਵੇਲੇ ਕਥਾ ਤੋਂ ਉਪਰੰਤ ਜਦੋਂ ਸੈਰ ਨੂੰ ਜਾਣ ਲੱਗੇ ਤਾਂ ਵੇਖਿਆ ਕਿ ਜਥੇ ਦੇ ਰਾਗੀ ਸਿੰਘ ਆਪਣੇ ਸਰੀਰ ਤੇ ਮਾਲਿਸ਼ ਕਰਵਾ ਰਹੇ ਹਨ। ਮਹਾਂਪੁਰਖ ਆਖਣ ਲੱਗੇ ਰਾਗੀ ਸਿੰਘਾ ਤੁਸੀਂ ਇੰਨੇ ਭਰੋਸੇ ਨਾਲ ਗੁਰਬਾਣੀ ਦਾ ਕੀਰਤਨ ਕਰਦੇ ਹੋ ਜਿਹੜੀ ਗੁਰਬਾਣੀ ਸਾਰੇ ਦੁੱਖਾਂ ਦਲਿੱਦਰਾਂ ਨੂੰ ਕੱਟਣ ਵਾਲੀ ਹੈ ਫੇਰ ਵੀ ਤੁਸੀਂ ਸਰੀਰ ਦੇ ਬਸਤਰ ਲਾਹ ਕੇ ਮਾਲਿਸ਼ਾਂ ਕਰਵਾ ਰਹੇ ਹੋ। ਮਹਾਂਪੁਰਖਾਂ ਦੇ ਬਚਨ ਸੁਣਦੇ ਸਾਰ ਆਪ ਜੀ ਨੇ ਕਮਰ ਕਸਾ ਕਰਕੇ ਚੋਲਾ ਸਜਾ ਲਿਆ। ਨਾਲ ਦੀ ਨਾਲ ਗੁਰਬਾਣੀ ਦੇ ਸ਼ਬਦਾਂ ਦਾ ਜਾਪ ਅਤੇ ਚੌਪਈ ਸਾਹਿਬ ਦੇ ਪਾਠ ਕਰਨੇ ਅਰੰਭ ਕਰ ਦਿੱਤੇ।ਕੁਝ ਦਿਨਾਂ ਵਿੱਚ ਹੀ ਸਰੀਰ ਚੜ੍ਹਦੀਕਲਾ ਵਿੱਚ ਹੋ ਗਿਆ। ਮਹੀਨਾ ਭਰ ਆਪ ਜੀ ਕੀਰਤਨ ਵਿੱਚ 'ਸਰਬ ਰੋਗ ਕਾ ਅਉਖਦੁ ਨਾਮੁ' ਵਾਲੇ ਸ਼ਬਦ ਪੜ੍ਹਦੇ ਰਹੇ। ਇਸ ਤਰ੍ਹਾਂ ਬਿਨਾ ਕਿਸੇ ਦਵਾਈ ਅਤੇ ਮਾਲਿਸ਼ ਤੋਂ ਸਰੀਰ ਪੂਰਨ ਅਰੋਗ ਹੋ ਗਿਆ ਜੋ ਸਾਰੀ ਉਮਰ ਸੇਵਾ ਵਿੱਚ ਸਫਲ ਹੁੰਦਾ ਰਿਹਾ।

## ਗਿਆਨੀ ਮੋਹਨ ਸਿੰਘ ਵੱਲੋਂ ਅਗਲੇ ਮੁਖੀ ਬਾਰੇ ਬੇਨਤੀ

ਇੱਕ ਵਾਰੀ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਸਰੀਰ ਕਾਫੀ ਢਿੱਲਾ ਹੋ ਗਿਆ ਸੀ। ਉਸ ਸਮੇਂ ਗਿਆਨੀ ਮੋਹਨ ਸਿੰਘ ਜੀ ਆਪਣੇ ਨਾਲ ਕੁਝ ਸਿੰਘ ਲੈ ਕੇ ਮਹਾਂਪੁਰਖਾਂ ਕੋਲ ਪਹੁੰਚੇ ਹੀ ਸਨ। ਜਿਉਂ ਹੀ ਇਹ ਸਿੰਘ ਸਾਹਮਣੇ ਆਏ ਮਹਾਂਪੁਰਖ ਕਹਿਣ ਲੱਗੇ ਅੱਜ ਬ੍ਰਹਮੇ ਕਿਵੇਂ ਆਏ ਹਨ। ਪਰ ਸਿੰਘਾਂ ਦੀ ਗਿਣਤੀ ਪੰਜ ਹੋਣ ਕਰਕੇ ਭਿੰਡਰਾਂਵਾਲੇ ਸੰਤਾਂ ਨੇ ਹੱਥ ਜੋੜ ਲਏ ਅਤੇ ਬਚਨ ਕੀਤਾ ਦੱਸੋ ਕੀ ਹੁਕਮ ਹੈ। ਗਿਆਨੀ ਮੋਹਣ ਸਿੰਘ ਜੀ ਕਹਿਣ ਲਗੇ ਮਹਾਂਪੁਰਖੋ ਆਪ ਜੀ ਦੇ ਚਰਨਾਂ ਵਿੱਚ ਇੱਕ ਬੇਨਤੀ ਕਰਨ ਆਏ ਹਾਂ ਤਾਂ ਉਸ ਸਮੇਂ ਮਹਾਂਪੁਰਖ ਕਹਿਣ ਲਗੇ ਇੱਕ ਬੇਨਤੀ ਕਰ ਲਓ ਪਰ ਅੱਗੇ ਦੁਬਾਰਾ ਹੋਰ ਨਹੀਂ ਪੁੱਛਣਾ। ਇਸ ਤਰ੍ਹਾਂ ਬੇਨਤੀ ਕਰਨ ਦੀ ਆਗਿਆ ਮਿਲ ਗਈ। ਗਿਆਨੀ ਮੋਹਣ ਸਿੰਘ ਉਨ੍ਹਾਂ ਪੰਜ ਸਿੰਘਾਂ ਵਿੱਚ ਸ਼ਾਮਿਲ ਹੋ ਕੇ ਬੇਨਤੀ ਕਰਨ ਲੱਗੇ ਕਿ ਮਹਾਰਾਜ ਜੀ ਆਪ ਜੀ ਦਾ ਸਰੀਰ ਕੱਲ੍ਹ ਬਹੁਤ ਢਿੱਲਾ ਹੋ ਗਿਆ ਸੀ। ਜੇਕਰ ਸਰੀਰ ਨੂੰ ਕੋਈ ਉਨੀ ਇੱਕੀ ਹੋ ਜਾਵੇ ਤਾਂ ਜਥੇ ਦੇ ਸਿੰਘਾਂ ਨੂੰ ਅੱਗੇ ਵਾਸਤੇ ਆਪ ਜੀ ਵੱਲੋਂ ਕੀ ਹੁਕਮ ਹੈ। ਗਿਆਨੀ ਮੋਹਨ ਸਿੰਘ ਜੀ ਦੇ ਮੁੱਖੋਂ ਇਹ ਬੇਨਤੀ ਸੁਣ ਕੇ ਮਹਾਂਪੁਰਖ ਬਚਨ ਕਰਨ ਲਗੇ ਕਿ ਇਸ ਵੇਲੇ ਜਥੇ ਵਿੱਚ 150 ਸਿੰਘ ਹਨ। ਇਹ ਸਾਰੇ ਸਿੰਘ ਸਤਿਕਾਰ ਯੋਗ ਹਨ। ਬਾਣੀ ਪੜ੍ਹਨ ਸੁਣਨ ਵਾਲੇ ਹਨ ਪਰ ਜੋ ਸੇਵਾ ਸਾਡੀ ਸੰਤ ਮਹਾਰਾਜ ਜੀ ਨੇ ਲਾਈ ਸੀ, ਉਹ ਸੇਵਾ ਅਜੇ ਲੰਮਾਂ ਸਮਾਂ ਅਸੀਂ ਆਪ ਨਿਭਾਉਣੀ ਹੈ। ਜਿਸ ਸਿੰਘ

ਨੇ ਇਹ ਸੇਵਾ ਲੈਣੀ ਹੈ, ਉਹ ਕਿਸੇ ਪਿੰਡ ਵਿੱਚ ਅਜੇ ਸੰਸਾਰੀ ਵਿੱਦਿਆ ਸਕੂਲ ਤੋਂ ਪ੍ਰਾਪਤ ਕਰ ਰਿਹਾ ਹੈ। ਉਹ ਸੰਸਾਰੀ ਵਿੱਦਿਆ ਪੜ੍ਹਨ ਤੋਂ ਉਪਰੰਤ ਜਥੇ ਵਿੱਚ ਪੱਕੇ ਤੌਰ ਤੇ ਸ਼ਾਮਿਲ ਹੋਵੇਗਾ ਅਤੇ ਸੇਵਾ ਕਰਕੇ ਬ੍ਰਹਮ ਵਿੱਦਿਆ ਪ੍ਰਾਪਤ ਕਰੇਗਾ। ਫੇਰ ਇਸ ਸੇਵਾ ਦੀ ਜਿੰਮੇਵਾਰੀ ਅਸੀਂ ਉਸ ਨੂੰ ਸੌਂਪਾਂਗੇ। ਇਹ ਸਾਰੇ ਬਚਨ ਸੁਣ ਕੇ ਗਿਆਨੀ ਮੋਹਣ ਸਿੰਘ ਜੀ ਨੇ ਸੱਤ ਬਚਨ ਕਹਿ ਕੇ ਫਤਹਿ ਬੁਲਾਈ।

## ਮੌੜਾਂ ਦੀ ਪੰਚਾਇਤ ਵੱਲੋਂ ਬੇਨਤੀ

ਇੱਕ ਵਾਰੀ ਮੌੜਾਂ ਤੋਂ ਪੰਚਾਇਤ ਦਰਸ਼ਨ ਕਰਨ ਵਾਸਤੇ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾ ਆਈ।ਸਾਰੀ ਪੰਚਾਇਤ ਨੇ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਸਾਨੂੰ ਇਥੇ ਰਹਿ ਕੇ ਪਤਾ ਲੱਗਿਆ ਹੈ ਕਿ ਅਸੀਂ ਤਾਂ ਨਰਕਾਂ ਵਿਚ ਰਹਿੰਦੇ ਹਾਂ, ਲੋਕ ਜਿਉਂਣੇ ਮੌੜ ਦੀਆਂ ਵਾਰਾਂ ਗਾਉਂਦੇ ਹਨ, ਦੇਵੀ ਦੇਵਤਿਆਂ ਦੀ ਪੂਜਾ ਤੋਂ ਇਲਾਵਾ ਪੀਰਾਂ ਦੀ ਮੰਨਤਾ ਵਿਚ ਲੱਗੇ ਹੋਏ ਹਨ। ਹਾੜੀ ਸਉਣੀ ਰਾਸਧਾਰੀਏ ਰਾਤ ਨੂੰ ਮਿਸਾਲਾਂ ਜਲਾ ਕੇ ਨਾਚ ਕਰਦੇ ਹਨ। ਸਾਡੇ ਨਗਰ ਦਾ ਭਲਾ ਤਾਂ ਹੋ ਸਕਦਾ ਹੈ ਜੇਕਰ ਆਪ ਜੀ ਸਾਡੇ ਪਿੰਡ ਮੌੜਾਂ ਵਿਖੇ ਕੁਝ ਸਾਲ ਜਥੇ ਸਮੇਤ ਰਹਿ ਕੇ ਕਥਾ ਕੀਰਤਨ ਦਾ ਪ੍ਰਵਾਹ ਚਲਾਵੋਂ। ਇਸ ਤਰ੍ਹਾਂ ਸਿੰਘ ਆਪ ਬਾਣੀ ਪੜ੍ਹਨ, ਕੀਰਤਨ ਕਰਨ, ਕਥਾ ਸੰਗਤਾਂ ਨੂੰ ਸ੍ਰਵਣ ਕਰਾਉਣ। ਮਹਾਂਪੁਰਖ ਕਹਿਣ ਲੱਗੇ ਕਿ ਮੇਰਾ ਜਾਣਾ ਮੁਸ਼ਕਿਲ ਹੈ। ਅਸੀਂ ਤੁਹਾਨੂੰ ਅਜਿਹਾ ਸਿੰਘ ਦੇਵਾਂਗੇ ਜਿਹੜਾ ਤੁਹਾਡੇ ਨਗਰ ਵਿੱਚ ਕਥਾ, ਕੀਰਤਨ ਦਾ ਪ੍ਰਵਾਹ ਚਲਾਵੇਗਾ ਅਤੇ ਸਿੰਘਾਂ ਨੂੰ ਵਿੱਦਿਆ ਵੀ ਪੜ੍ਹਾਏਗਾ। ਇਹ ਬਚਨ ਸੁਣ ਕੇ ਪੰਚਾਇਤ ਖੁਸ਼ ਹੋ ਗਈ।

## ਮੌੜਾਂ ਵਿਖੇ ਗੁਰਮਤਿ ਪ੍ਰਚਾਰ

ਮਹਾਂਪੁਰਖਾਂ ਨੇ ਉਸ ਵੇਲੇ ਆਪ ਜੀ ਨੂੰ ਬੁਲਾਇਆ ਅਤੇ ਕਹਿਣ ਲਗੇ ਰਾਗੀ ਸਿੰਘਾ ਮੌੜਾਂ ਨਗਰ ਤੋਂ ਪੰਚਾਇਤ ਆਈ ਹੈ। ਨਗਰ ਅਤੇ ਇਲਾਕੇ ਦਾ ਭਲਾ ਕਰਨ ਵਾਸਤੇ ਤੁਸੀਂ ਇਨ੍ਹਾਂ ਦੇ ਨਾਲ ਮੌੜਾਂ ਵਿਖੇ ਰਹਿ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਣੀ ਹੈ। ਮਹਾਂਪੁਰਖਾਂ ਨੇ ਪੰਚਾਇਤ ਨੂੰ ਬਚਨ ਕੀਤਾ ਕਿ ਗੁਰੂ ਮਹਾਰਾਜ ਜੀ ਦੀ ਕਿਰਪਾ ਨਾਲ ਇਨ੍ਹਾਂ ਵਿੱਚ ਉਹ ਸਾਰੇ ਗੁਣ ਹਨ ਜੋ ਤੁਸੀਂ ਲੋਚਦੇ ਹੋ। ਇਹ ਆਪ ਜੀ ਦੇ ਨਗਰ ਵਿੱਚ ਜਾ ਕੇ ਕਥਾ ਕੀਰਤਨ ਦਾ ਪ੍ਰਵਾਹ ਚਲਾਉਣਗੇ। ਆਪਣੇ ਕੋਲ ਸਿੰਘ ਰੱਖ ਕੇ ਉਨ੍ਹਾਂ ਨੂੰ ਵਿੱਦਿਆ ਵੀ ਪੜ੍ਹਾਉਣਗੇ। ਇਹ ਸਾਰੇ ਬਚਨ ਸੁਣ ਕੇ ਆਪ ਜੀ ਨੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮੈਂ ਤਾਂ ਘਰੋਂ ਆਪ ਜੀ ਦੀ ਸੰਗਤ ਵਿੱਚ ਰਹਿਣ ਵਾਸਤੇ ਆਇਆ ਸਾਂ। ਹੁਣ ਮੈਨੂੰ ਆਪਣੇ ਨਾਲੋਂ ਦੂਰ ਨਾ ਕਰੋ।

ਮਹਾਂਪੁਰਖਾਂ ਨੇ ਬਚਨ ਕੀਤਾ ਕਿ ਰਾਗੀ ਸਿੰਘਾ ਅਸੀਂ ਤੁਹਾਨੂੰ ਦੂਰ ਕਰ ਹੀ ਨਹੀਂ ਸਕਦੇ। ਇਹ ਮਿਲਾਪ ਬਣਿਆ ਰਹੇਗਾ। ਆਪਣਾ ਮਿਲਾਪ ਲੰਮੇ ਅਰਸੇ ਮਗਰੋਂ ਹੋਇਆ ਹੈ।

ਲੰਗਰ ਛਕਣ ਉਪਰੰਤ ਜਦੋਂ ਪੰਚਾਇਤ ਨੇ ਆਪਣੇ ਨਗਰ ਨੂੰ ਚਾਲੇ ਪਾਉਣ ਲਈ ਆਗਿਆ ਮੰਗੀ ਤਾਂ ਉਸ ਸਮੇਂ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਆਪ ਜੀ ਵੀ ਪੋਥੀਆਂ ਦਾ ਟਰੰਕ ਅਤੇ ਬਸਤਰ ਆਦਿ ਲੈ ਕੇ ਆਗਿਆ ਲੈਣ ਲਗੇ ਤਾਂ ਆਪ ਜੀ ਦਾ ਗਲਾ ਭਰ ਆਇਆ। ਮਹਾਂਪੁਰਖ ਆਪ ਜੀ ਨੂੰ ਆਖਣ ਲੱਗੇ ਕਿ ਮੈਂ ਤੁਹਾਨੂੰ ਜਾਣ ਦੀ ਆਗਿਆ ਕਿਵੇਂ ਦੇ ਸਕਦਾ ਹਾਂ। ਦੋਹਾਂ ਪਾਸਿਆਂ ਤੋਂ ਬਹੁਤ ਬੈਰਾਗ ਪੈਦਾ ਹੋ ਗਿਆ। ਪੰਚਾਇਤ ਇਹ ਸਾਰਾ ਦ੍ਰਿਸ਼ ਵੇਖ ਰਹੀ ਸੀ। ਮਹਾਂਪੁਰਖ ਆਪ ਵਿਦਾ ਕਰਨ ਲਈ ਗੁਰੂ ਘਰ ਤੋਂ ਬਾਹਰ ਆਏ। ਕੁਝ ਦੂਰੀ ਬਾਅਦ ਮਹਾਂਪੁਰਖਾਂ ਨੂੰ ਆਪ ਜੀ ਨੇ ਅਦਬ ਨਾਲ ਨਮਸਕਾਰ ਕੀਤੀ ਅਤੇ ਫਤਹਿ ਬੁਲਾ ਕੇ ਬੇਨਤੀ ਕੀਤੀ ਕਿ ਆਪ ਜੀ ਅਰਾਮ ਕਰੋ। ਇਸ ਤਰ੍ਹਾਂ ਮਹਾਂਪੁਰਖ ਵਾਪਸ ਆਪਣੇ ਆਸਣ ਤੇ ਆ ਗਏ।

ਆਪ ਜੀ ਮੌੜਾਂ ਦੀ ਪੰਚਾਇਤ ਨਾਲ ਚਲ ਪਏ। ਮਨ ਵਿੱਚ ਵਿਚਾਰ ਕਰਨ ਲੱਗੇ ਕਿ ਮਹਾਂਪੁਰਖਾਂ ਨੇ ਬਖਸ਼ਿਸ਼ ਕਰਕੇ ਮੈਨੂੰ ਇਨ੍ਹਾਂ ਦੇ ਨਾਲ ਭੇਜਿਆ ਹੈ ਅਤੇ ਇਹ ਬਚਨ ਕੀਤੇ ਹਨ ਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ ਇਨ੍ਹਾਂ ਵਿਚ ਉਹ ਸਾਰੇ ਗੁਣ ਹਨ ਜੋ ਤੁਸੀਂ ਲੋਚਦੇ ਹੋ। ਗੁਰਪੁਰਬ ਵੀ ਮਨਾਉਣਗੇ ਸਿੰਘਾਂ ਨੂੰ ਵੀ ਪੜ੍ਹਾਉਣਗੇ ਕਿੰਨੀ ਵਡਿਆਈ ਬਖਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਮਹਾਂਪੁਰਖਾਂ ਨੇ ਜੋ ਮੈਨੂੰ ਪਿਆਰ ਭਰੀ ਬਖਸ਼ਿਸ਼ ਕੀਤੀ ਹੈ ਕਿ ਆਪਣਾ ਮਿਲਾਪ ਬਣਿਆ ਰਹੇਗਾ ਉਹ ਬਖਸ਼ਿਸ਼ ਤਾਂ ਮੇਰੇ ਨਾਲ ਹਮੇਸ਼ਾ ਰਹੇਗੀ। ਇਹ ਸਾਰੀਆਂ ਬਖਸ਼ਿਸ਼ਾਂ ਯਾਦ ਕਰਕੇ ਆਪ ਜੀ ਮਹਾਂਪੁਰਖਾਂ ਨੂੰ ਆਪਣੇ ਅੰਗ ਸੰਗ ਹੀ ਜਾਣਨ ਲੱਗ ਪਏ। ਇਸ ਅਨੰਦ ਵਿੱਚ ਆਪ ਜੀ ਨੇ ਸਾਰੇ ਰਸਤੇ ਵਿੱਚ ਪੰਚਾਇਤ ਨਾਲ ਕੋਈ ਗਲ ਬਾਤ ਨਹੀਂ ਕੀਤੀ। ਜਿਲ੍ਹਾ ਸੰਗਰੂਰ ਦੇ ਮੌੜਾਂ ਨਗਰ ਗੁਰੂ ਘਰ ਪਹੁੰਚ ਕੇ ਪੰਚਾਇਤ ਦੇ ਸਮੇਤ ਬੈਰਾਗ ਵਿੱਚ ਆ ਕੇ ਬਹੁਤ ਲੰਬੀ ਅਰਦਾਸ ਕੀਤੀ ਅਤੇ ਚਾਰ ਪਰਕਰਮਾਂ ਕੀਤੀਆਂ। ਸਾਰੇ ਪਿੰਡ ਵਿੱਚ ਬਹੁਤ ਖੁਸ਼ੀ ਮਨਾਈ ਗਈ। ਆਪ ਜੀ ਕਈ ਦਿਨ ਸੰਤਾਂ ਮਹਾਂਪੁਰਖਾਂ ਦੀ ਮਹਿਮਾ ਦੇ ਸ਼ਬਦ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਵਿੱਚ ਗਾਇਨ ਕਰਦੇ ਰਹੇ। ਗੁਰੂ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਆਪ ਜੀ ਕੋਲ ਇਲਾਕੇ ਦੇ ਕਈ ਪਿੰਡਾਂ ਦੇ ਵਿਦਿਆਰਥੀ ਵਿੱਦਿਆ ਪੜ੍ਹਨ ਲਈ ਪਹੁੰਚ ਗਏ। ਜੋ ਪੰਚਾਇਤ ਨੇ ਭਿੰਡਰੀਂ ਨਗਰ ਵਿੱਚ ਕਥਾ ਕੀਰਤਨ ਅਤੇ ਸੇਵਾ ਦਾ ਦ੍ਰਿਸ਼ ਵੇਖਿਆ ਸੀ ਉਹ ਦ੍ਰਿਸ਼ ਹੁਣ ਪੰਚਾਇਤ ਆਪਣੇ ਨਗਰ ਮੌੜਾਂ ਵਿੱਚ ਦੇਖ ਕੇ ਬਹੁਤ ਅਨੰਦ ਪ੍ਰਾਪਤ ਕਰ ਰਹੀ ਸੀ। ਰੋਜਾਨਾ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਪੰਜਾਂ ਬਾਣੀਆਂ ਦੇ ਪਾਠ ਤੋਂ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਮਹਾਂਪੁਰਖ ਆਪ ਕਰਦੇ। ਗੁਰਪੁਰਬ ਅਤੇ ਸ਼ਹੀਦੀ

ਦਿਹਾੜਿਆਂ ਤੇ ਮਹਾਂਪੁਰਖ ਇਤਿਹਾਸ ਵੀ ਸੁਣਾਉਂਦੇ। ਸ਼ਾਮਾਂ ਨੂੰ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਲੜੀਵਾਰ ਕਥਾ ਮਹਾਂਪੁਰਖ ਰੋਜਾਨਾ ਕਰਦੇ। ਦੋਨੋਂ ਵੇਲੇ ਲਾਊਡ ਸਪੀਕਰ ਦੀ ਉੱਚੀ ਅਵਾਜ ਰਾਹੀਂ ਕਈ ਪਿੰਡਾਂ ਦੀ ਸੰਗਤ ਕਥਾ ਅਤੇ ਕੀਰਤਨ ਸੁਣਦੀ।ਮੌੜਾਂ ਨਗਰ ਦੀਆਂ ਮਾਈਆਂ ਨੇ ਗੁਰੂ ਘਰ ਵਿਖੇ ਦੋਨੋ ਵੇਲੇ ਆਉਣ ਸਮੇਂ ਦੁੱਧ ਦੇ ਗੜਵੇ ਭਰ ਕੇ ਲਿਆਉਣੇ। ਸੇਵਾਦਾਰ ਇਹ ਸਾਰੇ ਦੁੱਧ ਨੂੰ ਕਾੜ੍ਹਨੀ ਵਿੱਚ ਪਾ ਕੇ ਹਾਰੇ ਵਿੱਚ ਕਾੜ੍ਹਨ ਵਾਸਤੇ ਰੱਖ ਦਿੰਦੇ। ਕੜ੍ਹੇ ਹੋਏ ਦੁੱਧ ਨੂੰ ਸ਼ਾਮ ਨੂੰ ਵੱਡੀ ਸਾਰੀ ਚਾਟੀ ਵਿੱਚ ਜਮਾ ਦਿੰਦੇ। ਅੰਮ੍ਰਿਤ ਵੇਲੇ ਇਸ ਸਾਰੇ ਦਹੀਂ ਨੂੰ ਸਿੰਘ ਬਦਲ ਬਦਲ ਕੇ ਰਿੜਕਦੇ। ਤਾਜਾ ਮੱਖਣ ਕੱਢ ਕੇ ਸਾਰੇ ਸਿੰਘ ਛਕਦੇ। ਲੰਗਰ ਵਿੱਚ ਲੱਸੀ ਵਰਤਾਈ ਜਾਂਦੀ। ਬਾਕੀ ਮੱਖਣ ਨੂੰ ਗਰਮ ਕਰਕੇ ਘੀ ਤਿਆਰ ਕੀਤਾ ਜਾਂਦਾ। ਰੋਜਾਨਾ ਦੀ ਦੇਗ ਵਾਸਤੇ ਨਗਰ ਵਿੱਚੋਂ ਮਾਈਆਂ ਦੇਸੀ ਘੀ ਲਿਆਉਂਦੀਆਂ। ਜਿਹੜਾ ਘੀ ਗੁਰੂ ਘਰ ਵਿਖੇ ਤਿਆਰ ਕੀਤਾ ਜਾਂਦਾ ਉਸ ਵਿੱਚੋਂ ਬਹੁਤ ਸਾਰਾ ਘੀ ਹਰ ਸਾਲ ਭਿੰਡਰੀਂ ਸਾਲਾਨਾ ਜੋੜ ਮੇਲੇ ਤੇ ਭੇਜਿਆ ਜਾਂਦਾ। ਇਸ ਤਰ੍ਹਾਂ ਸਰੀਰ ਕਰਕੇ ਆਪ ਜੀ ਇਸ ਨਗਰ ਵਿਚ ਦਸ ਬਾਰਾਂ ਸਾਲ ਰਹੇ ਪਰ ਮਨ ਕਰਕੇ ਸੰਤ ਭਿੰਡਰਾਂਵਾਲਿਆਂ ਦੇ ਨਾਲ ਹੀ ਰਹੇ।

## ਨੈਤਿਕ ਕਦਰਾਂ ਕੀਮਤਾਂ

ਜਦੋਂ ਮਹਾਂਪੁਰਖ ਭਿੰਡਰਾਂ ਤੋਂ ਮੌੜਾਂ ਨਗਰ ਵਿਖੇ ਆਏ ਤਾਂ ਪਿੰਡ ਦੇ ਕੁਝ ਲੋਕਾਂ ਨੇ ਦੱਸਿਆ ਕਿ ਇਸ ਨਗਰ ਵਿੱਚ ਜਿਮੀਦਾਰਾਂ ਦੇ ਜਿਹੜੇ ਨੌਜੁਆਨ ਚੋਬਰ ਹਨ ਉਹ ਗਰੀਬ ਕਿਰਤੀ ਮਜਦੂਰਾਂ ਦੀਆਂ ਲੜਕੀਆਂ ਨੂੰ ਮਾੜੀ ਨਜਰ ਨਾਲ ਤੱਕਦੇ ਹਨ। ਉਹ ਚੋਬਰ ਨਾਂ ਤਾਂ ਆਪਣੇ ਵੱਡਿਆਂ ਦਾ ਕਹਿਣਾ ਮੰਨਦੇ ਹਨ ਨਾਂ ਹੀ ਲੜਕੀਆਂ ਦੇ ਗਰੀਬ ਮਾਪਿਆਂ ਪਾਸੋਂ ਡਰਦੇ ਹਨ। ਆਪ ਜੀ ਨੇ ਮਨ ਵਿੱਚ ਵਿਚਾਰ ਕੀਤੀ ਕਿ ਵਿੱਦਿਆ ਦੇ ਨਾਲ ਨਾਲ ਸ਼ਾਇਦ ਇਸ ਸਮਾਜਿਕ ਲਾਹਨਤ ਨੂੰ ਵੀ ਦੂਰ ਕਰਨ ਵਾਸਤੇ ਮਹਾਂਪੁਰਖਾਂ ਨੇ ਮੈਨੂੰ ਇੱਥੇ ਭੇਜਿਆ ਹੈ। ਸਮਾਜ ਵਿੱਚੋਂ ਨੈਤਿਕ ਕਦਰਾਂ ਕੀਮਤਾਂ ਅਲੋਪ ਹੋਣ ਦਾ ਵੱਡਾ ਕਾਰਨ ਇਹ ਹੈ ਕਿ ਲੋਕਾਂ ਦਾ ਆਪਸੀ ਭਾਈਚਾਰਾ ਕਮਜੋਰ ਹੈ। ਇਸ ਕਮਜੋਰੀ ਨੂੰ ਗੁਰਪੁਰਬਾਂ ਦੇ ਸਮੇਂ ਸੇਵਾ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਇਹ ਸਾਂਝ ਪ੍ਰਚਾਰ ਨਾਲ ਇੰਨੀ ਮਜਬੂਤ ਨਹੀਂ ਹੋ ਸਕਦੀ ਜਿੰਨੀ ਗੁਰਪੁਰਬਾਂ ਅਤੇ ਇਤਿਹਾਸਕ ਦਿਹਾੜਿਆਂ ਦੇ ਮਨਾਉਣ ਨਾਲ ਮਜਬੂਤ ਹੋ ਸਕਦੀ ਹੈ। ਮਹਾਂਪੁਰਖ ਗੁਰਪੁਰਬਾਂ ਤੋਂ ਕਈ ਕਈ ਦਿਨ ਪਹਿਲਾਂ ਨਗਰ ਦੇ ਵਸਨੀਕਾਂ ਦੀ ਸਲਾਹ ਨਾਲ ਮਾਈਆਂ ਅਤੇ ਭਾਈਆਂ ਦੇ ਜਥੇ ਬਣਾ ਕੇ ਉਨ੍ਹਾਂ ਨੂੰ ਸੇਵਾ ਵੰਡ ਦਿੰਦੇ।

## ਗੁਰਪੁਰਬਾਂ ਦੀ ਸੇਵਾ ਵੰਡਣ ਬਾਰੇ

ਮਹਾਂਪੁਰਖਾਂ ਨੇ ਸਮਾਜ ਦੀਆਂ ਕਮਜੋਰੀਆਂ ਨੂੰ ਦੂਰ ਕਰਨ ਵਾਸਤੇ ਗੁਰਪੁਰਬਾਂ

ਅਤੇ ਇਤਿਹਾਸਕ ਦਿਹਾੜਿਆਂ ਦੀ ਸੇਵਾ ਨਗਰ ਦੇ ਲੋਕਾਂ ਦੇ ਜਥੇ ਬਣਾ ਕੇ ਵੰਡ ਦਿੱਤੀ। ਇਨ੍ਹਾਂ ਲੋਕਾਂ ਦੇ ਮਨ ਸੇਵਾ ਨਾਲ ਨਿਰਮਲ ਹੋ ਗਏ।

**ਦਾਤਣਾਂ ਤਿਆਰ ਕਰਨ ਵਾਲਾ ਜਥਾ:-**ਜਿਹੜੇ ਚੋਬਰ ਸਮਾਜ ਵਿੱਚ ਬੁਰਿਆਈਆਂ ਫੈਲਾਉਂਦੇ ਸਨ ਮਹਾਂਪੁਰਖਾਂ ਨੇ ਉਨ੍ਹਾਂ ਚੋਬਰਾਂ ਨੂੰ ਬੁਲਾ ਕੇ ਵੱਖਰੇ ਵੱਖਰੇ ਜਥੇ ਬਣਾ ਦਿੱਤੇ। ਪਹਿਲੇ ਜਥੇ ਨੂੰ ਹੁਕਮ ਕੀਤਾ ਕਿ ਤੁਸੀਂ ਗੁਰਪੁਰਬ ਤੋਂ ਕਈ ਦਿਨ ਪਹਿਲਾਂ ਕਿੱਕਰਾਂ ਤੋਂ ਰੋਜਾਨਾ ਦਾਤਣਾ ਵੱਢ ਕੇ ਤਿਆਰ ਕਰਨੀਆਂ ਹਨ। ਇਹ ਨੌਜੁਆਨ ਕਿੱਕਰਾਂ ਤੋਂ ਟਾਹਣੀਆਂ ਕੱਟ ਕੇ ਦਾਤਣਾ ਤਿਆਰ ਕਰਕੇ ਉਨ੍ਹਾਂ ਦੇ ਛੋਟੇ-ਛੋਟੇ ਭਾਰ ਬੰਨ੍ਹ ਕੇ ਗੁਰੂ ਘਰ ਲਿਆਉਂਦੇ।

**ਦਾਤਣਾ ਵੰਡਣ ਵਾਲਾ ਜਥਾ:-** ਫੇਰ ਮਹਾਂਪੁਰਖ ਅਰਦਾਸ ਕਰਕੇ ਅਗਲੇ ਜਥੇ ਦੀ ਸੇਵਾ ਲਗਾਉਂਦੇ ਕਿ ਤੁਸੀ ਇਹ ਦਾਤਣਾ ਨਗਰ ਦੇ ਹਰੇਕ ਘਰ ਵਿੱਚ ਟੱਬਰ ਦੇ ਜੀਆਂ ਦੀ ਗਿਣਤੀ ਕਰਵਾ ਕੇ ਦੇਣੀਆਂ ਹਨ। ਹਰੇਕ ਘਰ ਵਿੱਚ ਦਾਤਣਾ ਦੇਣ ਸਮੇਂ ਇਹ ਬੇਨਤੀ ਕਰਨੀ ਹੈ ਕਿ ਤੜਕੇ ਅੰਮ੍ਰਿਤ ਵੇਲੇ ਦਾਤਣ ਕਰਨ ਉਪਰੰਤ ਇਸ਼ਨਾਨ ਪਾਣੀ ਕਰਕੇ ਗੁਰੂ ਘਰ ਪਹੁੰਚ ਕੇ ਸੇਵਾ ਲੈਣੀ ਹੈ। ਜਿਹੜਾ ਕੋਈ ਬਖਸ਼ੀ ਹੋਈ ਸੇਵਾ ਕਰੇਗਾ ਉਸ ਤੇ ਗੁਰੂ ਸਾਹਿਬ ਕਿਰਪਾ ਕਰਨਗੇ।

**ਬਸਤਰ ਧੋਣ ਵਾਲੀਆਂ ਬੀਬੀਆਂ ਦਾ ਜਥਾ:-** ਇਸੇ ਤਰ੍ਹਾਂ ਨੌਜੁਆਨ ਬੀਬੀਆਂ ਦਾ ਜਥਾ ਹਰੇਕ ਪੱਟੀ ਵਿੱਚੋਂ ਬਣਾਇਆ ਜਾਂਦਾ ਸੀ। ਉਹ ਜਥੇ ਦੀਆਂ ਬੀਬੀਆਂ ਹਰੇਕ ਘਰ ਵਿੱਚ ਜਾ ਕੇ ਧੋਣ ਵਾਲੇ ਬਸਤਰ ਇਕੱਠੇ ਕਰਦੀਆਂ। ਬਾਹਰ ਕਿਸੇ ਥਾਂ ਖੁਲ੍ਹੇ ਪਾਣੀ ਵਿੱਚ ਕੱਪੜੇ ਧੋਂਦੀਆਂ ਸਨ। ਉੱਥੇ ਕੱਪੜੇ ਸੁਕਾ ਕੇ ਘਰ ਘਰ ਵੰਡ ਦਿੰਦੀਆਂ ਸਨ।

**ਗਊਆਂ ਅਤੇ ਮੱਝਾਂ ਚਾਰਨ ਵਾਲਾ ਜਥਾ:-** ਇਸੇ ਤਰ੍ਹਾਂ ਨੌਜੁਆਨਾਂ ਦੇ ਹੋਰ ਜਥੇ ਬਣਾ ਕੇ ਉਨ੍ਹਾਂ ਨੂੰ ਗਊਆਂ ਅਤੇ ਮੱਝਾਂ ਨੂੰ ਚਾਰਨ ਦੀ ਸੇਵਾ ਬਖਸ਼ੀ ਜਾਂਦੀ ਸੀ। ਉਹ ਜਥਾ ਆਪਣੀ ਆਪਣੀ ਪੱਟੀ ਦੇ ਘਰਾਂ ਵਿੱਚੋਂ ਪਸ਼ੂਆਂ ਨੂੰ ਖੋਲ੍ਹ ਕੇ ਲਿਆਉਂਦੇ। ਬਾਹਰ ਚਰਾਂਦਾਂ ਵਿੱਚ ਚਾਰ ਕੇ ਸ਼ਾਮ ਨੂੰ ਉਨ੍ਹਾਂ ਪਸ਼ੂਆਂ ਨੂੰ ਘਰ ਬੰਨ੍ਹ ਕੇ ਆਉਂਦੇ।

**ਗਊਆਂ ਅਤੇ ਮੱਝਾਂ ਦੀਆਂ ਧਾਰਾਂ ਕੱਢਣ ਵਾਲਾ ਜਥਾ:-** ਇਸੇ ਪ੍ਰਕਾਰ ਬੀਬੀਆਂ ਦਾ ਅਗਲਾ ਜਥਾ ਆਪਣੀ ਪੱਟੀ ਦੇ ਘਰਾਂ ਵਿੱਚ ਜਾ ਕੇ ਗਊਆਂ ਅਤੇ ਮੱਝਾਂ ਦੀਆਂ ਧਾਰਾਂ ਕੱਢਦਾ ਸੀ। ਘਰ ਦੀ ਵਰਤੋਂ ਤੋਂ ਇਲਾਵਾ ਵਾਧੂ ਦੁੱਧ ਗੁਰੂ ਘਰ ਇਕੱਠਾ ਕੀਤਾ ਜਾਂਦਾ ਸੀ। ਉਸ ਸਾਰੇ ਦੁੱਧ ਨੂੰ ਉਬਾਲ ਕੇ ਠੰਡਾ ਕਰਕੇ ਦਹੀਂ ਜਮਾਇਆ ਜਾਂਦਾ।

**ਦੁੱਧ ਰਿੜਕਣ ਵਾਲੀਆਂ ਮਾਈਆਂ ਦਾ ਜਥਾ:-** ਇਨ੍ਹਾਂ ਤੋਂ ਅਗਲਾ

ਬੀਬੀਆਂ ਦਾ ਜਥਾ ਗੁਰੂ ਘਰ ਆ ਕੇ ਮਧਾਣੀਆਂ ਨਾਲ ਦੁੱਧ ਰਿੜਕ ਕੇ ਮੱਖਣ ਕੱਢਦਾ। ਮੱਖਣ ਅਤੇ ਲੱਸੀ ਸਵੇਰ ਵੇਲੇ ਦੇ ਲੰਗਰ ਵਿੱਚ ਵਰਤਾਈ ਜਾਂਦੀ। ਬਾਕੀ ਮੱਖਣ ਦਾ ਘੀ ਬਣਾ ਕੇ ਗੁਰਪੁਰਬਾਂ ਤੇ ਵਰਤਿਆ ਜਾਂਦਾ।

**ਲੰਗਰ ਤਿਆਰ ਕਰਨ ਲਈ ਬੀਬੀਆਂ ਦਾ ਜਥਾ:-** ਕੁਝ ਬੀਬੀਆਂ ਦਾ ਜਥਾ ਬਚਦੇ ਦੁੱਧ ਦੀ ਖੀਰ ਅਤੇ ਦਾਲ ਭਾਜੀ ਤਿਆਰ ਕਰਦਾ। ਕੁਝ ਬੀਬੀਆਂ ਇਕੱਠੀਆਂ ਹੋ ਕੇ ਵੱਡੀ ਲੋਹ ਤੇ ਪ੍ਰਸ਼ਾਦਾ ਪਕਾਉਂਦੀਆਂ। ਜੋ ਜੋ ਜਥੇ ਬਾਹਰ ਖੇਤਾਂ ਵਿੱਚੋਂ ਸੇਵਾ ਕਰਕੇ ਗੁਰੂ ਘਰ ਪਹੁੰਚਦੇ ਉਨ੍ਹਾਂ ਨੂੰ ਮਾਈਆਂ ਗਰਮ ਗਰਮ ਲੰਗਰ ਵਰਤਾਉਂਦੀਆਂ। ਸਾਰੇ ਚੋਬਰ ਅਤੇ ਨਗਰ ਦੀਆਂ ਬੀਬੀਆਂ ਪਰਿਵਾਰ ਦੀ ਤਰ੍ਹਾਂ ਰਹਿ ਕੇ ਸੇਵਾ ਕਰਕੇ ਲੰਗਰ ਛਕਦੀਆਂ।

**ਅਨਾਜ ਇਕੱਠਾ ਕਰਨ ਵਾਲੇ ਚੋਬਰਾਂ ਦਾ ਜਥਾ:-** ਇਸੇ ਤਰ੍ਹਾਂ ਨੌਜੁਆਨਾਂ ਦਾ ਇੱਕ ਜਥਾ ਹਰੇਕ ਘਰ ਵਿੱਚੋਂ ਕਣਕ, ਮੱਕੀ, ਛੋਲੇ ਇਕੱਠੇ ਕਰਦਾ। ਇਸ ਅਨਾਜ ਨੂੰ ਸਾਫ ਕਰਕੇ ਆਟਾ ਪੀਹਣ ਵਾਲੀਆਂ ਮਾਈਆਂ ਨੂੰ ਦਿੰਦਾ।

**ਆਟਾ ਪੀਹਣ ਵਾਲੀਆਂ ਮਾਈਆਂ ਦਾ ਜਥਾ:-** ਆਟਾ ਪੀਹਣ ਵਾਲੀਆਂ ਮਾਈਆਂ ਦਾ ਜਥਾ ਚੱਕੀਆਂ ਚਲਾ ਕੇ ਆਟੇ ਦੀਆਂ ਚਾਟੀਆਂ ਭਰ ਦਿੰਦਾ। ਇਹ ਸਾਰਾ ਆਟਾ ਲੰਗਰ ਲਈ ਵਰਤਿਆ ਜਾਂਦਾ ਸੀ। ਬੜੇ ਉਤਸ਼ਾਹ ਦੇ ਨਾਲ ਮਾਈਆਂ ਤਾਜਾ ਆਟਾ ਲੰਗਰ ਵਾਸਤੇ ਪੀਂਹਦੀਆਂ।

**ਹਾਲ਼ੀਆਂ ਦਾ ਜਥਾ:-** ਜਿਹੜੇ ਚੋਬਰ ਹਲ ਵਾਹੁਣ ਜਾਣਦੇ ਸਨ ਉਨ੍ਹਾਂ ਦੇ ਕਈ ਜਥੇ ਬਣਾਏ ਜਾਂਦੇ। ਉਹ ਇਕੱਠੇ ਹੋ ਕੇ ਜਿਸ ਜਿਸ ਪੱਟੀ ਦੇ ਘਰਾਂ ਦੀ ਜਮੀਨ ਵੱਤਰ ਹੁੰਦੀ ਸੀ ਉਸ ਨੂੰ ਵਾਹ ਕੇ ਸੁਹਾਗਾ ਫੇਰ ਦਿੰਦੇ ਸਨ। ਬਜੁਰਗਾਂ ਦੀ ਸਲਾਹ ਲੈ ਕੇ ਮੌਸਮ ਅਨੁਸਾਰ ਧਰਤੀ ਵਿੱਚ ਅਗਲੀ ਫਸਲ ਦਾ ਬੀਜ ਪੋਰ ਦਿੰਦੇ ਸਨ। ਇਸ ਤਰ੍ਹਾਂ ਇੱਕੋ ਵਾਰੀ ਬੀਜਣ ਨਾਲ ਛੋਟੇ ਜਿਮੀਦਾਰਾਂ ਦੀ ਫਸਲ ਵੀ ਵਧੀਆ ਹੋ ਜਾਂਦੀ ਸੀ। ਹਾੜ੍ਹੀ ਸਾਉਣੀ ਦੀ ਫਸਲ ਦੀ ਕਟਾਈ ਵੀ ਮਹਾਂਪੁਰਖਾਂ ਵੱਲੋਂ ਬਣਾਏ ਜਥੇ ਹੀ ਕਰਦੇ ਸਨ।

**ਤਮਾਕੂ ਦੀ ਖੇਤੀ ਰੋਕਣ ਵਾਲਾ ਜਥਾ:-** ਜਿਹੜੇ ਵਡੇਰੀ ਉਮਰ ਦੇ ਜਿਮੀਦਾਰ ਸਨ ਮਹਾਂਪੁਰਖ ਉਨ੍ਹਾਂ ਦਾ ਜਥਾ ਬਣਾ ਕੇ ਉਨ੍ਹਾਂ ਨੂੰ ਤਮਾਕੂ ਦੀ ਖੇਤੀ ਅਤੇ ਵਰਤੋਂ ਬੰਦ ਕਰਨ ਵਾਸਤੇ ਪ੍ਰੇਰਦੇ। ਇਤਿਹਾਸਕ ਸਾਖੀਆਂ ਸੁਣਾ ਕੇ ਉਨ੍ਹਾਂ ਜਥਿਆਂ ਪਾਸੋਂ ਤਮਾਕੂ ਦੀ ਖੇਤੀ ਬੰਦ ਕਰਾਉਂਦੇ।

**ਪੜ੍ਹੇ ਲਿਖੇ ਸੱਜਣਾਂ ਦਾ ਜਥਾ:-** ਸਾਰੇ ਨਗਰ ਦੀਆਂ ਪੱਟੀਆਂ ਵਿਚੋਂ ਜਿਹੜੇ ਪੜ੍ਹੇ ਲਿਖੇ ਸੱਜਣ ਹੁੰਦੇ ਸਨ ਉਨ੍ਹਾਂ ਨੂੰ ਲਿਖਣ ਦੀ ਸੇਵਾ ਬਖਸ਼ੀ ਜਾਂਦੀ ਸੀ। ਜਦੋਂ ਕੋਈ ਚੋਬਰ, ਬਜੁਰਗ, ਮੁਟਿਆਰ ਜਾਂ ਬੁੱਢੀ ਕੋਈ ਹਾਸੀ ਮਖੌਲ ਦੀ ਗੱਲ ਕਰ ਲੈਂਦੀ ਸੀ

ਤਾਂ ਉਨ੍ਹਾਂ ਪ੍ਰਤੀ ਮਹਾਂਪੁਰਖਾਂ ਵਲੋਂ ਹੁਕਮ ਸੀ ਕਿ ਉਹ ਆਪਣੀਆਂ ਗਲਤੀਆਂ ਇਸ ਲਿਖਾਰੀ ਜਥੇ ਕੋਲ ਲਿਖਵਾਉਣ। ਸੇਵਾ ਤੋਂ ਵਿਹਲੇ ਹੋ ਕੇ ਸਾਰੀਆਂ ਸੰਗਤਾਂ ਦੇ ਸਾਹਮਣੇ ਲਿਖਾਰੀ ਜਥਾ ਸੇਵਾਦਾਰਾਂ ਦੀਆਂ ਹੋਈਆਂ ਗਲਤੀਆਂ ਨੂੰ ਸੰਗਤ ਵਿਚ ਪੜ੍ਹ ਕੇ ਸੁਣਾਉਂਦਾ ਸੀ। ਜਿਸ ਦੀ ਗਲਤੀ ਸੰਗਤ ਵਿਚ ਲਿਖਾਰੀ ਜਥੇ ਵਲੋਂ ਸੁਣਾਈ ਜਾਂਦੀ ਸੀ ਉਸ ਨੂੰ ਸੰਗਤ ਵਿਚ ਖੜ੍ਹਾ ਹੋਣਾ ਪੈਂਦਾ ਸੀ। ਹੋਈਆਂ ਗਲਤੀਆਂ ਸੰਗਤ ਵਿਚ ਸੁਣਾਉਣ ਉਪਰੰਤ ਅਰਦਾਸ ਕੀਤੀ ਜਾਂਦੀ ਸੀ। ਇਸ ਤਰ੍ਹਾਂ ਮਹਾਂਪੁਰਖ ਸਮਾਜ ਦੀਆਂ ਕੁਰੀਤੀਆਂ ਨੂੰ ਰੋਕਦੇ ਸਨ।

ਮਹਾਂਪੁਰਖਾਂ ਨੇ ਨਗਰ ਦੇ ਸਾਰੇ ਵਸਨੀਕਾਂ ਵਿੱਚ ਸੇਵਾ ਬਖਸ਼ਿਸ਼ ਕਰਕੇ ਆਪਸੀ ਭਾਈਚਾਰਾ ਮਜਬੂਤ ਕੀਤਾ। ਹੁਣ ਸਾਰੇ ਨੌਜੁਆਨਾਂ, ਬੀਬੀਆਂ ਅਤੇ ਬਜੁਰਗਾਂ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਅਸੀਂ ਸਾਰੇ ਇੱਕ ਪਰਿਵਾਰ ਦੇ ਜੀਅ ਹਾਂ। ਕਿਸੇ ਦੇ ਮਨ ਵਿੱਚ ਭੈੜਾ ਕੰਮ ਕਰਨ ਦਾ ਸੰਕਲਪ ਹੀ ਪੈਦਾ ਨਹੀਂ ਹੁੰਦਾ ਸੀ। ਇਸ ਤਰ੍ਹਾਂ ਮਹਾਂਪੁਰਖ ਗੁਰਪੁਰਬ ਜਾਂ ਇਤਿਹਾਸਕ ਦਿਹਾੜਾ ਕੇਵਲ ਇੱਕ ਦਿਨ ਕਥਾ ਕੀਰਤਨ ਕਰਕੇ ਨਹੀਂ ਮਨਾਉਂਦੇ ਸਨ ਸਗੋਂ ਲਗਾਤਾਰ ਕਈ ਕਈ ਦਿਨ ਸੇਵਾ ਬਖਸ਼ਿਸ਼ ਕਰਕੇ ਮਲੀਨ ਬੁੱਧੀ ਨੂੰ ਨਿਰਮਲ ਕਰ ਦਿੰਦੇ ਸਨ। ਇਹ ਸਾਰੇ ਜਥੇ ਆਪਣੀਆਂ ਆਪਣੀਆਂ ਸੇਵਾਵਾਂ ਨਿਭਾਉਂਦੇ ਸਮੇਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ। ਕੋਈ ਵੀ ਚੋਬਰ, ਬਜੁਰਗ, ਮੁਟਿਆਰ ਜਾਂ ਮਾਈ ਕਿਸੇ ਨੂੰ ਹਾਸਾ ਮਖੌਲ ਨਹੀਂ ਕਰ ਸਕਦੇ ਸੀ।

ਜਦੋਂ ਇਹ ਸਾਰੇ ਜਥੇ ਇਕੱਠੇ ਹੋ ਕੇ ਭਿੰਡਰੀਂ ਸਾਲਾਨਾ ਜੋੜ ਮੇਲੇ ਤੇ ਮਹਾਂਪੁਰਖਾਂ ਨਾਲ ਜਾਂਦੇ ਤਾਂ ਉਥੇ ਜਾ ਕੇ ਪੰਚਾਇਤ ਦੱਸਦੀ ਕਿ ਇਨ੍ਹਾਂ ਮਹਾਂਪੁਰਖਾਂ ਨੇ ਸਾਡੇ ਨਗਰ ਦੀਆਂ ਸੰਗਤਾਂ ਨੂੰ ਸੇਵਾ ਵਿੱਚ ਲਾ ਕੇ ਆਪਸੀ ਭਾਈਚਾਰਾ ਕਾਇਮ ਕਰ ਦਿੱਤਾ ਹੈ। ਇਸ ਤਰ੍ਹਾਂ ਭਿੰਡਰਾਂਵਾਲੇ ਮਹਾਂਪੁਰਖ ਮੌੜਾਂ ਦੀਆਂ ਸੰਗਤਾਂ ਤੋਂ ਇਹ ਸਭ ਸੁਣ ਕੇ ਬਹੁਤ ਖੁਸ਼ ਹੋ ਕੇ ਉਪਲਹੇੜੀ ਵਾਲੇ ਮਹਾਂਪੁਰਖਾਂ ਦੀ ਸਿਫਤ ਕਰਦੇ ਹੋਏ ਆਖਦੇ ਕਿ ਸਤਿਗੁਰਾਂ ਦੀ ਇਨ੍ਹਾਂ ਉਤੇ ਕਿਰਪਾ ਹੈ।

## ਆਯੁਰਵੈਦਿਕ ਡਿਗਰੀ ਪ੍ਰਾਪਤ ਕਰਨੀ

ਮਹਾਂਪੁਰਖਾਂ ਦੀ ਆਗਿਆ ਅਨੁਸਾਰ ਆਪ ਜੀ ਨੇ ਮੌੜਾਂ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਕਰਵਾਈ। ਇੱਥੇ ਰਹਿੰਦੇ ਸਮੇਂ ਇਲਾਕੇ ਵਿੱਚ ਸੰਥਿਆ ਕਰਵਾ ਕੇ ਪਾਠੀ ਸਿੰਘ ਬਣਾਏ ਅਤੇ ਕੀਰਤਨ ਸਿਖਾ ਕੇ ਕਈ ਰਾਗੀ ਬਣਾਏ। ਇਕ ਵਾਰੀ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਰਾਗੀ ਸਿੰਘ ਜੀ ਤੁਸੀਂ ਮਰੀਜਾਂ ਨੂੰ ਦਵਾਈ ਤਿਆਰ ਕਰਕੇ ਦੇ ਦਿਆ ਕਰੋ। ਮਹਾਂਪੁਰਖਾਂ ਦਾ ਬਚਨ ਮੰਨ ਕੇ ਆਪ ਜੀ ਨੇ ਕੁਸਤੇ ਮਾਰ ਕੇ ਦੇਸੀ ਦਵਾਈਆਂ ਦੇਣੀਆਂ ਆਰੰਭ ਕਰ ਦਿੱਤੀਆਂ। ਦਵਾਈ ਦੇ

ਨਾਲ ਨਾਲ ਆਪ ਜੀ ਗੁਰਬਾਣੀ ਦੇ ਸ਼ਬਦਾਂ ਦਾ ਜਾਪ ਅਤੇ ਗੁਰੂ ਘਰ ਦੀ ਸੇਵਾ ਰੋਗੀਆਂ ਨੂੰ ਬਖਸ਼ਿਸ਼ ਕਰ ਦਿੰਦੇ। ਵਾਹਿਗੁਰੂ ਦੀ ਕਿਰਪਾ ਦੇ ਨਾਲ ਰੋਗੀ ਬਿਮਾਰੀਆਂ ਤੋਂ ਠੀਕ ਹੋਣ ਲੱਗ ਪਏ।ਗੁਰਦੁਆਰਾ ਸਾਹਿਬ ਵਿਖੇ ਰੋਜਾਨਾ ਹੀ ਕੁਸਤੇ ਮਾਰੇ ਜਾਂਦੇ ਅਤੇ ਜੜੀਆਂ ਬੂਟੀਆਂ ਰਗੜ ਰਗੜ ਕੇ ਡੱਬੇ ਭਰ ਲਏ ਜਾਂਦੇ। ਰੋਗੀਆਂ ਨੂੰ ਦਵਾਈ ਦੀਆਂ ਪੁੜੀਆਂ ਬੰਨ੍ਹ ਕੇ ਵਰਤਾਈਆਂ ਜਾਂਦੀਆਂ। ਇਹ ਸਾਰੀ ਸੇਵਾ ਕਰਨ ਵਾਸਤੇ ਪਿੰਡ ਦੇ ਨੌਜੁਆਨ ਸਿੰਘ ਸੇਵਾ ਵਿਚ ਹਾਜਰ ਹੋਣ ਲੱਗ ਗਏ। ਇਸ ਤਰ੍ਹਾਂ ਸਾਰੇ ਇਲਾਕੇ ਦੇ ਪਿੰਡਾਂ ਦੇ ਰੋਗੀ ਗੁਰੂ ਘਰ ਤੋਂ ਮੁਫਤ ਦਵਾਈ ਲੈ ਕੇ ਤੰਦਰੁਸਤ ਹੋਣ ਲੱਗ ਪਏ। ਇਲਾਕੇ ਦੇ ਪਿੰਡਾਂ ਵਿਚ ਜੋ ਹਕੀਮ ਬੈਠੇ ਸਨ ਉਨ੍ਹਾਂ ਨੂੰ ਬੜਾ ਦੁਖ ਹੋਇਆ ਅਤੇ ਸਰਕਾਰ ਕੋਲ ਸ਼ਿਕਾਇਤਾਂ ਕਰਨ ਲੱਗ ਪਏ। ਸਰਕਾਰ ਵੱਲੋਂ ਪੜਤਾਲ ਕਰਨ ਲਈ ਗੁਰੂ ਘਰ ਵਿਖੇ ਸਰਕਾਰੀ ਅਫਸਰ ਆਏ। ਹਕੀਮਾਂ ਦੀ ਸ਼ਿਕਾਇਤ ਦੇ ਅਧਾਰ ਤੇ ਕਈ ਪਿੰਡਾਂ ਵਿਚ ਜਾ ਕੇ ਪੰਚਾਇਤਾਂ ਅਤੇ ਮਰੀਜਾਂ ਤੋਂ ਪੁੱਛ ਗਿਛ ਕੀਤੀ। ਇਸ ਤਰ੍ਹਾਂ ਪੰਚਾਇਤਾਂ ਅਤੇ ਮਰੀਜਾਂ ਨੇ ਆਪ ਜੀ ਦੇ ਹੱਕ ਵਿਚ ਬਿਆਨ ਦਿੱਤੇ। ਫਿਰ ਉਨ੍ਹਾਂ ਅਫਸਰਾਂ ਦੀ ਸਲਾਹ ਦੇ ਨਾਲ ਆਪ ਜੀ ਨੇ ਆਯੁਰਵੈਦਿਕ ਕੋਰਸ ਕਰਕੇ ਡਿਗਰੀ ਪ੍ਰਾਪਤ ਕੀਤੀ। ਉਸ ਸਮੇਂ ਆਪ ਜੀ ਵੈਦ ਮੰਡਲੀ ਦੇ ਸਾਹਮਣੇ ਇਕ ਨੰਬਰ ਤੇ ਆਏ। ਉਸ ਸਮੇਂ ਵੈਦ ਮੰਡਲੀ ਦੇ ਸਾਹਮਣੇ ਕਿਸੇ ਵੀ ਰੋਗੀ ਦੀ ਆਪ ਜੀ ਨੇ ਬਾਂਹ ਪਕੜ ਕੇ ਨਬਜ਼ ਨਹੀਂ ਵੇਖੀ। ਉਸਦਾ ਚਿਹਰਾ ਵੇਖ ਕੇ ਹੀ ਬਿਮਾਰੀ ਸਮਝ ਕੇ ਦਵਾਈ ਦਸ ਦਿੰਦੇ ਸਨ। ਵੈਦ ਮੰਡਲੀ ਨੇ ਇਨ੍ਹਾਂ ਨੂੰ ਆਯੁਰਵੈਦਿਕ ਡਿਗਰੀ ਪ੍ਰਦਾਨ ਕਰ ਦਿੱਤੀ। ਆਪ ਜੀ ਨੂੰ ਸਾਰੇ ਫਲਾਂ ਅਤੇ ਸਬਜੀਆਂ ਦੀ ਤਸੀਰ ਦਾ ਡੂੰਘਾ ਗਿਆਨ ਸੀ। ਦਵਾਈ ਤੋਂ ਜਿਆਦਾ ਸੰਜਮ ਉਪਰ ਜੋਰ ਦਿੰਦੇ ਸਨ। ਆਪ ਜੀ ਆਮ ਬਚਨ ਕਰਿਆ ਕਰਦੇ ਕਿ ਦਵਾਈ ਨਾਲੋਂ ਸੰਜਮ ਜਰੂਰੀ ਹੈ। ਇਸੇ ਤਰ੍ਹਾਂ ਮਾਨਸਿਕ ਰੋਗਾਂ ਵਾਸਤੇ ਵੀ ਬਚਨ ਕਰਦੇ

***"ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥" ਆਦਿ ੨੫੯***
***ਵੈਦਾ ਸੰਦਾ ਸੰਗੁ ਇਕਠਾ ਹੋਇਆ॥***
***ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥ ਆਦਿ ੧੩੫੩***

## ਭੂਰੇ ਕੋਹਨੇ ਵਿਖੇ ਭਵਿੱਖਤ ਬਚਨ

ਇੱਕ ਵਾਰੀ ਜਥਾ ਭੂਰੇ ਕੋਹਨੇ ਗਿਆ ਹੋਇਆ ਸੀ ਤਾਂ ਆਪ ਜੀ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਉਹ ਸਾਹਮਣੇ ਜਿਹੜਾ ਗੋਰਾ ਜਿਹਾ ਭੁਝੰਗੀ ਹੈ ਇਸ ਦੀ ਸੇਵਾ ਨਿਰਾਲੀ ਹੈ। ਪਿੰਡ ਵਿੱਚੋਂ ਦੁੱਧ,ਦਹੀਂ ਅਤੇ ਮੱਖਣ ਆਦਿ ਮਾਈਆਂ ਪਾਸੋਂ ਪ੍ਰੇਮ ਨਾਲ ਲੈ ਕੇ ਸਿੰਘਾਂ ਨੂੰ ਚਾਅ ਨਾਲ ਛਕਾਉਂਦਾ ਹੈ। ਕੋਈ ਮਾਈ ਇਸ

ਭੁਝੰਗੀ ਨੂੰ ਦੁੱਧ ਮੱਖਣ ਦਹੀਂ ਆਦਿ ਦੇਣ ਤੋਂ ਇਨਕਾਰ ਨਹੀਂ ਕਰਦੀ ਸਗੋਂ ਮਾਈਆਂ ਖੁਸ਼ ਹੁੰਦੀਆਂ ਹਨ। ਮਹਾਂਪੁਰਖ ਬਚਨ ਕਰਨ ਲੱਗੇ ਕਿ ਇਨ੍ਹਾਂ ਤੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੈ ਇਨ੍ਹਾਂ ਦੇ ਸਾਹਮਣੇ ਕਿਸੇ ਦੀ ਕੋਈ ਸਮਰੱਥਾ ਨਹੀਂ ਕਿ ਉਹ ਇਨਕਾਰ ਕਰ ਸਕੇ। ਰਾਗੀ ਸਿੰਘ ਜੀ ਇਨ੍ਹਾਂ ਨੂੰ ਅਗੇ ਤੋਂ ਕਦੇ ਭੁਝੰਗੀ ਨਹੀਂ ਕਹਿਣਾ। ਜਿਉਂ ਹੀ ਭਿੰਡਰਾਂਵਾਲੇ ਮਹਾਂਪੁਰਖਾਂ ਨੇ ਇਹ ਬਚਨ ਕੀਤੇ ਉਸੇ ਸਮੇਂ ਆਪ ਜੀ ਦੇ ਮਨ ਵਿੱਚ ਵਿਚਾਰ ਆਈ ਕਿ ਇਹ ਉਹੀ ਸਿੰਘ ਹੋਵੇਗਾ ਜਿਸ ਸੰਬੰਧ ਵਿੱਚ ਗਿਆਨੀ ਮੋਹਨ ਸਿੰਘ ਜੀ ਨੇ ਮਹਾਂਪੁਰਖਾਂ ਦੇ ਸਰੀਰ ਢਿੱਲੇ ਹੋਣ ਸਮੇਂ ਪੁੱਛਿਆ ਸੀ ਕਿ ਜਥੇ ਦੀ ਜਿੰਮੇਵਾਰੀ ਕਿਸ ਕੋਲ ਹੋਵੇਗੀ। ਅੱਗੋਂ ਭਿੰਡਰਾਂਵਾਲੇ ਮਹਾਂਪੁਰਖਾਂ ਨੇ ਆਖਿਆ ਸੀ ਕਿ ਜਿਸ ਨੇ ਇਹ ਜਿੰਮੇਵਾਰੀ ਸੰਭਾਲਣੀ ਹੈ ਉਹ ਕਿਸੇ ਪਿੰਡ ਵਿੱਚ ਅਜੇ ਸੰਸਾਰੀ ਵਿੱਦਿਆ ਪੜ੍ਹ ਰਿਹਾ ਹੈ। ਸੰਸਾਰੀ ਵਿੱਦਿਆ ਤੋਂ ਉਪਰੰਤ ਫੇਰ ਜਥੇ ਵਿੱਚ ਭਰਤੀ ਹੋਵੇਗਾ। ਉਸ ਤੋਂ ਉਪਰੰਤ ਇਹ ਸੇਵਾ ਸੰਭਾਲੇਗਾ। ਇਸ ਸ਼ਖਸੀਅਤ ਦਾ ਨਾਂ ਕਰਤਾਰ ਸਿੰਘ ਸੀ ਜੋ ਕਾਫੀ ਸਮੇਂ ਤੋਂ ਬਾਅਦ ਟਕਸਾਲ ਵਿੱਚ ਭਰਤੀ ਹੋਏ ਅਤੇ ਬਖਸ਼ਿਸ਼ ਦੇ ਪਾਤਰ ਬਣੇ।

## ਸੰਤ ਜਰਨੈਲ ਸਿੰਘ ਦੀ ਟਕਸਾਲ ਵਿਚ ਭਰਤੀ

ਇਕ ਵਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਰੋਡਿਆਂ ਪਿੰਡ ਵਿੱਚ ਗੁਰਮਤਿ ਦਾ ਪ੍ਰਚਾਰ ਕਰਨ ਵਾਸਤੇ ਪਹੁੰਚੇ ਹੋਏ ਸਨ ਉਸ ਸਮੇਂ ਮਹਾਂਪੁਰਖਾਂ ਨੇ ਬਾਬਾ ਜੋਗਿੰਦਰ ਸਿੰਘ ਜੀ ਨੂੰ ਸੱਦਿਆ ਅਤੇ ਪੁੱਛਿਆ ਕਿ ਤੁਹਾਡੇ ਕਿੰਨੇ ਪੁੱਤਰ ਹਨ। ਬਾਬਾ ਜੋਗਿੰਦਰ ਸਿੰਘ ਜੀ ਨੇ ਉੱਤਰ ਦਿੱਤਾ ਕਿ ਮੇਰੇ ਸੱਤ ਪੁੱਤਰ ਹਨ। ਖਾਲਸਾ ਜੀ ਨੇ ਕਿਹਾ ਕਿ ਉਨ੍ਹਾਂ ਵਿੱਚੋਂ ਇਕ ਸਾਨੂੰ ਦੇ ਦਿਓ। ਬਾਬਾ ਜੋਗਿੰਦਰ ਸਿੰਘ ਜੀ ਨੇ ਬਿਨਾਂ ਕਿਸੇ ਦੇਰੀ ਦੇ ਸਾਰੇ ਪੁੱਤਰ ਖਾਲਸਾ ਜੀ ਦੇ ਸਾਹਮਣੇ ਲੈ ਆਂਦੇ ਅਤੇ ਕਿਹਾ ਮੇਰੇ ਲਈ ਤਾਂ ਸਾਰੇ ਇਕੋ ਜਿਹੇ ਹਨ ਆਪ ਜੀ ਨੂੰ ਜਿਹੜਾ ਚਾਹੀਦਾ ਹੈ ਲੈ ਲਵੋ। ਖਾਲਸਾ ਜੀ ਨੇ ਸੰਤ ਜਰਨੈਲ ਸਿੰਘ ਜੀ ਤੇ ਆਪਣਾ ਹੱਥ ਧਰਿਆ ਇਸ ਤਰ੍ਹਾਂ ਸੰਤ ਜਰਨੈਲ ਸਿੰਘ ਜੀ 1964 ਈ: ਵਿਚ ਪੱਕੇ ਤੌਰ ਤੇ ਦਮਦਮੀ ਟਕਸਾਲ ਵਿਚ ਭਰਤੀ ਹੋ ਗਏ। 1977 ਵਿੱਚ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸੱਚਖੰਡ ਜਾਣ ਤੋਂ ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਬਣੇ।

## ਪਾ: ਦਸਵੀਂ ਦਾ 300 ਸਾਲਾ ਪ੍ਰਕਾਸ਼ ਗੁਰਪੁਰਬ

ਕਈ ਸਾਲਾਂ ਬਾਅਦ ਭਿੰਡਰਾਂਵਾਲੇ ਸੰਤਾਂ ਨੇ ਆਪ ਜੀ ਨੂੰ ਆਪਣੇ ਕੋਲ ਬੁਲਾ ਲਿਆ ਸੀ। ਉਨ੍ਹਾਂ ਦਿਨਾਂ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 300 ਸਾਲਾ

ਅਵਤਾਰ ਪੁਰਬ ਦੇ ਸੰਬੰਧ ਵਿੱਚ ਉਚੇਚੇ ਦੀਵਾਨ ਸਜਾਏ ਜਾਂਦੇ ਸਨ। ਮਹਾਂਪੁਰਖ ਆਪ ਜੀ ਨੂੰ ਆਪਣੇ ਨਾਲ ਤਖਤ ਸ਼੍ਰੀ ਪਟਨਾ ਸਾਹਿਬ ਜੀ ਵਿਖੇ ਵੀ ਲੈ ਕੇ ਗਏ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮਹਾਂਪੁਰਖਾਂ ਨੇ ਦਮਦਮੀ ਟਕਸਾਲ ਦੇ ਜਥੇ ਦੀ ਜੁੰਮੇਵਾਰੀ ਭਾਈ ਕਰਤਾਰ ਸਿੰਘ ਜੀ ਭੂਰੇ ਕੋਹਨੇ ਵਾਲਿਆਂ ਨੂੰ ਬਖਸ਼ੀ। ਮਹਾਂਪੁਰਖਾਂ ਦੀ ਆਗਿਆ ਅਨੁਸਾਰ ਆਪ ਜੀ ਨੇ ਸਭ ਤੋਂ ਪਹਿਲਾਂ ਫੁੱਲਾਂ ਦਾ ਸਿਹਰਾ ਭਾਈ ਕਰਤਾਰ ਸਿੰਘ ਜੀ ਦੇ ਗਲ ਵਿਚ ਸਜਾਇਆ। ਇਥੇ ਇੱਕ ਵਰਨਣਯੋਗ ਗੱਲ ਹੈ ਕਿ ਕਾਫੀ ਸਾਲ ਪਹਿਲਾਂ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ ਸਰੀਰ ਕਾਫੀ ਢਿੱਲਾ ਹੋ ਗਿਆ ਸੀ। ਉਸ ਸਮੇਂ ਗਿਆਨੀ ਮੋਹਨ ਸਿੰਘ ਜੀ ਆਪਣੇ ਨਾਲ ਕੁਝ ਸਿੰਘ ਲੈ ਕੇ ਮਹਾਂਪੁਰਖਾਂ ਕੋਲ ਪਹੁੰਚੇ ਹੀ ਸਨ। ਜਿਉਂ ਹੀ ਇਹ ਸਿੰਘ ਸਾਹਮਣੇ ਆਏ ਮਹਾਂਪੁਰਖ ਕਹਿਣ ਲਗੇ ਅੱਜ ਬ੍ਰਹਮੇ ਕਿਵੇਂ ਆਏ ਹਨ। ਪਰ ਸਿੰਘਾਂ ਦੀ ਗਿਣਤੀ ਪੰਜ ਹੋਣ ਕਰਕੇ ਭਿੰਡਰਾਂਵਾਲੇ ਸੰਤਾਂ ਨੇ ਹੱਥ ਜੋੜ ਲਏ ਅਤੇ ਬਚਨ ਕੀਤਾ ਦੱਸੋ ਕੀ ਹੁਕਮ ਹੈ। ਗਿਆਨੀ ਮੋਹਣ ਸਿੰਘ ਜੀ ਕਹਿਣ ਲਗੇ ਮਹਾਂਪੁਰਖੋ ਆਪ ਜੀ ਦੇ ਚਰਨਾਂ ਵਿੱਚ ਇੱਕ ਬੇਨਤੀ ਕਰਨ ਆਏ ਹਾਂ। ਤਾਂ ਉਸ ਸਮੇਂ ਮਹਾਂਪੁਰਖ ਕਹਿਣ ਲਗੇ ਇੱਕ ਬੇਨਤੀ ਕਰ ਲੋ ਪਰ ਅੱਗੇ ਦੁਬਾਰਾ ਹੋਰ ਨਹੀਂ ਪੁੱਛਣਾ। ਇਸ ਤਰ੍ਹਾਂ ਬੇਨਤੀ ਕਰਨ ਦੀ ਆਗਿਆ ਮਿਲ ਗਈ। ਗਿਆਨੀ ਮੋਹਣ ਸਿੰਘ ਉਨ੍ਹਾਂ ਪੰਜ ਸਿੰਘਾਂ ਵਿੱਚ ਸ਼ਾਮਿਲ ਹੋ ਕੇ ਬੇਨਤੀ ਕਰਨ ਲਗੇ ਕਿ ਮਹਾਰਾਜ ਜੀ ਆਪ ਜੀ ਦਾ ਸਰੀਰ ਰਾਤੀ ਬਹੁਤ ਢਿੱਲਾ ਹੋ ਗਿਆ ਸੀ। ਜੇਕਰ ਸਰੀਰ ਨੂੰ ਕੋਈ ਉੱਨੀ ਇੱਕੀ ਹੋ ਜਾਵੇ ਤਾਂ ਜਥੇ ਦੇ ਸਿੰਘਾਂ ਨੂੰ ਅੱਗੇ ਵਾਸਤੇ ਆਪ ਜੀ ਵਲੋਂ ਕੀ ਹੁਕਮ ਹੈ। ਗਿਆਨੀ ਮੋਹਨ ਸਿੰਘ ਜੀ ਦੇ ਮੁੱਖੋਂ ਇਹ ਬੇਨਤੀ ਸੁਣ ਕੇ ਮਹਾਂਪੁਰਖ ਬਚਨ ਕਰਨ ਲਗੇ ਕਿ ਇਸ ਵੇਲੇ ਜਥੇ ਵਿੱਚ 150 ਸਿੰਘ ਹਨ। ਇਹ ਸਾਰੇ ਸਿੰਘ ਸਤਿਕਾਰ ਯੋਗ ਹਨ,ਬਾਣੀ ਪੜ੍ਹਨ ਸੁਣਨ ਵਾਲੇ ਹਨ, ਪਰ ਜੋ ਸੇਵਾ ਸਾਡੀ ਸੰਤ ਮਹਾਰਾਜ ਜੀ ਨੇ ਲਾਈ ਸੀ, ਉਹ ਸੇਵਾ ਅਜੇ ਲੰਮਾਂ ਸਮਾਂ ਅਸੀਂ ਆਪ ਨਿਭਾਉਣੀ ਹੈ। ਜਿਸ ਸਿੰਘ ਨੇ ਇਹ ਸੇਵਾ ਲੈਣੀ ਹੈ, ਉਹ ਕਿਸੇ ਪਿੰਡ ਵਿੱਚ ਅਜੇ ਸੰਸਾਰੀ ਵਿਦਿਆ ਸਕੂਲ ਤੋਂ ਪ੍ਰਾਪਤ ਕਰ ਰਿਹਾ ਹੈ। ਉਹ ਸੰਸਾਰੀ ਵਿਦਿਆ ਪੜ੍ਹਨ ਤੋਂ ਉਪਰੰਤ ਜਥੇ ਵਿੱਚ ਪੱਕੇ ਤੋਰ ਤੇ ਸ਼ਾਮਿਲ ਹੋਵੇਗਾ ਅਤੇ ਸੇਵਾ ਕਰਕੇ ਬ੍ਰਹਮ ਵਿੱਦਿਆ ਪ੍ਰਾਪਤ ਕਰੇਗਾ। ਫੇਰ ਇਸ ਸੇਵਾ ਦੀ ਜਿੰਮੇਵਾਰੀ ਅਸੀਂ ਉਸ ਨੂੰ ਸੌਪਾਂਗੇ।

## ਪਟਨਾ ਸਾਹਿਬ ਵਿਖੇ ਅਗਲੇ ਮੁਖੀ ਦੀ ਚੋਣ

ਇਸ ਤਰ੍ਹਾਂ ਜਦੋਂ ਪਟਨਾ ਸਾਹਿਬ ਮਹਾਂਪੁਰਖਾਂ ਨੇ ਦੀਵਾਨ ਵਿੱਚ ਇਹ ਸੇਵਾ ਗਿਆਨੀ ਕਰਤਾਰ ਸਿੰਘ ਜੀ ਨੂੰ ਬਖਸ਼ਿਸ਼ ਕਰ ਦਿੱਤੀ ਤਾਂ ਗਿਆਨੀ ਮੋਹਨ ਸਿੰਘ ਜੀ ਨੇ ਕਿਹਾ ਕਿ ਮਹਾਂਪੁਰਖੋ ਆਪ ਜੀ ਨੇ ਜਥੇ ਦੀ ਜਿੰਮੇਵਾਰੀ ਗਿਆਨੀ ਕਰਤਾਰ

ਸਿੰਘ ਨੂੰ ਦਿੱਤੀ ਹੈ ਤਾਂ ਮਹਾਂਪੁਰਖਾਂ ਨੇ ਹਾਂ ਕਰ ਦਿੱਤੀ। ਅੱਗੋਂ ਗਿਆਨੀ ਮੋਹਨ ਸਿੰਘ ਨੇ ਆਖਿਆ ਚਲੋ ਚੰਗਾ ਹੋਇਆ ਘਰ ਦੀ ਘਰ ਵਿੱਚ ਰਹਿ ਗਈ। ਮਹਾਂਪੁਰਖਾਂ ਵਲੋਂ ਵਿਦਿਆ ਪੜ੍ਹਾਉਣ ਦੀ ਸੇਵਾ ਦੀ ਬਖ਼ਸ਼ਿਸ਼ ਜਦੋਂ ਗਿਆਨੀ ਕਰਤਾਰ ਸਿੰਘ ਜੀ ਨੂੰ ਕਰ ਦਿੱਤੀ ਤਾਂ ਆਪ ਜੀ ਨੇ ਸਭ ਤੋਂ ਪਹਿਲਾਂ ਗਿਆਨੀ ਕਰਤਾਰ ਸਿੰਘ ਜੀ ਨੂੰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸਿਹਰਾ ਪਾਉਣ ਵੇਲੇ ਆਗਿਆ ਮੰਗੀ ਸੀ। ਆਗਿਆ ਮਿਲਣ ਉਪਰੰਤ ਆਪ ਜੀ ਨੇ ਸਭ ਤੋਂ ਪਹਿਲਾਂ ਸਿਹਰਾ ਪਾਇਆ।

## ਉਗਾਣੀ ਸਾਹਿਬ ਵਿਖੇ ਭਵਿੱਖਤ ਬਚਨ

ਭਿੰਡਰਾਂ ਵਾਲੇ ਮਹਾਂਪੁਰਖ ਜਥੇ ਦੇ ਸਮੇਤ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲੇ ਦੇ ਇੱਕ ਨਗਰ ਨਾਭਾ ਸਾਹਿਬ ਪਾਤਿਸ਼ਾਹੀ ਨੌਵੀਂ ਦੇ ਪਵਿੱਤਰ ਅਸਥਾਨ ਤੇ ਆਏ ਹੋਏ ਸਨ। ਨਾਭਾ ਸਾਹਿਬ ਵਿਖੇ ਜਥਾ ਜੇਠ ਦਾ ਪੂਰਾ ਮਹੀਨਾ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਰਹਿੰਦਾ ਹੁੰਦਾ ਸੀ। ਇੱਥੋਂ ਆਪ ਜੀ ਆਪਣੇ ਜਨਮ ਅਸਥਾਨ ਉਪਲਹੇੜੀ ਵਿਖੇ ਮਹਾਂਪੁਰਖਾਂ ਨੂੰ ਜਥੇ ਦੇ ਸਮੇਤ ਲੈ ਕੇ ਗਏ। ਉਪਲਹੇੜੀ ਕਥਾ ਕਰਨ ਤੋਂ ਬਾਅਦ ਨੌਵੇਂ ਪਾਤਸ਼ਾਹ ਅਤੇ ਦਸਵੇਂ ਪਾਤਸ਼ਾਹ ਦੇ ਪਵਿੱਤਰ ਅਸਥਾਨਾਂ ਤੇ ਪਿੰਡ ਉਗਾਣੀ ਸਾਹਿਬ ਗਏ। ਇਸ ਅਸਥਾਨ ਨੂੰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਪਾਤਿਸ਼ਾਹੀ ਨੌਵੀਂ ਅਤੇ ਪਾਤਿਸ਼ਾਹੀ ਦਸਵੀਂ ਦੀ ਪਵਿੱਤਰ ਯਾਦ ਵਿੱਚ ਮਹਾਰਾਜਾ ਕਰਮ ਸਿੰਘ ਪਟਿਆਲੇ ਵਾਲਿਆਂ ਨੇ ਬਹੁਤ ਸੁੰਦਰ ਥੜ੍ਹੇ ਬਣਵਾ ਕੇ ਉਨ੍ਹਾਂ ਦੋਨ੍ਹਾਂ ਥੜ੍ਹਿਆਂ ਉਪਰ ਵੱਖੋ ਵੱਖਰੇ ਬਹੁਤ ਸੁੰਦਰ ਬੁੰਗੇ ਉਸਾਰੇ ਸਨ। ਇਨ੍ਹਾਂ ਥੜ੍ਹਿਆਂ ਉਪਰ ਸ਼ਸਤ੍ਰ ਸਜਾਏ ਹੋਏ ਸਨ। ਨਮਸਕਾਰ ਕਰਨ ਉਪਰੰਤ ਮਹਾਂਪੁਰਖ ਬੈਠ ਕੇ ਬਚਨ ਕਰਨ ਲੱਗੇ ਕਿ ਰਾਗੀ ਸਿੰਘ ਜੀ ਸਾਡਾ ਸਰੀਰ ਛੱਡਣ ਦਾ ਸਮਾਂ ਨੇੜੇ ਆ ਰਿਹਾ ਹੈ। ਸਮਾਂ ਬਹੁਤ ਭਿਆਨਕ ਆ ਰਿਹਾ ਹੈ। ਘਰ ਦਾ ਕੋਈ ਜੀਅ ਸਵੇਰੇ ਘਰੋਂ ਬਾਹਰ ਜਾਵੇਗਾ ਜਦੋਂ ਤੀਕ ਉਹ ਸ਼ਾਮ ਨੂੰ ਘਰ ਵਾਪਸ ਨਹੀਂ ਪਹੁੰਚ ਜਾਂਦਾ, ਉਦੋਂ ਤੀਕ ਪਰਿਵਾਰ ਨੂੰ ਬਹੁਤ ਫਿਕਰ ਰਿਹਾ ਕਰੇਗਾ। ਗੁਰੂ ਅਸਥਾਨਾਂ ਦੀ ਬਹੁਤ ਬੇਅਦਬੀ ਹੋਵੇਗੀ। ਅਜਿਹੇ ਭਿਆਨਕ ਸਮੇਂ ਅੰਦਰ ਸਰਬੱਤ ਦੇ ਭਲੇ ਵਾਸਤੇ ਪਵਿੱਤਰ ਬਾਣੀ ਦੇ ਪ੍ਰਵਾਹ ਚੱਲਦੇ ਰਹਿਣੇ ਚਾਹੀਦੇ ਹਨ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਜੋ ਸਭ ਤੋਂ ਉਤਮ ਹੈ ਇਹ ਵੀ ਚਲਦੀ ਰਹਿਣੀ ਚਾਹੀਦੀ ਹੈ। ਉਸ ਸਮੇਂ ਆਪ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਜਿਵੇਂ ਆਪ ਜੀ ਦੀ ਆਗਿਆ ਹੈ ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਤੁਸੀਂ ਕਿਸੇ ਨਿਵੇਕਲੀ ਥਾਂ ਤੇ ਰਹਿ ਕੇ ਆਪ ਬਾਣੀ ਦਾ ਨਿਸ਼ਕਾਮ ਪ੍ਰਵਾਹ ਚਲਾਓ ਅਤੇ ਸਿੰਘਾਂ ਨੂੰ ਵਿੱਦਿਆ ਪੜਾਓ। ਆਪ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ

ਕਿ ਮਹਾਰਾਜ ਜੀ ਮੈਂ ਘਰੋਂ ਆਪ ਜੀ ਦੀ ਸੰਗਤ ਕਰਨ ਲਈ ਆਇਆ ਸਾਂ। ਆਪ ਜੀ ਦੇ ਨਾਲ ਰਹਿ ਕੇ ਇਹ ਸਾਰੇ ਕਾਰਜ ਸੁਤੇ ਹੀ ਹੋ ਰਹੇ ਹਨ। ਅੱਗੋਂ ਜਿਵੇਂ ਆਪ ਜੀ ਦਾ ਹੁਕਮ ਹੋਵੇ। ਮਹਾਂਪੁਰਖਾਂ ਨੇ ਆਪ ਜੀ ਦੇ ਪਰਥਾਇ ਬਚਨ ਕੀਤੇ ਕਿ ਸੰਤ ਮਹਾਰਾਜ ਨੇ ਵੀ ਆਪਣੇ ਹੁੰਦਿਆਂ ਕਈ ਥਾਈਂ ਗੁਰਮਤਿ ਪ੍ਰਚਾਰ ਵਿੱਚ ਵਾਧਾ ਕਰਨ ਲਈ ਸਿੰਘਾਂ ਦੀ ਸੇਵਾ ਲਾਈ ਸੀ। ਮਹਾਂਪੁਰਖਾਂ ਪਾਸੋਂ ਇਹ ਬਚਨ ਸੁਣ ਕੇ ਆਪ ਜੀ ਅਨੰਦ ਵਿੱਚ ਹੋ ਗਏ।

## ਉਪਲਹੇੜੀ ਵਿਖੇ ਗੁਰਮਤਿ ਪ੍ਰਚਾਰ

*ਆਪ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ॥ ਐਸਾ ਸਤਿਗੁਰੁ ਸੋਈ ਪਾਏ ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ॥*
*ਆਦਿ ੫੧੩*

ਦਮਦਮੀ ਟਕਸਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਮਹਾਂਪੁਰਖਾਂ ਨੇ ਆਪਣੇ ਪਿਤਾ ਜੀ ਪਾਸੋਂ ਪੰਜ ਗ੍ਰੰਥੀ ਅਤੇ ਗੁਰ ਇਤਿਹਾਸ ਦੀਆਂ ਬਹੁਤ ਸਾਰੀਆਂ ਸਾਖੀਆਂ ਯਾਦ ਕਰ ਲਈਆਂ ਸਨ। ਕੀਰਤਨ ਭਾਈ ਬਲਕਾਰ ਸਿੰਘ ਨਿਹੰਗ ਸਿੰਘ ਗ੍ਰੰਥੀ ਪਾਸੋਂ ਬਚਪਨ ਵਿੱਚ ਗਾਵਾਂ ਮੱਝਾਂ ਚਾਰਦੇ ਸਮੇਂ ਸਿੱਖ ਲਿਆ ਸੀ। ਉਨ੍ਹੀਂ ਦਿਨੀਂ ਮਹਾਂਪੁਰਖਾਂ ਨੇ ਗੁਰਬਾਣੀ ਦਾ ਬਹੁਤ ਅਭਿਆਸ ਕਰ ਲਿਆ ਸੀ ਜਿਸ ਕਰਕੇ ਘਰੋਂ ਕਿਸੇ ਪੂਰਨ ਪੁਰਖ ਦੀ ਭਾਲ ਵਿੱਚ ਚਾਲੇ ਪਾਏ ਸਨ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਸੱਚਖੰਡ ਵਾਸੀ ਪੂਰਨ ਬ੍ਰਹਮ ਗਿਆਨੀ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿਡਰਾਂ ਵਾਲਿਆਂ ਦੀ ਸੇਵਾ ਵਿੱਚ ਹਾਜਰ ਹੋ ਗਏ। ਆਪ ਜੀ ਨੇ ਆਤਮ ਅਭਿਆਸ ਲਈ ਆਸਰਾ ਉਨ੍ਹਾਂ ਮਹਾਂਪੁਰਖਾਂ ਪਾਸੋਂ ਲਿਆ। ਗੁਰੂ ਸਾਹਿਬ ਦੀ ਕਿਰਪਾ ਨਾਲ ਹਉਮੈ ਦਾ ਨਾਸ ਹੋਣ ਉਪਰੰਤ ਅੱਠੇ ਪਹਿਰ ਨਾਮ ਦੇ ਆਸਰੇ ਰਹਿਣ ਲੱਗ ਪਏ। ਬਸ ਫੇਰ ਕੀ ਸੀ:-

*ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥*
*ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥*
*ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ॥*
*ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ॥*
*ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥*
*ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥ ਆਦਿ ੩੧੨*

ਭਾਵੇਂ ਮਹਾਂਪੁਰਖ ਬਚਪਨ ਤੋਂ ਹੀ ਸੇਵਾ ਸਿਮਰਨ ਵਿੱਚ ਡਟੇ ਰਹਿੰਦੇ ਸਨ ਪਰ ਉਨ੍ਹਾਂ ਨੇ ਇਸ ਘਾਲਣਾ ਦਾ ਕਦੇ ਵੀ ਦਾਅਵਾ ਨਹੀਂ ਕੀਤਾ। ਅਖੀਰ ਤੱਕ ਇਹੋ ਕਹਿੰਦੇ ਰਹੇ:-

***ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥ ਆਦਿ ੨੭੨***

ਆਪ ਜੀ ਨੇ ਤਕਰੀਬਨ 35 ਸਾਲ ਟਕਸਾਲ ਵਿਚ ਰਹਿ ਕੇ ਮਹਾਂਪੁਰਖਾਂ ਦੇ ਬਚਨ ਅਨੁਸਾਰ ਸੇਵਾ ਨਿਭਾ ਕੇ ਸਤਿਗੁਰਾਂ ਪਾਸੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਫੇਰ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਆਪ ਜੀ ਨੇ ਆਪਣੇ ਜਨਮ ਨਗਰ ਉਪਲਹੇੜੀ ਵਿਖੇ ਆਸਣ ਲਾ ਲਏ। ਕਥਾ ਕੀਰਤਨ ਅਤੇ ਸਿੰਘਾਂ ਨੂੰ ਵਿੱਦਿਆ ਪੜਾਉਣ ਦੇ ਨਾਲ ਨਾਲ ਸਰਬੱਤ ਦੇ ਭਲੇ ਵਾਸਤੇ ਸਹਿਜ ਪਾਠਾਂ ਦੀ ਲੜੀ ਵੀ ਅਰੰਭ ਕਰ ਦਿਤੀ। ਆਪ ਜੀ ਹਰੇਕ ਸੰਗਰਾਂਦ, ਗੁਰਪੁਰਬਾਂ ਅਤੇ ਸ਼ਹੀਦੀ ਦਿਹਾੜਿਆਂ ਨੂੰ ਸਹਿਜ ਪਾਠਾਂ ਦੇ ਭੋਗ ਪਾਉਂਦੇ ਰਹੇ। ਅਖੀਰਲਿਆਂ ਵਰ੍ਹਿਆਂ ਵਿੱਚ ਮਹਾਂਪੁਰਖ ਸਾਲ ਦੇ ਸਾਲ ਤਕਰੀਬਨ 52 ਸਹਿਜ ਪਾਠਾਂ ਦੇ ਭੋਗ ਪਾ ਦਿਆ ਕਰਦੇ। ਇਸ ਤੋਂ ਇਲਾਵਾ ਨਿਤਨੇਮ ਦੀਆਂ ਸੱਤ ਬਾਣੀਆਂ, ਸੁਖਮਨੀ ਸਾਹਿਬ, ਆਸਾ ਜੀ ਦੀ ਵਾਰ, ਗੁਰਮੰਤਰ ਅਤੇ ਮੂਲਮੰਤਰ ਦਾ ਜਾਪ ਕਰਦੇ। ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ, ਗੁਰ ਇਤਿਹਾਸ ਦੀ ਕਥਾ ਅਤੇ ਕੀਰਤਨ ਸਿਖਾਉਣ ਦੀ ਸੇਵਾ ਨਿਭਾਂਉਂਦੇ ਰਹੇ। ਗੁਰੂ ਮਹਾਰਾਜ ਦੀ ਕਿਰਪਾ ਦਾ ਸਦਕਾ ਸਹਿਜ ਪਾਠਾਂ ਦੀ ਸੇਵਾ ਦੀ ਲੜੀ ਅਤੇ ਗੁਰਮਤਿ ਪ੍ਰਚਾਰ ਵਿੱਚ ਸਾਰੀ ਉਮਰ ਵਿਘਨ ਨਹੀਂ ਪਿਆ।

## ਉਪਲਹੇੜੀ ਵਾਲੇ ਵਿਦਿਆਰਥੀਆਂ ਦਾ ਵੇਰਵਾ

ਮਹਾਂਪੁਰਖਾਂ ਨੇ ਨਗਰ ਉਪਲਹੇੜੀ ਵਿਖੇ ਜਿਨਾਂ ਸਿੰਘ ਸਿੰਘਣੀਆਂ ਨੂੰ ਗੁਰਮਤਿ ਦੀ ਵਿਦਿਆ ਪੜ੍ਹਾਈ। ਉਨ੍ਹਾਂ ਦੇ ਨਾਮ ਹੇਠਾਂ ਦਿੱਤੇ ਜਾ ਰਹੇ ਹਨ। ਇਹ ਸਾਰੇ ਸਿੰਘ ਉਪਜੀਵਕਾ ਵਾਸਤੇ ਆਪਣੇ ਆਪਣੇ ਕੰਮ ਕਰਦੇ ਹਨ:

ਗਿਆਨੀ ਪਾਲ ਸਿੰਘ ਜੀ ਪਟਿਆਲਾ, ਭਾਈ ਅਵਤਾਰ ਸਿੰਘ ਜੀ ਕੰਵਰਪੁਰ, ਭਾਈ ਅਵਤਾਰ ਸਿੰਘ ਜੀ ਰਾਜਪੁਰਾ, ਰਾਗੀ ਹਰਦਮ ਸਿੰਘ, ਭਾਈ ਜੀਤ ਸਿੰਘ, ਰਾਗੀ ਦਿਲਬਾਗ ਸਿੰਘ, ਸੂਬੇਦਾਰ ਜਸਵੰਤ ਸਿੰਘ ਜੀ ਰਾਗੀ, ਭਾਈ ਬਲਵੀਰ ਸਿੰਘ ਬਨਵੈਤ, ਭਾਈ ਬਲਵੀਰ ਸਿੰਘ ਮੁੰਡੜੇ, ਭਾਈ ਜਸਵੀਰ ਸਿੰਘ ਜੀ ਚੰਦਨ, ਭਾਈ ਮਹਿੰਦਰ ਸਿੰਘ, ਭਾਈ ਬਲਦੇਵ ਸਿੰਘ, ਭਾਈ ਬਹਾਦੁਰ ਸਿੰਘ, ਭਾਈ ਹਾਕਮ ਸਿੰਘ, ਭਾਈ ਮਨਿੰਦਰ ਸਿੰਘ, ਭਾਈ ਮਨਜਿੰਦਰ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਗਗਨਦੀਪ ਸਿੰਘ, ਭਾਈ ਮਨਪ੍ਰੀਤ ਸਿੰਘ, ਬੀਬੀ ਮਨਜੀਤ ਕੌਰ, ਬੀਬੀ ਹਰਵਿੰਦਰ ਕੌਰ, ਬੀਬੀ ਪਰਮਵੀਰ ਕੌਰ, ਬੀਬੀ ਗੁਰਦੀਪ ਕੌਰ ਪੁੱਤਰੀ ਸ. ਹਰਦਮ ਸਿੰਘ, ਬੀਬੀ ਪਰਮਜੀਤ ਕੌਰ, ਬੀਬੀ ਕੁਲਦੀਪ ਕੌਰ ਪੁੱਤਰੀ ਸ. ਹਰਦਮ ਸਿੰਘ, ਬੀਬੀ ਦਲਜੀਤ ਕੌਰ, ਬੀਬੀ ਬਲਜੀਤ ਕੌਰ, ਬੀਬੀ ਗੁਰਦੀਪ ਕੌਰ ਰਾਣੀ ਪੁੱਤਰੀ ਸ. ਬਲਦੇਵ ਸਿੰਘ, ਬੀਬੀ ਕਲਦੀਪ ਕੌਰ, ਸੁਖਵਿੰਦਰ ਕੌਰ, ਬੀਬੀ ਮਹਿੰਦਰ ਕੌਰ ਸ਼ਾਮਦੋ, ਬੀਬੀ ਕਿਰਪਾਲ ਕੌਰ, ਬੀਬੀ ਨਿਰੰਜਨ ਕੌਰ, ਬੀਬੀ ਜਸਵੰਤ ਕੌਰ,

ਗੁਰਦੀਪ ਕੌਰ ਅਤੇ ਬੀਬੀ ਤੇਜ ਕੌਰ।

ਇਨ੍ਹਾਂ ਦਿਨਾਂ ਵਿੱਚ ਉਪਲਹੇੜੀ ਨਗਰ ਅਤੇ ਨਾਲ ਲਗਦੇ ਨਗਰਾਂ ਦੀਆਂ ਸਾਰੀਆਂ ਜਾਤਾਂ ਦੇ ਬੱਚੇ ਸੰਸਾਰੀ ਵਿੱਦਿਆ ਪੜ੍ਹਨ ਜਾਇਆ ਕਰਦੇ ਸਨ। ਇਨ੍ਹਾਂ ਬੱਚਿਆਂ ਨੂੰ ਵੇਖ ਕੇ ਆਪ ਜੀ ਨੂੰ ਆਪਣੇ ਵਿੱਦਿਆ ਦਾਤੇ ਦੇ ਬਚਨ ਯਾਦ ਆਏ ਕਿ ਸੰਸਾਰੀ ਵਿੱਦਿਆ ਵਿਅਕਤੀ ਨੂੰ ਉਪਰੋਂ ਉਪਰੋਂ ਚਮਕਾਉਂਦੀ ਹੈ। ਆਪੇ ਦੀ ਸੋਝੀ ਗੁਰਮਤਿ ਰਾਹੀਂ ਹੀ ਹੋ ਸਕਦੀ ਹੈ।

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ਆਦਿ ੬੮੪

ਕੁਝ ਲੋਕਾਂ ਦਾ ਵਿਚਾਰ ਹੈ ਕਿ ਹਰ ਆਦਮੀ ਆਪਣੇ ਆਪ ਦੀ ਸੰਭਾਲ ਕਰੇ। ਉਸ ਦਾ ਜੀਵਨ ਉਸ ਦੇ ਸੁਖ ਲਈ ਹੀ ਹੁੰਦਾ ਹੈ। ਉਸ ਦੀ ਵਿੱਦਿਆ ਉਸ ਦਾ ਧੰਨ ਦੌਲਤ ਹੈ। ਉਸ ਦਾ ਕਾਰ ਵਿਹਾਰ ਕੇਵਲ ਇਸ ਆਦਰਸ਼ ਲਈ ਹੋਣਾ ਚਾਹੀਦਾ ਹੈ ਕਿ ਉਸ ਨੂੰ ਖੁਸ਼ੀ ਹੋਵੇ। ਨਾਮ ਜਪਣਾ ਉਨ੍ਹਾਂ ਲਈ ਰਸਮ ਹੈ। ਦੂਜੇ ਆਦਮੀ ਖੂਹ ਪੈਣ, ਖਾਤੇ ਪੈਣ, ਦੁਖੀ ਹੋਣ ਭਾਵੇਂ ਸੁਖੀ, ਗੁਲਾਮ ਹੋਣ ਭਾਵੇਂ ਅਜਾਦ, ਭੁੱਖੇ ਮਰਨ ਜਾਂ ਰੱਜਣ। ਅਜਿਹੀ ਮੱਤ ਵਾਲੇ ਨੂੰ ਆਪਣੇ ਆਪ ਤੋਂ ਬਿਨਾਂ ਕਿਸੇ ਹੋਰ ਤਾਈਂ ਗਰਜ ਨਹੀਂ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਇਕੱਲਾ ਆਦਮੀ ਦੂਜਿਆਂ ਤੋਂ ਬਿਨਾਂ ਕੋਈ ਹਸਤੀ ਨਹੀਂ ਰੱਖਦਾ। ਹਰ ਇੱਕ ਆਦਮੀ ਦਾ ਕਾਰ ਵਿਹਾਰ ਅਤੇ ਪ੍ਰਯੋਜਨ ਬਸ ਦੂਜਿਆਂ ਦਾ ਭਲਾ ਹੋਣਾ ਚਾਹੀਦਾ ਹੈ। ਉਹ ਦਲੀਲ ਦਿੰਦੇ ਹਨ ਕਿ ਰਸਨਾ, ਕੰਨ ਆਦਿ ਸਰੀਰ ਦੇ ਇੰਦਰੇ ਦੂਜਿਆਂ ਨਾਲ ਵਰਤਣ ਲਈ ਹਨ। ਉਹ ਸਿੱਧ ਕਰਦੇ ਹਨ ਕਿ ਆਦਮੀ ਦਾ ਜੀਵਨ ਉਹ ਹੀ ਅਦਰਸ਼ਕ ਜੀਵਨ ਹੈ ਜੋ ਦੂਜਿਆਂ ਦੇ ਅਰਪਣ ਹੀ ਹੋਵੇ।

ਇਨ੍ਹਾਂ ਦੋਹਾਂ ਵਿਚਾਰਾਂ ਵਿੱਚ ਮਹਾਂਪੁਰਖਾਂ ਨੂੰ ਬਹੁਤ ਵੱਡੀ ਕਮਜੋਰੀ ਦਿਸੀ। ਪਹਿਲੀ ਵਿਚਾਰ ਵਿੱਚ ਤਾਂ ਸਭ ਕੁਝ ਆਪਣੇ ਆਪ ਲਈ ਹੈ ਦੂਜਿਆਂ ਵਾਸਤੇ ਕੋਈ ਥਾਂ ਨਹੀਂ। ਇਹ ਤਾਂ ਸਮਾਜ ਲਈ ਲਾਹਨਤ ਹੈ। ਦੂਜੀ ਵਿਚਾਰ ਵਾਲੇ ਕਹਿੰਦੇ ਹਨ ਕਿ ਸਭ ਕੁਝ ਦੂਜਿਆਂ ਲਈ ਕਰੋ। ਅਸਲ ਵਿੱਚ ਇਹ ਵੇਖਣ ਨੂੰ ਠੀਕ ਜਾਪਦਾ ਹੈ ਪਰ ਸਭ ਕੁਝ ਸਹੀ ਨਹੀਂ ਹੋ ਸਕਦਾ। ਪੁਰਾਣੇ ਸਮੇਂ ਤੋਂ ਲੈ ਕੇ ਅੱਜ ਤੱਕ ਵੇਖੀਏ ਤਾਂ ਉਦੋਂ ਦੇ ਬਾਦਸ਼ਾਹ ਅਤੇ ਅਜੋਕੇ ਨੇਤਾ ਵੇਖਣ ਨੂੰ ਇਸੇ ਪ੍ਰਕਾਰ ਲਗਦੇ ਹਨ। ਔਰੰਗਜੇਬ ਕਹਿੰਦਾ ਸੀ ਕਿ ਮੈਂ ਟੋਪੀਆਂ ਬਣਾ ਕੇ ਵੇਚਦਾ ਹਾਂ ਉਸ ਪੈਸੇ ਨਾਲ ਰੋਟੀ ਖਾਂਦਾ ਹਾਂ। ਮੇਰਾ ਜੀਵਨ ਇਸਲਾਮ ਦੇ ਵਾਧੇ ਲਈ ਹੈ। ਸਗੋਂ ਉਸ ਨੇ ਸਭ ਤੋਂ ਵੱਧ ਜੁਲਮ ਕਮਾਏ। ਇਸ ਤਰ੍ਹਾਂ ਅੱਜ ਦੇ ਨੇਤਾ ਕਹਿੰਦੇ ਹਨ ਕਿ ਅਸੀਂ ਤਾਂ ਤੁਹਾਡੇ ਸੇਵਾਦਾਰ ਹਾਂ। 24 ਘੰਟੇ ਵਿੱਚ ਅਠਾਰਾਂ ਵੀਹ ਘੰਟੇ ਲੋਕਾਂ ਦੀ ਸੇਵਾ ਵਿੱਚ ਰਹਿੰਦੇ ਹਾਂ। ਇਹ ਉਨ੍ਹਾਂ ਦੀ ਸੇਵਾ ਹੈ ਜਾਂ ਵਪਾਰ ਆਪਣੇ ਸਾਹਮਣੇ ਹੈ।

ਇਨ੍ਹਾਂ ਦੋਨਾਂ ਵਿਚਾਰਾਂ ਵਿੱਚ ਘਾਟ ਇਹ ਹੈ ਕਿ ਪ੍ਰੇਮ ਕਿਤੇ ਨਜਰ ਨਹੀਂ ਪੈਂਦਾ। ਪ੍ਰੇਮ ਤੋਂ ਬਗੈਰ ਸੇਵਾ ਨਹੀਂ ਹੋ ਸਕਦੀ। ਪ੍ਰੇਮ ਸੰਤਾਂ ਦੀ ਸੰਗਤ ਵਿੱਚੋਂ ਮਿਲਦਾ ਹੈ। ਪ੍ਰੇਮ ਦੇ ਅੱਖਰੀ ਅਰਥ ਹਨ ਆਪੇ ਤੋਂ ਪਰ੍ਹੇ ਹੋਣਾ। ਆਪੇ ਤੋਂ ਪਰ੍ਹੇ ਹੋਣ ਤੋਂ ਭਾਵ ਹੈ ਕਿ ਮੋਹ ਮਮਤਾ ਦੇ ਜਾਲ ਵਿੱਚੋਂ ਨਿੱਕਲ ਕੇ ਸੇਵਾ ਕਰਨੀ। ਸੋ ਮਹਾਂਪੁਰਖਾਂ ਦਾ ਖਿਆਲ ਸੀ ਕਿ ਸਕੂਲ ਦੀ ਪੜ੍ਹਾਈ ਦੇ ਨਾਲ ਨਾਲ ਗੁਰਮਤਿ ਦੀ ਵਿੱਦਿਆ ਬਹੁਤ ਜਰੂਰੀ ਹੈ। ਗੁਰਮਤਿ ਤੋਂ ਬਗੈਰ ਸਕੂਲ ਵਿੱਚ ਪੜ੍ਹਿਆ ਹੋਇਆ ਬੱਚਾ ਇੰਜੀਨੀਅਰ, ਡਾਕਟਰ, ਕੈਪਟਨ, ਡਿਪਟੀ ਕਮਿਸ਼ਨਰ ਜਾਂ ਸੰਤਰੀ ਤੋਂ ਮੰਤਰੀ ਤੱਕ ਬਣ ਸਕਦਾ ਹੈ। ਉਹ ਆਪਣੇ ਵਾਸਤੇ ਬਣੇਗਾ ਪਰਉਪਕਾਰੀ ਨਹੀਂ ਬਣ ਸਕਦਾ। ਜੇਕਰ ਬਣ ਗਿਆ ਤਾਂ ਸੇਵਕ ਨਹੀਂ ਬਣ ਸਕਦਾ। ਇਸ ਲਈ ਮਹਾਂਪੁਰਖਾਂ ਨੇ ਸੰਸਾਰ ਦੇ ਭਲੇ ਵਾਸਤੇ ਆਪਣੇ ਜਨਮ ਨਗਰ ਉਪਲਹੇੜੀ ਵਿਖੇ ਗੁਰਮਤਿ ਪ੍ਰਚਾਰ ਦੀ ਵਿੱਦਿਆ ਟਕਸਾਲ ਵਿੱਚੋਂ ਆ ਕੇ ਮਹਾਂਪੁਰਖਾਂ ਦੇ ਬਚਨਾਂ ਨਾਲ ਸ਼ੁਰੂ ਕਰ ਦਿੱਤੀ। ਸਾਰੇ ਪਾਸੇ ਖਬਰ ਕਰ ਦਿੱਤੀ ਕਿ ਨੇੜੇ ਤੇੜੇ ਦੇ ਨਗਰਾਂ ਦੇ ਵਿਦਿਆਰਥੀ ਭਾਵੇਂ ਕਿਸੇ ਵੀ ਜਾਤੀ ਨਾਲ ਸਬੰਧ ਰੱਖਦੇ ਹੋਣ ਉਹ ਗੁਰੂ ਘਰ ਆ ਕੇ ਗੁਰਮਤਿ ਦੀ ਵਿੱਦਿਆ ਪੜ੍ਹ ਸਕਦੇ ਹਨ। ਸੋ ਮਹਾਂਪੁਰਖਾਂ ਨੇ ਵਿਦਿਆਰਥੀਆਂ ਨੂੰ ਜਿੱਥੇ ੴ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਵਿੱਦਿਆ ਪੜ੍ਹਾਈ ਉਥੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਵੀ ਸੋਝੀ ਬਖਸ਼ੀ।

ਮਹਾਂਪੁਰਖਾਂ ਦਾ ਆਪਣਾ ਜੀਵਨ ਵਿਦਿਆਰਥੀਆਂ ਵਾਸਤੇ ਮਾਰਗ ਦਰਸ਼ਨ ਹੁੰਦਾ ਸੀ। ਸਵਾ ਪਹਿਰ ਦੇ ਤੜਕੇ ਤੋਂ ਲੈ ਕੇ ਰਾਤ ਦੇ ਸਵਾ ਪਹਿਰ ਤੱਕ ਆਪਣੇ ਵਿਦਿਆਰਥੀਆਂ ਅਤੇ ਗੁਰੂ ਕੀਆਂ ਸੰਗਤਾਂ ਨੂੰ ਪਿਆਰ ਨਾਲ ਉਠਦੇ ਬਹਿੰਦੇ ਨਾਮ ਦੇ ਆਸਰੇ ਭਲੇ ਕਰਮਾਂ ਬਾਰੇ ਸਮਝਾਉਂਦੇ ਹੋਏ ਹਜੂਰ ਦੇ ਬਚਨਾਂ ਨੂੰ ਸਫਲਾ ਕਰਦੇ।

*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥* *ਆਦਿ ੭੬੫*

## ਲੋਗਨ ਸਿਉਂ ਮੇਰਾ ਠਾਠਾਬਾਗਾ

ਰੋਜਾਨਾ ਦੀ ਤਰ੍ਹਾਂ ਮਹਾਂਪੁਰਖ ਸਿੰਘਾਂ ਦੀ ਸੰਥਿਆ ਕਰਵਾ ਰਹੇ ਸਨ। ਇਕੱਲੇ ਇਕੱਲੇ ਸਿੰਘ ਪਾਸੋਂ ਵਾਰੀ ਵਾਰੀ ਮਹਾਂਪੁਰਖ ਪੋਥੀਆਂ ਤੋਂ ਪਾਠ ਸੁਣਿਆ ਕਰਦੇ। ਇਕ ਦਿਨ ਪਿਛਲੇ ਪਹਿਰ ਇਕ ਸਿੰਘ ਮਹਾਂਪੁਰਖਾਂ ਪਾਸੋਂ ਸੰਥਿਆ ਲੈ ਰਿਹਾ ਸੀ। ਉਸ ਦਾ ਉਚਾਰਨ ਸ਼ੁੱਧ ਤੇ ਸਾਫ ਸੀ। ਮਹਾਂਪੁਰਖ ਬਾਣੀ ਸੁਣਦੇ ਹੋਏ ਅਨੰਦ ਲੈ ਰਹੇ ਸਨ ਜਿਥੇ ਕਿਥੇ ਵਿਸ਼ਰਾਮ ਵਿਚ ਫਰਕ ਹੁੰਦਾ ਉਸ ਪੰਕਤੀ ਦੇ ਅਰਥ ਦਸ ਕੇ ਵਿਸ਼ਰਾਮ ਠੀਕ ਕਰਵਾ ਦਿੰਦੇ। ਸੰਥਿਆ ਦੇ ਦੌਰਾਨ ਸੰਗਤ ਬਾਹਰੋਂ ਆ ਕੇ ਬੈਠ ਜਾਂਦੀ। ਇਸ ਸਮੇਂ ਮੋਹਾਲੀ ਵਾਲੇ ਸਰਦਾਰ ਕਰਮ ਸਿੰਘ ਜੀ ਪਰਿਵਾਰ ਸਮੇਤ ਆਏ

ਉਹ ਵੀ ਫਤਿਹ ਬੁਲਾ ਕੇ ਸੰਗਤ ਵਿਚ ਬੈਠ ਗਏ। ਜਦੋਂ ਇਸ ਸਿੰਘ ਦੀ ਸੰਥਿਆ ਦਾ ਸਮਾਂ ਪੂਰਾ ਹੋਇਆ ਤਾਂ ਅਗਲਾ ਸਿੰਘ ਪੋਥੀ ਲੈ ਕੇ ਆ ਗਿਆ। ਉਸ ਵੇਲੇ ਮਹਾਂਪੁਰਖ ਸਰਦਾਰ ਕਰਮ ਸਿੰਘ ਜੀ ਨੂੰ ਕਹਿਣ ਲਗੇ ਆਉ ਗੁਰਮੁਖੋ, ਬੜੀ ਕਿਰਪਾ ਕੀਤੀ, ਦਰਸ਼ਨ ਬਖਸ਼ੇ। ਇਕ ਸਿੰਘ ਨੂੰ ਜਲ ਪਾਣੀ ਤਿਆਰ ਕਰਨ ਵਾਸਤੇ ਆਖਿਆ। ਸਰਦਾਰ ਕਰਮ ਸਿੰਘ ਜੀ ਕਹਿਣ ਲਗੇ ਅਸੀਂ ਤਾਂ ਦਰਸ਼ਨ ਕਰਨ ਆਏ ਹਾਂ ਨਾ ਕਿ ਦਰਸ਼ਨ ਦੇਣ। ਸਾਡੇ ਤੋਂ ਪਹਿਲਾਂ ਸੰਗਤ ਆਪ ਜੀ ਦੇ ਦਰਸ਼ਨਾਂ ਨੂੰ ਆਈ ਬੈਠੀ ਹੈ। ਕਦੇ ਕਦਾਈਂ ਆਪਣੇ ਬਚਨਾਂ ਨਾਲ ਇਨ੍ਹਾਂ ਦੀ ਵੀ ਤ੍ਰਿਪਤੀ ਕਰਵਾ ਦਿਆ ਕਰੋ।

ਮਹਾਂਪੁਰਖ ਹਸ ਕੇ ਕਹਿਣ ਲਗੇ ਕਰਮ ਸਿੰਘਾ ਤੁਹਾਡਾ ਸਤਿਗੁਰਾਂ ਨਾਲ ਅਥਾਹ ਪਿਆਰ ਹੈ। ਇਸ ਕਰਕੇ ਇੰਨੇ ਕੁ ਬਚਨ ਕਰਨ ਦੀ ਆਗਿਆ ਮਿਲ ਗਈ ਹੈ ਤਾਂ ਅਗਲੇ ਸਿੰਘਾਂ ਦੀ ਸੰਥਿਆ ਰੋਕੀ ਹੈ। ਇਹ ਸਿੰਘ ਕਾਲਜ ਤੋਂ ਪੜ੍ਹ ਕੇ ਆਇਆ ਹੈ। ਸੰਥਿਆ ਲੈ ਕੇ ਗਾਵਾਂ ਮੱਝਾਂ ਲਈ ਖੇਤਾਂ ਵਿਚੋਂ ਪੱਠੇ ਲੈ ਕੇ ਆਵੇਗਾ। ਰਾਤ ਨੂੰ ਦੁੱਧ ਗੁਰੂ ਘਰ ਪਹੁੰਚਾ ਕੇ ਰਹਿਰਾਸ ਸਾਹਿਬ ਤੋਂ ਉਪਰੰਤ ਗੁਰੂ ਘਰ ਦੀ ਸੇਵਾ ਕਰੇਗਾ। ਇਸ ਦੀ ਇਹ ਰੋਜਾਨਾ ਡਿਊਟੀ ਹੈ। ਇਸ ਤਰ੍ਹਾਂ ਪੜ੍ਹ ਲਿਖ ਕੇ ਇਨ੍ਹਾਂ ਨੇ ਕੋਈ ਸਰਕਾਰੀ ਡਿਊਟੀ ਕਰਨੀ ਹੈ। ਫੇਰ ਵਿਆਹ ਕਰਵਾ ਕੇ ਪਰਿਵਾਰ ਦੀ ਵੀ ਸੇਵਾ ਕਰਨੀ ਹੈ। ਜੇਕਰ ਹੁਣ ਇਨ੍ਹਾਂ ਦੀ ਕਚਿਆਈ ਰਹਿ ਗਈ ਤਾਂ ਇਹ ਸਾਰੀ ਉਮਰ ਦਰ ਦਰ ਭਟਕਦੇ ਫਿਰਨਗੇ।

ਅਜੇ ਮੇਰਾ ਆਪਣਾ ਭਾਂਡਾ ਵੀ ਖਾਲੀ ਪਿਆ ਹੈ। ਭੁੱਖਾ ਆਪਣੀ ਭੁੱਖ ਮਿਟਾਵੇ ਕਿ ਦੂਜਿਆਂ ਦੀ ਭੁੱਖ ਦੂਰ ਕਰੇ। ਪਰਮੇਸ਼ਰ ਤੋਂ ਹਰ ਵੇਲੇ ਡਰ ਲਗਦਾ ਰਹਿੰਦਾ ਹੈ।

***ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥***
***ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ ਆਦਿ ੧੩੭੯***
***ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥ ਆਦਿ ੭੨੪***

ਸਾਡੇ ਪਾਸ ਅਜੇ ਆਪਣੇ ਖਰਚ ਜੋਗੀ ਰਾਸ਼ੀ ਵੀ ਜਮਾਂ ਨਹੀਂ ਹੋਈ। ਬੜੀ ਭੁੱਖ ਲੱਗੀ ਹੋਣ ਕਰਕੇ ਤ੍ਰਿਪਤੀ ਨਹੀਂ ਹੋ ਰਹੀ। ਸਰਦਾਰ ਕਰਮ ਸਿੰਘ ਜੀ ਦੇ ਘਰੋਂ ਬੀਬੀ ਜੀ ਕਹਿਣ ਲੱਗੇ ਕਿ ਮਹਾਂਪੁਰਖਾਂ ਦਾ ਬਹੁਤ ਸਾਰਾ ਸਮਾਂ ਸੰਥਿਆ ਵਿਚ ਹੀ ਲੰਘ ਜਾਂਦਾ ਹੈ ਜਿਸ ਕਰਕੇ ਸੰਗਤਾਂ ਦਾ ਦੁਖ ਸੁਖ ਸਾਝਾਂ ਹੋਣਾ ਰਹਿ ਜਾਂਦਾ ਹੈ। ਸਰਦਾਰ ਕਰਮ ਸਿੰਘ ਜੀ ਨਾਲ ਹੀ ਕਹਿਣ ਲਗੇ ਕਿ ਮਹਾਂਪੁਰਖੋ ਸਿੰਘਾਂ ਦੀ ਸੰਥਿਆ ਅਤੇ ਸੰਗਤਾਂ ਦੇ ਮੇਲ ਮਿਲਾਪ ਵਿਚ ਕੀ ਫਰਕ ਹੈ। ਮਹਾਂਪੁਰਖ ਕਹਿਣ ਲਗੇ ਕਿ ਗੁਰਬਾਣੀ ਦੀ ਸੰਥਿਆ ਦੇ ਆਸਰੇ ਅਸੀਂ ਤੁਰਨ ਫਿਰਨ ਜੋਗੇ ਹੋ ਜਾਂਦੇ ਹਾਂ। ਸੰਥਿਆ ਵਾਲੇ ਪ੍ਰੇਮੀਆਂ ਦੇ ਮਨਾਂ ਵਿਚ ਇਹ ਇੱਛਾ ਹੁੰਦੀ ਹੈ ਕਿ ਸੰਥਿਆ ਸਮੇਂ ਗੁਰੂ

ਕੇ ਖਜਾਨੇ ਵਿਚੋਂ ਸਾਨੂੰ ਉਹ ਰੱਬੀ ਗਿਆਨ ਮਿਲੇਗਾ ਜਿਹੜਾ ਕਿਸੇ ਹੋਰ ਪਾਸੋਂ ਕਦੇ ਨਹੀਂ ਮਿਲ ਸਕੇਗਾ। ਬਾਕੀ ਜਿਹੜੇ ਆਮ ਲੋਕ ਆਉਂਦੇ ਹਨ ਉਨ੍ਹਾਂ ਦੀ ਇੱਛਾ ਹੁੰਦੀ ਹੈ ਕਿ ਸੰਤ ਮਹਾਂਪੁਰਖ ਸਾਡੇ ਇਸ਼ਾਰੇ ਤੇ ਚੱਲਣ। ਸਾਡੀਆਂ ਇਛਾਵਾਂ ਤੁਰੰਤ ਪੂਰੀਆਂ ਕਰ ਦੇਣ ਕਿਉਂਕਿ ਮਹਾਂਪੁਰਖ ਸਾਡਾ ਅੰਨ ਪਾਣੀ ਖਾਂਦੇ ਹਨ ਉਨ੍ਹਾਂ ਨੂੰ ਇਹ ਨਿਸ਼ਚਾ ਨਹੀਂ ਹੁੰਦਾ ਕਿ:-

*ਸਰਬ ਜੀਆ ਕਉ ਦੇਵਣਹਾਰਾ॥*
*ਗੁਰਪਰਸਾਦੀ ਨਦਰਿ ਨਿਹਾਰਾ॥* *ਆਦਿ ੧੦੬*
*ਜਿਨ ਜੀਉ ਦੀਆ ਸੁ ਰਿਜਕੁ ਅੰਬਰਾਵੈ॥*
*ਸਭ ਘਟ ਭੀਤਰਿ ਹਾਟੁ ਚਲਾਵੈ॥* *ਆਦਿ ੭੯੪*

ਅਜਿਹੇ ਲੋਕ ਪਰਮੇਸਰ ਦਾ ਹੁਕਮ ਨਹੀਂ ਮੰਨਦੇ। ਪੱਕੀ ਪਕਾਈ ਭਾਲਦੇ ਹਨ। ਸਰਦਾਰ ਕਰਮ ਸਿੰਘ ਜੀ ਕਹਿਣ ਲਗੇ ਫੇਰ ਆਪ ਜੀ ਕਿਵੇਂ ਰਹਿੰਦੇ ਹੋ। ਮਹਾਂਪੁਰਖ ਕਹਿਣ ਲਗੇ ਭਾਈ ਸਾਨੂੰ ਤਾਂ ਗੁਰਬਾਣੀ ਦੀ ਸੰਥਿਆ ਵਿਚੋਂ ਇਹ ਪਤਾ ਲਗਿਆ ਹੈ ਕਿ ਅਸੀਂ ਤਾਂ ਝਮੇਲਿਆਂ ਵਿਚ ਉਲਝੇ ਰਹਿਣ ਕਰਕੇ ਤ੍ਰਿਪਤ ਨਹੀਂ ਹੋਏ ਭੁੱਖੇ ਰਹਿੰਦੇ ਹਾਂ। ਪਰ ਜਿਹੜੇ ਮਹਾਤਮਾ ਹਨ ਉਹ ਤਾਂ ਐਵੇਂ ਰਹਿੰਦੇ ਹਨ।

*ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾਬਾਗਾ॥*
*ਬਾਹਰਿ ਸੂਤੁ ਸਗਲ ਸਿਉ ਮਉਲਾ॥*
*ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥੧॥ ਰਹਾਉ॥*
*ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥*
*ਦੀਸਿ ਆਵਤ ਹੈ ਬਹੁਤੁ ਭੀਹਾਲਾ॥ ਸਗਲ ਚਰਨ ਕੀ ਇਹੁ ਮਨੁ ਰਾਲਾ॥*
*ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥*
*ਆਦਿ ੩੮੪*

ਇਹ ਸਬਦ ਸੁਣ ਕੇ ਸਰਦਾਰ ਕਰਮ ਸਿੰਘ ਆਪਣੀ ਘਰਵਾਲੀ ਨੂੰ ਕਹਿਣ ਲਗੇ ਕਿ

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥* *ਆਦਿ ੧੩੮੪*
*ਜਿਨ ਹਰਿ ਪਾਇਓ ਤਿਨਹਿ ਛਪਾਇਓ॥* *ਆਦਿ ੭੧੮*

ਸਤਿਗੁਰਾਂ ਦੇ ਮਹਾਂਵਾਕਾਂ ਅਨੁਸਾਰ ਮਹਾਂਪੁਰਖ ਆਪਣਾ ਆਪ ਛੁਪਾ ਕੇ ਰਹਿੰਦੇ ਹਨ। ਸਰਦਾਰ ਕਰਮ ਸਿੰਘ ਜੀ ਪਰਿਵਾਰ ਸਮੇਤ ਜਲ ਪਾਣੀ ਛਕ ਕੇ ਅਤੇ ਆਤਮਿਕ ਖੁਰਾਕ ਛਕ ਕੇ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਮੋਹਾਲੀ ਨੂੰ ਚਲੇ ਗਏ।

## ਬਾਰ੍ਹਵੇਂ ਮੁਖੀ ਦਾ ਸੱਚਖੰਡ ਗਮਨ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ 28 ਜੂਨ 1969

ਦਿਨ ਵੀਰਵਾਰ ਅੰਮ੍ਰਿਤ ਵੇਲੇ 2 ਵੱਜ ਕੇ 10 ਮਿੰਟ ਤੇ ਬਾਬਾ ਭਾਨ ਸਿੰਘ ਜੀ ਦੇ ਗ੍ਰਹਿ ਪਿੰਡ ਮਹਿਤਾ ਜਿਲ੍ਹਾ ਅੰਮ੍ਰਿਤਸਰ ਵਿਖੇ ਸੱਚਖੰਡ ਜਾ ਬਿਰਾਜੇ। ਮਹਾਂਪੁਰਖਾਂ ਦੇ ਦੁਸਹਿਰੇ ਵਾਲੇ ਦਿਨ ਭਿੰਡਰ ਕਲਾਂ ਤੋਂ ਟਰੱਕਾਂ ਰਾਹੀਂ ਮਹਿਤੇ ਆ ਕੇ 101 ਅਖੰਡ ਪਾਠਾਂ ਦੀ ਲੜੀ ਅਰੰਭ ਕੀਤੀ ਗਈ। ਭੋਗ ਵਾਲੇ ਦਿਨ ਲੱਖਾਂ ਦੇ ਇਕੱਠ ਵਿੱਚ ਮਹਾਂਪੁਰਖਾਂ ਦੀ ਇੱਛਾ ਅਨੁਸਾਰ ਟਕਸਾਲ ਦੇ ਮੁਖੀ ਦੀਆਂ ਦਸਤਾਰਾਂਸਾਰੀਆਂ ਸੰਪ੍ਰਦਾਵਾਂ ਵੱਲੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਦੇ ਸੀਸ ਤੇ ਸਜਾਈਆਂ ਗਈਆਂ। ਇਸ ਤਰ੍ਹਾਂ ਟਕਸਾਲ ਦੇ ਤੇਰ੍ਹਵੇਂ ਮੁਖੀ ਥਾਪੇ ਗਏ।

## ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਕਾਰ ਸੇਵਾ

ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜੀ ਨੇ ਟਕਸਾਲ ਦਾ ਮੁਖੀ ਬਣਨ ਉਪਰੰਤ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਕਾਰ ਸੇਵਾ ਨਗਰ ਮਹਿਤਾ ਜਿਲ੍ਹਾ ਅੰਮ੍ਰਿਤਸਰ ਵਿਖੇ ਅਰੰਭ ਕੀਤੀ। ਇਸ ਜਗ੍ਹਾ ਤੇ ਮਹਾਂਪੁਰਖਾਂ ਨੇ ਸੱਚਖੰਡ ਗਮਨ ਕੀਤਾ। ਜਿੱਥੇ ਮਹਾਂਪੁਰਖਾਂ ਦਾ ਪਲੰਘ ਸੀ ਉੱਥੇ ਥੜ੍ਹਾ ਬਣਾ ਕੇ ਭੋਰਾ ਸਾਹਿਬ ਤਿਆਰ ਕੀਤਾ। ਉਸ ਦੇ ਉਪਰ ਦਰਬਾਰ ਸਾਹਿਬ ਬਣਾਇਆ। ਇਸ ਅਸਥਾਨ ਦੀ ਕਾਰ ਸੇਵਾ ਵਿੱਚ ਟਕਸਾਲ ਦੇ ਸਾਰੇ ਮਹਾਂਪੁਰਖਾਂ ਨੇ ਅਤੇ ਵਿਦਿਆਰਥੀਆਂ ਨੇ ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਮਾਇਆ ਸਫਲੀ ਕੀਤੀ। ਨਗਰ ਉਪਲਹੇੜੀ ਤੋਂ ਜਦੋਂ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਸਿੰਘਾਂ ਦੇ ਸਮੇਤ ਜਾਂਦੇ ਤਾਂ ਆਪ ਸਿੰਘਾਂ ਦੇ ਸਮੇਤ ਕਾਰ ਸੇਵਾ ਵਿੱਚ ਹਿੱਸਾ ਪਾਉਂਦੇ। ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜਦੋਂ ਸ਼ਾਮ ਨੂੰ ਗੁਰਮਤਿ ਪ੍ਰਚਾਰ ਤੋਂ ਵਾਪਸ ਇਸ ਅਸਥਾਨ ਤੇ ਪਹੁੰਚਦੇ ਤਾਂ ਸਾਨੂੰ ਸਾਰਿਆਂ ਨੂੰ ਮਹਾਂਪੁਰਖ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਦੀ ਕਾਰ ਸੇਵਾ ਸਮੇਂ ਇੱਟਾਂ ਦੀ ਢੁਆਈ ਕਰਦੇ ਅਤੇ ਦੀਵਾਰਾਂ ਤੇ ਪਾਣੀ ਦਾ ਛਿੜਕਾਅ ਕਰਦੇ ਸਮੇਂ ਵੇਖਦੇ ਤਾਂ ਬਹੁਤ ਖੁਸ਼ ਹੁੰਦੇ। ਲੰਗਰ ਵਰਤਾਉਂਦੇ ਸਮੇਂ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸਾਨੂੰ ਦੇਸੀ ਘੀ ਦੀ ਕੜਛੀ ਕੜਛੀ ਗਰਮ-ਗਰਮ ਦਾਲ ਵਿਚ ਪਾਉਂਦੇ। ਉਹ ਨਜਾਰਾ ਵੱਖਰਾ ਹੀ ਸੀ।

## ਸੂਰਜਪੁਰ ਵਿਖੇ ਗੁਰਮਤਿ ਪ੍ਰਚਾਰ

ਸਰਦਾਰ ਨਾਨਕ ਸਿੰਘ ਉਨ੍ਹਾਂ ਦਿਨਾਂ ਵਿੱਚ ਭੁਪਿੰਦਰਾ ਸੀਮਿੰਟ ਵਰਕਸ ਵਿੱਚ ਸਰਵਿਸ ਕਰਦੇ ਸਨ। ਇਨ੍ਹਾਂ ਨੂੰ ਫੈਕਟਰੀ ਵੱਲੋਂ ਰਿਹਾਇਸ਼ ਮਿਲੀ ਹੋਈ ਸੀ। ਇਨ੍ਹਾਂ ਦੀ ਘਰ ਵਾਲੀ ਵੀ ਸ਼ਰਧਾ ਭਾਵਨਾ ਵਾਲੀ ਸੀ। ਇਸੇ ਫੈਕਟਰੀ ਵਿੱਚ ਸਰਦਾਰ

ਬਚਨ ਸਿੰਘ ਉਕਸੀ ਵੀ ਸੇਵਾ ਨਿਭਾਉਂਦੇ ਸਨ। ਇਨ੍ਹਾਂ ਦੇ ਘਰੋਂ ਬੀਬੀ ਇੰਦਰ ਕੌਰ ਸਨ ਅਤੇ ਨੂੰਹ ਬੀਬੀ ਮਨਿੰਦਰ ਕੌਰ ਸਨ। ਇਨ੍ਹਾਂ ਸਾਰਿਆਂ ਨੇ ਗੁਰਮਤਿ ਪ੍ਰਚਾਰ ਵਿਚ ਨਿੱਗਰ ਸੇਵਾ ਕੀਤੀ। ਸੂਰਜਪੁਰ ਪਹਾੜੀ ਇਲਾਕੇ ਵਿੱਚ ਪੈਂਦਾ ਹੈ। ਪੰਜਾਬ ਵਿੱਚ ਬਰਸਾਤ ਦੇ ਦਿਨਾਂ ਵਿੱਚ ਮੱਛਰ ਬਹੁਤ ਹੁੰਦਾ ਹੈ। ਮਹਾਂਪੁਰਖ ਹਰ ਸਾਲ ਇਨ੍ਹਾਂ ਦੇ ਪਿਆਰ ਅਤੇ ਸੇਵਾ ਨੂੰ ਅੰਗੀਕਾਰ ਕਰਦੇ ਹੋਏ ਬਰਸਾਤ ਦੇ ਦਿਨਾਂ ਵਿੱਚ ਉਥੇ ਰਿਹਾਇਸ਼ ਰੱਖ ਲੈਂਦੇ। ਹੋਰ ਵੀ ਬਹੁਤ ਸਾਰੇ ਗੁਰੂ ਘਰ ਦੇ ਪ੍ਰੇਮੀ ਇਨ੍ਹਾਂ ਦੇ ਨਾਲ ਕਲੋਨੀ ਵਿੱਚ ਰਹਿੰਦੇ ਸਨ। ਇਨ੍ਹਾਂ ਸਾਰੇ ਪਰਿਵਾਰਾਂ ਨੇ ਮਹਾਂਪੁਰਖਾਂ ਦੀ ਸੰਗਤ ਦਾ ਅਨੰਦ ਮਾਣਿਆ। ਮਹਾਂਪੁਰਖ ਆਪ ਵੀ ਨਿਤਨੇਮ ਤੋਂ ਇਲਾਵਾ ਗੁਰੂ ਘਰ ਵਿਖੇ ਕਥਾ ਅਤੇ ਕੀਰਤਨ ਦੀ ਸੇਵਾ ਨਿਭਾਉਂਦੇ। ਸੰਗਤਾਂ ਬਹੁਤ ਲਾਹਾ ਲੈਂਦੀਆਂ। ਮਹਾਂਪੁਰਖ ਹਫਤੇ ਵਿੱਚ ਸਹਿਜ ਪਾਠ ਕਰਕੇ ਅਨੰਦ ਲੈਂਦੇ। ਇਥੇ ਕਈ ਸਿੰਘਾਂ ਨੂੰ ਗੁਰਬਾਣੀ ਦੀ ਸੰਥਿਆ ਕਰਵਾਈ। ਇਥੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂ ਵਾਲੇ ਵੀ ਗੁਰਮਤਿ ਪ੍ਰਚਾਰ ਦਾ ਦੌਰਾ ਰੱਖਦੇ ਰਹੇ।

## ਮਹਾਂਪੁਰਖਾਂ ਦੇ ਬੈਂਕ ਖਾਤਿਆਂ ਬਾਰੇ

ਇਕ ਵਾਰੀ ਸਰਦਾਰ ਹਰਬੰਸ ਸਿੰਘ ਸਪੁੱਤਰ ਸਰਦਾਰ ਬਖਤਾਵਰ ਸਿੰਘ ਜੀ ਕਲਕੱਤੇ ਤੋਂ ਆਏ ਸਨ। ਉਹ ਸਾਨੂੰ ਕਹਿਣ ਲਗੇ ਕਿ ਮੈ ਮਹਾਂਪੁਰਖਾਂ ਨੂੰ ਕੁਝ ਰਕਮ ਭੇਜਣੀ ਹੈ। ਇਸ ਲਈ ਬੈਂਕ ਦਾ ਨਾਮ ਅਤੇ ਖਾਤਾ ਨੰਬਰ ਲਿਖਾਉ। ਅਸੀਂ ਬੇਨਤੀ ਕੀਤੀ ਕਿ ਮਹਾਂਪੁਰਖਾਂ ਨੇ ਕਿਸੇ ਬੈਂਕ ਵਿਚ ਕੋਈ ਖਾਤਾ ਨਹੀਂ ਖੁਲਵਾਇਆ ਹੋਇਆ। ਉਹ ਸਾਡੇ ਕੋਲੋ ਇਹ ਗਲ ਸੁਣ ਕੇ ਬੈਠ ਗਏ। ਜਦੋਂ ਮਹਾਂਪੁਰਖ ਬਾਹਰੋਂ ਆ ਗਏ ਤਾਂ ਇਨ੍ਹਾਂ ਨੇ ਦੱਸਿਆ ਕਿ ਸਿੰਘ ਕਹਿੰਦੇ ਹਨ ਕਿ ਆਪ ਜੀ ਦਾ ਕਿਸੇ ਬੈਂਕ ਵਿਚ ਕੋਈ ਖਾਤਾ ਨਹੀਂ ਹੈ। ਚਲੋ ਮੇਰੀ ਗੱਡੀ ਵਿਚ ਬੈਠੋ ਮੈਂ ਸ਼ਹਿਰ ਲਿਜਾ ਕੇ ਕਿਸੇ ਬੈਂਕ ਵਿਚ ਆਪ ਜੀ ਦਾ ਖਾਤਾ ਖੁਲਵਾ ਦਿੰਦਾ ਹਾਂ। ਮਹਾਂਪੁਰਖ ਕਹਿਣ ਲਗੇ ਕਈ ਬੈਂਕਾਂ ਵਿਚ ਮੇਰੇ ਖਾਤੇ ਹਨ। ਹੁਣ ਨਵਾਂ ਖਾਤਾ ਖੋਲਣ ਦੀ ਲੋੜ ਨਹੀਂ ਹੈ। ਉਹ ਕਹਿਣ ਲਗੇ ਬਾਬਾ ਜੀ ਇਨ੍ਹਾਂ ਖਾਤਿਆਂ ਬਾਰੇ ਕਿਸੇ ਵੀ ਸਿੰਘ ਨੂੰ ਕੋਈ ਜਾਣਕਾਰੀ ਹੀ ਨਹੀਂ ਹੈ। ਮਹਾਂਪੁਰਖ ਕਹਿਣ ਲਗੇ ਨਗਰ ਦੇ ਸਿੰਘਾਂ ਦੇ ਜਿੰਨੇ ਵੀ ਖਾਤੇ ਹਨ ਉਹ ਮੇਰੇ ਹੀ ਹਨ। ਤੁਸੀ ਕਿਸੇ ਵੀ ਖਾਤੇ ਵਿਚ ਪੈਸੇ ਸੇਵਾ ਵਾਸਤੇ ਜਮਾ ਕਰਵਾ ਸਕਦੇ ਹੋ । ਇਹ ਸੁਣ ਕੇ ਸਰਦਾਰ ਹਰਬੰਸ ਸਿੰਘ ਜੀ ਨੇ ਬੇਨਤੀ ਕੀਤੀ ਕਿ ਕਈ ਵਾਰੀ ਕਿਸੇ ਤੇ ਭਰੋਸਾ ਕਰਕੇ ਗੁਰੂ ਘਰ ਦੀ ਰਕਮ ਦਾ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਮਹਾਂਪੁਰਖਾਂ ਨੇ ਆਖਿਆ ਕਿ ਜਿਹੜੇ ਜਿਹੜੇ ਪ੍ਰੇਮੀ ਤੇ ਨੇਮੀ ਗੁਰੂ ਘਰ ਆ ਕੇ ਸੇਵਾ ਅਤੇ ਸਤਿਸੰਗਤ ਕਰਦੇ ਹਨ ਇਹ ਸਾਰੇ ਮਾਇਆ ਪੱਖੋਂ ਤ੍ਰਿਪਤ ਹਨ। ਕੋਈ ਸਿੰਘ ਅਮਾਨਤ ਵਿਚ ਖਿਆਨਤ ਨਹੀ ਕਰ ਸਕਦਾ। ਮਹਾਂਪੁਰਖਾਂ

ਨੂੰ ਇੰਨੀ ਪਰਖ ਸੀ ਕਿ ਅਜ ਇਸ ਗਲ ਨੂੰ ਚਾਲੀ ਸਾਲ ਹੋ ਗਏ ਹਨ ਉਨ੍ਹਾਂ ਸਿੰਘਾਂ ਨੇ ਗੁਰੂ ਘਰ ਦਾ ਇਕ ਨਵਾਂ ਪੈਸਾ ਵੀ ਅੰਗੀਕਾਰ ਨਹੀ ਕੀਤਾ। ਇਹੋ ਜਿਹੇ ਸਨ ਮਹਾਂਪੁਰਖਾਂ ਦੇ ਬੈਕ ਦੇ ਖਾਤੇ।

## ਕੰਵਰਪੁਰ ਦਾ ਸੰਖੇਪ ਇਤਿਹਾਸ

ਸੰਨ 1920 ਦੇ ਨੇੜੇ ਤੇੜੇ ਦੀ ਘਟਨਾ ਹੈ ਕਿ ਰਾਜਪੁਰਾ ਤਹਿਸੀਲ ਵਿੱਚ ਇੱਕ ਕੰਵਰਪੁਰ ਨਾਂ ਦਾ ਪੁਰਾਣਾ ਥੇਹ ਸੀ। ਇਸ ਥੇਹ ਉਪਰ ਅਵਗਤ ਰੂਹਾਂ ਦਾ ਵਾਸਾ ਸੀ। ਇੱਕ ਬਹੁਤ ਵੱਡਾ ਬਰੋਟਾ ਸੀ। ਉਸ ਦੀ ਛਾਂ ਵਿੱਚ ਵੀ ਕੋਈ ਅਰਾਮ ਨਹੀਂ ਕਰ ਸਕਦਾ ਸੀ। ਕੰਵਰਪੁਰ ਥੇਹ ਦੇ ਨਾਲ ਲਗਦੀ ਖੇਤੀਬਾੜੀ ਵਾਲੀ ਜਮੀਨ ਤਕਰੀਬਨ 350 ਏਕੜ ਸੀ। ਇਸ ਜਮੀਨ ਵਿੱਚ ਜਿਮੀਦਾਰ ਲੋਕ ਪਸ਼ੂ ਚਾਰਦੇ ਸਨ। ਕੁਝ ਜਮੀਨ ਖੇਤੀਬਾੜੀ ਲਈ ਵਾਹੀ ਯੋਗ ਵੀ ਸੀ। ਬਾਕੀ ਸਾਰੀ ਜਮੀਨ ਵਿੱਚ ਢੱਕ, ਹਿੰਸਾਂ, ਕਿੱਕਰਾਂ ਦੇ ਦਰਖਤ ਸਨ। ਕਈ ਥਾਂਈ ਛੱਪੜੀਆਂ ਸਨ। ਇਹ ਜਮੀਨ ਵਿਕਾਊ ਸੀ। ਜਿਸ ਸਮੇਂ ਭਾਰਤ ਸਰਕਾਰ ਵੱਲੋਂ ਚੰਡੀਗੜ੍ਹ ਵਸਾਉਣ ਵਾਸਤੇ ਯੋਜਨਾਬਧ ਕੀਤਾ ਗਿਆ ਤਾਂ ਬਹੁਤ ਸਾਰੇ ਪਿੰਡਾਂ ਦੀ ਜਮੀਨ ਦੀ ਕੀਮਤ ਦੇ ਕੇ ਸਰਕਾਰ ਨੇ ਕਬਜਾ ਕਰ ਲਿਆ। ਇਨ੍ਹਾਂ ਪਿੰਡਾਂ ਵਿੱਚ ਇੱਕ ਕੰਥਾਲਾ ਨਾਮ ਦਾ ਪਿੰਡ ਵੀ ਸੀ। ਇਸ ਪਿੰਡ ਦੇ ਕੁਝ ਜਿਮੀਦਾਰਾਂ ਨੇ ਕੰਵਰਪੁਰ ਦੀ ਜਮੀਨ ਖਰੀਦ ਲਈ। ਜਦੋਂ ਉਹ 1963 ਦੇ ਨੇੜੇ ਤੇੜੇ ਆਏ ਤਾਂ ਉਨ੍ਹਾਂ ਨੇ ਇਸ ਵੈਰਾਨ ਥੇਹ ਉਪਰ ਆਪਣੇ ਘਰ ਬਣਾਉਣਾ ਚਾਹੇ ਪਰ ਉਹ ਘਰ ਬਣਾ ਨਾ ਸਕੇ। ਉਹ ਬੜੇ ਪਰੇਸ਼ਾਨ ਹੋਏ ਕਿ ਅਸੀਂ ਇਸ ਥੇਹ ਤੇ ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹਾਂ ਪਰ ਅਵਗਤ ਰੂਹਾਂ ਉਨ੍ਹਾਂ ਨੂੰ ਤੰਗ ਕਰਦੀਆਂ ਹਨ। ਮਜਦੂਰ ਵੀ ਜੇਕਰ ਕਹੀਆਂ ਨਾਲ ਨੀਹਾਂ ਖੋਦਦੇ ਹਨ ਤਾਂ ਉਹ ਬਿਮਾਰ ਹੋ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਘਰ ਉੱਚੇ ਥੇਹ ਦੀ ਬਜਾਏ ਖੇਤੀਬਾੜੀ ਵਾਲੀ ਜਮੀਨ ਵਿੱਚ ਬਣਾ ਲਏ। ਕੁਝ ਸਾਲ ਉਹ ਖੇਤਾਂ ਵਿੱਚ ਹੀ ਰਹਿੰਦੇ ਰਹੇ।

ਸੰਨ 1969 ਵਿੱਚ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸੱਚਖੰਡ ਜਾ ਬਿਰਾਜੇ ਅਤੇ ਉਨ੍ਹਾਂ ਦੀ ਥਾਂ ਤੇ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਬਣੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਮਹਾਂਪੁਰਖ ਪੱਕੇ ਤੌਰ ਤੇ ਉਪਲਹੇੜੀ ਵਿਖੇ ਆ ਚੁੱਕੇ ਸਨ। ਉਪਲਹੇੜੀ ਵਿਖੇ ਮਹਾਂਪੁਰਖ ਸਾਰੇ ਗੁਰਪੁਰਬਾਂ ਤੇ ਅਤੇ ਸੰਗਰਾਂਦ ਦੇ ਦਿਹਾੜਿਆਂ ਤੇ ਉਚੇਚੇ ਤੌਰ ਤੇ ਦੀਵਾਨ ਸਜਾਉਂਦੇ ਸਨ। ਇਨ੍ਹਾਂ ਦੀਵਾਨਾਂ ਵਿੱਚ ਜੋ ਪਰਿਵਾਰ ਕੰਥਾਲੇ ਤੋਂ ਉਜੜ ਕੇ ਆਏ ਸਨ ਉਹ ਵੀ ਹਾਜਰੀਆਂ ਭਰਦੇ ਸਨ। ਇਕ ਵਾਰੀ ਮਹਾਂਪੁਰਖਾਂ ਨੇ ਕਥਾ ਕਰਦੇ ਸਮੇਂ

ਗੋਇੰਦਵਾਲ ਸਾਹਿਬ ਦਾ ਇਤਿਹਾਸ ਸੁਣਾਇਆ।

**ਸਾਖੀ:** ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਸਾਉਣਾ

ਇਹ ਇਤਿਹਾਸ ਸੁਣ ਕੇ ਇਨ੍ਹਾਂ ਪਰਿਵਾਰਾਂ ਨੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਅਸੀਂ ਕੰਵਰਪੁਰ ਦੇ ਵੈਰਾਨ ਪਏ ਥੇਹ ਤੇ ਆਪਣੇ ਘਰ ਬਣਾਉਣਾ ਚਾਹੁੰਦੇ ਸਾਂ ਪਰ ਅਸੀਂ ਬਣਾ ਨਹੀ ਸਕੇ। ਫਿਰ ਅਸੀਂ ਆਪਣੇ ਘਰ ਖੇਤਾਂ ਵਿੱਚ ਬਣਾ ਕੇ ਰਹਿਣ ਲੱਗ ਪਏ। ਬਰਸਾਤ ਦੇ ਦਿਨਾਂ ਵਿੱਚ ਅਸੀਂ ਆਪਣੀਆਂ ਮੱਝਾਂ ਗਾਵਾਂ ਜਦੋਂ ਇਸ ਥੇਹ ਤੇ ਬੰਨ੍ਹ ਦਿੰਦੇ ਹਾਂ ਤਾਂ ਉਨ੍ਹਾਂ ਦੇ ਥਣਾਂ ਵਿਚੋਂ ਲਹੂ ਸਿੰਮਣ ਲੱਗ ਜਾਂਦਾ ਹੈ। ਕਈ ਵਾਰੀ ਪਸ਼ੂ ਮਰ ਵੀ ਜਾਂਦੇ ਹਨ। ਜਿਹੜਾ ਕੋਈ ਥੇਹ ਤੇ ਪਸ਼ੂਆਂ ਦੀ ਰਾਖੀ ਕਰਨ ਵਾਸਤੇ ਰਹਿੰਦਾ ਹੈ ਉਹ ਵੀ ਬਿਮਾਰ ਹੋ ਜਾਂਦਾ ਹੈ। ਅਸੀਂ ਕਈ ਵਾਰੀ ਹਵਨ ਅਤੇ ਬੰਨ੍ਹਣ ਆਦਿ ਵੀ ਬ੍ਰਾਹਮਣ ਪਾਸੋਂ ਕਰਵਾ ਚੁੱਕੇ ਹਾਂ ਪਰ ਕੋਈ ਇਲਾਜ ਨਹੀਂ ਹੋ ਸਕਿਆ। ਪਸ਼ੂਆਂ ਅਤੇ ਜੀਆਂ ਦਾ ਨੁਕਸਾਨ ਹੁੰਦਾ ਰਹਿੰਦਾ ਹੈ। ਇਸ ਕਰਕੇ ਅਸੀਂ ਬਹੁਤ ਪਰੇਸ਼ਾਨ ਹਾਂ। ਕੋਈ ਉਪਾਅ ਕਰੋ। ਮਹਾਂਪੁਰਖਾਂ ਨੇ ਆਖਿਆ ਕਿ ਇਸ ਥੇਹ ਤੇ ਅਵਗਤ ਰੂਹਾਂ ਦਾ ਵਾਸਾ ਹੈ ਜਿਸ ਦੀ ਕਲਿਆਣ ਕੇਵਲ ਗੁਰੂ ਮਹਾਰਾਜ ਹੀ ਕਰ ਸਕਦੇ ਹਨ। ਹੋਰ ਕੋਈ ਤੰਤਰ ਮੰਤਰ ਕੁਝ ਨਹੀਂ ਸੰਵਾਰ ਸਕਦਾ।

*ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ॥*
*ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ॥* *ਆਦਿ ੬੫੩*

ਸਤਿਗੁਰਾਂ ਦੇ ਮਹਾਂਵਾਕ ਦਾ ਆਸਰਾ ਲੈ ਕੇ ਮਹਾਂਪੁਰਖਾਂ ਨੇ ਇਨ੍ਹਾਂ ਦੁਖੀਆਂ ਦਾ ਦੁਖ ਦੂਰ ਕਰਨ ਵਾਸਤੇ ਬਚਨ ਕਰ ਦਿੱਤਾ ਕਿ ਜਦੋਂ ਪ੍ਰਮੇਸ਼ਰ ਦਾ ਹੁਕਮ ਹੋਇਆ ਉਥੇ ਗੁਰਬਾਣੀ ਦਾ ਪ੍ਰਵਾਹ ਚਲਾਵਾਂਗੇ। ਗੁਰਬਾਣੀ ਨਾਲ ਸਾਰੀਆਂ ਅਵਗਤ ਰੂਹਾਂ ਦੀ ਕਲਿਆਣ ਹੋ ਜਾਵੇਗੀ।

## ਲੋਹਗੜ੍ਹ ਸਾਹਿਬ ਕੰਵਰਪੁਰ

ਮਹਾਂਪੁਰਖ ਪਿਛਲੇ ਕਈ ਸਾਲਾਂ ਤੋਂ ਉਪਲਹੇੜੀ ਗੁਰੂ ਘਰ ਵਿਖੇ ਰਹਿ ਕੇ ਭਿੰਡਰਾਂ ਵਾਲੇ ਮਹਾਂਪੁਰਖਾਂ ਦੇ ਹੁਕਮਾਂ ਅਨੁਸਾਰ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾ ਰਹੇ ਸਨ। ਗੁਰੂ ਘਰ ਵਿਖੇ ਮਹਾਂਪੁਰਖ ਆਪ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਕਰਦੇ। ਬਹੁਤ ਸਾਰੀਆਂ ਸੰਗਤਾਂ ਆਉਂਦੀਆਂ ਰਹਿੰਦੀਆਂ ਜਿਨਾਂ ਦੇ ਲੰਗਰ ਪਾਣੀ ਦੀ ਸੇਵਾ ਨਗਰ ਦੀਆਂ ਸੰਗਤਾਂ ਆਪ ਬੜੇ ਚਾਅ ਨਾਲ ਕਰਦੀਆਂ। ਇਕ ਦਿਨ ਮਹਾਂਪੁਰਖਾਂ ਨੇ ਆਖਿਆ ਕਿ ਅੱਜ ਹੀ ਕੰਵਰਪੁਰ ਜਾਣ ਦਾ ਹੁਕਮ ਹੋਇਆ ਹੈ। ਗੱਡੇ ਉਪਰ ਬਿਸਤਰਾ ਰਖਵਾ ਲਿਆ। ਕੰਵਰਪੁਰ ਪਹੁੰਚ ਕੇ ਮਹਾਂਪੁਰਖਾਂ ਨੇ ਇਕ ਢੱਕ ਦੇ ਦਰਖਤ ਦੇ ਨਾਲ ਲਗਦੀ ਕੱਚੀ ਕੋਠੜੀ ਵਿਚ ਆਪਣਾ ਆਸਣ ਲਾ ਲਿਆ। ਇਹ ਕੱਚੀ ਕੋਠੜੀ ਬਾਬਾ ਕਾਹਨ ਸਿੰਘ ਜੀ ਨੇ ਇਕ ਸਾਧੂ ਦੇ ਕਹਿਣ ਤੇ

ਆਪਣੇ ਸਪੁੱਤਰ ਵਾਸਤੇ ਤਿਆਰ ਕੀਤੀ ਸੀ। ਮਹਾਂਪੁਰਖ ਨੌਜੁਆਨ ਅਵਸਥਾ ਵਿਚ ਪਸ਼ੂਆਂ ਨੂੰ ਚਾਰਦੇ ਸਮੇਂ ਇਥੇ ਗੁਰਬਾਣੀ ਦਾ ਅਭਿਆਸ ਕਰਦੇ ਸਨ। ਗੱਡੇ ਤੋਂ ਬਿਸਤਰਾ ਲੁਹਾ ਕੇ ਆਪ ਸਹਿਜ ਪਾਠ ਕਰਨ ਲਗ ਪਏ। ਇਥੇ ਪਏ ਦੋਨੋਂ ਮੱਟ ਪਾਣੀ ਨਾਲ ਭਰਵਾ ਕੇ ਮਹਾਂਪੁਰਖਾਂ ਨੇ ਅੰਦਰ ਰਖਵਾ ਲਏ। ਮਹਾਂਪੁਰਖ ਸਵਾ ਪਹਿਰ ਦੇ ਤੜਕੇ ਇਕ ਮੱਟ ਦੇ ਪਾਣੀ ਨਾਲ ਇਸ਼ਨਾਨ ਕਰ ਲੈਂਦੇ ਅਤੇ ਦੂਜੇ ਮੱਟ ਦਾ ਪਾਣੀ ਪੀਣ ਲਈ ਵਰਤਦੇ। ਖੇਤਾਂ ਵਿਚ ਕੰਮ ਕਰਨ ਵਾਲਿਆਂ ਲਈ ਜੋ ਲੰਗਰ ਆਉਂਦਾ ਉਸ ਵਿਚੋਂ ਹੀ ਆਪ ਛਕ ਲੈਂਦੇ। ਜਦੋਂ ਸੰਗਤ ਦਰਸ਼ਨਾਂ ਨੂੰ ਆਉਂਦੀ ਤਾਂ ਪੁਰਾਣੀ ਲੋਹ ਤੇ ਪ੍ਰਸ਼ਾਦਾ ਸੰਗਤ ਆਪ ਲਾਹ ਲੈਂਦੀ। ਖੇਤਾਂ ਵਿਚੋਂ ਹਰੀਆਂ ਸਬਜੀਆਂ ਲੈ ਕੇ ਮਹਾਂਪੁਰਖ ਆਪ ਲੱਕੜਾਂ ਦੀ ਅੱਗ ਬਾਲ ਕੇ ਮਿੱਟੀ ਦੀ ਤੌੜੀ ਵਿਚ ਕੇਵਲ ਲੂਣ, ਹਲਦੀ ਅਤੇ ਜੀਰਾ ਪਾ ਕੇ ਤਿਆਰ ਕਰਦੇ। ਇਹ ਸਬਜੀ ਅੰਮ੍ਰਿਤ ਵਰਗੀ ਹੁੰਦੀ ਜਿਸ ਨੂੰ ਛਕ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਆਲਸ ਤੋਂ ਰਹਿਤ ਹੁੰਦੀ। ਬਾਣੀ ਪੜ੍ਹਨ ਵਿਚ ਮਨ ਇੰਨਾ ਮਗਨ ਹੋ ਜਾਂਦਾ ਸੀ ਕਿ ਕਈ ਕਈ ਘੰਟੇ ਬਾਣੀ ਪੜ੍ਹਦੇ ਸਮੇਂ ਸਰੀਰ ਦਾ ਚੇਤਾ ਹੀ ਭੁੱਲ ਜਾਂਦਾ। ਦਿਨ ਦੇ ਸਮੇਂ ਮਹਾਂਪੁਰਖ ਕੋਠੜੀ ਤੋਂ ਬਾਹਰ ਆ ਕੇ ਢੱਕ ਦੇ ਦਰੱਖਤ ਥੱਲੇ ਬਾਣੀ ਪੜ੍ਹਦੇ ਰਹਿੰਦੇ। ਮਹਾਂਪੁਰਖਾਂ ਦੇ ਪਵਿੱਤਰ ਹੱਥਾਂ ਤੋਂ ਲੰਗਰ ਵਿੱਚ ਤਿਆਰ ਹੋਈ ਦਾਲ ਸਬਜੀ ਬਿਨਾਂ ਤੜਕੇ ਤੋਂ ਬਹੁਤ ਸੁਆਦ ਹੁੰਦੀ ਸੀ।

ਮਹਾਂਪੁਰਖ ਸ਼ਾਮ ਸਵੇਰੇ ਪਾਣੀ ਦਾ ਗੜਵਾ ਨਾਲ ਲੈ ਕੇ ਕਈ ਕਈ ਮੀਲ ਲੰਮੀ ਸੈਰ ਤੇ ਚਲੇ ਜਾਂਦੇ। ਜਿਨ੍ਹਾਂ ਖੇਤਾਂ ਵਿਚ ਮਹਾਂਪੁਰਖ ਬਾਣੀ ਪੜ੍ਹਦੇ ਹੋਏ ਤੁਰਦੇ ਫਿਰਦੇ ਦ੍ਰਿਸ਼ਟੀ ਕਰ ਦਿੰਦੇ ਉਨ੍ਹਾਂ ਖੇਤਾਂ ਦੀ ਫਸਲ ਬਹੁਤ ਵਧੀਆ ਹੁੰਦੀ। ਦੋਨੋ ਵੇਲੇ ਦਰਖਤਾਂ ਤੇ ਪੰਛੀਆਂ ਦੀ ਪੂਰੀ ਚਹਿਲ ਪਹਿਲ ਹੁੰਦੀ। ਮਹਾਂਪੁਰਖ ਪਸ਼ੂਆਂ, ਜਾਨਵਰਾਂ ਤੇ ਪੰਛੀਆਂ ਦਾ ਵੀ ਆਸਰਾ ਬਣ ਗਏ। ਮਹਾਂਪੁਰਖਾਂ ਦਾ ਸਾਦਾ ਜੀਵਨ ਪਖੰਡ ਤੋਂ ਰਹਿਤ ਸੀ। ਜਗਿਆਸੂ ਜਦੋਂ ਭੁੱਜੇ ਹੋਏ ਛੋਲਿਆਂ ਦਾ ਪ੍ਰਸ਼ਾਦਿ, ਬੇਰੀਆਂ ਦੇ ਬੇਰਾਂ ਦਾ ਪ੍ਰਸ਼ਾਦਿ, ਛੱਲੀਆਂ ਦਾ ਪ੍ਰਸ਼ਾਦਿ ਜਾਂ ਲੱਸੀ ਨਾਲ ਬੇਰੜੇ ਦੀ ਰੋਟੀ ਅਚਾਰ ਨਾਲ ਛਕ ਲੈਂਦੇ ਤਾਂ ਉਹ ਇਉਂ ਪਰਤੀਤ ਕਰਦੇ ਜਿਵੇਂ ਸੁਦਾਮੇ ਦੇ ਘਰ ਕ੍ਰਿਸ਼ਨ ਭਗਵਾਨ ਜੀ ਨੇ ਅਲੂਣਾ ਸਾਗ ਖਾ ਕੇ ਆਖਿਆ ਸੀ–

***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥***

***ਆਦਿ ੧੧੦੫***

ਪਵਿਤਰ ਲੰਗਰ ਛਕ ਕੇ ਅਤੇ ਮਹਾਂਪੁਰਖਾਂ ਦੀ ਪਵਿਤਰ ਰਸਨਾ ਤੋਂ ਅੰਮ੍ਰਿਤ ਮਈ ਮਿਠੇ ਬਚਨ ਸੁਣ ਕੇ ਆਪਣੇ ਸਾਰੇ ਦੁਖ ਭੁੱਲ ਜਾਂਦੇ। ਇਸ ਤਰਾਂ ਪੂਰਨ ਪੁਰਖ ਦੇ ਆਸਣ ਬਾਰੇ ਹਜੂਰ ਦਾ ਫੁਰਮਾਨ ਸਾਹਮਣੇ ਨਜਰ ਆ ਜਾਂਦਾ–

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥***

*ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ॥*
*ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ॥*
*ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ॥ ਆਦਿ ੩੧੯*

ਕਈਆਂ ਦੇ ਮਨਾਂ ਵਿਚ ਜਿਹੜਾ ਸੰਸਾ ਸੀ ਕਿ ਮਹਾਂਪੁਰਖ ਜੰਗਲ ਵਿਚ ਇਕਲੇ ਬੈਠ ਕੇ ਕਿਵੇਂ ਗੁਜਾਰਾ ਕਰਨਗੇ ਅਤੇ ਬਾਹਰੋਂ ਆਈ ਸੰਗਤ ਨੂੰ ਲੰਗਰ ਕਿਥੋਂ ਛਕਾਉਣਗੇ, ਉਨ੍ਹਾਂ ਦੇ ਇਥੇ ਰਹਿਣ ਨਾਲ ਇਹ ਸਾਰਾ ਸੰਸਾ ਖਤਮ ਹੋ ਗਿਆ। ਗਰੂ ਮਹਾਰਾਜ ਦਾ ਜੋ ਫੁਰਮਾਨ ਹੈ-

*ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥*
*ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥*
*ਆਦਿ ੩੦੫*

ਇਸ ਤਰ੍ਹਾਂ ਪੂਰਨ ਭਰੋਸਾ ਹੋ ਗਿਆ ਕਿ ਮਹਾਂਪੁਰਖਾਂ ਦੇ ਵਡੇਰਿਆਂ ਨੇ ਕਲਗੀਧਰ ਪਾਸੋਂ ਅੰਮ੍ਰਿਤ ਛਕ ਕੇ ਲੰਗਰਾਂ ਦੀ ਸੇਵਾ ਦੀ ਬਖਸ਼ਿਸ਼ ਪ੍ਰਾਪਤ ਕੀਤੀ ਉਸ ਨੂੰ ਕੋਈ ਮੇਟ ਨਹੀਂ ਸਕਦਾ।

*ਜਿਨ ਹਰਿ ਮਨਿ ਵਸਿਆ ਸੇ ਦਰ ਸਾਚੇ ਦਰਿ ਸਾਚੈ ਸਚਿਆਰਾ॥*
*ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥*
*ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ॥*
*ਆਦਿ ੬੩੭*

ਮਹਾਂਪੁਰਖਾਂ ਕੋਲ ਢੱਕ ਦੇ ਦਰਖਤ ਥੱਲੇ ਬੈਠ ਕੇ ਸੰਗਤ ਲੰਗਰ ਛਕ ਕੇ ਬੇਨਤੀ ਕਰਦੀ ਕਿ ਆਪ ਜੀ ਦੇ ਲੰਗਰ ਵਿਚ ਅਜਿਹੀਆਂ ਬਰਕਤਾਂ ਹਨ ਕਿ ਮਨ ਇਕਾਗਰ ਹੋ ਜਾਂਦਾ ਹੈ। ਆਲਸ ਨੇੜੇ ਨਹੀਂ ਰਹਿੰਦੀ। ਮਹਾਂਪੁਰਖ ਬਚਨ ਕਰਦੇ ਕਿ ਅਸੀਂ ਤਾਂ ਪਹਿਰੇਦਾਰ ਹਾਂ ਲੰਗਰ ਤਾਂ ਗੁਰੂ ਕਾ ਹੈ। ਇੱਕ ਵਾਰੀ ਸੰਗਤ ਨੇ ਬੇਨਤੀ ਕੀਤੀ ਕਿ ਰਾਤ ਨੂੰ ਇੱਥੇ ਜੇਕਰ ਕੋਈ ਸ਼ਰਾਰਤੀ ਦੁਸ਼ਮਣ ਚੜ੍ਹ ਕੇ ਆ ਜਾਵੇ ਜਾਂ ਕੋਈ ਖੂੰਖਾਰ ਜਾਨਵਰ ਆ ਜਾਵੇ ਤਾਂ ਕਿਵੇਂ ਬਚਾਅ ਹੋਵੇਗਾ। ਮਹਾਂਪੁਰਖ ਕਹਿਣ ਲੱਗੇ ਗੁਰੂ ਮਹਾਰਾਜ ਦੀ ਕਿਰਪਾ ਦਾ ਸਦਕਾ:

*ਜੀਅ ਸਗਲ ਦਇਆਲ ਭਏ ਹਰਿ ਹਰਿ ਨਾਮੁ ਚੀਨ੍॥ ਆਦਿ ੮੧੮*
*ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥*
*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥ ਆਦਿ ੬੭੧*

ਕੱਚੀ ਕੋਠੜੀ ਵੱਲ ਇਸ਼ਾਰਾ ਕਰਕੇ ਆਖਣ ਲੱਗੇ ਕਿ ਸਤਿਗੁਰਾਂ ਦੀ ਕਿਰਪਾ ਨਾਲ ਆਪਣਾ ਤਾਂ ਇਹੋ ਹੀ ਲੋਹਗੜ੍ਹ ਸਾਹਿਬ ਹੈ। ਇਸ ਵਿੱਚ ਵਡੇਰਿਆਂ ਦੀ ਲੋਹ

ਅਤੇ ਸਤਿਗੁਰਾਂ ਦੇ ਬਖਸ਼ੇ ਹੋਏ ਸ਼ਸਤਰ ਤੇ ਸ਼ਾਸਤਰ ਪਏ ਹਨ। ਹੁਣ ਤਾਂ:-

***ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ ਆਦਿ ੬੨੮***

ਮਹਾਂਪੁਰਖਾਂ ਕੋਲ ਕੋਈ ਵੀ ਜਗਿਆਸੂ ਆਉਂਦਾ ਉਸ ਨੂੰ ਬਚਨ ਕਰਦੇ ਕਿ ਇਥੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ, ਚੌਪਈ ਸਾਹਿਬ ਦਾ ਪਾਠ, ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕੁਝ ਘੜੀਆਂ ਜਰੂਰ ਕਰੋ ਸਤਿਗੁਰੂ ਜੀ ਸਾਰਿਆਂ ਦੇ ਕਾਰਜ ਰਾਸ ਕਰਨਗੇ। ਮਹਾਂਪੁਰਖਾਂ ਦੇ ਬਚਨ ਵਿਚ ਇੰਨੀ ਸ਼ਕਤੀ ਹੁੰਦੀ ਕਿ ਜਿਸ ਕਿਸੇ ਨੂੰ ਵਾਪਸ ਜਾਣ ਦੀ ਕਾਲ੍ਹੀ ਵੀ ਹੁੰਦੀ ਤਾਂ ਵੀ ਕੋਠੜੀ ਵਿਚ ਜਾਂ ਢੱਕ ਦੇ ਦਰਖਤ ਥੱਲੇ ਬੈਠ ਕੇ ਕੁਝ ਘੜੀਆਂ ਜਾਪ ਕਰਕੇ ਆਪਣੇ ਸੁਆਸਾਂ ਨੂੰ ਸਫਲੇ ਕਰਦਾ। ਫੇਰ ਆਗਿਆ ਲੈ ਕੇ ਜਾਂਦਾ। ਉਹ ਢੱਕ ਦਾ ਦਰੱਖਤ ਅਜੇ ਵੀ ਖੜ੍ਹਾ ਹੈ। ਕੱਚੀ ਕੋਠੜੀ ਨੂੰ ਹੁਣ ਤੱਕ ਲੋਹਗੜ੍ਹ ਸਾਹਿਬ ਆਖਦੇ ਆ ਰਹੇ ਹਨ।

ਜਿਸ ਸਮੇਂ ਮਹਾਂਪੁਰਖਾਂ ਦੇ ਵਡੇਰਿਆਂ ਨੇ ਕੰਵਰਪੁਰ ਦੇ ਮੌਜੇ ਵਿਚ ਇਹ ਜਮੀਨ ਖਰੀਦੀ ਸੀ ਉਸ ਸਮੇਂ ਕੰਵਰਪੁਰ ਨੂੰ ਬੇਚਿਰਾਗ ਆਖਿਆ ਜਾਂਦਾ ਸੀ। ਜਦੋਂ ਮਹਾਂਪੁਰਖ ਕੁਝ ਵੱਡੇ ਹੋਏ ਤਾਂ ਬਾਬਾ ਕਾਹਨ ਸਿੰਘ ਜੀ ਨੇ ਇਹ ਕੱਚੀ ਕੋਠੜੀ ਤਿਆਰ ਕੀਤੀ ਸੀ। ਇਸ ਕੋਠੜੀ ਵਿਚ ਮਾਤਾ ਪ੍ਰੇਮ ਕੌਰ ਜੀ ਦੇਸੀ ਘੀ ਦੀ ਜੋਤ ਜਗਾਉਂਦੇ ਰਹੇ। ਮਹਾਂਪੁਰਖਾਂ ਦੇ ਜਨਮ ਤੋਂ ਬਾਅਦ ਮਾਤਾ ਜੀ ਕਿਸੇ ਨੂੰ ਬੇਚਿਰਾਗ ਕਹਿਣ ਨਹੀਂ ਦਿੰਦੇ ਸਨ। ਪਰਮੇਸਰ ਦੀ ਐਸੀ ਕਿਰਪਾ ਹੋਈ ਕਿ ਇਸ ਅਸਥਾਨ ਤੇ ਮਹਾਂਪੁਰਖਾਂ ਦੇ ਵਿਦਿਆ ਦਾਤੇ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਕੁਝ ਸਿੰਘਾਂ ਸਮੇਤ ਚਰਨ ਪਾਏ। ਉਨ੍ਹਾਂ ਤੋਂ ਬਾਅਦ ਸੰਤ ਕਰਤਾਰ ਸਿੰਘ ਖਾਲਸਾ ਅਤੇ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਨੇ ਵੀ ਚਰਨ ਪਾਏ। ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਸੰਤ ਗਿਆਨੀ ਜਰਨੈਲ ਸਿੰਘ ਨੂੰ ਪੋਥੀਆਂ ਦਾ ਟਰੰਕ ਦਿੱਤਾ ਸੀ। ੧੯੮੪ ਦੇ ਘੱਲੂਘਾਰੇ ਤੋਂ ਬਾਅਦ ਬਾਬਾ ਠਾਕੁਰ ਸਿੰਘ ਜੀ ਨੇ ਆ ਕੇ ਇਸ ਅਸਥਾਨ ਤੇ ਸੁਖਮਨੀ ਸਾਹਿਬ ਦਾ ਪਾਠ ਸਰਵਣ ਕਰਕੇ ਜਲ ਪਾਣੀ ਛਕਿਆ ਸੀ। ਜਲ ਪਾਣੀ ਛਕਣ ਉਪਰੰਤ ਖੁਸ਼ੀ ਨਾਲ ਅਖਿਆ ਕਿ ਇਹ ਬੜੀ ਰਮਣੀਕ ਧਰਤੀ ਹੈ। ਸਿਮਰਨ ਭਜਨ ਵਾਸਤੇ ਵਧੀਆ ਥਾਂ ਹੈ। ਜਦੋਂ ਅਸੀਂ ਬੇਨਤੀ ਕੀਤੀ ਕਿ ਇਥੇ ਗੁਰੂ ਘਰ ਵੀ ਬਣ ਗਿਆ ਹੈ ਤਾਂ ਬਾਬਾ ਠਾਕੁਰ ਸਿੰਘ ਜੀ ਬਚਨ ਕਰਨ ਲੱਗੇ ਕਿ ਇਸ ਅਸਥਾਨ ਤੇ ਰਾਗੀ ਸਿੰਘ ਜੀ ਨੇ ਨੌਜੁਆਨ ਅਵਸਥਾ ਵਿਚ ਗੁਰਬਾਣੀ ਦਾ ਜਾਪ ਅਤੇ ਅਭਿਆਸ ਕੀਤਾ ਹੈ। ਇਸ ਅਸਥਾਨ ਦੀ ਸੰਭਾਲ ਰੱਖਣੀ ਹੈ। ਇਸ ਕੱਚੀ ਕੋਠੜੀ ਦੇ ਨਾਲ ਢੱਕ ਦਾ ਖੜ੍ਹਾ ਦਰਖਤ ਵੇਖ ਕੇ ਕਹਿਣ ਲੱਗੇ ਇਸ ਨੂੰ ਵੀ ਖੜ੍ਹਾ ਰਹਿਣ ਦਿਓ। ਉਨ੍ਹਾਂ ਦਿਨਾਂ ਵਿਚ ਕੰਵਰਪੁਰ ਵਿਖੇ ਗੁਰਦੁਆਰਾ ਸਾਹਿਬ ਦੀ ਉਸਾਰੀ ਹੋ ਚੁੱਕੀ ਸੀ। ਇਸ ਤੋਂ ਬਾਅਦ

ਫੇਰ ਸਾਰੀ ਸੰਗਤ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਗਈ। ਭਾਈ ਸ਼ਮਸ਼ੇਰ ਸਿੰਘ ਕੰਵਰਪੁਰ ਦੀ ਮਾਤਾ ਬੰਤ ਕੌਰ ਨੇ ਸਾਰੀ ਸੰਗਤ ਨੂੰ ਲੰਗਰ ਛਕਾਇਆ।

## ਚੰਡੀਗੜ੍ਹ ਵਿਖੇ ਗੁਰਮਤਿ ਪ੍ਰਚਾਰ

ਸਰਦਾਰ ਬਚਨ ਸਿੰਘ ਅਤੇ ਉਨ੍ਹਾਂ ਦੇ ਘਰੋਂ ਬੀਬੀ ਇੰਦਰ ਕੌਰ ਜੋ ਗੁਰੂ ਘਰ ਦੇ ਅਨਿੰਨ ਸੇਵਕ ਸਨ ਉਨ੍ਹਾਂ ਦੇ ਪਿਆਰ ਨੂੰ ਅੰਗੀਕਾਰ ਕਰਦੇ ਹੋਏ ਮਹਾਂਪੁਰਖ ਗਰਮੀਆਂ ਦੇ ਦਿਨਾਂ ਵਿੱਚ ਕਈ ਵਾਰੀ ਚੰਡੀਗੜ੍ਹ ਉਨ੍ਹਾਂ ਦੇ ਨਿਵਾਸ ਅਸਥਾਨ ਤੇ ਆਸਣ ਲਾ ਲੈਂਦੇ ਸਨ। ਇੱਥੇ ਰਹਿ ਕੇ ਮਹਾਂਪੁਰਖ ਹਫਤੇ ਵਿੱਚ ਸਹਿਜ ਪਾਠ ਕਰਕੇ ਅਨੰਦ ਲੈਂਦੇ ਰਹਿੰਦੇ। ਸਰਕਾਰੀ ਅਧਿਕਾਰੀ ਅਤੇ ਕਰਮਚਾਰੀਆਂ ਨੇ ਸੰਗਤ ਕਰਕੇ ਆਪਣਾ ਜੀਵਨ ਸਫਲਾ ਕੀਤਾ। ਇਨ੍ਹਾਂ ਦੇ ਪਰਿਵਾਰ ਨੇ ਜਿੱਥੇ ਮਹਾਂਪੁਰਖਾਂ ਦੀ ਸੇਵਾ ਪ੍ਰੇਮ ਨਾਲ ਕੀਤੀ ਉਥੇ ਬਾਣੀ ਦੀ ਸ਼ੁੱਧ ਸੰਥਿਆ ਪ੍ਰਾਪਤ ਕੀਤੀ। ਇੱਥੇ ਰਹਿ ਕੇ ਮਹਾਂਪੁਰਖਾਂ ਨੇ ਬਹੁਤ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਗੁਰਬਾਣੀ ਦੀ ਸ਼ੁੱਧ ਸੰਥਿਆ ਕਰਵਾ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਈ।

## ਕਿਤਾਬਾਂ ਪੜ੍ਹਨ ਨਾਲੋਂ ਸੰਗਤ ਦੀ ਮਹਾਨਤਾ

ਸਰਦਾਰ ਬਚਨ ਸਿੰਘ ਉਕਸੀ ਵਾਲਿਆਂ ਦੇ ਨਿਵਾਸ ਅਸਥਾਨ ਚੰਡੀਗੜ੍ਹ ਵਿਖੇ ਮਹਾਂਪੁਰਖ ਸੰਥਿਆ ਸਮੇਂ ਮਾਈਆਂ ਅਤੇ ਭਾਈਆਂ ਨੂੰ ਜਿੰਦਗੀ ਵਿਚ ਕੰਮ ਆਉਣ ਵਾਲੇ ਅਨਮੋਲ ਬਚਨ ਸੁਣਾ ਰਹੇ ਸਨ। ਉਸ ਸਮੇਂ ਪ੍ਰੋਫੈਸਰ ਦੇਵਿੰਦਰ ਸਿੰਘ ਕੋਟਲੇ ਵਾਲਿਆਂ ਨਾਲ ਇਕ ਹੋਰ ਉਘਾ ਵਿਦਵਾਨ ਆਇਆ। ਉਹ ਵੀ ਕਾਫੀ ਸਮਾਂ ਬੈਠ ਕੇ ਬਚਨ ਸੁਣਦਾ ਰਿਹਾ। ਸੰਥਿਆ ਦੀ ਸਮਾਪਤੀ ਤੋਂ ਬਾਅਦ ਮਹਾਂਪੁਰਖਾਂ ਨੇ ਪ੍ਰੋਫੈਸਰ ਦੇਵਿੰਦਰ ਸਿੰਘ ਨੂੰ ਆਖਿਆ ਕਿ ਤੁਸੀਂ ਵੀ ਕੁਝ ਸੁਣਾਉ। ਪ੍ਰੋਫੈਸਰ ਸਾਹਿਬ ਕਹਿਣ ਲੱਗੇ ਕਿ ਇਹ ਮੇਰੇ ਨਾਲ ਵਿਦਵਾਨ ਸੱਜਣ ਹਨ। ਇਹ ਕੁਝ ਸ਼ਬਦ ਸੰਗਤ ਨਾਲ ਸਾਂਝੇ ਕਰਨਗੇ। ਇਸ ਵਿਦਵਾਨ ਨੇ ਮਰਿਆਦਾ ਅਨੁਸਾਰ ਮਹਾਂਪੁਰਖਾਂ ਦੀ ਸ਼ਲਾਘਾ ਕੀਤੀ। ਫਿਰ ਆਪਣੇ ਸੁਭਾਅ ਅਨੁਸਾਰ ਆਖਿਆ ਕਿ ਸੰਥਿਆ ਵਿਚ ਉਚਾਰਨ ਦੱਸਣੇ ਤਾਂ ਠੀਕ ਹਨ ਪਰ ਘਰੇਲੂ ਗੱਲਾਂ ਤੋਂ ਸੰਕੋਚ ਕਰਨਾ ਚਾਹੀਦਾ ਹੈ। ਮਹਾਂਪੁਰਖਾਂ ਨੇ ਇਨ੍ਹਾਂ ਨੂੰ ਲੰਗਰ ਪਰਸ਼ਾਦਾ ਛਕਾਇਆ ਅਤੇ ਆਖਿਆ ਕਿ ਤੁਹਾਡੀ ਗੱਲ ਤਾਂ ਮੇਰੇ ਲਈ ਕੀਮਤੀ ਹੈ ਪਰ ਇਹ ਸ਼ਰੀਰ ਪਰਿਵਾਰਾਂ ਵਿਚ ਰਹਿੰਦੇ ਹਨ। ਇਨ੍ਹਾਂ ਨੂੰ ਇਹ ਵੀ ਸਿਖਿਆ ਦੇਣੀ ਹੈ ਕਿ ਬਜੁਰਗਾਂ ਦੀ ਗੱਲ ਵੀ ਜਰੂਰ ਸੁਣਨੀ ਚਾਹੀਦੀ ਹੈ। ਜਿਹੜੇ ਪੜ੍ਹ ਕੇ ਉਚੇ ਉਚੇ ਅਹੁਦੇ ਤਾਂ ਲੈ ਲੈਂਦੇ ਹਨ ਪਰ ਵਡੇਰਿਆਂ ਦੀ ਗੱਲ ਸੁਣਨ ਨਾਲ ਇਨ੍ਹਾਂ ਨੂੰ ਕੋਈ ਖੁਸ਼ੀ ਨਹੀਂ ਮਿਲਦੀ। ਇਸ ਲਈ ਸੰਥਿਆ ਸਮੇਂ ਇਹ ਉਤਸ਼ਾਹ ਭਰਦੇ ਹਾਂ ਤਾਂ ਜੋ ਬਜੁਰਗਾਂ ਨਾਲ ਗੱਲ ਬਾਤ ਕਰਕੇ ਖੁਸ਼ੀ

ਮਹਿਸੂਸ ਕਰਨ। ਪ੍ਰੋਫੈਸਰ ਦੇਵਿੰਦਰ ਸਿੰਘ ਕਹਿਣ ਲੱਗੇ ਕਿ ਸੰਤ ਜੀ ਸਾਡੇ ਵਿਦਿਆਰਥੀਆਂ ਵਿਚ ਇਹ ਬਿਮਾਰੀ ਤਾਂ ਆਮ ਹੈ। ਅੱਜ ਤੁਹਾਡੀ ਸੰਗਤ ਕਰਕੇ ਇਹ ਪਤਾ ਲਗਿਆ ਹੈ ਕਿ ਅਸੀਂ ਆਪ ਵੀ ਅਤੇ ਸਾਡੇ ਬੱਚੇ ਵੀ ਵਡੇਰਿਆਂ ਨਾਲ ਗੱਲ ਬਾਤ ਕਰਕੇ ਖੁਸ਼ੀ ਮਹਿਸੂਸ ਨਹੀਂ ਕਰਦੇ। ਮਹਾਂਪੁਰਖ ਕਿੰਨੀ ਗੰਭੀਰਤਾ ਨਾਲ ਲੋਕਾਈ ਦਾ ਭਲਾ ਕਰਦੇ ਹਨ ਇਹ ਵਿਚਾਰ ਵਾਲੀ ਗੱਲ ਹੈ।

## ਮੋਹਾਲੀ ਵਿਖੇ ਗੁਰਮਤਿ ਪ੍ਰਚਾਰ

ਸਰਦਾਰ ਅਵਤਾਰ ਸਿੰਘ ਅਤੇ ਉਨ੍ਹਾਂ ਦੇ ਘਰੋਂ ਬੀਬੀ ਪਰਮਜੀਤ ਕੌਰ ਬਹੁਤ ਪ੍ਰੇਮੀ ਹਨ। ਹਰੇਕ ਮਹਾਂਪੁਰਖਾਂ ਦੀ ਸੇਵਾ ਕਰਕੇ ਖੁਸ਼ ਹੁੰਦੇ ਹਨ। ਇਨ੍ਹਾਂ ਨੇ ਉਪਲਹੇੜੀ ਤੋਂ ਮਹਾਂਪੁਰਖਾਂ ਨੂੰ ਬੁਲਾ ਕੇ ਕਈ ਵਾਰੀ ਕਈ ਕਈ ਮਹੀਨੇ ਰੱਖ ਕੇ ਸੇਵਾ ਪ੍ਰਾਪਤ ਕੀਤੀ। ਇਸ ਸਮੇਂ ਦੌਰਾਨ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸ਼ੁੱਧ ਸੰਥਿਆ ਪ੍ਰਾਪਤ ਕਰਦੇ। ਇੱਥੇ ਰਹਿ ਕੇ ਮਹਾਂਪੁਰਖਾਂ ਨੇ ਬਹੁਤ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਗੁਰਬਾਣੀ ਦੀ ਸ਼ੁੱਧ ਸੰਥਿਆ ਕਰਵਾ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਈ। ਮਹਾਂਪੁਰਖਾਂ ਦੇ ਭਤੀਜੇ ਸਰਦਾਰ ਦਵਿੰਦਰ ਸਿੰਘ ਅਤੇ ਮੋਹਨ ਸਿੰਘ ਨੇ ਮਹਾਂਪੁਰਖਾਂ ਦੀ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

## ਕੰਵਰਪੁਰ ਥੇਹ ਦੀਆਂ ਅਵਗਤ ਰੂਹਾਂ ਦਾ ਭਲਾ

ਇੱਕ ਦਿਨ ਮਹਾਂਪੁਰਖਾਂ ਦੇ ਕੋਲ ਸਰਦਾਰ ਹਜਾਰਾ ਸਿੰਘ, ਰਤਨ ਸਿੰਘ ਅਤੇ ਸ. ਕਿਸ਼ਨ ਸਿੰਘ ਦੇ ਪੁੱਤਰ ਸ. ਗੁਰਨਾਮ ਸਿੰਘ ਅਤੇ ਪਾਲ ਸਿੰਘ ਆਏ। ਉਨ੍ਹਾਂ ਨੇ ਬੇਨਤੀ ਕੀਤੀ ਕਿ ਹੁਣ ਤੁਸੀਂ ਦਿਨ ਰਾਤ ਪਵਿੱਤਰ ਬਾਣੀ ਦੇ ਪ੍ਰਵਾਹ ਚਲਾ ਦਿੱਤੇ ਹਨ। ਜਿਹੜੀਆਂ ਅਵਗਤ ਰੂਹਾਂ ਸਾਡਾ ਜਾਨੀ ਅਤੇ ਮਾਲੀ ਨੁਕਸਾਨ ਕਰਦੀਆਂ ਸਨ ਉਨ੍ਹਾਂ ਦਾ ਤਾਂ ਹੁਣ ਕਲਿਆਣ ਹੋ ਗਿਆ ਹੋਵੇਗਾ। ਮਹਾਂਪੁਰਖਾਂ ਨੇ ਬਚਨ ਕੀਤਾ ਕਿ ਸ਼ੁਰੂ-ਸ਼ੁਰੂ ਵਿੱਚ ਜਦੋਂ ਮੈਂ ਅੰਮ੍ਰਿਤ ਵੇਲੇ ਉੱਠ ਕੇ ਕੁਝ ਸਮਾਂ ਪਹਿਲੀ ਪਉੜੀ ਮੂਲਮੰਤਰ ਅਤੇ ਗੁਰਮੰਤ੍ਰ ਵਾਹਿਗੁਰੂ ਦਾ ਜਾਪ ਕਰਦਾ ਹੁੰਦਾ ਸੀ ਤਾਂ ਕੁਝ ਅਵਗਤ ਰੂਹਾਂ ਕੋਠੜੀ ਦੇ ਬਾਹਰਲੇ ਪਾਸੇ ਆ ਕੇ ਟਿਕ ਜਾਂਦੀਆਂ ਸਨ। ਇਸ ਤੋਂ ਉਪਰੰਤ ਇਸ਼ਨਾਨ ਕਰਕੇ ਸਹਿਜ ਪਾਠ ਕਰਦਾ ਹੁੰਦਾ ਸੀ। ਕੱਤਕ ਦੀ ਪੂਰਨਮਾਸੀ ਵਾਲੇ ਦਿਨ ਇੱਕ ਸਿੰਘ ਪਾਸੋਂ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਵਾ ਕੇ ਅਰਦਾਸ ਕੀਤੀ ਗਈ ਸੀ ਤਾਂ ਇਹ ਬਿਲਕੁਲ ਥੋੜ੍ਹੇ ਸਮੇਂ ਵਿੱਚ ਹੀ ਸ਼ਾਂਤ ਹੋ ਗਈਆਂ। ਇਸ ਤਰ੍ਹਾਂ ਪਵਿੱਤਰ ਬਾਣੀ ਨਾਲ ਇਨ੍ਹਾਂ ਸਾਰੀਆਂ ਰੂਹਾਂ ਦਾ ਕਲਿਆਣ ਹੋ ਗਿਆ। ਹੁਣ ਤੁਸੀਂ ਆਪਣੇ ਰਿਹਾਇਸ਼ੀ ਘਰ ਵਿਰਾਨ ਪਏ ਥੇਹ ਉਪਰ ਬਣਾ ਸਕਦੇ ਹੋ। ਪਸ਼ੂਆਂ ਵਾਸਤੇ ਵੀ ਥੇਹ ਤੇ ਛੱਪਰ ਆਦਿ ਪਾ ਸਕਦੇ ਹੋ। ਇਹ ਥੇਹ ਬਾਕੀ ਜਮੀਨ ਨਾਲੋਂ

ਕਾਫੀ ਉੱਚਾ ਹੈ। ਬਰਸਾਤ ਦੇ ਦਿਨਾਂ ਵਿੱਚ ਇੱਥੇ ਪਾਣੀ ਨਹੀਂ ਖੜ੍ਹਦਾ। ਇਸ ਲਈ ਪਸ਼ੂਆਂ ਨੂੰ ਇੱਥੇ ਹੀ ਬੰਨ੍ਹਿਆ ਕਰੋ।ਹੁਣ ਕਿਸੇ ਨੂੰ ਡਰਨ ਦੀ ਲੋੜ ਨਹੀਂ। ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਵੇਗਾ। ਮਹਾਂਪੁਰਖਾਂ ਦੇ ਬਚਨਾਂ ਉਪਰੰਤ ਇਨ੍ਹਾਂ ਸਾਰਿਆਂ ਨੇ ਆਪਣੇ ਘਰ ਵੈਰਾਨ ਪਏ ਥੇਹ ਤੇ ਬਣਾ ਲਏ। ਪਸ਼ੂ ਵੀ ਥੇਹ ਤੇ ਰੱਖਣੇ ਸ਼ੁਰੂ ਕਰ ਦਿੱਤੇ। ਪਰਮੇਸ਼ਰ ਦੀ ਕਿਰਪਾ ਦੇ ਨਾਲ ਸਾਰਾ ਕੁਝ ਠੀਕ ਹੋ ਗਿਆ। ਸਾਰੇ ਪਰਿਵਾਰ ਦੋਨੋਂ ਵੇਲੇ ਨਿਤਨੇਮ ਕਰਨ ਲੱਗ ਪਏ।

## ਕੰਵਰਪੁਰ ਵਿਖੇ ਗੁਰਮਤਿ ਪ੍ਰਚਾਰ

ਕੁਝ ਸਾਲਾਂ ਬਾਅਦ ਸ. ਸੁਰਜੀਤ ਸਿੰਘ ਅਤੇ ਗਿਆਨੀ ਖੇਮ ਸਿੰਘ ਹੁਰਾਂ ਨੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਇੱਥੇ ਗੁਰਦੁਆਰਾ ਸਾਹਿਬ ਹੋਣਾਂ ਚਾਹੀਦਾ ਹੈ ਤਾਂ ਜੋ ਇੱਥੋਂ ਗੁਰਮਤਿ ਪ੍ਰਚਾਰ ਰਾਹੀਂ ਸੰਗਤਾਂ ਨੂੰ ਸੋਝੀ ਮਿਲਦੀ ਰਹੇ। ਸੰਗਤਾਂ ਦੀ ਬੇਨਤੀ ਨੂੰ ਹੁਕਮ ਰੂਪ ਜਾਣ ਕੇ ਮਹਾਂਪੁਰਖਾਂ ਨੇ ਅਰਦਾਸ ਕਰਕੇ ਗੁਰਦੁਆਰਾ ਸਾਹਿਬ ਕੰਵਰਪੁਰ ਜੀ. ਟੀ. ਰੋਡ ਰਾਜਪੁਰਾ ਦੀ ਕਾਰ ਸੇਵਾ ਆਰੰਭ ਕਰ ਦਿੱਤੀ। ਥੋੜ੍ਹੇ ਸਮੇਂ ਵਿੱਚ ਗੁਰੂ ਮਹਾਰਾਜ ਵਾਸਤੇ ਇੱਕ ਬੁੰਗਾ ਅਤੇ ਦੋ ਕਮਰੇ ਲੰਗਰ ਅਤੇ ਰਿਹਾਇਸ਼ ਲਈ ਬਣਾਏ ਗਏ। ਇਸ ਤਰ੍ਹਾਂ ਇਸ ਪਵਿੱਤਰ ਅਸਥਾਨ ਤੇ ਗੁਰਬਾਣੀ ਦੇ ਪ੍ਰਵਾਹ ਚੱਲ ਪਏ। ਇਸ ਤਰ੍ਹਾਂ ਇਸ ਪਵਿੱਤਰ ਅਸਥਾਨ ਤੇ ਸਾਰੀਆਂ ਸਹੂਲਤਾਂ ਹੋ ਗਈਆਂ। ਰੋਜਾਨਾ ਅੰਮ੍ਰਿਤ ਵੇਲੇ ਨਿਤਨੇਮ ਅਤੇ ਸਹਿਜ ਪਾਠ ਲਾਊਡ ਸਪੀਕਰ ਰਾਹੀਂ ਹੁੰਦੇ। ਪਵਿੱਤਰ ਬਾਣੀ ਰਾਹੀਂ ਸਾਰੀਆਂ ਫਸਲਾਂ ਵੀ ਪਵਿੱਤਰ ਹੋਣ ਲੱਗੀਆਂ। ਰਾਹਗੀਰਾਂ ਅਤੇ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਸ.ਸੁਰਜੀਤ ਸਿੰਘ ਦੇ ਘਰੋਂ ਬੀਬੀ ਬੰਤ ਕੌਰ ਅਤੇ ਉਨ੍ਹਾਂ ਦਾ ਵੱਡਾ ਸਪੁੱਤਰ ਸ.ਸ਼ਮਸ਼ੇਰ ਸਿੰਘ ਬੜੇ ਸਤਿਕਾਰ ਨਾਲ ਕਰਦੇ। ਸੰਗਤਾਂ ਦੀ ਸੇਵਾ ਕਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਇਸ ਪਵਿੱਤਰ ਅਸਥਾਨ ਤੇ ਨਾਲ ਲਗਦੇ ਪਿੰਡਾਂ ਦੇ ਗ੍ਰੰਥੀ ਸਿੰਘਾਂ ਤੋਂ ਇਲਾਵਾ ਹੋਰ ਕਈ ਨੌਜੁਆਨ ਸਿੰਘਾਂ ਨੇ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ। ਇਸ ਤਰ੍ਹਾਂ ਇਹ ਪਵਿੱਤਰ ਅਸਥਾਨ ਗੁਰਮਤਿ ਪ੍ਰਚਾਰ ਦਾ ਕੇਂਦਰ ਬਣ ਗਿਆ।

## ਕੰਵਰਪੁਰ ਥੇਹ ਤੇ ਸੱਪ ਦਾ ਉਧਾਰ

ਇੱਕ ਦਿਨ ਮਹਾਂਪੁਰਖ ਆਪਣੀ ਕੁਟੀਆ ਵਿੱਚੋਂ ਕੰਵਰਪੁਰ ਦੇ ਪੁਰਾਣੇ ਥੇਹ ਤੇ ਗਏ। ਉਥੇ ਖੇੜੇ ਕੋਲ ਇੱਕ ਭਾਰੀ ਸੱਪ ਫਣ ਖਲਾਰ ਕੇ ਸਾਹਮਣੇ ਖੜਾ ਹੋ ਗਿਆ। ਜਿਉਂ ਹੀ ਮਹਾਂਪੁਰਖਾਂ ਨੇ ਉਸ ਵੱਲ ਵੇਖਿਆ ਤਾਂ ਧਰਤੀ ਤੇ ਲੰਮਾ ਪੈ ਗਿਆ। ਇਸ ਤਰ੍ਹਾਂ ਦੋ ਤਿੰਨ ਦਿਨਾਂ ਮਗਰੋਂ ਮਹਾਂਪੁਰਖ ਖੇੜੇ ਵੱਲ ਗਏ ਤਾਂ ਸੱਪ ਫਨ ਖਲਾਰ ਕੇ ਖੜ੍ਹਾ ਹੋ ਗਿਆ। ਜਦੋਂ ਮਹਾਂਪੁਰਖ ਅੱਗੇ ਵਧੇ ਤਾਂ ਧਰਤੀ ਤੇ ਲੰਮਾ ਪੈ

ਗਿਆ। ਮਹਾਂਪੁਰਖਾਂ ਨੇ ਫੁਰਨੇ ਨਾਲ ਹੀ ਇਸ ਸੱਪ ਨੂੰ ਆਖਿਆ ਤੂੰ ਆਪਣੀ ਮੇਰ ਤਿਆਗ ਦੇ। ਤੇਰੀ ਕਲਿਆਣ ਕਰਵਾ ਦਿੰਦੇ ਹਾਂ। ਸੱਪ ਉਸੇ ਵੇਲੇ ਖਿਸਕ ਗਿਆ। ਦੋ ਤਿੰਨ ਦਿਨਾਂ ਮਗਰੋਂ ਇਕਾਦਸੀ ਵਾਲੇ ਦਿਨ ਇੱਕ ਜਿਮੀਦਾਰ ਨੇ ਦੱਸਿਆ ਕਿ ਖੇੜੇ ਕੋਲ ਇੱਕ ਬਹੁਤ ਵੱਡਾ ਸੱਪ ਲੰਮਾ ਪਿਆ ਹੈ। ਜਦੋਂ ਉਨ੍ਹਾਂ ਦੇ ਘਰ ਦਿਆਂ ਨੇ ਵੇਖਿਆ ਕਿ ਉਹ ਸੱਪ ਤਾਂ ਮਰਿਆ ਪਿਆ ਹੈ ਤਾਂ ਮਹਾਂਪੁਰਖਾਂ ਨੇ ਇਸ ਸੱਪ ਨੂੰ ਧਰਤੀ ਵਿੱਚ ਦਫਨਾ ਦਿੱਤਾ। ਸਾਰਿਆਂ ਨੂੰ ਦੱਸਿਆ ਕਿ ਇਹ ਕੋਈ ਪੁਰਾਣਾ ਬਜੁਰਗ ਸੀ। ਇਸ ਦੀ ਕਲਿਆਣ ਸਤਿਗੁਰਾਂ ਨੇ ਕਰ ਦਿੱਤੀ ਹੈ। ਇਹ ਗੁਰਬਾਣੀ ਦੀ ਹੀ ਸਮਰੱਥਾ ਹੈ।

## ਵਿਆਹ ਸ਼ਾਦੀਆਂ ਬਾਰੇ

ਮਹਾਂਪੁਰਖ ਬਚਨ ਕਰਿਆ ਕਰਦੇ ਕਿ ਵਿਆਹ ਸ਼ਾਦੀਆਂ ਵਿਚ ਫਜੂਲ ਦੇ ਖਰਚੇ ਨਹੀਂ ਕਰਨੇ ਚਾਹੀਦੇ। ਅਜਿਹੇ ਸਮੇਂ ਬਹੁਤ ਘੱਟ ਕੱਪੜੇ ਖਰੀਦਣ ਵਾਸਤੇ ਪ੍ਰੇਰਦੇ। ਕੱਪੜੇ ਘਰ ਵਿਚ ਲੋੜ ਅਨੁਸਾਰ ਹੀ ਚਾਹੀਦੇ ਹਨ ਕਿਉਂਕਿ ਰਿਸ਼ਤੇਦਾਰ ਵੀ ਕੱਪੜੇ ਦਿੰਦੇ ਹਨ। ਜਦੋਂ ਪਹਿਨਣ ਵਾਲੇ ਕੱਪੜੇ ਘਸ ਅਤੇ ਫਟ ਜਾਣ ਤਾਂ ਹੋਰ ਨਵੇਂ ਕੱਪੜੇ ਖਰੀਦਣੇ ਚਾਹੀਦੇ ਹਨ। ਇਸੇ ਪ੍ਰਕਾਰ ਸੋਨੇ ਚਾਂਦੀ ਦੇ ਗਹਿਣਿਆਂ ਬਾਰੇ ਵੀ ਉਪਦੇਸ ਦਿਆ ਕਰਦੇ। ਉਨ੍ਹਾਂ ਦਿਨਾਂ ਵਿਚ ਬਰਾਤਾਂ ਦੋ ਦੋ ਤਿੰਨ ਤਿੰਨ ਦਿਨ ਠਹਿਰਦੀਆਂ ਸਨ। ਬਰਾਤੀ ਬਹੁਤ ਉੱਚੀ ਅਵਾਜ਼ ਵਿਚ ਲਾਊਡ ਸਪੀਕਰ ਲਗਾਉਂਦੇ ਸਨ ਅਤੇ ਗੰਦੇ ਗੀਤ ਚਲਾਉਂਦੇ ਸਨ। ਮਹਾਂਪੁਰਖਾਂ ਨੇ ਇਸ ਕੁਰੀਤੀ ਦੇ ਖਿਲਾਫ ਬਹੁਤ ਪ੍ਰਚਾਰ ਕੀਤਾ। ਜਿਹੜੇ ਪਰਿਵਾਰ ਵਿਆਹ ਸ਼ਾਦੀਆਂ ਵਿਚ ਗੰਦੇ ਗੀਤ ਅਤੇ ਭੈੜੇ ਨਾਚ ਆਦਿ ਕਰਦੇ ਸਨ ਉਨ੍ਹਾਂ ਤੋਂ ਆਪ ਪਰੇ ਹੋ ਜਾਂਦੇ ਸਨ। ਜਦੋਂ ਤਕ ਅਜਿਹੇ ਪਰਿਵਾਰ ਗੁਰੂ ਘਰ ਆ ਕੇ ਭੁੱਲ ਨਹੀਂ ਬਖਸ਼ਾਉਂਦੇ ਸਨ ਉਨ੍ਹਾਂ ਦੇ ਘਰੋਂ ਪ੍ਰਸ਼ਾਦਾ ਆਦਿ ਨਹੀਂ ਛਕਦੇ ਸਨ। ਆਪ ਜੀ ਕਥਾ ਵਿਚ ਦਸਦੇ ਕਿ ਗੰਦੇ ਗੀਤਾਂ ਦੇ ਪ੍ਰਦੂਸ਼ਣ ਨਾਲ ਸਬਜੀਆਂ, ਫਸਲਾਂ ਅਤੇ ਫਲਦਾਰ ਬੂਟਿਆਂ ਤੇ ਵੀ ਭੈੜਾ ਅਸਰ ਪੈਂਦਾ ਹੈ। ਜਿਹੜੇ ਮਾਪੇ ਗੰਦੇ ਗੀਤ ਸੁਣਨਗੇ ਉਨ੍ਹਾਂ ਦੇ ਬੱਚਿਆਂ ਦੇ ਮਨ ਨਿਰਮਲ ਨਹੀਂ ਹੋ ਸਕਦੇ ਖਾਸ ਕਰਕੇ ਮਾਂ ਬਣਨ ਵਾਲੀਆਂ ਬੀਬੀਆਂ ਨੂੰ ਬਚਨ ਕਰਦੇ ਕਿ ਗੰਦੇ ਗੀਤ ਸੁਣਨ ਨਾਲ ਅਤੇ ਕੁਸੰਗਤ ਵਿਚ ਆ ਕੇ ਨਚਣ ਕੁਦਣ ਨਾਲ ਆਗਿਆਕਾਰੀ ਬੱਚੇ ਪੈਦਾ ਨਹੀਂ ਹੋ ਸਕਦੇ।

## ਤੋਹਫੇ ਦੇਣ ਬਾਰੇ

ਪੁਰਾਣਿਆਂ ਸਮਿਆਂ ਵਿੱਚ ਧੀ ਭੈਣ ਨੂੰ ਜਿਸ ਚੀਜ਼ ਦੀ ਲੋੜ ਹੁੰਦੀ ਸੀ ਉਸ ਲੋੜ ਨੂੰ ਪੂਰਾ ਕਰਨ ਵਾਸਤੇ ਲੜਕੀ ਦੇ ਮਾਂ ਬਾਪ, ਮਾਮੀਆਂ, ਮਾਸੀਆਂ ਅਤੇ ਭੂਆ

ਆਦਿ ਉਹ ਚੀਜ਼ ਖਰੀਦ ਕੇ ਘਰ ਦੇ ਕੇ ਜਾਂਦੇ ਸਨ। ਇਹ ਵਸਤਾਂ ਦੇਣ ਵੇਲੇ ਮਨ ਵਿਚ ਇਹ ਫੁਰਨਾ ਹੁੰਦਾ ਸੀ ਕਿ ਇਹ ਅਸੀਂ ਬੱਚੀ ਦੀ ਲੋੜ ਪੂਰੀ ਕੀਤੀ ਹੈ। ਲੜਕੀ ਦੇ ਪਰਿਵਾਰ ਕੋਲੋਂ ਕੋਈ ਉਮੀਦ ਨਹੀਂ ਰੱਖੀ ਜਾਂਦੀ ਸੀ ਕਿ ਇਹ ਪਰਿਵਾਰ ਮੁੜ ਕੇ ਸਾਨੂੰ ਵੀ ਕੋਈ ਚੀਜ਼ ਦੇਵੇਗਾ। ਜਿਸ ਨਾਲ ਬੱਚਿਆਂ ਵਿਚ ਰਿਸ਼ਤੇਦਾਰਾਂ ਨਾਲ ਸਾਂਝ ਬਣੀ ਰਹਿੰਦੀ ਸੀ ਪਰ ਅੱਜ ਕੱਲ੍ਹ ਅਜਿਹਾ ਨਹੀਂ ਹੋ ਰਿਹਾ।ਇਸ ਦੇ ਉਲਟ ਆਪਣੀ ਸੋਚ ਅਨੁਸਾਰ ਲੋਕਾਂ ਨੂੰ ਵਿਖਾਉਣ ਵਾਸਤੇ ਤੋਹਫੇ ਦਿੱਤੇ ਜਾਂਦੇ ਹਨ। ਇਨ੍ਹਾਂ ਤੋਹਫਿਆਂ ਦੀ ਅਗਲੇ ਨੂੰ ਭਾਵੇਂ ਲੋੜ ਹੋਵੇ ਜਾਂ ਨਾ ਹੋਵੇ ਤਾਂ ਵੀ ਅਸੀਂ ਆਪਣੇ ਕੱਦ ਨੂੰ ਉੱਚਾ ਵਿਖਾਉਣ ਵਾਸਤੇ ਤੋਹਫੇ ਦਿੰਦੇ ਹਾਂ। ਇਥੇ ਹੀ ਬਸ ਨਹੀਂ ਫੇਰ ਅਸੀਂ ਇਹ ਵੀ ਪੂਰੀ ਉਮੀਦ ਰੱਖਦੇ ਹਾਂ ਕਿ ਜਦੋਂ ਸਾਡੇ ਕੋਈ ਵਿਆਹ ਸ਼ਾਦੀ ਦਾ ਸਮਾਂ ਹੋਵੇ ਤਾਂ ਇਹ ਪਰਿਵਾਰ ਉਸ ਦੇ ਬਦਲੇ ਵਿਚ ਸਾਨੂੰ ਵੀ ਵਧੀਆ ਤੋਹਫਾ ਦੇਵੇ। ਇਸ ਭੈੜੀ ਰੀਤ ਦੇ ਖਿਲਾਫ ਮਹਾਂਪੁਰਖ ਸਮਝਾਉਂਦੇ ਕਿ ਇਹ ਲੜਾਈ ਦਾ ਬੀਜ ਬੀਜਣ ਦੀ ਬਜਾਏ ਨਗਦ ਮਾਇਆ ਦੇ ਦੇਣੀ ਚਾਹੀਦੀ ਹੈ। ਇਹ ਮਾਇਆ ਸਹਾਇਤਾ ਵਜੋਂ ਦੇਣੀ ਚਾਹੀਦੀ ਹੈ। ਹਰ ਰੋਜ਼ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਅਕਾਲ ਪੁਰਖ ਅਸੀਂ ਕਿਸੇ ਲੋੜਵੰਦ ਦੀ ਸਹਾਇਤਾ ਕਰ ਸਕੀਏ।

## ਨੰਬਰਦਾਰਾਂ, ਸਰਪੰਚਾਂ ਅਤੇ ਪੰਚਾਂ ਨੂੰ ਉਪਦੇਸ

ਮਹਾਂਪੁਰਖਾਂ ਦਾ ਇੰਨਾਂ ਤੇਜ ਪ੍ਰਤਾਪ ਸੀ ਕਿ ਨੰਬਰਦਾਰ, ਸਰਪੰਚ ਅਤੇ ਪੰਚ ਆਦਿ ਸਾਹਮਣੇ ਨਹੀਂ ਆਉਂਦੇ ਸਨ। ਜੇਕਰ ਕੋਈ ਕਿਸੇ ਸਮੇਂ ਆ ਕੇ ਬੇਨਤੀ ਕਰਦਾ ਕਿ ਸਾਡਾ ਭਲਾ ਕਿਵੇਂ ਹੋਵੇਗਾ ਤਾਂ ਮਹਾਂਪੁਰਖ ਆਖਦੇ ਮਿਥਿਆ ਆਹਾਰ ਮਿਥਿਆ ਵਿਹਾਰ ਤਿਆਗੋ। ਇਹ ਸੁਣ ਕੇ ਉਹ ਆਖਦੇ ਇਨ੍ਹਾਂ ਤੋਂ ਬਗੈਰ ਸਾਡੀ ਗੱਡੀ ਨਹੀਂ ਚੱਲਦੀ। ਮਹਾਂਪੁਰਖ ਆਖਦੇ ਤੁਹਾਨੂੰ ਭੁਲੇਖਾ ਹੈ। ਜੇਕਰ ਝੂਠ ਫਰੇਬ ਤੋਂ ਬਗੈਰ ਸਿਆਸਤ ਨਹੀਂ ਚੱਲਦੀ ਤਾਂ ਗੁਰੂ ਕੀ ਸੰਗਤ ਵਿੱਚ ਆ ਕੇ ਸੱਚ ਦੱਸ ਦਿਆ ਕਰੋ। ਪ੍ਰਤੀਤ ਕਰੋ ਤੁਹਾਡੇ ਸੱਚ ਨਾਲ ਵੀ ਸਿਆਸਤ ਚੱਲ ਜਾਵੇਗੀ। ਪਰ ਨਿਸ਼ਚਾ ਦ੍ਰਿੜ ਨਾ ਹੋਣ ਕਰਕੇ ਇਹ ਚੌਧਰੀ ਲੋਕ ਹਮੇਸ਼ਾ ਹੀ ਮਹਾਂਪੁਰਖਾਂ ਅਤੇ ਗੁਰ ਸੰਗਤ ਤੋਂ ਪਰ੍ਹੇ ਹੀ ਰਹਿੰਦੇ।

## ਸੰਤ ਕਰਤਾਰ ਸਿੰਘ ਖਾਲਸਾ ਦਾ ਉਪਲਹੇੜੀ ਪਹੁੰਚਣਾ

ਦਮਦਮੀ ਟਕਸਾਲ ਦੇ ਮੁਖੀ ਬਣਨ ਤੋਂ ਉਪਰੰਤ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜਥੇ ਸਮੇਤ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲੇ ਦੇ ਨਗਰ ਉਪਲਹੇੜੀ ਵਿਖੇ ਆਏ ਉਸ ਸਮੇਂ 47 ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜਿਨਾਂ ਵਿੱਚ ਦਾਸ ਵੀ ਸ਼ਾਮਿਲ ਸੀ। ਅੰਮ੍ਰਿਤ ਛਕਾਉਣ ਤੋਂ ਉਪਰੰਤ ਦੀਵਾਨ ਸਜਿਆ ਅਤੇ ਸੰਤ

ਕਰਤਾਰ ਸਿੰਘ ਜੀ ਖਾਲਸਾ ਨੇ ਕਥਾ ਕੀਤੀ। ਕਥਾ ਤੋਂ ਉਪਰੰਤ ਆਪ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਤੋਂ ਆਗਿਆ ਲੈ ਕੇ ਭੂਰੇ ਕੋਹਨੇ ਵਾਲੇ ਸਾਰੇ ਬਚਨ ਸੰਗਤ ਨੂੰ ਸਰਵਣ ਕਰਾਏ। ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਆਖਿਆ ਕਿ ਇੱਕ ਵਾਰੀ ਮਹਾਂਪੁਰਖ ਜਥੇ ਸਮੇਤ ਭੂਰੇ ਕੋਹਨੇ ਨਗਰ ਵਿੱਚ ਗੁਰਮਤਿ ਪ੍ਰਚਾਰ ਵਾਸਤੇ ਗਏ ਹੋਏ ਸਨ। ਉਸ ਸਮੇਂ ਸੰਤ ਕਰਤਾਰ ਸਿੰਘ ਜੀ ਖਾਲਸਾ ਬਹੁਤ ਛੋਟੀ ਉਮਰ ਵਿੱਚ ਸਨ। ਇਹ ਬਹੁਤ ਪ੍ਰੇਮ ਨਾਲ ਨਗਰ ਦੀਆਂ ਮਾਈਆਂ ਪਾਸੋਂ ਦੁੱਧ, ਦਹੀਂ ਅਤੇ ਮੱਖਣ ਲੈ ਕੇ ਆਉਂਦੇ ਸਨ। ਇਨ੍ਹਾਂ ਦੀ ਸੇਵਾ ਅਤੇ ਲਗਨ ਨੂੰ ਵੇਖ ਕੇ ਕੋਈ ਵੀ ਪਰਵਾਰ ਕਿਸੇ ਵੀ ਪਦਾਰਥ ਦੇਣ ਤੋਂ ਨਾਂਹ ਨਹੀਂ ਕਰਦਾ ਸੀ। ਇਸ ਤਰ੍ਹਾਂ ਦੁੱਧ ਦਹੀਂ ਮੱਖਣ ਮਾਈਆਂ ਪਾਸੋਂ ਲੈ ਕੇ ਜਥੇ ਦੇ ਸਿੰਘਾਂ ਨੂੰ ਬਹੁਤ ਪ੍ਰੇਮ ਅਤੇ ਜੋਰ ਨਾਲ ਛਕਾਉਂਦੇ ਸਨ। ਮੈਂ ਇਨ੍ਹਾਂ ਦੀ ਸੇਵਾ ਅਤੇ ਪਿਆਰ ਭਰੀ ਲਗਨ ਤੋਂ ਪ੍ਰਭਾਵਿਤ ਹੋ ਕੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਇਹ ਗੋਰਾ ਜਿਹਾ ਭੁਝੰਗੀ ਅਨੋਖੀ ਕਿਸਮ ਦੀ ਸੇਵਾ ਕਰ ਰਿਹਾ ਹੈ। ਇਨ੍ਹਾਂ ਦੀ ਸੇਵਾ ਵਿੱਚ ਅਤੇ ਨਗਰ ਦੇ ਹੋਰ ਪ੍ਰੇਮੀ ਸਿੰਘਾਂ ਦੀ ਸੇਵਾ ਵਿੱਚ ਬਹੁਤ ਫਰਕ ਹੈ। ਮਹਾਂਪੁਰਖ ਮੈਨੂੰ ਬਚਨ ਕਰਨ ਲੱਗੇ ਕਿ ਰਾਗੀ ਸਿੰਘ ਜੀ ਅੱਗੇ ਵਾਸਤੇ ਕਦੇ ਵੀ ਇਨ੍ਹਾਂ ਨੂੰ ਭੁਝੰਗੀ ਨਹੀਂ ਆਖਣਾ। ਜਿਸ ਸਮੇਂ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਮਹਾਂਪੁਰਖਾਂ ਨੇ ਖੁਸ਼ੀਆਂ ਵਿੱਚ ਆ ਕੇ ਆਪ ਜੀ ਨੂੰ ਜਥੇ ਦੀ ਜਿੰਮੇਵਾਰੀ ਸਉਂਪਦੇ ਹੋਏ ਬਚਨ ਕੀਤੇ ਕਿ ਜੋ ਵਿੱਦਿਆ ਪੜ੍ਹਾਉਣ ਦੀ ਜੋ ਸੇਵਾ ਮੈਨੂੰ ਸੱਚਖੰਡ ਵਾਸੀ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਮਹਾਂਪੁਰਖਾਂ ਨੇ ਬਖਸ਼ੀ ਸੀ ਉਹ ਸੇਵਾ ਮੈਂ ਹੁਣ ਭਾਈ ਕਰਤਾਰ ਸਿੰਘ ਜੀ ਨੂੰ ਲਾ ਰਿਹਾ ਹਾਂ। ਅਗਾਂਹ ਦੇ ਵਾਸਤੇ ਸਾਰੇ ਸਿੰਘਾਂ ਨੇ ਇਨ੍ਹਾਂ ਦਾ ਸਤਿਕਾਰ ਕਰਨਾ ਹੈ।

ਉਸ ਸਮੇਂ ਇਹ ਵੀ ਬਚਨ ਕੀਤੇ ਕਿ ਇੱਕ ਵਾਰੀ ਵੱਡਿਆਂ ਮਹਾਂਪੁਰਖਾਂ ਦਾ ਸਰੀਰ ਬਹੁਤ ਢਿੱਲਾ ਹੋ ਗਿਆ ਸੀ। ਉਸ ਸਮੇਂ ਜਥੇ ਵਿੱਚੋਂ ਗਿਆਨੀ ਮੋਹਨ ਸਿੰਘ ਜੀ ਨੇ ਆਪਣੇ ਨਾਲ ਚਾਰ ਸਿੰਘ ਹੋਰ ਲੈ ਲਏ ਜਿਨਾਂ ਵਿੱਚ ਦਾਸ ਵੀ ਸ਼ਾਮਲ ਸੀ। ਇਸ ਤਰ੍ਹਾਂ ਪੰਜ ਸਿੰਘਾਂ ਨੇ ਇਕੱਠੇ ਹੋ ਕੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਜੇਕਰ ਆਪ ਜੀ ਦੇ ਸਰੀਰ ਨੂੰ ਕੁਝ ਹੋ ਜਾਵੇ ਤਾਂ ਸਾਡੇ ਵਿੱਚ ਕੌਣ ਮੁਖੀ ਹੋਵੇਗਾ। ਉਸ ਵੇਲੇ ਮਹਾਂਪੁਰਖਾਂ ਨੇ ਬਚਨ ਕੀਤੇ ਕਿ ਤੁਸੀਂ ਇਸ ਵੇਲੇ ਪੰਜ ਸਿੰਘ ਹੋ। ਮੇਰੀ ਬੇਨਤੀ ਹੈ ਕਿ ਮੇਰੇ ਜਵਾਬ ਤੋਂ ਬਾਅਦ ਹੋਰ ਕੋਈ ਸੁਆਲ ਨਹੀਂ ਕਰਨਾ। ਤੁਹਾਡੇ ਸੁਆਲ ਦਾ ਜਵਾਬ ਮੈਂ ਦਿੰਦਾ ਹਾਂ। ਇਸ ਵੇਲੇ ਜਥੇ ਵਿੱਚ 150 ਸਿੰਘ ਹਨ। ਸਾਰੇ ਸਿੰਘ ਹੀ ਸਤਿਕਾਰ ਯੋਗ ਹਨ ਅਤੇ ਕਈ ਸਿੰਘ ਵਿੱਦਿਆ ਵਿੱਚ ਵੀ ਪਰਵੀਨ ਹਨ ਪਰ ਜਿਸ ਸਿੰਘ ਨੂੰ ਅਸੀਂ ਇਹ ਸੇਵਾ ਲਗਾਉਣੀ ਹੈ ਉਹ ਕਿਸੇ ਪਿੰਡ ਵਿੱਚ ਅਜੇ ਸਕੂਲ ਦੀ

ਵਿੱਦਿਆ ਪੜ੍ਹ ਰਿਹਾ ਹੈ। ਸੰਸਾਰੀ ਵਿੱਦਿਆ ਪੜ੍ਹ ਕੇ ਉਹ ਸਿੰਘ ਜਥੇ ਵਿੱਚ ਭਰਤੀ ਹੋਵੇਗਾ ਫੇਰ ਉਹ ਬ੍ਰਹਮ ਵਿੱਦਿਆ ਪੜ੍ਹੇਗਾ। ਉਸ ਨੇ ਇਹ ਸੇਵਾ ਲੈਣੀ ਹੈ। ਉਸ ਵੇਲੇ ਮੇਰਾ ਧਿਆਨ ਭੁਰੇ ਕੋਹਨੇ ਵਾਲੀ ਘਟਨਾ ਵੱਲ ਚਲਾ ਗਿਆ।ਜਦੋਂ ਮਹਾਂਪੁਰਖਾਂ ਨੇ ਆਖਿਆ ਸੀ ਕਿ ਇਸ ਸਿੰਘ ਨੂੰ ਅੱਗੋਂ ਵਾਸਤੇ ਕਦੇ ਭੁਝੰਗੀ ਨਹੀਂ ਆਖਣਾ। ਉਸ ਸਮੇਂ ਮਹਾਂਪੁਰਖਾਂ ਨੇ ਮੈਨੂੰ ਹੁਕਮ ਕੀਤਾ ਸੀ ਕਿ ਇਹ ਬਚਨ ਕਦੇ ਵੀ ਪਰਗਟ ਨਹੀਂ ਕਰਨੇ। ਹੁਣ ਉਸੇ ਸੀਟ ਤੇ ਆਪ ਜੀ ਹੋਂ। ਇਸ ਕਰਕੇ ਆਪ ਜੀ ਪਾਸੋਂ ਆਗਿਆ ਲੈ ਕੇ ਇਹ ਸਾਰੇ ਬਚਨ ਗੁਰੂ ਸਾਹਿਬ ਦੀ ਹਜੂਰੀ ਵਿੱਚ ਸੰਗਤ ਦੇ ਸਾਹਮਣੇ ਰੱਖੇ ਹਨ। ਸਮਾਪਤੀ ਉਪਰੰਤ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜੀ ਨੂੰ ਮਹਾਂਪੁਰਖਾਂ ਨੇ ਗੁਰੂ ਘਰ ਉਪਲਹੇੜੀ ਵੱਲੋਂ ਸਿਰੋਪਾਓ ਬਖਸ਼ਿਆ।

ਵੱਡਿਆਂ ਮਹਾਂਪੁਰਖਾਂ ਦੀ ਤਰ੍ਹਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਦੇ ਸਮੇਤ ਹਰ ਸਾਲ ਜੇਠ ਦੇ ਮਹੀਨੇ ਵਿੱਚ ਗੁਰਦੁਆਰਾ ਸਾਹਿਬ ਪਾ:੯ਵੀਂ ਅਤੇ ੧੦ਵੀਂ ਨਾਭਾ ਸਾਹਿਬ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਵਿਖੇ ਗੁਰਮਤਿ ਪ੍ਰਚਾਰ ਵਾਸਤੇ ਆਉਂਦੇ। ਜਥੇ ਦੇ ਆਉਣ ਤੋਂ ਪਹਿਲਾਂ ਹੀ ਨਾਭਾ ਸਾਹਿਬ ਦੀਆਂ ਸੰਗਤਾਂ ਵੱਲੋਂ ਉਪਲਹੇੜੀ ਵਾਲੇ ਮਹਾਂਪੁਰਖਾਂ ਕੋਲ ਇਸ਼ਤਿਹਾਰ ਪਹੁੰਚ ਜਾਂਦਾ। ਜਦੋਂ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਨਾਭਾ ਸਾਹਿਬ ਪਹੁੰਚ ਜਾਂਦੇ ਤਾਂ ਉਹ ਵੀ ਉਚੇਚੇ ਤੌਰ ਤੇ ਉਪਲਹੇੜੀ ਵਾਲੇ ਮਹਾਂਪੁਰਖਾਂ ਦੇ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਕਿਸੇ ਪ੍ਰੇਮੀ ਸਿੰਘ ਨੂੰ ਭੇਜਦੇ। ਦੀਵਾਨਾਂ ਦੀ ਸਮਾਪਤੀ ਵਾਲੇ ਦਿਨ ਮਹਾਂਪੁਰਖ ਉਪਲਹੇੜੀ ਤੋਂ ਕਈ ਸਿੰਘਾਂ ਨੂੰ ਨਾਲ ਲੈ ਕੇ ਜਾਂਦੇ। ਜਥੇ ਦੀ ਵਿਦਾਇਗੀ ਸਮੇਂ ਭਿੰਡਰਾਂ ਵਾਲੇ ਮਹਾਂਪੁਰਖਾਂ ਦਾ ਧੰਨਵਾਦ ਕਰਦੇ ਸਮੇਂ ਸਟੇਜ ਤੇ ਸੰਗਤਾਂ ਨੂੰ ਆਖਦੇ ਕਿ ਇਸ ਤਰ੍ਹਾਂ ਦੇ ਸੰਤ ਸਿਪਾਹੀ ਨਿਧੜਕ ਆਗੂ ਕੌਮ ਨੂੰ ਮੁਸ਼ਕਿਲ ਨਾਲ ਮਿਲਦੇ ਹਨ। ਇਲਾਕੇ ਦੇ ਵਸਨੀਕਾਂ ਨੂੰ ਇਨ੍ਹਾਂ ਤੋਂ ਪੂਰਾ ਲਾਹਾ ਲੈਣਾ ਚਾਹੀਦਾ ਹੈ। ਸੰਗਤਾਂ ਵੱਲੋਂ ਆਈ ਹੋਈ ਮਾਇਆ ਵੀ ਇਨ੍ਹਾਂ ਨੂੰ ਦੇ ਕੇ ਖੁਸ਼ੀ ਮਹਿਸੂਸ ਕਰਦੇ। ਹਰ ਸਾਲ ਗੁਰੂ ਘਰ ਵੱਲੋਂ ਮਹਾਂਪੁਰਖਾਂ ਨੂੰ ਸਿਰੋਪਾਓ ਬਖਸ਼ਿਸ਼ ਕਰਦੇ।

## ਸੰਤ ਕਰਤਾਰ ਸਿੰਘ ਖਾਲਸਾ ਦਾ ਅਕਾਲ ਚਲਾਣਾ

ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਨੇ ਅੱਠ ਸਾਲ ਦਮਦਮੀ ਟਕਸਾਲ ਦੇ ਮੁਖੀ ਦੇ ਰੂਪ ਵਿੱਚ ਥਾਂ-ਥਾਂ ਵਿਚਰ ਕੇ ਗੁਰਮਤਿ ਦਾ ਬਹੁਤ ਭਾਰੀ ਪ੍ਰਚਾਰ ਕੀਤਾ। ਪਿੰਡ ਮਲਸੀਹਾਂ (ਜਲੰਧਰ) ਤੋਂ ੩ ਅਗਸਤ 1977 ਨੂੰ ਮਹਾਂਪੁਰਖਾਂ ਨੇ ਜਥੇ ਸਮੇਤ ਸੋਲਨ ਵੱਲ ਨੂੰ ਚਾਲੇ ਪਾਏ। ਲੁਧਿਆਣੇ ਨੇੜੇ ਜਾ ਕੇ ਕਾਰ ਰੋਕ ਕੇ ਸੇਵਕ ਨਾਲ ਸੀਟ ਬਦਲੀ। ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਕਾਰ ਦਰੱਖਤ ਵਿੱਚ ਜਾ ਵੱਜੀ।

ਮਹਾਂਪੁਰਖ ਸਖਤ ਜਖਮੀ ਹੋ ਗਏ। ਹੋਰ ਕਿਸੇ ਸਿੰਘ ਦੇ ਕੋਈ ਸੱਟ ਨਾ ਲੱਗੀ। ਸੰਤਾਂ ਨੇ ਕਿਹਾ ਕਿ ਮੇਰਾ ਸਰੀਰ ਮਹਿਤੇ ਲੈ ਚੱਲੋ ਪਰ ਬਹੁਤ ਖਤਰਨਾਕ ਸੱਟਾਂ ਦੇਖ ਕੇ ਲੁਧਿਆਣੇ ਮਿਸ ਬਰਾਊਨ ਹਸਪਤਾਲ ਵਿੱਚ ਸੰਤਾਂ ਦੇ ਸਰੀਰ ਨੂੰ ਦਾਖਿਲ ਕਰਵਾਇਆ ਗਿਆ। ਇਹ ਖਬਰ ਅਖਬਾਰਾਂ ਰਾਹੀ ਸਾਰੇ ਸਿੱਖ ਜਗਤ ਅੰਦਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ। ਮਿਸ ਬਰਾਊਨ ਹਸਪਤਾਲ ਦੇ ਸਾਰੇ ਵਾਰਡਾਂ ਦੇ ਬਾਹਰ ਬਾਹਰ ਅਤੇ ਸਾਰੀਆਂ ਸੜਕਾਂ ਤੇ ਸਿੱਖਾਂ ਦਾ ਇਕੱਠ ਹੋ ਗਿਆ। ਸਾਰੇ ਚਿੰਤਾ ਵਿੱਚ ਸਨ। ਇੱਕ ਦੂਜੇ ਨੂੰ ਪੁੱਛਦੇ ਸਨ ਸੰਤ ਜੀ ਕਿਵੇਂ ਹਨ। ਬਾਬਾ ਜੀ ਦਾ ਕੀ ਹਾਲ ਹੈ। ਖਾਲਸਾ ਜੀ ਦੀ ਕੀ ਖਬਰ ਹੈ। ਸੰਤ ਜੀ 13 ਦਿਨ ਹਸਪਤਾਲ ਰਹੇ। ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਅੱਠੇ ਪਹਿਰ ਲਗਾਤਾਰ ਮਹਾਂਪੁਰਖਾਂ ਦੀ ਸੇਵਾ ਵਿੱਚ ਰਹਿੰਦੇ। ਹਸਪਤਾਲ ਵਿੱਚ 13 ਦਿਨ ਨਾਮ ਬਾਣੀ ਦਾ ਪ੍ਰਵਾਹ ਚੱਲਦਾ ਰਿਹਾ। ਸਾਰੇ ਸਿੱਖ ਜਗਤ ਵਿੱਚ ਅਰਦਾਸਾਂ ਹੋ ਰਹੀਆਂ ਸਨ। 16 ਅਗਸਤ 1977 ਈ: ਨੂੰ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਬ੍ਰਹਮ ਵਿੱਚ ਲੀਨ ਹੋ ਗਏ। ਜਿਉਂ ਹੀ ਸੰਤਾਂ ਦੇ ਚੜ੍ਹਾਈ ਕਰ ਜਾਣ ਦੀ ਖਬਰ ਸੰਗਤਾਂ ਨੇ ਸੁਣੀ ਉਨ੍ਹਾਂ ਦੇ ਨੇਤਰਾਂ ਤੋਂ ਜਲ ਵਹਿ ਤੁਰਿਆ। 16 ਅਗਸਤ ਨੂੰ ਹੀ ਮਹਾਂਪੁਰਖਾਂ ਦੇ ਸਰੀਰ ਨੂੰ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਜਿਲ੍ਹਾ ਅੰਮ੍ਰਿਤਸਰ ਲਿਆਂਦਾ ਗਿਆ। ਹਜਾਰਾਂ ਸੰਗਤਾਂ ਨੇ ਰਸਤੇ ਵਿੱਚ ਸੰਤਾਂ ਦੇ ਸਰੀਰ ਦੇ ਸੱਜਲ ਨੇਤਰਾਂ ਨਾਲ ਦਰਸ਼ਨ ਕੀਤੇ।

## ਸੰਤ ਕਰਤਾਰ ਸਿੰਘ ਖਾਲਸਾ ਦਾ ਦੁਸਹਿਰਾ

17 ਅਗਸਤ 1977 ਈ: ਨੂੰ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਇਕੱਠ ਠਾਠਾਂ ਮਾਰਦੇ ਸਮੁੰਦਰ ਵਾਂਗ ਦਿਸ ਰਿਹਾ ਸੀ। ਸੰਤਾਂ ਦਾ ਸਾਰਾ ਪਰਿਵਾਰ ਕੋਲ ਸੀ। ਸਾਰੀਆਂ ਪੰਥਕ ਜਥੇਬੰਦੀਆਂ ਹਾਜਰ ਸਨ। ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ ਗਿਆ। ਨਵੇਂ ਕਕਾਰ ਤੇ ਬਸਤਰ ਸਜਾਏ ਗਏ। ਚਿਖਾ ਚਿਣੀ ਗਈ। ਚੰਦਨ ਦੀਆਂ ਲੱਕੜਾਂ, ਘਿਉ, ਧੂਫ ਆਦਿ ਸਮੱਗਰੀ ਤਿਆਰ ਸੀ। ਬੈਰਾਗਮਈ ਕੀਰਤਨ ਸੱਜਲ ਨੇਤਰਾਂ ਨਾਲ ਅਤੇ ਰਸ ਭਿੰਨੀ ਆਵਾਜ ਵਿੱਚ ਹਜੂਰੀ ਜਥਾ ਭਾਈ ਰਾਮ ਸਿੰਘ ਜੀ, ਭਾਈ ਗੁਰਸ਼ਰਨ ਸਿੰਘ ਜੀ ਤੇ ਭਾਈ ਗੁਰਮੇਲ ਸਿੰਘ ਜੀ ਕਰ ਰਹੇ ਸਨ। ਮਹਾਂਪੁਰਖਾਂ ਦਾ ਸਰੀਰ ਚਿਖਾ ਤੇ ਸਜਾ ਦਿੱਤਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ। ਪਰਿਵਾਰ ਨੇ ਚਿਖਾ ਨੂੰ ਅਗਨੀ ਪ੍ਰਕਾਸ਼ ਕੀਤੀ। ਕੀਰਤਨ ਸੋਹਿਲੇ ਦਾ ਪਾਠ ਹੋਇਆ। ਅਰਦਾਸ ਉਪਰੰਤ ਸਾਰੀ ਸੰਗਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਅੰਦਰ ਸਜ ਗਈ।ਅਲਾਹੁਣੀਆਂ ਦਾ ਪਾਠ ਕੀਤਾ ਗਿਆ। ਅਰਦਾਸ ਉਪਰੰਤ ਮੁੱਖਵਾਕ ਆਇਆ:–

*ਧਨਾਸਰੀ ਮਹਲਾ ੫॥*
*ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ॥*
*ਆਦਿ ੬੭੮*

ਸੰਸਕਾਰ ਤੋਂ ਤੀਜੇ ਦਿਨ ਅਰਦਾਸ ਕਰਕੇ ਸਾਰੀ ਚਿਖਾ ਦੀ ਰਾਖ ਬੋਰੀ ਵਿੱਚ ਪਾ ਕੇ ਜਲ ਪ੍ਰਵਾਹ ਕਰ ਦਿੱਤੀ। 25 ਅਗਸਤ 1977 ਈ: ਨੂੰ ਇਤਿਹਾਸਕ ਦੁਸਹਿਰੇ ਦੇ ਦਿਨ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਇਕੱਠ ਹੋਇਆ। ਇਸ ਇਕੱਠ ਵਿੱਚ ਮਹਾਂਪਰਖਾਂ ਨੇ ਜੋ ਖਾਲਸਾ ਪੰਥ ਦੀ ਨਿੱਗਰ ਸੇਵਾ ਕੀਤੀ ਉਸ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ। ਰਾਗੀ ਸਿੰਘਾਂ ਨੇ ਬੈਰਾਗਮਈ ਕੀਰਤਨ ਕੀਤਾ।

## ਸੰਤ ਜਰਨੈਲ ਸਿੰਘ ਖਾਲਸਾ ਦਾ ਮੁਖੀ ਬਣਨਾ

25 ਅਗਸਤ 1977 ਈ: ਨੂੰ ਇਤਿਹਾਸਕ ਦੁਸਹਿਰੇ ਦੇ ਦਿਨ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਇਕੱਠ ਹੋਇਆ। ਇਹ ਇਕੱਠ ਸਾਰੀਆਂ ਸੰਪਰਦਾਵਾਂ ਦੇ ਮਹਾਤਮਾ, ਪੰਥਕ ਜਥੇਬੰਦੀਆਂ, ਨਿਹੰਗ ਸਿੰਘਾਂ ਦੇ ਦਲਾਂ ਤੇ ਸਿੱਖ ਕੌਮ ਦੇ ਮੁਖੀਆਂ ਦਾ ਸੀ। ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਜੀ ਦੀ ਦਮਦਮੀ ਟਕਸਾਲ ਦੀ ਸੇਵਾ, ਸਿੱਖ ਕੌਮ ਦੀ ਸੇਵਾ, ਦੇਹਧਾਰੀਆਂ ਨਾਲ ਟਕਰਾਉ ਦੀ ਗਾਥਾ ਅਤੇ ਅਨੇਕ ਸੇਵਾਵਾਂ ਸੰਬੰਧੀ ਜਿਕਰ ਕਰਕੇ ਮਹਾਂਪੁਰਖਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਭਰੇ ਦੀਵਾਨ ਵਿੱਚ ਮਹਾਂਪੁਰਖਾਂ ਦੇ ਪ੍ਰਮੁੱਖ ਵਿਦਿਆਰਥੀ, ਮਹਾਨ ਤਿਆਗੀ, ਬੈਰਾਗੀ, ਸਿਮਰਨ ਅਭਿਆਸੀ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਨੂੰ ਹੋਏ ਫੈਸਲੇ ਅਨੁਸਾਰ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ। ਸਾਰੀਆਂ ਸੰਪ੍ਰਦਾਵਾਂ ਵੱਲੋਂ ਅਤੇ ਤਖਤਾਂ ਵੱਲੋਂ ਸਿਰੋਪਾਉ ਬਖਸ਼ਿਸ਼ ਕੀਤੇ ਗਏ। ਇਸ ਤਰ੍ਹਾਂ ਦਮਦਮੀ ਟਕਸਾਲ ਦੇ ੧੪ਵੇਂ ਜਥੇਦਾਰ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਥਾਪੇ ਗਏ। ਸਮਾਗਮ ਤੋਂ ਉਪਰੰਤ ਮਹਾਂਪੁਰਖ ਉਪਲਹੇੜੀ ਆ ਗਏ।

## ਭਗਤ ਅਤੇ ਸੰਸਾਰੀ ਦਾ ਆਪਸੀ ਫਰਕ

ਉਸ ਸਮੇਂ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ। ਐਮਰਜੈਂਸੀ ਮਗਰੋਂ ਇੰਦਰਾ ਗਾਂਧੀ ਦੀ ਹਾਰ ਹੋਈ ਸੀ ਤੇ ਕੇਂਦਰ ਵਿਚ ਜਨਤਾ ਪਾਰਟੀ ਦੀ ਹਕੂਮਤ ਬਣੀ ਸੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਸੰਤਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਮੇਰੇ ਮਨ ਵਿਚ ਟਕਸਾਲ ਦੀ ਬਹੁਤ ਕਦਰ ਹੈ ਇਹ ਤਾਂ ਤੁਰਦੀ ਫਿਰਦੀ ਸਿੱਖ ਯੂਨੀਵਰਸਿਟੀ ਹੈ। ਇਸ ਵਕਤ ਸੰਤ ਜਰਨੈਲ ਸਿੰਘ ਉੱਪਰ ਬੜੀ ਵੱਡੀ ਸੰਸਥਾ ਨੂੰ ਚਲਾਉਣ ਦੀ ਜਿੰਮੇਵਾਰੀ ਆਈ ਹੈ। ਮੇਰੀ ਕਾਮਨਾ

ਹੈ ਇਹ ਜਿੰਮੇਵਾਰੀ ਉਹ ਸਫਲਤਾ ਨਾਲ ਨਿਭਾਉਣਗੇ। ਟਕਸਾਲ ਦੀ ਹਰ ਮੰਗ ਪੰਜਾਬ ਸਰਕਾਰ ਪੂਰੀ ਕਰੇਗੀ। ਸੰਤ ਕਰਤਾਰ ਸਿੰਘ ਦੇ ਨਾਮ ਤੇ ਕਿਸੇ ਯੁਨੀਵਰਸਿਟੀ ਵਿਚ ਚੇਅਰ ਸਥਾਪਤ ਕਰਨੀ ਹੋਵੇ ਜਾਂ ਜਿਵੇਂ ਸੰਤ ਕਰਤਾਰ ਸਿੰਘ ਸੁਧ ਕੀਰਤਨ ਦੀ ਮਹਾਨਤਾ ਵੱਲ ਬਹੁਤ ਤਵੱਜੋਂ ਦਿੰਦੇ ਸਨ, ਕੋਈ ਸੰਗੀਤ ਦਾ ਵਿਦਿਆਲਾ ਸਥਾਪਤ ਕਰਨਾ ਹੋਵੇ, ਸੰਤ ਜਰਨੈਲ ਸਿੰਘ ਆਖਣ ਮੈਂ ਮਨਜੂਰੀ ਦਿਆਂਗਾ ਜੋ ਕੁਝ ਮੰਗਣਾ ਹੋਵੇ ਉਹ ਹੁਣੇ ਮੰਗਣ ਮੈਂ ਉਸ ਮੰਗ ਦੀ ਪੂਰਤੀ ਦਾ ਐਲਾਨ ਇਥੇ ਹੀ ਕਰਕੇ ਜਾਵਾਂਗਾ।

ਅਖੀਰ ਵਿਚ ਸੰਤ ਜਰਨੈਲ ਸਿੰਘ ਉੱਠੇ, ਮਹਾਰਾਜ ਅੱਗੇ ਮੱਥਾ ਟੇਕਿਆ ਅਤੇ ਮਾਇਕ ਅੱਗੇ ਆਏ, ਹੱਥ ਜੋੜ ਕੇ ਫਤਿਹ ਬੁਲਾਈ, ਸ਼ੁਕਰਾਨੇ ਦੇ ਸ਼ਬਦ ਕਹੇ, ਸੰਗਤ ਦੀਆਂ ਅਸੀਸਾਂ ਦੀ ਕਾਮਨਾ ਕੀਤੀ। ਸੰਤਾਂ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਖੀਰ ਵਿਚ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਬਾਦਲ ਸਾਹਿਬ ਜੀ ਨੇ ਫੁਰਮਾਇਆ ਹੈ ਕਿ ਟਕਸਾਲ ਜੋ ਮੰਗੇਗੀ ਦਿਆਂਗੇ ਇਸ ਬਾਰੇ ਮੈਂ ਇਹ ਅਰਜ ਕਰਨੀ ਹੈ ਕਿ ਦਮਦਮੀ ਟਕਸਾਲ ਮੰਗਤਿਆਂ ਦੀ ਸੰਸਥਾ ਨਹੀਂ ਹੈ। ਇਹ ਤਾਂ ਗੁਰੂ ਦਸ਼ਮੇਸ਼ ਪਿਤਾ ਜੀ ਦੀ ਟਕਸਾਲ ਹੈ ਜਿਸ ਦੀ ਸੇਵਾ ਕਰਨ ਲਈ ਮੇਰੇ ਵਰਗੇ ਅਨੇਕ ਆਏ ਤੇ ਆਉਂਦੇ ਰਹਿਣਗੇ, ਬਾਦਲ ਸਾਹਿਬ ਨੂੰ ਲੋੜ ਪਵੇ ਉਹ ਗੁਰੂ ਮਹਾਰਾਜ ਦੀ ਟਕਸਾਲ ਪਾਸੋਂ ਮੰਗਣ।

ਮਹਾਂਪੁਰਖਾਂ ਦੇ ਇਲਾਹੀ ਬਚਨ ਅਤੇ ਰਾਜਸੀ ਲੀਡਰ ਦੀਆਂ ਸੰਸਾਰੀ ਗੱਲਾਂ ਸੁਣ ਕੇ ਸੰਗਤਾਂ ਨੂੰ ਮਹਿਸੂਸ ਹੋਇਆ ਕਿ ਪੂਰਨ ਪੁਰਖ ਪਰਮੇਸਰ ਦੇ ਆਸਰੇ ਹੀ ਹੁੰਦੇ ਹਨ।

***ਭਗਤਾ ਤੈ ਸੈਸਾਰੀਆਂ ਜੋੜੁ ਕਦੇ ਨ ਆਇਆ॥ ਆਦਿ ੧੪੫***

## ਬਾਬਾ ਜੋਗਿੰਦਰ ਸਿੰਘ ਜੀ ਨਾਲ ਬਚਨ ਬਿਲਾਸ

ਆਪ ਜੀ ਦਾ ਬਾਬਾ ਜੋਗਿੰਦਰ ਸਿੰਘ ਜੀ ਨਾਲ 1930 ਤੋਂ ਬਣਿਆ ਪਿਆਰ ਚੱਲਿਆ ਆ ਰਿਹਾ ਸੀ। ਬਾਬਾ ਜੋਗਿੰਦਰ ਸਿੰਘ ਜੀ ਨੇ ਦੱਸਿਆ ਕਿ ਇੱਕ ਵਾਰੀ ਮੈਂ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਚਰਨਾਂ ਵਿੱਚ ਬਹੁਤ ਭੈ ਭਾਵਨਾ ਨਾਲ ਬੇਨਤੀ ਕੀਤੀ ਕਿ ਮੇਰੀ ਇੱਛਾ ਹੈ ਕਿ ਸਾਡੇ ਗ੍ਰਹਿ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਆਪ ਜੀ ਪਿੰਡ ਰੋਡਿਆਂ ਵਿਖੇ ਰਹਿ ਕੇ ਕਰੋ। ਸੰਤ ਸੁੰਦਰ ਸਿੰਘ ਜੀ ਨੇ ਬਚਨ ਕੀਤੇ ਕਿ ਆਪਣੇ ਸਾਰੇ ਪਰਿਵਾਰ ਨੂੰ ਬੁਲਾਓ। ਮਹਾਂਪੁਰਖਾਂ ਦੇ ਬਚਨ ਸੁਣ ਕੇ ਮੈਂ ਆਪਣੇ ਸਰੀਕੇ ਦੇ ਪਰਿਵਾਰਾਂ ਨੂੰ ਲੈ ਕੇ ਹਾਜਰ ਹੋ ਗਿਆ। ਮਹਾਂਪੁਰਖ ਸੰਤ ਗਿਆਨੀ ਸੁੰਦਰ ਸਿੰਘ ਜੀ ਬਹੁਤ ਖੁਸ਼ ਹੋਏ ਅਤੇ ਬਚਨ ਕਰਨ ਲਗੇ ਕਿ ਹੁਣ ਇੱਕ ਅਖੰਡ ਪਾਠ ਸਾਹਿਬ ਦੀ ਬਜਾਇ 101 ਅਖੰਡ ਪਾਠ ਸਾਹਿਬ ਕਰਾਂਗੇ। ਇਸ ਤਰ੍ਹਾਂ ਸੰਤ ਗਿਆਨੀ ਜਰਨੈਲ ਸਿੰਘ ਜੀ ਦੇ ਜਨਮ ਤੋਂ ਕਈ ਸਾਲ ਪਹਿਲਾਂ ਹੀ ਸ਼੍ਰੀ ਅਖੰਡ

ਪਾਠ ਸਾਹਿਬ ਦੀ ਇਕੋਤ੍ਰੀ ਕੀਤੀ ਗਈ। ਬਾਬਾ ਜੋਗਿੰਦਰ ਸਿੰਘ ਜੀ ਨੇ ਦੱਸਿਆ ਕਿ ਸਾਰੇ ਸਰੀਕੇ ਨੇ ਲੰਮਾਂ ਸਮਾਂ ਬਹੁਤ ਉਤਸ਼ਾਹ ਨਾਲ ਜਥੇ ਦੇ ਸਿੰਘਾਂ ਦੀ ਸੇਵਾ ਕੀਤੀ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਸਮੇਂ ਤੋਂ ਆਪਣੇ ਪਿੰਡ ਅਤੇ ਇਲਾਕੇ ਵਿੱਚ ਜਥੇ ਦਾ ਪ੍ਰੋਗਰਾਮ ਕਰਾਉਂਦੇ ਰਹੇ। ਉਨ੍ਹਾਂ ਤੋਂ ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਦੇ ਸਮੇਤ ਕਈ ਕਈ ਦਿਨ ਪਿੰਡ ਰੋਡਿਆਂ ਵਿਖੇ ਰਹਿ ਕੇ ਕਥਾ ਕੀਰਤਨ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ ਸਨ।

## ਬਾਬਾ ਜੋਗਿੰਦਰ ਸਿੰਘ ਜੀ ਨੇ ਬਾਣੀ ਸਤਿਕਾਰ ਕਰਨਾ

ਇੱਕ ਵਾਰੀ ਆਪ ਜੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਜਿਲ੍ਹਾ ਅੰਮ੍ਰਿਤਸਰ ਠਹਿਰੇ ਹੋਏ ਸਨ। ਆਪ ਜੀ ਦਾ ਸੰਤ ਜਰਨੈਲ ਸਿੰਘ ਖਾਲਸਾ ਜੀ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਨਾਲ ਪਿਛਲੇ ਲੰਮੇ ਸਮੇਂ ਤੋਂ ਬਹੁਤ ਪਿਆਰ ਬਣਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿੱਚ ਆਪ ਜੀ ਮਹਿਤਾ ਵਿਖੇ ਕੁਝ ਸਿੰਘਾਂ ਨੂੰ ਵਿੱਦਿਆ ਪੜ੍ਹਾ ਰਹੇ ਸਨ। ਉਨ੍ਹਾਂ ਦੇ ਕੋਲ ਬਾਬਾ ਜੋਗਿੰਦਰ ਸਿੰਘ ਜੀ ਇੱਕ ਵੱਖਰੇ ਮੰਜੇ ਤੇ ਬੈਠੇ ਸਨ। ਇੱਕ ਵਿਦਿਆਰਥੀ ਸਿੰਘ ਸੰਥਿਆ ਕਰਨ ਲਈ ਆਪਣੀ ਮੰਜੀ ਲੈ ਕੇ ਆਇਆ। ਜਦੋਂ ਉਹ ਵਿਦਿਆਰਥੀ ਸਿੰਘ ਮੰਜੀ ਡਾਹ ਕੇ ਪੋਥੀ ਸਾਹਿਬ ਲੈਣ ਗਿਆ ਤਾਂ ਮਗਰੋਂ ਬਾਬਾ ਜੀ ਉਹ ਵਿਦਿਆਰਥੀ ਵਾਲੀ ਮੰਜੀ ਤੇ ਬੈਠ ਗਏ। ਮਹਾਂਪੁਰਖ ਮੈਨੂੰ ਪੁੱਛਣ ਲਗੇ ਕਿ ਤੈਨੂੰ ਪਤਾ ਲਗਿਆ ਹੈ ਕਿ ਬਾਬਾ ਜੀ ਨੇ ਮੰਜਾ ਕਿਉਂ ਬਦਲਿਆ ਹੈ ਤਾਂ ਦਾਸ ਨੇ ਆਖਿਆ ਕਿ ਮੈਨੂੰ ਇਸ ਦੀ ਕੋਈ ਸਮਝ ਨਹੀਂ ਲੱਗੀ। ਮਹਾਂਪੁਰਖ ਕਹਿਣ ਲਗੇ ਕਿ ਇਹ ਮੰਜੀ ਆਪਣੇ ਮੰਜਿਆਂ ਨਾਲੋਂ ਨੀਵੀਂ ਹੈ ਇਸ ਲਈ ਬਾਣੀ ਦੀਆਂ ਪੋਥੀਆਂ ਦੇ ਸਤਿਕਾਰ ਨੂੰ ਲੈ ਕੇ ਬਾਬਾ ਜੋਗਿੰਦਰ ਸਿੰਘ ਜੀ ਨੀਵੀਂ ਮੰਜੀ ਤੇ ਬੈਠ ਗਏ ਹਨ। ਇਸ ਤਰ੍ਹਾਂ ਬਾਬਾ ਜੋਗਿੰਦਰ ਸਿੰਘ ਜੀ ਬਾਣੀ ਦਾ ਬਹੁਤ ਸਤਿਕਾਰ ਕਰਦੇ ਸਨ।

**ਸਾਖੀ:** ਪਾਤਿਸ਼ਾਹੀ ਸਤਵੀਂ ਵਲੋਂ ਬਾਣੀ ਦਾ ਸਤਿਕਾਰ ਕਰਨਾ

***ਜਿਨ ਭੈ ਅਦਬ ਨ ਬਾਣੀ ਧਾਰਾ॥ ਜਾਨਹੁ ਸੋ ਸਿਖ ਨਹੀ ਹਮਾਰਾ॥***

ਬਾਬਾ ਜੋਗਿੰਦਰ ਸਿੰਘ ਜੀ ਕਹਿਣ ਲੱਗੇ ਕਿ ਜਿਸ ਸਮੇਂ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਬਾਲ ਸਰੂਪ ਵਿੱਚ ਸਨ ਤਾਂ ਉਹ ਮੇਰੇ ਨਾਲ ਸਾਡੇ ਪਿੰਡ ਰੋਡਿਆਂ ਵਿਖੇ ਕਥਾ ਦਾ ਪਾਠ ਕਰਦੇ ਸਨ ਅਤੇ ਮੈਂ ਕਥਾ ਕਰਿਆ ਕਰਦਾ ਸਾਂ। ਉਸ ਸਮੇਂ ਵੀ ਸੰਤ ਜਰਨੈਲ ਸਿੰਘ ਜੀ ਗੁਰਬਾਣੀ ਦੀਆਂ ਪੋਥੀਆਂ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਨੂੰ ਬਚਪਨ ਵਿੱਚ ਘਰੋਂ ਹੀ ਸਿੱਖੀ ਦੀ ਗੁੜ੍ਹਤੀ ਮਿਲੀ। ਖੇਤੀ ਬਾੜੀ ਦਾ ਕੰਮ ਕਰਦੇ ਸਮੇਂ ਬਾਣੀ ਦਾ ਬਹੁਤ ਅਭਿਆਸ ਕੀਤਾ। ਬਾਬਾ

ਜੋਗਿੰਦਰ ਸਿੰਘ ਜੀ ਨੇ ਆਖਿਆ ਕਿ ਬਾਣੀ ਦਾ ਸਤਿਕਾਰ ਅਤੇ ਗ੍ਰੰਥੀ ਸਿੰਘਾਂ ਦਾ ਸਤਿਕਾਰ ਕਰਨ ਨਾਲ ਹੀ ਕੌਮ ਦੀ ਚੜ੍ਹਦੀ ਕਲਾ ਹੋ ਸਕਦੀ ਹੈ।

## ਸ. ਸੁੰਦਰ ਸਿੰਘ ਦਾ ਜਗਤ ਜੂਠ ਤੋਂ ਛੁਟਕਾਰਾ

ਸਰਦਾਰ ਬੰਸੀ ਸਿੰਘ ਦੇ ਸਪੁੱਤਰ ਸ.ਸੁੰਦਰ ਸਿੰਘ ਦੀ ਘਰ ਵਾਲੀ ਬੀਬੀ ਕਰਮ ਕੌਰ ਮਹਾਂਪੁਰਖਾਂ ਕੋਲ ਆਈ ਅਤੇ ਬੇਨਤੀ ਕੀਤੀ ਕਿ ਮਹਾਂਪੁਰਖੋ ਮੇਰੇ ਪੇਕੇ ਚਮਕੌਰ ਸਾਹਿਬ ਹਨ। ਮੈਂ ਬਚਪਨ ਤੋਂ ਚਮਕੌਰ ਸਾਹਿਬ ਸੇਵਾ ਕਰਨ ਜਾਂਦੀ ਸੀ। ਹੁਣ ਮੈਂ ਬਹੁਤ ਦੁਖੀ ਹਾਂ ਕਿ ਮੇਰਾ ਸਹੁਰਾ ਪਰਿਵਾਰ ਤੰਬਾਕੂ ਦੀ ਖੇਤੀ ਕਰਦਾ ਹੈ ਅਤੇ ਹੁੱਕਾ ਪੀਂਦਾ ਹੈ। ਮਹਾਂਪੁਰਖ ਆਖਣ ਲੱਗੇ ਕਿ ਬੀਬੀ ਕਰਮ ਕੌਰ ਤੇਰੀ ਸੇਵਾ ਦਾ ਫਲ ਤੈਨੂੰ ਜਰੂਰ ਮਿਲੇਗਾ। ਤੂੰ ਹੁਣ ਇਸ ਨਗਰ ਦੇ ਗੁਰੂ ਘਰ ਦੀ ਸੇਵਾ ਕਰਿਆ ਕਰ। ਮਾਤਾ ਕਰਮ ਕੌਰ ਮਹਾਂਪੁਰਖਾਂ ਦੀ ਰਸਨਾ ਤੋਂ ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਈ ਅਤੇ ਨਾਲ ਦੀ ਨਾਲ ਗੁਰੂ ਘਰ ਦੀ ਸੇਵਾ ਅਰੰਭ ਕਰ ਦਿੱਤੀ। ਜਦੋਂ ਕੁਝ ਮਹੀਨੇ ਮਾਤਾ ਕਰਮ ਕੌਰ ਦੇ ਸੇਵਾ ਕਰਦੀ ਦੇ ਬੀਤ ਗਏ ਤਾਂ ਆਪ ਜੀ ਨੇ ਸ.ਸੁੰਦਰ ਸਿੰਘ ਨੂੰ ਬੁਲਾ ਕੇ ਬਚਨ ਕੀਤੇ ਕਿ ਤੇਰੇ ਘਰ ਵਾਲੀ ਚਮਕੌਰ ਸਾਹਿਬ ਦੇ ਪਵਿੱਤਰ ਅਸਥਾਨਾ ਦੀ ਬਚਪਨ ਤੋਂ ਸੇਵਾ ਕਰਦੀ ਆਈ ਹੈ। ਹੁਣ ਇਹ ਆਪਣੇ ਨਗਰ ਦੇ ਗੁਰੂ ਘਰ ਵਿਖੇ ਰੋਜਾਨਾ ਸੇਵਾ ਕਰਦੀ ਹੈ। ਇਸ ਤੋਂ ਇਲਾਵਾ ਮਹਾਂਪੁਰਖਾਂ ਨੇ ਦੱਸਿਆ ਕਿ ਕਲਗੀਧਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਘੋੜਾ ਤੰਬਾਕੂ ਦੇ ਖੇਤ ਵਿੱਚ ਦੀ ਨਹੀਂ ਲੰਘਿਆ ਸੀ। ਤੁਸੀਂ ਤੰਬਾਕੂ ਦੀ ਖੇਤੀ ਕਰਦੇ ਹੋ ਅਤੇ ਹੁੱਕਾ ਵੀ ਪੀਂਦੇ ਹੋ। ਮਹਾਂਪੁਰਖਾਂ ਪਾਸੋਂ ਇਤਿਹਾਸਿਕ ਬਚਨ ਬੜੇ ਧਿਆਨ ਨਾਲ ਸੁਣ ਕੇ ਪ੍ਰਣ ਕੀਤਾ ਕਿ ਹੁਣ ਤੋਂ ਮੈਂ ਹੁੱਕਾ ਨਹੀਂ ਪੀਵਾਂਗਾ। ਮਹਾਂਪੁਰਖਾਂ ਨੇ ਤੰਬਾਕੂ ਦੀ ਖੇਤੀ ਵੀ ਬੰਦ ਕਰਵਾ ਦਿੱਤੀ। ਮਹਾਂਪੁਰਖਾਂ ਦੀ ਪ੍ਰੇਰਨਾ ਦਾ ਸਦਕਾ ਸੁੰਦਰ ਸਿੰਘ ਜੀ ਨੇ ਜਗਤ ਜੂਠ ਤੋਂ ਛੁਟਕਾਰਾ ਪਾ ਲਿਆ। ਪਰਮੇਸ਼ਰ ਦੀ ਕਿਰਪਾ ਨਾਲ ਸੁੰਦਰ ਸਿੰਘ ਦੇ ਗ੍ਰਹਿ ਵਿਖੇ ਪੰਜ ਪੁੱਤਰ ਹੋਏ- ਗੁਰਪਾਲ ਸਿੰਘ, ਬਾਹਲ ਸਿੰਘ, ਤੇਜਾ ਸਿੰਘ, ਤਰਲੋਚਨ ਸਿੰਘ ਅਤੇ ਧਿਆਨ ਸਿੰਘ।

ਮਹਾਂਪੁਰਖਾਂ ਦੀ ਪ੍ਰੇਰਨਾ ਨਾਲ ਮਾਤਾ ਕਰਮ ਕੌਰ ਅਤੇ ਵੱਡੇ ਪੁੱਤਰ ਸ.ਗੁਰਪਾਲ ਸਿੰਘ ਨੇ ਆਪਣੀ ਘਰ ਵਾਲੀ ਸਮੇਤ ਅੰਮ੍ਰਿਤ ਛਕ ਲਿਆ। ਕਲਗੀਧਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਐਸੀ ਕਿਰਪਾ ਹੋਈ ਕਿ ਮਾਤਾ ਕਰਮ ਕੌਰ ਦੇ ਗ੍ਰਹਿ ਵਿਖੇ ਪੋਤਰੇ ਨੇ ਜਨਮ ਲਿਆ। ਮਹਾਂਪੁਰਖਾਂ ਨੇ ਇਸ ਦਾ ਨਾਮ ਦਿਲਬਾਗ ਸਿੰਘ ਰੱਖਿਆ। ਦਿਲਬਾਗ ਸਿੰਘ ਨੇ ਬਚਪਨ ਵਿੱਚ ਹੀ ਅੰਮ੍ਰਿਤ ਛਕ ਲਿਆ ਅਤੇ ਮਹਾਂਪੁਰਖਾਂ ਪਾਸੋਂ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲਈ। ਮਹਾਂਪੁਰਖਾਂ ਨੇ ਭਾਈ ਦਿਲਬਾਗ ਸਿੰਘ ਜੀ ਨੂੰ ਕੀਰਤਨ

ਆਪ ਸਿਖਾਇਆ। ਭਾਈ ਦਿਲਬਾਗ ਸਿੰਘ ਜੀ ਬ੍ਹਾਰਵੀਂ ਪਾਸ ਕਰਕੇ ਇਲੈਕਟ੍ਰੀਕਲ ਦਾ ਡਿਪਲੋਮਾ ਕਰਕੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਭਰਤੀ ਹੋ ਗਏ। ਸਰਕਾਰੀ ਡਿਊਟੀ ਦੇ ਨਾਲ ਨਾਲ ਗੁਰੂ ਘਰ ਵਿਖੇ ਦੋਨੋ ਵੇਲੇ ਨਿਤਨੇਮ ਦੀ ਸੇਵਾ ਨਿਭਾਉਂਦੇ ਰਹੇ। ਭਾਈ ਦਿਲਬਾਗ ਸਿੰਘ ਜੀ ਦਾ ਵਿਆਹ ਪਿੰਡ ਬਹਿਲੋਲ ਪੁਰ, ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਨਿਵਾਸੀ ਸ.ਪ੍ਰੇਮ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੀ ਸਪੁੱਤਰੀ ਬੀਬੀ ਹਰਵਿੰਦਰ ਕੌਰ ਨਾਲ ਹੋਇਆ।

ਕੁਝ ਸਮੇਂ ਬਾਅਦ ਭਾਈ ਦਿਲਬਾਗ ਸਿੰਘ ਦੇ ਗ੍ਰਿਹਿ ਵਿਖੇ ਪੁੱਤਰੀ ਨੇ ਜਨਮ ਲਿਆ ਜਿਸਦਾ ਨਾਮ ਮਹਾਂਪੁਰਖਾਂ ਨੇ ਪਰਮਵੀਰ ਕੌਰ ਰੱਖਿਆ ਅਤੇ ਕੁਝ ਸਮੇਂ ਬਾਅਦ ਭੁਝੰਗੀ ਨੇ ਜਨਮ ਲਿਆ। ਉਸ ਦਾ ਨਾਮ ਗਗਨਦੀਪ ਸਿੰਘ ਰੱਖਿਆ ਗਿਆ ਜਿਸ ਨੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਤੋਂ ਐਮ.ਬੀ.ਏ ਦੀ ਡਿਗਰੀ ਪ੍ਰਾਪਤ ਕੀਤੀ ਹੈ ਜੋ ਕਿ ਅੰਮ੍ਰਿਤਧਾਰੀ ਅਤੇ ਨਿਤਨੇਮੀ ਹੈ। ਭਾਈ ਗਗਨਦੀਪ ਸਿੰਘ ਵੀ ਆਪਣੇ ਪਿਤਾ ਦੀ ਤਰ੍ਹਾਂ ਖਾਲਸਾ ਦਰਬਾਰ ਸਾਹਿਬ ਦੀ ਸੇਵਾ ਆਪਣਾ ਫਰਜ ਸਮਝ ਕੇ ਕਰ ਰਿਹਾ ਹੈ। ਗੁਰੂ ਮਹਾਰਾਜ ਕਿਰਪਾ ਕਰਨ ਇਨ੍ਹਾਂ ਪਾਸੋਂ ਵੀ ਸੇਵਾ ਲੈਂਦੇ ਰਹਿਣ। ਬਚਪਨ ਵਿੱਚ ਹੀ ਪਰਮਵੀਰ ਕੌਰ ਨੇ ਮਹਾਂਪੁਰਖਾਂ ਪਾਸੋਂ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਆਦਿ ਦੀ ਸਾਰੀ ਬਾਣੀ ਦੀ ਸੰਥਿਆ ਪ੍ਰਾਪਤ ਕੀਤੀ।

9 ਸਤੰਬਰ 2004 ਨੂੰ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਸਚਖੰਡ ਜਾ ਬਿਰਾਜੇ। ਉਨ੍ਹਾਂ ਦੇ ਅਕਾਲ ਚਲਾਣੇ ਮਗਰੋਂ ਨਗਰ ਨਿਵਾਸੀਆਂ ਨੇ ਮਹਾਂਪੁਰਖਾਂ ਦੀ ਪਵਿੱਤਰ ਯਾਦ ਵਿੱਚ ਗੁਰਮਤਿ ਸੰਗੀਤ ਅਕੈਡਮੀ ਉਪਲਹੇੜੀ ਵਿਖੇ ਖੋਲ੍ਹੀ। ਇਸ ਅਕੈਡਮੀ ਵਿੱਚ ਪਰਮਵੀਰ ਕੌਰ ਨੇ ਦੋ ਸਾਲ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਕੇ ਖਾਲਸਾ ਦਰਬਾਰ ਸਾਹਿਬ ਸੱਤ ਅੱਠ ਸਾਲ ਕੀਰਤਨ ਦੀ ਸੇਵਾ ਕਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਬੀਬਾ ਪਰਮਵੀਰ ਕੌਰ ਦੇ ਮਿਤੀ 22 ਅਕਤੂਬਰ 2012 ਦਿਨ ਸੋਮਵਾਰ ਨੂੰ ਖਾਲਸਾ ਦਰਬਾਰ ਸਾਹਿਬ ਉਪਲਹੇੜੀ ਵਿਖੇ ਭਾਈ ਸੁਖਵਿੰਦਰ ਸਿੰਘ ਪੁੱਤਰ ਸ. ਗੁਰਦੇਵ ਸਿੰਘ ਨਿਵਾਸੀ ਪ੍ਰੇਮ ਨਗਰ ਲਾਲੜੂ ਨਾਲ ਅਨੰਦ ਕਾਰਜ ਹੋਏ। ਵਾਹਿਗੁਰੂ ਜੀ ਦੀ ਅਪਾਰ ਕਿਰਪਾ ਦਾ ਸਦਕਾ ਗੁਰਸਿੱਖ ਪਰਿਵਾਰ ਮਿਲਿਆ। ਇਹ ਪਰਿਵਾਰ ਗੁਰਦੁਆਰਾ ਸਾਹਿਬ ਪਾ:ਅਠਵੀਂ ਪੰਜੋਖਰਾ ਸਾਹਿਬ ਜਿਲ੍ਹਾ ਅੰਬਾਲਾ ਵਿਖੇ ਲੰਗਰਾਂ ਦੀ ਸੇਵਾ ਕਰਨ ਜਾਂਦਾ ਹੈ। ਭਾਈ ਸੁਖਵਿੰਦਰ ਸਿੰਘ ਜੀ ਦਿੱਲੀ ਵਿਖੇ ਸਰਕਾਰੀ ਸਕੂਲ ਵਿਚ ਅਧਿਆਪਕ ਦੀ ਅਸਾਮੀ ਤੇ ਸੇਵਾ ਨਿਭਾ ਰਹੇ ਹਨ। ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਹੈ ਕਿ ਇਹ ਬੀਬਾ ਪਰਮਵੀਰ ਕੌਰ ਆਪਣੇ ਪਰਿਵਾਰ ਵਿਚ ਰਹਿ ਕੇ ਮਹਾਂਪੁਰਖਾਂ ਪਾਸੋਂ ਪ੍ਰਾਪਤ ਕੀਤੀ ਵਿਦਿਆ ਨੂੰ ਅੱਗੇ ਵੀ ਵੰਡਦੇ ਰਹਿਣ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਇਨ੍ਹਾਂ ਦੇ ਗ੍ਰਿਹਿ ਵਿਖੇ ਪੁੱਤਰੀ ਨੇ

ਜਨਮ ਲਿਆ ਜਿਸ ਦਾ ਨਾਂ ਮਿਹਰ ਕੌਰ ਰੱਖਿਆ ਗਿਆ ਹੈ।

## ਸੰਤ ਜਰਨੈਲ ਸਿੰਘ ਖਾਲਸਾ ਦਾ ਉਪਲਹੇੜੀ ਪਹੁੰਚਣਾ

ਉਪਲਹੇੜੀ ਵਾਲੇ ਮਹਾਂਪੁਰਖਾਂ ਦਾ ਸੰਤ ਗਿ: ਜਰਨੈਲ ਸਿੰਘ ਖਾਲਸਾ ਜੀ ਨਾਲ ਬਚਪਨ ਤੋਂ ਹੀ ਬਹੁਤ ਪਿਆਰ ਸੀ। ਜਦੋਂ ਸੰਤ ਗਿ: ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਰੋਡਿਆਂ ਪਿੰਡ ਜਾਇਆ ਕਰਦੇ ਸਨ ਉਸ ਸਮੇਂ ਸੰਤ ਜਰਨੈਲ ਸਿੰਘ ਬਚਪਨ ਵਾਲੀਆਂ ਸਾਰੀਆਂ ਖੇਡਾਂ ਛੱਡ ਕੇ ਜਥੇ ਦੇ ਸਿੰਘਾਂ ਵਿਚ ਆ ਕੇ ਬੈਠ ਜਾਇਆ ਕਰਦੇ ਸਨ ਤਾਂ ਵੱਡਿਆਂ ਮਹਾਂਪੁਰਖਾਂ ਨੇ ਆਖਣਾ ਕਾਹਲ ਨਾ ਕਰ। ਇਸੇ ਤਰ੍ਹਾਂ ਜਥੇ ਦਾ ਇੱਕ ਸਿੰਘ ਰੋਡਿਆਂ ਨਗਰ ਵਿਚ ਆਇਆ ਸੀ। ਇਹ ਸਿੰਘ ਬਾਬਾ ਜੋਗਿੰਦਰ ਸਿੰਘ ਨੂੰ ਕਹਿਣ ਲੱਗਿਆ ਕਿ ਮੈਂ ਹੁਣ ਸੰਤ ਗਿ: ਗੁਰਬਚਨ ਸਿੰਘ ਖਾਲਸਾ ਜੀ ਕੋਲ ਜਾਵਾਂਗਾ ਇਹ ਗੱਲ ਸੁਣ ਕੇ ਬਾਬਾ ਜਰਨੈਲ ਸਿੰਘ ਨੇ ਪੰਜ ਇਲਾਇਚੀਆਂ ਅਤੇ ਪੰਜ ਪੈਸੇ ਇਸ ਸਿੰਘ ਨੂੰ ਇਕ ਲੀਰ ਵਿਚ ਬੰਨ ਕੇ ਫੜਾਂਉਦੇ ਹੋਏ ਆਖਿਆ ਕਿ ਇਹ ਭੇਟਾ ਕਿਸੇ ਗਰੀਬ ਸਿੱਖ ਦੀ ਹੈ ਤੁਸੀਂ ਮਹਾਂਪੁਰਖਾਂ ਨੂੰ ਭੇਟਾ ਕਰ ਦੇਣੀ। ਇਹ ਸਿੱਖ ਇਹ ਭੇਟਾ ਲੈ ਕੇ ਜਦੋਂ ਸੱਚਖੰਡ ਸ੍ਰੀ ਹਜੂਰ ਸਾਹਿਬ ਮਹਾਂਪੁਰਖਾਂ ਕੋਲ ਪਹੁੰਚਿਆ ਤਾਂ ਮਹਾਂਪੁਰਖਾਂ ਨੇ ਪੁੱਛਿਆ ਇਹ ਭੇਟਾ ਕਿਸ ਨੇ ਭੇਜੀ ਹੈ ਇਸ ਸਿੰਘ ਨੇ ਆਖਿਆ ਕਿ ਇਹ ਭੇਟਾ ਕਿਸੇ ਗਰੀਬ ਸਿੱਖ ਨੇ ਭੇਜੀ ਹੈ ਮੈਨੂੰ ਉਸ ਦਾ ਨਾਮ ਅਤੇ ਪਿੰਡ ਪਤਾ ਨਹੀਂ, ਵੱਡੇ ਮਹਾਂਪੁਰਖ ਕਹਿਣ ਲੱਗੇ ਰਾਗੀ ਸਿੰਘ ਇਹ ਭੇਟਾ ਜਰਨੈਲ ਸਿੰਘ ਰੋਡਿਆਂ ਵਾਲੇ ਭੇਜੀ ਹੈ। ਉਹ ਕਾਹਲ ਨਾ ਕਰਨ ਕਰਤਾਰ ਸਿੰਘ ਪਾਸੋਂ ਲੈ ਲੈਣ ਇਹ ਕਹਿ ਕੇ ਮਹਾਂਪੁਰਖ ਕਿਸੇ ਅਗੰਮੀ ਅਵਸਥਾ ਵਿਚ ਪਹੁੰਚ ਗਏ।

ਜਦੋਂ ਵੱਡੇ ਮਹਾਂਪੁਰਖਾਂ ਦੇ ਸਾਹਮਣੇ ਬਾਬਾ ਜੋਗਿੰਦਰ ਸਿੰਘ ਨੇ ਰੋਡਿਆਂ ਵਿਖੇ ਆਪਣੇ ਸੱਤ ਭੁਝੰਗੀ ਸਾਹਮਣੇ ਖੜੇ ਕੀਤੇ ਸਨ ਉਸ ਸਮੇਂ ਵੀ ਉਪਲਹੇੜੀ ਵਾਲੇ ਮਹਾਂਪੁਰਖ ਹਾਜਰ ਸਨ। ਇਸ ਤੋਂ ਇਲਾਵਾ ਬਾਬਾ ਜੋਗਿੰਦਰ ਸਿੰਘ ਜੀ ਆਪ ਜੀ ਨੂੰ ਦੱਸਿਆ ਕਰਦੇ ਕਿ ਮੇਰਾ ਛੋਟਾ ਭੁਝੰਗੀ ਜਰਨੈਲ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਸਮੇਂ ਗੱਲਾਂ ਤੋਂ ਸੰਕੋਚ ਕਰਕੇ ਗੁਰਬਾਣੀ ਦਾ ਜਾਪ ਕਰਦਾ ਰਹਿੰਦਾ ਹੈ। ਅਗੋਂ ਆਪ ਜੀ ਨੇ ਆਖਣਾ ਜੋ ਸੱਚਖੰਡ ਵਾਸੀ ਸੰਤ ਬਾਬਾ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਨੇ ਆਪ ਜੀ ਦੇ ਪਰਿਵਾਰ ਤੇ ਇੱਕ ਸੋ ਇੱਕ ਅਖੰਡ ਪਾਠਾਂ ਦੀ ਲੜੀ ਦੀ ਸੇਵਾ ਬਖਸ਼ਿਸ਼ ਕੀਤੀ ਸੀ ਇਹ ਸਾਰੀ ਉਸੇ ਦੀ ਹੀ ਕਿਰਪਾ ਹੈ। ਇਸ ਤਰ੍ਹਾਂ ਬਾਬਾ ਜਰਨੈਲ ਸਿੰਘ ਜੀ ਖਾਲਸਾ ਆਪਣੇ ਬਚਪਨ ਦੇ ਪਿਆਰ ਨੂੰ ਵੇਖਦੇ ਹੋਏ ਉਪਲਹੇੜੀ ਵਿਖੇ ਦੋ ਵਾਰੀ ਆਏ। ਦੋਨੋਂ ਵਾਰੀ ਬਚਨ ਕਰਦੇ ਕਿ ਸਮਾਂ ਬਹੁਤ ਭਿਆਨਕ ਆ ਰਿਹਾ ਹੈ ਸਿੱਖਾਂ ਨੂੰ ਆਪਣੀਆਂ ਪੱਗਾਂ ਦੀ ਸੰਭਾਲ ਕਰਨੀ ਔਖੀ ਹੋਵੇਗੀ। ਤੁਸੀਂ ਵੱਡਿਆਂ ਮਹਾਂਪੁਰਖਾਂ

ਦੇ ਬਚਨਾਂ ਅਨੁਸਾਰ ਗੁਰਮਤਿ ਪ੍ਰਚਾਰ ਦੀ ਸੇਵਾ ਕਰਕੇ ਅੰਨਦ ਪ੍ਰਾਪਤ ਕਰ ਰਹੇ ਹੋ ਇਹ ਅਜਿਹੇ ਭਿਆਨਕ ਸਮੇਂ ਅੰਦਰ ਸਤਿਗੁਰਾਂ ਦੀ ਬਖਸ਼ਿਸ਼ ਦੀ ਨਿਸ਼ਾਨੀ ਹੈ।

## ਮਹਾਂਪੁਰਖਾਂ ਵੱਲੋਂ ਫੋਟੋ ਦੀ ਮਨਾਹੀ

ਅਸੀਂ ਸਾਰੇ ਸਿੰਘਾਂ ਨੇ ਬੇਨਤੀ ਕੀਤੀ ਕਿ ਆਪ ਜੀ ਦੇ ਨਾਲ ਫੋਟੋ ਖਿਚਾਉਣੀ ਹੈ ਤਾਂ ਸੰਤ ਕਹਿਣ ਲੱਗੇ ਉਹ ਸਮਾਂ ਆਵੇਗਾ ਜਿਨ੍ਹਾਂ ਜਿਨ੍ਹਾਂ ਨਾਲ ਮੇਰੀ ਫੋਟੋ ਹੋਵੇਗੀ ਉਨ੍ਹਾਂ ਘਰਾਂ ਦੇ ਇਟਾਂ ਦੇ ਫਰਸ਼ ਵੀ ਸਰਕਾਰ ਪੁੱਟ ਕੇ ਵੇਖੇਗੀ ਇਹ ਬਚਨ ਸੁਣ ਕੇ ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਵੀ ਆਖਿਆ ਕਿ ਸਿੰਘੋ ਕਿਰਤ ਕਰੋ ਬਾਣੀ ਪੜ੍ਹੋ ਤੇ ਸੇਵਾ ਕਰੋ। ਇਨ੍ਹਾਂ ਦੇ ਬਚਨ ਸਮਾਂ ਆਉਣ ਉਤੇ ਪ੍ਰਗਟ ਹੋਣਗੇ। ਇਸ ਤਰ੍ਹਾਂ ਫੋਟੋ ਖਿਚਾਉਣ ਵਾਲੀ ਇੱਛਾ ਰਹਿ ਹੀ ਗਈ।

## ਮਾਤਾ ਜੀ ਦੇ ਚੜ੍ਹਾਈ ਕਰਨ ਸਮੇਂ ਦਾ ਬਚਨ

ਜਦੋਂ ਵੀ ਸੰਤ ਗਿ: ਗੁਰਬਚਨ ਸਿੰਘ ਖਾਲਸਾ ਜੀ ਭਿੰਡਰਾਂ ਵਾਲੇ ਮਹਾਂਪੁਰਖ ਜਥੇ ਦੇ ਸਮੇਤ ਉਪਲਹੇੜੀ ਆਉਂਦੇ ਤਾਂ ਮਾਤਾ ਜੀ ਬੜੇ ਚਾਅ ਦੇ ਨਾਲ ਲੰਗਰਾਂ ਦੀ ਸੇਵਾ ਕਰਦੇ। ਇਨ੍ਹਾਂ ਤੋਂ ਬਾਅਦ ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਵੇਲੇ ਇਹ ਸੇਵਾ ਬਿਰਧ ਅਵਸਥਾ ਵਿਚ ਵੀ ਆਪਣੀ ਦੇਖ-ਰੇਖ ਹੇਠ ਜਾਰੀ ਰੱਖੀ। ਇਨ੍ਹਾਂ ਤੋਂ ਬਾਅਦ ਜਦ ਸੰਤ ਜਰਨੈਲ ਸਿੰਘ ਜੀ ਖਾਲਸਾ ਜਥੇ ਸਮੇਤ ਉਪਲਹੇੜੀ ਵਿਖੇ ਆਏ ਪ੍ਰਸ਼ਾਦਾ ਛਕਨ ਤੋਂ ਉਪਰੰਤ ਸੰਗਤ ਵਿਚ ਬੈਠ ਕੇ ਸੰਤ ਭਿੰਡਰਾਂ ਵਾਲੇ ਉਪਲਹੇੜੀ ਮਹਾਂਪੁਰਖਾਂ ਨਾਲ ਉਹ ਬਚਨ ਸਾਂਝੇ ਕਰਨ ਲੱਗੇ ਕਿ ਅਜਿਹਾ ਸਮਾਂ ਆ ਰਿਹਾ ਹੈ ਕਿ ਗੁਰੂ ਘਰਾਂ ਦੀ ਬਹੁਤ ਬੇਅਦਬੀ ਹੋਵੇਗੀ ਅਤੇ ਜਿਹੜਾ ਘਰ ਦਾ ਜੀਅ ਕਿਸੇ ਕੰਮ ਲਈ ਬਾਹਰ ਜਾਵੇਗਾ ਜਦੋਂ ਤੀਕ ਸਹੀ ਸਲਾਮਤ ਘਰ ਨਹੀਂ ਪਹੁੰਚ ਜਾਵੇਗਾ ਉਦੋਂ ਤੱਕ ਘਰਦਿਆਂ ਨੂੰ ਚਿੰਤਾ ਬਣੀ ਰਹੇਗੀ। ਚਮਕੌਰ ਦੀ ਕੱਚੀ ਗੜ੍ਹੀ ਵਾਲਾ ਹਾਲ ਸਾਡੇ ਨਾਲ ਹੋਵੇਗਾ। ਸਿੱਖੀ ਸਰੂਪ ਤੇ ਲੋਕ ਸ਼ੱਕ ਕਰਨਗੇ ਆਦਿ ਸਾਰੇ ਭਵਿੱਖਤ ਬਚਨ ਮਾਤਾ ਪ੍ਰੇਮ ਕੌਰ ਜੀ ਨੇ ਸੰਗਤ ਵਿਚ ਬੈਠ ਕੇ ਸੁਣੇ। ਸੰਤਾਂ ਦੇ ਜਥੇ ਦੀ ਵਿਦਾਇਗੀ ਤੋਂ ਦੋ ਚਾਰ ਦਿਨਾਂ ਬਾਅਦ ਮਾਤਾ ਜੀ ਨੇ ਗੁਰੂ ਘਰ ਜਾ ਕੇ ਮਹਾਂਪੁਰਖਾਂ ਨੂੰ ਆਖਿਆ ਕਿ ਹੇ ਪੁੱਤ ਉਸ ਦਿਨ ਦੇ ਬਚਨ ਸੁਣ ਕੇ ਮੇਰੇ ਮਨ ਤੇ ਬਹੁਤ ਅਸਰ ਹੋਇਆ ਹੈ ਮੈਨੂੰ ਅਜਿਹੇ ਦਿਨ ਵੇਖਣੇ ਨਾ ਪੈਣ। ਮਹਾਂਪੁਰਖ ਕਹਿਣ ਲੱਗੇ ਹੇ ਅੰਮਾ ਤੁਹਾਡੀ ਸੇਵਾ ਗੁਰੂ ਮਹਾਰਾਜ ਨੇ ਸਵੀਕਾਰ ਕਰ ਲਈ ਹੈ ਤੁਸੀਂ ਅਜਿਹੇ ਦਿਨਾਂ ਤੋਂ ਪਹਿਲਾਂ ਹੀ ਗੁਰੂ ਚਰਨਾਂ ਵਿਚ ਪਹੁੰਚ ਜਾਣਾ ਹੈ। ਇਸ ਤਰ੍ਹਾਂ ਮਾਤਾ ਜੀ ਦਾ ਸਰੀਰ 1984 ਦੇ ਘਲੂਘਾਰੇ ਤੋਂ ਪਹਿਲਾਂ ਹੀ ਕੁਝ ਢਿੱਲਾ ਹੋ ਗਿਆ। ਮਾਤਾ ਜੀ ਕਹਿਣ ਲੱਗੇ ਕਿ ਮੇਰਾ ਸਰੀਰ ਛੱਡਣ ਦਾ ਸਮਾਂ ਆ ਗਿਆ ਹੈ। ਮੈਨੂੰ ਕਿਸੇ ਵੈਦ ਹਕੀਮ ਕੋਲ ਲਜਾਉਣ ਦੀ

ਲੋੜ ਨਹੀਂ ਹੈ। ਲੋੜ ਇਸ ਗੱਲ ਦੀ ਹੈ ਕਿ ਤੁਸੀਂ ਗਰੀਬ ਗੁਰਬੇ, ਰਾਹਗੀਰ ਅਤੇ ਸੰਤਾਂ ਮਹਾਤਮਾ ਨੂੰ ਲੰਗਰ ਜਰੂਰ ਛਕਾਉਂਦੇ ਰਹਿਣਾ ਹੈ। ਲੰਗਰ ਦੀ ਸੇਵਾ ਨਾਲ ਆਪਣੇ ਪਰਿਵਾਰ ਵਿੱਚ ਸਿੱਖੀ ਰਹੇਗੀ। ਇਹ ਆਪਣੀ ਕੁਲ ਦੀ ਰੀਤ ਹੈ। ਇਹ ਕਹਿ ਕੇ ਮਾਤਾ ਜੀ ਚੜ੍ਹਾਈ ਕਰ ਗਏ। ਉਸ ਸਮੇਂ ਗੁਰੂ ਘਰ ਤੋਂ ਮਹਾਂਪੁਰਖ ਵੀ ਆ ਗਏ। ਪਰਿਵਾਰ ਦੇ ਹਾਜਰ ਜੀਆਂ ਨੇ ਆਖਿਆ ਕਿ ਮਾਤਾ ਜੀ ਦੁੱਧ ਦਾ ਚਮਚਾ ਵੀ ਨਹੀਂ ਲੈ ਰਹੇ ਸਰੀਰ ਗਰਮ ਹੈ। ਮਹਾਂਪੁਰਖ ਕਹਿਣ ਲੱਗੇ ਕਿ ਹੁਣ ਮਾਤਾ ਜੀ ਦੁੱਧ ਨਹੀਂ ਪੀਣਗੇ ਕਿਉਂਕਿ ਇਹ ਸਰੀਰ ਤਿਆਗ ਕੇ ਗੁਰੂ ਘਰ ਨਮਸਕਾਰ ਕਰਕੇ ਗਏ ਹਨ। ਮੈਂ ਤਾਂ ਤੁਹਾਨੂੰ ਦੱਸਣ ਹੀ ਆਇਆ ਹਾਂ ਹੁਣ ਤੁਸੀਂ ਰਿਸ਼ਤੇਦਾਰਾਂ ਨੂੰ ਸੁਨੇਹੇ ਭੇਜੋ ਅਤੇ ਸਸਕਾਰ ਦੀ ਤਿਆਰੀ ਕਰੋ। ਦੁਪਹਿਰ ਤੋਂ ਬਾਅਦ ਰਿਸ਼ਤੇਦਾਰਾਂ ਦੇ ਆਉਣ ਤੇ ਮਾਤਾ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ। ਸਸਕਾਰ ਤੋਂ ਆ ਕੇ ਗੁਰੂ ਘਰ ਅਲਾਹੁਣੀਆ ਦੇ ਪਾਠ ਉਪਰੰਤ ਅਰਦਾਸ ਕਰਕੇ ਸਹਿਜ ਪਾਠ ਅਰੰਭ ਕੀਤੇ ਗਏ। ਰੋਜਾਨਾ ਜੈਤਸਰੀ ਦੀ ਵਾਰ ਅਤੇ ਸਹਿਸਕ੍ਰਿਤੀ ਸਲੋਕਾਂ ਦੀ ਕਥਾ ਦਸ ਦਿਨ ਹੁੰਦੀ ਰਹੀ। ਦਸਵੇਂ ਦਿਨ ਸਹਿਜ ਪਾਠਾਂ ਦੇ ਭੋਗ ਅਤੇ ਕਥਾ ਕੀਰਤਨ ਦੇ ਸਮਾਗਮਾਂ ਦੀ ਸਮਾਪਤੀ ਕੀਤੀ ਗਈ। ਦਸੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਦੁਸਹਿਰੇ ਵਾਲੇ ਦਿਨ ਮਾਤਾ ਜੀ ਦੀ ਸਾਰੀ ਉਮਰ ਦੀ ਲੰਗਰਾਂ ਦੀ ਕੀਤੀ ਗਈ ਸੇਵਾ ਦੀ ਪ੍ਰਸੰਸਾ ਇਲਾਕੇ ਦੇ ਲੋਕਾਂ ਅਤੇ ਸੰਤਾਂ ਵਲੋਂ ਕੀਤੀ ਗਈ। ਇਸ ਤੋਂ ਇਲਾਵਾ ਮਾਤਾ ਜੀ ਦੇ ਪੇਕਿਆਂ ਦੀ ਸਿਫਤ ਵੀ ਕੀਤੀ ਗਈ।

## ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਦੀ ਗ੍ਰਿਫਤਾਰੀ ਸਮੇਂ ਮਹਿਤੇ ਪਹੁੰਚਣਾ

ਜਿਸ ਸਮੇਂ ਮਹਾਂਪੁਰਖ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੋਂ ਗ੍ਰਿਫਤਾਰੀ ਦਿੱਤੀ ਸੀ ਉਸ ਤੋਂ ਕੁਝ ਦਿਨ ਪਹਿਲਾਂ ਆਪ ਜੀ ਨੂੰ ਮਹਾਂਪੁਰਖਾਂ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਬੁਲਾ ਲਿਆ ਸੀ। ਸੰਤ ਜਰਨੈਲ਼ ਸਿੰਘ ਜੀ ਖਾਲਸਾ ਕਹਿਣ ਲਗੇ ਕਿ ਮੈਂ ਗ੍ਰਿਫਤਾਰੀ ਦੇਣੀ ਹੈ। ਆਪ ਜੀ ਨੇ ਕੁਝ ਸਮੇਂ ਵਾਸਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸੇਵਾ ਨਿਭਾਉਣੀ ਹੈ। ਜਥੇ ਦੇ ਪ੍ਰਬੰਧ ਦੀ ਜਿੰਮੇਵਾਰੀ ਬਾਬਾ ਠਾਕੁਰ ਸਿੰਘ ਜੀ ਨਿਭਾਉਣਗੇ। ਇਸ ਤਰ੍ਹਾਂ ਆਪ ਜੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸੇਵਾ ਨਿਭਾਉਂਦੇ ਰਹੇ। ਸਰਕਾਰੀ ਏਜੰਸੀਆਂ ਨੇ ਸਰਕਾਰ ਨੂੰ ਰਿਪੋਰਟਾਂ ਦਿੱਤੀਆਂ ਕਿ ਦਮਦਮੀ ਟਕਸਾਲ ਦੇ ਹੈਡਕੁਆਰਟਰ ਮਹਿਤਾ ਵਿਖੇ ਨਿਰੋਲ ਬ੍ਰਹਮ ਦੀ ਕਥਾ ਹੁੰਦੀ ਹੈ। ਇੱਥੇ ਕੋਈ ਭੜਕੀਲੀ ਜਾਂ ਸਿਆਸੀ ਗੱਲ ਬਾਤ ਨਹੀਂ ਹੁੰਦੀ। ਜਦੋਂ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਜੇਲ੍ਹ ਤੋਂ ਰਿਹਾ ਹੋ ਕੇ ਗੁ:ਗੁਰਦਰਸ਼ਨ ਪ੍ਰਕਾਸ਼ ਮਹਿਤਾ ਪਹੁੰਚੇ ਤਾਂ ਉਪਲਹੇੜੀ ਵਾਲੇ ਮਹਾਂਪੁਰਖਾਂ ਦੀ ਬਹੁਤ

ਸਿਫਤ ਕੀਤੀ ਅਤੇ ਸਿੰਘਾਂ ਨੂੰ ਆਖਿਆ ਕਿ ਇੰਨੀ ਵਡੇਰੀ ਉਮਰ ਵਿੱਚ ਵੀ ਇਨ੍ਹਾਂ ਮਹਾਂਪੁਰਖਾਂ ਨੇ ਸਰਬੱਤ ਦੇ ਭਲੇ ਵਾਸਤੇ ਹਰੇਕ ਹਫਤੇ ਸਹਿਜ ਪਾਠ ਕਰਕੇ ਭੋਗ ਪਾਏ ਹਨ। ਇਨ੍ਹਾਂ ਨੇ ਬ੍ਰਹਮ ਦੀ ਨਿਰੋਲ ਕਥਾ ਕਰਕੇ ਅੰਮ੍ਰਿਤ ਦੀ ਵਰਖਾ ਕੀਤੀ ਹੈ। ਐਸੇ ਭਿਆਨਕ ਸਮੇਂ ਅੰਦਰ ਸਾਨੂੰ ਸਾਰਿਆਂ ਨੂੰ ਪਰਮੇਸਰ ਦਾ ਹੀ ਓਟ ਆਸਰਾ ਲੈਣਾ ਚਾਹੀਦਾ ਹੈ। ਦੀਵਾਨਾਂ ਦੀ ਸਮਾਪਤੀ ਤੋਂ ਬਾਅਦ ਮਹਾਂਪੁਰਖਾਂ ਨਾਲ ਪੰਜ ਚਾਰ ਦਿਨ ਪੰਥਕ ਵੀਚਾਰਾਂ ਹੁੰਦੀਆਂ ਰਹੀਆਂ। ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਆਖਿਆ ਕਿ ਪੰਥ ਦੇ ਲੀਡਰ ਅਖਵਾਉਣ ਵਾਲਿਆਂ ਨੇ ਆਪਣੇ ਬਚਨ ਤੇ ਕਾਇਮ ਨਹੀਂ ਰਹਿਣਾ ਇਹ ਅੰਦਰੋਂ ਸਰਕਾਰ ਨਾਲ ਹੀ ਮਿਲੇ ਹੋਏ ਹਨ। ਇਨ੍ਹਾਂ ਅਖੌਤੀ ਪੰਥਕ ਲੀਡਰਾਂ ਤੇ ਵਿਸ਼ਵਾਸ਼ ਕਰਕੇ ਸਾਨੂੰ ਕੋਈ ਅਗਲਾ ਪ੍ਰੋਗਰਾਮ ਉਲੀਕਣਾ ਨਹੀਂ ਚਾਹੀਦਾ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਆਖਿਆ ਕਿ ਬਾਬਾ ਜੀ ਇਹ ਸਾਰਾ ਕੁਝ ਮੈਨੂੰ ਚੇਤੇ ਹੈ ਪਰ ਹਾਲਾਤ ਕੁਝ ਐਸੇ ਬਣ ਗਏ ਹਨ। ਕੁਝ ਦਿਨਾਂ ਮਗਰੋਂ ਮਹਾਂਪੁਰਖ ਵਾਪਿਸ ਆਪਣੇ ਅਸਥਾਨ ਉਪਲਹੇੜੀ ਵਿਖੇ ਪਹੁੰਚ ਗਏ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਗੁਰੂ ਹਨ

ਮਹਾਂਪੁਰਖ ਸੰਗਤਾਂ ਨੂੰ ਬਚਨ ਕਰਦੇ ਕਿ ਧੁਰ ਕੀ ਬਾਣੀ ਸੰਸਾਰ ਦੇ ਜੀਵਾਂ ਦੇ ਕਲਿਆਣ ਕਰਨ ਵਾਲੀ ਹੈ। ਪਰਮੇਸਰ ਨੇ ਆਪਣਾ ਅਵਤਾਰ ਧਾਰ ਕੇ ਸੰਸਾਰ ਵਿੱਚ ਆਉਣਾ ਕੀਤਾ ਹੈ। ਆਪਣਾ ਨਾਮ ਗੁਰੂ ਨਾਨਕ ਦੇਵ ਜੀ ਰਖਵਾਇਆ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ ਆਦਿ ੧੪੦੮***

ਸੰਸਾਰ ਵਿੱਚ ਆ ਕੇ ਜੀਵਾਂ ਨੂੰ ਪਵਿੱਤਰ ਬਾਣੀ ਰਾਂਹੀ ਉਪਦੇਸ਼ ਦੇ ਕੇ ਸਮਝਾਇਆ। ਜੇਕਰ ਕੋਈ ਰੋਗੀ ਮਿਲਿਆ ਉਸ ਨੂੰ ਵੀ ਪਵਿੱਤਰ ਬਾਣੀ ਰਾਹੀਂ ਠੀਕ ਕਰ ਦਿੱਤਾ ਅਤੇ ਹਮੇਸ਼ਾ ਵਾਸਤੇ ਪਰਮੇਸਰ ਦੇ ਨਾਮ ਨਾਲ ਜੋੜ ਦਿੱਤਾ। ਇਸ ਪਵਿਤਰ ਸਰੂਪ ਦਾ ਸਤਿਕਾਰ ਸਾਰਿਆਂ ਧਰਮਾਂ ਦੇ ਲੋਕਾਂ ਨੂੰ ਕਰਨਾ ਚਾਹੀਦਾ ਹੈ।

***ਜੀਉ ਤਪਤੁ ਹੈ ਬਾਰੋ ਬਾਰ॥***
***ਤਪਿ ਤਪਿ ਖਪੈ ਬਹੁਤੁ ਬੇਕਾਰ॥ ਆਦਿ ੬੬੧***

ਜੇਕਰ ਕੋਈ ਠੱਗ ਮਿਲਿਆ ਤਾਂ ਉਸ ਨੂੰ ਵੀ ਪਵਿੱਤਰ ਬਾਣੀ ਰਾਹੀਂ ਉਪਦੇਸ਼ ਬਖਸ਼ ਕੇ ਸੱਜਣ ਬਣਾ ਦਿੱਤਾ।

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ ਆਦਿ ੭੨੯***

ਮਹਾਂਪੁਰਖਾਂ ਦੇ ਕੋਲ ਜੇਕਰ ਕੋਈ ਆ ਕੇ ਬੇਨਤੀ ਕਰਦਾ ਕਿ ਦਸ ਗੁਰੂ ਸਾਹਿਬਾਨ ਸਮੇਂ ਗੁਰੂ ਸਾਹਿਬ ਜੀ ਦੇ ਸਰੀਰਾਂ ਦਾ ਧਿਆਨ ਧਰਿਆ ਜਾਂਦਾ ਸੀ ਤਾਂ ਮਹਾਂਪੁਰਖ ਬਚਨ ਕਰਦੇ ਕਿ ਸਾਰੇ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਗੁਰਬਾਣੀ ਰਾਂਹੀ

ਉਪਦੇਸ਼ ਦਿਤਾ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ ਆਦਿ ੯੮੨*
*ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥*
*ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ ਆਦਿ ੫੧੫*

ਇਹ ਪਵਿੱਤਰ ਬਾਣੀ ਪਰਮੇਸਰ ਸਰੂਪ ਹੈ ਗੁਰੂ ਰੂਪ ਹੈ। ਇਹ ਬਾਣੀ ਪ੍ਰੇਮੀ ਅਤੇ ਨੇਮੀ ਨੂੰ ਆਪ ਰਾਹ ਦਿਖਾਂਉਂਦੀ ਹੈ।

**ਸਾਖੀ:-** ਪਾ:੧ ਨੇ ਦੀਪਾਲਪੁਰ ਦੇ ਕੋਹੜੀ ਫਕੀਰ ਨੂੰ ਰਾਜੀ ਕਰਨਾ

## ਗੁਰੂ ਮਹਾਰਾਜ ਦਾ ਅਵਤਾਰ ਸਾਡੇ ਭਲੇ ਲਈ ਹੈ

ਮਹਾਂਪੁਰਖ ਉਪਦੇਸ਼ ਦਿੰਦੇ ਕਿ ਜੇਕਰ ਆਪਾਂ ਸਤਿਗੁਰਾਂ ਦੀ ਸੇਵਾ ਆਗਿਆ ਵਿੱਚ ਰਹਿ ਕੇ ਕਰਾਂਗੇ ਤਾਂ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮੁੜ ਕੇ ਕਦੇ ਦੁੱਖ ਨੇੜੇ ਨਹੀਂ ਲਗਦਾ। ਜੀਵ ਦਾ ਜੰਮਣ ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ। ਉਹ ਮੌਤ ਤੋਂ ਵੀ ਪਰੇ ਹੋ ਜਾਂਦਾ ਹੈ।

*ਸਲੋਕੁ ਮਃ ੩॥*
*ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥*
*ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥*
*ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ॥*
*ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ॥*
*ਆਦਿ ੬੫੧*

## ਗੁਰੂ ਮਹਾਰਾਜ ਦੀ ਸੇਵਾ

ਮਹਾਂਪੁਰਖ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਅਰਦਾਸ ਤੇ ਹੁਕਮਨਾਮਾ ਲੈਣ ਉਪਰੰਤ ਕੀਰਤਨ ਜਰੂਰ ਕਰਦੇ ਜਾਂ ਸਿੰਘਾਂ ਤੋਂ ਕਰਾਉਂਦੇ। ਰਾਤ ਨੂੰ ਸੁਖ ਆਸਨ ਦੀ ਸੇਵਾ ਕਰਦੇ ਸਮੇਂ ਕੀਰਤਨ ਸੋਹਿਲੇ ਦਾ ਪਾਠ ਬਹੁਤ ਪਿਆਰ ਨਾਲ ਕਰਦੇ। ਸੁਖ ਆਸਨ ਦੀ ਅਰਦਾਸ ਕਰਕੇ ਗੁਰੂ ਮਹਾਰਾਜ ਜੀ ਦਾ ਪਵਿੱਤਰ ਸਰੂਪ ਸਚਖੰਡ ਵਿੱਚ ਪਲੰਘ ਸਾਹਿਬ ਤੇ ਬਿਰਾਜਮਾਨ ਕਰ ਦਿੰਦੇ ਸਨ। ਸੁਖ ਆਸਨ ਦੀ ਛੋਟੀ ਅਰਦਾਸ ਵਿੱਚ ਸੰਗਤ ਦਾ ਕੋਈ ਮਨੋਰਥ ਨਹੀਂ ਰੱਖਦੇ ਸਨ। ਬਾਅਦ ਵਿਚ ਦਰਬਾਰ ਸਾਹਿਬ ਦੀਆਂ ਦਰੀਆਂ ਚੁੱਕ ਕੇ ਝਾੜੂ ਫੇਰਿਆ ਜਾਂਦਾ ਸੀ। ਸਾਰੀਆਂ ਦਰੀਆਂ ਦੀ ਵਿਛਾਈ ਕਰ ਦਿੱਤੀ ਜਾਂਦੀ। ਜਦੋਂ ਕਦੇ ਰਾਤ ਨੂੰ ਤੇਜ ਹਨੇਰੀ ਆ ਜਾਂਦੀ ਤਾਂ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਪਹਿਲਾਂ

ਦਰਬਾਰ ਸਾਹਿਬ ਜੀ ਦੀਆਂ ਦਰੀਆਂ ਚੁੱਕ ਕੇ ਸਾਰੇ ਦਰਬਾਰ ਸਾਹਿਬ ਵਿੱਚ ਮੁੜ ਝਾੜੂ ਫੇਰਿਆ ਜਾਂਦਾ ਸੀ।

## ਨਿਤਨੇਮ

ਅਜਿਹੇ ਪੂਰਨ ਪੁਰਖ ਦੇ ਨਿਤਨੇਮ ਬਾਰੇ ਲਿਖਣਾ ਅਸੰਭਵ ਹੈ। ਮਹਾਂਪਰਖਾਂ ਨੂੰ ਜਦੋਂ ਵੀ ਕਿਸੇ ਸਮੇਂ ਕੋਈ ਵੇਖਦਾ ਸੀ ਤਾਂ ਉਹ ਹਰ ਸਮੇਂ ਪਵਿੱਤਰ ਬਾਣੀ ਪੜ੍ਹਦੇ ਹੋਏ ਅਨੰਦ ਲੈਂਦੇ ਦਿਖਾਈ ਦਿੰਦੇ। ਮਹਾਂਪੁਰਖਾਂ ਦੀ ਐਸੀ ਅਵਸਥਾ ਸੀ ਜਿਵੇਂ ਮੱਛੀ ਪਾਣੀ ਤੋਂ ਬਗੈਰ ਨਹੀਂ ਰਹਿ ਸਕਦੀ, ਜਿਵੇਂ ਪਪੀਹਾ ਸਵਾਂਤੀ ਬੂੰਦ ਤੋਂ ਬਗੈਰ ਤ੍ਰਿਪਤ ਨਹੀਂ ਹੋ ਸਕਦਾ। ਮਹਾਂਪੁਰਖ ਸਤਿਗੁਰਾਂ ਦੇ ਹੁਕਮ ਵਿੱਚ ਹਮੇਸ਼ਾ ਇਸ ਤਰ੍ਹਾਂ ਤਿਆਰ ਰਹਿੰਦੇ ਜਿਵੇਂ ਹਰਨ ਘੰਡੇ ਹੇੜੇ ਦੀ ਅਵਾਜ ਸੁਣ ਕੇ ਭੱਜ ਕੇ ਆਉਂਦਾ ਹੈ, ਮਹਾਂਪੁਰਖ ਭਗਤੀ ਵਿੱਚ ਲੀਨ ਹੋ ਕੇ ਆਪਣੇ ਆਪ ਨੂੰ ਐਵੇਂ ਬਨ੍ਹਾ ਲੈਂਦੇ ਜਿਵੇਂ ਭਵਰਾ ਫੁੱਲਾਂ ਦੀ ਵਾਸ਼ਨਾ ਦੇ ਲਾਲਚ ਵਿੱਚ ਆਪਣੇ ਆਪ ਨੂੰ ਬਨ੍ਹਾ ਲੈਂਦਾ ਹੈ। ਇਸ ਤਰ੍ਹਾਂ ਮਹਾਂਪੁਰਖ ਸਤਿਗੁਰਾਂ ਨਾਲ ਇੰਨੀ ਪ੍ਰੀਤੀ ਰੱਖਦੇ ਕਿ ਦਰਸ਼ਨ ਕਰਕੇ ਤ੍ਰਿਪਤ ਹੁੰਦੇ ਰਹਿੰਦੇ। ਸਤਿਗੁਰਾਂ ਨੇ ਆਪਣੀ ਪਵਿੱਤਰ ਬਾਣੀ ਵਿੱਚ ਐਸੇ ਮਹਾਂਪੁਰਖਾਂ ਦੇ ਜੀਵਨ ਬਾਰੇ ਦਰਸਾਇਆ ਹੈ:-

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ਆਦਿ ੭੦੮*

ਆਪ ਜੀ ਅੰਮ੍ਰਿਤ ਵੇਲੇ ਜਾਗ ਕੇ ਆਤਮ ਅਭਿਆਸ ਕਰਨ ਉਪਰੰਤ ਇਸ਼ਨਾਨ ਕਰਕੇ ਪੰਜਾਂ ਪਿਆਰਿਆਂ ਵੱਲੋਂ ਬਖਸ਼ਿਆ ਨਿਤਨੇਮ ਕਰਦੇ। ਰੋਜਾਨਾ ਆਸਾ ਦੀ ਵਾਰ ਦਾ ਕੀਰਤਨ ਕਰਦੇ ਜਾਂ ਆਸਾ ਦੀ ਵਾਰ ਦਾ ਪਾਠ ਕਰ ਲੈਂਦੇ। ਕੁਝ ਅਰਾਮ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ। ਪਾਠ ਕਰਕੇ ਜਦੋਂ ਬਾਹਰ ਆਉਂਦੇ ਤਾਂ ਆਪ ਜੀ ਦਾ ਚਿਹਰਾ ਦਗ ਦਗ ਕਰਦਾ ਹੁੰਦਾ ਸੀ। ਚਿਹਰੇ ਵੱਲ ਤੱਕਿਆ ਨਹੀਂ ਜਾ ਸਕਦਾ ਸੀ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਸਮੇਂ ਸਤਿਗੁਰਾਂ ਦੇ ਅਦਬ ਤੇ ਨਿਰਮਲ ਭੈਅ ਵਿੱਚ ਰਹਿੰਦੇ ਤੇ ਅਕਸਰ ਪਾਠ ਕਰਦੇ ਸਮੇਂ ਨੇਤਰ ਸੱਜਲ ਹੋ ਜਾਂਦੇ ਸਨ। ਰਾਤ ਨੂੰ ਬਿਰਾਜਨ ਵੇਲੇ ਕੀਰਤਨ ਸੋਹਿਲੇ ਦਾ ਪਾਠ ਆਪ ਕਰਦੇ। ਉਪਰੰਤ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰਦੇ। ਇਸ ਤੋਂ ਉਪਰੰਤ ਫੇਰ ਕਿਸੇ ਨਾਲ ਕੋਈ ਬਚਨ ਬਿਲਾਸ ਨਹੀਂ ਕਰਦੇ ਸਨ।

## ਸੈਰ

ਆਪ ਜੀ ਰੋਜਾਨਾ ਕਈ ਕਈ ਮੀਲ ਪੈਦਲ ਚੱਲ ਕੇ ਸੈਰ ਕਰਦੇ। ਸੈਰ ਕਰਦੇ ਸਮੇਂ ਆਪਣੇ ਹੱਥ ਵਿੱਚ ਗੜਵਾ ਰੱਖਦੇ ਜਿਸ ਵਿੱਚ ੪-੫ ਲੀਟਰ ਪਾਣੀ ਆ ਜਾਂਦਾ। ਗੁਰੂ ਘਰ ਤੋਂ ਜਦੋਂ ਸੈਰ ਕਰਨ ਵਾਸਤੇ ਚੱਲਦੇ ਤਾਂ ਆਪਣਾ ਕਛਹਿਰਾ ਪਰਨਾ ਹਮੇਸ਼ਾ ਕੋਲ ਰੱਖਦੇ। ਜਿੱਥੇ ਕਿਤੇ ਖੂਹ ਜਾਂ ਟਿਊਬਵੈਲ ਖੇਤਾਂ ਵਿੱਚ ਚੱਲਦਾ ਹੁੰਦਾ ਉਥੇ ਕੁਝ ਸਮਾਂ ਦਰੱਖਤਾਂ ਦੀ ਛਾਂ ਥੱਲੇ ਤਾਜੀ ਹਵਾ ਵਿੱਚ ਘਾਹ ਤੇ ਅਰਾਮ ਕਰਕੇ ਇਸ਼ਨਾਨ ਕਰਦੇ। ਇਸ਼ਨਾਨ ਉਪਰੰਤ ਫਿਰ ਵਾਪਸ ਗੁਰੂ ਘਰ ਆ ਜਾਂਦੇ। ਰਸਤੇ ਵਿੱਚ ਕੰਠੋਂ ਬਾਣੀ ਪੜ੍ਹਦੇ ਜਾਂਦੇ। ਮਹਾਂਪੁਰਖ ਆਪਣੇ ਮਨ ਨੂੰ ਕਦੇ ਵੀ ਵਿਹਲਾ ਨਹੀਂ ਰਹਿਣ ਦਿੰਦੇ ਸਨ।

## ਲੰਗਰ

ਅੰਮ੍ਰਿਤ ਵੇਲੇ ਨਿਤਨੇਮ ਤੋਂ ਉਪਰੰਤ ਕੀਰਤਨ ਤੋਂ ਪਹਿਲਾਂ ਗਰਮ ਦੁਧ ਛਕਦੇ। ਕੀਰਤਨ ਤੋਂ ਉਪਰੰਤ ਹਾਜਰੀ ਦਾ ਲੰਗਰ ਛਕਦੇ ਜਿਸ ਵਿੱਚ ਕਣਕ ਅਤੇ ਛੋਲਿਆਂ ਦੇ ਆਟੇ ਦਾ ਪ੍ਰਸ਼ਾਦਾ ਹੁੰਦਾ। ਇਹ ਪ੍ਰਸ਼ਾਦਾ ਦਹੀਂ ਨਾਲ ਛਕਦੇ। ਕੁਝ ਸਮੇਂ ਬਾਅਦ ਲੱਸੀ ਦਾ ਛੰਨਾ ਛਕਦੇ। ਦੁਪਹਿਰ ਨੂੰ ਹਰੀ ਸਬਜੀ ਨਾਲ ਪ੍ਰਸ਼ਾਦਾ ਛਕਦੇ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਦਾਲ ਨਾਲ ਪ੍ਰਸ਼ਾਦਾ ਛਕਦੇ। ਰਾਤ ਨੂੰ ਬਿਰਾਜਣ ਵੇਲੇ ਗਰਮ ਦੁੱਧ ਛਕਦੇ।

## ਰਸੋਈ ਸਾਡਾ ਦਵਾਖਾਨਾ

ਆਪ ਜੀ ਬਚਨ ਕਰਦੇ ਕਿ ਰਸੋਈ ਸਾਡਾ ਦਵਾਖਾਨਾ ਹੈ। ਮੌਸਮੀ ਸਬਜੀਆਂ ਮਿੱਟੀ ਦੀ ਤੋੜੀ ਜਾਂ ਪਤੀਲੇ ਵਿੱਚ ਬਣਾ ਕੇ ਤਾਜੀਆਂ ਹੀ ਛਕਿਆ ਕਰੋ। ਕੂਕਰ ਵਿੱਚ ਦਾਲ ਸਬਜੀ ਪਕਦੀ ਨਹੀਂ ਸਗੋਂ ਗਲ ਜਾਂਦੀ ਹੈ। ਪੱਕੀ ਹੋਈ ਦਾਲ ਸਬਜੀ, ਗੁੰਨਿਆ ਹੋਇਆ ਆਟਾ ਫਰਿੱਜ ਵਿੱਚ ਨਾ ਰੱਖੋ। ਪਾਣੀ ਲਈ ਘੜੇ ਦੀ ਵਰਤੋਂ ਕਰੋ ਬੇਮੌਸਮੀ ਸਬਜੀਆਂ ਅਤੇ ਫ਼ਲ ਨਾ ਖਾਓ। ਫਸਲਾਂ ਅਤੇ ਬੂਟਿਆਂ ਤੇ ਜ਼ਹਿਰੀਲੀਆਂ ਦਵਾਈਆਂ ਨਾ ਛਿੜਕੋ।

## ਸੇਵਾ

ਰੋਜਾਨਾ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਸੇਵਾ ਆਪਣੇ ਹੱਥੀਂ ਕਰਦੇ। ਸ਼ਾਮ ਨੂੰ ਸੁਖ ਆਸਨ ਦੀ ਸੇਵਾ ਕਰਦੇ। ਜੇਕਰ ਦਿਨੇ ਕਿਸੇ ਨੇ ਹਜੂਰੀ ਵਿੱਚ ਪਾਠ ਨਾ ਕਰਨਾ ਹੋਵੇ ਤਾਂ ਦੁਪਹਿਰ ਨੂੰ ਹੀ ਗੁਰੂ ਸਾਹਿਬ ਜੀ ਦੇ ਸਰੂਪ ਦੇ ਸੁਖ ਆਸਨ ਸੱਚਖੰਡ ਵਿੱਚ ਕਰ ਦਿੰਦੇ। ਸਹਿਜ ਪਾਠ ਤੋਂ ਉਪਰੰਤ ਹਜੂਰੀ ਵਿੱਚ ਖੜ੍ਹੇ ਹੋ

ਕੇ ਕਈ ਵਾਰੀ ਘੰਟਿਆਂ ਬੱਧੀ ਚਵਰ ਸਾਹਿਬ ਦੀ ਸੇਵਾ ਕਰਦੇ ਰਹਿੰਦੇ। ਦਰਬਾਰ ਸਾਹਿਬ ਦੀ ਸੇਵਾ ਵਿੱਚ ਰੋਜਾਨਾ ਦਰੀਆਂ ਚਾਦਰਾਂ ਝਾੜ ਕੇ ਵਿਛਾਉਂਦੇ। ਜਿੰਨੀ ਦੇਰ ਦਰਬਾਰ ਸਾਹਿਬ ਦਾ ਫਰਸ਼ ਕੱਚਾ ਸੀ ਤਾਂ ਜੂੜੇ ਨਾਲ ਸਾਫ ਕਰਦੇ। ਫਰਸ਼ ਪੱਕਾ ਹੋਣ ਉਪਰੰਤ ਗਿੱਲੇ ਕੱਪੜੇ ਦਾ ਪੋਚਾ ਲਗਾਉਂਦੇ। ਦਰਵਾਜੇ, ਖਿੜਕੀਆਂ, ਰੋਸ਼ਨਦਾਨ ਸਾਫ ਕਰਨ ਤੋਂ ਇਲਾਵਾ ਛੱਤ ਨੂੰ ਵੀ ਸਾਫ ਕਰਦੇ। ਸੇਵਾ ਕਰਦੇ ਸਮੇਂ ਕੋਈ ਸੇਵਾਦਾਰ ਆਪਸ ਵਿੱਚ ਗੱਲ ਬਾਤ ਨਹੀਂ ਕਰ ਸਕਦਾ ਸੀ ਗੁਰਮੰਤਰ ਦਾ ਜਾਪ ਕਰਦੇ ਰਹਿੰਦੇ। ਅਜ ਕਲ ਵੀ ਉਪਲਹੇੜੀ ਗੁਰੂ ਘਰ ਦੇ ਪਵਿੱਤਰ ਥੜੇ ਦੀ ਸੇਵਾ ਰੋਜਾਨਾ ਕੀਤੀ ਜਾਂਦੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਰ੍ਹਾਂ ਪਾਲਕੀ ਤੋਂ ਬਗੈਰ ਮੰਜੀ ਸਾਹਿਬ ਤੇ ਪ੍ਰਕਾਸ਼ ਕੀਤਾ ਜਾਂਦਾ ਹੈ। ਚੌਕੀ ਉਪਰ ਚਵਰ ਸਾਹਿਬ ਕੱਪੜੇ ਨਾਲ ਢਕ ਕੇ ਰਖਿਆ ਜਾਂਦਾ ਹੈ।

## ਸੰਥਿਆ

ਵਿਦਿਆਰਥੀ ਸਿੰਘਾਂ ਅਤੇ ਸਿੰਘਣੀਆਂ ਨੂੰ ਸੰਥਿਆ ਬੜੇ ਪ੍ਰੇਮ ਨਾਲ ਆਪ ਕਰਾਉਂਦੇ। ਸੰਥਿਆ ਕਰਨ ਵਾਲੇ ਵਿਦਿਆਰਥੀਆਂ ਵਿਚ ਪੰਜ-ਪੰਜ ਸਾਲ ਦੇ ਬੱਚੇ ਵੀ ਮਹਾਂਪੁਰਖਾਂ ਪਾਸੋਂ ਬੜੇ ਪਿਆਰ ਨਾਲ ਸੰਥਿਆ ਲੈਂਦੇ। ਪੋਥੀਆਂ ਪ੍ਰਕਾਸ਼ ਕਰਦੇ ਸਮੇਂ ਬਹੁਤ ਕੀਮਤੀ ਬਚਨ ਆਮ ਰੋਜਾਨਾ ਹੀ ਸੁਣਾਉਂਦੇ ਰਹਿੰਦੇ। ਮਹਾਂਪੁਰਖਾਂ ਦਾ ਖਿਆਲ ਸੀ ਕਿ ਗਿਆਨ ਤਾਂ ਕਿਤਾਬਾਂ ਵਿਚੋਂ ਵੀ ਮਿਲ ਸਕਦਾ ਹੈ ਪਰ ਉਸ ਵਿੱਚ ਕਈ ਵਾਰੀ ਇਹ ਦੋਸ਼ ਰਹਿ ਜਾਂਦਾ ਹੈ ਕਿ ਵਿਦਿਆਰਥੀ ਵਿੱਚ ਵਡਿਆਂ ਪਾਸੋਂ ਸਿਖਿਆ ਲੈਣ ਦੀ ਰੁਚੀ ਘਟ ਜਾਂਦੀ ਹੈ। ਕਿਤਾਬੀ ਗਿਆਨ ਤਾਂ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਕਿਸੇ ਨੂੰ ਟਾਹਣੀਆਂ, ਪੱਤੇ ਅਤੇ ਕੰਡਿਆਂ ਤੋਂ ਬਗੈਰ ਫੁੱਲ ਭੇਟਾ ਕਰ ਦਈਏ ਪਰ ਜਿਹੜਾ ਗਿਆਨ ਵਡਿਆਂ ਦੀ ਸੇਵਾ ਕਰਕੇ ਮਿਲਦਾ ਹੈ ਉਸ ਨਾਲ ਵਿਦਿਆਰਥੀ ਦੀ ਸੁਣਨ ਅਤੇ ਸਹਿਣ ਸ਼ਕਤੀ ਵਧ ਜਾਂਦੀ ਹੈ ਕਿਉਂਕਿ ਸਿਆਣੇ ਕਈ ਵਾਰੀ ਤਾੜ ਵੀ ਦਿੰਦੇ ਹਨ। ਸੰਥਿਆ ਵਾਲਿਆਂ ਵਾਸਤੇ ਸਮਾਂ ਉਨ੍ਹਾਂ ਦੀ ਸਹੂਲਤ ਅਨੁਸਾਰ ਨਿਸ਼ਚਿਤ ਕਰਦੇ। ਕੀਰਤਨ ਸਿੱਖਣ ਵਾਲੇ ਸਿੰਘਾਂ ਅਤੇ ਸਿੰਘਣੀਆਂ ਨੂੰ ਵੀ ਇਹੀ ਮਰਿਆਦਾ ਰੱਖੀ ਹੋਈ ਸੀ। ਗੁਰਬਾਣੀ ਦੀ ਸੰਥਿਆ ਦਾ ਉਚਾਰਨ ਦਮਦਮੀ ਟਕਸਾਲ ਦੇ ਪਾਠਾਂ ਅਨੁਸਾਰ ਕਰਾਉਂਦੇ। ਕੀਰਤਨ ਵਿੱਚ ਗੁਰਬਾਣੀ ਤੋਂ ਬਾਹਰ ਦੀ ਧਾਰਨਾ ਦੀ ਆਗਿਆ ਨਹੀਂ ਦਿੰਦੇ ਸਨ।

## ਫੁੱਲ ਬੂਟੇ

ਮਹਾਂਪੁਰਖਾਂ ਨੂੰ ਫੁੱਲ ਬੂਟੇ ਲਾਉਣ ਦਾ ਬਹੁਤ ਸ਼ੌਂਕ ਸੀ। ਇਹ ਫੁੱਲ ਬੂਟੇ ਦਰਬਾਰ ਸਾਹਿਬ ਦੇ ਸਾਹਮਣੇ ਮੌਸਮ ਅਨੁਸਾਰ ਲਾਉਂਦੇ। ਇਨ੍ਹਾਂ ਫੁੱਲ ਬੂਟਿਆਂ ਨੂੰ

ਜਿੱਥੇ ਪਾਣੀ ਆਪ ਦਿੰਦੇ ਉਥੇ ਗੋਡੀ ਵੀ ਕਰਦੇ। ਦੇਸੀ ਖਾਦ ਵੀ ਪਾਉਂਦੇ। ਸਾਰੀ ਸੰਗਤ ਨੂੰ ਇਹ ਸਮਝਾਇਆ ਹੋਇਆ ਹੁੰਦਾ ਸੀ ਕਿ ਬੂਟੇ ਨਾਲੋਂ ਫੁੱਲ ਤੋੜਕੇ ਦਰਬਾਰ ਸਾਹਿਬ ਦੇ ਅੰਦਰ ਗੁਰੂ ਸਾਹਿਬ ਨੂੰ ਭੇਟਾ ਨਹੀਂ ਕਰਨਾ। ਜਦੋਂ ਫੁੱਲ ਟਾਹਣੀ ਦੇ ਨਾਲ ਹੀ ਟਹਿਕਦਾ ਰਹਿੰਦਾ ਤਾਂ ਆਪ ਜੀ ਬਹੁਤ ਖੁਸ਼ ਹੁੰਦੇ। ਜਦੋਂ ਧੂਫੀਆ ਦਰਬਾਰ ਸਾਹਿਬ, ਨਿਸ਼ਾਨ ਸਾਹਿਬ ਨੂੰ ਧੂਫ ਦਿੰਦਾ ਤਾਂ ਫੁੱਲ ਬੂਟਿਆਂ ਨੂੰ ਵੀ ਧੂਫ ਦਿੰਦਾ ਹੁੰਦਾ ਸੀ। ਫੁਲ ਬੂਟਿਆਂ ਦੀਆਂ ਕਿਆਰੀਆਂ ਬਣਾਉਣ ਸਮੇਂ ਇਹ ਖਾਸ ਧਿਆਨ ਰੱਖਿਆ ਜਾਂਦਾ ਸੀ ਕਿ ਮੌਸਮ ਅਨੁਸਾਰ ਦਰਬਾਰ ਸਾਹਿਬ ਦੇ ਸਾਹਮਣੇ ਫੁਲ ਖਿੜਦੇ ਰਹਿਣ। ਇਹ ਕਦੇ ਵੀ ਨਹੀਂ ਹੋਇਆ ਕਿ ਦਰਬਾਰ ਸਾਹਿਬ ਦੇ ਸਾਹਮਣੇ ਫੁਲ ਖਿੜੇ ਹੋਣ ਦੀ ਬਜਾਏ ਮਹਾਂਪੁਰਖਾਂ ਦੀ ਕੋਠੜੀ ਦੇ ਸਾਹਮਣੇ ਫੁਲ ਖਿੜੇ ਹੋਏ ਹੋਣ। ਗੁਰੂ ਮਹਾਰਾਜ ਦੇ ਸਤਿਕਾਰ ਦਾ ਧਿਆਨ ਹਰੇਕ ਪੱਖੋਂ ਰੱਖਿਆ ਜਾਂਦਾ ਸੀ।

## ਅਵਸਥਾ

ਮਹਾਂਪੁਰਖਾਂ ਦਾ ਖਿਆਲ ਸੀ ਕਿ ਜਦੋਂ ਤੀਕ ਵਿਅਕਤੀ ਦੀ ਵਿੱਦਿਆ ਸੀਮਿਤ ਰਹਿੰਦੀ ਹੈ ਉਦੋਂ ਤੱਕ ਉਹ ਆਪਣੇ ਆਪ ਨੂੰ ਵਿਦਵਾਨ ਸਮਝਦਾ ਹੈ। ਜਦੋਂ ਉਹ ਬ੍ਰਹਮ ਵਿੱਦਿਆ ਕਿਸੇ ਮਹਾਂਪੁਰਖਾਂ ਪਾਸੋਂ ਪੜ੍ਹਦਾ ਹੈ ਤਾਂ ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਮੈਂ ਗਿਆਨੀ ਨਹੀਂ ਹਾਂ। ਫੇਰ ਉਸ ਨੂੰ ਖੂਹ ਦੇ ਡੱਡੂ ਵਾਲੀ ਗੱਲ ਸਮਝ ਪੈਂਦੀ ਹੈ। ਮਹਾਂਪੁਰਖਾਂ ਦੀ ਸੰਗਤ ਕਰਕੇ ਆਮ ਮਨੁੱਖ ਦੇ ਅੰਦਰ ਜੋ ਅਗਿਆਨ ਦਾ ਕੜਾ ਹੁੰਦਾ ਹੈ ਉਹ ਟੁੱਟ ਜਾਂਦਾ ਹੈ। ਜਿਸ ਕਰਕੇ ਉਸ ਨੂੰ ਅਨੁਭਵ ਹੋ ਜਾਂਦਾ ਹੈ ਕਿ ਸੰਗਤ ਤੋਂ ਬਗੈਰ ਇਕੱਲਾ ਵਿਅਕਤੀ ਅਧੂਰਾ ਹੈ। ਆਪਣੀ ਇਸ ਕਮਜੋਰੀ ਨੂੰ ਦੂਰ ਕਰਨ ਵਾਸਤੇ ਉਹ ਭਲੇ ਕਰਮ ਸ਼ੁਰੂ ਕਰ ਦਿੰਦਾ ਹੈ। ਉਸ ਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਪਰਮੇਸ਼ਰ ਨੇ ਹਰੇਕ ਨੂੰ ਕਰਮ ਅਤੇ ਗਿਆਨ ਇੰਦਰੇ ਬਖਸ਼ੇ ਹਨ। ਇਸ ਦਾ ਮਤਲਬ ਇਹੋ ਹੀ ਹੈ ਅਸੀਂ ਸਾਰਿਆਂ ਨਾਲ ਵਰਤਣਾ ਹੈ। ਅਸਲ ਵਿੱਚ ਨੇਕ ਇਨਸਾਨ ਉਹ ਹੁੰਦਾ ਹੈ ਜਿਹੜਾ ਦੂਜਿਆਂ ਲਈ ਇਨ੍ਹਾਂ ਇੰਦਰਿਆਂ ਤੋਂ ਸੇਵਾ ਲਵੇ। ਗੁਰਬਾਣੀ ਵਿਚਾਰ ਕੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਲਾ ਪੁਰਖ ਉਹ ਹੋ ਸਕਦਾ ਹੈ ਜਿਹੜਾ ਆਪੇ ਨੂੰ ਜਾਣ ਲਵੇ। ਆਪੇ ਦੀ ਸੋਝੀ ਨਿਸ਼ਕਾਮਤਾ ਸਹਿਤ ਕੀਤੀ ਸੇਵਾ ਨਾਲ ਆਉਂਦੀ ਹੈ। ਪਵਿੱਤਰ ਬਾਣੀ ਪੜ੍ਹਨ ਨਾਲ ਪ੍ਰੇਮ ਪੈਦਾ ਹੁੰਦਾ ਹੈ। ਪ੍ਰੇਮ ਤੋਂ ਬਗੈਰ ਇਸ ਮਾਰਗ ਵਿੱਚ ਪ੍ਰਾਪਤੀ ਹੋਣਾ ਅਸੰਭਵ ਹੈ।

ਮਹਾਂਪੁਰਖ ਜਿੱਥੇ ਸਤਿਗੁਰਾਂ ਵੱਲੋਂ ਬਖਸ਼ੀ ਰਹਿਤ ਦੇ ਧਾਰਨੀ ਰਹੇ ਉਥੇ ਆਪਣੇ ਹੱਥੀਂ ਨਿਸ਼ਕਾਮਤਾ ਸਹਿਤ ਸੇਵਾ, ਗੁਰਬਾਣੀ ਦੇ ਪਾਠ ਅਤੇ ਕੀਰਤਨ ਕਰਕੇ ਉੱਚ ਅਵਸਥਾ ਦੇ ਮਾਲਕ ਬਣੇ। ਜਿਸ ਅਵਸਥਾ ਵਿੱਚ ਕੀਰਤਨ ਕਰਦੇ ਸਮੇਂ ਉਨ੍ਹਾਂ ਦੇ ਸਰੀਰ ਦੀ ਰੋਮਾਵਲੀ ਪ੍ਰਫੁੱਲਤ ਹੋ ਜਾਂਦੀ ਸੀ ਨਾਲ ਬੈਠੇ ਸਿੰਘਾਂ ਨੂੰ ਕੇਵਲ ਅੱਖਾਂ

ਨਾਲ ਹੀ ਇਹ ਨਜਰ ਹੀ ਨਹੀਂ ਪੈਂਦੀ ਸੀ ਸਗੋਂ ਮਿਲਕੇ ਬੈਠਣ ਨਾਲ ਮਹਿਸੂਸ ਵੀ ਹੋ ਜਾਂਦਾ ਸੀ। ਅਭਿਆਸ ਕਰਨ ਨਾਲ ਮਹਾਂਪੁਰਖ ਇਸ ਅਵਸਥਾ ਵਿੱਚ ਪਹੁੰਚ ਗਏ ਸਨ ਕਿ ਉਨ੍ਹਾਂ ਦੇ ਰੋਮ ਰੋਮ ਵਿੱਚੋਂ ਵਾਹਿਗੁਰੂ ਗੁਰਮੰਤਰ ਦਾ ਜਾਪ ਸੂਖਮ ਅਵਾਜ ਵਿੱਚ ਸੁਣਦਾ ਸੀ। ਜਦੋਂ ਇਸ ਅਵਸਥਾ ਵਾਸਤੇ ਆਪ ਜੀ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਸੀ ਉਸ ਸਮੇਂ ਮਹਾਂਪੁਰਖਾਂ ਨੇ ਆਪ ਜੀ ਪਾਸੋਂ ਸਵਾ ਸਵਾ ਲੱਖ ਮੂਲਮੰਤਰ ਅਤੇ ਛੱਤੀ ਛੱਤੀ ਲੱਖ ਗੁਰਮੰਤਰ ਦੇ ਕਈ ਵਾਰੀ ਜਾਪ ਕਰਵਾਏ ਸੀ। ਸਹਿਜ ਪਾਠ ਅਤੇ ਜਾਪ ਕਰਨ ਨਾਲ ਮਹਾਂਪੁਰਖਾਂ ਦੀ ਐਸੀ ਅਵਸਥਾ ਬਣ ਗਈ ਕਿ ਹਰ ਸਮੇਂ ਪਰਮੇਸਰ ਦੀ ਰਜਾ ਵਿੱਚ ਪ੍ਰਸੰਨ ਰਹਿੰਦੇ। ਸੰਸਾਰਕ ਦੁਖ ਸੁਖ ਅਤੇ ਹਰਖ ਸੋਗ ਦਾ ਕੋਈ ਵਸ ਨਹੀਂ ਚੱਲਦਾ ਸੀ। ਬਹੁਤ ਵਾਰੀ ਮਹਾਂਪੁਰਖਾਂ ਦੀ ਕੋਠੜੀ ਵਿੱਚੋਂ ਸੁਗੰਧੀ ਵੀ ਆਉਂਦੀ ਸੀ। ਜਦੋਂ ਤੱਕ ਜਗਿਆਸੂ ਰੋਲ ਘਚੋਲੇ ਨੂੰ ਪਸੰਦ ਕਰਦਾ ਹੈ ਉਸ ਨੂੰ ਨਾਲ ਨਹੀਂ ਸੁਣ ਸਕਦਾ। ਹਜ਼ੂਰ ਦਾ ਮੁਖਵਾਕ ਹੈ:-

***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਆਦਿ ੩੧੩***

ਮਹਾਂਪੁਰਖ ਬਚਨ ਕਰਦੇ ਕਿ ਵਾਹਿਗੁਰੂ ਗੁਰਮੰਤਰ ਦੇ ਜਾਪ ਦੀ ਅਵਾਜ ਉਦੋਂ ਸੁਣਦੀ ਹੈ ਜਦੋਂ ਪ੍ਰੇਮੀ ਦੇ ਅੰਦਰੋਂ ਰੋਲ ਘਚੋਲਾ ਰੁਕ ਜਾਵੇ। ਇਹ ਰੋਲ ਘਚੋਲਾ ਬਾਣੀ ਪੜ੍ਹ ਕੇ ਗੁਰੂ ਦੀ ਕਿਰਪਾ ਨਾਲ ਇੰਦਰੀਆਂ ਜਿਸ ਪਾਸੇ ਲਾਉਣੀਆਂ ਹਨ ਉਸ ਪਾਸੇ ਹੀ ਲਗ ਜਾਂਦੀਆਂ ਹਨ। ਹਮੇਸ਼ਾਂ ਵਾਸਤੇ ਖਿੱਚੋਤਾਣ ਦਾ ਝਗੜਾ ਖਤਮ ਹੋ ਜਾਂਦਾ ਹੈ। ਹਜ਼ੂਰ ਦਾ ਫੁਰਮਾਨ ਹੈ:

***ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ॥ ਆਦਿ ੧੦੯੭***

ਪਰ ਫੇਰ ਵੀ ਕੋਈ ਪ੍ਰੇਮੀ ਅਤੇ ਨੇਮੀ ਚੰਗੀ ਬਿਰਤੀ ਵਾਲਾ ਅਧਿਕਾਰੀ ਹੋਵੇ ਤਾਂ ਮਹਾਂਪੁਰਖ ਕੁਝ ਸਮੇਂ ਵਾਸਤੇ ਜਾਪ ਸੁਣਾ ਸਕਦੇ ਹਨ ਜਿਵੇਂ ਮਾਤਾ ਪਿਤਾ ਆਪਣੇ ਬੱਚੇ ਨੂੰ ਗੋਦੀ ਚੁੱਕ ਕੇ ਕੁਝ ਸਮੇਂ ਵਾਸਤੇ ਮੇਲਾ ਦਿਖਾ ਸਕਦੇ ਹਨ। ਅਸਲ ਵਿਚ ਬਾਣੀ ਆਪ ਪੜ੍ਹ ਕੇ ਵਿਚਾਰਨ ਉਪਰੰਤ ਹੀ ਅਨੰਦ ਪ੍ਰਾਪਤ ਕਰ ਸਕਦੇ ਹਾਂ। ਹਜ਼ੂਰ ਦਾ ਫੁਰਮਾਨ ਹੈ:-

***ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ ਆਦਿ ੪੭੪***

## ਅਨੁਭਵ ਬਾਰੇ

***ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ॥***
***ਨਾਨਕ ਤਿਸਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ॥***
***ਆਦਿ ੫੧੨***

ਮਹਾਂਪੁਰਖਾਂ ਨੂੰ ਅਨੁਭਵ ਦੇ ਅੰਦਰ ਹਮੇਸ਼ਾਂ ਸੱਚ ਦੇ ਦਰਸ਼ਨ ਹੁੰਦੇ ਹਨ। ਮਹਾਤਮਾ ਭਾਵੇਂ ਕਿਸੇ ਵੀ ਭੇਖ ਵਿਚ ਹੋਵੇ ਉਨ੍ਹਾਂ ਸਾਰਿਆਂ ਦਾ ਅਨੁਭਵ ਬਾਰੇ ਇਕ

ਹੀ ਮੱਤ ਹੁੰਦਾ ਹੈ। ਵਿਦਵਾਨ ਸਰੀਰ ਦੇ ਇੰਦਰਿਆਂ ਦਾ ਤਜ਼ਰਬਾ ਲਿਖਦਾ ਹੈ ਪਰ ਮਹਾਤਮਾ ਦੱਸਦੇ ਹਨ ਕਿ ਸਰੀਰ ਦੇ ਇੰਦਰੇ ਅਨੁਭਵ ਦੇ ਰਸਤੇ ਵਿਚ ਰੁਕਾਵਟਾਂ ਬਣਦੇ ਹਨ। ਹਜ਼ੂਰ ਦਾ ਫੁਰਮਾਨ ਹੈ–

*ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ॥*
*ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ॥*
*ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ॥*
*ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ॥*
*ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ॥ ਆਦਿ ੧੦੯੭*

ਪ੍ਰੇਮਾ ਭਗਤੀ ਦਾ ਅਨੁਭਵ ਇਕੋ ਜਿਹਾ ਹੁੰਦਾ ਹੈ। ਅਨੁਭਵ ਉਸ ਸਮੇਂ ਹੁੰਦਾ ਹੈ ਜਦੋਂ ਗੁਰੂ ਉਪਦੇਸ ਕਮਾਉਣ ਨਾਲ ਮਨ ਵਿਚੋਂ ਬੁਰਿਆਈਆਂ ਖਤਮ ਹੋ ਜਾਂਦੀਆਂ ਹਨ। ਅਨੁਭਵੀ ਪੁਰਖ ਦੇ ਮਨ ਵਿਚ ਇਸ ਭੇਦ ਨੂੰ ਪਰਗਟ ਕਰਨ ਦੀ ਇੱਛਾ ਨਹੀਂ ਰਹਿੰਦੀ।

*ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥*
*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ ਆਦਿ ੧੩੮੪*

## ਮਨ ਦੀ ਇਕਾਗਰਤਾ ਕਰਨ ਬਾਰੇ

ਇਕ ਵਾਰੀ ਇੱਕ ਪ੍ਰਚਾਰਕ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਮੈਂ ਬਹੁਤ ਸਾਰੇ ਗ੍ਰੰਥ ਪੜ੍ਹੇ ਤੇ ਵਿਚਾਰੇ ਹਨ ਅਤੇ ਮੈਂ ਗੁਰਮਤਿ ਪ੍ਰਚਾਰ ਦੀ ਸੇਵਾ ਵੀ ਕਰਦਾ ਹਾਂ ਸਗੋਂ ਮਨ ਦੀ ਭਟਕਣਾ ਵਧ ਰਹੀ ਹੈ ਕਿਰਪਾ ਕਰੋ। ਸੁਣ ਕੇ ਮਹਾਂਪੁਰਖਾਂ ਨੇ ਆਖਿਆ ਕਿਰਪਾ ਤਾਂ ਸਤਿਗੁਰੂ ਜੀ ਹੀ ਕਰਦੇ ਹਨ। ਪਰ ਮੈਂ ਕਈ ਮਹਾਂਪੁਰਖਾਂ ਦੇ ਜੀਵਨ ਵਿੱਚੋਂ ਵੇਖਿਆ ਹੈ ਕਿ ਸਭ ਤੋਂ ਪਹਿਲਾਂ ਆਪਣੀ ਕਿਰਤ ਸ਼ੁੱਧ ਕਰਨੀ ਚਾਹੀਦੀ ਹੈ। ਪ੍ਰਚਾਰ ਅਤੇ ਗ੍ਰੰਥਾਂ ਦੇ ਬਹੁਤਾ ਘੋਖਣ ਨਾਲ ਮਨ ਸਗੋਂ ਢੀਠ ਹੋ ਜਾਂਦਾ ਹੈ। ਆਪਣੀ ਕਿਰਤ ਦੇ ਦੋਸ਼ ਨੂੰ ਦੂਰ ਕਰਨ ਲਈ ਹੀ ਗੁਰਮਤਿ ਪ੍ਰਚਾਰ ਦੀ ਲੋੜ ਹੈ।

## ਉਲ੍ਹਾਮੇ ਜਾਂ ਸ਼ਿਕਵੇ ਦੀ ਥਾਂ ਸ਼ੁਕਰਾਨਾ

ਮਹਾਂਪੁਰਖਾਂ ਦੇ ਜੀਵਨ ਦੌਰਾਨ ਬਹੁਤ ਵਾਰੀ ਵੱਡੇ ਵੱਡੇ ਕਸ਼ਟ ਆਏ। ਰਿਸ਼ਤੇਦਾਰ ਅਤੇ ਸਮਾਜ ਦੇ ਲੋਕ ਉਲ੍ਹਾਮੇ ਦਿੰਦੇ ਪਰ ਮਹਾਂਪੁਰਖ ਇੱਕ ਰਸ ਰਹਿੰਦੇ। ਦੇਸ ਦੇ ਬਟਵਾਰੇ ਸਮੇਂ ਮਹਾਂਪੁਰਖਾਂ ਦੇ ਪਰਿਵਾਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਤੇ ਬਹੁਤ ਸੰਕਟ ਭਰੇ ਸਮੇਂ ਆਏ। ਮੁਰੱਬੇਬੰਦੀ ਸਮੇਂ ਜਮੀਨ ਬਹੁਤ ਘਟ ਗਈ। ਰਿਸ਼ਤੇਦਾਰ ਬਹੁਤ ਬੋਲ ਕਬੋਲ ਬੋਲਦੇ ਕਿ ਚੰਗੀ ਤੁਹਾਡੀ ਸਿੱਖੀ ਅਤੇ ਇਮਾਨਦਾਰੀ ਹੈ ਜਿਸ ਨਾਲ ਤੁਹਾਡੀ ਜਾਇਦਾਦ ਦਾ ਭਾਰੀ ਨੁਕਸਾਨ ਹੋਇਆ ਹੈ। ਕਈ ਵਾਰੀ ਸਰੀਰਕ ਤੌਰ ਤੇ ਢਿੱਲੇ ਮੱਠੇ ਹੋਏ ਪਰ ਉਨ੍ਹਾਂ ਦਾ ਚਿਹਰਾ ਹਮੇਸ਼ਾਂ ਦਗ ਦਗ ਕਰਦਾ

ਰਹਿੰਦਾ ਸੀ। ਉਨ੍ਹਾਂ ਦੇ ਚਿਹਰੇ ਤੇ ਕਦੇ ਉਦਾਸੀ ਨਹੀਂ ਆਈ ਨਾ ਹੀ ਕਦੇ ਆਵਾਜ ਵਿਚ ਗਿਰਾਵਟ ਆਈ। ਅੱਖਾਂ ਵਿੱਚ ਵੀ ਕਦੇ ਨਿਵਾਨਤਾ ਨਹੀਂ ਵੇਖੀ। ਮਨ ਤੇ ਕਦੇ ਕੋਈ ਚਿੰਤਕ ਅਸਰ ਨਹੀਂ ਹੁੰਦਾ ਸੀ। ਇਸ ਤਰ੍ਹਾਂ ਮਹਾਂਪੁਰਖ ਪਰਮੇਸ਼ਰ ਦੀ ਰਜਾ, ਹੁਕਮ ਤੇ ਭਾਣੇ ਨੂੰ ਹਮੇਸ਼ਾਂ ਮੰਨਦੇ। ਕਸ਼ਟ ਨੂੰ ਕਸ਼ਟ ਨਹੀਂ ਸਗੋਂ ਮਾਲਕ ਦੀ ਖੇਡ ਸਮਝ ਕੇ ਖੇੜੇ ਵਿੱਚ ਰਹਿੰਦੇ। ਰਿਸ਼ਤੇਦਾਰਾਂ ਦੇ ਕਬੋਲਾਂ ਦੀ ਕੋਈ ਪਰਵਾਹ ਨਹੀਂ ਕਰਦੇ। ਸਤਿਗੁਰਾਂ ਦੇ ਬਚਨਾਂ ਨੂੰ ਹਮੇਸ਼ਾਂ ਯਾਦ ਰੱਖਦੇ।

*ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥*
*ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥ ਆਦਿ ੩੩੭*

ਜਦੋਂ ਕੋਈ ਗੁਰਸਿੱਖ ਬਿਪਤਾ ਸਮੇਂ ਕਾਹਲ ਵਿੱਚ ਪੈ ਜਾਂਦਾ ਤਾਂ ਮਹਾਂਪੁਰਖ ਆਪ ਦੇ ਠੰਢੇ ਸੁਭਾਅ ਅਨੁਸਾਰ ਬਚਨ ਕਰਦੇ ਕਿ ਗੁਰਸਿੱਖ ਦਾ ਤਨ, ਮਨ ਅਤੇ ਧਨ ਸਭ ਸਤਿਗੁਰਾਂ ਦਾ ਹੁੰਦਾ ਹੈ। ਸਤਿਗੁਰਾਂ ਨੇ ਸਾਡੇ ਵਾਸਤੇ ਕਿੰਨੀਆਂ ਔਕੜਾਂ ਝੱਲੀਆਂ। ਆਪ ਸਮਰੱਥ ਹੁੰਦੇ ਹੋਏ ਅਕਾਲ ਪੁਰਖ ਦੇ ਹੁਕਮ ਵਿੱਚ ਸੰਤੁਸ਼ਟ ਰਹੇ। ਕਦੇ ਬੁੱਲਾਂ ਤੇ ਕੀ ਦਿਲ ਵਿੱਚ ਫੁਰਨੇ ਮਾਤਰ ਭੀ ਗਿਲੇ ਸ਼ਿਕਵੇ ਨਹੀਂ ਫੁਰੇ। ਅਕਾਲ ਪੁਰਖ ਅੱਗੇ ਉਲ੍ਹਾਮਾ ਜਾਂ ਸ਼ਿਕਵਾ ਨਹੀਂ ਲਿਆਂਦਾ ਸਗੋਂ ਸ਼ੁਕਰਾਨੇ ਵਿੱਚ ਮਾਛੀਵਾੜੇ ਦੇ ਜੰਗਲਾਂ ਵਿੱਚ ਟਿੰਡ ਦਾ ਸਿਰਹਾਣਾ ਕਰਕੇ ਧਰਤੀ ਤੇ ਭੁੰਜੇ ਹੀ ਬਿਰਾਜਮਾਨ ਹੋਏ।

## ਖਿਆਲ ਪਾਤਿਸ਼ਾਹੀ ੧੦ (ਦਸਵੀਂ)

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥ ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥ ਸੂਲ ਸੁਰਾਹੀ ਖੰਜਰ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥ ਸਬਦ ਹਜਾਰੇ ਪਾ:੧੦*

ਇਸ ਤਰ੍ਹਾਂ ਕਿਸੇ ਡੋਲੇ ਹੋਏ ਗੁਰਸਿੱਖ ਨੂੰ ਬਚਨ ਕਰਦੇ ਕਿ ਤੁਸੀਂ ਇਹ ਕਸ਼ਟ ਨਾ ਸਮਝੋ ਇਹ ਤਾਂ ਜੀਵਨ ਦੀ ਪ੍ਰੀਖਿਆ ਹੈ। ਜਿਹੜਾ ਕੋਈ ਉਲ੍ਹਾਮੇ ਦਿੰਦਾ ਹੈ ਜਾਂ ਸ਼ਿਕਵੇ ਕਰਦਾ ਰਹਿੰਦਾ ਹੈ ਉਹ ਕਦੀ ਉਚ ਪਦਵੀ ਦੀ ਪ੍ਰਾਪਤੀ ਨਹੀਂ ਕਰ ਸਕਦਾ। ਅਸੀਂ ਅਗਿਆਨ ਵਸ ਹੋ ਕੇ ਪਰਮੇਸ਼ਰ ਪਾਸੋਂ ਸੁਖ ਮੰਗਦੇ ਹਾਂ ਪਰ ਸੁਖ ਦੇ ਨਾਲ ਦੁਖ ਆਪੇ ਆ ਜਾਂਦਾ ਹੈ। ਹਜ਼ੂਰ ਦਾ ਫੁਰਮਾਨ ਹੈ:-

*ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥ ਆਦਿ ੧੦੩੦*

*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥ ਆਦਿ ੧੪੯*

*ਸੁਖੁ ਮਾਂਗਤ ਦੁਖੁ ਆਗੈ ਆਵੈ॥ ਸੁ ਸੁਖੁ ਹਮਹੁ ਨ ਮਾਂਗਿਆ ਭਾਵੈ॥ ਆਦਿ ੩੩੦*

*ਸੁਖੁ ਮਾਂਗਤ ਦੁਖੁ ਆਗਲ ਹੋਇ। ਸਗਲ ਵਿਕਾਰੀ ਹਾਰੁ ਪਰੋਇ॥*
*ਆਦਿ ੨੨੨*

*ਐਸਾ ਜਗੁ ਦੇਖਿਆ ਜੁਆਰੀ॥ ਸਭਿ ਸੁਖ ਮਾਂਗੈ ਨਾਮੁ ਬਿਸਾਰੀ॥*
*ਆਦਿ ੨੨੨*

## ਮੱਤ ਭੇਦ ਹੋਣ ਤੇ ਝਗੜੇ ਨਿਬੇੜਨ ਬਾਰੇ

ਪਰਮੇਸਰ ਦੀ ਸ੍ਰਿਸ਼ਟੀ ਦੀ ਅਨੋਖੀ ਖੇਡ ਹੈ ਮੁੱਢ ਤੋਂ ਹੀ ਸੰਤਾਂ ਅਤੇ ਅਸੰਤਾਂ, ਗ੍ਰਿਹਿਸਤੀ ਤੇ ਬਿਹੰਗਮਾਂ, ਦੇਵਤੇ ਤੇ ਦੈਂਤ, ਸਮਾਜਿਕ, ਆਰਥਿਕ ਜਾਂ ਇਲਾਕਾਈਜਾਂ ਭੇਖਾਂ ਕਾਰਨ ਕਈ ਵਾਰੀ ਸੰਗਤਾਂ ਦੇ ਮਨਾਂ ਵਿੱਚ ਕੋਈ ਕਲਜੁਗੀ ਜੀਵ ਫਰਕ ਪਾ ਦਿੰਦਾ ਬਸ ਫੇਰ ਕੀ ਇੱਕ ਦੂਜੇ ਤੇ ਧਰਮੀ ਅਤੇ ਅਧਰਮੀ ਹੋਣ ਦੇ ਦੋਸ਼ ਲਾਉਣ ਤੇ ਸੰਕੋਚ ਨਹੀਂ ਕਰਦੇ।

ਮਹਾਂਪੁਰਖਾਂ ਸਮੇਂ ਕਈ ਵਾਰੀ ਅਜਿਹੇ ਹਾਲਾਤ ਬਣੇ ਤਾਂ ਉਨ੍ਹਾਂ ਦੋਨਾਂ ਝਗੜੇ ਵਾਲਿਆਂ ਕੋਲ ਜਾਣ ਦੀ ਬਜਾਏ ਕਲਗੀਧਰ ਦੇ ਬਚਨਾਂ ਦਾ ਆਸਰਾ ਲੈ ਕੇ ਆਖਦੇ:

*ਨਮੋ ਕਲਹ ਕਰਤਾ॥ ਨਮੋ ਸਾਂਤਿ ਰੂਪੇ॥*

ਸੂਖਮ ਅਰਦਾਸ ਕਰਦੇ ਫੇਰ ਸਤਿਗੁਰੂ ਜੀ ਐਸੀ ਖੇਡ ਵਰਤਾਉਂਦੇ ਕਿ ਦੋਨੋ ਧੜੇ ਸ਼ਾਂਤ ਹੋ ਜਾਂਦੇ। ਇੱਕ ਦੂਜੇ ਨੂੰ ਚੁੱਪ ਕਰਾਉਂਦੇ ਹੋਏ ਆਖਦੇ ਜੇਕਰ ਸੰਤਾਂ ਨੂੰ ਪਤਾ ਲੱਗ ਗਿਆ ਤਾਂ ਉਹ ਕੋਈ ਅਜਿਹਾ ਬਚਨ ਕਰ ਦੇਣਗੇ ਜੋ ਆਪਾਂ ਨੂੰ ਭੁਗਤਣਾ ਪਵੇਗਾ। ਬਾਅਦ ਵਿੱਚ ਮਹਾਂਪੁਰਖ ਕਥਾ ਦੌਰਾਨ ਬਚਨ ਕਰਦੇ ਕਿ ਆਪਾਂ ਹੁਣ ਸਾਰੇ ਇੱਕ ਪਿਤਾ ਦੇ ਪੁੱਤਰ ਹਾਂ ਵਾਸੀ ਅਨੰਦਪੁਰ ਸਾਹਿਬ ਦੇ ਹਾਂ ਪਿਛਲੇ ਜਨਮਾਂ ਦੀਆਂ ਧਾਰਨਾਵਾਂ ਤੋਂ ਸੰਕੋਚ ਕਰਕੇ ਸੇਵਾ ਕਰਨੀ ਚਾਹੀਦੀ ਹੈ। ਮਹਾਂਪੁਰਖ ਬਚਨ ਕਰਿਆ ਕਰਦੇ ਕਿ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਸਾਜਨਾ ਕਰਦੇ ਸਮੇਂ ਸਭ ਦੀਆਂ ਸ਼ਕਲਾਂ ਅਤੇ ਅਕਲਾਂ ਵੱਖ ਵੱਖ ਕੀਤੀਆਂ ਹਨ। ਵਿਚਾਰਾਂ ਦਾ ਫਰਕ ਹੋਣਾ ਸੁਭਾਵਿਕ ਹੈ। ਵਿਚਾਰਾਂ ਕਰਦੇ ਸਮੇਂ ਕਿਸੇ ਨੂੰ ਨੀਵਾਂ ਨਾ ਦਿਖਾਓ ਸਗੋਂ ਉਸ ਦੇ ਕੋਲ ਜਾ ਕੇ ਆਪਣੀ ਦਲੀਲ ਗੁਰੂ ਆਸੇ ਅਨੁਸਾਰ ਰੱਖੋ। ਜੇਕਰ ਫੇਰ ਵੀ ਉਨ੍ਹਾਂ ਦੀ ਤਸੱਲੀ ਨਾ ਹੋਵੇ ਤਾਂ ਵਿਦਵਾਨ ਸਿੰਘਾਂ ਨੂੰ ਨਾਲ ਲੈ ਕੇ ਪੜਦੇ ਨਾਲ ਵਿਚਾਰ ਕਰੋ। ਜੇਕਰ ਫੇਰ ਵੀ ਸਹਿਮਤੀ ਨਾ ਬਣੇ ਤਾਂ ਭਰਾ ਨੂੰ ਭਰਾ ਨਾਲ ਲੜਨ ਦੀ ਲੋੜ ਨਹੀਂ। ਫੇਰ ਇਹ ਸਮਝੋ ਕਿ ਇਹ ਕੋਈ ਪਰਮੇਸ਼ਰ ਦੀ ਖੇਡ ਹੈ। ਇਸ ਤੋਂ ਇਲਾਵਾ ਵਿਚਾਰਾਂ ਨੂੰ ਮਿਲਾਉਣ ਵਾਸਤੇ ਗੁਰਬਾਣੀ ਦੇ ਅਭਿਆਸ ਅਤੇ ਮਹਾਂਪੁਰਖਾਂ ਦੀ ਬਖਸ਼ਿਸ਼ ਦਾ ਹੋਣਾ ਜਰੂਰੀ ਹੈ। ਦੂਜੇ ਦੀ ਗੱਲ ਜਰੂਰ ਸੁਣੋ, ਸਹਿਮਤ ਹੋਣਾ ਜਾਂ ਨਾ ਹੋਣਾ ਵੱਖਰਾ ਵਿਸ਼ਾ ਹੈ। ਆਪਣੇ ਭਰਾਵਾਂ ਦੀ ਨਿੰਦਾ ਨਾ ਕਰੋ। ਨਾ ਕੋਈ ਧਮਕੀ ਦਿਓ। ਅਰਦਾਸ ਕਰਕੇ ਗੁਰੂ ਦੇ ਆਸਰੇ ਹੋ ਜਾਓ। ਮਹਾਰਾਜ ਜਰੂਰ ਕਲਾ ਵਰਤਾਉਣਗੇ।

## ਗੁਰਮੁਖ

*ਗੁਰਮੁਖਿ ਵੈਰ ਵਿਰੋਧ ਗਵਾਵੈ॥ ਗੁਰਮੁਖਿ ਸਗਲੀ ਗਣਤ ਮਿਟਾਵੈ॥*
*ਗੁਰਮੁਖਿ ਰਾਮ ਨਾਮ ਰੰਗਿ ਰਾਤਾ॥ ਨਾਨਕ ਗੁਰਮੁਖਿ ਖਸਮੁ ਪਛਾਤਾ॥*
*ਆਦਿ ੯੪੨*

ਮਹਾਂਪੁਰਖ ਬਚਪਨ ਤੋਂ ਹੀ ਪਰਮੇਸ਼ਰ ਵਿੱਚ ਵਿਸ਼ਵਾਸ ਰੱਖਦੇ। ਜਦੋਂ ਕਿਸੇ ਮੁਸ਼ਕਿਲ ਦਾ ਨਿਰਣਾ ਕਰਨਾ ਹੁੰਦਾ ਤਾਂ ਚਿੰਤਾ ਤੋਂ ਰਹਿਤ ਹੋ ਕੇ ਬਚਨ ਕਰਿਆ ਕਰਦੇ ਕਿ ਪਰਮੇਸਰ ਸਭ ਦਾ ਭਲਾ ਕਰਦਾ ਹੈ ਕਿਸੇ ਦਾ ਵੀ ਬੁਰਾ ਨਹੀਂ ਕਰਦਾ। ਉਹ ਇੰਨੀ ਸਮਰੱਥਾ ਦਾ ਮਾਲਕ ਹੈ ਕਿ ਦੋਨਾਂ ਧਿਰਾਂ ਦੀ ਸੰਤੁਸ਼ਟੀ ਕਰਵਾਉਂਦਾ ਹੈ। ਵਿਅਕਤੀ ਉਦੋਂ ਅਸੰਤੁਸ਼ਟ ਹੁੰਦਾ ਹੈ ਜਦੋਂ ਉਹ ਆਪਣੇ ਮਨ ਦੇ ਮਗਰ ਲੱਗ ਕੇ ਕੁਸੰਗਤ ਦਾ ਆਸਰਾ ਲੈਂਦਾ ਹੈ। ਆਪ ਜੀ ਕੋਲ ਕਈ ਵਾਰੀ ਜਦੋਂ ਕੋਈ ਅਹੰਕਾਰੀ ਵਿਦਵਾਨ ਚਰਚਾ ਕਰਨ ਆ ਜਾਂਦਾ ਤਾਂ ਉਸ ਨਾਲ ਉੱਠਦੇ ਬਹਿੰਦੇ ਸਮੇਂ ਕੁਝ ਵਿਚਾਰ ਸਾਂਝੇ ਕਰ ਲੈਂਦੇ। ਕਈ ਵਾਰੀ ਆਪਣੇ ਹੱਥੀਂ ਲੰਗਰ ਪ੍ਰਸ਼ਾਦਾ ਛਕਾਉਣ ਉਪਰੰਤ ਸਨਮਾਨ ਪਹਿਲਾਂ ਹੀ ਕਰ ਦਿੰਦੇ ਸਨ। ਅਹੰਕਾਰੀ ਵਿਦਵਾਨ ਨੂੰ ਸਮਝ ਨਾ ਲੱਗਣੀ। ਉਨ੍ਹਾਂ ਨੇ ਇਸ ਨਿਮਰਤਾ ਨੂੰ ਕਮਜੋਰੀ ਸਮਝ ਕੇ ਸੇਵਾਦਾਰਾਂ ਕੋਲ ਦੱਸਣਾ ਕਿ ਤੁਹਾਡੇ ਸੰਤਾਂ ਨੇ ਮੇਰਾ ਸਨਮਾਨ ਅੱਗੋਂ ਵਾਲੀ ਇਸ ਲਈ ਕੀਤਾ ਹੈ ਕਿ ਉਹ ਚਲੇ ਜਾਣ ਕਿਉਂਕਿ ਉਹ ਮੇਰੇ ਨਾਲ ਗੱਲ ਬਾਤ ਕਰਨ ਤੋਂ ਝਿਜਕ ਗਏ ਹਨ। ਪਰ ਅਹੰਕਾਰੀ ਵਿਦਵਾਨ ਨੂੰ ਉਦੋਂ ਪਤਾ ਲੱਗਣਾ ਜਦੋਂ ਵਿਚਾਰ ਚਰਚਾ ਕਰਦੇ ਸਮੇਂ ਘੰਟੇ ਦੀ ਵਿਚਾਰ ਨੂੰ ਮਹਾਂਪੁਰਖ ਗੁਰਬਾਣੀ ਦੀ ਇੱਕ ਪੰਗਤੀ ਨਾਲ ਹੀ ਸਮਾਪਤ ਕਰ ਦਿੰਦੇ। ਸਾਰੀ ਸਭਾ ਨੂੰ ਸਮਝਾਉਣ ਵਾਸਤੇ ਆਪ ਜੀ ਗੁਰ ਇਤਿਹਾਸ ਵਿੱਚੋਂ ਕੋਈ ਸਾਖੀ ਸੁਣਾ ਦਿਆ ਕਰਦੇ। ਫੇਰ ਸਾਰਿਆਂ ਨੂੰ ਪਤਾ ਲੱਗਣਾ ਕਿ ਮਹਾਂਪੁਰਖ ਕੇਵਲ ਅੱਖਰਾਂ ਦੇ ਗਿਆਨੀ ਹੀ ਨਹੀਂ ਇਹ ਤਾਂ ਸਗੋਂ ਗੁਰਮੁਖ ਵੀ ਹਨ ਜੋ ਕਿਸੇ ਦਾ ਅਪਮਾਨ ਕਰਨੋਂ ਸੰਕੋਚ ਕਰਦੇ ਹਨ।

## ਕੀਰਤਨ ਬਾਰੇ

*ਐਸੀ ਪ੍ਰੀਤਿ ਕਰਹੁ ਮਨ ਮੇਰੇ॥ਆਠ ਪਹਰ ਪ੍ਰਭ ਜਾਨਹੁ ਨੇਰੇ॥ ਆਦਿ ੮੦੭*
*ਐਸਾ ਕੀਰਤਨੁ ਕਰਿ ਮਨ ਮੇਰੇ॥ਈਹਾ ਊਹਾ ਜੋ ਕਾਮਿ ਤੇਰੈ॥ ਆਦਿ ੨੩੬*
*ਕੀਰਤਨੁ ਨਿਰਮੋਲਕ ਹੀਰਾ॥ਆਨੰਦ ਗੁਣੀ ਗਹੀਰਾ॥ ਆਦਿ ੮੯੩*
*ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥ ਆਦਿ ੧੧੭੧*

ਇਨ੍ਹਾਂ ਮਹਾਂਪੁਰਖਾਂ ਨੇ ਜਿੱਥੇ ਗੁਰਬਾਣੀ ਦੀ ਸ਼ੁੱਧ ਸੰਥਿਆ ਕਰਵਾਈ ਉਥੇ ਸਿੰਘਾਂ ਨੂੰ ਕੀਰਤਨ ਵੀ ਰਾਗਾਂ ਵਿੱਚ ਸਿਖਾਇਆ। ਸਿਖਿਆਰਥੀਆਂ ਦੇ ਮਨਾਂ ਵਿੱਚ

ਪ੍ਰੇਮ ਦੀ ਭਾਵਨਾ ਪੈਦਾ ਕੀਤੀ। ਪ੍ਰੇਮੀ ਪੁਰਖ ਹੀ ਕੀਰਤਨ ਦੇ ਨਾਲ ਸੰਗਤਾਂ ਦੀ ਸੇਵਾ ਕਰ ਸਕਦਾ ਹੈ। ਮਹਾਂਪੁਰਖਾਂ ਨੇ ਆਪ ਸਾਰੀ ਉਮਰ ਕੀਰਤਨ ਦੀ ਨਿਸ਼ਕਾਮ ਸੇਵਾ ਕੀਤੀ। ਜਿਸ ਨਾਲ ਸਾਰਾ ਸੰਸਾਰ ਹੀ ਸੰਗਤ ਰੂਪ ਵਿੱਚ ਦਿਸਣ ਲੱਗ ਪਿਆ। ਆਮ ਰਵਾਇਤ ਵਿੱਚ ਸੰਗਤ ਉਸ ਨੂੰ ਕਿਹਾ ਜਾਂਦਾ ਹੈ ਜਿਹੜੇ ਇੱਕ ਦਰੀ ਤੇ ਇਕੱਠੇ ਬੈਠ ਕੇ ਸ਼ਬਦ ਗਾਇਨ ਕਰਦੇ ਅਤੇ ਸੁਣਦੇ ਹੋਣ। ਪਰ ਇਹ ਮਹਾਂਪੁਰਖ ਕਹਿੰਦੇ ਸਨ ਕਿ ਜੇ ਕੋਈ ਪ੍ਰੇਮੀ ਗਾਈਆਂ ਮੱਝਾਂ ਚਾਰਦਾ ਹੋਇਆ ਜੰਗਲ ਵਿੱਚ ਬੰਸਰੀ ਵਜਾ ਰਿਹਾ ਹੋਵੇ ਸੁਣਨ ਵਾਲੇ ਪਸ਼ੂ ਪਰਿੰਦੇ ਸੁਣ ਲੈਣ ਉਹ ਵੀ ਉਸ ਦੀ ਸੰਗਤ ਦਾ ਅਨੰਦ ਲੈ ਸਕਦੇ ਹਨ। ਬਾਬਾ ਨਾਮਦੇਵ ਜੀ ਦੇ ਜੀਵਨ ਨੂੰ ਵੇਖ ਕੇ ਭਗਤ ਤਰਲੋਚਨ ਜੀ ਨੂੰ ਸੰਸਾ ਪੈ ਗਿਆ ਸੀ ਕਿ ਨਾਮਦੇਵ ਤਾਂ ਮਾਇਆ ਦੇ ਚੱਕਰ ਵਿੱਚ ਫਸ ਗਿਆ ਹੈ।

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ ਆਦਿ ੧੩੭੫*

ਬਾਬਾ ਨਾਮਦੇਵ ਜੀ ਨੇ ਭਗਤ ਤਰਲੋਚਨ ਜੀ ਦਾ ਸੰਸਾ ਦੂਰ ਕਰਦੇ ਹੋਏ ਆਖਿਆ।

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ਆਦਿ ੧੩੭੫*

ਮਹਾਂਪੁਰਖ ਬਚਨ ਕਰਦੇ ਪਵਿੱਤਰ ਬਾਣੀ ਦਾ ਜਾਪ ਕਰਨ ਨਾਲ ਪ੍ਰਭੂ ਦਾ ਸਿਮਰਨ ਅਜਿਹਾ ਹੋ ਜਾਂਦਾ ਹੈ ਕਿ ਉਸ ਦਾ ਜੀਵਨ ਹੀ ਸਿਮਰਨ ਰੂਪ ਹੋ ਜਾਂਦਾ ਹੈ ਉਹ ਪਰਮੇਸਰ ਨੂੰ ਸਦਾ ਹਾਜਿਰ ਨਾਜਰ ਸਮਝਦਾ ਹੈ।

*ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ॥*
*ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ॥ ਆਦਿ ੭੪੩*

## ਅਰਦਾਸ ਕਰਨ ਦਾ ਢੰਗ

ਮਹਾਂਪੁਰਖ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਆਸਣ ਤੇ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰਦੇ। ਇਸ ਤੋਂ ਬਾਅਦ ਇਸ਼ਨਾਨ ਕਰਕੇ ਸੱਚਖੰਡ ਦੇ ਦਰਵਾਜੇ ਦੇ ਬਾਹਰ ਵਿਛਾਈ ਕਰਕੇ ਬੈਠ ਜਾਂਦੇ ਅਤੇ ਮੂਲਮੰਤਰ ਦਾ ਪਾਠ ਕਰਨ ਉਪਰੰਤ ਗੁਰਮੰਤਰ ਦਾ ਜਾਪ ਕਰਦੇ ਉਪਰੰਤ ਅਰਦਾਸ ਕਰਦੇ ਹੋਏ ਬੇਨਤੀਆਂ ਕਰਦੇ ਕਿ ਹੇ ਸੱਚੇ ਪਾਤਿਸ਼ਾਹ ਆਪ ਜੀ ਨੇ ਅੰਮ੍ਰਿਤ ਵੇਲੇ ਦੇ ਜਾਗਣੇ, ਜਾਪ ਅਤੇ ਇਸ਼ਨਾਨ ਪਾਣੀ ਦੀ ਦਾਤ ਬਖਸ਼ਿਸ਼ ਕੀਤੀ ਹੈ। ਹੁਣ ਇਸ ਵੇਲੇ ਆਪ ਜੀ ਆਪਣੇ ਦਰਬਾਰ ਸਾਹਿਬ ਅੰਦਰ ਸੰਗਤਾਂ ਨੂੰ ਦਰਸ਼ਨ ਬਖਸ਼ੋ। ਸੇਵਾ ਅਤੇ ਆਗਿਆ ਵੀ ਬਖਸ਼ੋ। ਇਸ ਤਰ੍ਹਾਂ ਸੂਖਮ ਅਰਦਾਸ ਕਰਕੇ ਸੱਚਖੰਡ ਦਾ ਦਰਵਾਜਾ ਖੋਲ੍ਹਦੇ। ਸੱਚਖੰਡ ਵਿੱਚ ਪਹਿਲਾਂ ਸੀਸ ਰੱਖ ਕੇ ਨਮਸਕਾਰ ਕਰਦੇ ਫੇਰ ਬਾਅਦ ਵਿੱਚ ਆਪਣੇ ਚਰਨ ਰੱਖਦੇ।

ਗੁਰੂ ਸਾਹਿਬ ਦੇ ਪਵਿੱਤਰ ਸਰੂਪ ਨੂੰ ਸੀਸ ਤੇ ਸਜਾਉਂਦੇ। ਇੱਕ ਸਿੰਘ ਚੌਰ ਸਾਹਿਬ ਦੀ ਸੇਵਾ ਕਰਦਾ। ਇਸ ਤਰ੍ਹਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦੀ ਸੇਵਾ ਕਰਦੇ। ਸੁਖ ਆਸਨ ਵਾਲੇ ਦੂਹਰੇ ਰੁਮਾਲਾਂ ਨੂੰ ਬਾਹਰ ਰੱਖ ਦਿੰਦੇ। ਉਨ੍ਹਾਂ ਰੁਮਾਲਾਂ ਦੀ ਧੁਲਾਈ ਦੀ ਸੇਵਾ ਸੰਗਤਾਂ ਰੋਜਾਨਾ ਕਰਦੀਆਂ।

ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਉਪਰੰਤ ਹੁਕਮਨਾਮਾ ਲੈਂਦੇ। ਸੁਖਮਨੀ ਸਾਹਿਬ, ਪੰਜ ਬਾਣੀਆਂ ਤੋਂ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਕਰਦੇ। ਕਥਾ ਉਪਰੰਤ ਅਰਦਾਸ ਹੁੰਦੀ। ਇਸ ਅਰਦਾਸ ਵਿੱਚ ਸੰਗਤ ਦੇ ਕਾਰਜਾਂ ਲਈ ਵੀ ਬੇਨਤੀਆਂ ਕਰਨ ਦੀ ਆਗਿਆ ਹੁੰਦੀ ਸੀ।

ਸ਼ਾਮਾਂ ਦੇ ਦੀਵਾਨਾਂ ਅੰਦਰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ ਅਰਦਾਸ ਕਰਕੇ ਹੁਕਮਨਾਮਾ ਲੈ ਕੇ ਕੀਰਤਨ ਕਰਦੇ। ਕੀਰਤਨ ਤੋਂ ਉਪਰੰਤ ਗੁਰੂ ਸਾਹਿਬ ਜੀ ਦੇ ਸੁਖ ਆਸਨ ਦੀ ਸੇਵਾ ਕਰਦੇ ਸਮੇਂ ਕੀਰਤਨ ਸੋਹਿਲੇ ਦਾ ਪਾਠ ਬੜੇ ਪ੍ਰੇਮ ਨਾਲ ਕਰਦੇ ਉਪਰੰਤ ਛੋਟੀ ਅਰਦਾਸ ਕਰਕੇ ਗੁਰੂ ਮਹਾਰਾਜ ਦਾ ਸਰੂਪ ਪਲੰਘ ਤੇ ਬਿਰਾਜਮਾਨ ਕਰ ਦਿੰਦੇ।

ਮਹਾਂਪੁਰਖ ਸਾਨੂੰ ਬਚਨ ਕਰਦੇ ਕਿ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਸਮੇਂ ਕੇਵਲ ਦਰਸ਼ਨਾਂ ਦੀ ਅਤੇ ਸੇਵਾ ਦੀ ਆਗਿਆ ਲੈਣੀ ਹੈ।ਇਸੇ ਤਰ੍ਹਾਂ ਦੀਵਾਨ ਦੀ ਸਮਾਪਤੀ ਉਪਰੰਤ ਸੁਖ ਆਸਨ ਦੀ ਵੀ ਸੂਖਮ ਅਰਦਾਸ ਕਰਨੀ ਹੈ। ਇਸ ਅਰਦਾਸ ਵਿੱਚ ਸਤਿਗੁਰਾਂ ਦਾ ਸ਼ੁਕਰਾਨਾ ਕਰਦੇ ਹੋਏ ਪਲੰਘ ਸਾਹਿਬ ਤੇ ਬਿਰਾਜਮਾਨ ਕਰਨ ਦੀ ਆਗਿਆ ਲੈਣੀ ਹੈ। ਇਸ ਤਰ੍ਹਾਂ ਇਨ੍ਹਾਂ ਦੋਨ੍ਹਾਂ ਅਰਦਾਸਾਂ ਵਿੱਚ ਗੁਰੂ ਸਾਹਿਬ ਦੀ ਸੇਵਾ ਤੋਂ ਇਲਾਵਾ ਹੋਰ ਕੋਈ ਦੁਨਿਆਵੀ ਮੰਗ ਨਹੀਂ ਰੱਖਣੀ। ਜਦੋਂ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਕੇ ਹੁਕਮਨਾਮਾ ਦਰਬਾਰ ਸਾਹਿਬ ਵਿੱਚ ਸੰਗਤ ਨੂੰ ਸੁਣਾ ਦਿੱਤਾ ਜਾਂਦਾ ਹੈ ਉਸ ਤੋਂ ਉਪਰੰਤ ਹੀ ਸਾਨੂੰ ਆਪਣੀਆਂ ਲੋੜਾਂ ਮੁਤਾਬਿਕ ਅਰਦਾਸਾਂ ਕਰਨੀਆਂ ਬਣਦੀਆਂ ਹਨ। ਮਹਾਂਪੁਰਖ ਇਹ ਵੀ ਬਚਨ ਕਰਦੇ ਕਿ ਜਦੋਂ ਵੀ ਅਰਦਾਸ ਕਰਨੀ ਹੈ ਤਾਂ ਗਲ ਵਿੱਚ ਹਜੂਰੀਆ ਪਾ ਕੇ ਦੋਨੋਂ ਹੱਥ ਜੋੜ ਕੇ ਦੋਨਾਂ ਲੱਤਾਂ ਤੇ ਬਰਾਬਰ ਭਾਰ ਪਾ ਕੇ ਸਿੱਧੇ ਖੜ੍ਹੇ ਹੋ ਕੇ ਅਰਦਾਸ ਕਰਨੀ ਚਾਹੀਦੀ ਹੈ। ਹਰੇਕ ਗੁਰੂ ਸਾਹਿਬਾਨ ਦਾ ਨਾਮ ਬੜੇ ਸਤਿਕਾਰ ਨਾਲ ਲੈਣਾ ਚਾਹੀਦਾ ਹੈ।

## ਅਧਿਕਾਰੀ ਨੂੰ ਉਪਦੇਸ ਦੇਣ ਬਾਰੇ

ਮਹਾਂਪੁਰਖਾਂ ਨੂੰ ਜਦੋਂ ਕੋਈ ਬੇਨਤੀ ਕਰਦਾ ਕਿ ਮੈਨੂੰ ਕੋਈ ਉਪਦੇਸ ਦੇਵੋ ਤਾਂ ਆਪ ਜੀ ਬਚਨ ਕਰਦੇ ਕਿ ਉਪਦੇਸ ਲਈ ਪਹਿਲਾਂ ਥਾਂ ਤਿਆਰ ਕਰੋ। ਆਮ ਬਚਨ ਕਰਿਆ ਕਰਦੇ ਕਿ ਜਦ ਤੱਕ ਮਨ ਵਿੱਚ ਸੱਤ ਦਾ ਉਪਦੇਸ ਲੈਣ ਲਈ ਥਾਂ ਹੀ ਨਾ ਹੋਵੇ ਤਦ ਤੱਕ ਨਾ ਹੀ ਉਪਦੇਸ ਲੈਣਾ ਚਾਹੀਦਾ ਹੈ ਅਤੇ ਨਾ ਹੀ ਦੇਣ ਵਾਲੇ ਨੂੰ ਦੇਣਾ

ਚਾਹੀਦਾ ਹੈ। ਅਧਿਕਾਰੀ ਦਾ ਹੋਣਾ ਬਹੁਤ ਜਰੂਰੀ ਹੈ।

*ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥ ਆਦਿ ੧੦੮੬*

**ਸਾਖੀ:** ਥੰਮਾਂ ਵਾਲੇ ਮਕਾਨ ਦਾ ਅਲੰਕਾਰ

## ਇਤਿਹਾਸਿਕ ਅਸਥਾਨਾਂ ਦੀ ਯਾਤਰਾ

ਮਹਾਪੁਰਖਾਂ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਇਲਾਕੇ ਦੇ ਇਤਿਹਾਸਿਕ ਅਸਥਾਨਾਂ ਦੇ ਦਰਸ਼ਨ ਕਰਵਾਏ। ਹਰੇਕ ਅਸਥਾਨ ਤੇ ਮਹਾਂਪੁਰਖ ਸਾਨੂੰ ਇਤਿਹਾਸ ਦੀ ਜਾਣਕਾਰੀ ਦਿੰਦੇ। ਲੰਗਰ ਛਕਣ ਤੋਂ ਪਹਿਲਾਂ ਗੁਰੂ ਘਰ ਦੀ ਸਫਾਈ ਦੀ ਸੇਵਾ ਕਰਵਾਉਂਦੇ।

## ਇਤਿਹਾਸਿਕ ਅਸਥਾਨਾਂ ਦੇ ਦਰਸ਼ਨ

ਇਲਾਕੇ ਦੇ ਅਸਥਾਨਾਂ ਤੇ ਜੋ ਸਰਬ ਲੋਹ ਦੇ ਸ਼ਸਤਰ ਹੁੰਦੇ ਸਨ ਉਨ੍ਹਾਂ ਸਾਰਿਆਂ ਦੀ ਸੇਵਾ ਰੇਤੇ ਨਾਲ ਸਾਡੇ ਕੋਲੋ ਆਪ ਕਰਾਉਂਦੇ। ਗੁਰਦੁਆਰਾ ਮੰਜੀ ਸਾਹਿਬ ਪਾਤਿਸ਼ਾਹੀ ਛੇਵੀਂ, ਗੁਰਦੁਆਰਾ ਬਾਦਸ਼ਾਹੀ ਬਾਗ ਪਾਤਿਸ਼ਾਹੀ ਦਸਵੀਂ, ਗੁਰਦੁਆਰਾ ਸੀਸ ਗੰਜ ਸਾਹਿਬ, ਜਿਥੇ ਭਾਈ ਜੈਤਾ ਜੀ ਨੇ ਭਾਈ ਰਾਮਲਾਲ ਦੇ ਘਰ ਨੌਵੇਂ ਪਾਤਿਸ਼ਾਹ ਜੀ ਦਾ ਪਵਿੱਤਰ ਸੀਸ ਲੈ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਜਾਂਦਿਆਂ ਪੜਾਅ ਕੀਤਾ ਸੀ।

ਗੁਰਦੁਆਰਾ ਲਖਨੌਰ ਸਾਹਿਬ ਜਿੱਥੇ ਮਾਤਾ ਗੁਜਰੀ ਜੀ ਦੇ ਬਚਨਾਂ ਅਨੁਸਾਰ ਖੂਹ ਦੀ ਖੁਦਾਈ ਕੀਤੀ ਸੀ। ਭਾਨੋ ਖੇੜੀ, ਮਰਦੋਂ ਸਾਹਿਬ, ਜਿੱਥੇ ਨੌਵੇਂ ਪਾਤਿਸ਼ਾਹ ਜੀ ਨੇ ਚਰਨ ਪਾਏ। ਪਟਿਆਲੇ ਜਿਲ੍ਹੇ ਦੇ ਇਤਿਹਾਸਿਕ ਅਸਥਾਨਾਂ ਦੇ ਦਰਸ਼ਨ ਕਰਾਉਂਦੇ ਸਮੇਂ ਸੇਵਾ ਸਾਰਾ ਸਾਰਾ ਦਿਨ ਕਰਾਉਂਦੇ। ਲੰਗਰ ਛੱਕਣ ਤੋਂ ਪਹਿਲਾਂ ਗੁਰੂ ਘਰ ਵਿਖੇ ਸਫਾਈ ਦੀ ਸੇਵਾ ਕਰਵਾਉਂਦੇ। ਕਈ ਅਸਥਾਨਾਂ ਤੇ ਮਹਾਂਪੁਰਖ ਸਾਨੂੰ ਪੈਦਲ ਹੀ ਨਾਲ ਲੈ ਜਾਂਦੇ। ਪਾਉਂਟਾ ਸਾਹਿਬ ਕਈ ਕਈ ਦਿਨ ਠਹਿਰਦੇ। ਹਰੇਕ ਅਸਥਾਨ ਤੇ ਜਾ ਕੇ ਮਹਾਂਪੁਰਖ ਸਾਨੂੰ ਇਤਿਹਾਸ ਸੁਣਾਉਂਦੇ। ਮਹਾਂਪੁਰਖ ਉਚੇਚੇ ਤੌਰ ਤੇ ਬਚਨ ਕਰਦੇ ਕਿ ਜਦੋਂ ਵੀ ਕਿਸੇ ਅਸਥਾਨ ਤੇ ਦਰਸ਼ਨ ਕਰਨ ਜਾਣਾ ਹੈ ਤਾਂ ਸੇਵਾ ਹੱਥੀਂ ਜਰੂਰ ਕਰਨੀ ਹੈ। ਹੁਣ ਵੀ ਜਦੋਂ ਅਸੀਂ ਕਿਸੇ ਵੀ ਅਸਥਾਨ ਤੇ ਜਾਂਦੇ ਹਾਂ ਤਾਂ ਖਾਲੀ ਦਰਸ਼ਨ ਕਰਕੇ ਚੈਨ ਨਹੀਂ ਆਉਂਦੀ ਜਦੋਂ ਤਕ ਕੋਈ ਹੱਥੀਂ ਸੇਵਾ ਨਹੀਂ ਕਰ ਲੈਂਦੇ।

## ਜੂਠ ਅਤੇ ਝੂਠ ਤੋਂ ਪਰੇ ਰਹਿਣ ਬਾਰੇ

ਮਹਾਂਪੁਰਖ ਸੰਗਤ ਵਿੱਚ ਪ੍ਰਸ਼ਾਦਾ ਵਰਤਾਉਣ ਬਾਰੇ ਲਾਂਗਰੀ ਸਿੰਘਾਂ ਨੂੰ ਸਮਝਾਂਉਂਦੇ ਰਹਿੰਦੇ ਕਿ ਪੰਗਤ ਵਿੱਚ ਪਹਿਲਾਂ ਖਾਲੀ ਥਾਲ ਵਰਤਾਓ ਉਸ ਤੋਂ ਬਾਅਦ ਦਾਲ ਅਤੇ

ਸਬਜੀ ਵਰਤਾਓ। ਵਰਤਾਉਣ ਵੇਲੇ ਧਿਆਨ ਰੱਖੋ ਕਿ ਦਾਲ ਤੇ ਸਬਜੀ ਦੋ ਹੋਣ ਕਰਕੇ ਘੱਟ ਮਾਤਰਾ ਵਿੱਚ ਥਾਲ ਵਿੱਚ ਪਾਉ। ਪ੍ਰਸ਼ਾਦਾ ਵਰਤਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਸਾਡੇ ਹੱਥ ਦਾ ਪ੍ਰਸ਼ਾਦਾ ਲੰਗਰ ਛਕਣ ਵਾਲੇ ਦੇ ਹੱਥਾਂ ਨਾਲ ਨਾ ਛੂਹੇ। ਇਸ ਲਈ ਪ੍ਰਸ਼ਾਦਾ ਉਪਰੋਂ ਵਰਤਾਓ। ਲੰਗਰ ਛਕਣ ਵਾਲਿਆਂ ਦੇ ਜੂਠੇ ਹੱਥਾਂ ਵਿੱਚ ਚਮਚਾ ਜਾਂ ਫੁਲਕਾ ਆਦਿ ਨਾ ਫੜਾਉ। ਲੰਗਰ ਵਰਤਾਉਣ ਵਾਲਾ ਇਸ ਗੱਲ ਦਾ ਧਿਆਨ ਰੱਖੇ ਕਿ ਲੰਗਰ ਛਕਣ ਵਾਲਾ ਜੂਠ ਤਾਂ ਨਹੀਂ ਛੱਡੇਗਾ। ਪਾਣੀ ਗਿਲਾਸਾਂ ਵਿੱਚ ਦੂਜੀ ਵਾਰ ਵਰਤਾਉਂਦੇ ਸਮੇਂ ਧਿਆਨ ਰੱਖੋ ਕਿ ਪਾਣੀ ਵੀ ਜੂਠਾ ਨਾ ਬਚੇ। ਜਿਸ ਸੇਵਾਦਾਰ ਦੀ ਪੰਗਤ ਵਿੱਚ ਜੂਠ ਜਿਆਦਾ ਬਚ ਜਾਂਦੀ ਉਸ ਵਰਤਾਵੇ ਨੂੰ ਤਾੜਨਾ ਵੀ ਕਰ ਦਿੰਦੇ ਸਨ।

ਜਦੋਂ ਮਹਾਂਪੁਰਖ ਕੰਵਰਪੁਰ ਵਿਖੇ ਕੱਚੀ ਕੋਠੜੀ ਵਿੱਚ ਰਹਿੰਦੇ ਸਨ ਉਸ ਸਮੇਂ ਉਨ੍ਹਾਂ ਦਾ ਪ੍ਰਸ਼ਾਦਾ ਉਪਲਹੇੜੀ ਤੋਂ ਭੇਜਿਆ ਜਾਂਦਾ ਸੀ ਤਾਂ ਆਪ ਵੀ ਮਹਾਂਪੁਰਖ ਦਾਲ, ਸਬਜੀ, ਲੱਸੀ ਅਤੇ ਪ੍ਰਸ਼ਾਦੇ ਇੱਕੋ ਵਾਰ ਆਪਣੇ ਥਾਲ ਵਿੱਚ ਨਹੀਂ ਰਖਵਾਉਂਦੇ ਸਨ। ਜੇਕਰ ਵਰਤਾਵਾ ਸਿੰਘ ਚਾਰ ਪ੍ਰਸ਼ਾਦੇ ਅਤੇ ਦਾਲ ਸਬਜੀ ਥਾਲ ਵਿੱਚ ਇੱਕੋ ਵਾਰੀ ਪਰੋਸ ਕੇ ਆਖ ਦਿੰਦਾ ਸੀ ਕਿ ਆਪ ਜੀ ਰੋਜਾਨਾਂ ਇੰਨੀ ਕੁ ਦਾਲ ਜਾਂ ਸਬਜੀ ਅਤੇ ਚਾਰ ਪ੍ਰਸ਼ਾਦੇ ਛਕਦੇ ਹੋ ਤਾਂ ਪਰੋਸੇ ਹਨ ਤਾਂ ਮਹਾਂਪੁਰਖ ਅੱਗੋਂ ਆਖਦੇ ਜੇਕਰ ਕੋਈ ਪ੍ਰਸ਼ਾਦਾ ਛਕਦੇ ਸਮੇਂ ਆ ਜਾਵੇ ਤਾਂ ਉਸ ਨੂੰ ਕਿਵੇਂ ਦਿਆਂਗੇ। ਇਸ ਲਈ ਦਾਲ ਪ੍ਰਸ਼ਾਦੇ ਵੱਖਰੇ ਸੁੱਚੇ ਹੀ ਰੱਖਦੇ ਸਨ। ਸਾਰੀ ਉਮਰ ਆਪਣੇ ਥਾਲ ਵਿੱਚ ਕਦੇ ਜੂਠ ਨਹੀਂ ਛੱਡੀ। ਲੰਗਰ ਦੀ ਪਵਿੱਰਤਾ ਆਪ ਰੱਖੀ ਅਤੇ ਬਾਕੀ ਸਿੰਘਾਂ ਤੋਂ ਰਖਾਉਂਦੇ। ਬਚਨ ਕਰਦੇ ਕਿ ਜੇਕਰ ਸਾਡਾ ਥਾਲ ਸੁੱਚਾ ਹੋਵੇਗਾ ਤਾਂ ਅਸੀਂ ਮੂਲ ਮੰਤਰ ਤੇ ਸਲੋਕ ਪੜ੍ਹ ਕੇ ਛਕ ਸਕਾਂਗੇ। ਸੀਤ ਪ੍ਰਸ਼ਾਦਿ ਕੇਵਲ ਗੁਰੂ ਮਹਾਰਾਜ ਜੀ ਦਾ ਹੁੰਦਾ ਹੈ।

ਜਿਹੜਾ ਕੋਈ ਸੰਗਤ ਵਿੱਚ ਝੂਠ ਬੋਲ ਜਾਂਦਾ ਉਸ ਨਾਲ ਮਹਾਂਪੁਰਖ ਕਦੇ ਬਚਨ ਬਿਲਾਸ ਨਾ ਕਰਦੇ। ਇਸ ਤਰ੍ਹਾਂ ਹੋਣ ਨਾਲ ਬੰਦਾ ਸੋਚਦਾ ਕਿ ਮਹਾਂਪੁਰਖਾਂ ਨੇ ਮੇਰੇ ਵੱਲੋਂ ਰੁਖ ਮੋੜਿਆ ਹੋਇਆ ਹੈ। ਉਸ ਨੂੰ ਆਪਣੀ ਗਲਤੀ ਦਾ ਪਤਾ ਨਹੀਂ ਲੱਗਦਾ ਸੀ। ਕੁਝ ਸਮਾਂ ਲੰਘ ਜਾਣ ਤੇ ਉਸ ਬੰਦੇ ਦੇ ਮਨ ਵਿੱਚ ਆ ਜਾਂਦਾ ਸੀ ਕਿ ਮੈਂ ਮਹਾਂਪੁਰਖਾਂ ਕੋਲ ਪਿਛਲੇ ਦਿਨੀਂ ਝੂਠ ਬੋਲਿਆ ਸੀ ਤਾਂ ਉਹ ਆ ਕੇ ਆਪਣੀ ਇਸ ਹੋਈ ਭੁੱਲ ਦੀ ਮਾਫੀ ਮੰਗਦਾ ਸੀ। ਉਸ ਸਮੇਂ ਮਹਾਂਪੁਰਖ ਬਚਨ ਕਰਦੇ ਕਿ ਬਾਣੀ ਪੜ੍ਹ ਕੇ ਰਸਨਾ ਪਵਿੱਤਰ ਤਾਂ ਰਹੇਗੀ ਜੇਕਰ ਇਸ ਰਸਨਾ ਨਾਲ ਝੂਠ ਨਹੀਂ ਬੋਲਾਂਗੇ। ਜਿਹੜਾ ਕੋਈ ਇਸ ਮੁਖ ਨਾਲ ਝੂਠ ਬੋਲਦਾ ਹੈ ਉਸ ਬਾਬਤ ਆਖਦੇ ਕਿ ਸਰੀਰ ਵਿੱਚੋਂ ਵਿਸ਼ਟਾ ਨਿੱਕਲਣ ਵਾਲੇ ਇੰਦਰੇ ਅਤੇ ਝੂਠ ਬੋਲਣ ਵਾਲੇ ਮੁਖ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ। ਇਸ ਲਈ ਅਜਿਹੇ ਝੂਠੇ ਵਿਅਕਤੀ ਤੋਂ ਪਰ੍ਹੇ ਰਹਿਣਾ ਹੀ ਠੀਕ

ਸਮਝਦੇ ਸਨ। ਸਾਰੀ ਉਮਰ ਮਹਾਂਪੁਰਖ ਜੂਠ ਤੇ ਝੂਠ ਤੋਂ ਪਰ੍ਹੇ ਰਹੇ।

## ਚੜ੍ਹਦੀਕਲਾ ਲਈ ਨਰਾਜ਼ਗੀ ਦਾ ਤਿਆਗ

ਮਹਾਂਪੁਰਖਾਂ ਦਾ ਸ਼ੁਰੂ ਤੋਂ ਹੀ ਅਜਿਹਾ ਸੁਭਾਅ ਸੀ ਹਮੇਸ਼ਾਂ ਹੀ ਚੜ੍ਹਦੀਕਲਾ ਵਿੱਚ ਰਹਿੰਦੇ। ਜਦੋਂ ਕੋਈ ਉਨ੍ਹਾਂ ਦੇ ਸਤਿਕਾਰ ਵਿੱਚ ਵੀ ਫਰਕ ਪਾ ਦਿੰਦਾ ਤਾਂ ਵੀ ਉਹ ਨਮੋਸ਼ੀ ਵਿੱਚ ਆਉਣ ਦੀ ਵਜਾਏ ਹਮੇਸ਼ਾਂ ਚੜ੍ਹਦੀਕਲਾ ਵਿੱਚ ਹੀ ਰਹਿੰਦੇ ਸਨ। ਕਈ ਵਾਰੀ ਭੁੱਲ ਕਰਨ ਵਾਲਾ ਵਿਅਕਤੀ ਕਿਸੇ ਦੇ ਸਮਝਾਉਣ ਤੇ ਜਾਂ ਆਪ ਮਹਿਸੂਸ ਕਰਨ ਤੇ ਮਹਾਂਪੁਰਖਾਂ ਕੋਲ ਭੁੱਲ ਬਖਸ਼ਾਉਣ ਆਉਂਦਾ ਸੀ ਤਾਂ ਉਹ ਕਹਿੰਦੇ ਸਨ ਤੂੰ ਕੋਈ ਭੁੱਲ ਨਹੀਂ ਕੀਤੀ ਭੁੱਲ ਕਰਨ ਵਾਲਾ ਕੋਈ ਹੋਰ ਸੀ। ਮਹਾਂਪੁਰਖਾਂ ਦੇ ਕਹਿਣ ਤੋਂ ਜਦੋਂ ਉਹ ਬੰਦਾ ਸਮਝ ਜਾਣ ਉਪਰੰਤ ਕਹਿੰਦਾ ਸੀ ਕਿ ਉਸ ਵੇਲੇ ਮੈਂ ਹੋਰ ਰੂਪ ਵਿੱਚ ਸੀ ਜਿਸ ਕਾਰਨ ਇਹ ਭੁੱਲ ਮੈਂ ਕੀਤੀ ਹੈ। ਇਸ ਲਈ ਤੁਸੀਂ ਮਾਫੀ ਦਿਉ। ਅੱਗੋਂ ਮਹਾਂਪੁਰਖ ਆਖਦੇ ਜਿਵੇਂ ਭੁੱਲ ਕਰਨ ਵੇਲੇ ਤੂੰ ਹੋਰ ਸੀ ਤੇ ਮਾਫੀ ਮੰਗਣ ਵੇਲੇ ਤੂੰ ਹੋਰ ਹੈਂ ਇਸੇ ਤਰ੍ਹਾਂ ਮਾਫੀ ਦੇਣ ਵਾਲਾ ਵੀ ਹੋਰ ਹੋ ਜਾਂਦਾ ਹੈ। ਇਸ ਲਈ ਹਮੇਸ਼ਾਂ ਹੀ ਨਿਮਰਤਾ ਵਿੱਚ ਰਹਿ ਕੇ ਦੂਜਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜਿਹੜਾ ਮਨੁੱਖ ਆਪਣੇ ਆਪ ਵਿੱਚ ਤਬਦੀਲੀ ਨਹੀਂ ਕਰਦਾ ਉਸ ਦੀ ਹਾਲਤ ਤਾਂ ਇਸ ਤਰ੍ਹਾਂ ਹੋ ਜਾਂਦੀ ਹੈ ਜਿਵੇਂ ਇੱਕ ਨਦੀ ਦਾ ਪਾਣੀ ਕੰਢਿਆਂ ਤੋਂ ਉਛਲ ਕੇ ਬਾਹਰ ਟੋਇਆਂ ਵਿਚ ਖੜ੍ਹ ਜਾਂਦਾ ਹੈ ਉਸ ਵਿੱਚ ਬਦਬੂ ਪੈਦਾ ਹੋ ਜਾਂਦੀ ਹੈ ਤੇ ਸਮੁੰਦਰ ਵਿੱਚ ਨਹੀਂ ਮਿਲ ਸਕਦਾ। ਜਿਹੜਾ ਪਾਣੀ ਨਦੀ ਦੇ ਅੰਦਰ ਚਲਦਾ ਰਹਿੰਦਾ ਹੈ ਉਹ ਸਮੁੰਦਰ ਵਿਚ ਜਾ ਮਿਲਦਾ ਹੈ। ਠੀਕ ਇਸੇ ਤਰ੍ਹਾਂ ਜਿਹੜਾ ਵਿਅਕਤੀ ਦੂਜੇ ਦੀਆਂ ਭੁੱਲਾਂ ਨੂੰ ਤਿਆਗ ਕੇ ਅਗੇ ਵਧਦਾ ਹੈ ਉਹ ਤਰੱਕੀ ਕਰ ਜਾਂਦਾ ਹੈ।

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥* ***ਆਦਿ ੧੩੮੪***
*ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥* ***ਆਦਿ ੧੨੪੯***

## ਰੋਕ ਅਤੇ ਟੋਕ ਜੀਵਨ ਲਈ ਜਰੂਰੀ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਆਮ ਬਚਨ ਕਰਦੇ ਹੁੰਦੇ ਕਿ ਨੌਜੁਆਨ ਵਿਦਿਆਰਥੀ ਵਾਸਤੇ ਮਾਤਾ ਪਿਤਾ ਜਾਂ ਕਿਸੇ ਮਹਾਂਪੁਰਖਾਂ ਦਾ ਸਿਰ ਤੇ ਹੋਣਾ ਬਹੁਤ ਜਰੂਰੀ ਹੈ। ਕਿਸੇ ਕੋਲ ਪੈਸਾ ਵੀ ਹੋਵੇ, ਨੌਜੁਆਨ ਉਮਰ ਵੀ ਹੋਵੇ, ਵਿੱਦਿਆ ਵੀ ਹੋਵੇ ਪਰ ਉਸ ਨੂੰ ਰੋਕਣ ਤੇ ਟੋਕਣ ਵਾਲਾ ਸਿਰ ਤੇ ਕੋਈ ਨਾ ਹੋਵੇ ਤਾਂ ਉਹ ਜੀਵਨ ਵਿੱਚ ਤਰੱਕੀ ਨਹੀਂ ਕਰ ਸਕਦਾ। ਵੱਡਿਆਂ ਦੀ ਰੋਕ ਅਤੇ ਟੋਕ ਨਾਲ ਜੀਵਨ ਵਿੱਚ ਸਹਿਣਸ਼ੀਲਤਾ ਆ ਜਾਂਦੀ ਹੈ। ਸਹਿਣਸ਼ੀਲਤਾ ਦੇ ਨਾਲ

ਵਿਚਾਰ ਨਿੱਖਰ ਜਾਂਦੇ ਹਨ। ਇਸ ਲਈ ਨੌਜੁਆਨ ਵਿਦਿਆਰਥੀ ਲਈ ਰੋਕ ਅਤੇ ਟੋਕ ਬਹੁਤ ਜਰੂਰੀ ਹੈ।

## ਪੰਛੀਆਂ ਲਈ ਪਾਣੀ ਅਤੇ ਅਨਾਜ ਦਾ ਪ੍ਰਬੰਧ

ਮਹਾਂਪੁਰਖ ਗੁਰਦੁਆਰਾ ਸਾਹਿਬ ਦੇ ਬਾਹਰ ਪੰਛੀਆਂ ਨੂੰ ਪਾਣੀ ਪੀਣ ਲਈ ਘੁਮਿਆਰ ਪਾਸੋਂ ਮਿੱਟੀ ਦੀਆਂ ਕੰਡੀਰੀਆਂ ਲਿਆ ਕੇ ਦਰੱਖਤਾਂ ਦੀ ਛਾਂ ਥੱਲੇ ਪਾਣੀ ਨਾਲ ਭਰਕੇ ਰੱਖਦੇ ਸਨ। ਦੋ ਚਾਰ ਦਿਨਾਂ ਮਗਰੋਂ ਇਨ੍ਹਾਂ ਪਾਣੀ ਦੀਆਂ ਕੰਡੀਰੀਆਂ ਨੂੰ ਪਰਾਲੀ ਦੇ ਕੁਚਲੇ ਨਾਲ ਮਾਂਜ ਕੇ ਫੇਰ ਭਰ ਦਿੰਦੇ ਸਨ। ਇਨ੍ਹਾਂ ਕੰਡੀਰੀਆਂ ਵਿੱਚੋਂ ਪੰਛੀ ਪਾਣੀ ਪੀਂਦੇ ਰਹਿੰਦੇ ਸਨ। ਇਸ ਤੋਂ ਇਲਾਵਾ ਅਨਾਜ ਨੂੰ ਚੱਕੀ ਵਿੱਚ ਪਾ ਕੇ ਦਲ ਲੈਂਦੇ ਸਨ। ਉਸ ਦਲੇ ਹੋਏ ਦਾਣਿਆਂ ਨੂੰ ਦਿਨ ਵਿੱਚ ਤਿੰਨ ਵਾਰੀ ਪੰਛੀਆਂ ਨੂੰ ਪਾਉਂਦੇ ਸਨ। ਬਰਸਾਤਾਂ ਦੇ ਦਿਨਾਂ ਵਿੱਚ ਪੰਛੀਆਂ ਵਾਸਤੇ ਦਲੇ ਹੋਏ ਅਨਾਜ ਦਾ ਖਾਸ ਧਿਆਨ ਰੱਖਦੇ ਸਨ। ਪੰਛੀਆਂ ਨੂੰ ਪਾਣੀ ਪਿਲਾਉਣ ਅਤੇ ਅਨਾਜ ਪਾਉਣ ਦੀ ਸੇਵਾ ਦੀ ਲਗਨ ਮਹਾਂਪੁਰਖਾਂ ਨੂੰ ਆਪਣੀ ਮਾਤਾ ਜੀ ਪਾਸੋਂ ਲੱਗੀ ਸੀ। ਕਈ ਵਾਰੀ ਕੋਈ ਨਵਾਂ ਜਗਿਆਸੂ ਇਹ ਵੇਖ ਕੇ ਮਹਾਂਪੁਰਖਾਂ ਨੂੰ ਬੇਨਤੀ ਕਰਦਾ ਕਿ ਆਪ ਜੀ ਪੰਛੀਆਂ ਦਾ ਵੀ ਬਹੁਤ ਖਿਆਲ ਰੱਖਦੇ ਹੋ ਤਾਂ ਮਹਾਂਪੁਰਖ ਆਖਦੇ ਕਿ ਗੁਰੂ ਨਾਨਕ ਦੇ ਘਰ ਵਿੱਚ ਜਿੱਥੇ ਸੰਗਤਾਂ ਲਈ ਲੰਗਰ ਹੁੰਦਾ ਹੈ ਉੱਥੇ ਗੁਰੂ ਘਰ ਦੇ ਅੰਦਰ ਰਹਿੰਦੇ ਪੰਛੀਆਂ ਲਈ ਵੀ ਲੰਗਰ ਕਰਨਾ ਜਰੂਰੀ ਹੈ।

## ਮਾਪਿਆਂ ਦੀ ਸੇਵਾ ਕਰਨ ਬਾਰੇ

ਮਹਾਂਪੁਰਖਾਂ ਕੋਲ ਜਦੋਂ ਵੀ ਕੋਈ ਪ੍ਰੇਮੀ ਆਉਂਦਾ ਤਾਂ ਉਸ ਨੂੰ ਸਮਝਾਉਂਦੇ ਕਿ ਮਾਤਾ-ਪਿਤਾ ਦੀ ਬਜੁਰਗ ਅਵਸਥਾ ਵਿੱਚ ਸੇਵਾ ਕਰਨਾ ਧਰਮ ਹੈ। ਬਜੁਰਗਾਂ ਲਈ ਬਿਰਧ ਆਸ਼ਰਮ ਉਨ੍ਹਾਂ ਦੇ ਬੱਚੇ ਹੀ ਹੁੰਦੇ ਹਨ। ਜਿਹੜਾ ਕੋਈ ਆਪਣੇ ਬਜੁਰਗਾਂ ਦੀ ਸੇਵਾ ਸੰਭਾਲ ਕਰੇਗਾ ਉਸ ਦੀ ਸੰਤਾਨ ਜਦੋਂ ਵੇਖੇਗੀ ਕਿ ਮੇਰੇ ਮਾਪੇ ਵੱਡਿਆਂ ਦੀ ਸੇਵਾ ਸੰਭਾਲ ਕਰਦੇ ਹਨ ਅਤੇ ਉਨ੍ਹਾਂ ਦਾ ਕਹਿਣਾ ਮੰਨਦੇ ਹਨ ਤਾਂ ਉਨ੍ਹਾਂ ਦੀ ਸੰਤਾਨ ਵੀ ਆਗਿਆਕਾਰੀ ਹੋਵੇਗੀ। ਮਹਾਂਪੁਰਖ ਅਨੰਦ ਕਾਰਜਾਂ ਸਮੇਂ ਸੁਭਾਗੀ ਜੋੜੀ ਨੂੰ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਸਿੱਖਿਆ ਦਿੰਦੇ ਕਿ ਮਾਪਿਆਂ ਦੀ ਸੇਵਾ ਜਿੰਦਗੀ ਵਿੱਚ ਵੱਡਿਆਂ ਭਾਗਾਂ ਨਾਲ ਮਿਲਦੀ ਹੈ। ਇਹ ਮੌਕਾ ਸੰਭਾਲਣਾ ਬਹੁਤ ਜਰੂਰੀ ਹੈ। ਆਪਣੇ ਜਨਮ ਦਿਨ ਮਨਾਉਣ ਦੀ ਵਜਾਏ ਗੁਰਪੁਰਬ ਮਨਾਉਣੇ ਚਾਹੀਦੇ ਹਨ। ਬੱਚਿਆਂ ਵਿਚ ਬੈਠ ਕੇ ਗੁਰਬਾਣੀ ਪੜ੍ਹਣੀ ਅਤੇ ਵਿਚਾਰਨੀ ਚਾਹੀਦੀ ਹੈ। ਮਾਪਿਆਂ ਦੇ ਸੁਭਾਅ ਨੂੰ ਅਣਡਿੱਠ ਕਰਕੇ ਹੀ ਸੇਵਾ ਕੀਤੀ ਜਾ ਸਕਦੀ ਹੈ।

## ਗੁਰਪੁਰਬ ਮਨਾਉਣ ਬਾਰੇ

ਆਪ ਜੀ ਦਸਾਂ ਪਾਤਸ਼ੀਆਂ ਨੂੰ ਇੱਕ ਰੂਪ ਜਾਣਦੇ ਹੋਏ ਤੀਹ ਗੁਰਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਅਤੇ ਗੁਰਿਆਈ ਪੁਰਬ, ਫਤਹਿਗੜ੍ਹ ਸਾਹਿਬ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਤੋਂ ਇਲਾਵਾ ਬਾਰਾਂ ਸੰਗਰਾਂਦਾਂ ਨੂੰ ਸਹਿਜ ਪਾਠਾਂ ਦੇ ਭੋਗ ਪਾਉਂਦੇ। ਸੰਗਤਾਂ ਨੂੰ ਵੀ ਇਹੋ ਬਚਨ ਕਰਦੇ ਕਿ ਇਤਿਹਾਸਕ ਦਿਹਾੜੇ ਤੇ ਗੁਰਪੁਰਬ ਮਨਾਇਆ ਕਰੋ।

## ਇਤਿਹਾਸਿਕ ਦਿਹਾੜਿਆਂ ਤੇ ਲੰਗਰਾਂ ਦੀ ਸੇਵਾ

ਮਹਾਂਪੁਰਖ ਪਹਿਲਾਂ ਤੋਂ ਹੀ ਗੁਰਪੁਰਬਾਂ, ਸੰਗਰਾਂਦਾਂ ਅਤੇ ਸ਼ਹੀਦੀ ਜੋੜ ਮੇਲਿਆਂ ਤੇ ਲੰਗਰਾਂ ਦੀ ਸੇਵਾ ਆਪਣੇ ਹੱਥੀਂ ਕਰਦੇ ਹੁੰਦੇ। ਮਹਾਂਪੁਰਖਾਂ ਦੇ ਵੱਡੇ ਵਡੇਰੇ ਪਹਿਲਾਂ ਤੋਂ ਹੀ ਇਨ੍ਹਾਂ ਪੁਰਬਾਂ ਤੇ ਲੰਗਰਾਂ ਦੀ ਸੇਵਾ ਕਰਦੇ ਹੁੰਦੇ ਸਨ। ਉਨ੍ਹਾਂ ਦਿਨਾਂ ਵਿੱਚ ਗੁਰੂ ਘਰ ਵਿਖੇ ਲੰਗਰਾਂ ਦਾ ਪ੍ਰਬੰਧ ਬਹੁਤ ਘੱਟ ਹੁੰਦਾ ਸੀ। ਸੰਗਤਾਂ ਦੇ ਰਹਿਣ ਵਾਸਤੇ ਕਮਰੇ ਵੀ ਬਹੁਤ ਘੱਟ ਹੁੰਦੇ ਸਨ। ਕਮਰਿਆਂ ਦੀ ਘਾਟ ਹੋਣ ਕਰਕੇ ਦੂਰੋਂ-ਦੂਰੋਂ ਆਈਆਂ ਸੰਗਤਾਂ ਵੱਡੇ-ਵੱਡੇ ਪੁਰਾਣੇ ਦਰੱਖਤਾਂ ਥੱਲੇ ਆਪਣੇ ਡੇਰੇ ਲਾਉਂਦੀਆਂ ਸਨ। ਗਰਮੀਆਂ ਦੇ ਦਿਨਾਂ ਵਿੱਚ ਠੰਡੀ-ਠੰਡੀ ਛਾਂ ਥੱਲੇ ਸੰਗਤਾਂ ਅਰਾਮ ਕਰਦੀਆਂ ਸਨ। ਉਨ੍ਹਾਂ ਦੇ ਪਾਣੀ ਵਾਸਤੇ ਵੱਡੇ-ਵੱਡੇ ਟੋਏ ਪੁੱਟੇ ਜਾਂਦੇ ਸਨ। ਜਦੋਂ ਮੀਂਹ ਪੈਂਦੇ ਸਨ ਤਾਂ ਪਾਣੀ ਉਨ੍ਹਾਂ ਟੋਇਆਂ ਵਿੱਚ ਭਰ ਜਾਂਦਾ ਸੀ ਜੋ ਬਲਦਾਂ, ਘੋੜਿਆਂ ਅਤੇ ਗਊਆਂ ਨੂੰ ਪਿਲਾਇਆ ਜਾਂਦਾ ਸੀ।ਕਈ-ਕਈ ਦਿਨ ਦੇ ਸਫਰ ਹੁੰਦੇ ਸਨ। ਸੰਗਤਾਂ ਆਪਣੇ ਨਾਲ ਦੁੱਧ ਦਾ ਪ੍ਰਬੰਧ ਕਰਨ ਲਈ ਗਊਆਂ ਵੀ ਲੈ ਕੇ ਆਉਂਦੀਆਂ ਸਨ। ਬਲਦਾਂ, ਘੋੜਿਆਂ ਅਤੇ ਗਊਆਂ ਲਈ ਹਰੇ ਚਾਰੇ ਦਾ ਪ੍ਰਬੰਧ ਕਰਨ ਦਾ ਮਹਾਂਪੁਰਖਾਂ ਨੂੰ ਬਹੁਤ ਉਤਸ਼ਾਹ ਹੁੰਦਾ ਸੀ। ਨੇੜੇ-ਤੇੜੇ ਦੇ ਖੂਹਾਂ ਨੂੰ ਸਾਫ ਕਰਨਾ ਫੇਰ ਉਥੇ ਸਣ ਦੇ ਰੱਸੇ ਵੱਟ ਕੇ ਡੋਲ ਰੱਖਣੇ ਹੁੰਦੇ ਸਨ। ਸੰਗਤਾਂ ਲਈ ਆਟਾ ਪਕਾਉਣ ਵਾਸਤੇ ਸੁੱਕੀਆਂ ਲੱਕੜੀਆਂ ਰੱਖੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਦਾਲਾਂ ਤੇ ਭਾਜੀਆਂ ਤਿਆਰ ਕਰਕੇ ਮਾਈਆਂ ਕੋਲੋਂ ਲੋਹਾਂ ਲਗਵਾ ਕੇ ਪਰਸ਼ਾਦਿਆਂ ਦੇ ਪਕਾਉਣ ਦਾ ਪ੍ਰਬੰਧ ਕਰਾਉਣਾ ਮਹਾਂਪੁਰਖਾਂ ਦਾ ਸ਼ੌਂਕ ਸੀ। ਇਸ ਤਰ੍ਹਾਂ ਜਦੋਂ ਇਤਿਹਾਸਿਕ ਦਿਹਾੜਿਆਂ ਤੇ ਰਸਤਿਆਂ ਵਿੱਚ ਪੀਣ ਵਾਲੇ ਪਾਣੀ ਦੇ ਮੱਟ ਭਰਨੇ ਅਤੇ ਪਰਸ਼ਾਦਿਆਂ ਦੀ ਤਿਆਰੀ ਕਰਾਉਣੀ ਹੁੰਦੀ ਸੀ ਤਾਂ ਮਹਾਂਪੁਰਖਾਂ ਨੂੰ ਬਹੁਤ ਚਾਅ ਚੜ੍ਹ ਜਾਂਦਾ ਸੀ। ਕਿਉਂਕਿ ਇਹ ਸੇਵਾ ਦੀ ਲਗਨ ਮਹਾਂਪੁਰਖਾਂ ਨੂੰ ਆਪਣੇ ਮਾਤਾ ਪਿਤਾ ਪਾਸੋਂ ਬਚਪਨ ਵਿੱਚ ਹੀ ਮਿਲ ਚੁੱਕੀ ਸੀ। ਉਨ੍ਹਾਂ ਦਿਨਾਂ ਵਿੱਚ ਨੇੜੇ ਤੇੜੇ ਪਿੰਡਾਂ ਵਿੱਚ ਮਾਈਆਂ ਨੂੰ ਪ੍ਰੇਰਨਾ ਦੇ ਕੇ ਘਰੇਲੂ ਚੱਕੀਆਂ ਰਾਹੀਂ ਆਟਾ ਵੀ ਪਿਹਾਉਣਾ ਹੁੰਦਾ ਸੀ। ਇਹ ਅਜਿਹਾ ਮਹਾਨ ਕਾਰਜ ਸੀ ਕਿ ਬਿਨਾਂ ਪ੍ਰੇਮ ਦੇ ਨਹੀਂ

ਹੋ ਸਕਦਾ ਸੀ। ਮਹਾਂਪੁਰਖਾਂ ਦੇ ਜੀਵਨ ਵਿੱਚ ਹੀ ਇੰਨਾਂ ਪ੍ਰੇਮ ਸੀ ਕਿ ਮਾਈਆਂ ਆਪਣੇ ਆਪ ਹੀ ਆਟਾ ਪੀਹ ਕੇ ਰੱਖ ਲੈਂਦੀਆਂ ਸਨ। ਜਦੋਂ ਮਹਾਂਪੁਰਖ ਨੇੜੇ ਤੇੜੇ ਦੇ ਪਿੰਡਾਂ ਵਿੱਚ ਜਾਂਦੇ ਸਨ ਤਾਂ ਮਾਈਆਂ ਨੇ ਕਹਿਣਾ ਕਿ ਅਸੀਂ ਤਾਂ ਤੁਹਾਡੀ ਉਡੀਕ ਹੀ ਕਰਦੀਆਂ ਸਨ।

ਜਦੋਂ ਡੀਜ਼ਲ ਇੰਜਣ ਆ ਗਏ ਫਿਰ ਬਿਜਲੀ ਆ ਗਈ ਤਾਂ ਆਟੇ ਦੀ ਪਿਹਾਈ ਦਾ ਕੰਮ ਸੌਖਾ ਹੋ ਗਿਆ। ਗੱਡਿਆਂ ਦੀ ਥਾਂ ਟਰੈਕਟਰਾਂ ਅਤੇ ਟਰਾਲੀਆਂ ਨੇ ਲੈ ਲਈ। ਦੁੱਧ ਦੀਆਂ ਕੈਨੀਆਂ ਵੀ ਟਰਾਲੀਆਂ ਵਿੱਚ ਰੱਖੀਆਂ ਜਾਣ ਲੱਗੀਆਂ। ਇਸ ਤਰ੍ਹਾਂ ਬਲਦਾਂ, ਘੋੜਿਆਂ ਅਤੇ ਗਊਆਂ ਦੇ ਪ੍ਰਬੰਧ ਕਰਨ ਦੀ ਖੇਚਲ ਵੀ ਘਟ ਗਈ। ਮਹਾਂਪੁਰਖ ਕਈ ਵਾਰੀ ਆਖਦੇ ਸਨ ਕਿ ਜਿਉਂ ਹੀ ਇਹ ਸਾਰੀਆਂ ਸਹੂਲਤਾਂ ਆ ਗਈਆਂ ਉਦੋਂ ਹੀ ਸੰਗਤਾਂ ਵਿੱਚ ਸ਼ਰਧਾ ਘੱਟ ਗਈ। ਸੰਗਤਾਂ ਮਹਿਮਾਨਾਂ ਦੀ ਤਰ੍ਹਾਂ ਗੁਰੂ ਘਰ ਜਾਣ ਲੱਗ ਪਈਆਂ। ਇਸ ਲਈ ਮਹਾਂਪੁਰਖ ਸੰਗਤਾਂ ਨੂੰ ਸੇਵਾ ਦੇ ਮੌਕੇ ਜਿਆਦਾ ਦਿੰਦੇ ਸਨ। ਇਸ ਤਰ੍ਹਾਂ ਗੁਰੂ ਪ੍ਰਤੀ ਪ੍ਰੇਮ ਬਣਿਆ ਰਹਿੰਦਾ ਸੀ।

## ਗੁਰਸਿੱਖਾਂ ਨੂੰ ਮਾਸ ਖਾਣ ਦੀ ਮਨਾਹੀ

ਮਾਸ ਖਾਣ ਕਰਕੇ ਭਗਤੀ ਤੋਂ ਮਨ ਆਲਸੀ ਹੁੰਦਾ ਹੈ ਅਤੇ ਵਿਕਾਰ ਫੁਰਦੇ ਹਨ। ਮਨ ਪਾਪਾਂ ਦਾ ਭਾਗੀ ਬਣ ਜਾਂਦਾ ਹੈ। ਜੋ ਕਿਸੇ ਜੀਵ ਨੂੰ ਮਾਰੇਗਾ ਉਸ ਦਾ ਲੇਖਾ ਉਸ ਨੂੰ ਜਰੂਰ ਭੁਗਤਣਾ ਪਵੇਗਾ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ ਆਦਿ ੧੩੭੪***
***ਜਉ ਸਭ ਮਹਿ ਏਕੁ ਖੁਦਾਇ ਕਹਤ ਹਉਤਉ ਕਿਉ ਮੁਰਗੀ ਮਾਰੈ॥***
***ਆਦਿ ੧੩੫੦***
***ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥***
***ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥ ਆਦਿ ੧੩੭੫***
***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ਆਦਿ ੧੬***

ਦਮਦਮੀ ਟਕਸਾਲ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਜੀ ਨੇ 87 ਸਾਲ ਦੀ ਉਮਰ ਵਿੱਚ ਜੁਲਮ ਨੂੰ ਨਾਸ ਕਰਨ ਲਈ ਬੜੀ ਬਹਾਦਰੀ ਨਾਲ ਜੰਗ ਕੀਤਾ। ਬਾਬਾ ਜੀ ਨੇ ਕਦੇ ਵੀ ਮਾਸ ਨਹੀਂ ਖਾਧਾ। ਉਨ੍ਹਾਂ ਨੇ ਬੇਰੀਆਂ ਦੇ ਬੇਰ ਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਲਿਖੇ ਜੋ ਚੋਹਾਂ ਤਖਤਾਂ ਤੇ ਬਿਰਾਜਮਾਨ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮੁਸਲਮਾਨਾਂ ਵਾਸਤੇ ਪਰਾਇਆ ਹੱਕ ਸੂਰ ਦੇ

ਬਰਾਬਰ ਹੈ ਅਤੇ ਹਿੰਦੂਆਂ ਵਾਸਤੇ ਗਊ ਦੇ ਮਾਸ ਖਾਣ ਦੇ ਬਰਾਬਰ ਹੈ।

*ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਆਦਿ ੧੪੧*

ਮਹਾਂਪੁਰਖ ਬਚਨ ਕਰਦੇ ਕਿ ਪੁਸ਼ਾਕ ਅਤੇ ਖੁਰਾਕ ਸਾਦੀ ਅਤੇ ਸਾਫ ਚਾਹੀਦੀ ਹੈ। ਜਦੋਂ ਪੁਸ਼ਾਕ ਸਾਦੀ ਪਹਿਨਾਂਗੇ ਸਰੀਰ ਤਾਂ ਕੱਜਿਆ ਹੀ ਜਾਂਦਾ ਹੈ ਨਾਲ ਮਨ ਤੇ ਵੀ ਅਸਰ ਪੈਂਦਾ ਹੈ। ਮਨ ਦੀ ਚੰਚਲਤਾ ਨੂੰ ਥੰਮ ਪੈ ਜਾਂਦਾ ਹੈ। ਇਸੇ ਤਰ੍ਹਾਂ ਖੁਰਾਕ ਵੀ ਸਰੀਰ ਲਈ ਹੈ ਪਰ ਵਿਕਾਰੀ ਖੁਰਾਕ ਦਾ ਅਸਰ ਵੀ ਮਨ ਤੇ ਪੈਂਦਾ ਹੈ।

## ਗੁਰਸਿਖ ਲਈ ਗੁਰਮੁਖੀ ਜਰੂਰੀ

ਮਹਾਂਪੁਰਖਾਂ ਨੂੰ ਗੁਰਮੁਖੀ ਦੀ ਵਿੱਦਿਆ ਉਨ੍ਹਾਂ ਦੇ ਪਿਤਾ ਬਾਬਾ ਕਾਹਨ ਸਿੰਘ ਜੀ ਨੇ ਬਚਪਨ ਵਿੱਚ ਪੜ੍ਹਾਈ। ਗੁਰਮੁਖੀ ਅੱਖਰਾਂ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਅਤੇ ਪੰਜ ਗ੍ਰੰਥੀ ਜਬਾਨੀ ਯਾਦ ਕੀਤੀ। ਇਸੇ ਤਰ੍ਹਾਂ ਮਹਾਂਪੁਰਖਾਂ ਨੇ ਆਪਣੇ ਜਨਮ ਨਗਰ ਉਪਲਹੇੜੀ ਵਿਖੇ ਨੌਜੁਆਨ ਅਵਸਥਾ ਵਿੱਚ ਹਾਣੀਆਂ ਨੂੰ ਇਕੱਠੇ ਕਰਕੇ ਗੁਰਮੁਖੀ ਦੇ ਅੱਖਰ ਧਰਤੀ ਤੇ ਬਰੀਕ ਮਿੱਟੀ ਵਿਛਾ ਕੇ ਲਿਖਣੇ ਸਿਖਾਏ। ਇਨ੍ਹਾਂ ਅੱਖਰਾਂ ਤੋਂ ਸ਼ਬਦ ਬਣਾ ਕੇ ਸਿਖਾਏ। ਸ਼ਬਦਾਂ ਤੋਂ ਨਿਤਨੇਮ ਦੀਆਂ ਬਾਣੀਆਂ ਪੜ੍ਹਨੀਆਂ ਸਿਖਾਈਆਂ। ਜਨਮ ਨਗਰ ਤੋਂ ਬਾਅਦ ਜਿੱਥੇ-ਜਿੱਥੇ ਮਹਾਂਪੁਰਖ ਗਏ ਉਥੇ ਜਾ ਕੇ ਸਭ ਤੋਂ ਪਹਿਲਾਂ ਗੁਰਮੁਖੀ ਦੇ ਅੱਖਰਾਂ ਨੂੰ ਧਰਤੀ ਤੇ ਲਿਖ ਕੇ ਸਿਖਾਉਂਦੇ ਰਹੇ। ਉਨ੍ਹਾਂ ਦਿਨਾਂ ਵਿੱਚ ਕੋਈ ਸਕੂਲ ਨਹੀਂ ਹੁੰਦੇ ਸਨ। ਜਦੋਂ ਪਿੰਡ-ਪਿੰਡ ਸਰਕਾਰੀ ਸਕੂਲ ਖੁੱਲ੍ਹ ਗਏ ਤਾਂ ਮਹਾਂਪੁਰਖ ਕਹਿੰਦੇ ਸਨ ਕਿ ਹੁਣ ਤਾਂ ਹਰੇਕ ਨੂੰ ਗੁਰਬਾਣੀ ਪੜ੍ਹਨੀ ਸੌਖੀ ਹੋ ਗਈ ਹੈ। ਜੀਵਨ ਦੇ ਅਖੀਰਲਿਆਂ ਵਰ੍ਹਿਆਂ ਵਿੱਚ ਮਹਾਂਪੁਰਖਾਂ ਨੇ ਆਪਣੇ ਨਗਰ ਦੀਆਂ ਸਾਰੀਆਂ ਬੀਬੀਆਂ ਜੋ ਲੰਗਰ ਦੀ ਸੇਵਾ ਕਰਦੀਆਂ ਸਨ ਉਨ੍ਹਾਂ ਨੂੰ ਗੁਰਬਾਣੀ ਦੀ ਸੰਥਿਆ ਕਰਵਾ ਦਿੱਤੀ। ਜਿਨ੍ਹਾਂ ਜਿਨ੍ਹਾਂ ਪਰਿਵਾਰਾਂ ਵਿੱਚ ਮਹਾਂਪੁਰਖ ਵਿਚਰਦੇ ਰਹੇ ਉਨ੍ਹਾਂ ਦੇ ਬੱਚੇ ਬੱਚੀਆਂ ਗੁਟਕੇ ਲੈ ਕੇ ਨਿਤਨੇਮ ਕਰਨ ਲੱਗ ਜਾਂਦੇ। ਆਮ ਬਚਨ ਕਰਦੇ ਸਨ ਕਿ ਭਾਸ਼ਾਵਾਂ ਦਾ ਵੱਧ ਤੋਂ ਵੱਧ ਗਿਆਨ ਹੋਣਾ ਚਾਹੀਦਾ ਹੈ। ਪਰ ਗੁਰਮੁਖੀ ਤੋਂ ਬਗੈਰ ਹੋਰ ਭਾਸ਼ਾਵਾਂ ਵਿੱਚ ਵਿਦਿਆਰਥੀ ਕਾਮਯਾਬ ਨਹੀਂ ਹੋ ਸਕਦਾ। ਇਸ ਲਈ ਹਰੇਕ ਪਰਿਵਾਰ ਨੂੰ ਆਪਣੇ ਬੱਚਿਆਂ ਨੂੰ ਗੁਰਮੁਖੀ ਜਰੂਰ ਪੜ੍ਹਾਉਣੀ ਚਾਹੀਦੀ ਹੈ।

## ਬੱਚਿਆਂ ਦੇ ਨਾਮ ਰੱਖਣ ਸਮੇਂ ਉਪਦੇਸ

ਮਹਾਂਪੁਰਖ ਆਮ ਬਚਨ ਕਰਿਆ ਕਰਦੇ ਕਿ ਆਪਣੇ ਬੱਚੇ ਬੱਚੀਆਂ ਤੇ ਪੋਤੇ ਪੋਤਰੀਆਂ ਦੇ ਨਾਮ ਆਪ ਰੱਖਣ ਦੀ ਬਜਾਏ ਗੁਰੂ ਮਹਾਰਾਜ ਜੀ ਦੇ ਮੁੱਖਵਾਕ ਦੇ

ਪਹਿਲੇ ਅੱਖਰ ਤੋਂ ਰੱਖ ਲਿਆ ਕਰੋ। ਜਿਸ ਮੁੱਖਵਾਕ ਤੋਂ ਬੱਚੇ ਦਾ ਨਾਮ ਰੱਖਿਆ ਜਾਂਦਾ ਸੀ ਉਨ੍ਹਾਂ ਦੇ ਮਾਪਿਆਂ ਨੂੰ ਮੁੱਖਵਾਕ ਦੀ ਪਹਿਲੀ ਪੰਗਤੀ ਤੇ ਅੰਗ ਸਿੰਘਾਂ ਕੋਲੋਂ ਲਿਖਵਾ ਦਿਆ ਕਰਦੇ ਅਤੇ ਆਖਦਿਆ ਕਰਦੇ ਕਿ ਜਦੋਂ ਬੱਚਾ ਸੁਰਤ ਸੰਭਾਲ ਲਏ ਤਾਂ ਬੱਚੇ ਨੂੰ ਦੱਸਣਾ ਕਿ ਤੇਰਾ ਨਾਮ ਰੱਖਣ ਸਮੇਂ ਇਹ ਮੁੱਖ ਵਾਕ ਆਇਆ ਸੀ। ਨਾਮ ਰੱਖਣ ਸਮੇਂ ਪੁੱਛਦੇ ਕਿ ਇਹ ਨਾਮ ਨਾਨਕਿਆਂ ਦਾਦਕਿਆਂ ਵਿਚ ਮੇਲ ਤਾਂ ਨਹੀ ਖਾਂਦਾ। ਪੂਰੀ ਪੁੱਛ ਗਿੱਛ ਕਰਕੇ ਨਾਮ ਰੱਖਦੇ। ਆਪ ਜੀ ਅਜਿਹਾ ਨਾਮ ਰੱਖਦੇ ਕਿ ਬੱਚੇ ਦੇ ਵੱਡਾ ਹੋਣ ਤੇ ਸਾਰੇ ਸੰਗੀ ਸਾਥੀ ਪੂਰਾ ਨਾਮ ਲੈ ਸਕਣ। ਆਪ ਜੀ ਹਮੇਸ਼ਾਂ ਬਚਨ ਕਰਦੇ ਕਿ ਬੱਚੇ ਦਾ ਵੱਡਾ ਨਾਮ ਨਹੀਂ ਰੱਖਣਾ ਚਾਹੀਦਾ। ਬੱਚੇ ਦਾ ਕੋਈ ਹੋਰ ਕੱਚਾ ਪੱਕਾ ਨਾਮ ਨਹੀਂ ਰੱਖਣਾ ਚਾਹੀਦਾ। ਮਹਾਂਪੁਰਖਾਂ ਵਲੋਂ ਚਲਾਈ ਹੋਈ ਰੀਤ ਤੇ ਉਨ੍ਹਾਂ ਦੇ ਸਤਸੰਗੀ ਅੱਜ ਵੀ ਪੂਰਾ ਧਿਆਨ ਰੱਖਦੇ ਹਨ।

ਮਹਾਂਪੁਰਖ ਬੱਚੇ ਦਾ ਨਾਮ ਰਖਣ ਸਮੇਂ ਬਚਨ ਕਰਿਆ ਕਰਦੇ ਕਿ ਮਾਪਿਆਂ ਦਾ ਫਰਜ ਹੈ ਕਿ ਇਹੋ ਜਿਹਾ ਮਹੌਲ ਦੇਣ ਕਿ ਉਹ ਬੱਚਾ ਵੱਡਾ ਹੋ ਕੇ ਆਪਣੇ ਨਾਮ ਦੀ ਲਾਜ ਰੱਖੇ ਵਿਦਿਆਰਥੀਆਂ ਨੂੰ ਵੀ ਉਪਦੇਸ ਦਿੰਦੇ ਕਿ ਇਹੋ ਜਿਹਾ ਕੋਈ ਕੰਮ ਨਾ ਕਰੋ  ਜਿਸ ਨਾਲ ਨਾਮ ਨੂੰ ਲਾਜ ਲੱਗੇ। ਜਿਵੇਂ ਕਿਸੇ ਦਾ ਨਾਮ ਸਰਵਣ ਸਿੰਘ ਹੋਵੇ ਪਰ ਉਹ ਕਿਸੇ ਦੀ ਵੀ ਗੱਲ ਨਾ ਸੁਣੇ, ਨਾਮ ਪ੍ਰੇਮ ਸਿੰਘ ਹੋਵੇ ਪਰ ਨਫਰਤ ਕਰਕੇ ਝਗੜੇ ਕਰੀ ਜਾਵੇ, ਨਾਮ ਦਇਆ ਸਿੰਘ ਹੋਵੇ ਪਰ ਵਰਤਾਰੇ ਵਿਚ ਦਇਆਹੀਣ ਹੋਵੇ, ਨਾਮ ਗੁਰਪ੍ਰੀਤ ਹੋਵੇ ਗੁਰਾਂ ਨਾਲ ਪ੍ਰੀਤ ਕਰਣ ਦੀ ਬਜਾਏ ਹੋਰਣਾਂ ਨਾਲ ਪ੍ਰੀਤੀਆਂ ਕਰੇ। ਅਜਿਹੇ ਬੰਦੇ ਨੂੰ ਆਪਾਂ ਕਹਿ ਦਿੰਦੇ ਹਾਂ ਕਿ ਇਸ ਨੇ ਤਾਂ ਆਪਣੇ ਨਾਮ ਦੀ ਵੀ ਲਾਜ ਨਹੀਂ ਰੱਖੀ। ਅਜਿਹੇ ਕਰਮ ਕਰੇ ਜਿਸ ਨਾਲ ਸਾਰੇ ਆਖਣ ਕਿ ਇਸ ਨੇ ਤਾਂ ਆਪਣੇ ਨਾਮ ਦੀ ਲਾਜ ਰੱਖ ਲਈ ਹੈ।

## ਸੰਤਾਨ ਨੂੰ ਪੜ੍ਹਾਉਣ ਬਾਰੇ ਉਪਦੇਸ

ਮਹਾਂਪੁਰਖਾਂ ਕੋਲ ਜਦੋਂ ਵੀ ਕੋਈ ਪ੍ਰੇਮੀ ਅਮੀਰ ਜਾਂ ਗਰੀਬ ਆਉਂਦਾ ਉਸਨੂੰ ਬਚਨ ਕਰਦੇ ਕਿ ਆਪਣੀ ਸੰਤਾਨ ਨੂੰ ਪੜ੍ਹਾਉਣਾ ਧਰਮ ਹੈ। ਜਿਹੜਾ ਕੋਈ ਸਿੱਖ ਆਪਣੇ ਬੱਚਿਆਂ ਨੂੰ ਸੰਸਾਰੀ ਵਿੱਦਿਆ ਨਹੀਂ ਦਿੰਦਾ ਉਹ ਤਨਖਾਹੀਆ ਹੁੰਦਾ ਹੈ। ਪੜ੍ਹੇ ਲਿਖੇ ਬੱਚੇ ਗੁਰਮਤਿ ਦੀ ਵਿਦਿਆ ਨੂੰ ਵੀ ਛੇਤੀ ਸਮਝ ਲੈਂਦੇ ਹਨ। ਵਿੱਦਿਆ ਤੋਂ ਬਗੈਰ ਮਨੁੱਖ ਪਸ਼ੂ ਸਮਾਨ ਹੈ। ਜੇਕਰ ਕੋਈ ਗਰੀਬ ਆਖਦਾ ਕਿ ਮੈਂ ਪੈਸੇ ਦੀ ਕਮਜੋਰੀ ਕਾਰਨ ਬੱਚਿਆਂ ਨੂੰ ਪੜ੍ਹਾ ਨਹੀਂ ਸਕਦਾ ਤਾਂ ਮਹਾਂਪੁਰਖ ਬਚਨ ਕਰਦੇ ਕਿ ਹੋਰ ਸਾਰੇ ਖਰਚਿਆਂ ਨੂੰ ਘਟਾ ਕੇ ਆਪਣੇ ਬੱਚਿਆਂ ਨੂੰ ਜਰੂਰ ਪੜ੍ਹਾਉ। ਜਦੋਂ ਵੀ ਕਿਸੇ ਸਕੂਲ ਵਿੱਚ ਮਹਾਂਪੁਰਖ ਜਾਂਦੇ ਤਾਂ ਅਧਿਆਪਕਾਂ ਨੂੰ ਬਚਨ ਕਰਦੇ ਕਿ ਗਰੀਬ ਦੇ ਬੱਚਿਆਂ ਨੂੰ ਪੜ੍ਹਾਉਣਾ ਬਹੁਤ ਵੱਡਾ ਪੁੰਨ ਹੈ। ਆਪ ਵੀ ਮਹਾਂਪੁਰਖਾਂ ਨੇ ਸਾਰੀ

ਉਮਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦੇ ਅਨੁਸਾਰ ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਪੜ੍ਹਾਈ। ਜਿਸ ਨਗਰ ਵਿੱਚ ਮਹਾਂਪੁਰਖ ਰਹਿੰਦੇ ਉਸ ਨਗਰ ਦੇ ਸਿੰਘਾਂ ਤੋਂ ਇਲਾਵਾ ਲੜਕੀਆਂ ਅਤੇ ਨੂੰਹਾਂ ਨੂੰ ਵੀ ਪੜ੍ਹਾਉਂਦੇ। ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਬੱਚੀਆਂ ਨੂੰ ੩ਪ ਅੱਖਰੀ ਵੀ ਨਹੀਂ ਆਉਂਦੀ ਸੀ ਕਿਉਂਕਿ ਉਨ੍ਹਾਂ ਦੇ ਮਾਪਿਆਂ ਦੀ ਸੋਚ ਸੀ ਕਿ ਧੀਆਂ ਨੂੰ ਪੜ੍ਹਾਉਣ ਦੀ ਕੋਈ ਲੋੜ ਨਹੀਂ। ਧੀਆਂ ਨੇ ਕਿਹੜਾ ਸਾਡੇ ਘਰ ਵਿੱਚ ਰਹਿਣਾ ਹੈ। ਉਹ ਤਾਂ ਬੇਗਾਨੀਆਂ ਹੁੰਦੀਆਂ ਹਨ। ਮਹਾਂਪੁਰਖਾਂ ਨੇ ਉਨ੍ਹਾਂ ਦਿਨਾਂ ਵਿੱਚ ਬੱਚੀਆਂ ਨੂੰ ਬਾਲ ਉਪਦੇਸ ਲੈ ਕੇ ਗੁਰਮੁਖੀ ਸਖਾਈ ਜਦੋਂ ਹਰੇਕ ਪਿੰਡ ਵਿੱਚ ਸਕੂਲ ਨਹੀਂ ਹੁੰਦੇ ਸਨ।

## ਲੜਕੀਆਂ ਨੂੰ ਵਿੱਦਿਆ ਪੜ੍ਹਾਉਣ ਬਾਰੇ ਉਪਦੇਸ

ਉਨ੍ਹਾਂ ਦਿਨਾਂ ਵਿੱਚ ਕਈ ਪਰਿਵਾਰਾਂ ਵਿੱਚ ਇਹ ਧਾਰਨਾ ਬਣੀ ਹੋਈ ਸੀ ਕਿ ਲੜਕੀਆਂ ਨੂੰ ਸਕੂਲਾਂ ਵਿੱਚ ਪੜ੍ਹਾਉਣਾ ਨਹੀਂ ਚਾਹੀਦਾ। ਇਸ ਲਈ ਉਹ ਲੜਕੀਆਂ ਨੂੰ ਪੜ੍ਹਣ ਲਈ ਸਕੂਲ ਦਾਖਿਲ ਹੀ ਨਹੀਂ ਕਰਾਉਂਦੇ ਸਨ। ਕੇਵਲ ਲੜਕਿਆਂ ਨੂੰ ਹੀ ਪੜ੍ਹਨ ਲਈ ਸਕੂਲ ਭੇਜਦੇ ਸਨ। ਮਹਾਂਪੁਰਖ ਸਮਝਾਉਂਦੇ ਕਿ ਲੜਕੀਆਂ ਨੂੰ ਵਿੱਦਿਆ ਜਰੂਰ ਦੇਣੀ ਚਾਹੀਦੀ ਹੈ ਕਿਉਂਕਿ ਆਉਣ ਵਾਲੇ ਦਿਨਾਂ ਵਿੱਚ ਲੜਕੀ ਨੇ ਹੀ ਮਾਂ ਬਣਨਾ ਹੁੰਦਾ ਹੈ ਉਸ ਕੋਲ ਵਿੱਦਿਆ ਹੋਣੀ ਜਰੂਰੀ ਹੈ। ਜਿਸ ਬੱਚੇ ਦੀ ਮਾਂ ਪੜ੍ਹੀ ਲਿਖੀ ਹੋਵੇਗੀ ਉਸ ਦੇ ਬੱਚੇ ਕਦੇ ਅਨਪੜ੍ਹ ਨਹੀਂ ਰਹਿ ਸਕਦੇ। ਅਨਪੜ੍ਹਤਾ ਇੱਕ ਬੁਰੀ ਲਾਹਨਤ ਹੈ। ਜਿਸ ਲੜਕੀ ਨੇ ਪੇਕੇ ਘਰ ਵਿੱਚ ਪਲ ਕੇ ਸਹੁਰੇ ਘਰ ਜਾ ਕੇ ਸਾਰਾ ਕੁਝ ਜਿੰਮੇਵਾਰੀ ਨਾਲ ਕਰਨਾ ਹੈ ਉਸ ਕੋਲ ਤਾਂ ਵਿੱਦਿਆ ਹੋਣੀ ਜਰੂਰੀ ਹੈ। ਵਿੱਦਿਆ ਤੋਂ ਬਗੈਰ ਉਹ ਬਿਗਾਨੇ ਪਰਿਵਾਰ ਦੀਆਂ ਭਾਵਨਾਵਾਂ ਨੂੰ ਸਮਝ ਕੇ ਕਿਵੇਂ ਸੇਵਾ ਕਰ ਸਕਦੀ ਹੈ। ਬੱਚੇ ਦਾ ਪਹਿਲਾ ਗੁਰੂ ਮਾਂ ਹੀ ਹੁੰਦੀ ਹੈ। ਅਨਪੜ੍ਹ ਮਾਂ ਆਪਣੇ ਬੱਚਿਆਂ ਨੂੰ ਕਿਵੇਂ ਪੜ੍ਹਾ ਸਕਦੀ ਹੈ। ਇਸ ਲਈ ਜਿੱਥੇ ਲੜਕਿਆਂ ਨੂੰ ਪੜ੍ਹਾਉਣਾ ਚਾਹੀਦਾ ਹੈ ਉੱਥੇ ਲੜਕੀਆਂ ਨੂੰ ਬਹੁਤ ਜਰੂਰੀ ਪੜ੍ਹਾਉਣਾ ਚਾਹੀਦਾ ਹੈ।

## ਰੱਖਣੀ ਦੇ ਤਿਉਹਾਰ ਬਾਰੇ

ਕੁਝ ਲੋਕਾਂ ਦਾ ਵਿਚਾਰ ਹੈ ਕਿ ਭੈਣਾਂ ਦੀ ਰੱਖਿਆ ਭਰਾ ਕਰਦਾ ਹੈ ਇਸ ਲਈ ਰੱਖੜੀ ਭੈਣ ਆਪਣੇ ਭਰਾ ਦੇ ਗੁੱਟ ਤੇ ਬੰਨਦੀ ਹੈ। ਜਿਨ੍ਹਾਂ ਪਰਿਵਾਰਾਂ ਵਿੱਚ ਧੀ ਨਹੀਂ ਹੈ ਉਥੇ ਪੁੱਤ ਕੀ ਕਰਨ ਜਿਨ੍ਹਾਂ ਪਰਿਵਾਰਾਂ ਵਿੱਚ ਪੁੱਤ ਨਹੀਂ ਹਨ ਉਹ ਧੀਆਂ ਕੀ ਕਰਨ ਇਤਿਹਾਸ ਪੜ੍ਹੋ ਗੁਰੂ ਕੇ ਸਿੰਘਾਂ ਨੇ ਅਬਦਾਲੀ ਦੇ ਸਮੇਂ ਹਿੰਦ ਦੀਆਂ ਲੜਕੀਆਂ ਦੀ ਕਿਵੇਂ ਰੱਖਿਆ ਕੀਤੀ। ਅਜਿਹੀ ਕੋਈ ਸ਼ਰਤ ਨਹੀਂ ਸੀ ਕਿ ਪਹਿਲਾਂ ਧੀਆਂ ਸਿੰਘਾਂ ਦੇ ਗੁੱਟਾਂ ਤੇ ਰੱਖੜੀ ਬੰਨਣ ਸਗੋਂ ਹਿੰਦ ਦੀਆਂ ਧੀਆਂ ਸਿੰਘਾਂ ਨੂੰ

ਕਹਿੰਦੀਆਂ ਕਿ ਜਿਨ੍ਹਾਂ ਦੇ ਗੁੱਟਾਂ ਤੇ ਅਸੀਂ ਰੱਖੜੀਆਂ ਬੰਨਦੀਆਂ ਰਹੀਆਂ ਉਹ ਔਖੇ ਸਮੇਂ ਘਰਾਂ ਤੋਂ ਬਾਹਰ ਨਹੀਂ ਨਿਕਲੇ। ਮਹਾਂਪੁਰਖ ਉਪਦੇਸ਼ ਦਿੰਦੇ ਸਮੇਂ ਗੁਰੂ ਸਾਹਿਬ ਦੇ ਬਚਨ ਸੁਣਾਉਂਦੇ:-

***ਰਾਖਾ ਏਕੁ, ਹਮਾਰਾ ਸੁਆਮੀ॥***
***ਸਗਲ ਘਟਾ ਕਰੋ, ਅੰਤਰ ਜਾਮੀ॥*** ***(1136)***

ਇਸ ਤੋਂ ਇਲਾਵਾ ਕਰਵਾ ਚੌਥ, ਦੀਵਾਲੀ, ਲੋਹੜੀਆਂ ਆਦਿ ਤਿਉਹਾਰਾਂ ਦੀ ਗੁਰਪੁਰਬ ਮਨਾਉਣ ਬਾਰੇ ਸਿੱਖਿਆ ਦਿੰਦੇ ਅਤੇ ਬਚਨ ਕਰਦੇ ਕਿ ਕਿਸੇ ਨਾਲ ਨਫ਼ਰਤ ਨਾ ਕਰੋ।

## ਮਹਾਂਪੁਰਖਾਂ ਦੀ ਨਿੱਤ ਕ੍ਰਿਆ

ਕਿਸੇ ਵੀ ਮਹਾਂਪੁਰਖਾਂ ਦੀ ਨਿੱਤ ਕਿਰਿਆ ਬਾਰੇ ਲਿਖਣਾ ਕੋਈ ਸੌਖਾ ਨਹੀਂ ਪਰ ਫੇਰ ਵੀ ਆਪਣੇ ਫਰਜ ਨੂੰ ਨਿਭਾਉਂਦੇ ਹੋਏ ਲਿਖਿਆ ਜਾ ਰਿਹਾ ਹੈ। ਮਹਾਂਪੁਰਖਾਂ ਨੂੰ ਕਦੇ ਕਿਸੇ ਸਿੰਘ ਨੇ ਗੂੜ੍ਹੀ ਨੀਂਦ ਵਿੱਚ ਸੁੱਤੇ ਨਹੀਂ ਵੇਖਿਆ ਨਾ ਹੀ ਆਪਣੇ ਕਮਰੇ ਦਾ ਅੰਦਰੋਂ ਕਦੇ ਦਰਵਾਜਾ ਬੰਦ ਕਰਦੇ ਸਨ। ਸਿੰਘਾਂ ਦੇ ਪੁੱਛਣ ਤੇ ਮਹਾਂਪੁਰਖਾਂ ਨੇ ਨੀਂਦ ਬਾਰੇ ਦੱਸਿਆ ਸੀ ਕਿ ਅਭਿਆਸ ਨਾਲ ਨੀਂਦ ਬਹੁਤ ਘੱਟ ਜਾਂਦੀ ਹੈ। ਕੁਝ ਪਲਾਂ ਵਿੱਚ ਹੀ 24 ਘੰਟਿਆਂ ਦੀ ਨੀਂਦ ਪੂਰੀ ਹੋ ਜਾਂਦੀ ਹੈ।

1. ਆਪ ਜੀ ਅੰਮ੍ਰਿਤ ਵੇਲੇ ਜਾਗ ਕੇ ਆਤਮ ਅਭਿਆਸ ਕਰਦੇ। ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦੇ ਕੰਘਾ ਕਰਨ ਉਪਰੰਤ ਦੂਹਰੀ ਦਸਤਾਰ ਅਤੇ ਬਸਤਰ ਸਜਾਉਂਦੇ।
2. ਪੰਜਾਂ ਪਿਆਰਿਆਂ ਵੱਲੋਂ ਬਖਸ਼ਿਆ ਨਿਤਨੇਮ ਕਰਦੇ। ਫੇਰ ਦਰਬਾਰ ਸਾਹਿਬ ਜਾ ਕੇ ਸਚਖੰਡ ਦੇ ਦਰਵਾਜੇ ਸਾਹਮਣੇ ਬੈਠ ਕੇ ਜਾਪ ਕਰਨ ਉਪਰੰਤ ਅਰਦਾਸ ਕਰਕੇ ਸਚਖੰਡ ਵਿੱਚ ਪਰਵੇਸ਼ ਹੁੰਦੇ। ਇੱਕ ਸਿੰਘ ਚਵਰ ਸਾਹਿਬ ਦੀ ਸੇਵਾ ਕਰਦਾ ਅਤੇ ਆਪ ਮਹਾਂਪੁਰਖ ਸੀਸ ਤੇ ਪਵਿੱਤਰ ਸਰੂਪ ਲੈ ਕੇ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਕਰਨ ਦੀ ਸੇਵਾ ਆਪਣੇ ਹੱਥੀਂ ਕਰਦੇ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਜਾਂ ਪਾਠ ਕਰਦੇ। ਆਸਾ ਦੀ ਵਾਰ ਦੀ ਸਮਾਪਤੀ ਸੂਰਜ ਦੀ ਲੋਅ ਤੋਂ ਪਹਿਲਾਂ ਹੋ ਜਾਂਦੀ। ਮੱਖੀ ਉਠਣ ਤੋਂ ਪਹਿਲਾਂ-ਪਹਿਲਾਂ ਕੜਾਹ ਪ੍ਰਸ਼ਾਦਿ ਦੀ ਅਰਦਾਸ ਹਮੇਸ਼ਾ ਹੀ ਕਰਦੇ।
3. ਤਾਜਾ ਦੁੱਧ ਉਬਾਲ ਕੇ ਛਕਦੇ। ਚਾਹ ਦੀ ਵਰਤੋਂ ਬਿਲਕੁਲ ਨਹੀਂ ਹੁੰਦੀ ਸੀ।
4. ਸਹਿਜ ਪਾਠ ਕਰਦੇ ਹੋਏ ਪੂਰਾ ਅਨੰਦ ਲੈਂਦੇ।
5. ਹਾਜਰੀ ਦੇ ਪ੍ਰਸ਼ਾਦੇ ਵਿੱਚ ਕਣਕ ਅਤੇ ਛੋਲਿਆਂ ਦੇ ਆਟੇ ਦਾ ਪ੍ਰਸ਼ਾਦਾ ਦਹੀਂ ਨਾਲ ਛਕਦੇ। ਬਰਸਾਤ ਦੇ ਮੌਸਮ ਤੋਂ ਇਲਾਵਾ ਸਾਰਾ ਸਾਲ ਦਹੀਂ ਅਤੇ ਲੱਸੀ

ਦੀ ਵਰਤੋਂ ਕਰਦੇ।

6. ਕੁਝ ਸਮਾਂ ਅਰਾਮ ਕਰਕੇ ਸਿੰਘਾਂ ਨੂੰ ਵਿੱਦਿਆ ਪੜ੍ਹਾਉਂਦੇ ਹੋਏ ਸੰਗਤ ਨਾਲ ਵੀ ਬਚਨ ਬਿਲਾਸ ਕਰ ਲੈਂਦੇ।
7. ਸਵੇਰ ਵੇਲੇ ਘੱਟੋ ਘੱਟ ਪੰਜ ਕਿੱਲੋ ਮੀਟਰ ਦੀ ਸੈਰ ਪੰਜ ਸੇਰ ਦਾ ਪਾਣੀ ਦਾ ਗੜਵਾ ਲੈ ਕੇ ਕਰਦੇ।
8. ਸੈਰ ਤੋਂ ਵਾਪਿਸ ਆ ਕੇ ਕਮਰਿਆਂ ਦੀ ਸਫਾਈ ਅਤੇ ਬਸਤਰਾਂ ਦੀ ਧੁਲਾਈ ਆਦਿ ਕਰਕੇ ਦੋਬਾਰਾ ਇਸ਼ਨਾਨ ਕਰਨ ਉਪਰੰਤ ਸਹਿਜ ਪਾਠ ਦਾ ਅਨੰਦ ਲੈਂਦੇ।
9. ਸੰਗਤਾਂ ਨੂੰ ਬਚਨ ਬਿਲਾਸ ਦਾ ਸੰਕੋਚਵਾਂ ਸਮਾਂ ਦਿੰਦੇ ਹੋਏ ਨਾਲ ਨਾਲ ਵਿਦਿਆਰਥੀਆਂ ਦੀ ਸੰਥਿਆ ਕਰਾਉਂਦੇ ਰਹਿੰਦੇ।
10. ਸ਼ਾਮ ਨੂੰ ਇਤਿਹਾਸ ਦੀ ਕਥਾ ਅਤੇ ਕੀਰਤਨ ਦੀ ਸੇਵਾ ਆਪ ਕਰਦੇ।
11. ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਪਹਿਲਾਂ ਸ਼ਾਮ ਦਾ ਪ੍ਰਸ਼ਾਦਾ ਦਾਲ ਨਾਲ ਛਕਦੇ।
12. ਰਹਿਰਾਸ ਸਾਹਿਬ ਜੀ ਦਾ ਪਾਠ ਸੂਰਜ ਡੁੱਬਣ ਤੇ ਕਰਦੇ।
13. ਸਿੰਘਾਂ ਨੂੰ ਦੋਬਾਰਾ ਸੰਥਿਆ ਅਤੇ ਇਤਿਹਾਸਕ ਵਿਚਾਰਾਂ ਦੇ ਨਾਲ ਦਸਮ ਦੀ ਸੰਥਿਆ ਕਰਾਉਂਦੇ।
14. ਰਾਤ ਨੂੰ ਗੁਰੂ ਸਾਹਿਬ ਦੇ ਪਵਿੱਤਰ ਸਰੂਪ ਦੀ ਸੇਵਾ ਸੱਚਖੰਡ ਵਿੱਚ ਕਰਨ ਉਪਰੰਤ ਦਰਬਾਰ ਸਾਹਿਬ ਦੀ ਸਫਾਈ ਅਤੇ ਦਰੀਆਂ ਝਾੜਨ ਦੀ ਸੇਵਾ ਕਰਾਉਂਦੇ।
15. ਰਾਤ ਨੂੰ ਬਿਰਾਜਣ ਸਮੇਂ ਵਿਦਿਆਰਥੀਆਂ ਨੂੰ ਰੋਕ ਟੋਕ ਨਾਲ ਕੋਈ ਨਾ ਕੋਈ ਅਨਮੋਲ ਬਚਨ ਸੁਣਾਉਂਦੇ। ਉਨ੍ਹਾਂ ਦਾ ਖਿਆਲ ਸੀ ਕਿ ਜੇਕਰ ਬਚਿਆਂ ਨੂੰ ਰੋਕ ਟੋਕ ਨਹੀਂ ਕਰਾਂਗੇ ਤਾਂ ਉਹ ਵੱਡੇ ਹੋ ਕੇ ਮਾਪਿਆਂ ਦੀ ਗੱਲ ਵੀ ਨਹੀਂ ਸੁਣਨਗੇ।
16. ਕੀਰਤਨ ਸੋਹਿਲੇ ਦਾ ਪਾਠ ਆਪ ਕਰਦੇ। ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰਦੇ ਹੋਏ ਬਿਰਾਜ ਜਾਂਦੇ। ਫੇਰ ਕੋਈ ਗੱਲਬਾਤ ਨਹੀਂ ਕਰਦੇ ਸਨ।

## ਮਹਾਂਪੁਰਖਾਂ ਦਾ ਵਿਦਿਆਰਥੀਆਂ ਨਾਲ ਪਿਆਰ

1. ਦੇਸੀ ਘੀ ਦੀ ਪੰਜੀਰੀ:- ਸਰਦੀਆਂ ਦੇ ਦਿਨਾਂ ਵਿੱਚ ਦੇਸੀ ਘੀ ਦੀ ਪੰਜੀਰੀ ਵਿੱਚ ਮੇਵੇ ਪਾ ਕੇ ਤਿਆਰ ਕਰਦੇ ਅਤੇ ਸਾਰੇ ਵਿਦਿਆਰਥੀਆਂ ਨੂੰ ਅੰਮ੍ਰਿਤ ਵੇਲੇ ਨਿਤਨੇਮ ਕਰਨ ਤੋਂ ਉਪਰੰਤ ਛਕਾਉਂਦੇ।
2. ਕੇਸੀ ਇਸ਼ਨਾਨ:- ਹਰ ਹਫਤੇ ਮਹਾਂਪੁਰਖ ਕੇਸੀ ਇਸ਼ਨਾਨ ਦਹੀਂ ਨਾਲ ਜਾਂ ਖੱਟੀ ਲੱਸੀ ਨਾਲ ਕਰਾਉਂਦੇ। ਕੇਸੀ ਇਸ਼ਨਾਨ ਕਰਦੇ ਸਮੇਂ ਗਾਤਰੇ ਵਾਲੀ ਸ਼੍ਰੀ ਸਾਹਿਬ ਅਤੇ ਕੰਘਾ ਪਰਨੇ ਵਿੱਚ ਲਪੇਟ ਕੇ ਲੱਕ ਤੇ ਬਨਵ੍ਹਾ ਦਿੰਦੇ ਅਤੇ ਪਿਆਰ ਨਾਲ ਆਖਦੇ ਕਿ ਗੁਰੂ ਦੇ ਬਖਸ਼ੇ ਹੋਏ ਕਕਾਰ ਸਰੀਰ ਤੋਂ ਕਦੇ ਵੀ

ਪਰ੍ਹੇ ਨਹੀਂ ਕਰਨੇ।

3. ਕੇਸ ਗੁਰੂ ਕੀ ਮੋਹਰ:-ਮਹਾਂਪੁਰਖ ਅੰਮ੍ਰਿਤ ਵੇਲੇ ਸਿੰਘਾਂ ਨੂੰ ਕੇਸਾਂ ਵਿੱਚ ਕੰਘਾ ਕਰਦੇ ਸਮੇਂ ਸਮਝਾਉਂਦੇ ਕਿ ਕੇਸ ਗੁਰੂ ਦੀ ਮੋਹਰ ਹੈ। ਕੇਸਾਂ ਦੀ ਕਦੇ ਬੇਅਦਬੀ ਨਹੀਂ ਕਰਨੀ। ਵਿਦਿਆਰਥੀ ਸਿੰਘਾਂ ਨੂੰ ਆਖਦੇ ਕਿ ਆਪਣੇ ਆਪਣੇ ਕੰਘਿਆਂ ਵਿੱਚੋਂ ਕੇਸ ਕੱਢ ਕੇ ਇੱਕ ਗੁਥਲੀ ਵਿੱਚ ਪਾ ਦਿਆ ਕਰੋ। ਜੇਕਰ ਵਿਦਿਆਰਥੀਆਂ ਦੇ ਕੇਸ ਕੰਘੇ ਵਿੱਚੋਂ ਨਿੱਕਲ ਕੇ ਧਰਤੀ ਤੇ ਡਿੱਗੇ ਹੋਏ ਹੁੰਦੇ ਤਾਂ ਉਨ੍ਹਾਂ ਕੇਸਾਂ ਨੂੰ ਮਹਾਂਪੁਰਖ ਆਪ ਵੀ ਚੁਗ ਕੇ ਗੁਥਲੀ ਵਿੱਚ ਪਾ ਦਿੰਦੇ। ਕੁਝ ਸਮੇਂ ਬਾਅਦ ਇਨ੍ਹਾਂ ਕੇਸਾਂ ਦਾ ਸਸਕਾਰ ਕਰਵਾ ਦਿੰਦੇ।
4. ਬਸਤਰਾਂ ਦੀ ਸੇਵਾ:-ਕੱਤਕ ਦੀ ਪੂਰਨਮਾਸ਼ੀ,ਪੋਹ ਸੁਦੀ ਸਤਵੀਂ, ਭਾਦਰੋਂ ਸੁਦੀ ਏਕ ਅਤੇ ਵੈਸਾਖੀ ਆਦਿ ਪੁਰਬਾਂ ਤੇ ਸਾਰੇ ਵਿਦਿਆਰਥੀਆਂ ਨੂੰ ਬਸਤਰ ਸਿਲਵਾ ਕੇ ਦਿੰਦੇ ਅਤੇ ਉਨ੍ਹਾਂ ਨਵੇਂ ਬਸਤਰਾਂ ਨੂੰ ਪਹਿਨਾ ਕੇ ਆਪਣੇ ਵਿਦਿਆਰਥੀਆਂ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੁੰਦੇ।
5. ਪ੍ਰਸ਼ਾਦਾ ਛਕਾਉਣਾ:-ਗੁਰਪੁਰਬਾਂ ਦੀ ਮਹਾਨਤਾ ਨੂੰ ਲੈ ਕੇ ਮਹਾਂਪੁਰਖ ਸਿੰਘਾਂ ਨੂੰ ਪ੍ਰਸ਼ਾਦਾ ਪਹਿਲਾਂ ਛਕਾਉਂਦੇ ਅਤੇ ਆਪ ਬਾਅਦ ਵਿੱਚ ਛਕਦੇ।
6. ਮੱਛਰਦਾਨੀਆਂ ਦਾ ਪ੍ਰਬੰਧ:- ਬਰਸਾਤਾਂ ਦੇ ਦਿਨਾਂ ਵਿਚ ਪਿੰਡਾਂ ਵਿੱਚ ਆਮ ਮੱਛਰ ਹੋ ਜਾਂਦਾ ਸੀ। ਹਰ ਸਾਲ ਮਹਾਂਪੁਰਖ ਅੰਬਾਲਾ ਛਾਉਣੀ ਤੋਂ ਮੱਛਰਦਾਨੀਆਂ ਆਪ ਲੈ ਕੇ ਆਉਂਦੇ ਅਤੇ ਸਿੰਘਾਂ ਦੇ ਮੰਜਿਆਂ ਤੇ ਮੱਛਰਦਾਨੀਆਂ ਆਪਣੇ ਹੱਥੀਂ ਲਾਉਂਦੇ। ਰਾਤ ਨੂੰ ਉੱਠ ਕੇ ਵਿਦਿਆਰਥੀਆਂ ਨੂੰ ਕੱਪੜੇ ਨਾਲ ਢਕ ਦਿੰਦੇ।
7. ਅੰਬ ਛਕਾਉਣੇ:-ਗਰਮੀਆਂ ਦੇ ਦਿਨਾਂ ਵਿੱਚ ਪੰਜੋਖਰਾ ਸਾਹਿਬ ਅਤੇ ਹਰਖੋਵਾਲ ਆਦਿ ਥਾਵਾਂ ਤੇ ਲਿਜਾ ਕੇ ਸਿੰਘਾਂ ਨੂੰ ਰੱਜਵੇਂ ਅੰਬ ਛਕਾਉਂਦੇ।
8. ਵਿਦਿਆਰਥੀ ਸਿੰਘਾਂ ਲਈ ਪਾਣੀ ਦਾ ਪ੍ਰਬੰਧ ਕਰਨਾ:-ਮਹਾਂਪੁਰਖ ਰੋਜਾਨਾ ਪਹਿਰ ਰਾਤ ਰਹਿੰਦੀ ਖੂਹ ਵਿੱਚੋਂ ਪਾਣੀ ਆਪ ਕੱਢ ਕੇ ਮਿੱਟੀ ਦੀਆਂ ਚਾਟੀਆਂ ਭਰ ਦਿੰਦੇ। ਅੰਮ੍ਰਿਤ ਵੇਲੇ ਮਹਾਂਪੁਰਖ ਪਾਣੀ ਭਰਕੇ ਨਿਤਨੇਮ ਦੀ ਸੇਵਾ ਕਰਨ ਵਾਸਤੇ ਦਰਬਾਰ ਸਾਹਿਬ ਚਲੇ ਜਾਂਦੇ। ਮਗਰੋਂ ਚਾਟੀਆਂ ਵਿੱਚ ਭਰੇ ਹੋਏ ਜਲ ਨਾਲ ਸਿੰਘ ਉੱਠ ਕੇ ਇਸ਼ਨਾਨ ਕਰ ਲੈਂਦੇ। ਕਈ ਮਾਪੇ ਇਹ ਵੇਖ ਕੇ ਕਹਿੰਦੇ ਕਿ ਮਹਾਂਪੁਰਖ ਵਿਦਿਆਰਥੀਆਂ ਨੂੰ ਆਪਣੇ ਨਾਲੋਂ ਜਿਆਦਾ ਪਿਆਰ ਨਾਲ ਪਾਲਦੇ ਹਨ।
9. ਦਰਬਾਰ ਸਾਹਿਬ ਦੀਆਂ ਪਰਕਰਮਾਂ ਦੀ ਸੇਵਾ:- ਜਦੋਂ ਵਿਦਿਆਰਥੀ ਸਿੰਘ ਦਰਬਾਰ ਸਾਹਿਬ ਦੀਆਂ ਪਰਕਰਮਾਂ ਦੀ ਸਫਾਈ ਦੀ ਸੇਵਾ ਕਰਦੇ ਤਾਂ ਉਸ ਸਮੇਂ ਮਹਾਂਪੁਰਖ ਆਪ ਵੀ ਕਬੂਤਰਾਂ ਦੀਆਂ ਬਿੱਠਾਂ ਆਪਣੇ ਹੱਥੀਂ ਖੁਰਪੀ ਨਾਲ ਖੁਰਚ ਕੇ ਸਾਫ ਕਰਦੇ। ਮਹਾਂਪੁਰਖਾਂ ਨੇ ਜਿਹੜੇ ਗੁਰੂ ਘਰਾਂ ਦੀ ਕਾਰ

ਸੇਵਾ ਕਰਾਈ ਉਨ੍ਹਾਂ ਸਾਰਿਆਂ ਦੀਆਂ ਪਰਕਰਮਾਂ ਵੀ ਬਣਵਾਈਆਂ ਜਦੋਂ ਵੀ ਕੋਈ ਗੁਰੂ ਮਹਾਰਾਜ ਨੂੰ ਮੱਥਾ ਟੇਕਣ ਜਾਵੇ ਤਾਂ ਉਹ ਪਰਕਰਮਾ ਅਸਾਨੀ ਨਾਲ ਕਰ ਸਕੇ।

10. ਸੁਖ ਆਸਨ ਦੇ ਬਸਤਰਾਂ ਦੀ ਸੇਵਾ:- ਮਹਾਂਪੁਰਖ ਨੌਜੁਆਨ ਅਵਸਥਾ ਸਮੇਂ ਆਪਣੀ ਮਾਤਾ ਕੋਲੋਂ ਘਰ ਦੇ ਕੱਤੇ ਹੋਏ ਸੂਤ ਦਾ ਕੱਪੜਾ ਲੈ ਕੇ ਸੁਖ ਆਸਨ ਦੇ ਬਸਤਰ ਤਿਆਰ ਕਰਵਾ ਲੈਂਦੇ। ਇਸ ਤਰ੍ਹਾਂ ਗੁਰੂ ਮਹਾਰਾਜ ਵਾਸਤੇ ਦੂਹਰੇ ਦੂਹਰੇ ਕਈ ਕਈ ਜੋੜੇ ਬਣਾ ਲੈਂਦੇ। ਗੁਰੂ ਸਾਹਿਬ ਦੇ ਸੁਖ ਆਸਨ ਦੇ ਬਸਤਰਾਂ ਦੀ ਰੋਜਾਨਾ ਸੇਵਾ ਕਰਵਾਉਂਦੇ।
11. ਨਿਤਨੇਮ ਦੇ ਗੁਟਕੇ, ਪੋਥੀਆਂ ਅਤੇ ਸੰਤਾਂ ਮਹਾਂਪੁਰਖਾਂ ਦੀਆਂ ਤਸਵੀਰਾਂ ਵੱਲ ਕੋਈ ਸਿੰਘ ਪੈਰ ਪਸਾਰ ਕੇ ਸੌਂ ਨਹੀਂ ਸਕਦਾ ਸੀ। ਇਸ ਤਰ੍ਹਾਂ ਸਿੰਘਾਂ ਨੂੰ ਬਹੁਤ ਪਿਆਰ ਨਾਲ ਸਮਝਾਉਂਦੇ ਸਨ।

## ਸਿੱਖ ਲਈ ਗੁਰੂ ਦੀ ਸੇਵਾ ਜਰੂਰੀ

ਮਹਾਂਪੁਰਖ ਆਮ ਬਚਨ ਕਰਿਆ ਕਰਦੇ ਕਿ ਆਪਣੇ ਸਤਿਗੁਰਾਂ ਦੀ ਸੇਵਾ ਤੋਂ ਬਗੈਰ ਭਗਤੀ ਨਹੀਂ ਹੋ ਸਕਦੀ। ਹਜੂਰ ਦਾ ਫੁਰਮਾਨ ਹੈ।

***ਗੁਰ ਸੇਵਾ ਬਿਨੁ ਭਗਤਿ ਨ ਹੋਈ॥ਅਨੇਕ ਜਤਨ ਕਰੈ ਜੇ ਕੋਈ॥***

***ਆਦਿ ੧੩੪੨***

ਸੇਵਾ ਕਰਦੇ ਸਮੇਂ ਸਿੱਖ ਨੂੰ ਗੁਰੂ ਦੀ ਆਗਿਆ ਵਿੱਚ ਰਹਿਣਾ ਚਾਹੀਦਾ ਹੈ। ਆਗਿਆ ਤੋਂ ਬਗੈਰ ਬਣਾਈ ਹੋਈ ਜਾਇਦਾਦ ਕਰਕੇ ਸਗੋਂ ਸਿੱਖ ਬੇਮੁੱਖ ਹੋ ਕੇ ਨਰਕਗਾਮੀ ਹੋ ਜਾਂਦਾ ਹੈ। ਹਜੂਰ ਦਾ ਫੁਰਮਾਨ ਹੈ।

***ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ॥***
***ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ॥***

***ਆਦਿ ੧੩੩੪***

**ਸਾਖੀ:** ਪਾਤਿਸ਼ਾਹੀ ੯ ਵੱਲੋਂ ਧਮਧਾਨ ਸਾਹਿਬ ਦੇ ਭਾਈ ਦੱਗੋ ਕਿਸਾਨ ਨੂੰ ਖੂਹ, ਬਾਗ ਅਤੇ ਧਰਮਸ਼ਾਲਾ ਬਣਾਉਣ ਦਾ ਉਪਦੇਸ

## ਅੰਮ੍ਰਿਤ ਵੇਲੇ ਦੀ ਸੰਭਾਲ ਦਾ ਅਰਥ

ਮਹਾਂਪੁਰਖ ਬਚਨ ਕਰਿਆ ਕਰਦੇ ਕਿ ਸਿੱਖ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਪਾਣੀ ਕਰਕੇ ਨਿੱਤਨੇਮ ਅਨੁਸਾਰ ਪਵਿੱਤਰ ਬਾਣੀ ਪੜ੍ਹ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਚਾਹੀਦੀ ਹੈ। ਇਸ ਸਮੇਂ ਦਰੱਖਤਾਂ ਤੇ ਕੋਈ ਪੰਛੀ ਬਗੈਰਾ ਵੀ ਨਹੀਂ ਬੋਲਦਾ। ਸਾਰਾ ਵਾਤਾਵਰਨ ਸੰਸਾਰੀ ਰੋਲ ਘਚੋਲੇ ਤੋਂ ਰਹਿਤ ਹੁੰਦਾ ਹੈ। ਸੋ

ਸਿੱਖ ਨੂੰ ਸਵਾ ਪਹਿਰ ਰਾਤ ਰਹਿੰਦੀ ਜਾਗ ਕੇ ਆਪਣੀ ਸੁਰਤ ਸਤਗੁਰਾਂ ਦੇ ਚਰਨਾਂ ਵਿੱਚ ਜੋੜਨੀ ਚਾਹੀਦੀ ਹੈ। ਉਸ ਤੋਂ ਉਪਰੰਤ ਇਸ਼ਨਾਨ ਕਰਕੇ ਗੁਰੂ ਘਰ ਜਾਣਾ ਚਾਹੀਦਾ ਹੈ।

*ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ॥*
*ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ॥ ਆਦਿ ੭੧੦*

## ਨਿੰਦਾ ਚੁਗਲੀ ਗਾਲੀ ਗਲੋਚ ਨਾ ਕਰਨੀ

ਮਹਾਂਪੁਰਖ ਬਚਪਨ ਤੋਂ ਹੀ ਕਿਸੇ ਦੀ ਨਿੰਦਾ ਚੁਗਲੀ ਨਹੀਂ ਕਰਦੇ ਸਨ। ਉਨ੍ਹਾਂ ਨੇ ਕਦੇ ਵੀ ਕਿਸੇ ਪਸ਼ੂ ਪੰਛੀ ਜਾਨਵਰ ਨੂੰ ਗਾਲ ਨਹੀਂ ਕੱਢੀ। ਅਵਾਰਾ ਕੁੱਤੇ ਨੂੰ ਡਾਂਗ ਨਾਲ ਡਰਾਉਂਦੇ ਸਨ, ਮਾਰਦੇ ਨਹੀਂ ਸਨ। ਬਲਦਾਂ, ਗਾਵਾਂ ਅਤੇ ਮੱਝਾਂ ਦੇ ਕਦੇ ਸੋਟੀ ਨਹੀਂ ਮਾਰੀ। ਮਹਾਂਪੁਰਖਾਂ ਦਾ ਅਜਿਹਾ ਪ੍ਰਭਾਵ ਸੀ ਕਿ ਉਨ੍ਹਾਂ ਦੇ ਸਾਹਮਣੇ ਵੀ ਕੋਈ ਨਿੰਦਾ ਚੁਗਲੀ ਜਾਂ ਗਾਲੀ ਗਲੋਚ ਨਹੀਂ ਕਰ ਸਕਦਾ ਸੀ। ਉਨ੍ਹਾਂ ਦੇ ਸਾਹਮਣੇ ਕੋਈ ਵੀ ਵਿਅਕਤੀ ਜਾਨਵਰ ਜਾਂ ਪਸ਼ੂ ਦੇ ਡੰਡਾ ਨਹੀਂ ਮਾਰ ਸਕਦਾ ਸੀ। ਸਤਿਗੁਰਾਂ ਦਾ ਫੁਰਮਾਣ ਹੈ:

*ਚੋਰ ਜਾਰ ਜੂਆਰ ਤੇ ਬੁਰਾ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ॥*
*ਆਦਿ ੧੧੪੫*

## ਧਾਗੇ, ਤਵੀਤ ਅਤੇ ਜੰਤਰ ਮੰਤਰ ਦੀ ਮਨਾਹੀ

ਜਿਹੜੇ ਲਾਲਚੀ ਲੋਕ ਭੋਲੇ ਭਾਲੇ ਲੋਕਾਂ ਨੂੰ ਧਾਗੇ, ਤਵੀਤਾਂ ਅਤੇ ਜੰਤਰ ਮੰਤਰ ਦਿੰਦੇ ਸਨ ਮਹਾਂਪੁਰਖ ਉਨ੍ਹਾਂ ਨੂੰ ਪੜਦੇ ਨਾਲ ਮਿਲਕੇ ਪਿਆਰ ਨਾਲ ਸਮਝਾਉਂਦੇ ਸਨ ਕਿ ਜਿਸ ਮਾਇਆ ਵਾਸਤੇ ਤੁਸੀਂ ਇਹ ਲੋਕਾਂ ਵਿਚ ਭਰਮ ਪੈਦਾ ਕਰਦੇ ਹੋ ਇਸ ਮਾਇਆ ਨੇ ਤੁਹਾਡਾ ਸਾਥ ਨਹੀਂ ਦੇਣਾ। ਬਾਣੀ ਅਤੇ ਇਤਿਹਾਸ ਸੁਣਾ ਕੇ ਉਨ੍ਹਾਂ ਨੂੰ ਪਖੰਡ ਵਾਲੇ ਕਰਮਾਂ ਤੋਂ ਛੁਟਕਾਰਾ ਪਵਾ ਦਿੰਦੇ ਸਨ। ਬਚਨ ਕਰਕੇ ਨਿਸਚਾ ਕਰਵਾਉਂਦੇ ਸਨ ਕਿ ਪਰਮੇਸਰ ਸਭ ਦੇ ਕਾਰਜ ਆਪ ਰਾਸ ਕਰਦਾ ਹੈ ਇਸ ਲਈ ਸਾਨੂੰ ਹੰਕਾਰ ਨਹੀਂ ਕਰਨਾ ਚਾਹੀਦਾ।

## ਭੂਤਾਂ ਪ੍ਰੇਤਾਂ ਬਾਰੇ

ਕਈ ਵਾਰੀ ਵੱਡੇ ਪਰਿਵਾਰਾਂ ਵਿਚ ਘਰੇਲੂ ਝਗੜੇ ਹੁੰਦੇ ਰਹਿੰਦੇ। ਪਰਿਵਾਰ ਦੀ ਕੋਈ ਨੂੰਹ ਅਜਿਹੀ ਹਰਕਤ ਕਰ ਦਿੰਦੀ ਜਿਵੇਂ ਆਦਮੀਆਂ ਦੀ ਤਰ੍ਹਾਂ ਉਚੀ ਅਵਾਜ ਕੱਢ ਕੇ ਗਾਲੀ ਗਲੋਚ ਕਰਨੀ, ਸਿਰ ਮਾਰਨਾ ਜਾਂ ਘੁਮਾਉਣਾ, ਘਰ ਵਿੱਚ ਅੱਖ ਬਚਾ ਕੇ ਕੱਪੜਿਆਂ ਨੂੰ ਅੱਗ ਲਗਾ ਦੇਣੀ ਜਾਂ ਕਿਸੇ ਪਸ਼ੂ ਨੂੰ ਜਹਿਰ ਦੇ ਦੇਣੀ ਆਦਿ। ਅਜਿਹਾ ਮਾਮਲਾ ਜਦੋਂ ਮਹਾਂਪੁਰਖਾਂ ਕੋਲ ਕੋਈ ਪਰਿਵਾਰ ਲੈ ਕੇ ਆਉਂਦਾ ਤਾਂ

ਮਹਾਂਪੁਰਖ ਉਸ ਨੂੰ ਪੜਦੇ ਨਾਲ ਸਮਝਾ ਦਿੰਦੇ। ਦੁਬਾਰਾ ਘਰ ਵਿਚ ਕੋਈ ਅਜਿਹੀ ਹਰਕਤ ਨਹੀਂ ਹੁੰਦੀ ਸੀ।

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥ ਆਦਿ ੨੭੬***

ਭੂਤ ਪ੍ਰੇਤ ਆਦਿ ਸਭ ਕੁਝ ਹੈ ਪਰ ਇਹ ਉਨ੍ਹਾਂ ਘਰਾਂ ਵਿੱਚ ਆਉਂਦੇ ਹਨ ਜਿਨ੍ਹਾਂ ਦੀ ਰਹਿਣੀ ਬਹਿਣੀ ਉਨ੍ਹਾਂ ਵਰਗੀ ਹੁੰਦੀ ਹੈ।

***ਹਿੰਦੂ ਕੈ ਘਰਿ ਹਿੰਦੂ ਆਵੈ॥ ਆਦਿ ੯੫੧***

ਗੁਰਸਿੱਖਾਂ ਨੂੰ ਆਪਣਾ ਜੀਵਨ ਉਚਾ ਅਤੇ ਸੁੱਚਾ ਰੱਖਣਾ ਚਾਹੀਦਾ ਹੈ। ਗਰੀਬੀ ਹੁੰਦੇ ਹੋਏ ਉਸ ਵਾਹਿਗੁਰੂ ਦੀ ਰਜਾ ਵਿਚ ਰਹਿਣਾ ਚਾਹੀਦਾ ਹੈ। ਜਿਸ ਪਰਮੇਸਰ ਨੇ ਮਨੁੱਖਾ ਜਨਮ ਦਿੱਤਾ ਹੈ ਉਸ ਦੇ ਹੁਕਮ ਵਿਚ ਰਹਿ ਕੇ ਉਦਮ ਕਰਕੇ ਦਲਿੱਦਰ ਨੂੰ ਦੂਰ ਕਰਨਾ ਚਾਹੀਦਾ ਹੈ। ਵਿਚਾਰ ਨਾਲ ਸਾਰੇ ਘਰੇਲੂ ਝਗੜਿਆਂ ਦਾ ਹੱਲ ਨਿੱਕਲ ਆਉਂਦਾ ਹੈ। ਅਨਪੜ੍ਹ ਅਤੇ ਮੱਤਹੀਣ ਘਰ ਵਾਲੀਆਂ ਸਿਆਣਿਆਂ ਕੋਲ ਜਾ ਕੇ ਆਪਣੇ ਘਰਾਂ ਨੂੰ ਬਰਬਾਦ ਕਰ ਲੈਂਦੀਆਂ ਹਨ।

## ਜੁਆਨੀ ਦੀ ਸੰਭਾਲ ਬਾਰੇ

ਮਹਾਂਪੁਰਖ ਨੌਜੁਆਨਾਂ ਨੂੰ ਸਮਾਝਾਉਂਦੇ ਕਿ ਜੁਆਨੀ ਹੜ ਦੀ ਤਰਾਂ ਹੈ। ਜਿਵੇਂ ਬਰਸਾਤ ਦੇ ਦਿਨਾਂ ਵਿਚ ਜਦੋਂ ਜੋਰਦਾਰ ਮੀਂਹ ਪੈਂਦੇ ਹਨ ਤਾਂ ਨਦੀਆਂ ਵਿਚ ਪਾਣੀ ਦਾ ਹੜ ਆ ਜਾਂਦਾ ਹੈ। ਨਦੀ ਨੂੰ ਪਾਰ ਕਰਦੇ ਸਮੇਂ ਜੇਕਰ ਰਾਹਗੀਰ ਦੇ ਪੈਰ ਚੁੱਕੇ ਜਾਣ ਤਾਂ ਉਹ ਰੁੜ ਜਾਂਦਾ ਹੈ ਸੰਭਲ ਨਹੀਂ ਸਕਦਾ। ਇਸ ਤਰਾਂ ਜਿਸ ਨੇ ਜੁਆਨੀ ਸਮੇਂ ਵਿਚ ਸੰਗਤ ਦਾ ਆਸਰਾ ਨਾ ਲਿਆ ਇਕੱਲਾ ਰਿਹਾ ਤਾਂ ਉਹ ਰਾਹਗੀਰ ਦੀ ਤਰ੍ਹਾਂ ਬਚ ਨਹੀਂ ਸਕਦਾ। ਇਸ ਲਈ ਜੁਆਨੀ ਪੈਰੇ ਅੰਦਰ ਇਕੱਲਾ ਨਹੀਂ ਰਹਿਣਾ ਚਾਹੀਦਾ। ਪਰਤੱਖ ਤੌਰ ਤੇ ਮਾਪਿਆਂ ਦੀ ਹਾਜ਼ਰੀ ਜਾਂ ਮਹਾਂਪੁਰਖਾਂ ਦੀ ਬਖਸ਼ਿਸ਼ ਬੁਰੇ ਕਰਮਾਂ ਤੋ ਰੱਖਿਆ ਕਰ ਸਕਦੀ ਹੈ। ਮਹਾਂਪੁਰਖ ਗੁਰੁ ਮਹਾਰਾਜ ਦਾ ਬਚਨ ਸੁਣਾਇਆ ਕਰਦੇ:

***ਪਰ ਧਨ ਪਰ ਦਾਰਾ ਪਰ ਹਰੀ ॥ ਤਾ ਕੈ ਨਿਕਟਿ ਬਸੈ ਨਰ ਹਰੀ॥***
***ਆਦਿ ੧੧੬੩***

ਜੁਆਨੀ ਸਮੇਂ ਜਦੋਂ ਕੋਈ ਪਰਾਇਆ ਸਰੂਪ ਸਾਹਮਣੇ ਦਿਸੇ ਤਾਂ ਉਸ ਵੇਲੇ ਆਪਣੀ ਨਿਗ੍ਹਾ ਥੱਲੇ ਕਰ ਲਓ। ਜਿਹੜਾ ਪਰਾਏ ਸਰੂਪ ਨੂੰ ਗਲਤ ਭਾਵਨਾ ਨਾਲ ਵੇਖੇਗਾ ਉਹ ਕਦੇ ਵੀ ਬਚ ਨਹੀਂ ਸਕੇਗਾ।

**ਸਾਖੀ:** ਅਜਾਮਲ ਪਾਪੀ ਦਾ ਮਹਾਂਪੁਰਖਾਂ ਦੇ ਬਚਨ ਕਮਾਉਣ ਨਾਲ ਉਧਾਰ ਹੋਣਾ।

## ਗੁਰਬਾਣੀ ਗੁਰੂ ਸਰੂਪ ਹੈ

ਜਿਹੜੇ ਪਖੰਡੀ ਲੋਕ ਆਪਣੀ ਪ੍ਰਭਤਾ ਦੇ ਵਾਸਤੇ ਪਵਿੱਤਰ ਬਾਣੀ ਦੇ ਅਖੰਡ ਪਾਠ ਹੁਕਮ ਕਰਕੇ ਕਰਵਾਉਂਦੇ ਸਨ ਕਿ ਤੁਹਾਡਾ ਕਾਰਜ ਠੀਕ ਹੋ ਜਾਵੇਗਾ, ਉਨ੍ਹਾਂ ਨੂੰ ਵੀ ਇਕੱਲੇ ਮਿਲ ਕੇ ਪੜਦੇ ਨਾਲ ਸਮਝਾਉਂਦੇ ਸਨ ਕਿ ਬਾਣੀ ਗੁਰੂ ਸਰੂਪ ਹੈ, ਇਸ ਨੂੰ ਆਮਦਨ ਦਾ ਸਾਧਨ ਨਾ ਬਣਾਓ। ਇਸ ਤਰ੍ਹਾਂ ਕਰਨ ਨਾਲ ਆਪਣੇ ਗੁਰੂ ਦੀ ਭਾਰੀ ਨਿਰਾਦਰੀ ਹੈ। ਨਿਰਾਦਰੀ ਕਰਨ ਨਾਲ ਲੋਕ ਤੇ ਪਰਲੋਕ ਵਿੱਚ ਸਾਡਾ ਸਤਿਕਾਰ ਨਹੀਂ ਹੋਣਾ। ਅਖੰਡ ਪਾਠ ਸਾਹਿਬ ਤਾਂ ਸਰਧਾ ਭਾਵਨਾ ਨਾਲ ਹੀ ਹੋਣਾ ਚਾਹੀਦਾ ਹੈ।

## ਸਤਿਗੁਰਾਂ ਦੇ ਪਰਤੱਖ ਦਰਸ਼ਨ

ਮਹਾਂਪੁਰਖਾਂ ਕੋਲ ਆ ਕੇ ਜਦੋਂ ਕੋਈ ਜਗਿਆਸੂ ਬੇਨਤੀ ਕਰਦਾ ਕਿ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਦਸਾਂ ਸਤਿਗੁਰਾਂ ਦੇ ਪਰਤੱਖ ਦਰਸ਼ਨ ਨਹੀਂ ਹੋਏ ਤਾਂ ਮਹਾਂਪੁਰਖ ਬਚਨ ਕਰਿਆ ਕਰਦੇ ਕਿ ਇਹ ਇੱਛਾ ਤੁਹਾਡੀ ਮਨਮੱਤ ਹੈ। ਸਤਿਗੁਰਾਂ ਦੀ ਪਵਿੱਤਰ ਬਾਣੀ ਭਾਵਨਾ ਨਾਲ ਪੜ੍ਹੋ ਅਤੇ ਸੁਣੋ। ਤੁਹਾਡੀ ਭਾਵਨਾ ਨੂੰ ਪਰਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਵਿਚੋਂ ਦਸਾਂ ਸਤਿਗੁਰਾਂ ਦੇ ਦਰਸ਼ਨ ਕਰਵਾ ਸਕਦੇ ਹਨ। ਪ੍ਰਤਿਗਿਆ ਲੈਣ ਦੀ ਬਜਾਏ ਭਰੋਸਾ ਰੱਖੋ। ਜਦੋਂ ਪਵਿੱਤਰ ਬਾਣੀ ਨਾਲ ਸਾਡੇ ਮਨ ਦੇ ਫੁਰਨੇ ਰੁਕ ਗਏ ਤਾਂ ਦਸਾਂ ਸਤਿਗੁਰਾਂ ਦੇ ਪਵਿੱਤਰ ਦਰਸ਼ਨ ਵੀ ਹੋ ਜਾਂਦੇ ਹਨ। ਇਹ ਦਰਸ਼ਨ ਕੇਵਲ ਝਲਕਾਰੇ ਮਾਤਰ ਹੀ ਨਹੀਂ ਹੁੰਦੇ ਸਗੋਂ ਅਵਸਥਾ ਵੀ ਬਣ ਜਾਵੇਗੀ। ਜੋ ਵੀ ਅਸੀਂ ਇਨ੍ਹਾਂ ਨੇਤਰਾਂ ਨਾਲ ਵੇਖ ਰਹੇ ਹਾਂ ਇਹ ਸਭ ਪਰਮੇਸਰ ਦਾ ਹੀ ਸਰੂਪ ਹੈ। ਗੁਰੂ ਹਮੇਸ਼ਾਂ ਸਾਡੇ ਅੰਗ ਸੰਗ ਹੈ। ਇਸ ਲਈ ਗੁਰਮਤਿ ਦੇ ਉਲਟ ਹੋ ਕੇ ਆਤਮ ਹੱਤਿਆ ਆਦਿ ਦਾ ਕੋਈ ਫੁਰਨਾ ਨਾ ਕਰੋ।

ਮਹਾਂਪੁਰਖਾਂ ਨੇ ਦਸਿਆ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਸਰਬੰਸ ਵਾਰ ਕੇ ਸਾਰੀ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਹੁਕਮ ਕੀਤਾ ਕਿ ਇਹ ਦਸਾਂ ਗੁਰਾਂ ਦੀ ਦੇਹ ਹਨ। ਹੁਣ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਤੋਂ ਬਾਅਦ ਪਹਿਲੇ ਦਸਾਂ ਸਰੂਪਾਂ ਦੇ ਦਰਸ਼ਨਾਂ ਦੀ ਇੱਛਾ ਲਈ ਹਠ ਨਹੀਂ ਕਰਨਾ ਚਾਹੀਦਾ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦੇ ਕੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਦਿਤਾ ਅਤੇ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੇ ਕੇ ਗੁਰੂ ਅਮਰਦਾਸ ਜੀ ਨੂੰ ਤੀਜੇ ਪਾਤਸ਼ਾਹ ਬਣਾ ਦਿਤਾ ਤਾਂ ਕਿਸੇ ਸਿੱਖ ਨੇ ਤਤਕਾਲੀ ਸਤਿਗੁਰਾਂ ਨੂੰ ਇਹ ਬੇਨਤੀ ਨਹੀਂ ਕੀਤੀ ਕਿ ਮੈਨੂੰ ਪਿਛਲੇ ਹੋ ਚੁੱਕੇ ਸਤਿਗੁਰਾਂ ਦੇ ਦਰਸ਼ਨ ਕਰਵਾਉ ਜੀ। ਇਸ ਤਰ੍ਹਾਂ ਗੁਰ ਇਤਿਹਾਸ ਵਿਚ ਦਸਵੇਂ ਪਾਤਸ਼ਾਹ ਤੱਕ ਕਿਧਰੇ ਵੀ ਅਜਿਹਾ ਕੋਈ ਪ੍ਰਸੰਗ ਨਹੀਂ ਹੈ। ਸਾਨੂੰ ਸ੍ਰੀ ਗੁਰੂ ਗ੍ਰੰਥ

ਸਾਹਿਬ ਤੇ ਪ੍ਰਤੱਖ ਗੁਰਾਂ ਦੀ ਦੇਹ ਦਾ ਨਿਸ਼ਚਾ ਹੋਣਾ ਚਾਹੀਦਾ ਹੈ। ਇਨ੍ਹਾਂ ਦਾ ਹੁਕਮ ਮੰਨਣ ਵਿਚ ਹੀ ਸਾਡਾ ਭਲਾ ਹੈ।

ਇਕ ਵਾਰੀ ਮਹਾਂਪੁਰਖਾਂ ਨੇ ਪਹਿਰ ਰਾਤ ਰਹਿੰਦੀ ਕੇਸੀ ਇਸ਼ਨਾਨ ਕਰਵਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਪ੍ਰੇਮੀ ਸਿੰਘਾਂ ਨੂੰ ਪਰਤੱਖ ਦਰਸ਼ਨ ਕਰਵਾਏ ਸਨ। ਫੇਰ ਬਚਨ ਕੀਤੇ ਹੁਣ ਅਗਾਂਹ ਨੂੰ ਆਪ ਉੱਦਮ ਕਰਕੇ ਹਮੇਸ਼ਾਂ ਵਾਸਤੇ ਇਸ ਅਵਸਥਾ ਦਾ ਅਨੰਦ ਲੈ ਸਕਦੇ ਹੋ।

## ਤੰਬਾਕੂ ਦੀ ਖੇਤੀ ਅਤੇ ਵਰਤੋਂ ਨੂੰ ਬੰਦ ਕਰਾਉਣਾ

ਜਦੋਂ ਮਹਾਂਪੁਰਖਾਂ ਨੂੰ ਕੋਈ ਪਰਿਵਾਰ ਗੁਰਪੁਰਬਾਂ ਵਾਲੇ ਦਿਨ ਜਾਂ ਆਪਣੀ ਪਰਿਵਾਰਕ ਖੁਸ਼ੀ ਵਾਲੇ ਸਮੇਂ ਪ੍ਰਸ਼ਾਦਾ ਛਕਾਉਣ ਬਾਰੇ ਬੇਨਤੀ ਕਰਦਾ ਤਾਂ ਆਪ ਜੀ ਅੱਗੋਂ ਪੁੱਛ ਲੈਂਦੇ ਕਿ ਘਰ ਵਿੱਚ ਕੋਈ ਜੀਅ ਤੰਬਾਕੂ ਦੀ ਵਰਤੋਂ ਤਾਂ ਨਹੀਂ ਕਰਦਾ ਤਾਂ ਅਸੀਂ ਪ੍ਰਸ਼ਾਦੇ ਦੀ ਸੇਵਾ ਦੇਵਾਂਗੇ। ਜਿਹੜੇ ਲੋਕ ਤੰਬਾਕੂ ਦੀ ਖੇਤੀ ਕਰਦੇ ਸਨ ਉਨ੍ਹਾਂ ਨੂੰ ਲੰਗਰ ਦੀ ਸੇਵਾ ਦੇਣ ਤੋਂ ਸੰਕੋਚ ਰੱਖਦੇ। ਉਨ੍ਹਾਂ ਨੂੰ ਸਮਝਾਉਂਦੇ ਜਿੰਨੇ ਪੈਸੇ ਤੁਸੀਂ ਤੰਬਾਕੂ ਦੀ ਖੇਤੀ ਨਾਲ ਕਮਾਉਂਦੇ ਹੋ ਉਨ੍ਹਾਂ ਵਿੱਚ ਬਰਕਤ ਨਹੀਂ ਪੈ ਸਕਦੀ। ਸਤਿਗੁਰਾਂ ਦੇ ਹੁਕਮ ਦੀ ਉਲੰਘਣਾ ਕਰਨ ਨਾਲ ਪਾਪ ਲਗਦਾ ਹੈ ਜਿਸ ਕਰਕੇ ਦਰਗਾਹ ਵਿੱਚ ਵੀ ਢੋਈ ਨਹੀਂ ਮਿਲਣੀ। ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੀ ਅੰਸ ਬੰਸ ਵੀ ਰੋਗੀ ਹੋਵੇਗੀ। ਉਹ ਪਾਪ ਵੀ ਤੰਬਾਕੂ ਦੀ ਖੇਤੀ ਕਰਨ ਵਾਲਿਆਂ ਨੂੰ ਲਗੇਗਾ। ਗੁਰਬਾਣੀ ਅਤੇ ਇਤਿਹਾਸ ਸੁਣਾਕੇ ਲੋਕਾਂ ਨੂੰ ਇਸ ਤਰ੍ਹਾਂ ਤੰਬਾਕੂ ਦੀ ਖੇਤੀ ਅਤੇ ਵਰਤੋਂ ਕਰਨ ਤੋਂ ਹਟਾਇਆ।

**ਸਾਖੀ:** ਤੰਬਾਕੂ ਦੇ ਖੇਤ ਵਿਚ ਕਲਗੀਧਰ ਦੇ ਘੋੜੇ ਦਾ ਨਾ ਵੜਨਾ।

## ਪਰਾਈ ਜਾਇਦਾਦ ਦੀ ਆਸ ਤੋਂ ਹਟਾਉਣਾ

ਪਰਾਈ ਜਾਇਦਾਦ ਦੀ ਆਸ ਰੱਖਣ ਵਾਲੇ ਲਾਲਚੀਆਂ ਨੂੰ ਸਮਝਾਉਣਾ ਕਿ ਤੁਸੀਂ ਇਹ ਜਹਿਰ ਆਪਣੇ ਹੱਥੀਂ ਆਪਣੀ ਅੰਸ ਬੰਸ ਨੂੰ ਦੇ ਕੇ ਜਾਓਗੇ। ਜਿਸ ਨਾਲ ਤੁਹਾਡੀ ਆਪਣੀ ਅੰਸ ਬੰਸ ਦਾ ਨੁਕਸਾਨ ਹੋਵੇਗਾ ਅਤੇ ਦਰਗਾਹ ਵਿੱਚ ਤੁਹਾਨੂੰ ਸਜਾ ਮਿਲੇਗੀ। ਦੂਜਾ ਤੁਹਾਡੀ ਸੰਤਾਨ ਵੀ ਸੁਖੀ ਨਹੀਂ ਰਹੇਗੀ। ਸਮਾਂ ਆਉਣ ਨਾਲ ਅਲ੍ਹਾਮਤਾਂ ਬੀਮਾਰੀਆਂ ਤੁਹਾਡੀ ਅੰਸ ਬੰਸ ਵਿੱਚ ਆਉਣਗੀਆਂ। ਸਾਰਾ ਕੁਝ ਬਰਬਾਦ ਹੋ ਜਾਵੇਗਾ।

**ਸਾਖੀ:** ਸੇਵਾ ਨਾਲ ਦੁਖਾਂ ਤੋਂ ਛੁਟਕਾਰਾ ਪਾਉਣਾ

**ਸਾਖੀ:** ਪਾਤਿਸ਼ਾਹੀ ੯ ਵੱਲੋਂ ਧਮਧਾਨ ਸਾਹਿਬ ਦੇ ਭਾਈ ਦੱਗੋ ਕਿਸਾਨ ਨੂੰ ਖੂਹ, ਬਾਗ ਅਤੇ ਧਰਮਸ਼ਾਲਾ ਬਣਾਉਣ ਦਾ ਉਪਦੇਸ

## ਮਹਾਂਪੁਰਖਾਂ ਦਾ ਤਿਆਗੀ ਸੁਭਾਅ

ਕਈ ਵਾਰੀ ਕੁਝ ਐਸੇ ਸਮੇਂ ਵੀ ਆਏ ਕਿ ਕੁਝ ਪਰਿਵਾਰ ਮਹਾਂਪੁਰਖਾਂ ਨੂੰ ਜਮੀਨ ਦੇਣਾ ਚਾਹੁੰਦੇ ਸਨ। ਉਹ ਜਮੀਨਾਂ ਆਪ ਜੀ ਨੇ ਅੰਗੀਕਾਰ ਨਹੀਂ ਕੀਤੀਆਂ। ਉਨ੍ਹਾਂ ਪਰਿਵਾਰਾਂ ਦੇ ਮਨ ਵਿੱਚ ਇਹ ਗੱਲ ਘਰ ਕਰ ਗਈ ਸੀ ਕਿ ਸਾਡੇ ਕਾਰਜ ਮਹਾਂਪੁਰਖਾਂ ਦੇ ਬਚਨਾਂ ਸਦਕਾ ਹੋਏ ਹਨ। ਮਹਾਂਪੁਰਖਾਂ ਨੇ ਪਰਿਵਾਰਾਂ ਨੂੰ ਸਮਝਾਇਆ ਕਿ ਤੁਹਾਡੇ ਕਾਰਜ ਗੁਰੂ ਮਹਾਰਾਜ ਦੀ ਕਿਰਪਾ ਨਾਲ ਰਾਸ ਹੋਏ ਹਨ।

*ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥*
*ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥* *ਆਦਿ ੨੫੭*

ਫਰੀਦਪੁਰ ਨਗਰ ਦਾ ਰਹਿਣ ਵਾਲਾ ਇੱਕ ਅਮੀਰ ਸਰਦਾਰ ਹਰਦੀਪ ਸਿੰਘ ਸੀ ਜਿਸ ਦਾ ਸਰਦਾਰ ਤਾਰਾ ਸਿੰਘ ਨਿਵਾਸੀ ਉਪਲਹੇੜੀ ਨਾਲ ਬਹੁਤ ਪਿਆਰ ਸੀ। ਇਕ ਦਿਨ ਉਹ ਕਹਿਣ ਲੱਗਿਆ ਕਿ ਮੈਂ ਬਾਰ ਤੋਂ ਆ ਕੇ ਇਸ ਇਲਾਕੇ ਵਿਚ ਕਿਸੇ ਪੂਰਨ ਪੁਰਖ ਦੇ ਦਰਸ਼ਨ ਨਹੀਂ ਕੀਤੇ ਸਰਦਾਰ ਤਾਰਾ ਸਿੰਘ ਜੀ ਕਹਿਣ ਲੱਗੇ ਕਿ ਤੁਹਾਡੇ ਮਨ ਦੀ ਇੱਛਾ ਪੂਰੀ ਕਰਵਾ ਦਿਆਂਗੇ। ਉਹ ਮਹਾਂਪੁਰਖ ਹਰ ਹਫਤੇ ਸਹਿਜ ਪਾਠ ਕਰਕੇ ਭੋਗ ਪਾਉਂਦੇ ਹਨ। ਹਾੜੀ ਦੀ ਫਸਲ ਸੰਭਾਲ ਕੇ ਸ. ਹਰਦੀਪ ਸਿੰਘ ਜੀ ਸ. ਤਾਰਾ ਸਿੰਘ ਕੋਲ ਉਪਲਹੇੜੀ ਆ ਕੇ ਕਹਿਣ ਲੱਗੇ ਹੁਣ ਜਦੋਂ ਤੁਸੀਂ ਸਮਾਂ ਕਢੋਗੇ ਤਾਂ ਮਹਾਂਪੁਰਖਾਂ ਦੇ ਦਰਸ਼ਨ ਕਰਨ ਚੱਲਾਂਗੇ। ਸ. ਤਾਰਾ ਸਿੰਘ ਆਪਣੇ ਘਰ ਅਵਾਜ ਦੇ ਕੇ ਸੰਤਾਂ ਵੱਲ ਚੱਲ ਪਏ।

ਜਦੋਂ ਦੋਵੇਂ ਸਰਦਾਰ ਗੁਰੂ ਘਰ ਪਹੁੰਚੇ ਤਾਂ ਮਹਾਂਪੁਰਖ ਨਿੰਮ ਦੀ ਛਾਂ ਥੱਲੇ ਮੰਜੇ ਤੇ ਬੈਠੇ ਸਹਿਜ ਪਾਠ ਕਰ ਰਹੇ ਸਨ। ਮਹਾਂਪੁਰਖਾਂ ਨੇ ਸਬਦ ਪੂਰਾ ਕਰਕੇ ਰੇਹਲ ਤੇ ਪੋਥੀ ਸਾਹਿਬ ਲੈਕੇ ਦੂਜਾ ਮੰਜਾ ਲੈ ਲਿਆ ਅਤੇ ਕਹਿਣ ਲੱਗੇ ਤੁਸੀਂ ਇਸ ਨਰੋਏ ਮੰਜੇ ਤੇ ਸਜ ਜਾਵੋ। ਸ. ਹਰਦੀਪ ਸਿੰਘ ਨੇ ਸੋਚਿਆ ਕਿ ਮਹਾਂਪੁਰਖਾਂ ਦੇ ਸੇਵਾਦਾਰ ਵਿਚ ਕਿੰਨੀ ਨਿਮਰਤਾ ਹੈ। ਅਜੇ ਬੈਠੇ ਹੀ ਸਨ ਕਿ ਘਰੋਂ ਦੁੱਧ ਦਾ ਗੜਵਾ ਆ ਗਿਆ। ਸਾਰਿਆਂ ਨੇ ਦੁੱਧ ਛਕਿਆ। ਦੁੱਧ ਛੱਕਦੇ ਸਮੇਂ ਪਤਾ ਲੱਗਿਆ ਕਿ ਇਹੋ ਹੀ ਮਹਾਂਪੁਰਖ ਹਨ। ਸ. ਹਰਦੀਪ ਸਿੰਘ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਹਰ ਹਫਤੇ ਸਹਿਜ ਪਾਠ ਕਰ ਲੈਂਦੇ ਹੋ ਤੁਹਾਨੂੰ ਕੀ ਪ੍ਰਾਪਤੀ ਹੋਈ ਹੈ। ਮਹਾਂਪੁਰਖ ਕਹਿਣ ਲੱਗੇ ਕਿ ਮੈਨੂੰ ਇਹ ਸਮਝ ਲੱਗੀ ਹੈ ਕਿ ਮੈਂ ਅਜੇ ਕੁਝ ਵੀ ਨਹੀਂ ਕੀਤਾ। ਸਰਦਾਰ ਹੁਰਾਂ ਨੇ ਸਰਧਾ ਨਾਲ ਗੱਲ ਸਮਝੀ ਤੇ ਤਸੱਲੀ ਹੋ ਗਈ। ਦੂਜੀ ਬੇਨਤੀ ਕੀਤੀ ਕਿ ਹਰ ਕੋਈ ਚਾਹੁੰਦਾ ਹੈ ਕਿ ਪੰਥ ਵਿਚ ਏਕਤਾ ਬਣੀ ਰਹੇ ਪਰ ਅਜਿਹਾ ਹੋ ਨਹੀਂ ਰਿਹਾ। ਮਹਾਂਪੁਰਖਾਂ ਨੇ ਆਖਿਆ ਕਿ ਏਕਤਾ ਚਾਹੁਣ ਵਾਲਿਆਂ ਨੂੰ ਵੀਚਾਰ ਕਰਨੀ ਬਣਦੀ ਹੈ ਕਿ ਏਕਤਾ ਦੀ ਕੀ ਲੋੜ ਸੀ, ਤੇ ਕੀ ਹੋਈ, ਅੱਗੇ ਨੂੰ ਕੀ ਕਰਨਾ ਚਾਹੀਦਾ ਹੈ। ਜਿਹੜੇ ਏਕਤਾ ਨੂੰ ਤੋੜਦੇ ਹਨ ਉਨ੍ਹਾਂ ਤੋਂ ਉਮੀਦ ਕਰਨੀ ਨਹੀਂ ਬਣਦੀ। ਸਾਨੂੰ ਜਾਗਣ ਦੀ

ਅਤੇ ਆਪ ਏਕਤਾ ਕਰਣ ਦੀ ਲੋੜ ਹੈ।ਮਹਾਂਪੁਰਖਾਂ ਦੇ ਬਚਨ ਸੁਣ ਕੇ ਕਹਿਣ ਲੱਗੇ ਕਿ ਫੇਰ ਤਾਂ ਸਾਡਾ ਹੀ ਦੋਸ਼ ਹੈ। ਬਹੁਤ ਪ੍ਰੇਮ ਨਾਲ ਬਚਨ ਸੁਣ ਕੇ ਪ੍ਰਭਾਵਿਤ ਹੋਇਆ।

ਥੋੜੇ ਦਿਨਾਂ ਬਾਅਦ ਇੱਕ ਪੁਰਾਣੀ ਵਧੀਆ ਲਾਲ ਟਾਹਲੀ ਦਾ ਸੁੰਦਰ ਪਲੰਘ ਤਿਆਰ ਕਰਵਾ ਕੇ ਸਮੇਤ ਤਲਾਈ ਦੇ ਇਹ ਸਰਦਾਰ ਜੀ ਗੁਰੂ ਘਰ ਵਿਖੇ ਪਹੁੰਚ ਗਏ। ਬੇਨਤੀ ਕਰਨ ਲੱਗੇ ਕਿ ਇਹ ਪਲੰਘ ਸਾਹਿਬ ਆਪ ਜੀ ਵਾਸਤੇ ਵਧੀਆ ਟਾਹਲੀ ਦਾ ਤਿਆਰ ਕਰਵਾਇਆ ਹੈ। ਮਹਾਂਪੁਰਖ ਕਹਿਣ ਲੱਗੇ ਕਿ ਸਾਹਿਬ ਵਾਲੀ ਵਸਤੂ ਸਾਹਿਬ ਕੋਲ ਹੀ ਸੋਭਾ ਪਾਉਂਦੀ ਹੈ ਸੇਵਾਦਾਰ ਤਾਂ ਪਹਿਰੇਦਾਰੀ ਕਰਦੇ ਹੀ ਸੋਹਣੇ ਲੱਗਦੇ ਹਨ। ਇਸ ਤਰ੍ਹਾਂ ਮਹਾਂਪੁਰਖਾਂ ਨੇ ਇਹ ਸੁੰਦਰ ਪਲੰਘਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਅਸਥਾਨ ਨਗਰ ਪਿਲਖਨੀ ਵਿਖੇ ਭੇਜ ਦਿੱਤਾ। ਸ. ਹਰਦੀਪ ਸਿੰਘ ਜੀ ਮਹਾਂਪੁਰਖਾਂ ਦੀ ਸਰਧਾ ਤੇ ਸਬਰ ਸੰਤੋਖ ਵੇਖ ਕੇ ਚਰਨੀਂ ਪੈ ਗਿਆ। ਸੁੰਦਰ ਪਲੰਘਾ ਨੋਵੇਂ ਪਾਤਸ਼ਾਹ ਜੀ ਦੇ ਅਸਥਾਨ ਤੇ ਸਜਾ ਕੇ ਵਾਪਸੀ ਤੇ ਸ. ਤਾਰਾ ਸਿੰਘ ਸਿੰਘ ਜੀ ਨੂੰ ਮਿਲ ਕੇ ਕਹਿਣ ਲੱਗਿਆ ਕਿ ਮੈਂ ਬਾਰ ਵਿਚ ਆਪਣੇ ਬਾਪੂ ਜੀ ਨਾਲ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਬਚਨ ਸੁਣੇ ਸਨ। ਇਨ੍ਹਾਂ ਮਹਾਂਪੁਰਖਾਂ ਦੇ ਦਰਸ਼ਨ ਕਰ ਕੇ ਉਨ੍ਹਾਂ ਦੀ ਯਾਦ ਤਾਜਾ ਹੋ ਗਈ। ਸ. ਤਾਰਾ ਸਿੰਘ ਜੀ ਨੇ ਦੱਸਿਆ ਕਿ ਇਹ ਵੀ ਭਿੰਡਰਾਂ ਵਾਲੇ ਸੰਤਾਂ ਨਾਲ ਲੰਮਾ ਸਮਾ ਰਹੇ ਹਨ।

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ਆਦਿ-੧੩੬੫***

**ਮੌੜਾਂ ਨਗਰ ਦੀ ਜਮੀਨ ਨਾ ਲੈਣ ਬਾਰੇ:-** ਮੌੜਾਂ ਨਗਰ ਵਿੱਚ ਮਹਾਂਪੁਰਖਾਂ ਨੇ ਗੁਰਮਤਿ ਪ੍ਰਚਾਰ ਦੀ ਸੇਵਾ ਕਈ ਸਾਲ ਕੀਤੀ। ਇਸ ਨਗਰ ਦਾ ਇੱਕ ਜਿਮੀਦਾਰ ਪਰਿਵਾਰ ਸੀ। ਉਸ ਦੇ ਪੁੱਤਰ ਦਾ ਵਿਆਹ ਹੋਏ ਨੂੰ ਕਈ ਸਾਲ ਹੋ ਗਏ ਸਨ। ਘਰ ਵਿੱਚ ਕੋਈ ਸੰਤਾਨ ਨਾ ਹੋਈ। ਉਨ੍ਹਾਂ ਨੇ ਆਪਣੀ ਨੂੰਹ ਅਤੇ ਪੁੱਤਰ ਦੇ ਬਹੁਤ ਇਲਾਜ ਕਰਵਾਏ। ਸਿਆਣਿਆਂ ਕੋਲ ਵੀ ਲੈ ਕੇ ਗਏ। ਕਈ ਆਸ਼ਰਮਾਂ ਵਿੱਚ ਜਾ ਕੇ ਸੇਵਾ ਵੀ ਕੀਤੀ ਪਰ ਕਿਸੇ ਥਾਂ ਤੋਂ ਵੀ ਖੈਰ ਨਾ ਪਈ।

ਇੱਕ ਦਿਨ ਮਹਾਂਪੁਰਖਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਬਾਬਾ ਆਦਮ ਸਿੱਧੂ ਦੀ ਸੇਵਾ ਦਾ ਪ੍ਰਸੰਗ ਸੁਣਾਇਆ ਅਤੇ ਦੱਸਿਆ ਕਿ ਗੁਰੂ ਸਾਹਿਬ ਨੇ ਕਿਰਪਾ ਕਰਕੇ ਵੱਡੀ ਉਮਰ ਵਿੱਚ ਵੀ ਪੁੱਤਰ ਦੀ ਦਾਤ ਬਖਸ਼ਿਸ਼ ਕੀਤੀ। ਦੀਵਾਨ ਦੀ ਸਮਾਪਤੀ ਤੋਂ ਬਾਅਦ ਮਾਨ ਪਰਿਵਾਰ ਦਾ ਬਜੁਰਗ ਮਹਾਂਪੁਰਖਾਂ ਕੋਲ ਆ ਕੇ ਬੇਨਤੀ ਕਰਨ ਲੱਗਿਆ ਕਿ ਪੁੱਤਰ ਵਿਆਹੇ ਨੂੰ ਸੱਤ ਅੱਠ ਸਾਲ ਹੋ ਗਏ ਹਨ। ਨੂੰਹ ਤੇ ਸਾਨੂੰ ਤਰਸ ਆਉਂਦਾ ਹੈ। ਉਸ ਦੀ ਕੁੱਖ ਹਰੀ ਨਹੀਂ ਹੋ ਰਹੀ। ਜਮੀਨ ਖੁੱਲ੍ਹੀ

ਹੈ ਦੋ ਟਿਊਬਵੈਲ ਲੱਗੇ ਹੋਏ ਹਨ। ਕੋਈ ਵਾਰਸ ਬਖਸ਼ੋ। ਮਹਾਂਪੁਰਖਾਂ ਨੇ ਨੂੰਹ ਪੁੱਤਰ ਨੂੰ ਗੁਰੂ ਘਰ ਦੀ ਸੇਵਾ ਬਖਸ਼ਿਸ਼ ਕੀਤੀ। ਸੁਭਾਗੀ ਜੋੜੀ ਨੇ ਬਹੁਤ ਪਿਆਰ ਨਾਲ ਸਾਲ ਭਰ ਸੇਵਾ ਕੀਤੀ। ਅਗਲੇ ਸਾਲ ਪੁੱਤਰ ਦੀ ਦਾਤ ਸਤਿਗੁਰਾਂ ਨੇ ਬਖਸ਼ਿਸ਼ ਕੀਤੀ। ਨੂੰਹ ਦੇ ਪੇਕਿਆਂ ਨੇ ਅਤੇ ਸਰਦਾਰ ਜੀ ਨੇ ਆ ਕੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਦੋ ਏਕੜ ਜਮੀਨ ਦੀ ਅਰਦਾਸ ਤੁਹਾਡੇ ਨਾਮ ਕਰਨੀ ਹੈ। ਉਸ ਵਿੱਚ ਬਾਗ ਲਾਓ ਭਾਵੇਂ ਫਸਲ ਬੀਜਾਓ। ਅਸੀਂ ਸੇਵਾ ਕਰਾਂਗੇ। ਮਹਾਂਪੁਰਖਾਂ ਨੇ ਦੋਨਾਂ ਕੁੜਮਾਂ ਨੂੰ ਬਹੁਤ ਪਿਆਰ ਨਾਲ ਸਮਝਾਇਆ। ਉਹ ਕਹਿਣ ਲੱਗੇ ਅਸੀਂ ਖੁਸ਼ੀ ਨਾਲ ਇਹ ਜਮੀਨ ਦੇ ਰਹੇ ਹਾਂ। ਤੁਸੀਂ ਆਗਿਆ ਬਖਸ਼ੋ। ਮਹਾਂਪੁਰਖਾਂ ਨੇ ਆਖਿਆ ਕਿ ਤੁਹਾਡੀ ਨੂੰਹ ਅਤੇ ਪੁੱਤਰ ਸਮੇਤ ਸਾਰੀ ਜਮੀਨ ਮੇਰੀ ਹੀ ਹੈ। ਤੁਸੀਂ ਦੋ ਕਿੱਲੇ ਮੈਨੂੰ ਕਿਉਂ ਅਰਦਾਸ ਕਰਵਾਉਂਦੇ ਹੋ। ਇਸ ਤਰ੍ਹਾਂ ਦੋਨੋਂ ਪਰਿਵਾਰ ਮਹਾਂਪੁਰਖਾਂ ਨੇ ਪਿਆਰ ਨਾਲ ਸਮਝਾਏ। ਇਹ ਪਰਿਵਾਰ ਮਹਾਂਪੁਰਖਾਂ ਦੇ ਦਰਸ਼ਨ ਕਰਨ ਉਪਲਹੇੜੀ ਵੀ ਆਇਆ ਸੀ। ਉਸ ਸਮੇਂ ਸਾਨੂੰ ਉਨ੍ਹਾਂ ਨੇ ਦੱਸਿਆ ਸੀ ਕਿ ਇਹ ਬਹੁਤ ਤਿਆਗੀ ਸਾਧੂ ਹਨ।

**ਫੱਗਣ ਮਾਜਰਾ ਨਗਰ ਦੀ ਜਮੀਨ ਨਾ ਲੈਣ ਬਾਰੇ:-** ਇੱਕ ਵਾਰੀ ਫੱਗਣ ਮਾਜਰੇ ਦੀ ਪੰਚਾਇਤ ਹੰਸਾਲੀ ਵਿਖੇ ਸੰਤ ਬਾਬਾ ਅਜੀਤ ਸਿੰਘ ਜੀ ਮਹਾਂਪੁਰਖਾਂ ਕੋਲ ਗਈ। ਮੱਥਾ ਟੇਕ ਕੇ ਪੰਚਾਇਤ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਫੱਗਣ ਮਾਜਰੇ ਵਿਦਿਆਲਾ ਖੋਲ੍ਹੋ। ਅਸੀਂ ਪੰਜ ਏਕੜ ਜਮੀਨ ਵਿਦਿਆਲੇ ਲਈ ਅਰਦਾਸ ਕਰਾਵਾਂਗੇ। ਹੰਸਾਲੀ ਵਾਲੇ ਮਹਾਂਪੁਰਖਾਂ ਨੇ ਆਖਿਆ ਕਿ ਜੇਕਰ ਤੁਸੀਂ ਵਿਦਿਆਲਾ ਖੋਲ੍ਹਣਾ ਚਾਹੁੰਦੇ ਹੋ ਤਾਂ ਉਪਲਹੇੜੀ ਵਾਲੇ ਮਹਾਂਪੁਰਖਾਂ ਕੋਲ ਬੇਨਤੀਆਂ ਕਰੋ ਕਿਉਂਕਿ ਉਹ ਟਕਸਾਲੀ ਗਿਆਨੀ ਹਨ। ਉਨ੍ਹਾਂ ਦੀ ਆਗਿਆ ਲੈ ਕੇ ਜਮੀਨ ਉਨ੍ਹਾਂ ਦੇ ਨਾਂ ਕਰਵਾ ਦਿਓ। ਪੰਚਾਇਤ ਬਚਨ ਮੰਨ ਕੇ ਉਪਲਹੇੜੀ ਵਾਲੇ ਮਹਾਂਪੁਰਖਾਂ ਕੋਲ ਆਈ ਅਤੇ ਬੇਨਤੀ ਕੀਤੀ ਕਿ ਸਾਨੂੰ ਹੰਸਾਲੀ ਵਾਲੇ ਮਹਾਂਪੁਰਖਾਂ ਨੇ ਭੇਜਿਆ ਹੈ। ਪੰਜ ਏਕੜ ਜਮੀਨ ਅਸੀਂ ਤੁਹਾਡੇ ਨਾਂ ਵਿਦਿਆਲੇ ਵਾਸਤੇ ਕਰਾਉਣੀ ਹੈ ਤੁਸੀਂ ਆਗਿਆ ਬਖਸ਼ੋ। ਮਹਾਂਪੁਰਖਾਂ ਨੇ ਆਖਿਆ ਕਿ ਮੇਰੇ ਕੋਲ ਤਾਂ ਪਹਿਲਾਂ ਹੀ ਕਈ ਅਸਥਾਨ ਪਟਿਆਲਾ, ਮੋਹਾਲੀ, ਚੰਡੀਗੜ੍ਹ, ਨੰਗਲ ਆਦਿ ਹਨ। ਜੇਕਰ ਤੁਸੀਂ ਵਿਦਿਆਲਾ ਜਰੂਰੀ ਬਣਾਉਣਾ ਹੈ ਤਾਂ ਬਾਬਾ ਠਾਕੁਰ ਸਿੰਘ ਜੀ ਕੋਲ ਮਹਿਤੇ ਜਾਓ। ਪੰਚਾਇਤ ਬਚਨ ਮੰਨ ਕੇ ਮਹਿਤੇ ਗਈ ਅੱਗੇ ਉਨਾਂ ਨੇ ਜਵਾਬ ਦੇ ਦਿੱਤਾ ਅਤੇ ਆਖਿਆ ਵਾਪਿਸ ਉਪਲਹੇੜੀ ਜਾਓ ਉਹ ਕਿਸੇ ਸਿੰਘ ਦੀ ਡਿਊਟੀ ਲਗਾ ਦੇਣਗੇ। ਪੰਚਾਇਤ ਮੁੜ ਉਪਲਹੇੜੀ ਮਹਾਂਪੁਰਖਾਂ ਕੋਲ ਪਹੁੰਚ ਗਈ। ਇਨ੍ਹਾਂ ਨੇ ਆਖਿਆ ਕਿ ਜਿਹੜਾ ਪਹਿਲਾਂ ਗੁਰੂ ਘਰ ਹੈ ਉਥੇ ਹੀ ਕੋਈ ਸਿੰਘ ਰੱਖ ਕੇ ਸੰਥਿਆ ਅਰੰਭ ਕਰਵਾ ਲਓ। ਹਾਲੇ ਅਕਾਲ ਪੁਰਖ ਵੱਲੋਂ ਨਵੇਂ ਅਸਥਾਨ ਦੀ ਆਗਿਆ ਨਹੀਂ ਹੈ। ਇਸ ਤਰ੍ਹਾਂ

ਆਪ ਜੀ ਦਾ ਬਹੁਤ ਤਿਆਗੀ ਸੁਭਾਅ ਸੀ।

## ਆਲਸ ਤੋਂ ਰਹਿਤ ਰਹਿਣ ਬਾਰੇ

ਮਹਾਂਪੁਰਖਾਂ ਦਾ ਜੋ ਬਚਪਨ ਵਿਚ ਸੁਭਾਅ ਸੀ ਕਿ ਸਾਰੇ ਕੰਮ ਆਪਣੇ ਮਾਤਾ ਪਿਤਾ ਜੀ ਨਾਲ ਮਿਲ ਕੇ ਕਰਾਉਣੇ ਜਿਵੇਂ ਚੱਕੀ ਨਾਲ ਆਟਾ ਪੀਹਣਾ, ਗਾਵਾਂ ਮੱਝਾਂ ਦੀਆਂ ਧਾਰਾਂ ਕੱਢਣੀਆਂ, ਲੋਹ ਤੇ ਪ੍ਰਸ਼ਾਦੇ ਪਕਾਉਣੇ, ਖੇਤਾਂ ਵਿਚੋਂ ਪੱਠੇ ਲਿਆਉਣੇ, ਟੋਕਾ ਕਰਨਾ, ਗਾਵਾਂ ਮੱਝਾਂ ਚਾਰਨੀਆਂ, ਹਲ ਵਾਹੁਣਾ, ਫਸਲ ਬੀਜਣੀ ਤੇ ਫਸਲ ਕੱਟਣੀ ਇਹ ਸਾਰੇ ਕੰਮ ਬੜੇ ਸ਼ੌਂਕ ਨਾਲ ਕਰਦੇ। ਇਹ ਸ਼ੌਂਕ ਮਹਾਂਪੁਰਖਾਂ ਨੇ ਸਾਰੀ ਉਮਰ ਰੱਖਿਆ। ਟਕਸਾਲ ਵਿਚ ਭਰਤੀ ਹੋ ਕੇ ਰੋਜਾਨਾ ਅੰਮ੍ਰਿਤ ਵੇਲੇ ਨਿਤਨੇਮ, ਆਸਾ ਜੀ ਦੀ ਵਾਰ, ਦਰਬਾਰ ਸਾਹਿਬ ਦੀ ਸੇਵਾ, ਲੰਗਰਾਂ ਦੀ ਸੇਵਾ, ਸ਼ਾਮ ਨੂੰ ਕਥਾ ਤੇ ਕੀਰਤਨ ਦੀ ਸੇਵਾ, ਦਰੀਆਂ ਝਾੜਨ ਦੀ ਸੇਵਾ, ਝਾੜੂ ਦੀ ਸੇਵਾ ਆਦਿ ਆਪਣੇ ਹੱਥੀਂ ਕਰਦੇ। ਸਿੰਘਾਂ ਨੂੰ ਸੰਥਿਆ ਕਰਾਉਂਦੇ ਸਮੇਂ ਆਈ ਸੰਗਤ ਨਾਲ ਸੰਕੋਚਵੇਂ ਬਚਨ,ਕਾਰ ਸੇਵਾ ਸਮੇਂ ਆਪਣੇ ਹੱਥੀਂ ਕਹੀ ਚਲਾਉਣੀ, ਇੱਟਾਂ ਦੀ ਢੋਆ ਢੋਆਈ, ਕੰਧਾਂ ਤੇ ਪਾਣੀ ਛਿੜਕਣਾ, ਕੜਾਹਪ੍ਰਸ਼ਾਦਿ ਦੇ ਬਾਟੇ ਮਾਂਜਣ ਵਾਸਤੇ ਖੇਤਾਂ ਵਿਚੋਂ ਰੇਤਾ ਲਿਆਉਣਾ ਆਦਿ। ਮਹਾਂਪੁਰਖਾਂ ਦੇ ਨੇੜੇ ਤੇੜੇ ਵੀ ਆਲਸ ਨਹੀਂ ਆਉਂਦੀ ਸੀ। ਕਦੇ ਕਿਸੇ ਨੂੰ ਕਹਿਣ ਦੀ ਬਜਾਏ ਸਾਰੀ ਸੇਵਾ ਆਪ ਹੱਥੀਂ ਕਰਨ ਲਗ ਜਾਂਦੇ ਸਨ। ਫੇਰ ਸੰਗਤ ਆਪਣੇ ਆਪ ਕਾਹਲੀ ਨਾਲ ਸੇਵਾ ਕਰਨ ਲਗ ਜਾਂਦੀ ਸੀ। ਜੇਕਰ ਕੋਈ ਆਖਦਾ ਕਿ ਬਾਬਾ ਜੀ ਤੁਸੀਂ ਖੇਚਲ ਨਾ ਕਰੋ ਅਗੋਂ ਮਹਾਂਪੁਰਖ ਆਖਦੇ ਕਿ ਭਾਈ ਮੈਨੂੰ ਵੀ ਸੇਵਾ ਕਰਨ ਦਾ ਹੱਕ ਹੈ। ਮੈਂ ਆਪਣਾ ਹੱਕ ਕਿਵੇਂ ਛੱਡਾਂ। ਦੂਜਾ ਇਹ ਕਿ ਜੇ ਮੈਂ ਆਪ ਸੇਵਾ ਕਰਾਂਗਾ ਤਾਂ ਬਾਕੀ ਸਾਰੇ ਸਿੰਘ ਤੇ ਸੰਗਤਾਂ ਸੇਵਾ ਕਰਨਗੀਆਂ। ਇਹੋ ਕਾਰਨ ਸੀ ਕਿ ਇਨ੍ਹਾਂ ਮਹਾਂਪੁਰਖਾਂ ਦੇ ਵਿਦਿਆਰਥੀ ਨਿਸ਼ਕਾਮ ਸੇਵਾ ਕਰਨ ਦੇ ਆਦੀ ਹੋ ਜਾਂਦੇ ਸਨ। ਇਹ ਮਹਾਂਪੁਰਖਾਂ ਦਾ ਮਹਾਨ ਗੁਣ ਸੀ।

## ਗੁਰਬਾਣੀ ਲਿਖਣ ਅਤੇ ਕੰਠ ਕਰਨ ਦਾ ਉਪਦੇਸ਼

ਉਨ੍ਹਾਂ ਸਮਿਆਂ ਵਿੱਚ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕਿਆਂ ਦੀ ਬਹੁਤ ਘਾਟ ਹੁੰਦੀ ਸੀ। ਮਹਾਂਪੁਰਖ ਆਮ ਬਚਨ ਕਰ ਦਿੰਦੇ ਸਨ ਕਿ ਜਦੋਂ ਆਪਾਂ ਬਾਣੀ ਲਿਖਾਂਗੇ ਤਾਂ ਬਾਣੀ ਸੁਤੇ ਹੀ ਕੰਠ ਹੋ ਜਾਵੇਗੀ। ਬਾਣੀ ਕੰਠ ਹੋਣ ਕਰਕੇ ਪ੍ਰੇਮੀ ਆਪਣੇ ਨਿਤਨੇਮ ਵਿੱਚ ਨਾਗਾ ਨਹੀਂ ਪਾਉਂਦਾ। ਜਿਸ ਦਾ ਕਈ ਗੁਣਾ ਵੱਧ ਫਲ ਮਿਲ ਜਾਂਦਾ ਹੈ। ਰਾਗੀ ਸਿੰਘਾਂ ਨੂੰ ਵੀ ਕਹਿੰਦੇ ਸਨ ਕਿ ਆਸਾ ਦੀ ਵਾਰ ਕੰਠ ਕਰੋ। ਰੋਜਾਨਾ ਇੱਕ ਨਵਾਂ ਸ਼ਬਦ ਘਟੋ ਘਟ ਯਾਦ ਕਰੋ। ਜੇਕਰ ਕੰਠ ਕੀਤੀ ਬਾਣੀ ਨੂੰ ਭੁਲਾਵਾਂਗੇ ਤਾਂ ਸਿਖ ਤਨਖਾਹੀਆ ਹੋ ਜਾਂਦਾ ਹੈ। ਬਾਣੀ ਕੰਠ ਕਰਦੇ ਸਮੇਂ ਜੋ ਅਸੀਂ ਮੁੜ ਮੁੜ

ਉਚਾਰਨ ਕਰਦੇ ਹਾਂ ਤਾਂ ਇਹ ਜਾਪ ਵੀ ਹੋ ਜਾਂਦਾ ਹੈ। ਮਹਾਂਪੁਰਖਾਂ ਨੇ ਆਪ ਵੀ ਨਿਤਨੇਮ ਦੀਆਂ ਸੱਤ ਬਾਣੀਆਂ ਤੋਂ ਇਲਾਵਾ ਸਾਰੀ ਪੰਜ ਗ੍ਰੰਥੀ ਕੰਠ ਕੀਤੀ ਹੋਈ ਸੀ ਜਿਸ ਵਿੱਚ ਭਗਤਾਂ ਬਾਣੀ, ਸੁਖਮਨੀ ਸਾਹਿਬ, ਬਾਵਨ ਅਖਰੀ, ਆਸਾ ਦੀ ਵਾਰ, ਸਿਧ ਗੋਸਟਿ, ਦਖਣੀ ਓਅੰਕਾਰ, ਸਲੋਕ ਸਹਿਸਕ੍ਰਿਤ, ਭੋਗ ਦੇ ਸਲੋਕ, ਰਾਗਮਾਲਾ ਜਬਾਨੀ ਯਾਦ ਸਨ।

## ਦਸਵੰਧ ਗੁਰੂ ਕਾ

ਦਸਵੰਧ ਦਾ ਅਰਥ ਕਮਾਈ ਦਾ ਦਸਵਾਂ ਹਿੱਸਾ। ਗੁਰਮਤਿ ਅਨੁਸਾਰ ਹਰੇਕ ਸਿੱਖ ਨੂੰ ਆਪਣੀ ਕਮਾਈ ਵਿੱਚੋਂ ਦਸਵਾਂ ਹਿੱਸਾ ਗੁਰੂ ਨਮਿਤ ਕੱਢਣਾ ਚਾਹੀਦਾ ਹੈ। ਗੁਰੂ ਮਹਾਰਾਜ ਦਾ ਫੁਰਮਾਣ ਹੈ:

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥*** ***ਆਦਿ ੧੨੪੫***

ਇਹ ਮਰਿਯਾਦਾ ਚੌਥੇ ਪਾਤਿਸ਼ਾਹ ਨੇ ਤੋਰੀ। ਇਸ ਰਕਮ ਨਾਲ ਲੋੜਵੰਦਾਂ ਦੀ ਸਹਾਇਤਾ ਕਰਨੀ ਹੁੰਦੀ ਹੈ। ਜਿਹੜੇ ਮਹਾਂਪੁਰਖ ਗਰੀਬ ਪਰਿਵਾਰਾਂ ਦੀ ਸੇਵਾ, ਗਰੀਬ ਬੱਚਿਆਂ ਨੂੰ ਵਿਦਿਆ ਦੀ, ਗੁਰ ਅਸਥਾਨਾਂ ਦੀ ਸੇਵਾ, ਸਰੋਵਰ, ਸਰਾਵਾਂ, ਸਕੂਲ, ਹਸਪਤਾਲ, ਨਦੀਆਂ, ਪੁਲ ਅਤੇ ਲੰਗਰਾਂ ਦੀ ਸੇਵਾ ਕਰ ਰਹੇ ਹਨ, ਉਨ੍ਹਾਂ ਮਹਾਂਪੁਰਖਾਂ ਕੋਲ ਦਸਵੰਧ ਦੀ ਰਕਮ ਦੇਣੀ ਬਣਦੀ ਹੈ। ਮਹਾਂਪੁਰਖ ਗਰੀਬ ਦੀ ਸਹਾਇਤਾ ਕਰਨ ਤੋਂ ਪਹਿਲਾਂ ਉਸ ਪਾਸੋਂ ਹਥੀਂ ਸੇਵਾ ਕਰਵਾ ਲੈਂਦੇ ਹਨ। ਜੇਕਰ ਦਸਵੰਧ ਦੀ ਵਰਤੋਂ ਅਸੀਂ ਆਪ ਕਰਾਂਗੇ ਤਾਂ ਪੰਥਕ ਕਾਰਜਾਂ ਵਿੱਚ ਸਾਡੀ ਮਾਇਆ ਸਫਲੀ ਹੋਣੋਂ ਰਹਿ ਜਾਵੇਗੀ। ਦੂਜਾ ਇਹ ਕਿ ਜਦੋਂ ਅਸੀਂ ਆਪਣੀ ਮਤ ਨਾਲ ਕਿਸੇ ਦੀ ਸਹਾਇਤਾ ਕਰਾਂਗੇ ਤਾਂ ਉਸ ਬੰਦੇ ਦੀਆਂ ਆਦਤਾਂ ਖਰਾਬ ਹੋਣ ਦਾ ਡਰ ਵੱਧ ਜਾਂਦਾ ਹੈ। ਕਿਉਂਕਿ ਆਮ ਵਿਅਕਤੀ ਦੀ ਮਤ ਅਧਿਕਾਰੀ ਦੀ ਪਰਖ ਨਹੀਂ ਕਰ ਸਕਦੀ ਲੋੜਵੰਦਾਂ ਦੀ ਸਹਾਇਤਾ ਜਦੋਂ ਕਿਸੇ ਪੰਥਕ ਜਥੇਬੰਦੀ ਵਲੋਂ ਹੋਵੇਗੀ ਤਾਂ ਗੁਰੂ ਦਾ ਜਸ ਹੋਵੇਗਾ ਗਰੀਬ ਨੂੰ ਸਿੱਧੀ ਮਾਇਆ ਦੇ ਕੇ ਉਸ ਨੂੰ ਆਲਸੀ ਬਣਾਉਣਾ ਵੀ ਪਾਪ ਹੈ। ਇਸ ਲਈ ਦਸਵੰਧ ਮਹਾਂਪੁਰਖਾਂ ਨੂੰ ਹੀ ਦੇਣਾ ਬਣਦਾ ਹੈ।

ਹਰੇਕ ਗੁਰਸਿੱਖ ਨੂੰ ਆਪਣੀ ਧਰਮ ਦੀ ਕਿਰਤ ਵਿੱਚੋਂ ਦਸਵੰਧ ਕੱਢਣਾ ਚਾਹੀਦਾ ਹੈ। ਦਸ ਤੋਂ ਦਸਵਾਂ ਹਿੱਸਾ ਵੰਧ ਤੋਂ ਵੰਧਾਨ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ:

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥*** ***ਆਦਿ ੧੨੪੫***

*ਦਸਵੰਧ ਗੁਰੂ ਨਹਿ ਦੇਵਈ ਝੂਠ ਬੋਲ ਜੋ ਖਾਇ॥*
*ਕਹੈ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹਿ॥*
*–ਤਨਖਾਹ ਨਾਮਾ ਭਾਈ ਨੰਦ ਲਾਲ ਜੀ*

### ਬਚਿੱਤਰ ਨਾਟਕ ਵਿੱਚ ਸਤਿਗੁਰਾਂ ਦੇ ਬਚਨ ਹਨ:–

*ਜੋ ਗੁਰਸਿਖ ਗੁਰੂ ਨਮਿਤ ਦਸਵੰਧ ਨ ਦੈ ਹੈ॥ ਤਿਨ ਤੇ ਗਹਿ ਬਾਬਰ ਕੇ ਲੈਹੈ॥*
*ਦੈ ਦੈ ਤਿਨ ਕੋ ਬਡੀ ਸਜਾਇ॥ ਪੁਨਿ ਲੈਹੈ ਸ੍ਰਹਿ ਲੂਟਿ ਬਨਾਇ॥*

### ਭਾਈ ਗੁਰਦਾਸ ਜੀ ਦਾ ਬਚਨ ਹੈ:–

*ਕਿਰਤ ਵਿਰਤ ਕਰ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥*
*ਵਾਰ ੯ ਪਉੜੀ ੧੨*

ਦਾਨ ਦੀ ਰੀਤ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਹੈ ਪਰ ਦਾਨੀ ਦੇ ਮਨ ਵਿੱਚ ਬਹੁਤ ਵਾਰੀ ਹੰਕਾਰ ਆ ਜਾਂਦਾ ਹੈ। ਹੰਕਾਰ ਅਧੀਨ ਕੀਤਾ ਹੋਇਆ ਦਾਨ ਵੀ ਕਿਸੇ ਅਰਥ ਨਹੀਂ ਹੈ।

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ਆਦਿ ੧੪੨੮*

ਸੋ ਇਸ ਦੀਰਘ ਰੋਗ ਤੋਂ ਸਿੱਖਾਂ ਨੂੰ ਬਚਾਉਣ ਲਈ ਸਤਿਗੁਰਾਂ ਨੇ ਦਸਵੰਧ ਕੱਢਣ ਦੀ ਬੰਦਸ਼ ਹਰੇਕ ਗੁਰਸਿੱਖ ਤੇ ਲਾਗੂ ਕਰ ਦਿੱਤੀ। ਦਸਵਾਂ ਹਿੱਸਾ ਗੁਰੂ ਕਾ ਹੈ ਸਿੱਖਾਂ ਦੇ ਮਨ ਵਿੱਚ ਇਹ ਗੱਲ ਸਤਿਗੁਰਾਂ ਨੇ ਬਿਠਾ ਦਿੱਤੀ। ਹੰਕਾਰ ਤੋਂ ਰਹਿਤ ਕਰਨ ਲਈ ਉਪਦੇਸ ਦਿੱਤਾ:–

*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥ ਆਦਿ ੧੩੭੫*
*ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥ ਆਦਿ ੧੨੪੯*

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਰੇ

ਮਹਾਂਪੁਰਖ ਬਚਨ ਕਰਦੇ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਵਾ ਕੇ ਜੋ ਸਰੂਪ ਤਿਆਰ ਕੀਤਾ ਹੈ ਉਹ ਸਹੀ ਹੈ। ਸਰੂਪ ਭਾਵੇਂ ਕਿਸੇ ਦਾ ਵੀ ਹੋਵੇ ਉਹ ਸੰਯੁਕਤ ਹੀ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਲੈ ਕੇ ਜਿੰਨੇ ਵੀ ਗੁਰਸਿੱਖ ਪ੍ਰੇਮੀਆਂ ਨੇ ਗੁਰੂ ਸਾਹਿਬ ਜੀ ਦੇ ਪਵਿੱਤਰ ਸਰੂਪ ਲਿਖੇ ਹਨ ਉਹ ਸਾਰੇ ਲੜੀਵਾਰ ਹੀ ਹਨ। ਦਮਦਮੀ ਟਕਸਾਲ ਦੇ ਪਹਿਲੇ ਮੁਖੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਪਵਿੱਤਰ ਸਰੂਪ ਦੇ ਚਾਰ ਉਤਾਰੇ ਕੀਤੇ ਉਹ ਚਾਰੇ ਹੀ ਸਰੂਪ ਲੜੀਵਾਰ ਹਨ। ਉਨ੍ਹਾਂ ਨੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਲੜੀਵਾਰ ਪੋਥੀਆਂ ਤੇ ਪੜ੍ਹਾਇਆ। ਜਿਹੜੇ

ਨਵੇਂ ਵਿਦਿਆਰਥੀ ਇਹ ਕਹਿੰਦੇ ਸਨ ਕਿ ਪਦ ਛੇਦ ਸਰੂਪ ਪੜ੍ਹਨਾ ਸੌਖਾ ਹੈ ਉਨ੍ਹਾਂ ਨੂੰ ਮਹਾਂਪੁਰਖ ਆਖਦੇ ਕਿ ਜੇਕਰ ਵਿਦਿਆਰਥੀ ਸਿੰਘ ਲੜੀਵਾਰ ਸਰੂਪ ਤੇ ਸੰਥਿਆ ਲਵੇਗਾ ਤਾਂ ਅਭਿਆਸ ਕਰਨ ਨਾਲ ਉਸ ਨੂੰ ਬਹੁਤ ਸਾਰੀ ਬਾਣੀ ਕੰਠ ਹੋ ਜਾਵੇਗੀ ਦੂਜਾ ਗੁਰਬਾਣੀ ਪੜ੍ਹਦੇ ਸਮੇਂ ਆਲਸ ਨਹੀਂ ਆਵੇਗੀ। ਲੜੀਵਾਰ ਸਰੂਪ ਤੇ ਬਾਣੀ ਜਲਦੀ ਕੰਠ ਹੁੰਦੀ ਹੈ। ਲੜੀਵਾਰ ਸਰੂਪ ਤੇ ਬਾਣੀ ਪੜ੍ਹਦੇ ਸਮੇ ਮਨ ਇਕਾਗਰ ਰਹਿੰਦਾ ਹੈ। ਇਸ ਲਈ ਸਰੂਪ ਲੜੀਵਾਰ ਹੀ ਰੱਖਣਾ ਚਾਹੀਦਾ ਹੈ। ਕੋਈ ਨਵੀਂ ਲੀਹ ਨਹੀਂ ਪਾਉਣੀ ਚਾਹੀਦੀ।

## ਸਮਕਾਲੀ ਮਹਾਂਪੁਰਖਾਂ ਨਾਲ ਮੇਲ ਮਿਲਾਪ

ਪਵਿੱਤਰ ਬਾਣੀ ਪੜ੍ਹਨ ਨਾਲ ਆਪ ਜੀ ਦੇ ਮਨ ਵਿੱਚ ਅਜਿਹਾ ਚਾਅ ਪੈਦਾ ਹੋਇਆ ਕਿ ਕਿਸੇ ਪੂਰਨ ਗੁਰਸਿੱਖ ਮਹਾਤਮਾ ਦੇ ਦਰਸ਼ਨ ਹੋ ਜਾਣ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਆਪ ਜੀ ਦਾ ਮਿਲਾਪ ਸੰਤ ਗਿਆ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਨਾਲ ਬੋਪਾਰਾਇ ਵਿਖੇ ਹੋਇਆ। ਉਨ੍ਹਾਂ ਦੀ ਸੰਗਤ ਕਰਕੇ ਕਿਸੇ ਹੋਰ ਮਹਾਂਪੁਰਖਾਂ ਕੋਲ ਜਾਣ ਦਾ ਸੰਕਲਪ ਹੀ ਨਹੀਂ ਫੁਰਿਆ। ਇਸ ਦਾ ਇਹ ਮਤਲਬ ਨਹੀਂ ਕਿ ਉਹ ਕਿਸੇ ਹੋਰ ਮਹਾਤਮਾ ਨੂੰ ਪੂਰਨ ਨਹੀਂ ਸਮਝਦੇ ਸਨ।

ਆਪ ਜੀ ਕੋਲ ਕੋਈ ਵੀ ਮਹਾਂਪੁਰਖ ਆ ਜਾਂਦਾ ਉਸ ਦਾ ਬਹੁਤ ਸਤਿਕਾਰ ਕਰਦੇ ਅਤੇ ਆਪ ਵੀ ਕਈ ਵਾਰੀ ਉਨ੍ਹਾਂ ਮਹਾਂਪੁਰਖਾਂ ਦੇ ਦਰਸ਼ਨ ਪਰਸ਼ਨ ਕਰਨ ਚਲੇ ਜਾਂਦੇ। ਹਰੇਕ ਮਹਾਂਪੁਰਖਾਂ ਵਿੱਚ ਕੋਈ ਨਾ ਕੋਈ ਵਿਸ਼ੇਸ਼ ਗੁਣ ਜਰੂਰ ਹੁੰਦਾ ਹੈ। ਉਸ ਗੁਣ ਦੀ ਸਿਫਤ ਸੰਗਤ ਵਿੱਚ ਵੀ ਕਰਦਿਆ ਕਰਦੇ।

***ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥***

***ਆਦਿ ੧੪੨੪***

## ਸਾਲ 1984 ਦਾ ਘੱਲੂਘਾਰਾ

ਮੈਨੂੰ ਯਾਦ ਹੈ ਕਿ ਮੈਂ ਮਿਤੀ 13.01.1984 ਨੂੰ ਪੰਜਾਬ ਰਾਜ ਬਿਜਲੀ ਬੋਰਡ ਦੇ ਮੁੱਖ ਦਫਤਰ ਵਿਖੇ ਡਾਇਰੈਕਟਰ ਕਮਰਸ਼ੀਅਲ ਦੇ ਦਫਤਰ ਵਿਚ ਹਾਜਰ ਹੋਇਆ ਸਾਂ। ਉਨ੍ਹਾਂ ਦਿਨਾਂ ਵਿਚ ਦਮਦਮੀ ਟਕਸਾਲ ਦੇ ਮੁਖੀ ਅਮਰ ਸ਼ਹੀਦ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ, ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪੰਜਾਬ ਦੀ ਸਿਆਸਤ ਵਿਚ ਸਿਖਰ ਤੇ ਸਨ। ਸਤਿਗੁਰਾਂ ਨੇ ਆਪਣੀ ਬਾਣੀ ਅੰਦਰ ਫੈਸਲਾ ਕੀਤਾ ਹੈ ਕਿ ਪੂਰਨ ਸੰਤ ਉਹ ਹੁੰਦਾ ਹੈ ਜੋ ਆਪਣੀਆਂ ਅੱਖਾਂ ਨਾਲ ਕਿਸੇ ਤੇ ਵਧੀਕੀ ਹੁੰਦੀ ਵੇਖ ਕੇ ਸੱਚ ਬੋਲਣ ਤੋਂ ਗੁਰੇਜ ਨਹੀਂ ਕਰਦਾ। ਫੁਰਮਾਨ ਹੈ:

*ਸੰਤਨ ਕੀ ਸੁਣਿ ਸਾਚੀ ਸਾਖੀ॥ਸੋ ਬੋਲਹਿ ਜੋ ਪੇਖਹਿ ਆਖੀ॥*

*ਆਦਿ-੮੯੪*

ਇਸ ਤਰ੍ਹਾਂ ਸਰਕਾਰ ਕਿਸੇ ਨਾਲ ਵੀ ਵਿਤਕਰਾ ਕਰਦੀ ਤਾਂ ਮਹਾਂਪੁਰਖ ਗੁਰਬਾਣੀ ਦੇ ਅਧਾਰ ਤੇ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੀ ਆਗਿਆ ਵਿਚ ਰਹਿਣ ਦਾ ਉਪਦੇਸ਼ ਦਿੰਦੇ। ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਨਾਲ ਇਸ ਮਹਾਨ ਸਿੱਖ ਜਰਨੈਲ ਦਾ ਬਹੁਤ ਪਿਆਰ ਸੀ। ਇਸ ਪਿਆਰ ਦਾ ਸਦਕਾ ਇਨ੍ਹਾਂ ਮਹਾਂਪੁਰਖਾਂ ਕੋਲ ਇਹ ਸਿੱਖ ਜਰਨੈਲ ਵੀ ਦੋ ਵਾਰੀ ਉਪਲਹੇੜੀ ਵਿਖੇ ਆਏ। ਜਿਸ ਕਾਰਣ ਸਾਨੂੰ ਉਨ੍ਹਾਂ ਦੇ ਪਵਿੱਤਰ ਵੀਚਾਰ ਸੁਣਨ ਅਤੇ ਦਰਸ਼ਨ ਕਰਨ ਦਾ ਕਈ ਵਾਰੀ ਸੁਭਾਗਾ ਸਮਾਂ ਪ੍ਰਾਪਤ ਹੋਇਆ। ਲੋਕਾਂ ਦੀਆਂ ਨਜ਼ਰਾਂ ਵਿੱਚ ਸਰਕਾਰ ਅਤੇ ਸਰਕਾਰ ਦੀ ਵਿਰੋਧੀ ਧਿਰ ਅਸਲ ਗਲ ਤੋਂ ਪਰੇ ਹੋ ਕੇ ਪੰਜਾਬ ਵਿਚ ਸ਼ਾਂਤੀ ਕਾਇਮ ਕਰਨ ਲਈ ਢਕੌਂਸਲੇ ਕਰਦੀ ਰਹੀ। ਆਖਿਰ ਕਾਰ ਸਰਕਾਰ ਅਤੇ ਵਿਰੋਧੀ ਧਿਰ ਇਸ ਗਲ ਤੇ ਸਹਿਮਤ ਹੋ ਗਈਆਂ ਕਿ ਇਸ ਸਚ ਦੀ ਅਵਾਜ ਨੂੰ ਬੁਲੰਦ ਕਰਨ ਵਾਲੇ ਮੁਖੀ ਨੂੰ ਆਪਣੇ ਰਸਤੇ ਵਿਚੋਂ ਸਾਫ ਕਰ ਦੇਣਾ ਠੀਕ ਰਹੇਗਾ। ਪੰਜਾਬ ਵਿੱਚੋਂ ਵਿਦੇਸੀ ਪੱਤਰਕਾਰ ਬਾਹਰ ਕੱਢ ਦਿੱਤੇ ਗਏ। ਪੰਜਾਬ ਦਾ ਸਾਰਾ ਮੀਡੀਆ ਤੇ ਪ੍ਰੈਸ ਸਰਕਾਰ ਨੇ ਆਪਣੇ ਜੋਰ ਨਾਲ ਡਰਾ ਦਿੱਤੀ। ਰਾਜਸੀ ਲੋਕ ਸਾਰੇ ਇਕੱਠੇ ਹੋ ਗਏ। ਉਨ੍ਹਾਂ ਦੇ ਮਨ ਵਿੱਚ ਖਿਆਲ ਸੀ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਸੋਚ ਦੇ ਨਾਲ ਮੁੱਠੀ ਭਰ ਲੋਕ ਸਹਿਮਤ ਹੋਣਗੇ। ਇਸ ਆਵਾਜ ਨੂੰ ਖਤਮ ਕਰਨ ਵਾਸਤੇ ਇਸ ਸ਼ਹੀਦ ਸੂਰਮੇ ਦੀਆਂ ਫੋਟੋਆਂ ਅਤੇ ਕੈਸਟਾਂ ਤੇ ਪਾਬੰਦੀ ਲਗਾਈ ਗਈ ਪਰ ਸੱਚ ਦੀ ਅਵਾਜ ਪੰਜਾਬ ਦੀ ਹੱਦ ਤੋਂ ਟੱਪ ਕੇ ਹਿੰਦੁਸਤਾਨ ਦੀਆਂ ਹੱਦਾਂ ਨੂੰ ਪਾਰ ਕਰਕੇ ਵਿਦੇਸ਼ਾਂ ਵਿਚ ਪਹੁੰਚ ਗਈ। ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਭਾਰਤ ਸਰਕਾਰ ਨਾਲ ਅੰਦਰਖਾਤੇ ਸਹਿਮਤ ਹੋ ਗਈਆਂ ਕਿ ਸੰਤ ਭਿੰਡਰਾਂ ਵਾਲੇ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਉਸ ਸਮੇਂ ਸੰਤ ਭਿਡਰਾਂ ਵਾਲੇ ਅਕਾਲ ਤਖਤ ਸਾਹਿਬ ਤੇ ਰਹਿ ਰਹੇ ਸਨ। ਅਖੀਰ ਭਾਰਤ ਸਰਕਾਰ ਨੂੰ ਕਿਸੇ ਰਾਜਸੀ ਪਾਰਟੀ ਨੇ ਇਹ ਸਲਾਹ ਨਹੀਂ ਦਿੱਤੀ ਕਿ ਜੇਕਰ ਸਰਕਾਰ ਨੇ ਅਕਾਲ ਤਖ਼ਤ ਸਾਹਿਬ ਤੇ ਹਮਲਾ ਕੀਤਾ ਤਾਂ ਸ਼ਾਂਤੀ ਕਾਇਮ ਨਹੀਂ ਰਹਿਣੀ। ਭਾਰਤ ਸਰਕਾਰ ਨੇ ਰਾਜਸੀ ਪਾਰਟੀਆਂ ਦੀ ਸਹਿਮਤੀ ਵੇਖ ਕੇ ਜੂਨ 1984 ਵਿਚ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਭਾਰਤੀ ਫੌਜ ਰਾਹੀਂ ਹਮਲਾ ਕਰ ਦਿੱਤਾ। ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ 6 ਜੂਨ 1984 ਨੂੰ ਸ਼ਹੀਦੀ ਪਾ ਗਏ। ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਾਏ ਪੂਰਨਿਆਂ ਨੂੰ ਸੰਗਤਾਂ ਵਿੱਚ ਮੁੜ

ਪ੍ਰਗਟ ਕਰ ਦਿੱਤਾ। ਜਿਸ ਦਾ ਸਿੱਟਾ ਦੋਨਾਂ ਪਾਸਿਆਂ ਤੋਂ ਨਿਹੱਥੇ ਅਤੇ ਬੇਦੋਸੇ ਲੋਕ ਹਜਾਰਾਂ ਦੀ ਗਿਣਤੀ ਵਿਚ ਮਾਰੇ ਗਏ। ਇਸ ਜਵਾਲਾ ਮੁਖੀ ਦੀ ਲਪੇਟ ਵਿਚ ਦੇਸ਼ ਦਾ ਪ੍ਰਧਾਨ ਮੰਤਰੀ ਵੀ ਆ ਗਿਆ। ਦਰਦ ਦਾ ਕਾਰਣ ਲੱਭਣ ਦੀ ਬਜਾਇ ਅਖੀਰ ਤੱਕ ਉਪਰੋਂ ਉਪਰੋਂ ਸਰਜਰੀ ਰਾਹੀਂ ਚਮੜੀ ਨੂੰ ਬਾਹਰੋਂ ਬਾਹਰੋਂ ਟਾਂਕੇ ਲਾ ਕੇ ਸਫਾਈ ਕਰਨ ਦੀ ਕੋਸ਼ਿਸ਼ ਕੀਤੀ ਗਈ। ਬਾਹਰਲੀ ਸਫਾਈ ਕਰਨ ਵਿਚ ਤਾਂ ਸਰਕਾਰਾਂ ਕਾਮਯਾਬ ਨਜ਼ਰ ਪੈਂਦੀਆਂ ਸਨ ਪਰ ਅੰਦਰਲੇ ਜਖ਼ਮਾਂ ਦੇ ਇਲਾਜ ਤੋਂ ਬਗੈਰ ਖੂਨ ਵਿੱਚ ਪਾਕ ਪੈ ਗਈ ਫੇਰ ਦਰਦਾਂ ਕਿਵੇਂ ਹਟ ਸਕਦੀਆਂ ਸਨ। ਪੰਜ ਸਾਲ ਚੋਣਾਂ ਮਗਰੋਂ ਸਿੱਖਾਂ ਨੂੰ ਭਰਮਾਉਣ ਵਾਸਤੇ ਅਕਾਲੀ ਦਲ ਵੀ ਹਰਿਮੰਦਰ ਸਾਹਿਬ ਦੇ ਹਮਲੇ ਦੀ ਨਿੰਦਾ ਵੋਟਾਂ ਲੈਣ ਵਾਸਤੇ ਕਰਦਾ ਪਰ ਸਰਕਾਰ ਬਣਨ ਤੇ ਵਿਧਾਨ ਸਭਾ ਅੰਦਰ ਕਦੇ ਵੀ ਨਿਖੇਧੀ ਨਹੀਂ ਕੀਤੀ। ਨਾ ਹੀ ਜੁਲਮ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਕੀਤੀ। ਮਜਬੂਰਨ ਭਾਰਤ ਸਰਕਾਰ ਨਾਲ ਅੰਦਰ ਖਾਤੇ ਗੱਲ ਕਰਕੇ ਅਕਾਲ ਤਖਤ ਦੇ ਕੋਲ ਸ਼ਹੀਦੀ ਯਾਦਗਾਰ ਤਾਂ ਸ਼੍ਰੋਮਣੀ ਕਮੇਟੀ ਪਾਸੋਂ ਬਣਵਾ ਦਿੱਤੀ ਪਰ ਸ਼੍ਰੋਮਣੀ ਕਮੇਟੀ ਦੀ ਸਟੇਜ ਤੇ ਕਿਸੇ ਪ੍ਰਚਾਰਕ ਨੂੰ ਮਹਾਂਪੁਰਖਾਂ ਦੀ ਸਿਫਤ ਕਰਨ ਦੀ ਆਗਿਆ ਨਹੀਂ ਸੀ। ਜੇਕਰ ਕੋਈ ਸਿੰਘ ਇਨ੍ਹਾਂ ਗਦਾਰਾਂ ਬਾਰੇ ਬੋਲਦਾ ਸੀ ਤਾਂ ਉਸ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਖਤਮ ਕਰ ਦਿੱਤਾ ਜਾਂਦਾ ਸੀ।

## ਗੋਡਿਆਂ ਦੀ ਅਰਦਾਸ ਨਾ ਕਰਨ ਬਾਰੇ

ਉਪਲਹੇੜੀ ਵਾਲੇ ਮਹਾਂਪੁਰਖ ਦਾ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਮਹਾਂਪੁਰਖਾਂ ਨਾਲ ਬਹੁਤ ਸਨੇਹ ਸੀ। ਹੰਸਾਲੀ ਵਿਖੇ ਬਹੁਤ ਸਾਰੇ ਸਮਾਗਮਾਂ ਤੇ ਆਪ ਜੀ ਹਾਜਰੀਆਂ ਭਰਦੇ ਅਤੇ ਆਪ ਜੀ ਦੇ ਪਿਆਰ ਨੂੰ ਵੇਖਦੇ ਹੋਏ ਹੰਸਾਲੀ ਵਾਲੇ ਮਹਾਂਪੁਰਖ ਵੀ ਉਪਲਹੇੜੀ ਅਤੇ ਕੰਵਰਪੁਰ ਦੇ ਗੁਰੂ ਘਰਾਂ ਵਿੱਚ ਸੰਗਤਾਂ ਨੂੰ ਦਰਸ਼ਨ ਬਖਸ਼ਿਸ਼ ਕਰਦੇ ਰਹਿੰਦੇ। ਇੱਕ ਵਾਰੀ ਆਪ ਜੀ ਹੰਸਾਲੀ ਮਹਾਂਪੁਰਖਾਂ ਕੋਲ ਬੈਠੇ ਸਨ। ਹੰਸਾਲੀ ਵਾਲੇ ਮਹਾਂਪੁਰਖਾਂ ਨੇ ਜਦੋਂ ਵੇਖਿਆ ਕਿ ਮਹਾਂਪੁਰਖ ਗੋਡਿਆਂ ਕਰਕੇ ਫਰਸ਼ ਤੇ ਬੈਠ ਨਹੀਂ ਸਕਦੇ ਤਾਂ ਉਨ੍ਹਾਂ ਨੇ ਬਚਨ ਕੀਤਾ ਕਿ ਇਨ੍ਹਾਂ ਮਹਾਂਪੁਰਖਾਂ ਦੀ ਆਗਿਆ ਲੈ ਕੇ ਗੁਰੂ ਸਾਹਿਬਾਂ ਕੋਲ ਅਰਦਾਸ ਕਰਾਓ ਕਿ ਇਨ੍ਹਾਂ ਦੇ ਗੋਡੇ ਠੀਕ ਹੋ ਜਾਣ। ਦਾਸ ਨੇ ਇਹ ਬੇਨਤੀ ਉਪਲਹੇੜੀ ਵਾਲੇ ਮਹਾਂਪੁਰਖਾਂ ਕੋਲ ਕੀਤੀ। ਉਹ ਸੁਣ ਕੇ ਆਖਣ ਲੱਗੇ ਕਿ ਅਰਦਾਸ ਨਹੀਂ ਕਰਨੀ। ਹੰਸਾਲੀ ਵਾਲੇ ਮਹਾਂਪੁਰਖਾਂ ਨੇ ਜੋ ਆਗਿਆ ਲੈਣ ਉਪਰੰਤ ਅਰਦਾਸ ਦੇ ਬਚਨ ਕੀਤੇ ਹਨ ਇਹ ਬਹੁਤ ਗੁੱਝੀ ਰਮਜ ਹੈ ਤੁਸੀਂ ਨਹੀਂ ਸਮਝ ਸਕਦੇ। ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੈ ਕਿ ਆਗਿਆ ਨਹੀਂ ਮਿਲਣੀ।

ਕਈ ਦਿਨਾਂ ਬਾਅਦ ਜਦੋਂ ਦੁਬਾਰਾ ਆਪ ਜੀ ਨੇ ਹੰਸਾਲੀ ਜਾ ਕੇ ਮਹਾਂਪੁਰਖਾਂ

ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਨੇ ਫੇਰ ਪਹਿਲੇ ਬਚਨ ਦੁਹਰਾਉਂਦੇ ਹੋਏ ਹਾਸ ਰਸ ਵਿੱਚ ਆਖਿਆ ਕਿ ਗੋਡਿਆਂ ਦੀ ਅਰਦਾਸ ਵਾਸਤੇ ਆਗਿਆ ਮਿਲ ਗਈ ਹੈ ਜਾਂ ਨਹੀਂ। ਅਸੀਂ ਆਖਿਆ ਕਿ ਮਹਾਂਪੁਰਖਾਂ ਨੇ ਆਗਿਆ ਨਹੀਂ ਦਿੱਤੀ। ਹੰਸਾਲੀ ਵਾਲੇ ਮਹਾਂਪੁਰਖ ਕਹਿਣ ਲੱਗੇ ਕਿ ਉਹ ਆਗਿਆ ਨਹੀਂ ਦੇਣਗੇ ਕਿਉਂਕਿ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਮਹਾਂਪੁਰਖਾਂ ਨੇ ਵੀ ਸਰਦਾਰ ਬੁੱਧ ਸਿੰਘ ਜੀ ਦੇ ਸਪੁੱਤਰ ਦੇ ਜਲੋਧਰ ਦੇ ਰੋਗ ਦੀ ਬਿਮਾਰੀ ਠੀਕ ਕੀਤੀ ਸੀ। ਸੰਗਤਾਂ ਦੇ ਕਹਿਣ ਤੇ ਉਨ੍ਹਾਂ ਨੇ ਵੀ ਆਗਿਆ ਨਹੀਂ ਦਿੱਤੀ ਸੀ।ਅਜਿਹਾ ਕਈ ਵਾਰੀ ਪ੍ਰੇਮ ਵਸ ਹੋ ਕੇ ਹੋ ਜਾਂਦਾ ਹੈ। ਅਜਿਹੇ ਕਸ਼ਟ ਦੀ ਨਵਿਰਤੀ ਵਾਸਤੇ ਫੇਰ ਉਹ ਅਰਦਾਸ ਨਹੀਂ ਕਰਦੇ। ਉਨ੍ਹਾਂ ਨੂੰ ਨਿਸ਼ਚਾ ਹੁੰਦਾ ਹੈ ਕਿ :-

***ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥***

***ਆਦਿ ੧੦੩੦***

## ਬਾਬਾ ਠਾਕੁਰ ਸਿੰਘ ਜੀ ਦਾ ਮੁਖੀ ਬਣਨਾ

ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਕੀਤੇ ਹੋਏ ਭਵਿੱਖਤ ਬਚਨਾਂ ਅਨੁਸਾਰ ਮਹਾਂਪੁਰਖਾਂ ਦੀ ਸ਼ਹੀਦੀ ਤੋਂ ਉਪਰੰਤ ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਦੇ ਪੰਦਰਵੇਂ ਮੁਖੀ ਸਿੱਖ ਸੰਗਤਾਂ ਅਤੇ ਜਥੇ ਦੇ ਸਿੰਘਾਂ ਵੱਲੋਂ ਥਾਪੇ ਗਏ। ਇਸ ਸਮੇਂ ਦੇਸ਼ ਅੰਦਰ ਦਲੀਲ ਅਪੀਲ ਬੰਦ ਸੀ। ਬਾਬਾ ਠਾਕੁਰ ਸਿੰਘ ਜੀ ਨੇ ਟਕਸਾਲ ਦੇ ਮੁਖੀ ਹੋਣ ਦੇ ਨਾਤੇ ਹਾਲਾਤ ਵੇਖਦੇ ਹੋਏ ਆਖਿਆ ਕਿ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਚੜ੍ਹਦੀਕਲਾ ਵਿੱਚ ਹਨ। ਜੋ ਸੰਗਤਾਂ ਨਮੋਸੀ ਵਿੱਚ ਸਨ ਉਹ ਉਤਸ਼ਾਹ ਵਿੱਚ ਆ ਗਈਆਂ। ਇਸ ਤੋਂ ਇਲਾਵਾ ਸਰਕਾਰ ਨੌਜੁਆਨ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਖਤਮ ਕਰ ਰਹੀ ਸੀ। ਉਹ ਭੜਕਾਹਟ ਵਿਚ ਆਉਣੋ ਹਟ ਗਏ। ਉਨ੍ਹਾਂ ਦਿਨਾਂ ਵਿਚ ਸਰਕਾਰੀ ਏਜੰਸੀਆਂ ਦੇ ਪ੍ਰਚਾਰਕ ਗਰਮ ਗਰਮ ਜੋਸ਼ੀਲੇ ਭਾਸ਼ਣ ਦੇ ਕੇ ਨੌਜੁਆਨਾਂ ਨੂੰ ਆਪਣੇ ਨਾਲ ਲਾ ਲੈਂਦੇ ਸਨ। ਉਨ੍ਹਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਹਿ ਕੇ ਖਤਮ ਕਰ ਦਿੰਦੀ ਸੀ। ਇਸ ਤਰ੍ਹਾਂ ਬਾਬਾ ਠਾਕੁਰ ਸਿੰਘ ਜੀ ਨੇ ਜੂਨ 1984 ਤੋਂ ਲੈ ਕੇ ਦਸੰਬਰ 2004 ਤੱਕ ਸਿੱਖ ਕੌਮ ਦੀ ਵਾਗ ਡੋਰ ਸੰਭਾਲੀ। ਬਾਬਾ ਜੀ ਨੇ ਆਪਦੇ ਸਮੇਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਤੋਂ ਇਲਾਵਾ ਬਹੁਤ ਸਾਰੇ ਗੁਰਦੁਆਰਿਆਂ ਦੀ ਕਾਰ ਸੇਵਾ, ਹਸਪਤਾਲਾਂ ਦੀ ਕਾਰ ਸੇਵਾ, ਸਕੂਲ ਅਤੇ ਕਾਲਜਾਂ ਦੀ ਕਾਰ ਸੇਵਾ ਕਰਵਾਈ। ਇਨ੍ਹਾਂ 20 ਸਾਲਾਂ ਵਿੱਚ ਬਾਬਾ ਠਾਕੁਰ ਸਿੰਘ ਜੀ ਨੇ ਬੇਅੰਤ ਅਨਾਥ ਵਿਦਿਆਰਥੀਆਂ ਨੂੰ ਪਾਠੀ ਰਾਗੀ ਅਤੇ ਗਿਆਨੀ ਬਣਾਇਆ। ਦੇਸਾਂ ਪ੍ਰਦੇਸਾਂ ਵਿੱਚ ਵਿਚਰਕੇ ਗੁਰਮਤਿ ਪ੍ਰਚਾਰ ਦੀ ਸੇਵਾ ਕੀਤੀ। ਹਰ ਸਾਲ ਬਾਬਾ ਠਾਕੁਰ ਸਿੰਘ ਜੀ ਪਟਿਆਲਾ

ਵਿਖੇ ਜਥੇ ਸਮੇਤ ਪਹੁੰਚ ਕੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾ:੯ ਪਟਿਆਲਾ ਵਿਖੇ ਕਥਾ ਕੀਰਤਨ ਦਾ ਪ੍ਰਵਾਹ ਚਲਾਉਂਦੇ। ਸੰਗਤਾਂ ਬਾਬਾ ਜੀ ਦੇ ਦਰਸ਼ਨ ਕਰਕੇ ਹੀ ਸ਼ਾਂਤ ਹੋ ਜਾਂਦੀਆਂ। ਬਾਬਾ ਜੀ ਹਰ ਸਮੇਂ ਸੇਵਾ ਤੇ ਸਿਮਰਨ ਵਿੱਚ ਮਗਨ ਰਹਿੰਦੇ। ਹਰ ਸਾਲ ਉਪਲਹੇੜੀ ਵਾਲੇ ਮਹਾਂਪੁਰਖਾਂ ਨਾਲ ਸਲਾਹ ਮਸ਼ਵਰਾ ਕਰਕੇ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਦਾ ਦੌਰਾ ਰੱਖਦੇ ਰਹੇ।

## ਸਾਕਾ ਨੀਲਾ ਤਾਰਾ ਤੇ ਮਹਾਂਪੁਰਖਾਂ ਵੱਲੋਂ ਉਪਦੇਸ

1984 ਦੇ ਭਿਆਨਕ ਘੱਲੂਘਾਰੇ ਤੋਂ ਬਾਅਦ ਜਦੋਂ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਸ਼ਰਧਾਲੂ ਮਹਾਂਪੁਰਖਾਂ ਦੇ ਉਪਲਹੇੜੀ ਜਾ ਕੇ ਦਰਸ਼ਨ ਕਰਕੇ ਬੇਨਤੀ ਕਰਦਾ ਕਿ ਇੰਨਾ ਵੱਡਾ ਧੱਕਾ ਸਿੱਖਾਂ ਨਾਲ ਕਿਉਂ ਹੋਇਆ ਹੈ ਤਾਂ ਮਹਾਂਪੁਰਖ ਬਚਨ ਕਰਦੇ ਕਿ ਇਹੋ ਜਿਹੇ ਭਿਆਨਕ ਰੋਗ ਲੱਗਣ ਦਾ ਇਕੋ ਕਾਰਣ ਹੈ ਕਿ ਸਿੱਖੀ ਸਰੂਪ ਵਿਚ ਹੁੰਦੇ ਹੋਏ ਵੀ ਅਸੀਂ ਪਰਮੇਸ਼ਰ ਨੂੰ ਭੁੱਲ ਬੈਠੇ ਹਾਂ। ਸਤਿਗੁਰੂ ਜੀ ਦਾ ਪਵਿੱਤਰ ਫੁਰਮਾਨ ਹੈ:

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥***
***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥***
***ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥***
***ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥***
***ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥***
***ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥***
***ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥***
***ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ ਆਦਿ-੧੩੫***

ਸਤਿਗੁਰਾਂ ਨੇ ਜੋ ਪਵਿੱਤਰ ਬਾਣੀ ਦਾ ਸਰੂਪ ਸੰਸਾਰ ਦੇ ਭਲੇ ਦੇ ਵਾਸਤੇ ਬਖ਼ਸ਼ਿਸ਼ ਕਰਕੇ ਸਾਨੂੰ ਸੌਂਪ ਦਿੱਤਾ ਹੈ,ਇਹ ਸੌਂਪਿਆ ਹੋਇਆ ਖਜਾਨਾ ਤਾਂ ਸਾਡੇ ਕੋਲ ਹੀ ਹੈ ਪਰ ਇਸ ਨੂੰ ਵਰਤਣ ਦੀ ਜੁਗਤੀ ਤੋਂ ਅਸੀਂ ਅਣਜਾਣ ਹਾਂ। ਇਹ ਸਾਰੇ ਦੁਖਾਂਤ ਦਾ ਕਾਰਣ ਅਤੇ ਇਸ ਦਾ ਹੱਲ ਇਸ ਪਵਿੱਤਰ ਸ਼ਬਦ ਦੀ ਵਿਆਖਿਆ ਕਰਕੇ ਮਹਾਂਪੁਰਖਾਂ ਨੇ ਸਾਨੂੰ ਕਈ ਵਾਰੀ ਸਮਝਾਇਆ।

**ਸਾਖੀ:-** ਧਰੂ ਭਗਤ ਦੀ

ਇਸ ਦਵਾਈ ਦੀ ਵਰਤੋਂ ਕਰਕੇ ਅਸੀਂ ਸਾਰੇ ਐਸੇ ਭਿਆਨਕ ਸਮੇਂ ਵਿਚ ਵੀ ਸਤਿਗੁਰਾਂ ਦੀ ਕਿਰਪਾ ਦੇ ਨਾਲ ਰਹਿ ਰਹੇ ਹਾਂ। ਐਸੀਆਂ ਸੁੰਦਰ ਵੀਚਾਰਾਂ ਸਚਖੰਡ ਵਾਸੀ ਸੰਤ ਗਿ:ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਪਟਿਆਲੇ ਆ ਕੇ

ਗੁਰਪੁਰਬਾਂ ਦੇ ਸਮਾਗਮਾਂ ਤੇ ਸੁਣਾਉਂਦੇ ਰਹੇ। ਉਨ੍ਹਾਂ ਦੀ ਪ੍ਰੇਰਨਾ ਸਦਕਾ ਸਤਿਗੁਰਾਂ ਦੇ ਗੁਰਪੁਰਬਾਂ ਤੇ ਸਹਿਜ ਪਾਠ,ਅਖੰਡ ਪਾਠ ਸਾਹਿਬ,ਕਥਾ ਅਤੇ ਕੀਰਤਨ ਦੀ ਸੇਵਾ ਸਾਰੇ ਸਿੰਘ ਇਕੱਠੇ ਹੋ ਕੇ ਨਿਭਾਉਂਦੇ ਆ ਰਹੇ ਹਨ।

ਜੋ ਅਨੰਦ ਅਸੀਂ ਉਪਲਹੇੜੀ ਵਿਖੇ ਬਾਬਾ ਹੀਰਾ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਮਹਾਂਪੁਰਖਾਂ ਪਾਸੋਂ ਪ੍ਰਾਪਤ ਕੀਤਾ ਉਹ ਅਨੰਦ ਮਹਾਂਪੁਰਖਾਂ ਨੇ ਪਟਿਆਲਾ ਆ ਕੇ ਬਹੁਤ ਸਾਰੀਆਂ ਸੰਗਤਾਂ ਨੂੰ ਪਵਿੱਤਰ ਬਾਣੀ ਦੀ ਕਥਾ ਰਾਹੀਂ ਬਖ਼ਸ਼ਿਆ।

## ਛੀਨਾ ਹਾਊਸ ਪਟਿਆਲਾ ਵਿਖੇ ਸੰਗਤਾਂ ਦਾ ਭਲਾ

ਸ. ਸ਼ਿੰਗਾਰਾ ਸਿੰਘ ਨਾਗਰਾ ਜੀ ਦਾ ਸ. ਹਰਦੇਵ ਸਿੰਘ ਛੀਨਾ ਆਈ.ਏ.ਐਸ ਸਾਬਕਾ ਮੁਖ ਸਕੱਤਰ ਪੰਜਾਬ ਸਰਕਾਰ ਨਾਲ ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਸਨੇਹ ਹੈ। ਛੀਨਾ ਸਾਹਿਬ ਨੇ ਪੰਜਾਬ ਸਰਕਾਰ ਤੋਂ ਸੇਵਾ ਮੁਕਤ ਹੋ ਕੇ ਆਪਣੀ ਰਿਹਾਇਸ਼ ਚੰਡੀਗੜ੍ਹ ਵਿਖੇ ਰੱਖ ਲਈ ਅਤੇ ਪਟਿਆਲਾ ਸਥਿਤ ਰਿਹਾਇਸ਼ ਵਿਖੇ ਉਨ੍ਹਾਂ ਦੇ ਪਿਆਰ ਨੂੰ ਵੇਖਦੇ ਹੋਏ ਸ. ਸ਼ਿੰਗਾਰਾ ਸਿੰਘ ਨਾਗਰਾ ਜੀ ਪਰਿਵਾਰ ਸਮੇਤ ਰਹਿਣ ਲੱਗ ਪਏ। ਛੀਨਾ ਹਾਊਸ ਬਹੁਤ ਖੁਲ੍ਹਾ ਬਣਿਆ ਹੋਇਆ ਸੀ। ਇਸ ਵਿਚ ਫੁੱਲ ਬੂਟਿਆਂ ਤੋਂ ਇਲਾਵਾ ਵੱਡੇ ਵੱਡੇ ਦਰਖ਼ਤ ਵੀ ਖੜੇ ਸਨ। ਸ.ਸ਼ਿੰਗਾਰਾ ਸਿੰਘ ਨਾਗਰਾ ਜੀ ਬਚਪਨ ਤੋਂ ਹੀ ਸੰਤ ਸੇਵਕੀ ਹਨ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਇਨ੍ਹਾਂ ਦੀ ਘਰ ਵਾਲੀ ਬੀਬੀ ਗੁਰਦੇਵ ਕੌਰ ਵੀ ਬਚਪਨ ਤੋਂ ਹੀ ਰੋਪੜ ਵਿਖੇ ਸਚਖੰਡ ਵਾਸੀ ਮਹਾਂਪੁਰਖ ਸੰਤ ਬਾਬਾ ਸਾਦੀ ਸਿੰਘ ਜੀ ਦੀ ਸੇਵਾ ਵਿਚ ਰਹਿੰਦੇ ਰਹੇ। ਇਸ ਕਰਕੇ ਬੀਬੀ ਗੁਰਦੇਵ ਕੌਰ ਦੀ ਇਹ ਇੱਛਾ ਬਣੀ ਰਹਿੰਦੀ ਕਿ ਇੰਨਾਂ ਸੁੰਦਰ ਨਿਵਾਸ ਅਸਥਾਨ ਹੈ ਇਸ ਵਿਚ ਕਿਸੇ ਮਹਾਤਮਾ ਦੇ ਚਰਨ ਵੀ ਪੈਣੇ ਚਾਹੀਦੇ ਹਨ। ਵਾਹਿਗੁਰੂ ਦੀ ਐਸੀ ਕਿਰਪਾ ਹੋਈ ਕਿ ਸਚਖੰਡ ਵਾਸੀ ਸੰਤ ਗਿ. ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਉਨ੍ਹਾਂ ਦਿਨਾਂ ਵਿਚ ਕੰਵਰਪੁਰ ਵਿਖੇ ਵੀਰਾਨ ਪਏ ਥੇਹ ਤੇ ਇਕ ਛੋਟੀ ਜਿਹੀ ਕੁਟੀਆ ਬਣਾ ਕੇ ਰਹਿ ਰਹੇ ਸਨ। ਉਥੇ ਨਾਗਰਾ ਸਾਹਿਬ ਦਰਸ਼ਨ ਕਰਨ ਗਏ। ਮਹਾਂਪੁਰਖਾਂ ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਿਤ ਹੋ ਕੇ ਆਪਣੇ ਘਰ ਪਟਿਆਲਾ ਪਹੁੰਚ ਗਏ। ਕੁਝ ਦਿਨਾਂ ਮਗਰੋਂ ਆਪਣੀ ਘਰ ਵਾਲੀ ਬੀਬੀ ਗੁਰਦੇਵ ਕੌਰ ਨਾਲ ਦੁਬਾਰਾ ਫੇਰ ਮਹਾਂਪੁਰਖਾਂ ਕੋਲ ਦਰਸ਼ਨ ਕਰਨ ਗਏ। ਬੀਬੀ ਜੀ ਨੇ ਬੇਨਤੀ ਕੀਤੀ ਕਿ ਸੰਤ ਜੀ ਜਿਸ ਤਰ੍ਹਾਂ ਤੁਸੀਂ ਇਥੇ ਖੁਲ੍ਹੀ ਥਾਂ ਵਿਚ ਦਰਖਤਾਂ ਦੇ ਹੇਠਾਂ ਇਸ ਕੁਟੀਆ ਵਿਚ ਬੈਠ ਕੇ ਭਜਨ ਬੰਦਗੀ ਕਰਦੇ ਹੋ, ਇਹੋ ਜਿਹੀ ਖੁਲ੍ਹੀ ਥਾਂ ਸਾਡੇ ਕੋਲ ਪਟਿਆਲਾ ਵਿਖੇ ਹੈ। ਕਿਰਪਾ ਕਰਕੇ ਆਪ ਜੀ ਜਰੂਰ ਸਾਨੂੰ ਸੇਵਾ ਦਾ ਮੌਕਾ ਬਖਸ਼ੋ। ਬੀਬੀ ਗੁਰਦੇਵ ਕੌਰ ਦੀ ਬੇਨਤੀ ਨੂੰ ਪਰਵਾਨ ਕਰਕੇ ਮਹਾਂਪੁਰਖਾਂ ਨੇ ਕੁਝ ਸਮੇਂ ਬਾਅਦ ਪਟਿਆਲਾ ਵਿਖੇ ਇਨ੍ਹਾਂ ਦੇ ਨਿਵਾਸ ਅਸਥਾਨ ਤੇ

ਰਹਿ ਕੇ ਸੇਵਾ ਬਖ਼ਸ਼ਿਸ਼ ਕਰ ਦਿੱਤੀ। ਬੀਬੀ ਜੀ ਮਹਾਂਪੁਰਖਾਂ ਦੇ ਲੰਗਰ ਪਾਣੀ ਦਾ ਪੂਰਾ ਪ੍ਰਬੰਧ ਸਮੇਂ ਸਿਰ ਆਪਣੇ ਹੱਥੀਂ ਕਰਦੇ। ਇਸ ਤੋਂ ਇਲਾਵਾ ਜੋ ਵੀ ਮਹਾਂਪੁਰਖਾਂ ਦੇ ਦਰਸ਼ਨ ਕਰਨ ਆਉਂਦਾ ਉਸ ਨੂੰ ਜਲ ਪਾਣੀ ਅਤੇ ਪ੍ਰਸ਼ਾਦਾ ਜਰੂਰ ਛਕਾਉਂਦੇ। ਉਨ੍ਹਾਂ ਦੇ ਪਿਆਰ ਨੂੰ ਵੇਖ ਕੇ ਹਰੇਕ ਪ੍ਰੇਮੀ ਜਰੂਰ ਕੁਝ ਨ ਕੁਝ ਛਕਦਾ। ਬੀਬੀ ਜੀ ਦੀ ਸੇਵਾ ਵਾਲੀ ਭਾਵਨਾ ਵੇਖ ਕੇ ਮਹਾਂਪੁਰਖ ਜਦੋਂ ਵੀ ਪਟਿਆਲਾ ਆਉਂਦੇ ਤਾਂ ਇਥੇ ਹੀ ਰਹਿੰਦੇ। ਇਨ੍ਹਾਂ ਦੇ ਨਾਲ ਸੰਤਾਂ ਮਹਾਂਪੁਰਖਾਂ ਦੇ ਬਚਨ ਬਿਲਾਸ ਹੁੰਦੇ ਰਹਿੰਦੇ। ਇਨ੍ਹਾਂ ਦਾ ਬੇਟਾ ਕਾਕਾ ਗੁਰਕਿਰਪਾਲ ਸਿੰਘ ਨਾਗਰਾ ਵੀ ਸੇਵਾ ਭਾਵਨਾ ਵਾਲਾ ਹੈ। ਇਨ੍ਹਾਂ ਦੇ ਨਿਵਾਸ ਅਸਥਾਨ ਤੇ ਮਹਾਂਪੁਰਖਾਂ ਕੋਲ ਬਹੁਤ ਸਾਰੀ ਸੰਗਤ ਵੇਲੇ ਕੁਵੇਲੇ ਵੀ ਆਉਂਦੀ ਰਹਿੰਦੀ। ਬੀਬੀ ਜੀ ਬੜੇ ਚਾਅ ਨਾਲ ਆਈਆਂ ਸੰਗਤਾਂ ਨੂੰ ਜਲ ਪਾਣੀ ਛਕਾਉਂਦੇ। ਮਹਾਂਪੁਰਖ ਆਪਣੀ ਮਰਿਯਾਦਾ ਅਨੁਸਾਰ ਸਾਰੇ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਗੁਰਿਆਈ ਪੁਰਬ ਅਤੇ ਜੋਤੀ ਜੋਤ ਦਿਵਸ ਮਨਾਉਂਦੇ। ਹਰੇਕ ਗੁਰਪੁਰਬ ਤੇ ਦੇਗ ਤਿਆਰ ਕਰਵਾਉਂਦੇ ਅਤੇ ਸਹਿਜ ਪਾਠ ਆਪ ਕਰਕੇ ਭੋਗ ਪਾਉਂਦੇ। ਬੀਬੀ ਗੁਰਦੇਵ ਕੌਰ ਸਾਰੇ ਗੁਰਪੁਰਬਾਂ ਤੇ ਲੰਗਰ ਵਿੱਚ ਦਾਲ ਸਬਜੀ ਤੋਂ ਇਲਾਵਾ ਖੀਰ, ਕੜਾਹ ਪ੍ਰਸ਼ਾਦਿ ਆਪਣੇ ਹੱਥੀਂ ਆਈਆਂ ਸਾਰੀਆਂ ਸੰਗਤਾਂ ਨੂੰ ਛਕਾਉਂਦੇ। ਸੰਨ 1989 ਦੇ ਆਰੰਭ ਵਿਚ ਸ. ਸਿੰਗਾਰਾ ਸਿੰਘ ਨਾਗਰਾ ਜੀ ਨੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਮੈਂ ਆਪਣੇ ਘਰ ਦੀ ਉਸਾਰੀ ਕਰਨਾ ਚਾਹੁੰਦਾ ਹਾਂ ਕਿਰਪਾ ਕਰਕੇ ਕਿਸੇ ਦਿਨ ਨੀਂਹ ਪੱਥਰ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਰੱਖੋ। ਮਹਾਂਪੁਰਖਾਂ ਨੇ ਕੁਝ ਦਿਨਾਂ ਬਾਅਦ ਉਨ੍ਹਾਂ ਦੇ ਘਰ ਦੀ ਉਸਾਰੀ ਦੀ ਨੀਂਹ ਰੱਖਣ ਦੀ ਤਰੀਕ ਰੱਖ ਦਿੱਤੀ ਅਤੇ ਬਚਨ ਕੀਤਾ ਕਿ ਸਾਵਣ ਦੇ ਮਹੀਨੇ ਵਿੱਚ ਛੱਤ ਪਾਉਣੀ ਹੈ। ਸ. ਨਾਗਰਾ ਸਾਹਿਬ ਨੇ ਬੜੀ ਤੇਜੀ ਨਾਲ ਕੋਠੀ ਦੀ ਉਸਾਰੀ ਦਾ ਕੰਮ ਮੁਕੰਮਲ ਕਰਕੇ ਆਪਣੀ ਰਿਹਾਇਸ਼ ਨਵੀਂ ਕੋਠੀ ਵਿੱਚ ਤਬਦੀਲ ਕਰ ਲਈ। ਬੀਬੀ ਗੁਰਦੇਵ ਕੌਰ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਸਾਡੀ ਕੋਠੀ ਦਾ ਪਲਾਟ ਛੋਟਾ ਹੈ। ਜੇਕਰ ਹੋਰ ਥਾਂ ਹੁੰਦੀ ਤਾਂ ਇੱਕ ਦੋ ਕਮਰਾ ਬਣਾਉਣ ਦੀ ਇੱਛਾ ਸੀ ਤਾਂ ਜੋ ਕੋਈ ਮਹਾਂਪੁਰਖ ਇੱਥੇ ਠਹਿਰ ਕੇ ਸਿਮਰਨ ਭਜਨ ਕਰ ਸਕੇ। ਮਹਾਂਪੁਰਖਾਂ ਨੇ ਬਚਨ ਕੀਤੇ ਕਿ ਤੁਹਾਨੂੰ ਇਹ ਪਿਛਲੇ ਕਮਰੇ ਅਤੇ ਵਿਹੜਾ ਪਰਮੇਸ਼ਰ ਦੀ ਕਿਰਪਾ ਨਾਲ ਮਿਲ ਜਾਵੇਗਾ। ਕੁਝ ਸਮੇਂ ਬਾਅਦ ਛੀਨਾ ਸਾਹਿਬ ਨੇ ਆਖਿਆ ਜੇਕਰ ਤੁਸੀਂ ਆਪਣੀ ਕੋਠੀ ਦੇ ਨਾਲ ਹੋਰ ਥਾਂ ਲੈਣੀ ਚਾਹੁੰਦੇ ਹੋ ਤਾਂ ਲੈ ਲਵੋ। ਇਸ ਤਰ੍ਹਾਂ ਨਾਗਰਾ ਸਾਹਿਬ ਨੇ ਛੀਨਾ ਸਾਹਿਬ ਪਾਸੋਂ ਦੋ ਕਮਰੇ ਅਤੇ ਕੁਝ ਵਿਹੜੇ ਲਈ ਥਾਂ ਖਰੀਦ ਲਈ। ਹੁਣ ਇਸ ਅਸਥਾਨ ਤੇ ਕੋਈ ਨਾ ਕੋਈ ਮਹਾਂਪੁਰਖ ਆ ਕੇ ਸਿਮਰਨ ਭਜਨ ਕਰਦੇ ਹਨ। ਬੀਬੀ ਜੀ ਬੜੇ ਸ਼ੌਂਕ ਨਾਲ ਸੇਵਾ ਕਰਦੇ ਹਨ। ਮਹਾਂਪੁਰਖਾਂ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਵੀ ਬੀਬੀ ਗੁਰਦੇਵ ਕੌਰ ਜੀ ਬੜੇ ਚਾਅ

ਨਾਲ ਕਰਦੇ ਹਨ। ਵਾਹਿਗੁਰੂ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਸੇਵਾ ਬਖਸ਼ਦੇ ਰਹਿਣ।

## ਨਿਵਾਸ ਅਸਥਾਨ ਇੰਦਰਾਪੁਰੀ ਦੀ ਕਾਰ ਸੇਵਾ

ਸਰਦਾਰ ਸ਼ਿੰਗਾਰਾ ਸਿੰਘ ਨਾਗਰਾ ਜੀ ਦੀ ਕੋਠੀ ਦੀ ਨੀਂਹ ਰੱਖਣ ਤੋਂ ਉਪਰੰਤ ਸਾਡੇ ਨਿਵਾਸ ਅਸਥਾਨ ਦੀ ਉਸਾਰੀ ਦੀ ਨੀਂਹ ਰੱਖਣ ਵਾਸਤੇ ਵੀ ਉਸੇ ਦਿਨ ਦੀ ਤਰੀਕ ਰੱਖ ਦਿੱਤੀ। ਕੁਝ ਸਮੇਂ ਬਾਅਦ ਸਰਦਾਰ ਨਾਗਰਾ ਜੀ ਦੀ ਕੋਠੀ ਦੀ ਨੀਂਹ ਰੱਖਣ ਤੋਂ ਬਾਅਦ ਇਸ ਨਿਵਾਸ ਅਸਥਾਨ ਦੀ ਨੀਂਹ ਮਹਾਂਪੁਰਖਾਂ ਨੇ ਆਪ ਰੱਖੀ ਅਤੇ ਬਚਨ ਕੀਤੇ ਕਿ ਉਸਾਰੀ ਦਾ ਕੰਮ ਤੇਜੀ ਨਾਲ ਕੀਤਾ ਜਾਵੇ। ਵਾਹਿਗੁਰੂ ਜੀ ਦੀ ਐਸੀ ਕਿਰਪਾ ਹੋਈ ਕਿ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਇਸ ਨਿਵਾਸ ਅਸਥਾਨ ਦੀ ਤਿਆਰੀ ਗਿਣਵੇਂ ਦਿਨਾਂ ਵਿੱਚ ਹੋ ਗਈ। ਮਹਾਂਪੁਰਖਾਂ ਦੇ ਹੁਕਮਾਂ ਅਨੁਸਾਰ ਇਸ ਅਸਥਾਨ ਤੇ ਮਿਤੀ 01.10.1989 ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਭਾਈ ਦਲਜਿੰਦਰ ਸਿੰਘ ਜੀ ਸੀਨੀਅਰ ਐਕਸੀਅਨ, ਭਾਈ ਮਨੋਹਰ ਸਿੰਘ ਜੀ ਡਿਪਟੀ ਸੈਕਟਰੀ ਅਤੇ ਭਾਈ ਜਤਿੰਦਰ ਸਿੰਘ ਜੀ ਡਿਪਟੀ ਸੈਕਟਰੀ ਪਾਸੋਂ ਕਰਵਾਏ। ਇਸ ਮੌਕੇ ਤੇ ਭਾਈ ਮਨੋਹਰ ਸਿੰਘ ਜੀ ਰੈੱਡ ਕਰਾਸ ਵਾਲੇ ਵੀ ਮਹਾਂਪੁਰਖਾਂ ਦੇ ਦਰਸ਼ਨ ਕਰਨ ਆਏ। ਘਰ ਦੀ ਉਸਾਰੀ ਸਮੇਂ ਸਹਿਜ ਪਾਠ ਆਰੰਭ ਕੀਤੇ ਗਏ ਸਨ ਉਨ੍ਹਾਂ ਦੇ ਭੋਗ ਪਾਏ ਗਏ। ਮੁਖਵਾਕ ਦੀ ਕਥਾ ਮਹਾਂਪੁਰਖਾਂ ਨੇ ਆਪ ਕੀਤੀ। ਸਮਾਪਤੀ ਸਮੇਂ "ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ਸੇ ਅਸਥਲ ਸੋਇਨ ਚਉਬਾਰੇ॥ ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥" ਵਾਲਾ ਸ਼ਬਦ ਅਤੇ ਅਨੰਦ ਸਾਹਿਬ ਦਾ ਕੀਰਤਨ ਭਾਈ ਜਮੀਅਤ ਸਿੰਘ ਜੀ ਨੇ ਕੀਤਾ। ਜੋ ਪੰਜਾਬ ਸਰਕਾਰ ਚੋਂ ਸੇਵਾ ਮੁਕਤ ਹੋ ਕੇ ਗੁਰਦੁਆਰਾ ਸਾਹਿਬ ਇੰਦਰਾਪੁਰੀ ਸਰਹਿੰਦ ਰੋਡ ਪਟਿਆਲਾ ਵਿਖੇ ਕੀਰਤਨ ਦੀ ਨਿਸ਼ਕਾਮ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦਾ ਕੀਰਤਨ ਸੁਣ ਕੇ ਮਹਾਂਪੁਰਖ ਬਹੁਤ ਅਨੰਦ ਪ੍ਰਾਪਤ ਕਰਦੇ ਰਹਿੰਦੇ। ਜਦੋਂ ਕੀਰਤਨ ਕਰਦੇ ਸਮੇਂ ਇਨ੍ਹਾਂ ਦੀ ਅਵਾਜ ਗੁਰਦੁਆਰਾ ਸਾਹਿਬ ਤੋਂ ਲਾਊਡ ਸਪੀਕਰ ਰਾਹੀਂ ਮਹਾਂਪੁਰਖ ਸੁਣਦੇ ਤਾਂ ਸਹਿਜ ਪਾਠ ਕਰਦੇ ਸਮੇਂ ਪੋਥੀ ਸਾਹਿਬ ਤੇ ਰੁਮਾਲ ਪਾ ਦਿੰਦੇ। ਅਰਦਾਸ ਕਰਨ ਸਮੇਂ ਦਾਸ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਜਿਵੇਂ ਘਰ ਦੀ ਉਸਾਰੀ ਦੀ ਨੀਂਹ ਰੱਖਣ ਸਮੇਂ ਬਚਨ ਕੀਤੇ ਸਨ, ਹੁਣ ਗ੍ਰਹਿ ਪ੍ਰਵੇਸ਼ ਕਰਨ ਸਮੇਂ ਵੀ ਬਚਨ ਕਰੋ ਕਿ ਅਰਦਾਸ ਵਿੱਚ ਸਤਿਗੁਰਾਂ ਕੋਲ ਕੀ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ। ਭਾਵੇਂ ਇਹ ਸਾਰੇ ਬਚਨ ਮਹਾਂਪੁਰਖਾਂ ਨੇ ਕਥਾ ਵਿਚ ਬਹੁਤ ਵਿਸਥਾਰ ਨਾਲ ਸਰਵਣ ਕਰਵਾਏ ਸਨ, ਦੁਬਾਰਾ ਫੇਰ ਬਚਨ ਕੀਤੇ ਕਿ ਆਪ ਜੀ ਦੀ ਕਿਰਪਾ ਦੇ ਨਾਲ ਇਹ ਨਿਵਾਸ ਅਸਥਾਨ ਤਿਆਰ ਹੋਇਆ ਹੈ। ਆਪ ਜੀ ਵਲੋਂ ਪ੍ਰੇਰੇ ਹੋਏ ਬਹੁਤ ਸਾਰੇ ਪ੍ਰੇਮੀਆਂ ਨੇ ਹਰ ਪੱਖੋਂ

ਕਾਰ ਸੇਵਾ ਵਿਚ ਸਹਾਇਤਾ ਕੀਤੀ ਹੈ। ਆਪ ਜੀ ਦਾ ਕੋਟ ਕੋਟ ਸ਼ੁਕਰ ਹੈ ਕਿਰਪਾ ਕਰਕੇ ਇਸ ਗ੍ਰਹਿ ਵਿਚ ਸਤਿਸੰਗਤ ਦਾ ਪ੍ਰਵਾਹ ਬਣਿਆ ਰਹੇ। ਗੁਰਮੁਖ ਪਿਆਰਿਆਂ ਦੇ ਚਰਨ ਪੈਂਦੇ ਰਹਿਣ। ਲੋਹ ਲੰਗਰ ਤਪਦੇ ਰਹਿਣ। ਸੰਗਤਾਂ ਛਕਦੀਆਂ ਛਕਾਉਦੀਆਂ ਰਹਿਣ। ਇਸ ਤਰ੍ਹਾਂ ਮਹਾਂਪੁਰਖਾਂ ਦੀ ਪ੍ਰੇਰਣਾ ਅਨੁਸਾਰ ਅਰਦਾਸ ਕੀਤੀ ਗਈ। ਸਮਾਪਤੀ ਉਪਰੰਤ ਸਾਰੀਆਂ ਸੰਗਤਾਂ ਨੇ ਲੰਗਰ ਛਕ ਕੇ ਚਾਲੇ ਪਾਏ।

## ਆਦਿ ਦੀ ਕਥਾ ਕਰਨ ਬਾਰੇ ਬਚਨ

ਜਿਉਂ ਹੀ ਇੰਦਰਾ ਪੁਰੀ ਨਿਵਾਸ ਅਸਥਾਨ ਦੀ ਕਾਰ ਸੇਵਾ ਮੁਕੰਮਲ ਹੋਈ ਤਾਂ ਸਭ ਤੋਂ ਪਹਿਲਾਂ ਸਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਦੇ ਪੰਦਰਵੇਂ ਮੁਖੀ ਨੇ ਜਥੇ ਦੇ ਸਿੰਘਾਂ ਸਮੇਤ ਚਰਨ ਪਾਏ। ਮਹਾਂਪੁਰਖਾਂ ਨੇ ਆਪਣੇ ਹੱਥੀਂ ਸਾਰੇ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ। ਬਾਅਦ ਵਿੱਚ ਆਪ ਛਕਿਆ। ਲੰਗਰ ਛਕਣ ਉਪਰੰਤ ਮਹਾਂਪੁਰਖ ਬਚਨ ਕਰਨ ਲੱਗੇ ਕਿ ਬਹੁਤ ਸੋਹਣਾ ਰੌਸ਼ਨੀ ਵਾਲਾ ਅਸਥਾਨ ਬਣ ਗਿਆ ਹੈ। ਪਿੱਛੇ ਵਿਹੜੇ ਵਿੱਚ ਸਾਦੀਆਂ ਇੱਟਾਂ ਦਾ ਫਰਸ਼ ਦੇਖ ਕੇ ਸਿੰਘਾਂ ਨੂੰ ਕਹਿਣ ਲੱਗੇ ਕਿ ਇਸ ਤਰ੍ਹਾਂ ਦੇ ਫਰਸ਼ ਤੇ ਬਾਟੇ ਮਾਂਜਣ ਸਮੇਂ ਤਿਲਕਣ ਨਹੀਂ ਹੁੰਦੀ। ਮਹਾਂਪੁਰਖਾਂ ਨੇ ਬਾਣ ਦਾ ਮੰਜਾ ਪਿਛਲੇ ਵਿਹੜੇ ਵਿੱਚ ਡੂਹਾ ਲਿਆ। ਸੁੰਦਰ ਵਿਛਾਈ ਕਰਨ ਉਪਰੰਤ ਸੁਖਮਨੀ ਸਾਹਿਬ ਦਾ ਸਾਰਾ ਪਾਠ ਸਿੰਘ ਪਾਸੋਂ ਸੁਣ ਕੇ ਬਚਨ ਕਰਨ ਲੱਗੇ ਕਿ ਉਪਲਹੇੜੀ ਤੋਂ ਮਹਾਂਪੁਰਖਾਂ ਨੂੰ ਲੈ ਕੇ ਆਉ ਅਤੇ ਉਨ੍ਹਾਂ ਪਾਸੋਂ ਸਾਰੇ ਸਿੰਘ ਲੜੀਵਾਰ ਕਥਾ ਸੁਣੋ।

ਇਨ੍ਹਾਂ ਤੋਂ ਕੁਝ ਦਿਨਾਂ ਬਾਅਦ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੇ ਦਿਨ ਦੇ ਤੀਜੇ ਪਹਿਰ ਚਰਨ ਪਾਏ। ਸਾਰੀ ਸੰਗਤ ਨੇ ਪਕੌੜੇ ਛਕੇ। ਮਹਾਂਪੁਰਖਾਂ ਨੇ ਆਪ ਵੀ ਛਕੇ। ਬਚਨ ਕਰਨ ਲੱਗੇ ਕਿ ਭਾਈ ਪਾਲ ਸਿੰਘ ਤੁਹਾਡੇ ਦਫਤਰ ਦਾ ਕੰਮ ਕਾਜ ਕਿਵੇਂ ਹੈ। ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਜੀ ਦੀ ਕਿਰਪਾ ਹੈ। ਦਫਤਰੀ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਦੇ ਕੋਈ ਦਫਤਰ ਦੇ ਕੰਮ ਕਾਜ ਲਈ ਨਹੀਂ ਜਾਣਾ ਪੈਂਦਾ। ਇਹ ਸੁਣ ਕੇ ਮਹਾਂਪੁਰਖ ਬਚਨ ਕਰਨ ਲੱਗੇ ਫੇਰ ਭਾਈ ਤੁਸੀਂ ਉਪਲਹੇੜੀ ਵਾਲੇ ਮਹਾਂਪੁਰਖਾਂ ਪਾਸੋਂ ਇਸ ਅਸਥਾਨ ਤੇ ਗੁਰਬਾਣੀ ਦੀ ਕਥਾ ਦਾ ਲਾਹਾ ਲਓ। ਮਹਾਂਪੁਰਖਾਂ ਕੋਲ ਜਾ ਕੇ ਬੇਨਤੀਆਂ ਕਰੋ ਜੋ ਦਸਵੇਂ ਪਾਤਿਸ਼ਾਹ ਨੇ ਆਪਣੇ ਮੁਖਾਰਬਿੰਦ ਤੋਂ ਦਮਦਮਾ ਸਾਹਿਬ ਵਿਖੇ ਕਥਾ ਸਰਵਣ ਕਰਾਈ ਸੀ ਉਹ ਪਵਿੱਤਰ ਕਥਾ ਸਾਨੂੰ ਵੀ ਸੁਣਾਓ।

ਮਹਾਂਪੁਰਖ ਸੰਤ ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਵਾਲਿਆਂ ਅਤੇ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਪਵਿੱਤਰ ਬਚਨਾਂ ਅਨੁਸਾਰ ਭਾਈ ਨਿਰਮਲ ਸਿੰਘ ਅਤੇ ਭਾਈ ਗੁਰਮੇਲ ਸਿੰਘ ਜੀ ਉਪਲਹੇੜੀ ਵਾਲੇ

ਮਹਾਂਪੁਰਖਾਂ ਕੋਲ ਗਏ। ਫਤਿਹ ਬੁਲਾ ਕੇ ਬੇਨਤੀ ਕੀਤੀ ਕਿ ਆਪ ਜੀ ਪਟਿਆਲਾ ਵਿਖੇ ਸਾਨੂੰ ਗੁਰਬਾਣੀ ਦੀ ਸੰਥਿਆ ਅਤੇ ਲੜੀਵਾਰ ਕਥਾ ਸੁਣਾਉ। ਸੰਗਤ ਦੀ ਇੱਛਾ ਹੈ ਕਿ ਗੁਰੂ ਕੀ ਕਾਂਸੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜੋ ਕਥਾ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸੁਣਾਈ ਸੀ ਉਹ ਕਥਾ ਸੁਣੀਏ। ਮਹਾਂਪੁਰਖਾਂ ਨੇ ਖੁਸ਼ੀ ਨਾਲ ਬੇਨਤੀ ਨੂੰ ਮੰਨ ਲਿਆ ਅਤੇ ਬਚਨ ਕੀਤੇ ਕਿ ਜਿਹੜੇ ਸਿੰਘ ਕਥਾ ਸੁਣਨੀ ਚਾਹੁੰਦੇ ਹਨ ਉਨ੍ਹਾਂ ਸਾਰਿਆਂ ਦੇ ਨਾਵਾਂ ਦੀ ਸੂਚੀ ਤਿਆਰ ਕਰੋ। ਇਸ ਤਰ੍ਹਾਂ 35 ਸਿੰਘਾਂ ਅਤੇ 13 ਬੀਬੀਆਂ ਦੀ ਸੂਚੀ ਤਿਆਰ ਕੀਤੀ ਗਈ।

## ਸੋਹੀ ਪਰਿਵਾਰ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਉਣਾ

ਸ. ਈਸ਼ਰ ਸਿੰਘ ਸੋਹੀ ਜੋ ਪਲਾਸੌਰ ਜਿਲ੍ਹਾ ਸੰਗਰੂਰ ਦੇ ਜੰਮਪਲ ਹਨ। ਪਿਛਲੇ ਕਈ ਸਾਲਾਂ ਤੋਂ ਉਹ ਸਰਹਿੰਦ ਰੋਡ ਪਟਿਆਲਾ ਵਿਖੇ ਆਪਣੀ ਕੋਠੀ ਇੰਦਰਾ ਪੁਰੀ ਵਿੱਚ ਰਹਿ ਰਹੇ ਹਨ। ਇਨ੍ਹਾਂ ਦਾ ਇਕਲੌਤਾ ਸਪੁੱਤਰ ਇੰਜੀਨੀਅਰ ਗੁਰਦਰਸ਼ਨ ਸਿੰਘ ਸੀ ਜਿਸ ਨੇ ਥਾਪਰ ਕਾਲਜ ਤੋਂ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਸੀ। ਡਿਗਰੀ ਤੋਂ ਉਪਰੰਤ ਥਾਪਰ ਕਾਲਜ ਵਿਖੇ ਨੌਕਰੀ ਕਰਨ ਲੱਗ ਗਿਆ ਸੀ। ਪੂਰਬਲੇ ਕਰਮਾਂ ਕਰਕੇ ਇੰਜੀਨੀਅਰ ਗੁਰਦਰਸ਼ਨ ਸਿੰਘ ਸੜਕ ਹਾਦਸੇ ਵਿੱਚ ਮਿਤੀ 27-ਅਗਸਤ-1989 ਨੂੰ ਅਕਾਲ ਚਲਾਣਾ ਕਰ ਗਏ। ਪਿਤਾ ਸਰਦਾਰ ਈਸ਼ਰ ਸਿੰਘ ਅਤੇ ਮਾਤਾ ਅਵਤਾਰ ਕੌਰ ਨੂੰ ਆਪਣੇ ਪੁੱਤਰ ਦੇ ਸਦੀਵੀ ਵਿਛੋੜੇ ਦਾ ਬਹੁਤ ਦੁਖ ਹੋਇਆ। ਇੰਨਾਂ ਨੂੰ ਕੋਈ ਹੋਰ ਆਸਰਾ ਨਹੀਂ ਸੀ। ਘਰ ਵਿੱਚ ਕੋਈ ਹੋਰ ਧੀ ਪੁੱਤਰ ਨਾ ਹੋਣ ਕਰਕੇ ਰਿਸ਼ਤੇਦਾਰ ਅਤੇ ਨਗਰ ਦੇ ਵਸਨੀਕ ਇਨ੍ਹਾਂ ਨੂੰ ਆਪਣੇ ਸ਼ਬਦਾਂ ਨਾਲ ਸਮਝਾ ਕੇ ਕੋਈ ਆਸਰਾ ਨਹੀਂ ਦੇ ਸਕੇ। ਇੰਨਾਂ ਦਾ ਜੀਵਨ ਬਹੁਤ ਦੁਖਦਾਈ ਹੋ ਗਿਆ ਸੀ। ਐਸੇ ਸਮੇਂ ਵਿੱਚ ਕੇਵਲ ਪਰਮੇਸ਼ਰ ਦਾ ਨਾਮ ਹੀ ਸਹਾਇਤਾ ਕਰ ਸਕਦਾ ਹੈ। ਪਰ ਅਜਿਹੇ ਹਾਲਾਤਾਂ ਵਿੱਚ ਕਿਸੇ ਪੂਰਨ ਮਹਾਂਪੁਰਖ ਦੀ ਲੋੜ ਸੀ।

ਸ.ਈਸ਼ਰ ਸਿੰਘ ਦਾ ਪਿਛੋਕੜ ਅਤੇ ਉਨ੍ਹਾਂ ਦੇ ਘਰੋਂ ਬੀਬੀ ਅਵਤਾਰ ਕੌਰ ਦਾ ਪਿਛੋਕੜ ਗੁਰਸਿੱਖੀ ਵਾਲਾ ਸੀ। ਜਦੋਂ ਇੰਨਾਂ ਦਾ ਮਿਲਾਪ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਨਾਲ ਹੋਇਆ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਗੁਰਾਂ ਦੇ ਚਰਨੀਂ ਲੱਗਣ ਦੇ ਬਚਨ ਕੀਤੇ। ਦੋਨਾਂ ਨੇ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖੀ ਨੂੰ ਧਾਰਨ ਕੀਤਾ। ਦੋਨੋਂ ਵੇਲੇ ਨਿਤਨੇਮ ਕਰਨਾ ਅਰੰਭ ਕਰ ਦਿੱਤਾ। ਇਨ੍ਹਾਂ ਦੇ ਪ੍ਰੇਮ ਨੂੰ ਦੇਖਦੇ ਹੋਏ ਮਹਾਂਪੁਰਖਾਂ ਨੇ ਆਪਣੇ ਆਸਣ ਇਨ੍ਹਾਂ ਦੇ ਗ੍ਰਿਹ ਵਿਖੇ ਲਾ ਲਏ। ਮਹਾਂਪੁਰਖਾਂ ਦੇ ਆਸਣ ਕਰਕੇ ਬੇਅੰਤ ਸੰਗਤ ਅਤੇ ਕਈ ਮਹਾਂਪੁਰਖ ਇਨ੍ਹਾਂ ਦੇ ਗ੍ਰਿਹ ਵਿਖੇ ਆਉਣ ਜਾਣ ਲੱਗ

ਪਏ। ਮਹਾਂਪੁਰਖ ਆਪਣੇ ਨਿਤਨੇਮ ਤੋਂ ਇਲਾਵਾ ਪਾਵਨ ਪੋਥੀਆਂ ਤੇ ਹਫਤੇ ਵਿੱਚ ਸਹਿਜ ਪਾਠ ਕਰ ਦਿੰਦੇ ਸਨ। ਮਹਾਂਪੁਰਖ ਦਸ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਦਸਾਂ ਗੁਰਾਂ ਦੇ ਗੁਰਿਆਈ ਪੁਰਬ, ਦਸਾਂ ਗੁਰਾਂ ਦੇ ਜੋਤੀ ਜੋਤ ਪੁਰਬ ਅਤੇ 12 ਸੰਗਰਾਂਦਾਂ ਤੋਂ ਇਲਾਵਾ ਕੁਝ ਇਤਿਹਾਸਿਕ ਦਿਹਾੜਿਆਂ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਆਪ ਸਹਿਜ ਪਾਠ ਕਰਕੇ ਭੋਗ ਪਾਉਂਦੇ। ਇਸ ਤਰ੍ਹਾਂ ਬੀਬੀ ਅਵਤਾਰ ਕੌਰ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਸਾਰੇ ਸਿੰਘ ਸਿੰਘਣੀਆਂ ਨੇ ਆਦਿ ਦੀਆਂ ਪੋਥੀਆਂ ਖਰੀਦ ਲਈਆਂ। ਸਰਦਾਰ ਈਸ਼ਰ ਸਿੰਘ ਸੋਹੀ ਸਰਹਿੰਦ ਰੋਡ ਪਟਿਆਲਾ ਦੇ ਗ੍ਰਹਿ ਵਿਖੇ ਕਈ ਸਿੰਘਾਂ ਦੀ ਸੰਥਿਆ ਕਰਵਾਈ। ਇੱਥੇ ਹੀ ਬੱਸ ਨਹੀਂ ਮਹਾਂਪੁਰਖਾਂ ਨੇ ਇਨ੍ਹਾਂ ਦੇ ਨਿਵਾਸ ਅਸਥਾਨ ਤੇ ਗੁਰਬਾਣੀ ਦੀ ਸੰਥਿਆ ਅਰੰਭ ਕਰਕੇ ਸੰਪੂਰਨ ਕਰਵਾਈ। ਬੀਬੀ ਅਵਤਾਰ ਕੌਰ ਜੀ ਰੋਜਾਨਾ ਸਾਰੀ ਤਿਆਰੀ ਕਰਦੇ। ਆਈ ਹੋਈ ਸੰਗਤ ਨੂੰ ਜਲ ਪਾਣੀ ਅਤੇ ਲੰਗਰ ਛਕਾਉਂਦੇ। ਮਹਾਂਪੁਰਖ ਕਈ ਵਾਰ ਪਰਖਣ ਦੇ ਵਾਸਤੇ ਝਾੜ ਝੰਬ ਵੀ ਕਰ ਦਿੰਦੇ। ਪੁੱਤਰ ਦੇ ਵਿਛੋੜੇ ਵਿੱਚ ਜੋ ਰੋਣਾ ਸੀ ਉਦੋਂ ਵੀ ਹੰਝੂ ਵਹਿੰਦੇ ਸਨ ਪਰ ਉਨ੍ਹਾਂ ਹੰਝੂਆਂ ਨਾਲ ਮਨ ਅਤੇ ਸਰੀਰ ਦੋਨੋਂ ਰੋਗੀ ਹੁੰਦੇ ਸਨ ਪਰ ਮਹਾਂਪੁਰਖਾਂ ਦੀ ਝਾੜ ਝੰਬ ਅਤੇ ਇਤਿਹਾਸ ਦੀਆਂ ਵਿਚਾਰਾਂ ਦੇ ਨਾਲ ਜੋ ਨੇਤਰਾਂ ਵਿੱਚ ਬੈਰਾਗ ਦਾ ਜਲ ਵਹਿੰਦਾ ਸੀ ਇਹ ਅੰਦਰੋਂ ਮੈਲ ਕੱਟਦਾ ਜਾਂਦਾ। ਇਸ ਤਰ੍ਹਾਂ ਮਹਾਂਪੁਰਖਾਂ ਦੀ ਪ੍ਰੇਰਣਾ ਦਾ ਸਦਕਾ ਬਾਣੀ ਪੜ੍ਹਨ ਨਾਲ ਸੇਵਾ ਕਰਨ ਨਾਲ ਦੋਨਾਂ ਦਾ ਮਨ ਚੜ੍ਹਦੀਕਲਾ ਵਿੱਚ ਹੋ ਗਿਆ। ਸੰਥਿਆ ਤੋਂ ਉਪਰੰਤ ਬੀਬੀ ਅਵਤਾਰ ਕੌਰ ਅਤੇ ਸ. ਈਸਰ ਸਿੰਘ ਸੋਹੀ ਨਿਤਨੇਮ ਤੋਂ ਇਲਾਵਾ ਸਹਿਜ ਪਾਠ ਵੀ ਕਰਨ ਲੱਗ ਪਏ।

ਮਹਾਂਪੁਰਖਾਂ ਨੇ ਵੇਖਿਆ ਕਿ ਇਸ ਪਰਿਵਾਰ ਨੂੰ ਪੂਰਨ ਮਹਾਂਪੁਰਖਾਂ ਦੀ ਬਹੁਤ ਲੋੜ ਹੈ। ਇਸ ਲਈ ਇਨ੍ਹਾਂ ਦੇ ਜੀਵਨ ਦੀ ਰੱਖਿਆ ਕਰਨ ਵਾਸਤੇ ਮਹਾਂਪੁਰਖਾਂ ਨੇ ਇਨ੍ਹਾਂ ਨੂੰ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੀ ਸੰਗਤ ਵਿੱਚ ਜੋੜ ਦਿੱਤਾ। ਹੁਣ ਮਹਾਂਪੁਰਖਾਂ ਦੇ ਸਚਖੰਡ ਜਾਣ ਉਪਰੰਤ ਵੀ ਹੰਸਾਲੀ ਵਾਲੇ ਮਹਾਂਪੁਰਖਾਂ ਦੀ ਪ੍ਰੇਰਣਾ ਦਾ ਸਦਕਾ ਚੜ੍ਹਦੀਕਲਾ ਵਿੱਚ ਰਹਿ ਕੇ ਦੋਨੋਂ ਮੈਂਬਰ ਪਰਮੇਸ਼ਰ ਦੇ ਭਾਣੇ ਅੰਦਰ ਗੁਰਬਾਣੀ ਪੜ੍ਹਕੇ ਅਤੇ ਸੇਵਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰ ਰਹੇ ਹਨ। ਸਰਦਾਰ ਈਸ਼ਰ ਸਿੰਘ ਅਤੇ ਬੀਬੀ ਅਵਤਾਰ ਕੌਰ ਦੋਨਾਂ ਨੇ ਨਿਤਨੇਮ ਤੋਂ ਇਲਾਵਾ ਆਦਿ ਦੀ ਬਾਣੀ ਦੀ ਸੰਥਿਆ ਅਤੇ ਲੜੀਵਾਰ ਕਥਾ ਸੰਗਤ ਵਿੱਚ ਬੈਠ ਕੇ ਸਰਵਣ ਕੀਤੀ। ਇਸ ਤਰ੍ਹਾਂ ਮਹਾਂਪੁਰਖਾਂ ਨੇ ਇਨ੍ਹਾਂ ਦਾ ਜੀਵਨ ਹੀ ਬਦਲ ਦਿੱਤਾ ਅਤੇ ਗੁਰਮਤਿ ਮਾਰਗ ਦੇ ਪਾਂਧੀ ਬਣਾ ਦਿੱਤੇ। ਮਹਾਂਪੁਰਖਾਂ ਨੇ ਅਜਿਹੇ ਸੰਕਟ ਸਮੇਂ ਦੁਖੀਆਂ ਦੀ ਬਾਂਹ ਫੜਕੇ ਬਹੁਤ ਸਾਰੇ ਪਰਿਵਾਰਾਂ ਨੂੰ ਗੁਰਮੁਖ ਮਾਰਗ ਦੇ ਪਾਂਧੀ ਬਣਾਇਆ।

## ਪਟਿਆਲਾ ਵਿਖੇ ਗੁਰਮਤਿ ਪ੍ਰਚਾਰ

ਮਹਾਂਪੁਰਖਾਂ ਨੇ ਸੰਗਤ ਦੀ ਇੱਛਾ ਅਨੁਸਾਰ ਆਦਿ ਦੀ ਪਹਿਲੀ ਕਥਾ 1992 ਦੀ ਵੈਸਾਖੀ ਨੂੰ ਗੁਰਦੁਆਰਾ ਸਾਹਿਬ ਕੰਵਰਪੁਰ ਜੀ.ਟੀ.ਰੋਡ ਰਾਜਪੁਰਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਅਰੰਭ ਕੀਤੀ। ਅਰੰਭ ਵਾਲੇ ਗੁਰਮਤਿ ਸਮਾਗਮ ਤੇ ਦੇਸੀ ਘੀ ਦੀਆਂ ਜਲੇਬੀਆਂ ਅਤੇ ਲੱਡੂ ਗੁਰੂ ਕੇ ਲੰਗਰ ਵਿੱਚ ਵਰਤਾਏ ਗਏ। ਇਸ ਮੌਕੇ ਤੇ ਮਹਾਂਪਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੇ ਵੀ ਸੰਗਤਾਂ ਦੇ ਦਰਸ਼ਨ ਕੀਤੇ। ਦੂਸਰਾ ਦਿਨ 14 ਇੰਦਰਾਪੁਰੀ ਸਰਹਿੰਦ ਰੋਡ ਪਟਿਆਲਾ ਵਿਖੇ ਮਹਾਂਪੁਰਖਾਂ ਨੇ ਅੰਮ੍ਰਿਤ ਵੇਲੇ ਪੰਜ ਵਜੇ ਕਥਾ ਅਰੰਭ ਕੀਤੀ ਅਤੇ 6:30 ਵਜੇ ਸਮਾਪਤੀ ਕੀਤੀ। ਕਥਾ ਅਰੰਭ ਕਰਨ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਦੀ ਦੇਗ ਸਜਾਅ ਲਈ ਜਾਂਦੀ ਸੀ। ਦੇਗ ਸਜਾਉਣ ਦੀ ਸੇਵਾ ਭਾਈ ਵਿਰਸਾ ਸਿੰਘ ਨੂੰ ਬਖਸ਼ਿਸ਼ ਕੀਤੀ ਗਈ। ਦੇਗ ਸਜਾਉਂਦੇ ਸਮੇਂ ਭਾਈ ਵਿਰਸਾ ਸਿੰਘ ਜਪੁ ਜੀ ਸਾਹਿਬ ਦਾ ਪਾਠ ਕਰਦੇ ਸਨ। ਦੇਗ ਠੰਢੀ ਕਰਦੇ ਸਮੇਂ ਅਨੰਦ ਸਾਹਿਬ ਦਾ ਸੰਪੂਰਨ ਪਾਠ ਕਰਦੇ ਸਨ। ਅੰਮ੍ਰਿਤ ਵੇਲੇ ਬੀਬੀ ਅਮਰਜੀਤ ਕੌਰ ਰੋਜਾਨਾ ਸਾਰੇ ਘਰ ਵਿੱਚ ਪੋਚਾ ਲਗਾਉਂਦੇ ਉਪਰੰਤ ਦਰੀਆਂ ਵਿਛਾ ਕੇ ਉਪਰ ਚਿੱਟੀਆਂ ਚਾਦਰਾਂ ਵਿਛਾਉਂਦੇ। ਸੰਗਤ ਪਹੁੰਚਣ ਤੋਂ ਪਹਿਲਾਂ ਪਹਿਲਾਂ ਸਾਰੀਆਂ ਪੋਥੀਆਂ ਵਾਲੇ ਫੱਟੇ ਸਿਰਹਾਣਿਆਂ ਸਮੇਤ ਸਜਾਅ ਦਿੱਤੇ ਜਾਂਦੇ ਸਨ। ਕਥਾ ਦੀ ਅਰੰਭਤਾ ਵੇਲੇ ਸਾਰੀ ਸੰਗਤ ਮਿਲ ਕੇ ਗਿਆਰਾਂ ਵਾਰੀ ਮੂਲਮੰਤਰ ਦਾ ਪਾਠ ਅਤੇ ਗੁਰਮੰਤਰ ਦਾ ਜਾਪ ਕਰਦੀ। ਕਥਾ ਦੀ ਸਮਾਪਤੀ ਤੋਂ ਉਪਰੰਤ ਰੋਜਾਨਾ ਅਰਦਾਸ ਹੁੰਦੀ ਫਿਰ ਹੁਕਮਨਾਮੇ ਤੋਂ ਉਪਰੰਤ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ। ਮਹਾਂਪੁਰਖਾਂ ਵੱਲੋਂ ਸਾਰਿਆਂ ਨੂੰ ਬਚਨ ਕੀਤਾ ਗਿਆ ਕਿ ਸਾਰੇ ਸਿੰਘ ਸਿੰਘਣੀਆਂ ਮੂਲਮੰਤਰ ਕਰਨ ਤੋਂ ਪਹਿਲਾਂ-ਪਹਿਲਾਂ ਆਪਣੀ-ਆਪਣੀ ਥਾਂ ਤੇ ਸਜ ਕੇ ਪੋਥੀਆਂ ਪ੍ਰਕਾਸ਼ ਕਰਨ। ਚੱਲ ਰਹੀ ਕਥਾ ਦੇ ਦੌਰਾਨ ਕੋਈ ਵੀ ਵਿਦਿਆਰਥੀ ਦੇਰੀ ਨਾਲ ਅੰਦਰ ਨਹੀਂ ਆ ਸਕਦਾ ਸੀ,ਨਾ ਹੀ ਕੋਈ ਬਾਹਰ ਜਾ ਸਕਦਾ ਸੀ। ਇਹ ਵੀ ਆਗਿਆ ਸੀ ਕਿ ਜਿਨ੍ਹਾਂ-ਜਿਨ੍ਹਾਂ ਪ੍ਰੇਮੀਆਂ ਨੇ ਕਥਾ ਦੀ ਆਰੰਭਤਾ ਤੋਂ ਪਹਿਲਾਂ ਨਾਮ ਲਿਖਵਾਏ ਹਨ ਉਹ ਕਿਸੇ ਦਿਨ ਵੀ ਗੈਰ ਹਾਜਰ ਨਹੀਂ ਹੋ ਸਕਦੇ। ਸੰਗਰਾਂਦ ਵਾਲੇ ਦਿਨ ਮਹਾਂਪੁਰਖ ਉਪਲਹੇੜੀ ਅਤੇ ਕੰਵਰਪੁਰ ਵਿਖੇ ਕਥਾ ਕਰਨ ਜਾਂਦੇ ਸਨ। ਉਸ ਦਿਨ ਕਥਾ ਵਾਲੇ ਸਿੰਘ ਅਤੇ ਸਿੰਘਣੀਆਂ ਆਪਣੇ ਘਰੇਲੂ ਕੰਮ ਕਾਰਨ ਬਾਹਰ ਜਾ ਸਕਦੇ ਸਨ। ਸੰਗਤ ਵਿੱਚ ਹਰੇਕ ਨੂੰ ਚੌਂਕੜਾ ਮਾਰ ਕੇ ਬੈਠਣਾ ਜਰੂਰੀ ਸੀ। ਹਰੇਕ ਦੇ ਗਲ ਵਿੱਚ ਹਜੂਰੀਆ ਜਰੂਰੀ ਹੁੰਦਾ ਸੀ। ਕੋਈ ਪ੍ਰੇਮੀ ਸਰੀਰ ਤੇ ਖੁਰਕ ਸਮੇਂ ਨੱਕ, ਮੂੰਹ, ਕੰਨ ਆਦਿ ਨੂੰ ਹੱਥ ਨਹੀਂ ਲਾ ਸਕਦਾ ਸੀ। ਗੁਰਬਾਣੀ ਦੀਆਂ ਪੋਥੀਆਂ ਦਾ ਬਹੁਤ ਸਤਿਕਾਰ ਰੱਖਿਆ ਜਾਂਦਾ ਸੀ। ਪੋਥੀਆਂ

ਪ੍ਰਕਾਸ਼ ਕਰਨ ਵਾਸਤੇ ਮੰਜੀ ਸਾਹਿਬ ਦੀ ਤਰ੍ਹਾਂ ਮਹਾਂਪੁਰਖਾਂ ਨੇ ਲੰਮੇ-ਲੰਮੇ ਫੱਟੇ ਤਿਆਰ ਕਰਵਾਏ ਸਨ। ਉਨ੍ਹਾਂ ਫੱਟਿਆਂ ਦੇ ਥੱਲੇ ਛੇ ਛੇ ਇੰਚ ਦੇ ਪਾਵੇ ਲਗਵਾਏ ਸਨ। ਉਨ੍ਹਾਂ ਫੱਟਿਆਂ ਉੱਤੇ ਸਿਰਹਾਣੇ ਰੱਖੇ ਜਾਂਦੇ ਸਨ। ਸਿਰਹਾਣਿਆਂ ਉਪਰ ਸੁੰਦਰ ਰੁਮਾਲ ਵਿਛਾਏ ਜਾਂਦੇ ਸਨ। ਇਨ੍ਹਾਂ ਉਪਰ ਪੋਥੀਆਂ ਪ੍ਰਕਾਸ਼ ਕੀਤੀਆਂ ਜਾਂਦੀਆਂ ਸਨ। ਪੋਥੀਆਂ ਉਪਰ ਮੌਸਮ ਅਨੁਸਾਰ ਸੁੰਦਰ ਰੁਮਾਲ ਸਜਾਏ ਜਾਂਦੇ ਸਨ। ਜਿੱਥੇ ਪੋਥੀਆਂ ਪ੍ਰਕਾਸ਼ ਕਰਨ ਸਮੇਂ ਫੱਟੇ ਸਜਾਏ ਜਾਂਦੇ ਸਨ ਉਨ੍ਹਾਂ ਫੱਟਿਆਂ ਦੇ ਥੱਲੇ ਵਿਛਾਈ ਦੇ ਉਪਰ ਇੱਕ ਲੰਮਾ ਕੱਪੜਾ ਵਾਧੂ ਵਿਛਾਇਆ ਜਾਂਦਾ ਸੀ। ਇਸ ਤਰ੍ਹਾਂ ਬੈਠਣ ਵਾਲੀ ਸੰਗਤ ਤੋਂ ਇੱਕ ਕੱਪੜਾ ਪੋਥੀਆਂ ਪ੍ਰਕਾਸ਼ ਕਰਨ ਵਾਲੇ ਫੱਟਿਆਂ ਥੱਲੇ ਵਾਧੂ ਹੋ ਜਾਂਦਾ ਸੀ। ਇਸ ਤਰ੍ਹਾਂ ਮਹਾਂਪੁਰਖ ਗੁਰਬਾਣੀ ਦਾ ਬਹੁਤ ਸਤਿਕਾਰ ਕਰਦੇ ਸਨ।

ਲਾਈਟ ਅਤੇ ਸਾਊਂਡ ਦਾ ਬਹੁਤ ਸੁੰਦਰ ਪ੍ਰਬੰਧ ਕੀਤਾ ਜਾਂਦਾ ਸੀ। ਹਰੇਕ ਪੋਥੀ ਉਪਰ ਪੂਰੀ ਰੌਸ਼ਨੀ ਹੁੰਦੀ ਸੀ। ਸਪੀਕਰ ਦੀ ਆਵਾਜ਼ ਗੇਟ ਤੋਂ ਬਾਹਰ ਨਹੀਂ ਜਾਂਦੀ ਸੀ। ਮਹਾਂਪੁਰਖ ਕਥਾ ਦੇ ਨਾਲ ਨਾਲ ਸੰਗਤਾਂ ਨੂੰ ਗੁਰੂ ਘਰ ਦੀ ਸੇਵਾ ਵਾਸਤੇ ਵੀ ਪ੍ਰੇਰਦੇ ਸਨ। ਸਾਰੇ ਗੁਰਮਤਿ ਸਮਾਗਮਾਂ ਤੇ ਸੰਗਤ ਆਪਣੇ ਹੱਥੀਂ ਦਾਲਾਂ ਸਬਜੀਆਂ,ਖੀਰ ਅਤੇ ਪ੍ਰਸ਼ਾਦੇ ਤਿਆਰ ਕਰਦੀਆਂ ਸਨ। ਕਥਾ ਵਾਲੇ ਸਥਾਨ ਤੇ ਦਿਨੇ ਵੀ ਕੋਈ ਜੋੜਾ ਪਾ ਕੇ ਅੰਦਰ ਨਹੀਂ ਆ ਸਕਦਾ ਸੀ। ਸਾਰੀ ਸੰਗਤ ਨੂੰ ਇਹ ਬਚਨ ਪਹਿਲਾਂ ਹੀ ਕਰ ਦਿੱਤਾ ਸੀ ਕਿ ਇਸ ਅਸਥਾਨ ਤੇ ਆ ਕੇ ਕੋਈ ਵੀ ਸੱਜਣ ਨਿੰਦਾ ਚੁਗਲੀ ਜਾਂ ਘਰੇਲੂ ਗੱਲਬਾਤ ਨਹੀਂ ਕਰ ਸਕੇਗਾ। ਕਥਾ ਦੀ ਸਮਾਪਤੀ ਤੋਂ ਬਾਅਦ ਸੰਗਤ ਵਾਹਿਗੁਰੂ-ਵਾਹਿਗੁਰੂ ਕਹਿੰਦੀ ਹੋਈ ਜੋੜੇ ਸਜਾ ਕੇ ਆਪਣੇ-ਆਪਣੇ ਘਰਾਂ ਨੂੰ ਜਾਂਦੀ ਸੀ। ਕਿਸੇ ਪ੍ਰਕਾਰ ਦੀ ਕੋਈ ਵੀ ਘਰੇਲੂ ਗੱਲਬਾਤ ਨਹੀਂ ਹੁੰਦੀ ਸੀ। ਕਥਾ ਤੋਂ ਉਪਰੰਤ ਮਹਾਂਪੁਰਖ ਵੀ ਕਿਸੇ ਨਾਲ ਕੋਈ ਘਰੋਗੀ ਬਚਨ ਨਹੀਂ ਕਰਦੇ ਸਨ। ਇਨ੍ਹਾਂ ਦਿਨਾਂ ਵਿੱਚ ਸਾਰੀ ਸੰਗਤ ਨੇ ਕਈ ਕਈ ਸਹਿਜ ਪਾਠ ਕੀਤੇ। ਮਹਾਂਪੁਰਖ ਆਪ ਵੀ ਹਫਤੇ ਵਿੱਚ ਇੱਕ ਸਹਿਜ ਪਾਠ ਕਰ ਦਿੰਦੇ ਸਨ। ਮਹਾਂਪੁਰਖ ਆਪ ਸਹਿਜ ਪਾਠ ਕਰਕੇ ਗੁਰੂ ਸਾਹਿਬਾਨ ਦੇ ਸਾਰੇ ਪ੍ਰਕਾਸ਼ ਪੁਰਬ, ਗੁਰਿਆਈ ਦਿਵਸ, ਜੋਤੀ ਜੋਤ ਦਿਹਾੜਿਆਂ ਅਤੇ ਸਾਰੀਆਂ ਸੰਗਰਾਂਦਾਂ ਤੇ ਭੋਗ ਪਾਉਂਦੇ ਸਨ। ਸੰਗਤਾਂ ਨੂੰ ਇਨ੍ਹਾਂ ਦਿਨਾਂ ਵਿੱਚ ਲੰਗਰ ਵੀ ਛਕਾਇਆ ਜਾਂਦਾ ਸੀ। ਪ੍ਰਸ਼ਾਦੇ ਅਤੇ ਦਾਲਾਂ ਸਬਜੀਆਂ ਸੰਗਤਾਂ ਆਪਣੇ ਹੱਥੀਂ ਤਿਆਰ ਕਰਦੀਆਂ ਸਨ। ਕਥਾ ਦੇ ਮੱਧ ਦੇ ਸਮੇਂ ਗਰਮਤਿ ਸਮਾਗਮ ਗੁਰਦੁਆਰਾ ਸਾਹਿਬ ਕੰਵਰਪੁਰ ਵਿਖੇ ਕੀਤੇ ਗਏ। ਇਸੇ ਤਰ੍ਹਾਂ ਕਥਾ ਦੀ ਸੰਪੂਰਨਤਾਈ ਦੇ ਸਮੇਂ ਗਰਮਤਿ ਸਮਾਗਮ ਗੁਰਦੁਆਰਾ ਸਾਹਿਬ ਕੰਵਰਪੁਰ ਜੀ.ਟੀ.ਰੋਡ ਰਾਜਪੁਰਾ ਵਿਖੇ ਕੀਤੇ ਜਾਂਦੇ ਸਨ। ਸਾਰੇ ਸਮਾਗਮਾਂ ਸਮੇਂ ਦੇਸੀ ਘੀ ਦੇ ਲੱਡੂ ਅਤੇ ਜਲੇਬੀਆਂ ਵਰਤਾਈਆਂ ਜਾਂਦੀਆਂ ਸਨ। ਸਾਰੇ

ਸਮਾਗਮਾਂ ਤੇ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਸੰਗਤਾਂ ਦੇ ਦਰਸ਼ਨ ਕਰਨ ਆਉਂਦੇ। ਸਾਰੇ ਸਰੋਤਿਆਂ ਨੂੰ ਮਹਿਸੂਸ ਹੋਇਆ ਕਿ ਗੁਰਬਾਣੀ ਅਨੁਸਾਰ ਜੀਵਨ ਬਿਤਾਉਣਾ ਹੀ ਸਤਿਗੁਰਾਂ ਦਾ ਸਤਿਕਾਰ ਹੈ।

## ਗੁਰਮਤਿ ਪ੍ਰਚਾਰ ਨਾਲ ਮਨ ਦੀ ਸੰਭਾਲ

ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਕਥਾ ਸੰਪੂਰਨ ਹੋਣ ਤੇ ਮਹਾਂਪੁਰਖ ਇਕ ਦਿਨ ਸਰਦਾਰ ਗੁਰਦੀਪ ਸਿੰਘ ਗਰੇਵਾਲ ਸਾਹਿਬ ਦੇ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਗਏ। ਗਰੇਵਾਲ ਸਾਹਿਬ ਨਾਲ ਮਹਾਂਪੁਰਖਾਂ ਦਾ ਪਿਆਰ ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਜੀ ਦੇ ਸਮੇਂ ਤੋਂ ਚਲਦਾ ਆ ਰਿਹਾ ਸੀ। ਗਰੇਵਾਲ ਸਾਹਿਬ ਕੋਲ ਮਹਾਂਪੁਰਖਾਂ ਨੇ ਬਚਨ ਕੀਤੇ ਕਿ ਜਿੰਨੀ ਦੇਰ ਸਰੀਰ ਹੈ ਉਦੋਂ ਤੀਕ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਵਾਂਗੇ ਅਗਾਂਹ ਵਾਸਤੇ ਸੇਵਾ ਭਾਈ ਪਾਲ ਸਿੰਘ ਨਿਭਾਉਣਗੇ। ਜਦੋਂ ਸ਼ਾਮ ਨੂੰ ਗਰੇਵਾਲ ਸਾਹਿਬ ਮਹਾਂਪੁਰਖਾਂ ਨੂੰ ਲੈ ਕੇ ਘਰ ਪਹੁੰਚੇ ਉਸ ਸਮੇਂ ਦਾਸ ਵੀ ਦਫਤਰ ਤੋਂ ਘਰ ਪਹੁੰਚ ਚੁੱਕਾ ਸੀ। ਗਰੇਵਾਲ ਸਾਹਿਬ ਨੇ ਮਹਾਂਪੁਰਖਾਂ ਦੇ ਇਹ ਬਚਨ ਮੈਨੂੰ ਬਹੁਤ ਖੁਸ਼ੀ ਨਾਲ ਸੁਣਾਏ। ਇਸੇ ਪ੍ਰਕਾਰ ਮਹਾਂਪੁਰਖਾਂ ਨੇ ਛੀਨਾ ਹਾਊਸ ਪਟਿਆਲਾ ਵਿਖੇ ਨਾਗਰਾ ਸਾਹਿਬ ਨੂੰ ਇਹ ਬਚਨ ਦੁਹਰਾਏ। ਨਾਗਰਾ ਸਾਹਿਬ ਦੇ ਘਰੋਂ ਬੀਬੀ ਗੁਰਦੇਵ ਕੌਰ ਨੇ ਦਾਸ ਨੂੰ ਦੱਸਿਆ ਕਿ ਸੰਤ ਜੀ ਨੇ ਅਗਾਂਹ ਵਾਸਤੇ ਸੇਵਾ ਲਈ ਤੁਹਾਨੂੰ ਬਚਨ ਕਰ ਦਿੱਤੇ ਹਨ।

ਇੱਕ ਦਿਨ ਮਹਾਂਪੁਰਖ ਆਖਣ ਲੱਗੇ ਕਿ ਸੰਗਤਾਂ ਦੀ ਇੱਛਾ ਹੈ ਕਿ ਆਦਿ ਦੀ ਦੂਜੀ ਕਥਾ ਅਰੰਭ ਕੀਤੀ ਜਾਵੇ। ਅਸੀਂ ਬੇਨਤੀ ਕੀਤੀ ਕਿ ਜਿਵੇਂ ਆਪ ਜੀ ਦਾ ਹੁਕਮ ਹੈ ਅਸੀਂ ਹਾਜਰ ਹਾਂ। ਮਹਾਂਪੁਰਖ ਦਾਸ ਨੂੰ ਆਖਣ ਲੱਗੇ ਕਿ ਅਗਾਂਹ ਦੇ ਵਾਸਤੇ ਗੁਰਮਤਿ ਪ੍ਰਚਾਰ ਦੀ ਸੇਵਾ ਤੁਸੀਂ ਨਿਭਾਉਣੀ ਹੈ। ਦਾਸ ਨੇ ਬੇਨਤੀ ਕੀਤੀ ਕਿ ਇਹ ਮਹਾਨ ਸੇਵਾ ਹੈ ਮੇਰੀ ਇੰਨੀ ਸਮਰੱਥਾ ਨਹੀਂ ਹੈ। ਮਹਾਂਪੁਰਖ ਕਹਿਣ ਲੱਗੇ ਜਵਾਬ ਨਹੀਂ ਦੇਣਾ। ਵੱਡਿਆਂ ਮਹਾਂਪੁਰਖਾਂ ਨੇ ਜਦੋਂ ਟਕਸਾਲ ਦੀ ਸੇਵਾ ਸੰਤ ਕਰਤਾਰ ਸਿੰਘ ਜੀ ਨੂੰ ਬਖਸ਼ੀ ਸੀ ਤਾਂ ਉਸ ਸਮੇਂ ਇੱਕ ਸਾਖੀ ਸੁਣਾਈ ਸੀ। ਇੱਕ ਮਹਾਤਮਾ ਬਹੁਤ ਤਪੱਸਵੀ ਸਨ। ਜਦੋਂ ਉਹ ਚੜ੍ਹਾਈ ਕਰਨ ਲੱਗੇ ਤਾਂ ਆਪਣੇ ਨਿਕਟਵਰਤੀ ਸੇਵਾਦਾਰ ਨੂੰ ਕਿਹਾ ਅਸੀਂ ਹੁਣ ਚੜ੍ਹਾਈ ਕਰਨ ਲੱਗੇ ਹਾਂ। ਸਾਡੇ ਪਾਸ ਇਹ ਰਸਾਇਣ ਹੈ ਜੋ ਬਹੁਤ ਕੀਮਤੀ ਹੈ ਤੂੰ ਲੈ ਲੈ। ਉਸ ਨੇ ਅੱਗੋਂ ਬਿਰੱਕਤੀ ਦੀ ਛੜ ਮਾਰੀ ਤੇ ਕਹਿਣ ਲੱਗਿਆ ਜੀ ਇਹ ਮੇਰੇ ਕਿਸ ਕੰਮ ਹੈ। ਮੈਂ ਤਾਂ ਤਿਆਗੀ ਹਾਂ। ਤਾਂ ਮਹਾਤਮਾ ਕਹਿਣ ਲੱਗੇ ਸਾਡਾ ਖਿਆਲ ਸੀ ਤੂੰ ਇਸ ਨੂੰ ਵਰਤ ਕੇ ਬਹੁਤਾ ਸਿਮਰਨ ਭਜਨ ਕਰੇਂਗਾ। ਹੋਰ ਕਿਸੇ ਨੂੰ ਦਿੱਤੀ ਤਾਂ ਵਿਕਾਰ ਭੋਗਣ ਵਿੱਚ ਖੱਚਤ ਹੋ ਜਾਵੇਗਾ, ਪਰ ਚੰਗਾ ਤੇਰੀ ਮਰਜੀ। ਤੈਨੂੰ ਦੱਸੀਏ ਤੂੰ ਭੰਗਣ ਕੱਢੇਂਗਾ, ਰੂੜ੍ਹੀਆਂ ਤੋਂ

ਸੁੱਕਾ ਗੋਹਾ ਚੁਗ ਕੇ ਗੁਜਾਰਾ ਕਰਿਆ ਕਰੇਂਗਾ। ਮਹਾਂਪੁਰਖਾਂ ਨੇ ਕਿਹਾ ਅਸੀਂ ਉਸ ਨੂੰ ਇਹ ਸਾਰੀਆਂ ਕੁਰੀਤੀਆਂ ਕਰਦਿਆਂ ਅੱਖੀਂ ਦੇਖਿਆ। ਇਹ ਸੁਣ ਕੇ ਦਾਸ ਨੇ ਬੇਨਤੀ ਕੀਤੀ ਕਿ ਅੱਜ ਕੱਲ੍ਹ ਲੋਕ ਮਖੌਲ ਉਡਾਉਂਦੇ ਹਨ ਕਿ ਇਹ ਲੋਕ ਆਪਣੀਆਂ ਗੱਦੀਆਂ ਅੱਗੇ ਆਪਣੇ ਚੇਲਿਆਂ ਨੂੰ ਦਿੰਦੇ ਹਨ ਜਿਸ ਕਰਕੇ ਡਰ ਲਗਦਾ ਹੈ। ਅੱਗੋਂ ਮਹਾਂਪੁਰਖ ਕਹਿਣ ਲੱਗੇ:-

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥ ਆਦਿ ੮੪***

ਮੇਰਾ ਕੋਈ ਡੇਰਾ ਜਾਂ ਆਸ਼ਰਮ ਨਹੀਂ ਹੈ ਇਹ ਤਾਂ ਉਨ੍ਹਾਂ ਲੋਕਾਂ ਵਾਸਤੇ ਹੈ ਜਿਸ ਬਾਬਤ ਹਜ਼ੂਰ ਫੁਰਮਾਉਂਦੇ ਹਨ-

***ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥***
***ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥***
***ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥***
***ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥ ਆਦਿ ੧੨੮੬***

ਗੁਰਮਤਿ ਦਾ ਪ੍ਰਚਾਰ ਕਰਨਾ ਤਾਂ ਹਰੇਕ ਸਿੱਖ ਦਾ ਫਰਜ ਹੈ। ਇਹ ਮੇਰਾ ਹੁਕਮ ਨਹੀਂ ਇਹ ਤਾਂ ਸਤਿਗੁਰਾਂ ਦਾ ਹੁਕਮ ਹੈ:

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਆਦਿ ੩੦੫***

ਕੱਲ੍ਹ ਨੂੰ ਕੋਈ ਕਹਿਣ ਲੱਗ ਜਾਵੇ ਕਿ ਲੰਗਰਾਂ ਦੀ ਕੀ ਲੋੜ ਹੈ ਫੇਰ ਆਪਾਂ ਗੁਰੂ ਕੇ ਲੰਗਰ ਵੀ ਬੰਦ ਕਰ ਦਿਆਂਗੇ। ਜਿਵੇਂ ਲੰਗਰਾਂ ਦੀ ਸੇਵਾ ਵਿੱਚ ਰਸਦਾਂ ਬਸਦਾਂ ਗੁਰੂ ਕੀਆਂ ਹੁੰਦੀਆਂ ਹਨ ਆਪਾਂ ਨੂੰ ਤਾਂ ਗੁਰੂ ਮਹਾਰਾਜ ਸੇਵਾਦਾਰੀ ਦੀ ਵਡਿਆਈ ਬਖਸ਼ਿਸ਼ ਕਰ ਦਿੰਦੇ ਹਨ ਤਿਵੇਂ ਕਥਾ ਤਾਂ ਪਰਮੇਸਰ ਦੀ ਹੈ ਆਪਾਂ ਨੇ ਤਾਂ ਸੰਗਤਾਂ ਦੇ ਆਸਰੇ ਕਥਾ ਕਰਦੇ ਸਮੇਂ ਆਪ ਸੁਣਨੀ ਹੈ। ਗੁਰਮਤਿ ਪ੍ਰਚਾਰ ਦੀ ਸੇਵਾ ਅੱਗੇ ਹੋ ਕੇ ਕਰਨੀ ਹੈ। ਲੋਕ ਜੋ ਮਰਜੀ ਆਖਣ। ਪਰ ਆਪਣੇ ਮਨ ਵਿੱਚ ਇਹ ਰੱਖਣਾ ਹੈ ਕਿ ਸਿੱਖੀ ਮਹਾਨ ਹੈ। ਮੈਂ ਤਾਂ ਇੱਕ ਨਿਮਾਣਾ ਸਿੱਖ ਹਾਂ। ਗੁਰੂ ਅਮਰਦਾਸ ਜੀ ਨੇ ਆਪਣੇ ਸਪੁੱਤਰ ਬਾਬਾ ਮੋਹਰੀ ਜੀ ਨੂੰ ਪੁੱਛਿਆ ਤੁਸੀਂ ਕੀ ਚਾਹੁੰਦੇ ਹੋ ਤਾਂ ਮੋਹਰੀ

ਜੀ ਨੇ ਕਿਹਾ ਸਿੱਖੀ ਦਾਨ ਚਾਹੀਦਾ ਹੈ। ਗੁਰੂ ਮਹਾਰਾਜ ਨੇ ਬਾਂਹ ਤੋਂ ਫੜ ਕੇ ਗੁਰੂ ਰਾਮਦਾਸ ਜੀ ਦੇ ਚਰਨੀ ਪਾ ਦਿੱਤਾ ਅਤੇ ਕਿਹਾ ਚਰਨੀ ਲੱਗਾ ਰਹੀਂ। ਅੰਸ ਬੰਸ ਵਿੱਚ ਬਹੁਤ ਵਾਧਾ ਹੋਵੇਗਾ।

*ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥*

*ਆਦਿ ੯੨੪*

ਸਿੱਖ ਇਤਿਹਾਸ ਅਤੇ ਗੁਰਬਾਣੀ ਅੰਦਰ ਸਿੱਖੀ ਨੂੰ ਮਹਾਨ ਦੱਸਿਆ ਹੈ। ਗੁਰੂ ਕੇ ਸਿੱਖ ਦੇ ਮਨ ਦੀ ਸੰਭਾਲ ਗੁਰਮਤਿ ਪ੍ਰਚਾਰ ਨਾਲ ਹੁੰਦੀ ਹੈ। ਸੰਗਤਾਂ ਨੂੰ ਇਹ ਲਗਦਾ ਹੈ ਕਿ ਇਹ ਮਹਾਂਪੁਰਖ ਕਿੰਨੀ ਸੋਹਣੀ ਕਥਾ ਕਰਦੇ ਹਨ ਪਰ ਗੁਰੂ ਕੇ ਸਿੱਖ ਨੇ ਆਪ ਕਥਾ ਕਰਦੇ ਸਮੇਂ ਵੀ ਆਪਣੇ ਮਨ ਨੂੰ ਤੋਲਣਾ ਹੈ ਕਿ ਭਲਾਂ ਮੇਰਾ ਮਨ ਕਿੱਥੇ ਖੜ੍ਹਾ ਹੈ। ਇਸ ਢੰਗ ਨਾਲ ਕਥਾ ਕਰਨ ਨਾਲ ਮਨ ਗੁਰੂ ਕਿਰਪਾ ਨਾਲ ਵਸ ਵਿੱਚ ਆ ਜਾਂਦਾ ਹੈ। ਕਥਾ ਦਾ ਫਲ ਸਿਮਰਨ ਤੋਂ ਦਸ ਗੁਣਾਂ ਜਿਆਦਾ ਹੁੰਦਾ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਬਚਨ ਸੁਣਾ ਕੇ ਮਹਾਂਪੁਰਖਾਂ ਨੇ ਦਾਸ ਦੇ ਅੰਦਰੋਂ ਸਾਰਾ ਡਰ ਖਤਮ ਕਰ ਦਿੱਤਾ। ਹਜ਼ੂਰ ਦਾ ਫੁਰਮਾਨ ਹੈ:

*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥*
*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥*
*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥*
*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥*
*ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥* *ਆਦਿ ੫੯੩*

ਮਹਾਂਪੁਰਖਾਂ ਨੇ ਗੁਰੂ ਘਰ ਜਾ ਕੇ ਦਾਸ ਦੀ ਬਾਂਹ ਫੜਕੇ ਅੰਦਰਲੀਆਂ ਚਾਰ ਪ੍ਰਕਰਮਾਂ ਕੀਤੀਆਂ, ਅਰਦਾਸ ਕੀਤੀ, ਮੱਥਾ ਟੇਕਿਆ ਅਤੇ ਦਾਸ ਦਾ ਵੀ ਟਿਕਾਇਆ। ਬਸ ਫੇਰ ਕੀ ਸੀ ਮੇਰੇ ਮਨ ਉਪਰ ਜਿਹੜਾ ਲੋਕ-ਲਾਜ ਦੀ ਪੰਡ ਦਾ ਭਾਰ ਸੀ ਉਹ ਲਹਿ ਗਿਆ। ਇਹ ਪੰਡ ਆਪਣੀ ਬੁੱਧੀ ਨਾਲ ਨਹੀਂ ਲਹਿੰਦੀ। ਪੂਰਨ ਪੁਰਖ ਰਾਹੀਂ ਅਕਾਲ ਪੁਰਖ ਦਾ ਵਰਤਾਰਾ ਵਰਤਦਾ ਹੈ।

## ਮਹਾਂਪੁਰਖਾਂ ਦਾ ਸਰੀਰ ਢਿੱਲਾ ਹੋਣਾ

ਸੰਗਤਾਂ ਦੀ ਇੱਛਾ ਅਨਸਾਰ ਮਹਾਂਪੁਰਖਾਂ ਨੇ ਆਦਿ ਦੀ ਦੂਜੀ ਕਥਾ ਗਰਦੁਆਰਾ ਸਾਹਿਬ ਕੰਵਰਪੁਰ ਜੀ.ਟੀ.ਰੋਡ ਰਾਜਪੁਰਾ ਵਿਖੇ ਵੈਸਾਖੀ ਦੇ ਪੁਰਬ ਤੇ ਅਰੰਭ ਕੀਤੀ। ਅਰੰਭ ਦੇ ਸਮਾਗਮ ਤੇ ਹੰਸਾਲੀ ਵਾਲੇ ਮਹਾਂਪਰਖਾਂ ਤੋਂ ਇਲਾਵਾ ਬਾਬਾ

ਕਰਮ ਸਿੰਘ ਜੀ ਮੁਹਾਲੀ ਵਾਲਿਆਂ ਨੇ ਵੀ ਦਰਸ਼ਨ ਬਖਸ਼ਿਸ਼ ਕੀਤੇ। ਪਹਿਲੀ ਕਥਾ ਦੀ ਤਰ੍ਹਾਂ ਦੂਜਾ ਦਿਨ ਪਟਿਆਲਾ ਵਿਖੇ ਅੰਮ੍ਰਿਤ ਵੇਲੇ ਕਥਾ ਅਰੰਭ ਕੀਤੀ ਗਈ। ਸਾਰੇ ਸਿੰਘ ਸਿੰਘਣੀਆਂ ਅੰਮ੍ਰਿਤ ਵੇਲੇ ਕਥਾ ਸੁਣ ਕੇ ਅਨੰਦ ਪ੍ਰਾਪਤ ਕਰਦੇ। ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸਾਰੀ ਸਮਾਪਤੀ ਰੋਜਾਨਾ ਹੋ ਜਾਂਦੀ ਸੀ। ਸੰਨ 1993 ਵਿਚ ਪਟਿਆਲਾ ਵਿਖੇ ਜਦੋਂ ਲੜੀਵਾਰ ਕਥਾ ਚਲ ਰਹੀ ਸੀ ਤਾਂ ਅਚਾਨਕ ਹੀ ਮਹਾਂਪੁਰਖਾਂ ਦਾ ਸਰੀਰ ਬਹੁਤ ਢਿੱਲਾ ਹੋ ਗਿਆ। ਸਵਾ ਪਹਿਰ ਰਾਤ ਦੇ ਤੜਕੇ ਅੰਮ੍ਰਿਤ ਵੇਲੇ ਮਹਾਂਪੁਰਖਾਂ ਨੇ ਇਸ਼ਨਾਨ ਕਰਕੇ ਨਿਤਨੇਮ ਕੀਤਾ। ਕੁਝ ਸਮਾਂ ਸਹਿਜ ਪਾਠ ਕਰਕੇ ਬਿਰਾਜ ਗਏ। ਤਕਰੀਬਨ ਪੰਜ ਵਜੇ ਅੰਮ੍ਰਿਤ ਵੇਲੇ ਸਾਰੇ ਵਿਦਿਆਰਥੀ ਕਥਾ ਸੁਣਨ ਲਈ ਆ ਗਏ। ਪੋਥੀਆਂ ਸਜਾ ਦਿੱਤੀਆਂ ਗਈਆਂ। ਰੋਜਾਨਾ ਦੀ ਤਰ੍ਹਾਂ ਦੇਗ ਸਜਾ ਦਿਤੀ ਗਈ ਪਰ ਅਜ ਮਹਾਂਪੁਰਖ ਆਪਣੇ ਆਸਣ ਤੇ ਹੀ ਬਿਰਾਜੇ ਰਹੇ। ਜਦੋਂ ਸੰਗਤਾਂ ਪੋਥੀਆਂ ਪ੍ਰਕਾਸ਼ ਕਰਕੇ ਬੈਠ ਗਈਆਂ ਤਾਂ ਬਹੁਤ ਹੈਰਾਨ ਹੋਈਆਂ ਕਿ ਅੱਜ ਮਹਾਂਪੁਰਖਾਂ ਦੇ ਦਰਸ਼ਨ ਨਹੀਂ ਹੋ ਰਹੇ। ਕੁਝ ਸਿੰਘ ਮਹਾਂਪੁਰਖਾਂ ਦੇ ਆਸਣ ਤੇ ਗਏ ਤੇ ਬੇਨਤੀ ਕੀਤੀ ਕਿ ਸਾਰੀ ਸੰਗਤ ਪਹੁੰਚ ਚੁੱਕੀ ਹੈ। ਅੱਗੋਂ ਮਹਾਂਪੁਰਖ ਕਹਿਣ ਲਗੇ ਸਰੀਰ ਸਾਥ ਨਹੀਂ ਦੇ ਰਿਹਾ। ਲੜੀਵਾਰ ਕਥਾ ਭਾਈ ਪਾਲ ਸਿੰਘ ਸੰਪੂਰਨ ਕਰਕੇ ਭੋਗ ਪਾ ਦੇਣਗੇ। ਸਿੰਘਾਂ ਨੇ ਬੇਨਤੀ ਕੀਤੀ ਕਿ ਕਥਾ ਦੇ ਅਰੰਭ ਵਿਚ ਆਪ ਜੀ ਨੇ ਬਚਨ ਕਰਕੇ ਅਰਦਾਸ ਕਰਵਾਈ ਸੀ ਕਿ ਕੋਈ ਵੀ ਸਿੰਘ ਗੈਰਹਾਜਰ ਨਾ ਹੋਵੇ। ਸੋ ਅਰੰਭ ਕੀਤੀ ਹੋਈ ਕਥਾ ਆਪ ਜੀ ਹੀ ਸੰਪੂਰਨ ਕਰਾਓ। ਇਹ ਸੁਣ ਕੇ ਮਹਾਂਪੁਰਖਾਂ ਨੇ ਕੋਈ ਬਚਨ ਨਾ ਕੀਤਾ।

ਸਿੰਘਾਂ ਨੇ ਮਹਾਂਪੁਰਖਾਂ ਪਾਸੋਂ ਆ ਕੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਮਹਾਂਪੁਰਖਾਂ ਨੂੰ ਤੰਦਰੁਸਤੀਆਂ ਬਖਸ਼ਿਸ਼ ਕਰਕੇ ਗੁਰਮਤਿ ਪ੍ਰਚਾਰ ਦੀ ਸੇਵਾ ਲਈ ਹੋਰ ਸਮਾਂ ਬਖਸ਼ਿਸ਼ ਕਰੋ। ਅਰਦਾਸ ਤੋਂ ਉਪਰੰਤ ਸਾਰੀ ਸੰਗਤ ਵਿਚ ਦੇਗ ਵਰਤਾ ਦਿਤੀ ਗਈ। ਸੰਗਤ ਦੇ ਬਹੁਤ ਸਾਰੇ ਸਰੀਰ ਮਹਾਂਪੁਰਖਾਂ ਦੇ ਦਰਸ਼ਨ ਕਰਕੇ ਵਾਪਿਸ ਚਲੇ ਗਏ।

ਦੁਪਹਿਰ ਤੋਂ ਬਾਅਦ ਸਰਦਾਰ ਅਮਰ ਸਿੰਘ ਪਵਾਤ ਵਾਲੇ ਅਤੇ ਭਾਈ ਜਸਵੰਤ ਸਿੰਘ ਮਹਾਂਪੁਰਖਾਂ ਕੋਲ ਪਹੁੰਚੇ ਤਾਂ ਮਹਾਂਪੁਰਖਾਂ ਨੇ ਬਚਨ ਕੀਤੇ ਕਿ ਸੰਗਤ ਦੀ ਬੇਨਤੀ ਨੂੰ ਪਰਵਾਨ ਕਰਕੇ ਸਤਿਗੁਰਾਂ ਨੇ ਗਿਆਰਾਂ ਸਾਲ ਦਾ ਹੋਰ ਸਮਾਂ ਬਖਸ਼ਿਸ਼ ਕਰ ਦਿਤਾ ਹੈ ਅਤੇ ਕਹਿਣ ਲਗੇ ਵਡਿਆਂ ਮਹਾਂਪੁਰਖਾਂ ਨੇ ਇਹ ਬਚਨ ਕੀਤੇ ਸਨ ਕਿ ਸੰਗਤ ਤੁਹਾਨੂੰ ਛੇਤੀ ਜਾਣ ਨਹੀਂ ਦੇਵੇਗੀ ਉਸੇ ਤਰ੍ਹਾਂ ਹੀ ਹੋਇਆ। ਉਸ ਸਮੇਂ ਮਹਾਂਪੁਰਖਾਂ ਨੇ ਹੁਕਮ ਕੀਤਾ ਕਿ ਮੇਰੇ ਚੜ੍ਹਾਈ ਕਰਨ ਤੋਂ ਸਰੀਰ ਦਾ ਇਸ਼ਨਾਨ ਕਰਾਉਣ ਸਮੇਂ ਪੰਜ ਸਿੰਘਾਂ ਵਿੱਚ ਭਾਈ ਗੁਰਮੇਲ ਸਿੰਘ ਪ੍ਰੋਫ਼ੈਸਰ ਸਾਹਿਬ ਨੂੰ ਜਰੂਰ ਲਗਾਉਣਾ ਜੋ ਉਸ ਸਮੇਂ ਸੈਂਟਰਲ ਬੈਂਕ ਆਫ ਇੰਡੀਆ ਵਿੱਚ ਪਟਿਆਲਾ ਵਿਖੇ

ਤੈਨਾਤ ਸਨ। ਅਸੀਂ ਉਸ ਸਮੇਂ ਸਤਿ ਬਚਨ ਕਹਿ ਦਿੱਤਾ। ਮਹਾਂਪੁਰਖ ਦੁਬਾਰਾ ਕਹਿਣ ਲੱਗੇ ਕਿ ਮੇਰੇ ਅਕਾਲ ਚਲਾਣੇ ਸਮੇਂ ਪ੍ਰੋਫੈਸਰ ਸਾਹਿਬ ਨੂੰ ਲੱਭਣਾ ਪਵੇਗਾ। ਉਨ੍ਹਾਂ ਦਿਨਾਂ ਵਿੱਚ ਉਹ ਕਾਫੀ ਦੂਰ ਹੋਣਗੇ। ਮੇਰੇ ਸਸਕਾਰ ਸਮੇਂ ਕਿਸੇ ਰਿਸ਼ਤੇਦਾਰ ਦੇ ਕਹਿਣ ਤੇ ਕਾਹਲ ਨਹੀਂ ਕਰਨੀ। ਜਿਸ ਸਮੇਂ ਮਹਾਂਪੁਰਖ ਇਹ ਭਵਿੱਖਤ ਬਚਨ ਕਰ ਰਹੇ ਸਨ ਉਸ ਸਮੇਂ ਵੱਡੇ ਮਹਾਂਪੁਰਖਾਂ ਦੇ ਗੜਵਈ ਬਾਬਾ ਕਰਮ ਸਿੰਘ ਕਲਕੱਤੇ ਵਾਲੇ ਜੀ ਵੀ ਅਜੀਤਗੜ੍ਹ ਮੁਹਾਲੀ ਤੋਂ ਪਹੁੰਚ ਗਏ ਸਨ। ਉਨ੍ਹਾਂ ਨੇ ਆਖਿਆ ਕਿ ਅੰਗੀਠੇ ਨੂੰ ਸਮੇਟ ਕੇ ਸਾਰੀ ਵਿਭੂਤੀ ਨੂੰ ਧਰਤੀ ਵਿੱਚ ਦੱਬ ਦੇਣਾ। ਇਹ ਸੁਣ ਕੇ ਮਹਾਂਪੁਰਖ ਕਹਿਣ ਲੱਗੇ ਕਿ ਕੋਈ ਨਿਸ਼ਾਨੀ ਜਾਂ ਥੜ੍ਹਾ ਆਦਿਕ ਨਾ ਬਣਾ ਦੇਣਾ ਜਿਸ ਕਾਰਨ ਕੋਈ ਮੱਥਾ ਟੇਕ ਸਕੇ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਦਸਹਿਰੇ ਵਾਲੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਅਤੇ ਲੰਗਰ ਵਿੱਚ ਦੇਸੀ ਘੀ ਦੀਆਂ ਜਲੇਬੀਆਂ ਅਤੇ ਲੱਡੂ ਵੀ ਵਰਤਾਏ ਜਾਣ। ਮਹਾਂਪੁਰਖ ਆਖਣ ਲੱਗੇ ਜਦੋਂ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਨੇ ਸਰੀਰ ਛੱਡਣਾ ਸੀ ਤਾਂ ਉਨ੍ਹਾਂ ਨੇ ਆਖਿਆ ਸੀ ਕਿ ਸਾਡੇ ਚੜ੍ਹਾਈ ਕਰਨ ਤੇ ਜੇ ਕਿਸੇ ਨੇ ਕੁਝ ਕਰਨਾ ਹੈ ਤਾਂ ਆਪਣੇ ਵਾਸਤੇ ਕਰਨਾ ਹੈ ਸਾਨੂੰ ਕੋਈ ਲੋੜ ਨਹੀਂ। ਗੁਰੂ ਮਹਾਰਾਜ ਦੀ ਕਿਰਪਾ ਦਾ ਸਦਕਾ ਅਸੀਂ ਸਭ ਕੁਝ ਆਪ ਹੀ ਕਰ ਲਿਆ ਹੈ। ਅੱਗੇ ਹੁਣ ਇਨ੍ਹਾਂ ਦੀ ਮੌਜ ਹੋਵੇਗੀ।

ਮਹਾਂਪੁਰਖਾਂ ਦੀ ਕਿਰਪਾ ਦਾ ਸਦਕਾ ਗੁਰੂ ਮਹਾਰਾਜ ਨੇ ਸਭ ਕੁਝ ਬਖਸ਼ਿਸ਼ ਕਰ ਦਿੱਤਾ ਹੈ। ਕਿਸੇ ਵਸਤੂ ਦੀ ਕੋਈ ਲੋੜ ਨਹੀਂ ਰਹੀ ਨਾ ਹੀ ਕੋਈ ਇੱਛਾ ਰਹੀ ਹੈ। ਸਰੀਰ ਵਿੱਚ ਰਹਿੰਦੇ ਹੋਏ ਸਭ ਕੁਝ ਹੀ ਮਿਲ ਗਿਆ ਹੈ। ਇਹ ਸੁਣ ਕੇ ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਕਿ ਆਪ ਜੀ ਨੇ ਕੀਰਤਨ ਦੀ ਨਿਸ਼ਕਾਮ ਸੇਵਾ ਕਰਕੇ ਅਤੇ ਮਹਾਂਪੁਰਖਾਂ ਦੇ ਬਚਨ ਮੰਨ ਕੇ ਹੱਥੀਂ ਸੇਵਾ ਕਰਕੇ ਸਤਿਗੁਰਾਂ ਪਾਸੋਂ ਝੋਲੀਆਂ ਭਰਵਾ ਲਈਆਂ ਹਨ। ਬਾਬਾ ਕਰਮ ਸਿੰਘ ਜੀ ਨੂੰ ਲੰਗਰ ਪਾਣੀ ਛਕਾਇਆ ਤੇ ਉਹ ਮਹਾਂਪੁਰਖਾਂ ਨਾਲ ਪੁਰਾਣੀਆਂ ਯਾਦਾਂ ਬਾਰੇ ਬਚਨ ਬਿਲਾਸ ਕਰਦੇ ਰਹੇ।

ਦੂਜਾ ਦਿਨ ਮਹਾਂਪੁਰਖਾਂ ਨੇ ਅੰਮ੍ਰਿਤ ਵੇਲੇ ਜਾਗ ਕੇ ਅਭਿਆਸ ਕੀਤਾ ਉਪਰੰਤ ਇਸ਼ਨਾਨ ਪਾਣੀ ਕਰਕੇ ਰੋਜਾਨਾ ਦੀ ਤਰ੍ਹਾਂ ਨਿਤਨੇਮ ਅਤੇ ਸਹਿਜ ਪਾਠ ਕੀਤਾ। ਰੋਜਾਨਾ ਦੀ ਤਰ੍ਹਾਂ ਅੰਮ੍ਰਿਤ ਵੇਲੇ ਫਰਸ਼ ਦੀ ਸਫਾਈ, ਦਰੀਆਂ ਅਤੇ ਚਾਦਰਾਂ ਦੀ ਵਿਛਾਈ ਕੀਤੀ ਗਈ। ਪੋਥੀਆਂ ਪ੍ਰਕਾਸ਼ ਕਰਨ ਵਾਲੇ ਫੱਟਿਆਂ ਤੇ ਸਿਰਹਾਣੇ ਸਜਾਏ ਗਏ ਜਿਨ੍ਹਾਂ ਉੱਪਰ ਪੋਥੀਆਂ ਸਜਾਈਆਂ ਗਈਆਂ। ਭਾਈ ਵਿਰਸਾ ਸਿੰਘ ਜੀ ਨੇ ਪਵਿੱਤਰ ਕੜਾਹ ਪ੍ਰਸ਼ਾਦਿ ਦੀ ਦੇਗ ਸਜਾਈ। ਮਹਾਂਪੁਰਖਾਂ ਨੇ ਆਪਣੇ ਆਸਣ ਤੋਂ ਆ ਕੇ ਪਹਿਲਾਂ ਦੀ ਤਰ੍ਹਾਂ ਸਵਾ ਘੰਟਾ ਕਥਾ ਕੀਤੀ। ਕਥਾ ਕਰਦੇ ਸਮੇਂ ਮਹਾਂਪੁਰਖਾਂ ਦਾ ਚਿਹਰਾ ਦਗ ਦਗ ਕਰਦਾ ਸੀ। ਕੋਈ ਵੀ ਵਿਦਿਆਰਥੀ ਚਿਹਰੇ ਵੱਲ ਨਹੀਂ ਵੇਖ ਸਕਦਾ ਸੀ। ਇਸ ਤਰ੍ਹਾਂ ਮਹਾਂਪੁਰਖਾਂ ਨੇ ਸਤਿਗੁਰਾਂ ਦੀ ਕਿਰਪਾ ਨਾਲ ਰਹਿੰਦੀ ਕਥਾ

ਆਪ ਸੰਪੂਰਨ ਕਰਵਾਈ। ਸੰਪੂਰਨਤਾਈ ਤੇ ਗੁਰਦੁਆਰਾ ਸਾਹਿਬ ਕੰਵਰਪਰ ਜੀ.ਟੀ.ਰੋਡ ਰਾਜਪੁਰਾ ਵਿਖੇ ਗੁਰਮਤਿ ਸਮਾਗਮ ਕੀਤੇ ਗਏ।

## ਗੁਰਮਤਿ ਪ੍ਰਚਾਰ ਦੀ ਸੇਵਾ ਸੌਂਪਣ ਬਾਰੇ

ਜਿਸ ਸਮੇਂ ਪਟਿਆਲਾ ਵਿਖੇ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਗੁਰਮਤਿ ਪਰਚਾਰ ਦੀ ਸੇਵਾ ਕਰ ਰਹੇ ਸਨ ਉਨ੍ਹਾਂ ਦਿਨਾਂ ਵਿਚ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਠਾਕੁਰ ਸਿੰਘ ਜੀ ਜਥੇ ਸਮੇਤ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਿਸ਼ਾਹੀ ਨੌਂਵੀ ਪਟਿਆਲਾ ਵਿਖੇ ਗੁਰਮਤਿ ਪ੍ਰਚਾਰ ਵਾਸਤੇ ਆਏ ਹੋਏ ਸਨ। ਇਕ ਦਿਨ ਦੁਪਹਿਰ ਦੇ ਸਮੇਂ ਮਹਾਂਪੁਰਖ ਸੰਤ ਬਾਬਾ ਠਾਕੁਰ ਸਿੰਘ ਜੀ ਸੋਹੀ ਸਾਹਿਬ ਦੇ ਗ੍ਰਹਿ ਇੰਦਰਾ ਪੁਰੀ ਪਟਿਆਲਾ ਵਿਖੇ ਲੰਗਰ ਛਕਣ ਆਏ ਸਨ। ਲੰਗਰ ਛਕਣ ਉਪਰੰਤ ਦੋਨਾਂ ਮਹਾਂਪੁਰਖਾਂ ਦੀਆਂ ਗੁਰਮਤਿ ਪ੍ਰਚਾਰ ਬਾਰੇ ਵਿਚਾਰਾਂ ਹੋ ਰਹੀਆਂ ਸਨ। ਉਪਲਹੇੜੀ ਵਾਲੇ ਮਹਾਂਪੁਰਖਾਂ ਨੇ ਬਾਬਾ ਠਾਕੁਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਹੁਣ ਤੁਸੀਂ ਟਕਸਾਲ ਦੇ ਮੁਖੀ ਹੋ। ਵਡਿਆਂ ਮਹਾਂਪੁਰਖਾਂ ਨੇ ਸਚਖੰਡ ਜਾਣ ਤੋਂ ਪਹਿਲਾਂ ਗੁਰਮਤਿ ਪ੍ਰਚਾਰ ਵਿਚ ਹੋਰ ਵਾਧਾ ਕਰਨ ਵਾਸਤੇ ਭਿਆਨਕ ਸਮੇਂ ਨੂੰ ਮੁਖ ਰਖਦੇ ਹੋਏ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਂਵੀ ਅਤੇ ਪਾਤਿਸ਼ਾਹੀ ਦਸਵੀਂ ਉਗਾਣੀ ਵਿਖੇ ਬਚਨ ਕੀਤੇ ਸਨ। ਮਹਾਂਪੁਰਖਾਂ ਵਲੋਂ ਲਗੀ ਹੋਈ ਗੁਰਮਤਿ ਪ੍ਰਚਾਰ ਦੀ ਸੇਵਾ ਮੈਂ ਗਿਆਨੀ ਪਾਲ ਸਿੰਘ ਨੂੰ ਸੌਂਪ ਦਿੱਤੀ ਹੈ। ਹੁਣ ਮੈਂ ਤੁਹਾਨੂੰ ਇਨ੍ਹਾਂ ਦੀ ਬਾਂਹ ਪਕੜਾਉਂਦਾ ਹਾਂ ਜਿਵੇਂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਭਾਈ ਬਿਧੀ ਚੰਦ ਜੀ ਨੇ ਆਪਣੇ ਸਪੁਤਰ ਭਾਈ ਲਾਲ ਚੰਦ ਦੀ ਬਾਂਹ ਪਕੜਾਈ ਸੀ। ਤੁਸੀਂ ਇਨ੍ਹਾਂ ਤੇ ਕਿਰਪਾ ਦ੍ਰਿਸ਼ਟੀ ਰੱਖਣੀ। ਸਾਡੀ ਅੰਸ ਬੰਸ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਰਹੇ।

ਬਾਬਾ ਠਾਕੁਰ ਸਿੰਘ ਜੀ ਨੇ ਬਚਨ ਕੀਤੇ ਕਿ ਇਹ ਤੁਸੀਂ ਬਹੁਤ ਵਧੀਆ ਕੀਤਾ ਹੈ। ਇਹ ਪਹਿਲਾਂ ਵੀ ਹਰ ਸਾਲ ਜਥੇ ਨੂੰ ਬੁਲਾ ਕੇ ਗੁਰਮਤਿ ਪ੍ਰਚਾਰ ਵਿਚ ਨਿਗਰ ਸੇਵਾ ਕਰ ਰਹੇ ਹਨ। ਆਪ ਵੀ ਕਥਾ ਕਰਦੇ ਹਨ। ਅਜੇ ਤੁਸੀਂ ਵੀ ਲੰਮਾ ਸਮਾਂ ਸੇਵਾ ਕਰਨੀ ਹੈ। ਆਪਣੇ ਸਰੀਰ ਦੇ ਹੁੰਦੇ ਹੋਏ ਇਹ ਸੇਵਾ ਅਗੇ ਸੌਂਪ ਕੇ ਬਹੁਤ ਚੰਗਾ ਕੀਤਾ ਹੈ।

## ਨੰਗਲ ਵਿਖੇ ਗੁਰਮਤਿ ਪ੍ਰਚਾਰ

ਮਹਾਂਪੁਰਖਾਂ ਦੇ ਭਰਾਤਾ ਸਰਦਾਰ ਦਿਆਲ ਸਿੰਘ ਜੀ ਜੋ ਪਹਿਲਾਂ ਦਿੱਲੀ ਰਹਿੰਦੇ ਸਨ। 1984 ਦੇ ਦੰਗਿਆਂ ਤੋਂ ਬਾਅਦ ਇਹ ਆਪਣੇ ਪਰਿਵਾਰ ਸਮੇਤ ਮੋਹਾਲੀ ਆ ਗਏ। ਇਨ੍ਹਾਂ ਨੇ ਆਪਣੀ ਪੁੱਤਰੀ ਬੀਬੀ ਦਲਜੀਤ ਕੌਰ ਦੇ ਅਨੰਦ

ਕਾਰਜ ਸਰਦਾਰ ਕੁਲਦੀਪ ਸਿੰਘ ਨਾਲ ਕਰਵਾਏ। ਜੋ ਆਪਣੇ ਮਾਤਾ ਪਿਤਾ ਨਾਲ ਨੰਗਲ ਵਿਖੇ ਰਹਿੰਦੇ ਸਨ। ਇਨ੍ਹਾਂ ਦੇ ਪਿਤਾ ਸਰਦਾਰ ਰੂੜ੍ਹ ਸਿੰਘ ਕਟਲੀ ਜੋ ਗੁਰਦੁਆਰਾ ਘਾਟ ਸਾਹਿਬ ਦੀ ਬਹੁਤ ਲੰਮੇ ਸਮੇਂ ਤੋਂ ਨਿਸ਼ਕਾਮ ਸੇਵਾ ਕਰਦੇ ਸਨ। ਇਨ੍ਹਾਂ ਦੇ ਮਾਤਾ ਜੀ ਬੀਬੀ ਸ਼ਾਮ ਕੌਰ ਉਹ ਵੀ ਗੁਰਦੁਆਰਾ ਘਾਟ ਸਾਹਿਬ ਵਿਖੇ ਰੋਜਾਨਾ ਲੰਗਰਾਂ ਦੀ ਸੇਵਾ ਕਰਦੇ ਰਹੇ। ਪਰਮੇਸ਼ਰ ਦੀ ਕਿਰਪਾ ਦੇ ਨਾਲ ਇਨ੍ਹਾਂ ਦੀ ਨੂੰਹ ਬੀਬੀ ਦਲਜੀਤ ਕੌਰ ਬਣ ਗਈ। ਬੀਬਾ ਦਲਜੀਤ ਕੌਰ ਨੇ ਗਰਮੀ ਦੀਆਂ ਛੁੱਟੀਆਂ ਵਿੱਚ ਦਿੱਲੀ ਤੋਂ ਪੰਜਾਬ ਆ ਕੇ ਉਪਲਹੇੜੀ ਵਿਖੇ ਮਹਾਂਪੁਰਖਾਂ ਪਾਸੋਂ ਆਦਿ ਦੀ ਸਾਰੀ ਸੰਥਿਆ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗ੍ਰੰਥ ਵਿਚਾਰੇ। ਇੰਜੀਨੀਅਰ ਕੁਲਦੀਪ ਸਿੰਘ ਜੋ ਬੀ.ਬੀ.ਐਮ.ਬੀ ਵਿੱਚ ਐਸ.ਡੀ.ਓ ਲੱਗੇ ਹੋਏ ਹਨ ਮਹਿਕਮੇ ਨੇ ਇਨ੍ਹਾਂ ਨੂੰ ਸਰਕਾਰੀ ਰਿਹਾਇਸ਼ ਦਿੱਤੀ ਹੋਈ ਹੈ। ਇਹ ਕਲੋਨੀ ਅੰਗਰੇਜਾਂ ਨੇ ਭਾਖੜਾ ਡੈਮ ਦੀ ਉਸਾਰੀ ਸਮੇਂ ਬਣਾਈ ਸੀ। ਇਸ ਕਲੋਨੀ ਵਿੱਚ ਵੱਡੇ ਵੱਡੇ ਦਰੱਖਤ ਅੰਗਰੇਜਾਂ ਦੇ ਸਮੇਂ ਦੇ ਲੱਗੇ ਹੋਏ ਹਨ। ਬੜੀ ਰਮਣੀਕ ਥਾਂ ਹੈ। ਬੀਬੀ ਦਲਜੀਤ ਕੌਰ ਅਤੇ ਇਨ੍ਹਾਂ ਦੇ ਪਤੀ ਸਰਦਾਰ ਕੁਲਦੀਪ ਸਿੰਘ ਨੇ ਮਹਾਂਪੁਰਖਾਂ ਨੂੰ ਉਪਲਹੇੜੀ ਤੋਂ ਬੜੇ ਸਤਿਕਾਰ ਨਾਲ ਲਿਆਂਦਾ। ਇਨ੍ਹਾਂ ਦੇ ਪ੍ਰੇਮ ਵਸ ਹੋ ਕੇ ਮਹਾਂਪੁਰਖਾਂ ਨੇ ਕਈ ਵਾਰੀ ਕਈ ਕਈ ਮਹੀਨੇ ਨੰਗਲ ਵਿਖੇ ਨਿਵਾਸ ਰੱਖ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਈ। ਬਹੁਤ ਸਾਰੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਮਹਾਂਪੁਰਖਾਂ ਦੀ ਸੰਗਤ ਦਾ ਅਨੰਦ ਮਾਣਿਆ। ਗੁਰਮਤਿ ਪ੍ਰਚਾਰ ਵਿੱਚ ਭਾਰੀ ਹਿੱਸਾ ਸਰਦਾਰ ਕੁਲਦੀਪ ਸਿੰਘ ਜੀ ਨੇ ਆਪਣੇ ਸੰਗੀ ਸਾਥੀਆਂ ਸਮੇਤ ਪਾਇਆ। ਇਹ ਸਾਰੇ ਨਿਸ਼ਕਾਮ ਸੇਵਾ ਕਰਦੇ ਹੋਏ ਪ੍ਰੇਮੀ ਅਤੇ ਨੇਮੀ ਸਤਿਸੰਗੀ ਬਣ ਗਏ। ਮਹਾਂਪੁਰਖਾਂ ਨੇ ਇਨ੍ਹਾਂ ਦਾ ਪ੍ਰੇਮ ਵੇਖ ਕੇ ਇਹ ਵੀ ਬਚਨ ਕੀਤੇ ਸਨ ਕਿ ਇੱਥੇ ਹੀ ਸਰੀਰ ਛੱਡ ਦਿੰਦੇ ਹਾਂ ਪਰ ਪਟਿਆਲੇ ਦੀਆਂ ਸੰਗਤਾਂ ਦੇ ਪ੍ਰੇਮ ਵਸ ਹੋ ਕੇ ਇਸ ਤਰ੍ਹਾਂ ਨਹੀਂ ਕੀਤਾ। ਇਹ ਮਹਾਂਪੁਰਖਾਂ ਦੀ ਮੌਜ ਹੁੰਦੀ ਹੈ।

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ਆਦਿ ੮੫੫***

## ਚੌਪਈ ਸਾਹਿਬ ਨਾਲ ਅਵਗਤ ਰੂਹ ਤੋਂ ਛੁਟਕਾਰਾ

ਰੇਲਵੇ ਲਾਈਨ ਅਤੇ ਜੀ.ਟੀ. ਰੋਡ ਦੇ ਵਿਚਕਾਰ ਉਪਲਹੇੜੀ ਨਗਰ ਦੀ ਸਾਮਲਾਤ ਜਮੀਨ ਵਿੱਚ ਪੰਚਾਇਤ ਵੱਲੋਂ ਖੇਤੀਬਾੜੀ ਦੀ ਸਿੰਚਾਈ ਕਰਨ ਵਾਸਤੇ ਖੂਹ ਲਗਵਾਇਆ ਹੋਇਆ ਸੀ। 1970 ਸੰਨ ਦੀ ਗੱਲ ਹੈ ਕਿ ਇਸ ਖੂਹ ਨੂੰ ਗਿਆਨੀ ਖੇਮ ਸਿੰਘ ਜੀ ਦਾ ਊਠ ਜੋੜਿਆ ਹੋਇਆ ਸੀ। ਇੱਕ ਵਾਰੀ ਊਠ ਜਦੋਂ ਚੱਲ ਰਿਹਾ ਸੀ ਤਾਂ ਉਸ ਦੀਆਂ ਅੱਖਾਂ ਤੇ ਖੋਪੇ ਬੰਨ੍ਹੇ ਹੋਏ ਸਨ। ਊਠ ਆਪਣੀ ਚਾਲ ਚਲਦਾ

ਹੋਇਆ ਕੁਝ ਸਮੇਂ ਬਾਅਦ ਬਹੁਤ ਤੇਜੀ ਨਾਲ ਭੱਜਣ ਲੱਗ ਪਿਆ। ਇੰਨੀ ਤੇਜੀ ਨਾਲ ਊਠ ਭੱਜ ਰਿਹਾ ਸੀ ਕਿ ਖੂਹ ਦਾ ਪਾਣੀ ਵੀ ਜਲਦੀ ਨਾਲ ਉਤਰ ਰਿਹਾ ਸੀ। ਉਸੇ ਵੇਲੇ ਬੜੀ ਕਾਹਲੀ ਨਾਲ ਊਠ ਦੀਆਂ ਅੱਖਾਂ ਤੋਂ ਖੋਪੇ ਲਾਹ ਦਿੱਤੇ ਗਏ। ਫੇਰ ਵੀ ਊਠ ਭੱਜਦਾ ਹੀ ਰਿਹਾ। ਕੁਦਰਤੀ ਮਹਾਂਪੁਰਖ ਸੈਰ ਕਰਦੇ ਹੋਏ ਇਸ ਖੂਹ ਤੇ ਪਹੁੰਚ ਗਏ। ਮਹਾਂਪੁਰਖਾਂ ਨੇ ਭਜਦੇ ਹੋਏ ਊਠ ਨੂੰ ਵੇਖ ਕੇ ਦੱਸਿਆ ਕਿ ਇਸ ਤੇ ਕੋਈ ਅਵਗਤ ਰੂਹ ਅਸਵਾਰ ਹੋਈ ਬੈਠੀ ਹੈ ਜੋ ਇਸ ਨੂੰ ਭਜਾ ਰਹੀ ਹੈ। ਮਹਾਂਪੁਰਖਾਂ ਨੇ ਹੁਕਮ ਕੀਤਾ ਕਿ ਉੱਚੀ ਅਵਾਜ ਵਿੱਚ ਊਠ ਨੂੰ ਚੌਪਈ ਸਾਹਿਬ ਦਾ ਪਾਠ ਸੁਣਾਉ। ਜਿਉਂ ਹੀ ਖੇਤ ਵਿੱਚ ਨੱਕੇ ਮੋੜਨ ਵਾਲੇ ਸਿੰਘ ਨੇ ਫਤਹਿ ਬੁਲਾ ਕੇ ਚੌਪਈ ਸਾਹਿਬ ਦੇ ਪਾਠ ਉੱਚੀ ਅਵਾਜ ਵਿੱਚ ਖੂਹ ਦੀ ਪੈੜ ਕੋਲ ਖੜ੍ਹ ਕੇ ਸ਼ੁਰੂ ਕੀਤੇ ਤਾਂ ਨਾਲ ਦੀ ਨਾਲ ਹੀ ਊਠ ਹੌਲੀ-ਹੌਲੀ ਆਪਣੀ ਚਾਲ ਤੁਰਨ ਲੱਗ ਪਿਆ। ਥੋੜ੍ਹੀ ਦੇਰ ਬਾਅਦ ਊਠ ਖੜ੍ਹ ਗਿਆ। ਮਹਾਂਪੁਰਖਾਂ ਦੇ ਕਹਿਣ ਤੇ ਉਸ ਦੀਆਂ ਅੱਖਾਂ ਤੇ ਮੁੜ ਖੋਪੇ ਬੰਨ੍ਹ ਦਿੱਤੇ ਤਾਂ ਉਹ ਆਪਣੀ ਚਾਲ ਚਲਦਾ ਰਿਹਾ। ਇਸ ਤਰ੍ਹਾਂ ਫੇਰ ਵੀ ਊਠ ਕਈ ਵਾਰੀ ਇਸ ਅਵਗਤ ਰੂਹ ਦੇ ਅਸਵਾਰ ਹੋਣ ਤੇ ਭੱਜਣ ਲੱਗ ਜਾਂਦਾ ਸੀ। ਜਦੋਂ ਉਸ ਦੀਆਂ ਅੱਖਾਂ ਤੋਂ ਖੋਪੇ ਲਾਹ ਦਿੱਤੇ ਜਾਂਦੇ ਸਨ ਤਾਂ ਵੀ ਉਹ ਭੱਜਦਾ ਰਹਿੰਦਾ ਸੀ। ਇਸ ਅਵਗਤ ਰੂਹ ਤੋਂ ਛੁਟਕਾਰਾ ਪਵਾਉਣ ਵਾਸਤੇ ਮਹਾਂਪੁਰਖਾਂ ਨੇ ਦੱਸਿਆ ਕਿ ਇਸ ਦੀ ਕਲਿਆਣ ਵਾਸਤੇ ਗੁਰੂ ਘਰ ਵਿਖੇ ਸਹਿਜ ਪਾਠ ਕਰਵਾਇਆ ਜਾਵੇ। ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਸਹਿਜ ਪਾਠ ਕਰਵਾ ਕੇ ਅਰਦਾਸ ਕੀਤੀ ਗਈ ਤਾਂ ਉਸ ਅਵਗਤ ਰੂਹ ਦੀ ਕਲਿਆਣ ਹੋਈ। ਮੁੜ ਕੇ ਅਜਿਹਾ ਕਦੇ ਨਹੀਂ ਹੋਇਆ।ਗੁਰੂ ਅਰਜਨ ਸਾਹਿਬ ਦੇ ਬਚਨ ਹਨ:

***ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਿਆ॥***
***ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥ ਆਦਿ ੬੧੪***

## ਕੰਵਰਪੁਰ ਵਿਖੇ ਗੁਰਮਤਿ ਸਮਾਗਮ

ਭਾਵੇਂ ਕੰਵਰਪੁਰ ਨਗਰ ਦੀ ਅਬਾਦੀ ਬਹੁਤ ਘੱਟ ਮਾਤਰਾ ਵਿੱਚ ਸੀ ਫਿਰ ਵੀ ਮਹਾਂਪੁਰਖ ਸਾਲ ਦੇ ਦੌਰਾਨ ਕਈ ਵਾਰੀ ਗੁਰਮਤਿ ਸਮਾਗਮ ਕਰਾਉਂਦੇ ਰਹਿੰਦੇ। ਬਾਹਰ ਦੀ ਸੰਗਤ ਆਉਣ ਨਾਲ ਸਥਾਨਿਕ ਸੰਗਤ ਦਾ ਹੌਸਲਾ ਵਧ ਜਾਂਦਾ ਹੈ। ਬਾਹਰੋਂ ਆਈ ਸੰਗਤ ਦੀ ਸੇਵਾ ਕਰਕੇ ਆਪਣਾ ਤਨ ਮਨ ਧਨ ਸਫਲਾ ਹੋ ਜਾਂਦਾ ਹੈ। ਇਸ ਅਸਥਾਨ ਤੇ ਮਹਾਂਪੁਰਖ ਹੇਠ ਲਿਖੇ ਸਮਿਆਂ ਤੇ ਗੁਰਮਤਿ ਸਮਾਗਮ ਕਰਾਉਂਦੇ ਰਹਿੰਦੇ।

1. ਜੇਠ ਸੁਦੀ ਚੌਥ
2. ਮੱਘਰ ਸੁਦੀ ਪੰਚਵੀਂ

ਆਦਿ ਦੀ ਕਥਾ ਆਰੰਭ ਕਰਨ ਸਮੇਂ ਗੁਰਦੁਆਰਾ ਸਾਹਿਬ ਕੰਵਰਪੁਰ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਵਿਖੇ ਸਮਾਗਮ ਕੀਤੇ। ਇਸੇ ਤਰ੍ਹਾਂ ਮੱਧ ਸਮੇਂ ਅਤੇ ਕਥਾ ਦੀ ਸੰਪੂਰਨਤਾਈ ਦੇ ਸਮੇਂ ਵੀ ਸਮਾਗਮ ਗੁਰਦੁਆਰਾ ਸਾਹਿਬ ਕੰਵਰਪੁਰ ਵਿਖੇ ਕੀਤੇ। ਇਨ੍ਹਾਂ ਗੁਰਮਤਿ ਸਮਾਗਮਾਂ ਵਿੱਚ ਦੇਸੀ ਘੀ ਦੀਆਂ ਜਲੇਬੀਆਂ ਅਤੇ ਲੱਡੂ ਗੁਰੁ ਕੇ ਲੰਗਰ ਵਿੱਚ ਵਰਤਾਏ ਜਾਂਦੇ। ਇਨ੍ਹਾਂ ਸਾਰੇ ਗੁਰਮਤਿ ਸਮਾਗਮਾਂ ਤੇ ਮਹਾਂਪੁਰਖ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਵੀ ਸੰਗਤਾਂ ਦੇ ਦਰਸ਼ਨ ਕਰਨ ਆਉਂਦੇ ਰਹੇ। ਹੰਸਾਲੀ ਵਾਲੇ ਮਹਾਂਪੁਰਖ ਉਪਲਹੇੜੀ ਵਾਲੇ ਮਹਾਂਪੁਰਖਾਂ ਦਾ ਬਹੁਤ ਸਤਿਕਾਰ ਕਰਦੇ ਸਨ। ਹੰਸਾਲੀ ਵਾਲੇ ਮਹਾਂਪਰਖਾਂ ਨੇ ਬਚਨ ਕੀਤੇ ਕਿ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ ਤੇ ਸ੍ਰੀ ਗੁਰੁ ਗੋਬਿੰਦ ਸਿੰਘ ਸਾਹਿਬ ਜੀ ਦੀ ਪਵਿੱਤਰ ਰਸਨਾ ਤੋਂ ਬੇਅੰਤ ਸੰਗਤਾਂ ਨੇ ਲੜੀਵਾਰ ਕਥਾ ਸਰਵਣ ਕੀਤੀ ਪਰ ਇਤਿਹਾਸ ਵਿੱਚ ਕੇਵਲ ੪੮ ਸਿੰਘਾਂ ਦੇ ਨਾਮ ਹੀ ਮਿਲਦੇ ਹਨ। ਜਦੋਂ ਦੋਨੋਂ ਮਹਾਂਪੁਰਖ ਇਕੱਠੇ ਬੈਠੇ ਸਨ ਤਾਂ ਭਵਿੱਖਤ ਬਚਨ ਕੀਤੇ ਕਿ ਇਸ ਅਸਥਾਨ ਤੇ ਵੀ ਸੰਗਤਾਂ ਆਇਆ ਕਰਨਗੀਆਂ। ਬਹੁਤ ਰੌਣਕਾਂ ਹੋਣਗੀਆਂ। ਗੁਰੂ ਕੇ ਲੰਗਰ ਚੱਲਣਗੇ। ਇੱਥੇ ਕਿਸੇ ਪਦਾਰਥ ਦੀ ਘਾਟ ਨਹੀਂ ਰਹੇਗੀ। ਸੰਗਤਾਂ ਖੁਸ਼ੀਆਂ ਨਾਲ ਅਖੰਡ ਪਾਠਾਂ ਦੀ ਲੜੀ ਦੀਆਂ ਸੇਵਾ ਕਰਿਆ ਕਰਨਗੀਆਂ।

**ਲੰਗਰ ਦੀ ਸੇਵਾ:-** ਕਥਾ ਦੇ ਦੌਰਾਨ ਪਟਿਆਲਾ ਵਿਖੇ ਗੁਰਪੁਰਬਾਂ ਤੇ ਲੰਗਰਾਂ ਦੀ ਸੇਵਾ ਬੀਬੀ ਅਵਤਾਰ ਕੌਰ ਸੋਹੀ,ਬੀਬੀ ਗੁਰਦੇਵ ਕੌਰ ਨਾਗਰਾ, ਬੀਬੀ ਕੁਲਦੀਪ ਕੌਰ ਪਵਾਤ ਵਾਲੇ ਅਤੇ ਬੀਬੀ ਅਮਰਜੀਤ ਕੌਰ ਪੂਰੀ ਜਿੰਮੇਵਾਰੀ ਨਾਲ ਨਿਭਾਉਂਦੇ। ਇਸ ਤੋਂ ਇਲਾਵਾ ਬੀਬੀ ਮਨਜੀਤ ਕੌਰ ਵਰਨ, ਬੀਬੀ ਇੰਦਰਜੀਤ ਕੌਰ, ਬੀਬੀ ਹਰਮੇਸ਼ ਕੌਰ, ਬੀਬੀ ਹਰਜੀਤ ਕੌਰ, ਬੀਬੀ ਬਲਬੀਰ ਕੌਰ, ਬੀਬੀ ਸਵਰਨਜੀਤ ਕੌਰ, ਬੀਬੀ ਰਣਜੀਤ ਕੌਰ, ਬੀਬੀ ਦਰਸ਼ਨ ਕੌਰ, ਬੀਬੀ ਨਰਾਤਮ ਕੌਰ, ਬੀਬੀ ਹਰਬੰਸ ਕੌਰ ਆਦਿ ਬੀਬੀਆਂ ਕਥਾ ਵਿੱਚ ਹਾਜਰੀਆਂ ਭਰ ਕੇ ਲਾਹਾ ਲੈਂਦੀਆਂ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਕਰਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ।

**ਗੱਡੀ ਦੀ ਸੇਵਾ:-** ਸਰਦਾਰ ਗੁਰਦੀਪ ਸਿੰਘ ਜੀ ਗਰੇਵਾਲ ਆਪਣੀ ਐਮਬੈਸਡਰ ਗੱਡੀ ਰਾਹੀਂ ਸੇਵਾ ਕਰਕੇ ਮਹਾਂਪੁਰਖਾਂ ਤੋਂ ਖੁਸ਼ੀਆਂ ਲੈਂਦੇ ਰਹੇ। ਸਰਦਾਰ ਗੁਰਦੀਪ ਸਿੰਘ ਜੀ ਗਰੇਵਾਲ ਸਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਮੇਂ ਤੋਂ ਸੇਵਾ ਵਿੱਚ ਲੱਗੇ ਹੋਏ ਸਨ। ਸੰਤ ਕਰਤਾਰ ਸਿੰਘ ਜੀ ਖਾਲਸਾ ਸੰਗਤ ਵਿੱਚ ਗਰੇਵਾਲ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ। ਉਸ ਸਮੇਂ ਤੋਂ ਹੀ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ

ਖਾਲਸਾ ਉਪਲਹੇੜੀ ਵਾਲਿਆਂ ਦੇ ਸੰਪਰਕ ਵਿੱਚ ਆਏ। ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਵਿੱਚ ਰਹਿ ਕੇ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਮਹਾਂਪੁਰਖਾਂ ਦੀ ਸ਼ਹੀਦੀ ਤੋਂ ਬਾਅਦ ਸੱਚਖੰਡ ਵਾਸੀ ਬ੍ਰਹਮ ਗਿਆਨੀ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਕਰਕੇ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਸਰਦਾਰ ਗੁਰਦੀਪ ਸਿੰਘ ਗਰੇਵਾਲ ਜੀ ਨੇ ਇਨ੍ਹਾਂ ਸਾਰੇ ਮਹਾਂਪੁਰਖਾਂ ਦੀ ਸੇਵਾ ਕਰਕੇ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਅੱਜ ਕੱਲ੍ਹ ਵੀ ਗਰੇਵਾਲ ਸਾਹਿਬ ਸਾਰੇ ਮਹਾਂਪੁਰਖਾਂ ਦੀ ਸੇਵਾ ਕਰਕੇ ਬਹੁਤ ਖੁਸ਼ੀ ਪ੍ਰਾਪਤ ਕਰਦੇ ਹਨ।

## ਪਟਿਆਲੇ ਵਾਲੇ ਵਿਦਿਆਰਥੀਆਂ ਦਾ ਵੇਰਵਾ

**ਸਰਦਾਰ ਸ਼ਮਸ਼ੇਰ ਸਿੰਘ ਹੀਰਾ ਨਗਰ:**–ਸਰਦਾਰ ਸ਼ਮਸ਼ੇਰ ਸਿੰਘ ਜੀ ਜੋ ਸਰਦਾਰ ਗੁਰਨਾਮ ਸਿੰਘ ਜੀ ਦੇ ਸਪੁੱਤਰ ਹਨ। ਇਨ੍ਹਾਂ ਦਾ ਜੱਦੀ ਪਿੰਡ ਘਨੌਰੀ ਕਲਾਂ ਹੈ ਜੋ ਜਿਲ੍ਹਾ ਸੰਗਰੂਰ ਵਿੱਚ ਪੈਂਦਾ ਹੈ। ਇਹ ਸਟੇਟ ਬੈਂਕ ਆਫ ਪਟਿਆਲਾ ਤੋਂ ਏ.ਜੀ.ਐਮ ਸੇਵਾ ਮੁਕਤ ਹੋਏ ਹਨ। ਇਹ ਨੇਕ, ਇਮਾਨਦਾਰ ਸੀਨੀਅਰ ਅਧਿਕਾਰੀ ਰਹੇ। ਜਿਸ ਸਮੇਂ ਮਹਾਂਪੁਰਖਾਂ ਨੇ ਪਟਿਆਲਾ ਆ ਕੇ ਸੰਗਤਾਂ ਨੂੰ ਆਦਿ ਦੀ ਲੜੀਵਾਰ ਕਥਾ ਸਰਵਣ ਕਰਵਾਈ ਉਸ ਸਮੇਂ ਆਪ ਜੀ ਸਟੇਟ ਬੈਂਕ ਆਫ ਪਟਿਆਲਾ ਦੇ ਹੈੱਡ ਆਫਿਸ ਵਿੱਚ ਉੱਚੇ ਅਹੁਦੇ ਤੇ ਸੇਵਾ ਨਿਭਾ ਰਹੇ ਸਨ। ਮਹਾਂਪੁਰਖਾਂ ਪਾਸੋਂ ਆਪ ਜੀ ਨੇ ਲੜੀਵਾਰ ਦੋ ਕਥਾ ਸਰਵਣ ਕੀਤੀਆਂ। ਆਪ ਜੀ ਪਰਿਵਾਰ ਸਮੇਤ ਅੰਮ੍ਰਿਤ ਵੇਲੇ ਕਥਾ ਸਰਵਣ ਕਰਨ ਆਉਂਦੇ। ਮਹਾਂਪੁਰਖਾਂ ਨੇ ਜਿਥੇ ਵੀ ਆਉਣਾ ਜਾਣਾ ਹੁੰਦਾ ਤਾਂ ਆਪ ਜੀ ਆਪਣੀ ਫੀਅਟ ਗੱਡੀ ਲੈ ਕੇ ਹਾਜਰ ਹੋ ਜਾਂਦੇ। ਮਹਾਂਪੁਰਖਾਂ ਦੀ ਸੇਵਾ ਕਰਕੇ ਆਪ ਜੀ ਨੇ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਮਹਾਂਪੁਰਖਾਂ ਦੇ ਸੱਚਖੰਡ ਪਿਆਨਾ ਕਰਨ ਤੋਂ ਉਪਰੰਤ ਇਹ ਸੇਵਾ ਉਸੇ ਪ੍ਰਕਾਰ ਹੀ ਨਿਭਾ ਰਹੇ ਹਨ। ਇਨ੍ਹਾਂ ਦਾ ਬੇਟਾ ਗੁਰਬਖਸ਼ ਸਿੰਘ ਆਪਣੀ ਮਾਂ ਬੀਬੀ ਬਲਬੀਰ ਕੌਰ ਦੀ ਗੋਦੀ ਵਿੱਚ ਬੈਠ ਕੇ ਕਥਾ ਸੁਣਦਾ ਰਿਹਾ ਜੋ ਵੱਡਾ ਹੋ ਕੇ ਈ.ਐਨ.ਟੀ ਦਾ ਮਾਹਿਰ ਡਾਕਟਰ ਬਣਿਆ।

**ਸਰਦਾਰ ਅਮਰ ਸਿੰਘ ਪਵਾਤ ਵਾਲੇ:**– ਸਰਦਾਰ ਅਮਰ ਸਿੰਘ ਜੀ ਜਿੰਨਾਂ ਦਾ ਜੱਦੀ ਪਿੰਡ ਪਵਾਤ ਮਾਛੀਵਾੜਾ ਸਾਹਿਬ ਦੇ ਨੇੜੇ ਜਿਲ੍ਹਾ ਲੁਧਿਆਣਾ ਵਿੱਚ ਪੈਂਦਾ ਹੈ। ਇਨ੍ਹਾਂ ਦੇ ਸਾਰੇ ਪਰਿਵਾਰ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕੀਤੀ। ਸਰਦਾਰ ਅਮਰ ਸਿੰਘ ਜੀ ਲਾਲਾਂ ਵਾਲੇ ਪੀਰ ਦੇ ਮੁਰੀਦ ਸਨ। ਮਹਾਂਪੁਰਖਾਂ ਦੀ ਪ੍ਰੇਰਨਾ ਸਦਕਾ ਸਰਦਾਰ ਅਮਰ ਸਿੰਘ ਜੀ ਅਤੇ ਬੀਬੀ ਨਰਾਤਮ ਕੌਰ ਨੇ ਵੀ

ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ। ਆਪ ਜੀ ਨੇ ਅੰਮ੍ਰਿਤ ਛਕ ਕੇ ਪੂਰੀ ਰਹਿਤ ਵਿੱਚ ਸਿੱਖੀ ਨਿਭਾਈ। ਇੰਨਾਂ ਦੇ ਸਪੁੱਤਰ ਸਰਦਾਰ ਸਾਧੂ ਸਿੰਘ,ਜਸਵੰਤ ਸਿੰਘ ਅਤੇ ਜਸਵਿੰਦਰ ਸਿੰਘ ਅਤੇ ਤਿੰਨ ਨੂੰਹਾਂ ਰਣਜੀਤ ਕੌਰ, ਕੁਲਦੀਪ ਕੌਰ ਅਤੇ ਦਰਸ਼ਨ ਕੌਰ ਹਨ। ਇਹ ਸਾਰੇ ਪਟਿਆਲਾ ਵਿਖੇ ਰਹਿ ਰਹੇ ਹਨ। ਗੁਰਮਤਿ ਸਮਾਗਮਾ ਤੇ ਤਨ ਮਨ ਅਤੇ ਧਨ ਨਾਲ ਸੇਵਾ ਕਰਕੇ ਮਹਾਂਪੁਰਖਾਂ ਪਾਸੋਂ ਖੁਸ਼ੀਆਂ ਪ੍ਰਾਪਤ ਕਰਦੇ ਰਹੇ। ਸਾਰੇ ਪਰਿਵਾਰ ਨੇ ਅੰਮ੍ਰਿਤ ਵੇਲੇ ਆ ਕੇ ਮਹਾਂਪੁਰਖਾਂ ਪਾਸੋਂ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਅੱਜ ਵੀ ਪਰਿਵਾਰ ਚੜ੍ਹਦੀਕਲਾ ਵਿੱਚ ਹੈ। ਸਰਦਾਰ ਅਮਰ ਸਿੰਘ ਜੀ ਪਵਾਤ ਵਾਲਿਆਂ ਦੇ ਤਿੰਨੇ ਪੁੱਤਰ ਦਸਵੰਧ ਦੀ ਸੇਵਾ ਦਮਦਮੀ ਟਕਸਾਲ ਦੇ ਮੁਖੀ ਨੂੰ ਭੇਟਾ ਕਰਦੇ ਹਨ।

**ਭਾਈ ਵਿਰਸਾ ਸਿੰਘ ਜੀ:-** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ। ਇਸ ਤੋਂ ਉਪਰੰਤ ਸਾਰੇ ਪਰਿਵਾਰ ਨੇ ਮਹਾਂਪੁਰਖਾਂ ਪਾਸੋਂ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਕਥਾ ਸਮੇਂ ਇਹ ਪੰਜਾਬ ਰਾਜ ਬਿਜਲੀ ਬੋਰਡ ਦੇ ਮੁੱਖ ਦਫਤਰ ਪਟਿਆਲਾ ਵਿਖੇ ਸੇਵਾ ਨਿਭਾਉਂਦੇ ਰਹੇ ਸਨ। ਕਥਾ ਦੇ ਦੌਰਾਨ ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ ਆ ਕੇ ਪਵਿੱਤਰ ਕੜਾਹ ਪ੍ਰਸ਼ਾਦਿ ਦੀ ਦੇਗ ਸਜਾਉਂਦੇ ਰਹੇ। ਇਸ ਤਰ੍ਹਾਂ ਸੇਵਾ ਕਰਕੇ ਮਹਾਂਪੁਰਖਾਂ ਪਾਸੋਂ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਅੱਜ ਕੱਲ੍ਹ ਸੰਗਤਾਂ ਨੂੰ ਸੰਥਿਆ ਕਰਾਉਣ ਦੀ ਸੇਵਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਿਸ਼ਾਹੀ ਨੌਵੀਂ ਪਟਿਆਲਾ ਵਿਖੇ ਨਿਭਾ ਰਹੇ ਹਨ। ਇਨ੍ਹਾਂ ਦੇ ਸਪੁੱਤਰ ਸਰਦਾਰ ਸਰਬਜੀਤ ਸਿੰਘ ਲਵਲੀ,ਜਤਿੰਦਰ ਸਿੰਘ ਲੱਡੂ ਅਤੇ ਦਵਿੰਦਰ ਸਿੰਘ ਬਰਫੀ ਆਪਣੇ-੨ ਪਰਿਵਾਰਾਂ ਵਿੱਚ ਰਹਿ ਕੇ ਸਿੱਖੀ ਕਮਾ ਰਹੇ ਹਨ।

**ਭਾਈ ਗੁਰਮੇਲ ਸਿੰਘ ਜੀ ਪ੍ਰੋਫੈਸਰ ਸਾਹਿਬ:-** ਇਨ੍ਹਾਂ ਦਾ ਜੱਦੀ ਪਿੰਡ ਮੰਡੌਰ ਜਿਲ੍ਹਾ ਪਟਿਆਲਾ ਵਿੱਚ ਹੈ। ਉਪਜੀਵਿਕਾ ਵਾਸਤੇ ਸੈਂਟਰਲ ਬੈਂਕ ਆਫ ਇੰਡੀਆ ਵਿੱਚ ਸੇਵਾ ਨਿਭਾ ਰਹੇ ਹਨ। ਇੰਨਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕਰਕੇ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਇਨ੍ਹਾਂ ਦਾ ਗੁਰਬਾਣੀ ਦਾ ਸ਼ੁੱਧ ਉਚਾਰਨ ਵੇਖ ਕੇ ਮਹਾਂਪੁਰਖ ਬਹੁਤ ਖੁਸ਼ ਹੁੰਦੇ। ਇੱਕ ਦਿਨ ਸੰਗਤ ਵਿੱਚ ਇਨ੍ਹਾਂ ਨੂੰ ਪ੍ਰੋਫੈਸਰ ਦੀ ਉਪਾਧੀ ਬਖਸ਼ੀ। ਸੰਗਤ ਵਿੱਚ ਇਹ ਬਚਨ ਕੀਤੇ ਕਿ ਮੇਰੇ ਸਰੀਰ ਛੱਡਣ ਤੋਂ ਉਪਰੰਤ ਸਰੀਰ ਦੇ ਇਸ਼ਨਾਨ ਦੀ ਸੇਵਾ ਵਿੱਚ ਇਨ੍ਹਾਂ ਨੂੰ ਜਰੂਰ ਲਾਇਆ ਜਾਵੇ। ਇਹ ਵੀ ਬਚਨ ਕੀਤੇ ਕਿ ਜਦੋਂ ਤੱਕ ਇਹ ਆ ਨਹੀਂ ਜਾਂਦੇ ਉਦੋਂ ਤੱਕ ਮੇਰੇ ਸਰੀਰ ਦਾ ਇਸ਼ਨਾਨ ਨਾ ਕਰਾਇਆ ਜਾਵੇ। ਮਹਾਂਪੁਰਖਾਂ ਨੇ ਆਖਿਆ ਕਿ ਜਦੋਂ ਅਸੀਂ ਸਰੀਰ ਛੱਡਾਂਗੇ ਤਾਂ ਇਹ ਪਟਿਆਲੇ ਤੋਂ ਬਾਹਰ ਦੂਰ ਹੋਣਗੇ। ਇਸ ਲਈ ਲੱਭ ਕੇ ਇਹ ਸੇਵਾ ਇਨ੍ਹਾਂ ਨੂੰ ਦੇਣੀ ਹੈ। ਸੰਗਤਾਂ ਦੇ ਬੇਨਤੀ

ਕਰਨ ਤੇ ਮਹਾਂਪੁਰਖਾਂ ਨੇ ਦੱਸਿਆ ਕਿ ਇਹ ਸਿੰਘ ਸੱਚੀ-ਸੁੱਚੀ ਕਿਰਤ ਕਰਦਾ ਹੈ,ਨਿਤਨੇਮੀ ਹੈ ਤੇ ਜੀਵਨ ਵਾਲਾ ਹੈ। ਆਪ ਜੀ ਗੁਰਬਾਣੀ ਦਾ ਨਿਤਨੇਮ ਅਤੇ ਸੇਵਾ ਬਹੁਤ ਸੋਧ ਕੇ ਪਵਿੱਤਰਤਾ ਨਾਲ ਕਰਦੇ ਹਨ। ਆਪਣੀ ਕਮਾਈ ਵਿੱਚੋਂ ਗੁਰੂ ਕਾ ਦਸਵੰਧ ਕੱਢਦੇ ਹਨ। ਜਦੋਂ ਮਹਾਂਪੁਰਖਾਂ ਨੇ 9 ਸਤੰਬਰ 2004 ਵਿੱਚ ਸੱਚਖੰਡ ਪਿਆਨਾ ਕੀਤਾ ਤਾਂ ਉਨ੍ਹਾਂ ਦਿਨਾਂ ਵਿੱਚ ਆਪ ਜੀ ਹਿਮਾਚਲ ਵਿੱਚ ਬੈਂਕ ਦੀ ਡਿਊਟੀ ਨਿਭਾ ਰਹੇ ਸਨ। ਮਹਾਂਪੁਰਖਾਂ ਦੇ ਮਿਲੇ ਹੋਏ ਹੁਕਮਾਂ ਅਨੁਸਾਰ ਇਨ੍ਹਾਂ ਨੂੰ ਹਿਮਾਚਲ ਪ੍ਰਦੇਸ ਤੋਂ ਬੁਲਾਇਆ ਅਤੇ ਪਵਿੱਤਰ ਸਰੀਰ ਦੇ ਇਸ਼ਨਾਨ ਕਰਾਉਣ ਦੀ ਸੇਵਾ ਬਖਸ਼ੀ। ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਮਹਾਂਪੁਰਖ ਵੀ ਇਨ੍ਹਾਂ ਨੂੰ ਪ੍ਰੋਫੈਸਰ ਸਾਹਿਬ ਕਹਿ ਕੇ ਹੀ ਬੁਲਾਉਂਦੇ ਹਨ। ਵਾਹਿਗੁਰੂ ਦੀ ਕਿਰਪਾ ਦਾ ਸਦਕਾ ਇਹ ਹਮੇਸ਼ਾਂ ਨਿੰਦਾ ਚੁਗਲੀ ਤੋਂ ਦੂਰ ਰਹਿ ਕੇ ਸਿਮਰਨ ਭਜਨ ਕਰਦੇ ਰਹਿੰਦੇ ਹਨ। ਗੁਰਬਾਣੀ ਦੇ ਉਚਾਰਨ ਅਤੇ ਗੁਹਜ ਅਰਥਾਂ ਦੀ ਇਨ੍ਹਾਂ ਨੂੰ ਬਹੁਤ ਸਮਝ ਹੈ। ਹੁਣ ਵੀ ਉੱਚ ਅਧਿਕਾਰੀ ਦੇ ਤੌਰ ਤੇ ਬੈਂਕ ਵਿੱਚ ਸੇਵਾ ਨਿਭਾਉਂਦੇ ਹੋਏ ਨਿਤਨੇਮ ਅਤੇ ਸਹਿਜ ਪਾਠ ਕਰਦੇ ਹਨ।

**ਸਰਦਾਰ ਜਗਤਾਰ ਸਿੰਘ ਜੀ:-** ਇਨ੍ਹਾਂ ਦਾ ਜੱਦੀ ਪਿੰਡ ਢਾਬੀ ਟੇਕ ਸਿੰਘ ਹੈ ਜੋ ਹਰਿਆਣਾ ਵਿੱਚ ਪੈਂਦਾ ਹੈ। ਇਨ੍ਹਾਂ ਦੇ ਘਰੋਂ ਬੀਬੀ ਹਰਮੇਸ਼ ਕੌਰ ਹਨ ਜੋ ਪੰਜਾਬ ਨੈਸ਼ਨਲ ਬੈਂਕ ਵਿਚ ਪਟਿਆਲਾ ਵਿਖੇ ਸਰਵਿਸ ਕਰਦੇ ਹਨ। ਮਹਾਂਪੁਰਖਾਂ ਦੀ ਪ੍ਰੇਰਣਾ ਦਾ ਸਦਕਾ ਇਨ੍ਹਾਂ ਨੇ ਪਰਿਵਾਰ ਸਮੇਤ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕੀਤੀ। ਪਰਿਵਾਰ ਦੀ ਉਪਜੀਵਿਕਾ ਵਾਸਤੇ ਇਹ ਪੰਜਾਬ ਰਾਜ ਬਿਜਲੀ ਬੋਰਡ ਵਿੱਚੋਂ ਉੱਚੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਮਹਾਂਪੁਰਖਾਂ ਪਾਸੋਂ ਇਨ੍ਹਾਂ ਨੇ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਜਦੋਂ ਤੋਂ ਅੰਮ੍ਰਿਤ ਛਕਿਆ ਨਿਤਨੇਮ ਤੋਂ ਇਲਾਵਾ ਸਹਿਜ ਪਾਠ ਵੀ ਕਰਦੇ ਹਨ। ਮਹਾਂਪੁਰਖਾਂ ਦੀ ਪ੍ਰੇਰਨਾ ਦਾ ਸਦਕਾ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਾਤਿਸ਼ਾਹੀ ਨੌਂਵੀਂ ਪਟਿਆਲਾ ਵਿਖੇ ਜੋੜੇ ਘਰ ਦੀ ਸੇਵਾ ਕਰਕੇ ਗੁਰੁ ਤੇਗ ਬਹਾਦਰ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਇਸ ਤੋਂ ਇਲਾਵਾ ਗੁਰਮਤਿ ਸਮਾਗਮਾਂ ਤੇ ਤਨ ਮਨ ਧਨ ਨਾਲ ਸੇਵਾ ਕਰਕੇ ਅੱਜ ਵੀ ਸੰਗਤ ਤੋਂ ਅਸੀਸ ਪ੍ਰਾਪਤ ਕਰ ਰਹੇ ਹਨ। ਲੰਗਰ ਵਿੱਚ ਹੱਥੀਂ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

**ਸਰਦਾਰ ਤੇਜਿੰਦਰ ਸਿੰਘ ਸੰਧੂ:-** ਆਪ ਜੀ ਦਾ ਪਿੰਡ ਝਿੱਲ ਸਰਹਿੰਦ ਰੋਡ ਪਟਿਆਲਾ ਵਿਖੇ ਹੈ। ਆਪ ਜੀ ਪਿੰਡ ਦੇ ਨੰਬਰਦਾਰ ਵੀ ਹਨ। ਇਸ ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ ਤੋਂ ਉੱਚ ਅਧਿਕਾਰੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ

ਹਨ। ਆਪ ਜੀ ਨੇ ਮਹਾਂਪੁਰਖਾਂ ਪਾਸੋਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੀਆਂ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਅਕਾਲ ਪੁਰਖ ਦੀ ਕਿਰਪਾ ਨਾਲ ਆਪ ਜੀ ਆਪਣੇ ਨਗਰ ਦੇ ਗੁਰੂ ਘਰ ਵਿਖੇ ਲੜੀਵਾਰ ਕਥਾ ਕਰਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਬਿਜਲੀ ਬੋਰਡ ਦੇ ਸਾਲਾਨਾ ਸਮਾਗਮਾਂ ਤੇ ਲੰਗਰ ਦਾ ਪ੍ਰਬੰਧ ਕਰਨ ਵਿੱਚ ਅਹਿਮ ਸੇਵਾ ਨਿਭਾ ਕੇ ਸੰਗਤਾਂ ਤੋਂ ਹਰ ਸਾਲ ਅਸੀਸ ਪ੍ਰਾਪਤ ਕਰਦੇ ਹਨ। ਨੰਬੜਦਾਰ ਅਤੇ ਉੱਚ ਅਹੁਦੇ ਦੇ ਮਾਲਕ ਹੁੰਦੇ ਹੋਏ ਗਰੀਬ ਸਿੱਖਾਂ ਨੂੰ ਮਿਲਕੇ ਬਹੁਤ ਖੁਸ਼ ਹੁੰਦੇ ਹਨ। ਵਾਹਿਗੁਰੂ ਦੀ ਕਿਰਪਾ ਨਾਲ ਬੋਰਡ ਦੀ ਸੇਵਾ ਤੋਂ ਬੇਦਾਗ ਮੁਕਤ ਹੋਏ ਹਨ। ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਅੱਗੇ ਵੀ ਗੁਰਬਾਣੀ ਦੀ ਸੰਥਿਆ ਕਰਾਉਂਦੇ ਹਨ।

**ਭਾਈ ਬਲਵਿੰਦਰ ਸਿੰਘ ਜੀ:–** ਇਨ੍ਹਾਂ ਦਾ ਜੱਦੀ ਪਿੰਡ ਅਲਹੌਰਾਂ ਤਹਿਸੀਲ ਨਾਭਾ ਜਿਲ੍ਹਾ ਪਟਿਆਲਾ ਵਿੱਚ ਹੈ। ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ। ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀਆਂ ਲੜੀਵਾਰ ਦੋ ਕਥਾ ਸੰਪੂਰਨ ਰੂਪ ਵਿੱਚ ਸਰਵਣ ਕੀਤੀਆਂ। ਇਨ੍ਹਾਂ ਨੇ ਕਈ ਸਾਲ ਜਥੇ ਵਿੱਚ ਰਹਿ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਈ। ਇਸ ਸਮੇਂ ਆਪਣਾ ਜਨਮ ਸਫਲਾ ਕਰਨ ਵਾਸਤੇ ਪਰਿਵਾਰ ਸਮੇਤ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੀ ਕਾਰ ਸੇਵਾ ਵਿੱਚ ਰੋਜਾਨਾ ਹਾਜਰੀ ਭਰਦੇ ਹਨ। ਬਿਰਧ ਮਾਤਾ ਅਤੇ ਘਰ ਵਾਲੀ ਬੀਬੀ ਦੀਪਇੰਦਰ ਕੌਰ ਸਾਰਾ ਦਿਨ ਟੋਕਰੀ ਢੋਹਣ ਦੀ ਸੇਵਾ ਕਰਦੇ ਹਨ ਅਤੇ ਆਪ ਸਰੋਵਰ ਦੀਆਂ ਪਰਕਰਮਾਂ ਵਿੱਚ ਬੈਠ ਕੇ ਸਿੰਘਾਂ ਨੂੰ ਬੜੇ ਸਤਿਕਾਰ ਨਾਲ ਗੁਰਬਾਣੀ ਦੀ ਸੰਥਿਆ ਕਰਾਉਂਦੇ ਹਨ। ਸੇਵਾ ਵਾਸਤੇ ਹੀ ਇਨ੍ਹਾਂ ਨੇ ਆਪਣੀ ਰਿਹਾਇਸ਼ ਪਟਿਆਲਾ ਵਿਖੇ ਰੱਖੀ ਹੋਈ ਹੈ। ਆਪ ਜੀ ਦਾ ਸੁਭਾਅ ਸੰਜਮੀ ਅਤੇ ਮਿਹਨਤੀ ਹੈ। ਘਰ ਵਿੱਚ ਆਏ ਗਏ ਸਿੰਘਾਂ ਵਾਸਤੇ ਲੰਗਰ ਦੀ ਸੇਵਾ ਬਹੁਤ ਪਵਿੱਤਰਤਾ ਅਤੇ ਸ਼ਰਧਾ ਨਾਲ ਕਰਦੇ ਹਨ। ਜਿਸ ਪ੍ਰੇਮੀ ਨੇ ਸਤਿਗੁਰਾਂ ਦੇ ਪਵਿੱਤਰ ਸਰੂਪ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ ਆਪਣੇ ਪਿੰਡ ਲਿਜਾਣੇ ਹੁੰਦੇ ਹਨ। ਇਹ ਪਵਿੱਤਰ ਸੇਵਾ ਆਪਣੀ ਗੱਡੀ ਰਾਹੀਂ ਪੰਜ ਸਿੰਘਾਂ ਨਾਲ ਨਿਭਾਉਂਦੇ ਹਨ। ਗੱਡੀ ਵਿਚ ਚੰਦੋਆ ਸਾਹਿਬ ਵੀ ਲਗਾਇਆ ਹੋਇਆ ਹੈ।

**ਭਾਈ ਨਿਰਮਲ ਸਿੰਘ:–** ਇਨ੍ਹਾਂ ਦਾ ਪਿੰਡ ਭੋੜੇ ਤਹਿਸੀਲ ਨਾਭਾ ਜਿਲ੍ਹਾ ਪਟਿਆਲਾ ਵਿੱਚ ਹੈ। ਇਹ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸੀਨੀਅਰ ਅਧਿਕਾਰੀ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਇਨ੍ਹਾਂ ਦੇ ਘਰ ਵਾਲੀ ਬੀਬੀ ਮਨਜੀਤ ਕੌਰ ਹਨ। ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕਰਕੇ ਦੋ ਲੜੀਵਾਰ ਕਥਾ ਸਰਵਣ ਕੀਤੀਆਂ। ਸਾਰੇ ਪਰਿਵਾਰ ਨੂੰ ਅਤੇ ਰਿਸ਼ਤੇਦਾਰਾਂ ਨੂੰ ਮਹਾਂਪੁਰਖਾਂ ਦੀ

ਸੰਗਤ ਵਿੱਚ ਲਿਆ ਕੇ ਅੰਮ੍ਰਿਤ ਛਕਾਇਆ। ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਧਰਮ ਦੀ ਕਿਰਤ ਕਰਦੇ ਹਨ ਅਤੇ ਨਿਤਨੇਮੀ ਹਨ। ਗੁਰੂ ਘਰ ਦੀ ਸੇਵਾ ਅਤੇ ਗੁਰਮਤਿ ਸਮਾਗਮਾਂ ਵਿੱਚ ਤਨ ਮਨ ਧਨ ਨਾਲ ਸੇਵਾ ਕਰਕੇ ਸੰਗਤ ਤੋਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

**ਭਾਈ ਜਗੀਰ ਸਿੰਘ ਜੀ:–** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਕਰਨ ਉਪਰੰਤ ਲੜੀਵਾਰ ਦੋ ਕਥਾ ਸਰਵਣ ਕੀਤੀਆਂ। ਇਹ ਪਰਿਵਾਰ ਦੀ ਉਪਜੀਵਿਕਾ ਵਾਸਤੇ ਜੇਲ੍ਹ ਵਿਭਾਗ ਵਿੱਚ ਉੱਚ ਅਧਿਕਾਰੀ ਦੇ ਅਹੁਦੇ ਤੇ ਸੇਵਾ ਨਿਭਾਉਂਦੇ ਰਹੇ। ਧਰਮ ਦੀ ਕਿਰਤ ਕਰਕੇ ਪਰਿਵਾਰ ਦੀ ਪਾਲਣਾ ਪੋਸ਼ਣਾ ਕੀਤੀ। ਨਿਤਨੇਮੀ ਅਤੇ ਮਿਹਨਤੀ ਪਰਿਵਾਰ ਹੈ।

**ਸਰਦਾਰ ਬਲਦੇਵ ਸਿੰਘ ਸੈਣੀ:–** ਇਹ ਮਹਾਂਪੁਰਖਾਂ ਦੇ ਜਨਮ ਅਸਥਾਨ ਨਗਰ ਉਪਲਹੇੜੀ ਦੇ ਹਨ। ਇਨ੍ਹਾਂ ਨੇ ਆਪਣੀ ਰਿਹਾਇਸ਼ ਪਟਿਆਲਾ ਵਿਖੇ ਰੱਖੀ ਹੋਈ ਹੈ। ਆਪ ਜੀ ਪੰਜਾਬ ਸਹਿਕਾਰੀ ਬੈਂਕ ਵਿੱਚੋਂ ਉੱਚੇ ਅਹੁਦੇ ਤੇ ਸੇਵਾ ਮੁਕਤ ਹੋਏ ਹਨ। ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਲੜੀਵਾਰ ਕਥਾ ਸਰਵਣ ਕੀਤੀ। ਅੱਜ ਕੱਲ੍ਹ ਸਹਿਜ ਪਾਠ ਕਰਕੇ ਅਨੰਦ ਲੈ ਰਹੇ ਹਨ।

**ਸਰਦਾਰ ਗੁਰਮੀਤ ਸਿੰਘ:–** ਇਨ੍ਹਾਂ ਦਾ ਜਨਮ ਨਗਰ ਲੱਖਨਪੁਰਾ ਤਹਿਸੀਲ ਖਮਾਣੋ ਜਿਲ੍ਹਾ ਲੁਧਿਆਣਾ ਵਿੱਚ ਹੈ। ਇਨ੍ਹਾਂ ਨੇ ਆਪਣੀ ਰਿਹਾਇਸ਼ ਹੀਰਾ ਨਗਰ ਪਟਿਆਲਾ ਵਿਖੇ ਰੱਖੀ ਹੋਈ ਹੈ। ਆਪ ਜੀ ਲੈਂਡ ਮਾਰਗੇਜ ਬੈਂਕ ਵਿੱਚੋਂ ਉੱਚ ਅਧਿਕਾਰੀ ਦੇ ਤੌਰ ਤੇ ਸੇਵਾ ਮੁਕਤ ਹੋਏ ਹਨ। ਅੱਜ ਕੱਲ੍ਹ ਆਪ ਜੀ ਪਟਿਆਲਾ ਵਿਖੇ ਹੀ ਰਹਿ ਕੇ ਆਪਣੇ ਘਰ ਸਹਿਜ ਪਾਠ ਕਰਕੇ ਅਨੰਦ ਪ੍ਰਾਪਤ ਕਰ ਰਹੇ ਹਨ।

**ਸਰਦਾਰ ਮਹਿੰਦਰ ਸਿੰਘ ਚੌਲੀ:–** ਇਹ ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਸੀਨੀਅਰ ਕਾਰਜਕਾਰੀ ਇੰਜੀਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਅਤੇ ਲੜੀਵਾਰ ਦੋ ਕਥਾ ਸਰਵਣ ਕੀਤੀਆਂ। ਕਥਾ ਸਰਵਣ ਕਰਕੇ ਆਪ ਜੀ ਸਹਿਜ ਪਾਠ ਕਰਕੇ ਅਨੰਦ ਪ੍ਰਾਪਤ ਕਰਦੇ ਹਨ। ਮਹਾਂਪੁਰਖਾਂ ਦੀ ਸੰਗਤ ਕਰਕੇ ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕੀਤੀ। ਮਹਾਂਪੁਰਖਾਂ ਪਾਸੋਂ ਕਥਾ ਸੁਣਦੇ ਸਮੇਂ ਜੋ ਸ਼ਬਦ ਸਰਵਣ ਕੀਤੇ ਉਹ ਇਨ੍ਹਾਂ ਨੂੰ ਬਹੁਤ ਮਾਤਰਾ ਵਿੱਚ ਯਾਦ ਹਨ। ਹੁਣ ਵੀ ਸਹਿਜ ਪਾਠ ਕਰਕੇ ਆਪਣਾ ਸਮਾਂ ਸਫਲਾ ਕਰ ਰਹੇ ਹਨ।

**ਸਰਦਾਰ ਸੁਖਬੀਰ ਸਿੰਘ ਚੀਮਾ:–** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਸੰਥਿਆ ਪ੍ਰਾਪਤ ਕੀਤੀ ਅਤੇ ਲੜੀਵਾਰ ਦੋ ਕਥਾ ਸਰਵਣ ਕੀਤੀਆਂ। ਗੁਰਪੁਰਬਾਂ ਅਤੇ

ਗੁਰਮਤਿ ਸਮਾਗਮਾਂ ਤੇ ਤਨ ਮਨ ਧਨ ਨਾਲ ਸੇਵਾ ਕਰਕੇ ਸੰਗਤਾਂ ਤੋਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸਹਾਇਕ ਕਾਰਜਕਾਰੀ ਇੰਜੀਨੀਅਰ ਦੇ ਅਹੁਦੇ ਤੇ ਬਹੁਤ ਇਮਾਨਦਾਰੀ ਨਾਲ ਸੇਵਾ ਨਿਭਾਈ। ਰੋਜਾਨਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦਰਸ਼ਨ ਪਰਸਨ ਕਰਕੇ ਅਨੰਦ ਪ੍ਰਾਪਤ ਕਰਦੇ ਹਨ। ਹੁਣ ਵੀ ਗੁਰੂ ਕੇ ਲੰਗਰਾਂ ਦੀ ਸੇਵਾ ਤਨ ਮਨ ਧਨ ਨਾਲ ਕਰਦੇ ਹਨ। ਇਨ੍ਹਾਂ ਨੇ ਆਪਣੇ ਨਿਵਾਸ ਅਸਥਾਨ ਦੀ ਨੀਂਹ ਮਹਾਂਪੁਰਖਾਂ ਦੇ ਹਸਤ ਕਮਲਾਂ ਤੋਂ ਰਖਵਾਈ। ਇਨ੍ਹਾਂ ਦਾ ਬੇਟਾ ਇੰਜੀਨੀਅਰ ਹਮੀਤਇੰਦਰ ਸਿੰਘ ਛੁੱਟੀ ਵਾਲੇ ਦਿਨ ਗੁਰੂ ਕੇ ਲੰਗਰਾਂ ਦੀ ਸੇਵਾ ਖੁਸ਼ੀ ਨਾਲ ਕਰਦਾ ਹੈ।

**ਸਰਦਾਰ ਈਸ਼ਰ ਸਿੰਘ ਸੋਹੀ:-** ਇਨ੍ਹਾਂ ਨੇ ਪਰਿਵਾਰ ਦੀ ਉਪਜੀਵਿਕਾ ਵਾਸਤੇ ਪੰਜਾਬ ਸਰਕਾਰ ਦੇ ਸਹਿਕਾਰੀ ਵਿਭਾਗ ਵਿੱਚ ਉੱਚੇ ਅਹੁਦੇ ਤੇ ਸੇਵਾ ਕੀਤੀ। ਮਹਾਂਪੁਰਖਾਂ ਦੀ ਸੰਗਤ ਵਿੱਚ ਆ ਕੇ ਪਰਿਵਾਰ ਸਮੇਤ ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕੀਤੀ। ਇਨ੍ਹਾਂ ਦੇ ਘਰ ਵਾਲੀ ਬੀਬੀ ਅਵਤਾਰ ਕੌਰ ਹਨ। ਮਹਾਂਪੁਰਖਾਂ ਦੀ ਅਤੇ ਸੰਗਤਾਂ ਦੀ ਸਾਰੇ ਪਰਿਵਾਰ ਨੇ ਬਹੁਤ ਸੇਵਾ ਕੀਤੀ। ਆਪਣੇ ਘਰ ਮਹਾਂਪੁਰਖਾਂ ਦਾ ਆਸਣ ਲਾ ਕੇ ਲੰਮਾ ਸਮਾ ਸੇਵਾ ਹਾਸਲ ਕੀਤੀ। ਇਨ੍ਹਾਂ ਦੇ ਗ੍ਰਹਿ ਸਰਹਿੰਦ ਰੋਡ ਪਟਿਆਲਾ ਵਿਖੇ ਸਿੰਘਾਂ ਨੇ ਗੁਰਬਾਣੀ ਦੀ ਸੰਥਿਆ ਵੀ ਪ੍ਰਾਪਤ ਕੀਤੀ। ਸੰਥਿਆ ਤੋਂ ਉਪਰੰਤ ਦੋ ਕਥਾ ਲੜੀਵਾਰ ਸੰਪੂਰਨ ਰੂਪ ਵਿੱਚ ਸਰਵਣ ਕੀਤੀਆਂ। ਸਰਕਾਰੀ ਮਹਿਕਮੇ ਤੋਂ ਸੇਵਾ ਮੁਕਤ ਹੋਣ ਉਪਰੰਤ ਸਹਿਜ ਪਾਠ ਕਰਕੇ ਅਨੰਦ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਦੇ ਘਰੋਂ ਬੀਬੀ ਅਵਤਾਰ ਕੌਰ ਸੋਹੀ ਨੇ ਮਹਾਂਪੁਰਖਾਂ ਸਮੇਂ ਲੰਗਰਾਂ ਦੀ ਸੇਵਾ ਕਰਕੇ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ। ਅੱਜ ਕੱਲ੍ਹ ਵੀ ਸੇਵਾ ਕਰਕੇ ਲਾਹਾ ਲੈਂਦੇ ਹਨ। ਗੁਰਬਾਣੀ ਦੇ ਨਿਤਨੇਮੀ ਹਨ। ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਮਹਾਂਪੁਰਖ ਇਨ੍ਹਾਂ ਦੇ ਗ੍ਰਹਿ ਵਿਖੇ ਚਰਨ ਪਾਉਂਦੇ ਰਹੇ। ਅੱਜ ਕੱਲ੍ਹ ਵੀ ਬੀਬੀ ਅਵਤਾਰ ਕੌਰ ਬੜੀ ਰੀਝ ਨਾਲ ਲੰਗਰਾਂ ਦੀ ਸੇਵਾ ਕਰਦੇ ਹਨ।

**ਸਰਦਾਰ ਗੁਰਨਾਮ ਸਿੰਘ:-** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਲੈ ਕੇ ਲੜੀਵਾਰ ਦੋ ਕਥਾ ਸੰਪੂਰਨ ਰੂਪ ਵਿੱਚ ਸਰਵਣ ਕੀਤੀਆਂ। ਪਰਿਵਾਰ ਦੀ ਉਪਜੀਵਿਕਾ ਵਾਸਤੇ ਇਹ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਵਿਚੋਂ ਉੱਚੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਸੇਵਾ ਮੁਕਤ ਹੋਣ ਉਪਰੰਤ ਸਹਿਜ ਪਾਠ ਕਰਦੇ ਹਨ ਅਤੇ ਸਮਾਗਮਾਂ ਅਤੇ ਗੁਰਪੁਰਬਾਂ ਤੇ ਸੰਗਤਾਂ ਨੂੰ ਗੁਰਮਤਿ ਪ੍ਰਚਾਰ ਕਰਕੇ ਗੁਰੂ ਘਰ ਨਾਲ ਜੋੜਦੇ ਹਨ।

**ਸਰਦਾਰ ਹਰਿੰਦਰ ਸਿੰਘ ਸੰਧੂ:-** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕਰਕੇ ਲੜੀਵਾਰ ਦੋ ਕਥਾ ਸਰਵਣ ਕੀਤੀਆਂ। ਪਰਿਵਾਰ

ਅੰਮ੍ਰਿਤਧਾਰੀ ਹੈ।ਉਪਜੀਵਿਕਾ ਵਾਸਤੇ ਇਹ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਵਿੱਚ ਉੱਚੇ ਅਹੁਦੇ ਤੇ ਸੇਵਾ ਕਰਦੇ ਰਹੇ। ਕਥਾ ਸਰਵਣ ਕਰਨ ਤੋਂ ਉਪਰੰਤ ਸਹਿਜ ਪਾਠ ਕਰਕੇ ਆਪਣੇ ਘਰ ਪਟਿਆਲਾ ਵਿਖੇ ਅਨੰਦ ਪ੍ਰਾਪਤ ਕਰਦੇ ਹਨ। ਬੜਾ ਸੰਜਮੀ ਸੁਭਾਅ ਹੈ।

**ਭਾਈ ਜਸਵਿੰਦਰਪਾਲ ਸਿੰਘ:–** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਲੜੀਵਾਰ ਦੋ ਕਥਾ ਸੰਪੂਰਨ ਰੂਪ ਵਿੱਚ ਸਰਵਣ ਕੀਤੀਆਂ। ਇਨ੍ਹਾਂ ਦੇ ਘਰ ਵਾਲੀ ਬੀਬੀ ਇੰਦਰਜੀਤ ਕੌਰ ਹਨ।ਪਰਿਵਾਰ ਸਮੇਤ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕੀਤੀ।ਪਰਿਵਾਰ ਦੀ ਉਪਜੀਵਿਕਾ ਵਾਸਤੇ ਸਕੂਟਰਾਂ ਦੀ ਮੁਰੰਮਤ ਕਰਦੇ ਹਨ ਅਤੇ ਆਪਣੀ ਦੁਕਾਨ ਵਿੱਚ ਸਪੇਅਰ ਪਾਰਟਸ ਦਾ ਕੰਮ ਵੀ ਕਰਦੇ ਹਨ।ਰੋਜਾਨਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਅਸਥਾਨ ਤੇ ਹਾਜਰੀ ਭਰਦੇ ਹਨ। ਕਥਾ ਤੋਂ ਉਪਰੰਤ ਆਪਣੇ ਘਰ ਸਹਿਜ ਪਾਠ ਕਰਦੇ ਹਨ।ਤਨ ਮਨ ਧਨ ਨਾਲ ਸੇਵਾ ਕਰਕੇ ਗੁਰਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਆਪ ਜੀ ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਇੰਦਰਾਪੁਰੀ ਵਿਖੇ ਦਰੀਆਂ ਤੇ ਚਾਦਰਾਂ ਵਿਛਾਉਣ ਦੀ ਸੇਵਾ ਕਰਦੇ ਹਨ।

**ਭਾਈ ਸੁੱਖਾ ਸਿੰਘ:–** ਇਨ੍ਹਾਂ ਨੇ ਮਹਾਂਪੁਰਖਾਂ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ।ਲੜੀਵਾਰ ਦੋ ਕਥਾ ਸਰਵਣ ਕੀਤੀਆਂ।ਗੁਰਮਤਿ ਦੇ ਪ੍ਰਚਾਰ ਵਾਸਤੇ ਇਹ ਇੰਗਲੈਂਡ,ਅਮਰੀਕਾ ਆਦਿ ਦੇਸ਼ਾਂ ਵਿੱਚ ਵੀ ਗਏ। ਅੱਜ ਕੱਲ੍ਹ ਆਪਣੇ ਅਸਥਾਨ ਤੇ ਸਿੰਘਾਂ ਨੂੰ ਗੁਰਬਾਣੀ ਦੀ ਸੰਥਿਆ ਕਰਾਉਂਦੇ ਹਨ। ਇਨ੍ਹਾਂ ਦੇ ਦੋਨੋਂ ਭੁਝੰਗੀ ਵੀ ਅੰਮ੍ਰਿਤਧਾਰੀ ਹਨ।

**ਭਾਈ ਸੁਰਜੀਤ ਸਿੰਘ ਮਾਨ:–** ਮਹਾਂਪੁਰਖਾਂ ਪਾਸੋਂ ਆਦਿ ਦੀ ਬਾਣੀ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਪਰਿਵਾਰ ਸਮੇਤ ਲੜੀਵਾਰ ਕਥਾ ਸਰਵਣ ਕੀਤੀ। ਸੰਗਤ ਦੀ ਸੇਵਾ ਕਰਕੇ ਪਰਿਵਾਰ ਬਹੁਤ ਖੁਸ਼ ਰਹਿੰਦਾ ਹੈ। ਦਸ਼ਮੇਸ਼ ਨਗਰ ਪਟਿਆਲਾ ਵਿਖੇ ਪਾਤਿਸ਼ਾਹੀ ਛੇਵੀਂ ਦੀ ਪਵਿਤਰ ਯਾਦ ਵਿਚ ਗੁਰਦਆਰਾ ਸਾਹਿਬ ਦੀ ਕਾਰ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ। ਨਿਮਰਤਾ ਆਪ ਜੀ ਦਾ ਗਹਿਣਾ ਹੈ।

**ਭਾਈ ਸੁਰਿੰਦਰ ਸਿੰਘ ਅਨੰਦ ਨਗਰ:–** ਇਨ੍ਹਾਂ ਦਾ ਪਿਛਲਾ ਨਗਰ ਚੁੰਨੀ ਖੁਰਦ ਹੈ। ਆਪ ਜੀ ਨੇ ਮਹਾਂਪੁਰਖਾਂ ਪਾਸੋਂ ਸੰਥਿਆ ਪ੍ਰਾਪਤ ਕੀਤੀ ਅਤੇ ਲੜੀਵਾਰ ਕਥਾ ਸਰਵਣ ਕੀਤੀ। ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਾਤਿਸ਼ਾਹੀ ਨੌਵੀਂ ਪਟਿਆਲਾ ਵਿਖੇ ਪਿਛਲੇ ਕਈ ਸਾਲਾਂ ਤੋਂ ਸਰਕਾਰੀ ਡਿਊਟੀ ਦੇ ਨਾਲ ਨਾਲ ਕਥਾ ਦੀ ਸਮਾਪਤੀ ਉਪਰੰਤ ਦੋਨੋ ਵੇਲੇ ਕੜਾਹ ਪ੍ਰਸ਼ਾਦਿ ਵਰਤਾਉਣ ਦੀ ਸੇਵਾ ਕਰ ਰਹੇ

ਹਨ। ਹਰ ਸਾਲ ਸੰਤ ਬਾਬਾ ਠਾਕੁਰ ਸਿੰਘ ਜੀ ਮੁਖੀ ਦਮਦਮੀ ਟਕਸਾਲ ਦੇ ਆਪਣੇ ਗ੍ਰਹਿ ਵਿਖੇ ਚਰਨ ਪਵਾਉਂਦੇ। ਯਥਾ ਸ਼ਕਤਿ ਸੇਵਾ ਕਰਕੇ ਮਹਾਂਪੁਰਖਾਂ ਪਾਸੋਂ ਖੁਸ਼ੀਆਂ ਪ੍ਰਾਪਤ ਕਰਦੇ।

**ਸਰਦਾਰ ਤਰਲੋਚਨ ਸਿੰਘ:-** ਜੋ ਕਿ ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਕਾਰਜਕਾਰੀ ਇੰਜਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ।ਮਹਾਂਪੁਰਖਾਂ ਪਾਸੋਂ ਡਿਊਟੀ ਦੇ ਨਾਲ ਨਾਲ ਸੰਥਿਆ ਤੋਂ ਉਪਰੰਤ ਲੜੀਵਾਰ ਕਥਾ ਸਰਵਣ ਕੀਤੀ। ਹੁਣ ਨੌਰਥ ਐਵਿਨਿਊ ਭਾਦਸੋਂ ਰੋਡ ਪਟਿਆਲਾ ਵਿਖੇ ਪਰਿਵਾਰ ਸਮੇਤ ਰਹਿ ਰਹੇ ਹਨ। ਆਪਣੇ ਘਰ ਸਹਿਜ ਪਾਠ ਕਰਦੇ ਹਨ।

**ਸਰਦਾਰ ਜਸਪਾਲ ਸਿੰਘ ਖਾਲਸਾ:-** ਜੋ ਕਿ ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਕਾਰਜਕਾਰੀ ਇੰਜਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ।ਮਹਾਂਪੁਰਖਾਂ ਪਾਸੋਂ ਡਿਊਟੀ ਦੇ ਨਾਲ ਨਾਲ ਸੰਥਿਆ ਤੋਂ ਉਪਰੰਤ ਲੜੀਵਾਰ ਕਥਾ ਸਰਵਣ ਕੀਤੀ। ਹੁਣ ਨੌਰਥ ਐਵਿਨਿਊ ਭਾਦਸੋਂ ਰੋਡ ਪਟਿਆਲਾ ਵਿਖੇ ਪਰਿਵਾਰ ਸਮੇਤ ਰਹਿ ਰਹੇ ਹਨ। ਆਪਣੇ ਘਰ ਸਹਿਜ ਪਾਠ ਕਰਦੇ ਹਨ।

**ਭਾਈ ਮਹਿੰਦਰ ਸਿੰਘ:-** ਜੋ ਕਿ ਪੰਜਾਬ ਸਰਕਾਰ ਜਨ-ਸੇਹਤ ਵਿਭਾਗ ਵਿਚ ਨੌਕਰੀ ਕਰਦੇ ਸਨ।ਮਹਾਂਪੁਰਖਾਂ ਪਾਸੋਂ ਡਿਊਟੀ ਦੇ ਨਾਲ ਨਾਲ ਸੰਥਿਆ ਤੋਂ ਉਪਰੰਤ ਲੜੀਵਾਰ ਕਥਾ ਸਰਵਣ ਕੀਤੀ। ਮਹਾਂਪੁਰਖਾਂ ਨੇ ਇਕ ਵਾਰੀ ਇਨ੍ਹਾਂ ਨੂੰ ਬਚਨ ਕੀਤੇ ਕਿ ਜੇਕਰ ਕਿਸੇ ਗੁਰਸਿਖ ਨਾਲ ਵਿਚਾਰਾਂ ਦਾ ਫਰਕ ਹੋਵੇ ਤਾਂ ਬਾਕੀ ਗੁਣਾਂ ਦੀ ਸਾਂਝ ਲੈ ਕੇ ਵਰਤਾਵਾ ਕਰ ਲੈਣਾ ਚਾਹੀਦਾ ਹੈ। ਇਨ੍ਹਾਂ ਬਚਨਾਂ ਤੇ ਰਹਿੰਦੀ ਜਿੰਦਗੀ ਪਹਿਰਾ ਦਿੱਤਾ। ਦਸ਼ਮੇਸ਼ ਨਗਰ ਵਿਚ ਆਪਣੇ ਪਰਿਵਾਰ ਨਾਲ ਰਹਿੰਦੇ ਰਹੇ।

**ਡਾਕਟਰ ਮਹਿੰਦਰ ਸਿੰਘ ਚੁੱਘ:-** ਡਾਕਟਰ ਸਾਹਿਬ ਪਿਛਲੇ ਲੰਮੇ ਸਮੇਂ ਤੋਂ ਹੋਮਿਉਪੈਥੀ ਰਾਹੀਂ ਪਟਿਆਲੇ ਵਿਚ ਰਹਿ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਮਹਾਂਪੁਰਖਾਂ ਦਾ ਸਾਦਾ ਜੀਵਨ ਵੇਖ ਕੇ ਬੁਹਤ ਪ੍ਰਭਾਵਿਤ ਹੋਏ ਜਦੋਂ ਲੜੀਵਾਰ ਕਥਾ ਹੁੰਦੀ ਸੀ ਤਾਂ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਕਥਾ ਤੋਂ ਉਪਰੰਤ ਸਿਮਰਨ ਵੀ ਕਰਵਾਇਆ ਕਰੋ, ਮਹਾਂਪੁਰਖਾਂ ਨੇ ਬਚਨ ਕੀਤੇ ਕਿ ਜਦੋਂ ਸਹਿਜ ਪਾਠ ਅਰਥਾਂ ਦੇ ਸਮੇਤ ਕਰ ਲਿਆ ਜਾਵੇ ਤਾਂ ਸਿਮਰਨ ਬਾਕੀ ਨਹੀ ਰਹਿ ਜਾਂਦਾ ਵੈਸੇ ਉੱਠਦੇ ਬਹਿੰਦੇ ਆਉਂਦੇ ਜਾਂਦੇ ਗੁਰਮੰਤਰ ਅਤੇ ਮੂਲਮੰਤਰ ਦਾ ਅਭਿਆਸ ਕਰਨਾ ਚਾਹੀਦਾ ਹੈ। ਬਹੁਤ ਸਾਰੇ ਜਗਿਆਸੂਆਂ ਦਾ ਪਵਿੱਤਰ ਬਾਣੀ ਤੋਂ ਬਗੈਰ ਗੁਰਮੰਤਰ ਦੇ ਜਾਪ ਵਿਚ ਮਨ ਇਕਾਗਰ ਨਹੀ ਹੋ ਸਕਦਾ।

**ਡਾਕਟਰ ਇਕਬਾਲ ਸਿੰਘ ਬਰਾੜ:-** ਡਾਕਟਰ ਬਰਾੜ ਸਾਹਿਬ ਪਿਛਲੇ

ਲੰਮੇ ਸਮੇਂ ਤੋਂ ਹੋਮਿਓਪੈਥੀ ਰਾਹੀਂ ਪਟਿਆਲੇ ਵਿਚ ਰਹਿ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਮਹਾਂਪੁਰਖਾਂ ਦੀ ਪਵਿਤਰ ਰਸਨਾ ਤੋਂ ਲੜੀਵਾਰ ਕਥਾ ਸਰਵਣ ਕੀਤੀ। ਇਕ ਦਿਨ ਬੇਨਤੀ ਕਰਨ ਲੱਗੇ ਕਿ ਹੋਮਿਓਪੈਥੀ ਦਾ ਸਿਧਾਂਤ ਗੁਰਮਤਿ ਦੇ ਸਿਧਾਂਤ ਅਨੁਸਾਰ ਹੈ ਜਿਵੇਂ ਗੁਰਮਤਿ ਵਿਚ ਸੇਵਾ ਕਰਕੇ ਕੋਈ ਇਕ ਵਿਕਾਰ ਖਤਮ ਹੋ ਜਾਵੇ ਤਾਂ ਬਾਕੀ ਵਿਕਾਰ ਆਪਣੇ ਆਪ ਜੀਵ ਨੂੰ ਛੱਡ ਜਾਂਦੇ ਹਨ ਇਸੇ ਤਰ੍ਹਾਂ ਹੀ ਹੋਮਿਓਪੈਥੀ ਵਿਚ ਕੋਈ ਇਕ ਬਿਮਾਰੀ ਦਾ ਇਲਾਜ ਕਰਦੇ ਸਮੇਂ ਕਈ ਵਾਰੀ ਦੂਸਰੀਆਂ ਬਿਮਾਰੀਆਂ ਦਾ ਇਲਾਜ ਹੋ ਜਾਂਦਾ ਹੈ।

**ਭਾਈ ਅਜਮੇਰ ਸਿੰਘ ਭੋਲਾ:–** ਇਹਨਾਂ ਦਾ ਜੱਦੀ ਪਿੰਡ ਦੀਵਾਨ ਸਿੰਘ ਵਾਲਾ ਤਹਿਸੀਲ ਸਰਹਿੰਦ ਜਿਲ੍ਹਾ ਫਤਹਿਗੜ੍ਹ ਸਾਹਿਬ ਹੈ। ਅੱਜ ਕਲ੍ਹ ਇਹ ਗੁਰਬਖਸ਼ ਕਲੋਨੀ ਪਟਿਆਲਾ ਵਿਖੇ ਆਪਣੇ ਪਰਿਵਾਰ ਸਮੇਤ ਰਹਿੰਦੇ ਹਨ। ਇਹਨਾਂ ਦੇ ਘਰੋਂ ਬੀਬੀ ਮੋਹਨ ਕੌਰ ਨੇ ਵੀ ਮਹਾਂਪੁਰਖਾਂ ਪਾਸੋਂ ਸੰਥਿਆ ਅਤੇ ਲੜੀਵਾਰ ਕਥਾ ਸਰਵਣ ਕੀਤੀ ਹੈ। ਬੀਬੀ ਮੋਹਨ ਕੌਰ ਸਹਿਜ ਪਾਠ ਕਰਦੇ ਰਹਿੰਦੇ ਹਨ। ਲੰਗਰਾਂ ਦੀ ਸੇਵਾ ਬੜੇ ਉਤਸ਼ਾਹ ਨਾਲ ਕਰਦੇ ਹਨ। ਇਹਨਾਂ ਦਾ ਪੁੱਤਰ ਹਰਪ੍ਰੀਤ ਸਿੰਘ ਅਤੇ ਪੁੱਤਰੀ ਜਸਪ੍ਰੀਤ ਕੌਰ ਅੰਮ੍ਰਿਤਧਾਰੀ ਅਤੇ ਨਿਤਨੇਮੀ ਹਨ।

## ਮਹਾਂਪੁਰਖਾਂ ਵੱਲੋਂ ਅੰਤਮ ਗੁਰਮਤਿ ਸਮਾਗਮ

ਸੰਨ 2004 ਸਾਵਣ ਦੀ ਸੰਗਰਾਂਦ ਵਾਲੇ ਦਿਨ ਮਹਾਂਪੁਰਖਾਂ ਨੇ ਸਾਰੀ ਸੰਗਤ ਨੂੰ ਬੇਨਤੀ ਕੀਤੀ ਕਿ 15 ਅਗਸਤ ਦਿਨ ਐਤਵਾਰ ਨੂੰ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ, ਕਾਲਜਾਂ, ਦਫਤਰਾਂ ਅਤੇ ਫੈਕਟਰੀਆਂ ਵਿੱਚ ਛੁੱਟੀ ਹੋਵੇਗੀ। ਮੇਰੇ ਮਨ ਵਿੱਚ ਵਿਚਾਰ ਆਈ ਹੈ ਕਿ ਇਸ ਦਿਨ ਸਾਰੀਆਂ ਸੰਗਤਾਂ ਨੂੰ ਬੁਲਾ ਕੇ ਗੁਰਮਤਿ ਸਮਾਗਮ ਕੀਤਾ ਜਾਵੇ। ਇਸ ਦਿਨ ਸ੍ਰੀ ਅਖੰਡ ਪਾਠ ਸਾਹਿਬ ਅਤੇ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ। ਪੱਕਾ ਲੰਗਰ ਵੀ ਕੀਤਾ ਜਾਵੇਗਾ। ਇਸ ਵਿੱਚ ਦੇਸੀ ਘੀ ਦੀਆਂ ਜਲੇਬੀਆਂ ਅਤੇ ਲੱਡੂ ਵਰਤਾਏ ਜਾਣਗੇ। ਸਾਰੇ ਨਗਰ ਨਿਵਾਸੀਆਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਬਾਹਰੋਂ ਆਈਆਂ ਸੰਗਤਾਂ ਦੀ ਸਤਿਕਾਰ ਨਾਲ ਸੇਵਾ ਸੰਭਾਲ ਕਰਨੀ ਹੈ। ਇਹ ਸਮਾਗਮ ਬਹੁਤ ਉਤਸ਼ਾਹ ਨਾਲ ਮਨਾਉਣਾ ਹੈ। ਮਹਾਂਪੁਰਖਾਂ ਦੀ ਕਿਰਪਾ ਦਾ ਸਦਕਾ ਇਹ ਸਾਰਾ ਕੁਝ ਬਣਿਆ ਹੈ। ਇਸ ਤਰ੍ਹਾਂ ਮਹਾਂਪੁਰਖਾਂ ਦੇ ਹੁਕਮਾਂ ਅਨੁਸਾਰ ਸਾਰੀਆਂ ਸੰਗਤਾਂ ਨੂੰ 15 ਅਗਸਤ ਦੇ ਗੁਰਮਤਿ ਸਮਾਗਮ ਲਈ ਸੁਨੇਹੇ ਲਾ ਦਿੱਤੇ ਗਏ।

13 ਅਗਸਤ ਦਿਨ ਸ਼ੁੱਕਰਵਾਰ 2004 ਨੂੰ ਸ੍ਰੀ ਅਖੰਡ ਪਾਠ ਸਾਹਿਬ ਜਪੁ ਜੀ ਸਾਹਿਬ ਦੇ ਸਮੇਤ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ

ਆਰੰਭ ਕੀਤੇ ਗਏ। 15 ਅਗਸਤ ਦਿਨ ਐਤਵਾਰ ਨੂੰ 2004 ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਵਾਰ ਦੇ ਕੀਰਤਨ ਹੋਏ। ਕੀਰਤਨ ਤੋਂ ਬਾਅਦ ਸਾਰੀਆਂ ਸੰਗਤਾਂ ਨੂੰ ਖਿਚੜੀ ਵਰਤਾਈ ਗਈ। ਖਿਚੜੀ ਵਿੱਚ ਦੇਸੀ ਘੀ ਅਤੇ ਸੰਗਤ ਦੀ ਇੱਛਾ ਅਨੁਸਾਰ ਦਹੀਂ ਵੀ ਵਰਤਾਇਆ ਗਿਆ। ਬਾਹਰੋਂ ਆਈ ਸੰਗਤ ਨੂੰ ਵੀ ਮਹਾਂਪੁਰਖਾਂ ਨੇ ਦੇਸੀ ਘੀ ਵਾਲੀ ਖਿਚੜੀ ਛਕਾਈ। ਛਕ ਛਕਾਈ ਕਰਕੇ ਮਹਾਂਪੁਰਖ ਸੰਗਤਾਂ ਦੇ ਸਮੇਤ ਦਰਬਾਰ ਸਾਹਿਬ ਵਿੱਚ ਪਹੁੰਚ ਗਏ। ਭੋਗ ਦੇ ਸਲੋਕ ਸ਼ੁਰੂ ਹੋਣ ਤੋਂ ਪਹਿਲਾਂ ਮਹਾਂਪੁਰਖ ਮਹਾਰਾਜ ਦੀ ਹਜੂਰੀ ਵਿੱਚ ਪਾਠੀ ਸਿੰਘਾਂ ਦੇ ਪਿਛਲੇ ਪਾਸੇ ਥੜ੍ਹੇ ਤੇ ਬੈਠ ਗਏ। ਪਾਠੀ ਸਿੰਘਾਂ ਦੇ ਨਾਲ ਰਲਕੇ ਮਹਾਂਪੁਰਖਾਂ ਨੇ ਭੋਗ ਦੇ ਸਲੋਕ ਪੜ੍ਹੇ। ਰਾਗਮਾਲਾ ਅਤੇ ਜਪੁ ਜੀ ਸਾਹਿਬ ਦਾ ਸਾਰਾ ਪਾਠ ਪਾਠੀ ਸਿੰਘ ਨੇ ਬਹੁਤ ਪਿਆਰ ਨਾਲ ਸੰਗਤਾਂ ਨੂੰ ਸੁਣਾਇਆ। ਨਾਲ ਦੀ ਨਾਲ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ। ਹੁਕਮਨਾਮਾ ਆਇਆ:-

*ਸੂਹੀ ਮਹਲਾ ੫*
*ਜਾ ਕੈ ਦਰਸਿ ਪਾਪ ਕੋਟਿ ਉਤਾਰੇ॥*
*ਭੇਟਤ ਸੰਗਿ ਇਹੁ ਭਵਜਲੁ ਤਾਰੇ॥੧॥* *ਆਦਿ ੭੩੯*

ਹੁਕਮਨਾਮੇ ਤੋਂ ਉਪਰੰਤ ਮਹਾਂਪੁਰਖਾਂ ਨੇ ਸਾਰੀ ਸੰਗਤ ਨੂੰ ਬੇਨਤੀ ਕੀਤੀ ਕਿ ਅੱਜ ਆਪ ਜੀ ਸਾਰੇ ਦਾਸ ਦੀ ਬੇਨਤੀ ਨੂੰ ਮੰਨ ਕੇ ਇੰਨੀ ਗਰਮੀ ਵਿੱਚ ਕੰਮਾਂ ਕਾਰਾਂ ਤੋਂ ਵਿਹਲ ਕੱਢ ਕੇ ਇੱਥੇ ਪਹੁੰਚੇ ਹੋ। ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਇਹ ਮਨੁੱਖਾ ਜਨਮ ਮਿਲਿਆ ਫੇਰ ਮਹਾਪੁਰਖਾਂ ਦੀ ਸੰਗਤ ਮਿਲੀ। ਮਹਾਂਪੁਰਖਾਂ ਨੇ ਬਚਨ ਕੀਤੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਹਿਸਕ੍ਰਿਤੀ ਸਲੋਕਾਂ ਵਿਚ ਪੂਰਨ ਪੁਰਖ ਦੇ ਛੇ ਲੱਖਨ ਦਰਸਾਏ ਹਨ। ਇਸ ਸਾਰੇ ਸਲੋਕ ਦੇ ਅਰਥ ਸੰਗਤਾਂ ਨੂੰ ਪ੍ਰੇਮ ਵਿਚ ਭਿੱਜ ਕੇ ਸਰਵਨ ਕਰਵਾਏ।

*ਮੰਤ੍ਰੰ ਰਾਮ ਰਾਮ ਨਾਮੰ ਧ੍ਯ੍ਯਾਨੰ ਸਰਬਤ੍ਰ ਪੂਰਨਹ॥ਗ੍ਯ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯ੍ਯਾਗਿ ਸਗਲ ਰੇਣੁਕਹ॥ ਖਟ ਲਖ੍ਯ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥* *ਆਦਿ ੧੩੫੭*

ਸੰਤ ਲੋਕ ਪਰਮੇਸ਼ਰ ਦਾ ਸਿਮਰਨ ਕਰਦੇ ਹਨ ਤੇ ਉਸ ਨੂੰ ਸਭ ਵਿਚ ਹੀ ਵਿਆਪਕ ਜਾਣਦੇ ਹਨ। ਦੁਖ ਸੁਖ ਵਿਚ ਹਮੇਸ਼ਾਂ ਹੀ ਸਮਾਨ ਰਹਿੰਦੇ ਹਨ। ਹਰ ਸਮੇਂ ਉਸ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਹਨ। ਜੋ ਨਿਰਮਲ ਵੈਰ ਰਹਿਤ ਤੇ ਨਿਰਾਲਾ

ਹੈ। ਸਭ ਜੀਵਾਂ ਤੇ ਦਇਆ ਕਰਦੇ ਹਨ। ਪੰਜ ਦੋਸ਼ ਸਬਦ, ਸਪਰਸ਼, ਰੂਪ, ਰਸ, ਗੰਧ ਇਨ੍ਹਾਂ ਨੂੰ ਬਿਵਰਜਤ ਹੈ ਭਾਵ ਰੋਕ ਦਿੰਦੇ ਹਨ ਉਹ ਸ੍ਰਿਸਟੀ ਦੇ ਪਾਲਣਵਾਲੇ ਦਾ ਜਸ ਕਰਦੇ ਹਨ ਅਤੇ ਕਮਲ ਫੁੱਲ ਦੀ ਤਰ੍ਹਾਂ ਸੰਸਾਰ ਵਿੱਚ ਨਿਰਲੇਪ ਰਹਿੰਦੇ ਹਨ। ਦੁਸ਼ਮਣ ਅਤੇ ਦੋਸਤ ਨੂੰ ਉਹ ਇੱਕ ਸਮਾਨ ਸਹੀ ਉਪਦੇਸ਼ ਦੇਣ ਵਾਲੇ ਹੁੰਦੇ ਹਨ। ਉਹ ਪਰਾਈ ਨਿੰਦਿਆ ਨਾ ਸੁਣਦੇ ਤੇ ਨਾ ਸੁਣਾਉਂਦੇ ਹਨ। ਮਨ ਨੂੰ ਹਮੇਸ਼ਾਂ ਸਨਿਮਰ ਰੱਖ ਕੇ ਛੇ ਸ੍ਰੇਸ਼ਟ ਲੱਛਣ ਪਾਉਂਦੇ ਹਨ। ਇਨ੍ਹਾਂ ਗੁਣਾਂ ਕਰਕੇ ਉਹ ਬੁੱਧੀਵਾਨ ਜਾਣੇ ਜਾਂਦੇ ਹਨ ਅਤੇ ਉਹ ਹੀ ਬਹੁਤ ਗੁਣਾਂ ਵਾਲੇ ਸੰਤ ਹੁੰਦੇ ਹਨ। ਸੰਤਾਂ ਦੀ ਸੰਗਤ ਭੈੜੀ ਮੱਤ ਦੂਰ ਕਰਦੀ ਹੈ ਤੇ ਉਨ੍ਹਾਂ ਦੀ ਸੇਵਾ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜੀਵਨ ਤੇ ਰੌਸ਼ਨੀ ਪਾਈ ਅਤੇ ਬਚਨ ਕੀਤੇ ਕਿ ਉਨ੍ਹਾਂ ਦੀ ਬਖਸ਼ਿਸ਼ ਕਰਕੇ ਹੀ ਮੈਂ ਅੱਜ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਗੁਰੂ ਕੀ ਸੰਗਤ ਦੇ ਦਰਸ਼ਨ ਕਰ ਰਿਹਾ ਹਾਂ। ਇਹ ਵੀ ਬਚਨ ਕੀਤੇ ਕਿ ਮੇਰੇ ਪਾਸੋਂ ਗੁਰੂ ਕੀ ਸੰਗਤ ਵਿੱਚ ਵਿੱਚਰਦਿਆਂ ਜਾਣੇ ਅਣਜਾਣੇ ਬੇਅੰਤ ਭੁੱਲਾਂ ਹੋਈਆਂ ਕਿਰਪਾ ਕਰਕੇ ਇਹ ਸਾਰਾ ਕੁਝ ਭੁਲਾ ਦੇਣਾ। ਗੁਰੂ ਕੀ ਸੰਗਤ ਅਤੇ ਗੁਰੂ ਮਹਾਰਾਜ ਬਖਸ਼ਣਹਾਰ ਹਨ। ਮੇਰੇ ਵਾਸਤੇ ਹੁਣ ਕਿਸੇ ਨੂੰ ਕੁਝ ਵੀ ਕਰਨ ਦੀ ਕੋਈ ਲੋੜ ਨਹੀਂ ਹੈ। ਜੇ ਕਿਸੇ ਨੇ ਵੀ ਕੁਝ ਕਰਨਾ ਹੈ ਤਾਂ ਆਪਣੇ ਵਾਸਤੇ ਕਰਨਾ ਹੈ। ਮਹਾਂਪੁਰਖਾਂ ਨੇ ਉੱਚੀ ਅਵਾਜ ਵਿੱਚ ਧਾਰਨਾ ਨਾਲ ਇਹ ਸ਼ਬਦ ਪੜ੍ਹਿਆ ਅਤੇ ਸੰਗਤ ਨੇ ਵੀ ਉੱਚੀ ਅਵਾਜ ਵਿੱਚ ਬੋਲਿਆ।

***ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥***
***ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥ ਆਦਿ ੧੧੧੭***

## ਗੁਰਮਤਿ ਪ੍ਰਚਾਰ ਦੀ ਸੇਵਾ ਚਾਲੂ ਰੱਖਣ ਬਾਰੇ

ਮਹਾਂਪੁਰਖਾਂ ਨੇ ਸਾਰੀ ਸੰਗਤ ਨੂੰ ਬੇਨਤੀ ਕੀਤੀ ਕਿ ਗਿਆਨੀ ਪਾਲ ਸਿੰਘ ਨੇ ਬਚਨ ਮੰਨ ਕੇ ਪਟਿਆਲੇ ਤੋਂ ਉਪਲਹੇੜੀ ਪਹੁੰਚ ਕੇ ਹਰੇਕ ਮਹੀਨੇ ਸੰਗਰਾਂਦ ਵਾਲੇ ਦਿਨ ਅਤੇ ਗੁਰਪੁਰਬਾਂ ਤੇ ਕਥਾ ਕੀਤੀ ਹੈ। ਬਾਬਾ ਠਾਕੁਰ ਸਿੰਘ ਜੀ ਨੂੰ ਮੈਂ ਇਨ੍ਹਾਂ ਦੀ ਬਾਂਹ ਫੜਾ ਦਿੱਤੀ ਹੈ। ਅਗਾਂਹ ਵਾਸਤੇ ਇਹ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਉਣਗੇ। ਅੱਜ ਦੇ ਹੁਕਮਨਾਮੇ ਦੀ ਕਥਾ ਵੀ ਗਿਆਨੀ ਪਾਲ ਸਿੰਘ ਸੰਗਤਾਂ ਨੂੰ ਸਰਵਣ ਕਰਵਾਉਣਗੇ। ਇਹ ਪੂਰਾ ਇੱਕ ਘੰਟਾ ਲਾਉਣਗੇ। ਜੇਕਰ ਹੋਰ ਵੀ ਕਿਸੇ ਨੇ ਕੋਈ ਵਿਚਾਰ ਰੱਖਣੇ ਹੋਣ ਤਾਂ ਉਹ ਵੀ ਰੱਖ ਸਕਦੇ ਹਨ। ਸਤਿਗੁਰਾਂ ਦਾ ਹੁਕਮ ਹੈ:-

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਆਦਿ ੩੦੬***

ਸੋ ਸਾਰੇ ਸਿੰਘਾਂ ਨੂੰ ਗੁਰਮਤਿ ਪ੍ਰਚਾਰ ਦੀ ਸੇਵਾ ਕਰਨੀ ਬਣਦੀ ਹੈ।

*ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ॥*
*ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ॥ ਆਦਿ ੪੪*

ਦਾਸ ਨੇ ਬਚਨ ਮੰਨ ਕੇ ਪੂਰਾ ਇੱਕ ਘੰਟਾ ਕਥਾ ਕੀਤੀ। ਸਾਰੀ ਸਮਾਪਤੀ ਤੋਂ ਬਾਅਦ ਸੰਗਤਾਂ ਵਿੱਚ ਬਹੁਤ ਬੈਰਾਗ ਆ ਗਿਆ। ਸਾਰਿਆਂ ਨੂੰ ਮਹਿਸੂਸ ਹੋ ਗਿਆ ਕਿ ਮਹਾਂਪੁਰਖਾਂ ਨੇ ਇਹ ਆਪਣਾ ਅਖੀਰਲਾ ਸਮਾਗਮ ਆਪ ਹੀ ਕਰ ਲਿਆ ਹੈ। ਲੰਗਰ ਵਿੱਚ ਦਾਲ, ਸਬਜੀ, ਦਹੀਂ, ਚਾਵਲ, ਖੀਰ ਅਤੇ ਦੇਸੀ ਘੀ ਦੀਆਂ ਗਰਮ-ਗਰਮ ਜਲੇਬੀਆਂ ਵਰਤਾਈਆਂ ਗਈਆਂ। ਬਾਹਰੋਂ ਆਈਆਂ ਸੰਗਤਾਂ ਨੂੰ ਦੇਸੀ ਘੀ ਦੇ ਲੱਡੂ ਲਿਫਾਫਿਆਂ ਵਿੱਚ ਪਾ ਕੇ ਵਿਦਾਇਗੀ ਸਮੇਂ ਦਿੱਤੇ ਗਏ। ਨਾਲ-ਨਾਲ ਬਚਨ ਕਰੀ ਗਏ ਅੱਗੇ ਹੁਣ ਇਨ੍ਹਾਂ ਦੀ ਮਰਜੀ ਹੈ। ਜੇਕਰ ਕਿਸੇ ਦੇ ਨੇਤਰਾਂ ਵਿੱਚ ਬੈਰਾਗ ਦਾ ਜਲ ਆ ਜਾਂਦਾ ਸੀ ਤਾਂ ਉਸ ਨੂੰ ਗਰਜਵੀਂ ਆਵਾਜ ਵਿੱਚ ਬੋਲ ਕੇ ਇਹ ਸ਼ਬਦ ਸੁਣਾ ਦਿੰਦੇ ਸਨ।

*ਮੇਰਾ ਸਤਿਗੁਰੁ ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ*
*ਹਰਿ ਗੋਵਿਦੁ ਨਵਾ ਨਿਰੋਆ॥ ਆਦਿ ੬੨੦*

ਸਿੱਧੇ ਤੌਰ ਤੇ ਕਿਸੇ ਨੂੰ ਕੋਈ ਬਚਨ ਨਹੀਂ ਕਿਹਾ ਪਰ ਬਚਨਾਂ ਵਿੱਚੋਂ ਇਹ ਮਹਿਸੂਸ ਹੁੰਦਾ ਸੀ ਕਿ ਮਹਾਂਪੁਰਖ ਆਪਣੇ ਇਸ ਸਰੀਰ ਵਿੱਚ ਹੁੰਦੇ ਹੋਏ ਸਾਨੂੰ ਇਹ ਅਖੀਰਲਾ ਪ੍ਰਸ਼ਾਦਿ ਦੇ ਰਹੇ ਹਨ।

## ਮਹਾਂਪੁਰਖਾਂ ਦਾ ਸਰੀਰ ਦੂਜੀ ਵਾਰੀ ਢਿੱਲਾ ਹੋਣਾ

ਗੁਰਮਤਿ ਸਮਾਗਮ ਤੋਂ ਹਫਤੇ ਮਗਰੋਂ ਮਹਾਂਪੁਰਖਾਂ ਦਾ ਸਰੀਰ ਢਿੱਲਾ ਹੋ ਗਿਆ। ਪ੍ਰਸ਼ਾਦਾ ਛਕਣਾ ਬੰਦ ਕਰ ਦਿੱਤਾ ਪਰ ਅੰਮ੍ਰਿਤ ਵੇਲੇ ਦਾ ਜਾਗਣਾ ਅਤੇ ਇਸ਼ਨਾਨ ਉਸੇ ਤਰ੍ਹਾਂ ਕਰਦੇ ਰਹੇ। ਨਿਤਨੇਮ ਤੋਂ ਉਪਰੰਤ ਸਹਿਜ ਪਾਠ ਕਈ-ਕਈ ਘੰਟੇ ਕਰ ਲੈਂਦੇ। ਸੰਗਤਾਂ ਪ੍ਰਸ਼ਾਦਾ ਛਕਣ ਵਾਸਤੇ ਬੇਨਤੀਆਂ ਕਰਦੀਆਂ। ਉਨ੍ਹਾਂ ਦੇ ਕਹਿਣ ਤੇ ਕਦੇ-ਕਦੇ ਮੂੰਗੀ ਦੀ ਦਾਲ ਇੱਕ ਪ੍ਰਸ਼ਾਦਾ ਛਕ ਲੈਂਦੇ। ਗਰਮ ਦੁੱਧ ਅੰਮ੍ਰਿਤ ਵੇਲੇ, ਲੌਡੇ ਵੇਲੇ ਅਤੇ ਰਾਤ ਨੂੰ ਬਿਰਾਜਨ ਵੇਲੇ ਛਕਦੇ ਰਹੇ। ਸਾਰੀ ਸੰਗਤ ਨਾਲ ਗੱਲ ਬਾਤ ਕਰਨੀ ਬੰਦ ਕਰ ਦਿੱਤੀ। ਭਾਈ ਜੀਤਾ ਸਿੰਘ ਉਪਲਹੇੜੀ ਦਾ 26 ਅਗਸਤ 2004 ਨੂੰ ਪਟਿਆਲੇ ਸਾਡੇ ਕੋਲ ਫੋਨ ਆਇਆ ਕਿ ਮਹਾਂਪੁਰਖਾਂ ਨੇ ਸਮਾਗਮ ਤੋਂ ਬਾਅਦ ਸੰਗਤ ਨਾਲ ਬਚਨ ਬਿਲਾਸ ਬਹੁਤ ਘੱਟ ਕਰ ਦਿੱਤੇ ਹਨ ਪਰ ਹੁਣ ਦੋ ਤਿੰਨ ਦਿਨਾਂ ਤੋਂ ਬਿਲਕੁਲ ਕੋਈ ਬਚਨ ਨਹੀਂ ਕਰਦੇ। ਉਸੇ ਦਿਨ ਸ਼ਾਮ ਨੂੰ ਦਫਤਰ ਤੋਂ ਬਾਅਦ ਅਸੀਂ ਮਹਾਪੁਰਖਾ ਕੋਲ ਗੁਰੂ ਘਰ ਵਿਖੇ ਉਪਲਹੇੜੀ ਪਹੁੰਚ ਗਏ। ਅਸੀਂ ਗੱਡੀ ਵਿੱਚੋਂ ਉਤਰ ਕੇ ਪਹਿਲਾਂ ਦਰਬਾਰ ਸਾਹਿਬ ਵਿਚ ਮੱਥਾ ਟੇਕਿਆ। ਦਰਸ਼ਨ ਕਰਕੇ ਰਹਿਰਾਸ ਸਾਹਿਬ ਦਾ ਪਾਠ ਸੁਣਿਆ। ਅਰਦਾਸ ਤੋਂ ਬਾਅਦ ਕੀਰਤਨ

ਹੋਇਆ। ਕੁਝ ਦੇਰ ਬਾਅਦ ਸੁਖ ਆਸਨ ਦੀ ਸੇਵਾ ਦੇ ਨਾਲ ਨਾਲ ਕੀਰਤਨ ਸੋਹਿਲੇ ਦਾ ਪਾਠ ਹੋਇਆ। ਅਰਦਾਸ ਕਰਕੇ ਮਹਾਰਾਜ ਦੇ ਪਵਿੱਤਰ ਸਰੂਪ ਸੱਚਖੰਡ ਵਿੱਚ ਪਲੰਘ ਸਾਹਿਬ ਤੇ ਬਿਰਾਜਮਾਨ ਕਰ ਦਿੱਤੇ ਗਏ। ਉਪਰੰਤ ਸਾਰੀ ਸੰਗਤ ਨੇ ਮਿਲ ਕੇ ਦਰਬਾਰ ਸਾਹਿਬ ਦੀਆਂ ਦਰੀਆਂ ਬਾਹਰ ਕੱਢੀਆਂ, ਝਾੜੂ ਫੇਰਿਆ, ਮੁੜ ਦਰੀਆਂ ਝਾੜ ਕੇ ਵਿਛਾਈਆਂ ਫਿਰ ਥੜ੍ਹਾ ਸਾਹਿਬ ਦੀ ਵਿਛਾਈ ਝਾੜ ਕੇ ਕੀਤੀ ਗਈ। ਮੰਜੀ ਸਾਹਿਬ ਦੇ ਸਿਰਹਾਣੇ ਅਤੇ ਰੁਮਾਲ ਬਦਲ ਕੇ ਸਜਾਏ ਗਏ। ਦਰਬਾਰ ਸਾਹਿਬ ਦੀ ਸੇਵਾ ਕਰਦੇ ਸਮੇਂ ਅਸੀਂ ਸਾਰੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਰਹੇ। ਦਰਬਾਰ ਸਾਹਿਬ ਦੇ ਸਾਰੇ ਦਰਵਾਜੇ ਅੰਦਰੋਂ ਬੰਦ ਕਰਕੇ ਮੁੱਖ ਦਰਵਾਜੇ ਨੂੰ ਤਾਲਾ ਲਾ ਕੇ ਅਸੀਂ ਬਾਹਰ ਆ ਗਏ। ਸਾਨੂੰ ਇਹ ਪਹਿਲਾਂ ਤੋਂ ਹੀ ਪਤਾ ਸੀ ਕਿ ਜੇਕਰ ਕੋਈ ਪ੍ਰੇਮੀ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਤੋਂ ਬਗੈਰ ਮਹਾਂਪੁਰਖਾਂ ਦੇ ਦਰਸ਼ਨ ਕਰਕੇ ਵਾਪਿਸ ਚਲਿਆ ਜਾਵੇ ਤਾਂ ਉਸ ਤੇ ਕਦੇ ਖੁਸ਼ ਨਹੀਂ ਹੁੰਦੇ ਸਨ। ਆਮ ਬਚਨ ਕਰਦੇ ਸਨ ***"ਜੋ ਸਤਿਗੁਰ ਸਰਣਿ ਸੰਗਤ ਨਹੀ ਆਏ ਧ੍ਰਿਗ ਜੀਵੇ ਧ੍ਰਿਗ ਜੀਵਾਸ"।***

ਦਰਬਾਰ ਸਾਹਿਬ ਦੀ ਸੇਵਾ ਤੋਂ ਉਪਰੰਤ ਅਸੀਂ ਮਹਾਂਪੁਰਖਾਂ ਕੋਲ ਜਾ ਕੇ ਫਤਹਿ ਬੁਲਾਈ। ਬਹੁਤ ਖੁਸ਼ੀ ਦੇ ਨਾਲ ਮਹਾਂਪੁਰਖਾਂ ਨੇ ਵੀ ਦੋਨੋਂ ਹੱਥ ਜੋੜ ਕੇ ਸਾਰੀ ਸੰਗਤ ਨੂੰ ਫਤਹਿ ਬੁਲਾਈ। ਅਸੀਂ ਬੇਨਤੀ ਕੀਤੀ ਕਿ ਇੱਥੋਂ ਸੰਗਤ ਨੇ ਫੋਨ ਕੀਤਾ ਹੈ ਕਿ ਆਪ ਜੀ ਦਾ ਸਰੀਰ ਢਿੱਲਾ ਹੈ। ਮਹਾਂਪੁਰਖਾਂ ਨੇ ਆਖਿਆ ਕਿ ਢਿੱਲਾ ਮੱਠਾ ਜਾਂ ਤੱਤਾ ਠੰਡਾ ਹੋਣਾ ਸਰੀਰ ਦਾ ਧਰਮ ਹੈ। ਬਚਨ ਕਰਨ ਲੱਗੇ ਕਿ ਨਗਰ ਦੇ ਕਈ ਭੁਝੰਗੀ ਕੀਰਤਨ ਸੋਹਿਲੇ ਤੋਂ ਬਾਅਦ ਦਰਬਾਰ ਸਾਹਿਬ ਵਿੱਚ ਗੱਲਾਂ ਕਰੀ ਜਾਂਦੇ ਹਨ। ਇਨ੍ਹਾਂ ਨੂੰ ਸਮਝਾਉ ਕਿ ਕੀਰਤਨ ਸੋਹਿਲੇ ਤੋਂ ਬਾਅਦ ਦਰਬਾਰ ਸਾਹਿਬ ਦੇ ਅੰਦਰ ਸੱਚਖੰਡ ਦੇ ਦਰਵਾਜੇ ਤੇ ਕਦੇ ਕੋਈ ਗੱਲਬਾਤ ਨਾ ਕਰੇ। ਇਸ ਪ੍ਰਕਾਰ ਮਹਾਂਪੁਰਖ ਤਕਰੀਬਨ ਅੱਧਾ ਘੰਟਾ ਸਾਡੇ ਨਾਲ ਬਚਨ ਬਿਲਾਸ ਕਰਦੇ ਰਹੇ। ਅਸੀਂ ਬੇਨਤੀ ਕੀਤੀ ਕਿ ਪਟਿਆਲੇ ਚੱਲੋ ਕਿਸੇ ਡਾਕਟਰ ਦੇ ਕੋਲੋਂ ਦਵਾਈ ਵਗੈਰਾ ਲੈ ਲੈਂਦੇ ਹਾਂ। ਮਹਾਂਪੁਰਖਾਂ ਨੇ ਆਖਿਆ ਕਿ ਮੈਨੂੰ ਕਿਸੇ ਦਵਾਈ ਦੀ ਲੋੜ ਨਹੀਂ ਹੈ। ਅਸੀਂ ਬੇਨਤੀ ਕੀਤੀ ਕਿ ਆਪ ਜੀ ਨੂੰ ਕਿਸੇ ਦਵਾਈ ਦੀ ਲੋੜ ਨਹੀਂ ਹੈ ਪਰ ਸਾਨੂੰ ਲੋੜ ਹੈ। ਅੱਗੋਂ ਬਚਨ ਕਰਨ ਲੱਗੇ ਕਿ ਲੋਕਾਂ ਤੋਂ ਤੁਹਾਨੂੰ ਕਿਉਂ ਡਰ ਲਗਦਾ ਹੈ। ਅਸੀਂ ਬੇਨਤੀ ਕੀਤੀ ਕਿ ਅਸੀਂ ਇਨ੍ਹਾਂ ਦੇ ਵਿੱਚ ਰਹਿੰਦੇ ਹਾਂ ਅਜੇ ਇਨ੍ਹਾਂ ਦੀਆਂ ਗੱਲਾਂ ਦਾ ਸਾਡੇ ਮਨ ਤੇ ਅਸਰ ਹੁੰਦਾ ਹੈ। ਦੂਜਾ ਇਹ ਕਿ ਜਦੋਂ ਕੋਈ ਡਾਕਟਰ ਸੇਵਾ ਕਰੇਗਾ ਉਹ ਵੀ ਆਪ ਜੀ ਦੇ ਦਰਸ਼ਨ ਕਰਕੇ ਪਰਮੇਸ਼ਰ ਨੂੰ ਮੰਨਣ ਲੱਗ ਜਾਵੇਗਾ। ਜਿਸ ਨਾਲ ਉਹ ਆਪਣੀ ਜਿੰਦਗੀ ਵਿੱਚ ਡਿਊਟੀ ਕਰਦੇ ਸਮੇਂ ਲਾਲਚ ਤੋਂ ਰਹਿਤ ਹੋ ਕੇ

ਭਲਾ ਕਰਨ ਲੱਗ ਜਾਵੇਗਾ। ਇਹ ਬੇਨਤੀ ਸੁਣ ਕੇ ਮਹਾਂਪੁਰਖਾਂ ਨੇ ਬਚਨ ਕਰ ਦਿੱਤਾ ਕਿ ਕੱਲ੍ਹ ਨੂੰ ਅਸੀਂ ਆਪ ਹੀ ਪਟਿਆਲੇ ਪਹੁੰਚ ਜਾਵਾਂਗੇ। ਤੁਸੀਂ ਇੱਥੇ ਆਉਣ ਦੀ ਬਜਾਏ ਅਗਰਸੈਨ ਹਸਪਤਾਲ ਜੋ ਰਾਜਪੁਰਾ ਰੋਡ ਤੇ ਹੈ ਉਥੇ ਸਵੇਰੇ 10 ਵਜੇ ਪਹੁੰਚ ਜਾਣਾ।

ਦੂਜਾ ਦਿਨ ਮਹਾਂਪੁਰਖ 27 ਅਗਸਤ 2004 ਨੂੰ ਸ.ਮਲੇਰ ਸਿੰਘ ਦੇ ਸਪੁੱਤਰ ਭਾਈ ਮਨਜੀਤ ਸਿੰਘ ਦੀ ਗੱਡੀ ਰਾਹੀਂ ਅਗਰਸੈਨ ਚੈਰੀਟੇਬਲ ਆਈ ਐਂਡ ਜਨਰਲ ਹਸਪਤਾਲ ਰਾਜਪੁਰਾ ਰੋਡ ਪਟਿਆਲਾ ਵਿਖੇ ਪਹੁੰਚ ਗਏ। ਉਥੇ ਡਾਕਟਰ ਅਮਰਜੀਤ ਸਿੰਘ ਜੀ ਜੋ ਰਜਿੰਦਰਾ ਹਸਪਤਾਲ ਤੋਂ ਸੇਵਾ ਮੁਕਤ ਹੋ ਕੇ ਡਿਊਟੀ ਦਿੰਦੇ ਸਨ ਉਹ ਮਿਲ ਪਏ। ਉਨ੍ਹਾਂ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਆਪ ਜੀ ਸਾਡੇ ਭਲੇ ਵਾਸਤੇ ਇੱਥੇ ਆਏ ਹੋਂ ਤੁਹਾਨੂੰ ਕੋਈ ਰੋਗ ਨਹੀਂ ਹੈ। ਡਾਕਟਰ ਸਾਹਿਬ ਨੇ ਸਾਨੂੰ ਆਖਿਆ ਕਿ ਮਹਾਂਪੁਰਖਾਂ ਨੂੰ ਸਪੈਸ਼ਲ ਕਮਰੇ ਵਿੱਚ ਅਰਾਮ ਕਰਵਾਉ। ਮਹਾਂਪੁਰਖਾਂ ਨੂੰ ਹਸਪਤਾਲ ਦੇ ਸਰਜਨ ਅਤੇ ਸਟਾਫ ਸਪੈਸ਼ਲ ਰੂਮ ਵਿੱਚ ਲੈ ਗਏ। ਗਰਮੀ ਹੋਣ ਕਰਕੇ ਨਾਲ ਵਾਲਾ ਸਪੈਸ਼ਲ ਰੂਮ ਵੀ ਸਾਨੂੰ ਦੇ ਦਿੱਤਾ। ਦੋਨੋਂ ਕਮਰਿਆਂ ਦੇ ਏ.ਸੀ. ਚਲਾ ਦਿੱਤੇ ਗਏ। ਥੋੜ੍ਹੇ ਸਮੇਂ ਬਾਅਦ ਡਾਕਟਰ ਅਮਰਜੀਤ ਸਿੰਘ ਜੀ ਡਾਕਟਰਾਂ ਦੀ ਟੀਮ ਦੇ ਸਮੇਤ ਮਹਾਂਪੁਰਖਾਂ ਕੋਲ ਆ ਗਏ। ਉਸ ਸਮੇਂ ਮਹਾਂਪੁਰਖ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਡਾਕਟਰ ਸਾਹਿਬ ਸਾਨੂੰ ਕਹਿਣ ਲੱਗੇ ਕਿ ਅਸੀਂ ਥੋੜ੍ਹੀ ਦੇਰ ਬਾਅਦ ਆ ਜਾਵਾਂਗੇ। ਜਦੋਂ ਸੁਖਮਨੀ ਸਾਹਿਬ ਦਾ ਪਾਠ ਸੰਪੂਰਨ ਹੋਇਆ ਤਾਂ ਮਹਾਂਪੁਰਖਾਂ ਨੇ ਆਖਿਆ ਕਿ ਡਾਕਟਰ ਸਾਹਿਬ ਨੂੰ ਬੁਲਾ ਲਵੋ। ਅਸੀਂ ਮਹਾਂਪੁਰਖਾਂ ਦੀ ਆਗਿਆ ਮੰਨ ਕੇ ਡਾਕਟਰ ਸਾਹਿਬ ਨੂੰ ਬੁਲਾਇਆ। ਡਾਕਟਰ ਸਾਹਿਬ ਆ ਕੇ ਕਹਿਣ ਲੱਗੇ ਕਿ ਤੁਹਾਨੂੰ ਕੋਈ ਰੋਗ ਨਹੀਂ ਹੈ ਪਰ ਸਾਨੂੰ ਸੇਵਾ ਬਖਸ਼ੋ। ਮਹਾਂਪੁਰਖ ਹੱਸ ਕੇ ਕਹਿਣ ਲੱਗੇ ਹੁਣ ਤੁਹਾਡੀ ਮਰਜੀ ਹੈ। ਮਹਾਂਪੁਰਖਾਂ ਦੇ ਲਗਾਤਾਰ ਕਈ ਕਈ ਘੰਟੇ ਬੈਠਣ ਵਾਸਤੇ ਨਰਮ ਗੱਦੇ ਦੀ ਲੋੜ ਸੀ। ਡਾਕਟਰ ਸਾਹਿਬ ਨੇ ਵਾਟਰ ਬੈੱਡ ਮੰਗਵਾ ਲਿਆ। ਡਾਕਟਰਾਂ ਦੀ ਸਾਰੀ ਟੀਮ ਨੇ ਆਖਿਆ ਕਿ ਇਨ੍ਹਾਂ ਦੇ ਸਰੀਰ ਦੇ ਸਾਰੇ ਟੈਸਟ ਲੈਣੇ ਹਨ। ਡਾਕਟਰ ਸਾਹਿਬ ਨੇ ਮਹਾਂਪੁਰਖਾਂ ਦੇ ਡ੍ਰਿੱਪ ਲਗਾ ਦਿੱਤੀ ਅਤੇ ਸਾਨੂੰ ਆਖਿਆ ਕਿ ਮਹਾਂਪੁਰਖਾਂ ਦੇ ਲੰਗਰ ਪਾਣੀ ਦਾ ਕੋਈ ਫਿਕਰ ਨਾ ਕਰੋਂ। ਅਸੀਂ ਡ੍ਰਿੱਪ ਦੇ ਨਾਲ ਹੀ ਖੁਰਾਕ ਦੇਈ ਜਾਣੀ ਹੈ। ਇਸ ਤਰ੍ਹਾਂ ਮਹਾਂਪੁਰਖਾਂ ਦੇ ਸਰੀਰ ਦੇ ਸਾਰੇ ਟੈਸਟ ਦੋ ਤਿੰਨ ਦਿਨਾਂ ਵਿੱਚ ਲਏ ਗਏ। ਉਨ੍ਹਾਂ ਟੈਸਟਾਂ ਦੀਆਂ ਰਿਪੋਰਟਾਂ ਅਨੁਸਾਰ ਦਵਾਈਆਂ ਡ੍ਰਿੱਪ ਰਾਹੀਂ ਹੀ ਦਿੰਦੇ ਰਹੇ। ਮਹਾਂਪੁਰਖਾਂ ਨੇ ਡਾਕਟਰ ਸਾਹਿਬ ਨੂੰ ਆਖਿਆ ਕਿ ਮੈਨੂੰ ਕੋਈ ਨਸ਼ੇ ਵਾਲੀ ਦਵਾਈ ਨਾ ਦਿੱਤੀ ਜਾਵੇ ਜਿਸ ਕਰਕੇ ਮੈਨੂੰ ਆਲਸ ਆਵੇ।

ਮਹਾਂਪੁਰਖ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਾਰਾ ਨਿਤਨੇਮ, ਸੁਖਮਨੀ ਸਾਹਿਬ,

ਆਸਾ ਦੀ ਵਾਰ, ਦਖਣੀ ਓਅੰਕਾਰ, ਸਿਧ ਗੋਸ਼ਟ, ਬਾਵਨ ਅਖਰੀ ਆਦਿ ਜਬਾਨੀ ਹੀ ਕਰਦੇ ਰਹੇ। ਸੁਖਮਨੀ ਸਾਹਿਬ ਦੇ ਕਈ ਕਈ ਪਾਠ ਕਰ ਲੈਂਦੇ ਸਨ। ਇਸ ਤਰ੍ਹਾਂ 5 ਸਤੰਬਰ ਨੂੰ ਮਹਾਂਪੁਰਖਾਂ ਨੇ ਡਾਕਟਰ ਸਾਹਿਬ ਨੂੰ ਆਖਿਆ ਕਿ ਹੁਣ ਸਾਡੀ ਮਰਜੀ ਇੱਥੋਂ ਜਾਣ ਦੀ ਹੈ। ਡਾਕਟਰ ਸਾਹਿਬ ਕਹਿਣ ਲੱਗੇ ਕਿ ਮਹਾਂਪੁਰਖੋ ਤੁਹਾਡੀ ਹੀ ਮਰਜੀ ਚੱਲੇਗੀ। ਇਨ੍ਹਾਂ ਦਵਾਈਆਂ ਤੋਂ ਬਾਅਦ ਸਾਡੇ ਡਾਕਟਰੀ ਨਿਯਮ ਅਨੁਸਾਰ ਟੈੱਸਟਾਂ ਦੇ ਨਤੀਜੇ ਸਹੀ ਆਉਣੇ ਜਰੂਰੀ ਹਨ। ਸ਼ਾਮ ਨੂੰ ਦਾਸ ਹਸਪਤਾਲ ਦੇ ਪਾਰਕ ਵਿੱਚ ਰਹਿਰਾਸ ਸਾਹਿਬ ਦਾ ਪਾਠ ਕਰ ਰਿਹਾ ਸੀ ਉਸ ਸਮੇਂ ਭਾਈ ਗਗਨਦੀਪ ਸਿੰਘ ਨੇ ਪਾਰਕ ਵਿੱਚ ਆ ਕੇ ਦੱਸਿਆ ਕਿ ਮਹਾਂਪੁਰਖ ਆਪ ਜੀ ਨੂੰ ਬੁਲਾ ਰਹੇ ਹਨ। ਦਾਸ ਹੁਕਮ ਸੁਣ ਕੇ ਮਹਾਂਪੁਰਖਾਂ ਕੋਲ ਹਾਜਰ ਹੋ ਗਿਆ। ਮਹਾਂਪੁਰਖ ਬਚਨ ਕਰਨ ਲੱਗੇ ਕਿ ਸਾਰੇ ਵਿਦਿਆਰਥੀਆਂ ਦਾ ਖਿਆਲ ਰੱਖਣਾ ਹੈ। ਉਹ ਕੁਸੰਗਤ ਵਿੱਚ ਫਸ ਨਾ ਜਾਣ। ਗਰਮਤਿ ਦੀ ਵਿੱਦਿਆ ਦੇ ਨਾਲ ਨਾਲ ਇਨ੍ਹਾਂ ਦੀ ਸੰਸਾਰੀ ਵਿੱਦਿਆ ਦਾ ਵੀ ਖਿਆਲ ਰੱਖਣਾ ਹੈ। ਇਨ੍ਹਾਂ ਦੇ ਅਤੇ ਇਨ੍ਹਾਂ ਦੇ ਮਾਪਿਆਂ ਦੇ ਫਰਜਾਂ ਵੱਲ ਨਹੀਂ ਵੇਖਣਾ। ਉਹ ਸੋਝੀ ਤੋਂ ਹੀਣੇ ਹਨ। ਇਨ੍ਹਾਂ ਦੇ ਲੰਗਰ ਪਾਣੀ ਦਾ ਪ੍ਰਬੰਧ ਵੀ ਆਪ ਕਰਨਾ ਹੈ। ਸਿੱਖ ਰਹਿਤ ਵਿੱਚ ਪੂਰਾ ਰਹੇ ਤਾਂ ਸਾਰੀਆਂ ਬਰਕਤਾਂ ਆ ਜਾਂਦੀਆਂ ਹਨ। ਕਹਿਣ ਲੱਗੇ:-

***ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ ਇਸੁ ਆਗੈਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥ ਹਰਿ ਹਰਿ ਨਾਮ ਸੰਤਨ ਕੀ ਓਟਾ॥ ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ॥***

***ਆਦਿ ੬੨੮***

ਜਿਸ ਸਮੇਂ ਮਹਾਂਪੁਰਖਾਂ ਨੇ ਸੱਚਖੰਡ ਜਾਣ ਦੇ ਤਿਆਰੇ ਕਰ ਲਏ ਤਾਂ ਮੇਰੇ ਮਨ ਦਾ ਸੰਕਲਪ ਪੜ੍ਹ ਕੇ ਕਹਿਣ ਲੱਗੇ ਕੀ ਸੋਚ ਰਿਹਾ ਹੈਂ, ਸੋਚ ਛੱਡ, ਇਸ ਤਰ੍ਹਾਂ ਬੋਲ, ਮੇਰਾ ਸਤਿਗੁਰੁ ਰਖਵਾਲਾ ਹੋਆ॥

***ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥***

***ਆਦਿ ੬੨੦***

ਮੇਰਾ ਪ੍ਰਲੋਕ ਗਮਨ ਕਰਨਾ ਜਰੂਰੀ ਹੈ। ਤੁਸੀਂ ਸਿੱਖੀ ਸਾਂਚੇ ਵਿੱਚ ਚੱਲ ਕੇ ਸਿਖਰ ਤੇ ਪੁੱਜਣ ਲਈ ਕਦੀ ਹਿੰਮਤ ਨਹੀਂ ਹਾਰਨੀ।

***ਮਤ ਮੈ ਪਿਛੈ ਕੋਈ ਰੋਵਸੀ॥ ਆਦਿ ੯੨੩***

ਗੁਰੁ ਮਹਾਰਾਜ ਦੀ ਕਿਰਪਾ ਨਾਲ ਮੈਂ ਇਸ ਸੰਸਾਰ ਨੂੰ ਮਿਥਿਆ ਜਾਣਿਆ ਹੋਇਆ ਹੈ। ਮੇਰਾ ਹੁਣ ਭਇਆ ਪੁਰਾਣਾ ਚੋਲਾ ਹੋ ਚੁੱਕਾ ਹੈ। ਇਸ ਨੂੰ ਤਿਆਗਣ ਦੀ ਲੋੜ ਹੈ।

***ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ॥ ਆਦਿ ੬੧੧***

ਮੇਰੀ ਕੋਈ ਯਾਦਗਾਰ ਨਹੀਂ ਬਣਾਉਣੀ। ਜਿਸ ਤੇ ਕੋਈ ਮੱਥਾ ਟੇਕ ਸਕੇ। ਗੁਰਮਤਿ ਤੋਂ ਉਲਟ ਕੋਈ ਰੀਤ ਨਹੀਂ ਕਰਨੀ।

ਦੋ ਦਿਨ ਵਿੱਚ ਸਾਰੇ ਟੈਂਸਟ ਲੈ ਲਏ ਗਏ। 7 ਤਰੀਕ ਨੂੰ ਸਾਰੇ ਟੈਸਟਾਂ ਦੇ ਨਤੀਜੇ ਆ ਗਏ ਜੋ ਕਿ ਸਹੀ ਹੋਏ। ਡਾਕਟਰ ਸਾਹਿਬ ਨੇ ਆਖਿਆ ਕਿ ਮਹਾਂਪੁਰਖੋ ਹੁਣ ਆਪ ਜੀ ਦੀ ਮਰਜੀ ਹੈ। ਮਹਾਂਪੁਰਖਾਂ ਨੇ ਡਾਕਟਰ ਸਾਹਿਬ ਅਤੇ ਉਨ੍ਹਾਂ ਦੀ ਸਾਰੀ ਟੀਮ ਦਾ ਧੰਨਵਾਦ ਕੀਤਾ।

8 ਸਤੰਬਰ 2004 ਨੂੰ ਗੱਡੀ ਮੰਗਵਾਈ ਗਈ, ਮਹਾਂਪੁਰਖ ਹਸਪਤਾਲ ਤੋਂ ਫਾਰਗ ਹੋ ਗਏ।ਮਹਾਂਪੁਰਖਾਂ ਨੇ ਹਸਪਤਾਲ ਤੋਂ ਆ ਕੇ ਇਸ਼ਨਾਨ ਕੀਤਾ ਅਤੇ ਬਸਤਰ ਬਦਲੇ। ਕੁਝ ਦੇਰ ਪਾਠ ਕਰਕੇ ਪ੍ਰਸ਼ਾਦਾ ਛਕਿਆ। ਇਸ ਤੋਂ ਉਪਰੰਤ ਰਹਿਰਾਸ ਸਾਹਿਬ ਦਾ ਪਾਠ ਕੀਤਾ। ਕੁਝ ਦੇਰ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਰਹੇ। **ਉਚੇਚੇ ਤੌਰ ਤੇ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਬਚਨ ਸੁਣਾਉਂਦੇ ਹੋਏ ਕਹਿਣ ਲੱਗੇ ਕਿ ਉਨ੍ਹਾਂ ਨੇ ਆਖਿਆ ਸੀ ਕਿ ਸਾਡੇ ਪਿਛੋਂ ਜੋ ਕਿਸੇ ਨੇ ਕੁਝ ਕਰਨਾ ਹੈ ਆਪਣੇ ਵਾਸਤੇ ਕਰਨਾ ਹੈ ਅਸੀਂ ਸਭ ਕੁਝ ਕਰ ਲਿਆ ਹੈ। ਦੂਜਾ ਬਚਨ ਕੀਤਾ ਕਿ ਆਪਣੇ ਔਗੁਣ ਵੇਖ ਕੇ ਅਤੇ ਦੂਜੇ ਦੇ ਗੁਣ ਵੇਖ ਕੇ ਹੀ ਮਿਲ ਕੇ ਬੈਠਿਆ ਜਾ ਸਕਦਾ ਹੈ। ਤੀਜਾ ਬਚਨ ਭਜਨੀਕ ਪੁਰਖ ਭਾਂਵੇ ਕਿਸੇ ਭੇਖ ਵਿਚ ਹੋਵੇ ਉਸ ਦੀ ਸੇਵਾ ਕਰਨੀ ਚਾਹੀਦੀ ਹੈ। ਚੌਥਾ ਬਚਨ ਗੁਰੂ ਕੇ ਲੰਗਰ ਪੰਗਤ ਵਿਚ ਹੀ ਛਕਣੇ ਚਾਹੀਦੇ ਹਨ। ਪੰਜਵਾਂ ਬਚਨ ਅੰਮ੍ਰਿਤ ਸੰਚਾਰ ਦੀ ਰਹਿਤ ਮਰਿਆਦਾ ਵਿਚ ਫਰਕ ਨਹੀਂ ਪਉਣਾ ਚਾਹੀਦਾ।** ਇਨ੍ਹਾਂ ਬਚਨਾਂ ਤੋਂ ਉਪਰੰਤ ਕੀਰਤਨ ਸੋਹਿਲੇ ਦਾ ਪਾਠ ਕਰਕੇ ਬਿਰਾਜ ਗਏ।

## ਮਹਾਂਪੁਰਖਾਂ ਨੇ ਸੱਚਖੰਡ ਗਮਨ ਕਰਨਾ

9 ਸਤੰਬਰ ਨੂੰ ਅੰਮ੍ਰਿਤ ਵੇਲੇ ਇੱਕ ਵਜੇ ਉੱਠ ਕੇ ਸਿੰਘਾਂ ਨੂੰ ਬੁਲਾਇਆ ਅਤੇ ਇਸ਼ਨਾਨ ਕਰਵਾਉਣ ਲਈ ਆਖਿਆ। ਸੇਵਾਦਾਰ ਸਿੰਘਾਂ ਨੇ ਇਸ਼ਨਾਨ ਕਰਵਾਇਆ। ਮਹਾਂਪੁਰਖਾਂ ਨੇ ਸਿੰਘਾਂ ਨੂੰ ਆਖਿਆ ਕਿ ਹੁਣ ਤੁਸੀਂ ਅਰਾਮ ਕਰੋ। ਮਹਾਂਪੁਰਖਾਂ ਨੇ ਰੋਜਾਨਾ ਦੀ ਤਰ੍ਹਾਂ ਸਾਰਾ ਨਿਤਨੇਮ ਕੀਤਾ। ਦੁਪਹਿਰ ਨੂੰ ਪ੍ਰਸ਼ਾਦਾ ਛਕ ਕੇ ਕੁਝ ਸਮਾ ਅਰਾਮ ਕੀਤਾ। ਸ਼ਾਮ ਨੂੰ ਪ੍ਰਸ਼ਾਦਾ ਛਕ ਕੇ ਬਚਨ ਕੀਤਾ ਕਿ ਹੁਣ ਮੈਨੂੰ ਕੋਈ ਨਾ ਬੁਲਾਵੇ ਸੇਵਾਦਾਰ ਦਰਵਾਜੇ ਦੇ ਬਾਹਰ ਹੀ ਬੈਠੇ ਅਸੀਂ ਅਰਾਮ ਕਰਨਾ ਹੈ ਕੋਈ ਅੰਦਰ ਨਾ ਆਵੇ। ਮਹਾਂਪੁਰਖਾਂ ਦੇ ਹੁਕਮਾਂ ਅਨੁਸਾਰ ਸੇਵਾ ਕਰ ਰਹੇ ਸਿੰਘਾਂ ਨੇ ਕਿਸੇ ਨੂੰ ਵੀ ਮਿਲਣ ਦੀ ਆਗਿਆ ਨਹੀਂ ਦਿੱਤੀ। ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਮਹਾਂਪੁਰਖਾਂ ਨੇ 6:40 ਤੇ ਅਰੰਭ ਕੀਤਾ ਸੰਪੂਰਨ ਹੋਣ ਉਪਰੰਤ ਕੀਰਤਨ

ਸੋਹਿਲੇ ਦਾ ਪਾਠ ਵੀ ਨਾਲ ਹੀ ਕਰ ਦਿੱਤਾ। ਪਰ ਅੱਜ ਵਿਸ਼ੇਸ਼ ਗੱਲ ਇਹ ਸੀ ਕਿ ਕੀਰਤਨ ਸੋਹਿਲੇ ਦਾ ਪਾਠ ਉੱਚੀ ਆਵਾਜ਼ ਵਿਚ ਗਾ ਕੇ ਕੀਤਾ। ਇਹ ਅਰਦਾਸ ਮਹਾਂਪੁਰਖ ਰੋਜ਼ਾਨਾ ਥੋੜੇ ਸ਼ਬਦਾਂ ਵਿਚ ਕਰਦੇ ਹੁੰਦੇ ਸੀ ਪਰ ਅੱਜ ਅਰਦਾਸ ਵਿੱਚ ਬਹੁਤ ਸਮਾਂ ਹੱਥ ਜੋੜ ਕੇ ਬੈਠੇ ਰਹੇ। ਸਮਾਪਤੀ ਤੇ ਸਿਰਹਾਣੇ ਵਲ ਸੀਸ ਨਿਵਾ ਕੇ ਉੱਚੀ ਆਵਾਜ਼ ਵਿਚ ਫ਼ਤਹਿ ਬੁਲਾਈ। ਵਾਹਿਗੁਰੂ ਜੀ ਕਾ ਖਲਾਸਾ ਵਾਹਿਗੁਰੂ ਜੀ ਕੀ ਫਤਹਿ॥ ਫ਼ਤਹਿ ਦੀ ਆਵਾਜ਼ ਇਸ ਤਰ੍ਹਾਂ ਦੀ ਸੀ ਜਿਵੇਂ ਮਹਾਂਪਰਖਾਂ ਕੋਲ ਕੋਈ ਬਾਹਰੋਂ ਆਇਆ ਹੋਵੇ।

ਫਤਹਿ ਬੁਲਾਉਣ ਸਮੇਂ ਮਹਾਂਪੁਰਖਾਂ ਦਾ ਚਿਹਰਾ ਲਾਲ ਸੁਰਖ ਸੀ। ਚਿਹਰੇ ਦੇ ਜਲਾਲ ਵਲ ਵੇਖਿਆ ਨਹੀਂ ਜਾ ਸਕਦਾ ਸੀ ਉਸ ਸਮੇਂ ਮਹਾਂਪੁਰਖਾਂ ਨੇ ਬਹੁਤ ਧੀਮੀ ਆਵਾਜ਼ ਵਿਚ ਵਾਹਿਗੁਰੂ ਗੁਰਮੰਤ੍ਰ ਦਾ ਜਾਪ ਸ਼ੁਰੂ ਕਰ ਦਿਤਾ। ਸ਼ਾਮ ਦੇ ਸਾਢੇ ਸੱਤ ਵਜੇ ਇਹ ਧੀਮੀ ਆਵਾਜ਼ ਰੁਕ ਗਈ ਪਰ ਮਹਾਂਪੁਰਖ ਦੋਨੋਂ ਹਥ ਜੋੜ ਕੇ ਸਿਰਹਾਣਿਆਂ ਦੇ ਆਸਰੇ ਅਡੋਲ ਬੈਠੇ ਰਹੇ। ਜਦੋਂ ਸੇਵਾਦਾਰਾਂ ਨੇ ਤੱਕਿਆ ਕਿ ਸਰੀਰ ਦੀ ਕੋਈ ਹਰਕਤ ਨਹੀਂ ਹੋ ਰਹੀ ਤਾਂ ਸਾਰੇ ਸਿੰਘਾਂ ਨੇ ਅੰਦਰ ਆ ਕੇ ਤੁਰੰਤ ਵੇਖਿਆ ਕਿ ਮਹਾਂਪੁਰਖ ਤਾਂ ਸੱਚਖੰਡ ਜਾ ਬਿਰਾਜੇ ਹਨ। ਬਾਹਰੋਂ ਆਈ ਸੰਗਤ ਨੇ ਪੁੱਛਿਆ ਕਿ ਮਹਾਂਪੁਰਖ ਕਿਵੇਂ ਹਨ ਤਾਂ ਸੇਵਾਦਾਰ ਸਿੰਘਾਂ ਨੇ ਦੱਸਿਆ ਕਿ ਮਹਾਂਪੁਰਖ ਸਾਢੇ ਸੱਤ ਵਜੇ ਸੱਚਖੰਡ ਜਾ ਬਿਰਾਜੇ ਹਨ। ਸਾਰੀਆਂ ਸੰਗਤਾਂ ਵਿੱਚ ਸੋਗ ਦੀ ਲਹਿਰ ਛਾ ਗਈ ਕਿ ਹੁਣ ਸਾਡਾ ਕੀ ਬਣੇਗਾ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥* **ਆਦਿ ੮੪੬**
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥*
**ਆਦਿ ੬੩੪**

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥* **ਆਦਿ ੨੭੮**
*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥* **ਆਦਿ ੧੦੦੦**

ਦੇ ਮਹਾਵਾਕਾਂ ਅਨੁਸਾਰ ਬ੍ਰਹਮ ਵਿੱਚ ਲੀਨ ਹੋ ਗਏ। ਮਹਾਂਪੁਰਖਾਂ ਦਾ ਸਰੀਰ ਉਸੇ ਤਰ੍ਹਾਂ ਹੀ ਨਰਮ ਕੂਲਾ ਸੀ। ਪਿੱਠ ਪਿੱਛੋਂ ਸਿਰਹਾਣੇ ਪਰ੍ਹੇ ਕਰਕੇ ਸਰੀਰ ਨੂੰ ਪਲੰਘੇ ਤੇ ਲੰਮਾ ਪਾ ਦਿੱਤਾ। ਚਿਹਰੇ ਦਾ ਰੰਗ ਪਹਿਲਾਂ ਦੀ ਤਰ੍ਹਾਂ ਹੀ ਸੂਹਾ ਲਾਲ ਝਲਕਾਂ ਮਾਰਦਾ ਸੀ। ਸੇਵਾਦਾਰ ਸਿੰਘਾਂ ਨੇ ਸਾਰੇ ਸਰੀਰ ਤੇ ਚਿੱਟੇ ਰੰਗ ਦਾ ਚਾਦਰਾ ਪਾ ਦਿੱਤਾ। ਭਾਵੇਂ ਮਹਾਂਪੁਰਖਾਂ ਨੇ ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲੇ ਦਾ ਪਾਠ ਆਪ ਕਰ ਲਿਆ ਸੀ ਪਰ ਸੇਵਾ ਵਿਚ ਰਹਿਣ ਵਾਲੇ ਸਿੰਘ ਨੇ ਵੀ ਰਹਰਾਸਿ ਸਾਹਿਬ

ਅਤੇ ਕੀਰਤਨ ਸੋਹਿਲੇ ਦਾ ਪਾਠ ਮਹਾਂਪੁਰਖਾਂ ਦੇ ਪਲੰਘ ਦੇ ਕੋਲ ਉੱਚੇ ਪਏ ਮੇਜ ਤੇ ਕੀਤੀ ਹੋਈ ਬਿਛਾਈ ਉਪਰ ਚੌਂਕੜਾ ਮਾਰ ਕੇ ਕੀਤਾ। ਇਸ ਤੋਂ ਉਪਰੰਤ ਸਿੰਘਾਂ ਨੇ ਸਾਰੀ ਰਾਤ ਸੁਖਮਨੀ ਸਾਹਿਬ ਦਾ ਪਾਠ ਲਗਾਤਾਰ ਜਾਰੀ ਰੱਖਿਆ।

## ਮਹਾਂਪੁਰਖਾਂ ਦੇ ਸਰੀਰ ਦਾ ਸਸਕਾਰ

9 ਸਤੰਬਰ 2004 ਦਿਨ ਵੀਰਵਾਰ ਨੂੰ ਮਹਾਂਪੁਰਖਾਂ ਨੇ ਸ਼ਾਮ ਨੂੰ 7:30 ਵਜੇ ਸਰੀਰ ਛੱਡਿਆ। 10 ਸਤੰਬਰ ਦਿਨ ਸ਼ੁੱਕਰਵਾਰ ਨੂੰ ਮਹਾਂਪੁਰਖਾਂ ਦੇ ਸਰੀਰ ਦਾ ਸਸਕਾਰ ਕਰਨ ਦਾ ਦੁਪਹਿਰ ਦਾ ਸਮਾਂ ਸਾਰੀਆਂ ਸੰਗਤਾਂ ਨੂੰ ਦਿੱਤਾ ਗਿਆ। ਦਿੱਤੇ ਸਮੇਂ ਦੇ ਅਨੁਸਾਰ ਸਾਰੀਆਂ ਸੰਗਤਾਂ ਉਪਲਹੇੜੀ ਗੁਰੂ ਘਰ ਵਿਖੇ ਪਹੁੰਚ ਗਈਆਂ। ਦੁਪਹਿਰ ਨੂੰ ਭਾਈ ਗੁਰਮੇਲ ਸਿੰਘ ਪ੍ਰੋਫ਼ੈਸਰ ਸਾਹਿਬ ਦੇ ਪਹੁੰਚਣ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਹੁੰਦੇ ਰਹੇ। ਪੰਜ ਸਿੰਘਾਂ ਨੇ ਮਹਾਂਪੁਰਖਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ। ਇਸ਼ਨਾਨ ਕਰਾਉਂਦੇ ਸਮੇਂ ਸਿੰਘਾਂ ਨੇ ਰਲ ਕੇ ਉੱਚੀ ਆਵਾਜ ਵਿੱਚ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕੀਤਾ। ਇਸ਼ਨਾਨ ਕਰਵਾ ਕੇ ਸੁੰਦਰ ਬਸਤਰ ਸਜਾਏ ਗਏ। ਸਰੀਰ ਨੂੰ ਤਖਤ ਪੋਸ਼ ਤੇ ਸਜਾ ਕੇ ਦਰਬਾਰ ਸਾਹਿਬ ਦੇ ਵਰਾਂਡੇ ਵਿੱਚ ਦਰਸ਼ਨਾਂ ਲਈ ਰੱਖਿਆ ਗਿਆ। ਦਰਬਾਰ ਸਾਹਿਬ ਦੇ ਅੰਦਰ ਲਾਊਡ ਸਪੀਕਰ ਰਾਹੀਂ ਸੁਖਮਨੀ ਸਾਹਿਬ ਦੇ ਪਾਠ ਹੁੰਦੇ ਰਹੇ। ਕੁਝ ਸਮਾਂ ਬੈਰਾਗਮਈ ਸ਼ਬਦਾਂ ਦਾ ਕੀਰਤਨ ਕਰਕੇ ਮਹਾਂਪੁਰਖਾਂ ਦੇ ਸਰੀਰ ਨੂੰ ਸੁੰਦਰ ਬਿਬਾਣ ਰਾਹੀਂ ਸਸਕਾਰ ਕਰਨ ਵਾਲੀ ਥਾਂ ਤੇ ਲਿਜਾਇਆ ਗਿਆ। ਲੱਕੜਾਂ ਦਾ ਅੰਗੀਠਾ ਤਿਆਰ ਕਰਦੇ ਸਮੇਂ ਜਪੁ ਜੀ ਸਾਹਿਬ ਦਾ ਪਾਠ ਕੀਤਾ ਗਿਆ। ਅਰਦਾਸਾ ਸੋਧ ਕੇ ਅੰਗੀਠੇ ਨੂੰ ਪੰਜ ਸਿੰਘਾਂ ਨੇ ਅਗਨੀ ਦਿਖਾਈ।

## ਵਿਛੋੜੇ ਦੇ ਦ੍ਰਿਸ਼

ਮਹਾਂਪੁਰਖਾਂ ਦੇ ਸਚਖੰਡ ਜਾਣ ਤੇ ਸਭ ਮਾਈ ਭਾਈ ਦੀ ਅਜਿਹੀ ਹਾਲਤ ਬਣੀ ਹੋਈ ਸੀ ਜਿਸ ਨੂੰ ਕਲਮ ਨਾਲ ਲਿਖਣਾ ਬਹੁਤ ਔਖਾ ਹੈ। ਉਸ ਸਮੇਂ ਪ੍ਰੇਮੀਆਂ ਨਾਲ ਕੀ ਬੀਤੀ ਇਹ ਤਾਂ ਉਹ ਹੀ ਜਾਣਦੇ ਸਨ ਕਿ ਐਸੇ ਨਾਮ ਦੇ ਰਸੀਏ, ਨਿਰਵੈਰ ਪੁਰਖ ਦਾ ਵਿਛੋੜਾ ਹੋ ਗਿਆ ਜਿਨ੍ਹਾਂ ਤੋਂ ਉਨ੍ਹਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਆਸਰਾ ਮਿਲਦਾ ਸੀ।

## ਪਸ਼ੂਆਂ ਤੇ ਪੰਛੀਆਂ ਦੀ ਬਿਹਬਲਤਾ

ਸੰਗਤਾਂ ਦੀਆਂ ਅੱਖਾਂ ਵਿਚ ਬੈਰਾਗ ਦੇ ਆਂਸੂ, ਨਗਰ ਦੀਆਂ ਗਲੀਆਂ ਵਿਚ ਸੁੰਨ ਮੁੰਨ, ਰੁਦਨ ਅਤੇ ਅੰਗੀਠੇ ਦੀਆਂ ਲਾਟਾਂ ਨੂੰ ਵੇਖ ਕੇ ਪਸ਼ੂ, ਜਾਨਵਰ ਤੇ ਪੰਛੀ ਵੀ ਕੁਰਲਾ ਉਠੇ। ਗਾਵਾਂ ਤੇ ਮੱਝਾਂ ਸਭ ਅੰਦਰ ਤੜਫਨਾ ਸੀ। ਅੱਖਾਂ ਵਿਚੋਂ ਪਾਣੀ

ਵਹਿ ਰਿਹਾ ਸੀ। ਮਹਾਂਪੁਰਖਾਂ ਦੇ ਵਿਛੋੜੇ ਦਾ ਕਿੰਨਾ ਦੁਖ ਹੋਵੇਗਾ। ਉਹ ਪੰਛੀ ਜਿਹੜੇ ਮਹਾਂਪੁਰਖਾਂ ਦੇ ਦਰਸ਼ਨ ਅਤੇ ਗੁਰਬਾਣੀ ਦੇ ਮਿੱਠੇ ਬੋਲ ਸੈਰ ਵੇਲੇ ਸੁਣ ਕੇ ਖੁਸ਼ੀ ਨਾਲ ਚਹਿ ਚਿਹਾਟ ਕਰਦੇ ਸਨ ਪਰ ਅਜ ਜਦੋਂ ਅੰਗੀਠੇ ਵਿਚੋਂ ਲਾਟਾਂ ਨਿਕਲੀਆਂ ਵੇਖ ਰਹੇ ਸਨ ਤਾਂ ਪ੍ਰੇਮ ਪਿਆਰ ਦੀ ਥਾਵੇਂ ਇਤਨਾ ਰੁਦਨ ਤੇ ਸ਼ੋਰ ਮਚਾ ਰਹੇ ਸਨ ਕਿ ਪੱਥਰ ਦਿਲ ਹਿਰਦਾ ਵੀ ਸੁਤੇ ਸਿਧ ਬੈਰਾਗੀ ਹੋ ਵਹਿੰਦਾ। ਕਿੰਨਾ ਸਮਾਂ ਹਰ ਪਾਸਿਓਂ ਕੁਰਲਾਹਟ ਦੀਆਂ ਅਵਾਜਾਂ ਆ ਰਹੀਆਂ ਸਨ। ਭਲਾਂ ਮਨੁਖਾਂ ਨੂੰ ਤਾਂ ਧੀਰਜ ਦਿਤੀ ਜਾ ਸਕਦੀ ਸੀ ਪਰ ਇਨ੍ਹਾਂ ਪੰਛੀਆਂ ਨੂੰ ਮਹਾਂਪੁਰਖਾਂ ਤੋਂ ਬਗੈਰ ਕੌਣ ਧੀਰਜ ਦੇ ਸਕਦਾ ਸੀ।

## ਸੰਗਤਾਂ ਦੀ ਬਿਹਬਲਤਾ

ਸੰਗਤ ਤੇ ਸਿੰਘਾਂ ਦੀ ਨਿਰਾਸਤਾ, ਉਦਾਸੀਨਤਾ ਤੇ ਬੈਰਾਗਮਈ ਦ੍ਰਿਸ਼ ਨੂੰ ਕੋਈ ਪੂਰਨ ਪੁਰਖ ਹੀ ਅੰਤਰ ਆਤਮਾ ਦੀ ਸ਼ਕਤੀ ਦੁਆਰਾ ਵੇਖ ਕੇ ਦਰਸਾ ਸਕਦਾ ਹੈ ਜਾਂ ਫਿਰ ਜਿਸ ਤਨ ਲਗੈ ਸੋਈ ਜਾਣੈ। ਜਿਨਾਂ ਨੇ ਇਨ੍ਹਾਂ ਮਹਾਂਪੁਰਖਾਂ ਦੀ ਸੰਗਤ ਤੋਂ ਅਨੇਕਾਂ ਸ਼੍ਰੇਸ਼ਟ ਗੁਣਾਂ ਦਾ ਲਾਹਾ ਲਿਆ ਹੋਵੇਗਾ ਉਸ ਦੀ ਆਤਮਾ ਤੋਂ ਪੁਛਿਆ ਜਾਵੇ ਕਿ ਅਜਿਹੇ ਦਰਵੇਸ਼ ਮਹਾਂਪੁਰਖਾਂ ਦੇ ਵਿਛੋੜੇ ਦਾ ਸੱਲ੍ਹ (ਦੁਖ) ਕਿੰਨਾ ਹੋਇਆ ਹੋਵੇਗਾ ਕਿਉਂਕਿ ਅਜਿਹੇ ਪਰਉਪਕਾਰੀ ਸੰਤ, ਜੀਅ ਦਾਨ ਦੇ ਕੇ ਭਗਤੀ ਮਾਰਗ ਨੂੰ ਲਾਉਣ ਵਾਲੇ ਕਿਥੇ ਮਿਲਦੇ ਹਨ। ਹਜੂਰ ਦਾ ਫੁਰਮਾਨ ਹੈ-

*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥ ਆਦਿ ੫੧੭*

ਸਾਰੀ ਸੰਗਤ ਬਹੁਤ ਬੈਰਾਗ ਵਿੱਚ ਆ ਗਈ। ਸੱਜਲ ਨੇਤਰਾਂ ਨਾਲ ਸਾਰੀਆਂ ਸੰਗਤਾਂ ਨੇ ਵਿਦਾਇਗੀ ਦਿੱਤੀ। ਕੁਝ ਸਮੇਂ ਬਾਅਦ ਕੀਰਤਨ ਸੋਹਿਲੇ ਦਾ ਪਾਠ ਉਪਰੰਤ ਸਾਰੀ ਸੰਗਤ ਦਰਬਾਰ ਸਾਹਿਬ ਪਹੁੰਚ ਗਈ। ਦਰਬਾਰ ਸਾਹਿਬ ਵਿੱਚ ਅਲਾਹਣੀਆਂ ਦਾ ਪਾਠ ਕੀਤਾ ਗਿਆ। ਬੈਰਾਗ ਮਈ ਸ਼ਬਦਾਂ ਦਾ ਅਤੇ ਅਨੰਦ ਸਾਹਿਬ ਦਾ ਕੀਰਤਨ ਕਰਕੇ ਅਰਦਾਸ ਕੀਤੀ ਗਈ। ਇਸ ਅਰਦਾਸ ਵਿੱਚ ਸਾਰੇ ਸਿੰਘਾਂ ਵੱਲੋਂ ਸਹਿਜ ਪਾਠ ਆਰੰਭ ਕਰ ਦਿੱਤੇ ਗਏ। ਸਾਰੀ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਦੁਸਹਿਰਾ 18 ਸਤੰਬਰ 2004 ਦਿਨ ਸ਼ਨੀਵਾਰ ਨੂੰ ਹੋਵੇਗਾ। ਉਸ ਦਿਨ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਨਾਲ ਨਾਲ ਸਹਿਜ ਪਾਠਾਂ ਦੇ ਭੋਗ ਵੀ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਅਤੇ ਸਹਿਜ ਪਾਠਾਂ ਦੀ ਸੰਪੂਰਨਤਾਈ ਉਪਰੰਤ ਦੁਪਹਿਰ ਦੋ ਵਜੇ ਤੱਕ ਗੁਰਬਾਣੀ ਦੇ ਕੀਰਤਨ ਹੋਣਗੇ।

## ਦੁਸਹਿਰੇ ਦਾ ਸਮਾਗਮ

ਜੋ ਸਹਿਜ ਪਾਠ ਸੰਗਤਾਂ ਵੱਲੋਂ ਸਸਕਾਰ ਕਰਨ ਤੋਂ ਉਪਰੰਤ ਪ੍ਰਾਰੰਭ ਕੀਤੇ ਗਏ

ਸਨ ਉਹ ਸਹਿਜ ਪਾਠ ਸਾਰੇ ਸਿੰਘ ਰੋਜਾਨਾ ਕਰਦੇ ਰਹੇ। ਹਰ ਰੋਜ ਹੀ ਦੇਗ ਤਿਆਰ ਕਰਕੇ ਕਥਾ ਹੁੰਦੀ ਰਹੀ। ਮਿਤੀ 16 ਸਤੰਬਰ 2004 ਦਿਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਸੰਗਤ ਵੱਲੋਂ ਆਰੰਭ ਕੀਤੇ ਗਏ ਜਿਸ ਦੇ ਭੋਗ 18 ਸਤੰਬਰ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਦਰਬਾਰ ਸਾਹਿਬ ਉਪਲਹੇੜੀ ਵਿਖੇ ਪਾਏ ਗਏ।ਭੋਗ ਤੋਂ ਉਪਰੰਤ ਸਰਕਾਰੀ ਹਾਈ ਸਕੂਲ ਉਪਲਹੇੜੀ ਦੇ ਗਰਾਊਂਡ ਵਿੱਚ ਸਜਾਏ ਗਏ ਪੰਡਾਲ ਵਿੱਚ ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ ਗਿਆ। ਦਮਦਮੀ ਟਕਸਾਲ ਦੇ ਪੰਦਰਵੇਂ ਮੁਖੀ ਬ੍ਰਹਮ ਗਿਆਨੀ ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਭਿੰਡਰਾਂਵਾਲੇ ਵਿਦੇਸ ਵਿੱਚ ਗੁਰਮਤਿ ਪ੍ਰਚਾਰ ਵਾਸਤੇ ਗਏ ਹੋਏ ਸਨ। ਉਨ੍ਹਾਂ ਨੇ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤੇ ਤੋਂ ਰਾਗੀ ਜਥਾ ਅਤੇ ਕਥਾ ਵਾਚਕ ਸਿੰਘ ਭੇਜੇ। ਹੋਰ ਵੀ ਰਾਗੀ ਜਥਿਆਂ ਨੇ ਇੱਕ-ਇੱਕ ਸ਼ਬਦ ਦੀ ਹਾਜਰੀ ਲਵਾਈ। ਬਹੁਤ ਸਾਰੇ ਮਹਾਂਪੁਰਖਾਂ ਨੇ ਆਪਣੇ ਸ਼ਬਦਾਂ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ।

## ਮਹਾਂਪੁਰਖਾਂ ਦੀ ਸਖਸ਼ੀਅਤ ਬਾਰੇ

ਮਹਾਂਪੁਰਖਾਂ ਦੇ ਦੁਸਹਿਰੇ ਦੇ ਸਮਾਗਮ ਤੇ ਪਹੁੰਚੇ ਹੋਏ ਸੰਤਾਂ ਮਹਾਂਪੁਰਖਾਂ ਅਤੇ ਗਿਆਨੀਆਂ ਨੇ ਮਹਾਂਪੁਰਖਾਂ ਦੀ ਸਖਸ਼ੀਅਤ ਬਾਰੇ ਥੋੜੇ ਥੋੜੇ ਸ਼ਬਦਾਂ ਵਿਚ ਆਪਣੇ ਵਿਚਾਰ ਰੱਖੇ।

1. ਮਹਾਂਪੁਰਖਾਂ ਨੇ ਦਮਦਮੀ ਟਕਸਾਲ ਤੋਂ ਵਿਦਿਆ ਪ੍ਰਾਪਤ ਕਰਕੇ ਬਹੁਤ ਲੰਮਾ ਸਮਾਂ ਅੰਮ੍ਰਿਤ ਸੰਚਾਰ ਦੀ ਸੇਵਾ ਰਾਹੀਂ ਬੇਅੰਤ ਪ੍ਰਾਣੀਆਂ ਨੂੰ ਗੁਰੂ ਕੇ ਲੜ ਲਾਇਆ।
2. ਮਹਾਂਪੁਰਖਾਂ ਨੇ ਸਾਰੀ ਉਮਰ ਸੇਵਾ ਤੇ ਸਿਮਰਨ ਕਰਕੇ ਮੇਰ ਤੇਰ ਦੀਆਂ ਦੀਵਾਰਾਂ ਤੋੜ ਕੇ ਸਾਰੇ ਸਥਾਨਾਂ ਨੂੰ ਆਪਣੇ ਸਮਝਿਆ। ਕੋਈ ਵੱਖਰਾ ਡੇਰਾ ਜਾਂ ਆਸ਼ਰਮ ਬਣਾਉਣ ਦਾ ਫੁਰਨਾ ਹੀ ਨਹੀਂ ਹੋਇਆ।
3. ਮਹਾਂਪੁਰਖਾਂ ਨੇ ਗੁਰਮਤਿ ਪ੍ਰਚਾਰ ਰਾਹੀਂ ਸੇਵਾ ਕਰਕੇ ਬੇਅੰਤ ਪ੍ਰਾਣੀਆਂ ਨੂੰ ਮਨਮੱਤ ਦੇ ਰਸਤੇ ਤੋਂ ਮੋੜ ਕੇ ਲੋਕ ਭਲਾਈ ਦੇ ਕੰਮਾਂ ਵਿਚ ਲਾਇਆ।
4. ਮਹਾਂਪੁਰਖਾਂ ਦੇ ਮਨ ਵਿਚ ਬਦਲੇ ਦੀ ਕੋਈ ਭਾਵਨਾ ਨਹੀਂ ਸੀ। ਉਹ ਹਾਰ ਜਿੱਤ ਤੋਂ ਉਪਰ ਸਨ।
5. ਮਹਾਂਪੁਰਖਾਂ ਨੂੰ ਬਚਪਨ ਵਿਚ ਮਾਤਾ ਪਿਤਾ ਦੀ ਸੰਗਤ ਵਿਚੋਂ ਪਰਉਪਕਾਰ ਦੀ ਲਾਗ ਲਗੀ।
6. ਮਹਾਂਪੁਰਖਾਂ ਨੇ ਗੁਰ ਸ਼ਬਦ ਦੀ ਕਮਾਈ ਕਰਕੇ ਪੰਜਾਂ ਵਿਕਾਰਾਂ ਨੂੰ ਜਿੱਤ ਲਿਆ ਸੀ। ਇਹੋ ਕਾਰਨ ਸੀ ਕਿ ਉਹ ਕਿਸੇ ਜਾਲ ਵਿਚ ਨਹੀਂ ਫਸੇ।

7. ਮਹਾਂਪੁਰਖਾਂ ਨੇ ਪਵਿੱਤਰ ਬਾਣੀ ਰਾਹੀਂ ਮਨ ਨੂੰ ਜਿੱਤ ਲਿਆ ਸੀ ਤਾਂ ਹੀ ਉਹ ਅਡੋਲ ਰਹੇ।
8. ਮਹਾਂਪੁਰਖਾਂ ਨੇ ਸਤਿਗੁਰਾਂ ਦੇ ਖਜਾਨੇ ਵਿਚੋਂ ਨਿਮਰਤਾ ਲੈ ਕੇ ਅੱਗੇ ਵੀ ਵੰਡੀ ਹੈ।
9. ਮਹਾਂਪੁਰਖ ਸੰਸਾਰੀ ਦੁੱਖਾਂ, ਸੁੱਖਾਂ, ਔਕੜਾਂ, ਕਠਿਨ ਇਮਤਿਹਾਨਾਂ, ਕੜਾਕੇ ਫਾਕੇ, ਮਾਨ ਅਪਮਾਨ ਵਿਚ ਇਕ ਰਸ ਰਹੇ।
10. ਮਹਾਂਪੁਰਖ ਅਨੁਭਵ ਵਾਲੀ ਅਵਸਥਾ ਦੇ ਮਾਲਕ ਹੋਣ ਕਰਕੇ ਸ਼ਾਂਤ ਸੁਭਾਅ ਵਿਚ ਰਹਿੰਦੇ ਸਨ।
11. ਮਹਾਂਪੁਰਖ ਹਰ ਪਲ ਹਰ ਘੜੀ ਗੁਰੂ ਮਹਾਰਾਜ ਦੀ ਹਜੂਰੀ ਦਾ ਅਨੰਦ ਮਾਣਦੇ ਸਨ।
12. ਮਹਾਂਪੁਰਖ ਆਪਣੇ ਵਿਦਿਆ ਦਾਤੇ ਦੇ ਬਚਨਾਂ ਅਨੁਸਾਰ ਉਪਲਹੇੜੀ, ਸੂਰਜਪੁਰ, ਕੰਵਰਪੁਰ, ਮੋਹਾਲੀ, ਚੰਡੀਗੜ੍ਹ, ਪਟਿਆਲਾ, ਮੌੜਾਂ, ਖੜਿਆਲ, ਬੋਪਾਰਾਏ, ਭਿੰਡਰ ਕਲਾਂ, ਮਹਿਤੇ ਆਦਿ ਵੱਖ ਵੱਖ ਥਾਵਾਂ ਤੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਉਂਦੇ ਰਹੇ।
13. ਮਹਾਂਪੁਰਖ ਬ੍ਰਹਮ ਵਿਚ ਲੀਨ ਰਹਿਣ ਕਰਕੇ ਬ੍ਰਾਹਮਣ, ਰੋਮ ਰੋਮ ਦਾ ਸਿਮਰਨ ਹੋਣ ਕਰਕੇ ਗੁਰਮੁਖ, ਸਤਿਗੁਰਾਂ ਦੀ ਆਗਿਆ ਵਿਚ ਰਹਿਣ ਕਰਕੇ ਗੁਰਸਿੱਖ, ਆਤਮ ਰਸ ਦਾ ਅਨੰਦ ਲੈਣ ਕਰਕੇ ਖਾਲਸਾ, ਭੈ ਤੋਂ ਨਿਰਲੇਪ ਰਹਿਣ ਕਰਕੇ ਗਿਆਨੀ, ਸਾਰੀ ਉਮਰ ਆਪਣੇ ਸਤਿਗੁਰਾਂ ਦੀ ਸੇਵਾ ਕਰਕੇ ਤਪੱਸਵੀ, ਮਨ ਤੇ ਮੁੱਖ ਵਿਚ ਸੱਚ ਅਤੇ ਨੇਤਰਾਂ ਨਾਲ ਇਕ ਨੂੰ ਵੇਖਣ ਕਰਕੇ ਬ੍ਰਹਮ ਗਿਆਨੀ, ਮਾਨ ਅਪਮਾਨ ਤੋਂ ਪਰੇ ਰਹਿਣ ਕਰਕੇ ਤਿਆਗੀ, ਹਰ ਸਮੇਂ ਪਰਮੇਸਰ ਨੂੰ ਚੇਤੇ ਰੱਖਣ ਕਰਕੇ ਪੂਰਨ ਸੰਤ, ਨਿਰਮਲ ਕਰਮਾਂ ਕਰਕੇ ਸਾਧ, ਆਪਣੇ ਪਿਆਰੇ ਤੋਂ ਦੂਰ ਨਾ ਰਹਿਣ ਕਰਕੇ ਗੁਣਵਾਨ, ਵਿਦਿਆ ਪੜ੍ਹਾਉਣ ਕਰਕੇ ਦਾਤੇ, ਆਪਣੇ ਸਰੀਰ ਦੀ ਪਰਵਾਹ ਨਾ ਕਰਦੇ ਹੋਏ ਦੂਜਿਆਂ ਦੀ ਸੇਵਾ ਕਰਨ ਕਰਕੇ ਪਰਉਪਕਾਰੀ, ਪਸ਼ੂਆਂ ਅਤੇ ਜਾਨਵਰਾਂ ਦੀ ਲੋੜੀਂਦੇ ਸਮੇਂ ਸੇਵਾ ਕਰਕੇ ਨਿਆਸਰਿਆਂ ਦੇ ਆਸਰਾ, ਬਚਨਾਂ ਤੇ ਪੂਰਾ ਪਹਿਰਾ ਦੇਣ ਕਰਕੇ ਸੂਰਬੀਰ ਸਨ।
14. ਮਹਾਂਪੁਰਖ ਦੂਜੇ ਦੀ ਗੱਲ ਸੁਣਦੇ ਜਰੂਰ ਸਨ ਭਾਵੇਂ ਉਸ ਨਾਲ ਸਹਿਮਤ ਨਾ ਹੋਣ।
15. ਮਹਾਂਪੁਰਖ ਇੱਕ ਚੰਗੇ ਅਭਿਆਸੀ ਸਨ। ਛੋਟੀ ਉਮਰੇ ਗਾਵਾਂ ਮੱਝਾਂ ਚਾਰਦੇ ਸਮੇਂ ਸ਼ਬਦਾਂ ਦੇ ਅਭਿਆਸ ਨਾਲ ਬੇਪ੍ਰਵਾਹੀ ਦੀ ਅਵਸਥਾ ਪ੍ਰਾਪਤ ਕੀਤੀ।
16. ਮਹਾਂਪੁਰਖ ਆਖਦੇ ਸਨ ਉਹ ਲੀਲ੍ਹਾ ਵੀ ਸਹੀ ਨਹੀਂ ਜਿਸ ਵਿੱਚ ਜੀਵਨ ਭ੍ਰਿਸ਼ਟ ਹੋ ਜਾਵੇ।

17. ਮਹਾਂਪੁਰਖ ਆਖਦੇ ਸਨ ਉਸ ਮਰਿਆਦਾ ਦਾ ਕੀ ਲਾਭ ਹੈ ਜਿਸ ਵਿੱਚ ਸੱਚ ਹੀ ਖਤਮ ਹੋ ਜਾਵੇ।
18. ਮਹਾਂਪੁਰਖਾਂ ਦਾ ਖਿਆਲ ਸੀ ਕਿ ਲੋੜ ਤੋਂ ਵੱਧ ਅਰਾਮ ਕਰਨ ਨਾਲ ਸੁਸਤੀ ਅਤੇ ਆਲਸ ਘੇਰ ਲੈਂਦੇ ਹਨ।
19. ਮਹਾਂਪੁਰਖਾਂ ਦਾ ਨਿਸ਼ਚਾ ਸੀ ਕਿ ਸੇਵਾ ਨਾਲ ਥਕੇਵਾਂ ਦੂਰ ਹੁੰਦਾ ਹੈ।
20. ਮਹਾਂਪੁਰਖਾਂ ਦਾ ਖਿਆਲ ਸੀ ਕਿ ਸ਼ਬਦ ਦੀ ਵਿਚਾਰ ਤੋਂ ਬਗੈਰ ਸਿਮਰਨ ਨਹੀਂ ਹੋ ਸਕਦਾ। ਇਤਿਹਾਸ ਤੋਂ ਬਗੈਰ ਸ਼ਰਧਾ ਪੈਦਾ ਨਹੀਂ ਹੋ ਸਕਦੀ।
21. ਮਹਾਂਪੁਰਖ ਸਾਰੀ ਉਮਰ ਆਪਣੇ ਹੱਥੀਂ ਦਰਬਾਰ ਸਾਹਿਬ ਦੀ ਸੇਵਾ, ਲੰਗਰਾਂ ਦੀ ਸੇਵਾ, ਜੋੜਿਆਂ ਦੀ ਸੇਵਾ ਸੇਵਾਦਾਰ ਬਣ ਕੇ ਕਰਦੇ ਰਹੇ।
22. ਮਹਾਂਪੁਰਖਾਂ ਨੇ ਨੌਜੁਆਨੀ ਦੇ ਸਮੇਂ ਤੋਂ ਲੈ ਕੇ ਜਿੱਥੇ ਗਊਆਂ ਮੱਝਾਂ ਦੀ ਸੇਵਾ ਸੰਭਾਲ ਕੀਤੀ ਉਥੇ ਬਾਗ ਬੂਟੇ, ਫੁੱਲਾਂ ਦੀਆਂ ਕਿਆਰੀਆਂ ਅਤੇ ਖੇਤੀਬਾੜੀ ਦਾ ਕੰਮ ਪੂਰਨ ਜਿਮੀਦਾਰ ਦੀ ਤਰ੍ਹਾਂ ਕੀਤਾ।
23. ਮਹਾਂਪੁਰਖਾਂ ਨੇ ਸਾਰੀ ਉਮਰ ਸਿੰਘਾਂ ਦੇ ਚੋਲੇ, ਕਛਹਿਰੇ ਇੱਕ ਦਰਜੀ ਦੀ ਤਰ੍ਹਾਂ ਸਿਉਂਤੇ।
24. ਮਹਾਂਪੁਰਖਾਂ ਨੇ ਇੱਕ ਬ੍ਰਾਹਮਣ ਦੀ ਤਰ੍ਹਾਂ ਸਿੰਘਾਂ ਨੂੰ ਬ੍ਰਹਮ ਵਿੱਦਿਆ ਪੜ੍ਹਾਈ।
25. ਮਹਾਂਪੁਰਖਾਂ ਨੇ ੧੯੪੭ ਵਿੱਚ ਦੇਸ਼ ਦੀ ਵੰਡ ਸਮੇਂ ਮੁਸਲਮਾਨਾਂ ਦੇ ਪਰਿਵਾਰਾਂ ਦੀ ਰਾਖੀ ਇੱਕ ਛੱਤਰੀ ਦੀ ਤਰ੍ਹਾਂ ਕੀਤੀ।
26. ਮਹਾਂਪੁਰਖਾਂ ਨੇ ਪਸ਼ੂਆਂ ਦਾ ਗੋਬਰ ਆਪ ਚੁੱਕਣਾ ਅਤੇ ਛੋਟੇ ਛੋਟੇ ਸਿੰਘਾਂ ਦੇ ਬਸਤਰ ਧੋਣੇ ਅਤੇ ਉਨ੍ਹਾਂ ਦੇ ਕੇਸੀ ਇਸ਼ਨਾਨ ਕਰਾਉਣੇ। ਜੋੜੇ ਘਰਾਂ ਦੀ ਸੇਵਾ ਕਰਕੇ ਉਹ ਆਪ ਸ਼ੂਦਰ ਕਹਾਉਣ ਤੋਂ ਕਦੇ ਵੀ ਗੁਰੇਜ ਨਹੀਂ ਕਰਦੇ ਸਨ।
27. ਮਹਾਂਪੁਰਖਾਂ ਨੇ ਸਾਦੇ ਜੀਵਨ ਵਿੱਚ ਰਹਿ ਕੇ ਗੁਰਮਤਿ ਦੀ ਵਿਦਿਆ ਵੰਡ ਕੇ ਮਾਤਾ ਪ੍ਰੇਮ ਕੌਰ ਜੋ ਗਹੂਣੀਆ ਅਮੀਰ ਪਰਿਵਾਰ ਵਿੱਚ ਪੈਦਾ ਹੋਈ ਸੀ ਉਹ ਅਮੀਰੀ ਇਸ ਗਰੀਬ ਪਰਿਵਾਰ ਵਿੱਚ ਵੀ ਸਾਖਿਆਤ ਖੜ੍ਹੀ ਕਰ ਦਿੱਤੀ।

*ਕਹਿ ਕਬੀਰ ਨਿਰਧਨੁ ਹੈ ਸੋਈ॥ ਜਾ ਕੇ ਹਿਰਦੈ ਨਾਮੁ ਨ ਹੋਈ॥*

*ਆਦਿ ੧੧੫੯*

28. ਮਹਾਂਪੁਰਖਾਂ ਵਲੋਂ ਆਪਣੇ ਨਾਮ ਦੀ ਲਾਜ ਰੱਖਣ ਬਾਰੇ:-ਆਪ ਜੀ ਦੇ ਮਾਪਿਆਂ ਨੇ ਸ੍ਰੀ ਮੁਖਵਾਕ ਦੇ ਸਬਦ ਦੇ ਪਹਿਲੇ ਅੱਖਰ 'ਗ' ਤੋਂ ਗੁਰਬਚਨ ਸਿੰਘ ਰੱਖਿਆ। ਮਹਾਂਪੁਰਖਾਂ ਦੇ ਪਵਿੱਤਰ ਨਾਮ ਗੁਰਬਚਨ ਸਿੰਘ ਦੇ ਅੱਖਰੀਂ ਅਰਥ ਇਸ ਪ੍ਰਕਾਰ ਹਨ।

*ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ॥*
*ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥* *ਆਦਿ ੨੫੪*

*ਰਾਰਾ ਰੇਨ ਹੋਤ ਸਭ ਜਾ ਕੀ॥ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ॥*
*ਆਦਿ ੨੫੯*

*ਬਬਾ ਬ੍ਰਹਮ ਜਾਨਤ ਤੇ ਬ੍ਰਹਮਾ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ॥*
*ਆਦਿ ੨੫੮*

*ਚਚਾ ਚਰਨ ਕਮਲ ਗੁਰ ਲਾਗਾ॥ ਧਨਿ ਧਨਿ ਉਆ ਦਿਨ ਸੰਜੋਗ ਸਭਾਗਾ॥*
*ਆਦਿ ੨੫੪*

*ਨੰਨਾ ਨਰਕਿ ਪਰਹਿ ਤੇ ਨਾਹੀ॥ ਜਾ ਕੈ ਮਨਿ ਤਨਿ ਨਾਮੁ ਬਸਾਹੀ॥*
*ਆਦਿ ੨੫੭*

ਮਹਾਂਪੁਰਖਾਂ ਨੇ ਆਪਣੇ ਨਾਮ ਦੇ ਪਹਿਲੇ ਅੱਖਰ 'ਗੁ' ਤੋਂ ਪ੍ਰੇਰਨਾ ਲੈ ਕੇ ਪ੍ਰਿਥਵੀ ਭਾਵ ਸ੍ਰਿਸਟੀ ਦੀ ਬਿੰਦ ਰੱਖਿਆ ਕਰਨ ਵਾਲੇ ਪਰਮੇਸਰ ਨੂੰ ਹਰੇਕ ਸਵਾਸ ਨਾਲ ਜਪਿਆ। 'ਰ' ਅੱਖਰ ਤੋਂ ਪ੍ਰੇਰਨਾ ਲੈ ਕੇ ਸੰਤਾਂ ਦੇ ਚਰਨਾਂ ਦੀ ਧੂੜੀ ਬਣ ਗਏ ਭਾਵ ਸੰਸਾਰੀ ਬੰਧਨਾਂ ਤੋਂ ਮੁਕਤ ਹੋ ਗਏ। 'ਬ' ਅੱਖਰ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਬ੍ਰਹਮ ਭਾਵ ਆਤਮ ਪਰਮੇਸਰ ਨੂੰ ਜਾਣ ਲਿਆ। 'ਚ' ਅੱਖਰ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਸਤਿਗੁਰਾਂ ਦੇ ਚਰਨ ਕਮਲਾਂ ਨਾਲ ਚਿੱਤ ਜੋੜ ਲਿਆ ਜਿਸ ਕਰਕੇ ਉਹ ਧੰਨਤਾ ਦੇ ਯੋਗ ਹੋ ਕੇ ਵੱਡੇ ਭਾਗਾਂ ਵਾਲੇ ਬਣ ਗਏ। 'ਨ' ਅੱਖਰ ਤੋਂ ਮਹਾਂਪੁਰਖਾਂ ਨੇ ਪ੍ਰੇਰਨਾ ਲੈ ਕੇ ਗੁਰਾਂ ਦੇ ਖਜਾਨੇ ਵਿੱਚੋਂ ਨਾਮ ਲੈ ਕੇ ਕਮਾਈ ਕੀਤੀ ਜਿਸ ਕਰਕੇ ਨਾਮ ਉਨ੍ਹਾਂ ਦੇ ਮਨ ਤੇ ਤਨ ਵਿਚ ਵਸ ਗਿਆ। ਐਸੀ ਸਮਰੱਥਾ ਦੇ ਮਾਲਕ ਬਣ ਗਏ ਕਿ ਉਨ੍ਹਾਂ ਦੀ ਸੰਗਤ ਕਰਨ ਵਾਲੇ ਵੀ ਨਰਕਾਂ ਵਿੱਚ ਨਹੀਂ ਪੈਣਗੇ। ਸਿੰਘ ਨਾਮ ਸ਼ੇਰ ਦਾ ਹੈ ਜੋ ਜੰਗਲ ਦਾ ਬਾਦਸ਼ਾਹ ਹੁੰਦਾ ਹੈ। ਇਹ ਬਜੁਰਗਾਂ ਦੀ ਪਦਵੀ ਹੈ। ਮਹਾਂਪੁਰਖਾਂ ਨੇ ਬਚਪਨ ਤੋਂ ਲੈ ਕੇ ਇਸ ਪਦਵੀ ਨੂੰ ਦਾਗ ਨਹੀਂ ਲੱਗਣ ਦਿੱਤਾ। ਗੁਰਮਤਿ ਪ੍ਰਚਾਰ ਦੇ ਨਾਲ ਨਾਲ ਹੱਥੀਂ ਸੇਵਾ ਕਰਕੇ ਨਿਸ਼ਕਾਮਤਾ ਦਾ ਰਸਤਾ ਦਿਖਾਇਆ।

ਮਹਾਂਪੁਰਖਾਂ ਨੇ ਜਿੱਥੇ ਆਪਣੇ ਨਾਮ ਨੂੰ ਲਾਜ ਲੱਗਣ ਨਹੀਂ ਦਿੱਤੀ ਉੱਥੇ ਆਪਣੇ ਵਿਦਿਆ ਦਾਤੇ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਪਵਿੱਤਰ ਸੰਗਤ ਵਿੱਚ ਰਹਿ ਕੇ ਉਸ ਅਵਸਥਾ ਦੇ ਮਾਲਕ ਬਣ ਗਏ ਜਿਸ ਬਾਬਤ ਹਜੂਰ ਨੇ ਭਗਤ ਕਬੀਰ ਜੀ ਦੀ ਰਸਨਾ ਦੁਆਰਾ ਬਚਨ ਕੀਤੇ ਹਨ।

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ਆਦਿ ੧੩੬੫*

ਵਿਦਵਾਨਾਂ ਦੀ ਰਾਇ ਇਸ ਤਰ੍ਹਾਂ ਵੀ ਹੈ ਗੁਰ ਦਾ ਅਰਥ ਚੇਤਨ, ਬਚਨ ਦਾ ਅਰਥ ਬਿਲਾਸ, ਸਿੰਘ ਦਾ ਅਰਥ ਹਰੀ, ਖਾਲਸੇ ਦਾ ਅਰਥ ਸ਼ੁੱਧ। ਇਸ ਤਰ੍ਹਾਂ ਸੰਤ, ਅਭੈ, ਚੇਤਨ, ਬਿਲਾਸ, ਹਰੀ, ਸ਼ੁੱਧ ਰੂਪ ਬਣ ਗਏ।

ਇਸ ਤਰ੍ਹਾਂ ਆਪ ਜੀ ਨੇ ਆਪਣੇ ਵਿਦਿਆ ਦਾਤੇ ਪੂਜਨੀਕ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਨਾਮ ਦੀ ਵੀ ਲਾਜ ਰੱਖੀ।

29. ਕੀਰਤਨ ਦੀ ਸੇਵਾ-ਮਹਾਂਪੁਰਖਾਂ ਨੇ ਸਾਰੀ ਉਮਰ ਕੀਰਤਨ ਦੀ ਸੇਵਾ ਕੀਤੀ। ਟਕਸਾਲ ਵਿੱਚ ੧੯੩੦ ਤੋਂ ਲੈ ਕੇ ੬ ਕੀਰਤਨ ਦੀ ਸੇਵਾ ਨਿਭਾਈ। ਟਕਸਾਲ ਵਿੱਚ ਇਨ੍ਹਾਂ ਨੂੰ ਰਾਗੀ ਸਿੰਘ ਕਰਕੇ ਯਾਦ ਕੀਤਾ ਜਾਂਦਾ ਹੈ, ਕੀਰਤਨ ਕਰਦੇ ਸਮੇਂ ਸਰੀਰ ਦੀ ਰੋਮਾਵਲੀ ਖੜੀ ਹੋ ਜਾਂਦੀ ਸੀ। ਚਿਹਰਾ ਦਗ ਦਗ ਕਰਦਾ। ਦਸਮ ਦੀ ਬਾਣੀ, ਭਾਈ ਗੁਰ ਦਾਸ ਦੀਆਂ ਵਾਸਤੇ ਕਬਿੱਤ ਅਤੇ ਭਾਈ ਨੰਦ ਲਾਲ ਦੀਆਂ ਗਜਲਾਂ ਦਾ ਕੀਰਤਨ ਜਬਾਨੀ ਕਰਦੇ।

## ਦਸਤਾਰ ਬੰਦੀ ਕਰਨ ਬਾਰੇ

1992-93 ਵਿੱਚ ਜਦੋਂ ਪਟਿਆਲਾ ਵਿਖੇ ਆਦਿ ਦੀ ਲੜੀਵਾਰ ਕਥਾ ਚੱਲ ਰਹੀ ਸੀ ਤਾਂ ਉਸ ਸਮੇਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਜੀ ਭਿੰਡਰਾਂਵਾਲੇ ਜਥੇ ਸਮੇਤ ਪਟਿਆਲੇ ਆਏ ਸਨ। ਇੱਕ ਹਫਤੇ ਦਾ ਕਥਾ ਕੀਰਤਨ ਦਾ ਸਮਾਗਮ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਾ:੯ ਪਟਿਆਲਾ ਵਿਖੇ ਰੱਖਿਆ ਗਿਆ ਸੀ। ਉਨ੍ਹਾਂ ਦੀ ਹਾਜਰੀ ਵਿੱਚ ਮਹਾਂਪੁਰਖਾਂ ਨੇ ਬਾਬਾ ਠਾਕੁਰ ਸਿੰਘ ਜੀ ਨੂੰ ਆਖਿਆ ਵੱਡਿਆਂ ਮਹਾਂਪੁਰਖਾਂ ਨੇ ਮੈਨੂੰ ਗੁਰਮਤਿ ਪ੍ਰਚਾਰ ਦੀ ਜੋ ਸੇਵਾ ਲਾਈ ਸੀ ਉਹ ਸੇਵਾ ਮੈਂ ਗਿਆਨੀ ਪਾਲ ਸਿੰਘ ਨੂੰ ਸੌਂਪ ਦਿੱਤੀ ਹੈ। ਜਿਵੇਂ ਛੇਵੇਂ ਪਾਤਸ਼ਾਹ ਦੇ ਚਰਨਾਂ ਵਿਚ ਭਾਈ ਬਿਧੀ ਚੰਦ ਨੇ ਭਾਈ ਲਾਲ ਚੰਦ ਨੂੰ ਹਾਜਰ ਕਰਕੇ ਬੇਨਤੀ ਕੀਤੀ ਸੀ ਤਿਵੇਂ ਮੈਂ ਤੁਹਾਨੂੰ ਇਨ੍ਹਾਂ ਦੀ ਬਾਂਹ ਪਕੜਾਉਂਦਾ ਹਾਂ ਕਿਰਪਾ ਦ੍ਰਿਸ਼ਟੀ ਰੱਖਣੀ। ਬਾਬਾ ਠਾਕੁਰ ਸਿੰਘ ਜੀ ਬਹੁਤ ਖੁਸ਼ ਹੋਏ ਅਤੇ ਆਖਣ ਲੱਗੇ ਕਿ ਗੁਰਮਤਿ ਪ੍ਰਚਾਰ ਦੀ ਲੜੀ ਜਾਰੀ ਰਹਿਣੀ ਬਹੁਤ ਜਰੂਰੀ ਹੈ। ਇਹ ਤੁਸੀਂ ਆਪਣੇ ਸਰੀਰ ਦੇ ਹੁੰਦਿਆਂ ਹੁੰਦਿਆਂ ਸੇਵਾ ਲਾ ਦਿੱਤੀ ਹੈ ਚੰਗਾ ਕੀਤਾ ਹੈ। ਅਜੇ ਤੁਸੀਂ ਵੀ ਲੰਮਾ ਸਮਾਂ ਸੇਵਾ ਕਰਨੀ ਹੈ। ਤੁਹਾਡੀ ਹਾਜਰੀ ਵਿੱਚ ਗਿਆਨੀ ਪਾਲ ਸਿੰਘ ਹੋਰ ਪਰਪੱਕ ਹੋ ਜਾਣਗੇ। ਪਿਛਲੇ ਕਈ ਸਾਲਾਂ ਤੋਂ ਇਹ ਆਪ ਜੀ ਦੀ ਪ੍ਰੇਰਨਾ ਸਦਕਾ ਜਥੇ ਨੂੰ ਬੁਲਾ ਕੇ ਹਰ ਸਾਲ ਸੇਵਾ ਕਰਕੇ ਗੁਰਮਤਿ ਪ੍ਰਚਾਰ ਵਿੱਚ ਆਪਣਾ ਨਿੱਗਰ ਹਿੱਸਾ ਪਾ ਰਹੇ ਹਨ। ਬਾਬਾ ਠਾਕੁਰ ਸਿੰਘ ਜੀ ਨੇ ਵੀ ਮਹਾਂਪੁਰਖਾਂ ਦੀ ਹਾਜਰੀ ਵਿੱਚ ਆਪਣੇ ਵਲੋਂ ਸਿਰੋਪਾਓ ਬਖਸ਼ਿਸ਼ ਕਰ ਦਿੱਤਾ। ਮਹਾਂਪੁਰਖਾਂ ਦੇ ਦੁਸਹਿਰੇ ਦੇ ਸਮਾਗਮ ਦੀ ਅਰਦਾਸ ਦੇ ਵਿੱਚ ਹੀ ਪੰਜ ਸਿੰਘਾਂ ਨੇ ਮਹਾਂਪੁਰਖਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਉੱਤਰਾਧਿਕਾਰੀ ਦੀ ਅਰਦਾਸ ਕੀਤੀ ਅਤੇ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਗਿਆਨੀ ਪਾਲ ਸਿੰਘ ਜੀ ਦੇ ਸੀਸ ਤੇ ਮਿਹਰ ਭਰਿਆ ਹੱਥ ਰੱਖ ਕੇ ਗੁਰਮਤਿ ਪ੍ਰਚਾਰ ਦੀ ਸੇਵਾ ਸਾਰੀ ਜਿੰਦਗੀ ਲੈਂਦੇ ਰਹਿਣਾ। ਅਰਦਾਸ ਤੋਂ ਉਪਰੰਤ ਹੁਕਮਨਾਮਾ ਗ੍ਰੰਥੀ ਸਿੰਘ ਨੇ

ਸਾਰੀਆਂ ਸੰਗਤਾਂ ਨੂੰ ਸਰਵਣ ਕਰਵਾਇਆ ਅਤੇ ਆਈਆਂ ਸੰਗਤਾਂ, ਮਹਾਂਪੁਰਖਾਂ ਅਤੇ ਪੰਜਾਂ ਸਿੰਘਾਂ ਵੱਲੋਂ ਗਿਆਨੀ ਪਾਲ ਸਿੰਘ ਜੀ ਨੂੰ ਸਿਰੋਪਾਉ ਅਤੇ ਦਸਤਾਰਾਂ ਦਿੱਤੀਆਂ ਗਈਆਂ। ਸਰਕਾਰੀ ਹਾਈ ਸਕੂਲ ਉਪਲਹੇੜੀ ਵਿਖੇ ਦਸਤਾਰ ਬੰਦੀ ਕੀਤੀ ਗਈ।

## ਸਲਾਨਾ ਗੁਰਮਤਿ ਸਮਾਗਮ ਕਰਾਉਣ ਬਾਰੇ

*ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ॥*
*ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ॥*
*ਆਦਿ ੫੧੪*

ਮਹਾਂਪੁਰਖਾਂ ਨੇ 9 ਸਤੰਬਰ 2004 ਦਿਨ ਵੀਰਵਾਰ ਨੂੰ ਸਚਖੰਡ ਗਮਨ ਕੀਤਾ। ਉਨ੍ਹਾਂ ਦੀ ਪਵਿਤਰ ਯਾਦ ਨੂੰ ਲੈ ਕੇ ਹਰ ਸਾਲ 9 ਸਤੰਬਰ ਨੂੰ ਖਾਲਸਾ ਦਰਬਾਰ ਸਾਹਿਬ ਉਪਲਹੇੜੀ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਗਲ ਇਹ ਹੈ ਕਿ ਪ੍ਰੇਮੀ ਸੰਗਤਾਂ ਸਹਿਜ ਪਾਠ ਆਪ ਕਰਕੇ 9 ਸਤੰਬਰ ਨੂੰ ਹਰ ਸਾਲ ਭੋਗ ਪਾਉਂਦੀਆਂ ਹਨ। ਸ੍ਰੀ ਅਖੰਡ ਪਾਠ ਸਾਹਿਬ ਜਪੁ ਜੀ ਸਾਹਿਬ ਦੇ ਸਮੇਤ ਕੀਤੇ ਜਾਂਦੇ ਹਨ। ਇਸ ਦਿਨ ਰਾਗੀ ਜਥੇ, ਪ੍ਰਚਾਰਕ ਅਤੇ ਸੰਤ ਮਹਾਂਪੁਰਖ ਗੁਰਮਤਿ ਪ੍ਰਚਾਰ ਦੀ ਸੇਵਾ ਮਹਾਂਪੁਰਖਾਂ ਦੀ ਪਵਿਤਰ ਯਾਦ ਵਿਚ ਕਰਦੇ ਹਨ। ਲੰਗਰਾਂ ਦੀ ਸੇਵਾ ਨਗਰ ਨਿਵਾਸੀ ਸੰਗਤਾਂ ਬੜੇ ਪ੍ਰੇਮ ਨਾਲ ਸਮੇਂ ਸਿਰ ਕਰਦੀਆਂ ਹਨ। ਸੰਗਤਾਂ ਇਸ ਦਿਨ ਨੂੰ ਸਾਲ ਭਰ ਉਡੀਕ ਦੀਆਂ ਰਹਿੰਦੀਆਂ ਹਨ।

*ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ*
*ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ॥ ਆਦਿ ੧੨੦੧*

## ਖਾਲਸਾ ਦਰਬਾਰ ਸਾਹਿਬ ਦੀ ਸੇਵਾ ਸੰਭਾਲ

ਇਸ ਪਵਿੱਤਰ ਅਸਥਾਨ ਦੀ ਸੇਵਾ ਸੰਭਾਲ ਸੰਗਤਾਂ ਆਪ ਕਰਦੀਆਂ ਹਨ। ਛੋਟੇ ਛੋਟੇ ਭੁਝੰਗੀ ਨਿਤਨੇਮ ਦੀ ਸੇਵਾ ਕਰਦੇ ਹਨ। ਨੌਜੁਵਾਨ ਲੜਕੀਆਂ ਦੋਨੋ ਸਮੇਂ ਕੀਰਤਨ ਦੀ ਸੇਵਾ ਨਿਭਾਉਂਦੀਆਂ ਹਨ। ਨਗਰ ਦੀਆਂ ਬੀਬੀਆਂ ਬਾਹਰੋਂ ਆਈਆਂ ਸੰਗਤਾਂ ਲਈ ਲੰਗਰ ਦੀ ਸੇਵਾ ਬੜੇ ਉਤਸ਼ਾਹ ਨਾਲ ਕਰਦੀਆਂ ਹਨ। ਰੋਜਾਨਾ ਕੜਾਹ ਪ੍ਰਸ਼ਾਦਿ ਦੀ ਸੇਵਾ ਵਡਿਆਂ ਮਹਾਂਪੁਰਖਾਂ ਦੇ ਵਿਦਿਆਰਥੀ ਭਾਈ ਬਲਦੇਵ ਸਿੰਘ ਜੀ ਪਿਛਲੇ ਲੰਮੇ ਸਮੇਂ ਤੋਂ ਨਿਭਾ ਰਹੇ ਹਨ। ਮਹਾਂਪੁਰਖਾਂ ਦੇ ਸਰੀਰ ਵਿਚ ਹੁੰਦੇ ਸਮੇਂ ਪਵਿੱਤਰ ਕੜਾਹ ਪ੍ਰਸ਼ਾਦਿ ਦੀ ਸੇਵਾ ਭਾਈ ਜੀਤ ਸਿੰਘ ਜੀ ਨਿਭਾਉਂਦੇ ਰਹੇ।

## ਸਕੂਲ ਦੇ ਦਫਤਰ ਦੀ ਕਾਰ ਸੇਵਾ

18 ਸਤੰਬਰ 2004 ਦਿਨ ਸ਼ਨੀਵਾਰ ਨੂੰ ਮਹਾਂਪੁਰਖਾਂ ਦੇ ਦੁਸਹਿਰੇ ਦਾ ਸਮਾਗਮ ਜਦੋਂ ਇਸ ਸਕੂਲ ਵਿੱਚ ਰੱਖਿਆ ਗਿਆ ਸੀ ਉਨ੍ਹਾਂ ਦਿਨਾਂ ਵਿੱਚ ਸ਼੍ਰੀਮਤੀ ਕਾਂਤਾ ਵਾਲੀਆ ਸਕੂਲ ਦੇ ਮੁੱਖ ਅਧਿਆਪਕਾ ਸਨ। ਇਨ੍ਹਾਂ ਨੇ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਦੀ ਬਹੁਤ ਖੁਸ਼ੀ ਨਾਲ ਸੇਵਾ ਕੀਤੀ। ਦੁਸਹਿਰੇ ਵਾਲੇ ਦਿਨ ਇਨ੍ਹਾਂ ਨੂੰ ਸਟੇਜ ਤੇ ਸਮਾਂ ਵੀ ਦਿੱਤਾ। ਬੀਬੀ ਕਾਂਤਾ ਵਾਲੀਆ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਸੰਕੋਚਵੇਂ ਸ਼ਬਦਾਂ ਨਾਲ ਮਹਾਂਪੁਰਖਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਕੂਲ ਵਿੱਚ ਦਾਸ ਨੇ ਪਹਿਲੀਆਂ ਪੰਜ ਜਮਾਤਾਂ ਪੜ੍ਹੀਆਂ ਸਨ। ਇਹ ਭੱਠੇ ਵਾਲੀ ਥਾਂ ਸੀ। ਸਾਡੇ ਬਾਪੂ ਗਿਆਨੀ ਖੇਮ ਸਿੰਘ ਨੇ ਬਲਦਾਂ ਵਾਲੇ ਕਰਾਹ ਨਾਲ ਸਕੂਲ ਦੇ ਗਰਾਊਂਡ ਨੂੰ ਪੱਧਰਾ ਕੀਤਾ ਸੀ। ਮੇਰੇ ਮਨ ਵਿੱਚ ਵੀ ਇੱਛਾ ਸੀ ਕਿ ਮੈਂ ਵੀ ਇਸ ਸਕੂਲ ਵਿੱਚ ਸਮਾਂ ਆਉਣ ਤੇ ਕੋਈ ਸੇਵਾ ਕਰਾਂ। ਮਹਾਂਪੁਰਖਾਂ ਦੇ ਦੁਸਹਿਰੇ ਦੇ ਸਮਾਗਮ ਤੋਂ ਬਾਅਦ ਅਸੀਂ ਪਟਿਆਲੇ ਤੋਂ ਸਰਕਾਰੀ ਹਾਈ ਸਕੂਲ ਉਪਲਹੇੜੀ ਵਿਖੇ ਪਹੁੰਚ ਗਏ। ਬੀਬੀ ਕਾਂਤਾ ਵਾਲੀਆ ਜੀ ਸਾਨੂੰ ਵੇਖ ਕੇ ਬਾਹਰ ਆ ਗਏ। ਅਸੀਂ ਆਖਿਆ ਕਿ ਤੁਹਾਡੇ ਦਫਤਰ ਵਿੱਚ ਬੈਠਦੇ ਹਾਂ। ਬੀਬੀ ਵਾਲੀਆ ਜੀ ਕਹਿਣ ਲੱਗੇ ਇਹ ਦਰਖਤ ਦੀ ਛਾਂ ਹੀ ਮੇਰਾ ਦਫਤਰ ਹੈ। ਇਹ ਕਹਿ ਕੇ ਉਨ੍ਹਾਂ ਨੇ ਕੁਰਸੀਆਂ ਮੰਗਵਾ ਲਈਆਂ। ਦਰਖਤ ਦੀ ਠੰਢੀ ਛਾਂ ਥੱਲੇ ਇਨ੍ਹਾਂ ਕੁਰਸੀਆਂ ਤੇ ਅਸੀਂ ਸਾਰੇ ਬੈਠ ਗਏ। ਬੀਬੀ ਵਾਲੀਆ ਜੀ ਕਹਿਣ ਲੱਗੇ ਹੁਣ ਆਪ ਜੀ ਨੂੰ ਮਹਾਂਪੁਰਖਾਂ ਦੀ ਥਾਂ ਤੇ ਸੰਗਤ ਨੇ ਦਸਤਾਰਾਂ ਦੇ ਕੇ ਨਿਵਾਜਿਆ ਹੈ। ਹੁਣ ਆਪ ਜੀ ਸਾਡੇ ਵਾਸਤੇ ਬਹੁਤ ਸਤਿਕਾਰਯੋਗ ਹੋ। ਇਸ ਲਈ ਮੈਂ ਆਪ ਜੀ ਨੂੰ ਬੇਨਤੀ ਕਰਦੀ ਹਾਂ ਕਿ ਸਾਡੇ ਸਕੂਲ ਵਿੱਚ ਸਟਾਫ ਦੇ ਬੈਠਣ ਲਈ ਕੋਈ ਦਫਤਰ ਨਹੀਂ ਹੈ। ਅਸੀਂ ਆਖਿਆ ਤੁਸੀਂ ਹੁਕਮ ਕਰੋ ਤੁਹਾਡਾ ਦਫਤਰ ਹੀ ਬਣਵਾ ਦਿੰਦੇ ਹਾਂ। ਸਾਰਾ ਸਟਾਫ ਬਹੁਤ ਖੁਸ਼ ਹੋਇਆ। ਕੁਝ ਦਿਨਾਂ ਮਗਰੋਂ ਇੱਟਾਂ, ਸੀਮਿੰਟ, ਰੇਤਾ, ਬਜਰੀ ਲਿਆਉਣ ਦੀ ਸੇਵਾ ਸਰਦਾਰ ਸੁਖਦੀਪ ਸਿੰਘ ਨਿਵਾਸੀ ਬਹਿਲੋਲ ਪੁਰ ਜਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਦਿੱਤੀ ਗਈ। ਭਰਤ ਪਾਉਣ ਵਾਸਤੇ ਮਿੱਟੀ ਲਿਆਉਣ ਦੀ ਸੇਵਾ ਨੰਬਰਦਾਰ ਬਲਦੇਵ ਸਿੰਘ ਨਿਵਾਸੀ ਉਪਲਹੇੜੀ ਨੂੰ ਦਿੱਤੀ ਗਈ। ਸਾਰੀ ਸਮੱਗਰੀ ਪਹੁੰਚਣ ਤੇ ਕੁਝ ਦਿਨਾਂ ਮਗਰੋਂ ਦੱਸੀ ਹੋਈ ਥਾਂ ਤੇ ਸਕੂਲ ਦੇ ਦਫਤਰ ਦੀ ਕਾਰ ਸੇਵਾ ਅਰਦਾਸ ਕਰਕੇ ਆਰੰਭ ਕੀਤੀ ਗਈ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ 31 ਦਸੰਬਰ 2004 ਨੂੰ ਕਾਰ ਸੇਵਾ ਮੁਕੰਮਲ ਹੋ ਗਈ ਜਿਸ ਵਿੱਚ ਦੋ ਕਮਰਿਆਂ ਤੋਂ ਇਲਾਵਾ ਵਰਾਂਡਿਆਂ ਦੀ ਉਸਾਰੀ ਅਤੇ ਵਿਦਿਆਰਥੀਆਂ ਅਤੇ ਸਟਾਫ ਲਈ ਬਾਥਰੂਮ ਤਿਆਰ ਕਰਵਾਏ ਗਏ। ਸਕੂਲ ਦੇ ਗਰਾਊਂਡ ਵਿੱਚ ਬਹੁਤ ਸਾਰੇ ਛਾਂ ਦਾਰ ਬੂਟੇ ਲਗਵਾਏ ਗਏ। ਮਿਤੀ

3 ਜਨਵਰੀ 2005 ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਜਿਸ ਦੇ ਭੋਗ ਮਿਤੀ 5 ਜਨਵਰੀ 2005 ਨੂੰ ਪਾਏ ਗਏ। ਗੁਰੂ ਕਾ ਲੰਗਰ ਖੁੱਲ੍ਹਾ ਵਰਤਿਆ। ਪੀ.ਟੀ.ਏ. ਕਮੇਟੀ ਅਤੇ ਸਾਰੇ ਸਟਾਫ ਨੇ ਇਸ ਕਾਰ ਸੇਵਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਸਰਦਾਰ ਹਰਦਿਆਲ ਸਿੰਘ ਕੰਬੋਜ ਨੇ ਵੀ ਦਾਸ ਵਲੋਂ ਕਰਵਾਈ ਗਈ ਕਾਰ ਸੇਵਾ ਦਾ ਢੁਕਵੇਂ ਸ਼ਬਦਾਂ ਵਿਚ ਵਰਨਣ ਕੀਤਾ ਅਤੇ ਆਖਿਆ ਕਿ ਗਿਆਨੀ ਪਾਲ ਸਿੰਘ ਬਾਬਾ ਜੀ ਜੋ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਦੇ ਹੈਡ ਆਫ਼ਿਸ ਵਿਚ ਸੇਵਾ ਨਿਭਾ ਰਹੇ ਹਨ ਉਨ੍ਹਾਂ ਦਾ ਬਿਜਲੀ ਬੋਰਡ ਅੰਦਰ ਵੀ ਬਹੁਤ ਸਤਿਕਾਰ ਹੈ। ਬੋਰਡ ਵੱਲੋਂ ਕੀਤੇ ਜਾਂਦੇ ਸਾਰੇ ਧਾਰਮਿਕ ਸਮਾਗਮਾਂ ਦੀ ਪ੍ਰਧਾਨਗੀ ਗਿਆਨੀ ਪਾਲ ਸਿੰਘ ਬਾਬਾ ਜੀ ਕਰਦੇ ਹਨ। ਬੋਰਡ ਦੀਆਂ ਸਾਰੀਆਂ ਜਥੇਬੰਦੀਆਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੀਆਂ ਹਨ। ਵਾਹਿਗੁਰੂ ਜੀ ਦੀ ਕਿਰਪਾ ਸਦਕਾ ਇਹ ਸਮਾਗਮ ਹਰ ਸਾਲ ਹੋ ਰਿਹਾ ਹੈ।

## ਲੰਗਰ ਹਾਲ ਦੀ ਕਾਰ ਸੇਵਾ

ਸਮੂਹ ਨਗਰ ਨਿਵਾਸੀਆਂ ਦੀ ਮਨ ਦੀ ਇਛਾ ਸੀ ਕਿ ਇਸ ਅਸਥਾਨ ਤੇ ਲੰਗਰ ਹਾਲ ਨਹੀ ਹੈ ਸੋ ਵਿਚਾਰ ਉਪਰੰਤ ਫ਼ੈਸਲਾ ਹੋਇਆ ਕਿ ਗੁਰੂ ਘਰ ਦੀ ਪੁਰਾਣੀ ਇਮਾਰਤ ਦੇ ਨਾਲ ਜੋ ਵਿਹਲੀ ਥਾਂ ਪਈ ਸੀ ਉਸ ਥਾਂ ਤੇ ਅਮਰ ਸ਼ਹੀਦ ਬਾਬਾ ਹੀਰਾ ਸਿੰਘ ਦੀ ਪਵਿੱਤਰ ਯਾਦ ਵਿਚ ਲੰਗਰ ਹਾਲ ਉਸਾਰਿਆ ਜਾਵੇ। ਸੰਗਤ ਦੀ ਭਾਵਨਾ ਨੂੰ ਲੈ ਕੇ ਲੰਗਰ ਹਾਲ ਦੀ ਕਾਰ ਸੇਵਾ ਅਰੰਭ ਕਰਨ ਲਈ ਅਰਦਾਸ ਕੀਤੀ ਗਈ। ਤਕਰੀਬਨ 2500 ਫੁੱਟ ਵਿਚ 6 ਫੁੱਟ ਮਿੱਟੀ ਬਾਹਰੋਂ ਲਿਆ ਕੇ ਪਵਾਈ ਗਈ। ਸਾਰੀ ਸੰਗਤ ਨੇ ਬਹੁਤ ਖੁਸ਼ੀ ਨਾਲ ਸੇਵਾ ਕੀਤੀ। ਲੰਗਰ ਹਾਲ ਦੀ ਛੱਤ ਵਾਸਤੇ ਆਰ.ਸੀ.ਸੀ ਦੇ ਥਮਲੇ ਉਸਾਰੇ ਗਏ। ਇਨ੍ਹਾਂ ਥਮਲਿਆਂ ਉਪਰ ਆਰ.ਸੀ.ਸੀ ਲੈਂਟਰ ਪਾਇਆ ਗਿਆ। ਬੜੀ ਤੇਜ਼ੀ ਦੇ ਨਾਲ ਇਸ ਦੀ ਲਿਪਾਈ ਕੀਤੀ ਗਈ। ਰੌਸ਼ਨੀ ਅਤੇ ਪੱਖਿਆਂ ਲਈ ਬਿਜਲੀ ਦੇ ਪਾਈਪ ਅੰਡਰਗਰਾਊਂਡ ਪਾਏ ਗਏ। ਲੰਗਰ ਹਾਲ ਦੇ ਫ਼ਰਸ਼ ਵਿਚ ਬਹੁਤ ਸੁੰਦਰ ਸੰਗਮਰਮਰ ਲਾਇਆ ਗਿਆ। ਲੰਗਰ ਹਾਲ ਵਿਚ ਵਧੀਆ ਕੰਪਨੀ ਦੇ ਛੱਤ ਵਾਲੇ ਪੱਖੇ ਲਗਵਾਏ ਗਏ । ਇਹ ਲੰਗਰ ਹਾਲ ਹਵਾਦਾਰ ਅਤੇ ਕੁਦਰਤੀ ਰੌਸ਼ਨੀ ਵਾਲਾ ਹੈ। ਸੜਕ ਵਾਲੇ ਪਾਸੇ ਗਰਿੱਲਾਂ ਲਗਾਈਆਂ ਗਈਆਂ ਹਨ ਤਾਂ ਜੋ ਦਿਨ ਰਾਤ ਬਾਹਰੋਂ ਕੁਦਰਤੀ ਹਵਾ ਆਉਂਦੀ ਰਹੇ। ਇਸ ਤਰ੍ਹਾਂ ਰੌਸ਼ਨੀ ਅਤੇ ਹਵਾ ਲਈ ਬਿਜਲੀ ਦੀ ਬੱਚਤ ਹੋ ਰਹੀ ਹੈ। ਬਾਹਰੋਂ ਵੇਖਣ ਨੂੰ ਬਹੁਤ ਸੁੰਦਰ ਲਗਦਾ ਹੈ।

## ਗੁ: ਖਾਲਸਾ ਦਰਬਾਰ ਸਾਹਿਬ ਉਪਲਹੇੜੀ ਦੀ ਕਾਰ ਸੇਵਾ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ 9 ਸਤੰਬਰ 2004 ਨੂੰ ਸੱਚਖੰਡ ਜਾ ਬਿਰਾਜੇ। ਉਨ੍ਹਾਂ ਦੀ ਪਵਿਤਰ ਯਾਦ ਵਿਚ ਸਰਕਾਰੀ ਹਾਈ ਸਕੂਲ ਉਪਲਹੇੜੀ ਦੇ ਦਫ਼ਤਰ ਦੀ ਕਾਰ ਸੇਵਾ 31 ਦਸੰਬਰ 2004 ਤਕ ਸੰਪੂਰਨ ਹੋ ਗਈ ਸੀ ਜਿਸ ਦੀ ਖੁਸ਼ੀ ਵਿਚ ਸਕੂਲ ਦੀ ਪੀ.ਟੀ.ਏ ਕਮੇਟੀ ਅਤੇ ਨਗਰ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਰਖਵਾਏ ਗਏ ਜਿਸ ਦੇ ਭੋਗ 5 ਜਨਵਰੀ 2005 ਨੂੰ ਪਾਏ ਗਏ। ਭੋਗ ਤੋਂ ਉਪਰੰਤ ਦੀਵਾਨ ਸਜਾਏ ਗਏ। ਸਾਰੀਆਂ ਸੰਗਤਾਂ ਵਿਚ ਦਾਸ ਦਾ ਧੰਨਵਾਦ ਕੀਤਾ ਗਿਆ। ਉਸ ਸਮੇਂ ਨਗਰ ਨਿਵਾਸੀਆਂ ਨੇ ਸਟੇਜ ਤੇ ਐਲਾਨ ਕੀਤਾ ਕਿ ਜਿਸ ਅਸਥਾਨ ਤੇ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਰਹਿੰਦੇ ਰਹੇ ਉਸ ਅਸਥਾਨ ਦੀ ਕਾਰ ਸੇਵਾ ਵੀ ਸੰਤ ਬਾਬਾ ਪਾਲ ਸਿੰਘ ਜੀ ਨੂੰ ਕਰਨੀ ਚਾਹੀਦੀ ਹੈ। ਸਾਰੀ ਸੰਗਤ ਨੇ ਜੈਕਾਰਿਆਂ ਨਾਲ ਪੰਡਾਲ ਗੂੰਜਾ ਦਿਤਾ। ਦਾਸ ਨੇ ਇਸ ਐਲਾਨ ਨੂੰ ਇਲਾਹੀ ਹੁਕਮ ਜਾਣ ਕੇ ਕੁਝ ਮਹੀਨਿਆ ਬਾਅਦ ਅਰਦਾਸ ਕਰਕੇ ਕਾਰ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਆਰੰਭ ਕਰ ਦਿਤੀ। ਸਭ ਤੋਂ ਪਹਿਲਾਂ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਹੀਰਾ ਸਿੰਘ ਜੀ ਦੇ ਨਾਮ ਤੇ ਲੰਗਰ ਹਾਲ ਉਸਾਰਿਆ ਗਿਆ। ਇਸ ਦੇ ਉਪਰ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੀ ਪਵਿੱਤਰ ਯਾਦ ਵਿੱਚ ਖਾਲਸਾ ਦਰਬਾਰ ਸਾਹਿਬ 2006 ਵਿੱਚ ਉਸਾਰਿਆ ਗਿਆ।

## ਬੁੰਗਾ ਸਾਹਿਬ ਦੀ ਕਾਰ ਸੇਵਾ

ਸਾਰੀ ਸੰਗਤ ਦੀ ਤੀਬਰ ਇਛਾ ਸੀ ਕਿ ਬਾਬਾ ਹੀਰਾ ਸਿੰਘ ਜੀ ਦੀ ਪਵਿਤਰ ਯਾਦ ਵਿਚ ਬੁੰਗਾ ਸਾਹਿਬ ਉਸਾਰਿਆ ਜਾਵੇ। ਇਸ ਤੋਂ ਪਹਿਲਾਂ ਭਾਵੇਂ ਸ਼ਹੀਦ ਬਾਬਾ ਹੀਰਾ ਸਿੰਘ ਜੀ ਦੀ ਪਵਿਤਰ ਯਾਦ ਵਿਚ ਲੰਗਰ ਹਾਲ ਉਸਾਰਿਆ ਜਾ ਚੁੱਕਾ ਸੀ ਕਿਉਂਕਿ ਬਾਬਾ ਹੀਰਾ ਸਿੰਘ ਜੀ ਨੇ ਗੁਰੂ ਘਰ ਵਾਸਤੇ ਆਪਣਾ ਸਰੀਰ ਲੇਖੇ ਲਾ ਦਿੱਤਾ ਸੀ। ਇਸ ਲਈ ਐਸੇ ਅਮਰ ਸ਼ਹੀਦ ਦੀ ਯਾਦ ਵਿਚ ਬੁੰਗਾ ਸਾਹਿਬ ਉਸਾਰਿਆ ਜਾਵੇ ਜਿਥੇ ਬੈਠ ਕੇ ਸੰਗਤਾਂ ਗੁਰਬਾਣੀ ਦਾ ਪਾਠ ਕਰ ਸਕਣ। ਲੰਗਰ ਹਾਲ ਦੇ ਖੱਬੇ ਪਾਸੇ ਵਾਲੇ ਬੁੰਗੇ ਅੰਦਰ ਖਾਲਸਾ ਦਰਬਾਰ ਸਾਹਿਬ ਲਈ ਪਉੜੀਆਂ ਬਣਾਈਆਂ ਗਈਆਂ ਅਤੇ ਸੱਜੇ ਪਾਸੇ ਬਾਬਾ ਹੀਰਾ ਸਿੰਘ ਦੀ ਯਾਦ ਵਿਚ ਬੁੰਗਾ ਸਾਹਿਬ ਉਸਾਰਿਆ ਗਿਆ। ਇਸ ਬੁੰਗਾ ਸਾਹਿਬ ਵਿਚ ਅਕਾਲ ਪੁਰਖ ਦੀ ਕਿਰਪਾ ਸਦਕਾ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਵਿਦਿਆਰਥੀ ਨਿਤਨੇਮ ਤੋਂ ਇਲਾਵਾ ਸਹਿਜ ਪਾਠ ਕਰਦੇ ਰਹਿੰਦੇ ਹਨ ਅਤੇ ਸੰਗਤਾਂ ਸੁਖਮਨੀ ਸਾਹਿਬ ਜੀ ਦੇ ਪਾਠ ਵੀ ਕਰਦੀਆਂ ਹਨ।

## ਰਸੋਈ ਘਰ ਦੀ ਕਾਰ ਸੇਵਾ

ਗੁਰੂ ਘਰ ਦੀ ਪੁਰਾਣੀ ਇਮਾਰਤ ਦੇ ਨਾਲ ਜੋ ਵਿਹਲੀ ਥਾਂ ਪਈ ਸੀ ਉਸ ਥਾਂ ਤੇ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੀ ਯਾਦ ਵਿਚ ਖਾਲਸਾ ਦਰਬਾਰ ਸਾਹਿਬ ਲੰਗਰ ਹਾਲ ਦੇ ਉਪਰ ਉਸਾਰਿਆ ਗਿਆ। ਗੁਰੂ ਘਰ ਦੀ ਪੁਰਾਣੀ ਇਮਾਰਤ ਪਿੰਡ ਦੀਆਂ ਗਲੀਆਂ ਉੱਚੀਆਂ ਹੋਣ ਕਰਕੇ ਨੀਵੀ ਹੋ ਗਈ ਸੀ। ਗੁਰੂ ਘਰ ਦੀ ਪੁਰਾਣੀ ਇਮਾਰਤ ਦੀ ਉਸਾਰੀ ਸਮੇਂ ਮਾਤਾ ਪ੍ਰੇਮ ਕੌਰ ਨੇ ਆਪਣੇ ਹੱਥੀਂ ਚੂਨਾ ਪੀਹ ਕੇ ਬਹੁਤ ਸੇਵਾ ਕੀਤੀ ਸੀ। ਇਸ ਲਈ ਸੰਗਤਾਂ ਨੇ ਵਿਚਾਰ ਕਰਕੇ ਫ਼ੈਸਲਾ ਕੀਤਾ ਕਿ ਗੁਰੂ ਘਰ ਦੀ ਪੁਰਾਣੀ ਇਮਾਰਤ ਦੀ ਥਾਂ ਤੇ ਮਹਾਂਪੁਰਖਾਂ ਦੇ ਸਤਿਕਾਰਯੋਗ ਮਾਤਾ ਪ੍ਰੇਮ ਕੌਰ ਜੀ ਦੀ ਪਵਿੱਤਰ ਯਾਦ ਵਿੱਚ ਰਸੋਈ ਘਰ ਦੀ ਉਸਾਰੀ ਕੀਤੀ ਜਾਵੇ। ਇਹ ਥਾਂ ਤਕਰੀਬਨ 1600 ਫ਼ੁੱਟ ਹੈ ਜਿਸ ਦੀ ਕਾਰ ਸੇਵਾ ਕਰਨ ਲਈ ਨਗਰ ਨਿਵਾਸੀਆਂ ਨੇ ਦਾਸ ਨੂੰ ਬਚਨ ਕੀਤਾ। ਸੰਗਤ ਦੇ ਬਚਨ ਨੂੰ ਮੰਨ ਕੇ ਸ੍ਰੀ ਮਾਨ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੀ ਪ੍ਰੇਰਨਾ ਨਾਲ ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਰਸੋਈ ਘਰ ਦੀ ਕਾਰ ਸੇਵਾ ਵੀ ਮੁਕੰਮਲ ਹੋ ਗਈ।

## ਸੰਗੀਤ ਭਵਨ ਦੀ ਕਾਰ ਸੇਵਾ

ਮਹਾਂਪੁਰਖਾਂ ਦੇ ਸਚਖੰਡ ਜਾਣ ਤੋਂ ਉਪਰੰਤ ਦਾਸ ਦੇ ਸਾਹਮਣੇ ਸਭ ਤੋਂ ਜ਼ਰੂਰੀ ਸੇਵਾ ਇਹ ਸੀ ਕਿ ਨੌਜੁਆਨ ਬੱਚੇ ਬੱਚੀਆਂ ਨੂੰ ਕੁਸੰਗਤ ਤੋਂ ਕਿਵੇਂ ਬਚਾਇਆ ਜਾਵੇ। ਨਗਰ ਦੀ ਸੰਗਤ ਵਿਚੋਂ ਕੁਝ ਸਿੰਘਾਂ ਤੇ ਸਿੰਘਣੀਆਂ ਨੇ ਪਟਿਆਲੇ ਆ ਕੇ ਬੇਨਤੀ ਕੀਤੀ ਕਿ ਨਗਰ ਦੇ ਬੱਚੇ ਕਿਤੇ ਨਸ਼ਿਆਂ ਦੀ ਬਿਮਾਰੀ ਵਿਚ ਫਸ ਕੇ ਗੁਰੂ ਘਰ ਤੋਂ ਬੇਮੁਖ ਨਾ ਹੋ ਜਾਣ। ਇਸ ਲਈ ਨਗਰ ਦੇ ਬਚਿਆਂ ਦੇ ਭਲੇ ਬਾਰੇ ਕੋਈ ਉਪਾਅ ਕਰੋ। ਸੰਗਤ ਦੀ ਇਹ ਬੇਨਤੀ ਮੇਰੇ ਵਾਸਤੇ ਹੁਕਮ ਸੀ। ਇਸ ਹੁਕਮ ਨੂੰ ਸਵੀਕਾਰ ਕਰਕੇ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਲਈ ਗੁਰਮਤਿ ਅਕੈਡਮੀ ਖੋਲੀ ਗਈ। ਇਸ ਅਕੈਡਮੀ ਵਿਚ ਕੀਰਤਨ ਸਿਖਾਉਣ ਵਾਸਤੇ ਦੋ ਅਧਿਆਪਕ ਰੱਖੇ ਗਏ ਜੋ ਪਟਿਆਲੇ ਤੋਂ ਜਾ ਕੇ ਕੀਰਤਨ ਅਤੇ ਜੋੜੀ ਬੱਚਿਆਂ ਨੂੰ ਸਿਖਾਉਂਦੇ ਸਨ। ਬਹੁਤ ਸਾਰੇ ਬੱਚੇ ਬੱਚੀਆਂ ਨੇ ਹਰਮੋਨੀਅਮ ਅਤੇ ਜੋੜੀ ਸਿੱਖੀ। ਗੁਰਮਤਿ ਅਕੈਡਮੀ ਵਿਚ ਨਗਰ ਦੇ ਸਕੂਲ ਦੇ ਕੁਝ ਬੱਚੇ ਵੀ ਕੀਰਤਨ ਅਤੇ ਜੋੜੀ ਸਿੱਖਦੇ ਸਨ। ਸਕੂਲ ਮੈਨੇਜਮੈਂਟ ਕਮੇਟੀ ਨੇ ਦੱਸਿਆ ਕਿ ਜਿਹੜੇ ਬੱਚੇ ਗੁਰਮਤ ਅਕੈਡਮੀ ਵਿਚ ਕੀਰਤਨ ਤੇ ਜੋੜੀ ਸਿੱਖਦੇ ਸਨ ਉਨ੍ਹਾਂ ਬੱਚਿਆਂ ਦਾ ਸਰਵ ਪੱਖੀ ਵਿਕਾਸ ਹੋਇਆ ਹੈ ਇਸ ਦੇ ਨਾਲ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਕੂਲ ਸਮੇਂ ਦੇ ਅੰਦਰ ਵਿਦਿਆਰਥੀਆਂ ਦਾ ਸਕੂਲ ਤੋਂ ਬਾਹਰ ਜਾ ਕੇ ਸਿੱਖਿਆ ਪ੍ਰਾਪਤ ਕਰਨਾ ਅਸੰਭਵ

ਹੈ। ਇਸ ਲਈ ਬੇਨਤੀ ਹੈ ਕਿ ਸਕੂਲ ਦੇ ਅੰਦਰ ਹੀ ਸੰਗੀਤ ਭਵਨ ਦੀ ਕਾਰ ਸੇਵਾ ਕਰਾਈ ਜਾਵੇ।ਹੁਣ ਜਦੋਂ ਕਿ ਲੰਗਰ ਹਾਲ, ਖਾਲਸਾ ਦਰਬਾਰ ਸਾਹਿਬ, ਬੁੰਗਾ ਸਾਹਿਬ, ਰਸੋਈ ਘਰ, ਸਟੋਰ ਆਦਿ ਦੀ ਕਾਰ ਸੇਵਾ ਮੁਕੰਮਲ ਹੋ ਚੁੱਕੀ ਹੈ ਤਾਂ ਪ੍ਰਮੇਸ਼ਰ ਨੇ ਪ੍ਰੇਰਨਾ ਦਿੱਤੀ ਕਿ ਮਹਾਂਪੁਰਖ ਕੀਰਤਨ ਦੇ ਅਚਾਰੀਆ ਸਨ ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਵਿਦਿਆਰਥੀਆਂ ਵਾਸਤੇ ਸੰਗੀਤ ਭਵਨ ਦੀ ਕਾਰ ਸੇਵਾ ਕੀਤੀ ਜਾਵੇ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਮਿਤੀ 20 ਫਰਵਰੀ 2016 ਦਿਨ ਸ਼ਨੀਵਾਰ ਮਾਘ ਸੁਦੀ ਤਰੌਦਸੀ ਬਿਕਰਮੀ 2072 ਨੂੰ ਸੰਗੀਤ ਭਵਨ ਸਰਕਾਰੀ ਹਾਈ ਸਕੂਲ ਉਪਲਹੇੜੀ ਦੀ ਕਾਰ ਸੇਵਾ ਸਕੂਲ ਮੈਨੇਜਮੈਂਟ ਕਮੇਟੀ ਦੀ ਬੇਨਤੀ ਅਨੁਸਾਰ ਅਰੰਭ ਕੀਤੀ ਗਈ। ਸੰਗੀਤ ਭਵਨ ਦੀ ਇਮਾਰਤ ਨਗਰ ਦੇ ਸਮਾਜਿਕ ਕੰਮਾਂ ਕਾਰਾਂ ਵਾਸਤੇ ਵੀ ਵਰਤੀ ਜਾ ਸਕੇਗੀ। ਕਾਰ ਸੇਵਾ ਮੁਕੰਮਲ ਹੋਣ ਉਪਰੰਤ ਸੰਗੀਤ ਭਵਨ ਵਿਚ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲਿਆਂ ਦੇ ਸੁੰਦਰ ਸਰੂਪ ਦੀ ਫੋਟੋ ਸਜਾਈ ਗਈ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮਿਤੀ 27 ਅਪ੍ਰੈਲ 2016 ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਮਿਤੀ 29 ਅਪ੍ਰੈਲ 2016 ਦਿਨ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਕਥਾ ਕੀਰਤਨ ਦੇ ਸਮਾਗਮ ਕੀਤੇ ਗਏ। ਸਮਾਪਤੀ ਉਪਰੰਤ ਦਾਸ ਨੇ ਸੰਗੀਤ ਭਵਨ ਦੀ ਚਾਬੀ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸਰਦਾਰ ਬਚਿੱਤਰ ਸਿੰਘ ਨੂੰ ਸੌਂਪੀ। ਇਲਾਕੇ ਦੇ ਪਤਵੰਤੇ ਸੱਜਣਾਂ, ਪੰਚਾਇਤ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਸਤਿਗੁਰਾਂ ਜੀ ਦੀ ਹਜੂਰੀ ਵਿਚ ਸੰਗਤ ਦੇ ਸਾਹਮਣੇ ਸੰਗੀਤ ਭਵਨ ਦੀ ਕਾਰ ਸੇਵਾ ਕਰਾਉਣ ਤੇ ਗੁਰਮਤਿ ਪ੍ਰਚਾਰ ਸਭਾ ਪਟਿਆਲਾ ਦਾ ਧੰਨਵਾਦ ਕੀਤਾ ਅਤੇ ਦਾਸ ਨੂੰ ਸਿਰੋਪਾਓ ਬਖਸ਼ਿਸ਼ ਕੀਤਾ। ਸਰਦਾਰ ਕੁਲਦੀਪ ਸਿੰਘ ਜੀ ਜਿਨ੍ਹਾਂ ਨੇ ਜਿੰਮੇਵਾਰੀ ਨਾਲ ਸੰਗੀਤ ਭਵਨ ਦੀ ਉਸਾਰੀ ਦੀ ਨਿਗਰਾਨੀ ਕੀਤੀ ਉਨ੍ਹਾਂ ਨੂੰ ਵੀ ਸਿਰੋਪਾਓ ਦਿੱਤਾ ਗਿਆ। ਸਾਰੀਆਂ ਸੰਗਤਾਂ ਨੇ ਗੁਰੂ ਕਾ ਲੰਗਰ ਪ੍ਰੇਮ ਨਾਲ ਛਕਿਆ।

## ਰਸੋਈ ਹਾਲ ਦੀ ਕਾਰ ਸੇਵਾ

ਨਗਰ ਉਪਲਹੇੜੀ ਵਿਚ ਗੁਰੂ ਘਰ ਨਹੀਂ ਸੀ। ਬਾਬਾ ਹੀਰਾ ਸਿੰਘ ਆਪਣੇ ਹਿੱਸੇ ਦੀ ਜਮੀਨ ਵਿਚ ਗੁਰੂ ਘਰ ਬਣਾਉਣਾ ਚਾਹੁੰਦੇ ਸਨ। ਜਦੋਂ ਬਾਬਾ ਜੀ ਆਪਣਾ ਬਣਦਾ ਹਿੱਸਾ ਵੱਖਰਾ ਕਰਨ ਲਈ ਗੰਧਾਲੇ ਨਾਲ ਵਾੜ ਗੱਡਣ ਵਾਸਤੇ ਗਹੁ ਕੱਢ ਰਹੇ ਸੀ ਉਸ ਸਮੇਂ ਬਾਬਾ ਜੀ ਦੇ ਭਰਾ ਗੁਰਦਿੱਤ ਸਿੰਘ ਨੇ ਪੁੱਛਿਆ ਕਿ ਤੁਸੀਂ ਗਹੁ ਕਿਉਂ

ਕੱਢਦੇ ਹੋ ਤਾਂ ਬਾਬਾ ਜੀ ਨੇ ਆਖਿਆ ਕਿ ਮੈਂ ਆਪਣੀ ਬਣਦੀ ਜਮੀਨ ਵਿੱਚ ਗੁਰੂ ਘਰ ਬਣਾਉਣਾ ਹੈ। ਇਸ ਲਈ ਵਾੜ ਗੱਡਣ ਵਾਸਤੇ ਗਹੁ ਕੱਢ ਰਿਹਾ ਹਾਂ। ਇਹ ਸੁਣ ਕੇ ਗੁਰਦਿੱਤ ਸਿੰਘ ਨੂੰ ਗੁੱਸਾ ਆਇਆ। ਉਸ ਨੇ ਬਾਬਾ ਜੀ ਪਾਸੋਂ ਗੰਧਾਲਾ ਖੋਹ ਕੇ ਉਸ ਦੀ ਧੌਣ ਤੇ ਮਾਰਿਆ। ਬਾਬਾ ਜੀ ਸ਼ਹੀਦੀ ਪਾ ਗਏ। ਉਨ੍ਹਾਂ ਦੀ ਇਕਲੌਤੀ ਪੁੱਤਰੀ ਬੀਬੀ ਨੰਦ ਕੌਰ ਸੀ ਜੋ ਸਕਰੂਲਾਪੁਰ ਵਿਖੇ ਵਿਆਹੀ ਹੋਈ ਸੀ। ਜਦੋਂ ਉਸ ਨੂੰ ਪਿਤਾ ਜੀ ਦੀ ਸ਼ਹੀਦੀ ਦਾ ਪਤਾ ਲੱਗਿਆ ਤਾਂ ਉਹ ਸਕਰੂਲਾਪੁਰ ਤੋਂ ਪਿਤਾ ਦੀ ਮੌਤ ਹੋਣ ਤੇ ਅਫਸੋਸ ਕਰਨ ਆਈ ਸੀ। ਪਿੰਡ ਤੋਂ ਬਾਹਰ ਵਾਰ ਉਨ੍ਹਾਂ ਨੇ ਜਿੱਥੇ ਆਪਣਾ ਗੱਡਾ ਖੜ੍ਹਾ ਕੀਤਾ ਸੀ ਉਥੋਂ ਉਸ ਨੂੰ ਕੋਈ ਵੀ ਲੈ ਕੇ ਨਾ ਗਿਆ। ਬੀਬੀ ਨੰਦ ਕੌਰ ਜੀ ਭੁੱਖਣ ਭਾਣੇ ਉਥੋਂ ਹੀ ਕੀਰਨੇ ਪਾਉਂਦੇ ਹੋਏ ਵਾਪਿਸ ਚਲੇ ਗਏ ਸਨ। ਸਾਰੇ ਪਿੰਡ ਵਿੱਚ ਬਾਬਾ ਜੀ ਦੀ ਭਰਾ ਹੱਥੋਂ ਮੌਤ ਹੋਣ ਕਰਕੇ ਡਰ ਦਾ ਮਹੌਲ ਬਣਿਆ ਹੋਇਆ ਸੀ। ਜਿਸ ਕਰਕੇ ਸਕਰੂਲਾਪੁਰ ਤੋਂ ਆਈ ਸੰਗਤ ਨੂੰ ਲੰਗਰ ਵੀ ਨਾ ਛਕਾਇਆ ਗਿਆ।

ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਉਸ ਥਾਂ ਤੇ ਰਸੋਈ ਹਾਲ ਦਾ ਨੀਂਹ ਪੱਥਰ 28 ਜੁਲਾਈ 2016 ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਾਵਣ ਵਦੀ ਨੌਮੀ ਬਿਕ੍ਰਮੀ 2073 ਦਿਨ ਵੀਰਵਾਰ ਨੂੰ ਰੱਖਿਆ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਬਾਰ੍ਹਵੇਂ ਸਲਾਨਾ ਗੁਰਮਤਿ ਸਮਾਗਮ ਸਮੇਂ ਮਿਤੀ 9-9-2016 ਨੂੰ ਰਸੋਈ ਹਾਲ ਦੀ ਕਾਰ ਸੇਵਾ ਸੰਪੂਰਨ ਹੋ ਗਈ। ਹੁਣ ਜਿੰਨੇ ਵੀ ਨਗਰ ਵਿੱਚ ਸਮਾਗਮ ਹੁੰਦੇ ਹਨ ਸਾਰੇ ਲੰਗਰ ਮਾਤਾ ਨੰਦ ਕੌਰ ਜੀ ਦੇ ਨਾਮ ਤੇ ਬਣੇ ਰਸੋਈ ਹਾਲ ਵਿੱਚ ਤਿਆਰ ਹੁੰਦੇ ਹਨ। ਇਹ ਕੁਦਰਤ ਦੀ ਹੀ ਖੇਡ ਹੈ ਕਿ ਇਸ ਅਸਥਾਨ ਤੇ ਦੇਸੀ ਘੀ ਦੀਆਂ ਜਲੇਬੀਆਂ ਅਤੇ ਲੱਡੂਆਂ ਦੇ ਲੰਗਰ ਹਜਾਰਾਂ ਸੰਗਤਾਂ ਛਕਦੀਆਂ ਹਨ।

## ਗੁਰਮਤਿ ਸੰਗੀਤ ਅਕੈਡਮੀ ਦੀ ਕਾਰ ਸੇਵਾ

ਮਹਾਂਪੁਰਖਾਂ ਨੇ 9 ਸਤੰਬਰ ਸੰਨ 2004 ਦਿਨ ਸ਼ੁੱਕਰਵਾਰ ਨੂੰ ਸਰੀਰ ਛੱਡਿਆ। 18 ਸਤੰਬਰ ਦਿਨ ਸ਼ਨੀਵਾਰ ਨੂੰ ਦੁਸਹਿਰੇ ਦੇ ਸਮਾਗਮ ਕੀਤੇ ਗਏ। ਮਹਾਂਪੁਰਖਾਂ ਨੇ ਸਾਰੀ ਉਮਰ ਕੀਰਤਨ ਦੀ ਨਿਸ਼ਕਾਮ ਸੇਵਾ ਕੀਤੀ। ਸਮਾਗਮ ਤੇ ਅਰਦਾਸ ਕੀਤੀ ਗਈ ਕਿ ਮਹਾਂਪੁਰਖਾਂ ਦੀ ਪਵਿੱਤਰ ਯਾਦ ਵਿਚ ਗੁਰਮਤਿ ਸੰਗੀਤ ਅਕੈਡਮੀ ਕੱਤਕ ਸੁਦੀ ਦੂਜ ਨੂੰ ਚਾਲੂ ਕੀਤੀ ਜਾਵੇਗੀ। ਸੋ ਅਕਾਲ ਪੁਰਖ ਦੀ ਕਿਰਪਾ ਸਦਕਾ ਗੁਰੂ ਘਰ ਵਿਖੇ ਸਮੇਂ ਸਿਰ ਅਕੈਡਮੀ ਚਾਲੂ ਹੋ ਗਈ। ਜਿਸ ਵਿਚ ਦੋਵਾਂ ਨਗਰਾਂ ਦੇ ਬੱਚਿਆਂ ਨੇ ਕੀਰਤਨ ਦੀ ਸਿਖਲਾਈ ਪ੍ਰਾਪਤ ਕੀਤੀ।

ਖਾਲਸਾ ਦਰਬਾਰ ਸਾਹਿਬ ਦੇ ਸਾਹਮਣੇ ਨਗਰ ਦੇ ਟੋਭੇ ਦੇ ਕੰਢੇ ਉਪਰ ਜੋ ਗੁਰੂ ਘਰ ਦੀ ਬੇਅਬਾਦ ਥਾਂ ਪਈ ਸੀ ਇਸ ਵਿਚ ੪੦-੫੦ ਸਾਲ ਪਹਿਲਾਂ ਪੰਚਾਇਤ ਨੇ

ਗੋਬਰ ਗੈਸ ਪਲਾਂਟ ਲਗਵਾਇਆ ਸੀ। ਜਿਸ ਕਰਕੇ ਬਹੁਤ ਡੂੰਘੇ-ਡੂੰਘੇ ਖੂਹ ਅਤੇ ਟੋਏ ਸਨ। ਇਸ ਥਾਂ ਨੂੰ ਪੱਧਰੇ ਕਰਨ ਦੀ ਸੇਵਾ ਸਰਦਾਰ ਹਰਭਜਨ ਸਿੰਘ ਮੋਹਾਲੀ ਵਾਲਿਆਂ ਨੇ ਆਪਣੀ ਜੇ.ਸੀ.ਬੀ ਮਸ਼ੀਨ ਨਾਲ ਕੀਤੀ। ਜਿਸ ਦੀ ਲੰਬਾਈ 250 ਫੁੱਟ ਅਤੇ ਚੌੜਾਈ 100 ਫੁੱਟ ਹੈ ਉਸ ਥਾਂ ਵਿਚ ਮਾਤਾ ਨੰਦ ਕੌਰ ਸਪੁੱਤਰੀ ਅਮਰ ਸ਼ਹੀਦ ਬਾਬਾ ਹੀਰਾ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਰਸੋਈ ਹਾਲ ਦੀ ਕਾਰ ਸੇਵਾ ਮੁਕੰਮਲ ਹੋ ਚੁੱਕੀ ਹੈ। ਉਸ ਦੇ ਨਾਲ ਲਗਦੀ ਥਾਂ ਵਿਚ ਗੁਰਮਤਿ ਸੰਗੀਤ ਅਕੈਡਮੀ ਦਾ ਨੀਂਹ ਪੱਥਰ ਮਿਤੀ 9-02-2017 ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਪਾਤਸ਼ਾਹੀ ਸੱਤਵੀਂ ਦੇ ਪ੍ਰਕਾਸ਼ ਗੁਰਪੁਰਬ ਮਾਘ ਸੁਦੀ ਤਰੌਦਸੀ ਬਿਕਰਮੀ 2073 ਦਿਨ ਵੀਰਵਾਰ ਨੂੰ ਪੰਜ ਸਿੰਘਾਂ ਨੇ ਰੱਖਿਆ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਅਕੈਡਮੀ ਦੀ ਇਮਾਰਤ ਦੀ ਕਾਰ ਸੇਵਾ ਮੁਕੰਮਲ ਹੋਣ ਤੇ 13 ਅਪਰੈਲ 2017 ਵਿਸਾਖੀ ਵਾਲੇ ਦਿਨ ਗੁਰਮਤਿ ਸੰਗੀਤ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਇਲਾਕੇ ਦੇ ਵਿਦਿਆਰਥੀ ਕੀਰਤਨ ਦੀ ਸਿਖਲਾਈ ਪ੍ਰਾਪਤ ਕਰ ਰਹੇ ਹਨ।

## ਰੈਸਟ ਹਾਊਸ ਦੀ ਕਾਰ ਸੇਵਾ

ਖਾਲਸਾ ਦਰਬਾਰ ਸਾਹਿਬ ਦੇ ਸਾਹਮਣੇ ਜੋ ਨਗਰ ਦੇ ਸਾਂਝੇ ਖੂਹ ਦੀ ਵਿਹਲੀ ਥਾਂ ਪਈ ਸੀ ਉਸ ਨੂੰ ਵੇਖ ਕੇ ਦਾਸ ਨੂੰ ਫੁਰਨਾ ਹੋਇਆ ਕਿ ਜੋ ਸੰਗਤਾਂ ਮਹਾਂਪੁਰਖਾਂ ਦੇ ਪਵਿੱਤਰ ਅਸਥਾਨ ਤੇ ਦਰਸ਼ਨ ਕਰਨ ਆਉਂਦੀਆਂ ਹਨ ਉਨ੍ਹਾਂ ਵਾਸਤੇ ਰੈਸਟ ਹਾਊਸ ਹੋਣਾ ਚਾਹੀਦਾ ਹੈ। ਪਰਮੇਸ਼ਰ ਨੇ ਇਹ ਵੀ ਸੋਝੀ ਦਿੱਤੀ ਕਿ ਇਹ ਯਾਦਗਾਰ ਉਪਲ ਜਾਤੀ ਦੇ ਸੀਂਹੇ ਦੇ ਨਾਮ ਤੇ ਬਣਾਈ ਜਾਵੇ। ਸੀਂਹੇ ਉਪਲ ਨੇ ਧੰਨ ਗੁਰੂ ਅਮਰਦਾਸ ਜੀ ਦੀਆਂ ਖੁਸ਼ੀਆਂ ਲੈਣ ਵਾਸਤੇ ਆਪਣੀ ਸਪੁੱਤਰੀ ਬੀਬੀ ਮਥੋ ਦਾ ਵਿਆਹ ਭਾਈ ਮੁਰਾਰੀ ਨਾਲ ਕੀਤਾ ਸੀ। ਭਾਈ ਮੁਰਾਰੀ ਦਾ ਪਹਿਲਾ ਨਾਮ ਪ੍ਰੇਮਾ ਸੀ ਜਿਸ ਨੂੰ ਕੁਸ਼ਟ ਰੋਗ ਹੋ ਗਿਆ ਸੀ। ਧੰਨ ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਪ੍ਰੇਮੇ ਕੋਹੜੀ ਦਾ ਸਰੀਰ ਕੰਚਨ ਵਰਗਾ ਹੋ ਗਿਆ ਸੀ। ਸੰਗਤ ਨੇ ਆਖਿਆ ਕਿ ਸਤਿਗੁਰੂ ਜੀ ਇਹ ਤਾਂ ਹੁਣ ਲਾੜਾ ਬਣ ਗਿਆ ਹੈ। ਹਜ਼ੂਰ ਨੇ ਆਖਿਆ ਕਿ ਜਿਹੜਾ ਸਿੱਖ ਆਪਣੀ ਪੁੱਤਰੀ ਦਾ ਵਿਆਹ ਇਸ ਨਾਲ ਕਰੇਗਾ ਉਸ ਤੇ ਸਾਡੀਆਂ ਬਹੁਤ ਖੁਸ਼ੀਆਂ ਹੋਣਗੀਆਂ। ਇਹ ਬਚਨ ਸੁਣ ਕੇ ਸੀਂਹੇ ਉਪਲ ਨੇ ਆਪਣੀ ਪੁੱਤਰੀ ਬੀਬੀ ਮਥੋ ਦਾ ਵਿਆਹ ਭਾਈ ਮੁਰਾਰੀ ਨਾਲ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੋ ਇਹ ਰੈਸਟ ਹਾਊਸ ਸੀਂਹੇ ਉਪਲ ਦੀ ਯਾਦ ਵਿਚ ਮਿਤੀ ੯-੯-੨੦੧੭ ਨੂੰ ਉਸਾਰਿਆ ਗਿਆ। ਉਪਲ ਜਾਤੀ ਦੇ ਨੰਬਰਦਾਰ ਨੇ ਇਹ ਨਗਰ ਵਸਣ ਵੇਲੇ ਆਪਣੇ ਗੋਤ ਦੇ ਨਾਮ ਤੇ ਮੋਹੜੀ ਗੱਡੀ ਸੀ। ਇਸ ਰੈਸਟ ਹਾਊਸ ਦੇ ਦੋ ਕਮਰੇ ਅਤੇ ਪੰਜ ਬਾਥਰੂਮ ਹਨ।

## ਡਿਸਪੈਂਸਰੀ ਦੀ ਕਾਰ ਸੇਵਾ

ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਉਪਲਹੇੜੀ ਵਾਲੇ ਮਹਾਂਪੁਰਖ ਸੰਗਤਾਂ ਨੂੰ ਆਮ ਬਚਨ ਕਰਿਆ ਕਰਦੇ ਕਿ ਮਨੁੱਖਾ ਜਨਮ ਬਹੁਤ ਦੁਰਲੱਭ ਹੈ ਇਸ ਦੀ ਸੰਭਾਲ ਕਰਨੀ ਬਹੁਤ ਜਰੂਰੀ ਹੈ। ਚੰਗੀ ਸਿਹਤ ਨਾਲ ਹੀ ਬਾਣੀ ਪੜ੍ਹੀ ਅਤੇ ਵਿਚਾਰੀ ਜਾ ਸਕਦੀ ਹੈ। ਸੰਗਤਾਂ ਦੀ ਸੇਵਾ ਵੀ ਚੰਗੀ ਸਿਹਤ ਨਾਲ ਹੀ ਕੀਤੀ ਜਾ ਸਕਦੀ ਹੈ। ਸਿਹਤ ਦੀ ਸੰਭਾਲ ਵਾਸਤੇ ਬਚਨ ਕਰਿਆ ਕਰਦੇ:-

*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥* *ਆਦਿ ੨੫੯*

ਮਹਾਂਪੁਰਖ ਬਚਨ ਕਰਿਆ ਕਰਦੇ ਕਿ ਬੇਵਕਤ ਭੋਜਨ ਖਾਣਾ ਅਤੇ ਖਾਧੇ ਹੋਏ ਭੋਜਨ ਦੇ ਹਜ਼ਮ ਹੋਏ ਬਿਨਾਂ ਹੋਰ ਖਾ ਲੈਣਾ, ਚਿਕਨੇ ਪਦਾਰਥ ਦਾ ਜਿਆਦਾ ਸੇਵਨ ਕਰਨਾ ਜਾਂ ਵਿਰੁੱਧ ਆਹਾਰ ਕਰਨ ਨਾਲ ਪਾਚਨ ਸ਼ਕਤੀ ਕਮਜੋਰ ਹੋ ਜਾਂਦੀ ਹੈ। ਭੋਜਨ ਦਾ ਕੱਚਾ ਰਸ ਵਾਯੂ ਨਾਲ ਮਿਲ ਕੇ ਜੋੜਾਂ ਵਿਚ ਦਰਦ ਤੇ ਸੋਜਿਸ਼ ਪੈਦਾ ਕਰਦਾ ਹੈ।

*ਰੋਗੁ ਦਾਰੂ ਦੋਵੇ ਬੁਝੈ ਤਾ ਵੈਦੁ ਸੁਜਾਣੁ॥* *ਆਦਿ ੧੪੮*

ਵੈਦ ਕੋਲ ਜਾਣ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਸ ਵੈਦ ਨੇ ਵਿੱਦਿਆ ਕਿਸ ਪਾਸੋਂ ਪ੍ਰਾਪਤ ਕੀਤੀ ਹੈ। ਉਸ ਦੇ ਵਿੱਦਿਆ ਦਾਤੇ ਦਾ ਸਮਾਜ ਵਿੱਚ ਕੀ ਯੋਗਦਾਨ ਸੀ। ਉਸ ਨੇ ਆਪਣੇ ਸਿਖਿਆਰਥੀਆਂ ਦੇ ਮਨਾਂ ਅੰਦਰ ਦਇਆ, ਨਿਮਰਤਾ, ਰੱਬੀ ਭੈਅ, ਤਿਆਗਤਾ, ਸੇਵਾ ਅਤੇ ਨਿਸ਼ਕਾਮਤਾ ਦੇ ਗੁਣ ਕਿੰਨੇ ਕੁ ਭਰੇ ਹਨ। ਇਹ ਵੀ ਵੇਖਣਾ ਹੈ ਕਿ ਉਸ ਨੇ ਆਪਣੇ ਵਿੱਦਿਆ ਦਾਤੇ ਦੇ ਸਾਹਮਣੇ ਇਲਾਜ ਕਰਨਾ ਅਰੰਭ ਕਰ ਦਿੱਤਾ ਸੀ ਜਾਂ ਵਿੱਦਿਆ ਦਾਤੇ ਦੇ ਚੜ੍ਹਾਈ ਕਰਨ ਉਪਰੰਤ ਦਵਾਈ ਦੇਣੀ ਅਰੰਭ ਕੀਤੀ ਸੀ। ਵਿੱਦਿਆ ਦਾਤੇ ਦੇ ਜਿਉਂਦੇ-ਜਿਉਂਦੇ ਅਸ਼ੀਰਵਾਦ ਲੈ ਕੇ ਮਰੀਜਾਂ ਨੂੰ ਦਵਾਈ ਦੇਣੀ ਅਰੰਭ ਕਰਨੀ ਬਣਦੀ ਹੈ। ਆਪਣੇ ਗੁਰੂ ਕੋਲੋਂ ਉਸ ਨੇ ਦਵਾਈਆਂ ਬਣਾਉਣ ਦਾ ਪੂਰਾ ਤਜਰਬਾ ਪ੍ਰਾਪਤ ਕੀਤਾ ਹੋਵੇ। ਉਹ ਲਾਲਚੀ ਨਾ ਹੋਵੇ। ਮਨ ਦੀ ਸਾਧਨਾ ਵਾਲਾ ਹੋਵੇ। ਧਾਰਮਿਕ ਵਿਚਾਰਾਂ ਦਾ ਧਾਰਨੀ ਹੋਵੇ। ਆਪ ਦੇ ਇਸ਼ਟ ਦੀ ਮਰਿਆਦਾ ਵਿੱਚ ਰਹਿਣ ਵਾਲਾ ਹੋਵੇ। ਅਜਿਹਾ ਵੈਦ ਰੋਗੀ ਦਾ ਰੋਗ ਨਵਿਰਤ ਕਰ ਸਕਦਾ ਹੈ। ਸੋ ਉਪਰੋਕਤ ਗੁਣਾਂ ਵਾਲਾ ਵੈਦ ਸ੍ਰੇਸ਼ਟ ਵੈਦ ਹੁੰਦਾ ਹੈ।

ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਤਾਂ ਨਗਰ ਵਾਸਤੇ ਵੈਦ ਅਕਾਲ ਪੁਰਖ ਦੀ ਕਿਰਪਾ ਦੇ ਨਾਲ ਹੀ ਮਿਲ ਸਕਦਾ ਹੈ ਪਰ ਸੰਗਤ ਦੀ ਇੱਛਾ ਦੇ ਅਨੁਸਾਰ ਮਨ ਵਿਚ ਵਿਚਾਰ ਆਈ ਕਿ ਸਤਿਗੁਰਾਂ ਦੀ ਆਗਿਆ ਮਿਲਣ ਉਪਰੰਤ ਡਿਸਪੈਂਸਰੀ ਦੀ ਕਾਰ ਸੇਵਾ ਅਰੰਭ ਕੀਤੀ ਜਾਵੇ। ਮਹਾਂਪੁਰਖਾਂ ਦੀ ਯਾਦ ਵਿਚ ਕਰਵਾਏ ਜਾ ਰਹੇ ਸਲਾਨਾ

ਗੁਰਮਤਿ ਸਮਾਗਮ ਸਮੇਂ ਸੰਗਤਾਂ ਨੇ ਆਖਿਆ ਕਿ ਨਗਰ ਵਿਚ ਡਿਸਪੈਂਸਰੀ ਦਾ ਹੋਣਾ ਬਹੁਤ ਜਰੂਰੀ ਹੈ। ਸੋ ਅੰਮ੍ਰਿਤ ਵੇਲੇ ਸਤਿਗੁਰਾਂ ਨੇ ਪ੍ਰੇਰਨਾ ਦਿੱਤੀ ਕਿ ਡਿਸਪੈਂਸਰੀ ਦੀ ਕਾਰ ਸੇਵਾ ਕੀਤੀ ਜਾਵੇ। ਜਿਸ ਨਾਲ ਮਹਾਂਪੁਰਖਾਂ ਨੇ ਜੋ ਆਪਣੇ ਸਰੀਰ ਦੇ ਹੁੰਦੇ ਹੋਏ ਰੋਗੀਆਂ ਦੇ ਰੋਗ ਪਵਿੱਤਰ ਗੁਰਬਾਣੀ ਅਤੇ ਦਵਾਈ ਨਾਲ ਕੱਟੇ ਉਹਨਾਂ ਦੇ ਕੀਤੇ ਹੋਏ ਪਰਉਪਕਾਰ ਡਿਸਪੈਂਸਰੀ ਬਣਾਉਣ ਨਾਲ ਪ੍ਰਗਟ ਹੋਣਗੇ। ਡਿਸਪੈਂਸਰੀ ਵਿਚ ਡਾਕਟਰ ਜਾਂ ਵੈਦ ਦੀ ਸੇਵਾ ਮਹਾਂਪੁਰਖ ਕਿਸੇ ਨੂੰ ਪ੍ਰੇਰ ਕੇ ਲੈ ਲੈਣਗੇ। ਸੰਗਤ ਦੇ ਹੁਕਮ ਅਨੁਸਾਰ ਕਾਰ ਸੇਵਾ ਕਰਾਉਣੀ ਬਣਦੀ ਹੈ। ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਮਿਤੀ 17 ਫਰਵਰੀ 2019 ਦਿਨ ਐਤਵਾਰ ਮਾਘ ਸੁਦੀ ਤਰੌਦਸੀ ਬਿਕਰਮੀ 2075 ਨੂੰ ਡਿਸਪੈਂਸਰੀ ਦੀ ਕਾਰ ਸੇਵਾ ਖਾਲਸਾ ਦਰਬਾਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਬੇਨਤੀ ਅਨੁਸਾਰ ਅਰੰਭ ਕੀਤੀ ਗਈ। ਇਸ ਤਰ੍ਹਾਂ ਗੁਰਦੁਆਰਾ ਖਾਲਸਾ ਦਰਬਾਰ ਸਾਹਿਬ ਉਪਲਹੇੜੀ ਵਿਖੇ ਅਰਦਾਸਾ ਸੋਧ ਕੇ ਕਾਰ ਸੇਵਾ ਅਰੰਭੀ ਗਈ। ਡਿਸਪੈਂਸਰੀ ਦੀ ਇਮਾਰਤ ਬੀਬੀ ਸ਼ਰਨ ਕੌਰ ਪਾਬਲਾ ਰਾਇਪੁਰ (ਚਮਕੌਰ ਸਾਹਿਬ) ਵਾਲਿਆਂ ਦੀ ਯਾਦ ਵਿੱਚ ਉਸਾਰੀ ਗਈ ਇਨ੍ਹਾਂ ਨੇ ਚਮਕੌਰ ਸਾਹਿਬ ਦੀ ਜੰਗ ਸਮੇਂ ਕਲਗੀਧਰ ਦੇ ਵੱਡੇ ਸਾਹਿਬਜਾਦੇ, ਤਿੰਨ ਪਿਆਰੇ ਅਤੇ ਬਹੁਤ ਸਾਰੇ ਸਿੰਘਾਂ ਦੇ ਸਸਕਾਰ ਦੀ ਸੇਵਾ ਕਰਕੇ ਸ਼ਹੀਦੀ ਪਾਈ।

## ਯਾਦਗਾਰੀ ਗੇਟ ਦੀ ਕਾਰ ਸੇਵਾ

ਸਰਕਾਰੀ ਹਾਈ ਸਕੂਲ ਦੇ ਨਾਲ ਲਗਦੀ ਸੜਕ ਉਪਰ ਯਾਦਗਾਰੀ ਗੇਟ ਦੀ ਕਾਰ ਸੇਵਾ ਵੀ ਕਰ ਦਿੱਤੀ ਗਈ। ਇਸ ਗੇਟ ਰਾਹੀਂ ਗੱਡੀਆਂ ਦੀ ਪਾਰਕਿੰਗ ਕੀਤੀ ਜਾਂਦੀ ਹੈ। ਇਸ ਕੰਪਲੈਕਸ ਵਿੱਚ ਗੁਰਮਤਿ ਸੰਗੀਤ ਅਕੈਡਮੀ, ਰਸੋਈ ਹਾਲ, ਡਿਸਪੈਂਸਰੀ ਦੀ ਕਾਰ ਸੇਵਾ ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਸੰਪੂਰਨ ਹੋ ਗਈ ਹੈ।

## ਦਰਸ਼ਨੀ ਡਿਊਡੀ ਦੀ ਕਾਰ ਸੇਵਾ

ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਇਹ ਸਾਰੀਆਂ ਇਮਾਰਤਾਂ ਦੀਆਂ ਕਾਰ ਸੇਵਾਵਾਂ ਮੁਕੰਮਲ ਕਰਕੇ ਗੁਰ ਸੰਗਤ ਨੂੰ ਸੌਂਪ ਦਿੱਤੀਆਂ ਹਨ। ਹੁਣ ਦਰਸ਼ਨੀ ਡਿਊਡੀ ਦੀ ਕਾਰ ਸੇਵਾ ਰਹਿ ਰਹੀ ਹੈ ਕਿਉਂਕਿ ਟੋਭੇ ਵਾਲੀ ਥਾਂ ਉਤੇ ਸੁੰਦਰ ਝੀਲ ਬਣਨੀ ਹੈ। ਇਹ ਸੇਵਾ ਵੀ ਸਤਿਗੁਰੂ ਜੀ ਆਪਣੇ ਸੇਵਾਦਾਰ ਪਾਸੋਂ ਆਪ ਹੀ ਕਰਵਾ ਲੈਣਗੇ।

## ਸੁੰਦਰ ਝੀਲ ਦੀ ਕਾਰ ਸੇਵਾ

ਨਗਰ ਦਾ ਜੋ ਟੋਭਾ ਹੈ ਇਸ ਵਿੱਚ ਨਗਰ ਦੇ ਬਹੁਤ ਸਾਰੇ ਘਰਾਂ ਦਾ ਗੰਦਾ ਪਾਣੀ ਪੈਂਦਾ ਹੈ ਜੋ ਕਿ ਦਰਬਾਰ ਸਾਹਿਬ ਦਾ ਸਾਹਮਣੇ ਹੋਣ ਕਰਕੇ ਸੋਭਾ ਨਹੀਂ ਪਾਉਂਦਾ। ਜਦੋਂ ਸਰਕਾਰ ਵੱਲੋਂ ਨਗਰ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਹੋ ਜਾਵੇਗਾ ਉਸ ਉਪਰੰਤ ਇਸੇ ਥਾਂ ਤੇ ਸੁੰਦਰ ਝੀਲ ਦੀ ਕਾਰ ਸੇਵਾ ਹੋ ਸਕੇਗੀ ਇਸ ਦੀ ਕਾਰ ਸੇਵਾ ਵੀ ਅਕਾਲ ਪੁਰਖ ਆਪਣੇ ਸੇਵਾਦਾਰ ਪਾਸੋਂ ਆਪ ਹੀ ਕਰਵਾ ਲੈਣਗੇ।

# ਭਾਗ ਦੂਜਾ
# ਪੰਨਾ 235 ਤੋਂ 314 ਤੱਕ
# ਸੁਆਲ ਜਵਾਬ

**ਪ੍ਰਸ਼ਨ ੧.:-** ਕਈ ਸਤਿਸੰਗੀਆਂ ਅਤੇ ਆਮ ਲੋਕਾਂ ਵਿੱਚ ਕੋਈ ਫਰਕ ਨਜਰ ਨਹੀਂ ਪੈਂਦਾ। ਇਸ ਦਾ ਕੀ ਕਾਰਨ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਸਭ ਤੋਂ ਪਹਿਲਾਂ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ ਦੂਜਿਆਂ ਦੇ ਔਗੁਣ ਵੇਖਣ ਦੀ ਬਜਾਏ ਮੈਨੂੰ ਆਪਣੇ ਔਗੁਣ ਦਿਸਣ ਅਤੇ ਮੈਨੂੰ ਆਪਣੇ ਚਰਨਾਂ ਨਾਲ ਜੋੜੋ। ਕਈ ਸਤਿਸੰਗੀ ਵੀ ਗੁਰੂ ਮਹਾਰਾਜ ਦੇ ਉਪਦੇਸ਼ ਨੂੰ ਮਨ ਵਿੱਚ ਵਸਾਉਂਦੇ ਨਹੀਂ। ਮਨ ਵਿੱਚ ਜੋ ਹੰਕਾਰ ਹੁੰਦਾ ਹੈ ਸਗੋਂ ਸੰਗਤ ਕਰਕੇ ਹੋਰ ਵੀ ਵਧ ਜਾਂਦਾ ਹੈ। ਕਥਾ ਸੁਣਦੇ ਸਮੇਂ ਆਪਣੇ ਮਨ ਨੂੰ ਤੋਲਣਾ ਚਾਹੀਦਾ ਹੈ ਕਿ ਜੋ ਮਹਾਰਾਜ ਫੁਰਮਾਉਂਦੇ ਹਨ ਕੀ ਮੈਂ ਸੁਣ ਕੇ ਧਾਰਨ ਕਰਦਾ ਹਾਂ ਜਾਂ ਨਹੀਂ। ਇਸ ਤਰ੍ਹਾਂ ਕਰਨ ਨਾਲ ਮਨ ਵਿੱਚ ਨਿਮਰਤਾ ਵੈਰਾਗ ਆਦਿ ਪੈਦਾ ਹੋ ਜਾਂਦੇ ਹਨ। ਇਨ੍ਹਾਂ ਸ੍ਰੇਸ਼ਟ ਗੁਣਾਂ ਨਾਲ ਹੀ ਭਗਤੀ ਹੋ ਸਕਦੀ ਹੈ।

**ਹਜ਼ੂਰ ਦਾ ਪਵਿੱਤਰ ਫੁਰਮਾਨ ਹੈ:-**

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥*
*ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥*
*ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥*
*ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥੧॥ਮਃ੩॥*
*ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ॥*
*ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ॥*
*ਜਿਨ ਕਾਰਣ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ॥*
*ਨਾਨਕ ਗੁਰਮਤੀ ਸੁਖੁ ਪਾਇਆ ਬਖਸੇ ਬਖਸਣਹਾਰ ॥੨॥ ਆਦਿ ੫੯੪*
*ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥*
*ਦੂਜਾ ਭਰਮੁ ਗੁਰ ਸਬਦਿ ਜਲਾਏ॥*
*ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥*
*ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ਗੁਰਮੁਖਿ ਪਾਏ ਮੋਖ ਦੁਆਰੁ॥*
*ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ॥੭॥*
*ਸਤਿਗੁਰੁ ਦਾਤਾ ਮਿਲੈ ਮਿਲਾਇਆ॥ਪੂਰੈ ਭਾਗਿ ਮਨਿ ਸਬਦੁ ਵਸਾਇਆ॥*
*ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥ ਆਦਿ-੧੧੫*
*ਗੁਰਮੁਖਿ ਇਹੁ ਮਨੁ ਲਇਆ ਸਵਾਰਿ॥*
*ਹਉਮੈ ਵਿਚਹੁ ਤਜੈ ਵਿਕਾਰ ॥੩॥*

*ਜੋ ਧੁਰਿ ਰਖਿਅਨੁ ਮੇਲਿ ਮਿਲਾਇ॥*
*ਕਦੇ ਨ ਵਿਛੁੜਹਿ ਸਬਦਿ ਸਮਾਇ॥*
*ਆਪਣੀ ਕਲਾ ਆਪੇ ਪ੍ਰਭੁ ਜਾਣੈ॥*
*ਨਾਨਕ ਗੁਰਮੁਖਿ ਨਾਮੁ ਪਛਾਣੈ॥* *ਆਦਿ-੬੬੫*

ਸਤਿਸੰਗਤ ਮੰਜਲ ਨਹੀਂ, ਸਤਿਵਸੰਗਤ ਮਨ ਨੂੰ ਸਮਝਾਉਣ ਦਾ ਸਭ ਤੋਂ ਸ੍ਰੇਸ਼ਟ ਸਾਧਨ ਹੈ। ਇਸ ਤਰ੍ਹਾਂ ਸਤਿਸੰਗਤ ਵਿੱਚ ਜਾ ਕੇ ਰੋਜਾਨਾ ਉਪਦੇਸ ਸਰਵਣ ਕਰਕੇ ਹਿਰਦੇ ਵਿੱਚ ਵਸਾਉਣਾ ਹੈ ਤਾਂ ਸਤਿਸੰਗੀ ਅਤੇ ਆਮ ਲੋਕਾਂ ਵਿੱਚ ਫਰਕ ਮਹਿਸੂਸ ਹੋਵੇਗਾ। ਬਿਨਾਂ ਸੋਚੇ ਸਮਝੇ ਜਿਹੜੇ ਲੋਕ ਸੰਗਤ ਵਿੱਚ ਰੋਜਾਨਾ ਆਉਂਦੇ ਹਨ, ਉਨ੍ਹਾਂ ਦੀ ਅਵਸਥਾ ਵਿੱਚ ਕੋਈ ਫਰਕ ਨਹੀਂ ਪੈਂਦਾ। ਜਦੋਂ ਅਜਿਹੇ ਲਾਪ੍ਰਵਾਹ ਸਤਿਸੰਗੀਆਂ ਨੂੰ ਨਵੇਂ ਸਤਿਸੰਗੀ ਮਿਲਦੇ ਹਨ ਤਾਂ ਉਨ੍ਹਾਂ ਦਾ ਜੀਵਨ ਵੇਖ ਕੇ ਨਵੇਂ ਸਤਿਸੰਗੀ ਵੀ ਸਗੋਂ ਕਈ ਵਾਰੀ ਨਾਸਤਕ ਬਣ ਜਾਂਦੇ ਹਨ।

**ਸਾਖੀ:** ਪਾਤਸ਼ਾਹੀ ੧ ਵੱਲੋਂ ਭਾਈ **ਮਨਸੁਖ** ਅਤੇ ਭਾਈ ਭਗੀਰਥ ਨੂੰ ਉਪਦੇਸ
**ਪ੍ਰਸ਼ਨ ੨:-**ਸਾਰੇ ਸਬੰਧੀ ਇਹੋ ਗੱਲ ਕਹਿੰਦੇ ਹਨ ਕਿ ਇਹ ਜਗ ਮਿੱਠਾ ਅਗਲਾ ਕੀਹਨੇ ਡਿੱਠਾ। ਫੇਰ ਸਤਿਸੰਗੀ ਕੀ ਕਰੇ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਸਤਿਸੰਗੀ ਨੂੰ ਗੁਰਾਂ ਦੇ ਹੁਕਮਾਂ ਵਿੱਚ ਰਹਿਣਾ ਚਾਹੀਦਾ ਹੈ। ਜਿੰਨੇ ਵੀ ਰਿਸ਼ਤੇਦਾਰ, ਸਬੰਧੀ, ਮਿੱਤਰ ਹਨ ਪੂਰਬਲੇ ਜਨਮਾਂ ਦੇ ਸੰਜੋਗਾਂ ਕਰਕੇ ਮਿਲੇ ਹੋਏ ਹਨ। ਇਨ੍ਹਾਂ ਵਿਚੋਂ ਕਿਸੇ ਨੇ ਅਖੀਰਲੇ ਸਮੇਂ ਸਾਥੀ ਨਹੀਂ ਬਣਨਾ। ਇਨ੍ਹਾਂ ਬਾਬਤ ਮਹਾਰਾਜ ਫੁਰਮਾਉਂਦੇ ਹਨ:-

*ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥*
*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ਆਦਿ-੭੦੦*
*ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥*
*ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥ਆਦਿ-੪੧੮*
*ਸਹਸ ਖਟੇ ਲਖ ਕਉ ਉਠਿ ਧਾਵੈ॥*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ਆਦਿ-੨੭੮*
*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ਆਦਿ-੪੩*
*ਸਾਰੰਗ ਕਬੀਰ ਜੀਉ ॥ੴ ਸਤਿਗੁਰ ਪ੍ਰਸਾਦਿ ॥*
*ਹਰਿ ਬਿਨੁ ਕਉਨੁ ਸਹਾਈ ਮਨ ਕਾ॥*

*ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨਕਾ ॥੧॥ ਰਹਾਉ॥*
*ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ॥*
*ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥੧॥ਆਦਿ-੧੨੫੩*

**ਸਾਖੀ:** ਨਾਮ ਜਪਣ ਨਾਲ ਬਾਲਮੀਕ ਬਟਵਾਰੇ ਦਾ ਮਹਾਂਪੁਰਖ ਬਣਨਾ

**ਸਾਖੀ:** ਭਾਈ ਲੱਖੂ ਧਾੜਵੀ ਦਾ ਭਾਈ ਪਿਰਾਣਾ ਜੀ ਦੀ ਪ੍ਰੇਰਣਾ ਨਾਲ ਬ੍ਰਹਮ ਗਿਆਨੀ ਬਣਨਾ

**ਪ੍ਰਸ਼ਨ ੩:-** ਮਨੁੱਖਾ ਜਨਮ ਸਫਲ ਕਿਵੇਂ ਹੋ ਸਕਦਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਸਭ ਤੋਂ ਪਹਿਲਾਂ ਰੋਜਾਨਾ ਅਰਦਾਸ ਕਰੋ ਕਿ ਮੇਰਾ ਜੀਵਨ ਗੁਰਬਾਣੀ ਅਨੁਸਾਰ ਬਣ ਜਾਵੇ। ਜਿਨ੍ਹਾਂ ਨੇ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ ਹੈਉਹਚਿੱਤ ਲਾ ਕੇਸੇਵਾ ਕਰਦੇ ਹਨ। ਉਹ ਦੁਖ ਸੁਖ ਵਿੱਚ ਇੱਕਰਸਰਹਿੰਦੇ ਹਨ। ਉਹ ਕਿਸੇ ਨੂੰ ਦੋਸ਼ ਨਹੀਂ ਦਿੰਦੇ ਹਮੇਸ਼ਾ ਆਪਣਾ ਮੁੱਖ ਗੁਰੂ ਵੱਲ ਨੂੰ ਰੱਖਦੇ ਹਨ। ਮਾੜੇ ਕਰਮਾਂ ਤੋਂ ਬਚੇ ਰਹਿੰਦੇ ਹਨ। ਉਨ੍ਹਾਂ ਪ੍ਰਥਾਇ ਮਹਾਰਾਜ ਦੇ ਪਾਵਨ ਬਚਨ ਹਨ:-

*ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥*
*ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥ ਆਦਿ-੨੫੨*
*ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ॥ਆਦਿ-੬੦੩*
*ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ॥*
*ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ॥ ਆਦਿ-੫੨*

ਉਹ ਦੁੱਖਾਂ ਤੋਂ ਦੁੱਖੀ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ।

*ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥*
*ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥੭॥੧੨॥*
*ਆਦਿ-੪੧੮*

*ਸਫਲ ਜਨਮੁ ਹੋਵੈ ਪਰਵਾਣੁ॥*
*ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥ ਆਦਿ-੧੯੩*
*ਗੁਰਮੁਖਿ ਇਹੁ ਮਨੁ ਲਇਆ ਸਵਾਰਿ॥*
*ਹਉਮੈ ਵਿਚਹੁ ਤਜੇ ਵਿਕਾਰ॥ ਆਦਿ-੧੫੯*

**ਸਾਖੀ:** ਭਾਈ ਗੁਰਮੁਖ ਨੇ ਭਾਈ ਭਿਖਾਰੀ ਬ੍ਰਹਮ ਗਿਆਨੀ ਜੀ ਦੇ ਗੁਜਰਾਤ ਵਿਖੇ ਦਰਸ਼ਨ ਕਰਨੇ

**ਪ੍ਰਸ਼ਨ ੪:-** ਭਗਤਾਂ ਅਤੇ ਸੰਸਾਰੀ ਲੋਕਾਂ ਦੀ ਆਪਸ ਵਿੱਚ ਕਿਉਂ ਨਹੀਂ ਬਣਦੀ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਭਗਤ ਭਾਵੇਂ ਇਨ੍ਹਾਂ ਲੋਕਾਂ ਵਿੱਚ ਹੀ ਰਹਿੰਦੇ ਹਨ ਪਰ ਉਨ੍ਹਾਂ ਦੀ ਸੁਰਤੀ ਸੰਸਾਰ ਵਿੱਚ ਖੱਚਤ ਨਹੀਂ ਹੁੰਦੀ ਹੈ। ਰਾਜਸੀ ਲੋਕਾਂ ਦੀ ਸੁਰਤੀ ਸੰਸਾਰੀ ਲੋਕਾਂ ਵਿੱਚ ਖੱਚਤ ਹੁੰਦੀ ਹੈ। ਭਗਤ ਸੰਸਾਰ ਨੂੰ ਨਾਸਵਾਨ ਸਮਝਦੇ ਹਨ ਅਤੇ ਸੰਸਾਰੀ ਲੋਕ ਸੰਸਾਰ ਨੂੰ ਹੀ ਸਭ ਕੁਝ ਸਮਝਦੇ ਹਨ। ਇਸ ਕਰਕੇ ਉਨ੍ਹਾਂ ਦੀ ਆਪਸ ਵਿੱਚ ਨਹੀਂ ਬਣਦੀ ।

**ਹਜ਼ੂਰ ਦਾ ਪਵਿੱਤਰ ਫੈਸਲਾ :-**

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ ਆਦਿ-੧੪੫***

**ਸਾਖੀ:** ਜਟ ਦੇ ਕਬੀਰ ਬਣਨ ਦੀ

**ਸਾਖੀ:** ਪਾਤਿਸਾਹੀ ੧ ਵੱਲੋਂ ਭਾਈ ਲਾਲੋ ਤਰਖਾਣ ਨੂੰ ਉਪਦੇਸ

**ਪ੍ਰਸ਼ਨ.੫:-**ਮਨਮੁਖਾਂ ਅਤੇ ਗੁਰਮੁਖਾਂ ਦੇ ਸੰਸਾਰ ਵਿੱਚ ਆਉਣ ਤੇ ਜਾਣ ਵਿੱਚ ਕੀ ਅੰਤਰ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਜਦੋਂ ਅਸੀਂ ਇਨ੍ਹਾਂ ਅੱਖਾਂ ਨਾਲ ਗੁਰਮੁਖਾਂ ਅਤੇ ਮਨਮੁਖਾਂ ਦੇ ਜੀਵਨ ਨੂੰ ਦੇਖਦੇ ਹਾਂ ਤਾਂ ਕੋਈ ਫਰਕ ਮਹਿਸੂਸ ਨਹੀਂ ਹੁੰਦਾ ਪਰ ਜਦੋਂ ਅਸੀਂ ਗੁਰਬਾਣੀ ਦੇ ਅਧਾਰ ਤੇ ਵੀਚਾਰਾਂਗੇ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ।

**ਮਨਮੁਖ ਦੀ ਸੋਚ ਬਾਰੇ ਹਜੂਰ ਦਾ ਫੁਰਮਾਣ ਹੈ:-**

***ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥***
***ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥੧॥***
***ਆਦਿ-੧੨੫੪***

ਮਨਮੁਖਾਂ ਦੇ ਜੀਵਨ ਨੂੰ ਦੇਖਦੇ ਹੋਏ ਹਜੂਰ ਨੇ ਧ੍ਰਿਕਾਰਾਂ ਪਾਈਆਂ ਹਨ

***ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥ ਆਦਿ-੪੮੯***
***ਨਰੂ ਮਰੈ ਨਰੁ ਕਾਮਿ ਨ ਆਵੈ॥ਪਸੂ ਮਰੈ ਦਸ ਕਾਜ ਸਵਾਰੈ॥੧॥***
***ਆਦਿ-੮੭੦***

ਗੁਰਮੁਖਾਂ ਨੇ ਇਸ ਸੰਸਾਰ ਵਿੱਚ ਮਨੁੱਖਾ ਜਾਮਾ ਧਾਰ ਕੇ ਆਉਣ ਦਾ ਮੁੱਖ ਪ੍ਰਯੋਜਨ ਸਮਝ ਲਿਆ ਹੈ ਕਿ ਪਰਮੇਸਰ ਨੇ ਸਵਾਸਾਂ ਦੀ ਪੂੰਜੀ ਦੇ ਕੇ ਮਾਤ ਲੋਕ ਵਿੱਚ ਭੇਜਿਆ ਹੈ ਇਸ ਲਈ ਉਹ ਜੀਵਨ ਭਰ ਸਿਮਰਨ ਕਰਦੇ ਹਨ। ਉਨ੍ਹਾਂ ਦੀ ਜੀਵਨ ਯਾਤਰਾ ਸਫਲ ਹੋ ਜਾਂਦੀ ਹੈ।

*ਸਫਲ ਸਫਲ ਭਈ ਸਫਲ ਜਾਤ੍ਰਾ॥ਆਵਣ ਜਾਣ ਰਹੇ ਮਿਲੇ ਸਾਧਾ॥*
*ਆਦਿ-੬੮੭*

*ਗੁਰਮੁਖ ਜਨਮ ਸਵਾਰ ਦਰਗਹ ਚੱਲਿਆ॥*
*ਸੱਚੀ ਦਰਗਹ ਜਾਇ ਸੱਚਾ ਪਿੜ ਮੱਲਿਆ॥*
*ਵਾਰਾਂ ਭਾਈ ਗੁਰਦਾਸ ਜੀ -੧੯/੧੪*

**ਸਾਖੀ:** ਨਾਮ ਜਪਣ ਨਾਲ ਬਾਲਮੀਕ ਬਟਵਾਰੇ ਦਾ ਮਹਾਂਪੁਰਖ ਬਣਨਾ

**ਪ੍ਰਸ਼ਨ ੬:**-ਜਿਸ ਗੁਰਮੁਖ ਨੇ ਬਾਣੀ ਦੀ ਕਮਾਈ ਕਰਕੇ ਆਪਣਾ ਜੰਮਣ ਮਰਣ ਦਾ ਚੱਕਰ ਖਤਮ ਕਰ ਲਿਆ ਹੈ। ਉਨ੍ਹਾਂ ਦਾ ਆਮ ਲੋਕਾਂ ਨੂੰ ਕੀ ਲਾਭ ਹੈ।

**ਮਹਾਂਪੁਰਖਾਂ ਵੱਲੋ ਪਵਿੱਤਰ ਬਚਨ:-**

ਅਜਿਹੇ ਗੁਰਮੁਖ ਦਾ ਜੀਵਨ ਹੋਰਨਾਂ ਨੂੰ ਵੀ ਪ੍ਰੇਰਨਾ ਦਿੰਦਾ ਹੈ। ਗੁਰਮੁਖਾਂ ਦੇ ਸ੍ਰੇਸ਼ਟ ਗੁਣਾਂ ਦੀ ਬਹੁਤ ਮਹਾਨਤਾ ਹੈ ਜੇਕਰ ਉਨ੍ਹਾਂ ਦੀ ਤੁਲਨਾ ਪਾਰਸ ਨਾਲ ਕੀਤੀ ਜਾਵੇ ਤਾਂ ਵੀ ਸਮਤਾ ਨਹੀਂ ਹੋ ਸਕਦੀ। ਪਾਰਸ ਅੱਠ ਧਾਤਾਂ ਨੂੰ ਸੋਨਾ ਬਣਾ ਦਿੰਦਾ ਹੈ ਪਰ ਉਹ ਸੋਨਾ ਹੋਰ ਅੱਗੇ ਕਿਸੇ ਲੋਹੇ ਨੂੰ ਸੋਨਾ ਨਹੀਂ ਬਣਾ ਸਕਦਾ ਪਰ ਗੁਰਮੁਖ ਪਰਸ ਪਾਰਸ ਹੈ ਜੋ ਅੱਗੇ ਤੋਂ ਅੱਗੇ ਸੰਗਤ ਕਰਨ ਵਾਲਿਆਂ ਨੂੰ ਆਪਣੇ ਸਮਾਨ ਹੀ ਬਣਾ ਲੈਂਦਾ ਹੈ। ਗੁਰਮੁਖ ਦਾ ਜੀਵਨ ਸੰਸਾਰੀ ਲੋਕਾਂ ਲਈ ਮਾਰਗ ਹੁੰਦਾ ਹੈ।

*"ਜਨਮ ਮਰਣ ਦੁਹਹੁ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ॥"*
*ਆਦਿ-੭੪੮*

**ਸਾਖੀ:** ਭਾਈ ਅਦਲੀ ਜੀ ਦੀ ਸੰਗਤ ਨਾਲ ਭਾਈ ਬਿਧੀ ਚੰਦ ਜੀ ਦਾ ਮਹਾਂਪੁਰਖ ਬਣਨਾ

**ਪ੍ਰਸ਼ਨ ੭:**- ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ ਕਿ ਕਈ ਕਹਿੰਦੇ ਹਨ ਕਿ ਬਾਣੀ ਨੂੰ ਗੁਰੂ ਮੰਨੋ ਪਰ ਅਸੀਂ ਐਵੇਂ ਕਿਵੇਂ ਮੰਨ ਲਈਏ।

**ਮਹਾਂਪੁਰਖਾਂ ਵੱਲੋ ਪਵਿੱਤਰ ਬਚਨ:-**

ਕਿਸੇ ਦੇ ਕਹਿਣ ਨਾਲ ਕਿਸੇ ਨੂੰ ਗੁਰੂ ਨਹੀਂ ਮੰਨਿਆ ਜਾ ਸਕਦਾ। ਪਵਿੱਤਰ ਬਾਣੀ ਨੂੰ ਜਦੋਂ ਧਿਆਨ ਨਾਲ ਪੜ੍ਹੋਗੇ ਅਤੇ ਸੁਣੋਗੇ ਤਾਂ ਆਪੇ ਸਮਝ ਪੈ ਜਾਵੇਗੀ ਕਿ ਇਹ ਬਾਣੀ ਗੁਰੂ ਸਰੂਪ ਹੋ ਕੇ ਰਾਹ ਬਖਸ਼ ਦਿੰਦੀ ਹੈ।

**ਹਜੂਰ ਦਾ ਪਵਿੱਤਰ ਫੁਰਮਾਨ ਹੈ:-**

*ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥*
*ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ॥ ਆਦਿ-੫੩*

*ਗੁਰ ਪਰਮੇਸੁਰ ਸਗਲ ਨਿਵਾਸ॥*
*ਘਟਿ ਘਟਿ ਰਵਿ ਰਹਿਆ ਗੁਣਤਾਸ॥* *ਆਦਿ-੯੦੦*
*ਗੁਰੁ ਪਰਮੇਸਰੁ ਏਕੋ ਜਾਣੁ॥*
*ਜੋ ਤਿਸੁ ਭਾਵੈ ਸੋ ਪਰਵਾਣੁ॥* *ਆਦਿ-੮੬੪*
*ਗੁਰ ਕੀ ਮਹਿਮਾ ਕਥਨੁ ਨ ਜਾਇ॥*
*ਗੁਰੁ ਪਰਮੇਸਰੁ ਸਾਚੈ ਨਾਇ॥* *ਆਦਿ-੧੨੭੧*
*ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥*
*ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥* *ਆਦਿ-੪੯*
*ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥*
*ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ॥* *ਆਦਿ-੫੨*
*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗਮੰਡਲਿ ਕਰਿਯਉ॥* *ਆਦਿ -੧੩੯੫*

**ਸਾਖੀ:** ਦਮਦਮੀ ਟਕਸਾਲ ਦੀ ਰਚਨਾ ਦਾ ਕਾਰਨ

**ਸਾਖੀ:** ਪਾਤਿਸ਼ਾਹੀ ਛੇਵੀਂ ਨੇ ਭਾਈ ਗੋਪਾਲਾ ਜੀ ਪਾਸੋਂ ਜਪੁ ਜੀ ਸਾਹਿਬ ਦਾ ਸ਼ੁੱਧ ਪਾਠ ਸੁਣਨਾ

**ਸਾਖੀ:** ਪਾਤਿਸ਼ਾਹੀ ਸਤਵੀਂ ਵਲੋਂ ਬਾਣੀ ਦਾ ਸਤਿਕਾਰ ਕਰਨਾ

**ਪ੍ਰਸ਼ਨ ੮:-**ਕਿਸੇ ਸਿੰਘ ਨੇ ਬੇਨਤੀ ਕੀਤੀ ਕਿ ਬਾਣੀ ਤਾਂ ਅਸੀਂ ਵੀ ਪੜ੍ਹਦੇ ਹਾਂ ਅਤੇ ਸੰਤ ਵੀ ਪੜ੍ਹਦਾ ਹੈ ਪਰ ਲੋਕੀ ਸੰਤਾਂ ਦਾ ਸਤਿਕਾਰ ਕਿਉਂ ਕਰਦੇ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਹ ਗੱਲ ਆਪ ਜੀ ਦੀ ਸੱਚੀ ਹੈ ਕਿ ਬਾਣੀ ਦਾ ਪਾਠ ਆਮ ਲੋਕ ਵੀ ਕਰਦੇ ਹਨ ਅਤੇ ਸੰਤ ਵੀ ਕਰਦੇ ਹਨ ਪਰ ਸੰਤਾਂ ਦਾ ਸਤਿਕਾਰ ਸੰਗਤ ਇਸ ਲਈ ਕਰਦੀ ਹੈ ਕਿਉਂਕਿ:-

ਸਭ ਤੋਂ ਪਹਿਲਾਂ ਗੁਰੂ ਕੀ ਸੰਗਤ ਸਤਿਕਾਰ ਯੋਗ ਹੈ। ਪਰ ਆਮ ਸੰਗਤ ਅਤੇ ਮਹਾਪੁਰਖਾਂ ਦੇ ਬਾਣੀ ਪੜ੍ਹਨ ਵਿੱਚ ਬਹੁਤ ਫਰਕ ਹੈ। ਆਮ ਸੰਗਤ ਵਿੱਚ ਬਹੁਤ ਸਾਰੇ ਸਰੀਰ ਵੀਹ ਜਾਂ ਤੀਹ ਸਾਲ ਬਾਣੀ ਪੜ੍ਹਦੇ ਰਹਿੰਦੇ ਹਨ। ਪਰ ਜਦੋਂ ਉਨ੍ਹਾਂ ਨਾਲ ਗੱਲਬਾਤ ਕਰੀਦੀ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਨੇ ਸਤਿਗੁਰਾਂ ਦੀ ਆਗਿਆ ਨੂੰ ਸਤਿ ਕਰਕੇ ਨਹੀਂ ਮੰਨਿਆ। ਦੂਜੇ ਪਾਸੇ ਸੰਤਾਂ ਨੇ ਬਾਣੀ ਪੜ੍ਹਕੇ ਆਪਣੇ ਮਨ ਵਿੱਚੋਂ ਦਵੈਤ ਭਾਵ ਮਿਟਾ ਲਿਆ ਹੈ। ਇਸ ਕਰਕੇ ਸੰਗਤਾਂ ਪਵਿੱਤਰ ਹਿਰਦੇ ਵਾਲੇ ਪਰਉਪਕਾਰੀ ਮਹਾਂਪੁਰਖਾਂ ਦਾ ਸਤਿਕਾਰ ਕਰਦੀਆਂ ਹਨ।

**ਹਜ਼ੂਰ ਦਾ ਪਵਿੱਤਰ ਫੁਰਮਾਨ ਹੈ:-**

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥ਰਹਾਉ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥*
*ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥*
*ਆਦਿ-੧੨੯੯*

*ਚਰਨ ਕਮਲ ਸੰਗਿ ਲਾਗੀ ਪ੍ਰੀਤਿ॥ਬਿਸਰਿ ਗਈ ਸਭ ਦੁਰਮਤਿ ਰੀਤ॥*
*ਮਨ ਤਨ ਅੰਤਰਿ ਹਰਿ ਹਰਿ ਮੰਤ॥ਨਾਨਕ ਭਗਤਨ ਕੈ ਘਰਿ ਸਦਾ ਅਨੰਦ॥*
*ਆਦਿ-੮੦੨*

*ਊਠਤ ਬੈਠਤ ਸੋਵਤ ਨਾਮ॥ਕਹੁ ਨਾਨਕ ਜਨ ਕੈ ਸਦ ਕਾਮ॥*
*ਆਦਿ-੨੮੬*

ਮਹਾਪੁਰਖਾਂ ਨੇ ਮਨ ਕਰਕੇ ਆਪਾ ਭਾਵ ਮਿਟਾ ਲਿਆ ਹੈ। ਗੁਰੂ ਨੂੰ ਪਰਮੇਸਰ ਦਾ ਰੂਪ ਜਾਣ ਕੇ ਗੁਰ ਸ਼ਬਦ ਦੀ ਕਮਾਈ ਕੀਤੀ ਹੈ। ਧਰਮ ਦੀ ਕਿਰਤ ਕਰਦੇ ਹਨ ਅਤੇ ਰਸਨਾ ਨਾਲ ਹਮੇਸ਼ਾ ਸੱਚ ਬੋਲਦੇ ਹਨ। ਆਪਾ ਨਹੀਂ ਜਣਾਉਂਦੇ। ਕਈ ਪ੍ਰੇਮੀ ਇਕੱਠੇ ਹੋ ਕੇ ਆਪਣੇ ਆਪ ਨੂੰ ਇੱਕੀ ਵਿਸਵੇ ਅਤੇ ਗੁਰੂ ਸਾਹਿਬ ਨੂੰ ਵੀਹ ਵਿਸਵੇ ਆਖ ਕੇ ਆਪਣੇ ਆਪ ਨੂੰ ਗੁਰੂ ਨਾਲੋਂ ਵੀ ਵੱਡਾ ਸਮਝ ਲੈਂਦੇ ਹਨ। ਇੱਥੋਂ ਤਕ ਕੇ ਗੁਰੂ ਸਾਹਿਬ ਜੀ ਦੀ ਚਲਾਈ ਹੋਈ ਰਹੁ ਰੀਤ ਨੂੰ ਬਦਲਣ ਦੀ ਵੀ ਸੋਚ ਲੈਂਦੇ ਹਨ। ਅਜਿਹੇ ਲੋਕ ਭਾਵੇਂ ਸੰਗਤ ਵੀ ਕਰਦੇ ਹਨ ਪਰ ਉਨ੍ਹਾਂ ਦਾ ਪਹਿਰਾਵਾ, ਬੈਠਣਾ, ਦੇਖਣਾ, ਕਰਨਾ, ਖਾਣਾ ਗੁਰਬਾਣੀ ਅਨੁਸਾਰ ਨਹੀਂ ਹੁੰਦਾ। ਇਸ ਕਰਕੇ ਸੋਝੀ ਰੱਖਣ ਵਾਲੀਆਂ ਸੰਗਤਾਂ ਸਤਿਪੁਰਖਾਂ ਦਾ ਸਤਿਕਾਰ ਕਰਦੀਆਂ ਹਨ।

**ਸਾਖੀ:** ਭਾਈ ਮਹਿੰਗੇ ਨੇ ਸੇਵਾ ਕਰਕੇ ਪਾਤਿਸ਼ਾਹੀ ਤੀਜੀ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰਨੀ

**ਪ੍ਰਸ਼ਨ ੯:-**ਗੁਰ ਸੰਗਤ ਵਿੱਚ ਬਹੁਤ ਲੋਕ ਆਉਂਦੇ ਹਨ ਕੀ ਉਹ ਸਾਰੇ ਹੀ ਕਬੂਲ ਹੋ ਜਾਂਦੇ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਸੰਗਤ ਵਿੱਚ ਲੱਖਾਂ ਹੀ ਲੋਕ ਆਉਂਦੇ ਹਨ ਪਰ ਕਬੂਲ ਉਹੀ ਹੁੰਦੇ ਹਨ ਜਿੰਨ੍ਹਾਂ ਨੇ ਆਗਿਆ ਨੂੰ ਅੰਦਰ ਧਾਰਨ ਕੀਤਾ ਹੈ:-

**ਹਜ਼ੂਰ ਦਾ ਪਵਿੱਤਰ ਫੁਰਮਾਨ:-**

***ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥(੬੬੯)***

*ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥*
*ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥੪॥ (੪੨੧)*
*ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥*
*ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ॥ (੨੭)*
*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥(੨)*
*ਜਿਨਿ ਹਰਿ ਪਾਇਓ ਤਿਨਹਿ ਛਪਾਇਓ॥੧॥(੭੧੮)*
*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥(੩੩੪)*

**ਸਾਖੀ:** ਪਾਤਿਸ਼ਾਹੀ ਦਸਵੀਂ ਨੇ ਪੰਜ ਪਿਆਰਿਆਂ ਦੀ ਚੋਣ ਕਰਨੀ

**ਪ੍ਰਸ਼ਨ ੧੦:–**ਸਾਰੇ ਫਿਰਕਿਆਂ ਦੇ ਲੋਕ ਆਪਣੇ ਆਪਣੇ ਮਤ ਦੇ ਸਾਧਨਾਂ ਨੂੰ ਪਰਮੇਸਰ ਦੇ ਮਿਲਾਪ ਦਾ ਸਾਧਨ ਮੰਨਦੇ ਹਨ ਪਰ ਅਸਲ ਵਿੱਚ ਸੱਚ ਕੀ ਹੈ।

**ਮਹਾਂਪੁਰਖਾਂ ਵੱਲੋਂ ਪੱਵਿਤਰ ਬਚਨ:–**

ਮਾਤਾ ਪਿਤਾ ਦੀ ਪ੍ਰੇਰਨਾ ਦਾ ਸਦਕਾ ਮੈਂ ਸ਼ੁਰੂ ਤੋਂ ਹੀ ਪਵਿੱਤਰ ਬਾਣੀ ਦੇ ਲੜ ਲੱਗਿਆ ਹੋਇਆ ਹਾਂ। ਪਵਿੱਤਰ ਬਾਣੀ ਪੜ੍ਹਕੇ ਅਤੇ ਸੁਣ ਕੇ ਮੈਨੂੰ ਅਨੁਭਵ ਹੋਇਆ ਹੈ ਕਿ ਪ੍ਰੇਮਾ ਭਗਤੀ ਤੋਂ ਬਗੈਰ ਸਾਰੇ ਕਰਮ ਨਿਸਫਲ ਹਨ।

**ਹਜ਼ੂਰ ਦਾ ਪਵਿੱਤਰ ਫੁਰਮਾਨ:–**

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥*
*ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥੨॥*
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥*
*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥੪॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥੫॥*
*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥*

*ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥੬॥*
*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥੭॥*
*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੮॥*
*ਤੇਰੋ ਸੇਵਕੁ ਇਹ ਰੰਗਿ ਮਾਤਾ॥*
*ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥੧॥੩॥* *ਆਦਿ-੬੪੧*
*ਹਠੁ ਅਹੰਕਾਰੁ ਕਰੈ ਨਹੀ ਪਾਵੈ॥ ਪਾਠ ਪੜੈ ਲੇਲੋਕ ਸੁਣਾਵੈ॥*
*ਤੀਰਥਿ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥*
*ਆਦਿ-੯੦੫*
*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*
*ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥*
*ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥ ਆਦਿ-੫੯੩*
*ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ॥*
*ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ॥੩॥*
*ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ॥*
*ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ॥* *ਆਦਿ-੩੯੮*

**ਸਾਖੀ:** ਪਾਤਸ਼ਾਹੀ ੧ ਵੱਲੋਂ ਭਾਈ ਮਨਸੁਖ ਅਤੇ ਭਾਈ ਭਗੀਰਥ ਨੂੰ ਉਪਦੇਸ
**ਸਾਖੀ:** ਸ਼੍ਰੀ ਰਾਮ ਚੰਦਰ ਜੀ ਨੇ ਭੀਲਣੀ ਨੂੰ ਨਿਵਾਜਣਾ

**ਸਾਖੀ:** ਪਾਤਿਸਾਹੀ ੧ ਵੱਲੋਂ ਰਾਏ ਬੁਲਾਰ ਨੂੰ ਉਪਦੇਸ

**ਪ੍ਰਸ਼ਨ ੧੧:-**ਇੱਕ ਪਰਿਵਾਰ ਨੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਜਦ ਤੋਂ ਆਪ ਜੀ ਨੇ ਬਚਨ ਕੀਤੇ ਹਨ ਉਦੋਂ ਤੋਂ ਅਸੀਂ ਕਿਰਤ ਵੀ ਕਰਦੇ ਹਾਂ,ਅਸੀਂ ਬਾਣੀ ਵੀ ਪੜ੍ਹਦੇ ਹਾਂ, ਅਸੀਂ ਸੇਵਾ ਵੀ ਕਰਦੇ ਹਾਂ, ਪਰ ਸਾਡੇ ਪਰਿਵਾਰ ਵਿੱਚ ਕੋਈ ਵੀ ਜੀਅ ਸੁਖੀ ਨਹੀਂ ਹੈ।

**ਮਹਾਂਪੁਰਖਾਂ ਵੱਲੋਂ ਪੱਵਿਤਰ ਬਚਨ:-**

ਜੋ ਆਪ ਜੀ ਆਖਦੇ ਹੋ ਕਿ ਅਸੀਂ ਕਿਰਤ ਵੀ ਕਰਦੇ ਹਾਂ ,ਬਾਣੀ ਵੀ ਪੜ੍ਹਦੇ ਹਾਂ, ਅਸੀਂ ਸੇਵਾ ਵੀ ਕਰਦੇ ਹਾਂ ਬਸ ਇਨ੍ਹਾਂ ਕਾਰਨਾਂ ਕਰਕੇ ਹੀ ਤੁਸੀਂ ਦੁਖੀ ਹੋਂ। ਕਿਰਤ ਕਰਦੇ ਹੋਏ, ਬਾਣੀ ਪੜ੍ਹਦੇ ਹੋਏ, ਸੇਵਾ ਕਰਦੇ ਹੋਏ ਮਨ ਵਿੱਚ ਇਹ ਸ਼ਰਧਾ

ਰੱਖਣੀ ਹੈ ਕਿ ਇਹ ਸਭ ਕੁਝ ਪਰਮੇਸ਼ਰ ਦੀ ਬਖਸ਼ਿਸ਼ ਨਾਲ ਹੀ ਹੋ ਰਿਹਾ ਹੈ ਅਸੀਂ ਕੁਝ ਵੀ ਕਰਨ ਦੇ ਸਮਰਥ ਨਹੀਂ ਹਾਂ।

੧. ਹੰਕਾਰ ਦਾ ਤਿਆਗ ਨਹੀਂ ਕੀਤਾ

੨. ਸੰਸਾਰੀ ਪਦਾਰਥਾਂ ਨਾਲ ਸੁਖ ਨਹੀਂ ਮਿਲਦਾ

**ਹਜ਼ੂਰ ਫੁਰਮਾਉਂਦੇ ਹਨ:-**

*'ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥' ਆਦਿ-੧੪੨੭*
*ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ॥*
*ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ॥*
*ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥*
*ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥*
*ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ॥*
*ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ॥੨॥ਆਦਿ-੩੦੩*
*ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ਅਹੰਕਾਰਿ ਡੂਬੈ ਨ ਪਾਵੈ ਮਾਨੁ॥*
*ਆਪੁ ਛੋਡਿ ਸਦਾ ਸੁਖੁ ਹੋਈ॥ ਗੁਰਮਤਿ ਸਾਲਾਹੀ ਸਚੁ ਸੋਈ॥ਆਦਿ-੬੬੬*
*ਸੁਖੁ ਨਾਹੀ ਬਹੁਤੈ ਧਨਿ ਖਾਟੇ॥ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥*
*ਆਦਿ-੧੧੪੭*

*ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ॥*
*ਸਤਿਗੁਰੁ ਜਿਨੀ ਨ ਸੇਵਿਆ ਦਾਤਾ ਸੇ ਅੰਤਿ ਗਏ ਪਛੁਤਾਹਿ॥੩॥*
*ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ ਦੁਖੁ ਨ ਲਾਗੈ ਧਾਇ॥*
*ਆਦਿ-੧੧੩੨*

**ਸਾਖੀ:** ਪਾਤਿਸ਼ਾਹੀ ਛੇਵੀਂ ਵੱਲੋਂ ਬੁਰਹਾਨਪੁਰ ਦੇ ਸਿੱਖਾਂ ਨੂੰ ਖੂਹ ਵਿੱਚੋ ਮਰੀ ਹੋਈ ਬਿੱਲੀ ਕੱਢਣ ਰਾਹੀਂ ਉਪਦੇਸ਼ ਦੇਣਾ

**ਸਾਖੀ:** ਵਿਦੇਸ਼ ਗਏ ਰਾਜੇ ਪਾਸੋਂ ਪਟਰਾਣੀ ਅਤੇ ਰਾਣੀਆਂ ਨੇ ਤੋਹਫੇ ਮੰਗਵਾਉਣੇ ਪਰ ਛੋਟੀ ਰਾਣੀ ਦੀ ਦਰਸ਼ਨਾਂ ਦੀ ਤਾਂਘ

**ਪ੍ਰਸ਼ਨ ੧੨:-** ਲੋਕ ਹਰੇਕ ਨੂੰ ਗੁਰਮੁਖ ਕਹਿ ਦਿੰਦੇ ਹਨ,ਅਸਲੀ ਗੁਰਮੁਖ ਦੀ ਕੀ ਪਛਾਣ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜਿਸ ਪ੍ਰੇਮੀ ਨੇ ਗੁਰਮਤਿ ਦੇ ਮਾਰਗ ਪਰ ਚਲ ਕੇ ਆਪਣੇ ਮਨ ਵਿੱਚੋਂ ਵੈਰ

ਵਿਰੋਧ ਖਤਮ ਕਰ ਲਏ ਹਨ, ਹੁਣ ਕਿਸੇ ਗਿਣਤੀ ਮਿਣਤੀ ਵਿੱਚ ਨਹੀਂ ਪੈਂਦਾ ਸਗੋਂ ਆਖਦਾ ਹੈ ਕਿ ਇਹ ਉਦਮ ਵੀ ਵਾਹਿਗੁਰੂ ਨੇ ਬਖਸ਼ਿਸ਼ ਕੀਤਾ ਹੈ ਅਤੇ ਹਮੇਸ਼ਾ ਰਜਾ ਵਿੱਚ ਰਹਿੰਦਾ ਹੈ ਅਤੇ ਹਰੇਕ ਪ੍ਰਾਣੀ ਵਿੱਚ ਆਪਣੇ ਮਾਲਕ ਦੇ ਦਰਸ਼ਨ ਕਰਦਾ ਹੈ ਐਸੇ ਪ੍ਰੇਮੀ ਨੂੰ ਗੁਰਮੁਖ ਕਹੀ ਦਾ ਹੈ ਉਸ ਦੀ ਪਛਾਣ ਗੁਰਬਾਣੀ ਦੀ ਸੱਚੀ ਕਸਵੱਟੀ ਹੈ,ਹਜੂਰ ਦਾ ਫੁਰਮਾਨ ਹੈ:-

*ਗੁਰਮੁਖਿ ਵੈਰ ਵਿਰੋਧ ਗਵਾਵੈ॥ ਗੁਰਮੁਖਿ ਸਗਲੀ ਗਣਤ ਮਿਟਾਵੈ॥*
*ਗੁਰਮੁਖਿ ਰਾਮ ਨਾਮ ਰੰਗਿ ਰਾਤਾ॥ ਨਾਨਕ ਗੁਰਮੁਖਿ ਖਸਮੁ ਪਛਾਤਾ॥*
*ਆਦਿ-੯੪੨*

*ਗੁਰਮੁਖਿ ਇਹੁ ਮਨੁ ਲਇਆ ਸਵਾਰਿ॥*
*ਹਉਮੈ ਵਿਚਹੁ ਤਜੈ ਵਿਕਾਰ॥੩॥ਆਦਿ-੬੬੫*
*ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ॥*
*ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥*
*ਆਦਿ-੮੭*
*ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ॥ ਆਦਿ-੬੪੬*
*ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥*
*ਆਦਿ-੧੩੪੪*
*ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥ ਆਦਿ-੭੫੭*
*ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ॥*
*ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ॥ ਆਦਿ-੮੫੩*
*ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥*
*ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥*
*ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ॥*
*ਆਦਿ-੧੩੧*
*ਗੁਰਮੁਖਿ ਅਨਦਿਨੁ ਸਬਦੇ ਰਾਤਾ॥ ਗੁਰਮੁਖਿ ਜੁਗ ਚਾਰੇ ਹੈ ਜਾਤਾ॥*
*ਆਦਿ-੧੨੫*

**ਸਾਖੀ:** ਭਾਈ ਮਹਿੰਗੇ ਨੇ ਸੇਵਾ ਕਰਕੇ ਪਾਤਿਸ਼ਾਹੀ ਤੀਜੀ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰਨੀ

**ਸਾਖੀ:** ਭਾਈ ਗੁਰਮੁਖ ਨੇ ਭਾਈ ਭਿਖਾਰੀ ਬ੍ਰਹਮ ਗਿਆਨੀ ਜੀ ਦੇ ਗੁਜਰਾਤ ਵਿਖੇ ਦਰਸ਼ਨ ਕਰਨੇ

**ਸਾਖੀ:** ਭਾਈ ਲੱਖੂ ਧਾੜਵੀ ਦਾ ਭਾਈ ਪਿਰਾਣਾ ਜੀ ਦੀ ਪ੍ਰੇਰਣਾ ਨਾਲ ਬ੍ਰਹਮ

ਗਿਆਨੀ ਬਣਨਾ

**ਪ੍ਰਸ਼ਨ ੧੩:**-ਕਿਸੇ ਸਿੱਖ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਸਚਖੰਡ ਬਾਰੇ ਬਹੁਤ ਸੁਣੀ ਦਾ ਹੈ, ਇਹ ਕਿਥੇ ਹੈ, ਕੀ ਸਰੀਰ ਛੱਡਣ ਤੋ ਬਾਅਦ ਹੀ ਸਚਖੰਡ ਦੀ ਪ੍ਰਾਪਤੀ ਹੁੰਦੀ ਹੈ।

**ਮਹਾਂਪੁਰਖਾਂ ਵੱਲੋਂ ਪੱਵਿਤਰ ਬਚਨ:-**

ਸਤਿਗੁਰਾਂ ਦੀ ਸੰਗਤ ਹੀ ਸਚਖੰਡ ਹੈ ਅਤੇ ਇਸਦੀ ਪ੍ਰਾਪਤੀ ਦਾ ਸਰੀਰ ਛੱਡਣ ਨਾਲ ਸਬੰਧ ਹੀ ਕੋਈ ਨਹੀਂ ਹੈ। ਸਰੀਰ ਛੱਡਣ ਤੋਂ ਬਾਅਦ ਉਸ ਵਸਤੂ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੀ ਮਨ ਵਿੱਚ ਇੱਛਾ ਹੋਵੇ।

**ਹਜ਼ੂਰ ਫੁਰਮਾਉਂਦੇ ਹਨ:-**

***'ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥***
***ਕਹੁ ਕਬੀਰ ਇਹ ਕਹੀਐ ਕਾਹਿ॥ ਸਾਧ ਸੰਗਤਿ ਬੈਕੁੰਠੈ ਆਹਿ॥'।***

***ਆਦਿ-੩੨੫***

***ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥***
***ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥***

***ਆਦਿ-੭੪੯***

***ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥***

***ਆਦਿ-੮***

ਗੁਰਮੁਖਾਂ ਨੂੰ ਬਾਣੀ ਰਾਹੀਂ ਇਹ ਸਮਝ ਹੋ ਜਾਂਦੀ ਹੈ ਕਿ ਇੱਕ ਸਾਧਸੰਗਵਤ ਹੀ ਸੱਚਾ ਅਸਥਾਨ ਹੈ ਜਿੱਥੇ ਪਹੁੰਚ ਕੇ ਮਨੁੱਖ ਦਾ ਆਵਾਗਵਣ ਮੁੱਕ ਜਾਂਦਾ ਹੈ। ਬਾਕੀ ਚਾਰ ਪ੍ਰਕਾਰ ਦੀਆਂ ਮੁਕਤੀਆਂ ਸਲੋਕ, ਸਮੀਪ, ਸਰੂਪ, ਸਜੁਜ ਹਾਸਲ ਕਰਕੇ ਭੀ ਆਵਾਗਵਨ ਨਹੀਂ ਮੁੱਕਦਾ। ਸਾਰੀ ਉਮਰ ਸਤਿਗੁਰਾਂ ਦੀ ਆਗਿਆ ਵਿੱਚ ਰਹਿ ਕੇ ਧਰਮ ਦੀ ਕਿਰਤ ਕਰਨੀ ਹੈ ਅਜਿਹਾ ਗੁਰਮੁਖ ਜਿਥੇ ਵੀ ਹੋਵੇ ਉਥੇ ਹੀ ਸੱਚਖੰਡ ਬਣ ਜਾਂਦਾ ਹੈ।

**ਸਾਖੀ:** ਭਾਈ ਗੋਂਦਾ ਜੀ ਨੇ ਪਾਤਿਸ਼ਾਹੀ ਸਤਵੀਂ ਦੇ ਚਰਨਾਂ ਦੀ ਸਮਾਧੀ ਲਾ ਕੇ ਸੇਵਾ ਕਰਨੀ

**ਪ੍ਰਸ਼ਨ ੧੪:**-ਮੁਹੰਮਦ ਸਾਹਿਬ ਵਲੋਂ ਮੁਸਲਮਾਨ ਲਈ ਪੰਜ ਨਮਾਜ਼ਾਂ ਪੜ੍ਹਨੀਆਂ ਜਰੂਰੀ ਹਨ। ਹਿੰਦੂ ਮੱਤ ਵਿੱਚ ਤਿੰਨ ਵਕਤ ਸੰਧਿਆ ਪੂਜਾ ਗਾਇਤ੍ਰੀ ਆਦਿ ਕਰਨ ਦਾ ਜਰੂਰੀ ਮੰਨਿਆ ਹੈ। ਇਸ ਤਰ੍ਹਾਂ ਗੁਰਸਿਖਾਂ ਲਈ ਗੁਰਮਤਿ ਅਨੁਸਾਰ ਪਰਮੇਸਰ ਦੀ ਅਰਾਧਨਾ ਲਈ ਕਿਹੜਾ ਸਮਾਂ ਹੈ।

**ਮਹਾਂਪੁਰਖਾਂ ਵੱਲੋਂ ਪੱਵਿਤਰ ਬਚਨ:-**

ਗੁਰਮਤਿ ਵਿੱਚ ਕੋਈ ਖਾਸ ਸਮਾਂ ਪਰਮੇਸਰ ਨੂੰ ਯਾਦ ਕਰਨ ਦਾ ਨਿਯਤ ਨਹੀਂ ਕੀਤਾ ਗਿਆ। ਗੁਰਸਿੱਖ ਤਾਂ ਹਰ ਸਮੇਂ ਹੀ ਪਰਮੇਸਰ ਨੂੰ ਯਾਦ ਰੱਖਦਾ ਹੈ ਪਰ ਅਭਿਆਸ ਵਾਸਤੇ ਅੰਮ੍ਰਿਤ ਵੇਲੇ ਇਕਾਗਰਤਾ ਸੁਤੇ ਹੀ ਬਣ ਜਾਂਦੀ ਹੈ। ਅੰਮ੍ਰਿਤਧਾਰੀ ਗੁਰਸਿੱਖ ਵਾਸਤੇ ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ ਅਤੇ ਸ਼ਾਮ ਨੂੰ ਰਹਿਰਾਸ ਰਾਤ ਨੂੰ ਬਿਰਾਜਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਜਰੂਰੀ ਹੈ। ਇਸ ਤੋ ਇਲਾਵਾ ਮੂਲ ਮੰਤਰ ਅਤੇ ਗੁਰ ਮੰਤਰ ਦਾ ਜਾਪ ਉਠਦੇ ਬਹਿੰਦੇ ਕਰਦੇ ਰਹਿਣਾ ਹੈ।

**ਗੁਰਸਿਖਾਂ ਲਈ ਹਜ਼ੂਰ ਦਾ ਹੁਕਮ ਹੈ:-**

*ਸਦਾ ਸਦਾ ਸਿਮਰਿ ਦਿਨ ਰਾਤਿ॥ ਊਠਤ ਬੈਠਤ ਸਾਸਿ ਗਿਰਾਸ॥*
*ਆਦਿ-੯੭੧*

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥*
*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥*
*ਇਨ੍ ਬਿਧਿ ਪਾਸਾ ਢਾਲਹੁ ਬੀਰ॥*
*ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹਲਾਗੈ ਪੀਰ॥੧॥ ਰਹਾਉ॥*
*ਆਦਿ-੧੧੮੫*

*ਆਰਾਧਉ ਤੁਝਹਿ ਸੁਆਮੀ ਅਪਨੇ॥*
*ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ॥*
*ਆਦਿ-੧੨੯੮*

*ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥੬॥*
*ਬੋਲਹੁ ਜਸੁ ਜਿਹਬਾ ਦਿਨੁ ਰਾਤਿ॥ ਪ੍ਰਭਿ ਅਪਨੈ ਜਨ ਕੀਨੀ ਦਾਤਿ॥*
*ਆਦਿ-੨੯੬*

*ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ॥*
*ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ॥*
*ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ॥ ਆਦਿ-੭੦੯*

**ਪ੍ਰਸ਼ਨ ੧੫:-**ਕਿਸੇ ਗੁਰਸਿਖ ਨੇ ਮਹਾਂਪੁਰਖਾਂ ਕੋਲ ਬੇਨਤੀ ਕੀਤੀ ਕਿ ਮੈਂ ਸੇਵਾ ਤੇ ਸਿਮਰਨ ਪਿਛਲੇ ਕਈ ਸਾਲਾਂ ਤੋਂ ਕਰ ਰਿਹਾ ਹਾਂ ਪਰ ਮਨ ਇਕਾਗਰ ਨਹੀਂ ਹੋ ਰਿਹਾ। ਹੁਣ ਕੀ ਕਰਨਾ ਚਾਹੀਦਾ ਹੈ।

**ਮਹਾਂਪੁਰਖਾਂ ਵੱਲੋਂ ਪੱਵਿਤਰ ਬਚਨ:-**

ਸੇਵਾ ਤੇ ਸਿਮਰਨ ਕਰਨ ਨਾਲ ਤਾਂ ਮਨ ਦੀ ਮੈਲ ਕੱਟੀ ਜਾਂਦੀ ਹੈ। ਮਨ ਦੀ

ਮੈਲ ਉਤਰਨ ਉਪਰੰਤ ਹੀ ਇਕਾਗਰਤਾ ਬਣਦੀ ਹੈ। ਹੁਣ ਇਹ ਦੱਸੋ ਕਿ ਜਦੋਂ ਤੁਸੀਂ ਸੇਵਾ ਅਤੇ ਸਿਮਰਨ ਕਰਦੇ ਸੀ ਤਾਂ ਸਰੀਰ ਦੀਆਂ ਬਾਕੀ ਇੰਦਰੀਆਂ ਨੂੰ ਸੇਵਾ ਅਤੇ ਸਿਮਰਨ ਵਿੱਚ ਸ਼ਾਮਿਲ ਕੀਤਾ ਸੀ ਜਾਂ ਨਹੀਂ।

ਅਗੋਂ ਗੁਰਸਿਖ ਨੇ ਬੇਨਤੀ ਕੀਤੀ ਕਿ ਮੈਂ ਅੱਖਾਂ ਨਾਲ ਟੀ.ਵੀ,ਹੱਥਾਂ ਪੈਰਾਂ ਨਾਲ ਘਰ ਦੇ ਕੰਮ ਵਿਆਹ ਸ਼ਾਦੀਆਂ ਵਿੱਚ ਨੱਚਣਾ, ਕੁੱਦਣਾ, ਕੰਨਾਂ ਨਾਲ ਗੀਤ ਵੀ ਸੁਣਦਾ ਰਿਹਾ ਹਾਂ ਅਤੇ ਰਸਨਾ ਨਾਲ ਗੱਲਾਂ ਬਾਤਾਂ ਕਰਦਾ ਰਿਹਾ ਹਾਂ। ਮਹਾਂਪੁਰਖਾਂ ਨੇ ਆਖਿਆ ਕਿ ਸਹਿਜ ਪਾਠ ਕਰਿਆ ਕਰੋ, ਅੱਖਾਂ ਨਾਲ ਸਾਰਿਆਂ ਵਿੱਚ ਵਾਹਿਗੁਰੂ ਦੀ ਜੋਤਿ ਦੇਖਿਆ ਕਰੋ, ਪੈਰਾਂ ਨਾਲ ਗੁਰੂ ਕੀ ਸੰਗਤ ਵਿੱਚ ਚਲ ਕੇ ਜਾਇਆ ਕਰੋ, ਹੱਥਾਂ ਨਾਲ ਸੇਵਾ ਕਰਿਆ ਕਰੋ, ਖੁਸ਼ੀ ਗਮੀ ਦੇ ਮੌਕੇ ਇਕ ਰਸ ਰਿਹਾ ਕਰੋ, ਰਸਨਾ ਅਤੇ ਕੰਨਾਂ ਨਾਲ ਬਾਣੀ ਪੜ੍ਹਿਆ ਅਤੇ ਸੁਣਿਆ ਕਰੋ। ਮਾੜੇ ਕਰਮਾਂ ਤੋਂ ਬਚ ਕੇ ਰਹਿਣਾ ਹੈ। ਗੁਰੂ ਮਹਾਰਾਜ ਦਾ ਪਵਿੱਤਰ ਫੁਰਮਾਣ ਹੈ।

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥ ਆਦਿ-੫੧੭*
*ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥*
*ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥*
*ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥*
*ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥*
*ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥*
*ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥*
*ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥*
*ਆਦਿ-੧੩੯੪*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ ਆਦਿ-੧੩੬੨*

**ਪ੍ਰਸ਼ਨ ੧੬:-**ਮਹਾਂਪੁਰਖਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਅਸੀਂ ਸਖਤ ਮਿਹਨਤ ਕਰਕੇ ਬੱਚੇ ਪਾਲਦੇ ਅਤੇ ਪੜ੍ਹਾਉਂਦੇ ਹਾਂ। ਕੀ ਸਾਨੂੰ ਵੀ ਬਾਣੀ ਪੜ੍ਹਨੀ ਅਤੇ ਸੰਗਤ ਦੀ ਸੇਵਾ ਜਰੂਰੀ ਕਰਨੀ ਚਾਹੀਦੀ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜੋ ਅਸੀਂ ਸਖਤ ਮਿਹਨਤ ਕਰਕੇ ਬੱਚੇ ਪਾਲਦੇ ਅਤੇ ਪੜ੍ਹਾਉਂਦੇ ਹਾਂ ਅਤੇ

ਸਰੀਰ ਦੀ ਸੰਭਾਲ ਲਈ ਖਾਂਦੇ,ਪੀਂਦੇ ਅਤੇ ਸੌਂਦੇ ਹਾਂ ਇਹ ਸਭ ਕੁਝ ਬਹੁਤ ਜਰੂਰੀ ਹੈ ਪਰ ਜੇਕਰ ਇਨ੍ਹਾਂ ਦੇ ਨਾਲ ਨਾਲ ਪਵਿੱਤਰ ਬਾਣੀ ਨੂੰ ਪੜ੍ਹ ਕੇ ਅਸੂਲਾਂ ਨੂੰ ਧਾਰਨ ਕਰ ਲਈਏ ਤਾਂ ਇਹ ਸਭ ਕੁਝ ਲੇਖੇ ਵਿੱਚ ਹੈ। ਜੇ ਬਾਣੀ ਪੜ੍ਹ ਕੇ ਅਮਲ ਨਹੀਂ ਕੀਤਾ ਤਾਂ ਲੇਖੇ ਵਿੱਚ ਨਹੀਂ ਹੈ। ਪਸ਼ੂ ਪੰਛੀ ਅਤੇ ਜਾਨਵਰ ਵੀ ਆਪਣੇ-ਆਪਣੇ ਬੱਚੇ ਪਾਲਦੇ ਹਨ।

## ਹਜੂਰ ਦਾ ਫੈਸਲਾ ਹੈ:-

*ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ॥*
*ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ॥*
*ਆਦਿ-੫੧੦*

*ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ॥*
*ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ॥* *ਆਦਿ-੪੯੦*
*ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ ਜਿਨ੍ਾ ਦੂਜੈ ਭਾਇ ਪਿਆਰੁ॥*
*ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥*
*ਆਦਿ-੧੩੪੭*
*ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮੁ ਬਿਨੁ॥* *ਆਦਿ-੯੫੬*
*ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥*
*ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥*
*ਆਦਿ-੮੫੭*

**ਪ੍ਰਸ਼ਨ ੧੭:-**ਅਸੀਂ ਆਪਣੇ ਬੱਚਿਆਂ ਨੂੰ ਕਿਸੇ ਵੀ ਧਰਮ ਦੇ ਅਸਥਾਨ ਤੇ ਜਾਣ ਤੋਂ ਰੋਕਿਆ ਨਹੀਂ। ਸਾਰੇ ਧਰਮਾਂ ਨੂੰ ਬਰਾਬਰ ਸਮਝਦੇ ਹਾਂ ਪਰ ਫੇਰ ਵੀ ਸਾਡੇ ਬੱਚੇ ਕਹਿਣਾ ਨਹੀਂ ਮੰਨਦੇ। ਅਸੀਂ ਹੁਣ ਕੀ ਕਰੀਏ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਹਰੇਕ ਸਿੱਖ ਦਾ ਨਿਸਚਾ ਆਪਣੇ ਗੁਰੂ ਤੇ ਪੱਕਾ ਹੋਣਾ ਚਾਹੀਦਾ ਹੈ। ਜਿਵੇਂ ਇੱਕ ਪਤੀਵਰਤਾ ਇਸਤ੍ਰੀ ਸਤਿਕਾਰ ਸਾਰਿਆਂ ਦਾ ਕਰਦੀ ਹੈ ਪਰ ਆਪਣੇ ਪਤੀ ਦੇ ਸਮਾਨ ਦੂਜਿਆਂ ਨੂੰ ਨਹੀਂ ਸਮਝਦੀ ਇਸੇ ਤਰ੍ਹਾਂ ਕਿਸੇ ਧਾਰਮਿਕ ਅਸਥਾਨ ਦੀ ਨਿੰਦਾ ਨਹੀਂ ਕਰਨੀ ਪਰ ਹੁਕਮ ਆਪਣੇ ਹੀ ਗੁਰੂ ਦਾ ਮੰਨਣਾ ਚਾਹੀਦਾ ਹੈ। ਹਰੇਕ ਪ੍ਰਾਣੀ ਨੂੰ ਇੱਕ ਬੇੜੀ ਵਿੱਚ ਹੀ ਅਸਵਾਰ ਹੋਣਾ ਚਾਹੀਦਾ ਹੈ। ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਡੁੱਬ ਜਾਂਦਾ ਹੈ। ਸਾਨੂੰ ਆਪਣੇ ਬੱਚਿਆਂ ਨੂੰ ਗੁਰੂ ਸਾਹਿਬ ਦੇ ਹੁਕਮਾਂ ਨੂੰ ਮੰਨਣ ਲਈ ਪ੍ਰੇਰਣਾ ਦੇਣੀ ਚਾਹੀਦੀ ਹੈ। ਜਿਹੜਾ ਅਸੀਂ ਕਹਿੰਦੇ ਹਾਂ ਕਿ ਸਾਡੇ

ਬੱਚੇ ਕਹਿਣਾ ਨਹੀਂ ਮੰਨਦੇ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਜੇ ਅਸੀਂ ਵੀ ਗੁਰੂ ਦਾ ਹੁਕਮ ਨਹੀਂ ਮੰਨ ਸਕੇ।

**ਜੋ ਗੁਰੂ ਦਾ ਸਿੱਖ ਹੈ ਉਸ ਲਈ ਹਜ਼ੂਰ ਦਾ ਹੁਕਮ ਹੈ:-**

*ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥*
*ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥*
*ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥*
*ਜਿਨਿ ਸੇਵਿਆ ਤਿਨ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ॥*
*ਆਦਿ-੫੯੦*

*ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ॥*
*ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ॥*
*ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ॥*
*ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥ ਆਦਿ-੮੩*

**ਸਾਖੀ:** ਭਾਈ ਤਿਲਕਾ ਜੀ ਦੀ ਦ੍ਰਿੜ੍ਹਤਾ ਨੂੰ ਦੇਖ ਕੇ ਜੋਗੀ ਨੇ ਪਾਤਿਸ਼ਾਹੀ ਛੇਵੀਂ ਦਾ ਸਿੱਖ ਬਣਨਾ

**ਪ੍ਰਸ਼ਨ ੧੮:-**ਬਹੁਤ ਸਾਰੇ ਰਿਸ਼ੀ ਮੁਨੀ ਦਿਨ ਰਾਤ ਪੁੰਨ, ਜਪ, ਤਪ ਅਤੇ ਨੰਗੇ ਪੈਰੀ ਤੀਰਥਾਂ ਤੇ ਜਾਂਦੇ ਹਨ ਉਨ੍ਹਾਂ ਦੀ ਲੋਕ ਪੂਜਾ ਕਰਦੇ ਹਨ ਉਨ੍ਹਾਂ ਬਾਰੇ ਸਾਨੂੰ ਕੀ ਹੁਕਮ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਨ੍ਹਾਂ ਲੋਕਾਂ ਨੇ ਬਾਣੀ ਪੜ੍ਹੀ ਤੇ ਸੁਣੀ ਨਹੀਂ ਆਪਣੀ ਚਤੁਰਾਈ ਤੇ ਸਿਆਣਪ ਨਾਲ ਅਜਿਹੇ ਕੰਮ ਕਰਦੇ ਹਨ ਕਿ ਭੋਲੇ ਭਾਲੇ ਲੋਕ ਇਨ੍ਹਾਂ ਦੀ ਵਿਲੱਖਣਤਾ ਦੇਖ ਕੇ ਪੂਜਾ ਕਰਨ ਲਗ ਜਾਂਦੇ ਹਨ। ਜੇਕਰ ਉਹ ਕਲਿਆਣ ਕਾਰੀ ਬਾਣੀ ਵਿਚਾਰਨ ਤਾਂ ਉਨ੍ਹਾਂ ਦਾ ਵੀ ਭਲਾ ਹੋ ਸਕਦਾ ਹੈ। ਸਿਆਣਪ ਅਤੇ ਚਤੁਰਾਈ ਦਾ ਤਿਆਗ ਕਰਕੇ ਆਪਣੇ ਪਰਿਵਾਰ ਵਿੱਚ ਰਹਿਣਾ ਹੈ। ਹਜ਼ੂਰ ਦਾ ਹੁਕਮ ਹੈ:-

*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*
*ਆਦਿ-੫੨੨*

*ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥ ਅਸਟਪਦੀ॥*
*ਜਾਪ ਤਾਪ ਗਿਆਨ ਸਭਿ ਧਿਆਨ॥ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥*
*ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ਸਗਲ ਤਿਆਗਿ ਬਨ ਮਧੇ ਫਿਰਿਆ॥*
*ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥*

*ਸਰੀਰੁ ਕਟਾਇ ਹੋੁਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥*
*ਨਹੀ ਤੁਲਿ ਰਾਮ ਨਾਮ ਬੀਚਾਰ॥*
*ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥ ਆਦਿ-੨੬੫*
*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥*
*ਆਦਿ-੭੪੭*

**ਪ੍ਰਸ਼ਨ ੧੯:**-ਗੁਰੂ ਘਰ ਵਿੱਚ ਸੇਵਾਵਾਂ ਤਾਂ ਬਹੁਤ ਹਨ ਜਿਵੇਂ ਜੋੜਿਆਂ ਦੀ, ਲੰਗਰ ਦੀ, ਝਾੜੂ ਦੀ, ਦਰੀਆਂ ਝਾੜਨ ਦੀ, ਬਰਤਨ ਸਾਫ ਕਰਨ ਦੀ ਅਤੇ ਮਹਾਰਾਜ ਦੇ ਵਸਤ੍ਰਾਂ ਦੀ ਆਦਿ। ਇਨ੍ਹਾਂ ਸਾਰੀਆਂ ਸੇਵਾਵਾਂ ਵਿੱਚੋਂ ਕਿਹੜੀ ਸੇਵਾ ਨਾਲ ਗੁਰੂ ਮਹਾਰਾਜ ਖੁਸ਼ ਹੁੰਦੇ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਸੇਵਾ ਕੋਈ ਵੀ ਕਰ ਲਵੇ ਸਾਰੀਆਂ ਹੀ ਠੀਕ ਹਨ। ਪਰ ਜੋ ਗੁਰੂ ਮਹਾਰਾਜ ਜੀ ਦੀ ਆਗਿਆ ਵਿੱਚ ਰਹਿ ਕੇ ਸੇਵਾ ਕੀਤੀ ਜਾਵੇ ਉਹ ਕਬੂਲ ਹੁੰਦੀ ਹੈ। ਸੇਵਾ ਨਿਸਕਾਮਤਾ ਸਹਿਤ ਪ੍ਰੇਮ ਨਾਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਗੁਰਸਿੱਖ ਦਾ ਸਾਰਾ ਜੀਵਨ ਹੀ ਮਾਰਗ ਦਰਸ਼ਨ ਬਣ ਜਾਂਦਾ ਹੈ।

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥ ਆਦਿ-੨੮੬*
*ਸੇਵਾ ਥੋਰੀ ਮਾਗਨ ਬਹੁਤਾ॥ ਮਹਲੁ ਨ ਪਾਵੈ ਕਹਤੋ ਪਹੁਤਾ॥*
*ਆਦਿ-੭੩੮*

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥ ਆਦਿ-੪੭੪*

**ਸਾਖੀ:** ਭਾਈ ਮੰਞ ਦਾ ਸਿਦਕ

**ਪ੍ਰਸ਼ਨ ੨੦:**-ਬਹੁਤ ਵਾਰੀ ਵੇਖਿਆ ਹੈ ਕਿ ਮਨਮੁਖਾਂ ਦੀ ਤਰ੍ਹਾਂ ਗੁਰਮੁਖਾਂ ਨੂੰ ਵੀ ਕਸ਼ਟ ਆ ਜਾਂਦੇ ਹਨ ਇਸ ਤਰ੍ਹਾਂ ਦੇ ਹਾਲਾਤ ਦੇਖ ਕੇ ਸਾਡਾ ਮਨ ਡੋਲ ਜਾਂਦਾ ਹੈ ਕਿ

ਬਾਣੀ ਪੜ੍ਹਨ ਦਾ ਫੇਰ ਕੀ ਲਾਭ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਹ ਸਾਡੇ ਵੇਖਣ ਵਿੱਚ ਕਮਜੋਰੀ ਹੈ। ਮਨਵਮੁਖ ਕਸ਼ਟ ਵਿੱਚ ਰੋਂਦਾ ਹੈ। ਗੁਰਮੁਖ ਚੜ੍ਹਦੀਕਲਾ ਵਿੱਚ ਰਹਿੰਦਾ ਹੈ ਅਤੇ ਬਾਣੀ ਅਨੁਸਾਰ ਆਪਣਾ ਜੀਵਨ ਢਾਲ ਲੈਂਦਾ ਹੈ ਅਤੇ ਸਤਿਗੁਰਾਂ ਪਾਸ ਬੇਨਤੀਆਂ ਕਰਦਾ ਹੈ।

**ਹਜ਼ੂਰ ਦਾ ਪਵਿੱਤਰ ਫੁਰਮਾਨ:-**

*ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ॥*
*ਸੁਖ ਦੂਖ ਦਾਤਾ ਗੁਰਮੁਖਿਜਾਤਾ ਮੇਲਿ ਲਏ ਸਰਣਾਈ॥*
*ਆਦਿ-੧੩੪੫*

*ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥੩॥*
*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ॥*
*ਆਦਿ-੪੩੨*

*ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥*
*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥*
*ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ ਆਦਿ-੧੪੯*
*ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥*
*ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀਸਹੁ ਅਪਣਾ ਕੀਆ ਕਰਾਰਾ ਹੇ॥*
*ਆਦਿ-੧੦੩੦*

*ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥ ਆਦਿ-੧੧੩੨*
*ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ॥ ਆਦਿ-੪੩*

ਗੁਰੂ ਦੇ ਸਿੱਖ ਘਬਰਾਉਂਦੇ ਨਹੀਂ ਉਹ ਬਿਪਤਾ ਸਮੇਂ ਉਸ ਦੀ ਰਜਾ ਵਿੱਚ, ਅਰਦਾਸ ਕਰਕੇ ਚਲਦੇ ਹਨ। ਅਰਦਾਸ ਲਈ ਮਨੋਬਲ ਇਨ੍ਹਾਂ ਪੰਗਤੀਆਂ ਤੋਂ ਮਿਲਦਾ ਹੈ। ਇੱਕ ਪਤੰਗਾ ਦੀਵੇ ਦੀ ਲਾਟ ਤੇ ਸੜ ਜਾਂਦਾ ਹੈ ਅਤੇ ਦੂਸਰਾ ਪਤੰਗਾ ਵੀ ਪਿੱਛੇ ਨਹੀਂ ਹਟਦਾ ਉਹ ਵੀ ਉਸੇ ਤਰ੍ਹਾਂ ਹੀ ਲਾਟ ਤੇ ਕੁਰਬਾਨ ਹੋ ਜਾਂਦਾ ਹੈ।

ਮੱਛੀ ਨੂੰ ਪਾਣੀ ਵਿੱਚੋਂ ਕੱਢ ਦਈਏ ਤਾਂ ਵੀ ਉਹ ਪਾਣੀ ਨਾਲ ਪਿਆਰ ਕਰਦੀ ਹੈ। ਹਰਨ ਘੰਡੇਹੇੜੇ ਦੀ ਆਵਾਜ ਸੁਣਕੇ ਮਸਤ ਹੋ ਜਾਂਦਾ ਹੈ ਅਤੇ ਇਉਂ ਉਸਨੂੰ ਸ਼ਿਕਾਰੀ ਪਕੜ ਲੈਂਦੇ ਹਨ ਪਰ ਫੇਰ ਵੀ ਉਹ ਇਸ ਆਵਾਜ ਨੂੰ ਵਿਸਾਰਦਾ ਨਹੀਂ। ਭਵਰਾ ਕੰਵਲ ਫੁੱਲ ਦੀ ਸੁਗੰਧੀ ਲੈਂਦਾ ਹੋਇਆ ਨਾਸ ਹੋ ਜਾਂਦਾ ਹੈ ਪਰ ਕੰਵਲ ਨੂੰ ਛਡਦਾ ਨਹੀਂ। ਇਸੇ ਤਰ੍ਹਾਂ ਗੁਰਮੁਖ ਆਪ ਦੇ ਗੁਰੂ ਤੋਂ ਬੇਮੁੱਖ ਨਹੀਂ ਹੁੰਦਾ।

**ਸਾਖੀ:** ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਜਲੋਧਰ ਦੇ ਰੋਗ ਦੀ

**ਪ੍ਰਸ਼ਨ ੨੧:-**ਇੱਕ ਵਾਰੀ ਮਹਾਂਪੁਰਖਾਂ ਦੇ ਚਰਨਾਂ ਵਿੱਚ ਇੱਕ ਸਿੱਖ ਨੌਜੁਆਨ ਨੇ ਬੇਨਤੀ ਕੀਤੀ ਕਿ ਸਾਰੇ ਧਰਮ ਬਰਾਬਰ ਹਨ ਫੇਰ ਸਾਡੇ ਮਾਪੇ ਸਾਨੂੰ ਕਿਸੇ ਹੋਰ ਧਰਮ ਵਿੱਚ ਜਾਣ ਤੋਂ ਕਿਉਂ ਰੋਕਦੇ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਗੁਰਬਾਣੀ ਅਨੁਸਾਰ ਸਿੱਖੀ ਦੀ ਬਹੁਤ ਹੀ ਮਹਾਨਤਾ ਹੈ ਕਿਉਂਕਿ ਗੁਰਸਿੱਖ ਪਰਉਪਕਾਰੀ, ਸੰਤੋਖੀ, ਈਰਖਾ, ਦਵੈਖ ਤੋਂ ਰਹਿਤ ਹੁੰਦਾ ਹੈ ਅਤੇ ਪਰਮੇਸਰ ਦੀ ਕਿਰਪਾ ਸਦਕਾ ਤੁਹਾਡੇ ਪੂਰਬਲੇ ਕਰਮਾਂ ਦੇ ਫਲ ਸਰੂਪ ਤੁਹਾਨੂੰ ਜਨਮ ਵੀ ਗੁਰਸਿਖਾਂ ਦੇ ਘਰ ਮਿਲਿਆ ਹੈ। ਇਸ ਲਈ ਗੁਰਸਿੱਖੀ ਵਿੱਚ ਰਹਿਣਾ ਹੀ ਬਣ ਆਉਂਦਾ ਹੈ। ਕਿਸੇ ਗੁਰਸਿੱਖ ਦੇ ਵਿਚਾਰ ਸੁਣੋ, ਦੂਜੀਮੱਤ ਵਾਲੇ ਦੇ ਵਿਚਾਰ ਸੁਣੋ, ਫੇਰ ਵਿਚਾਰ ਕਰਕੇ ਵੇਖਣਾ ਕੀ ਅੰਤਰ ਹੈ।ਹਜ਼ੂਰ ਦਾ ਪਵਿੱਤਰ ਫੁਰਮਾਨ ਹੈ:-

*ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥ ਆਦਿ-੯੬੭*
*ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ॥*
*ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ਆਦਿ-੪੫੦*
*ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥*
*ਆਦਿ-੪੫੧*

*ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ॥*
*ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ॥*
*ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ॥ ਆਦਿ-੫੯੦*
*ਘਾਲਿ ਖਾਇ ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਣਹਿ ਸੇਇ॥*
*ਆਦਿ-੧੨੪੫*

*ਗੁਰਮੁਖਿ ਨਾਮੁ ਦਾਨੁ ਇਸਨਾਨੁ॥*
*ਗੁਰਮੁਖਿ ਲਾਗੈ ਸਹਜਿ ਧਿਆਨੁ॥*
*ਗੁਰਮੁਖਿ ਪਾਵੈ ਦਰਗਹ ਮਾਨੁ॥ ਆਦਿ-੯੪੨*
*ਸੇਵ ਕੀਤੀ ਸੰਤੋਖੀਈ ਜਿਨ੍ੀ ਸਚੋ ਸਚੁ ਧਿਆਇਆ॥*
*ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥*
*ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥*
*ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥*
*ਵਡਿਆਈ ਵਡਾ ਪਾਇਆ॥ ਆਦਿ-੪੬੬*

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*
*ਆਦਿ-੧੨੯੯*

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ ਆਦਿ-੧੩੬੪*

**ਪ੍ਰਸ਼ਨ ੨੨:**-ਇੱਕ ਗੁਰਸਿੱਖ ਨੇ ਆ ਕੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਮੈਂ ਕਈ ਸਾਲਾਂ ਤੋਂ ਬਾਣੀ ਪੜ੍ਹ ਰਿਹਾ ਹਾਂ ਪਰ ਕੋਈ ਸ਼ਕਤੀ ਜਾਂ ਕਰਾਮਾਤ ਪ੍ਰਗਟ ਨਹੀਂ ਹੋਈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਜੋ ਗੁਰਸਿੱਖ ਪਰ ਤਨ ਪਰ ਧਨ ਅਤੇ ਪਰਾਈ ਨਿੰਦਾ ਤੋਂ ਬਚ ਕੇ ਨਾਮ ਦਾਨ ਇਸ਼ਨਾਨ ਨੂੰ ਦ੍ਰਿੜ ਕਰਦਾ ਹੈ ਉਸ ਕੋਲ ਰਿਧੀਆਂ ਸਿਧੀਆਂ ਅਤੇ ਕਰਾਮਾਤਾਂ ਆ ਜਾਂਦੀਆਂ ਹਨ ਪਰ ਵਾਹਿਗੁਰੂ ਦੀ ਕਿਰਪਾ ਦੇ ਨਾਲ ਇਸ ਮੋਹ ਦੇ ਜਾਲ ਵਿੱਚੋਂ ਗੁਰਸਿੱਖ ਅਰਦਾਸ ਨਾਲ ਅਗੇ ਨਿਕਲ ਜਾਂਦਾ ਹੈ ਅਤੇ ਫੇਰ ਸਾਰੀਆਂ ਸ਼ਕਤੀਆਂ ਪਿੱਛੇ ਪਿੱਛੇ ਫਿਰਦੀਆਂ ਹਨ। ਹਜੂਰ ਦਾ ਪਵਿੱਤਰ ਫੁਰਮਾਨ ਹੈ:-

*ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥*
*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥*
*ਆਦਿ-੬੪੯*

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*
*ਆਦਿ-੫੯੩*

*ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥*
*ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥*
*ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥*
*ਆਦਿ-੬੫੦*

ਆਪਣੇ ਅੰਦਰ ਝਾਤੀ ਮਾਰੋ ਪਤਾ ਲੱਗ ਜਾਵੇਗਾ ਕਿ ਮੈਂ ਕੇਵਲ ਬਾਣੀ ਪੜ੍ਹਦਾ ਹਾਂ। ਪੜ੍ਹ ਸੁਣਕੇ ਮੰਨੀ ਨਹੀਂ।

**ਸਾਖੀ:** ਹਠਯੋਗ ਨਾਲ ਮਨ ਵਾਸਨਾ ਤੋਂ ਰਹਿਤ ਨਹੀਂ ਹੁੰਦਾ

**ਪ੍ਰਸ਼ਨ ੨੩:**-ਸਮਾਜ ਵਿੱਚ ਗੁਰਸਿਖਾਂ ਦਾ ਸਤਿਕਾਰ ਘੱਟ ਕਿਉਂ ਹੈ ਇਸ ਮੁਕਾਬਲੇ ਤਿਆਗੀਆਂ ਵੈਰਾਗੀਆਂ ਦੀ ਮੰਨਤਾ ਜਿਆਦਾ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਜਿਸ ਸਮਾਜ ਨੂੰ ਆਪਾਂ ਵੇਖ ਰਹੇ ਹਾਂ ਇਸ ਵਿੱਚ ਬਹੁਤੇ ਲੋਕ ਇੰਨੀ ਉੱਚੀ ਮਤ ਵਾਲੇ ਨਹੀਂ ਹੁੰਦੇ ਜੋ ਕਿ ਗੁਰਸਿੱਖੀ ਨੂੰ ਸਮਝ ਸਕਣ। ਸਮਾਜ ਦੇ ਕਾਫੀ ਲੋਕ ਤਾਂ ਉਸੇ ਨੂੰ ਹੀ ਤਿਆਗੀ ਕਹਿਣ ਲਗ ਜਾਂਦੇ ਹਨ, ਜਿਵੇਂ ਕਿਸੇ ਨੇ ਕੱਪੜੇ ਤਿਆਗੇ ਹੋਏ ਹੋਣ, ਜੁੱਤੀ ਤਿਆਗੀ ਹੋਈ ਹੋਵੇ,ਘਰ ਬਾਰ ਤਿਆਗਿਆ ਹੋਵੇ, ਪਰਿਵਾਰ ਤਿਆਗਿਆ ਹੋਵੇ, ਅੰਨ ਤਿਆਗਿਆ ਹੋਵੇ, ਰਸਨਾ ਨੂੰ ਤਿਆਗ ਕੇ ਮੋਨ ਰੱਖ ਲਿਆ ਹੋਵੇ।

ਕਮਜੋਰ ਮਨ ਵਾਲਾ ਵਿਅਕਤੀ ਦੁਖਦਾਈ ਸਮੇਂ ਭਾਣੇ ਵਿੱਚ ਨਾ ਰਹਿਣ ਕਰਕੇ ਬੈਰਾਗ ਵਿੱਚ ਆ ਕੇ ਬੈਰਾਗੀ ਬਣ ਗਿਆ ਹੋਵੇ।

ਇਸ ਤਰ੍ਹਾਂ ਸਮਾਜ ਦੇ ਲੋਕਾਂ ਦੀ ਨੀਵੀਂ ਮਤ ਹੋਣ ਕਰਕੇ ਅਜਿਹੇ ਅਖੌਤੀ ਤਿਆਗੀ ਅਤੇ ਬੈਰਾਗੀ ਲੋਕਾਂ ਦਾ ਸਤਿਕਾਰ ਹੋਣ ਲਗ ਜਾਂਦਾ ਹੈ। ਗੁਰਸਿੱਖੀ ਦਾ ਮਾਰਗ ਉੱਤਮ ਅਤੇ ਇਨ੍ਹਾਂ ਨਾਲੋਂ ਵੱਖਰਾ ਹੈ। ਇਸ ਵਿੱਚ ਬੁਰਿਆਈਆਂ ਨੂੰ ਤਿਆਗਣਾ ਪੈਂਦਾ ਹੈ। ਇਸ ਤਰ੍ਹਾਂ ਗੁਰਬਾਣੀ ਅਨੁਸਾਰ ਜੋ ਮਾੜੀਆਂ ਰੀਤਾਂ ਹਨ ਉਨ੍ਹਾਂ ਦਾ ਤਿਆਗ ਕਰਕੇ ਸਤਿ, ਸੰਤੋਖ, ਦਇਆ, ਖਿਮਾ ਆਦਿ ਦੈਵੀ ਗੁਣ ਹਨ ਉਨ੍ਹਾਂ ਨੂੰ ਧਾਰਨ ਕਰਨਾ ਪੈਂਦਾ ਹੈ।ਸਰਬਤ ਦਾ ਭਲਾ ਕਰਨਾ, ਆਪਾ ਮਿਟਾਉਣਾ ਪੈਂਦਾ ਹੈ।

ਅਡੰਬਰ ਅਤੇ ਪਖੰਡ ਤੋਂ ਰਹਿਤ ਅਸਲ ਤਿਆਗੀ ਗੁਰਸਿੱਖ ਦੀ ਜਿੰਦਗੀ ਹੁੰਦੀ ਹੈ। ਸੰਸਾਰ ਦੀ ਝੂਠੀ ਵਡਿਆਈ ਦੀ ਉਹ ਪ੍ਰਵਾਹ ਨਹੀਂ ਕਰਦੇ। ਹਜੂਰ ਦਾ ਪਵਿੱਤਰ ਫੁਰਮਾਨ ਹੈ:-

*ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥*

*ਆਦਿ-੧੦੧੮*

*ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥*
*ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥*

*ਆਦਿ-੭੬੩*

*ਤਿਆਗਿ ਮਾਨੁ ਝੂਠੁ ਅਭਿਮਾਨੁ॥ਜੀਵਤ ਮਰਹਿ ਦਰਗਹ ਪਰਵਾਨੁ॥*

*ਆਦਿ-੧੭੬*

*ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ॥*
*ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ॥੧॥*
*ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥*
*ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ ਰਹਾਉ॥*
*ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥*
*ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ॥੨॥*

*ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ॥*
*ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ॥੩॥*
*ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ॥*
*ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥੪॥੧੬॥੧੧੮॥*
*ਆਦਿ-੪੦੦*

**ਸਾਖੀ:** ਖਡੂਰ ਸਾਹਿਬ ਦੇ ਸ਼ਿਵਨਾਥ ਤਪੇ ਦੀ ਦੁਰਦਸ਼ਾ

**ਪ੍ਰਸ਼ਨ ੨੪:-** ਸਿੱਖੀ ਦੀ ਦਾਤ ਕਿੱਥੋ ਪ੍ਰਾਪਤ ਹੁੰਦੀ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਸਿੱਖੀ ਦੀ ਦਾਤ ਸਤਿਗੁਰਾਂ ਦੀ ਬਖਸ਼ਿਸ਼ ਨਾਲ ਸਾਧ ਸੰਗਤ ਵਿੱਚੋਂ ਪ੍ਰਾਪਤ ਹੁੰਦੀ ਹੈ। ਸਾਧ ਸੰਗਤ ਕਿਸੇ ਇਕੱਠ ਦਾ ਨਾਮ ਨਹੀਂ ਹੈ। ਜਿਥੇ ਨਾਮ ਦੀ ਕਮਾਈ ਕਰਨ ਵਾਲੇ ਸਾਧੂਆਂ ਦਾ ਇਕੱਠ ਹੋਵੇ ਉਸਨੂੰ ਸਾਧ ਸੰਗਤ ਕਿਹਾ ਜਾਂਦਾ ਹੈ। ਸਾਧ ਸੰਗਤ ਵਿੱਚ ਰਹਿ ਕੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਣਾਉਣਾ ਚਾਹੀਦਾ ਹੈ। ਹਜ਼ੂਰ ਦਾ ਪਵਿੱਤਰ ਫੁਰਮਾਣ ਹੈ:-

*ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*
*ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥*
*ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥*

**ਸਾਖੀ:** ਭਾਈ ਮਹਿੰਗੇ ਨੇ ਸੇਵਾ ਕਰਕੇ ਪਾਤਿਸ਼ਾਹੀ ਤੀਜੀ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰਨੀ

**ਪ੍ਰਸ਼ਨ ੨੫:-** ਚੌਰਾਸੀ ਲੱਖ ਜੂਨਾਂ ਵਿੱਚ ਮਨੁੱਖਾ ਜਨਮ ਉੱਤਮ ਕਿਵੇਂ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਮਨੁੱਖ ਹੱਥਾਂ ਨਾਲ ਸੇਵਾ ਕਰ ਸਕਦਾ ਹੈ, ਪੈਰਾਂ ਨਾਲ ਸੰਗਤ ਵਿੱਚ ਚਲ ਕੇ ਜਾ ਸਕਦਾ ਹੈ, ਅੱਖਾਂ ਨਾਲ ਚੰਗਾ ਵੇਖ ਸਕਦਾ ਹੈ, ਕੰਨਾਂ ਨਾਲ ਬਾਣੀ ਸੁਣ ਸਕਦਾ ਹੈ, ਜੀਭ ਨਾਲ ਪ੍ਰੇਮ ਭਰੇ ਮਿੱਠੇ ਬਚਨ ਬੋਲ ਸਕਦਾ ਹੈ। ਖੁਸ਼ੀ ਅਤੇ ਗਮੀ ਨੂੰ ਹਸਕੇ ਅਤੇ ਹੰਝੂ ਕੱਢਕੇ ਪ੍ਰਗਟ ਕਰ ਸਕਦਾ ਹੈ। ਬਾਕੀ ਪਸ਼ੂ ਪੰਛੀ ਜਾਨਵਰ ਅੱਖਾਂ ਨਾਲ ਦੇਖ ਸਕਦੇ ਹਨ, ਕੰਨਾਂ ਨਾਲ ਸੁਣ ਸਕਦੇ ਹਨ ਆਪਣੇ ਪੈਰਾਂ ਨਾਲ ਤੁਰ ਸਕਦੇ ਹਨ ਇਸ ਤਰ੍ਹਾਂ ਸਰੀਰਕ ਕਿਰਿਆ ਤਾਂ ਕਰ ਸਕਦੇ ਹਨ, ਪਰ ਚੰਗੀ ਮੰਦੀ ਦੀ ਵਿਚਾਰ ਪ੍ਰਗਟ ਕਰਕੇ ਇੱਕ ਦੂਜੇ ਨੂੰ ਦੱਸ ਨਹੀਂ ਸਕਦੇ। ਇਸ ਕਰਕੇ ਮਨੁੱਖਾ ਜਨਮ ਉਤਮ ਹੈ:

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥ ਆਦਿ-੧੩੬੬*
*ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ ਆਦਿ-੭੫੧*

ਇਸ ਲਈ ਪਾਵਨ ਬਾਣੀ ਪੜ੍ਹ ਸੁਣਕੇ ਵਿਚਾਰ ਕੇ ਲਾਹਾ ਲੈਣਾ ਚਾਹੀਦਾ ਹੈ।

**ਪ੍ਰਸ਼ਨ ੨੬:-** ਫੋਟੋ ਨਾਲ ਗੁਰੂ ਦਾ ਧਿਆਨ ਕਿਵੇਂ ਕਰਨਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਗੁਰਮਤਿ ਵਿੱਚ ਕਿਸੇ ਕਾਗਜ ਤੇ ਬਣਾਈ ਹੋਈ ਤਸਵੀਰ ਜਾਂ ਉਕਰੀ ਹੋਈ ਮੂਰਤ ਦਾ ਧਿਆਨ ਲਾਉਣ ਦਾ ਹੁਕਮ ਨਹੀਂ ਹੈ। ਆਪਣੇ ਘਰਾਂ ਵਿੱਚ ਸੂਰਬੀਰ ਯੋਧਿਆਂ ਦੀਆਂ ਮਹਾਂਪੁਰਖਾਂ ਦੀਆਂ ਤਸਵੀਰਾਂ ਦਰਸ਼ਨਾਂ ਲਈ ਲਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਸਾਨੂੰ ਉਨ੍ਹਾਂ ਦੀਆਂ ਕੁਰਬਾਨੀਆਂ, ਕੀਤੀਆਂ ਹੋਈਆਂ ਘਾਲ ਕਮਾਈਆਂ, ਜਾਲਮਾਂ ਦੇ ਸਹੇ ਹੋਏ ਤਸੀਹੇ ਯਾਦ ਆ ਜਾਂਦੇ ਹਨ ਜਿਨਾਂ ਕਾਰਨਾਂ ਕਰਕੇ ਉਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਸਾਨੂੰ ਉਨ੍ਹਾਂ ਦੇ ਦਰਸ਼ਨ ਕਰਕੇ ਉਨ੍ਹਾਂ ਦੀਆਂ ਫੋਟੋਆਂ ਦੀ ਬਜਾਇ ਉਨ੍ਹਾਂ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਧਿਆਉਣਾ ਚਾਹੀਦਾ ਹੈ। ਹਜੂਰ ਦਾ ਪਵਿੱਤਰ ਫੁਰਮਾਨ:-

*ਗੁਰ ਕੀ ਮੂਰਤਿ ਮਨ ਮਹਿ ਧਿਆਨ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ਆਦਿ-੮੬੪*
*ਚਿਤ੍ਰ ਬਚਿਤ੍ਰ ਇਹੈ ਅਵਝੇਰਾ॥*
*ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥ਆਦਿ-੩੪੦*
*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*ਆਦਿ-੯੮੨*

**ਪ੍ਰਸ਼ਨ ੨੭:-**ਮੇਰਾ ਮਨ ਚੰਗਾ ਖਾਣ ਪੀਣ ਅਤੇ ਵਧੀਆ ਪਹਿਨਣ ਨੂੰ ਤਾਂ ਚਾਹੁੰਦਾ ਹੈ ਪਰ ਕਿਸੇ ਮਹਾਂਪੁਰਖਾਂ ਨਾਲ ਜੁੜਨ ਨੂੰ ਤਿਆਰ ਨਹੀਂ ਹੈ। ਮੈਨੂੰ ਕੋਈ ਉਪਦੇਸ ਦਿਓ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਬਚਨ ਕੀਤੇ ਤੂੰ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਪਹਿਲੀ ਪਉੜੀ ਮੂਲ ਮੰਤਰ ਦਾ ਜਾਪ ਫੇਰ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਿਆ ਕਰ। ਮਹਾਂਪੁਰਖਾਂ ਨਾਲ ਕਦੇ ਨਹੀਂ ਜੁੜਨਾ,ਪਰਮੇਸਰ ਦੇ ਨਾਮ ਨਾਲ ਜੁੜਨਾ।

*ਜੀਅ ਪ੍ਰਾਨ ਕੀਏ ਜਿਨਿ ਸਾਜਿ॥ ਮਾਟੀ ਮਹਿ ਜੋਤਿ ਰਖੀ ਨਿਵਾਜਿ॥*
*ਬਰਤਨ ਕਉ ਸਭੁ ਕਿਛੁ ਭੋਜਨ ਭੋਗਾਇ॥ ਸੋ ਪ੍ਰਭੁ ਤਜਿ ਮੂੜੇ ਕਤ ਜਾਇ ॥੧॥*
*ਪਾਰਬ੍ਰਹਮ ਕੀ ਲਾਗਉ ਸੇਵ॥ਗੁਰ ਤੇ ਸੁਝੈ ਨਿਰੰਜਨ ਦੇਵ ॥੧॥ਰਹਾਉ॥*
*ਜਿਨਿ ਕੀਏ ਰੰਗ ਅਨਿਕ ਪਰਕਾਰ॥ ਓਪਤਿ ਪਰਲਉ ਨਿਮਖ ਮਝਾਰ॥*
*ਜਾ ਕੀ ਗਤਿ ਮਿਤਿ ਕਹੀ ਨ ਜਾਇ॥ ਸੋ ਪ੍ਰਭੁ ਮਨ ਮੇਰੇ ਸਦਾ ਧਿਆਇ॥੨॥*

*ਆਇ ਨ ਜਾਵੈ ਨਿਹਚਲੁ ਧਨੀ॥ ਬੇਅੰਤ ਗੁਨਾ ਤਾ ਕੇ ਕੇਤਕ ਗਨੀ॥*
*ਲਾਲ ਨਾਮ ਜਾ ਕੈ ਭਰੇ ਭੰਡਾਰ ॥ਸਗਲ ਘਟਾ ਦੇਵੈ ਆਧਾਰ॥੩॥*
*ਸਤਿ ਪੁਰਖੁ ਜਾ ਕੋ ਹੈ ਨਾਉ॥ਮਿਟਹਿ ਕੋਟਿ ਅਘ ਨਿਮਖ ਜਸੁ ਗਾਉ॥*
*ਬਾਲ ਸਖਾਈ ਭਗਤਨ ਕੋ ਮੀਤ॥*
*ਪ੍ਰਾਨ ਅਧਾਰ ਨਾਨਕ ਹਿਤ ਚੀਤ ॥੪॥੧॥੩॥* *ਆਦਿ-੮੬੨*

ਇਸ ਪਵਿੱਤਰ ਸਬਦ ਦੀ ਕਥਾ ਸਰਵਣ ਕਰਵਾਈ ਤੇ ਬਚਨ ਕੀਤਾ ਕਿ ਸਬਦ ਦਾ ਜਾਪ ਕਰਦੇ ਸਮੇਂ ਆਪਣਾ ਮਨ ਅਰਥਾਂ ਵਿੱਚ ਰੱਖਣਾ ਹੈ।

**ਪ੍ਰਸ਼ਨ ੨੮:-**ਆਪਣੇ ਪਰਿਵਾਰ ਦੀ ਪਾਲਣਾ ਕਰਦੇ ਹਾਂ ਇਸ ਦਾ ਕੀ ਫਲ ਮਿਲੇਗਾ। ਨਾਮ ਜਪਣ ਦਾ ਅਤੇ ਬਾਣੀ ਪੜ੍ਹਨ ਦਾ ਸਾਡੇ ਕੋਲ ਸਮਾਂ ਨਹੀਂ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜੋ ਪਰਿਵਾਰ ਦੇ ਜੀਅ ਹਨ ਇਹ ਸਾਰੇ ਪਰਮੇਸ਼ਰ ਨੇ ਦਿੱਤੇ ਹਨ ਇਨ੍ਹਾਂ ਦੀ ਪਾਲਣਾ ਕਰਨਾ ਸਾਡਾ ਫਰਜ ਹੈ। ਸਾਡੇ ਵੱਡਿਆਂ ਨੇ ਸਾਨੂੰ ਪਾਲਿਆ ਹੈ ਅਤੇ ਹੁਣ ਅਸੀਂ ਆਪਣੇ ਬੱਚੇ ਪਾਲਣੇ ਹਨ। ਜਿਥੇ ਬੱਚਿਆਂ ਨੂੰ ਪਾਲਣਾ ਹੈ ਉਥੇ ਨਾਲ ਨਾਲ ਸਤਿਸੰਗੀ ਵੀ ਬਣਾਉਣਾ ਹੈ। ਜੇ ਅਜਿਹਾ ਨਹੀਂ ਕੀਤਾ ਤਾਂ ਫਲ ਤਾਂ ਕੀ ਮਿਲਣਾ ਸਗੋਂ ਦਰਗਾਹ ਵਿੱਚ ਧ੍ਰਿਕਾਰਾਂ ਪੈਣਗੀਆਂ। ਹਜੂਰ ਦਾ ਫੁਰਮਾਣ ਹੈ:-

*ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥*
*ਆਦਿ-੬੯੭*

*ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ॥*
*ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ॥*
*ਆਦਿ-੧੩੩੬*

*ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ॥*
*ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ*
*ਇਹਿ ਬਪੁੜੇ ਇਨ੍ ਕਾ ਵਾਹਿਆ ਕਛੁ ਨ ਵਸਾਈ॥*
*ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ*
*ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ॥੨॥* *ਆਦਿ-੮੫੯*

ਇਸ ਦੇ ਅਰਥ ਕਰਕੇ ਪ੍ਰੇਮੀਆਂ ਨੂੰ ਸਮਝਾਇਆ।

**ਪ੍ਰਸ਼ਨ ੨੯:-**ਸਾਡੇ ਘਰ ਵਿੱਚ ਸਾਰੇ ਪਦਾਰਥ ਹਨ ਵਧੀਆ ਕੋਠੀ ਅਤੇ ਕਾਰ ਵੀ ਹੈ। ਪਰ ਮਨ ਹਮੇਸ਼ਾ ਅਸ਼ਾਂਤ ਰਹਿੰਦਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਭਾਈ ਸੇਵਾ ਕਰਿਆ ਕਰੋ ਅਤੇ ਸਿਮਰਨ ਕਰਿਆ ਕਰੋ। ਕਿਸੇ ਦਾ ਬੁਰਾ ਨਾ ਸੋਚਿਆ ਕਰੋ ਅਤੇ ਬਾਣੀ ਨੂੰ ਵੀਚਾਰ ਕੇ ਪੜ੍ਹਿਆ ਕਰੋ। ਦੈਂਤਾਂ ਦਾ ਖਾਣਾ ਲੰਗਰ ਵਿੱਚ ਨਾ ਵਰਤੋ। ਹਜੂਰ ਦਾ ਪਵਿੱਤਰ ਫੁਰਮਾਨ:-

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥ ਆਦਿ ੧੪੨੭*
*ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ॥*
*ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ॥੧॥*
*ਮੇਰੇ ਮਨ ਅਨਦਿਨੁ ਧਿਆਇ ਨਾਮੁ ਹਰਿ ਜਪਨਾ॥*
*ਜਹਾ ਕਹਾ ਤੁਝੁ ਰਾਖੈ ਸਭ ਠਾਈ ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ॥੧॥ਰਹਾਉ॥ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ ਗੁਰਮੁਖਿ ਖੋਜਿ ਲਹਹੁ ਹਰਿ ਰਤਨਾ॥ ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ ਤਿਨ ਕੇ ਚਰਣ ਮਲਹੁ ਹਰਿ ਦਸਨਾ ॥੨॥ ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ॥ ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ ॥੩॥ ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ॥ ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ॥ ਆਦਿ -੮੬੦*

ਘਰ, ਪਦਾਰਥ ਅਤੇ ਕਾਰ ਨਾਲ ਸਤਿਸੰਗਤ ਕਰਨ ਦਾ ਲਾਹਾ ਲੈਣਾ ਹੈ।

**ਪ੍ਰਸ਼ਨ ੩੦:-**ਸੰਸਾਰਕ ਪਦਾਰਥ ਮੇਰੇ ਮਨ ਨੂੰ ਬਹੁਤ ਚੰਗੇ ਲਗਦੇ ਹਨ ਪਰ ਸਿਮਰਨ ਵਿੱਚ ਮਨ ਕਿਉਂ ਨਹੀਂ ਲਗਦਾ। ਕੋਈ ਅਜਿਹੀ ਬਖਸ਼ਿਸ਼ ਕਰੋ ਕਿ ਮੈਂ ਸਹੀ ਰਾਹ ਤੇ ਚਲ ਸਕਾਂ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਹ ਸਾਰੇ ਪਦਾਰਥ ਪਰਮੇਸ਼ਰ ਨੇ ਤੁਹਾਡੇ ਪੂਰਬਲੇ ਕਰਮਾਂ ਕਰਕੇ ਬਖਸ਼ਿਸ਼ ਕੀਤੇ ਹਨ। ਜਿਸ ਦਾਤੇ ਨੇ ਇਹ ਦਾਤਾਂ ਦਿੱਤੀਆਂ ਹਨ ਉਸ ਨੂੰ ਜਰੂਰ ਚੇਤੇ ਰੱਖਣਾ ਚਾਹੀਦਾ ਹੈ। ਜੇਕਰ ਸਿਮਰਨ ਵਿੱਚ ਮਨ ਨਹੀਂ ਲਗਦਾ ਤਾਂ ਸਮਝ ਲਓ ਤੁਹਾਨੂੰ ਵਾਹਿਗੁਰੂ ਦਾਤੇ ਨਾਲ ਪਿਆਰ ਨਹੀਂ ਕੇਵਲ ਉਸਦੀਆਂ ਬਖਸ਼ੀਆਂ ਦਾਤਾਂ ਨਾਲ ਪਿਆਰ ਹੈ।ਹਜੂਰ ਦਾ ਫੁਰਮਾਨ ਹੈ:-

*ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥ ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥੧॥ ਗੁਰੁ ਪਰਮੇਸਰੁ*

*ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥੧॥ ਰਹਾਉ॥ ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥ ਗੁਰ ਕੀ ਸੇਵਾ ਪਾਏ ਮਾਨੁ॥ ਗੁਰ ਊਪਰਿ ਸਦਾ ਕੁਰਬਾਨੁ॥੨॥ ਗੁਰ ਕਾ ਦਰਸਨੁ ਦੇਖਿ ਨਿਹਾਲ॥ ਗੁਰ ਕੇ ਸੇਵਕ ਕੀ ਪੂਰਨ ਘਾਲ॥ ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ॥੩॥ ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ॥ ਕਹੁ ਨਾਨਕ ਜਾ ਕੇ ਪੂਰੇ ਭਾਗ॥ ਗੁਰ ਚਰਣੀ ਤਾ ਕਾ ਮਨੁ ਲਾਗ॥ ਆਦਿ-੮੬੪*

ਇਸਦੀ ਪਵਿੱਤਰ ਕਥਾ ਸੁਣਾਈ ਤੇ ਬਚਨ ਕੀਤਾ ਕਿ ਇਸ ਸ਼ਬਦ ਦਾ ਜਾਪ ਨਿਤਨੇਮ ਮਗਰੋਂ ਕਰਿਆ ਕਰੋ।

**ਪ੍ਰਸ਼ਨ ੩੧:**-ਮੇਰੇ ਮਨ ਵਿੱਚ ਖਾਹਸ਼ ਬਣੀ ਰਹਿੰਦੀ ਹੈ ਕਿ ਮੈਂ ਮੰਤਰੀਆਂ ਨਾਲ, ਅਫਸਰਾਂ ਨਾਲ, ਅਮੀਰਾਂ ਨਾਲ ਬਣਾਕੇ ਰੱਖਾਂ। ਮੈਂਨੂੰ ਇਹ ਅਸੀਸ ਦਿਓ ਫੇਰ ਮੈਂ ਆਪ ਜੀ ਦੀ ਸੇਵਾ ਕਰਦਾ ਰਹਾਂ।

### ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਮਹਾਂਪੁਰਖਾਂ ਨੇ ਪਿਆਰ ਨਾਲ ਸਮਝਾਇਆ ਕਿ ਸੰਸਾਰ ਦੇ ਜਿੰਨੇ ਵੱਡੇ ਵੱਡੇ ਬਾਦਸ਼ਾਹ, ਚੌਧਰੀ, ਅਹਿਲਕਾਰ ਹਨ ਇਹ ਸਾਰੇ ਬਿਨਸਨਹਾਰ ਹਨ ਅਤੇ ਇਹ ਸਾਰੇ ਮੰਗਤੇ ਹਨ। ਇਨ੍ਹਾਂ ਮੰਗਤਿਆਂ ਕੋਲੋਂ ਕੋਈ ਝਾਕ ਨਹੀਂ ਰੱਖਣੀ ਚਾਹੀਦੀ ਅਤੇ ਗੁਰੂ ਮਹਾਰਾਜ ਦੀ ਸੇਵਾ ਕਰਨੀ ਚਾਹੀਦੀ ਹੈ ਉਥੋਂ ਸਾਰੇ ਹੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

*ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥ ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ॥੧॥ ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ॥ ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ॥੧॥ਰਹਾਉ॥ ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥ ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ॥੨॥ ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥੩॥ ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ॥ ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ॥੪॥੪॥ ਆਦਿ-੮੬੧*

*ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥*
*ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥*
*ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ॥*
*ਨਾਨਕ ਹਉ ਬਲਿਹਾਰੀਤਿੰਨ ਕਉ ਜੋ ਚਲਨਿ ਸਤਿਗੁਰ ਭਾਇ॥੧॥*
*ਆਦਿ-੬੫੧*

ਇਨ੍ਹਾਂ ਸ਼ਬਦਾਂ ਦੀ ਕਥਾ ਸੁਣਾਈ ਅਤੇ ਨਿਤਨੇਮ ਉਪਰੰਤ ਰੋਜਾਨਾ ਜਾਪ ਕਰਨ ਨੂੰ ਕਿਹਾ।

**ਪ੍ਰਸ਼ਨ ੩੨:-**ਜਿਵੇਂ ਬਾਕੀ ਮੱਤਾਂ ਵਾਲੇ ਗੱਦੀ ਲਾਉਂਦੇ ਹਨ ਐਵੇਂ ਸਿੱਖ ਧਰਮ ਵਿੱਚ ਮਹਾਂਪੁਰਖ ਗੱਦੀ ਕਿਉਂ ਨਹੀਂ ਲਾਉਂਦੇ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਬਾਕੀ ਮੱਤਾਂ ਵਾਲੇ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ ਅਤੇ ਉਹ ਆਪਣੇ ਵੱਲੋਂ ਹੀ ਆਪਣੇ ਪ੍ਰੇਮੀਆਂ ਨੂੰ ਉਪਦੇਸ਼ ਦਿੰਦੇ ਹਨ। ਇਸ ਲਈ ਉਹ ਗੱਦੀ ਲਾਉਂਦੇ ਹਨ।

ਸਿੱਖ ਧਰਮ ਵਿੱਚ ਗੱਦੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਨ। ਮਹਾਂਪੁਰਖ ਵੀ ਸੇਵਾਦਾਰ ਹੀ ਹੁੰਦੇ ਹਨ ਜੋ ਮਹਾਂਪੁਰਖ ਉਪਦੇਸ਼ ਦਿੰਦੇ ਹਨ ਉਹ ਗੁਰੂ ਮਹਾਰਾਜ ਵੱਲੋਂ ਹੀ ਹੁੰਦਾ ਹੈ ਅਤੇ ਸਾਰੀਆਂ ਸੰਗਤਾਂ ਗੁਰੂ ਮਹਾਰਾਜ ਦੀਆਂ ਹੀ ਹਨ। ਸਿੱਖਾਂ ਨੂੰ ਮੱਥਾ ਟਿਕਾਉਣ ਦਾ ਕੋਈ ਹੱਕ ਨਹੀਂ। ਮੱਥਾ ਤਾਂ ਗੁਰੂ ਸਾਹਿਬ ਨੂੰ ਹੀ ਟੇਕਣਾ ਚਾਹੀਦਾ ਹੈ। ਸਿੱਖ ਨੂੰ ਆਪਣੇ ਪੈਰਾਂ ਤੇ ਖੜੇ ਰਹਿਣਾ ਚਾਹੀਦਾ ਹੈ। ਹਜੂਰ ਦਾ ਪਵਿੱਤਰ ਫੁਰਮਾਨ ਹੈ:-

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥ ਆਦਿ-੯੩੬*
*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥*
*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥*
*ਆਦਿ-੧੧੮੫*

**ਪ੍ਰਸ਼ਨ ੩੩:-**ਮਹਾਰਾਜ ਜੀ ਮੈਂ ਈਰਖਾ ਵਸ ਹੋ ਕੇ ਕਈਆਂ ਨੂੰ ਬੁਰਾ ਭਲਾ ਕਹਿ ਕੇ ਬਹੁਤ ਨਿੰਦਿਆ ਹੈ, ਹੁਣ ਉਹ ਨਿੰਦਿਆ ਮੈਨੂੰ ਬਹੁਤ ਤੰਗ ਕਰਦੀ ਹੈ। ਆਪ ਜੀ ਦੇ ਦਰਸ਼ਨ ਕਰਕੇ ਇਹ ਮਹਿਸੂਸ ਹੋਇਆ ਕਿ ਮੈਂ ਆਪਣੇ ਦਿਲ ਦੀ ਗੱਲ ਆਖਾਂ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਮਹਾਂਪੁਰਖਾਂ ਨੇ ਬਚਨ ਕੀਤਾ ਕਿ ਮਹਾਰਾਜ ਕੇਵਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਖੀ ਦਾ ਹੈ। ਦੂਸਰਾ ਇਹ ਨਹੀਂ ਕਹਿਣਾ ਕਿ ਮੇਰੇ ਦਰਸ਼ਨ ਕਰਕੇ

ਸ਼ਾਂਤੀ ਮਿਲੀ। ਸਗੋਂ ਇਹ ਕਹਿਣਾ ਹੈ ਕਿ ਸ਼ਬਦ ਦੀ ਕਥਾ ਸੁਣਕੇ ਮੈਂਨੂੰ ਸੋਝੀ ਆਈ ਹੈ। ਜਿਥੋਂ ਤੱਕ ਨਿੰਦਾ ਕਰਕੇ ਮਨ ਦੁਖੀ ਹੋ ਰਿਹਾ ਹੈ ਇਸ ਦਾ ਇਕੋ ਇਲਾਜ ਹੈ ਕਿ ਹੁਣ ਉਸੇ ਮੂੰਹ ਨਾਲ ਉਨ੍ਹਾਂ ਦੀ ਤਰੀਫ ਕਰੋ ਅਤੇ ਮੁਆਫੀ ਮੰਗੋ। ਸੱਤੇ ਬਲਵੰਡੇ ਦੀ ਵਾਰ ਦਾ ਪਾਠ ਕਰਿਆ ਕਰੋ।

*ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ*
*ਸਤੈ ਡੂਮਿ ਆਖੀ ੴ ਸਤਿਗੁਰ ਪ੍ਰਸਾਦਿ॥*
*ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥*
*ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥*
*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥*
*ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥*
*ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥*
*ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥*
*ਸਹਿ ਟਿਕਾ ਦਿਤੋਸੁ ਜੀਵਦੈ॥੧॥*
*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*
*ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥*
*ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥*
*ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥*
*ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥*
*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥*
*ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥*
*ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥*
*ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥*
*ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥*
*ਕਉਣੁ ਹਾਰੇ ਕਿਨਿ ਉਵਟੀਐ॥੨॥*
*ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ॥*
*ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ॥*
*ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ॥*
*ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥*

ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥
ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥
ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ॥
ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥
ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥੩॥
ਹੋਰਿਂਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥੪॥
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ॥
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥
ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ॥
ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ॥
ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ॥
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ॥
ਫੇਰਿ ਵਸਾਇਆਫੇਰੁਆਣਿ ਸਤਿਗੁਰਿ ਖਾਡੂਰੁ॥੫॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥
ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥
ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥

*ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥*
*ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ॥*
*ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥*
*ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥*
*ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ॥*
*ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥*
*ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥*
*ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥*
*ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥*
*ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥*
*ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥*
*ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥*
*ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥*
*ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥੬॥*
*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥*
*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥*
*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥*
*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥*
*ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥*
*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥*
*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥*
*ਆਪੀਨ੍ਹੈ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ॥*
*ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥*
*ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥*
*ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥*
*ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥*
*ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ॥*
*ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥*
*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥੮॥੧॥ ਆਦਿ-੯੬੬*

ਇਸ ਵਾਰ ਦੀ ਸਾਰੀ ਉਥਾਨਕਾ ਅਤੇ ਸਾਰੀਆਂ ਪਉੜੀਆਂ ਦੀ ਕਥਾ ਸਾਰੀ ਸੰਗਤ ਨੂੰ ਸੁਣਾਈ ਅਤੇ ਕਿਹਾ ਇਸ ਵਾਰ ਦਾ ਪਾਠ ਨਿਤਨੇਮ ਉਪਰੰਤ ਕਰਿਆ ਕਰੋ।

**ਸਾਖੀ:** ਸੱਤਾ ਤੇ ਬਲਵੰਡਾ ਨੇ ਪਾਤਿਸ਼ਾਹੀ ਪੰਜਵੀਂ ਤੋਂ ਬੇਮੁਖ ਹੋਣਾ

**ਪ੍ਰਸ਼ਨ ੩੪:-**ਸਾਰੇ ਗੁਰੂ ਘਰਾਂ ਵਿੱਚ ਗੁਰਪੁਰਬਾਂ ਤੇ ਸੰਗਤਾਂ ਦਾ ਧੰਨਵਾਦ ਸਮਾਪਤੀ ਸਮੇਂ ਪ੍ਰਧਾਨ ਜਾਂ ਸਕੱਤਰ ਸਾਹਿਬ ਕਰਦੇ ਹਨ। ਪਰ ਆਪ ਜੀ ਜਾਂ ਕੋਈ ਸਿੰਘ ਆਈ ਸੰਗਤ ਦਾ ਕਦੇ ਧੰਨਵਾਦ ਨਹੀਂ ਕਰਦਾ ਕੀ ਕਾਰਨ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਗੁਰਪੁਰਬਾਂ ਤੇ ਧੰਨਵਾਦ ਕਰਨਾ ਪ੍ਰਧਾਨ ਤੇ ਸੱਕਤਰ ਦੀ ਆਪਣੀ ਲੋੜ ਹੈ। ਪ੍ਰਧਾਨ ਤੇ ਸੱਕਤਰ ਨੂੰ ਇਉਂ ਲਗਦਾ ਹੈ ਕਿ ਸੰਗਤਾਂ ਗੁਰਪੁਰਬਾਂ ਤੇ ਸਾਡੇ ਕਰਕੇ ਆਉਂਦੀਆਂ ਹਨ ਇਸ ਲਈ ਉਹ ਆਪਣੇ ਵਲੋਂ ਸੰਗਤਾਂ ਦਾ ਧੰਨਵਾਦ ਕਰਦੇ ਹਨ ਅਤੇ ਕੁਝ ਅਣਜਾਣ ਸੰਗਤਾਂ ਜਿਨਾਂ ਦੇ ਮਨ ਗੁਲਾਮ ਹਨ ਉਹ ਵੀ ਪ੍ਰਧਾਨ ਤੇ ਸੱਕਤਰ ਦੇ ਧੰਨਵਾਦ ਦੇ ਸ਼ਬਦਾਂ ਨੂੰ ਸੁਣ ਕੇ ਖੁਸ਼ ਹੋ ਜਾਂਦੀਆਂ ਹਨ। ਕਿਸੇ ਵੀ ਸਿੱਖ ਨੂੰ ਕਿਸੇ ਪਾਸੋਂ ਧੰਨਵਾਦ ਕਰਵਾਉਣ ਦੀ ਮਨ ਵਿੱਚ ਇੱਛਾ ਨਹੀਂ ਰੱਖਣੀ ਚਾਹੀਦੀ। ਸਿੱਖ ਦਾ ਸਿੱਧਾ ਸੰਬੰਧ ਗੁਰੂ ਮਹਾਰਾਜ ਨਾਲ ਹੈ। ਸਿੱਖ ਨੂੰ ਗੁਰੂ ਤੋਂ ਬਗੈਰ ਹੋਰ ਕੋਈ ਥਾਂ ਹੀ ਨਹੀਂ ਹੈ। ਹਰੇਕ ਸਿੱਖ ਗੁਰੂ ਮਹਾਰਾਜ ਦੇ ਦਰ ਤੇ ਭਿਖਾਰੀ ਬਣ ਕੇ ਕੁਝ ਮੰਗਣ ਆਉਂਦਾ ਹੈ। ਸਗੋਂ ਸਾਨੂੰ ਸਾਰਿਆਂ ਨੂੰ ਸਤਿਗੁਰਾਂਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

**ਹਜ਼ੂਰ ਦੇ ਪਵਿੱਤਰ ਬਚਨ ਹਨ:-**

***ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥***
***ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥***
***ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥***
***ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥੧॥ ਰਹਾਉ॥***
***ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥***
***ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥੨॥***
***ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ॥***
***ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥***

***ਆਦਿ -੬੬੬***

ਇਸਦੀ ਵਿਆਖਿਆ ਕੀਤੀ।

**ਪ੍ਰਸ਼ਨ ੩੫:-**ਇੱਕ ਬੀਬੀ ਨੇ ਮਹਾਂਪੁਰਖਾਂ ਨੂੰ ਆ ਕੇ ਬੇਨਤੀ ਕੀਤੀ ਕਿ ਅਸੀਂ ਗੁਰੂ ਘਰ ਜਾਂਦੇ ਹਾਂ ਕੀਰਤਨ ਵੀ ਸੁਣਦੇ ਹਾਂ ਪਰ ਅਸੀਂ ਸਭ ਤੋਂ ਵੱਧ ਦੁਖੀ ਹਾਂ। ਇਸ ਕਰਕੇ ਸਾਡਾ ਪਰਿਵਾਰ ਰੱਬ ਨੂੰ ਉਲਾਂਭੇ ਦਿੰਦਾ ਰਹਿੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਕੀਰਤਨ ਰਾਹੀਂ ਜੋ ਬਾਣੀ ਅਸੀਂ ਸੁਣਦੇ ਹਾਂ ਉਸ ਅਨੁਸਾਰ ਚਲਣਾ ਹੈ ਅਤੇ ਜਿਹੜੇ ਸ਼ਬਦ ਦਾ ਤੁਸੀਂ ਕੀਰਤਨ ਸੁਣਦੇ ਹੋ ਉਸ ਸ਼ਬਦ ਨੂੰ ਆਪ ਪੋਥੀਆਂ ਤੋਂ ਪੜ੍ਹਿਆ ਵੀ ਕਰੋ। ਗੁਰਮੁਖਾਂ ਨਾਲ ਮਿਲਾਪ ਰੱਖਣਾ ਹੈ ਮਨਮੁਖਾਂ ਨਾਲੋਂ ਦੂਰ ਰਹਿਣਾ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਸਮਝ ਲਵੋ ਅਸੀਂ ਪਵਿੱਤਰ ਸ਼ਬਦ ਦੇ ਸਿਧਾਂਤ ਨੂੰ ਨਹੀਂ ਸੁਣਦੇ ਕੇਵਲ ਸਾਜਾਂ ਦੀਆਂ ਧੁਨੀਆਂ ਸਾਨੂੰ ਪਿਆਰੀਆਂ ਹਨ। ਪਰਮੇਸਰ ਨੂੰ ਕਦੇ ਉਲਾਂਭਾ ਨਹੀਂ ਦਿਆ ਕਰਦੇ। ਸੁਖ ਦੁਖ ਪੂਰਬਲੇ ਕਰਮਾਂ ਕਰਕੇ ਮਿਲਦੇ ਹਨ। ਉਸ ਦੀ ਆਗਿਆ ਵਿੱਚ ਹੀ ਸੁਖ ਮਿਲਦਾ ਹੈ। ਹਜ਼ੂਰ ਦਾ ਪਵਿੱਤਰ ਫੁਰਮਾਨ:-

*ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥*
*ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥*
*ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥*

*ਆਦਿ-੧੪੨੧*

*ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ॥੧॥ ਰਹਾਉ ॥*
*ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ॥*
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥੧॥
*ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ॥*
*ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ॥*
*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ ਆਦਿ-੪੩੩*
*ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥*
*ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥*

*ਆਦਿ-੧੦੩੦*

ਇਸ ਸਬਦ ਦੀ ਕਥਾ ਕਰਕੇ ਸੁਣਾਈ ਨਿਤਨੇਮ ਤੋਂ ਉਪਰੰਤ ਇਸਦਾ ਜਾਪ ਕਰਨ ਦਾ ਬਚਨ ਕੀਤਾ।

**ਪ੍ਰਸ਼ਨ ੩੬:** ਕਿੰਨੇ ਸਾਲ ਦੀ ਉਮਰ ਵਿੱਚ ਬੱਚਿਆਂ ਨੂੰ ਗੁਰਮਤਿ ਪੜ੍ਹਾਉਣੀ ਚਾਹੀਦੀ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਘੱਟੋ ਘੱਟ ਬੱਚੇ ਦੇ ਜਨਮ ਤੋਂ ਵੀਹ ਸਾਲ ਪਹਿਲਾਂ ਗੁਰਮਤਿ ਦੀ ਪੜ੍ਹਾਈ ਸ਼ੁਰੂ

ਕਰਨੀ ਚਾਹੀਦੀ ਹੈ। ਲੜਕਾ ਅਤੇ ਲੜਕੀ ਵਿਆਹ ਤੋਂ ਪਹਿਲਾ ਸਿੱਖੀ ਕਮਾਉਣ ਅਤੇ ਦੋਨਾਂ ਦੇ ਇੱਕੋ ਜਿਹੇ ਖਿਆਲ ਹੋਣ ਤਾਂ ਰਿਸ਼ਤਾ ਕਰਨਾ ਚਾਹੀਦਾ ਹੈ। ਉਪਰੰਤ ਅਨੰਦ ਕਾਰਜਾਂ ਸਮੇਂ ਰਹਿਤ ਬਹਿਤ ਪੂਰੀ ਹੋਵੇ। ਅਜਿਹੀ ਜੋੜੀ ਦੇ ਗ੍ਰਿਹਿ ਵਿਖੇ ਜਨਮ ਲੈਣ ਵਾਲਾ ਬੱਚਾ ਗੁਰਮਤਿ ਦਾ ਧਾਰਨੀ ਹੋਵੇਗਾ। ਅਜਿਹੇ ਬੱਚੇ ਨੂੰ ਵੀ ਕੁਸੰਗਤ ਤੋਂ ਬਚਾ ਕੇ ਸਤਿਸੰਗਤ ਵਿੱਚ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਮਹੌਲ ਵਿੱਚ ਪਲਿਆ ਹੋਇਆ ਬੱਚਾ ਕਦੇ ਡੋਲਦਾ ਨਹੀਂ।ਭਾਈ ਰੂਪਚੰਦ ਜੀ ਦਾ ਜਨਮ ਬੀਬੀ ਸੂਰਤੀ ਦੀ ਕੁੱਖੋਂ ਹੋਣ ਕਰਕੇ ਮਹਾਨ ਗੁਰਸਿੱਖ ਬਣਿਆ ਸੀ। ਹਜੂਰ ਦਾ ਫੁਰਮਾਨ ਹੈ:-

**ਸਾਖੀ:** ਭਾਈ ਆਕੁਲ ਜੀ ਦੀ ਪੁੱਤਰੀ ਬੀਬੀ ਸੂਰਤੀ ਦੀ ਕੁੱਖੋਂ ਭਾਈ ਰੂਪੇ ਦਾ ਜਨਮ ਹੋਣਾ

**ਪ੍ਰਸ਼ਨ ੩੭:-**ਸੱਤ ਜਾਂ ਅੱਠ ਸਾਲ ਦੇ ਬੱਚੇ ਨੂੰ ਗੁਰਮਤਿ ਦੀਆਂ ਕਲਾਸਾਂ ਵਿੱਚ ਦਾਖਲਾ ਕਰਵਾਉਣ ਨਾਲ ਕੀ ਲਾਭ ਹੁੰਦਾ ਹੈ?

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਸੱਤ ਜਾਂ ਅੱਠ ਸਾਲ ਦੇ ਬੱਚੇ ਨੂੰ ਗੁਰਮਤਿ ਦੀਆਂ ਕਲਾਸਾਂ ਵਿੱਚ ਦਾਖਲੇ ਕਰਵਾਉਣ ਨਾਲ ਉਹ ਕੁਸੰਗਤ ਤੋਂ ਬਚ ਜਾਂਦਾ ਹੈ। ਜਿਵੇਂ ਨਵੇਂ ਉੱਗੇ ਹੋਏ ਬੂਟੇ ਦੇ ਪੱਤਿਆਂ ਤੇ ਪਾਣੀ ਛਿੜਕਿਆ ਜਾਵੇ ਤਾਂ ਪੱਤਿਆਂ ਤੇ ਪਿਆ ਹੋਇਆ ਘੱਟਾ ਲਹਿ ਜਾਂਦਾ ਹੈ ਅਤੇ ਉਹ ਪਾਣੀ ਧਰਤੀ ਵਿੱਚ ਰਮ ਕੇ ਜੜਾਂ ਤਕ ਪਹੁੰਚ ਜਾਂਦਾ ਹੈ ਉਸਦਾ ਲਾਭ ਸਾਰੇ ਬੂਟੇ ਨੂੰ ਹੁੰਦਾ ਹੈ। ਜੇਕਰ ਆਪਾਂ ਬੂਟਾ ਲਾਉਣ ਤੋਂ ਪਹਿਲਾਂ ਧਰਤੀ ਵਿੱਚ ਦਵਾਈ ਪਾਈ ਹੋਈ ਹੋਵੇ ਤਾਂ ਬੂਟੇ ਨੂੰ ਕੋਈ ਰੋਗ ਨਹੀਂ ਲਗਦਾ। ਇਸੇ ਤਰ੍ਹਾਂ ਜੇਕਰ ਬੱਚੇ ਦੇ ਜਨਮ ਤੋਂ ਪਹਿਲਾਂ ਮਾਤਾ ਪਿਤਾ ਗੁਰਬਾਣੀ ਦੀ ਕਮਾਈ ਕਰਕੇ ਆਪਣਾ ਜੀਵਨ ਬਣਾ ਲੈਣ ਤਾਂ ਜਨਮ ਲੈਣ ਵਾਲੇ ਬੱਚੇ ਦੇ ਸੰਸਕਾਰ ਧਾਰਮਿਕ ਹੋਣਗੇ। ਅਜਿਹਾ ਬੱਚਾ ਸੰਗਤ ਕਰਕੇ ਗੁਣਵਾਨ ਅਤੇ ਗੁਰੂ ਘਰ ਦਾ ਪ੍ਰੇਮੀ ਹੋਵੇਗਾ। ਜਿਵੇਂ ਬਾਬਾ ਖਜਾਨ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਸੰਤ ਗਿ: ਸੁੰਦਰ ਸਿੰਘ ਜੀ ਭਿੰਡਰਾਂਵਾਲੇ ਮਹਾਂਪੁਰਖ ਪੈਦਾ ਹੋਏ।

**ਸਾਖੀ:** ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਜਨਮ ਦੀ

**ਪ੍ਰਸ਼ਨ ੩੮:-**ਬਾਬਾ ਜੀ ਮੈਂ ਪਿਛਲੇ ਕਈ ਸਾਲਾਂ ਤੋਂ ਬਾਣੀ ਪੜ੍ਹਦਾ ਆ ਰਿਹਾਂ ਹਾਂ ਪਰ ਅਨੰਦ ਬਿਲਕੁਲ ਨਹੀਂ ਆਇਆ?

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਮਹਾਂਪੁਰਖਾਂ ਨੇ ਬਚਨ ਕੀਤਾ ਕਿ ਤੁਸੀਂ ਬਾਣੀ ਨਾਲ ਪ੍ਰੇਮ ਨਹੀਂ ਕਰਦੇ। ਸੰਸਾਰੀ ਪਦਾਰਥਾਂ ਨਾਲ ਪ੍ਰੇਮ ਕਰਦੇ ਹੋ। ਅਨੰਦ ਸਤਿਗੁਰਾਂ ਦੇ ਹੁਕਮ ਵਿੱਚ ਚੱਲਣ

ਨਾਲ ਆਉਂਦਾ ਹੈ। ਇਸ ਕਰਕੇ ਅਨੰਦ ਨਹੀਂ ਆਉਂਦਾ।

**ਹਜ਼ੂਰ ਦਾ ਪਵਿੱਤਰ ਫੁਰਮਾਨ:-**

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਆਦਿ-੪੬੭*

**ਸਾਖੀ:-** ਕੀੜੀਆਂ ਦੇ ਲਿੱਦ ਖਾਣ ਦੀ

**ਪ੍ਰਸ਼ਨ ੩੯:-** ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਂਪੁਰਖੋ ਮਨੁੱਖਾ ਜਨਮ ਕਿਵੇਂ ਮਿਲਦਾ ਹੈ?

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਬਚਨ ਕੀਤਾ ਕਿ ਮਨੁੱਖਾ ਜਨਮ ਪ੍ਰਮੇਸ਼ਰ ਦੀ ਕ੍ਰਿਪਾ ਨਾਲ ਮਿਲਦਾ ਹੈ।

*ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥ ਆਦਿ-੬੫੮*

**ਪ੍ਰਸ਼ਨ ੪੦:-**ਮਹਾਂਪੁਰਖਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਰੱਬ ਦੀਆਂ ਖੁਸ਼ੀਆਂ ਕਿਵੇਂ ਲਈਆਂ ਜਾ ਸਕਦੀਆਂ ਹਨ?

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਪਰਮੇਸ਼ਰ ਦੀ ਆਗਿਆ ਵਿੱਚ ਰਹਿ ਕੇ ਸ੍ਰੇਸ਼ਟ ਗੁਣਾਂ ਦੇ ਧਾਰਨੀ ਹੋ ਕੇਸਚ ਨਾਲ ਜੁੜ ਕੇ ਪਰਮੇਸ਼ਰ ਦੀਆਂ ਖੁਸ਼ੀਆਂ ਲਈਆਂ ਜਾ ਸਕਦੀਆਂ ਹਨ।

**ਪ੍ਰਸ਼ਨ ੪੧:-**ਹਠ ਅਤੇ ਭੇਖ ਨਾਲ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਕੀਤੀ ਜਾ ਸਕਦੀ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਹਠ ਅਤੇ ਭੇਖ ਨਾਲ ਰੱਬ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉੱਦਮ ਲਈ ਹਠ ਜਰੂਰ ਕਰਨਾ ਹੈ। ਜੋ ਪਰਮੇਸ਼ਰ ਨੇ ਸਰੀਰ ਦੀ ਕੇਸਾਂ ਸਮੇਤ ਬਣਤਰ ਬਣਾਈ ਹੈ ਅਤੇ ਕੁਸੰਗਤ ਤੋਂ ਬਚਣ ਵਾਸਤੇ ਪੰਜ ਕਕਾਰ ਬਖਸ਼ੇ ਹਨ ਇਨ੍ਹਾਂ ਨੂੰ ਭੇਖ ਵਿੱਚ ਨਹੀਂ ਗਿਣਿਆ ਜਾ ਸਕਦਾ। ਰੱਬ ਦੀ ਬਣਾਈ ਹੋਈ ਸਰੀਰ ਦੀ ਬਣਤਰ ਨੂੰ ਉਸਤਰੇ ਜਾਂ ਕੈਂਚੀ ਨਾਲ ਵਾਰ ਕਰਕੇ ਆਪਣੇ ਮਨ ਦੀ ਸਿਆਣਪ ਨਾਲ ਕੋਈ ਨਵਾਂ ਸਰੂਪ ਤਿਆਰ ਕਰਨਾ ਇਹ ਭੇਖ ਹੈ।

**ਹਜ਼ੂਰ ਦਾ ਪਵਿੱਤਰ ਫੁਰਮਾਨ:-**

*ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥*
*ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥ ਆਦਿ-੫੯੩*

**ਸਾਖੀ:** ਹਠਯੋਗ ਨਾਲ ਮਨ ਵਾਸਨਾ ਤੋਂ ਰਹਿਤ ਨਹੀਂ ਹੁੰਦਾ

**ਪ੍ਰਸ਼ਨ ੪੨:-**ਪ੍ਰੇਮੀਆਂ ਨੇ ਬੇਨਤੀ ਕੀਤੀ ਕਿਹੜੀ ਵਿਦਿਆ ਚੰਗੀ ਅਤੇ ਕਿਹੜੀ ਮਾੜੀ ਹੈ?

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਬਚਨ ਕੀਤੇ ਜਿਹੜੀ ਵਿਦਿਆ ਪ੍ਰਮੇਸ਼ਰ ਨਾਲ ਜੋੜੇ ਉਹ ਵਿਦਿਆ ਚੰਗੀ ਹੈ। ਜਿਹੜੀ ਵਿਦਿਆ ਪ੍ਰਮੇਸ਼ਰ ਨਾਲੋਂ ਤੋੜੇ ਉਹ ਮਾੜੀ ਹੈ।

**ਹਜ਼ੂਰ ਦਾ ਪਵਿੱਤਰ ਬਚਨ ਹੈ:-**

*ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਆਦਿ-੩੫੬*

**ਪ੍ਰਸ਼ਨ ੪੩:-** ਰੱਬ ਦਾ ਸੰਬੰਧ ਕਿਸ ਨਾਲ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਰੱਬ ਦਾ ਸਬੰਧ ਪ੍ਰੇਮ ਨਾਲ ਹੈ। ਗੁਰਾਂ ਦੇ ਰਾਹੀਂ ਅਸਲੀਅਤ ਨੂੰ ਸੋਚਣ ਸਮਝਣ ਦੁਆਰਾ ਪ੍ਰਭੂ ਪਿਆਰ ਦੀ ਦੌਲਤ ਪ੍ਰਾਪਤ ਹੁੰਦੀ ਹੈ।

**ਹਜ਼ੂਰ ਦਾ ਪਵਿੱਤਰ ਫੁਰਮਾਨ ਹੈ:-**

*ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ॥*

**ਸਾਖੀ:** ਰਹਿਬਾਂ ਦਾ ਮੱਕੇ ਜਾਣਾ

**ਪ੍ਰਸ਼ਨ ੪੪:-** ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਂਪੁਰਖੋ ਮਨੁੱਖਾ ਜਨਮ ਲੈ ਕੇ ਵੀ ਜਨਮ ਮਰਣ ਦੇ ਚੱਕਰ ਵਿੱਚ ਇਹ ਜੀਵ ਕਿਵੇਂ ਪੈ ਜਾਂਦਾ ਹੈ?

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਮਨੁੱਖਾ ਜਨਮ ਬਾਣੀ ਪੜ੍ਹਨ ਅਤੇ ਸੁਣਨ ਲਈ ਮਿਲਦਾ ਹੈ ਪਰ ਕਈ ਵਾਰੀ ਮਨੁੱਖ ਗੁਰ ਉਪਦੇਸ਼ ਨੂੰ ਧਾਰਨ ਕਰਨ ਦੀ ਬਜਾਇ ਚਤੁਰਾਈ ਅਤੇ ਸਿਆਣਪ ਨਾਲ ਕਿਸੇ ਵਾਸ਼ਨਾ ਵਿੱਚ ਲਗ ਜਾਂਦਾ ਹੈ। ਜਿਸ ਕਰਕੇ ਆਵਾ ਗਵਣ ਦੇ ਚੱਕਰ ਵਿੱਚ ਪੈ ਜਾਂਦਾ ਹੈ।

**ਹਜ਼ੂਰ ਦਾ ਪਵਿੱਤਰ ਫੁਰਮਾਨ:-**

*ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ॥*
*ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ॥*

*ਛਾਡਿ ਸਗਲ ਸਿਆਣਪਾ ਸਾਧ ਸਰਣੀ ਆਉ॥*
*ਪਾਰਬ੍ਰਹਮ ਪਰਮੇਸਰੋ ਪ੍ਰਭੂ ਕੇ ਗੁਣ ਗਾਉ॥੧॥*
*ਰੇ ਚਿਤ ਚਰਣ ਕਮਲ ਅਰਾਧਿ॥*
*ਸਰਬ ਸੂਖ ਕਲਿਆਣ ਪਾਵਹਿ ਮਿਟੈ ਸਗਲ ਉਪਾਧਿ॥੧॥*
*(ਆਦਿ-੫੦੧)*

**ਸਾਖੀ:** ਛੇਵੇਂ ਪਾਤਿਸ਼ਾਹ ਨੇ ਜਹਾਂਗੀਰ ਨਾਲ ਸ਼ਿਕਾਰ ਖੇਡਦਿਆਂ ਸ਼ੇਰ ਮਾਰਨਾ (ਕਾਸਮ ਬੇਗ)

**ਪ੍ਰਸ਼ਨ ੪੫:**-ਸੰਗਤਾਂ ਨੇ ਬੇਨਤੀ ਕੀਤੀ ਕਿ ਮਨ ਦੀ ਮੈਲ ਬਾਰੇ ਕਿਵੇਂ ਗਿਆਨ ਹੁੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਬਚਨ ਕੀਤਾ ਕਿ ਪਵਿੱਤਰ ਬਾਣੀ ਪੜ੍ਹਨ ਸੁਣਨ ਨਾਲ ਅਤੇ ਵਿਚਾਰਨ ਨਾਲ ਮਨ ਦੀ ਮੈਲ ਬਾਰੇ ਗਿਆਨ ਹੁੰਦਾ ਹੈ। ਮੈਲਾ ਮਨ ਹੋਣ ਕਰਕੇ ਪ੍ਰਾਣੀ ਨੂੰ ਚੰਗੇ ਮਾੜੇ ਦਾ ਗਿਆਨ ਨਹੀਂ ਹੁੰਦਾ। ਬਾਣੀ ਦਾ ਮੁੜ ਮੁੜ ਅਭਿਆਸ ਕਰਨ ਨਾਲ ਮਨ ਦੀ ਮੈਲ ਕਟੀ ਜਾਂਦੀ ਹੈ। ਹਜ਼ੂਰ ਦਾ ਪਵਿੱਤਰ ਫੁਰਮਾਨ:-

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥*
*ਗੁਰ ਪ੍ਰਸ਼ਾਦਿੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥*
*ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥ ਆਦਿ-੬੫੧*

**ਪ੍ਰਸ਼ਨ ੪੬:**-ਮਹਾਂਪੁਰਖੋ ਬੇਨਤੀ ਹੈ ਕਿ ਮੈਂ ਬਾਣੀ ਬਹੁਤ ਪੜ੍ਹਦਾ ਹਾਂ ਸੇਵਾ ਬਹੁਤ ਕਰਦਾ ਹਾਂ, ਸਾਧਸੰਗਤ ਵਿੱਚ ਵੀ ਬਹੁਤ ਜਾਂਦਾ ਹਾਂ ਪਰ ਕ੍ਰਿਪਾ ਨਹੀਂ ਹੋਈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਆਖਿਆ ਕਿ ਤੁਸੀਂ ਬਾਣੀ ਪੜ੍ਹਦੇ ਸਮੇਂ ਸੁਣੀ ਨਹੀਂ, ਜੇ ਸੁਣੀ ਹੈ ਤਾਂ ਵਿਚਾਰੀ ਨਹੀਂ, ਜੇ ਵਿਚਾਰੀ ਹੈ ਤਾਂ ਮੰਨੀ ਨਹੀਂ, ਜੇ ਕੁਝ ਮੰਨੀ ਵੀ ਹੈ ਤਾਂ ਉਹ ਆਪਣੀ ਸਿਆਣਪ ਅਤੇ ਚਤੁਰਾਈ ਨਾਲ ਮੰਨੀ ਹੈ।

ਮਹਾਂਪੁਰਖਾ ਨੇ ਬਚਨ ਕੀਤਾ ਕਿ ਤੁਸੀਂ ਸੇਵਾ ਆਪਣੀ ਮਨ ਦੀ ਮਰਜੀ ਨਾਲ ਕੀਤੀ ਹੈ। ਇਸ ਤਰ੍ਹਾਂ ਦੀ ਕੀਤੀ ਸੇਵਾ ਨਾਲ ਸਗੋਂ ਮਨ ਨੂੰ ਰੋਗ ਲਗ ਪਿਆ। ਮਹਾਂਪੁਰਖਾਂ ਦਾ ਬਚਨ ਮੰਨ ਕਿ ਕੋਈ ਸੇਵਾ ਨਹੀਂ ਕੀਤੀ।

ਮਹਾਂਪੁਰਖਾਂ ਨੇ ਤੀਜਾ ਬਚਨ ਕੀਤਾ ਕਿ ਤੁਸੀਂ ਸਾਧ ਸੰਗਤ ਵਿੱਚ ਅਜੇ ਤੀਕ ਗਏ ਹੀ ਨਹੀਂ। ਸਾਧ ਸੰਗਤ ਦੀ ਬਜਾਏ ਆਪਣੀ ਅਵਸਥਾ ਵਾਲੇ ਆਮ ਲੋਕਾਂ ਦੀ

ਸੰਗਤ ਕੀਤੀ ਹੈ। ਸਤਿਗੁਰਾਂ ਵਲੋਂ ਵਰੋਸਾਏ ਹੋਏ ਮਹਾਂਪੁਰਖਾਂ ਦੀ ਸੰਗਤ ਨੂੰ ਸਾਧਸੰਗਤ ਆਖੀਦਾ ਹੈ। ਅਜਿਹੀ ਸਾਧ ਸੰਗਤ ਆਪ ਜੀ ਨੇ ਕੀਤੀ ਹੀ ਨਹੀਂ।

ਮਹਾਂਪੁਰਖਾਂ ਨੇ ਆਖਿਆ ਕਿ ਤੁਹਾਡੇ ਤੇ ਕ੍ਰਿਪਾ ਤਾਂ ਹਮੇਸ਼ਾ ਹੀ ਹੁੰਦੀ ਰਹਿੰਦੀ ਹੈ ਜਿਵੇਂ ਪੈ ਰਹੀ ਬਾਰਿਸ਼ ਵਿੱਚ ਕੋਈ ਛਤਰੀ ਲੈ ਕੇ ਆਖੇ ਕਿ ਵੇਖੋ ਮੇਰੇ ਕੱਪੜੇ ਮੀਂਹ ਵਿੱਚ ਵੀ ਭਿਜੇ ਨਹੀਂ, ਠੀਕ ਤੁਹਾਡਾ ਵਰਤਾਰਾ ਇਹੋ ਜਿਹਾ ਹੈ। ਆਪਣੀ ਚਤੁਰਾਈ ਦੀ ਛਤਰੀ ਨੂੰ ਪਰੇ ਕਰੋ ਤਾਂ ਕ੍ਰਿਪਾ ਰੂਪੀ ਮੀਂਹ ਨਾਲ ਤੁਹਾਡਾ ਮਨ ਭਿੱਜ ਜਾਵੇਗਾ। ਪ੍ਰੇਮ ਨਾਲ ਭਿਜਿਆ ਹੋਇਆ ਮਨ ਹੀ ਰਜਾ ਰੂਪੀ ਕ੍ਰਿਪਾ ਲੈ ਸਕਦਾ ਹੈ। ਸੋ ਉਦਮ ਕਰੋ ਉਦਮ ਨੂੰ ਵਾਹਿਗੁਰੂ ਫਲ ਲਾਉਂਦਾ ਹੈ। ਹਜੂਰ ਦਾ ਪਵਿੱਤਰ ਫੁਰਮਾਨ:-

*ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥*
*ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥*
*ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ॥*
*ਉਤਮ ਪਦਵੀ ਪਾਈਐ ਸਚੇ ਰਹੈ ਸਮਾਇ॥*
*ਨਾਨਕ ਪੂਰਬਿ ਜਿਨ ਕਉ ਲਿਖਿਆ ਤਿਨਾ ਸਤਿਗੁਰੁ ਮਿਲਿਆ ਆਇ॥੧॥*
*ਆਦਿ-੫੫੨*

*ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ ਆਦਿ-੪੮੬*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ ਆਦਿ-੭੬੬*

**ਸਾਖੀ:** ਬਾਬਾ ਪ੍ਰਿਥੀ ਚੰਦ ਨੇ ਚਤੁਰਾਈ ਨਾਲ ਸੇਵਾ ਕਰਨੀ

**ਪ੍ਰਸ਼ਨ ੪੭:-**ਸੰਗਤਾਂ ਨੇ ਬੇਨਤੀ ਕੀਤੀ ਕਿ ਮਨ ਨੂੰ ਮੈਲ ਕਿਵੇਂ ਲਗਦੀ ਹੈ ਅਤੇ ਇਹ ਮਨ ਮੈਲ ਤੋਂ ਰਹਿਤ ਕਿਵੇਂ ਹੁੰਦਾ ਹੈ।

## ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-

ਜਦੋਂ ਕੋਈ ਵੀ ਪ੍ਰਾਣੀ ਦੂਜੇ ਨੂੰ ਛਲਣ ਵਾਸਤੇ ਝੂਠ ਦਾ ਸਹਾਰਾ ਲੈਂਦਾ ਹੈ ਤਾਂ ਮਨ ਮੈਲਾ ਹੋ ਜਾਂਦਾ ਹੈ।ਬਾਣੀ ਪੜ੍ਹਨ ਅਤੇ ਸੁਣਨ ਦੇ ਨਾਲ ਮਨ ਦੀ ਮੈਲ ਕਟੀ ਜਾਂਦੀ ਹੈ।ਹਜੂਰ ਦਾ ਪਵਿੱਤਰ ਬਚਨ:-

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਆਦਿ-੫੨੦*

**ਪ੍ਰਸ਼ਨ ੪੮:-**ਕਿਸੇ ਨੇ ਮਹਾਂਪੁਰਖਾਂ ਨੂੰ ਆ ਕੇ ਬੇਨਤੀ ਕੀਤੀ ਮੈਂ ਸੱਚ ਬੋਲਦਾ ਹਾਂ ਪਰ ਮੇਰੇ ਸੱਚੇ ਵਿਚਾਰਾਂ ਦੀ ਕਦਰ ਕਿਉਂ ਨਹੀਂ ਪੈਂਦੀ ਹੈ।

## ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-

ਮਹਾਂਪੁਰਖਾਂ ਨੇ ਆਖਿਆ ਕਿ ਕੋਈ ਸ਼ਕ ਨਹੀਂ ਕਿ ਤੁਸੀਂ ਸੱਚ ਬੋਲਦੇ ਹੋਵੋਗੇ

ਪਰ ਆਚਾਰ ਠੀਕ ਹੋਣਾ ਜਰੂਰੀ ਹੈ। ਜਦੋਂ ਆਚਾਰ ਠੀਕ ਹੋ ਜਾਂਦਾ ਹੈ ਤਾਂ ਵਿਚਾਰਾਂ ਦੀ ਕਦਰ ਆਪਣੇ ਆਪ ਹੀ ਪੈ ਜਾਂਦੀ ਹੈ।

**ਹਜ਼ੂਰ ਦਾ ਫੁਰਮਾਨ:-**

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ ਆਦਿ-੬੨***

**ਸਾਖੀ:** ਆਜੜੀ ਦੇ ਝੂਠ ਬੋਲਣ ਬਾਰੇ

**ਪ੍ਰਸ਼ਨ ੪੯:**-ਇੱਕ ਪ੍ਰੇਮੀ ਨੇ ਬੇਨਤੀ ਕੀਤੀ ਕਿ ਆਪ ਜੀ ਕਹਿੰਦੇ ਹੋ ਕਿ ਸੇਵਾ ਕਰਿਆ ਕਰੋ ਤਾਂ ਦਰਗਾਹ ਵਿੱਚ ਸਤਿਕਾਰ ਹੋਵੇਗਾ ਪਰ ਦੁਨੀਆ ਤਾਂ ਬਹੁਤ ਮਾੜੀ ਹੈ ਐਸੀ ਦੁਨੀਆ ਵਿੱਚ ਰਹਿ ਕੇ ਕਿਵੇਂ ਸੇਵਾ ਹੋ ਸਕਦੀ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਆਖਿਆ ਪ੍ਰੇਮੀਆ ਦੁਨੀਆ ਮਾੜੀ ਨਹੀਂ ਆਪਾ ਨੂੰ ਰਹਿਣਾ ਨਹੀਂ ਆਉਂਦਾ ਸਾਡਾ ਸੁਭਾਅ ਦੂਜੇ ਨੂੰ ਦੋਸ਼ ਦੇਣਾ ਹੈ। ਇਹ ਦੁਨੀਆ ਤਾਂ ਉਸ ਵਾਹਿਗੁਰੂ ਦੀ ਕੋਠੜੀ ਹੈ ਜਿਸ ਵਿੱਚ ਉਹ ਆਪ ਰਹਿੰਦਾ ਹੈ। ਔਗੁਣਾਂ ਨੂੰ ਤਿਆਗ ਕੇ ਗੁਣਾਂ ਦੀ ਸਾਂਝ ਕਰਨੀ ਹੈ।

**ਹਜ਼ੂਰ ਦਾ ਫੁਰਮਾਨ ਹੈ:-**

***ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥***
***ਆਦਿ-੨੬***

***ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥***
***ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ ਆਦਿ-੧੩੮੧***
***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ ਆਦਿ-੪੬੩***

**ਪ੍ਰਸ਼ਨ-੫੦:-** ਮੈਂ ਮਨ ਨੂੰ ਬਹੁਤ ਟਿਕਾਉਂਦਾ ਹਾਂ ਪਰ ਟਿਕਦਾ ਨਹੀਂ। ਇਹ ਕਿਵੇਂ ਟਿਕੇਗਾ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਮਨ ਦਾ ਸੁਭਾਅ ਪਿੱਪਲ ਦਾ ਪੱਤਾ, ਝੰਡੇ ਦਾ ਫਰਲਾ, ਬਿਜਲੀ ਦਾ ਚਮਕਾਰਾ, ਕੱਛੂ ਦੀ ਸਿਰੀ, ਭੂਤਾਂ ਦੀ ਅੱਗ, ਦੀਵੇ ਦੀ ਲਾਟ ਵਰਗਾ ਹੁੰਦਾ ਹੈ। ਜਿਵੇਂ ਇਹ ਟਿਕ ਨਹੀਂ ਸਕਦੀਆਂ ਇਸੇ ਤਰ੍ਹਾਂ ਚੰਚਲ ਮਨ ਵੀ ਨਹੀਂ ਟਿਕ ਸਕਦਾ। ਸ਼ਬਦ ਦੀ ਕਮਾਈ ਨਾਲ ਮਨ ਟਿਕ ਜਾਂਦਾ ਹੈ। ਹਜ਼ੂਰ ਦਾ ਪਵਿੱਤਰ ਫੁਰਮਾਨ:-

***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥***
***ਆਦਿ-੪੬੯***

**ਪ੍ਰਸ਼ਨ-੫੧:**-ਮੈਂ ਕਈ ਸਾਲਾਂ ਤੋਂ ਸਿਮਰਨ ਕਰਦਾ ਹਾਂ ਪਰ ਮਨ ਟਿਕਾਅ ਵਿੱਚ ਨਹੀਂ ਆਇਆ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-** ਬਾਣੀ ਪੜ੍ਹਿਆ ਕਰੋ, ਬਾਣੀ ਪੜ੍ਹਦੇ ਸਮੇਂ ਸਿਮਰਨ ਸੁਤੇ ਸਿਧ ਹੀ ਹੋ ਜਾਂਦਾ ਹੈ। ਬਾਣੀ ਸਾਨੂੰ ਜੋ ਉਪਦੇਸ਼ ਦਿੰਦੀ ਹੈ ਉਸ ਅਨੁਸਾਰ ਆਪਣਾ ਜੀਵਨ ਢਾਲਣਾ ਚਾਹੀਦਾ ਹੈ। ਹੌਲੀ ਹੌਲੀ ਫਿਰ ਮਨ ਟਿਕਾਅ ਵਿੱਚ ਆ ਜਾਂਦਾ ਹੈ। ਹਜੂਰ ਦਾ ਪਵਿੱਤਰ ਫੁਰਮਾਨ ਹੈ:-

*ਠਠਾ ਇਹੈ ਦੂਰਿ ਠਗ ਨੀਰਾ॥*
*ਨੀਠਿ ਨੀਠਿ ਮਨੁ ਕੀਆ ਧੀਰਾ॥*
*ਜਿਨਿ ਠਗਿ ਠਗਿਆ ਸਗਲ ਜਗੁ ਖਾਵਾ॥*
*ਸੋ ਠਗੁ ਠਗਿਆ ਠਉਰ ਮਨੁ ਆਵਾ ॥* *ਆਦਿ-੩੪੧*

**ਪ੍ਰਸ਼ਨ ੫੨:**-ਪਰਮੇਸ਼ਰ ਸਭ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ ਪਰ ਮੇਰੀ ਕੋਈ ਇੱਛਾ ਪੂਰੀ ਨਹੀਂ ਹੋਈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਪਰਮੇਸ਼ਰ ਮਾਤਾ ਪਿਤਾ ਦੀ ਤਰ੍ਹਾਂ ਹੈ ਜਿਵੇਂ ਬੱਚਾ ਆਪਣੀ ਮਾਤਾ ਪਿਤਾ ਤੋਂ ਕੋਈ ਇੱਛਾ ਰੱਖਦਾ ਹੈ ਪਰ ਉਹ ਕਈ ਵਾਰੀ ਇੱਛਾ ਪੂਰੀ ਨਹੀਂ ਕਰਦੇ ਕਿਉਂਕਿ ਬੱਚੇ ਨੂੰ ਆਪਣੀ ਇੱਛਾ ਬਾਰੇ ਇਹ ਗਿਆਨ ਨਹੀਂ ਹੁੰਦਾ ਕਿ ਮੇਰੀ ਇੱਛਾ ਪੂਰੀ ਹੋਣ ਨਾਲ ਮੈਂਨੂੰ ਲਾਭ ਹੋਵੇਗਾ ਜਾਂ ਹਾਨੀ। ਇਸੇ ਤਰ੍ਹਾਂ ਪਰਮੇਸ਼ਰ ਉਹ ਇੱਛਾ ਪੂਰੀ ਕਰਦਾ ਹੈ ਜਿਸ ਦੇ ਨਾਲ ਆਪਣਾ ਜਾਂ ਕਿਸੇ ਦੂਜੇ ਦਾ ਨੁਕਸਾਨ ਨਾ ਹੋਵੇ।

*ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥*
*ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥* *ਆਦਿ-੫੨*
*ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥*
*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥*
*ਆਦਿ-੬੬੯*
*ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ॥*
*ਆਦਿ-੫*

**ਪ੍ਰਸ਼ਨ ੫੩:**-ਇੱਕ ਪਰਿਵਾਰ ਨੇ ਮਹਾਂਪੁਰਖਾਂ ਪਾਸ ਬੇਨਤੀ ਕੀਤੀ ਕਿ ਅਸੀਂ ਆਪਣੇ ਘਰ ਵਿੱਚ ਹਮੇਸ਼ਾ ਦੇ ਵਾਸਤੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰੀਏ ਜਾਂ ਨਾ ਕਰੀਏ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਮਹਾਂਪੁਰਖਾਂ ਨੇ ਪਰਿਵਾਰ ਨੂੰ ਸਮਝਾਇਆ ਕਿ ਤੁਸੀਂ ਰੋਜਾਨਾ ਗੁਰਦੁਆਰਾ ਸਾਹਿਬ ਜਾ ਸਕਦੇ ਹੋ ਇਸ ਲਈ ਦਰਬਾਰ ਸਾਹਿਬ ਜਾ ਕੇ ਦਰਸ਼ਨ ਕਰਿਆ ਕਰੋ ਸੰਗਤ ਵਿੱਚ ਬੈਠ ਕੇ ਕਥਾ ਕੀਰਤਨ ਸੁਣਿਆ ਕਰੋ। ਗੁਰੂ ਘਰ ਲੰਗਰ ਦੀ ਸੇਵਾ ਵਿੱਚ ਹਿੱਸਾ ਪਾਇਆ ਕਰੋ ਅਤੇ ਸਮਾਂ ਕੱਢ ਕੇ ਆਪਣੇ ਹੱਥੀਂ ਸੇਵਾ ਕਰਿਆ ਕਰੋ। ਸਹਿਜ ਪਾਠ ਘਰ ਵਿੱਚ ਸੈਂਚੀਆਂ ਤੇ ਕਰ ਲਿਆ ਕਰੋ। ਗੁਰੂ ਸਾਹਿਬ ਤਾਂ ਹਮੇਸ਼ਾ ਹੀ ਪ੍ਰਕਾਸ਼ ਰੂਪ ਵਿੱਚ ਹਨ। ਹਜੂਰ ਦਾ ਪਵਿੱਤਰ ਫੁਰਮਾਨ:-

***ਸੁਣਿ ਸਾਜਨ ਸੰਤ ਜਨ ਭਾਈ॥ ਚਰਣ ਸਰਣ ਨਾਨਕ ਗਤਿ ਪਾਈ॥***
***ਆਦਿ-੭੪੫***

***ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥***
***ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ਆਦਿ-੭੪੫***

**ਪ੍ਰਸ਼ਨ ੫੪:-**ਸਤਿਗੁਰਾਂ ਪਾਸੋਂ ਦਾਤ ਕਿਸਨੂੰ ਮਿਲਦੀ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਜਿਹੜਾ ਕੋਈ ਪਿਆਰ ਨਾਲ ਰੋਵੇ ਉਸ ਨੂੰ ਦਾਤ ਮਿਲਦੀ ਹੈ,ਪਰ ਅੰਦਰ ਕਪਟ ਨਹੀਂ ਹੋਣਾ ਚਾਹੀਦਾ।

***ਜਿਨਾ ਅੰਦਰ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ। ਆਦਿ-***

**ਸਾਖੀ:-** ਪਿੰਡ ਚੱਬੇ ਵਾਲੀ ਮਾਤਾ ਸੁਲੱਖਣੀ ਨੂੰ ਪਾਤਿਸ਼ਾਹੀ ਛੇਵੀਂ ਨੇ ਸੱਤ ਪੁੱਤਰਾਂ ਦੀ ਬਖਸ਼ਿਸ਼ ਕਰਨੀ

**ਪ੍ਰਸ਼ਨ ੫੫:-**ਸਾਡਾ ਪਰਿਵਾਰ ਬਾਣੀ ਪੜ੍ਹਦਾ ਹੈ ਫਿਰ ਅਸ਼ਾਂਤ ਕਿਉਂ ਰਹਿੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਜਿਹੜਾ ਕੋਈ ਸੰਸਾਰੀ ਧਨ ਪਦਾਰਥਾਂ ਵਾਸਤੇ ਕਿਸੇ ਨੂੰ ਛਲਦਾ ਹੈ ਤਾਂ ਉਸ ਨੂੰ ਮਨ ਦੇ ਰੋਗ ਲੱਗ ਜਾਂਦੇ ਹਨ। ਰੋਗੀ ਮਨ ਵਾਲਾ ਮਨੁੱਖ ਜਾਂ ਪਰਿਵਾਰ ਅਸ਼ਾਂਤ ਰਹਿੰਦਾ ਹੈ। ਇਸ ਲਈ ਬਾਣੀ ਪੜ੍ਹਨ ਦੇ ਨਾਲ ਨਾਲ ਔਗੁਣਾਂ ਦਾ ਤਿਆਗ ਕਰਨਾ ਹੈ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਬਾਣੀ ਪੜ੍ਹ ਕੇ ਉਸ ਦੇ ਉਪਦੇਸ ਨੂੰ ਮਨ ਵਿੱਚ ਵਸਾਉਣਾ ਹੈ।

***ਸੂਹੀ ਮਹਲਾ ੪॥***

***ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥***
***ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥***

*ਗਿਆਨੀ ਗੁਰ ਬਿਨੁ ਭਗਤਿ ਨ ਹੋਈ॥*
*ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥੧॥ਰਹਾਉ॥*
*ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥*
*ਅੰਤਰਿ ਰੋਗ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥੨॥*
*ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥*
*ਹਉਮੈ ਬਿਆਪਿਆ ਸਬਦੁ ਨ ਚੀਨੈ੍ ਫਿਰਿ ਫਿਰਿ ਜੂਨੀ ਆਵੈ॥੩॥*
*ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥*
*ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥੪॥੪॥ ਆਦਿ–੭੩੨*
*ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ॥*
*ਆਦਿ–੯੬੦*

**ਸਾਖੀ:** ਪਾਤਿਸ਼ਾਹੀ ਦਸਵੀਂ ਨੇ ਸਿੰਘਾਂ ਪਾਸੋਂ ਭੰਗ ਦੀਆਂ ਕੁਰਲੀਆਂ ਕਰਾਉਣੀਆਂ

**ਪ੍ਰਸ਼ਨ ੫੬:–**ਬਹੁਤ ਸਾਰੇ ਵਿਦਵਾਨ ਕਹਿੰਦੇ ਹਨ ਕਿ ਕੋਈ ਜਨਮ ਮਰਨ ਦਾ ਚੱਕਰ ਨਹੀਂ ਇਹ ਮਿਥਿਆ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:–**

*ਪਉੜੀ॥*

*ਜੰਮਣ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ॥*
*ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥*
*ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ॥*
*ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥*
*ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ॥੧੬॥ ਅਦਿ–੩੨੨*

*ਗੂਜਰੀ॥*

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥੧॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ਰਹਾਉ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸੂਕਰ ਜੋਨਿ ਵਲਿ ਵਲਿ ਅਉਤਰੈ॥੩॥*
*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*

*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੩॥*
*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥੨॥*
*ਆਦਿ-੫੨੬*

**ਸਾਖੀ:-** ਪਾਤਿਸ਼ਾਹੀ ਪੰਜਵੀਂ ਨੇ ਮੰਡੀ ਦੇ ਰਾਜੇ ਦਾ ਸੁਪਨੇ ਵਿੱਚ ਚੰਡਾਲਾਂ ਦੇ ਘਰ ਜਨਮ ਭੁਗਤਾਉਣਾ

**ਸਾਖੀ:-**ਪੀਰ ਬੁੱਧੂ ਸ਼ਾਹ ਤੇ ਬੇਗਮ ਨਸ਼ੀਰਾਂ ਦੀ

**ਪ੍ਰਸ਼ਨ ੫੭:-**ਜਦੋਂ ਕਿ ਅਸੀਂ ਨਾਮ ਬਹੁਤ ਜਪਦੇ ਹਾਂ ਪਰ ਨਾਮ ਹਿਰਦੇ ਵਿੱਚ ਕਿਉਂ ਨਹੀਂ ਵਸਦਾ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਕੁਰਹਿਤਾਂ ਨੂੰ ਅੰਦਰੋਂ ਸਨੇਹ ਕਰਦਾ ਹੈ।

*ਸਲੋਕ ਮ:੩॥*

*ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ॥*
*ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ॥*
*ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ॥*
*ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ॥*
*ਜਿਨ ਸਤਿਗੁਰ ਸਿਉ ਚਿਤੁ ਲਾਇਆ ਤਿਨ੍ ਸੁਖੁ ਵਸਿਆ ਮਨਿ ਆਇ॥*
*ਹਰਿ ਨਾਮੁ ਧਿਆਵਹਿ ਰੰਗ ਸਿਉ ਹਰਿ ਨਾਮਿ ਰਹੇ ਲਿਵ ਲਾਇ॥*
*ਨਾਨਕ ਸਤਿਗੁਰ ਸੋ ਧਨੁ ਸਉਪਿਆ ਜਿ ਜੀਅ ਮਹਿ ਰਹਿਆ ਸਮਾਇ॥*
*ਰੰਗੁ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ॥੧॥ ਆਦਿ ੫੧੦*

**ਸਾਖੀ:-**ਪਾਤਿਸ਼ਾਹੀ ਦਸਵੀਂ ਨੇ ਸਿੰਘਾਂ ਪਾਸੋਂ ਭੰਗ ਦੀਆਂ ਕੁਰਲੀਆਂ ਕਰਾਉਣੀਆਂ

**ਪ੍ਰਸ਼ਨ ੫੮:-** ਮਾਇਆ ਕੀ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਸੰਸਾਰ ਦੇ ਸਾਰੇ ਪਦਾਰਥ ਰਿਸ਼ਤੇਦਾਰ ਆਦਿ ਜਿਨ੍ਹਾਂ ਕਰਕੇ ਪਰਮੇਸ਼ਰ ਨੂੰ ਭੁੱਲ ਜਾਈਏ ਤਾਂ ਉਹ ਮਾਇਆ ਹੈ।

*ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਮੋਹੁ ਉਪਜੈ ਭਾਉ ਦੂਜਾ ਲਾਇਆ॥* *(ਆਦਿ ੯੨੧)*
*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥* *ਆਦਿ-੯੨੧*

*ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥*

*ਆਦਿ-੧੧੨੩*

**ਪ੍ਰਸ਼ਨ ੫੯:-**ਮਨ ਸੁਖੀ ਕਿਵੇਂ ਹੁੰਦਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜਿਨ੍ਹਾਂ ਨੇ ਆਪਣੇ ਮਨ ਦੀ ਸਿਆਣਪ ਤੇ ਚਤਰਾਈ ਤਿਆਗ ਦਿੱਤੀ ਅਤੇ ਆਪਣਾ ਮੁੱਖ ਗੁਰੂ ਵੱਲ ਕਰ ਲਿਆ ਹੈ ਉਹ ਸੁਖੀ ਹੈ।

*ਜਿਨ ਸਤਿਗੁਰ ਸਿਉ ਚਿਤੁ ਲਾਇਆ ਤਿਨ੍ ਸੁਖੁ ਵਸਿਆ ਮਨਿ ਆਇ॥*

*ਆਦਿ-੫੧੦*

**ਸਾਖੀ:** ਮਤੀ ਦਾਸ ਜੀ ਦਾ ਆਰੇ ਨਾਲ ਚੀਰੇ ਜਾਣਾ

**ਪ੍ਰਸ਼ਨ ੬੦:-** ਪ੍ਰੇਮੀ ਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਹਨ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਪ੍ਰੇਮੀ ਦੀਆਂ ਨੌ ਨਿਸ਼ਾਨੀਆਂ ਹੁੰਦੀਆਂ ਹਨ।

*ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ॥ ਆਹ ਸ਼ਰਦੋ ਰੰਗ ਜਰਦੋ ਚਸ਼ਮਤਰ॥ ਕਮ ਗੁਫਤਨੋ ਕਮ ਖੁਰਦਨੋ ਖੁਆਬਸ਼ ਹਰਾਮ ਇੰਤਜਾਰੀ ਬੇਕਰਾਰੀ ਦਸਤਸਰ॥*

ਆਹ-ਠੰਡੇ ਸਾਹ ਲੈਣੇ

ਰੰਗ ਜਰਦੋ-ਚਿਹਰੇ ਦਾ ਰੰਗ ਪੀਲਾ ਪੈ ਜਾਣਾ

ਚਸ਼ਮਤਰ-ਅੱਖਾਂ ਚੋਂ ਅਥਰੂ ਵਗਦੇ ਰਹਿਣੇ

ਕਮ ਗੁਫਤਨੋ-ਗੱਲਾਂ ਘਟ ਜਾਣੀਆਂ

ਖੁਆਬਸ਼ ਹਰਾਮ-ਨੀਂਦ ਨਾ ਆਉਣੀ

ਇੰਤਜਾਰੀ-ਪਿਆਰੇ ਪਰਮੇਸਰ ਦੀ ਸਦਾ ਉਡੀਕ ਰਹਿਣੀ

ਬੇਕਰਾਰੀ ਸਦਾ- ਬੇਚੈਨੀ ਰਹਿਣੀ

ਦਸਤਸਰ-ਹੱਥਾਂ ਨਾਲ ਸਿਰ ਫੜ ਕੇ ਰਹਿਣਾ ਅਤੇ ਸੋਚਦੇ ਰਹਿਣਾ ਕਿ ਪਿਆਰਾ ਪਤੀ ਪਰਮੇਸ਼ਰ ਮੈਂਨੂੰ ਕਦੇ ਆ ਕੇ ਮਿਲੇਗਾ।

*ਮਾਝ ਮਹਲਾ ੫ ਚਉਪਦੇ ਘਰ ੧॥*

*ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਆਦਿ-੯੬*

**ਸਾਖੀ:-** ਪਾ:੪ ਦੇ ਹੁਕਮਾਂ ਨਾਲ ਗੁਰੂ ਅਰਜਨ ਦੇਵ ਜੀ ਨੇ ਸਿਹਾਰੀ ਮਲ ਦੇ ਨਾਲ ਵਿਆਹ ਦੇ ਕਾਰਜ ਵਾਸਤੇ ਲਹੌਰ ਜਾਣਾ।

*ਹਰਿ ਹਰਿ ਨਾਮ ਮੈ ਹਰਿ ਮਨਿ ਭਾਇਆ॥* *ਆਦਿ-੯੩*
*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥* *ਆਦਿ-੧੧੦੦*
*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ॥* *ਆਦਿ-੧੩੭੯*

**ਪ੍ਰਸ਼ਨ ੬੧:**-ਮਾਇਆ ਤੋਂ ਕੌਣ ਬਚ ਸਕਦਾ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਮਾਇਆ ਤੋਂ ਗੁਰਮੁਖ ਬਚ ਸਕਦਾ ਹੈ।

*ਮ:੩॥ ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ ਆਦਿ-੫੧੦*

**ਸਾਖੀ:** ਭਾਈ ਗੁਰਮੁਖ ਨੇ ਭਾਈ ਭਿਖਾਰੀ ਬ੍ਰਹਮ ਗਿਆਨੀ ਜੀ ਦੇ ਗੁਜਰਾਤ ਵਿਖੇ ਦਰਸ਼ਨ ਕਰਨੇ।

**ਪ੍ਰਸ਼ਨ ੬੨:**-ਮਨ ਦਾ ਟਿਕਾਅ ਕਿਵੇਂ ਹੁੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਸਬਦ ਰਾਹੀਂ ਪਰਮੇਸਰ ਨੂੰ ਜਾਣਕੇ ਪ੍ਰਕਾਸ਼ ਹੋ ਜਾਂਦਾ ਹੈ।ਜਿਸ ਕਰਕੇ ਸਹਿਜ ਵਿੱਚ ਸਮਾਂ ਜਾਂਦਾ ਹੈ।ਜਿਨ੍ਹਾਂ ਨੇ ਸ਼ਬਦ ਦੀ ਕਮਾਈ ਕੀਤੀ ਹੈ ਉਨ੍ਹਾਂ ਦਾ ਮਨ ਇਕਾਗਰ ਹੋ ਜਾਂਦਾ ਹੈ। ਬਲਿਹਾਰੀ ਗੁਰ ਅਪਣੇ ਵਿਟਹੁ

*ਜਿਨਿ ਸਾਚੇ ਸਿਉ ਲਿਵ ਲਾਈ॥* *ਆਦਿ-੭੫੩*

*ਸਲੋਕ॥*

*ਦਸ ਦਿਸ ਖੋਜਤ ਮੈ ਫਿਰਓ ਜਤ ਦੇਖਉ ਤਤ ਸੋਇ॥*
*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥* *ਆਦਿ-੨੯੮*

**ਪ੍ਰਸ਼ਨ ੬੩:**-ਮੈਂ ਬਹੁਤ ਸਾਲਾਂ ਤੋਂ ਬਾਣੀ ਪੜ੍ਹ ਰਿਹਾ ਹਾਂ ਪਰ ਪ੍ਰਕਾਸ਼ ਨਹੀਂ ਹੋਇਆ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਬੁੱਧੀ ਇੱਕ ਚਿਮਨੀ ਦੀ ਤਰ੍ਹਾਂ ਹੈ ਇਸ ਨੂੰ ਹੰਗਤਾ ਮਮਤਾ ਦੀ ਕਾਲਖ ਲਗ ਜਾਂਦੀ ਹੈ।ਬੁੱਧੀ ਰੂਪ ਚਿਮਨੀ ਦੀ ਸਫਾਈ ਸਤਿਗੁਰਾਂ ਦੀ ਸੇਵਾ ਵਿੱਚ ਰਹਿ ਕੇ ਕਰਨੀ ਚਾਹੀਦੀ ਹੈ।

ਜਿਵੇਂ ਤੇਲ ਵਾਲਾ ਲੈਂਪ ਬਾਲਦੇ ਹਾਂ ਚਿਮਨੀ ਮੈਲੀ ਹੋ ਜਾਂਦੀ ਹੈ ਚਾਨਣਾ ਘਟਦਾ ਘਟਦਾ ਘਟ ਜਾਂਦਾ ਹੈ।ਜੇਕਰ ਚਾਨਣਾ ਵਧਾਉਣਾ ਹੋਵੇ ਤਾਂ ਚਿਮਨੀ ਮਾਂਝਣੀ ਪੈਂਦੀ ਹੈ।ਜੇਕਰ ਚਿਮਨੀ ਨਾ ਮਾਂਝੀਏ ਭਾਵੇਂ ਬੱਤੀ ਚਲਦੀ ਹੋਵੇ ਫੇਰ ਵੀ ਚਾਨਣ ਨਹੀਂ ਹੁੰਦਾ।

ਇਸੇ ਤਰ੍ਹਾਂ ਬੱਤੀ ਦੀ ਨਿਆਈ ਬਾਣੀ ਪੜ੍ਹਾਂਗੇ ਪਰ ਬੁੱਧੀ ਰੂਪ ਚਿਮਨੀ ਨੂੰ

ਮਾਂਝਾਂਗੇ ਨਹੀਂ ਤਾਂ ਬੁੱਧੀ ਨਿਰਮਲ ਨਹੀਂ ਹੁੰਦੀ ਭਾਵ ਪ੍ਰਕਾਸ਼ ਨਹੀਂ ਹੁੰਦੀ।

*ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣ ਸਭ ਮਹਿ ਚਾਨਣ ਹੋਇ॥*

**ਸਾਖੀ:** ਲੈਂਪ ਦੀ ਚਿਮਨੀ ਮਾਂਜਣ ਬਾਰੇ

**ਪ੍ਰਸ਼ਨ ੬੪:–**ਜਦੋਂ ਕੋਈ ਕੰਮ ਅਰੰਭ ਕਰਨਾ ਹੋਵੇ ਤੇ ਮਾੜੇ ਸ਼ਗਨ ਹੋਣ ਤਾਂ ਕੰਮ ਅਰੰਭ ਕਰਨਾ ਚਾਹੀਦਾ ਹੈ ਕਿ ਨਹੀਂ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:–**

ਕੰਮ ਅਰੰਭਣ ਤੋਂ ਪਹਿਲਾਂ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ।ਅਰਦਾਸ ਉਪਰੰਤ ਨਿਸਚਾ ਰਖਣਾ ਕਿ ਹੁਣ ਗੁਰੂ ਮੇਰੇ ਨਾਲ ਹੈ,ਜੇਕਰ ਨਿਸਚਾ ਨਹੀਂ ਤਾਂ ਵਿਘਨ ਪੈਂਦੇ ਹਨ। ਸਗੁਨ, ਅਪਸਗੁਨ ਉਸ ਨੂੰ ਲਗਦੇ ਹਨ ਜਿਹੜਾ ਕਰਤਾ ਪੁਰਖ ਵਿੱਚ ਵਿਸ਼ਵਾਸ ਨਹੀਂ ਰੱਖਦਾ।

*ਪਉੜੀ॥ ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥ ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥ ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥ ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥ ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥ ਆਦਿ–੯੧*

*ਸਿਰੀਰਾਗੁ ਮਹਲਾ ੫॥ ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ॥ ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ॥ ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ॥ ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ॥੧॥ ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ॥ ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ॥ ਰਹਾਉ॥ ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ॥ ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ॥ ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ॥ ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ॥੨॥ ਆਦਿ–੪੮*

*ਸਗੁਨ ਅਪਸਗੁਨ ਤਿਸ ਕਉ ਲਗੈ ਜਿਸੁ ਚੀਤਿ ਨਾ ਆਵੈ॥*
*ਤਿਸ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ॥ ਆਦਿ–੪੦੧*
*ਅਪੁਨੇ ਸੇਵਕ ਕੀ ਆਪੈ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ਆਦਿ–੪੦੩*

**ਪ੍ਰਸ਼ਨ–੬੫:–** ਸੰਤ ਭਗਤ ਕੌਣ ਹੁੰਦੇ ਹਨ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:–**

ਜਿਹੜੇ ਰਬ ਦੇ ਪਿਆਰੇ ਪਰਮੇਸ਼ਰ ਦਾ ਨਾਮ ਜਪ ਕੇ ਪੰਜਾਂ ਵਿਕਾਰਾਂ ਨੂੰ ਜਿਤ

ਲੈਂਦੇ ਹਨ ਉਹ ਸੰਤ ਭਗਤ ਹੁੰਦੇ ਹਨ।

*ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ॥ ਆਦਿ-੬੫੨*
*ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਤ ਜੋ ਪੇਖਹਿ ਆਖੀ॥*
*ਆਦਿ ੮੯੪*

**ਪ੍ਰਸ਼ਨ ੬੬:**-ਗੁਰਸਿਖ ਕੌਣ ਹੁੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਜਿਹੜਾ ਪ੍ਰੇਮੀ ਗੁਰੁੱ ਜੀ ਦੀ ਸਿਖਿਆ ਨੂੰ ਅਮਲ ਵਿੱਚ ਲੈ ਆਵੈ।

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥*
*ਆਦਿ-੬੦੧*

**ਪ੍ਰਸ਼ਨ ੬੭:**-ਵਿਸਾਹ ਕਿਸ ਦਾ ਨਹੀਂ ਕਰਨਾ ਚਾਹੀਦਾ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਲੋਭੀ ਆਦਮੀ ਦਾ ਵਿਸਾਹ ਨਹੀਂ ਕਰਨਾ ਕਿਉਂ ਕਿ ਉਹ ਹਲਕੇ ਕੁੱਤੇ ਵਰਗਾ ਹੁੰਦਾ ਹੈ। ਜਿਵੇਂ ਕੁੱਤਾ ਮਾਲਕ ਦਾ ਵਫਾਦਾਰ ਹੁੰਦਾ ਹੈ, ਪਰ ਜਦੋਂ ਕੁੱਤਾ ਹਲਕ ਜਾਂਦਾ ਹੈ ਤਾਂ ਮਾਲਕ ਨੂੰ ਵੀ ਵਢ ਲੈਂਦਾ ਹੈ ਇਸੇ ਤਰ੍ਹਾਂ ਲੋਭੀ ਆਦਮੀ ਦਾ ਸੁਭਾਅ ਹੁੰਦਾ ਹੈ।

*ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥ ਆਦਿ-੧੪੧੭*

**ਪ੍ਰਸ਼ਨ ੬੮:**-ਇੱਕ ਪਰਿਵਾਰ ਨੇ ਬੇਨਤੀ ਕੀਤੀ ਕਿ ਆਪ ਜੀ ਕਿਰਪਾ ਕਰਕੇ ਸਾਨੂੰ ਖੁਲ੍ਹਾ ਧਨ ਬਖਸ਼ਿਸ਼ ਕਰੋ ਅਸੀਂ ਸੁਖੀ ਰਹੀਏ ਤਾਂ ਜੋ ਮਾੜੇ ਸਮੇਂ ਸਾਨੂੰ ਰੋਣਾ ਨਾ ਪਵੇ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਅਸਲ ਵਿੱਚ ਅਜਿਹਾ ਨਹੀਂ ਹੈ। ਅਗਿਆਨ ਕਰ ਕੇ ਮਨੁੱਖ ਧਨੀ ਹੁੰਦਾ ਹੋਇਆ ਵੀ ਸੁਖ ਨਹੀਂ ਪਾ ਸਕਦਾ। ਦੁਖ ਭੁਖ ਦਾ ਸਮਾਂ ਵੀ ਪਰਮੇਸਰ ਵਲੋਂ ਭਲੇ ਵਾਸਤੇ ਦਿੱਤਾ ਜਾਂਦਾ ਹੈ।

*ਕੇਤਿਆ ਦੂਖ ਭੂਖ ਸਦ ਮਾਰ॥ਏਹਿ ਭਿ ਦਾਤਿ ਤੇਰੀ ਦਾਤਾਰ॥*
*ਆਦਿ-੫*

*ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥*
*ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥*
*ਆਦਿ-੩੩੭*

**ਪ੍ਰਸ਼ਨ ੬੯:**-ਸੰਸਾਰ ਦੇ ਭਲੇ ਵਾਸਤੇ ਬਹੁਤ ਅਵਤਾਰ ਆਏ ਉਸੇ ਤਰ੍ਹਾਂ ਸ਼੍ਰੀ ਗੁਰੁ ਨਾਨਾਕ ਦੇਵ ਜੀ ਵੀ ਆਏ ਹਨ। ਇਸ ਲਈ ਸਾਰੇ ਅਸੀਂ ਅਵਤਾਰਾਂ ਨੂੰ ਬਰਾਬਰ ਸਮਝਦੇ ਹਾਂ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਭਲੇ ਲਈ ਸਾਰੇ ਅਵਤਾਰ ਸੰਸਾਰ ਵਿੱਚ ਆਏ ਹਨ। ਇਹ ਪਰਮੇਸਰ ਤੋਂ ਸ਼ਕਤੀਆਂ ਲੈ ਕੇ ਆਏ ਹਨ। ਪਰ ਪਵਿੱਤਰ ਬਾਣੀ ਅਨੁਸਾਰ ਮੇਰਾ ਨਿਸਚਾ ਪੱਕਾ ਹੈ ਕਿ ਸ੍ਰੀ ਗੁਰੁ ਨਾਨਾਕ ਦੇਵ ਜੀ ਪਰਮੇਸਰ ਸਰੂਪ ਹਨ।

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥* *ਆਦਿ-੧੩੯੫*
*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥* *ਆਦਿ-੧੧੪੨*
*ਗੁਰੁ ਪਰਮੇਸਰੁ ਏਕੋ ਜਾਣੁ ॥* *ਆਦਿ-੮੬੪*

**ਪ੍ਰਸ਼ਨ ੭੦**-ਗੁਰਮੁਖ ਕੌਣ ਹੁੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿਤਰ ਬਚਨ:-**

ਜਿਹੜਾ ਪਰਮੇਸਰ ਨਾਲ ਲਿਵ ਜੋੜ ਲਵੇ,ਗੁਰੁ ਜੀ ਦੇ ਉਪਦੇਸ ਨਾਲ ਅੰਦਰੋਂ ਭਰਮ ਨੂੰ ਖਤਮ ਕਰਕੇ ਦਿਨ ਰਾਤ ਸ਼ਬਦ ਨਾਲ ਜੁੜਿਆ ਰਹੇ ਉਹ ਗੁਰਮੁਖ ਹੁੰਦਾ ਹੈ।

*ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥ ਦੂਜਾ ਭਰਮੁ ਗੁਰ ਸਬਦਿ ਜਲਾਏ॥*
*ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥*
*ਆਦਿ-੧੧੫*

*ਗੁਰਮੁਖਿ ਅਨਦਿਨੁ ਸਬਦੇ ਰਾਤਾ ॥ ਗੁਰਮੁਖਿ ਜੁਗ ਚਾਰੇ ਹੈ ਜਾਤਾ ॥*
*ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥*
*ਆਦਿ-੧੨੫*

*ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ॥ ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ॥* *ਆਦਿ-੧੨੫੦*

**ਪ੍ਰਸ਼ਨ ੭੧:**-ਸੰਗਤ ਵਿੱਚ ਹਜਾਰਾਂ ਸਿੱਖ ਆਉਂਦੇ ਹਨ ਕੀ ਇਹ ਸਾਰੇ ਮਹਾਰਾਜ ਦੇ ਦਰ ਤੇ ਮਨਜੂਰ ਹੁੰਦੇ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਗੁਰੂ ਕੀ ਸੰਗਤ ਵਿੱਚ ਹਜਾਰਾਂ ਸਿਖ ਆਉਂਦੇ ਹਨ,ਉਹ ਸਾਰੇ ਮਥਾ ਵੀ ਟੇਕਦੇ ਹਨ, ਕੜਾਹ ਪ੍ਰਸ਼ਾਦਿ ਵੀ ਕਰਵਾਉਂਦੇ ਹਨ ਪਰ ਉਨ੍ਹਾਂ ਵਿੱਚੋਂ ਪ੍ਰਵਾਣ ਓਹੀ ਹੁੰਦੇ ਹਨ

ਜਿਨ੍ਹਾਂ ਅੰਦਰ ਇਹ ਸ਼ਰਧਾ ਹੈ ਕਿ ਗੁਰੁ ਅਤੇ ਪਰਮੇਸ਼ਰ ਵਿੱਚ ਕੋਈ ਫਰਕ ਨਹੀਂ ਅਤੇ ਬਾਣੀ ਪੜ੍ਹਕੇ ਉਸ ਨੂੰ ਸਤਿ ਕਰਕੇ ਮੰਨਦੇ ਹਨ।

*ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ਆਦਿ-੪੯*
*ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ਆਦਿ-੬੬੯*

**ਪ੍ਰਸ਼ਨ ੭੨:-** ਅਸੀਂ ਨਾਮ ਨਹੀਂ ਜਪਦੇ ਪਰ ਕਿਰਤ ਕਰਦੇ ਹਾਂ ਕੀ ਸਾਡਾ ਭਲਾ ਹੋਵੇਗਾ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਕਿਰਤ ਤਾਂ ਸਾਰੇ ਲੋਕ ਕਰਦੇ ਹਨ ਪਰ ਵੇਖਣਾ ਇਹ ਹੈ ਕਿ ਕਿਰਤ ਆਪ ਲਈ ਜਾਂ ਦੂਜੇ ਲਈ ਲਾਭਦਾਇਕ ਹੈ ਜਾਂ ਹਾਨੀਕਾਰਕ ਹੈ।ਨਾਮ ਤੋਂ ਹੀਣੇ ਮਨੁੱਖ ਦੀ ਕੀਤੀ ਹੋਈ ਸਾਰੀ ਉਮਰ ਦੀ ਕਿਰਤ ਹੀ ਉਸੇ ਚੂਹੇ ਵਾਂਗ ਦੁੱਖ ਦਾ ਕਾਰਣ ਬਣਦੀ ਹੈ ਅਤੇ ਉਸਨੂੰ ਕੋਈ ਲਾਭ ਨਹੀਂ ਹੁੰਦਾ।ਸਤਿਗੁਰਾਂ ਨੇ ਬਾਣੀ ਰਾਹੀਂ ਸਮਝਾਇਆ ਹੈ ਕਿ ਕਿਹੜੇ ਕਰਮ ਕਰਨੇ ਹਨ ਤੇ ਕਿਹੜੇ ਤਿਆਗਣੇ ਹਨ।

***ਸਾਖੀ:- ਦੋ ਭੈਣਾਂ ਨੂੰ ਕੀੜੀ ਅਤੇ ਚੂਹੀ ਦੀ ਸਾਖੀ ਸੁਣਾ ਕੇ ਸਿੱਖਿਆ ਦੇਣ ਬਾਰੇ***

*ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ॥ ਆਦਿ-੬੮੧*

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ਆਦਿ-੪੩*

*ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥ ਆਦਿ-੧੦੧੮*

*ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ ਰਹਾਉ॥ ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥ ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥ ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥ ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥ ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥ ਆਦਿ-੧੨੫੩*

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ਅਦਿ-੭੫੫*

*ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥ ਆਦਿ-੧੧੬੩*

**ਪ੍ਰਸ਼ਨ ੭੩:-**ਇੱਕ ਬੀਬੀ ਨੇ ਬੇਨਤੀ ਕੀਤੀ ਕਿ ਮਹਾਂਪੁਰਖੋ ਮੇਰਾ ਬੇਟਾ ਗੁਰੂ ਘਰ ਜਾ ਕੇ ਕਥਾ ਕੀਰਤਨ ਸੁਣਨ ਨੂੰ ਤਿਆਰ ਨਹੀਂ ਸਗੋਂ ਉਲਟ ਕਹਿੰਦਾ ਹੈ ਕਿ ਮੈਂ ਜਾਣਦਾ ਹਾਂ ਕਿ ਜਿਹੜੇ ਗੁਰੂ ਘਰ ਜਾ ਕੇ ਕਥਾ ਕੀਰਤਨ ਸੁਣਦੇ ਹਨ ਉਹ ਕਿੰਨੇ ਕੁ ਚੰਗੇ ਹਨ ਉਸਨੂੰ ਕਿਵੇਂ ਸਮਝਾਵਾਂ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਬਹੁਤ ਸਾਰੇ ਰਾਗੀ ਅਤੇ ਕਥਾ ਵਾਚਕ ਆਪਣੇ ਪਰਿਵਾਰ ਦੀ ਪਾਲਣਾ ਲਈ ਇਹ ਪੇਸ਼ਾ ਕਰਦੇ ਹਨ ਜਿਹੜੇ ਸੱਜਣ ਗੁਰੂ ਘਰ ਜਾ ਕੇ ਕਥਾ ਕੀਰਤਨ ਕੇਵਲ ਸੁਣਦੇ ਹਨ ਪਰ ਗੁਰੂ ਦਾ ਉਪਦੇਸ਼ ਨਹੀਂ ਮੰਨਦੇ ਉਨ੍ਹਾਂ ਦੀ ਤੁਲਣਾ ਗੁਰੂ ਸਾਹਿਬ ਨੇ ਡੱਡੂ ਨਾਲ ਕੀਤੀ ਹੈ, ਜੋ ਕਿ ਹਮੇਸ਼ਾ ਨਿਰਮਲ ਜਲ ਵਿੱਚ ਰਹਿੰਦਾ ਹੋਇਆ ਜਾਲਾ ਖਾਣ ਦਾ ਆਦੀ ਹੈ।

***ਦਾਦਰ ਤੂ ਕਬਹਿ ਨ ਜਾਨਸਿ ਰੇ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥੧॥ ਰਹਾਉ॥ ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥ ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥੨॥ ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥ ਅਦਿ-੯੯੦***

ਦੂਜੀ ਉਧਾਰਣ ਚਿਚੜ ਦੀ ਦਿੰਦੇ ਹਨ ਜੋ ਮੱਝ ਦੇ ਅਸਥਣਾਂ ਕੋਲ ਲਗਿਆ ਹੋਇਆ ਵੀ ਦੁੱਧ ਨੂੰ ਛੱਡ ਕੇ ਖੂਨ ਹੀ ਪੀਂਦਾ ਹੈ,ਇਸੇ ਤਰ੍ਹਾਂ ਸੰਗਤ ਵਿੱਚ ਰਹਿੰਦੇ ਹੋਏ,ਅਜਿਹੇ ਮਨੁੱਖ ਅੰਮ੍ਰਿਤ ਨੂੰ ਛੱਡ ਕੇ ਵਿਸ਼ੇ ਵਿਕਾਰਾਂ ਵਿੱਚ ਖਚਿਤ ਹੋ ਜਾਂਦੇ ਹਨ।

ਤੀਜੀ ਉਧਾਹਰਣ ਹੈ ਕਿ ਜਿਵੇਂ ਬਰਤਨ ਉਲਟਾ ਰੱਖਿਆ ਹੋਵੇ ਜਿੰਨ੍ਹੀ ਮਰਜੀ ਵਰਸ਼ਾ ਪੈ ਜਾਵੇ ਉਸ ਵਿੱਚ ਇੱਕ ਬੂੰਦ ਵੀ ਨਹੀਂ ਪੈਂਦੀ।ਇਸੇ ਤਰ੍ਹਾਂ ਜਿੰਨ੍ਹਾਂ ਦੇ ਹਿਰਦੇ ਰੂਪੀ ਭਾਂਡੇ ਮੂਧੇ ਪਏ ਹੋਣ ਉਨ੍ਹਾਂ ਵਿੱਚ ਅੰਮ੍ਰਿਤ ਰੂਪੀ ਕਥਾ ਕੀਰਤਨ ਦਾ ਰਸ ਨਹੀਂ ਪੈਂਦਾ।

***ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥ ਆਦਿ-੫੦੪***
***ਨਾਮਿ ਸਮਾਵੈ ਜੋ ਭਾਡਾ ਹੋਇ॥ ਊਂਧੈ ਭਾਂਡੈ ਟਿਕੈ ਨ ਕੋਇ॥***
***ਗੁਰ ਸਬਦੀ ਮਨਿ ਨਾਮਿ ਨਿਵਾਸੁ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ॥***
***ਆਦਿ-੧੫੮***

ਚੌਥੀ ਉਦਾਹਰਣ,ਬਾਂਸ ਚੰਦਨ ਦੇ ਨੇੜੇ ਖੜਾ ਵੀ ਸੁਗੰਧੀ ਧਾਰਨ ਨਹੀਂ ਕਰਦਾ ਇਸ ਤਰ੍ਹਾਂ ਅਜਿਹੇ ਸੱਜਣ ਜਿਹੜੇ ਬਾਂਸ ਦੀ ਤਰ੍ਹਾਂ ਆਪਣੇ ਵੱਡੇਪੁਣੇ ਦਾ ਮਾਣ ਕਰਦੇ ਹਨ ਉਹ ਪ੍ਰੇਮਾ ਭਗਤੀ ਤੋਂ ਸੱਖਣੇ ਰਹਿ ਜਾਂਦੇ ਹਨ।

*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ ਆਦਿ-੧੩੬੫*

ਅਜਿਹੇ ਪੁਰਖ ਸੰਗਤ ਵਿੱਚ ਕਿੰਨਾਂ ਸਮਾਂ ਰਹੇ ਇਹ ਨਹੀਂ ਵੇਖਣਾ ,ਵੇਖਣਾ ਤਾਂ ਇਹ ਹੈ ਕਿ ਸੰਗਤ ਵਿੱਚ ਆ ਕੇ ਕਿੰਨ੍ਹੇ ਕੁ ਸ਼੍ਰੇਸ਼ਟ ਗੁਣ ਧਾਰਨ ਕੀਤੇ ਹਨ। ਪਰਾਇਆ ਧਨ,ਪਰਾਈ ਨਿੰਦਾ,ਪਰਾਏ ਔਗੁਣਾਂ ਨੂੰ ਨਾ ਵੇਖਣਾ,ਹਉਮੈ ਦਾ ਤਿਆਗ,ਗੁਣਾਂ ਦੀ ਸਾਂਝ ਕਰਨੀ,ਸਚ ਨਾਲ ਪਿਆਰ,ਦਇਆ ਦਾ ਵਰਤਾਰਾ,ਝੂਠ ਅਤੇ ਪਾਖੰਡ ਤੋਂ ਦੂਰ ਰਹਿਣਾ ਆਦਿ।ਉਨ੍ਹਾਂ ਸੱਜਣਾਂ ਵਲ ਨਹੀਂ ਵੇਖਣਾ ਜਿਹੜੇ ਲੰਮੇਂ ਸਮੇਂ ਤੋਂ ਸੰਗਤ ਕਰਦੇ ਹੋਏ ਵੀ ਭੈੜੇ ਕੰਮ ਕਰਦੇ ਹਨ।ਉਨ੍ਹਾਂ ਦਾ ਜੀਵਨ ਤਾਂ ਡੱਡੂ,ਚਿਚੜ,ਪੁੱਠਾ ਭਾਂਡਾ ਅਤੇ ਬਾਂਸ ਵਰਗਾ ਹੈ।ਆਪਾਂ ਨੇ ਤਾਂ ਸੰਗਤ ਵਿੱਚ ਆ ਕੇ ਗੁਣਾਂ ਦੀ ਸਾਂਝ ਕਰਨੀ ਹੈ। ਆਪਣੇ ਬੱਚਿਆਂ ਨੂੰ ਉਨ੍ਹਾਂ ਸਤਸੰਗੀ ਪੁਰਖਾਂ ਦੇ ਨਾਮ ਦੱਸਣੇ ਹਨ ਜਿਨ੍ਹਾਂ ਨੇ ਸੰਗਤ ਵਿੱਚ ਆ ਕੇ ਬੁਰਾਈਆਂ ਦਾ ਤਿਆਗ ਕੀਤਾ ਹੈ ਅਤੇ ਗੁਣਾਂ ਨੂੰ ਗ੍ਰਹਿਣ ਕੀਤਾ ਹੈ।

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ਆਦਿ-੭੬੬*

**ਸਾਖੀ:** ਹੰਸ ਅਤੇ ਡੱਡੂ ਦੀ

**ਪ੍ਰਸ਼ਨ ੭੪:**-ਇੱਕ ਸੱਜਣ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਸਾਰੇ ਕਹਿੰਦੇ ਹਨ ਕਿ ਪਰਮੇਸ਼ਰ ਦੇ ਮਿਲਾਪ ਵਾਸਤੇ ਪ੍ਰੇਮ ਹੋਣਾ ਚਾਹੀਦਾ ਹੈ।ਪ੍ਰੇਮ ਕਿਹੋ ਜਿਹਾ ਹੋਵੇ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

ਜਿਵੇਂ ਹਰਨ ਦਾ ਘੰਡੇਹੇੜੇ ਦੀ ਅਵਾਜ ਨਾਲ ਪਿਆਰ ਹੈ,ਭੌਰੇ ਦਾ ਕੰਵਲ ਫੁੱਲ ਨਾਲ ਪਿਆਰ, ਪਤੰਗੇ ਦਾ ਦੀਵੇ ਦੀ ਲਾਟ ਨਾਲ ਪਿਆਰ,ਚਕੋਰ ਦਾ ਚੰਦਰਮਾਂ ਨਾਲ ਪਿਆਰ ਹੈ, ਜਿਵੇਂ ਮਛਲੀ ਦਾ ਪਾਣੀ ਨਾਲ ਪਿਆਰ ਹੈ, ਪਪੀਹੇ ਦਾ ਸਵਾਂਤੀ ਬੂੰਦ ਨਾਲ ਪਿਆਰ ਹੈ। ਇਹੋ ਜਿਹਾ ਪਿਆਰ ਹੋਣਾ ਚਾਹੀਦਾ ਹੈ। ਮਹਾਰਾਜ ਜੀ ਦਾ ਪਵਿਤਰ ਫੁਰਮਾ ਹੈ:-

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ਆਦਿ-੭੦੮*

**ਪ੍ਰਸ਼ਨ ੭੫:**-ਇੱਕ ਨੌਜੁਵਾਨ ਨੇ ਮਹਾਂਪੁਰਖਾਂ ਪਾਸ ਬੇਨਤੀ ਕੀਤੀ ਕਿ ਮੈਂਨੂੰ ਅਸੀਸ਼ ਦਿਓ ਕਿ ਮੈਂ ਪੜ੍ਹ ਲਿਖ ਕੇ ਚੰਗਾ ਅਫਸਰ ਬਣਾ ਫੇਰ ਵਧੀਆ ਕੋਠੀ ਬਣਾਵਾਂ,ਸਾਰੇ

ਲੋਕ ਸਲਾਮਾਂ ਮਾਰਨ ਫੇਰ ਤੁਹਾਡੀ ਵੀ ਜੈ ਜੈ ਕਾਰ ਹੋਵੇਗੀ ਅਤੇ ਗੁਰੂ ਮਹਾਰਾਜ ਲਈ ਵਧੀਆ ਪਾਲਕੀ ਬਣਾ ਕੇ ਦੇਵਾਂਗਾ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਸੰਸਾਰੀ ਪੜ੍ਹਾਈ ਕਰ ਕੇ ਉੱਚਾ ਅਹੁਦਾ ਪ੍ਰਾਪਤ ਕਰਨਾ ਕੋਈ ਮਾੜੀ ਗਲ ਨਹੀਂ ਪਰ ਪਰਮੇਸ਼ਰ ਨਾਲ ਪ੍ਰੇਮ ਹੋਣਾ ਜਰੂਰੀ ਹੈ। ਪ੍ਰੇਮ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਜਿਸ ਨਾਲ ਸਾਡਾ ਪ੍ਰੇਮ ਹੈ ਅਸੀਂ ਹਮੇਸ਼ਾ ਉਸ ਦੀ ਆਗਿਆ ਦਾ ਪਾਲਣ ਕਰਦੇ ਹਾਂ। ਜੋ ਸਤਿਗੁਰੂ ਜੀ ਸਾਨੂੰ ਉਪਦੇਸ ਦਿੰਦੇ ਹਨ ਉਹ ਸਾਨੂੰ ਕਮਾਉਣਾ ਚਾਹੀਦਾ ਹੈ। ਜੇ ਕਰ ਆਪਾਂ ਰਾਜੇ ਬਣ ਜਾਈਏ ਪਰ ਨਾਮ ਨਾਲ ਪ੍ਰੇਮ ਨਹੀਂ ਤਾਂ ਸਾਡੇ ਨਾਲੋਂ ਇੱਕ ਗਰੀਬ ਤੇ ਅੰਨ੍ਹਾਂ ਮਨੁੱਖ ਵੀ ਚੰਗਾ ਹੈ।

**ਹਜ਼ੂਰ ਦਾ ਫੁਰਮਾਨ ਹੈ:-**

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ਆਦਿ-੨੫੩***

**ਇੱਕ ਹੋਰ ਦੋਸ਼ ਵੀ ਲਗਦਾ ਹੈ:-**

***ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥***
***ਆਦਿ-੧੯੬***

ਪਿਆਰਿਆ ਜਿਹੜਾ ਰਾਜਾ ਵਿਸ਼ੇ ਵਿਕਾਰਾਂ ਵਿੱਚ ਐਸ਼ ਪਰਸਤੀ ਦਾ ਜੀਵਨ ਬਤੀਤ ਕਰਦਾ ਹੈ ਉਸ ਨਾਲੋਂ ਇੱਕ ਅੰਨ੍ਹਾ ਮਨੁੱਖ ਵੀ ਚੰਗਾ ਹੈ। ਕਿਉਂ ਕਿ ਜਦੋਂ ਉਹ ਚਲਦੇ ਸਮੇਂ ਠੋਕਰ ਖਾ ਕੇ ਗਿਰਦਾ ਹੈ ਤਾਂ ਰੱਬ ਦਾ ਨਾਮ ਲੈਂਦਾ ਹੈ। ਜਿਸ ਗੁਰੂ ਸਾਹਿਬ ਜੀ ਨੂੰ ਤੁਸੀਂ ਪਾਲਕੀ ਬਣਾ ਕੇ ਭੇਟਾ ਕਰਨੀ ਹੈ ਪਾਲਕੀ ਦੀ ਲੋੜ ਨਹੀਂ ਸਗੋਂ ਪਾਲਕੀ ਨਾਲ ਤਾਂ ਥੜ੍ਹੇ ਦੀ ਰੋਜਾਨਾ ਸੇਵਾ ਵੀ ਨਹੀਂ ਹੋ ਸਕਦੀ। ਇਹ ਸਾਰੇ ਫੈਸਲੇ ਉਨ੍ਹਾਂ ਨੇ ਇਸ ਪ੍ਰਕਾਰ ਕੀਤੇ ਹਨ।

***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥ ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥ ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਆਦਿ-੭੦੭***

ਇੱਕ ਗਰੀਬ ਟੁੱਟੀ ਹੋਈ ਝੋਂਪੜੀ ਵਿੱਚ ਰਹਿ ਕੇ ਪੁਰਾਣੇ ਵਸਤਰ ਪਹਿਨ ਕੇ ਨਿਰਬਾਹ ਕਰ ਰਿਹਾ ਹੈ। ਉਸਦੀ ਕੋਈ ਉੱਚੀ ਜਾਤੀ ਨਹੀਂ,ਕੋਈ ਇਜੱਤ ਨਹੀਂ,ਜੰਗਲ ਵਿੱਚ ਉਜਾੜ ਵਿੱਚ ਤੁਰਿਆ ਫਿਰਦਾ ਹੈ। ਜੇਕਰ ਰੱਬ ਦਾ ਨਾਮ ਪ੍ਰੇਮ ਨਾਲ ਲੈ ਰਿਹਾ ਹੈ ਤਾਂ ਉਸਨੂੰ ਰੱਬ ਦੀ ਦਰਗਾਹ ਵਿੱਚ ਸਤਿਕਾਰ ਮਿਲੇਗਾ। ਦੂਜੇ ਪਾਸੇ ਜੋ ਲੋਕ ਵੱਡੇ

ਵੱਡੇ ਰਾਜੇ ਮਹਾਰਾਜਿਆਂ ਦਾ ਸਨਮਾਨ ਕਰਦੇ ਹਨ ਉਹ ਲੋਕ ਸਰੀਰਾਂ ਦਾ ਸਨਮਾਨ ਕਰ ਰਹੇ ਹਨ। ਸਰੀਰ ਤਾਂ ਇੱਥੇ ਹੀ ਰਹਿ ਜਾਂਦੇ ਹਨ। ਗੁਰਮੁੱਖਾਂ ਦਾ ਰੱਬੀ ਦਰਬਾਰ ਵਿੱਚ ਸਤਿਕਾਰ ਹੁੰਦਾ ਹੈ।

***ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸੁਭ ਦੇਊ॥***

***ਆਦਿ-੨੫੨***

**ਪ੍ਰਸ਼ਨ ੭੬:-**ਕਿਸੇ ਨੌਜੁਆਨ ਨੇ ਬੇਨਤੀ ਕੀਤੀ ਕਿ ਕਈ ਪ੍ਰਚਾਰਕ ਇਹ ਕਹਿੰਦੇ ਹਨ ਕਿ ਬਾਣੀ ਪੜ੍ਹਿਆ ਕਰੋ ਅਤੇ ਸੰਤਾਂ ਮਹਾਂਪੁਰਖਾਂ ਦੀ ਕੋਈ ਲੋੜ ਨਹੀਂ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਹ ਬਿਲਕੁਲ ਸੱਚ ਹੈ ਕਿ ਪਵਿੱਤਰ ਬਾਣੀ ਆਪ ਪੜ੍ਹਨੀ ਸੁਣਨੀ ਅਤੇ ਵੀਚਾਰਨੀ ਚਾਹੀਦੀ ਹੈ। ਜਦੋਂ ਅਸੀਂ ਬਾਣੀ ਪੜ੍ਹ ਸੁਣ ਕੇ ਵੀਚਾਰਦੇ ਹਾਂ ਤਾਂ ਅੰਦਰੋਂ ਆਤਮਾ ਦੀ ਅਵਾਜ ਸੁਣਨ ਦੇ ਆਸਾਰ ਬਣ ਜਾਂਦੇ ਹਨ। ਜਦੋਂ ਆਤਮਾ ਦੀ ਅਵਾਜ ਸੁਣਨੀ ਆਰੰਭ ਹੋ ਜਾਂਦੀ ਹੈ ਤਾਂ ਸਿਆਣਪ ਅਤੇ ਚਤੁਰਾਈ ਇਸ ਦਾ ਡਟ ਕੇ ਮੁਕਾਬਲਾ ਕਰਦੇ ਹਨ, ਅਜਿਹੇ ਸਮੇਂ ਪਵਿਤਰ ਬਾਣੀ ਦਾ ਅਭਿਆਸ ਕਰਨਾ ਬਹੁਤ ਜਰੂਰੀ ਹੈ। ਅਜਿਹੇ ਸਮੇਂ ਕਈ ਵਾਰੀ ਆਤਮ ਮਾਰਗ ਦਾ ਪਾਂਧੀ ਨਿਰਾਸ ਹੋ ਜਾਂਦਾ ਹੈ। ਐਸੇ ਸਮੇਂ ਸੰਤਾਂ ਮਹਾਂਪੁਰਖਾਂ ਦੀ ਸੰਗਤ ਦੀ ਬਹੁਤ ਲੋੜ ਹੁੰਦੀ ਹੈ।ਉਨ੍ਹਾਂ ਦੀ ਸੰਗਤ ਕਰ ਕੇ ਮਨ ਵਿੱਚ ਚਾਅ ਪੈਦਾ ਹੁੰਦਾ ਹੈ।

***ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ॥ ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ॥ ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ॥ ਆਦਿ-੭੦੩***

ਦੂਜਾ ਇਹ ਹੁੰਦਾ ਹੈ ਕਿ ਬਾਣੀ ਦੇ ਬਹੁਤ ਸਾਰੇ ਸ਼ਬਦ ਉੱਚੀ ਅਵਸਥਾ ਨਾਲ ਸੰਬੰਧ ਰੱਖਦੇ ਹਨ ਅਤੇ ਆਤਮ ਮਾਰਗ ਦੇ ਪਾਂਧੀ ਦੀ ਅਵਸਥਾ ਅਜੇ ਹੇਠਲੇ ਪੱਧਰ ਤੇ ਹੁੰਦੀ ਹੈ। ਅਜਿਹੇ ਨਾਜੁਕ ਸਮੇਂ ਬਹੁਤ ਸਾਰੇ ਪ੍ਰੇਮੀ ਟਪਲਾ ਖਾ ਜਾਂਦੇ ਹਨ।ਇਸ ਤਰ੍ਹਾਂ ਦੇ ਸਮੇਂ ਬਾਣੀ ਦੇ ਬਹੁਤ ਸਾਰੇ ਗੂਝੇ ਭੇਦਾਂ ਨੂੰ ਸਮਝਣ ਵਾਸਤੇ ਅਨੁਭਵ ਵਾਲੇ ਮਹਾਂਪੁਰਖ ਸਹਾਈ ਹੁੰਦੇ ਹਨ।ਮਹਾਂਪੁਰਖ ਪ੍ਰੇਮੀ ਦੀ ਅਵਸਥਾ ਨੂੰ ਵੇਖ ਕੇ ਗੁਰਬਾਣੀ ਦੇ ਅਰਥ ਸਮਝਾ ਕੇ ਉਸ ਨੂੰ ਘੁੰਮਣ ਘੇਰੀ ਵਿੱਚੋਂ ਕੱਢ ਦਿੰਦੇ ਹਨ।

**ਪ੍ਰਸ਼ਨ ੭੭:-**ਇੱਕ ਨੌਜੁਵਾਨ ਨੇ ਬੇਨਤੀ ਕੀਤੀ ਕਿ ਆਪ ਜੀ ਹਮੇਸ਼ਾ ਬੇਨਤੀ ਕਰਦੇ ਹੋ ਕਿ ਬਾਣੀ ਪੜ੍ਹ ਕੇ ਵਿਚਾਰਿਆ ਕਰੋ ਪਰ ਮੈਂ ਕਈਂ ਵਾਰੀ ਵੇਖਿਆ ਹੈ ਕਿ ਬਾਣੀ ਵਿੱਚ ਕਈ ਵਾਰੀ ਸਵੈ ਵਿਰੋਧੀ ਪੰਕਤੀਆਂ ਆਉਂਦੀਆਂ ਹਨ ਇਸ ਕਰ ਕੇ ਮਨ ਭੰਬਲ ਭੂਸੇ ਵਿੱਚ ਪੈ ਜਾਂਦਾ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਸਾਰੀ ਪਵਿੱਤਰ ਬਾਣੀ ਇੱਕ ਰਸ ਹੈ। ਕਿਤੇ ਵੀ ਸਵੈ ਵਿਰੋਧੀ ਉਪਦੇਸ਼ ਨਹੀਂ ਹੈ। ਇਹ ਬਾਣੀ ਸਾਰੇ ਪ੍ਰੇਮੀਆਂ ਨੂੰ ਉਪਦੇਸ਼ ਕਰਦੀ ਹੈ, ਅਤੇ ਸਾਰੇ ਪ੍ਰੇਮੀਆਂ ਦੀ ਅਵਸਥਾ ਇੱਕ ਜਿਹੀ ਨਹੀਂ ਹੁੰਦੀ । ਇਸ ਕਰਕੇ ਗੁਰਮੁਖਾਂ ਦੀ ਸੰਗਤ ਵਿੱਚ ਇਹ ਬਾਣੀ ਸਹਿਜੇ ਹੀ ਸਮਝ ਆ ਜਾਂਦੀ ਹੈ।

*ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥ ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥ ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥ ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ॥ ਆਦਿ-੨੪੯*

*ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ॥ ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ॥ ਆਦਿ-੬੭੨*

*ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥*

*ਆਦਿ-੭੦੪*

*ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ॥ ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ॥ ਆਦਿ-੧੩੦੧*

*ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥ ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥*

*ਆਦਿ-੧੨*

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥ ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥੧॥ ਆਦਿ-੧੪੨੬*

ਬਾਹਰੀ ਤੌਰ 'ਤੇ ਇਸ ਤਰ੍ਹਾਂ ਦੀਆਂ ਪੰਕਤੀਆਂ ਸਵੈ ਵਿਰੋਧੀ ਜਾਪਦੀਆਂ ਹਨ ਅਸਲ ਵਿੱਚ ਇਹ ਪੰਕਤੀਆਂ ਇੱਕ ਦੂਜੇ ਦੇ ਉਲਟ ਨਹੀਂ। ਵੱਖੋ ਵਖਰੇ ਅਵਸਥਾ ਦੇ ਪ੍ਰੇਮੀਆਂ ਵਾਸਤੇ ਵੱਖੋ ਵੱਖਰੇ ਇਸ਼ਾਰੇ ਹਨ। ਸਿਮਰਨ ਭਜਨ ਹਮੇਸ਼ਾ ਹੀ ਉਦਮ ਨਾਲ ਸ਼ੁਰੂ ਹੁੰਦਾ ਹੈ। ਸਗੋਂ ਜਦੋਂ ਕੁਝ ਸਮਾਂ ਅਭਿਆਸ ਕਰਕੇ ਅਨੁਭਵ ਹੁੰਦਾ ਹੈ ਤਾਂ ਅਭਿਆਸੀ ਨੂੰ ਪਤਾ ਲਗ ਜਾਂਦਾ ਹੈ ਕਿ ਉਸਦੇ ਉਦਮ ਵਿੱਚ ਵੀ ਪਰਮੇਸ਼ਰ ਦੀ ਬਖਸ਼ਿਸ਼ ਸੀ। ਇਸੇ ਤਰ੍ਹਾਂ ਕੁਝ ਸਮਾਂ ਸੰਗਤ ਕਰਕੇ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਉਹ ਆਪਣੇ ਜੀਵਨ ਦੀ ਹਰੇਕ ਘਟਨਾ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਵਿਚਾਰਨਾ ਸ਼ੁਰੂ ਕਰ ਦਿੰਦਾ ਹੈ। ਜਦੋਂ ਸਮਝ ਨਾ ਲਗੇ ਤਾਂ ਘਬਰਾਉਣਾ ਨਹੀਂ ਚਾਹੀਦਾ। ਮਹਾਂਪੁਰਖਾਂ ਦੀ ਸੰਗਤ ਵਿੱਚ ਇਹ ਸਾਰੇ ਅੜੀਕੇ ਆਪਣੇ ਆਪ ਹੀ ਖਤਮ ਹੋ ਜਾਂਦੇ ਹਨ।

**ਪ੍ਰਸ਼ਨ ੭੮:-**ਇੱਕ ਮਹਾਜਨ ਪਰਿਵਾਰ ਵਿੱਚੋਂ ਇੱਕ ਲੜਕੀ ਨੇ ਸਿਖਾਂ ਦੇ ਲੜਕੇ ਨਾਲ ਵਿਆਹ ਕਰਾ ਲਿਆ ਸੀ।ਉਹ ਮਹਾਂਪੁਰਖਾਂ ਨੂੰ ਬੇਨਤੀ ਕਰਨ ਲਗੀ ਕਿ ਮੇਰਾ ਘਰ ਵਾਲਾ ਮੈਂਨੂੰ ਕ੍ਰਿਪਾਨ ਪਾਉਣ ਨੂੰ ਕਹਿੰਦਾ ਹੈ।ਇਸ ਗਲ ਤੇ ਸਾਡੇ ਘਰ ਵਿੱਚ ਕਲੇਸ਼ ਰਹਿੰਦਾ ਹੈ,ਕ੍ਰਿਪਾ ਕਰਕੇ ਸਾਡੇ ਘਰ ਵਿੱਚ ਸ਼ਾਂਤੀ ਲਿਆਓ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਪੁੱਤਰੀ ਆਪਣੇ ਘਰ ਵਾਲੇ ਨੂੰ ਨਾਲ ਲੈ ਕੇ ਆਂਵੀ । ਕੁਝ ਦਿਨਾਂ ਬਾਅਦ ਉਹ ਆ ਗਏ। ਮਹਾਂਪੁਰਖਾਂ ਨੇ ਪਿਆਰ ਨਾਲ ਸਮਝਾਇਆ ਕਿ ਸਿਖ ਲਈ ਅੰਮ੍ਰਿਤ ਛਕਣਾ,ਰਹਿਤ ਰੱਖਣੀ,ਗੁਰਬਾਣੀ ਪੜ੍ਹਨੀ,ਕੀਰਤਨ ਸੁਣਨਾ ਅਤੇ ਸੇਵਾ ਕਰਨੀ ਬਹੁਤ ਜਰੂਰੀ ਹੈ ਪਰ ਇਹ ਸਾਰੇ ਸਾਧਨ ਹਨ ਮਨੋਰਥ ਨਹੀਂ। ਘਰ ਵਾਲੀ ਨੂੰ ਪਹਿਲਾਂ ਸੇਵਾ ਵਿੱਚ ਲਾਓ ਨਾਲ ਨਾਲ ਬਾਣੀ ਪੜ੍ਹਨ ਦਾ ਸੁਭਾਅ ਬਣਾਓ। ਤੇਰੀ ਪਿਆਰ ਭਰੀ ਰਹਿਣੀ ਨੂੰ ਵੇਖ ਕੇ ਉਹ ਆਪ ਹੀ ਅੰਮ੍ਰਿਤ ਛਕ ਲਵੇਗੀ । ਧੱਕੇ ਨਾਲ ਕ੍ਰਿਪਾਨ ਪਾ ਕੇ ਐਵੇਂ ਘਰ ਵਿੱਚ ਕਲੇਸ਼ ਨਹੀਂ ਕਰਿਆ ਕਰਦੇ। ਇਹ ਸਾਰਾ ਕੁਝ ਵਿਆਹ ਤੋਂ ਪਹਿਲਾਂ ਕਰਨਾ ਬਣਦਾ ਸੀ। ਮਹਾਰਾਜ ਦਾ ਪਵਿਤਰ ਫੁਰਮਾਨ ਹੈ:-

***ਆਇਓ ਸੁਨਨ ਪੜਨ ਕਉ ਬਾਣੀ ॥ਆਦਿ-੧੨੧੯***

***ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ॥ ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ॥ ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ॥ ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ॥ ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ॥***

***ਆਦਿ-੬੪੪***

**ਪ੍ਰਸ਼ਨ ੭੯:-**ਮਹਾਂਪੁਰਖਾਂ ਦੇ ਚਰਨਾਂ ਵਿੱਚ ਇੱਕ ਕਮਾਈ ਵਾਲੇ ਗੁਰਸਿਖ ਨੇ ਬੇਨਤੀ ਕੀਤੀ ਕਿ ਮੈਂ ਪਿਛਲੇ ਲੰਮੇ ਸਮੇਂ ਤੋਂ ਸਿਮਰਨ ਕਰਦਾ ਹਾਂ। ਕਈਂ ਮਹਾਂਪੁਰਖਾਂ ਕੋਲ ਬੇਨਤੀਆਂ ਕੀਤੀਆਂ ਕਿ ਤੁਸੀਂ ਮੈਂਨੂੰ ਆਪਣਾ ਆਤਮਿਕ ਤਜਰਬਾ ਦਸੋ।ਉਹ ਮੈਂਨੂੰ ਇਹ ਕਹਿਕੇ ਚੁਪ ਕਰਵਾ ਦਿੰਦੇ ਰਹੇ ਕਿ ਆਤਮਿਕ ਤਜਰਬਾ ਕਿਸੇ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ।ਇਸ ਲਈ ਮੇਰੀ ਆਤਮਿਕ ਤਰੱਕੀ ਨਹੀਂ ਹੋਈ।ਕਿਰਪਾ ਕਰਕੇ ਮੈਂਨੂੰ ਆਤਮਿਕ ਮਾਰਗ ਤੇ ਚਲਣ ਦਾ ਉਪਦੇਸ਼ ਬਖਸ਼ੋ ਤਾਂ ਜੋ ਮੈਂ ਵੀ ਤਰੱਕੀ ਕਰ ਸਕਾਂ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਮਹਾਂਪੁਰਖਾਂ ਨੇ ਉਸ ਨੂੰ ਆਪਣੇ ਹੱਥੀਂ ਪ੍ਰਸ਼ਾਦਾ ਪਾਣੀ ਛਕਾਇਆ, ਜਲ ਪਾਣੀ ਛੱਕਣ ਉਪਰੰਤ ਉਸ ਨੂੰ ਗੁਰੂ ਘਰ ਦੀ ਸੇਵਾ ਵਾਸਤੇ ਬਚਨ ਕੀਤੇ ਅਤੇ ਆਖਿਆ

ਕਿ ਬਹੁਤੇ ਮਹਾਂਪੁਰਖਾਂ ਕੋਲ ਜਾਣ ਕਰਕੇ ਕਈ ਵਾਰੀ ਲਾਭ ਘਟ ਹੁੰਦਾ ਹੈ। ਫੇਰ ਇਹ ਪ੍ਰੇਮੀ ਕੇਵਲ ਇਨ੍ਹਾਂ ਮਹਾਂਪੁਰਖਾਂ ਕੋਲ ਹੀ ਆਉਂਦਾ ਰਿਹਾ।ਜਦੋਂ ਉਸ ਨੇ ਦੇਖਿਆ ਕਿ ਮਹਾਂਪੁਰਖ ਆਪ ਆਪਣੇ ਹੱਥੀਂ ਗੁਰੂ ਘਰ ਦੀ ਸੇਵਾ ਕਰਦੇ ਹਨ ਅਤੇ ਸਹਿਜ ਪਾਠ ਕਰਦੇ ਰਹਿੰਦੇ ਹਨ, ਇਹ ਵੇਖ ਕੇ ਉਹ ਬਹੁਤ ਪ੍ਰਭਾਵਿਤ ਹੋਇਆ। ਇੱਕ ਦਿਨ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਗੁਰਮੁਖਾ ਜੇ ਕੋਈ ਕੁਰਹਿਤ ਹੋ ਜਾਵੇ ਤਾਂ ਉਸ ਦੀ ਅਰਦਾਸ ਕਰੇ ਅਤੇ ਅਗਾਂਹ ਤੋਂ ਸਾਵਧਾਨ ਰਹੇ। ਇਹ ਬਚਨ ਸੁਣ ਕੇ ਇਸ ਗੁਰਸਿਖ ਦੇ ਨੇਤ੍ਰਾਂ ਵਿੱਚ ਜਲ ਆ ਗਿਆ, ਇਸੇ ਹਾਲਤ ਵਿੱਚ ਦਰਬਾਰ ਸਾਹਿਬ ਵਿੱਚ ਜਾ ਕੇ ਅਰਦਾਸ ਕੀਤੀ ਉਥੇ ਲਗਾਤਾਰ ਚਾਰ ਪੰਜ ਸਾਲ ਵੈਰਾਗ ਵਿੱਚ ਰਹਿ ਕੇ ਗੁਰੂ ਘਰ ਦੀ ਬਹੁਤ ਸੇਵਾ ਕੀਤੀ ਅਤੇ ਨਾਲ ਹੀ ਸਹਿਜ ਪਾਠ ਕੀਤੇ। ਉਸ ਦੀ ਮਸਤਾਨਿਆਂ ਵਾਲੀ ਅਵਸਥਾ ਬਣ ਗਈ। ਚਿਹਰੇ ਤੇ ਲਾਲੀਆਂ ਆ ਗਈਆਂ। ਗਰੀਬ ਹੁੰਦਾ ਹੋਇਆ ਵੀ ਉਹ ਇਸ ਤਰ੍ਹਾਂ ਲਗਦਾ ਜਿਵੇਂ ਬਹੁਤ ਜਾਇਦਾਦ ਦਾ ਮਾਲਿਕ ਹੋਵੇ। ਕਈਂ ਸਾਲਾਂ ਉਪਰੰਤ ਮਹਾਂਪੁਰਖਾਂ ਨੇ ਬਚਨ ਕੀਤੇ ਕਿ ਆਤਮਿਕ ਤਜਰਬੇ ਸਾਂਝੇ ਕਰਨ ਨਾਲ ਕਦੇ ਕੋਈ ਨੁਕਸਾਨ ਨਹੀਂ ਹੁੰਦਾ। ਪਰ ਕਈ ਵਾਰੀ ਕਈਂ ਪ੍ਰੇਮੀ ਆਤਮਿਕ ਸਚਾਈ ਨੂੰ ਸਮਝਣ ਦੇ ਯੋਗ ਨਹੀਂ ਹੁੰਦੇ ਇਸ ਲਈ ਨੁਕਸਾਨ ਉਠਾ ਲੈਂਦੇ ਹਨ। ਆਤਮਿਕ ਗਿਆਨ ਸਰੀਰਾਂ ਤੋਂ ਉਪਰ ਉਠ ਕੇ ਹੁੰਦਾ ਹੈ, ਬਹੁਤ ਸਾਰੇ ਪ੍ਰੇਮੀ ਸਰੀਰਾਂ ਦੀ ਬਣਤਰ ਵਿੱਚ ਹੀ ਫਸੇ ਹੋਏ ਹੁੰਦੇ ਹਨ। ਕਈ ਪ੍ਰੇਮੀ ਅਜਿਹੀ ਡੂੰਘੀ ਵਿਚਾਰ ਆਮ ਲੋਕਾਂ ਨਾਲ ਕਰਨ ਲਗ ਜਾਂਦੇ ਹਨ, ਜਿਸ ਨਾਲ ਸਮਾਂ ਬਰਬਾਦ ਹੋਣ ਲਗ ਜਾਂਦਾ ਹੈ। ਆਤਮਿਕ ਗਿਆਨ ਬਹੁਤ ਕੀਮਤੀ ਹੈ, ਇਸ ਦੀ ਕਦਰ ਅਧਿਕਾਰੀ ਹੀ ਜਾਣ ਸਕਦਾ ਹੈ। ਪਰ ਫੇਰ ਵੀ ਸਤਿਗੁਰਾਂ ਦੇ ਹੁਕਮ ਅਨੁਸਾਰ ਪ੍ਰਗਟ ਹੀ ਕਰਨਾ ਬਣਦਾ ਹੈ।

***ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥***
***ਆਦਿ-੧੮੬***

**ਪ੍ਰਸ਼ਨ ੮੦:-**ਕਿਸੇ ਪ੍ਰੇਮੀ ਨੇ ਬੇਨਤੀ ਕੀਤੀ ਕਿ ਆਪ ਜੀ ਬਹੁਤ ਸਾਰੇ ਰੋਗੀਆਂ ਨੂੰ ਦਵਾਈ ਦਿੰਦੇ ਹੋ ਪਰ ਆਪ ਜੀ ਇਹ ਵੀ ਕਹਿੰਦੇ ਹੋ ਕਿ ਪਰਮੇਸ਼ਰ ਦੇ ਨਾਮ ਨਾਲ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ।ਕੀ ਦਵਾਈ ਤੋਂ ਪਰਹੇਜ ਕਰਾਉਣਾ ਗੁਰਮਤਿ ਤੋਂ ਉਲਟ ਨਹੀਂ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਬਹੁਤ ਸਾਰੇ ਸਰੀਰਕ ਰੋਗ ਸਾਡੀ ਰੋਜਾਨਾ ਦੀ ਮੰਦੀ ਖੁਰਾਕ ਕਰਕੇ ਹੁੰਦੇ ਹਨ। ਇਸ ਤੋਂ ਇਲਾਵਾ ਮਾਨਸਿਕ ਕਮਜੋਰੀਆਂ ਕਰਕੇ ਵੀ ਸਰੀਰ ਨੂੰ ਰੋਗ ਲਗ ਜਾਂਦੇ ਹਨ। ਗੁਰਬਾਣੀ ਤੇ ਭਰੋਸਾ ਗੁਰਮੁਖਾ ਦੀ ਸੰਗਤ ਕਰਕੇ ਹੀ ਹੁੰਦਾ ਹੈ। ਮੈਂ

ਉਨ੍ਹਾਂ ਰੋਗੀਆਂ ਨੂੰ ਦਵਾਈ ਦਿੰਦਾ ਹਾਂ ਜਿਨ੍ਹਾਂ ਦਾ ਅਜੇ ਗੁਰਬਾਣੀ ਉੱਤੇ ਪੂਰਾ ਭਰੋਸਾ ਨਹੀਂ ਹੈ। ਪਵਿੱਤਰ ਬਾਣੀ ਵਿੱਚ ਅਜਿਹੇ ਕਈ ਸ਼ਬਦ ਹਨ ਜਿਨ੍ਹਾਂ ਨਾਲ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਗੁਰਬਾਣੀ ਸਾਨੂੰ ਜੀਵਨ ਜਾਚ ਬਖਸ਼ਿਸ਼ ਕਰਦੀ ਹੈ।

> *ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥ ਰਹਾਉ ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥* *ਆਦਿ-੮੧੯*
>
> *ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ॥੧॥ ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥੧॥ ਰਹਾਉ॥ ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ॥੨॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥* *ਆਦਿ-੧੧੩੬*
>
> *ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥* *ਆਦਿ-੨੬੨*

ਜਿਨਾਂ ਦੀ ਗੁਰਬਾਣੀ ਤੇ ਪੂਰਨ ਸ਼ਰਧਾ ਬਣ ਜਾਂਦੀ ਹੈ ਉਨ੍ਹਾਂ ਨੂੰ ਕਿਸੇ ਹੋਰ ਦਵਾਈ ਦੀ ਲੋੜ ਨਹੀਂ ਰਹਿੰਦੀ। ਅਰਦਾਸ ਤੇ ਸਿਮਰਨ ਨਾਲ ਇਲਾਜ ਕਰਨਾ ਗੁਰਮਤਿ ਦੇ ਅਨੁਸਾਰ ਹੈ।

**ਸਾਖੀ:-** ਸੁਖਮਨੀ ਸਾਹਿਬ ਦੇ ਪਾਠ ਨਾਲ ਵਜੀਰ ਖਾਂ ਦੇ ਰੋਗ ਦੀ ਨਵਿਰਤੀ ਹੋਣੀ

**ਪ੍ਰਸ਼ਨ ੮੧:-**ਇੱਕ ਪ੍ਰੇਮੀ ਨੇ ਬੇਨਤੀ ਕੀਤੀ ਕਿ ਬੀਮਾਰੀ ਤੋਂ ਬਚਣ ਦਾ ਕੀ ਢੰਗ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਆਮ ਤੌਰ ਤੇ ਬੀਮਾਰੀ ਸਾਡੇ ਖਿਆਲਾਂ ਤੋਂ ਸ਼ੁਰੂ ਹੁੰਦੀ ਹੈ। ਜੇਕਰ ਅਸੀਂ ਆਪਣੇ ਖਿਆਲਾਂ ਨੂੰ ਪਵਿੱਤਰ ਰੱਖੀਏ ਤਾਂ ਬੀਮਾਰੀ ਨੇੜੇ ਨਹੀਂ ਆ ਸਕਦੀ। ਭੈੜੇ ਖਿਆਲਾਂ ਨਾਲ ਜੀਵ ਛੇਤੀ ਰੋਗੀ ਹੁੰਦਾ ਹੈ। ਪਵਿੱਤਰ ਖਿਆਲਾਂ ਵਾਲਾ ਵਿਅਕਤੀ ਤੰਦਰੁਸਤ ਰਹਿੰਦਾ ਹੈ। ਜੀਵ ਦੇ ਖਿਆਲ ਗੁਰਬਾਣੀ ਨਾਲ ਪਵਿੱਤਰ ਹੁੰਦੇ ਹਨ। ਇਸ ਲਈ ਪ੍ਰੇਮੀ ਨੂੰ ਸਹਿਜ ਪਾਠ ਹਮੇਸ਼ਾ ਕਰਨਾ ਬਣਦਾ ਹੈ ਤਾਂ ਜੋ ਪ੍ਰਾਣੀ ਦਾ ਖਾਣਾ-ਪੀਣਾ, ਹੱਸਣਾ-ਸੌਣਾ, ਰਹਿਣ-ਸਹਿਣ ਗੁਰਬਾਣੀ ਅਨੁਸਾਰ ਹੋ ਜਾਵੇ।

੧) ਬੀਮਾਰੀ ਦੇ ਡਰ ਨੂੰ ਨੇੜੇ ਨਹੀਂ ਆਉਣ ਦੇਣਾ ਚਾਹੀਦਾ।

੨) ਅਸਲ ਵਿੱਚ ਬੀਮਾਰੀ ਦੀ ਕੋਈ ਹਸਤੀ ਨਹੀਂ ਹੁੰਦੀ।

੩) ਸਾਡਾ ਆਹਾਰ ਤੇ ਵਿਹਾਰ ਸ਼ੁੱਧ ਚਾਹੀਦਾ ਹੈ।

ਜੇਕਰ ਆਪਾਂ ਆਪਣੇ ਸਤਿਗੁਰਾਂ ਉੱਤੇ ਪੂਰਾ ਨਿਸ਼ਚਾ ਰੱਖ ਕੇ ਸ਼ਬਦ ਦੀ ਕਮਾਈ ਕਰਾਂਗੇ ਤਾਂ ਸਰੀਰ ਵੀ ਤੰਦਰੁਸਤ ਹੋ ਜਾਂਦਾ ਹੈ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥*
*ਆਦਿ-੨੬੨*

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥ ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥* *ਆਦਿ-੮੧੯*

ਜੇਕਰ ਸਾਡਾ ਨਿਸ਼ਚਾ ਅਜੇ ਕੱਚਾ ਹੈ ਤਾਂ ਦਵਾਈ ਦੀ ਵਰਤੋਂ ਵੀ ਕਰ ਲੈਣੀ ਚਾਹੀਦੀ ਹੈ।

**ਪ੍ਰਸ਼ਨ ੮੨:-**ਕਿਸੇ ਨਵੇਂ ਪ੍ਰੇਮੀ ਨੇ ਬੇਨਤੀ ਕੀਤੀ ਕਿ ਮੂਲਮੰਤਰ,ਗੁਰਮੰਤਰ,ਗੁਰਬਾਣੀ ਤਿੰਨੋ ਇੱਕੋ ਰੂਪ ਹਨ ਜਾਂ ਵੱਖੋ ਵੱਖਰੇ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜਦੋਂ ਵੀ ਸਮਾਂ ਮਿਲੇ ਸਾਨੂੰ ਰਸਨਾ ਦੇ ਨਾਲ ਮੂਲਮੰਤਰ ਗੁਰਮੰਤਰ ਦਾ ਜਾਪ ਕਰਨਾ ਚਾਹੀਦਾ ਹੈ। ਨਵੇਂ ਅਭਿਆਸੀ ਨੂੰ ਪਹਿਲਾਂ ਗੁਰਬਾਣੀ ਦਾ ਜਾਪ ਫੇਰ ਮੂਲਮੰਤਰ ਦਾ ਜਾਪ ਉਪਰੰਤ ਗੁਰਮੰਤਰ ਦਾ ਜਾਪ ਕਰਨਾ ਚਾਹੀਦਾ ਹੈ। ਪਰਮੇਸਰ ਨੇ ਦਸ ਸਰੂਪ ਧਾਰ ਕੇ ਕਲਜੁਗ ਦੇ ਸਮੇਂ ਵਿੱਚ ਜੀਵਾਂ ਦੀ ਕਲਿਆਣ ਵਾਸਤੇ ਪਵਿੱਤਰ ਬਾਣੀ ਸਚਖੰਡ ਵਿੱਚੋਂ ਲਿਆਂਦੀ ਹੈ। ਇਸ ਪਵਿੱਤਰ ਬਾਣੀ ਵਿੱਚ ਮਨ ਨੂੰ ਸਮਝਾਉਣ ਵਾਸਤੇ ਸਿਖਿਆ ਦੇ ਵਾਕ ਹਨ ਉਹ ਹੁਕਮ ਜਾਣ ਕੇ ਸੁਣਨੇ ਹਨ। ਜੋ ਬੇਨਤੀਆਂ ਵਾਲੇ ਸ਼ਬਦ ਹਨ ਉਨ੍ਹਾਂ ਤੋਂ ਸਿਖਿਆ ਲੈਕੇ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀਆਂ ਕਰਨੀਆਂ ਹਨ। ਜੋ ਪੁਰਾਤਨ ਇਤਿਹਾਸਿਕ ਪੰਕਤੀਆਂ ਵਾਲੇ ਸ਼ਬਦ ਹਨ ਉਨ੍ਹਾਂ ਨਾਲ ਆਪਣੇ ਮਨ ਨੂੰ ਸਮਝਾਉਣਾ ਹੈ। ਇਸ ਤਰ੍ਹਾਂ ਇੱਕ ਇੱਕ ਅੱਖਰ ਭਾਵਨਾ ਸਹਿਤ ਗੁਰੁ ਸਰੂਪ ਜਾਣਨਾ ਹੈ। ਕਦੇ ਵੀ ਕਿਸੇ ਪ੍ਰਕਾਰ ਦੀ ਸ਼ੰਕਾ ਵਿੱਚ ਨਹੀਂ ਪੈਣਾ। ਜਦੋਂ ਮਨ ਵਿੱਚ ਫੁਰਨੇ ਉਠਣ ਤਾਂ ਸਹਿਜ ਪਾਠ ਕਰੋ। ਜਦੋਂ ਮਨ ਇਕਾਗਰਤਾ ਵਲ ਨੂੰ ਜਾਵੇ ਤਾਂ ਮੂਲਮੰਤਰ ਤੇ ਗੁਰਮੰਤਰ ਦਾ ਜਾਪ ਕਰਿਆ ਕਰੋ।

*ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ॥*
*ਆਦਿ-੫੬੨*

*ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥*
*ਆਦਿ-੧੦੪੦*

*ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ॥ ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ॥*
*ਆਦਿ-੭੪੩*

**ਪ੍ਰਸ਼ਨ ੮੩:-**ਮਹਾਂਪੁਰਖਾਂ ਦੇ ਚਰਨਾਂ ਵਿੱਚ ਇੱਕ ਸਕੂਲ ਦੇ ਵਿਦਿਆਰਥੀ ਨੇ ਬੇਨਤੀ ਕੀਤੀ ਕਿ ਸੁਖਮਨੀ ਸਾਹਿਬ ਵਿੱਚ ਸਾਧ,ਸੰਤ,ਬ੍ਰਹਮਿ ਗਿਆਨੀ ਦੇ ਨਾਮ ਆਉਂਦੇ ਹਨ,ਇਨ੍ਹਾਂ ਵਿੱਚ ਕੀ ਫਰਕ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਮਹਾਂਪੁਰਖਾਂ ਨੇ ਸਕੂਲ ਦੇ ਵਿਦਿਆਰਥੀ ਦੀ ਅਵਸਥਾ ਨੂੰ ਦੇਖਦੇ ਹੋਏ ਬੜੇ ਪਿਆਰ ਨਾਲ ਖੁਸ਼ ਹੋਕੇ ਬਚਨ ਕੀਤੇ ਕਿ ਜਦੋਂ ਕੋਈ ਪ੍ਰੇਮੀ ਆਪਣੇ ਟਿਕਾਣੇ ਤੇ ਪਹੁੰਚਣ ਲਈ ਘਰੋਂ ਤੁਰ ਪੈਂਦਾ ਹੈ ਤਾਂ ਉਹ ਸਾਧ ਹੁੰਦਾ ਹੈ।ਸਟੇਸ਼ਨ ਤੇ ਪਹੁੰਚ ਕੇ ਜਦੋਂ ਉਹ ਗੱਡੀ ਵਿੱਚ ਅਨੰਦ ਨਾਲ ਸਫਰ ਕਰ ਰਿਹਾ ਹੁੰਦਾ ਹੈ ਤਾਂ ਉਹ ਸੰਤ ਹੁੰਦਾ ਹੈ।ਰੇਲਵੇ ਸਟੇਸ਼ਨ ਤੇ ਉੱਤਰ ਕੇ ਜਦੋਂ ਉਹ ਆਪਣੇ ਘਰ ਪਹੁੰਚ ਜਾਂਦਾ ਹੈ ਤਾਂ ਉਹ ਬ੍ਰਹਨ ਗਿਆਨੀ ਹੁੰਦਾ ਹੈ।ਇਸਦੇ ਅੰਤ੍ਰੀਵ ਅਰਥ ਵੀ ਇਸ ਪ੍ਰਕਾਰ ਮਹਾਂਪੁਰਖਾਂ ਨੇ ਸਮਝਾਏ।

**ਪ੍ਰਸ਼ਨ ੮੪:-** ਮਹਾਂਪੁਰਖਾਂ ਦੇ ਚਰਨਾਂ ਵਿੱਚ ਕਿਸੇ ਪ੍ਰੇਮੀ ਨੇ ਬੇਨਤੀ ਕੀਤੀ ਕਿ ਆਪ ਜੀ ਆਖਦੇ ਹੋ ਕਿ ਪਰਮੇਸ਼ਰ ਹਰੇਕ ਦੀ ਅਰਦਾਸ ਸੁਣਦਾ ਹੈ ਪਰ ਅਸੀਂ ਅਨੇਕਾਂ ਵਾਰੀ ਅਰਦਾਸਾਂ ਕਰਦੇ ਹਾਂ ਜੋ ਪੂਰੀਆਂ ਨਹੀਂ ਹੁੰਦੀਆਂ।ਜੇਕਰ ਸਚ ਹੈ ਕਿ ਅਰਦਾਸਾਂ ਪਰਵਾਣ ਹੁੰਦੀਆਂ ਹਨ ਤਾਂ ਦਸੋ ਅਰਦਾਸ ਪ੍ਰਵਾਨ ਕਿਵੇਂ ਹੁੰਦੀ ਹੈ।

## ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-

ਜਦੋਂ ਵੀ ਸਿਖ ਨੂੰ ਕੋਈ ਕਾਰਜ ਕਰਨਾ ਹੋਵੇ ਤਾਂ ਉਸਨੂੰ ਅਰਦਾਸ ਕਰਨੀ ਚਾਹੀਦੀ ਹੈ।

*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥*
*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥ ਆਦਿ-੯੧*

ਅਰਦਾਸ ਕਰਨ ਸਮੇਂ ਮਰਿਯਾਦਾ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੈ।

*ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨ ਦੁਇ ਸਾਖੀ ਪਾਸਿ॥*

ਪਰਮੇਸ਼ਰ ਉੱਤੇ ਪੂਰਾ ਭਰੋਸਾ ਰੱਖਣਾ ਚਾਹੀਦਾ ਹੈ ਕਿ ਜਿਸਦੇ ਸਾਹਮਣੇ ਮੈਂ ਅਰਦਾਸ ਕਰ ਰਿਹਾ ਹਾਂ ਉਹ ਸਰਬ ਸ਼ਕਤੀਮਾਨ ਹੈ। ਮੇਰੀ ਸਾਰੀ ਕ੍ਰਿਆ ਨੂੰ ਵੇਖ ਰਿਹਾ ਹੈ।

*ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥ ਧਰਤੀ ਤੇ ਆਕਾਸਿ ਚਢਾਵੈ ਚਢੇ ਆਕਾਸਿ ਗਿਰਾਵੈ॥੨॥ ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥੩॥ ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥ ਆਦਿ-੧੨੫੨*

*ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥ ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥ ਆਦਿ-੫੨*

*ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ਆਦਿ-੬੬੯*

ਜਿਥੇ ਪਰਮੇਸ਼ਰ ਦੀ ਹਸਤੀ ਤੇ ਪੂਰਨ ਵਿਸ਼ਵਾਸ਼ ਹੋਵੇ ਉਥੇ ਨਾਲ ਨਾਲ ਆਪਣੀ ਅਰਦਾਸ ਕਰਨ ਵਾਲੇ ਦੇ ਮਨ ਵਿੱਚ ਵੀ ਯਕੀਨ ਚਾਹੀਦਾ ਹੈ ਕਿ ਮੇਰੀ ਅਰਦਾਸ ਜਾਇਜ ਹੈ। ਜਿਵੇਂ ਪਰਮੇਸ਼ਰ ਤੇ ਪੂਰਨ ਭਰੋਸਾ ਰੱਖ ਕੇ ਅਰਦਾਸ ਕਰੀਏ ਕਿ ਮੇਰੇ ਪੜੋਸੀ ਦੀ ਸਾਰੀ ਜਾਇਦਾਦ ਮੈਂਨੂੰ ਮਿਲ ਜਾਵੇ ਅਤੇ ਉਸ ਦਾ ਸਾਰਾ ਪਰਿਵਾਰ ਮੇਰੀ ਚਲਾਕੀ ਨੂੰ ਸਮਝ ਨਾ ਸਕੇ ,ਅਜਿਹੀਆਂ ਅਰਦਾਸਾਂ ਪੂਰੀਆਂ ਨਹੀਂ ਹੁੰਦੀਆਂ। ਅਰਦਾਸ ਕਰਨ ਵਾਲੇ ਦੇ ਮਨ ਵਿੱਚ ਦ੍ਰਿੜ ਨਿਸਚਾ ਹੋਵੇ ਕਿ ਮੇਰੀ ਅਰਦਾਸ ਜਾਇਜ ਹੈ ਅਤੇ ਇਸ ਵਿੱਚ ਕਿਸੇ ਦਾ ਬੁਰਾ ਨਹੀਂ ਹੋ ਰਿਹਾ। ਪਹਿਲਾਂ ਸਚਿਆਈ ਨਾਲ ਆਪਣਾ ਹੱਕ ਦਾ ਅਹਿਸਾਸ ਪੈਦਾ ਕਰੋ ਫੇਰ ਅਰਦਾਸ ਕਰੋ। ਜਿਵੇਂ ਇੱਕ ਪੱਤਰ ਲਿਖਣ ਲਈ ਕਲਮ ਦਾ ਹੋਣਾ ਜਰੂਰੀ ਹੈ,ਕੇਵਲ ਕਲਮ ਦਾ ਹੋਣਾ ਹੀ ਜਰੂਰੀ ਨਹੀਂ ਹੈ ਕਾਗਜ ਦਾ ਹੋਣਾ ਵੀ ਜਰੂਰੀ ਹੈ। ਕੇਵਲ ਕਾਗਜ ਅਤੇ ਕਲਮ ਹੀ ਜਰੂਰੀ ਨਹੀਂ ਸਗੋਂ ਸਾਨੂੰ ਲਿਖਣ ਦੀ ਜੁਗਤੀ ਆਉਣੀ ਵੀ ਜਰੂਰੀ ਹੈ। ਇਹ ਸਾਰੀਆਂ ਚੀਜਾਂ ਹੋਣ ਤੇ ਅਸੀਂ ਪੱਤਰ ਲਿਖ ਸਕਦੇ ਹਾਂ। ਇਸੇ ਤਰ੍ਹਾਂ ਅਰਦਾਸ ਦੀ ਸਫਲਤਾ ਲਈ ਲੋੜੀਂਦੀਆਂ ਸਾਰੀਆਂ ਚੀਜਾਂ ਮਰਿਯਾਦਾ ਅਨੁਸਾਰ ਹੋਣ। ਇਸ ਬਾਰੇ ਪੂਰੀ ਸਮਝ ਪਵਿੱਤਰ ਬਾਣੀ ਪੜ੍ਹਨ ਨਾਲ ਆਉਂਦੀ ਹੈ। ਸੋ ਸਹਿਜ ਪਾਠ ਜਰੂਰੀ ਹੈ।

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥ ਆਦਿ-੭੦*

**ਪ੍ਰਸ਼ਨ ੮੫:-**ਮਹਾਂਪੁਰਖਾਂ ਦੀ ਸੰਗਤ ਉਨ੍ਹਾਂ ਦੇ ਲਿਖੇ ਜੀਵਨ ਵਿੱਚੋਂ ਕਿਵੇਂ ਹੋ ਸਕਦੀ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਕਿਸੇ ਮਹਾਂਪੁਰਖਾਂ ਦੀ ਜੀਵਨੀ ਲਿਖੀ ਹੋਈ ਹੋਵੇ ਉਸ ਨੂੰ ਪੜ੍ਹਨ ਨਾਲ ਵੀ ਮਹਾਂਪੁਰਖਾਂ ਦੀ ਸੰਗਤ ਹੋ ਜਾਂਦੀ ਹੈ।ਪਰ ਜੀਵਨੀ ਪੜ੍ਹਦੇ ਸਮੇਂ ਲਿਖਾਰੀ ਦੀਆਂ ਕਮਜੋਰੀਆਂ ਨੂੰ ਨਹੀਂ ਲੈਣਾ ਚਾਹੀਦਾ।ਜੋ ਉਸ ਵਿੱਚ ਚੰਗਿਆਈਆਂ ਹਨ ਉਨ੍ਹਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ। ਲਿਖਾਰੀ ਦੇ ਆਪਣੇ ਵੀਚਾਰ ਵੀ ਕਈਂ ਥਾਈਂ ਹੁੰਦੇ ਹਨ,ਉਨ੍ਹਾਂ ਨੂੰ ਲਿਖਾਰੀ ਦੇ ਵੀਚਾਰ ਸਮਝ ਕੇ ਹੀ ਪੜ੍ਹਨਾਂ ਚਾਹੀਦਾ ਹੈ। ਇਸ ਤਰ੍ਹਾਂ ਪਵਿੱਤਰ ਜੀਵਨ ਪੜ੍ਹਨ ਨਾਲ ਵੀ ਮਹਾਂਪੁਰਖਾਂ ਦੀ ਸੰਗਤ ਹੋ ਜਾਂਦੀ ਹੈ।

**ਪ੍ਰਸ਼ਨ ੮੬:-** ਮਹਾਂਪੁਰਖਾਂ ਦੀ ਪਰਤੱਖ ਸੰਗਤ ਅਤੇ ਮਹਾਂਪੁਰਖਾਂ ਦਾ ਪਵਿੱਤਰ ਜੀਵਨ ਪੜ੍ਹਨ ਵਿੱਚ ਕੀ ਫਰਕ ਹੁੰਦਾ ਹੈ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਜਦੋਂ ਮਹਾਂਪੁਰਖਾਂ ਦੀ ਪਰਤੱਖ ਰੂਪ ਵਿੱਚ ਸੰਗਤ ਕਰਦੇ ਹਾਂ ਤਾਂ ਨਾਲ ਨਾਲ ਸੇਵਾ ਮਿਲ ਜਾਂਦੀ ਹੈ। ਸੇਵਾ ਕਰਕੇ ਮਨ ਨਿਰਮਲ ਹੋ ਜਾਂਦਾ ਹੈ। ਨਿਰਮਲ ਮਨ ਜਦੋਂ ਮਹਾਂਪੁਰਖਾਂ ਦੀ ਪਵਿੱਤਰ ਰਸਨਾ ਤੋਂ ਗੁਰ ਉਪਦੇਸ਼ ਸੁਣਦਾ ਹੈ ਤਾਂ ਕਮਾਈ ਕਰਨ ਦਾ ਆਪਣੇ ਮਨ ਵਿੱਚ ਚਾਅ ਪੈਦਾ ਹੋ ਜਾਂਦਾ ਹੈ। ਕਮਾਈ ਕਰਦੇ ਸਮੇਂ ਕੋਈ ਕਠਿਨਾਈ ਆ ਜਾਵੇ ਤਾਂ ਮਹਾਂਪੁਰਖ ਆਪਣੀ ਕਮਾਈ ਵਿੱਚੋਂ ਖਰਚ ਕਰਕੇ ਬਿਰਤੀ ਰੂਪ ਬਾਂਹ ਪਕੜ ਕੇ ਵੀ ਅਗੇ ਲੰਘਾ ਦਿੰਦੇ ਹਨ। ਮਹਾਂਪੁਰਖਾਂ ਦੇ ਸਰੀਰਕ ਜਾਮੇ ਸਮੇਂ ਜਗਿਆਸੂਆਂ ਦੀ ਅਵਸਥਾ ਉਹ ਆਪ ਵੇਖ ਕੇ ਲੋੜੀਂਦਾ ਉਪਦੇਸ ਦੇ ਦਿੰਦੇ ਹਨ।

ਲਿਖਿਆ ਹੋਇਆ ਪਵਿੱਤਰ ਜੀਵਨ ਉਨ੍ਹਾਂ ਮਹਾਂਪੁਰਖਾਂ ਦਾ ਹੁੰਦਾ ਹੈ ਜਿਹੜੇ ਕਾਫੀ ਸਮਾਂ ਪਹਿਲਾਂ ਹੋ ਚੁੱਕੇ ਹੁੰਦੇ ਹਨ।ਉਸ ਵੇਲੇ ਕਿਹੋ ਜਿਹੇ ਹਾਲਾਤ ਸਨ ਉਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਉਸ ਸਮੇਂ ਦੇ ਜਗਿਆਸੂਆਂ ਨੂੰ ਗੁਰ ਉਪਦੇਸ਼ ਸਰਵਣ ਕਰਵਾਇਆ ਸੀ। ਆਮ ਤੋਰ ਤੇ ਲਿਖਾਰੀ ਉਹ ਬਚਨ ਤਾਂ ਲਿਖ ਦਿੰਦੇ ਹਨ ਪਰ ਉਸ ਸਮੇਂ ਕਿਹੋ ਜਿਹੇ ਹਾਲਾਤ ਸਨ ਜਿਨ੍ਹਾਂ ਹਾਲਾਤਾਂ ਵਿੱਚ ਇਹ ਬਚਨ ਕੀਤੇ ਸਨ ਉਹ ਹਾਲਾਤ ਹੁਣ ਲਿਖਾਰੀ ਨਹੀਂ ਲਿਖਦੇ। ਦੂਜਾ ਸਮੇਂ ਵਿੱਚ ਤਬਦੀਲੀ ਆ ਜਾਣ ਕਰਕੇ ਉਨ੍ਹਾਂ ਬਚਨਾਂ ਦੀ ਪਾਲਣਾ ਕਰਨ ਵਿੱਚ ਕਈਂ ਵਾਰੀ ਕਠਿਨਾਈ ਆ ਜਾਂਦੀ ਹੈ। ਪ੍ਰੇਮੀ ਸੇਵਾ ਤੋਂ ਖਾਲੀ ਰਹਿ ਜਾਂਦਾ ਹੈ। ਇਸ ਲਈ ਮਹਾਂਪੁਰਖਾਂ ਦੀ ਪਰਤੱਖ ਸੰਗਤ ਕਰਨੀ ਜਰੂਰੀ ਹੈ। ਮਹਾਂਪੁਰਖਾਂ ਦੇ ਜੀਵਨ ਪੜ੍ਹਦੇ ਸਮੇਂ ਜਗਿਆਸੂ ਨੂੰ ਆਪ ਵੇਖਣਾ ਪਵੇਗਾ ਕਿ ਮੇਰੀ ਅਵਸਥਾ ਕਿੱਥੇ ਖੜ੍ਹੀ ਹੈ।

**ਪ੍ਰਸ਼ਨ ੮੭:-** ਮੂਲਮੰਤਰ, ਗੁਰਮੰਤਰ ਅਤੇ ਗੁਰਬਾਣੀ ਵਿੱਚ ਕੀ ਅੰਤਰ ਹੈ।

## ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-

ਮੂਲਮੰਤਰ, ਗੁਰਮੰਤਰ ਅਤੇ ਗੁਰਬਾਣੀ ਵਿੱਚ ਕੋਈ ਅੰਤਰ ਨਹੀਂ ਹੈ। ਮੂਲਮੰਤਰ ਹੀ ਨਾਮ ਹੈ,ਜੋ ਧੁਰੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚਖੰਡ ਤੋਂ ਜੀਆਂ ਦੇ ਉਧਾਰ ਵਾਸਤੇ ਲਿਆਂਦਾ ਹੈ। ਜੋ ਕੁਝ ਸਿਧਾਂਤ ਮੂਲਮੰਤਰ ਵਿਚ ਸੂਤਰ ਰੂਪ ਕਰਕੇ ਰੱਖਿਆ ਹੈ ਉਹ ਸਾਰੇ ਜਪੁਜੀ ਸਾਹਿਬ ਵਿਚ ਗੁਹਜ ਭੇਦ ਸੂਤਰ ਰੂਪ ਕਰਕੇ ਰੱਖੇ ਹਨ। ਉਹੋ ਹੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਵਿਸਥਾਰ ਨਾਲ ਉਚਾਰਨ ਕੀਤੇ ਹਨ। ਇਸ ਕਰਕੇ ਮੂਲਮੰਤਰ, ਗੁਰਮੰਤਰ, ਗੁਰਬਾਣੀ ਇਕੋ ਰੂਪ ਹਨ।

'ਸੈਭੰ' ਸ਼ਬਦ ਸੁਅੰ ਪ੍ਰਕਾਸ਼ ਸਰੂਪ ਦਾ ਨਾਮ ਹੈ।ਉਹ ਸਰੂਪ ਜੋ ਸਾਰੇ ਜੋਤੀਆਂ ਦਾ ਪ੍ਰਕਾਸ਼ਕ ਹੈ।ਆਪ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ।

'ਵਾਹਿ' ਨਾਮ ਅਸਚਰਜ ਦਾ ਹੈ, 'ਗੁ' ਅਗਿਆਨ ਦਾ ਅੰਧੇਰਾ ਨਾਸ ਕਰ ਕੇ 'ਰੂ' ਗਿਆਨ ਦਾ ਪ੍ਰਕਾਸ਼ ਕਰਨੇ ਵਾਲਾ ਹੈ।ਇਉਂ ਵਾਹਿਗੁਰੂ ਮੰਤਰ ਹੈ ਅਤੇ ਇਕੋ ਸਰੂਪ ਹੈ।

**ਪ੍ਰਸ਼ਨ ੮੮:-**ਗੁਰਬਾਣੀ ਦਾ ਪੜ੍ਹਨਾ ਤੇ ਨਾਮ ਦਾ ਜਪਣਾ ਇਨ੍ਹਾਂ ਦੀ ਵੱਖਰੀ ਵੱਖਰੀ ਜ਼ਰੂਰਤ ਹੈ ਕਿ ਨਹੀਂ। ਜਿਹੜਾ ਗੁਰਬਾਣੀ ਪੜ੍ਹਦਾ ਹੈ ਉਸ ਨੂੰ ਨਾਮ ਜਪਣ ਦੀ ਲੋੜ ਹੈ ਕਿ ਨਹੀਂ।

## ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-

ਜਿਤਨਾ ਸ੍ਰੀ ਮੁਖਵਾਕ ਬਾਣੀ ਵਿਚ ਨਾਮ ਜਪਣ ਦਾ ਉਪਦੇਸ਼ ਹੈ ਉਹ ਸਾਰੀ ਧੁਰ ਕੀ ਬਾਣੀ ਹੈ। ਬਾਣੀ ਦਾ ਪਾਠ ਕਰਨਾ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਸਮਝਣਾ,ਸ਼ਰਧਾਲੂ ਬਣ ਕੇ ਉਪਦੇਸ਼ ਸ੍ਰਵਣ ਕਰਨਾ ਹੈ। ਸਤਿਗੁਰਾਂ ਦੇ ਨਾਲ ਪ੍ਰਤੱਖ ਗੱਲਾਂ ਕਰਨੀਆਂ ਹਨ। ਜੇ ਬੇਨਤੀਆਂ ਵਾਲੇ ਵਾਕ ਹਨ,ਉਹ ਆਪ ਦੇ ਵੱਲੋਂ ਸਤਿਗੁਰਾਂ ਨੂੰ ਬੇਨਤੀਆਂ ਕਰਨੀਆਂ ਹਨ। ਜੋ ਸਿਖਿਆ ਦੇ ਵਾਕ ਹਨ, ਉਹ ਸਤਿਗੁਰਾਂ ਵੱਲੋਂ ਹੁਕਮ ਜਾਣ ਕੇ ਸੁਣਨੇ ਹਨ ਹਰ ਰੋਜ਼ ਨਿਤਨੇਮ ਕਰਨਾ ਹੈ।

ਜਦੋਂ ਮਨ ਪੂਰਨ ਇਕਾਗਰ ਹੋਵੇ ਇਕੋ ਸ਼ਬਦ ਦੀ ਅਰਾਧਨਾ ਕਰਨੀ ਚਾਹੇ,ਉਦੋਂ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਜਪਣ ਨਾਲ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਜਦੋਂ ਮਨ ਕਦੇ ਟਿਕ ਜਾਵੇ, ਕਦੇ ਸੰਕਲਪਾਂ ਵਿਚ ਰੁੜੇ, ਉਦੋਂ ਮੂਲਮੰਤ੍ਰ ਦਾ ਪਾਠ ਕਰੇ ਤਾਂ ਮਨ ਵਸ ਵਿੱਚ ਆ ਜਾਂਦਾ ਹੈ ਭਾਵ ਟਿਕ ਜਾਂਦਾ ਹੈ। ਸਾਰੀਆਂ ਤਾਕਤਾਂ ਆ ਹਾਜ਼ਰ ਹੁੰਦੀਆਂ ਹਨ।ਜਦੋਂ ਮਨ ਪਾਪ ਵਿਕਾਰ ਚਿਤਵੇ ਇਕ ਖਿਨ ਭੀ ਨਾ ਟਿਕੇ ਓਦੋਂ ਗੁਰਬਾਣੀ ਦਾ ਪਾਠ ਕਰੇ। ਗੁਰਬਾਣੀ ਸੁਣਨ ਨਾਲ ਮਨ ਇਕਾਗਰ ਹੋ ਜਾਂਦਾ ਹੈ।

੧. ਕਦੇ ਵੀ ਸਰੀਰ ਦਾ ਪਦਾਰਥਾਂ ਦਾ ਅਤੇ ਗੁਣਾਂ ਦਾ ਹੰਕਾਰ ਨਹੀਂ ਕਰਨਾ।

*ਹਉਮੈ ਕਰੀ ਤਾਂ ਤੂੰ ਨਾਹੀ॥* *ਆਦਿ-੭੨੨*

੨. ਅਠੇ ਪਹਿਰ ਸਿਮਰਨ ਕਰਨਾ।

*ਅਠੇ ਪਹਿਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥* *ਆਦਿ-੯੫੯*

੩. ਜਿਵੇਂ ਵੀ ਪ੍ਰਮੇਸ਼ਰ ਕਰੇ ਉਸੇ ਤਰ੍ਹਾਂ ਹੀ ਰਜ਼ਾ ਵਿਚ ਰਹੇ। ਜੋ ਵੀ ਚੰਗਾ ਜਾਂ ਮੰਦਾ ਹੋ ਰਿਹਾ ਹੈ ਸਭ ਅਕਾਲ ਪੁਰਖ ਅੰਤਰਜਾਮੀ ਦੇ ਹੁਕਮ ਵਿਚ ਹੋ ਰਿਹਾ ਹੈ।

**ਯਥਾ**- ਜੋ ਤੂ ਕਰਿਹਿ ਸੁਆਮੀ ਮੇਰੇ ਸਾ ਮਸਲਤ ਪਰਵਾਨ॥

ਇਉਂ ਸਿਖਿਆ ਗ੍ਰਹਿਣ ਕਰੇ। ਇਉਂ ਤਿੰਨਾਂ ਦੀ ਜ਼ਰੂਰਤ ਹੈ। ਪੰਜ ਪਿਆਰੇ ਇਸੇ ਕਰਕੇ ਵੱਖੋ ਵੱਖਰਾ ਉਪਦੇਸ਼ ਦਾ ਜਾਪ ਕਰਵਾਉਂਦੇ ਹਨ। ਜੇ ਗੁਰਬਾਣੀ ਨ ਪੜ੍ਹੀਏ..ਇਕ ਮੂਲ ਮੰਤ੍ਰ ਜਾਂ ਗੁਰ ਮੰਤ੍ਰ ਜਾਪ ਕਰੀਏ ਤਾਂ ਮਨ ਮੂਲ ਮੰਤ੍ਰ ਜਾਂ ਗੁਰ ਮੰਤ੍ਰ ਨੂੰ ਅੜੀ ਨਾਲ ਛੱਡ ਦਿੰਦਾ ਹੈ। ਲਾਇਆ ਹੋਇਆ ਨਹੀਂ ਲੱਗਦਾ, ਬੇ-ਰਸੀ ਕਰਦਾ ਹੈ। ਮਨ ਫੋਕਾ ਅਤੇ ਖ਼ਾਲੀ ਜਿਹਾ ਰਹਿ ਜਾਂਦਾ ਹੈ। ਓਦੋਂ ਗੁਰਬਾਣੀ ਦਾ ਪਾਠ ਕਾਬੂ ਕਰਨ ਦਾ ਕਾਰਨ ਹੈ।

ਜਿੰਨੇ ਮਹਾਂਪੁਰਖ ਅਭਿਆਸੀ ਪੁਰਖ ਹਨ ਅਤੇ ਤੱਤ ਬੇਤੇ ਹਨ, ਉਨ੍ਹਾਂ ਸਾਰਿਆਂ ਦਾ ਇਹ ਤਜਰਬਾ ਹੈ ਕਿ ਬਾਣੀ ਛੱਡਣ ਕਰ ਕੇ ਮਨ ਫਿੱਕਾ ਪੈ ਜਾਂਦਾ ਹੈ। ਗੁਰਬਾਣੀ ਭਜਨ ਕਰਨ ਦਾ ਉਤਸ਼ਾਹ ਦਿੰਦੀ ਹੈ। ਫਲ ਦੱਸਦੀ ਹੈ। ਗੁਰਬਾਣੀ ਪੜ੍ਹਨੀ ਜ਼ਰੂਰੀ ਹੈ। ਜਦੋਂ ਮਨ ਸੰਕਲਪਾਂ ਵਿਕਲਪਾਂ ਵਿਚ ਦੌੜਦਾ ਹੈ ਤਾਂ ਉਸ ਦੇ ਥੰਮ੍ਹਣ ਵਾਸਤੇ ਗੁਰਬਾਣੀ ਦੀ ਲੋੜ ਪੈਂਦੀ ਹੈ।

ਜਪੁਜੀ ਸਾਹਿਬ ਦਾ ਪਾਠ ਸਵਾ ਪਹਿਰ ਰਾਤ ਰਹਿੰਦੀ ਸਮੇਂ ਉਠ ਕੇ ਇਸ਼ਨਾਨ ਕਰ ਕੇ ਕਰੇ। ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਕਾਰਨ ਹੈ।

ਜਾਪੁ ਸਾਹਿਬ ਪ੍ਰਮੇਸ਼ਰ ਅਗੇ ਨਮਸਕਾਰ, ਸਰੂਪ ਲੱਖਣ ਸਮਝਣ ਦਾ ਕਾਰਨ ਹੈ।

ਸਵੈਯੇ ਵੈਰਾਗ ਵਾਸਤੇ ਪਾਖੰਡ ਦਾ ਖੰਡਨ ਕੀਤਾ ਹੈ।

ਚੌਪਈ ਸਾਹਿਬ ਰੱਖਿਆ ਅਤੇ ਬੇਨਤੀ ਕਰਨ ਵਾਸਤੇ।

ਅਨੰਦ ਸਾਹਿਬ ਜੀਵਨ ਮੁਕਤੀ ਦਾ ਅਨੰਦ ਮਾਣਨ ਵਾਸਤੇ।

ਸੁਖਮਨੀ ਸਾਹਿਬ, ਆਸਾ ਦੀ ਵਾਰ, ਅਕਾਲ ਉਸਤਤਿ, ਤੇਤੀ ਸਵੈਯੇ ਆਦਿ ਬਾਣੀਆਂ ਪੜ੍ਹਨ ਕਰਕੇ ਸ਼ੰਕਾ ਵਾਦੀਆਂ ਤੋਂ ਬਚ ਜਾਈ ਦਾ ਹੈ।

**ਪ੍ਰਸ਼ਨ ੮੯**:-ਸਤਿਨਾਮ ਵਾਹਿਗੁਰੂ, ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਦੇ ਬਾਕੀ ਨਾਵਾਂ ਨਾਲੋਂ ਜੋ ਕਿਰਤਮ ਨਾਮ ਹਨ,ਕਿਉਂ ਨਿਆਰਾ ਤੇ ਸ੍ਰੇਸ਼ਟ ਦੱਸਿਆ ਅਤੇ ਵਰਮਾਨ ਸਮੇਂ ਵਿਚ ਜਪਣ ਲਈ ਕੇਵਲ ਮਹਾਂ ਵਾਕ ਅਤੇ ਮੂਲ ਮੰਤ੍ਰ ਦੀ ਕਿਉਂ ਆਗਿਆ ਹੈ। ਇਸ ਦਾ ਸਮੇਂ ਨਾਲ ਕੀ ਪ੍ਰਯੋਜਨ ਹੈ। ਇਸ ਦੇ ਸੰਖੇਪ ਅੱਖਰੀ ਅਰਥ ਕੀ ਹਨ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ**:-

ਸ ਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਦਸ ਸਰੂਪ ਧਾਰ ਕੇ ਧੁਰ ਕੀ ਬਾਣੀ ਦਾ ਉਪਦੇਸ਼ ਦੇਣਾ ਹੀ ਕਲਿਜੁਗ ਦੇ ਸਮੇਂ ਦਾ ਮੁੱਖ ਪ੍ਰਯੋਜਨ ਹੈ। ਅੰਮ੍ਰਿਤ ਪਿਆ ਕੇ ਸੰਸਾਰ ਦਾ ਉਧਾਰ ਕੀਤਾ ਹੈ।ਕ੍ਰਿਤਮ ਨਾਮਾਂ ਵਿਚ ਪੰਜ ਚੀਜ਼ਾਂ ਆਉਂਦੀਆਂ ਹਨ- ੧. ਜ਼ਾਤੀ ੨. ਗੁਣ ੩. ਕ੍ਰਿਆ ੪. ਸਬੰਧ ੫. ਵਿਅਕਤੀ।

੧) ਜ਼ਾਤੀ ਕਰਕੇ ਜਿਵੇਂ ਜਾਦਮਰਾਇਆ,ਰਘਬੀਰ,ਕ੍ਰਿਸ਼ਨ ਆਦਿ ਜਾਤੀ ਨਾਵਾਂ ਦਾ ਜਾਪ ਕਰਨ ਦੀਆਂ ਦੇਹਾਂ ਦਾ ਉਪਾਸ਼ਕ ਰਹੇਗਾ।

੨) ਗੁਣ ਕਰਕੇ- ਸਯਾਮ ਆਦਿਕ ਰੰਗਾਂ ਵਿਚ ਪਰਚਿਆ ਰਹੇਗਾ।

੩) ਕ੍ਰਿਆ- ਰਾਧਾ ਰਮਣ ਆਦਿਕ ਕੌਤਿਕਾਂ ਕਰ ਕੇ ਉਨ੍ਹਾਂ ਵਿਚ ਪਰਚਿਆ ਰਹੇਗਾ।

੪) ਸਬੰਧ-ਨੰਦ ਕੋ ਨੰਦਨ ਹੀ ਲੋਕ ਸਮਝਦੇ ਰਹਿਣਗੇ।

੫) ਵਿਅਕਤੀ-ਦੇਹ ਧਾਰੀ ਦੇ ਉਪਾਸ਼ਕ ਰਹਿ ਕੇ ਲੋਕ ਏਕੰਕਾਰ ਦੀ ਸੂਝ ਤੋਂ ਖ਼ਾਲੀ ਰਹਿਣਗੇ।

ਇਸ ਕਰਕੇ ਕ੍ਰਿਤਮ ਨਾਮਾਂ ਤੋਂ ਉੱਚਾ, ਸੁੱਚਾ, ਸੱਚਾ ਨਾਮ ਦਰਸਾਇਆ ਹੈ। ਇਉਂ ਵਾਹਿਗੁਰੂ ਨਾਮ ਨਿਆਰਾ ਤੇ ਸ੍ਰੇਸ਼ਟ ਹੈ ਅਤੇ ਮੂਲ ਮੰਤ੍ਰ ਵੀ ਏਸੇ ਤਰ੍ਹਾਂ ਸ੍ਰੇਸ਼ਟ ਹੈ। ਇਸ ਜਨਮ ਵਿਚ ਕਲਿਆਣ ਹੋ ਜਾਵੇ ਤਾਂ ਜਪਣ ਦੀ ਆਗਿਆ ਕੀਤੀ ਹੈ। ਚੌਹਾਂ ਜੁਗਾਂ ਦੇ ਵਿਛੁੜਿਆ ਨੂੰ ਇਸ ਜਨਮ ਵਿਚ ਮਿਲਣ ਦਾ ਪ੍ਰਯੋਜਨ ਹੈ ਅਤੇ ਮਹਾਂਵਾਕ ਜੀਵ ਤੇ ਇਸ ਦੀ ਏਕਤਾ ਕਰਨ ਦਾ ਕਾਰਨ ਹੈ। ਇਸ ਕਰਕੇ ਇਸ ਵਾਹਿਗੁਰੂ ਨਾਮ ਜਪਣ ਦੀ ਆਗਿਆ ਕੀਤੀ ਹੈ ਤਾਂ ਕਿ ਥੋੜ੍ਹੀ ਉਮਰ ਵਾਲਾ ਭੀ ਜਪ ਕੇ ਮੁਕਤ ਹੋ ਜਾਵੇ। ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਰਹਿਤ ਰੱਖੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਰੋਸਾ ਰੱਖੇ। ਇਸ ਜਨਮ ਵਿਚ ਹੀ ਕੈਵਲ ਮੁਕਤੀ ਪ੍ਰਾਪਤ ਹੋਵੇ। ਮੁੜ ਕੇ ਸੰਸਾਰ ਵਿਚ ਨਾ ਆਵੇ। ਵਾਹਿਗੁਰੂ ਦੇ ਦਰਸ਼ਨ ਵਿਚ ਸਮਾਵੇ।

ਇਸਦੇ ਸੰਖੇਪ ਅਰਥ ਇਹ ਹਨ- ੴ- ਅਦਵੈਤ ਰੂਪ, ਸਾਰਿਆਂ ਦਾ ਪ੍ਰਕਾਸ਼।

ਸਤਿ- ਤਿੰਨਾਂ ਕਾਲਾਂ ਵਿਚ ਨਾਸ ਤੋਂ ਰਹਿਤ। ਨਾਮੁ-ਪ੍ਰਸਿੱਧ ਨਾਮ ਵਾਲਾ।

ਕਰਤਾ-ਜਗਤ ਨੂੰ ਰਚਨ ਵਾਲਾ। ਪੁਰਖੁ- ਸਰਬ-ਵਿਆਪਕ ਹੈ। ਨਿਰਭਉ-ਡਰ ਤੋਂ ਰਹਿਤ ਹੈ। ਨਿਰਵੈਰੁ-ਵੈਰ ਤੋਂ ਰਹਿਤ ਹੈ। ਅਕਾਲ-ਕਾਲ ਤੋ ਰਹਿਤ ਹੈ। ਮੂਰਤਿ-ਸਰੂਪ ਹਸਤੀ ਹੈ। ਅਜੂਨੀ-ਜਨਮ ਤੋਂ ਰਹਿਤ ਹੈ।ਸੈਭੰ-ਸੁਤੇ ਪ੍ਰਕਾਸ਼ ਹੈ। ਗੁਰਪ੍ਰਸਾਦਿ-ਅਗਿਆਨ ਦਾ ਅੰਧੇਰਾ ਮੇਟ ਦੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਅਤੇ ਕ੍ਰਿਪਾ ਕਰਨ ਵਾਲਾ ਹੈ। ਜਪੁ-ਜਪਨੇ ਯੋਗ ਹੈ। ਆਦਿ ਸਚੁ-ਸੰਸਾਰ ਰਚਨਾ ਤੋਂ ਪਹਿਲਾਂ ਵੀ ਸੱਚ ਸਰੂਪ ਸੀ। ਜੁਗਾਦਿ ਸਚ-ਜੁਗਾਂ ਦੀ ਰਚਨਾ ਦੇ ਸਮੇਂ ਵਿਚ ਵੀ ਸੱਚ ਸਰੂਪ। ਹੈ ਭੀ ਸਚੁ-ਵਰਤਮਾਨ ਸਮੇਂ ਵਿਚ ਵੀ ਸੱਚ ਸਰੂਪ ਹੈ। ਨਾਨਕ ਹੋਸੀ ਭੀ ਸਚੁ-ਗੁਰੂ ਜੀ ਕਹਿੰਦੇ ਹਨ ਅੱਗੇ(ਭਵਿੱਖਤ ਸਮੇਂ ਨੂੰ) ਵੀ ਸੱਚ ਸਰੂਪ ਹੋਵੇਗਾ।

**ਪ੍ਰਸ਼ਨ ੯੦:-**ਮੂਲ ਮੰਤ੍ਰ, ਗੁਰ ਮੰਤ੍ਰ ਲਈ ਜਾਪ ਦੇ ਕਿਹੜੇ ਸਮੇਂ ਹਨ ਨਿਤਾਪ੍ਰਤਿ ਇਨ੍ਹਾਂ ਦਾ ਕਿਸ ਤਰ੍ਹਾਂ ਅਭਿਆਸ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦੇ ਫਲ ਮਹਾਤਮ ਕੀ ਹਨ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਸਵਾ ਪਹਿਰ ਦੇ ਤੜਕੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਅੰਮ੍ਰਿਤਧਾਰੀ ਸਿੰਘ ਲਈ ਅਰਥ ਵਿਚ ਚਿੱਤ ਟਿਕਾ ਕੇ ਮੂਲ ਮੰਤ੍ਰ ਦਾ ਜਾਪ ਕਰਨਾ ਚਾਹੀਦਾ ਹੈ। ਘੱਟੋ ਘੱਟ ਢਾਈ ਘੰਟੇ ਰੋਜ਼ ਜਾਪ ਕਰੇ ਨਿਰ ਆਲਸ ਹੋ ਕੇ ਵਾਹਿਗੁਰੂ ਮੰਤ੍ਰ ਨੂੰ ਸਵਾਸਾਂ ਨਾਲ ਮੇਲ ਕੇ ਅੱਠੇ ਪਹਿਰ ਲਿਵ ਲਾਉਣੀ ਯੋਗ ਹੈ। ਵਾਹਿਗੁਰੂ ਮੰਤ੍ਰ ਦਾ ਜਾਪ ਕਰਕੇ ਮਨ ਦੀ ਚੰਚਲਤਾਈ ਮੇਟ ਕੇ ਪਰਮੇਸ਼ਰ ਦਾ ਪ੍ਰੇਮ ਪੈਦਾ ਹੁੰਦਾ ਹੈ। ਮਨ ਦੇ ਅੰਦਰੋਂ ਅੰਦਰ ਹੀ ਗਿਆਨ ਦਾ ਪ੍ਰਕਾਸ਼ ਹੋ ਕੇ ਸਿਰਜਣਹਾਰ ਰੋਮ ਰੋਮ ਵਿਚ ਆਪਣਾ ਪ੍ਰਕਾਸ਼ ਪ੍ਰਗਟ ਕਰ ਦਿੰਦਾ ਹੈ। ਗੁਰਮੰਤ੍ਰ ਦੇ ਜਪਣ ਕਰਕੇ ਸੱਚੀ ਲਿਵ ਦੇ ਆਸਰੇ ਵਾਹਿਗੁਰੂ ਵਿਚ ਬਿਰਤੀ ਲਿਵਲੀਨ ਹੁੰਦੀ ਹੈ। ਵਾਹਿਗੁਰੂ ਦਾ ਸਰੂਪ ਹੋ ਜਾਂਦੀ ਹੈ।

ਸਿਮਰਨ ਕਰਨ ਦੇ ਅੰਗ- ੧) ਚਿਰਕਾਲ ਤਕ ਜਾਪ ਕਰਨਾ। ੨) ਦਸਾਂ ਸਤਿਗੁਰਾਂ ਨੂੰ ਸਦਾ ਅੰਗ ਸੰਗ ਸਮਝਣਾ। ੩) ਅਰਥ ਵਿਚ ਬਿਰਤੀ ਟਿਕਾਉਣੀ। ੪) ਚਿੱਤ ਦੀ ਇਕਾਗਰਤਾ ਕਰਨੀ। ੫) ਗੁਰੂ ਜੀ ਉਪਰ ਪੂਰਨ ਸ਼ਰਧਾ ਰੱਖਣੀ ਅਤੇ ਵਾਹਿਗੁਰੂ ਨੂੰ ਵਿਆਪਕ ਸਮਝਣਾ। ੬) ਮਨ ਦਾ ਸੰਤੋਖ। ੭) ਪਿਛਲੀ ਰਾਤ ਤੇ ਇਕਾਂਤ ਦੇਸ ਹੋਵੇ। ੮) ਨਿਰਵਿਕਾਰ ਹੋਵੇ। ੯) ਬਾਣੀ ਦੀ ਮੋਨਤਾ। ੧੦) ਪ੍ਰੇਮ ਵਿਚ ਲੀਨ ਹੋ ਕੇ ਸਿਮਰਨ ਮਨ ਨਾਲ ਕਰਨਾ। ੧੧) ਕਿਸੇ ਸ਼ਕਤੀ ਅਤੇ ਪ੍ਰਭਤਾ ਦੀ ਇੱਛਾ ਨਾ ਰੱਖਣੀ। ੧੨) ਕੇਵਲ ਵਾਹਿਗੁਰੂ ਦਰਸ਼ਨਾਂ ਦੇ ਪਿਆਸੇ ਹੋਣਾ।੧੩) ਸ੍ਰੀ ਗੁਰੁ ਗ੍ਰੰਥ ਸਾਹਿਬ ਪਰ ਅਖੰਡ ਸ਼ਰਧਾ ਰੱਖਣੀ। ਇਹ ਚੀਜ਼ਾਂ ਛੇਤੀ ਸਿਮਰਨ ਨੂੰ ਫਲ ਹੋਣ ਵਾਲੀਆਂ ਹਨ।

**ਪ੍ਰਸ਼ਨ ੯੧:-** ਮਹਾਰਾਜ ਜੀ! ਸ਼੍ਰੇਸ਼ਟ ਉਪਦੇਸ਼ ਬਖ਼ਸ਼ੋ।

**ਮਹਾਂਪੁਰਖਾਂ ਵਲੋਂ ਪਵਿੱਤਰ ਬਚਨ:-**

ਗੁਰਬਾਣੀ ਨਾਮ ਸਰੂਪ ਹੈ। ਗੁਰਬਾਣੀ ਗੁਰੂ ਰੂਪ ਹੈ। ਗੁਰਬਾਣੀ ਵਿਚ ਹਰ ਪ੍ਰਕਾਰ ਦੇ ਲੱਖਣ ਹਨ ਪਰ ਪਦਾਰਥ ਉਕਤੀਆਂ ਜੁਗਤੀਆਂ ਸਹਿਤ ਹੈ। ਜਿਸ ਤਰ੍ਹਾਂ ਵੈਰਾਗ,ਵਿਵੇਕ,ਪ੍ਰੇਮ,ਗਿਆਨ,ਜੀਵਨ ਮੁਕਤ ਅਤੇ ਨਾਮ ਦਾ ਸਰੂਪ, ਨਾਮ ਦਾ ਕਾਰਨ,ਨਾਮ ਦਾ ਅਭਿਆਸ,ਨਾਮ ਅਉਖਦੀ,ਨਾਮ ਦਾ ਫਲ, ਇਨ੍ਹਾਂ ਦੇ ਸਰੂਪ ਦਰਸਾਇ ਹਨ। ਜਿਵੇਂ ਸੰਤ ਦੇ ਲੱਛਣ,ਸਿਮਰਨ ਦਾ ਮਹਾਤਮ,ਸਿਮਰਨ ਦੀ ਗਿਆਤ,ਇਹ ਬੜੇ ਭਾਰੀ ਪ੍ਰਕਰਣ ਹਨ। ਜਿਵੇਂ ਗੁਰੁ ਨਾਨਕ ਦੇਵ ਜੀ ਗੋਬਿੰਦ ਰੂਪ ਹਨ। ਨਾਲੇ ਗੋਬਿੰਦ ਦੇ ਮਿਲਣ ਵਾਸਤੇ ਭਗਤੀ ਦਾ ਸਰੂਪ ਧਾਰ ਕੇ ਭਗਵੰਤ ਨਾਲ ਮਿਲਣ ਦਾ ਪੰਥ ਦੱਸਦੇ ਹਨ। ਇਵੇਂ ਗੁਰਬਾਣੀ ਨਾਲੇ ਨਾਮ ਸਰੂਪ ਹੈ, ਨਾਲੇ ਨਾਮ ਜਪਣ ਦੀ ਆਗਿਆ ਦਿੰਦੀ ਹੈ। ਜੋ ਭੀ ਬ੍ਰਹਮ ਸਬੰਧੀ ਵੀਚਾਰ ਹੈ, ਸਭ ਲਾਹੇ ਦਾ ਕਾਰਨ ਹੈ। ਜੋ ਲੌਕਿਕ ਵੀਚਾਰ ਹੈ ਉਸ ਵਿਚ ਤਾਂ ਘਾਟਾ ਹੀ ਘਾਟਾ ਹੈ, ਇਸ ਕਰਕੇ ਕੁਸੰਗਤ ਤੋਂ ਬਚ ਕੇ ਰਹਿਣਾ ਚਾਹਦਿਾ ਹੈ।

***ਸਭ ਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥***
***ਆਦਿ-੯੦੪***

**ਪ੍ਰਸ਼ਨ ੯੨:-** ਇੱਕ ਬਜੁਰਗ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਮੈਨੂੰ ਹਮੇਸ਼ਾਂ ਚਿੰਤਾ ਲੱਗੀ ਰਹਿੰਦੀ ਹੈ। ਪੋਤੇ ਪੋਤੀਆਂ ਮੇਰੀ ਗੱਲ ਨਹੀਂ ਸੁਣਦੇ। ਪਤਾ ਨਹੀਂ ਕੀ ਹੋਵੇਗਾ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਬਚਨ ਕੀਤਾ ਕਿ ਮਨ ਦਾ ਸੁਭਾਅ ਹੈ ਨਵੀਆਂ ਚੀਜਾਂ ਨੂੰ ਪਿਆਰ ਕਰਨਾ। ਪੋਤੇ ਪੋਤਰੀਆਂ ਤੁਹਾਡੇ ਵਾਸਤੇ ਨਵੇਂ ਹਨ ਪਰ ਤੁਸੀਂ ਉਨ੍ਹਾਂ ਵਾਸਤੇ ਨਵੇਂ ਨਹੀਂ ਬਲਕਿ ਪੁਰਾਣੇ ਹੋ। ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਸਾਰਾ ਕੁਝ ਹੋਣ ਵਾਲਾ ਹੀ ਹੁੰਦਾ ਹੈ।

***ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ॥ (ਆਦਿ ੧੪੨੯)***
***ਅੱਗੇ ਵਧੋ ਪਿੱਛਾ ਨਹੀਂ ਤੱਕਣਾ ਚਾਹੀਦਾ।***
***ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥***
***ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥***

ਹੇ ਗੁਰਮੁਖਿ ਪਿਆਰਿਆ ਅਗਾਂਹ ਭਾਵ ਪਰਮਾਤਮਾ ਦੀ ਤਰਫ ਚੱਲਣਾ ਕਰ। ਪਿੱਛੇ ਸੰਸਾਰ ਦੀ ਤਰਫ ਮੋਢਾ ਨਾ ਫੇਰ ਭਾਵ ਸੰਸਾਰੀ ਕੰਮਾਂ ਵਿੱਚ ਗਲਤਾਨ

ਨਾ ਹੋ। ਇਸ ਮਨੁੱਖਾ ਦੇਹ ਰੂਪ ਵਾਰੀ ਦੇ ਵਿੱਚ ਹੀ ਸਿਝਿ ਫਿਰ ਤੇਰਾ ਮੁੜ ਕੇ ਜਨਮ ਮਰਨ ਨਹੀਂ ਹੋਵੇਗਾ।

**ਪ੍ਰਸਨ ੯੩:-** ਅਨੰਦ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਗੁਰੂ ਮਹਾਰਾਜ ਦੀ ਕਿਰਪਾ ਨਾਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਬਹੁਤ ਸਾਰੇ ਜੀਵ ਵਿਸ਼ਿਆ ਵਿੱਚੋਂ ਅਤੇ ਬਹੁਤ ਸਾਰੇ ਪਦਾਰਥਾਂ ਵਿੱਚੋਂ ਅਨੰਦ ਲੱਭ ਰਹੇ ਹਨ ਪਰ ਅਸਲੀ ਸੱਚਾ ਅਤੇ ਸਦੀਵ ਅਨੰਦ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਜਦੋਂ ਤੱਕ ਸਾਡੇ ਅੰਦਰ ਹਉਮੈ ਹੈ ਉਦੋਂ ਤੱਕ ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਜੀਵ ਦੇ ਅੰਦਰੋਂ ਹਉਮੈ ਦਾ ਨਾਸ ਹੋ ਜਾਂਦਾ ਹੈ ਤਾਂ ਸਾਰੇ ਇੰਦਰੇ ਮਿਲ ਕੇ ਪਰਮੇਸ਼ਰ ਦੇ ਗੁਣ ਗਾਇਨ ਕਰਕੇ ਅਨੰਦ ਮਾਣਦੇ ਹਨ। ਇੰਦਰੀਆਂ ਦੀ ਖਿੰਚੋਤਾਣ ਮੁੱਕ ਜਾਂਦੀ ਹੈ। ਏਕਤਾ ਵਿੱਚ ਅਨੰਦ ਹੈ।

*ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦ॥*
*ਮੋਹਿ ਮਿਲਿਓ ਪ੍ਰਭੁ ਅਪਨਾ ਸੰਗੀ ਭਜਹਿ ਗੋਬਿੰਦ॥*
*ਕਬੀਰ ਜਿਸ ਮਰਨੇ ਤੇ ਜਗ ਡਰੈ ਮੇਰੈ ਮਨ ਅਨੰਦ॥*
*ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ॥*
*ਮਰਨੋ ਮਰਨੁ ਕਹੈ ਸਭੁ ਕੋਈ॥*
*ਸਹਜੇ ਮਰੈ ਅਮਰੁ ਹੋਇ ਸੋਈ॥*
*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥*
*ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥*
*ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥*
*ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥*

**ਪ੍ਰਸ਼ਨ ੯੪:-** ਭੁੱਲ ਤੇ ਚੂਕ ਕਿਸ ਨੂੰ ਕਹਿੰਦੇ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜੋ ਕਰਨਾ ਨਹੀਂ ਚਾਹੀਦਾ ਸੀ ਸੋ ਹੋ ਗਿਆ ਉਹ ਭੁੱਲ ਹੈ। ਜੋ ਕਰਨਾ ਚਾਹੁੰਦਾ ਸੀ ਤੇ ਨਹੀਂ ਹੋ ਸਕਿਆ ਉਹ ਚੂਕ ਹੈ।

**ਪ੍ਰਸ਼ਨ ੯੫:-** ਵਾਹਿਗੁਰੂ ਗੁਰਮੰਤ੍ਰ ਦੀ ਬਣਤਰ ਕਿਵੇਂ ਬਣੀ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*

ਚਹੁੰ ਜੁਗਾਂ ਦੇ ਜਪੇ ਜਾਣ ਵਾਲੇ ਨਾਵਾਂ ਦੇ ਪਹਿਲੇ ਅੱਖਰ ਤੋਂ ਭਾਵ ਰਹਿ ਗਿਆ ਤੇ ਨਾਵਾਂ ਦੀ ਅਰਥ ਵਿਚਾਰ ਸਾਨੂੰ ਏਥੇ ਹੀ ਲੈ ਗਈ ਕਿ ਵਾਸਦੇਵ, ਹਰਿਹਰਿ, ਗੋਬਿੰਦ ਅਤੇ ਰਾਮ। ਇਹ ਪਰਮੇਸਰ ਦੇ ਸਿਫਤੀ ਨਾਮ ਹਨ।

੧. ਸਤਿਜੁਗ ਵਿੱਚ ਸ਼ਿਰੋਮਣੀ ਨਾਮ ਵਾਸਦੇਵ ਸੀ।
੨. ਤ੍ਰੇਤੇ ਵਿੱਚ ਹਰਿਹਰਿ ਨਾਮ ਨਿਸ਼ਕਾਮ ਫਲ ਦਾਤਾ ਸੀ।
੩. ਦਵਾਪਰ ਵਿੱਚ ਗੋਬਿੰਦ ਨਾਮ ਤੇਜ ਅਤੇ ਫਤਹ ਦੇਣ ਵਾਲਾ ਸੀ।
੪. ਕਲਿਜੁਗ ਵਿੱਚ ਕੇਵਲ ਰਾਕਾਰ ਵਾਲਾ ਨਾਮ ਭਾਵ ਰਾਮ ਸੀ।

ਚੌਹਾਂ ਦਾ ਸੰਪਟ ਵਾਹਿਗੁਰੂ ਸਾਡਾ ਆਸਰਾ ਹੈ। ਚਾਰ ਅੱਖਰ ਚਹੁੰ ਜੁਗਾਂ ਦੇ ਅਵਤਾਰਾਂ ਦੇ ਪਹਿਲੇ ਅੱਖਰ ਲੈਣ ਦਾ ਨਹੀਂ ਸਗੋਂ ਚਹੁੰ ਜੁਗਾਂ ਦੇ ਜਪੇ ਜਾਣ ਵਾਲੇ ਨਾਵਾਂ ਦੇ ਪਹਿਲੇ ਅੱਖਰ ਤੋਂ ਭਾਵ ਹੈ।

***ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਓ॥***
***(ਆਦਿ ੧੩੯੭)***

***ਖਤ੍ਰੀ ਬ੍ਰਾਹਮਣ ਸੂਦੁ ਵੈਸ ਕੋ ਜਪੈ ਹਰਿ ਮੰਤ੍ਰ ਜਪੈਨੀ॥ (ਆਦਿ ੮੦੦)***
***ਖਤ੍ਰੀ ਬ੍ਰਾਹਮਣ ਸੂਦੁ ਵੈਸ ਸਭ ਏਕੈ ਨਾਮਿ ਤਰਾਨਥ॥***
***ਗੁਰੁ ਨਾਨਕ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ॥***
***(ਆਦਿ ੧੦੦੧)***

**ਪ੍ਰਸ਼ਨ ੯੬:-** ਪਰਿਵਾਰ ਵਿਚ ਰਹਿ ਕੇ ਜੀਵਨ ਮੁਕਤ ਕਿਵੇਂ ਹੋ ਸਕਦੇ ਹਾਂ?

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਅਸਲ ਦੇ ਵਿਚ ਪਰਿਵਾਰ ਵਿਚ ਰਹਿ ਕੇ ਹੀ ਜੀਵਨ ਮੁਕਤ ਹੋਇਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਦੇ ਪਵਿੱਤਰ ਬਚਨ ਹਨ- ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਮੌਤ ਨੂੰ ਯਾਦ ਰੱਖਣ ਨਾਲ ਪਾਪ ਕਰਮ ਨਹੀਂ ਹੁੰਦੇ। ਪਿਛਲੇ ਕੀਤੇ ਹੋਏ ਪਾਪ ਨਾਮ ਜਪਣ ਨਾਲ ਨਾਸ ਹੋ ਜਾਂਦੇ ਹਨ। ਪਵਿੱਤਰ ਗੁਰਬਾਣੀ ਪੜ੍ਹਨ ਸੁਣਨ ਨਾਲ ਜੀਵਨ ਮੁਕਤ ਹੋ ਜਾਈ ਦਾ ਹੈ।

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ ਆਦਿ ੫੨੨***

**ਪ੍ਰਸ਼ਨ ੯੭:-** ਦੁਖ ਕਲੇਸ ਕਿਵੇਂ ਦੂਰ ਹੋ ਸਕਦੇ ਹਨ?

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਹ ਸਰੀਰ ਨਾਸ਼ਵਾਨ ਹੈ। ਆਪਣੇ ਆਪ ਨੂੰ ਮਰਿਆ ਸਮਾਨ ਸਮਝੋ। ਮਨ

ਵਿਚ ਕੋਈ ਸੰਸਾ ਨਾ ਕਰੋ। ਆਤਮਾ ਅਮਰ ਹੈ। ਅੱਗ ਸਾੜ ਨਹੀਂ ਸਕਦੀ। ਪਾਣੀ ਡੁਬੋ ਨਹੀਂ ਸਕਦਾ। ਹਵਾ ਡੁਲਾ ਨਹੀਂ ਸਕਦੀ। ਸਸ਼ਤਰ ਕੱਟ ਨਹੀਂ ਸਕਦਾ। ਕਾਲ ਸਭ ਨੂੰ ਨਾਸ਼ ਕਰ ਦਿੰਦਾ ਹੈ। ਪਰ ਆਤਮਾ ਕਾਲ ਦਾ ਕਾਲ ਹੈ। ਜਗਤ ਨੂੰ ਸੁਪਨੇ ਸਮਾਨ ਜਾਣ ਕੇ ਗੁਰ ਆਗਿਆ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਬ੍ਰਹਮ ਗਿਆਨ ਦਾ ਹਮੇਸ਼ਾ ਅਭਿਆਸ ਕਰੋ। ਦੇਹੀ ਹੰਕਾਰ ਨੂੰ ਝੂਠ ਸਮਝੋ। ਅਜਿਹਾ ਉਪਦੇਸ਼ ਕ੍ਰਿਸ਼ਨ ਜੀ ਨੇ ਅਰਜਨ ਨੂੰ ਦਿੱਤਾ ਸੀ ਜਦ ਸਮਾ, ਸਥਾਨ ਤੇ ਵਸਤੂ ਇਕੱਠੇ ਹੋ ਜਾਂਦੇ ਹਨ ਤਦ ਦੇਹੀ ਸੁਆਸ ਰਹਿਤ ਹੋ ਜਾਂਦੀ ਹੈ ਉਸ ਵਕਤ ਉਮਰ ਦੇ ਪੂਰੇ ਹੋਣ ਦਾ ਸਮਾ ਆ ਜਾਂਦਾ ਹੈ। ਜਿਸ ਥਾਂ ਤੇ ਦੇਹੀ ਨੇ ਨਾਸ ਹੋਣਾ ਹੁੰਦਾ ਹੈ ਦੇਹੀ ਉਹ ਥਾਂ ਭਾਲ ਲੈਂਦੀ ਹੈ। ਤੀਸਰਾ ਜਿਸ ਨਾਲ ਸਰੀਰ ਨੇ ਨਾਸ ਹੋਣਾ ਹੈ ਉਸ ਵਾਸਤੇ ਰੋਗ ਰੂਪੀ ਸਸ਼ਤਰ ਆਦਿ ਮਿਲ ਜਾਂਦੇ ਹਨ। ਇਨ੍ਹਾਂ ਤਿੰਨਾਂ ਦੇ ਮਿਲਿਆ ਬਗੈਰ ਕਿਸੇ ਦੇ ਪ੍ਰਾਣਾਂ ਦਾ ਨਾਸ ਨਹੀਂ ਹੁੰਦਾ। ਮਨੁਖ ਮਰਦਾ ਨਹੀਂ ਚੰਗੀ ਤਰ੍ਹਾਂ ਜਾਣ ਲਵੋ।

***ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਆਦਿ ੯੨੨***

**ਪ੍ਰਸ਼ਨ ੯੮ :-** ਕਾਮ ਕ੍ਰੋਧ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਇਹ ਸੰਸਾਰ ਵਿਕਾਰਾਂ ਵਿੱਚ ਸੜ ਰਿਹਾ ਹੈ। ਜਿਵੇਂ ਜੰਗਲ ਨੂੰ ਦਾਵਾ ਅਗਨੀ ਲੱਗੀ ਹੁੰਦੀ ਹੈ ਜੋਰ ਨਾਲ ਮਿਰਗਾਂ ਨੂੰ ਵੀ ਫਾਹਾ ਲੈਂਦੀ ਹੈ। ਤੇਜ ਗਰਮੀ ਨਾਲ ਤਪਦਾ ਹੋਇਆ ਜੇਕਰ ਉਹ ਨਦੀ ਵਿੱਚ ਵੜ ਜਾਵੇ ਤਾਂ ਉਹ ਸੁਖ ਪ੍ਰਾਪਤ ਕਰ ਲੈਂਦਾ ਹੈ। ਇਸੇ ਤਰ੍ਹਾਂ ਮਨੁੱਖ ਇਸ ਸੰਸਾਰ ਨੂੰ ਜਲਦਾ ਹੋਇਆ ਵੇਖ ਕੇ ਇਸ ਦਾ ਤਿਆਗ ਕਰ ਦੇਵੇ ਅਤੇ ਸਤਿਸੰਗਤ ਵਿੱਚ ਮਿਲ ਕੇ ਆਗਿਆ ਅਨੁਸਾਰ ਸੇਵਾ ਕਰੇ ਤਾਂ ਸਾਰੇ ਵਿਸ਼ੇ ਵਿਕਾਰਾਂ ਦਾ ਨਾਸ ਹੋ ਜਾਂਦਾ ਹੈ। ਗੁਰੂ ਦਾ ਸ਼ਬਦ ਰੱਖਿਆ ਕਰਦਾ ਹੈ। ਸ਼ਬਦ ਦੀ ਵਿਚਾਰ ਕਰਨ ਨਾਲ ਗਿਆਨ ਰੂਪੀ ਠੰਢਕ ਦੀ ਪ੍ਰਾਪਤੀ ਹੁੰਦੀ ਹੈ।

**ਪ੍ਰਸ਼ਨ ੯੯ :-** ਜਨਮ ਮਰਨ ਦੇ ਦੁਖ ਦਾ ਨਾਸ ਕਿਵੇਂ ਹੋ ਸਕਦਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਭਗਤੀ ਕਰਿਆ ਕਰੋ ਜਿਵੇਂ ਪਤੀ ਵਰਤਾ ਨਾਰੀ ਪਤੀ ਦੀ ਆਗਿਆ ਵਿੱਚ ਰਹਿੰਦੀ ਹੈ ਇਸ ਤਰ੍ਹਾਂ ਅਕਾਲ ਪੁਰਖ ਸਾਡਾ ਪਤੀ ਹੈ। ਵਾਸ਼ਨਾਵਾਂ ਤੋਂ ਰਹਿਤ ਹੋਣ ਨਾਲ ਜਨਮ ਮਰਨ ਦੇ ਦੁਖ ਦਾ ਨਾਸ ਹੁੰਦਾ ਹੈ।

**ਪ੍ਰਸ਼ਨ ੧੦੦:-** ਕਾਲਜ ਦੇ ਵਿਦਿਆਰਥੀਆਂ ਨੇ ਬੇਨਤੀ ਕੀਤੀ ਕਿ ਮਨ ਸਾਫ ਹੋਣਾ ਚਾਹੀਦਾ ਹੈ ਪਰ ਖਾਣਾ, ਪੀਣਾ, ਪਹਿਨਣਾ, ਹੱਸਣਾ, ਸੌਣਾ, ਇਹ ਤਾਂ ਸੰਸਾਰੀ ਚੀਜਾਂ ਹਨ ਤੁਸੀਂ ਇਨ੍ਹਾਂ ਬਾਰੇ ਕਿਉਂ ਕਹਿੰਦੇ ਹੋ। ਬਾਣੀ ਦੇ ਪਾਠ ਕਰਨ ਬਾਰੇ ਬਚਨ ਕਰੋ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਮਹਾਂਪੁਰਖ ਵਿਦਿਆਰਥੀਆਂ ਨੂੰ ਕਹਿਣ ਲੱਗੇ ਕਿ ਮਨ ਸਾਫ ਕਰਨ ਲਈ ਗੁਰਬਾਣੀ ਦੀ ਵਿਚਾਰ ਸੁਣੋ।

੧. ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਆਦਿ ੧੬)
੨. ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਆਦਿ ੧੬
੩. ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥ (ਆਦਿ ੪੭੩)
੪. ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ॥ (ਆਦਿ ੯੬੫)
੫. ਸੁਣਿਐ ਸਿਧ ਪੀਰ ਸੁਰਿ ਨਾਥ॥ (ਆਦਿ ੨)

ਮਹਾਂਪੁਰਖਾਂ ਨੇ ਇਨ੍ਹਾਂ ਪੰਗਤੀਆਂ ਦੇ ਅਰਥ ਸਮਝਾਏ ਅਤੇ ਦੱਸਿਆ ਕਿ ਸਰੀਰਕ ਕਿਰਿਆ ਦਾ ਮਨ ਤੇ ਅਸਰ ਪੈਂਦਾ ਹੈ।

**ਪ੍ਰਸ਼ਨ ੧੦੧:-** ੧੪ ਰਤਨਾਂ ਦੇ ਅੰਤਰੀਵ ਅਰਥ ਕੀ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

੧੪ ਰਤਨਾਂ ਦੇ ਅੰਤਰੀਵ ਅਰਥ ਇਹ ਹਨ।

੧. ਲੱਛਮੀ = ਭਗਤੀ
੨. ਮਣੀ = ਸ਼ਰਧਾ
੩. ਰੰਭਾ = ਸ਼ਾਂਤੀ
੪. ਸ਼ਰਾਬ = ਪ੍ਰੇਮ
੫. ਧਨਖ = ਧਰਮ
੬. ਧਨੰਤਰ = ਉੱਦਮ
੭. ਬਾਜ = ਮੁਕਤੀ/ਸ੍ਰਵਣ
੮. ਬਿਖ = ਨਿੰਦਿਆ
੯. ਧੇਨ = ਸੰਗਤ
੧੦. ਸ਼ਸਿ = ਵੈਰਾਗ
੧੧. ਕਲਪਤਰ = ਅਭਿਆਸ
੧੨. ਸੰਖ = ਕੀਰਤਨ
੧੩. ਅੰਮ੍ਰਿਤ = ਨਾਮ
੧੪. ਗਜ = ਨਾਮ ਦੀ ਮਸਤੀ

**ਪ੍ਰਸ਼ਨ ੧੦੨:-** ਅਕਾਲ ਪੁਰਖ, ਦਸ ਗੁਰੂ ਸਹਿਬਾਨ ਅਤੇ ਗੁਰਬਾਣੀ ਇਨ੍ਹਾਂ ਤਿੰਨਾਂ ਦਾ ਆਪਸੀ ਕੀ ਸਬੰਧ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਦੇਹਧਾਰੀ ਸੰਪਰਦਾਵਾਂ ਵਾਲਿਆਂ ਦਾ ਖਿਆਲ ਹੈ ਕਿ ਅਕਾਲ ਪੁਰਖ ਪਰਮੇਸਰ ਦਾ ਇਕੋ ਰੂਪ ਹਨ ਗੁਰਬਾਣੀ ਅਕਾਲ ਪੁਰਖ ਦਾ ਹੁਕਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਰਗਾਹ ਤੋਂ ਲੈ ਕੇ ਆਏ ਹਨ। ਇਸ ਤਰ੍ਹਾਂ ਇਨ੍ਹਾਂ ਤਿਨਾਂ ਦਾ ਆਪਸ ਵਿਚ ਸਬੰਧ ਹੈ।

ਗੁਰਮਤਿ ਅਨੁਸਾਰ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਅਤੇ ਗੁਰਬਾਣੀ ਇਕੋ ਰੂਪ ਹਨ। ਇਨ੍ਹਾਂ ਵਿਚ ਕੋਈ ਫਰਕ ਨਹੀਂ ਹੈ ਇਹ ਨਿਸਚਾ ਸਾਨੂੰ ਮਹਾਂਪੁਰਖਾਂ ਨੇ ਕਥਾ ਰਾਂਹੀ ਦ੍ਰਿੜ ਕਰਵਾ ਦਿੱਤਾ ਸੀ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰੁਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ॥ ਆਦਿ ੯੮੨*
*ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ॥ ਆਦਿ ੩੦੪*
*ਨਾਨਕ ਸੋਧੇ ਸਿੰਮ੍ਰਿਤ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥ ਆਦਿ ੧੧੪੨*
*ਗੁਰ ਪਰਮੇਸਰੁ ਏਕੋ ਜਾਣ॥ ਆਦਿ ੮੬੪*
*ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ ਆਦਿ ੧੩੯੫*
*ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥*
*ਆਦਿ ੧੩੦੯*
*ਗੁਰੂ ਨਾਨਕ ਦੇਵ ਗੋਵਿੰਦ ਰੂਪ॥ ਆਦਿ ੧੧੯੨*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ਆਦਿ ੪੪੨*
*ਗੁਰ ਕੀ ਬਾਣੀ ਸਿਉ ਲਾਇ ਪਿਆਰ॥ ਐਥੈ ਓਥੈ ਏਹੁ ਆਧਾਰ॥*
*ਆਦਿ ੧੩੩੫*
*ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾ ਕਾ ਨਸੈ॥*
*ਆਦਿ ੧੩੪੦*
*ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥ ਜਿਨਿ ਪੀਤੀ ਤਿਸੁ ਮੋਖੁ ਦੁਆਰ॥*
*ਆਦਿ ੧੨੭੫*
*ਅੰਮ੍ਰਿਤ ਬਾਣੀ ਸੁਣਤ ਨਿਹਾਲ॥ ਬਿਨਸਿ ਗਏ ਬਿਖਿਆ ਜੰਜਾਲ॥*
*ਆਦਿ ੧੩੪੦*
*ਗੁਰਬਾਣੀ ਲਾਗੇ ਤਿਨੁ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥*
*ਆਦਿ ੪੪੨*
*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ ਆਦਿ ੬੪੬*

**ਪ੍ਰਸ਼ਨ ੧੦੩:-** ਸਿੱਖਾਂ ਵਿੱਚ ਫੁੱਟ ਦੇ ਕੀ ਕਾਰਨ ਹਨ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਸਿੱਖਾਂ ਦਾ ਇਤਿਹਾਸ ਅਤੇ ਗੁਰਬਾਣੀ ਤੋਂ ਦੂਰ ਰਹਿਣਾ। ਮੀਰੀ ਪੀਰੀ ਤੋਂ ਪਰ੍ਹੇ ਰਹਿਣਾ। ਰਾਜਸੀ ਆਗੂਆਂ ਵੱਲੋਂ ਸੰਤਾਂ ਮਹਾਂਪੁਰਖਾਂ ਦੀ ਅੰਨ੍ਹੇਵਾਹ ਨਿੰਦਾ। ਸਿੱਖ ਆਗੂਆਂ ਦੀ ਗੈਰ ਸਿੱਖ ਆਗੂਆਂ ਨਾਲ ਤੁਲਨਾ। ਸਿਮਰਨ ਭਜਨ ਤੋਂ ਦੂਰ ਰਹਿਣਾ। ਸਿੱਖ ਆਗੂਆਂ ਦੀਆਂ ਗਲਤੀਆਂ ਦਾ ਛੁਪਾਉਣਾ।

**ਪ੍ਰਸ਼ਨ ੧੦੪ :-** ਭਰਮ ਦੀ ਉਤਪਤੀ ਕੀ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਜੇਕਰ ਆਪਾਂ ਭਰਮ ਦੀ ਉਤਪਤੀ ਬਾਰੇ ਖੋਜ ਕਰਾਂਗੇ ਤਾਂ ਸਾਡੇ ਕੀਮਤੀ ਸੁਆਸ ਐਵੇਂ ਹੀ ਵਿਅਰਥ ਚਲੇ ਜਾਣਗੇ। ਮੇਰੇ ਮਨ ਵਿੱਚ ਤਾਂ ਇੰਨਾਂ ਹੀ ਫੁਰਨਾ ਹੋਇਆ ਹੈ ਕਿ ਜੇਕਰ ਸਾਡੀ ਬੁੱਕਲ ਵਿੱਚ ਸੱਪ ਵੜ ਜਾਵੇ ਤਾਂ ਉਸ ਨੂੰ ਤੁਰੰਤ ਬੁੱਕਲ ਵਿੱਚੋਂ ਝਾੜ ਦੇਵੇ। ਜੇਕਰ ਆਪਾਂ ਇਹ ਸੋਚਣ ਲੱਗ ਜਾਈਏ ਕਿ ਇਹ ਸੱਪ ਕਿੱਥੋਂ ਆਇਆ ਹੈ, ਕਿਵੇਂ ਆ ਗਿਆ ਹੈ ਅਤੇ ਕਿਸ ਕਾਰਨ ਆਇਆ। ਇਤਨੇ ਸਮੇਂ ਵਿੱਚ ਸੱਪ ਨੇ ਡੰਗ ਮਾਰ ਦੇਣਾ ਹੈ। ਫਿਰ ਡੰਗੇ ਹੋਏ ਦੇ ਇਲਾਜ ਵਾਸਤੇ ਭਟਕਦੇ ਫਿਰਾਂਗੇ।

ਇਸ ਤਰ੍ਹਾਂ ਜਿਸ ਨੂੰ ਭਰਮ ਦਾ ਪਤਾ ਲੱਗ ਜਾਵੇ ਉਸ ਨੂੰ ਝੱਟ ਪੱਟ ਅੰਦਰੋਂ ਕੱਢ ਦੇਵੇ। ਜੇਕਰ ਉਸ ਦੀ ਉਤਪਤੀ ਬਾਰੇ ਵਿਚਾਰ ਕਰਨ ਲੱਗ ਜਾਵਾਂਗੇ ਤਾਂ ਸਮਾਂ ਵਿਹਾ ਕੇ ਨੁਕਸਾਨ ਕਰਾਂਗੇ। ਜੇਕਰ ਤੁਹਾਨੂੰ ਇਸ ਦੇ ਗਿਆਨ ਦੀ ਲੋੜ ਹੈ ਤਾਂ ਕਿਸੇ ਵਿਦਵਾਨ ਤੋਂ ਸੁਣ ਲੈਣਾ ਜੀ।

**ਪ੍ਰਸ਼ਨ ੧੦੫:-** ਜੋਗੀ ਨੇ ਕਿਹਾ ਕਿ ਮੇਰਾ ਚਿੱਤ ਅਜੇ ਤੱਕ ਸ਼ਾਂਤ ਨਹੀਂ ਹੋਇਆ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

ਬਹੁਤ ਜਿਆਦਾ ਰਟਨ ਕਰਨਾ ਭਾਵ ਜਿਆਦਾ ਤੁਰਦੇ ਫਿਰਦੇ ਰਹਿਣਾ, ਬਹੁਤ ਜਿਆਦਾ ਪਠਣ ਕਰਨਾ, ਚਿਲੇ-ਛਿਲੇ ਕੱਢਣੇ, ਪਖੰਡ ਕਰਨਾ, ਬਹੁਤ ਲੋਕਾਂ ਨੂੰ ਮਿਲਣ ਦੀ ਇੱਛਾ ਬਣੀ ਰਹਿਣੀ, ਇਨ੍ਹਾਂ ਸਾਰੇ ਕਾਰਨਾਂ ਕਰਕੇ ਮਨ ਸ਼ਾਂਤ ਨਹੀਂ ਹੁੰਦਾ। ਪਵਿੱਤਰ ਬਾਣੀ ਦੀ ਵਿਚਾਰ ਨਾਲ ਮਨ ਸ਼ਾਂਤ ਹੋ ਜਾਂਦਾ ਹੈ। ਗੁਰੂ ਸਾਹਿਬਾਂ ਦੇ ਗਿਆਨ ਦਾ ਅੰਤ ਲੈਣਾ, ਸਮੁੰਦਰ ਦਾ ਅੰਤ ਲੈਣਾ, ਮਹਾਂਪੁਰਖਾਂ ਦੇ ਅਨੁਭਵ ਨੂੰ ਟੋਹਣਾ, ਇਨ੍ਹਾਂ ਦਾ ਕੋਈ ਲਾਭ ਨਹੀਂ।

**ਪ੍ਰਸ਼ਨ ੧੦੬:-**ਸਿੰਘਾਂ ਨੇ ਬੇਨਤੀ ਕੀਤੀ ਕਿ ਨਿਸ਼ਾਨ ਸਾਹਿਬ ਦਾ ਮਹਾਤਮ ਅਤੇ ਸਿੱਖਿਆ ਕੀ ਹੈ।

## ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-

ਜਦੋਂ ਸਿੰਘ ਗੁਰਬਾਣੀ ਦੀ ਸੰਥਿਆ ਲੈ ਰਹੇ ਸਨ ਤਾਂ ਮਹਾਂਪੁਰਖਾਂ ਨੇ ਸਾਰਿਆਂ ਨੂੰ ਨਿਸ਼ਾਨ ਸਾਹਿਬ ਦਾ ਮਹਾਤਮ ਦੱਸਿਆ ਅਤੇ ਸਮਝਾਇਆ ਕਿ ਨਿਸ਼ਾਨ ਸਾਹਿਬ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ। ਨਿਸ਼ਾਨ ਸਾਹਿਬ ਦੀ ਸੋਭਾ ਵਾਸਤੇ ਸਾਡੇ ਕੀ ਫਰਜ ਹਨ। ਜਿਨ੍ਹਾਂ ਫਰਜਾਂ ਦੀ ਪੂਰਤੀ ਕਰਕੇ ਸਤਿਗੁਰਾਂ ਪਾਸੋਂ ਖੁਸ਼ੀਆਂ ਲੈ ਸਕਦੇ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਨਿਸ਼ਾਨ ਸਾਹਿਬ ਅਤੇ ਨਗਾਰਾ ਨਹੀਂ ਹੁੰਦਾ ਸੀ। ਰਹਿਰਾਸ ਸਾਹਿਬ ਦੇ ਪਾਠ ਸਮੇਂ ਸ੍ਰੀ ਆਸਾ ਜੀ ਦੀ ਵਾਰ ਤੱਕ ਰਣਸਿੰਗਾ ਅਤੇ ਸੰਖ ਬਜਾਇਆ ਜਾਂਦਾ ਸੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਨਿਸ਼ਾਨ ਸਾਹਿਬ ਅਤੇ ਨਗਾਰਾ ਗੁਰੂ ਘਰ ਵਿਖੇ ਚਾਲੂ ਹੋਇਆ। ਸੰਮਤ ੧੬੬੫ ਵਿੱਚ ਅਕਾਲ ਬੁੰਗੇ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਿਸ਼ਾਨ ਸਾਹਿਬ ਲਾਇਆ। ਸੰਮਤ ੧੮੨੯ ਵਿੱਚ ਭੰਗੀਆਂ ਦੇ ਮਿਸਲ ਦੇ ਜਥੇਦਾਰ ਝੰਡਾ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ। ਸੰਮਤ ੧੮੩੩ ਵਿਚ ਮਹਾਤਮਾ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਉਦਾਸੀਆਂ ਨੇ ਦਰਸ਼ਨੀ ਡਿਉੜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਲੇ ਦੋ ਨਿਸ਼ਾਨ ਸਾਹਿਬਾਂ ਦੀ ਸੇਵਾ ਕਰਵਾਈ। ਨਿਸ਼ਾਨ ਸਾਹਿਬ ਦਾ ਰੰਗ ਕੇਸਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨੀਯਤ ਕੀਤਾ। ਨਿਸ਼ਾਨ ਸਾਹਿਬ ਦਾ ਥੱਲੇ ਲਾਹ ਕੇ ਚੋਲਾ ਬਦਲਣਾ ਮੁਹੱਲੇ ਅੱਗੇ ਫੜ ਕੇ ਤੁਰਨਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਅਰੰਭ ਹੋਇਆ। ਜਥੇਦਾਰ ਬਾਬਾ ਨੈਣਾ ਸਿੰਘ ਅਤੇ ਅਕਾਲੀ ਫੂਲਾ ਸਿੰਘ ਨੇ ਨਿਸ਼ਾਨ ਸਾਹਿਬ ਦਾ ਰੰਗ ਬਸੰਤੀ ਰੱਖਿਆ। ਕਮਰਕਸਾ ਨੀਲੇ ਰੰਗ ਦਾ ਕਰ ਦਿੱਤਾ।

ਨਿਸ਼ਾਨ ਸਾਹਿਬ ਜਿਉਂਦੀਆਂ ਜਾਗਦੀਆਂ ਕੌਮਾਂ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਜੋ ਕੌਮਾਂ ਆਪਣੇ ਵਜੂਦ ਤੋਂ ਹੀ ਮਰ ਚੁੱਕੀਆਂ ਹੋਣ ਉਨ੍ਹਾਂ ਦੇ ਨਿਸ਼ਾਨ ਕਦੇ ਖੜ੍ਹੇ ਨਹੀਂ ਹੁੰਦੇ। ਨਿਸ਼ਾਨ ਹਮੇਸ਼ਾਂ ਉਨ੍ਹਾਂ ਦੇ ਹੀ ਊਚੇ ਝੂਲਦੇ ਹਨ ਜੋ ਸੂਰਬੀਰ ਬਹਾਦਰ ਆਪਣੇ ਬਲ ਦੁਆਰਾ ਜੰਗ ਵਿੱਚ ਜੂਝ ਕੇ ਆਪਣੇ ਨਿਸ਼ਾਨ ਨੂੰ ਚੁੱਕਣਾ ਜਾਣਦੇ ਹਨ। ਕੇਸਰੀ ਨਿਸ਼ਾਨ ਸਾਹਿਬ ਨੂੰ ਸਤਿਗੁਰਾਂ ਨੇ ਆਪਣੇ ਸਾਹਿਬਜਾਦਿਆਂ ਅਤੇ ਹਜਾਰਾਂ ਸੂਰਬੀਰਾਂ ਦੀ ਸ਼ਹਾਦਤ ਨਾਲ ਊਚਾ ਝੁਲਾਇਆ ਹੈ।

੧. ਥੜ੍ਹਾ - ਧਰਤੀ ਤੋਂ ਊਚਾ ਥੜ੍ਹਾ ਦੱਸਦਾ ਹੈ ਕਿ ਸੰਸਾਰ ਤੋਂ ਨਿਆਰੇ ਰਹੋ।

***ਜਬ ਲਗ ਖਾਲਸਾ ਰਹੇ ਨਿਆਰਾ ਤਬ ਲਗ ਤੇਜ ਦੀਓ ਮੈ ਸਾਰਾ॥***

***(ਸਰਬਲੋਹ ਗ੍ਰੰਥ)***

੨. ਸਤੰਭ ਦੇ ਬਸੰਤੀ ਰੰਗ ਬਾਰੇ - ਨਿਸ਼ਾਨ ਸਾਹਿਬ ਦੇ ਸਤੰਭ ਨੂੰ ਕੀਤੇ ਹੋਏ ਬਸੰਤੀ ਰੰਗ ਦਾ ਭਾਵ ਹੈ ਦੁਨੀਆਦਾਰੀ ਵੱਲੋਂ ਮਰ ਕੇ ਇਸ ਦੇ ਪੁਜਾਰੀ ਬਣੀਦਾ ਹੈ।

੩. ਚੋਲੇ ਦੇ ਕੇਸਰੀ ਰੰਗ ਬਾਰੇ – ਨਿਸ਼ਾਨ ਸਾਹਿਬ ਦੇ ਚੋਲੇ ਦਾ ਗਾੜ੍ਹਾ ਕੇਸਰੀ ਰੰਗ ਦਸਦਾ ਹੈ ਕਿ ਇਹ ਸ਼ਹੀਦਾਂ ਦੀ ਦੇਣ ਹੈ।

੪. ਚੋਲਾ ਪਹਿਨਾਉਣ ਬਾਰੇ – ਨਿਸ਼ਾਨ ਸਾਹਿਬ ਦੇ ਸਤੰਭ ਤੇ ਪਹਿਨਾਏ ਹੋਏ ਚੋਲੇ ਤੋਂ ਭਾਵ ਹੈ ਇਸ ਦੀ ਸ਼ਰਨ ਵਿੱਚ ਆਉਣ ਵਾਲਿਆਂ ਨੂੰ ਸਤਿਕਾਰ ਮਿਲੇਗਾ। ਜਿਵੇਂ ਕੱਪੜਾ ਪਹਿਨਣ ਕਰਕੇ ਗਰਮੀ ਸਰਦੀ ਤੋਂ ਬਚਾਅ ਹੁੰਦਾ ਹੈ ਤਿਵੇਂ ਨਿਸ਼ਾਨ ਸਾਹਿਬ ਦੀ ਸ਼ਰਨ ਆਉਣ ਨਾਲ ਪਾਪਾਂ ਦਾ ਪਾਲ਼ਾ ਅਤੇ ਈਰਖਾ ਦੀ ਤਪਸ ਮਿਟ ਜਾਂਦੀ ਹੈ।

੫. ਚੋਲੇ ਦੀਆਂ ਗੰਢਾਂ ਬਾਰੇ – ਨਿਸ਼ਾਨ ਸਾਹਿਬ ਦੇ ਚੋਲੇ ਉਪਰ ਜੋ ਲੜੀਆਂ ਬੰਨ੍ਹ ਕੇ ਗੰਢਾਂ ਮਾਰੀਆਂ ਜਾਂਦੀਆਂ ਹਨ ਉਸ ਦਾ ਭਾਵ ਹੈ ਕਿ ਇਸ ਨਾਲ ਤਕੜੇ ਹੋ ਕੇ ਆਪਣੀ ਪ੍ਰੀਤੀ ਰੂਪੀ ਗੰਢ ਪਾਉ ਤੇ ਅਰਦਾਸ ਕਰੋ ਕਿ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭੇ।

੬. ਖਿੱਚਾਂ ਬਾਰੇ – ਨਿਸ਼ਾਨ ਸਾਹਿਬ ਦੇ ਚੌਹੀਂ ਪਾਸੀਂ ਜੋ ਧਰਤੀ ਨਾਲ ਖਿੱਚਾਂ ਲੱਗੀਆਂ ਹੁੰਦੀਆਂ ਹਨ ਉਹ ਚੌਹਾਂ ਵਰਨਾਂ ਨੂੰ ਪਰੇਰ ਕੇ ਕਹਿ ਰਹੀਆਂ ਹਨ ਕਿ ਇੱਥੇ ਖੱਤਰੀ, ਬ੍ਰਾਹਮਣ, ਸੂਦ, ਵੈਸ ਸਭ ਨੂੰ ਸਾਂਝਾ ਉਪਦੇਸ ਮਿਲੇਗਾ ਜਿਸ ਨਾਲ ਦੁਨੀਆ ਨਾਲ ਵੀ ਸਬੰਧ ਰਹੇਗਾ ਅਤੇ ਪਰਮੇਸਰ ਨਾਲ ਵੀ ਜੁੜੇ ਰਹਾਂਗੇ। ਪਰਮੇਸਰ ਨਾਲੋਂ ਟੁੱਟਣ ਨਾਲ ਜੂਨਾਂ ਵਿੱਚ ਭਟਕਣਾ ਪੈਂਦਾ ਹੈ।

੭. ਫਰਲਾ – ਨਿਸ਼ਾਨ ਸਾਹਿਬ ਦਾ ਫਰਲਾ ਹੱਥ ਦਾ ਇਸ਼ਾਰਾ ਕਰਨ ਦੀ ਤਰ੍ਹਾਂ ਝੂਲ ਕੇ ਕਹਿ ਰਿਹਾ ਹੈ ਕਿ ਆਉ ਇੱਥੇ ਨਿਮਾਣਿਆਂ ਨੂੰ ਮਾਣ, ਭੁੱਖਿਆ ਨੂੰ ਰੋਟੀ ਅਤੇ ਦੁਖੀਆਂ ਦੇ ਦੁਖ ਦੂਰ ਹੁੰਦੇ ਹਨ।

***ਜੋ ਸਰਣਿ ਆਵੈ ਤਿਸੁ ਕੰਠ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥***

***(ਆਦਿ ੫੪੪)***

੮. ਖੰਡਾ ਕਿਰਪਾਨ ਦਾ ਨਿਸ਼ਾਨ – ਫਰਲੇ ਉਪਰ ਖੰਡੇ ਅਤੇ ਕਿਰਪਾਨ ਦਾ ਨਿਸ਼ਾਨ ਦੱਸਦਾ ਹੈ ਕਿ ਹੰਗਤਾ ਨੂੰ ਮੇਟ ਕੇ ਜੋ ਸੇਵਾ ਕਰੇਗਾ ਉਸ ਤੇ ਕਿਰਪਾ ਹੋਵੇਗੀ।

੯. ਫਰਲੇ ਵਿੱਚ ੴ ਦਾ ਚਿੰਨ – ਫਰਲੇ ਵਿੱਚ ਜੋ ੴ ਦਾ ਚਿੰਨ ਹੈ ਉਹ ਦਸਦਾ ਹੈ ਕਿ ਜੋ ਇੱਕ ਦਾ ਉਪਾਸ਼ਕ ਹੋਵੇਗਾ ਉਹ ਹੀ ਇਸ ਰਸਤੇ ਦਾ ਰਾਹੀ ਹੋ ਸਕਦਾ ਹੈ।

੧੦. ਕਮਰਕਸਾ – ਨਿਸ਼ਾਨ ਸਾਹਿਬ ਦਾ ਕਮਰਕਸਾ ਸਿੱਖਿਆ ਦਿੰਦਾ ਹੈ ਕਿ ਗਊ ਗਰੀਬ ਦੀ ਰੱਖਿਆ ਲਈ ਪਰਉਪਕਾਰ ਵਾਸਤੇ ਹਮੇਸ਼ਾ ਕਮਰਕਸਾ ਕਰੀ ਰੱਖੋ। ਕਮਰਕਸਾ ਤੋਂ ਭਾਵ ਆਲਸ ਤੋਂ ਬਚ ਕੇ ਰਹੋ।

੧੧. ਭੌਣੀ – ਨਿਸ਼ਾਨ ਸਾਹਿਬ ਦੀ ਭੌਣੀ ਸਿੱਖਿਆ ਦਿੰਦੀ ਹੈ ਕਿ ਜਿਸ ਤਰ੍ਹਾਂ ਮੇਰੇ ਘੁੰਮਣ ਨਾਲ ਹੇਠਲੀ ਚੀਜ ਉੱਤੇ ਅਤੇ ਉਤਲੀ ਹੇਠਾਂ ਆ ਜਾਂਦੀ ਹੈ ਇਸੇ ਤਰ੍ਹਾਂ ਮਨ ਨੂੰ ਨੀਵਾਂ ਅਤੇ ਮੱਤ ਨੂੰ ਉੱਚੀ ਕਰਕੇ ਨਿਮਰਤਾ ਵਿੱਚ ਆ ਸਕਦੇ ਹਾਂ।

*ਆਪਸ ਕੋ ਜੋ ਜਾਣੈ ਨੀਚਾ ਸੋਊ ਗਨੀਐ ਸਭ ਤੇ ਊਚਾ॥ (ਆਦਿ ੨੬੬)*

੧੨. ਖੰਡੇ ਦੇ ਉਦਾਲੇ ਗੋਲ ਚੱਕਰ ਬਾਰੇ – ਨਿਸ਼ਾਨ ਸਾਹਿਬ ਦੇ ਖੰਡੇ ਦੇ ਉਦਾਲੇ ਜੋ ਚੱਕਰ ਹੁੰਦਾ ਹੈ ਉਹ ਕਾਰ ਕੱਢਣ ਦੀ ਸਿੱਖਿਆ ਦਿੰਦਾ ਹੈ। ਜੋ ਇਸ ਕਾਰ ਦੇ ਅੰਦਰ ਆ ਜਾਵੇਗਾ ਉਸ ਦੀ ਰੱਖਿਆ ਹੋਵੇਗੀ। ਇਸੇ ਤਰ੍ਹਾਂ ਦੈਂਤਾਂ ਤੋਂ ਰੱਖਿਆ ਲਈ ਸੀਤਾ ਜੀ ਦੇ ਦੁਆਲੇ ਲਛਮਣ ਜੀ ਨੇ ਕਾਰ ਕੱਢੀ ਸੀ।

੧੩. ਖੰਡੇ ਦੀ ਤਿੱਖੀ ਧਾਰ – ਨਿਸ਼ਾਨ ਸਾਹਿਬ ਦੇ ਖੰਡੇ ਦੀ ਤਿੱਖੀ ਧਾਰ ਤੋਂ ਸਿੱਖਿਆ ਮਿਲਦੀ ਹੈ ਕਿ ਜਿਵੇਂ ਉਸ ਤੇ ਮੱਛਰ ਅਤੇ ਕੀੜੀ ਨਹੀਂ ਤੁਰ ਸਕਦੇ ਇਸੇ ਤਰ੍ਹਾਂ ਤੁੱਛ ਹੰਗਤਾ ਧਾਰਨ ਕਰਨ ਵਾਲਾ ਵੀ ਇਸ ਮਾਰਗ ਦਾ ਪਾਂਧੀ ਨਹੀਂ ਹੋ ਸਕਦਾ।

੧੪. ਖੰਡੇ ਦੀ ਨੋਕ – ਨਿਸ਼ਾਨ ਸਾਹਿਬ ਦੇ ਖੰਡੇ ਦੀ ਨੋਕ ਜੋ ਅਸਮਾਨ ਵੱਲ ਨੂੰ ਸਿੱਧੀ ਹੈ ਉਹ ਸਾਨੂੰ ਸਿੱਖਿਆ ਦਿੰਦੀ ਹੈ ਕਿ ਸਾਰੀ ਉਮਰ ਸਨਮੁਖ ਹੀ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਸਮੁੰਦਰੀ ਜਾਂ ਹਵਾਈ ਜਹਾਜ ਅੰਦਰ ਲੱਗੀ ਕੰਪਾਸ (ਸੂਈ ) ਦਾ ਮੁੱਖ ਸਦਾ ਧਰੂ ਤਾਰੇ ਦੀ ਤਰਫ ਰਹਿੰਦਾ ਹੈ ਇਸੇ ਤਰ੍ਹਾਂ ਅਸੀਂ ਵੀ ਹਮੇਸ਼ਾ ਪਰਮੇਸ਼ਰ ਦੇ ਸਨਮੁਖ ਹੀ ਰਹਿਣਾ ਹੈ।

੧੫. ਨਿਸ਼ਾਨ ਸਾਹਿਬ ਦਾ ਨਿਵੇਕਲਾ ਹੋਣਾ – ਨਿਸ਼ਾਨ ਸਾਹਿਬ ਦੇ ਨਿਵੇਕਲੇ ਹੋਣ ਤੋਂ ਸਿੱਖਿਆ ਲੈਣੀ ਹੈ ਕਿ ਪਰਉਪਕਾਰ ਵਾਸਤੇ ਪਰਿਵਾਰਵਾਦ ਤੋਂ ਉਪਰ ਉੱਠ ਕੇ ਖੜ੍ਹੇ ਰਹਿਣਾ ਹੈ। ਪਰਮੇਸ਼ਰ ਤੁਹਾਡੀ ਸਹਾਇਤਾ ਕਰੇਗਾ।

੧੬. ਨਿਸ਼ਾਨ ਸਾਹਿਬ ਦਾ ਸਤੰਭ ਸਿੱਧਾ ਲਾਉਣ ਬਾਰੇ – ਨਿਸ਼ਾਨ ਸਾਹਿਬ ਦਾ ਸਤੰਭ ਜੋ ਬਿਲਕੁਲ ਅਸਮਾਨ ਵੱਲ ਨੂੰ ਸਿੱਧਾ ਹੁੰਦਾ ਹੈ ਉਸ ਤੋਂ ਸਿੱਖਿਆ ਲੈਣੀ ਹੈ ਕਿ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸਿੱਧੇ ਚਲੋ। ਐਵੇਂ ਦੂਜਿਆ ਦੀ ਝਾਕ ਨਾ ਰੱਖੋ।

੧੭. ਖੰਡੇ ਦੀ ਚਮਕ – ਨਿਸ਼ਾਨ ਸਾਹਿਬ ਦੇ ਖੰਡੇ ਦੀ ਚਮਕ ਤੋਂ ਸਿੱਖਿਆ ਲੈਣੀ ਹੈ ਕਿ ਜਿੰਨਾ ਮਨ ਨੂੰ ਅਭਿਆਸ ਨਾਲ ਮਾਂਜੋਗੇ ਉਨਾਂ ਹੀ ਮਨ ਮੋਹ ਮਮਤਾ ਦੀ ਮੈਲ ਤੋਂ ਬਚਿਆ ਰਹੇਗਾ।

੧੮. ਰੱਸੀ ਬਾਰੇ – ਨਿਸ਼ਾਨ ਸਾਹਿਬ ਦੇ ਉਪਰ ਜੋ ਭੌਣੀ ਵਿਚ ਦੀ ਰੱਸੀ ਚਲਦੀ ਹੈ। ਇਹ ਰੱਸੀ ਸੇਵਾਦਾਰ ਦੇ ਆਸਣ ਨੂੰ ਥੱਲੇ ਤੋਂ ਉਪਰ ਲਿਜਾਂਦੀ ਹੈ ਅਤੇ ਉਪਰੋਂ ਅਰਾਮ ਨਾਲ ਥੱਲੇ ਲਿਆਉਂਦੀ ਹੈ। ਇਸ ਰੱਸੀ ਤੋਂ ਅਸੀਂ ਸਿੱਖਿਆ ਲੈਣੀ ਹੈ ਕਿ ਜੇ ਸਾਡੇ ਮਨ ਅੰਦਰ ਪ੍ਰੇਮ ਹੋਵੇਗਾ ਤਾਂ ਉਸ ਪ੍ਰੇਮ ਦੇ ਆਸਰੇ ਅਸੀਂ ਵੱਡੀ ਤੋਂ ਵੱਡੀ ਸੇਵਾ ਕਰਕੇ ਵੀ ਆਪਣੇ ਪਹਿਲੇ ਅਸਥਾਨ ਤੇ ਆ ਸਕਦੇ ਹਾਂ ਭਾਵ ਅਸੀਂ ਹੰਕਾਰ ਵਿਚ ਆ ਕੇ ਪਹਿਲੀ ਅਵਸਥਾ ਨੂੰ ਭੁੱਲਾਂਗੇ ਨਹੀਂ।

੧੯. ਹੱਥੇ ਬਾਰੇ – ਜਦੋਂ ਸੇਵਾਦਾਰ ਆਪਣੇ ਆਸਣ ਦੇ ਵਿਚ ਨਿਸ਼ਾਨ ਸਾਹਿਬ ਦੀ ਸੇਵਾ ਕਰਨ ਲਈ ਬੈਠ ਜਾਂਦਾ ਹੈ ਤਾਂ ਇਕ ਹੋਰ ਸੇਵਾਦਾਰ ਹੱਥੇ ਨੂੰ ਘੁਮਾਉਂਦਾ ਹੈ। ਉਸ ਦੇ ਘੁਮਾਏ ਹੋਏ ਹੱਥੇ ਨਾਲ ਸੇਵਾਦਾਰ ਉੱਚੀ ਤੋਂ ਉੱਚੀ ਕੱਪੜਾ ਚੜ੍ਹਾਉਣ ਦੀ ਸੇਵਾ ਕਰਕੇ ਆ ਜਾਂਦਾ ਹੈ। ਇਸੇ ਤਰ੍ਹਾਂ ਯਾਦ ਰੱਖਣਾ ਹੈ ਕਿ ਜੇਕਰ ਅਸੀਂ ਵੱਡੀ ਤੋਂ ਵੱਡੀ ਸੇਵਾ ਕਰਨੀ ਹੈ ਤਾਂ ਸਾਨੂੰ ਹੰਗਤਾ ਤੋਂ ਰਹਿਤ ਹੋ ਕੇ ਦੂਜੇ ਸੇਵਾਦਾਰਾਂ ਦਾ ਵੀ ਸਹਿਯੋਗ ਲੈਣਾ ਹੈ।

੨੦. ਆਸਣ ਬਾਰੇ – ਜਦੋਂ ਨਿਸ਼ਾਨ ਸਾਹਿਬ ਦਾ ਚੋਲਾ ਬਦਲਣਾ ਹੁੰਦਾ ਹੈ ਉਦੋਂ ਇਸ ਆਸਣ ਵਿਚ ਸੇਵਾਦਾਰ ਬੈਠ ਜਾਂਦਾ ਹੈ।ਦੂਜਾ ਸੇਵਾਦਾਰ ਹੱਥੇ ਨੂੰ ਘੁਮਾ ਕੇ ਆਸਣ ਵਿੱਚ ਬੈਠੇ ਸੇਵਾਦਾਰ ਨੂੰ ਨਿਸ਼ਾਨ ਸਾਹਿਬ ਦੀ ਪੂਰੀ ਉਚਾਈ ਤੇ ਲੈ ਜਾਂਦਾ ਹੈ। ਇਹ ਸੇਵਾਦਾਰ ਨਿਸ਼ਾਨ ਸਾਹਿਬ ਉੱਪਰ ਲੱਗੇ ਖੰਡੇ ਨੂੰ ਨਮਸਕਾਰ ਕਰਕੇ ਚੋਲਾ ਸਜਾਉਣਾ ਸ਼ੁਰੂ ਕਰ ਦਿੰਦਾ ਹੈ। ਉੱਪਰੋਂ ਹੌਲੀ-ਹੌਲੀ ਹੇਠਾਂ ਨੂੰ ਆਉਂਦਾ ਹੋਇਆ ਸਾਰੇ ਚੋਲੇ ਨੂੰ ਬਦਲਦਾ ਹੋਇਆ ਗੰਢਾਂ ਮਾਰਦਾ ਹੋਇਆ ਨਿਸ਼ਾਨ ਸਾਹਿਬ ਦੇ ਥੜ੍ਹੇ ਤੇ ਆ ਕੇ ਉਤਰ ਜਾਂਦਾ ਹੈ। ਇਸ ਆਸਣ ਤੋਂ ਅਸੀਂ ਸਿੱਖਿਆ ਲੈਣੀ ਹੈ ਕਿ ਜਦੋਂ ਸਾਨੂੰ ਪਰਉਪਕਾਰ ਕਰਨ ਦਾ ਮੌਕਾ ਮਿਲੇ ਤਾਂ ਆਲਸ ਨਹੀਂ ਕਰਨੀ ਚਾਹੀਦੀ। ਪਰਉਪਕਾਰ ਬਿਨਾ ਦੇਰੀ ਤੋਂ ਕਰਨਾ ਚਾਹੀਦਾ ਹੈ।

*ਨਹ ਬਿਲੰਬ ਧਰਮੰ ਬਿਲੰਬ ਪਾਪੰ॥ (ਆਦਿ ੧੩੫੪)*

**ਪ੍ਰਸ਼ਨ ੧੦੭:-** ਮਨ ਕੀ ਹੈ ਅਤੇ ਇਸ ਨੂੰ ਕਾਬੂ ਕਿਵੇਂ ਕੀਤਾ ਜਾ ਸਕਦਾ ਹੈ।

**ਮਹਾਂਪੁਰਖਾਂ ਵੱਲੋਂ ਪਵਿੱਤਰ ਬਚਨ:-**

*ਇਸ ਮਨ ਕਉ ਕੋਈ ਖੋਜਹੁ ਭਾਈ॥ ਤਨ ਛੂਟੇ ਮਨੁ ਕਹਾ ਸਮਾਈ॥*
*ਆਦਿ ੩੩੦*

*ਇਸ ਮਨ ਕਉ ਕੋਈ ਖੋਜਹੁ ਭਾਈ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ॥*
*ਆਦਿ ੧੧੨੮*

ਗੁਰਮੁਖਾਂ ਨੇ ਅੰਤਹ ਕਰਣ (ਭੀਤਰੀ ਇੰਦ੍ਰਯ) ਦੇ ਚਾਰ ਭੇਦ ਕਲਪੇ ਹਨ।

੧. ਮਨ – (ਸੰਕਲਪ ਵਿਕਲਪ) ਸੰਕਲਪੋ ਵਿਕਲਪੋ ਹੀ ਮਨਾ ਜਾਂ ਇਉਂ ਕਹੋ ਕਿ ਖਿਆਲਾਂ ਦੇ ਇਕੱਠ ਦਾ ਨਾਮ ਮਨ ਹੈ।

੨. ਬੁੱਧੀ – ਵਿਚਾਰ ਨਾਲ ਨਿਸ਼ਚਾ ਕਰਨ ਵਾਲੀ ਸ਼ਕਤੀ।

੩. ਚਿੱਤ – ਅੰਤਹ ਕਰਣ ਦੀ ਉਹ ਸ਼ਕਤੀ ਜਿਸ ਨਾਲ ਭੁੱਲੀਆਂ ਵਿਸਰੀਆਂ ਗੱਲਾਂ ਦਾ ਚੇਤਾ ਆਉਂਦਾ ਹੈ।

੪. ਅਹੰਕਾਰ – ਅਮਤਹ ਕਰਣ ਦੀ ਉਹ ਸ਼ਕਤੀ ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸਬੰਧ ਪ੍ਰਤੀਤ ਹੁੰਦਾ ਹੈ।

ਗੁਰੂ ਸਾਹਿਬ ਨੇ ਜਪੁ ਜੀ ਸਾਹਿਬ ਵਿਚ ਇਹ ਚਾਰੇ ਭੇਦ ਲਿਖੇ ਹਨ। ਇਨ੍ਹਾਂ ਦਾ ਸੁਧਾਰ ਅਭਿਆਸ ਦੁਆਰਾ ਹੁੰਦਾ ਹੈ।

*ਤਿਥੈ ਘੜੀਐ ਸੁਰਤਿ ਮਤਿ ਮਨ ਬੁਧਿ॥*

ਇਥੇ ਸੁਰਤ ਦਾ ਅਰਥ ਚਿੱਤ ਅਤੇ ਮੱਤ ਦਾ ਅਰਥ ਅਹੰਕਾਰ ਹੈ।

ਮਨ – ਸ਼ਰੀਰ ਅੰਦਰ ਮਨ ਹੀ ਇੱਕ ਅਜਿਹੀ ਸ਼ਕਤੀ ਹੈ ਜੋ ਸਰੀਰ ਦੀਆਂ ਸਾਰੀਆਂ ਕਿਰਿਆਵਾਂ ਉਪਰ ਆਪਣਾ ਅਸਰ ਪਾਉਂਦੀ ਹੈ। ਕਿਉਂਕਿ ਮਨ ਪੰਜਾਂ ਤੱਤਾਂ ਦੇ ਸਤੋ ਗੁਣ ਅੰਸ ਤੋਂ ਪੈਦਾ ਹੋਇਆ ਹੈ। ਇਸੇ ਲਈ ਇਸ ਨੂੰ ਸਾਰੀਆਂ ਇੰਦ੍ਰੀਆਂ ਦੇ ਸੁਆਦ ਦੀ ਖਬਰ ਹੈ।

*ਪਾਂਚ ਭੂਤ ਕੇ ਅੰਸ ਤੇ, ਮਨ ਉਪਜਯੋ ਯਹਿ ਜਾਨ॥*
*ਸਭ ਇੰਦ੍ਰਿਨ ਕੇ ਸੁਆਦ ਕੀ ਤਾਂ ਤੇ ਹੈ ਪਹਿਚਾਨ॥ ਆਧਿਆਤਮ ਪ੍ਰਕਾਸ਼*
*ਸਤੋ ਅੰਸ ਭੂਤਨ ਕੀ ਜੋ ਹੈ॥ ਤਾਂ ਤੇ ਅੰਤਸ-ਕਰਨ ਭਯੋ ਹੈ॥*
*ਸਰੀਰ ਨੂੰ ਇਕ ਰਥ ਸਮਝੋ ਤੇ ਮਨ ਇਸ ਰਥ ਨੂੰ ਚਲਾਉਣ ਵਾਲਾ ਰਥਵਾਹੀ ਹੈ।*
*ਤਨ ਰਥ ਮਨ ਰਥਵਾਹੀ ਜਾਨੋ॥*

ਸਰੀਰ ਰੂਪੀ ਗੱਡੀ ਨੂੰ ਚਲਾਉਣ ਵਾਲਾ ਮਨ ਡਰਾਈਵਰ ਹੈ। ਜੇ ਡਰਾਈਵਰ ਤੰਦਰੁਸਤ ਹੋਵੇ, ਤਾਕਤਵਰ ਹੋਵੇ, ਦਿਮਾਗੀ ਤੌਰ ਤੇ ਚੇਤੰਨ ਹੋਵੇ, ਜਾਗਦਾ ਹੋਵੇ, ਨਜਰ ਵੀ ਠੀਕ ਹੋਵੇ ਤਾਂ ਗੱਡੀ ਨੂੰ ਸਹੀ ਸਮੇਂ ਸਿਰ ਮੰਜਿਲ ਤੇ ਪਹੁੰਚਾ ਸਕਦਾ ਹੈ। ਜੇ ਡਰਾਈਵਰ ਬਿਮਾਰ ਹੋਵੇ, ਕਮਜੋਰ ਹੋਵੇ, ਪਾਗਲ ਹੋਵੇ, ਨਜਰ ਕਮਜੋਰ ਹੋਵੇ ਤਾਂ ਉਹ ਗੱਡੀ ਨੂੰ ਕਿਸੇ ਖੱਡ ਜਾਂ ਦਰੱਖਤ ਵਿਚ ਮਾਰ ਕੇ ਆਪਣਾ ਤੇ ਗੱਡੀ ਦਾ ਸਤਿਆਨਾਸ ਕਰ ਦੇਵੇਗਾ। ਇਹੋ ਹਾਲ ਮਨੁੱਖੀ ਮਨ ਡਰਾਈਵਰ ਦਾ ਹੈ। ਜੇ ਮਨ ਨਿਰਮਲ, ਸਾਵਧਾਨ ਅਤੇ ਚੇਤੰਨ ਹੋਵੇਗਾ ਤਾਂ ਸਰੀਰ ਰੂਪੀ ਗੱਡੀ ਨੂੰ ਚਲਾ ਕੇ ਪਰਮਪਦ ਦੀ ਮੰਜਿਲ ਤੇ ਪਹੁੰਚਾ ਦੇਵੇਗਾ। ਜੇ ਮਨ ਮੈਲਾ, ਚੰਚਲ, ਆਲਸੀ, ਔਗਣੀ ਅਤੇ ਢਿੱਲੜ ਹੋਵੇਗਾ ਤਾਂ ਸਰੀਰ ਦੀ ਗੱਡੀ ਨੂੰ ਚਲਾਉਂਦਾ ਹੋਇਆ ਨਰਕਾਂ ਜਾਂ ਜੂਨਾਂ ਦੀ ਖੱਡ ਵਿੱਚ ਸੁੱਟ ਕੇ ਜੀਵਨ ਬਰਬਾਦ ਕਰ ਦੇਵੇਗਾ। ਇਸ ਲਈ ਦੁਨੀਆ ਦੇ ਰੂਹਾਨੀ ਰਹਿਨੁਮਾਵਾਂ ਨੇ ਮਨ ਨੂੰ ਸਮਝਣ, ਰੋਕਣ, ਪਕੜਨ, ਜਿੱਤਣ, ਵਸ ਕਰਨ ਦੇ ਤਰੀਕੇ ਤੇ ਸਾਧਨ ਦੱਸੇ ਹਨ। ਮਨ ਦੇ ਅਵਾਰਾ ਜਾਂ ਬੇਕਾਬੂ ਰਹਿਣ ਦੀ ਹਾਲਤ ਵਿਚ ਜੋ ਮਨੁੱਖ ਨੂੰ ਜਿੰਦਗੀ ਵਿਚ ਨੁਕਸਾਨ ਹੁੰਦੇ ਹਨ ਅਤੇ ਮਨ ਨੂੰ ਕਾਬੂ ਵਿਚ ਰੱਖਣ ਦੇ ਜੋ ਲਾਭ ਹੁੰਦੇ ਹਨ ਉਨ੍ਹਾਂ ਬਾਰੇ ਪੁਰਾਤਨ ਗ੍ਰੰਥਾਂ ਵਿਚ ਜਿਕਰ ਆਇਆ ਹੈ। ਗੁਰਬਾਣੀ ਅੰਦਰ ਵੀ ਸੇਧ ਮਿਲਦੀ ਹੈ। ਮਨੁੱਖੀ ਜਿੰਦਗੀ ਦੇ ਚੰਗੇ ਮਾੜੇ ਹੋਣ ਦਾ

ਪਤਾ ਉਸ ਮਨੁੱਖ ਦੇ ਮਨ ਦੀ ਹਾਲਤ ਤੋਂ ਪਤਾ ਲਗਦਾ ਹੈ। ਇਸ ਲਈ ਸਾਰੇ ਰਿਸ਼ੀਆਂ, ਮੁਨੀਆਂ, ਸੰਤਾਂ, ਭਗਤਾਂ, ਅਵਤਾਰਾਂ, ਪੀਰਾਂ, ਪੈਗੰਬਰਾਂ ਅਤੇ ਗੁਰੂ ਸਾਹਿਬਾਨ ਨੇ ਮਨ ਦੇ ਸੁਧਾਰਨ ਸੰਬੰਧੀ ਬਹੁਤ ਉਪਦੇਸ ਦਿੱਤੇ ਹਨ ਜੋ ਇਸ ਪ੍ਰਕਾਰ ਹਨ:-

੧. ਮਨ ਚੰਚਲ- ਸਾਧੋ ਇਹੁ ਮਨੁ ਗਹਿਓ ਨ ਜਾਈ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾਤੇ ਥਿਰੁ ਨ ਰਹਾਈ॥ ਆਦਿ ੨੧੯

੨. ਮਨ ਮੈਲਾ- ਜਨਮ ਜਨਮ ਕੀ ਇਸੁ ਮਨੁ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥ ਆਦਿ ੬੫੧

੩. ਮਨ ਬਾਲਕ- ਕਾਇਆ ਨਗਰ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ॥ ਆਦਿ ੧੧੯੧

੪. ਮਨ ਪੰਛੀ- ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ॥ ੧੩੬੯

੫. ਮਨ ਬਾਂਦਰ- ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰੁ॥ ਆਦਿ ੩੩੬

੬. ਮਨ ਕਿਰਸਾਨ- ਮਨੁ ਹਾਲੀ ਕਿਰਸਾਣੀ ਕਰਨੀ ਸਰਮੁ ਪਾਣੀ ਤਨੁ ਖੇਤੁ॥ ਆਸਿ ੫੯੫

੭. ਮਨ ਹਾਥੀ- ਮਨੁ ਕੁੰਚਰੁ ਕਾਇਆ ਉਦਿਆਨੈ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥ ਆਦਿ ੨੨੧

੮. ਮਨ ਊਠ- ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥ ਆਦਿ ੨੩੪

੯. ਮਨ ਖੋਤਾ- ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥ ਆਦਿ ੮੧੫

੧੦. ਮਨ ਰਾਜਾ- ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨ ਦਰਵਾਜਾ॥

ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥ ਆਦਿ ੧੧੬੧

**ਮਨ ਨੂੰ ਸਿੱਖਿਆ:-**

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥ ਆਦਿ ੯੧੮*
*ਰੇ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਆਦਿ ੯੧੭*
*ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਆਦਿ ੯੧੮*

**ਮਨ ਨੂੰ ਤਾੜਨਾ:-**

*ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥*
*ਆਦਿ ੬੬੨*

*ਮਨ ਖੁਟਹਰ ਤੇਰਾ ਨਹੀ ਬਿਸਾਸਾ ਤੂ ਮਹਾ ਉਦਮਾਦਾ॥*
*ਖਰ ਕਾ ਪੈਖਰ ਤਉ ਛੁਟੈ ਜਉ ਊਪਰਿ ਲਾਦਾ॥ ਆਦਿ ੮੧੫*

## ਮਨ ਨੂੰ ਜਿੱਤਣਾ:-

*ਮਨ ਜੀਤੈ ਜਗੁ ਜੀਤੁ॥ ਆਦਿ ੬*
*ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ॥ ਆਦਿ ੨੫੬*
*ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥*
*ਤਿਸਨੋ ਸੁਖ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥ ਆਦਿ ੬੪੪*
*ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥*
*ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥*
*ਭੇਖਧਾਰੀ ਭੇਖ ਕਰਿ ਥਕੇ ਅਠਿ ਸਠਿ ਤੀਰਥ ਨਾਇ॥*
*ਮਨ ਕੀ ਸਾਰੁ ਨ ਜਾਣਨੀ ਹਉਮੈ ਭਰਮਿ ਭੁਲਾਏ॥ ਆਦਿ ੬੪੪*
*ਤੀਰਥਿ ਜਉ ਤ ਹਉ ਹਉ ਕਰਤੇ॥ ਪੰਡਤਿ ਪੂਛਉ ਤ ਮਾਇਆ ਰਾਤੇ॥*
*ਸਾਸਤ੍ਰ ਬੇਦ ਪਾਪ ਪੁੰਨ ਬੀਚਾਰੁ॥ ਨਰਕਿ ਸੁਰਗਿ ਫਿਰਿ ਅਉਤਾਰ॥*
*ਗਿਰਸਤ ਮਹਿ ਚਿੰਤ ਉਦਾਸ ਅਹੰਕਾਰ॥ ਕਰਮ ਕਰਤ ਜੀਅ ਕਉ ਜੰਜਾਰ॥ ਆਦਿ ੩੮੫*

ਮਨ ਆਕੀ ਰਾਜਾ ਹੈ ਸਰੀਰ ਰੂਪੀ ਕਿਲੇ ਵਿਚ ਲਾਉ ਲਸਕਰ ਨਾਲ ਬੈਠਾ ਹੈ। ਮਾਰੂ ਸ਼ਸਤਰ ਦੇ ਕੋਲ ਭਗਤ ਕਬੀਰ ਜੀ ਕਿਲੇ ਬਾਰੇ ਇਸ ਤਰ੍ਹਾਂ ਸਮਝਾਉਂਦੇ ਹਨ।

*ਕਿਉ ਲੀਜੈ ਗਢੁ ਬੰਕਾ ਭਾਈ॥ ਦੋਵਰ ਕੋਟ ਅਰੁ ਤੇਵਰ ਖਾਈ॥ ਰਹਾਉ॥ ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥ ਜਨ ਗਰੀਬ ਕੋ ਜੋਰ ਨ ਪਹੁਚੈ ਕਹਾ ਕਰਉ ਰਘੁਰਾਇਆ॥੧॥ ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥ ਕ੍ਰੋਧੁ ਪ੍ਰਧਾਨ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥ ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥ ਤ੍ਰਿਸਨਾ ਤੀਰ ਰਹੇ ਘਟ ਭੀਤਰ ਇਉ ਗਢ ਲੀਓ ਨ ਜਾਈ॥*

*ਆਦਿ ੧੧੬੧*

## ਮਨ ਨੂੰ ਪਕੜਨ ਬਾਰੇ ਭਗਤ ਕਬੀਰ ਜੀ ਬਿਆਨ ਕਰਦੇ ਹਨ:-

*ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥ ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥ ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥ ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ। ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥ ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ॥*

*ਆਦਿ ੧੧੬੧*

# ਭਾਗ ਤੀਜਾ

## ਪੰਨਾ 315 ਤੋਂ 590 ਤਕ

## ਗੁਰਸਾਖੀਆਂ

| ਗੁਰੂ ਬੰਸਾਵਲੀਨਾਮਾ | | | | | | |
|---|---|---|---|---|---|---|
| ਪਵਿੱਤਰ ਨਾਮ ਗੁਰੂ ਸਾਹਿਬਾਨ | ਨਾਮ ਪਿਤਾ ਜੀ/ ਮਾਤਾ ਜੀ | ਪ੍ਰਕਾਸ਼ ਅਸਥਾਨ | ਪ੍ਰਕਾਸ਼ ਮਿਤੀ, ਸੰਨ,ਸੰਮਤ ਅਤੇ ਵਾਰ | ਸੁਪਤਨੀ (ਮਹਿਲ) ਆਨੰਦ ਕਾਰਜ ਮਿਤੀ ਅਤੇ ਵਾਰ | ਸੰਤਾਨ | ਜੋਤੀ ਜੋਤ |
| ਸਤਿਗੁਰੂ ਨਾਨਕ ਦੇਵ ਜੀ | ਕਲਿਆਣ ਦਾਸ ਜੀ<br>ਤ੍ਰਿਪਤਾ ਜੀ | ਤਲਵੰਡੀ ਰਾਏ ਭੋਇ ਕੀ ਨਨਕਾਣਾ ਸਾਹਿਬ (ਪਾਕਿਸਤਾਨ) | ੧੫-੧੧-੧੪੬੯ ਕਤਕ ਸੁਦੀ ੧੫, ਪੂਰਨਮਾਸੀ ੧੫੨੬, ਬੁਧਵਾਰ | ਸੁਲੱਖਣੀ ਜੀ, ੧੨ ਸਤੰਬਰ ੧੪੮੭ ਭਾਦੋਂ ਸੁਦੀ ੭, ੧੫੪੪ ਬੁਧਵਾਰ | ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਚੰਦ ਜੀ | ਅੱਸੂ ਵਦੀ ਦਸਵੀਂ ਬਿ: ੧੫੯੬ ਕਰਤਾਰਪੁਰ ਸਾਹਿਬ |
| ਸ੍ਰੀ ਗੁਰੂ ਅੰਗਦ ਦੇਵ ਜੀ | ਫੇਰੂ ਮੱਲ ਜੀ<br>ਦਇਆ ਕੌਰ ਜੀ | ਮੱਤੇ (ਨਾਂਗੇ) ਦੀ ਸਰਾਂ ਜਿਲ੍ਹਾ ਮੁਕਤਸਰ | ੩੧-੦੩-੧੫੦੪ ਵਿਸਾਖ ਸੁਦੀ ੧,੧੫੬੧ ਐਤਵਾਰ | ਖੀਵੀ ਜੀ, ੨੯ ਜਨਵਰੀ ੧੫੧੯ ੧੬ ਮਾਘ, ੧੫੭੬ ਮੰਗਲਵਾਰ | ਦਾਸੂ ਜੀ, ਦਾਤੂ ਜੀ, ਬੀਬੀ ਅਮਰੋ, ਅਣੋਖੀ ਜੀ | ਚੇਤਰ ਸੁਦੀ ਚੌਥ ਬਿ: ੧੬੦੯ ਖਡੂਰ ਸਾਹਿਬ |
| ਸ੍ਰੀ ਗੁਰੂ ਅਮਰਦਾਸ ਜੀ | ਤੇਜ ਭਾਨ ਜੀ<br>ਸੁਲੱਖਣੀ ਜੀ | ਬਾਸਰਕੇ ਜਿਲ੍ਹਾ ਅਮ੍ਰਿਤਸਰ | ੦੫-੦੫-੧੪੭੯ ਵਿਸਾਖ ਸੁਦੀ ੧੪, ੧੫੩੬ ਬੁਧਵਾਰ | ਰਾਮੋ ਜੀ, ੨੪ ਜਨਵਰੀ ੧੫੦੨ ੧੧ ਮਾਘ, ੧੫੫੯ ਸੋਮਵਾਰ | ਮੋਹਨ ਜੀ, ਮੋਹਰੀ ਜੀ, ਬੀਬੀ ਦਾਨੀ ਜੀ, ਬੀਬੀ ਭਾਨੀ ਜੀ | ਭਾਦਰੋਂ ਸੁਦੀ ੧੫ ਪੂਰਨਮਾਸੀ ਬਿ: ੧੬੩੧ ਗੋਇੰਦਵਾਲ ਸਾਹਿਬ |
| ਸ੍ਰੀ ਗੁਰੂ ਰਾਮਦਾਸ ਜੀ | ਹਰਿਦਾਸ ਜੀ<br>ਦਇਆ ਕੌਰ ਜੀ | ਚੂਨਾ ਮੰਡੀ, ਲਾਹੌਰ (ਪਾਕਿਸਤਾਨ) | ੨੪-੦੯-੧੫੩੪ ਕਤਕ ਵਦੀ ੨, ੧੫੯੧ ਵੀਰਵਾਰ | ਭਾਨੀ ਜੀ, ੫ ਮਾਰਚ ੧੫੫੩ ੨੨ ਫੱਗਣ, ੧੬੧੦ ਐਤਵਾਰ | ਪ੍ਰਿਥੀ ਚੰਦ, ਮਹਾਂਦੇਵ, ਅਰਜਨ ਦੇਵ ਜੀ | ਭਾਦਰੋਂ ਸੁਦੀ ਤੀਜ ਬਿ: ੧੬੩੮ ਗੋਇੰਦਵਾਲ ਸਾਹਿਬ |

| | | | | | | |
|---|---|---|---|---|---|---|
| ਸ੍ਰੀ ਗੁਰੂ ਅਰਜਨ ਦੇਵ ਜੀ | ਸ੍ਰੀ ਗੁਰੂ ਰਾਮਦਾਸ ਜੀ<br><br>ਭਾਨੀ ਜੀ | ਸ੍ਰੀ ਗੋਇੰਦਵਾਲ, ਜਿਲ੍ਹਾ ਅੰਮ੍ਰਿਤਸਰ | ੧੫-੦੪-੧੫੬੩ ਵਿਸਾਖ ਵਦੀ ੭, ੧੬੨੦ ਵੀਰਵਾਰ | ਗੰਗਾ ਜੀ, ੧ ਜੁਲਾਈ ੧੫੮੯ ੧੯ ਹਾੜ, ੧੬੪੬ ਵੀਰਵਾਰ | ਹਰਿਗੋਬਿੰਦ ਸਾਹਿਬ ਜੀ | ਜੇਠ ਸੁਦੀ ਚੌਥ ਬਿ: ੧੬੬੩ ਗੁ: ਡੇਹਰਾ ਸਾਹਿਬ ਰਾਵੀ ਕਿਨਾਰੇ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ਸ੍ਰੀ ਗੁਰੂ ਅਰਜਨ ਦੇਵ ਜੀ<br><br>ਗੰਗਾ ਜੀ | ਗੁਰੂ ਕੀ ਵਡਾਲੀ, ਜਿਲ੍ਹਾ ਅੰਮ੍ਰਿਤਸਰ | ੧੯-੦੬-੧੫੯੫ ਹਾੜ ਵਦੀ ੧, ੧੬੫੨ ਸ਼ਨੀਵਾਰ | ਦਮੋਦਰੀ ਜੀ, ੨੫ ਜਨਵਰੀ ੧੬੦੫ ਸ਼ੁਕਰਵਾਰ, ਨਾਨਕੀ ਜੀ ੨੦ ਅਪ੍ਰੈਲ ੧੬੧੩ ਮੰਗਲਵਾਰ, ਮਹਾਂਦੇਵੀ ਜੀ ੧ ਅਕਤੂਬਰ ੧੬੨੦ ਐਤਵਾਰ | ਗੁਰਦਿੱਤਾ ਜੀ, ਅਣੀ ਰਾਇ ਜੀ, ਅਟੱਲ ਰਾਇ ਜੀ, ਤੇਗ ਬਹਾਦਰ ਜੀ, ਸੂਰਜ ਮੱਲ ਜੀ, ਬੀਬੀ ਵੀਰੋ ਜੀ | ਚੇਤਰ ਸੁਦੀ ਪੰਚਮੀ ਬਿ:੧੬੯੫ ਕੀਰਤਪੁਰ ਸਾਹਿਬ |
| ਸ੍ਰੀ ਗੁਰੂ ਹਰਿਰਾਇ ਜੀ | ਬਾਬਾ ਗੁਰਦਿੱਤਾ ਜੀ ਨਿਹਾਲ ਕੌਰ ਜੀ | ਕੀਰਤਪੁਰ, ਜਿਲ੍ਹਾ ਰੋਪੜ | ੧੬-੦੧-੧੬੩੦ ਮਾਘ ਸੁਦੀ ੧੩ ੧੬੮੬ ਸ਼ਨੀਵਾਰ | ਕ੍ਰਿਸ਼ਨ ਕੌਰ ਜੀ, ੧੯ ਜੂਨ ੧੬੪੦ ਸ਼ੁਕਰਵਾਰ ਹਾੜ ਸੁਦੀ ੩, ੧੬੯੭ | ਰਾਮ ਰਾਏ, ਰੂਪ ਕੌਰ, ਹਰਿਕ੍ਰਿਸ਼ਨ ਸਾਹਿਬ ਜੀ | ਕੱਤਕ ਵਦੀ ਨੌਮੀਂ ਬਿ: ੧੭੧੮ ਕੀਰਤਪੁਰ ਸਾਹਿਬ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ਸ੍ਰੀ ਗੁਰੂ ਹਰਿਰਾਇ ਜੀ<br><br>ਕ੍ਰਿਸ਼ਨ ਕੌਰ ਜੀ | ਕੀਰਤਪੁਰ, ਜਿਲ੍ਹਾ ਰੋਪੜ | ੦੭-੦੭-੧੬੫੬ ਸਾਵਣ ਵਦੀ ੬, ੧੭੧੩ ਸੋਮਵਾਰ | ------------ | ------------ | ਚੇਤਰ ਸੁਦੀ ਚੌਦਸ ਬਿ: ੧੭੨੧ ਦਿੱਲੀ ਜਮੁਨਾ ਕਿਨਾਰੇ |

| | | | | | | |
|---|---|---|---|---|---|---|
| ਸ੍ਰੀ ਗੁਰੂ ਤੇਗ ਬਹਾਦਰ ਜੀ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ<br>ਨਾਨਕੀ ਜੀ | ਗੁਰੂ ਕੇ ਮਹਿਲ<br>ਸ੍ਰੀ ਅੰਮ੍ਰਿਤਸਰ | ੦੧-੦੪-੧੬੨੧ ਵਿਸਾਖ ਵਦੀ ੫, ੧੬੭੮ ਐਤਵਾਰ | ਗੁਜਰੀ ਜੀ,<br>੧ ਅਕਤੂਬਰ ੧੬੩੨ ਸ਼ੁਕਰਵਾਰ, ੧੬ ਅਸੂ ੧੬੮੯ ਸੋਮਵਾਰ | ਗੋਬਿੰਦ ਸਿੰਘ ਜੀ | ਮੱਘਰ ਸੁਦੀ ਪੰਚਮੀਂ ਬਿ: ੧੭੩੨ ਦਿੱਲੀ ਚਾਂਦਨੀ ਚੌਂਕ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਸ੍ਰੀ ਗੁਰੂ ਤੇਗ ਬਹਾਦਰ ਜੀ<br>ਗੁਜਰੀ ਜੀ | ਸ੍ਰੀ ਪਟਨਾ ਸਾਹਿਬ ਬਿਹਾਰ | ੨੨-੧੨-੧੬੬੬<br>ਪੋਹ ਸੁਦੀ ਸਤਵੀਂ ੧੭੨੩ ਸ਼ਨੀਵਾਰ | ਅਜੀਤ ਕੌਰ ਜੀ, ੫ ਜੁਲਾਈ ੧੬੭੭ ਵੀਰਵਾਰ,<br>ਸੁੰਦਰ ਕੌਰ ਜੀ, ੧੭ ਅਪ੍ਰੈਲ ੧੬੮੪ ਵੀਰਵਾਰ,<br>ਸਾਹਿਬ ਕੌਰ ਜੀ, ੩੦ ਅਕਤੂਬਰ ੧੭੦੦ ਬੁਧਵਾਰ | ਬਾਬਾ ਅਜੀਤ ਸਿੰਘ ਜੀ,<br>ਬਾਬਾ ਜੁਝਾਰ ਸਿੰਘ ਜੀ,<br>ਬਾਬਾ ਜੋਰਾਵਰ ਸਿੰਘ ਜੀ,<br>ਬਾਬਾ ਫਤਿਹ ਸਿੰਘ ਜੀ | ਕੱਤਕ ਸੁਦੀ ਪੰਚਮੀ ਬਿ: ੧੭੬੫ ਸ੍ਰੀ ਹਜੂਰ ਸਾਹਿਬ ਨਾਂਦੇੜ |
| ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ | | ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ | ੨੯-੦੯-੧੬੦੪ ਭਾਦੋਂ ਸੁਦੀ ੧, ੧੬੬੧ ਮੰਗਲਵਾਰ | | | |

# ਪਾਤਿਸ਼ਾਹੀ ਪਹਿਲੀ

## ਦੁਨੀ ਚੰਦ ਦੇ ਪਿਤਾ ਦਾ ਉਧਾਰ

ਦੁਨੀ ਚੰਦ ਨਾਮੀ ਇਕ ਖੱਤ੍ਰੀ ਲਾਹੌਰ ਦਾ ਰਹਿਣ ਵਾਲਾ ਵੱਡਾ ਧਨਾਢ ਤੇ ਸ਼ਾਹੂਕਾਰ ਸੀ। ਇਕ ਵਾਰੀ ਉਸ ਨੇ ਸਰਾਧਾਂ ਦੇ ਦਿਨਾ ਵਿਚ ਅਸ਼ਟਮੀ ਥਿਤ ਆਪਣੇ ਪਿਤਾ ਦਾ ਸਰਾਧ ਜਾਣ ਕੇ ਬੜਾ ਭਾਰਾ ਯੱਗ ਕੀਤਾ ਤੇ ਪੂੜੇ ਪੂੜੀਆਂ ਕਰ ਕੇ ਆਏ ਗਏ ਭਿੱਖਕ ਸੰਤ ਸਾਧ ਬ੍ਰਾਹਮਣ ਨੂੰ ਪ੍ਰਸ਼ਾਦਿ ਛਕਾਇਆ ਤੇ ਬੜਾ ਭਾਰਾ ਬ੍ਰਾਹਮਣਾਂ ਦਾ ਇਕੱਠ ਕਰ ਕੇ ਖੀਰ ਪੂਰੀ ਨਾਲ ਤ੍ਰਿਪਤਾਇਆ ਤੇ ਰੁਪਯਾ ਰੁਪਯਾ ਦਖਨਾ ਦੇ ਕੇ ਵਿਦਾ ਕੀਤੇ। ਸੋ ਉਸੀ ਸਮੇਂ ਮਹਾਰਾਜ ਸ੍ਰੀ ਗੁਰੂ ਨਾਨਾਕ ਦੇਵ ਜੀ ਵੀ ਉਥੇ ਆਣ ਪਹੁੰਚੇ ਤਾਂ ਉਹ ਸਿੱਖ ਨੇ ਪ੍ਰਸ਼ਾਦਿ ਲਿਆ ਕੇ ਅੱਗੇ ਧਰਿਆ ਤੇ ਮਹਾਰਾਜ ਜੀ ਨੂੰ ਛਕਾਇਆ। ਉਸ ਦਾ ਭਲਾ ਕਰਨ ਵਾਸਤੇ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ ਹੇ ਭਾਈ ਸਿੱਖਾ,ਅੱਜ ਕੀ ਸੀ ਜੋ ਤੂੰ ਭੋਜਨ ਪ੍ਰਸ਼ਾਦਿ ਛਕਾਇਆ ਹੈ। ਤਾਂ ਦੁਨੀ ਚੰਦ ਨੇ ਕਿਹਾ ਕਿ ਹੇ ਭਗਵਾਨ,ਮੇਰੇ ਪਿਤਾ ਜੀ ਦਾ ਸਰਾਧ ਸੀ,ਸੋ ਉਨ੍ਹਾਂ ਦੇ ਨਿਮਿੱਤ ਅੱਜ ਭੋਜਨ ਛਕਾਇਆ ਹੈ। ਮਹਾਰਾਜ ਬੋਲੇ ਕਿ ਭਾਈ ਸਿੱਖਾ,ਤੇਰੇ ਪਿਤਾ ਨੂੰ ਤਾਂ ਪ੍ਰਸ਼ਾਦਿ ਰੰਚਕ ਮਾਤ੍ਰ ਵੀ ਨਹੀਂ ਪਹੁੰਚਿਆ। ਉਸ ਭੁੱਖੇ ਨੂੰ ਅੱਜ ਚਾਰ ਦਿਹਾੜੇ ਬੀਤ ਚੁੱਕੇ ਹਨ,ਕੁਝ ਖਾਣ ਪੀਣ ਨੂੰ ਨਹੀਂ ਮਿਲਿਆ। ਤੁਹਾਡਾ ਸਰਾਧ ਕਰਵਾਇਆ ਸਭ ਨਿਸਫਲ ਰਿਹਾ, ਜੇ ਤੇਰਾ ਪਿਤਾ ਹੀ ਭੁੱਖਾ ਰਿਹਾ। ਦੁਨੀ ਚੰਦ ਨੇ ਕਿਹਾ ਕਿ ਮਹਾਰਾਜ ਜੀ, ਮੈਨੂੰ ਕਿਵੇਂ ਪ੍ਰਤੀਤ ਆਵੇ। ਤਾਂ ਗੁਰੂ ਸਾਹਿਬ ਜੀ ਨੇ ਬਚਨ ਕੀਤਾ ਕਿ ਉਹ ਫਲਾਨੀ ਝਾੜੀ ਵਿਚ ਬਘਿਆੜ ਦਾ ਰੂਪ ਧਾਰੇ ਹੋਏ ਲੁਕ ਕੇ ਬੈਠਾ ਹੈ। ਸੋ ਤੂੰ ਉਸ ਲਈ ਪ੍ਰਸ਼ਾਦਿ ਤਿਆਰ ਕਰ ਕੇ ਲੈ ਜਾਹ ਤੇ ਨਿਸੰਗ ਹੋ ਕੇ ਉਸ ਦੇ ਅੱਗੇ ਜਾ ਰੱਖੀਂ। ਉਹ ਖਾ ਲਵੇਗਾ ਤੇ ਸੰਤੁਸ਼ਟ ਹੋ ਜਾਵੇਗਾ। ਤਾਂ ਦੁਨੀ ਚੰਦ ਨੇ ਉਵੇਂ ਹੀ ਕੀਤਾ ਅਤੇ ਪ੍ਰਸ਼ਾਦਿ ਪਰੋਸ ਕੇ ਅੱਗੇ ਜਾ ਧਰਿਆ। ਉਸ ਦੇ ਪਿਤਾ ਨੇ ਖਾਧਾ ਤੇ ਮਹਾਰਾਜ ਜੀ ਦੇ ਪ੍ਰਤਾਪ ਕਰਕੇ ਦੇਵ ਦੇਹੀ ਪਾਈ ਅਤੇ ਤ੍ਰਿਪਤ ਹੋ ਕਰ ਕਹਿਣ ਲੱਗਾ ਕਿ ਹੇ ਪੁੱਤਰ,ਤੂੰ ਵੱਡੇ ਭਾਗਾਂ ਵਾਲਾ ਹੈਂ, ਤੇਰੇ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਹਨ; ਉਨ੍ਹਾਂ ਦਾ ਦਰਸ਼ਨ ਤੂੰ ਕੀਤਾ ਹੈ ਤੇ ਅੱਜ ਮੈਂ ਤੇਰਾ ਕੀਤਾ ਹੈ, ਇਸ ਕਰਕੇ ਮੇਰੀ ਜੂਨ ਛੁੱਟ ਗਈ ਹੈ ਤੇ ਮੈਂ ਪ੍ਰਸੰਨ ਹੋਇਆ ਤਾਂ ਦੁਨੀ ਚੰਦ ਨੇ ਪੁੱਛਿਆ ਕਿ ਪਿਤਾ ਜੀ ਤੁਸੀਂ ਇਹ ਨਖਿੱਧ ਜੂਨ ਕਿਉਂ ਪਾਈ ਤਾਂ ਦੁਨੀ ਚੰਦ ਦੀ ਰੂਹ ਨੇ ਦੱਸਿਆ ਕਿ ਪੁੱਤਰ ਜਦ ਮੈਂ ਮਰਨ ਲੱਗਿਆ ਸੀ ਤਾਂ ਆਪਣੇ ਗੁਆਂਢ ਵਿਚ ਮੱਛੀ ਭੁੰਨਣ ਦੀ ਮੈਨੂੰ ਬੋ ਆਈ ਤੇ ਮੇਰਾ ਮਨ ਮਾਸ ਖਾਣ ਨੂੰ ਲਲਚਾਇਆ ਅਤੇ ਉਸੇ ਵਕਤ ਮੇਰੇ ਪ੍ਰਾਣ ਛੁੱਟ

ਗਏ। ਤਾਂ ਮੈਨੂੰ ਮਰਨ ਸਮੇਂ ਜੋ ਖਿਆਲ ਆਇਆ ਉਸੇ ਕਰਕੇ ਮੈਨੂੰ ਇਹ ਨਖਿੱਧ ਜੂਨ ਮਿਲੀ। ਪਰ ਸਤਿਗੁਰਾਂ ਦੇ ਸੀਤ ਪ੍ਰਸ਼ਾਦਿ ਛੱਕਣ ਕਰ ਕੇ ਮੈਂ ਹੁਣ ਮੁਕਤ ਹੋ ਗਿਆ ਹਾਂ।

## ਮੋਹ ਵਿਚ ਫਸੇ ਬੁੱਢੇ ਦਾ ਉਧਾਰ

ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਬਾਲੇ ਅਤੇ ਮਰਦਾਨੇ ਸਮੇਤ ਇਕ ਖੂਹ ਤੇ ਗਏ। ਉਥੇ ਇਕ ਬਜ਼ੁਰਗ ਆਪਣੇ ਪੁੱਤਰਾਂ ਨੂੰ ਕਹਿ ਰਿਹਾ ਸੀ, ਤੁਸੀਂ ਕੰਮ ਥੋੜ੍ਹਾ ਕਰਦੇ ਹੋ, ਭੁੱਖੇ ਮਰੋਂਗੇ। ਸਤਿਗੁਰਾਂ ਕਿਹਾ, ਬਾਬਾ ਇਹ ਆਪ ਕੰਮ ਸਾਂਭ ਲੈਣਗੇ, ਤੂੰ ਹੁਣ ਸਿਮਰਨ ਭਜਨ ਕਰਨਾ ਸ਼ੁਰੂ ਕਰ ਦੇ, ਤੈਨੂੰ ਮੁਕਤ ਕਰ ਦਿਆਂਗੇ। ਕਹਿਣ ਲਗਾ, ਜੀ! ਮੈਨੂੰ ਮੁਕਤ ਨਾ ਕਰੋ, ਮੈਂ ਤਾਂ ਘਰ ਦਾ ਬੰਨ੍ਹ ਬੈਠਾ ਹਾਂ, ਮੇਰੇ ਪਿੱਛੋਂ ਘਰ ਉੱਜੜ ਜਾਵੇਗਾ। ਤਾਂ ਹਜੂਰ ਅੱਗੇ ਚਲੇ ਗਏ।

ਜਦ ਇਹ ਬਜ਼ੁਰਗ ਮਰਿਆ ਤਾਂ ਘਰ ਦਾ ਮੋਹ ਹੋਣ ਕਰਕੇ, ਦੁਬਾਰਾ ਫੇਰ ਉਸੇ ਘਰ ਵਿਚ ਗਾਂ ਦਾ ਵੱਛਾ ਬਣ ਕੇ ਜਨਮਿਆ।

ਜਦ ਇਹ ਬਲਦ ਬਣ ਕੇ ਵਗ ਰਿਹਾ ਸੀ, ਤਾਂ ਹਜੂਰ ਫਿਰ ਆਏ। ਅੰਤਰਜਾਮੀ ਸਤਿਗੁਰੂ ਜੀ ਨੇ ਇਸ ਦੀ ਸੁਰਤ ਜਗਾ ਕੇ ਕਿਹਾ, ਤੈਨੂੰ ਹੁਣ ਮੁਕਤ ਕਰ ਦਈਏ। ਇਸ ਨੇ ਕੰਨ ਹਿਲਾ ਕੇ ਕਿਹਾ, ਜੇਕਰ ਮੈਂ ਮਰ ਜਾਵਾਂਗਾ ਤਾਂ ਮੇਰੇ ਪੁੱਤਰਾਂ ਨੂੰ ਦੋ ਸੌ ਹੋਰ ਖਰਚ ਕੇ ਇਕ ਨਵਾਂ ਬਲਦ ਲੈਣਾ ਪਵੇਗਾ। ਸਤਿਗੁਰੂ ਜੀ ਫਿਰ ਚਲੇ ਗਏ। ਬਲਦ ਮਰ ਗਿਆ ਤੇ ਫਿਰ ਉਸ ਘਰ ਵਿਚ ਕੁੱਤਾ ਬਣ ਕੇ ਜਨਮਿਆ। ਸਤਿਗੁਰੂ ਜੀ ਫਿਰ ਆਏ, ਪੁਚਕਾਰ ਕੇ ਪਾਸ ਸੱਦਿਆ ਤੇ ਕਿਹਾ, ਹੁਣ ਮੁਕਤ ਕਰ ਦਈਏ। ਤੂੰ ਭੈੜੀ ਜੂਨੇ ਪਿਆ ਹੈਂ। ਕੰਨ ਹਿਲਾ ਕੇ ਕਿਹਾ, ਨਾ ਜੀ। ਮੇਰੀਆਂ ਨੂੰਹਾਂ, ਪੁੱਤ ਸਾਰਾ ਕੰਮ ਕਰਕੇ ਥੱਕ ਕੇ ਸੌਂ ਜਾਂਦੇ ਹਨ, ਮੈਂ ਸਾਰੀ ਰਾਤ ਕੰਧ ਤੇ ਬੈਠ ਕੇ ਰਾਖੀ ਕਰਦਾ ਹਾਂ।

ਇਸੇ ਮੋਹ ਦਾ ਬੱਝਾ ਹੋਇਆ ਮਰ ਕੇ ਫਿਰ ਸੱਪ ਬਣਿਆ। ਮਕਾਨ ਵਿਚ ਸ਼ਤੀਰ ਤੇ ਰਹਿਣ ਲੱਗ ਪਿਆ। ਇਕ ਦਿਨ ਛੋਟੇ ਬਾਲਕ ਨੂੰ ਪੰਘੂੜੇ ਵਿਚ ਸੁਆ ਕੇ ਇਸ ਦੀ ਨੂੰਹ ਕਿਤੇ ਕੰਮ ਕਰਨ ਲਈ ਬਾਹਰ ਚਲੀ ਗਈ। ਪਿੱਛੋਂ ਬਾਲਕ ਰੋਣ ਲੱਗ ਪਿਆ, ਇਸ ਸੱਪ ਬਣੇ ਹੋਏ ਨੂੰ ਆਪਣੇ ਪੋਤਰੇ ਦਾ ਮੋਹ ਆਇਆ। ਛੱਤ ਤੋਂ ਉੱਤਰ ਕੇ ਬਾਲਕ ਦੇ ਪਘੂੰੜੇ ਵਲ ਆ ਰਿਹਾ ਸੀ ਤਾਂ ਰੋਂਦੇ ਹੋਏ ਬਾਲਕ ਦੀ ਅਵਾਜ਼ ਸੁਣ ਕੇ ਬਾਲਕ ਦਾ ਪਿਤਾ ਆ ਗਿਆ, ਸੱਪ ਨੂੰ ਵੇਖ ਕੇ ਝੱਟ ਮਾਰ ਦਿੱਤਾ।

ਫਿਰ ਇਹ ਇਕ ਛੋਟਾ ਜਿਹਾ ਕੀੜਾ ਬਣ ਕੇ ਪਾਣੀ ਦੀ ਗੰਦੀ ਨਾਲੀ ਵਿਚ ਰਹਿਣ ਲੱਗ ਪਿਆ। ਹਜੂਰ ਫਿਰ ਆਏ, ਕੀੜਾ ਬਣਿਆ ਵੇਖ ਕੇ ਕਿਹਾ, ਮਰਦਾਨਿਆਂ, ਕੱਢ ਲਿਆ। ਮਰਦਾਨੇ ਨੇ ਬਾਹਰ ਕੱਢਿਆ। ਸਤਿਗੁਰਾਂ ਕਿਹਾ, ਹੁਣ

ਮੁਕਤ ਕਰ ਦਈਏ। ਤਾਂ ਆਪਣੀ ਬੋਲੀ ਵਿਚ ਚਿਰੜ ਚਿਰੜ ਕਰਕੇ ਬੋਲਿਆ। ਹਜ਼ੂਰ ਮੈਂ ਹੁਣ ਬਹੁਤ ਔਖਾ ਹਾਂ, ਕਿਰਪਾ ਕਰਕੇ ਹੁਣ ਮੈਨੂੰ ਮੁਕਤ ਕਰ ਦਿਓ। ਤਾਂ ਹਜ਼ੂਰ ਨੇ ਕਿਰਪਾ ਦ੍ਰਿਸ਼ਟੀ ਕਰਕੇ ਇਸ ਨੂੰ ਮੁਕਤ ਕੀਤਾ ਅਤੇ ਇਸ ਦੇ ਪਰਿਵਾਰ ਨੂੰ ਸਾਰੀ ਸਾਖੀ ਸੁਣਾਈ।

## ਦੀਪਾਲ ਪੁਰ ਦੇ ਕੋੜ੍ਹੀ ਫ਼ਕੀਰ ਨੂੰ ਰਾਜੀ ਕਰਨਾ

ਕਲਜੁਗੀ ਜੀਵਾਂ ਦਾ ਉਧਾਰ ਕਰਦੇ ਹੋਏ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਭਾਈ ਬਾਲੇ ਤੇ ਮਰਦਾਨੇ ਜੀ ਸਮੇਤ ਜ਼ਿਲ੍ਹਾ ਮਿੰਟਗੁਮਰੀ ਦੇ ਸ਼ਹਿਰ ਸੱਤਿਘਰਾ ਵਿਚ ਭਾਰੀ ਧਨਾਢ ਸ਼ਾਹੂਕਾਰ ਤੇ ਸ਼ਾਹੂਕਾਰਨੀ ਅਤੇ ਹੋਰ ਸੰਗਤਾਂ ਦਾ ਉਧਾਰ ਕਰਕੇ ਅੱਗੇ ਇਸੇ ਜ਼ਿਲ੍ਹੇ ਦੇ ਪਿੰਡ ਦੀਪਾਲਪੁਰ ਵਿਚ ਰਾਤ ਨੂੰ ਪਹੁੰਚੇ। ਤਾਂ ਹਜ਼ੂਰ ਨੂੰ ਬੈਠਣ ਵਾਸਤੇ ਕੋਈ ਥਾਂ ਨਾ ਦੇਵੇ। ਜਿਥੇ ਜਾ ਬੈਠਣ ਮੰਦੀ ਮੱਤ ਵਾਲੇ ਲੋਕ ਉਥੋਂ ਹੀ ਉਠਾ ਦੇਣ। ਕ੍ਰੋੜਾਂ ਬ੍ਰਹਮੰਡਾਂ ਨੂੰ ਰਚਣ ਵਾਲੇ, ਖਿਣ ਮਹਿ ਨੀਚ ਕੀਟ ਕਉ ਰਾਜ ਬਖਸ਼ਣ ਕਰਨ ਵਾਲੇ ਸਤਿਗੁਰੂ ਜੀ ਕੌਤਕ ਵਰਤਾਉਣ ਵਾਸਤੇ ਚੁੱਪ ਕਰਕੇ ਸਭ ਕੁਝ ਸਹਾਰੀ ਗਏ। ਅਖੀਰ ਕਿਰਪਾ ਨਿਧਾਨ ਸਤਿਗੁਰੂ ਜੀ ਨਗਰ ਤੋਂ ਬਾਹਰ ਆ ਗਏ। ਖੇਤਾਂ ਵਿਚ ਇਕ ਕੁੱਲੀ ਦੇਖ਼ ਕੇ ਉਸ ਵਲ ਚਲ ਪਏ। ਜਾ ਕੇ ਕੀ ਦੇਖਿਆ ਕਿ ਇਕ ਕੋੜ੍ਹੀ ਫਕੀਰ ਕਸ਼ਟ ਸਹਿਤ ਦੁਖੀ ਹੋ ਕੇ ਵਿਰਲਾਪ ਕਰ ਰਿਹਾ ਹੈ।

ਕੋੜ੍ਹੀ ਫ਼ਕੀਰ ਨੇ ਜਦੋਂ ਦਇਆ ਦੇ ਸਮੁੰਦਰ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਤਾਂ ਉਹ ਜੋ ਕੋੜ੍ਹ ਦੇ ਦੁਖ ਕਰਕੇ ਵਿਰਲਾਪ ਕਰ ਰਿਹਾ ਸੀ ਦਰਸ਼ਨ ਕਰਦਿਆਂ ਸਾਰ, ਵਿਰਲਾਪ ਕਰਨੋਂ ਹਟ ਗਿਆ। ਜਿੰਨਾਂ ਚਿਰ ਲੋਅ ਰਹੀ ਉਸ ਨੂੰ ਦਰਸ਼ਨ ਹੁੰਦੇ ਰਹੇ। ਉਨਾਂ ਚਿਰ ਉਸ ਦੀ ਸਾਰੀ ਪੀੜ ਮਿਟੀ ਰਹੀ। ਜਦੋਂ ਹਨੇਰਾ ਹੋਣ ਕਰਕੇ ਦਰਸ਼ਨ ਹੋਣੋ ਹਟ ਗਏ ਤਾਂ ਫਿਰ ਪੀੜ ਹੋਣ ਨਾਲ ਫਿਰ ਵਿਰਲਾਪ ਕਰਨ ਲੱਗ ਪਿਆ ਤਾਂ ਫਕੀਰ ਨੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ। ਬੇਨਤੀ ਸੁਣਿ ਕੇ ਗਰੀਬ ਨਿਵਾਜ ਸਤਿਗੁਰੂ ਜੀ ਕਰੁਣਾਰਸ ਵਿਚ ਢਲ ਗਏ ਅਤੇ ਕਿਹਾ ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ। ਮਰਦਾਨੇ ਦੇ ਰਬਾਬ ਵਜਾਉਣ ਤੋਂ ਹਜ਼ੂਰ ਨੇ ਸ਼ਬਦ ਉਚਾਰਿਆ॥

*"ਜੀਉ ਤਪਤੁ ਹੈ ਬਾਰੋ ਬਾਰ"* *ਆਦਿ-੬੬੧*

ਸਤਿਗੁਰੂ ਜੀ ਦੀ ਪਵਿੱਤਰ ਰਸਨਾ ਤੋਂ ਇਸ ਸ਼ਬਦ ਦਾ ਅੰਮ੍ਰਿਤ ਰੂਪ ਕੀਰਤਨ ਸੁਣਦਿਆਂ ਸਾਰ ਹੀ ਉਸ ਦਾ ਕੋੜ੍ਹ ਰੋਗ ਤੇ ਦੁਖ ਮਿਟ ਗਿਆ। ਸ਼ਾਂਤੀ ਦੀ ਪ੍ਰਾਪਤੀ ਹੋ ਗਈ,ਬੁਧੀ ਉਜਲ ਤੇ ਚਿਤ ਇਕਾਗਰ ਹੋ ਗਿਆ। ਰਿਦੇ ਅੰਦਰ ਪ੍ਰੇਮਾ ਭਗਤੀ ਜਾਗ ਪਈ ਅਤੇ ਮੁੱਖੋਂ ਧੰਨ ਗੁਰੂ ਨਾਨਕ ,ਧੰਨ ਗੁਰੂ ਨਾਨਕ ਦੀ ਮਿੱਠੀ ਮਿੱਠੀ ਧੁਨ ਉਚਾਰਨ ਲੱਗ ਪਿਆ।

ਸੋ ਇਸ ਪ੍ਰਕਾਰ ਪਰਮੇਸ਼ਰ ਦਾ ਨਾਮ ਸੁਣ ਕੇ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ਅੰਮ੍ਰਿਤ ਰੂਪ ਬਾਣੀ ਦੀ ਮਹਿਮਾ ਬੇਅੰਤ ਤੋਂ ਬੇਅੰਤ ਹੈ। ਸਰਧਾ ਤੇ ਭਰੋਸੇ ਨਾਲ ਜੋ ਭੀ ਗੁਰੂ ਕੀ ਬਾਣੀ ਨਾਲ ਚਿਤ ਜੋੜਦਾ ਹੈ,ਉਹ ਸਾਰੇ ਦੁੱਖਾਂ ਪਾਪਾਂ ਦਾ ਨਾਸ ਕਰਕੇ ਸੁਖ ਪਾ ਲੈਂਦਾ ਹੈ। ਸੋ ਨਿਸਚੇ ਸਹਿਤ ਬਾਣੀ ਵਿਚ ਚਿੱਤ ਜੋੜਨਾ ਚਾਹੀਦਾ ਹੈ। ਬਾਣੀ ਹੀ ਗੁਰੂ ਹੈ। ਬਾਣੀ ਤੋਂ ਬਿਨਾ ਕੋਈ ਕਲਿਆਣ ਕਰਨ ਨੂੰ ਸਮਰਥ ਨਹੀਂ ਹੈ।

## ਮੂਲੇ ਖਤ੍ਰੀ ਦਾ ਬੇਮੁਖ ਹੋਣਾ

ਸਤਿਗੁਰੂ ਨਾਨਕ ਸਾਹਿਬ ਜੀ ਸ੍ਰਿਸਟੀ ਦਾ ਉਧਾਰ ਕਰਦੇ ਹੋਏ ਸਿਆਲਕੋਟ ਨਗਰ ਦੇ ਬਾਹਰ ਜਾ ਬੈਠੇ। ਜਦੋਂ ਕੁਝ ਸਮਾਂ ਬੀਤ ਗਿਆ ਤਾਂ ਮਰਦਾਨੇ ਨੂੰ ਸੋਇਨਾ ਦਾ ਟਕਾ ਦੇ ਕੇ ਭੇਜਿਆ ਕਿ ਜਾ ਕੇ ਇਸ ਟਕੇ ਦਾ ਸੱਚ ਤੇ ਝੂਠ ਖ਼ਰੀਦ ਕੇ ਲਿਆ। ਜਦੋਂ ਮਰਦਾਨਾ ਜਾ ਕੇ ਦੁਕਾਨਾ ਤੋਂ ਪੁੱਛੇ ਤਾਂ ਸਭ ਸੁਣ ਕੇ ਹੈਰਾਨ ਹੋਣ। ਆਖਿਰ ਮੂਲੇ ਖਤ੍ਰੀ ਦੀ ਦੁਕਾਨ ਤੇ ਗਿਆ,ਜਦੋਂ ਉਸ ਤੋਂ ਪੁੱਛਿਆ ਤਾਂ ਉਸ ਨੇ ਕਾਗ਼ਜ਼ ਤੇ ਲਿਖ ਦਿੱਤਾ ਕਿ 'ਮਰਣਾ ਸੱਚ ਤੇ ਜੀਊਣਾ ਝੂਠ' ਅਤੇ ਸੋਇਨਾ ਦਾ ਟਕਾ ਲੈ ਲਿਆ। ਉਹ ਕਾਗ਼ਜ਼ ਲਿਆ ਕੇ ਮਰਦਾਨੇ ਨੇ ਸਤਿਗੁਰੂ ਜੀ ਨੂੰ ਦਿੱਤਾ ਤਾਂ ਗੁਰੂ ਜੀ ਨੇ ਕਿਹਾ ਠੀਕ ਹੈ,ਸੌਦਾ ਤਾਂ ਠੀਕ ਲਿਆਂਦਾ ਹੈ,ਪਰ ਹੁਣ ਜਿਸ ਪਾਸੋਂ ਤੂੰ ਸੌਦਾ ਲਿਆਂਦਾ ਹੈ ਉਸ ਨੂੰ ਬੁਲਾ ਕੇ ਲਿਆ। ਮਰਦਾਨਾ ਗਿਆ ਅਤੇ ਦੁਕਾਨਦਾਰ ਨੂੰ ਜਿਸ ਦਾ ਨਾਮ ਮੂਲਾ ਸੀ ਬੁਲਾ ਲਿਆਂਦਾ। ਸਤਿਗੁਰੂ ਜੀ ਨੇ ਪੁੱਛਿਆ ਕਿ

***ਜੀਵਣ ਝੂਠ ਮਰਣ ਸਚ ਜਾਤਾ। ਕਿਧੌਂ ਬਨਾਇ ਲਿਖੀ ਇਹ ਬਾਤਾ।***

ਹੇ ਮੂਲੇ ਤੂੰ ਇਹ ਨਿਸਚੇ ਭੀ ਕੀਤਾ ਹੈ ਕਿ ਐਂਵੇ ਗੱਲ ਹੀ ਬਣਾ ਕੇ ਲਿਖ ਦਿੱਤੀ ਹੈ। ਤਾਂ ਇਸ ਨੇ ਹੱਥ ਜੋੜ ਕੇ ਕਿਹਾ ਕਿ ਹੇ ਮਹਾਰਾਜ ਜੀ! ਮੈਂ ਤਾਂ ਧੰਨ ਦੇ ਲਾਲਚ ਕਰਕੇ ਲਿਖ ਦਿੱਤਾ ਹੈ। ਪਰ ਮੈਂ ਦਿਲ ਵਿਚ ਇਹ ਚਾਹੁੰਦਾ ਹਾਂ ਕਿ ਇਹ ਨਿਸਚਾ ਦ੍ਰਿੜ ਕਰਾ ਦਿਓ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਜੇ ਐਸੀ ਇੱਛਾ ਹੈ ਤਾਂ ਸਾਡੇ ਨਾਲ ਹੀ ਰਹੋ। ਜਗਤ ਦਾ ਮਾਲਕ ਅਕਾਲ ਪੁਰਖ ਤੇਰੀ ਇਛਾ ਪੂਰੀ ਕਰੇਗਾ। ਸਤਿਗੁਰੂ ਜੀ ਦਾ ਬਚਨ ਮੰਨ ਕੇ ਨਾਲ ਹੀ ਚਲ ਪਿਆ।

ਜਦੋਂ ਕੁਝ ਸਮਾਂ ਇਸ ਨੂੰ ਨਾਲ ਰਹਿੰਦੇ ਹੋਏ ਗੁਜਰਿਆ ਤਾਂ ਇਕ ਦਿਨ ਸਤਿਗੁਰੂ ਜੀ ਨੇ ਕਿਹਾ,ਕਿ ਮੈਂ ਇਕ ਆਦਮੀ ਤੋਂ ਸੁਣਿਆ ਹੈ,ਕਿ ਮੂਲਾ ਸਰੀਰ ਛੱਡ ਗਿਆ ਹੈ। ਤੇ ਤੇਰੀ ਘਰ ਵਾਲੀ ਜੀਊਂਦੀ ਚਿਖਾ ਬਾਲ ਕੇ ਸੜਨ ਲਈ ਤਿਆਰ ਹੋ ਗਈ ਹੈ। ਜੇ ਤੂੰ ਅੱਜ ਘਰ ਪੁੱਜ ਜਾਏਂ ਤਾਂ ਤੇਰਾ ਘਰ ਵਸਦਾ ਰਹਿ ਸਕਦਾ ਹੈ। ਇਹ ਸੁਣ ਕੇ ਇਸ ਦੇ ਮਨ ਵਿਚ ਭਾਰੀ ਦੁੱਖ ਹੋਇਆ ਤੇ ਕਹਿਣ ਲੱਗਾ ਮਹਾਰਾਜ

ਜੀ ਮੇਰਾ ਘਰ ਇਥੋਂ ਕਾਫ਼ੀ ਦੂਰ ਹੈ ਹੁਣ ਮੈਂ ਕਿਵੇਂ ਪੁੱਜ ਸਕਦਾ ਹਾਂ। ਆਪ ਕਿਰਪਾ ਕਰੋ ਮੇਰਾ ਘਰ ਵਸਿਆ ਰਹੇ ਤਾਂ ਸਤਿਗੁਰੂ ਜੀ ਨੇ ਕਿਹਾ, ਕਿ ਦੋਵੇਂ ਅੱਖਾਂ ਬੰਦ ਕਰ ਤਾਂ ਇਸ ਨੇ ਦੋਵੇਂ ਅੱਖਾਂ ਬੰਦ ਕੀਤੀਆਂ ਅਤੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਆਪਣੇ ਘਰ ਵਿਚ ਬੈਠਾ ਆਪਣੇ ਆਪ ਨੂੰ ਦੇਖਿਆ। ਘਰ ਵਾਲੀ ਜੋ ਸੜਨ ਨੂੰ ਤਿਆਰ ਸੀ ਉਸ ਨੂੰ ਬੁਲਾ ਲਿਆ।

ਅਤੇ ਕੁਝ ਸਮਾਂ ਬੀਤਣ ਤੋਂ ਪਿੱਛੋਂ ਫੇਰ ਸਤਿਗੁਰੂ ਜੀ ਸਿਆਲਕੋਟ ਨਗਰ ਵਿਚ ਆਏ ਅਤੇ ਕਿਹਾ, ਹੇ ਭਾਈ ਬਾਲੇ ਇਥੇ ਸਾਡਾ ਇਕ ਸੰਸਾਰੀ ਮਿੱਤਰ ਹੈ ਚੱਲ ਉਸ ਨੂੰ ਮਿਲੀਏ। ਇਉਂ ਕਹਿ ਕੇ ਸਤਿਗੁਰੂ ਜੀ ਚੱਲ ਕੇ ਆਏ ਅਤੇ ਮੂਲੇ ਦੇ ਦਰਵਾਜੇ ਤੇ ਪੁਜ ਕੇ ਖੜੇ ਹੋਏ ਤਾਂ ਉਸ ਦੀ ਪਤਨੀ ਨੇ ਜਿਸ ਨੂੰ ਹਜੂਰ ਨੇ ਸੜਨੋਂ ਬਚਾਇਆ ਸੀ, ਵੇਖ ਕੇ ਕਿਹਾ, ਕਿ ਉਹੀ ਸਾਧੂ ਫੇਰ ਆ ਗਏ ਹਨ, ਜੋ ਤੈਨੂੰ ਨਾਲ ਲੈ ਗਏ ਸਨ ਤੂੰ ਕਿਤੇ ਲੁਕ ਜਾ। ਮੂਲਾਂ ਭਾਵੇਂ ਸਤਿਗੁਰੂ ਜੀ ਦੀ ਮਹਿਮਾ ਜਾਣਦਾ ਸੀ ਕਿ ਆਪ ਜੀ ਅੰਤਰਜਾਮੀ ਹਨ। ਸਰਬ ਕਲਾ ਸਮਰਥ ਹਨ, ਪਰ ਘਰ ਵਾਲੀ ਤੇ ਖੋਟੀ ਕਿਸਮਤ ਦਾ ਪ੍ਰੇਰਿਆ ਜਿਥੇ ਸੁੱਕੇ ਗੋਹਿਆਂ ਨੂੰ ਇਕੱਠਾ ਕੀਤਾ ਹੋਇਆ ਸੀ, ਉਸ ਗੁਹਾਰੇ ਵਿਚ ਜਾ ਕੇ ਲੁਕ ਗਿਆ।

ਸਤਿਗੁਰੂ ਜੀ ਨੇ ਇਸ ਦੀ ਸਾਰੀ ਬਿਸਿਦਕਪੁਣੇ ਦੀ ਰੀਤੀ ਜਾਣਦਿਆਂ ਹੋਇਆਂ ਇਸ ਦਾ ਨਾਮ ਲੈ ਕੇ ਅਵਾਜ਼ਾਂ ਮਾਰੀਆਂ ਤਾਂ ਇਸ ਦੇ ਘਰ ਵਾਲੀ ਕਹਿਣ ਲੱਗੀ ਕਿ ਉਹ ਤਾਂ ਘਰ ਨਹੀਂ ਹੈ। ਬਾਹਰ ਕਿਤੇ ਕੰਮ ਗਿਆ ਹੋਇਆ ਹੈ ਤਾਂ ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਇਹ ਬੇਮੁਖ ਹੈ, ਕਰਮਾਂ ਤੋਂ ਹੀਣਾ ਹੈ। ਅਸੀਂ ਮਿਲਣ ਵਾਸਤੇ ਆਏ ਸਾਂ ਪਰ ਇਹ ਘਰ ਅੰਦਰ ਛੁਪ ਗਿਆ ਹੈ, ਆਪਣੀ ਇਸਤਰੀ ਦੇ ਕਹੇ ਲਗ ਕੇ, ਇਹ ਚੰਗਾ ਨਹੀਂ ਕੀਤਾ। ਇਉਂ ਕਹਿ ਕੇ ਸਤਿਗੁਰੂ ਜੀ ਨੇ ਸ਼ਬਦ ਉਚਾਰਿਆ:-

*ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥*
*ਮਰਣੁ ਨਾ ਜਾਪੈ ਮੂਲਿਆ ਆਵੈ ਕਿਤੈ ਥਾਇ॥* *ਆਦਿ-੧੪੧੨*

ਜਦੋਂ ਸਤਿਗੁਰੂ ਜੀ ਇਉਂ ਕਹਿ ਕੇ ਤੁਰ ਪਏ ਤਾਂ ਉਸ ਵੇਲੇ ਕਾਲਾ ਨਾਗ ਗੋਹਿਆਂ ਵਿਚੋਂ ਨਿਕਲਿਆ ਤੇ ਮੂਲੇ ਨੂੰ ਡੰਗ ਮਾਰਿਆ,ਉਹ ਹਾਏ ਹਾਏ ਕਰਦਾ ਪਛਤਾਉਂਦਾ ਮਰ ਗਿਆ। ਸਤਿਗੁਰੂ ਜੀ ਬਾਹਰ ਇਕ ਸੁੰਦਰ ਥਾਂ ਦੇਖ ਕੇ ਜਾ ਬੈਠੇ। ਇਹ ਸਾਰੀ ਗੱਲ ਨਗਰ ਦੇ ਲੋਕਾਂ ਵਿਚ ਫੈਲ ਗਈ ਕਿ ਸਤਿਗੁਰਾਂ ਤੋਂ ਬੇਮੁਖ ਹੋਣ ਕਰਕੇ ਮੂਲਾ ਮਰ ਗਿਆ ਹੈ। ਤਾਂ ਸਿਆਣੇ ਪੁਰਸ਼ਾਂ ਨੇ ਕਿਹਾ,ਇਸ ਨੂੰ ਚੁੱਕ ਕੇ ਗੁਰਾਂ ਪਾਸ ਲੈ ਚਲੀਏ, ਇਸ ਕਰਕੇ ਇਸ ਦੇ ਗੁਨਾਹ ਬਖਸ਼ੇ ਜਾਣ। ਜਦੋਂ ਪਲੰਘੇ ਤੇ ਪਾ

ਕੇ ਇਸ ਦੇ ਸਰੀਰ ਨੂੰ ਸਤਿਗੁਰੂ ਪਾਸ ਲਿਆਂਦਾ ਤਾਂ ਪਲੰਘੇ ਤੋਂ ਉਤਾਰ ਕੇ ਧਰਤੀ ਤੇ ਸਤਿਗੁਰੂ ਜੀ ਦੇ ਚਰਨਾ ਵਿਚ ਰੱਖ ਦਿਤਾ। ਇਸ ਦੇ ਨਾਲ ਬਹੁਤ ਲੋਕ ਆਏ, ਸਾਰਿਆਂ ਨੇ ਹਿਰਦੇ ਵਿਚ ਪ੍ਰੇਮ ਧਾਰ ਕੇ ਬੇਨਤੀ ਕੀਤੀ,ਕਿ ਹੇ ਗੁਰੂ ਮਹਾਰਾਜ ਜੀ ਕਿਰਪਾ ਕਰੋ ਇਸ ਨੂੰ ਜਿਊਂਦਾ ਕਰੋ ਜੀ। ਤਾਂ ਸਤਿਗੁਰੂ ਜੀ ਨੇ ਕਿਹਾ ਇਸ ਨੂੰ ਕਰਤਾਰ ਦੀ ਕਰੜੀ ਮਾਰ ਪੈ ਚੁੱਕੀ ਹੈ। ਇਸ ਲਈ ਇਹ ਹੁਣ ਜੀਊਂਦਾ ਨਹੀਂ ਹੋ ਸਕਦਾ ਪਰ ਜੋ ਅੰਤ ਸਮੇਂ ਸਾਡੇ ਦਰਸ਼ਨ ਹੋਏ ਹਨ ਇਸ ਦਾ ਇਹ ਫਲ ਹੋਵੇਗਾ ਕਿ ਜਦੋਂ ਅਸੀਂ ਦਸਵਾਂ ਜਾਮਾ ਪਹਿਰਾਂਗੇ ਤਾਂ ਇਸ ਨੂੰ ਜਨਮ ਮਰਨ ਤੋਂ ਰਹਿਤ ਕਰਾਂਗੇ। ਤਦੋਂ ਤਕ ਇਹ ਸੂਰ,ਹਰਨ,ਸਹੇ ਆਦਿਕਾਂ ਦੀਆਂ ਦੇਹਾਂ ਧਾਰੇਗਾ।

ਜਦੋਂ ਦਸਮ ਸਰੂਪ ਵਿਚ ਮਾਹਰਾਜ ਜੀ ਹਜ਼ੂਰ ਸਾਹਿਬ ਤੋਂ ਪਰੇ ਸ਼ਿਕਾਰ ਘਾਟ ਸ਼ਿਕਾਰ ਬਿਰਤੀ ਲਈ ਨਿਕਲੇ ਤਾਂ ਇਹ ਉਸ ਵੇਲੇ ਸਹੇ ਦੀ ਜੂਨ ਵਿਚ ਸੀ। ਤਾਂ ਦਸਵੇਂ ਪਾਤਿਸ਼ਾਹ ਜੀ ਨੇ ਤੀਰ ਮਾਰ ਕੇ ਇਸ ਦੀ ਕਲਿਆਣ ਕੀਤੀ। ਇਉਂ ਇਹ ਬੇਅੰਤ ਜੂਨਾਂ ਭੋਗ ਕੇ ਮੁਕਤ ਹੋਇਆ।

## ਤੁਲਸਾਂ ਦਾਸੀ ਦਾ ਚਰਨਾ ਨਾਲ ਪਿਆਰ

ਇੱਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਘਰ ਸੌਣ ਲਈ ਲੇਟੇ ਹੋਏ ਸਨ। ਉਸੇ ਵਕਤ ਹੀ ਭੋਜਨ ਤਿਆਰ ਹੋ ਰਿਹਾ ਸੀ ਕਈ ਕਿਸਮ ਦੇ ਬਹੁਤ ਸੁਆਦੀ ਖਾਣੇ ਤਿਆਰ ਹੋ ਰਹੇ ਸਨ। ਮਾਤਾ ਤ੍ਰਿਪਤਾ ਜੀ ਜੋ ਰਸੋਈ ਵਿਚ ਸਨ ਉਸ ਨੇ ਆਪਣੇ ਪੁੱਤਰ ਵਾਸਤੇ ਕਈ ਤਰ੍ਹਾਂ ਦੇ ਭੋਜਨ ਤਿਆਰ ਕਰਵਾਏ। ਉਸ ਨੇ ਇੱਕ ਦਾਸੀ ਤੁਲਸਾਂ ਕੋਲ ਬੁਲਾਈ ਤੇ ਕਿਹਾ ਕਿ ਪੁੱਤਰ ਨੂੰ ਜਗਾ ਕੇ ਲਿਆਓ ਕਿਤੇ ਭੋਜਨ ਠੰਡਾ ਨਾ ਹੋ ਜਾਵੇ। ਮਾਤਾ ਦੀ ਆਗਿਆ ਸੁਣ ਕੇ ਦਾਸੀ ਚਲੀ ਗਈ ਉਥੇ ਪਹੁੰਚੀ ਜਿਥੇ ਗੁਣਾਂ ਦੀ ਖਾਣ ਗੁਰੂ ਜੀ ਸੁੱਤੇ ਪਏ ਸਨ। ਦਾਸੀ ਦੇ ਮਨ ਵਿਚ ਜਗਾਉਣ ਦੀ ਇੱਛਾ ਸੀ ਪਰ ਸਿਆਣੀ ਮੱਤ ਵਾਲੀ ਹੋਣ ਕਰਕੇ ਉਹ ਕੁਝ ਨਾ ਬੋਲੀ ਉਪਰ ਲਏ ਹੋਏ ਚਾਦਰੇ ਵਿਚੋਂ ਗੁਰੂ ਜੀ ਦਾ ਚਰਨ ਸੋਭਾ ਪਾ ਰਿਹਾ ਸੀ ਉਸਦਾ ਜੀਅ ਲਲਚਾਅ ਗਿਆ ਕਿ ਗੁਰੂ ਜੀ ਦੇ ਚਰਨਾ ਨੂੰ ਪਰਸਾਂ। ਉਸ ਦਾਸੀ ਦੇ ਮਨ ਅੰਦਰ ਪ੍ਰੇਮ ਜਾਗ ਪਿਆ। ਉਸ ਨੇ ਚਰਨ ਨੂੰ ਨਹੀ ਛੂਹਿਆ ਸਗੋਂ ਆਪਣੀ ਜੀਭ ਨਾਲ ਚੱਟਣ ਲੱਗ ਪਈ। ਜੱਗ ਵਿਚ ਪ੍ਰੇਮ ਵਾਲੀ ਕਿੰਨੇ ਵੱਡੇ ਭਾਗਾਂ ਵਾਲੀ ਸੀ। ਤਾਂ ਉਸ ਨੇ ਉੱਥੇ ਇੱਕ ਅਜੀਬ ਕੌਤਕ ਵੇਖਿਆ। ਉਸ ਨੂੰ ਉੱਥੇ ਗੁਰੂ ਨਾਨਕ ਜੀ ਦਾ ਅਜੀਬ ਸਰੂਪ ਦਿਖਿਆ। ਲਾਹੌਰ ਦਾ ਜੋ ਸ਼ਾਹ ਮਨਸੁਖ ਸੀ ਉਸਦਾ ਜਹਾਜ਼ ਸਮੁੰਦਰ ਵਿਚ ਸੀ। ਉਸ ਜਹਾਜ਼ ਨੂੰ ਕੋਈ ਵਿਘਨ ਪੈਣ ਲੱਗ ਪਿਆ ਸੀ। ਉਸ ਨੇ ਗੁਰੂ ਨਾਨਕ ਦੇਵ ਨੂੰ ਪ੍ਰੇਮ ਸਹਿਤ ਯਾਦ ਕੀਤਾ। ਹੇ ਪ੍ਰਭੂ ਹੇ ਦੀਨ ਬੰਧੂ ਪੂਰਨ ਗੁਰੂ ਮੇਰੀ ਜਲਦੀ ਪਹੁੰਚ ਕੇ ਸਹਾਇਤਾ ਕਰੋ। ਜਿਥੇ ਕੋਈ ਵੀ ਸਬੰਧੀ ਸਾਥ ਨਾ ਦੇਣ ਉਥੇ ਜਗ ਦੇ ਮਾਲਕ

ਆਪ ਸਹਾਈ ਹੁੰਦੇ ਹਨ। ਭਗਤ ਦੀ ਇੱਛਾ ਪੂਰੀ ਕਰੋ। ਸੰਗਲਾਦੀਪ ਦੇ ਕੰਢੇ ਤੇ ਮੇਰੇ ਜਹਾਜ਼ ਨੂੰ ਪਹੁੰਚਾ ਦਿਓ। ਤਾਂ ਗੁਰੂ ਜੀ ਆਪਣੀ ਅਰਾਧਨਾ ਜਾਣ ਕੇ ਅੰਤਰਜਾਮੀ ਸਮੁੰਦਰ ਵਿਚ ਪਹੁੰਚ ਗਏ ਤੇ ਜਹਾਜ਼ ਨੂੰ ਕਿਨਾਰੇ ਤੇ ਲਗਾ ਦਿੱਤਾ। ਇਹ ਵੇਖ ਕੇ ਮਨਸੁਖ ਦਾ ਹਿਰਦਾ ਖੁਸ਼ੀ ਨਾਲ ਭਰ ਗਿਆ ਸੀ। ਦਾਸੀ ਨੇ ਸਾਰਾ ਕੌਤਕ ਵੇਖਿਆ ਉਦੋਂ ਹੀ ਉਥੋ ਜਾ ਕੇ ਮਾਤਾ ਤ੍ਰਿਪਤਾ ਜੀ ਨੂੰ ਦੱਸਿਆ ਕਿ ਮੈਂ ਗੁਰੂ ਜੀ ਨੂੰ ਨਹੀਂ ਜਗਾਇਆ ਉਹ ਤਾਂ ਸਮੁੰਦਰ ਵਿਚ ਜਹਾਜ਼ ਨੂੰ ਕਿਨਾਰੇ ਲਗਾਉਣ ਵਿਚ ਲੱਗੇ ਹੋਏ ਹਨ। ਜਦੋਂ ਹੀ ਉਨ੍ਹਾਂ ਨੇ ਆਪਣੇ ਸਿੱਖ ਦਾ ਜਹਾਜ਼ ਬੰਨੇ ਲਗਾ ਦਿੱਤਾ ਤਾਂ ਮੈਂ ਜਗਾ ਦੇਵਾਂਗੀ। ਇਹ ਸੁਣ ਕੇ ਮਾਤਾ ਤ੍ਰਿਪਤਾ ਜੀ ਆਪ ਆਪਣੇ ਪੁੱਤਰ ਨੂੰ ਜਗਾਉਣ ਚਲੇ ਗਏ। ਉਨ੍ਹਾਂ ਨੂੰ ਜਗਾ ਕੇ ਭੋਜਨ ਛਕਾਇਆ ਤੇ ਬਾਅਦ ਵਿਚ ਮਾਤਾ ਨੇ ਆਖਿਆ ਸੁਣੋ ਪੁੱਤਰ ਜੀ ਤੇਰੀ ਦਸਾ ਜਾਣ ਕੇ ਦਾਸੀ ਨੇ ਵੀ ਮੇਰੇ ਕੋਲ ਤੇਰਾ ਮਜ਼ਾਕ ਉਡਾਇਆ ਹੈ। ਉਹ ਕਹਿੰਦੀ ਸੀ ਕਿ ਤੁਸੀਂ ਜਹਾਜ਼ ਲੰਘਾਉਣ ਦਾ ਕੰਮ ਕਰ ਰਹੇ ਸੀ ਇਸੇ ਕਰਕੇ ਉਹ ਕਹਿੰਦੀ ਮੈਂ ਜਗਾਇਆ ਨਹੀਂ। ਮਾਤਾ ਜੀ ਦੀ ਗੱਲ ਸੁਣ ਕੇ ਅੰਤਰਜਾਮੀ ਗੁਰੂ ਜੀ ਬੋਲੇ ਕਮਲੀ ਝਮਲੀ ਦੇ ਬੋਲ ਐਸੇ ਵੈਸੇ ਹੀ ਹਨ ਇਸ ਦੇ ਕਹੇ ਤੇ ਯਕੀਨ ਨਹੀਂ ਕਰਨਾ। ਇਸ ਤਰ੍ਹਾਂ ਕਹਿ ਕਰਕੇ ਗੁਰੂ ਜੀ ਜੰਗਲ ਵੱਲ ਚਲੇ ਗਏ ਅਤੇ ਇਕਾਂਤ ਵਿਚ ਜਾ ਬੈਠੇ। ਦਾਸੀ ਨੂੰ ਇਸ ਤਰ੍ਹਾਂ ਬਚਨ ਕਹਿਣ ਕਰਕੇ ਉਹ ਝੱਲੀ ਹੋ ਗਈ ਅਤੇ ਉਸ ਦੀ ਸੋਝੀ ਚਲੀ ਗਈ। ਜਿੰਨਾ ਚਿਰ ਉਹ ਜਗ ਵਿਚ ਜਿਉਂਦੀ ਰਹੀ ਤਦ ਤੱਕ ਉਸ ਨੂੰ ਸੁਰਤ ਸੁੱਧ ਨਹੀਂ ਸੀ ਆਈ। ਜਦੋਂ ਉਹ ਪੰਜ ਭੂਤਕ ਸਰੀਰ ਨੂੰ ਛੱਡ ਗਈ ਉਸ ਸਮੇਂ ਉਸ ਦੀ ਮੁਕਤੀ ਹੋ ਗਈ ਤੇ ਉਹ ਪ੍ਰਭੂ ਦੇ ਘਰ ਪਹੁੰਚ ਗਈ।

## ਭਾਈ ਮਨਸੁਖ ਦਾ ਰਾਜੇ ਸ਼ਿਵਨਾਭ ਨਾਲ ਮਿਲਾਪ

ਮਨਸੁਖ ਲਾਹੌਰ ਸ਼ਹਿਰ ਦਾ ਨਿਵਾਸੀ ਸੀ ਜੋ ਸ਼ਾਹ ਸੀ। ਇਸ ਦੇ ਕੋਲ ਭਾਈ ਮਰਦਾਨੇ ਜੀ ਦੀ ਪੁੱਤਰੀ ਦੇ ਵਿਆਹ ਦੇ ਸਮਾਨ ਲਈ ਭਾਈ ਭਗੀਰਥ ਨੂੰ ਭੇਜਿਆ ਸੀ। ਭਾਈ ਭਗੀਰਥ ਜੋ ਕਾਲਕਾ ਦੇਵੀ ਦਾ ਉਪਾਸ਼ਕ ਸੀ। ਜਦੋਂ ਇਸ ਨੇ ਮੁਕਤੀ ਮੰਗੀ ਤਾਂ ਕਾਲਕਾ ਦੇਵੀ ਨੇ ਆਪਣੇ ਸੇਵਕ ਭਗੀਰਥ ਨੂੰ ਸੁਲਤਾਨਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਭੇਜਿਆ ਸੀ। ਗੁਰੂ ਸਾਹਿਬ ਨੇ ਇਸ ਦੀ ਇੱਛਾ ਨੂੰ ਪੂਰੀ ਕਰਨ ਵਾਸਤੇ ਆਪਣੇ ਕੋਲ ਰੱਖ ਕੇ ਸੇਵਾ ਬਖਸ਼ ਦਿੱਤੀ ਸੀ। ਜਦੋਂ ਭਾਈ ਭਗੀਰਥ ਨੇ ਮਨਸੁਖ ਸ਼ਾਹ ਨੂੰ ਆਖਿਆ ਕਿ ਮੈਂ ਇੱਕ ਰਾਤ ਤੋਂ ਵੱਧ ਜੇਕਰ ਠਹਿਰਾਂਗਾ ਤਾਂ ਮੇਰਾ ਜਨਮ ਵਿਅਰਥ ਹੋ ਜਾਵੇਗਾ। ਭਾਈ ਭਗੀਰਥ ਦੀ ਸ਼ਰਧਾ ਭਰੀ ਬੋਲੀ ਸੁਣਕੇ ਮਨਸੁਖ ਇਸ ਦੇ ਨਾਲ ਹੀ ਗੁਰੂ ਨਾਨਕ ਸਾਹਿਬ ਦੇ ਕੋਲ ਪਹੁੰਚ ਗਿਆ। ਮਨਸੁਖ ਰੋਜਾਨਾ ਗੁਰੂ ਸਾਹਿਬ ਜੀ ਵੱਲੋਂ ਮਿਲੇ ਸ਼ਬਦਾਂ ਦਾ ਜਾਪ ਕਰਦੇ ਰਹਿੰਦੇ। ਉਸ ਦੇ ਮਨ

ਵਿਚ ਕਿਸੇ ਪ੍ਰਕਾਰ ਦਾ ਭਰਮ ਨਹੀਂ ਸੀ। ਇੱਕ ਵਾਰੀ ਮਨਸੁਖ ਆਪਣਾ ਸੌਦਾ ਲੈ ਕੇ ਸੰਗਲਾਦੀਪ ਪਹੁੰਚਿਆ। ਉੱਥੇ ਇੱਕ ਸ਼ਿਵਨਾਭ ਰਾਜਾ ਰਹਿੰਦਾ ਸੀ। ਉਹ ਕਰਮਾਂ ਧਰਮਾਂ ਦਾ ਬਹੁਤ ਪਾਬੰਦ ਸੀ। ਪੂਜਾ ਕਰਨ ਲਈ ਉਸ ਨੇ ਠਾਕਰ ਰੱਖੇ ਹੋਏ ਸਨ। ਉਹ ਇਕਾਦਸੀ ਨੂੰ ਵਰਤ ਰੱਖਦਾ ਸੀ। ਇਸ ਦਿਨ ਸਾਰੇ ਲੋਕ ਵਰਤ ਰੱਖਦੇ ਸਨ। ਉਸੇ ਸ਼ਹਿਰ ਵਿਚ ਮਨਸੁਖ ਆਪਣੇ ਵਪਾਰ ਦੀ ਸਮੱਗਰੀ ਲੈ ਕੇ ਪਹੁੰਚ ਗਿਆ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਗਿਆ ਕੀਤੀ ਹੋਈ ਸੀ ਉਹ ਉਸੇ ਤਰ੍ਹਾਂ ਨਿਤਨੇਮ ਕਰਦਾ ਸੀ। ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਕੇ ਕੀਰਤਨ ਕਰਦਾ। ਬਹੁਤ ਸਾਰੇ ਸ਼ਬਦ ਕੰਠ ਕੀਤੇ ਹੋਏ ਸਨ। ਸਵੇਰ ਹੁੰਦੀ ਤਾਂ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਕਰਦਾ ਤੇ ਸੰਗਤਾਂ ਨੂੰ ਵਰਤਾ ਦਿੰਦਾ। ਉਹ ਇਸ ਤਰ੍ਹਾਂ ਨਿਤਨੇਮ ਨਿਭਾਉਂਦਾ ਹੋਇਆ ਵਣਜ ਕਰੀ ਜਾਂਦਾ ਸੀ। ਸ਼ਾਮ ਹੁੰਦੀ ਤਾਂ ਪ੍ਰੀਤ ਨਾਲ ਗੁਰਬਾਣੀ ਪੜ੍ਹਦਾ। ਉਸ ਦੀ ਇਹ ਰੀਤ ਵੇਖ ਕੇ ਉਥੋਂ ਦੇ ਲੋਕਾਂ ਨੇ ਈਰਖਾ ਵਸ ਹੋ ਕੇ ਰਾਜੇ ਕੋਲ ਸ਼ਿਕਾਇਤ ਕਰ ਦਿੱਤੀ। ਦੱਸਿਆ ਇੱਕ ਸ਼ਾਹੂਕਾਰ ਆਇਆ ਹੈ ਉਸ ਨੇ ਹਿੰਦੂ ਧਰਮ ਦੀਆਂ ਰੀਤਾਂ ਤਿਆਗ ਕੇ ਨਵੀਂ ਰੀਤ ਚਲਾਈ ਹੋਈ ਹੈ। ਰਾਜੇ ਨੇ ਜਦੋਂ ਸੁਣਿਆ ਤਾਂ ਮਨਸੁਖ ਨੂੰ ਬਲਾਉਣ ਲਈ ਬੰਦੇ ਭੇਜ ਦਿੱਤੇ। ਸ਼ਾਹੂਕਾਰ ਇੱਕ ਨਾਰੀਅਲ ਅਤੇ ਰੁਪਈਆ ਨਾਲ ਲੈ ਕੇ ਰਾਜੇ ਨੂੰ ਮੱਥਾ ਟੇਕ ਕੇ ਗੁਰੂ ਨਾਨਕ ਸਾਹਿਬ ਦਾ ਨਾ ਲੈ ਕੇ ਬੈਠ ਗਿਆ। ਰਾਜੇ ਨੇ ਪੁੱਛਿਆ ਤੂੰ ਹਿੰਦੂ ਅਖਵਾਉਂਦਾ ਹੋਇਆ ਵਰਤ ਨਹੀਂ ਰੱਖਦਾ ,ਤਿਲਕ ਨਹੀਂ ਲਾਉਂਦਾ,ਤੂੰ ਵੱਖਰੀ ਰੀਤ ਚਲਾ ਰਿਹਾ ਹੈਂ। ਇਹ ਖੋਟੀ ਰੀਤ ਤੈਨੂੰ ਕਿਸਨੇ ਸਿਖਾਈ ਹੈ। ਸ਼ਾਹੂਕਾਰ ਨੇ ਆਖਿਆ ਹੇ ਰਾਜਾ ਮੇਰੀ ਵੀ ਸੁਣੋ ਜਗਤ ਨੂੰ ਬਿਰਛ ਸਮਾਨ ਜਾਣੋ। ਇਸ ਦੇ ਸਿਖਰ ਤੇ ਮਾਨੋਂ ਮੁਕਤੀ ਰੂਪੀ ਫਲ ਲੱਗਿਆ ਹੋਇਆ ਹੈ। ਉਸ ਨੂੰ ਪ੍ਰਾਪਤ ਕਰਨ ਦੇ ਦੋ ਰਾਹ ਹਨ ਇੱਕ ਪੰਛੀ ਮਾਰਗ ਤੇ ਇੱਕ ਕੀੜੀ ਮਾਰਗ। ਜਿਨ੍ਹਾਂ ਨੂੰ ਕਿਰਪਾਲੂ ਗੁਰੂ ਮਿਲ ਪੈਂਦਾ ਹੈ ਉਹ ਪੰਛੀ ਦੀ ਤਰ੍ਹਾਂ ਫਲ ਪ੍ਰਾਪਤੀ ਲਈ ਉਡਾਰੀ ਮਾਰ ਕੇ ਪਹੁੰਚ ਜਾਂਦੇ ਹਨ। ਜਿਨ੍ਹਾ ਨੂੰ ਕਿਰਪਾਲੂ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਉਹ ਕੀੜੀ ਦੀ ਨਿਆਂਈਂ ਉਸ ਫਲ ਦੀ ਪ੍ਰਾਪਤੀ ਵਾਸਤੇ ਧਰਤੀ ਤੋਂ ਚੱਲ ਕੇ ਬਿਰਛ ਦੇ ਤਣੇ ਅਤੇ ਟਾਹਣੀਆਂ ਉਪਰ ਦੀ ਹੋ ਕੇ ਫਲ ਕੋਲ ਪਹੁੰਚਣ ਦਾ ਯਤਨ ਕਰਦੇ ਰਹਿੰਦੇ ਹਨ। ਤੁਸੀਂ ਇਕਾਦਸੀ ਨੂੰ ਵਰਤ ਰੱਖਦੇ ਹੋ ਪਰ ਸੰਤ ਲੋਕ ਰੋਜਾਨਾ ਹੀ ਵਰਤ ਰੱਖਦੇ ਹਨ। ਉਹ ਆਪਣਾ ਮਨ ਨੀਵਾਂ ਕਰਕੇ ਨਿਰਹੰਕਾਰ ਹੋ ਕੇ ਗੁਜਰਾਨ ਕਰਦੇ ਹਨ। ਉਨ੍ਹਾ ਸੰਤਾਂ ਤੇ ਕਾਮ ਕ੍ਰੋਧ ਦਾ ਜ਼ੋਰ ਨਹੀਂ ਚੱਲਦਾ। ਤੁਹਾਨੂੰ ਇਕ ਇਕਾਦਸੀ ਵਾਲਾ ਦਿਨ ਹੀ ਵਰਤ ਲਈ ਹੁੰਦਾ ਹੈ ਤੇ ੧੪ ਦਿਨ ਖਾਲੀ ਰਹਿ ਜਾਂਦੇ ਹਨ। ਦੂਜਾ ਜੋ ਇਸ਼ਨਾਨ ਵਾਲੀ ਗੱਲ ਹੈ ਉਹ ਪਹਿਰ ਰਾਤ ਰਹਿੰਦੀ ਸਾਰੇ ਧਾਰਮਿਕ ਗ੍ਰੰਥਾਂ ਵਿਚ ਲਿਖੀ ਹੋਈ ਹੈ। ਤੀਜਾ ਜੋ ਪੱਥਰ ਨੂੰ ਪੂਜਣਾ

ਹੈ ਸੁਣੋ!ਜੋ ਖਾਂਦੇ ਨਹੀਂ, ਪੀਂਦੇ ਨਹੀਂ ਅਤੇ ਨਾ ਹੀ ਉਪਦੇਸ਼ ਦਿੰਦੇ ਹਨ। ਬਿਨਾ ਉਪਦੇਸ਼ ਤੋਂ ਮਨ ਕਿਵੇਂ ਸਮਝ ਸਕਦਾ ਹੈ। ਇਸ ਲਈ ਉਨ੍ਹਾਂ ਦੀ ਸੇਵਾ ਵਿਚੋਂ ਕੀ ਫਲ ਮਿਲੇਗਾ। ਜੋ ਲੋਕ ਜਪ, ਤਪ, ਬ੍ਰਤ ਆਦਿ ਧਰਮ ਵਾਲੇ ਸਾਰੇ ਕੰਮ ਕਰਦੇ ਹਨ,ਐਸਾ ਜਾਣੋ ਕਿ ਉਨ੍ਹਾਂ ਦਾ ਫਲ ਪ੍ਰਾਪਤੀ ਦਾ ਕੀੜੀ ਵਾਲਾ ਹੀ ਰਸਤਾ ਹੈ। ਜੋ ਪੂਰਨ ਗੁਰੂ ਬਚਨ ਕਰਦਾ ਹੈ ਉਨ੍ਹਾਂ ਬਚਨਾ ਦੇ ਅਨੁਸਾਰ ਸੇਵਾ ਕਰਕੇ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ। ਉਨ੍ਹਾਂ ਨੂੰ ਪੰਛੀ ਮਾਰਗ ਦੀ ਨਿਆਂਈਂ ਫਲ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਇਸ ਤਰ੍ਹਾਂ ਮਨੁੱਖ ਫਲ ਰੂਪੀ ਮੁਕਤੀ ਦੀ ਪ੍ਰਾਪਤੀ ਕਰ ਲੈਂਦਾ ਹੈ। ਸਾਹੂਕਾਰ ਮਨਸੁਖ ਨੇ ਜਦੋਂ ਇਹ ਬਚਨ ਸੁਣਾਏ ਤਾਂ ਰਾਜਾ ਸਹਿਮਤ ਹੋ ਗਿਆ। ਉਸ ਨੂੰ ਲੱਗਿਆ ਕਿ ਮਨਸੁਖ ਨੇ ਸੱਚੀ ਗੱਲ ਕਹੀ ਹੈ। ਇਸ ਨੂੰ ਕੋਈ ਪੂਰਾ ਗੁਰੂ ਮਿਲਿਆ ਹੋਇਆ ਹੈ। ਰਾਜੇ ਸ਼ਿਵਨਾਭ ਨੇ ਬੇਨਤੀ ਕੀਤੀ ਕਿ ਤੁਹਾਡੇ ਗੁਰੂ ਦਾ ਪੂਰਾ ਨਾ ਕੀ ਹੈ। ਮਨਸੁਖ ਨੇ ਦੱਸਿਆ ਕਿ ਮੇਰੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਅੱਗੋਂ ਰਾਜਾ ਸ਼ਿਵਨਾਭ ਨੇ ਆਖਿਆ ਕਿ ਮੈਂ ਰਾਜ ਭਾਗ ਤਿਆਗ ਕੇ ਤੇਰੇ ਨਾਲ ਹੀ ਚਲਦਾ ਹਾਂ। ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਆਪਣੇ ਸਾਰੇ ਭਰਮ ਦੂਰ ਕਰ ਲਵਾਂਗਾ ਤੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਪਰਮਪਦ ਪ੍ਰਾਪਤ ਕਰਾਂਗਾ। ਵੱਡੇ ਭਾਗਾਂ ਨਾਲ ਰਾਜੇ ਸ਼ਿਵਨਾਭ ਦੇ ਅੰਦਰ ਅਥਾਹ ਪ੍ਰੇਮ ਜਾਗ ਪਿਆ। ਮਨਸੁਖ ਬੋਲਿਆ ਹੇ ਰਾਜਨ ਰਾਜ ਭਾਗ ਨਾ ਤਿਆਗੋ। ਜੇਕਰ ਤੁਸੀਂ ਮੇਰੇ ਨਾਲ ਜਾਵੋਗੇ ਤਾਂ ਬਹੁਤ ਦਿਨਾ ਬਾਅਦ ਸਤਿਗੁਰਾਂ ਦੇ ਦਰਸ਼ਨ ਹੋਣਗੇ। ਜੇਕਰ ਇੱਥੇ ਹੀ ਮਨ ਵਿਚ ਪ੍ਰੇਮ ਸਹਿਤ ਚਿਤਵੋਂਗੇ ਤਾਂ ਜਲਦੀ ਦਰਸ਼ਨ ਕਰ ਲਵੋਂਗੇ। ਉਹ ਅੰਤਰਜਾਮੀ ਹਨ। ਤੈਨੂੰ ਦਰਸ਼ਨ ਆ ਕੇ ਦੇਣਗੇ। ਰਾਜਾ ਆਖਣ ਲੱਗਾ ਮੈਂ ਉਨ੍ਹਾਂ ਦੀ ਕਿਸ ਤਰ੍ਹਾਂ ਪਰਖ ਕਰਾਂਗਾ। ਮੈਨੂੰ ਉਨ੍ਹਾ ਦਾ ਗੋਤ ਤੇ ਜਾਤ ਦੱਸੋ। ਉਹ ਕਿੱਥੇ ਰਹਿੰਦੇ ਹਨ। ਮਨਸੁਖ ਨੇ ਦੱਸਿਆ ਕਿ ਉਨ੍ਹਾਂ ਦੀ ਪਰਖ ਕਰਨੀ ਬਹੁਤ ਔਖਾ ਕੰਮ ਹੈ। ਉਨ੍ਹਾਂ ਦਾ ਬੰਸ ਬੇਦੀ ਹੈ,ਖੱਤਰੀ ਜਾਤ ਹੈ,ਜਨਮ ਭੂਮੀ ਤਲਵੰਡੀ ਹੈ। ਇਹ ਸਾਰੇ ਪਤੇ ਰਾਜੇ ਨੇ ਲਿਖ ਲਏ ਅਤੇ ਗੁਰਬਾਣੀ ਦੇ ਸ਼ਬਦ ਵੀ ਲਿਖ ਲਏ। ਰਾਜੇ ਨੇ ਆਖਿਆ ਕਿ ਤੂੰ ਮੇਰੇ ਤੇ ਕਿਰਪਾ ਕਰ ਦਿੱਤੀ ਹੈ,ਮੈਂ ਤੇਰੀ ਵਡਿਆਈ ਨਹੀਂ ਕਰ ਸਕਦਾ। ਜਦੋਂ ਵੀ ਕਿਰਪਾਲੂ ਗੁਰੂ ਜੀ ਮੈਨੂੰ ਮਿਲਣਗੇ ਤਾਂ ਮੈਂ ਤੇਰੇ ਬਾਰੇ ਦੱਸਾਂਗਾ। ਮਨਸੁਖ ਨੇ ਜਦੋਂ ਆਪਣਾ ਵਪਾਰ ਕਰ ਲਿਆ ਤਾਂ ਉਹ ਆਗਿਆ ਲੈ ਕੇ ਵਾਪਸ ਆਪਣੇ ਦੇਸ਼ ਆ ਗਿਆ। ਇਸ ਤਰ੍ਹਾਂ ਵੱਡੇ ਭਾਗਾਂ ਵਾਲਾ ਰਾਜਾ ਤੁਰਦੇ ਫਿਰਦੇ ਸਿਮਰਨ ਕਰਦਾ ਰਹਿੰਦਾ। ਉਸ ਦੀਆਂ ਅੱਖੀਆਂ ਵਿਚ ਪ੍ਰੇਮ ਦਾ ਨੀਰ ਵਗਦਾ ਰਹਿੰਦਾ।

ਭਾਈ ਬਾਲਾ ਜੀ,ਭਾਈ ਮਰਦਾਨਾ ਜੀ ਅਤੇ ਗੁਰੂ ਜੀ ਸੰਗਲਾਦੀਪ ਜਾ ਪਹੁੰਚੇ। ਰਾਜੇ ਦੁਆਰਾ ਯਾਦ ਕਰਨ ਕਰਕੇ ਉਸ ਦੀ ਸੇਵਾ ਦਾ ਵਿਚਾਰ ਕਰਕੇ ਉਥੇ ਪਹੁੰਚ ਗਏ ਜਿਥੇ ਰਾਜੇ ਦਾ ਸੁੱਕਿਆ ਹੋਇਆ ਬਾਗ ਸੀ। ਗੁਰੂ ਜੀ ਨੇ ਜਦੋਂ ਉਥੇ

ਚਰਨ ਪਾਏ ਤਾਂ ਸੁੱਕੇ ਬ੍ਰਿਛ ਵੀ ਹਰੇ ਹੋ ਗਏ। ਸ਼ਹਿਰ ਦੇ ਲੋਕਾਂ ਨੇ ਜਦੋਂ ਵੇਖਿਆ ਤਾਂ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਮਾਲੀ ਨੇ ਆ ਕੇ ਚਰਨ ਕਮਲਾਂ ਤੇ ਮੱਥਾ ਟੇਕਿਆ। ਖੁਸ਼ੀ ਦੇ ਨਾਲ ਰਾਜੇ ਕੋਲ ਚਲਾ ਗਿਆ ਭਰੀ ਸਭਾ ਵਿਚ ਜਾ ਕੇ ਕਿਹਾ ਹੇ ਰਾਜਨ ਇੱਕ ਸ੍ਰੇਸ਼ਟ ਸੰਤ ਉਥੇ ਆਣ ਪੁੱਜਾ ਹੈ। ਜਿਉਂ ਹੀ ਉਨ੍ਹਾਂ ਨੇ ਬਾਗ ਵਿਚ ਚਰਨ ਪਾਏ ਉਹ ਤੁਰੰਤ ਹਰਾ ਭਰਾ ਹੋ ਗਿਆ। ਰਾਜੇ ਨੇ ਮੰਤਰੀ ਨੂੰ ਗੱਲ ਕਹੀ ਤੁਸੀਂ ਸੁੱਖਾਂ ਦੇ ਦਾਤੇ ਸੰਤ ਪਾਸ ਜਾਵੋ ਤੇ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਕਿ ਇਥੇ ਨਾਨਕ ਜੀ ਨੇ ਆਗਮਨ ਕੀਤਾ ਹੈ। ਮੰਤਰੀ ਪਰਸ਼ੁ ਰਾਮ ਹੁਕਮ ਸੁਣ ਕੇ ਆਪਣੇ ਨਾਲ ਸੁੰਦਰ ਭੋਜਨ ਲੈ ਕੇ ਬਾਗ ਵੱਲ ਚੱਲ ਪਿਆ। ਮੰਤਰੀ ਨੇ ਦੋਨੋਂ ਹੱਥ ਜੋੜ ਕੇ ਨਮਸਕਾਰ ਕੀਤੀ ਬੇਨਤੀ ਕੀਤੀ ਕਿ ਭੋਜਨ ਛਕੋ। ਗੁਰੂ ਜੀ ਨੇ ਆਖਿਆ ਕਿ ਇਹ ਰਸਕਸ ਬਿਰਥੇ ਹਨ ਜੋ ਨਾਮ ਰਸ ਹੈ ਉਹ ਸਾਰੇ ਵਿਕਾਰਾਂ ਤੋਂ ਰਹਿਤ ਹੈ। ਮੰਤਰੀ ਸੁਣ ਕੇ ਹੈਰਾਨ ਹੋ ਗਿਆ। ਰਾਜੇ ਨੂੰ ਸਾਰਾ ਬਿਰਤਾਂਤ ਦੱਸਿਆ ਕਿ ਇਹ ਸੰਤ ਭੋਜਨ ਦੇ ਸਵਾਦਾਂ ਤੋਂ ਰਹਿਤ ਹਨ। ਰਾਜੇ ਨੇ ਕਿਹਾ ਸੁੰਦਰ ਨਾਰੀ ਲੈ ਕੇ ਜਾਓ। ਮੰਤਰੀ ਇੱਕ ਸੁੰਦਰ ਵੇਸਵਾ ਲੈ ਕੇ ਗਿਆ। ਉਸ ਨੇ ਨਾਚ ਕੀਤਾ,ਗਰੂ ਜੀ ਨੇ ਆਖਿਆ ਕਿ ਇਹ ਜਹਿਰ ਦੀਆਂ ਗੰਧਲਾਂ ਜੋ ਖੰਡ ਵਿਚ ਲਪੇਟੀਆਂ ਹੋਈਆਂ ਹਨ। ਵੇਸਵਾ ਦਾ ਸਰੀਰ ਦੁਰਗੰਧ ਦਾ ਭਾਂਡਾ ਹੈ। ਮੰਤਰੀ ਸੁਣ ਕੇ ਰਾਜੇ ਕੋਲ ਗਿਆ ਸਾਰੀ ਗੱਲ ਦੱਸੀ। ਫਿਰ ਰਾਜੇ ਨੇ ਪਰਸ਼ੁ ਰਾਮ ਨੂੰ ਕਿਹਾ ਕਿ ਸੁੰਦਰ ਗਹਿਣੇ,ਬਸਤਰ ਲੈ ਕੇ ਉਨ੍ਹਾਂ ਪਾਸ ਜਾਓ। ਮੰਤਰੀ ਜੀ ਨੇ ਗਹਿਣੇ ਅਤੇ ਕੱਪੜੇ ਗੁਰੂ ਜੀ ਨੂੰ ਭੇਟਾ ਰੱਖ ਦਿੱਤੇ। ਗੁਰੂ ਜੀ ਨੇ ਆਖਿਆ ਇਹ ਸਰੀਰ ਗਹਿਣੇ ਅਤੇ ਕੱਪੜੇ ਸਭ ਝੂਠੇ ਹਨ। ਇਨ੍ਹਾਂ ਨੂੰ ਤੱਕ ਕੇ ਮੂਰਖ ਲੋਕ ਭੁੱਲ ਜਾਂਦੇ ਹਨ। ਮੰਤਰੀ ਇਹ ਚੀਜ਼ਾਂ ਵਾਪਸ ਲੈ ਕੇ ਰਾਜੇ ਕੋਲ ਗਿਆ ਤੇ ਕਿਹਾ ਕਿ ਤੁਹਾਡੇ ਵਲੋਂ ਭੇਜਿਆ ਹੋਇਆ ਉਹ ਕੁਝ ਵੀ ਨਹੀਂ ਲੈ ਰਿਹਾ। ਫੇਰ ਰਾਜਾ ਆਪ ਦਰਸ਼ਨ ਕਰਨ ਆਇਆ। ਗੁਰੂ ਜੀ ਨੇ ਕਿਹਾ ਹੇ ਰਾਜਾ ਸ਼ਿਵਨਾਭ ਤੇਰੀ ਸ੍ਰੇਸ਼ਟ ਮੱਤ ਨੂੰ ਭਰਮ ਦਾ ਪਰਦਾ ਹੈ ਉਸ ਨੂੰ ਦੂਰ ਕਰਕੇ ਸ਼ਰਧਾ ਧਾਰਨ ਕਰਕੇ ਦਾਸਾਂ ਦਾ ਦਾਸ ਹੋ ਜਾ। ਕੁਝ ਧਰਵਾਸ ਆ ਗਿਆ ਪਰ ਸੋਚਿਆ ਇੱਕ ਪਰਤਾਵਾ ਹੋਰ ਲੈ ਲਵਾਂ ਫੇਰ ਇਨ੍ਹਾਂ ਦੀ ਸਿੱਖੀ ਨੂੰ ਗ੍ਰਹਿਣ ਕਰਾਂ। ਰਾਤ ਹੋਈ ਤਾਂ ਬਹੁਤ ਸੁੰਦਰ ਇਸਤਰੀ ਸਖੀਆਂ ਦੇ ਸਮੇਤ ਭੇਜੀ। ਸੁੰਦਰ ਗਹਿਣੇ ਤੇ ਬਸਤਰ ਪਹਿਨੇ ਹੋਏ ਸਨ। ਤੁਰੰਤ ਬਾਗ ਵਿਚ ਆ ਗਈਆਂ। ਕੋਮਲ ਕੋਮਲ ਹੱਥਾਂ ਨਾਲ ਚਰਨਾ ਨੂੰ ਘੱਟਣ ਲੱਗੀਆਂ। ਗੁਰੂ ਜੀ ਨੂੰ ਹਾਵ ਭਾਵ ਨਾਲ ਡੁਲਾਉਣ ਲੱਗੀਆਂ। ਗੁਰੂ ਜੀ ਨੇ ਆਖਿਆ ਕਿ ਮੇਰੀ ਪੁੱਤਰੀ ਤੂੰ ਚਲੀ ਜਾਹ ਤੇ ਸੱਚੇ ਨਾਮ ਦਾ ਉਚਾਰਨ ਕਰ। ਗੁਰੂ ਜੀ ਦੇ ਰਸੀਲੇ ਬਚਨ ਸੁਣ ਕੇ ਉਹ ਵਾਪਸ ਆ ਗਈਆਂ ਰਾਜੇ ਨੂੰ ਆਖਿਆ ਕਿ ਉਹ ਪੂਰਨ ਪੁਰਖ ਕਿਰਪਾਲੂ ਹਨ ਜਿਨ੍ਹਾਂ ਦੇ ਦਰਸ਼ਨ ਹੀ ਨਿਹਾਲ ਕਰ ਦਿੰਦੇ ਹਨ। ਰਾਜੇ ਦੇ

ਹਿਰਦੇ ਵਿਚ ਸ਼ਰਧਾ ਵਧ ਗਈ। ਜਾ ਕੇ ਚਰਨਾ ਤੇ ਨਮਸਕਾਰ ਕੀਤੀ। ਗੁਰੂ ਜੀ ਨੇ ਆਖਿਆ ਕੀ ਇੱਛਾ ਹੈ। ਰਾਜੇ ਨੇ ਤਿੰਨ ਪਰਕਰਮਾਂ ਕੀਤੀਆਂ। ਬੇਨਤੀ ਕੀਤੀ ਘਰ ਚਰਨ ਪਾਓ। ਸਤਿਗੁਰੂ ਜੀ ਨੇ ਆਖਿਆ ਪਹਿਲਾਂ ਧਰਮਸ਼ਾਲਾ ਬਣਵਾਓ ਫੇਰ ਸਾਨੂੰ ਲੈ ਕੇ ਜਾਣਾ। ਰਾਜੇ ਸ਼ਿਵਨਾਭ ਨੇ ਇਸ ਤਰ੍ਹਾਂ ਹੀ ਕੀਤਾ। ਫੇਰ ਘਰ ਲਿਜਾ ਕੇ ਸੇਵਾ ਕੀਤੀ ਬੇਨਤੀ ਕੀਤੀ ਉਪਦੇਸ਼ ਦਿਓ। ਗੁਰੂ ਜੀ ਨੇ ਆਖਿਆ ਕਿ ਮਨ ਨੂੰ ਵਸ ਕਰਨ ਦੇ ਦੋ ਤਰੀਕੇ ਹਨ:-

੧. ਹਠਯੋਗ

੨. ਭਗਤੀਯੋਗ

ਹਠਯੋਗ ਦੇ ਅੱਠ ਅੰਗ ਹਨ:-

੧. ਯਮ ੨. ਨੇਮ ੩. ਇਕਾਂਤ ੪. ਆਸਨ ੫. ਪ੍ਰਾਣਾਯਾਮ ੬. ਧਿਆਨ ੭. ਧਾਰਨਾ ੮.ਸਮਾਧੀ

ਗੁਰੂ ਜੀ ਨੇ ਆਖਿਆ ਕਿ ਹੁਣ ਭਗਤੀ ਯੋਗ ਹੀ ਸੌਖਾ ਸਾਧਨ ਹੈ ਅਤੇ ਹਠਯੋਗ ਔਖਾ ਹੈ। ਆਮ ਬੰਦੇ ਦੇ ਬਸ ਦੀ ਗੱਲ ਨਹੀਂ।

## ਹੋਲ਼ਾਂ ਵਾਲੇ ਬਾਲਕ ਨੂੰ ਰਾਜ ਬਖਸ਼ਿਸ਼ ਕਰਨਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਸਨ। ਰਸਤੇ ਵਿਚ ਜਾਂਦਿਆਂ ਇੱਕ ਖੇਤ ਤੇ ਦ੍ਰਿਸ਼ਟੀ ਪਈ ਜਿਸ ਵਿਚ ਸਾਰੇ ਪੱਕੇ ਹੋਏ ਛੋਲੇ ਖੜੇ ਸਨ। ਮਰਦਾਨੇ ਨੇ ਗੁਰੂ ਜੀ ਨੂੰ ਕਿਹਾ ਕਿ ਇਸ ਖੇਤ ਵਿਚ ਛੋਲਿਆਂ ਦੇ ਬੂਟਿਆਂ ਨੂੰ ਬਹੁਤ ਫਲ਼ ਲੱਗਿਆ ਹੋਇਆ ਹੈ। ਮੇਰਾ ਮਨ ਹੋਲ਼ਾਂ ਖਾਣ ਨੂੰ ਬਹੁਤ ਕਰ ਰਿਹਾ ਹੈ। ਆਗਿਆ ਦਿਓ ਤਾਂ ਉਹ ਬੂਟੇ ਪੁੱਟ ਲਵਾਂ। ਇਸ ਥਾਂ ਉੱਤੇ ਅੱਗ ਬਾਲ ਕੇ ਛੋਲੇ ਭੁੰਨ ਕੇ ਹੋਲ਼ਾਂ ਬਣਾ ਲਵਾਂ। ਗੁਰੂ ਜੀ ਮੁਸਕਰਾਇ ਅਤੇ ਉਸ ਖੇਤ ਦੇ ਕੋਲ ਬੈਠ ਗਏ। ਉਸ ਖੇਤ ਦਾ ਰਖਵਾਲਾ ਇੱਕ ਬਾਲਕ ਸੀ। ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਉਸਦਾ ਹਿਰਦਾ ਬਹੁਤ ਸ਼ੁੱਧ ਹੋ ਗਿਆ। ਉਸ ਸਮੇਂ ਉਸ ਬਾਲਕ ਨੇ ਖੇਤ ਵਿਚੋਂ ਆਪਣੇ ਹੱਥਾਂ ਨਾਲ ਛੋਲਿਆਂ ਦੇ ਬੂਟੇ ਪੁੱਟੇ। ਅੱਗ ਬਾਲ ਕੇ ਚੰਗੀ ਤਰ੍ਹਾਂ ਭੁੰਨ ਦਿੱਤੇ। ਭੁੰਨੇ ਹੋਏ ਛੋਲਿਆਂ ਦੀਆਂ ਹੋਲ਼ਾਂ ਗੁਰੂ ਜੀ ਅੱਗੇ ਰੱਖ ਦਿੱਤੀਆਂ ਅਤੇ ਪ੍ਰੇਮ ਨਾਲ ਗੁਰੂ ਜੀ ਕੋਲ ਬੈਠ ਗਿਆ। ਗੁਰੂ ਜੀ ਨੇ ਕਿਹਾ ਮਰਦਾਨਿਆਂ ਜਿਹੜੀ ਤੇਰੇ ਹਿਰਦੇ ਦੀ ਇੱਛਾ ਸੀ ਉਹ ਹੋਲ਼ਾਂ ਖਾ ਲੈ। ਹੁਕਮ ਮੰਨ ਕੇ ਸਾਰੀਆਂ ਹੋਲ਼ਾਂ ਚੱਬ ਲਈਆਂ ਅਤੇ ਬਹੁਤ ਸੁਆਦ ਮਾਣਿਆ। ਫੇਰ ਬਾਲਕ ਦੇ ਹਿਰਦੇ ਵਿਚ ਇਓਂ ਆਇਆ ਕਿ ਘਰ ਜਾ ਕੇ ਭੋਜਨ ਲੈ ਆਵਾਂ। ਇਨ੍ਹਾਂ ਭੁੱਖੇ ਸੰਤਾਂ ਨੂੰ ਭੋਜਨ ਛਕਾਵਾਂਗਾ। ਉਸ ਵੇਲੇ ਉਹ ਵਿਚਾਰ ਕਰਕੇ ਆਪਣੇ ਘਰ ਨੂੰ ਜਾਣ ਲੱਗਿਆ ਤਾਂ

ਗੁਰੂ ਜੀ ਨੇ ਪੁੱਛਿਆ ਹੇ ਬਾਲਕ ਤੂੰ ਹੁਣ ਕਿੱਥੇ ਜਾ ਰਿਹਾ ਹੈਂ। ਬਾਲਕ ਨੇ ਜੱਥ ਜੋੜ ਕੇ ਕਿਹਾ ਮੈਂ ਘਰ ਚੱਲਿਆ ਹਾਂ ਤੁਹਾਡੇ ਵਾਸਤੇ ਭੋਜਨ ਲੈ ਕੇ ਆਵਾਂਗਾ। ਆਪ ਜੀ ਸੰਤ ਲੋਕ ਬਹੁਤ ਸੁਖ ਦੇਣ ਵਾਲ਼ੇ ਹੋ। ਆਪ ਜੀ ਮੂੰਹ ਵਿਚ ਭੋਜਨ ਪਾ ਲਵੋਗੇ ਤਾਂ ਮੇਰਾ ਵੀ ਭਲਾ ਹੋ ਜਾਵੇਗਾ। ਗੁਰੂ ਜੀ ਨੇ ਬਾਲਕ ਦੇ ਹਿਰਦੇ ਵਿਚ ਪ੍ਰੇਮ ਦੇਖ ਕੇ ਬਚਨ ਕੀਤਾ

***ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ॥***
***ਨਾਨਕ ਸਿਫਤੀ ਰੱਜਿਆ ਆਉ ਬਹੋ ਸੁਲਤਾਨ॥*** ***ਗੁ:ਪ੍ਰ:ਸੂ:ਗ੍ਰੰਥ***

ਇਉਂ ਬਚਨ ਕਰਕੇ ਉਸ ਨੂੰ ਬਾਦਸ਼ਾਹੀ ਬਖਸ਼ ਦਿੱਤੀ। ਗੁਰੂ ਜੀ ਅੱਗੇ ਚੱਲ ਪਏ ਬਾਲਕ ਖੇਤ ਕੋਲ ਹੀ ਬੈਠਾ ਰਿਹਾ। ਅੱਗੇ ਇਸ ਪ੍ਰਕਾਰ ਹੋਇਆ ਨਗਰ ਦੇ ਰਾਜੇ ਦੀ ਕੋਲ ਔਲਾਦ ਨਹੀਂ ਸੀ। ਉਸੇ ਦਿਨ ਰਾਜੇ ਦੇ ਮਰਨ ਦਾ ਸਬੱਬ ਹੋ ਗਿਆ। ਰਾਜੇ ਦੀ ਅਣਹੋਂਦ ਕਾਰਨ ਸਾਰੇ ਦੇਸ ਦੇ ਲੋਕ ਘਬਰਾ ਗਏ। ਸਭ ਨੇ ਇੱਕ ਥਾਂ ਤੇ ਇਕੱਠੇ ਹੋ ਕੇ ਮਤਾ ਪਕਾਇਆ। ਮੰਤਰੀ ਨੇ ਸਾਰਿਆਂ ਨੂੰ ਕਿਹਾ ਜੇ ਅਸੀਂ ਰਾਜ ਲਈਏ ਤਾਂ ਨਰਕਾਂ ਦੇ ਭਾਗੀ ਹੋਵਾਂਗੇ। ਰਾਜੇ ਦਾ ਆਪਣਾ ਕੋਈ ਪੁੱਤਰ, ਗੋਦੀ ਲਿਆ ਪੁੱਤਰ ਜਾਂ ਭਰਾ ਆਦਿ ਕੋਈ ਵੀ ਨਹੀਂ ਜਿਸ ਨੂੰ ਇਹ ਰਾਜ ਦੀ ਜ਼ੁੰਮੇਵਾਰੀ ਸੌਂਪ ਸਕੀਏ। ਹੁਣ ਜਿਸਨੂੰ ਪ੍ਰਭੂ ਦੇਵੇਗਾ ਸਾਰੇ ਮਿਲਕੇ ਉਸ ਨੂੰ ਗੱਦੀ ਤੇ ਬਿਠਾ ਦੇਵੋ। ਨਗਰ ਦੇ ਤਿੰਨੇ ਦਰਵਾਜੇ ਬੰਦ ਕਰਵਾ ਦਈਏ, ਇੱਕ ਦਰਵਾਜਾ ਖੋਲ ਕੇ ਸਾਰੇ ਮਿਲਕੇ ਬੈਠ ਜਾਈਏ। ਸਵੇਰਾ ਹੋਣ ਤੇ ਜੋ ਵੀ ਸਭ ਤੋਂ ਪਹਿਲਾਂ ਅੱਗੇ ਮਿਲੇ ਉਸ ਨੂੰ ਰਾਜ ਗੱਦੀ ਤੇ ਬਿਠਾ ਦਿਆਂਗੇ। ਜਿਸ ਤਰ੍ਹਾਂ ਮੰਤਰੀ ਨੇ ਕਿਹਾ ਸਾਰਿਆਂ ਨੇ ਮੰਨ ਲਿਆ। ਸਾਰੀ ਰਾਤ ਬਾਲਕ ਖੇਤ ਦੀ ਰਾਖੀ ਤੇ ਰਿਹਾ। ਉਹ ਸਵੇਰ ਹੋਣ ਤੇ ਉੱਠ ਕੇ ਘਰ ਆਉਣ ਲੱਗਿਆ। ਸਾਰਿਆਂ ਨੂੰ ਮਿਲਕੇ ਉਹ ਬਾਲਕ ਵੱਡੇ ਭਾਗਾਂ ਵਾਲਾ ਬਣ ਗਿਆ। ਉਸ ਨੂੰ ਲਿਜਾ ਕੇ ਇਸ਼ਨਾਨ ਕਰਵਾਇਆ ਗਿਆ ਤੇ ਸਾਰਿਆਂ ਨੇ ਮਿਲਕੇ ਉਸ ਨੂੰ ਰਾਜ ਗੱਦੀ ਤੇ ਬਿਠਾ ਦਿੱਤਾ। ਗੁਰੂ ਜੀ ਦੇ ਬਚਨ ਪ੍ਰਾਪਤ ਕਰਕੇ ਉਹ ਬਾਲਕ ਤੁਰੰਤ ਹੀ ਦੇਸ਼ ਦਾ ਬਾਦਸ਼ਾਹ ਬਣ ਗਿਆ। ਗੁਰੂ ਜੀ ਦੀ ਕਿਰਪਾ ਦੇ ਨਾਲ ਇਹ ਬਾਦਸ਼ਾਹ ਸੇਵਾ ਭਾਵ ਵਾਲਾ ਅਤੇ ਲੋਕਾਂ ਨੂੰ ਸੁੱਖ ਦੇਣ ਵਾਲਾ ਹੋਇਆ।

## ਗੁਰਬਾਣੀ ਦੀ ਮਹਾਨਤਾ

ਸਿੱਧਾਂ ਦਾ ਅਚਲ ਵਟਾਲੇ ਬਹੁਤ ਭਾਰੀ ਮੇਲਾ ਸੀ ਜਿਸ ਕਰਕੇ ਦੂਰੋਂ-ਦੂਰੋਂ ਸਿੱਧ ਲੋਕ ਉਥੇ ਪਹੁੰਚੇ ਹੋਏ ਸਨ। ਇਨ੍ਹਾਂ ਦਿਨਾਂ ਵਿੱਚ ਬਹੁਤ ਭਾਰੀ ਔੜ ਪਈ ਸੀ। ਤਲਾਬਾਂ, ਟੋਭਿਆਂ ਦਾ ਪਾਣੀ ਸੁੱਕ ਗਿਆ ਸੀ। ਫਸਲਾਂ ਸੁੱਕ ਗਈਆਂ। ਪਾਣੀ ਤੋਂ ਬਗੈਰ ਜਾਨਵਰ, ਪਸ਼ੂ ਅਤੇ ਪੰਛੀ ਤਰਸ ਰਹੇ ਸਨ। ਮੇਲੇ ਦੌਰਾਨ ਮੇਲੇ ਵਿੱਚ ਆਈ ਹੋਈ ਭਾਰੀ ਜਨਤਾ ਨੇ ਸਿੱਧਾਂ ਨੂੰ ਵਰਖਾਂ ਪਵਾਉਣ ਲਈ ਬੇਨਤੀ ਕੀਤੀ ਤਾਂ ਸਿੱਧਾਂ ਨੇ ਆਪਣੀ ਵਡਿਆਈ ਕਰਾਉਣ ਵਾਸਤੇ ਆਪਣੀ ਸ਼ਕਤੀ ਨਾਲ ਵਰਖਾ ਪਵਾ ਦਿੱਤੀ

ਅਤੇ ਨਾਲ-ਨਾਲ ਗੜ੍ਹਿਆਂ ਦੀ ਭਾਰੀ ਵਰਖਾ ਪੈ ਗਈ। ਜਿਹੜੀ ਫਸਲ ਖੜ੍ਹੀ ਸੀ ਗੜ੍ਹਿਆਂ ਦੀ ਭਾਰੀ ਵਰਖਾ ਕਾਰਨ ਉਹ ਤਬਾਹ ਹੋ ਗਈ। ਗੜ੍ਹਿਆਂ ਨਾਲ ਪੰਛੀ ਮਰ ਗਏ। ਜਦੋਂ ਵਰਖਾ ਦਾ ਪਾਣੀ ਪਸ਼ੂ ਪੀਣ ਤਾਂ ਉਹ ਮਰੀ ਜਾਣ। ਇਸ ਤਰ੍ਹਾਂ ਮੀਂਹ ਪੈਣ ਨਾਲ ਔੜ ਨਾਲੋਂ ਲੋਕ ਜਿਆਦਾ ਦੁਖੀ ਹੋ ਗਏ। ਸਿੱਧਾਂ ਕੋਲ ਲੋਕ ਆ ਕੇ ਕਹਿਣ ਲੱਗੇ ਕਿ ਸਾਡੇ ਪਸ਼ੂ ਜਿਉਂਦੇ ਕਰੋ ਪਰ ਸਿੱਧਾਂ ਕੋਲੋਂ ਪਸ਼ੂ ਜਿਉਂਦੇ ਨਾ ਹੋਏ। ਇਸ ਤਰ੍ਹਾਂ ਬਹੁਤ ਹਾਹਾਕਾਰ ਮੱਚ ਗਈ। ਸਿੱਧ ਬਹੁਤ ਪਛਤਾਉਣ ਲੱਗੇ।

ਸਤਿਗੁਰੂ ਨਾਨਕ ਦੇਵ ਜੀ ਵੀ ਅਚਲ ਵਟਾਲੇ ਆਏ ਹੋਏ ਸਨ। ਸਾਰੇ ਸਿੱਧਾਂ ਨੇ ਇਕੱਠੇ ਹੋ ਕੇ ਜਨਤਾ ਦੇ ਸਮੇਤ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਅਸੀਂ ਆਪਣੀ ਤਾਕਤ ਨਾਲ ਵਰਖਾ ਪਵਾਈ ਸੀ। ਵਰਖਾ ਪੈਣ ਨਾਲ ਫਸਲਾਂ ਤਬਾਹ ਹੋ ਗਈਆਂ। ਵਰਖਾ ਦਾ ਪਾਣੀ ਪੀਣ ਨਾਲ ਜਾਨਵਰ, ਪਸ਼ੂ, ਪੰਛੀ ਮਰੀ ਜਾ ਰਹੇ ਹਨ। ਲੋਕਾਂ ਵਿੱਚ ਭਾਰੀ ਰੋਸ ਹੋ ਗਿਆ ਹੈ। ਸਾਡੇ ਕੋਲੋਂ ਕੋਈ ਵੀ ਪਸ਼ੂ ਜਿਉਂਦਾ ਨਹੀਂ ਹੋ ਰਿਹਾ। ਆਪ ਜੀ ਕਿਰਪਾ ਕਰੋ ਲੋਕਾਂ ਦੇ ਮਰੇ ਹੋਏ ਪਸ਼ੂ ਜਿਉਂਦੇ ਹੋ ਜਾਣ ਅਤੇ ਫਸਲਾਂ ਹਰੀਆਂ ਭਰੀਆਂ ਹੋ ਜਾਣ। ਹਜੂਰ ਨੇ ਸਾਰੇ ਸਿੱਧਾਂ ਦਾ ਮਾਣ ਤੋੜਨ ਵਾਸਤੇ ਬਚਨ ਕੀਤਾ ਕਿ ਸਾਰੇ ਖੜ੍ਹੇ ਹੋ ਕੇ ਪਰਮੇਸਰ ਦੇ ਚਰਨਾਂ ਵਿੱਚ ਅਰਦਾਸ ਕਰੀਏ। ਜਦੋਂ ਸਤਿਗੁਰਾਂ ਨੇ ਪਵਿੱਤਰ ਗੁਰਬਾਣੀ ਗਾ ਕੇ ਅਰਦਾਸ ਕੀਤੀ ਤਾਂ ਅੰਮ੍ਰਿਤ ਰੂਪ ਵਰਖਾ ਹੋਈ। ਸਾਰੇ ਜਾਨਵਰ, ਪਸ਼ੂ, ਪੰਛੀ ਜਿਉਂਦੇ ਹੋ ਗਏ। ਕੀਰਤਨ ਰਾਹੀਂ ਪਾਣੀਅਤੇ ਅਨਾਜ ਵਿੱਚੋਂ ਜਹਿਰ ਖਤਮ ਹੋ ਗਈ। ਗੁਰਬਾਣੀ ਦੇ ਕੀਰਤਨ ਨਾਲ ਸਾਰੇ ਲੋਕ ਸ਼ਾਂਤ ਹੋ ਗਏ।

## ਸਿੱਖਾਂ ਨੂੰ ਉਪਦੇਸ

### ਭਾਈ ਮਨਸੁਖ ਤੇ ਭਾਈ ਭਗੀਰਥ ਨੂੰ ਉਪਦੇਸ

ਸੁਲਤਾਨਪੁਰ ਦੇ ਨੇੜੇ ਇੱਕ ਪਿੰਡ ਮਲਸੀਹਾਂ ਹੈ। ਉਥੇ ਭਗੀਰਥ ਨਾ ਦਾ ਇੱਕ ਮਨੁੱਖ ਕਾਲਕਾ ਦੇਵੀ ਦਾ ਉਪਾਸ਼ਕ ਰਹਿੰਦਾ ਸੀ। ਉਹ ਹਰ ਸਮੇਂ ਕਾਲਕਾ ਦੇ ਨਾਂਅ ਲੈ ਲੈ ਕੇ ਰੱਟਦਾ ਰਹਿੰਦਾ, ਹੇ ਸ਼ਿਵਾ ਦੇਵੀ, ਜਗਤ ਮਾਤਾ, ਤਿੰਨਾ ਗੁਣਾਂ ਦੀ ਖਾਣ, ਅੱਠਾਂ ਬਾਹਵਾਂ ਵਾਲੀ, ਅੱਠੇ ਸ਼ਸਤਰ ਚਮਕਦੇ ਹਨ, ਤੇਰੇ ਦੰਦਾਂ ਦੀ ਪੰਗਤੀ ਬਹੁਤ ਲਿਸ਼ਕਦੀ ਹੈ, ਤੇਰੇ ਨੇਤਰ ਲਾਲ ਅਤੇ ਗਲੇ ਖੋਪਰੀਆਂ ਦੀ ਮਾਲਾ ਹੈ, ਤੂੰ ਮੁੱਖ ਤੋਂ ਭਿਆਨਕ ਅੱਗ ਦੀ ਲਾਟ ਕੱਢਦੀ ਹੈਂ, ਤੂੰ ਸ਼ੇਰ ਦੀ ਅਸਵਾਰ ਤੇ ਸੰਤਾਂ ਦੇ ਪਾਲਣ ਵਾਲੀ ਹੈਂ, ਤੂੰ ਦੈਂਤਾਂ ਦਾ ਨਾਸ਼ ਕਰਨ ਵਾਲੀ ਕਾਲੀ ਮਾਤਾ ਹੈਂ। ਇਸ ਤਰ੍ਹਾਂ ਬਹੁਤ ਸਾਰੇ ਨਾਂਅ ਜਪ ਜਪ ਕੇ ਭਗੀਰਥ ਕਾਲਕਾ ਦੇਵੀ ਦੀ ਅਰਾਧਨਾ ਕਰਦਾ ਸੀ। ਇੱਕ ਦਿਨ ਪਵਿੱਤਰਤਾ ਅਤੇ ਨਿਯਮ ਸਹਿਤ ਜ਼ਮੀਨ ਤੇ ਮੱਥਾ ਧਰ ਕੇ ਦੇਵੀ ਦੀ ਅਰਾਧਨਾ ਕਰ ਰਿਹਾ ਸੀ। ਇਸ ਤਰ੍ਹਾਂ ਸਾਰਾ ਦਿਨ ਲੰਘ ਗਿਆ ਤਾਂ ਵੀ ਉਸ ਨੇ ਅਰਾਧਨਾ

ਨਾ ਛੱਡੀ। ਉਹ ਕਾਲਕਾ ਦੇ ਮੰਦਰ ਵਿਚ ਹੀ ਰਿਹਾ। ਜਦੋਂ ਅੱਧੀ ਰਾਤ ਬੀਤ ਗਈ ਤਾਂ ਊਂਘਦੇ ਹੋਏ ਨੂੰ ਇੱਕ ਸੁਪਨਾ ਆਇਆ। ਉਹ ਬੋਲੀ ਜੋ ਤੇਰੀ ਇੱਛਾ ਹੈ ਉਹ ਪੂਰੀ ਹੋ ਜਾਵੇਗੀ। ਤੈਨੂੰ ਆਪਣੇ ਨਿੱਜੀ ਸਰੂਪ ਦਾ ਗਿਆਨ ਹੋ ਜਾਵੇਗਾ ਅਤੇ ਮੁਕਤੀ ਪ੍ਰਾਪਤ ਹੋ ਜਾਵੇਗੀ। ਜਦੋਂ ਤੀਕ ਸਰੀਰ ਹੈ ਉਦੋਂ ਤੀਕ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਅਰਾਧਨਾ ਕਰ। ਗੁਰੂ ਜੀ ਨੇ ਸੁਲਤਾਨਪੁਰ ਵਿਚ ਦੁਕਾਨ ਕੀਤੀ ਹੋਈ ਹੈ। ਉਹ ਉਥੇ ਰਹਿੰਦੇ ਹਨ ਕਿਸੇ ਨੂੰ ਪਤਾ ਨਹੀਂ ਲੱਗਦਾ। ਉਹ ਪਰਮੇਸ਼ਰ ਦਾ ਰੂਪ ਭਾਵ ਅਵਤਾਰ ਹਨ। ਉਨ੍ਹਾਂ ਨੇ ਕਲਯੁਗ ਦੇ ਲੋਕਾਂ ਦਾ ਨਿਸਤਾਰਾ ਕਰਨ ਲਈ ਮਨੁੱਖੀ ਸਰੀਰ ਧਾਰਨ ਕੀਤਾ ਹੋਇਆ ਹੈ। ਉਨ੍ਹਾਂ ਦੇ ਦਰਸ਼ਨ ਕਰੋ ਅਤੇ ਜੀਵਨ ਨੂੰ ਸਫਲਾ ਕਰੋ। ਇੰਨੀ ਦੇਰ ਨੂੰ ਉਸ ਦੀ ਅੱਖ ਖੁੱਲ੍ਹ ਗਈ। ਉਹ ਸੋਚੀਂ ਪੈ ਗਿਆ। ਉਸ ਨੇ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਨਿਰਣਾ ਕਰ ਲਿਆ। ਪਿੰਡ ਦੀ ਚਉਧਰ ਅਤੇ ਸਾਰੇ ਸਮਾਨ ਛੱਡ ਕੇ ਚੱਲਣਾ ਚਾਹਿਆ। ਘਰੋਂ ਚੱਲ ਪਿਆ। ਲੋਕਾਂ ਨੇ ਉਸ ਨੂੰ ਰੋਕਿਆ ਪਰ ਉਹ ਕਿਸੇ ਤਰ੍ਹਾਂ ਵੀ ਨਾ ਰੁਕਿਆ। ਪ੍ਰੇਮ ਦੇ ਵੇਗ ਦੇ ਹੜ੍ਹ ਵਿਚ ਵਹਿ ਹੀ ਗਿਆ। ਸੁਲਤਾਨਪੁਰ ਪਹੁੰਚ ਗਿਆ। ਮੋਦੀ ਖਾਨੇ ਵਿਚ ਲੋਕਾਂ ਦੀ ਭੀੜ ਸੀ। ਉਹ ਦਰਸ਼ਨਾ ਲਈ ਬੇਚੈਨ ਹੋ ਗਿਆ। ਗੁਰੂ ਜੀ ਦੇ ਚਰਨਾ ਉਤੇ ਲੰਬਾ ਪੈ ਗਿਆ। ਸਰੀਰ ਦੀ ਸੁੱਧ-ਬੁੱਧ ਭੁੱਲ ਗਈ। ਸਤਿਗੁਰੂ ਜੀ ਨੇ ਆਪਣੇ ਹੱਥ ਨਾਲ ਉਸ ਦੇ ਮੱਥੇ ਨੂੰ ਛੂਹਿਆ। ਬਾਹੋਂ ਫੜ ਕੇ ਬਿਠਾਇਆ। ਬਚਨ ਕੀਤੇ ਤੇਰੀ ਕੀ ਇੱਛਾ ਹੈ, ਕਿੱਥੋਂ ਆਇਆ ਹੈਂ। ਇਹ ਸੁਣ ਕੇ ਭਗੀਰਥ ਬੋਲਿਆ ਤੁਸੀਂ ਜਾਣੀ ਜਾਣ ਹੋ। ਆਪ ਦੇ ਪੁੱਛਣ ਤੇ ਮੈਂ ਦੱਸ ਦਿੰਦਾ ਹਾਂ ਕਿ ਮੈਂ ਤਾਂ ਆਪ ਜੀ ਦੀ ਸ਼ਰਨ ਵਿਚ ਰਹਿਣਾ ਚਾਹੁੰਦਾ ਹਾਂ। ਮੇਰਾ ਘਰ ਮਲਸੀਹੇਂ ਪਿੰਡ ਵਿਖੇ ਹੈ। ਮੈਂ ਕਾਲੀ ਦੇਵੀ ਦੀ ਉਪਾਸ਼ਨਾ ਕਰਦਾ ਹਾਂ। ਉਸ ਨੇ ਮੈਨੂੰ ਸਾਰੀ ਗੱਲ ਸਮਝਾ ਦਿੱਤੀ ਹੈ। ਹੁਣ ਮੈਂ ਆਪ ਜੀ ਦੇ ਚਰਨਾ ਵਿਚ ਸੇਵਾ ਲਈ ਆਇਆ ਹਾਂ। ਗੁਰੂ ਸਾਹਿਬ ਉਸ ਦੀ ਬੇਨਤੀ ਸੁਣਕੇ ਬੜੇ ਪ੍ਰਸੰਨ ਹੋਏ ਅਤੇ ਉਸ ਨੂੰ ਆਪਣੀ ਸੇਵਾ ਵਿਚ ਲਾ ਲਿਆ। ਉਹ ਰੋਜਾਨਾ ਹੀ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਦਾ। ਜਿਸ ਤਰ੍ਹਾਂ ਗੁਰੂ ਸਾਹਿਬ ਆਗਿਆ ਕਰਦੇ ਉਹ ਉਸੇ ਤਰ੍ਹਾਂ ਹੀ ਸੇਵਾ ਕਰਦਾ। ਉਨ੍ਹਾਂ ਦਿਨਾ ਵਿਚ ਤਲਵੰਡੀ ਤੋਂ ਭਾਈ ਮਰਦਾਨਾ ਚੱਲ ਕੇ ਆਇਆ। ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਮੇਰੀ ਬੇਟੀ ਦਾ ਵਿਆਹ ਹੈ ਪਰ ਸਾਡੇ ਘਰ ਵਿੱਚ ਸਮਰੱਥਾ ਨਹੀਂ ਹੈ। ਇਸ ਵਾਸਤੇ ਮੈਂ ਆਪ ਜੀ ਦੇ ਕੋਲ ਆਇਆ ਹਾਂ। ਸਤਿਗੁਰਾਂ ਨੇ ਸੁਣਿਆ ਅਤੇ ਭਾਈ ਭਗੀਰਥ ਨੂੰ ਆਖਿਆ ਤੂੰ ਬਹੁਤ ਸਿਆਣਾ ਹੈਂ ਇਹ ਕੰਮ ਤੂੰ ਕਰ। ਵਿਆਹ ਦਾ ਸਾਰਾ ਸਮਾਨ ਕਾਗਜ਼ ਤੇ ਲਿਖ ਕੇ ਹੁਣੇ ਹੀ ਲਾਹੌਰ ਨੂੰ ਜਾ। ਉਥੇ ਕੇਵਲ ਇੱਕ ਰਾਤ ਠਹਿਰਨਾ ਹੈ ਤੇ ਛੇਤੀ ਆਉਣਾ ਹੈ, ਦੇਰ ਨਹੀਂ ਕਰਨੀ। ਮਰਦਾਨੇ ਤੋਂ ਪੁੱਛ ਕੇ ਸਾਰਾ ਕੁਝ ਲਿਖ ਲਿਆ। ਲੋੜੀਂਦਾ ਧਨ ਲੈ ਕੇ ਸਤਿਗੁਰਾਂ ਦੇ ਚਰਨਾ ਤੇ ਸੀਸ ਨਿਵਾ ਕੇ ਭਗੀਰਥ ਤੁਰ

ਪਿਆ। ਲਾਹੌਰ ਸ਼ਹਿਰ ਵਿਚ ਜਾ ਕੇ ਉਸ ਨੇ ਇੱਕ ਦੁਕਾਨ ਉੱਤੇ ਇੱਕ ਸ਼ਾਹ ਦੇਖਿਆ ਜਿਸ ਦਾ ਨਾਂਅ ਮਨਸੁਖ ਸੀ। ਉਹ ਬਹੁਤ ਵੱਡਾ ਧਨਵਾਨ ਸੀ। ਭਗੀਰਥ ਨੇ ਉਸ ਨੂੰ ਕਿਹਾ ਕਿ ਵਿਆਹ ਦਾ ਜਿੰਨਾ ਸਮਾਨ ਕਾਗਜ਼ ਤੇ ਲਿਖਿਆ ਹੈ ਉਹ ਸਾਰਾ ਤੁਸੀਂ ਮੈਨੂੰ ਲੈ ਕੇ ਦਿਓ। ਮੈਂ ਇੱਕ ਰਾਤ ਇੱਥੇ ਰਹਾਂਗਾ। ਉਸ ਦੀ ਗੱਲ ਸੁਣਕੇ ਮਨਸੁੱਖ ਨੇ ਬੜਾ ਆਦਰ ਕੀਤਾ ਅਤੇ ਆਖਿਆ ਹੁਣ ਸ਼ਾਮ ਪੈ ਗਈ ਤੁਸੀਂ ਵਿਸ਼ਰਾਮ ਕਰੋ ਸਵੇਰ ਹੁੰਦਿਆਂ ਹੀ ਸਾਰੀਆਂ ਵਸਤਾਂ ਲੈ ਦਿਆਂਗਾ। ਉਸ ਨੇ ਕਾਗਜ਼ ਪੜ੍ਹਿਆ ਤੇ ਆਖਿਆ ਕਿ ਹੋਰ ਚੀਜ਼ਾਂ ਤਾਂ ਸਭ ਤਿਆਰ ਹਨ ਪਰ ਚੂੜਾ ਬਣਾਉਣ ਨੂੰ ਦੇਰ ਲੱਗੇਗੀ ਤਾਂ ਭਗੀਰਥ ਬੋਲਿਆ ਸ਼ਾਹ ਜੀ ਇਹ ਗੱਲ ਤਾਂ ਉਲਟੀ ਹੈ। ਜੇਕਰ ਮੈਂ ਸ਼ਹਿਰ ਵਿਚ ਦੂਜੀ ਰਾਤ ਰਹਾਂਗਾ ਤਾਂ ਮੇਰਾ ਸਾਰਾ ਜੀਵਨ ਬੇਅਰਥ ਹੋ ਜਾਵੇਗਾ। ਸ਼ਾਹ ਨੇ ਪੁੱਛਿਆ ਇਹ ਕੌਣ ਹੈ ਜਿਸਨੇ ਤੈਨੂੰ ਇਹ ਬਚਨ ਕੀਤਾ ਹੈ। ਭਗੀਰਥ ਨੇ ਆਖਿਆ ਸ਼ਾਹ ਜੀ ਉਹ ਪੂਰਨ ਪੁਰਖ ਹੈ ਜਿਸ ਦਾ ਬਚਨ ਖਾਲੀ ਨਹੀਂ ਜਾਂਦਾ। ਇਹ ਸੁਣ ਕੇ ਮਨਸੁੱਖ ਬੋਲਿਆ ਕਲਯੁੱਗ ਦਾ ਸਮਾਂ ਹੈ ਇਸ ਵਿਚ ਕੋਈ ਵਿਅਕਤੀ ਸੰਪੂਰਨ ਨਹੀਂ ਹੈ। ਭਗੀਰਥ ਨੇ ਆਖਿਆ ਤੁਸੀਂ ਸ਼ੰਕਾ ਨਾ ਕਰੋ। ਜੇਕਰ ਤੁਸੀਂ ਵੀ ਸ਼ਰਧਾ ਧਾਰਨ ਕਰੋਗੇ ਤਾਂ ਸੰਸਾਰ ਦੇ ਸਾਰੇ ਬੰਧਨ ਦੂਰ ਹੋ ਜਾਣਗੇ। ਮਨਸੁੱਖ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਜੇਕਰ ਕੋਈ ਸ਼ਕਤੀ ਦਿਖਾ ਦੇਣ ਤਾਂ ਮੈਂ ਉਨ੍ਹਾਂ ਦਾ ਸਿੱਖ ਬਣ ਜਾਵਾਂਗਾ। ਮੈਨੂੰ ਭੇਖੀ ਸਾਧੂ ਬਥੇਰੇ ਮਿਲੇ ਹਨ ਪਰ ਕਿਸੇ ਨੂੰ ਵੀ ਡਿੱਠਿਆਂ ਮੈਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਈ। ਭਗੀਰਥ ਬੋਲਿਆ ਸ਼ਾਹ ਜੀ ਸੁਣੋ ਪਹਿਲਾਂ ਆਪਣੇ ਮਨ ਦੀ ਸ਼ੰਕਾ ਦੂਰ ਕਰੋ। ਸ਼ਰਧਾ ਧਾਰਨ ਕਰਕੇ ਦਰਸ਼ਨ ਕਰੋ। ਫੇਰ ਹੀ ਉਨ੍ਹਾਂ ਦੇ ਬਚਨ ਸੁਣ ਕੇ ਤੁਹਾਨੂੰ ਸ਼ਾਂਤੀ ਪ੍ਰਾਪਤ ਹੋਵੇਗੀ। ਮਨਸੁੱਖ ਇਹ ਗੱਲ ਸੁਣ ਕੇ ਗੁਰੂ ਜੀ ਦੇ ਦਰਸ਼ਨਾ ਦਾ ਚਾਹਵਾਨ ਹੋ ਗਿਆ। ਬਚਨ ਬਿਲਾਸ ਕਰਕੇ ਲੰਗਰ ਛਕਿਆ ਅਤੇ ਉਥੇ ਹੀ ਸੌਂ ਗਿਆ। ਸਵੇਰ ਹੁੰਦਿਆਂ ਹੀ ਮਨਸੁੱਖ ਉਠਿਆ, ਇਸ਼ਨਾਨ ਕੀਤਾ, ਸਾਰੀ ਸਮੱਗਰੀ ਖਰੀਦ ਲਈ ਅਤੇ ਭਗੀਰਥ ਨੂੰ ਕਹਿਣ ਲੱਗਾ ਮੇਰੇ ਘਰ ਇੱਕ ਸੁੰਦਰ ਚੂੜਾ ਪਿਆ ਹੈ। ਉਹ ਚੂੜਾ ਮੈਂ ਕਦੇ ਵੇਚਣਾ ਨਹੀਂ। ਉਹ ਮੈਂ ਉਨ੍ਹਾਂ ਨੂੰ ਭੇਟਾ ਕਰਾਂਗਾ। ਜੇਕਰ ਹੋਰ ਖਰੀਦਣ ਦੀ ਤੁਹਾਡੀ ਸਲਾਹ ਹੈ ਤਾਂ ਦੂਜੀ ਰਾਤ ਵੀ ਤੁਹਾਨੂੰ ਠਹਿਰਨਾ ਪਵੇਗਾ। ਇਹ ਸੁਣ ਕੇ ਭਗੀਰਥ ਨੇ ਆਖਿਆ ਤੁਸੀਂ ਉਵੇਂ ਹੀ ਕਰੋ ਜਿਵੇਂ ਸੋਚਿਆ ਹੈ। ਉਹ ਵਿਆਹ ਦਾ ਸਾਰਾ ਸਮਾਨ ਲੈ ਕੇ ਚੱਲ ਪਏ। ਮਨਸੁਖ ਆਖਣ ਲੱਗਿਆ ਕਿ ਜੇਕਰ ਸਤਿਗੁਰੂ ਜੀ ਮੇਰਾ ਨਾਂਅ ਲੈ ਕੇ ਮੈਨੂੰ ਸੱਦ ਲੈਣ ਤਾਂ ਮੇਰੇ ਮਨ ਦਾ ਪੱਕਾ ਨਿਸ਼ਚਾ ਜਾਗ ਪਵੇਗਾ। ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਦੇ ਹੋਏ ਨਗਰ ਦੇ ਨੇੜੇ ਪੁੱਜ ਗਏ ਜਿੱਥੇ ਗੁਰੂ ਜੀ ਹੱਟੀ ਤੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਵੇਖਿਆ ਤੇ ਭਰਮ ਦੂਰ ਕਰਨ ਵਾਲਾ ਬਚਨ ਉਚਾਰਦੇ ਹੋਏ ਕਿਹਾ,ਪਰਉਪਕਾਰੀ ਭਗੀਰਥ ਤੇਰੀ ਰੀਤੀ ਨੂੰ ਅਸੀਂ ਚੰਦਨ ਵਾਂਗ ਸਮਝ ਲਿਆ ਹੈ। ਪਹਿਲਾਂ ਤਾਂ ਇਹ

ਮਨਸੁੱਖ ਕੱਚਾ ਸੀ ਹੁਣ ਨਾਮ ਧਾਰਨ ਕਰਕੇ ਸੱਚਾ ਬਣਨਾ ਚਾਹੁੰਦਾ ਹੈ। ਧੰਨ ਹੈ ਸੰਤਾਂ ਦੀ ਮੱਤ ਜੋ ਭ੍ਰਿੰਗੀ ਵਾਂਗ ਦੂਜੇ ਕੀੜਿਆਂ ਨੂੰ ਆਪਣਾ ਰੂਪ ਦੇ ਦਿੰਦੀ ਹੈ। ਗੁਰਾਂ ਦੇ ਬਚਨ ਸੁਣ ਕੇ ਮਨਸੁੱਖ ਭੱਜ ਕੇ ਗੁਰੂ ਜੀ ਦੇ ਚਰਨਾਂ ਨੂੰ ਲਿਪਟ ਗਿਆ। ਵਿਆਹ ਦਾ ਸਮਾਨ ਅੱਗੇ ਧਰ ਦਿੱਤਾ ਤੇ ਭਗੀਰਥ ਬੋਲਿਆ ਹੋਰ ਸਭ ਕੁਝ ਆਪ ਜੀ ਨੂੰ ਪਤਾ ਹੀ ਹੈ। ਆਪ ਦਾ ਨਾਂਅ ਸੁਣ ਕੇ ਇਹ ਮਨਸੁੱਖ ਤੁਹਾਡਾ ਸਿੱਖ ਬਣਨ ਲਈ ਆਇਆ ਹੈ। ਗੁਰੂ ਜੀ ਨੇ ਉਨ੍ਹਾਂ ਦਾ ਸਤਿਕਾਰ ਕੀਤਾ ਅਤੇ ਮਰਦਾਨੇ ਨੂੰ ਸੱਦ ਕੇ ਵਿਆਹ ਦਾ ਸਾਰਾ ਸਮਾਨ ਉਸ ਨੂੰ ਦੇ ਦਿੱਤਾ। ਮਰਦਾਨਾ ਬਹੁਤ ਖੁਸ਼ ਹੋਇਆ। ਫੇਰ ਸਤਿਗੁਰੂ ਜੀ ਨੇ ਹੋਰ ਧਨ ਵੀ ਦਿੱਤਾ। ਤਲਵੰਡੀ ਵਿਚ ਸਤਿਗੁਰਾਂ ਦਾ ਬਹੁਤ ਜਸ ਪੈ ਗਿਆ। ਸੁਲਤਾਨਪੁਰ ਵਿਚ ਆ ਕੇ ਮਨਸੁੱਖ ਦੀ ਸ਼ਰਧਾ ਬਹੁਤ ਵਧ ਗਈ। ਇੱਕ ਦਿਨ ਮਨਸੁੱਖ ਨੇ ਚਰਨਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਇਹ ਸੰਸਾਰ ਬੰਧਨਾ ਵਾਲਾ ਹੈ ਅਤੇ ਅੰਨ੍ਹਾਂ ਖਾਤਾ ਹੈ। ਕਿਰਪਾ ਕਰਕੇ ਮੈਨੂੰ ਡੁੱਬਣ ਤੋਂ ਬਚਾਓ। ਸਤਿਗੁਰਾਂ ਨੇ ਅਜਿਹੀ ਬਾਣੀ ਉਚਾਰਨ ਕੀਤੀ ਜਿਸ ਨਾਲ ਉਸ ਦੇ ਮਨ ਦੀ ਮੈਲ ਧੋਈ ਗਈ। ਹਉਮੈਂ ਨੂੰ ਤਿਆਗ ਕੇ ਨਾਮ ਨਾਲ ਸੁਰਤ ਜੋੜ ਕੇ ਭਾਣਾ ਮੰਨ ਕੇ ਦ੍ਰਿੜ ਅਭਿਆਸ ਕਰਕੇ ਮਨ ਨੂੰ ਸ਼ਾਂਤੀ ਪ੍ਰਾਪਤ ਹੋ ਗਈ ਅਤੇ ਸੁੱਖਾਂ ਦੀ ਕੁੰਜੀ ਮਿਲ ਗਈ। ਮਨ ਵਿਚ ਨਿਸ਼ਚਾ ਹੋ ਗਿਆ ਕਿ ਇਹੋ ਹੀ ਕਰਤਾਰ ਦਾ ਸਰੂਪ ਹਨ, ਮੁਕਤੀ ਦੇਣ ਵਾਲੇ ਹਨ। ਰੋਜਾਨਾ ਸੇਵਾ ਕਰਦਾ, ਬੰਦਨਾ ਕਰਦਾ ਫੇਰ ਇੱਕ ਦਿਨ ਗੁਰੂ ਜੀ ਦੀ ਆਗਿਆ ਅਨੁਸਾਰ ਲਾਹੌਰ ਚਲਾ ਗਿਆ ਅਤੇ ਆਪਣਾ ਵਪਾਰ ਸੰਭਾਲ ਲਿਆ।

***ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾਂ ਛਪਾਨੀ॥***
***ਆਦਿ ੮੭੪***

## ਭਾਈ ਲਾਲੋ ਨੂੰ ਉਪਦੇਸ

ਇੱਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਸੁਲਤਾਨਪੁਰ ਤੋਂ ਚੱਲ ਕੇ ਐਮਨਾਬਾਦ ਨਗਰ ਜਾ ਪਹੁੰਚੇ। ਉੱਥੇ ਆਪਣੇ ਸੇਵਕ ਭਾਈ ਲਾਲੋ ਦੇ ਘਰ ਗਏ। ਭਾਈ ਲਾਲੋ ਜੀ ਖੜੇ ਹੋ ਗਏ ਅਤੇ ਗੁਰੂ ਜੀ ਦੇ ਚਰਨਾ ਤੇ ਨਮਸਕਾਰ ਕਰਕੇ ਮਨ ਪ੍ਰਸੰਨ ਹੋ ਗਿਆ ਹਿਰਦਾ ਅਨੰਦ ਨਾਲ ਭਰ ਗਿਆ। ਗੁਰੂ ਜੀ ਨੇ ਆਖਿਆ ਤੈਨੂੰ ਕਰਤਾਰ ਚਿੱਤ ਆਵੇ ਤੇ ਬੈਠ ਆਪਣੀ ਕਿਰਤ ਕਰ। ਲਾਲੋ ਨੇ ਆਖਿਆ ਹੇ ਦਇਆ ਦੇ ਘਰ ਆਪ ਕਿੱਥੋਂ ਆਏ ਹੋ। ਗੁਰੂ ਜੀ ਨੇ ਆਖਿਆ ਅਸੀਂ ਪਰਦੇਸੀ ਦਰਵੇਸ਼ ਹਾਂ। ਭਾਈ ਲਾਲੋ ਨੇ ਆਖਿਆ ਕਿਰਪਾ ਕਰਕੇ ਆਪਣਾ ਨਾਮ ਦੱਸੋ। ਗੁਰੂ ਜੀ ਨੇ ਆਖਿਆ ਤੁਸੀਂ ਬੈਠੋ ਆਪਣੀ ਕਿਰਤ ਕਰੋ ਪ੍ਰਭੂ ਦਾ ਸਿਮਰਨ ਕਰੋ ਸਾਡਾ ਨਾਮ ਤੁਹਾਨੂੰ ਆਪਣੇ ਆਪ ਹੀ ਪਤਾ ਲੱਗ ਜਾਵੇਗਾ। ਭਾਈ

ਲਾਲੋ ਨੇ ਆਖਿਆ ਕਿ ਤੁਸੀਂ ਨਾਨਕ ਤਪਾ ਹੋ। ਭਾਈ ਮਰਦਾਨੇ ਨੇ ਆਖਿਆ ਤੁਸੀਂ ਠੀਕ ਕਿਹਾ ਹੈ ਮਨ ਵਿਚ ਸ਼ਰਧਾ ਰੱਖੋ। ਭਾਈ ਲਾਲੋ ਨੇ ਬੜੇ ਆਦਰ ਨਾਲ ਮੰਜਾ ਡਾਹ ਦਿੱਤਾ ਅਤੇ ਗੁਰੂ ਜੀ ਉਸ ਉਪਰ ਬੈਠ ਗਏ। ਭਾਈ ਲਾਲੋ ਭੋਜਨ ਤਿਆਰ ਕਰਨ ਵਾਸਤੇ ਚਲਾ ਗਿਆ। ਕੁਝ ਸਮੇਂ ਬਾਅਦ ਭਾਈ ਲਾਲੋ ਸਰ੍ਹੋਂ ਦਾ ਸਾਗ ਤੇ ਬਾਜਰੇ ਦੀ ਰੋਟੀ ਲੈ ਕੇ ਆਇਆ। ਜਦੋਂ ਭਾਈ ਮਰਦਾਨੇ ਨੇ ਬੁਰਕੀ ਮੂੰਹ ਵਿਚ ਪਾਈ ਤਾਂ ਗੁਰੂ ਜੀ ਨੇ ਆਖਿਆ ਮਰਦਾਨੇ ਦੱਸੀਂ ਭੋਜਨ ਕਿੰਨਾ ਸੁਆਦੀ ਬਣਿਆ ਹੈ। ਮਰਦਾਨੇ ਨੇ ਆਖਿਆ ਇਹ ਤਾਂ ਅੰਮ੍ਰਿਤ ਹੈ। ਭਾਈ ਲਾਲੋ ਸੁਣ ਕੇ ਬੋਲਿਆ ਇਹ ਤਾਂ ਵੱਡਿਆਂ ਦੀ ਵਡਿਆਈ ਹੈ। ਭਾਈ ਲਾਲੋ ਨੇ ਗੁਰੂ ਜੀ ਦੇ ਚਰਨਾ ਤੇ ਨਮਸਕਾਰ ਕੀਤੀ ਅਤੇ ਆਖਿਆ ਮੇਰੇ ਦੁਖ ਪਾਪ ਦੂਰ ਕਰ ਦਿੱਤੇ ਹਨ ਤੇ ਬੰਧਨਾ ਤੋਂ ਛੁਟਕਾਰਾ ਦੁਆ ਦਿੱਤਾ ਹੈ। ਗੁਰੂ ਜੀ ਉਸ ਦੇ ਘਰ ਤਿੰਨ ਦਿਨ ਠਹਿਰ ਕੇ ਹੋਰ ਦੇਸਾਂ ਨੂੰ ਜਾਣ ਵਾਸਤੇ ਚੱਲਣ ਲੱਗੇ। ਭਾਈ ਲਾਲੋ ਨੇ ਬੇਨਤੀ ਕੀਤੀ ਮੇਰੇ ਤੋਂ ਕਿਹੜਾ ਗੁਨਾਹ ਹੋ ਗਿਆ ਹੈ। ਮੈਨੂੰ ਆਪਣਾ ਸੇਵਕ ਜਾਣੋ। ਗੁਰੂ ਜੀ ਨੇ ਬਚਨ ਕੀਤਾ ਸਾਨੂੰ ਵੇਖ ਕੇ ਕੁਝ ਬੰਦੇ ਖਿਝਦੇ ਹਨ। ਲਾਲੋ ਨੇ ਆਖਿਆ ਤੁਸੀਂ ਤਾਂ ਸੰਤ ਹੋ ਤੁਹਾਨੂੰ ਵੇਖ ਕੇ ਲੋਕੀ ਕਿਓਂ ਖਿਝਦੇ ਹਨ। ਗੁਰੂ ਜੀ ਨੇ ਆਖਿਆ ਇਨ੍ਹਾਂ ਨੂੰ ਅੱਗੇ ਦੀ ਕੋਈ ਖਬਰ ਨਹੀਂ। ਭਾਵ ਇਸ ਸੰਸਾਰ ਵਿਚ ਭਗਤਾਂ ਦੀ ਅਤੇ ਇਨ੍ਹਾਂ ਲੋਕਾਂ ਦੀ ਨਹੀਂ ਬਣਦੀ।

***"ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥***
***ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥ ਆਦਿ-੧੪੫***

ਭਾਈ ਲਾਲੋ ਨੇ ਬੇਨਤੀ ਕੀਤੀ ਇਕ ਮਹੀਨਾ ਹੋਰ ਠਹਿਰੋ। ਗੁਰੂ ਜੀ ਉਸ ਦੀ ਨਿਮਰਤਾ ਵੇਖ ਕੇ ਇਕ ਮਹੀਨਾ ਹੋਰ ਠਹਿਰੇ। ਭਾਈ ਲਾਲੋ ਬਹੁਤ ਪਿਆਰ ਨਾਲ ਭੋਜਨ ਤਿਆਰ ਕਰਕੇ ਛਕਾਉਂਦਾ। ਗੁਰੂ ਜੀ ਉਸ ਦਾ ਪ੍ਰੇਮ ਵੇਖ ਕੇ ਭੋਜਨ ਛਕਦੇ ਰਹੇ। ਜੋ ਆਪਣੇ ਦਾਸਾਂ ਦੇ ਵਸ ਹੁੰਦੇ ਹਨ, ਫੇਰ ਉਹ ਜਾਤ ਕੁਜਾਤ ਨੂੰ ਨਹੀਂ ਜਾਣਦੇ। ਉਹ ਦਾਸਾਂ ਦੀ ਭਉ ਭਗਤੀ ਨੂੰ ਹੀ ਦੇਖਦੇ ਹਨ। ਭਾਈ ਲਾਲੋ ਦਿਨੇ ਆਪਣੀ ਕਿਰਤ ਕਰਦਾ ਰਾਤ ਨੂੰ ਸੇਵਾ। ਗੁਰੂ ਜੀ ਨੇ ਉਸ ਦਾ ਆਤਮਕ ਅਭਿਆਸ ਦੇਖਦੇ ਹੋਏ ਬਚਨ ਕੀਤਾ "ਤੂੰ ਸਤਿ ਚਿਤ ਅਨੰਦ ਹੈਂ। ਤੇਰਾ ਸਰੂਪ ਸੁਖਾਂ ਗਮਾਂ ਤੋਂ ਰਹਿਤ ਹੈ।" ਗੁਰੂ ਜੀ ਦੇ ਬਚਨ ਸੁਣ ਕੇ ਭਾਈ ਲਾਲੋ ਦੀ ਸਾਰੀ ਅਗਿਆਨਤਾ ਦੂਰ ਹੋ ਗਈ।

## ਮਲਕ ਭਾਗੋ ਨੂੰ ਉਪਦੇਸ

ਗੁਰੂ ਜੀ ਐਮਨਾਬਾਦ ਵਿਚ ਭਾਈ ਲਾਲੋ ਦੇ ਗ੍ਰਿਹਿ ਵਿਖੇ ਰਹਿ ਰਹੇ ਸਨ। ਉਥੋਂ ਦਾ ਇੱਕ ਪਠਾਣ ਰਾਜਾ ਸੀ ਜਿਸ ਦੀ ਸਭਾ ਵਿਚ ਮਾੜੇ ਲੋਕ ਸਨ। ਉਸ ਦਾ ਇੱਕ ਮੰਤਰੀ ਜੋ ਖੱਤਰੀ ਜਾਤ ਦਾ ਮਲਕ ਭਾਗੋ ਸੀ। ਉਸ ਕੋਲ ਪਾਪਾਂ ਨਾਲ ਇਕੱਠਾ

ਕੀਤਾ ਹੋਇਆ ਬਹੁਤ ਧਨ ਸੀ। ਕੋਲਾਂ ਵਿਚ ਆਪਣਾ ਜਸ ਕਰਾਉਣ ਲਈ ਉਸ ਨੇ ਐਮਨਾਬਾਦ ਵਿੱਚ ਬ੍ਰਹਮ ਭੋਜ ਕੀਤਾ। ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਚਾਰੋਂ ਵਰਨਾ ਨੂੰ ਢੰਡੋਰਾ ਦੇ ਕੇ ਸੱਦਾ ਦਿੱਤਾ ਗਿਆ ਸੀ। ਜਿੰਨੇ ਵੀ ਉੱਥੇ ਫਕੀਰ ਸਨ ਉਨ੍ਹਾਂ ਨੂੰ ਵੀ ਬੰਦੇ ਭੇਜਕੇ ਸਭ ਨੂੰ ਭੋਜਨ ਲਈ ਸੱਦਿਆ ਸੀ। ਉਥੋਂ ਦੇ ਖੱਤਰੀਆਂ ਨੂੰ ਜਦੋਂ ਪੰਡਤ ਨਿਉਂਦਾ ਦੇ ਰਿਹਾ ਸੀ ਤਾਂ ਬੇਦੀ ਕੁਲ ਦੇ ਨਿਸ਼ਾਨ (ਗੁਰੂ ਜੀ) ਉਸ ਵੇਲੇ ਜੰਗਲ ਵੱਲ ਜਾ ਰਹੇ ਸਨ। ਦੇਖ ਕੇ ਪੰਡਤ ਨੇ ਆਖਿਆ ਨਾਨਕ ਤਪਾ ਕਿੱਧਰ ਜਾ ਰਿਹਾ ਹੈਂ ਤੈਨੂੰ ਵੀ ਸੱਦਾ ਦਿੱਤਾ ਜਾਂਦਾ ਹੈ ਘਰੇ ਭੋਜਨ ਨਹੀਂ ਕਰਨਾ। ਗੁਰੂ ਜੀ ਨੇ ਸੁਣ ਕੇ ਮੁੱਖ ਤੋਂ ਬਚਨ ਬੋਲਿਆ ਪੰਡਤ ਤੁਹਾਡਾ ਕੈਸਾ ਸੱਦਾ ਹੈ। ਵਿਚਾਰ ਕਰਕੇ ਖੁਦ ਵਿਸਥਾਰ ਨਾਲ ਦੱਸੋ। ਪੰਡਤ ਨੇ ਕਿਹਾ ਇੱਥੇ ਭਾਗੋ ਖੱਤਰੀ ਹੈ ਚਾਰੋਂ ਵਰਨਾ ਦੇ ਸਾਰੇ ਲੋਕਾਂ ਨੂੰ ਉਸ ਨੇ ਸੱਦਾ ਦਿੱਤਾ ਹੈ ਅਤੇ ਬਹੁਤ ਵੱਡਾ ਬ੍ਰਹਮ ਭੋਜ ਕੀਤਾ ਹੈ ਅੱਜ ਸਾਰੇ ਲੋਕ ਉਸ ਦੇ ਘਰ ਜਾ ਰਹੇ ਹਨ। ਤਾਂ ਗੁਰੂ ਜੀ ਨੇ ਕਿਹਾ ਅਸੀਂ ਤਾਂ ਦਰਵੇਸ਼ ਲੋਕ ਹਾਂ ਸਾਡਾ ਤਾਂ ਚੌਹਾਂ ਵਿਚੋਂ ਕੋਈ ਵਰਨ ਨਹੀਂ ਹੈ। ਆਪਣੇ ਕੰਨੀ ਇਹ ਗੱਲ ਸੁਣ ਕੇ ਬ੍ਰਾਹਮਣ ਹਸਦਾ ਹੋਇਆ ਬੋਲਿਆ ਇੰਨ੍ਹਾਂ ਗੱਲਾਂ ਕਰਕੇ ਹੀ ਤਾਂ ਲੋਕਾਂ ਨੇ ਤੇਰਾ ਨਾਮ ਕੁਰਾਹੀਆ ਰੱਖਿਆ ਹੈ ਜਗ ਦੀਆਂ ਰੀਤਾਂ ਨੂੰ ਛੱਡਣ ਕਰਕੇ ਹੀ ਤਾਂ ਇਉਂ ਤੇਰਾ ਨਾਮ ਕੁਰਾਹੀਆ ਪਿਆ। ਬ੍ਰਹਮ ਭੋਜ ਵਿਚ ਜੇ ਨਹੀਂ ਆਵੇਂਗਾ ਤਾਂ ਮਲਕ ਭਾਗੋ ਦੇ ਮਨ ਵਿਚ ਗੁੱਸਾ ਪੈਦਾ ਹੋ ਜਾਵੇਗਾ। ਉਹ ਤੈਨੂੰ ਸ਼ਹਿਰ ਵਿਚੋਂ ਨਿਕਾਲ ਦੇਵੇਗਾ। ਮੈਂ ਤੁਹਾਨੂੰ ਦੱਸ ਦਿੱਤਾ ਹੁਣ ਤੁਸੀਂ ਜਾਣੋ। ਮਲਕ ਭਾਗੋ ਨੇ ਬਹੁਤ ਭਾਰੀ ਬ੍ਰਹਮ ਭੋਜ ਤਿਆਰ ਕੀਤਾ ਸੀ। ਸਭ ਛੋਟੇ ਵੱਡੇ ਆਪਣੇ ਘਰ ਬੁਲਾਏ ਹੋਏ ਸਨ। ਸਭ ਨੇ ਉੱਥੇ ਜਾ ਕੇ ਭੋਜਨ ਖਾਧਾ। ਲੋਕੀ ਰੱਜ ਕੇ ਮਲਕ ਭਾਗੋ ਦਾ ਜਸ ਕਰਦੇ। ਉਸ ਨੂੰ ਬਹੁਤ ਵੱਡਾ ਪੁੰਨਵਾਨ ਮੰਨਦੇ। ਕਿਸੇ ਨੂੰ ਵੀ ਉਸ ਦਾ ਝੂਠਾ ਛਲ ਕਪਟ ਦਿਖਾਈ ਨਹੀਂ ਦਿੰਦਾ ਸੀ ਜਿਸਨੇ ਪਾਪਾਂ ਨਾਲ ਮਾਇਆ ਇਕੱਠੀ ਕੀਤੀ ਹੋਈ ਸੀ। ਗੁਰੂ ਜੀ ਉਸ ਦੇ ਘਰ ਨਹੀਂ ਗਏ। ਸਾਰਾ ਦਿਨ ਜੰਗਲ ਵਿਚ ਹੀ ਬਿਤਾਇਆ ਅਤੇ ਕਿਰਪਾ ਦੇ ਖਜ਼ਾਨੇ ਲਾਲੋ ਦੇ ਘਰ ਆਣ ਬਿਰਾਜੇ। ਜਦੋਂ ਬ੍ਰਾਹਮਣ ਨੂੰ ਪਤਾ ਲੱਗਾ ਕਿ ਨਾਨਕ ਤਪਾ ਨਹੀਂ ਆਇਆ ਹੈ ਉਸ ਨੇ ਮਲਕ ਭਾਗੋ ਪਾਸ ਜਾ ਕੇ ਚੁਗਲੀ ਕੀਤੀ। ਉਹ ਪਹਿਲਾਂ ਵੀ ਈਰਖਾ ਰੱਖਦਾ ਸੀ। ਇਸ ਲਈ ਚੁਗਲੀ ਕਰਕੇ ਉਸ ਨੂੰ ਖੁਸ਼ੀ ਹੋਈ। ਦੇਖੋ ਮਲਕ ਭਾਗੋ ਜੀ ਨਾਨਕ ਤਪਾ ਜੋ ਖੱਤਰੀ ਹੈ, ਤੁਹਾਡੇ ਘਰ ਨਹੀਂ ਆਇਆ। ਆਪਣੇ ਆਪ ਨੂੰ ਤੁਹਾਡੇ ਤੋਂ ਵੱਡਾ ਸਮਝਦਾ ਹੈ। ਉਹ ਕੁਰਾਹੀਆ ਹੋ ਗਿਆ ਹੈ। ਸ਼ੂਦਰ ਦੇ ਘਰ ਭੋਜਨ ਖਾਂਦਾ ਹੈ। ਉਹਦੇ ਮਨ ਵਿਚ ਡਰ ਨਹੀਂ ਹੈ। ਭਾਗੋ ਨੇ ਸੁਣ ਕੇ ਪੁੱਛਿਆ ਕਿ ਤੁਸੀਂ ਉਸ ਨੂੰ ਸੱਦਾ ਦਿੱਤਾ ਸੀ ਕਿ ਨਹੀਂ ਤਾਂ ਬ੍ਰਾਹਮਣ ਕਹਿਣ ਲੱਗਾ ਕਿ ਮੈਂ ਬਾਰ-ਬਾਰ ਆਖਕੇ ਤਾਕੀਦ ਕੀਤੀ ਸੀ। ਸੁਣ ਕੇ ਭਾਗੋ ਨੂੰ

ਕ੍ਰੋਧ ਆਇਆ ਅਤੇ ਆਖਿਆ ਹੁਣ ਬੁਲਾਓ। ਉਸ ਨੇ ਭਾਈ ਲਾਲੋ ਦੇ ਘਰ ਦੇ ਦਰਵਾਜ਼ੇ ਤੇ ਖਲੋ ਕੇ ਉੱਚੀ ਆਵਾਜ਼ ਵਿਚ ਪੁੱਛਿਆ, ਲਾਲੋ, ਨਾਨਕ ਤਪਾ ਇੱਥੇ ਹੀ ਹੈ ਤਾਂ ਲਾਲੋ ਨੇ ਕਿਹਾ ਅੰਦਰ ਬੈਠੇ ਹਨ ਉਨ੍ਹਾਂ ਤੋਂ ਕੀ ਕੰਮ ਹੈ। ਪੰਡਤ ਬੋਲਿਆ ਬਾਹਰ ਭੇਜੋ। ਗੁਰੂ ਜੀ ਆਪ ਹੀ ਬਾਹਰ ਆ ਗਏ ਤੇ ਉਨ੍ਹਾਂ ਕਿਹਾ ਕਿ ਪਾਂਧੇ ਤੈਨੂੰ ਕੀ ਕੰਮ ਹੈ ਦੱਸੋ। ਤਾਂ ਬ੍ਰਾਹਮਣ ਨੇ ਆਖਿਆ ਛੇਤੀ ਚੱਲੋ ਆਪ ਨੂੰ ਮਲਕ ਭਾਗੋ ਬੁਲਾ ਰਿਹਾ ਹੈ। ਗੁਰੂ ਜੀ ਨੇ ਆਖਿਆ ਮਲਕ ਭਾਗੋ ਕੌਣ ਹੈ। ਮੈਂ ਉਸ ਨੂੰ ਨਹੀਂ ਜਾਣਦਾ।

ਪੰਡਤ ਨੇ ਦੂਜੀ ਵਾਰ ਆ ਕੇ ਮਲਕ ਭਾਗੋ ਕੋਲ ਚੁਗਲੀ ਕੀਤੀ। ਮਲਕ ਜੀ ਸੁਣੋ ਉਸ ਨੇ ਕੋਰਾ ਜਵਾਬ ਦੇ ਦਿੱਤਾ। ਉਹ ਮੇਰੇ ਕਹੇ ਤੇ ਇੱਥੇ ਨਹੀਂ ਆ ਰਿਹਾ। ਤੁਹਾਡੇ ਬ੍ਰਹਮ ਭੋਜਨ ਦੀ ਨਿੰਦਾ ਕਰਦਾ ਹੈ। ਖੱਤਰੀ ਜਾਤ ਦਾ ਹੋ ਕੇ ਸ਼ੂਦਰ ਦੇ ਘਰ ਭੋਜਨ ਛਕਦਾ ਹੈ। ਮਲਕ ਭਾਗੋ ਗੁੱਸੇ 'ਚ ਬੋਲਿਆ ਹੁਣੇ ਬੁਲਾ ਕੇ ਲਿਆਓ। ਜੇ ਨਹੀਂ ਆਉਂਦਾ ਤਾਂ ਫੜ ਕੇ ਲਿਆਓ। ਪੰਡਿਤ ਪੰਜ ਬੰਦਿਆਂ ਨੂੰ ਨਾਲ ਲੈ ਕੇ ਦੁਬਾਰਾ ਗਿਆ। ਉੱਚੀ ਬੋਲ ਕੇ ਗੁਰੂ ਨਾਨਕ ਦੇਵ ਜੀ ਨੂੰ ਬੁਲਾਇਆ। ਮਲਕ ਭਾਗੋ ਤੇਰੇ ਤੇ ਬਹੁਤ ਔਖਾ ਹੈ ਭਲੀ ਭਾਂਤ ਨਾਲ ਤੁਰ ਪਵੋ ਨਹੀਂ ਤਾਂ ਇਹ ਬੰਦੇ ਤੈਨੂੰ ਫੜ ਕੇ ਲੈ ਜਾਣਗੇ। ਗੁਰੂ ਜੀ ਸੁਣ ਕੇ ਹਸ ਪਏ ਤੇ ਨਾਲ ਚੱਲ ਪਏ। ਸ਼ਹਿਰ ਵਿਚ ਜਿੱਥੇ ਕਿਤੇ ਵੀ ਲੋਕਾਂ ਨੇ ਸੁਣਿਆ ਕਿ ਗੁਰੂ ਜੀ ਨੂੰ ਫੜ ਕੇ ਲਿਆਂਦਾ ਗਿਆ ਹੈ ਸਾਰੇ ਦੇਖਣ ਲਈ ਨਾਲ-ਨਾਲ ਤੁਰਦੇ ਜਾ ਰਹੇ ਸਨ। ਗੁਰੂ ਜੀ ਮਲਕ ਭਾਗੋ ਕੋਲ ਪਹੁੰਚ ਗਏ ਅਤੇ ਆਖਿਆ ਤੈਨੂੰ ਮੇਰੇ ਤੱਕ ਕੀ ਕੰਮ ਹੈ। ਸੁਣ ਕੇ ਮਲਕ ਭਾਗੋ ਬੋਲਿਆ ਕਿ ਤੈਨੂੰ ਬ੍ਰਾਹਮਣ ਨੇ ਸੱਦਾ ਦਿੱਤਾ ਸੀ, ਤੂੰ ਬ੍ਰਹਮ ਭੋਜ ਖਾਣ ਕਿਉਂ ਨਹੀਂ ਆਇਆ। ਗੁਰੂ ਜੀ ਨੇ ਆਖਿਆ ਅਸੀਂ ਫਕੀਰ ਲੋਕ ਹਾਂ, ਕਿਸੇ ਤੇ ਦਾਅਵਾ ਨਹੀਂ ਰੱਖਦੇ। ਜਿੱਥੇ ਗੁਜ਼ਰਾਨ ਹੋਵੇ ਗੁਜ਼ਾਰ ਲੈਂਦੇ ਹਾਂ। ਸੁਣ ਕੇ ਮਲਕ ਭਾਗੋ ਗੁੱਸੇ ਵਿਚ ਬੋਲਿਆ ਅਸੀਂ ਸੁਣਿਆ ਤੂੰ ਖੱਤਰੀ ਜਾਤ ਦਾ ਹੈਂ ਤੇ ਸ਼ੂਦਰ ਦੇ ਘਰ ਖਾਣਾ ਖਾਂਦਾ ਹੈਂ ਅਸੀਂ ਬੁਲਾਉਂਦੇ ਰਹੇ ਤੂੰ ਸਾਡੇ ਘਰ ਨਹੀਂ ਆਇਆ। ਸੁਣਕੇ ਗੁਰੂ ਜੀ ਨੇ ਬਚਨ ਕੀਤਾ ਹੁਣੇ ਹੀ ਲਿਆਓ ਬ੍ਰਹਮ ਭੋਜ ਵਿਚ ਜੋ ਭੋਜਨ ਤਿਆਰ ਕੀਤਾ ਹੈ ਤੁਹਾਡੇ ਚਿੱਤ ਦੀ ਇੱਛਾ ਵਿਚੇ ਹੀ ਨਾ ਰਹਿ ਜਾਵੇ। ਗੁਰੂ ਜੀ ਨੇ ਲਾਲੋ ਨੂੰ ਵੀ ਕਿਹਾ ਤੇਰੇ ਘਰੇ ਜੋ ਭੋਜਨ ਹੈ ਲੈ ਕੇ ਆਵੋ। ਲਾਲੋ ਆਪਣੇ ਘਰੋਂ ਕੋਧਰੇ ਦੀ ਰੋਟੀ ਲੈ ਕੇ ਆ ਗਿਆ। ਮਲਕ ਭਾਗੋ ਨੇ ਬ੍ਰਹਮ ਭੋਜਨ ਵਿਚ ਜੋ ਪੂੜੇ ਤਿਆਰ ਕੀਤੇ ਸਨ ਉਹ ਮੰਗਵਾਏ ਗੁਰੂ ਜੀ ਦੇ ਅੱਗੇ ਰੱਖਕੇ ਕਿਹਾ ਲਓ ਖੁਸ਼ੀ ਨਾਲ ਖਾਵੋ। ਗੁਰੂ ਜੀ ਨੇ ਭਾਈ ਲਾਲੋ ਪਾਸੋਂ ਕੋਧਰੇ ਦੀ ਰੋਟੀ ਵੀ ਲੈ ਲਈ। ਖੱਬੇ ਹੱਥ ਵਿਚ ਪੂੜੇ ਸੱਜੇ ਹੱਥ ਵਿਚ ਕੋਧਰੇ ਦੀ ਰੋਟੀ ਫੜਕੇ ਲੋਕਾਂ ਦੇ ਇਕੱਠ ਵਿਚ ਦੋਨੋਂ ਹੱਥ ਘੁੱਟੇ ਤਾਂ ਲੋਕੀ ਵੇਖ ਕੇ ਬਹੁਤ ਹੈਰਾਨ ਰਹਿ ਗਏ। ਕੋਧਰੇ ਦੀ ਰੋਟੀ ਵਿਚੋਂ ਦੁੱਧ ਅਤੇ ਪੂੜਿਆਂ ਵਿਚੋਂ ਲਹੂ ਦੀ ਧਾਰ ਨਿੱਕਲੀ। ਜਿਉਂ-ਜਿਉਂ

ਗੁਰੂ ਜੀ ਹੱਥ ਘੁੱਟੀ ਜਾਣ ਤਿਉਂ-ਤਿਉਂ ਦੁੱਧ ਤੇ ਲਹੂ ਹੋਰ ਜ਼ਿਆਦਾ ਨਿਕਲੀ ਜਾਵੇ। ਲੋਕ ਵੇਖ ਕੇ ਹੈਰਾਨ ਹੋ ਗਏ ਸਨ। ਗੁਰੂ ਜੀ ਨੇ ਮਨੋਹਰ ਬਚਨ ਕੀਤਾ ਕਿ ਮਲਕ ਭਾਗੋ ਨੇ ਲੋਕਾਂ ਦਾ ਖ਼ੂਨ ਚੂਸਿਆ ਤੇ ਫੇਰ ਉਨ੍ਹਾਂ ਨੂੰ ਹੀ ਬ੍ਰਹਮ ਭੋਜ ਕੀਤਾ ਹੈ। ਜਿਨ੍ਹਾਂ ਦੇ ਮਨਾ ਨੂੰ ਇਸ ਗੱਲ ਦਾ ਪਤਾ ਹੈ ਉਹ ਕਿਉਂ ਲਹੂ ਪੀਣਗੇ। ਉਹ ਆਪਣੇ ਆਪ ਨੂੰ ਪੁੰਨਾ ਤੋਂ ਰਹਿਤ ਕਿਓਂ ਕਰਨਗੇ। ਸ਼ੂਦਰ ਦੇ ਘਰ ਦੇ ਭੋਜਨ ਵਿਚੋਂ ਦੁੱਧ ਨਿਕਲਿਆ ਹੈ। ਇਨ੍ਹਾਂ ਦੇ ਘਰ ਤਾਂ ਨਿੱਤ ਅਸਲ ਬ੍ਰਹਮ ਭੋਜ ਹੁੰਦਾ ਹੈ ਜਿਸ ਦੇ ਘਰ ਦਾ ਮੈਂ ਛਕਦਾ ਹਾਂ। ਹੱਥੀਂ ਮਿਹਨਤ ਕਰਕੇ ਭੋਜਨ ਛਕਾਉਂਦੇ ਹਨ। ਇਸ ਤਰ੍ਹਾਂ ਦਾ ਭੋਜਨ ਛਕਣ ਨਾਲ ਮਨ ਪਵਿੱਤਰ ਹੁੰਦਾ ਹੈ। ਹੰਕਾਰੀ ਮਲਕ ਭਾਗੋ ਸ਼ਰਮਸਾਰ ਹੋ ਗਿਆ। ਸਿਆਣੇ ਤੇ ਬੁੱਧੀਮਾਨ ਲੋਕ ਗੁਰੂ ਜੀ ਦੇ ਚਰਨੀਂ ਪੈ ਗਏ।

## ਰਾਇ ਬੁਲਾਰ ਨੂੰ ਉਪਦੇਸ਼

ਰਾਏ ਬੁਲਾਰ ਨੇ ਜੋ ਬੇਨਤੀ ਕੀਤੀ ਸੀ ਗੁਰੂ ਜੀ ਨੇ ਸੁਣਕੇ ਬਹੁਤ ਹੀ ਮਿੱਠੇ ਸੁਭਾ ਸਹਿਤ ਕਿਹਾ ਕਿ ਹੇ ਪ੍ਰਿਥਵੀ ਦੇ ਮਾਲਕ ਰਾਇ ਬੁਲਾਰ ਜੀ ਤੁਸੀਂ ਖੋਹਲ ਕੇ ਵਰਣਨ ਕਰੋ ਕਿ ਤੁਹਾਨੂੰ ਆਪਣੀ ਹਉਮੈ ਕਿਸ ਚੀਜ਼ ਵਿਚ ਹੈ। ਤਾਂ ਰਾਇ ਬੁਲਾਰ ਜੀ ਨੇ ਦੱਸਿਆ ਹੇ ਦੀਨ ਦਇਆਲ ਮੇਰਾ ਤੁਰਕਾਂ ਦੇ ਘਰ ਜਨਮ ਹੋਇਆ ਹੈ ਮੇਰੀ ਆਯੂ ਵਡੇਰੀ ਅਤੇ ਵਾਲ ਚਿੱਟੇ ਹੋ ਗਏ ਨੇ ਮੇਰੀ ਚਮੜੀ ਢਿੱਲੀ ਹੋ ਗਈ ਹੈ ਅਤੇ ਮੈਂ ਕਮਜ਼ੋਰ ਹੋ ਗਿਆ ਹਾਂ। ਮੇਰਾ ਸਿਰ ਕੰਬ ਰਿਹਾ ਹੈ, ਮੇਰੇ ਮਨ ਦਾ ਧਿਆਨ ਵਿਸ਼ੇ ਵਿਕਾਰਾਂ ਵਿਚ ਮਿਲਿਆ ਹੋਇਆ ਹੈ। ਮੇਰੀ ਇਸਤਰੀ, ਮੇਰੇ ਪੁੱਤ-ਪੋਤਰੇ, ਮੇਰੇ ਭਾਈ, ਮੇਰੇ ਸਰੀਕ ਇਹ ਜਾਨਣ ਵਾਲੇ ਹਨ। ਉਨ੍ਹਾਂ ਦੇ ਬੁਲਾਣ ਵੇਲੇ ਮੈਨੂੰ ਇੰਝ ਲੱਗਦਾ ਜਿਵੇਂ ਮੇਰੇ ਵਿਚ ਹਉਮੈ ਭਰਦੇ ਹੋਵਣ। ਮੈਂ ਸਬੰਧਾਂ ਨੂੰ ਇਸ ਤਰ੍ਹਾਂ ਜਾਣਦਾ ਹਾਂ। ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਹੇ ਰਾਜਨ ਇਹ ਸਰੀਰ ਦੇ ਧਰਮ ਹਨ। ਤੁਹਾਡੇ ਦਿਲ ਨੂੰ ਭਰਮ ਹੋ ਗਿਆ ਹੈ ਕਿ ਇਹ ਤੁਸੀਂ ਲਾਏ ਹਨ। ਜਨਮ-ਮਰਨ ਦਾ ਕਸ਼ਟ ਸਰੀਰ ਕਰਕੇ ਹੁੰਦਾ ਹੈ। ਬਾਲਪਨ, ਜਵਾਨੀ, ਬਿਰਧ ਅਵਸਥਾ ਬਾਰੇ ਜੋ ਸੋਚਦੇ ਹੋ ਉਹ ਕੁਝ ਵੀ ਨਹੀਂ। ਮਿੱਟੀ,ਹਵਾ,ਪਾਣੀ,ਅਕਾਸ਼ ਤੇ ਅਗਨੀ ਜਾਣੋ ਇਹ ਪੰਜੋ ਹੀ ਤੱਤ ਜੀਵਨ ਦੀ ਜੜ ਨੇ। ਜਿਨ੍ਹਾਂ ਦੁਆਰਾ ਇਹ ਸਰੀਰ ਬਣਦਾ ਉਹ ਹੀ ਮੂਲ ਹਨ। ਜੈਸਾ ਕਾਰਨ ਹੋਵੇ ਤੈਸਾ ਹੀ ਕਾਰਜ ਹੁੰਦਾ ਹੈ। ਤੂੰ ਆਪ ਸਦਾ ਹੀ ਜੀਵਾਤਮਾ ਤੇ ਸੁਖਾਂ ਸਹਿਤ ਹੈਂ ਜੋ ਜਨਮ ਮਰਨ ਤੋਂ ਰਹਿਤ ਅਤੇ ਅਟੁੱਟ ਹੈ। ਨਾਮ, ਰੂਪ ਅਤੇ ਰੰਗ ਜਾਤੀ ਵਰਨ ਤੋ ਰਹਿਤ ਹੈ। ਹਮੇਸ਼ਾਂ ਹੀ ਨਿਰੰਤਰ ਇਕ ਰਸ ਦੁਖਾਂ ਕਸ਼ਟਾਂ ਤੋਂ ਮੁਕਤ ਹੈਂ। ਇਸ ਲਈ ਜਦੋਂ ਆਤਮਾ ਇਹ ਸਰੀਰ ਛੱਡ ਜਾਵੇਗੀ ਤਾਂ ਸਨੇਹੀ ਪਿਆਰ ਕਰਨ ਵਾਲੇ ਵੀ ਇਸ ਸਰੀਰ ਨੂੰ ਘਰ ਵਿਚੋਂ ਬਾਹਰ ਕੱਢ ਦਿੰਦੇ ਹਨ। ਜਿਸ ਤੋਂ ਬਗੈਰ ਇਹ ਸਰੀਰ ਮੁਰਦਾ ਦੇਹ, ਅਪਵਿੱਤਰ ਹੋ ਜਾਂਦੀ ਹੈ,ਤੁਸੀਂ

ਉਸ ਨੂੰ ਇਸ ਤੋਂ ਵੱਖਰਾ ਤੇ ਪਵਿੱਤਰ ਜਾਣਿਆ ਹੈ। ਜਾਤ-ਪਾਤ ਵਰਨਾ ਤੋਂ ਆਪਣੇ ਆਪ ਨੂੰ ਵੱਖ ਕਰਕੇ ਆਪਣੇ ਅਸਲ ਰੂਪ ਤੇ ਨਿਸ਼ਚਾ ਕਰਕੇ ਵੇਖੋ ਅਤੇ ਜੋ ਇਹ ਮੋਹ ਮੁਹੱਬਤ ਮੇਰੇਪਣ ਹਨ, ਸਭ ਜਿਉਂਦਿਆਂ ਲਈ ਹੀ ਹਨ। ਬਾਅਦ ਵਿਚ ਸਭ ਵਿਅਰਥ ਹੋ ਜਾਂਦਾ ਹੈ। ਪਤਨੀ, ਪੁੱਤਰ, ਪੋਤਰੇ ਆਦਿ ਇਹ ਸਾਰੇ ਜੋ ਸਕੇ ਸੰਬੰਧੀ ਹਨ ਦੇਹ ਤਿਆਗ ਦੇਣ ਪਿੱਛੋਂ ਕੋਈ ਵੀ ਸਾਥੀ ਨਹੀਂ ਬਣਦਾ। ਇਹ ਸਰੀਰ ਉਹ ਬਸਤਰ ਸਮਾਨ ਹੈ ਜੋ ਜਦੋਂ ਪੁਰਾਣਾ ਹੋ ਜਾਂਦਾ ਹੈ ਤਾਂ ਇਹ ਆਤਮਾ ਸਰੀਰ ਨੂੰ ਛੱਡ ਜਾਂਦੀ ਹੈ। ਹੇ ਰਾਜਾ!ਇਸ ਕਰਕੇ ਮਨ ਵਿਚ ਇਹ ਜਾਣੋ ਕਿ ਇਹ ਜੋ ਆਤਮਾ ਹੈ ਇਹ ਵੱਖਰੀ ਹੈ। ਰਾਏ ਬੁਲਾਰ ਨੇ ਗੁਰੂ ਜੀ ਦੇ ਬਚਨ ਸੁਣਕੇ ਤਨ ਦਾ ਹੰਕਾਰ ਤਿਆਗ ਦਿੱਤਾ। ਗੁਰੂ ਜੀ ਨੂੰ ਫੇਰ ਕਹਿਣ ਲੱਗਾ ਕਿ ਤੁਸੀਂ ਇਹ ਗੱਲ ਠੀਕ ਸੱਚੀ ਦੱਸ ਦਿੱਤੀ ਹੈ ਕਿ ਸਰੀਰ ਹੀ ਮੈਂ ਨਹੀਂ,ਸੋ ਇੰਦਰੀਆਂ ਦੇ ਹੰਕਾਰ ਵਿਚ ਖੁਸ਼ੀਆਂ ਰਚੀਆਂ ਹੋਈਆਂ ਹਨ। ਜਿਨ੍ਹਾਂ ਨਾਲ ਮੈਂ ਦੇਖਦਾ ਹਾਂ, ਮੈਂ ਸੁਣਦਾ ਹਾਂ, ਮੈਂ ਚੱਲਦਾ ਹਾਂ, ਮੈਂ ਫੜਦਾ ਹਾਂ, ਮੈਂ ਕਹਿੰਦਾ ਹਾਂ, ਮੈਂ ਸੁੰਘਦਾ ਹਾਂ, ਮੈਂ ਛੂੰਹਦਾ ਹਾਂ, ਮੈਂ ਸਵਾਦ ਲੈਂਦਾ ਹਾਂ। ਇਨ੍ਹਾਂ ਇੰਦਰੀਆਂ ਕਰਕੇ ਹੀ ਮੈਂ ਏਸ ਤਰ੍ਹਾਂ ਹੰਕਾਰ ਧਾਰਨ ਕੀਤਾ ਹੋਇਆ ਹੈ। ਇਸ ਲਈ ਇੰਦ੍ਰੀਆਂ ਨੂੰ ਸਰੀਰ ਨਾਲੋਂ ਵੱਖਰਾ ਮੰਨ ਕੇ ਇੰਨ੍ਹਾਂ ਨੂੰ ਹੀ ਮੈਂ ਆਪਣਾ ਸੁੰਦਰ ਸਰੂਪ ਸਮਝਦਾ ਹਾਂ। ਹੇ ਰਾਜਾ ਤੇਰਾ ਅਸਲ ਸਰੂਪ ਇੰਦ੍ਰੀਆਂ ਕਰਕੇ ਵੀ ਨਹੀਂ ਧਿਆਨ ਨਾਲ ਸੁਣ। ਜਿਵੇਂ ਤਰਖਾਣ ਦੇ ਹੱਥ ਵਿਚ ਉਸਦਾ ਕੁਹਾੜਾ ਨਾ ਹੋਵੇ ਤਾਂ ਸਮਝੋ ਉਸ ਪਾਸ ਕੋਈ ਕੰਮ ਹੀ ਨਹੀ ਰਹਿ ਜਾਂਦਾ। ਇਸ ਤਰ੍ਹਾਂ ਇਹ ਸਾਰੀਆਂ ਇੰਦ੍ਰੀਆਂ ਹੀ ਸਾਧਨ ਮਾਤਰ ਹਨ। ਆਤਮਾ ਜੋ ਚੇਤਨ ਹੈ ਉਹ ਉਨ੍ਹਾ ਤੋਂ ਵੱਖਰੀ ਤੇ ਅਨੰਦਮਈ ਸਰੂਪ ਵਾਲੀ ਹੈ। ਵੱਖ ਵੱਖ ਇੰਦ੍ਰੀਆਂ ਦੇ ਵੱਖ ਵੱਖ ਸੁਭਾਅ ਹਨ। ਤੂੰ ਇੰਨ੍ਹਾਂ ਤੋਂ ਆਪਣੇ ਸਰੂਪ ਦਾ ਕਿਵੇਂ ਅਨੁੰਮਾਨ ਲਾ ਲਿਆ। ਤੂੰ ਤਾਂ ਸਦਾ ਹੀ ਸੁਧ ਚੇਤਨ ਸਰੂਪ ਹੈਂ। ਇਹ ਸਾਰੀਆਂ ਇੰਦ੍ਰੀਆਂ ਬਿਨਾ ਮੁੱਢ ਤੋਂ ਹਨ। ਜੋ ਅੰਨ੍ਹੇ, ਬੋਲੇ ਤੇ ਗੁੰਗੇ ਲੋਕ ਹਨ ਉਹ ਵੀ ਸੰਸਾਰ ਵਿਚ ਬਾਕੀਆਂ ਵਾਂਗ ਜਿਉਂਦੇ ਰਹਿੰਦੇ ਹਨ। ਇਨ੍ਹਾਂ ਦੇ ਆਤਮ ਸਰੂਪ ਨੂੰ ਵੀ ਵੱਖਰਾ ਸਮਝੋ ਕਿਉਂਕਿ ਇੰਨ੍ਹਾਂ ਦੀਆਂ ਇੰਦ੍ਰੀਆਂ ਵੀ ਤਨ ਦੇ ਸਹਾਰੇ ਤੇ ਹੀ ਹਨ। ਇੰਦ੍ਰੀਆਂ ਆਪੋ ਆਪਣੇ ਤੱਤਾਂ ਮੁਤਾਬਿਕ ਗੁਣ ਗ੍ਰਹਿਣ ਕਰਦੀਆਂ ਹਨ। ਅਕਾਸ਼ ਦਾ ਗੁਣ ਹੈ ਸ਼ਬਦ ਉਸ ਨੂੰ ਕੰਨ ਗ੍ਰਹਿਣ ਕਰਦੇ ਹਨ ਜਿਸਨੂੰ ਹਵਾ ਦੀ ਇੰਦ੍ਰੀ ਜਾਣੋ ਉਸ ਦਾ ਵਿਸ਼ਾ ਛੂਹਣ ਨਾਲ ਹੈ। ਜਿਹੋ ਜਿਹਾ ਕਿਸੇ ਦਾ ਸੁਭਾਅ ਹੁੰਦਾ ਹੈ ਇੰਦ੍ਰੀਆਂ ਵੀ ਉਸੇ ਤਰ੍ਹਾਂ ਹੀ ਗੁਣ ਗ੍ਰਹਿਣ ਕਰਦੀਆਂ ਹਨ। ਹੇ ਰਾਜਨ ਤੂੰ ਕਿਉਂ ਫਜ਼ੂਲ ਵਿਚ ਹਉਮੈ ਫੜੀ ਹੋਈ ਹੈ। ਅੱਖਾਂ ਅੱਗ ਨੂੰ ਜਾਨਣ ਦੀਆਂ ਇੰਦ੍ਰੀਆਂ ਹਨ,ਉਨ੍ਹਾਂ ਦਾ ਗੁਣ ਰੂਪ ਹੈ। ਹੇ ਰਾਜਨ ਤੁਸੀਂ ਸਮਝੋ ਇਹ ਉਸੇ ਤਰ੍ਹਾਂ ਹੀ ਅੱਗ ਗ੍ਰਹਿਣ ਕਰਦੀਆਂ ਹਨ। ਜਲ ਦੀ ਇੰਦ੍ਰੀ ਜੀਭ

ਹੈ ਜਿਸ ਦਾ ਗੁਣ ਰਸ ਨਾਲ ਹੈ। ਉਸਦਾ ਵਿਸ਼ਾ ਸੁਆਦ ਨੂੰ ਗ੍ਰਹਿਣ ਕਰਨਾ ਹੈ। ਪ੍ਰਿਥਵੀ ਨੂੰ ਜਾਨਣ ਦੀ ਇੰਦ੍ਰੀ ਨੱਕ ਹੈ। ਜੋ ਗੰਧ ਸੁਗੰਧ ਪਛਾਨਣ ਦਾ ਗੁਣ ਰੱਖਦੀ ਹੈ। ਸੁੰਘਣ ਤੋਂ ਹੀ ਜਾਣੀ ਜਾਂਦੀ ਹੈ। ਇਸ ਵਾਸਤੇ ਤੁਸੀਂ ਵਿਚਾਰੋ ਕਿ ਤੁਸੀਂ ਹਉਮੈ ਕਿਉਂ ਪਕੜ ਰੱਖੀ ਹੈ। ਸਾਰੀਆਂ ਇੰਦ੍ਰੀਆਂ ਨੂੰ ਦੁਖਾਂ ਦਾ ਖੂਹ ਸਮਝੋ। ਤੁਹਾਡਾ ਸਰੂਪ ਤਾਂ ਅਨੰਦ ਵਾਲਾ ਹੈ। ਰਾਇ ਬੁਲਾਰ ਨੇ ਸੁਣ ਕੇ ਇੰਦ੍ਰੀ ਦੀ ਅਹੰਗਤਾ ਵੀ ਵਿਸਾਰ ਦਿੱਤੀ। ਫਿਰ ਗੁਰੂ ਜੀ ਨੂੰ ਕਿਹਾ ਕਿ ਮੇਰਾ ਸਰੂਪ ਇੰਦ੍ਰੀਆਂ ਕਰਕੇ ਵੀ ਨਹੀਂ ਹੈ। ਇਸ ਲਈ ਮੈਂ ਇਹ ਸਮਝਾਂ ਕਿ ਮੇਰੇ ਸਰੂਪ ਦੀ ਸੁੰਦਰਤਾ ਪ੍ਰਾਣਾਂ ਕਰਕੇ ਹੈ। ਜਿਨ੍ਹਾਂ ਚਿਰ ਪ੍ਰਾਣ ਰਹਿੰਦੇ ਹਨ ਇਹ ਸਰੀਰ ਚੱਲਦਾ ਰਹਿੰਦਾ ਹੈ। ਇਸ ਲਈ ਮੈਂ ਆਪਣਾ ਸਰੂਪ ਪ੍ਰਾਣਾਂ ਕਰਕੇ ਪਹਿਚਾਣਿਆ ਹੈ। ਦੁਖ ਸੁਖ ਦਾ ਅਨੁਭਵ ਪ੍ਰਾਣਾ ਰਾਹੀਂ ਹੁੰਦਾ ਹੈ। ਸਰੀਰ ਦੀਆਂ ਇੰਦ੍ਰੀਆਂ ਵੀ ਪ੍ਰਾਣ ਤੋਂ ਬਗੈਰ ਸਥਿਰ ਨਹੀਂ ਹਨ। ਖਾਣਾ ਪੀਣਾ ਵੀ ਇਸੇ ਕਰਕੇ ਹੈ। ਸੋ ਮੇਰੇ ਸਰੂਪ ਦੀ ਸੁੰਦਰਤਾ ਪ੍ਰਾਣਾਂ ਕਰਕੇ ਹੀ ਹੈ। ਹੇ ਰਾਜਨ ਜੋ ਪ੍ਰਾਣਾਂ ਦੀ ਸੁੰਦਰਤਾ ਹੈ ਉਹ ਵੀ ਤੇਰਾ ਸਰੂਪ ਨਹੀਂ ਹਨ। ਇਹ ਜੋ ਪ੍ਰਾਣ ਹਨ ਇਹ ਜਾਗਦਿਆਂ ਸੁਪਨ ਅਵਸਥਾ ਵਿਚ ਅਤੇ ਗੂੜ੍ਹੀ ਨੀਂਦ ਵਿਚ ਕਦੇ ਸਥਿਰ ਨਹੀਂ ਹੁੰਦੇ। ਤੇਰੇ ਸਰੂਪ ਦੀ ਰੀਤ ਇਨ੍ਹਾਂ ਪ੍ਰਾਣਾਂ ਦੇ ਸਮਾਨ ਵੀ ਨਹੀਂ ਇਸ ਦੇ ਬਿਲਕੁਲ ਉਲਟ ਜਾਣੋ। ਜੋ ਜਾਗਦੇ ਸੌਂਦੇ ਮਿਹਨਤ ਅਨੰਦ ਮਾਣਦੇ ਹਨ ਫਿਰ ਉਹ ਗੂੜ੍ਹੀ ਨੀਂਦ ਵਿਚ ਚਲੇ ਜਾਂਦੇ ਹਨ। ਪ੍ਰਾਣ ਗਹਿਰੇ ਅਨੰਦ ਵਿਚ ਸਮਾ ਜਾਣ ਪਿੱਛੋਂ ਬਿਰਤੀ ਰਹਿਤ ਹੋ ਜਾਂਦੇ ਹਨ। ਪਰ ਜੋ ਸਦਾ ਹੀ ਅਚੱਲ ਅਤੇ ਸੁੰਦਰ ਅਵਸਥਾ ਵਾਲਾ ਰੂਪ ਹੈ ਤੁਸੀਂ ਉਸ ਨੂੰ ਆਪਣਾ ਸਰੂਪ ਜਾਣੋ। ਤੂੰ ਜੋ ਜਾਣਿਆ ਹੈ ਕਿ ਪ੍ਰਾਣਾਂ ਤੋਂ ਬਗੈਰ ਦੇਹੀ ਇੰਦਰੀਆਂ ਨੂੰ ਥਿਰ ਨਹੀਂ ਜਾਣਿਆ ਜਾਂਦਾ ਤੂੰ ਇਸ ਦਾ ਉੱਤਰ ਧੀਰਜ ਨਾਲ ਸੁਣ। ਜੋ ਮਨੁੱਖੀ ਪ੍ਰਾਣ ਹਨ ਇਹ ਘੋੜੇ ਦੇ ਸਮਾਨ ਹਨ। ਉਸ ਪਰ ਅਸਵਾਰ ਹੋ ਕੇ ਬੰਦਾ ਜਦ ਪ੍ਰਲੋਕ ਚਲਾ ਜਾਂਦਾ ਹੈ ਤਾਂ ਸਾਕ ਸਬੰਧੀਆਂ ਨੂੰ ਗਮ ਸੋਗ ਹੋ ਜਾਂਦਾ ਹੈ। ਇਸ ਲਈ ਤੂੰ ਆਪਣੇ ਅਸਲ ਸਰੂਪ ਨੂੰ ਜਾਨਣ ਦੀ ਕੋਸ਼ਿਸ਼ ਕਰ ਤਾਂ ਹੀ ਤੇਰੇ ਸਾਰੇ ਸੰਕਟ ਦੂਰ ਹੋਵਣਗੇ। ਰਾਏ ਬੁਲਾਰ ਨੇ ਇਹ ਬਚਨ ਕੰਨੀ ਸੁਣ ਕੇ ਕਿ ਮੇਰਾ ਸਰੂਪ ਪ੍ਰਾਣਾਂ ਕਰਕੇ ਨਹੀਂ ਮੈਂ ਇਸ ਗੱਲ ਦਾ ਤਿਆਗ ਕਰ ਦਿੱਤਾ ਤੇ ਬੋਲਿਆ ਕਿ ਇਹ ਸਾਰਾ ਸੰਸਾਰ ਹੀ ਮੈਂ ਝੂਠਾ ਸਮਝਦਾ ਹਾਂ ਮੇਰਾ ਸਰੂਪ ਪ੍ਰਾਣ ਹੀ ਨਹੀਂ ਤੁਸੀਂ ਸੱਚ ਕਿਹਾ ਹੈ। ਮੈਂ ਹੁਣ ਜਾਣ ਲਿਆ ਹੈ ਕਿ ਮਨ ਹੀ ਮੇਰਾ ਸਰੂਪ ਹੈ ਜਿਸ ਦੇ ਅਧੀਨ ਸਾਰਾ ਗਿਆਨ ਹੈ। ਜਿੰਨਾਂ ਚਿਰ ਇਹ ਮਨ ਸਾਵਧਾਨ ਨਹੀਂ ਹੁੰਦਾ ਉਤਨਾ ਚਿਰ ਗਿਆਨ ਵੀ ਕੋਈ ਉਪਾਅ ਨਹੀਂ ਕਰ ਸਕਦਾ। ਮੈਂ ਇਸ ਤਰ੍ਹਾਂ ਦਾ ਮਨ ਵਿਚ ਸੰਕਲਪ ਕੀਤਾ ਹੈ ਜਿਸ ਨਾਲ ਸਾਰੇ ਵੈਰੀਆਂ ਨੂੰ ਜਿੱਤ ਸਕਾਂ। ਸੰਕਲਪ ਪੈਦਾ ਕਰਨਾ ਮਨ ਦਾ ਧਰਮ ਹੈ ਇਸ ਲਈ ਮੈਂ ਸਭ ਕੁਝ ਮਨ ਸਦਕਾ ਹੀ ਪਾਇਆ

ਹੈ। ਇਸੇ ਕਰਕੇ ਮਨ ਹੀ ਮੇਰਾ ਸਰੂਪ ਹੈ ਜਿਸ ਕਰਕੇ ਮੈਂ ਕਿਸੇ ਹੋਰ ਪਾਸੇ ਨਹੀਂ ਤੱਕਦਾ। ਤਾਂ ਗੁਰੂ ਜੀ ਨੇ ਦੱਸਿਆ ਹੇ ਰਾਜਨ ਤੂੰ ਮਨ ਵੀ ਨਹੀਂ ਹੈ। ਇਸ ਵਿਚ ਤਾਂ ਬਹੁਤ ਵਿਕਾਰ ਪੈਦਾ ਹੁੰਦੇ ਹਨ। ਤੇਰਾ ਸਰੂਪ ਤਾਂ ਵਿਸ਼ੇ ਵਿਕਾਰਾਂ ਤੋਂ ਰਹਿਤ ਹੈ। ਤੂੰ ਇਸ ਲਈ ਹੁਣ ਬਹੁਤ ਹੀ ਸੁੰਦਰ ਵਿਧੀ ਨਾਲ ਜਾਨਣ ਦੀ ਕੋਸ਼ਿਸ਼ ਕਰ ਜਿਸ ਨੇ ਇਸ ਮਨ ਨੂੰ ਪੈਦਾ ਕੀਤਾ ਹੈ ਤੇਰਾ ਤਾਂ ਉਹ ਹੀ ਸਦਾ ਸੁੰਦਰ ਰਹਿਣ ਵਾਲਾ ਸਰੂਪ ਹੈ। ਤੂੰ ਜਨਮ ਮਰਨ ਦੇ ਚੱਕਰ ਵਿਚ ਨਹੀ ਹੈਂ। ਤੂੰ ਆਪਣੇ ਆਪ ਨੂੰ ਹਮੇਸ਼ਾਂ ਇੱਕ ਰਸ ਵਿਚ ਹੀ ਜਾਣ। ਮੇਰੇ ਮਨ ਵਿਚ ਜੋ ਆਇਆ ਹੈ ਉਹ ਕਹਿੰਦਾ ਹਾਂ ਲੜਾਈ ਕਰਕੇ ਆਪਣੇ ਦੁਸ਼ਮਨਾ ਨੂੰ ਜਿੱਤ ਲਵਾਂ ਤੇ ਜੋ ਮਨ ਨੂੰ ਕਹਿੰਦੇ ਨੇ ਮੇਰੇ ਮਨਾ ਤੁਸੀਂ ਵੀ ਮਨ ਦੇ ਅਨੁਸਾਰ ਉਹ ਜਿਹਾ ਹੀ ਆਪਣਾ ਸਰੂਪ ਦੇਖੋ। ਜੋ ਮਨ ਵਿਚ ਵਿਚਾਰਾਂ ਦੇ ਆਉਣ ਜਾਣ ਨੂੰ ਜਾਣ ਲੈਂਦਾ ਹੈ ਉਸ ਨੂੰ ਆਪਣੇ ਪ੍ਰਕਾਸ਼ ਤੋਂ ਆਪ ਪ੍ਰਕਾਸ਼ਨ ਵਾਲਾ ਓਹੀ ਪ੍ਰਤੀਤ ਹੁੰਦਾ ਹੈ ਜੈਸੇ ਨੈਣ ਇੰਦਰੀਆਂ ਇੱਕ ਸਾਧਨ ਮਾਤਰ ਹਨ ਇਸ ਤਰ੍ਹਾਂ ਮਨ ਨੂੰ ਵੀ ਇੱਕ ਛੋਟਾ ਜਿਹਾ ਸੁੰਦਰ ਸਾਧਨ ਹੀ ਸਮਝੋ। ਅੱਖਾਂ,ਕੰਨਾ ਬਿਨਾ ਜਿਵੇਂ ਦੇਖਿਆ ਸੁਣਿਆ ਨਹੀਂ ਜਾ ਸਕਦਾ ਇਸ ਤਰ੍ਹਾਂ ਮਨ ਤੋਂ ਬਗੈਰ ਬਿਰਤੀ ਵੀ ਨਹੀਂ ਲੱਗ ਸਕਦੀ। ਇਸ ਤਰ੍ਹਾਂ ਗੁਰੂ ਜੀ ਦੇ ਬਚਨ ਸੁਣ ਕੇ ਰਾਇ ਬੁਲਾਰ ਨੇ ਮਨ ਦੀ ਹਉਮੈ ਤਿਆਗ ਦਿੱਤੀ। ਵਿਚਾਰ ਕਰਕੇ ਫੇਰ ਕਿਹਾ ਮੇਰਾ ਮਨ ਵੀ ਮੇਰਾ ਸ੍ਰੇਸ਼ਟ ਰੂਪ ਨਹੀਂ। ਮੈਂ ਸਮਝਦਾ ਹਾਂ ਇਸ ਤੋਂ ਉਪਰ ਬੁੱਧੀ ਹੈ। ਮੈਂ ਉਸੇ ਨੂੰ ਹੀ ਆਪਣਾ ਸਰੂਪ ਮੰਨ ਲਿਆ ਹੈ। ਬੁੱਧੀ ਦਾ ਧਰਮ ਹੈ ਨਿਸ਼ਚਾ ਕਰਨਾ ਸੋ ਆਪਣੀ ਅਹੰਗਤਾ ਮੈਨੂੰ ਦਿਸੀ ਹੈ ਇਸ ਕਰਕੇ ਮੈਂ ਇਸ ਤੋਂ ਅੱਗੇ ਨਹੀਂ ਜਾਣ ਸਕਦਾ। ਜੇ ਇਸ ਤੋਂ ਪਰੇ ਕੁਝ ਹੈ ਤਾਂ ਮੈਨੂੰ ਸਮਝਾ ਦਿਓ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ ਹੇ ਰਾਜਨ ਤੂੰ ਆਪਣੀ ਇਸ ਬੁੱਧੀ ਦੀ ਅਹੰਗਤਾ ਨੂੰ ਤਿਆਗ ਦੇ ਤੇਰੀ ਅਹੰਗਤਾ ਬੁੱਧੀ ਨਹੀਂ ਹੈ ਤੂੰ ਵਿਚਾਰ ਕਰਕੇ ਵੇਖ। ਇਸ ਨਾਲ ਮਿਲਕੇ ਵੀ ਜੀਵ ਦੁੱਖ ਪਾਉਂਦਾ ਹੈ। ਪੰਜ ਤੱਤਾਂ ਵਿਚ ਜੋ ਤਮੋ ਗੁਣ ਹੈ ਉਸ ਤੋਂ ਅਸਥੂਲ ਗੁਣ ਬਣਿਆ ਹੈ। ਉਸ ਵਿਚ ਜੋ ਰਜੋ ਗੁਣ ਦੀ ਚੰਗੀ ਕਿਰਨ ਹੈ ਉਸੇ ਨੇ ਤਾਂ ਸਾਰੀਆਂ ਇੰਦਰੀਆਂ ਪੈਦਾ ਕੀਤੀਆਂ ਹਨ। ਇਸੇ ਵਿਚ ਹੀ ਸਤੋ ਗੁਣ ਦਾ ਸੋਹਣਾ ਹਿੱਸਾ ਹੈ। ਜਿਸ ਨਾਲ ਅੰਤਹਿਕਰਨ ਪੈਦਾ ਹੁੰਦਾ ਹੈ। ਉਸ ਨੂੰ ਚਾਰ ਪ੍ਰਕਾਰ ਦਾ ਜਾਣੋ ਜਿਨ੍ਹਾ ਨੂੰ ਮਨ, ਸਮਝ, ਚੇਤਨਾ ਅਤੇ ਹੰਕਾਰ ਦੇ ਰੂਪ ਵਿਚ ਪਛਾਣ ਲਵੋ। ਇਨ੍ਹਾਂ ਦੇ ਢੰਗਾਂ ਨੂੰ ਐਸੇ ਮਾਨੋਂ ਕਿ ਤੇਰਾ ਜੋ ਸਰੂਪ ਹੈ ਇਨ੍ਹਾਂ ਦੇ ਹੀ ਆਸਰੇ ਹੈ। ਹੇ ਧੀਰਜ ਵਾਲੇ ਇਹ ਜੋ ਸਰੀਰ ਰੱਥ ਰੂਪੀ ਹੈ ਤੇ ਇੰਦਰੀਆਂ ਨੂੰ ਉਸ ਦੇ ਘੋੜੇ ਜਾਣ। ਮਨ ਨੂੰ ਲਗਾਮ ਸਮਾਨ ਸਮਝੋ। ਜੋ ਅਕਲ ਹੈ ਉਹ ਇਸ ਰੱਥ ਰੂਪੀ ਸਰੀਰ ਨੂੰ ਹਿੱਕਣ ਵਾਲਾ ਸਾਰਥੀ ਪ੍ਰਵਾਨ ਕਰ ਲਵੋ। ਰਥ ਦੀ ਮਾਲਕ ਉਹ ਆਤਮਾ ਹੈ ਜੋ ਤੇਰਾ ਰੂਪ ਹੈ ਜਿਸ ਨੂੰ ਨਾ ਦੁੱਖ ਦਿਸਦਾ ਹੈ ਨਾ ਸੁਖ ਦਿਸਦਾ ਹੈ। ਉਸ ਨੂੰ ਤੂੰ ਸਭ ਤੋਂ ਸ੍ਰੇਸ਼ਟ ਜਾਣ ਲੈ ਅਤੇ ਦੂਸਰਿਆਂ ਤੇ ਆਪਣੇ ਅੰਦਰ

ਦਾ ਹੰਕਾਰ ਤਿਆਗ ਦੇ। ਜਿਸ ਆਤਮਾ ਨੂੰ ਅੱਗ ਸਾੜ ਨਹੀਂ ਸਕਦੀ, ਨਾ ਹੀ ਪਾਣੀ ਉਸ ਨੂੰ ਗਾਲ ਸਕਦਾ ਹੈ, ਨਾ ਹੀ ਸ਼ਸਤਰ ਨਾਲ ਉਸ ਵਿਚ ਛੇਕ ਕੀਤੇ ਜਾ ਸਕਦੇ ਹਨ, ਨਾ ਹੀ ਹਵਾ ਉਸ ਨੂੰ ਉਡਾ ਸਕਦੀ ਹੈ, ਨਾ ਉਹ ਬਾਲਕ ਹੈ, ਨਾ ਉਹ ਬੁੱਢਾ ਅਤੇ ਨਾ ਹੀ ਜਵਾਨ ਹੈ। ਉਹ ਕਦੇ ਜਨਮ ਮਰਨ ਦੇ ਗੇੜ ਵਿਚ ਨਹੀਂ ਹੈ। ਉਸ ਨੂੰ ਥੋੜ੍ਹੀ ਜਿੰਨੀ ਵੀ ਭੁੱਖ ਪਿਆਸ ਨਹੀਂ ਲੱਗਦੀ ਤੇ ਜਦੋਂ ਪ੍ਰਭੂ ਨੂੰ ਵਿਸਰੇ ਤਾਂ ਬਹੁਤ ਦੁਖੀ ਹੁੰਦੀ ਹੈ। ਰਾਏ ਬੁਲਾਰ ਨੇ ਸੁੱਖਾਂ ਦੇ ਘਰ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਆਪਣੇ ਸਰੂਪ ਨੂੰ ਸੁੱਖਾਂ ਦੀ ਖਾਣ ਜਾਣ ਲਿਆ ਅਤੇ ਅਥਾਹ ਅਨੰਦ ਵਿਚ ਮਸਤ ਹੋ ਗਿਆ ਸੀ। ਉਸ ਦੇ ਜਗਤ ਦੇ ਸਾਰੇ ਬੰਧਨ ਦੂਰ ਹੋ ਗਏ। ਉਸ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨਾ ਵਿਚ ਬੇਨਤੀ ਕੀਤੀ ਅਤੇ ਚਰਨ ਕਮਲਾਂ ਵਿਚ ਉਸਤਤੀ ਭਰਪੂਰ ਸ਼ਬਦ ਬੋਲਦੇ ਹੋਏ ਕਿਹਾ ਹੇ ਗੁਰਦੇਵ ਤੁਸੀਂ ਪੂਰਨ ਹੋ ਧੰਨ ਹੋ ਧੰਨ ਹੋ। ਤੁਹਾਡੀ ਕਿਰਪਾ ਕਰਕੇ ਇਸ ਅਸਲ ਭੇਦ ਨੂੰ ਸਮਝਿਆ ਹੈ। ਪਿਆਰ ਤੇ ਈਰਖਾ ਦੋਨੋਂ ਇੱਕ ਸ਼ੇਰ ਵਰਗੇ ਹਨ। ਮੈਨੂੰ ਉਸ ਦੇ ਇਨ੍ਹਾਂ ਦੇ ਡਰ ਤੋਂ ਛੁਟਕਾਰਾ ਦਿਵਾ ਦਿੱਤਾ ਹੈ। ਜਿਸ ਸੱਪ ਰੂਪੀ ਵੱਡੇ ਹੰਕਾਰ ਨੇ ਮੈਨੂੰ ਨਿਗਲਿਆ ਹੋਇਆ ਸੀ ਤੁਸੀਂ ਮੈਨੂੰ ਗਰੀਬ ਜਾਣਕੇ ਬਚਾ ਲਿਆ ਹੈ। ਹੁਣ ਮੈਂ ਆਪਣਾ ਆਤਮ ਰੂਪ ਪਛਾਣ ਲਿਆ ਹੈ। ਜਿਸਦੇ ਜਾਨਣ ਨਾਲ ਮੈਂ ਜੱਗ ਦੇ ਦੁੱਖਾਂ ਤੋਂ ਰਹਿਤ ਹੋ ਗਿਆ ਹਾਂ। ਇਸ ਤਰ੍ਹਾਂ ਦਾ ਉਪਦੇਸ਼ ਸੁਣ ਕੇ ਰਾਇ ਬੁਲਾਰ ਨੂੰ ਸਹਿਜੇ ਹੀ ਆਪਣੇ ਅਸਲ ਸਰੂਪ ਦਾ ਪਤਾ ਚੱਲ ਗਿਆ। ਇਕ ਆਤਮਾ ਹੀ ਹੈ ਜੋ ਸਾਰਿਆਂ ਵਿਚ ਵਿਆਪਕ ਹੈ ਦੱਸ ਕੇ ਰਾਇ ਬੁਲਾਰ ਦੇ ਸਾਰੇ ਭਰਮ ਦੂਰ ਕਰ ਦਿੱਤੇ ਸਨ ਤੇ ਰਾਇ ਬੁਲਾਰ ਨੂੰ ਚੰਗੀ ਤਰ੍ਹਾਂ ਨਿਹਾਲ ਕਰਕੇ ਫੇਰ ਕਿਰਪਾ ਨਿਧਾਨ ਆਪਣੇ ਘਰ ਆ ਗਏ।

## ਸਾਲਸ ਰਾਇ ਜੌਹਰੀ ਨੂੰ ਉਪਦੇਸ

ਗੁਰੂ ਜੀ ਅੱਗੇ ਚੱਲਦੇ ਹੋਏ ਇੱਕ ਸ਼ਹਿਰ ਬਿਸ਼ੰਭਰਪੁਰ (ਪਟਨਾ) ਆ ਗਏ। ਮਰਦਾਨੇ ਆਖਿਆ ਮੈਨੂੰ ਭੁੱਖ ਲੱਗੀ ਹੈ ਪਰ ਸਾਡੇ ਕੋਲ ਕੋਈ ਪੈਸਾ ਨਹੀ ਹੈ। ਗੁਰੂ ਜੀ ਨੇ ਧਰਤੀ ਵਿਚੋਂ ਇੱਕ ਲਾਲ ਪੱਥਰ ਕੱਢਕੇ ਦਿੱਤਾ ਤੇ ਕਿਹਾ ਕਿ ਇਸ ਨੂੰ ਜੌਹਰੀ ਪਾਸ ਵੇਚ ਕੇ ਕੁਝ ਖਾ ਪੀ ਲਵੋ। ਸ਼ਹਿਰ ਦੇ ਅੰਦਰ ਜਾਣ ਤੇ ਮਰਦਾਨੇ ਨੂੰ ਇੱਕ ਜੌਹਰੀ ਮਿਲਿਆ ਤੇ ਉਸ ਨੇ ਲਾਲ ਦੇ ਵੱਟੇ ਤਿੰਨ ਪੈਸੇ ਤਾਂਬੇ ਦੇ ਦੇਣ ਦਾ ਵਾਅਦਾ ਕੀਤਾ ਤਾਂ ਘੱਟ ਕੀਮਤ ਦੇਖਦਾ ਹੋਇਆ ਉਹ ਦੁਬਾਰਾ ਗੁਰੂ ਜੀ ਪਾਸ ਵਾਪਸ ਆਇਆ ਤਾਂ ਫਿਰ ਗੁਰੂ ਜੀ ਦੇ ਕਹਿਣ ਤੇ ਉਹ ਸਾਲਸ ਰਾਇ ਨਾਮਕ ਜੌਹਰੀ ਦੇ ਪਾਸ ਚਲਾ ਗਿਆ। ਉਸ ਜੌਹਰੀ ਲਾਲ ਨੂੰ ਵੇਖਣ ਦਾ ਹੀ ਸੌ ਰੁਪਇਆ ਦੇ ਦਿੱਤਾ ਤੇ ਲਾਲ ਵਾਪਸ ਕਰ ਦਿੱਤਾ ਤੇ ਕਿਹਾ ਕਿ ਇਸ ਲਾਲ ਦਾ ਮੁੱਲ ਮੈਂ ਬਾਅਦ ਵਿਚ ਪਾਵਾਂਗਾ। ਪਰ ਗੁਰੂ ਜੀ ਨੇ ਕਿਹਾ ਕਿ ਜਦ ਅਸੀਂ ਕੋਈ ਚੀਜ਼ ਵੇਚੀ ਹੀ ਨਹੀਂ ਤਾਂ

ਪੈਸੇ ਕਾਹਦੇ। ਮਰਦਾਨੇ ਨੂੰ ਪੈਸੇ ਮੋੜਨ ਲਈ ਕਿਹਾ। ਇਸ ਤਰ੍ਹਾਂ ਸੱਤ ਵਾਰ ਉਸ ਜੌਹਰੀ ਕੋਲ ਜਾਣਾ ਪਿਆ। ਜਦ ਮਰਦਾਨਾ ਸੌ ਰੁਪਇਆ ਜੌਹਰੀ ਦੇ ਘਰ ਸੁੱਟ ਆਇਆ ਤਾਂ ਸਾਲਸ ਰਾਇ ਜੌਹਰੀ ਸੋਚਣ ਲੱਗਾ ਕਿ ਇਸ ਲਾਲ ਦਾ ਮਾਲਿਕ ਮਹਾਂਪੁਰਖ, ਕੋਈ ਸੰਤ ਹੋਵੇਗਾ। ਉਹ ਭੋਜਨ ਲੈ ਕੇ ਗੁਰੂ ਜੀ ਕੋਲ ਆਪਣੇ ਨੌਕਰ ਸਮੇਤ ਗਿਆ ਅਤੇ ਉੱਤੇ ਬਚਨ ਬਿਲਾਸ ਹੋਣ ਉੱਤੇ ਉਹ ਗੁਰੂ ਜੀ ਦੀ ਵਡਿਆਈ ਜਾਣ ਕੇ ਗੁਰੂ ਜੀ ਦੇ ਪੈਰੀਂ ਪੈ ਗਿਆ। ਗੁਰੂ ਜੀ ਉਸ ਨੂੰ ਅਸਲੀ ਲਾਲਾਂ ਦੀ ਕਮਾਈ ਕਰਨ ਅਤੇ ਪ੍ਰਭੂ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। ਜਦ ਜੌਹਰੀ ਨੇ ਗੁਰੂ ਜੀ ਨੂੰ ਕਿਹਾ ਕਿ ਮੇਰਾ ਕਲਿਆਣ ਕਰੋ,ਤਾਂ ਗੁਰੂ ਜੀ ਨੇ ਕਿਹਾ ਕਿ ਆਪਣੇ ਨੌਕਰ ਦੇ ਚਰਨਾ ਤੇ ਮੱਥਾ ਟੇਕ। ਉਸ ਨੇ ਹੁਕਮ ਮੰਨ ਕੇ ਮੱਥਾ ਟੇਕ ਦਿੱਤਾ। ਗੁਰੂ ਜੀ ਦੀ ਬਖਸ਼ਿਸ਼ ਦੁਆਰਾ ਉਸ ਨੂੰ ਸੋਝੀ ਹੋ ਗਈ ਤਾਂ ਉਸ ਨੇ ਸੁੰਦਰ ਸ਼ਬਦ ਗੁਰੂ ਜੀ ਦੀ ਉਸਤਤ ਵਿਚ ਕਹੇ। ਗੁਰੂ ਜੀ ਨੇ ਖੁਸ਼ ਹੋ ਕੇ ਉਸ ਨੂੰ ਮੰਜੀ ਭੇਟ ਕੀਤੀ ਤੇ ਲੋਕਾਂ ਨੂੰ ਉਸਦਾ ਸੇਵਕ ਬਣਾ ਦਿੱਤਾ। ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਇਸ ਗੱਦੀ ਦਾ ਹੱਕਦਾਰ ਅਸਲ ਵਿਚ ਤੇਰਾ ਨੌਕਰ ਸੀ, ਤੂੰ ਬਾਅਦ ਵਿਚ ਗੱਦੀ ਤੇ ਆਪਣੇ ਇਸ ਦਾਸ ਨੂੰ ਬਿਠਾਵੀਂ, ਸੰਤਾਨ ਨੂੰ ਨਹੀਂ। ਉਸ ਨੇ ਗੁਰੂ ਜੀ ਦਾ ਹੁਕਮ ਮੰਨਿਆ।

## ਸੁਧਰਸੈਨ ਰਾਜੇ ਨੂੰ ਉਪਦੇਸ

ਇੱਕ ਵਾਰੀ ਗੁਰੂ ਨਾਨਕ ਦੇਵ ਜੀ,ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਸਮੁੰਦਰਾਂ ਨੂੰ ਪਾਰ ਕਰਕੇ ਇੱਕ ਟਾਪੂ ਜਿਸ ਦਾ ਨਾ ਬਿਸੀਹਰ ਦੇਸ ਸੀ,ਪਹੁੰਚ ਗਏ। ਉੱਥੇ ਸੁੰਦਰ ਸ਼ਹਿਰ ਆਲੇ ਦੁਆਲੇ ਬਾਗ ਸੀ ਉੱਥੇ ਇੱਕ ਬਹੁਤ ਉੱਚਾ ਕਿਲਾ ਬਣਿਆ ਸੀ। ਸੁਧਰਸੈਨ ਰਾਜਾ ਉਸ ਦੇਸ ਤੇ ਬਹੁਤ ਚਿਰਾਂ ਤੋਂ ਰਾਜ ਕਰ ਰਿਹਾ ਸੀ, ਸ਼ਹਿਰ ਤੋਂ ਬਾਹਰ ਬਾਹਰ ਰਮਣੀਕ ਥਾਂ ਤੇ ਗੁਰੂ ਜੀ ਨੇ ਡੇਰਾ ਕੀਤਾ। ਦੂਜਾ ਦਿਨ ਭਾਈ ਮਰਦਾਨਾ ਨੇ ਬੇਨਤੀ ਕੀਤੀ ਕਿ ਮੈਨੂੰ ਭੋਜਨ ਮੰਗ ਕੇ ਖਾਣ ਦੀ ਆਗਿਆ ਦਿਓ। ਗੁਰੂ ਜੀ ਨੇ ਕਿਹਾ ਕਿ ਇੱਕ ਪਾਖਰ ਤਰਖਾਣ ਦਾ ਪੁੱਤਰ ਝੰਡਾ ਹੈ। ਉਸ ਕੋਲ ਭੋਜਨ ਛਕੋ। ਭਾਈ ਮਰਦਾਨਾ ਨੇ ਸ਼ਹਿਰ ਵਿਚ ਜਾ ਕੇ ਕਿਸੇ ਨੂੰ ਪੁੱਛਿਆ ਉਹ ਭਾਈ ਮਰਦਾਨੇ ਨੂੰ ਝੰਡੇ ਦੇ ਘਰ ਛੱਡ ਆਇਆ। ਝੰਡਾ ਮੰਜੀ ਬੁਣ ਰਿਹਾ ਸੀ। ਬੜੇ ਆਦਰ ਨਾਲ ਉਸ ਨੇ ਮੰਜਾ ਡਾਹਿਆ ਤੇ ਬਿਠਾਇਆ। ਪਿਛੋਂ ਮਰਦਾਨੇ ਨੇ ਪੁੱਛਿਆ ਕਿ ਇਹ ਕੌਣ ਸੀ। ਝੰਡੇ ਨੇ ਆਖਿਆ ਕਿ ਜੋ ਸ਼ਹਿਰ ਦਾ ਰਾਜਾ ਹੈ ਇਸ ਦਾ ਮਾਮਾ ਹੈ ਇਸ ਦਾ ਨਾ ਇੰਦਰ ਸੈਨ ਹੈ। ਮੈਂ ਇਸ ਦੇ ਨਾਲ ਪ੍ਰਭੂ ਦੀ ਮਹਿਮਾ ਗਾਇਨ ਕਰਦਾ ਹਾਂ। ਜਦੋਂ ਭੋਜਨ ਤਿਆਰ ਹੋ ਗਿਆ ਤਾਂ ਸਿਰੇ ਚੰਗੇਰ ਰੱਖ ਕੇ ਗੁਰੂ ਜੀ ਕੋਲ ਪਹੁੰਚ ਗਏ। ਝੰਡੇ ਨੇ ਮਰਦਾਨੇ ਕੋਲੋਂ ਪੁੱਛ ਕੇ ਸਤਿ ਕਰਤਾਰ ਸਤਿ ਕਰਤਾਰ ਆਖਿਆ। ਭੋਜਨ ਗੁਰੂ ਜੀ ਦੇ ਸਾਹਮਣੇ ਰੱਖ ਕੇ ਬੈਠ ਗਏ। ਗੁਰੂ ਜੀ ਆਖਿਆ

ਕਿ ਇਹ ਭੋਜਨ ਕਿਸ ਨੇ ਕਿਸ ਲਈ ਭੇਜਿਆ ਹੈ। ਝੰਡੇ ਨੇ ਆਖਿਆ ਕਿ ਪਰਮੇਸ਼ਰ ਨੇ ਭੋਜਨ ਆਪ ਜੀ ਲਈ ਭੇਜਿਆ ਹੈ। ਗੁਰੂ ਜੀ ਨੇ ਕਿਹਾ ਕਿ ਤੁਸੀਂ ਪਰਮੇਸ਼ਰ ਨੂੰ ਪਛਾਣ ਸਕਦੇ ਹੋ। ਝੰਡੇ ਨੇ ਆਖਿਆ ਕਿ ਪੂਰਨ ਗੁਰੂ ਮਿਲ ਪਵੇ ਤਾਂ ਭਲੀ ਪ੍ਰਕਾਰ ਪਛਾਣ ਹੋ ਸਕੇਗੀ। ਗੁਰੂ ਜੀ ਨੇ ਬਚਨ ਕੀਤਾ ਕਿ ਤੁਸੀਂ ਕਿਸ ਦੀ ਸੰਗਤ ਕਰਦੇ ਹੋ। ਝੰਡੇ ਨੇ ਉੱਤਰ ਦਿੱਤਾ ਕਿ ਇਹ ਇੰਦਰਸੈਨ ਰਾਜੇ ਦਾ ਭਾਣਜਾ ਹੈ, ਉਸ ਦੀ ਸੰਗਤ ਕਰਦੇ ਹਾਂ। ਗੁਰੂ ਜੀ ਨੇ ਕਿਹਾ ਕਿ ਭੋਜਨ ਦੇ ਪੰਜ ਹਿੱਸੇ ਕਰੋ ਤੇ ਇੱਕ ਹਿੱਸਾ ਮਰਦਾਨੇ ਨੂੰ ਦਿਓ। ਮਰਦਾਨੇ ਨੇ ਭੋਜਨ ਛਕ ਲਿਆ ਤੇ ਝੰਡੇ ਨੂੰ ਆਖਿਆ ਕਿ ਇੰਦਰਸੈਨ ਨੂੰ ਬੁਲਾਓ। ਇੰਦਰਸੈਨ ਆ ਗਏ। ਗੁਰੂ ਜੀ ਦੇ ਦਰਸ਼ਨ ਕੀਤੇ। ਬੇਨਤੀ ਕੀਤੀ ਕਿ ਸਾਨੂੰ ਛੇਤੀ ਉਪਦੇਸ਼ ਦਿਓ। ਗੁਰੂ ਜੀ ਨੇ ਕਿਹਾ ਕਿ ਪਹਿਲਾਂ ਦੋਖ ਸੁਣਾ ਦਿਓ ਫੇਰ ਪਰਖ ਕੇ ਤੁਹਾਨੂੰ ਉਪਦੇਸ਼ ਦਿੱਤਾ ਜਾਵੇਗਾ। ਝੰਡਾ ਤੇ ਇੰਦਰਸੈਨ ਬੋਲੇ ਅਸੀਂ ਸਰਬੰਸ ਪ੍ਰਵਾਰ ਹੀ ਜੋ ਹੈ ਸਭ ਕੁਝ ਭੇਟ ਕਰ ਦਿੱਤਾ ਹੈ। ਗੁਰੂ ਜੀ ਨੇ ਪੁੱਛਿਆ ਹੁਣ ਤੁਹਾਡੇ ਕੋਲ ਕੀ ਹੈ। ਉਨ੍ਹਾਂ ਆਖਿਆ ਸਰੀਰ ਹੀ ਬਾਕੀ ਹੈ। ਇਹ ਸਰੀਰ ਵੀ ਸਥਿਰ ਨਹੀਂ ਹੈ, ਇਹ ਵੀ ਭੇਟਾ ਕਰ ਦਿਓ। ਦੋਨਾਂ ਨੇ ਸਰੀਰ ਵੀ ਭੇਟਾ ਕਰ ਦਿੱਤੇ। ਗੁਰੂ ਜੀ ਨੇ ਕਿਹਾ ਤੁਹਾਡੇ ਕੋਲ ਹੁਣ ਕੀ ਹੈ। ਦੋਨਾ ਨੇ ਕਿਹਾ ਹੁਣ ਮਨ ਬੁੱਧ ਤੇ ਚਿੱਤ ਹੀ ਰਹਿ ਗਿਆ ਹੈ। ਗੁਰੂ ਜੀ ਨੇ ਕਿਹਾ ਕਿ ਇਹ ਸਰੀਰ ਵੀ ਪੰਜ ਤੱਤਾਂ ਦਾ ਹੈ ਇਹ ਵੀ ਭੇਟਾ ਕਰ ਦਿਓ ਤਾਂ ਉਨ੍ਹਾਂ ਨੇ ਅੰਤਹਿਕਰਨ ਭਾਵ ਮਨ ਬੁੱਧ ਚਿੱਤ ਵੀ ਭੇਟਾ ਕਰ ਦਿੱਤਾ। ਗੁਰੂ ਜੀ ਨੇ ਕਿਹਾ ਕਿ ਹੁਣ ਤੁਹਾਡੇ ਕੋਲ ਕੀ ਹੈ। ਦੋਨਾ ਨੇ ਕਿਹਾ ਕਿ ਜੋ ਸੰਕਲਪ ਕੀਤਾ ਕਿ ਸ਼ੰਕੇ ਹਨ ਉਹ ਆਖ ਰਹੇ ਹਾਂ। ਗੁਰੂ ਜੀ ਨੇ ਕਿਹਾ ਕਿ ਸੰਕਲਪ ਕਰਨਾ ਤਾਂ ਮਨ ਦਾ ਧਰਮ ਹੈ। ਮਨ ਤੁਸੀਂ ਭੇਟਾ ਕਰ ਦਿੱਤੇ। ਦੋਨਾ ਨੇ ਕਿਹਾ ਕਿ ਠੀਕ ਮਨ ਭੇਟ ਕਰ ਦਿੱਤਾ ਇਹ ਸਾਡਾ ਨਿਸ਼ਚਾ ਹੈ। ਗੁਰੂ ਜੀ ਨੇ ਕਿਹਾ ਕਿ ਨਿਸ਼ਚਾ ਬੁੱਧੀ ਦਾ ਧਰਮ ਹੈ। ਜੇ ਤੁਸੀਂ ਹੁਣ ਅਹੰਕਾਰ ਕਰਦੇ ਹੋ ਕਿ ਤੁਸੀਂ ਸਭ ਕੁਝ ਭੇਟਾ ਕਰ ਦਿੱਤਾ ਤਾਂ ਵੀ ਗਲਤ ਹੈ ਕਿਉਂਕਿ ਤੁਸੀਂ ਅਹੰਕਾਰ ਪਹਿਲਾਂ ਹੀ ਭੇਟਾ ਕਰ ਦਿੱਤਾ ਹੈ। ਫੇਰ ਇੰਦਰਸੈਨ ਵਿਚਾਰ ਕਰਨ ਲੱਗਿਆ। ਉੱਥੇ ਬੈਠੇ ਬੈਠੇ ਹੀ ਉਸ ਦੀ ਸਮਾਧੀ ਲੱਗ ਗਈ। ਉਸ ਨੇ ਆਤਮਾ ਦਾ ਅਪਾਰ ਰੂਪ ਤੱਕ ਲਿਆ। ਗੁਰੂ ਜੀ ਨੇ ਆਖਿਆ ਕਿ ਭੋਜਨ ਛਕ ਲਓ। ਸਾਰਿਆਂ ਨੇ ਭੋਜਨ ਛਕ ਲਿਆ। ਸਮਾਧੀ ਲੱਗ ਗਈ ਤਿੰਨ ਪਹਿਰ ਬੀਤ ਗਏ। ਇੱਕ ਪਹਿਰ ਬਾਕੀ ਰਾਤ ਰਹਿੰਦੀ ਗੁਰੂ ਜੀ ਨੇ ਉੱਠ ਕੇ ਇਸ਼ਨਾਨ ਕੀਤਾ। ਗੁਰੂ ਜੀ ਨੇ ਉਨ੍ਹਾਂ ਦੀ ਸਮਾਧੀ ਛੁਡਾ ਦਿੱਤੀ। ਗੁਰੂ ਜੀ ਨੇ ਕਿਹਾ ਕਿ ਇੰਦਰਸੈਨ ਹੁਣ ਤੁਸੀਂ ਗੱਦੀ (ਮੰਜੀ) ਗ੍ਰਹਿਣ ਕਰੋ। ਨਗਰ ਦੇ ਗੁਰੂ ਬਣ ਕੇ ਰਹੋ। ਇੰਦਰਸੈਨ ਨੇ ਦੋਨੋਂ ਹੱਥ ਜੋੜ ਕੇ ਕਿਹਾ ਕਿ ਹੇ ਗੁਰੂ ਜੀ ਹੁਣ ਇਸ ਤਰ੍ਹਾਂ ਦੀ ਗੱਦੀ ਦੀ ਕੋਈ ਇੱਛਾ ਨਹੀਂ ਰਹੀ। ਹੁਣ

ਮੈਂ ਜਗਤ ਦੇ ਤਿੰਨੇ ਕਾਲਾਂ ਨੂੰ ਘਟ ਹੋਇਆ ਸਮਝਦਾ ਹਾਂ। ਮੈਨੂੰ ਪਰਮਾਤਮਾ ਸਭ ਵਿਚ ਇੱਕੋ ਜਿਹਾ ਦਿਸਦਾ ਹੈ। ਆਪ ਜੀ ਦੀ ਕਿਰਪਾ ਨਾਲ ਇਹ ਗਿਆਨ ਪ੍ਰਾਪਤ ਹੋਇਆ ਹੈ।

ਜਦੋਂ ਚਿੱਤ ਵਿਚ ਇਸ ਤਰ੍ਹਾਂ ਦਾ ਦ੍ਰਿੜ ਨਿਸ਼ਚਾ ਧਾਰਨ ਕਰਵਾ ਦਿੱਤਾ ਤਾਂ ਗੁਰੂ ਜੀ ਨੇ ਪਾਖਰ ਤਰਖਾਣ ਦੇ ਪੁੱਤਰ ਝੰਡੇ ਨੂੰ ਸਾਰੇ ਦੇਸ ਦਾ ਗੁਰੂ ਬਣਾ ਕੇ ਮੰਜੀ ਤੇ ਬਿਠਾ ਦਿੱਤਾ ਫਿਰ ਉਸ ਨੂੰ ਆਗਿਆ ਦੇ ਕੇ ਸ਼ਹਿਰ ਵੱਲ ਘੱਲ ਦਿੱਤਾ। ਸਭ ਲੋਕਾਂ ਨੂੰ ਪਤਾ ਲੱਗ ਗਿਆ ਕਿ ਰਾਜਾ ਸੁਧਰਸੈਨ ਨੂੰ ਅਜਿਹਾ ਗਿਆਨ ਹੋਇਆ ਹੈ। ਉਸ ਨੇ ਝੰਡੇ ਨੂੰ ਸਤਿਗੁਰੂ ਬਣਾਇਆ ਹੈ। ਜਦੋਂ ਝੰਡਾ ਇੰਦਰਸੈਨ ਗੁਰੂ ਜੀ ਕੋਲ ਬੈਠੇ ਸਨ ਤਾਂ ਰਾਜੇ ਨੇ ਇੱਕ ਬੰਦਾ ਗੁਰੂ ਜੀ ਕੋਲ ਭੇਜਿਆ। ਉਸ ਨੇ ਆ ਕੇ ਕਿਹਾ ਕਿ ਤੁਹਾਨੂੰ ਰਾਜਾ ਬੁਲਾ ਰਿਹਾ ਹੈ। ਤਾਂ ਇੰਦਰਸੈਨ ਨੇ ਗੁਰੂ ਜੀ ਨੂੰ ਕਿਹਾ ਕਿ ਹੁਣ ਮੈਂ ਰਾਜੇ ਕੋਲ ਆਪ ਜਾ ਕੇ ਆਪ ਜੀ ਬਾਰੇ ਸਭ ਕੁਝ ਸਮਝਾ ਦਿਆਂਗਾ। ਫਿਰ ਵਾਪਸ ਤੁਹਾਡੇ ਕੋਲ ਆਵਾਂਗਾ। ਰਾਜਾ ਮੇਰਾ ਮਾਮਾ ਲੱਗਦਾ ਹੈ ਉਹ ਤੁਹਾਡੀ ਵਡਿਆਈ ਨੂੰ ਨਹੀਂ ਜਾਣ ਸਕਦਾ। ਤੁਸੀਂ ਮੈਨੂੰ ਜਾਣ ਦੀ ਆਗਿਆ ਦਿਓ। ਉਹ ਰਾਜੇ ਪਾਸ ਗਿਆ ਤੇ ਆਖਿਆ ਕਿ ਹੇ ਰਾਜਨ ਉਨ੍ਹਾਂ ਨੂੰ ਕਰਤਾਰ ਦਾ ਰੂਪ ਸਮਝ ਕੇ ਨਮਸਕਾਰ ਕਰੋ। ਰਾਜੇ ਨੇ ਆਖਿਆ ਜਿਵੇਂ ਤੁਸੀਂ ਆਖੋਗੇ ਉਵੇਂ ਹੀ ਕਰਾਂਗਾ। ਇੰਦਰਸੈਨ ਨੇ ਆਖਿਆ ਕੋਈ ਭੇਟਾ ਲਓ। ਉਸ ਨੇ ਆਪਣੇ ਭਾਣਜੇ ਦੀ ਸਿੱਖਿਆ ਮੰਨ ਲਈ। ਸੁੰਦਰ ਫਲ ਮਿੱਠੇ ਭੋਜਨ ਲੈ ਕੇ ਨੰਗੇ ਪੈਰੀਂ ਨਮਸਕਾਰ ਕੀਤੀ। ਵੱਡੇ ਭਾਗਾਂ ਵਾਲਾ ਉੱਠਿਆ ਹੀ ਨਹੀਂ। ਇਸ ਤਰ੍ਹਾਂ ਗੁਰੂ ਜੀ ਨੇ ਥਾਪੀ ਦਿੱਤੀ ਅਤੇ ਕਿਹਾ ਤੂੰ ਪਰਤਾਪ ਵਾਲਾ ਹੋ ਗਿਆ ਹੈਂ। ਉਹ ਤੇਰੀ ਈਨ ਮੰਨਣਗੇ ਨਾਲ ਕਿਹਾ ਕਿ ਤੂੰ ਝੰਡੇ ਦੀ ਬਰਾਬਰੀ ਨਹੀਂ ਕਰਨੀ।

ਜਦੋਂ ਗੁਰੂ ਜੀ ਨੇ ਚੱਲਣ ਦੀ ਗੱਲ ਤੋਰੀ ਤਾਂ ਰਾਜੇ ਨੇ ਆਖਿਆ ਕਿ ਇਹ ਜੋ ਹਾਥੀ ਘੋੜੇ ਰਾਜ ਭਾਗ ਹੈ ਉਹ ਆਪਣੇ ਹੱਥੀਂ ਝੰਡੇ ਨੂੰ ਦੇਵੋ ਜੀ। ਮੈਨੂੰ ਆਪਣੇ ਨਾਲ ਲੈ ਕੇ ਚੱਲੋ। ਮੈਂ ਆਪ ਨਾਲ ਹੀ ਆਵਾਂਗਾ। ਗੁਰੂ ਜੀ ਨੇ ਕਿਹਾ ਕਿ ਰਾਜਨ ਮੈਂ ਸਦਾ ਹੀ ਤੇਰੇ ਕੋਲ ਹਾਂ। ਕੜਾਹ ਪ੍ਰਸਾਦਿ ਕਰਵਾ ਕੇ ਟਕਾ ਰੱਖਕੇ ਅਰਦਾਸ ਕਰਿਆ ਕਰੀਂ। ਮੈਂ ਉਦੋਂ ਹੀ ਆਣਕੇ ਹਾਜ਼ਰ ਹੋ ਜਾਵਾਂਗਾ। ਤੇਰੀ ਕਾਮਨਾ ਪੂਰੀ ਕਰ ਦਿਆਂਗੇ। ਇਉਂ ਧੀਰਜ ਦਿੱਤਾ।

## ਪਾਤਿਸ਼ਾਹੀ ਦੂਜੀ

### ਖਡੂਰ ਸਾਹਿਬ ਵਿਖੇ ਹਮਾਯੂੰ ਦੇ ਹੰਕਾਰ ਦਾ ਨਾਸ

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਸਮੇਂ ਦਿੱਲੀ ਦੇ ਤਖਤ ਤੇ ਹਮਾਯੂੰ ਬਾਦਸ਼ਾਹ ਸੀ। ਦੋ ਭਰਾ ਜੋ ਵੱਡੇ ਸੂਰਮੇ ਸਨ। ਉਨ੍ਹਾਂ ਨੇ ਵੱਡੇ ਹਾਕਮਾਂ ਨੂੰ ਆਪਣੇ ਵੱਸ ਕੀਤਾ

ਸੀ। ਉਹ ਦੋਨੋਂ ਦਿੱਲੀ ਦੇ ਬਾਦਸ਼ਾਹ ਨਾਲ ਵਿਗੜ ਗਏ। ਹੰਕਾਰੀ ਹੋ ਕੇ ਉਹ ਬਾਦਸ਼ਾਹ ਨਾਲ ਜੰਗ ਕਰਨਾ ਚਾਹੁੰਦੇ ਸਨ। ਇੱਕ ਪਠਾਣ ਦਾ ਨਾ ਸਲੇਮ ਸ਼ਾਹ ਸੀ। ਦੂਸਰੇ ਯੋਧੇ ਦਾ ਨਾ ਸ਼ੇਰ ਸ਼ਾਹ ਸੀ। ਉਨ੍ਹਾਂ ਨੇ ਅਲਾਹਾਬਾਦ ਦਾ ਕਿਲ੍ਹਾ ਕਬਜ਼ੇ ਵਿਚ ਕਰ ਲਿਆ ਤੇ ਸਾਰੇ ਲੋਕਾਂ ਨੂੰ ਯੁੱਧ ਲਈ ਤਿਆਰ ਕਰ ਲਿਆ। ਹਮਾਯੂੰ ਬਾਦਸ਼ਾਹ ਨੇ ਇਹ ਸੁਣ ਕੇ ਚੜ੍ਹਾਈ ਕਰ ਦਿੱਤੀ। ਮੇਰੇ ਕੋਲ ਬਹੁਤ ਸੈਨਾ ਹੈ, ਉਨ੍ਹਾਂ ਕੋਲ ਤਾਂ ਥੋੜ੍ਹੀ ਜਿੰਨੀ ਹੀ ਹੈ। ਉਸ ਨੇ ਇਹ ਚਾਹਿਆ ਮੈਂ ਉਨ੍ਹਾਂ ਨੂੰ ਮਾਰ ਦੇਵਾਂ ਜਾਂ ਬੰਨ੍ਹ ਲਵਾਂ। ਇਲਾਹਾਬਾਦ ਪਹੁੰਚ ਕੇ ਉਸ ਨੇ ਜੰਗ ਲੜਨੀ ਸ਼ੁਰੂ ਕਰ ਦਿੱਤੀ। ਦੋਹਾਂ ਪਾਸਿਆਂ ਤੋਂ ਜੋਰ ਜੋਰ ਦੀ ਨਗਾਰੇ ਵੱਜੇ। ਤਦ ਦੋਨੋਂ ਪਠਾਣ ਭਰਾ ਬਾਹਰ ਨਿੱਕਲ ਆਏ। ਲਸ਼ਕਰ ਨੂੰ ਮਿਲਦਿਆਂ ਹੀ ਲੜਾਈ ਮੱਚ ਗਈ। ਤਦ ਪਠਾਣਾਂ ਨੇ ਹੱਥਾਂ ਵਿਚ ਕਿਰਪਾਨਾ ਫੜ ਲਈਆਂ। ਸਮੂਹ ਸੂਰਮਿਆਂ ਨੂੰ ਮਾਰਨ ਲਈ ਉਨ੍ਹਾਂ ਦੇ ਸਾਹਮਣੇ ਹੋ ਕੇ ਅੱਗੇ ਵਧੇ। ਜਦ ਬੇਅੰਤ ਤਲਵਾਰਾਂ ਚੱਲੀਆਂ ਤਾਂ ਜੰਗ ਦੇ ਮੈਦਾਨ ਵਿਚ ਖੂਨ ਦੀ ਲਾਲੀ ਫੈਲ ਗਈ ਸੀ। ਬਾਦਸ਼ਾਹ ਦੀ ਫੌਜ ਭੱਜ ਉੱਠੀ,ਉਹ ਪਠਾਣਾ ਦੀ ਮੂਹਰਲੀ ਫੌਜ ਦੀ ਤਾਬ ਨਹੀਂ ਸੀ ਝੱਲ ਸਕੀ। ਪਠਾਣਾ ਦੀ ਫੌਜ ਨੇ ਤਲਵਾਰਾਂ ਨਾਲ ਦੁਸ਼ਮਣ ਦੀ ਕਟਾ-ਵੱਢੀ ਕੀਤੀ। ਹਮਾਯੂੰ ਦੇ ਡਰਪੋਕ ਫੌਜੀ ਭੱਜ ਚੁੱਕੇ ਸਨ। ਕਿਸੇ ਨੇ ਪਛਾਂਹ ਮੁੜ ਕੇ ਨਹੀਂ ਤੱਕਿਆ। ਤਦ ਹਮਾਯੂੰ ਨੇ ਰਾਜਧਾਨੀ ਛੱਡ ਦਿੱਤੀ। ਲਸ਼ਕਰ ਜਦੋਂ ਮਾਰਿਆ ਗਿਆ ਤਾਂ ਉਹ ਉਥੋਂ ਭੱਜ ਗਏ ਸਨ। ਪਠਾਣਾਂ ਨੇ ਦਿੱਲੀ ਆਦਿ ਖੋਹ ਲਈ ਸੀ ਤੇ ਸਾਰੇ ਦੇਸ਼ ਵਿਚ ਆਪਣੀ ਡੌਂਡੀ ਪਿਟਵਾ ਲਈ ਸੀ ਤਾਂ ਵਿਆਕੁਲ ਹੋ ਕੇ ਹਮਾਯੂੰ ਨੇ ਆਪਣੇ ਸੇਵਕਾਂ ਨੂੰ, ਜੋ ਨਾਲ ਰੱਖੇ ਹੋਏ ਸਨ ਕਿਹਾ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੋਈ ਪੂਰਨ ਸੇਵਕ ਗੱਦੀ ਪਰ ਬੈਠਾ ਹੈ ਕਿ ਨਹੀਂ। ਉਨ੍ਹਾਂ ਕੋਲ ਜਾ ਕੇ ਅਸੀਂ ਮਿਲਾਂਗੇ। ਮੇਰੇ ਪਿਤਾ ਬਾਬਰ ਨੇ ਉਨ੍ਹਾਂ ਪਾਸੋਂ ਹੀ ਬਾਦਸ਼ਾਹੀ ਪ੍ਰਾਪਤ ਕੀਤੀ ਸੀ। ਉਨ੍ਹਾਂ ਬਚਨ ਕੀਤਾ ਸੀ ਕਈ ਪੀੜ੍ਹੀਆਂ ਤੱਕ ਬਾਦਸ਼ਾਹੀ ਚੱਲੇਗੀ ਉਨ੍ਹਾਂ ਦਾ ਕਥਨ ਸੱਚ ਕਿਉਂ ਨਹੀਂ ਹੋਇਆ, ਉਨ੍ਹਾਂ ਦੇ ਪਾਸ ਜਾ ਕੇ ਪੁੱਛਾਂਗਾ। ਤਦ ਵਜੀਰ ਨੇ ਆਖਿਆ ਉਨ੍ਹਾਂ ਦੇ ਸਥਾਨ ਤੇ ਇਸ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਬੈਠੇ ਹਨ। ਇਸ ਵੇਲੇ ਹੀ ਚੱਲੋ ਤੁਹਾਨੂੰ ਮੁਰਾਦ ਮਿਲ ਜਾਏਗੀ। ਸੁਣ ਕੇ ਹਮਾਯੂੰ ਬਾਦਸ਼ਾਹ ਖਡੂਰ ਸਾਹਿਬ ਮੱਲ ਅਖਾੜੇ ਵਾਲੀ ਥਾਂ ਤੇ ਆ ਗਿਆ। ਜਿੱਥੇ ਸ੍ਰੀ ਗੁਰੂ ਅੰਗਦ ਦੇਵ ਜੀ ਸੁਭਾਇਮਾਨ ਸਨ। ਉਹ ਬੈਠੇ ਬਾਲਕਾਂ ਨਾਲ ਖੇਲ੍ਹਾਂ ਖੇਲ੍ਹ ਰਹੇ ਸਨ ਜਿਨ੍ਹਾਂ ਦੇ ਹਿਰਦੇ ਵਿਚ ਕੋਈ ਭੈਅ ਨਹੀਂ ਸੀ। ਨਮਸਕਾਰ ਕਰਕੇ ਹਮਾਯੂੰ ਖੜ੍ਹਾ ਹੋ ਗਿਆ। ਅੰਤਰਜਾਮੀ ਗੁਰੂ ਅੰਗਦ ਦੇਵ ਜੀ ਨੇ ਉਹਦੇ ਵੱਲ ਰੱਤਾ ਧਿਆਨ ਨਾ ਦਿੱਤਾ। ਉਹ ਬੱਚਿਆਂ ਨਾਲ ਹੀ ਪਰਚੇ ਰਹੇ। ਉਸ ਵੇਲੇ ਹਮਾਯੂੰ ਨੇ ਮਨ ਵਿਚ ਬਹੁਤ ਗੁੱਸਾ ਕੀਤਾ। ਇਸ ਨੇ ਮੇਰੇ ਵੱਲ ਤੱਕਿਆ ਹੀ ਨਹੀਂ,ਦੋ ਘੜੀਆਂ ਤੋਂ ਮੈਂ ਖੜ੍ਹਾ ਹਾਂ। ਇਸ ਨੇ ਆਪਣੇ ਮਨ ਵਿਚ ਮੇਰੀ

ਬਾਦਸ਼ਾਹੀ ਦਾ ਪ੍ਰਭਾਵ ਹੀ ਨਹੀਂ ਜਾਣਿਆ। ਮੇਰਾ ਰਾਜ ਚਲਾ ਗਿਆ ਤੇ ਮੈਂ ਨਿਮਾਣਾ ਹੋ ਗਿਆ ਹਾਂ। ਇਸ ਨੇ ਕੋਲ ਖੜ੍ਹੇ ਹੋਏ ਨੂੰ ਪਛਾਣਿਆ ਹੀ ਨਹੀਂ। ਇਹ ਮਾਰਨ ਦੇ ਹੀ ਯੋਗ ਹੈ। ਮਨ ਵਿਚ ਵਿਚਾਰ ਕਰਕੇ ਹਮਾਯੂੰ ਨੇ ਆਪਣਾ ਹੱਥ ਤਲਵਾਰ ਦੀ ਮੁੱਠ ਤੇ ਧਰ ਲਿਆ। ਮੈਂ ਤਲਵਾਰ ਖਿੱਚ ਕੇ ਹੁਣੇ ਹੀ ਮਾਰ ਦਿੰਦਾ ਹਾਂ। ਉਸ ਨੇ ਮਨ ਵਿਚ ਇਸ ਤਰ੍ਹਾਂ ਧਾਰ ਲਿਆ ਸੀ। ਉਸ ਨੇ ਸੋਚਿਆ ਫੇਰ ਹੀ ਇਹ ਮੈਨੂੰ ਪਛਾਣੇਗਾ ਕਿ ਮੈਂ ਬਾਦਸ਼ਾਹ ਹਾਂ। ਜਦ ਹਮਾਯੂੰ ਤਲਵਾਰ ਖਿੱਚਣ ਲਈ ਤਿਆਰ ਹੋਇਆ ਤਾਂ ਉਸਦਾ ਹੱਥ ਤਲਵਾਰ ਦੇ ਮੁੱਠੇ ਦੇ ਨਾਲ ਹੀ ਜੁੜ ਗਿਆ। ਹੱਥ ਨੂੰ ਹਲਾਉਂਦਾ ਰਿਹਾ ਪਰ ਉਸਦਾ ਹੱਥ ਹਿੱਲਦਾ ਨਹੀਂ ਸੀ। ਉਹ ਸਾਰਾ ਜੋਰ ਲਗਾ ਕੇ ਹਾਰ ਗਿਆ। ਮੂਰਖ ਹਮਾਯੂੰ ਪਛਤਾਉਣ ਲੱਗਾ ਮੈਂ ਮਾੜੇ ਭਾਗਾਂ ਵਾਲਾ ਹਾਂ ਮੈਂ ਮਨ ਵਿਚ ਖੋਟ ਰੱਖੀ ਸੀ ਤਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਵੱਲ ਤੱਕਿਆ ਅਤੇ ਆਖਿਆ ਸ਼ੇਰਸ਼ਾਹ ਸੂਰੀ ਉਪਰ ਤੇਰਾ ਕੋਈ ਵਸ ਨਹੀਂ ਚੱਲ ਸਕਿਆ ਹੁਣ ਤਲਵਾਰ ਫਕੀਰਾਂ ਤੇ ਚਲਾਉਣਾ ਚਾਹੁੰਦਾ ਹੈਂ। ਤਦ ਹਮਾਯੂੰ ਨੇ ਬਹੁਤ ਬੇਨਤੀਆਂ ਕੀਤੀਆਂ ਮੈਂ ਬੇਸਮਝ ਹਾਂ। ਹੇ ਗੁਰੂ ਜੀ ਮੈਨੂੰ ਮਾਫ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਖੁਦਾ ਦੇ ਹੀ ਰੂਪ ਸਨ ਉਨ੍ਹਾਂ ਦੀ ਬਖਸ਼ਿਸ ਹੁਣ ਸੱਚੀ ਕਿਉਂ ਨਹੀਂ ਹੋ ਰਹੀ। ਮੈਂ ਇਹ ਪੁੱਛਣ ਲਈ ਆਇਆ ਹਾਂ। ਮੈਂ ਉਨ੍ਹਾਂ ਦੇ ਇਸ ਭੇਦ ਨੂੰ ਜਾਣ ਨਹੀਂ ਸਕਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੁਣ ਕੇ ਬਚਨ ਕੀਤਾ ਤੂੰ ਕੋਈ ਵੱਡੀ ਬੇਇਨਸਾਫੀ ਕੀਤੀ ਹੈ ਇਸ ਕਰਕੇ ਤੁਹਾਡੀ ਨਿਰਾਦਰੀ ਹੋਈ ਹੈ। ਜੇਕਰ ਹੁਣ ਤੂੰ ਤਲਵਾਰ ਤੇ ਹੱਥ ਨਾ ਧਰਦਾ ਤਾਂ ਤੂੰ ਹੁਣੇ ਹੀ ਬਾਦਸ਼ਾਹੀ ਪ੍ਰਾਪਤ ਕਰ ਲੈਣੀ ਸੀ। ਪਰ ਫੇਰ ਵੀ ਦਰਸ਼ਨਾ ਦਾ ਫਲ ਤੁਹਾਡੇ ਅਨੰਦ ਵਿਚ ਵਾਧਾ ਕਰੇਗਾ। ਹੁਣ ਤੁਸੀਂ ਆਪਣੇ ਦੇਸ਼ ਜਾਵੋ ਉਥੋਂ ਦੁਬਾਰਾ ਫੇਰ ਆਇਓ। ਫੇਰ ਦਿੱਲੀ ਦਾ ਤਖਤ ਪ੍ਰਾਪਤ ਕਰੋਗੇ। ਇਹ ਸੁਣ ਕੇ ਹਮਾਯੂੰ ਅਫਗਾਨਿਸਤਾਨ ਚਲਾ ਗਿਆ। ਉਸ ਨੇ ਉੱਥੇ ਜਾ ਕੇ ਵੱਡਾ ਲਸ਼ਕਰ ਲਿਆ ਤੇ ਫੇਰ ਵਾਪਸ ਆ ਕੇ ਹਿੰਦੁਸਤਾਨ ਨੂੰ ਫਤਹਿ ਕਰਕੇ ਦਿੱਲੀ ਦਾ ਤਖਤ ਪ੍ਰਾਪਤ ਕੀਤਾ।

## ਖਡੂਰ ਸਾਹਿਬ ਦੇ ਸ਼ਿਵਨਾਥ ਤਪੇ ਦੀ ਦੁਰਦਸ਼ਾ

ਖਡੂਰ ਸਾਹਿਬ ਸ਼ਿਵਨਾਥ ਤਪਾ ਰਹਿੰਦਾ ਸੀ। ਉਸ ਨੇ ਲੋਕਾਂ ਵਿੱਚ ਆਪਣੀ ਕੀਰਤੀ ਫੈਲਾਈ ਹੋਈ ਸੀ। ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਰਹਿ ਰਹੇ ਸਨ। ਦੇਸ ਪ੍ਰਦੇਸ ਅਤੇ ਇਲਾਕੇ ਦੀਆਂ ਸੰਗਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਦੀਆਂ, ਭੇਟਾਵਾਂ ਰੱਖਦੀਆਂ, ਜਸ ਕਰਦੀਆਂ। ਤਪਾ ਸਤਿਗੁਰਾਂ ਨਾਲ ਈਰਖਾ ਰੱਖਦਾ ਸੀ। ਜਦੋਂ ਖਡੂਰ ਸਾਹਿਬ ਦੇ ਜੱਟ ਤਪੇ ਕੋਲ ਜਾ ਕੇ ਬੇਨਤੀ ਕਰਨ ਲੱਗੇ ਕਿ ਔੜ ਲੱਗ ਗਈ ਹੈ, ਫਸਲਾਂ ਸੁੱਕ ਰਹੀਆਂ ਹਨ, ਮੀਂਹ ਪਵਾਓ ਤਾਂ ਤਪੇ ਨੇ ਈਰਖਾ ਵਸ ਹੋ ਕੇ ਜੱਟਾਂ ਨੂੰ ਕਿਹਾ ਕਿ ਮੀਂਹ ਤਾਂ ਪਵੇਗਾ

ਜੇਕਰ ਤੁਸੀਂ ਗੁਰੂ ਜੀ ਨੂੰ ਆਪਣੀ ਨਗਰੀ ਤੋਂ ਬਾਹਰ ਕੱਢੋਗੇ।

ਤਪੇ ਦੇ ਸਿਖਾਏ ਹੋਏ ਜੱਟ ਗੁਰੂ ਅੰਗਦ ਦੇਵ ਜੀ ਕੋਲ ਜਾ ਕੇ ਕਹਿਣ ਲੱਗੇ ਜਾਂ ਮੀਂਹ ਪਵਾਓ ਜਾਂ ਖਡੂਰ ਛੱਡ ਕੇ ਚਲੇ ਜਾਓ। ਤਪਾ ਕਹਿੰਦਾ ਹੈ ਕਿ ਮੈਂ ਫਿਰ ਮੀਂਹ ਪੁਆਵਾਂਗਾ। ਸਰਬ ਸ਼ਕਤੀਆਂ ਦੇ ਮਾਲਕ ਸਤਿਗੁਰੂ ਜੀ ਨੇ ਸੁਣ ਕੇ ਕੋਈ ਕ੍ਰੋਧ ਨਹੀਂ ਕੀਤਾ ਨਾ ਹੀ ਨਗਰ ਨਿਵਾਸੀਆਂ ਨੂੰ ਕੋਈ ਸਰਾਪ ਦਿੱਤਾ। ਸਗੋਂ ਨਿਮਰਤਾ ਸਹਿਤ ਕਿਹਾ ਭਾਈ ਜੇਕਰ ਸਾਡ ਇੱਥੋਂ ਚਲੇ ਜਾਣ ਨਾਲ ਮੀਂਹ ਪੈ ਸਕਦਾ ਹੈ ਅਤੇ ਤੁਹਾਡਾ ਭਲਾ ਹੋ ਸਕਦਾ ਹੈ ਤਾਂ ਅਸੀਂ ਚਲੇ ਜਾਂਦੇ ਹਾਂ। ਗੁਰੂ ਜੀ ਸੰਗਤਾਂ ਸਮੇਤ ਖਾਨ ਛਾਪਰੀ ਸਾਹਿਬ ਵਾਲੇ ਅਸਥਾਨ ਤੇ ਚਲੇ ਗਏ।

ਸ੍ਰੀ ਗੁਰੂ ਅਮਰਦਾਸ ਉਸ ਵਕਤ ਸੇਵਾਦਾਰ ਸਨ ਅਤੇ ਸ੍ਰੀ ਗੋਇੰਦਵਾਲ ਸਾਹਿਬ ਵਸਾਉਣ ਵਾਸਤੇ ਗਏ ਹੋਏ ਸਨ। ਜਦੋਂ ਪਤਾ ਲੱਗਿਆ ਕਿ ਤਪੇ ਨੇ ਈਰਖਾ ਕਰਕੇ ਸਤਿਗੁਰਾਂ ਨੂੰ ਖਡੂਰ ਪਿੰਡ ਵਿੱਚੋਂ ਕਢਵਾ ਦਿੱਤਾ ਹੈ ਤਾਂ ਖਡੂਰ ਸਾਹਿਬ ਦੇ ਲੋਕਾਂ ਨੂੰ ਕਿਹਾ ਤੁਸੀਂ ਬੜੀ ਮਾੜੀ ਗੱਲ ਕੀਤੀ ਹੈ। ਸਤਿਗੁਰੂ ਜੀ ਤਾਂ ਸਰਬ ਕਲਾ ਸਮਰੱਥ ਹਨ। ਮੀਂਹ ਤਾਂ ਸਤਿਗੁਰਾਂ ਦੇ ਸੇਵਕ ਵੀ ਪਵਾ ਸਕਦੇ ਹਨ। ਜਾਓ ਜਿਸ ਖੇਤ ਵਿੱਚ ਸ਼ਿਵਨਾਥ ਨੂੰ ਲੈ ਕੇ ਜਾਵੋਂਗੇ ਉਹ ਖੇਤ ਮੀਂਹ ਦੇ ਨਾਲ ਲਬਾ ਲਬ ਭਰ ਜਾਵੇਗਾ। ਉਹ ਜੱਟ ਕਿਹੜਾ ਕਿਸੇ ਦੇ ਮਿੱਤਰ ਸਨ। ਝੱਟ ਤਪੇ ਦੇ ਦੁਆਲੇ ਜਾ ਹੋਏ। ਜਦੋਂ ਉਨ੍ਹਾਂ ਲੋਕਾਂ ਦੇ ਅਵਾਜਾਂ ਮਾਰਨ ਤੇ ਤਪੇ ਨੇ ਅੰਦਰੋਂ ਕੁੰਡਾ ਨਾ ਖੋਲ੍ਹਿਆ ਤਾਂ ਭੀੜ ਨੇ ਦਰਵਾਜਾ ਤੋੜ ਕੇ ਬਾਹਾਂ ਤੋਂ ਫੜ ਕੇ ਬਾਹਰ ਖਿੱਚ ਲਿਆ। ਕੁਦਰਤੀ ਉਸੇ ਵੇਲੇ ਬੱਦਲ ਹੋ ਗਏ। ਲੋਕਾਂ ਨੂੰ ਗੁਰੂ ਕੇ ਸੇਵਕ ਉੱਪਰ ਭਰੋਸਾ ਬੱਝ ਗਿਆ। ਸ਼ਿਵਨਾਥ ਤਪਾ ਬਥੇਰਾ ਝਹੀਆਂ ਲੈ ਲੈ ਕੇ ਪਵੇ ਪਰ ਕਿਸੇ ਸੁਆਰਥੀ ਜੱਟ ਨੇ ਤਪੇ ਦੀ ਇੱਕ ਵੀ ਨਾ ਸੁਣੀ। ਜਿਸ ਖੇਤ ਵਿੱਚ ਤਪੇ ਨੂੰ ਲਿਜਾਂਦੇ ਹਨ ਉਹੀ ਖੇਤ ਮੀਂਹ ਨਾਲ ਬੱਟਾਂ ਤੱਕ ਭਰ ਜਾਂਦਾ ਹੈ। ਇਉਂ ਕੋਈ ਆਪਣੇ ਖੇਤ ਵੱਲ ਖਿੱਚਦਾ ਹੈ ਕਿ ਮੇਰਾ ਖੇਤ ਕਿਤੇ ਸੁੱਕਾ ਹੀ ਨਾ ਰਹਿ ਜਾਵੇ। ਜਦੋਂ ਤਪਾ ਬੇਹੋਸ਼ ਹੋ ਗਿਆ ਤਾਂ ਸ੍ਰੀ ਅਮਰਦਾਸ ਜੀ ਨੇ ਕਿਹਾ ਇਸ ਨੂੰ ਬਲਦਾਂ ਮਗਰ ਸੁਹਾਗੇ ਦੀ ਤਰ੍ਹਾਂ ਪਾ ਕੇ ਫੇਰੋ। ਜਿਸ ਖੇਤ ਵਿੱਚ ਹੱਡੀ ਪਸਲੀ ਵੀ ਲੱਗ ਜਾਵੇਗੀ ਉਹ ਖੇਤ ਸੁੱਕਾ ਨਹੀਂ ਰਹੇਗਾ। ਮੀਂਹ ਨਾਲ ਲਬਾ ਲਬ ਭਰ ਜਾਵੇਗਾ।

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਤਪੇ ਨੂੰ ਕਮੌਤੇ ਮਰਵਾ ਕੇ ਅਤੇ ਮੀਂਹ ਪਵਾ ਕੇ ਜਦੋਂ ਜੰਗਲ ਵਿੱਚ ਖਾਨ ਛਾਪਰੀ ਸਾਹਿਬ ਵਾਲੇ ਅਸਥਾਨ ਤੇ ਪਹੁੰਚ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਕਰਨ ਲੱਗੇ ਤਾਂ ਗੁਰੂ ਜੀ ਨੇ ਪਿੱਠ ਕਰ ਲਈ ਅਤੇ ਕਿਹਾ ਤੁਸੀਂ ਕ੍ਰੋਧ ਵਸ ਹੋ ਕੇ ਕਰਾਮਾਤ ਕਿਉਂ ਦਿਖਾਈ ਹੈ। ਤਪੇ ਨੂੰ ਕਮੌਤੇ ਮਰਵਾ ਕੇ ਮੀਂਹ ਪਵਾਇਆ ਹੈ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਬੜੀਆਂ ਬੇਨਤੀਆਂ

ਕਰਕੇ ਮੁਆਫੀ ਮੰਗੀ ਅਤੇ ਕਿਹਾ ਮਹਾਰਾਜ ਸਾਹਿਬ ਜੀ ਅੱਗੇ ਵਾਸਤੇ ਕ੍ਰੋਧ ਵਸ ਹੋ ਕੇ ਅਜਿਹਾ ਨਹੀਂ ਕਰਾਂਗੇ। ਬਾਬਾ ਬੁੱਢਾ ਸਾਹਿਬ ਜੀ ਨੇ ਵੀ ਬੇਨਤੀ ਕੀਤੀ ਮਹਾਰਾਜ ਸਾਹਿਬ ਜੀ ਤਪੇ ਨੂੰ ਸਜਾ ਦੇਣ ਲਈ ਤਾਂ ਮੇਰਾ ਵੀ ਦਿਲ ਕਰਦਾ ਸੀ ਪਰ ਆਪ ਜੀ ਤੋਂ ਡਰਦੇ ਨੇ ਕੋਈ ਬਚਨ ਨਹੀਂ ਕੀਤਾ। ਗੁਰੂ ਅੰਗਦ ਸਾਹਿਬ ਖਡੂਰ ਦੇ ਜੱਟਾਂ ਦੀ ਬੇਨਤੀ ਕਰਨ ਤੋਂ ਫਿਰ ਖਡੂਰ ਸਾਹਿਬ ਆ ਗਏ। ਕ੍ਰੋਧ ਬਿਲਕੁਲ ਨਹੀਂ ਕੀਤਾ ਕਿ ਤੁਸੀਂ ਪਹਿਲਾਂ ਸਾਨੂੰ ਕੱਢ ਦਿੱਤਾ ਸੀ ਹੁਣ ਅਸੀਂ ਨਹੀਂ ਜਾਣਾ। ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਤਾਗੱਦੀ ਤੇ ਬਿਰਾਜਮਾਨ ਹੋ ਕੇ ਕਦੇ ਵੀ ਕ੍ਰੋਧ ਨਹੀਂ ਕੀਤਾ।

## ਸਿੱਖਾਂ ਨੂੰ ਉਪਦੇਸ਼

### ਭਾਈ ਜੀਵਾ

ਇਕ ਜੀਵਾ ਨਾਮੀ ਸੇਵਕ ਗੁਰੂ ਅੰਗਦ ਸਾਹਿਬ ਕੋਲ ਰਹਿੰਦਾ ਸੀ। ਸ਼ਰਧਾ ਸਹਿਤ ਸੇਵਾ ਕਰਦਾ। ਰੋਜ਼ਾਨਾ ਦਹੀਂ ਖਿਚੜੀ ਤਿਆਰ ਕਰਕੇ ਲਿਆਉਂਦਾ ਅਤੇ ਛਕਾਉਂਦਾ। ਇਕ ਦਿਨ ਜਦ ਦਿਨ ਚਾਰ ਘੜੀਆਂ ਰਹਿ ਗਿਆ ਸੀ ਤਾਂ ਉਸਨੇ ਗੁਰੂ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ ਅੱਜ ਬਹੁਤ ਬਾਰੀ ਹਨੇਰੀ ਚੱਲ ਰਹੀ ਹੈ। ਮੈਂ ਨਿਰਣਾ ਕਰਕੇ ਵੇਖਿਆ ਹੈ ਕਿ ਇਹ ਹਟੇਗੀ ਨਹੀਂ। ਹੁਣ ਤਾਂ ਬਹੁਤ ਮਿੱਟੀ ਛਾਈ ਹੋਈ ਹੈ। ਜਿਉਂ ਹੀ ਆਪ ਦਾ ਬਚਨ ਹੋ ਜਾਵੇਗਾ ਤਾਂ ਸਾਰੀ ਮਿੱਟੀ ਹਨੇਰੀ ਹਟ ਜਾਵੇਗੀ। ਮੈਂ ਜਲਦੀ ਨਾਲ ਖਾਣਾ ਕਾ ਲੈਂਦਾ ਹਾਂ ਅਤੇ ਬਾਅਦ ਵਿਚ ਆਪ ਜੀ ਨੂੰ ਅਨੇਕ ਪ੍ਰਕਾਰ ਦਾ ਭੋਜਨ ਛਕਾ ਦੇਵਾਂਗਾ। ਉਸ ਪਿਛੋਂ ਚਾਹੇ ਫੇਰ ਇਹ ਹਨੇਰੀ ਹੁਣ ਵਾਂਗ ਚੱਲੀ ਜਾਵੇ। ਭਾਈ ਜੀਵੇ ਕੋਲੋਂ ਸੁਣ ਕੇ ਗੁਰੂ ਅੰਗਦ ਜੀ ਨੇ ਕਿਹਾ ਅਜਿਹਾ ਮਨੋਰਥ ਕਦੇ ਨਹੀਂ ਕਰਨਾ ਚਾਹੀਦਾ। ਜਿਸਦੇ ਕਰਨ ਨਾਲ ਸਿਰ ਤੇ ਭਾਰੀ ਦੋਸ਼ ਚੜਹਾ ਲਈਏ। ਪ੍ਰਭੂ ਨੇ ਜੋ ਇਹ ਹਵਾ ਚਲਾਈ ਹੈ ਇਸ ਨਾਲ ਬਹੁਤ ਕਾਰਜ ਸਵਾਰਨੇ ਹਨ। ਸਮੁੰਦਰ ਵਿਚ ਅਨੇਕਾਂ ਜਹਾਜ ਲੱਦੇ ਹੋਏ ਚੱਲ ਰਹੇ ਹਨ ਜੋ ਉਪਜੀਵਿਕਾ ਵਾਸਤੇ ਲਾਭ ਪ੍ਰਾਪਤ ਕਰਨ ਦੀ ਖੋਜ ਵਿਚ ਟਾਪੂਆਂ ਨੂੰ ਜਾਂਦੇ ਸਨ। ਉਹ ਜਹਾਜ ਬਹੁਤ ਦਿਨਾਂ ਤੋਂ ਰੁਕੇ ਹੋਏ ਹੋਣਗੇ। ਹੁਣ ਇਨ੍ਹਾਂ ਨੂੰ ਚਲਾਉਣ ਵਾਸਤੇ ਪ੍ਰਭੂ ਨੇ ਹਵਾ ਚਲਾਈ ਹੈ। ਭੋਜਨ ਦੀ ਖਾਤਰ ਕਮਾਈ ਕਰਦੇ ਹਨ। ਪਰਮੇਸਰ ਇਸੇ ਬਹਾਨੇ ਉਨ੍ਹਾਂ ਨੂੰ ਰੋਜੀ ਰੋਟੀ ਦਿੰਦਾ ਹੈ। ਜਿੱਥੇ ਤਾਂਬੇ ਦੀ ਧਰਤੀ ਹੈ ਉਥੇ ਲੱਖਾਂ ਸੱਪ ਮਿੱਟੀ ਧੂੜ ਖਾਂਦੇ ਹਨ। ਲੱਖਾਂ ਹੀ ਮਿੱਟੀ ਤੋਂ ਬਗੈਰ ਦੁਖੀ ਹਨ। ਪ੍ਰਭੂ ਉਨ੍ਹਾਂ ਕੋਲ ਮਿੱਟੀ ਪਹੁੰਚਾ ਕੇ ਉਨ੍ਹਾਂ ਦੀ ਪਾਲਣਾ ਕਰਦਾ ਹੈ। ਪਰਮੇਸਰ ਇਸ ਹਨੇਰੀ ਨਾਲ ਇਸ ਤਰ੍ਹਾਂ ਦੇ ਵੱਡੇ-ਵੱਡੇ ਕਾਰਜ ਕਰਦਾ ਹੈ। ਜੇਕਰ ਹੁਣ ਅਸੀਂ ਬਚਨ ਕਰਕੇ ਹਨੇਰੀ ਬੰਦ ਕਰ ਦਈਏ ਤਾਂ ਸਾਰੇ ਕਾਰਜ ਵਿਗੜ ਜਾਣਗੇ ਤੇ ਜੀਵ ਜੰਤੂ ਭੁੱਖੇ ਰਹਿ ਜਾਣਗੇ।

ਉਹ ਸਰਬ ਗਿਆਤਾ ਪ੍ਰਭੂ ਹਮੇਸ਼ਾ ਉਹੀ ਕਰਨੀ ਕਰਦਾ ਹੈ ਜਿਸ ਵਿਚ ਭਲਾ ਹੁੰਦਾ ਹੈ। ਘੱਟ ਬੁੱਧੀ ਵਾਲਾ ਜਿੰਨੀਆਂ ਵੀ ਹੁੱਜਤਾਂ ਕਰੇ, ਜੋ ਹਵਾ ਲੱਖਾਂ ਜੀਵਾਂ ਦੇ ਦੁੱਖਾਂ ਨੂੰ ਦੂਰ ਕਰਦੀ ਹੈ, ਉਸ ਨੂੰ ਬੰਦ ਕਰਕੇ ਸਾਰਾ ਦੋਸ਼ ਆਪਣੇ ਸਿਰ ਕਿਉਂ ਲਈਏ। ਅਜਿਹੀ ਸੋਚਣੀ ਨੂੰ ਮਨਮੁਖ ਵਾਲੀ ਰੀਤੀ ਜਾਣੋ। ਸਾਨੂੰ ਉਹ ਕਰਨਾ ਚਾਹੀਦਾ ਹੈ ਜਿਸ ਨੂੰ ਵੇਖ ਕੇ ਪ੍ਰਭੂ ਖੁਸ਼ ਹੋ ਜਾਵੇ। ਇਸ ਲਈ ਗੁਰਮੁਖ ਸਦਾ ਹੀ ਸੁਖ ਪ੍ਰਾਪਤ ਕਰਦੇ ਹਨ। ਜੋ ਖੁਦ ਸੰਕਟ ਸਹਿ ਲੈਂਦੇ ਹਨ ਉਹ ਦੂਸਰੇ ਲੋਕਾਂ ਨੂੰ ਦੁਖ ਨਹੀਂ ਦਿੰਦੇ। ਜੇ ਹਨੇਰੀ ਨਹੀਂ ਹਟੇਗੀ ਤਾਂ ਲੰਗਰ ਕੱਲ੍ਹ ਸਵੇਰ ਨੂੰ ਛਕ ਲਵਾਂਗੇ। ਸੋ ਚਿੰਤਾ ਨਾ ਕਰੋ ਜਿਸ ਤਰ੍ਹਾਂ ਪਤੀ ਵਰਤਾ ਇਸਤਰੀ ਪਤੀ ਦੀ ਆਗਿਆ ਵਿੱਚ ਰਹਿ ਕੇ ਸੁਖ ਪ੍ਰਾਪਤ ਕਰਦੀ ਹੈ। ਭਾਈ ਜੀਵੇ ਨੇ ਗੁਰੂ ਜੀ ਦਾ ਉਪਦੇਸ ਸੁਣ ਕੇ ਨਮਸਕਾਰ ਕੀਤੀ। ਉਹ ਜਿੰਨਾ ਚਿਰ ਜਿਉਂਦਾ ਰਿਹਾ ਗੁਰੂ ਜੀ ਦੀ ਆਗਿਆ ਵਿੱਚ ਰਹਿ ਕੇ ਸੇਵਾ ਕਰਦਾ ਰਿਹਾ। ਫੇਰ ਉਹ ਸਰੀਰ ਛੱਡ ਕੇ ਪਰਮੇਸਰ ਵਿੱਚ ਲੀਨ ਹੋ ਗਿਆ।

## ਭਾਈ ਧਿੰਙਾਂ ਨਾਈ

ਇੱਕ ਦਿਨ ਧਿੰਙਾ ਨਾਈ ਸਿੱਖ ਗੁਰੂ ਅੰਗਦ ਸਾਹਿਬ ਜੀ ਦੇ ਕੋਲ ਚੱਲ ਕੇ ਆਇਆ। ਚਰਨਾਂ ਤੇ ਸੀਸ ਨਿਵਾ ਕੇ ਬੈਠ ਗਿਆ। ਜੋ ਸਿੱਖ ਬੈਠੇ ਸੇਵਾ ਕਰਦੇ ਸਨ ਉਨ੍ਹਾਂ ਨਾਲ ਮਿਲ ਕੇ ਸੇਵਾ ਕਰਨ ਲੱਗ ਪਿਆ। ਬਹੁਤ ਖੁਸ਼ ਹੋ ਗਿਆ। ਗਰਮ ਪਾਣੀ ਨਾਲ ਇਸ਼ਨਾਨ ਕਰਾਉਂਦਾ। ਮੈਲ ਕੱਢ ਕੇ ਬਸਤਰ ਧੋਂਦਾ। ਮੁੱਠੀ ਚਾਪੀ ਕਰਦਾ, ਹਵਾ ਝੋਲਦਾ। ਮਾਂਜ ਸੰਵਾਰ ਕੇ ਬਰਤਨ ਧੋਂਦਾ। ਕਦੀ-ਕਦੀ ਗੁਰੂ ਜੀ ਦੀ ਸੇਵਾ ਮਿਲਦੀ ਤਾਂ ਪ੍ਰੇਮ ਨਾਲ ਕਰਦਾ। ਇੱਕ ਦਿਨ ਹੱਥ ਜੋੜ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ ਮੈਨੂੰ ਉਪਦੇਸ ਦੇਵੋ ਜਿਸ ਨਾਲ ਮੇਰੇ ਸਾਰੇ ਕਲੇਸ ਦੂਰ ਹੋ ਜਾਣ। ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਆਖਿਆ ਜਿਹੜਾ ਗੁਰੂ ਜੀ ਦੀ ਕਬਰ ਵਿੱਚ ਚਲਾ ਆਵੇ ਉਹ ਮੁਰਦੇ ਦੇ ਸਮਾਨ ਮੁਰੀਦ ਹੋ ਜਾਵੇ। ਜਿਵੇਂ ਜਿੰਦ ਤੋਂ ਬਗੈਰ ਮੁਰਦੇ ਦਾ ਅੰਗ ਨਹੀਂ ਹਿੱਲਦਾ ਉਸੇ ਤਰ੍ਹਾਂ ਮੁਰੀਦ ਬਣਕੇ ਸਾਰੇ ਵਿਸ਼ੇ ਵਿਕਾਰਾਂ ਨੂੰ ਛੱਡ ਦੇਵੇ। ਦੇਖ ਤੇਰੀ ਜਾਤ ਵਿੱਚ ਪਹਿਲੇ ਇੱਕ ਸੈਣ ਭਗਤ ਹੋਇਆ ਜਿਸ ਨੇ ਉਮਰ ਭਰ ਸੰਤਾਂ ਦੀ ਸੇਵਾ ਕੀਤੀ। ਪਰਮਾਤਮਾ ਨੇ ਉਸ ਦੇ ਪ੍ਰੇਮ ਦੀ ਪਰਖ ਕਰਕੇ ਆਪ ਸੈਣ ਨਾਈ ਦਾ ਰੂਪ ਧਾਰਨ ਕਰਕੇ ਰਾਜੇ ਦੀ ਸੇਵਾ ਕੀਤੀ। ਰਾਜੇ ਨੇ ਖੁਸ਼ ਹੋ ਕੇ ਆਪਣੀ ਪੁਸ਼ਾਕ ਬਖਸ਼ਿਸ਼ ਕਰ ਦਿੱਤੀ। ਸੋ ਤੂੰ ਉਨ੍ਹਾਂ ਵਾਂਗ ਸੰਤਾਂ ਦੀ ਸੇਵਾ ਕਰ। ਧਿੰਙੇ ਨਾਈ ਨੇ ਗੁਰੂ ਜੀ ਦੇ ਉਪਦੇਸ ਦੀ ਕਮਾਈ ਪ੍ਰੇਮ ਧਾਰਨ ਕਰਕੇ ਕੀਤੀ ਅਤੇ ਸਿੱਖੀ ਪਦ ਪ੍ਰਾਪਤ ਕੀਤਾ।

## ਭਾਈ ਪਾਰੋ ਜੁਲਕਾ

ਪਾਰੋ ਜੁਲਕਾ ਗੁਰੂ ਜੀ ਦਾ ਜਸ ਸੁਣ ਕੇ ਆਇਆ ਉਹ ਨਮਸਕਾਰ ਕਰਕੇ

ਗੁਰੂ ਜੀ ਕੋਲ ਬੈਠ ਗਿਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਗੁਰੂ ਜੀ ਪਰਮਹੰਸ ਕੌਣ ਹੁੰਦੇ ਹਨ। ਪਾਰੋ ਜੁਲਕਾ ਨੂੰ ਗੁਰੂ ਜੀ ਨੇ ਪ੍ਰੇਮ ਸਹਿਤ ਵੇਖਿਆ ਅਤੇ ਆਖਿਆ ਕਿ ਹੰਸ ਜੋ ਮਾਨ ਸਰੋਵਰ ਵਿੱਚ ਰਹਿੰਦਾ ਹੈ। ਉਹ ਮੋਤੀ ਪ੍ਰਾਪਤ ਕਰਕੇ ਉਸੇ ਦਾ ਭੋਜਨ ਕਰਦਾ ਹੈ। ਦੁੱਧ ਤੇ ਪਾਣੀ ਮਿਲਣ ਕਰਕੇ ਇੱਕ ਰੂਪ ਹੋ ਜਾਣ ਤੇ ਉਸ ਨੂੰ ਹੰਸ ਦੇ ਅੱਗੇ ਲਿਆ ਕੇ ਰੱਖਿਆ ਜਾਵੇ ਤਾਂ ਉਹ ਪਾਣੀ ਨੂੰ ਦੁੱਧ ਤੋਂ ਵੱਖ ਕਰ ਦਿੰਦਾ ਹੈ।ਅਸਲੀ ਅਤੇ ਨਕਲੀ ਨੂੰ ਤੁਰੰਤ ਪਛਾਣ ਲੈਂਦਾ ਹੈ। ਪਾਣੀ ਪਿਛੇ ਰਹਿ ਜਾਂਦਾ ਹੈ ਅਤੇ ਦੁੱਧ ਪੀ ਜਾਂਦਾ ਹੈ। ਉਡ ਕੇ ਦੇਸਾਂ ਵਿਦੇਸਾਂ ਨੂੰ ਚਲੇ ਜਾਂਦੇ ਹਨ। ਪਰਮਹੰਸ ਉਸ ਤੋਂ ਵੀ ਜਿਆਦਾ ਸਮਝਦਾਰ ਹੁੰਦੇ ਹਨ। ਜੋ ਹਮੇਸ਼ਾਂ ਮੁਕਤੀ ਰੂਪੀ ਮੋਤੀ ਹੀ ਖਾਣਾ ਚਾਹੁੰਦੇ ਹਨ। ਮਾਨਸਰੋਵਰ ਰੂਪੀ ਗੁਰੂ ਸਬਦ ਵਿਚੋਂ ਆਤਮਿਕ ਖੁਰਾਕ ਲੈਂਦੇ ਹਨ। ਪਰਮਹੰਸ ਨੂੰ ਗਿਆਨ ਹੁੰਦਾ ਹੈ ਕਿ ਇਸ ਦੇਹੀ ਨੇ ਇਕਸਾਰ ਨਹੀਂ ਰਹਿਣਾ। ਪਰਮਹੰਸ ਨਿਰਨੈ ਕਰਦਾ ਹੈ ਕਿ ਆਤਮਾ ਸੱਚ ਹੈ ਦੇਹੀ ਬਾਅਦ ਵਿਚ ਧਾਰਨ ਕੀਤੀ ਹੈ। ਅਗਿਆਨੀ ਵਿਸ਼ੇ ਵਿਕਾਰਾਂ ਦੁਆਰਾ ਅਨੰਦ ਪ੍ਰਾਪਤ ਕਰਨਾ ਮੇਰਾ ਰੂਪ ਹੈ ਜੋ ਪਾਣੀ ਤੋਂ ਦੁੱਧ ਵਾਂਗ ਆਤਮਾ ਨੂੰ ਸਰੀਰ ਤੋਂ ਜੁਦਾ ਕਰ ਸਕੇ ਉਹ ਹੰਸ ਸਮਾਨ ਹੈ। ਜੋ ਅੱਗੇ ਜਾ ਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਲਵੇ ਉਸ ਦਾ ਨਾਮ ਪਰਮਹੰਸ ਹੈ। ਇਹ ਸੰਸਾਰ ਵਿਚ ਕਮਲ ਵਾਂਗ ਰਹਿੰਦਾ ਹੈ। ਇਹ ਸਰੀਰ ਦੇ ਦੱਖ ਸੁੱਖ ਆ ਜਾਣ ਤਾਂ ਕਦੇ ਵੀ ਉਨ੍ਹਾਂ ਤੋਂ ਖੁਸ਼ੀ ਗਮੀ ਨਹੀਂ ਕਰਦੇ। ਪਾਰੋ ਜੁਲਕਾ ਨੇ ਗੁਰੂ ਜੀ ਦੀ ਸਿਖਿਆ ਸੁਣੀ ਤੇ ਬਹੁਤ ਪ੍ਰਸੰਨ ਹੋਇਆ। ਉਹ ਵਿਚਾਰਨ ਲੱਗਾ ਤੇ ਬਹੁਤ ਸੁਖ ਪ੍ਰਾਪਤ ਕੀਤਾ।

## ਭਾਈ ਗੁੱਜਰ ਲੋਹਾਰ

ਇਕ ਗੁਜਰ ਲੋਹਾਰ ਸਿੱਖ ਗੁਰੂ ਅੰਗਦ ਜੀ ਦੇ ਦਰਬਾਰ ਵਿਚ ਆਇਆ। ਨਮਸਕਾਰ ਕਰਕੇ ਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਬੇਨਤੀ ਕੀਤੀ ਕਿ ਪੇਟ ਦੀ ਖਾਤਰ ਅਸੀਂ ਸਾਰਾ ਦਿਨ ਕੰਮ ਕਰਦੇ ਹਾਂ। ਗ੍ਰਿਹਸਤੀ ਜੀਵਨ ਵਿਚ ਫਸੇ ਹੋਇਆ ਵਿਹਲ ਹੀ ਨਹੀਂ ਮਿਲਦਾ। ਆਪ ਜੀ ਕੋਲ ਰਹਿ ਕੇ ਸੇਵਾ ਕਰਕੇ ਕਲਿਆਣ ਹੋਵੇ। ਸਤਿਗੁਰੂ ਜੀ ਨੇ ਸੁਣ ਕੇ ਉਪਦੇਸ਼ ਦਿੱਤਾ ਕਿ ਇਕ ਮਨ ਹੋ ਕੇ ਜਪੁਜੀ ਸਾਹਿਬ ਦਾ ਪਾਠ ਕਰੋ ਜਿੰਨੀ ਵਾਰੀ ਰੋਜਾਨਾ ਪੜਿਆ ਜਾਵੇ ਫਲ ਪ੍ਰਾਪਤ ਹੋਵੇਗਾ। ਜੇ ਦੇਖੋ ਕੋਈ ਗਰੀਬ ਹੈ ਤਾਂ ਉਸਦਾ ਕੰਮ ਕਰ ਦੇਵੋ ਉਸ ਪਾਸੋਂ ਮਜ਼ਦੂਰੀ ਨਾ ਲਵੋ। ਜਪੁਜੀ ਸਾਹਿਬ ਦੇ ਅਰਥਾਂ ਦੀ ਵਿਚਾਰ ਕਰੋ। ਰੋਜਾਨਾ ਇਸ ਬਾਣੀ ਨੂੰ ਸਵਾਸ ਸਵਾਸ ਵਿਚ ਵਸਾ ਲਵੋ। ਗਰੀਬਾਂ ਉਪਰ ਦਇਆ ਕਰੋ। ਆਪਣੀ ਕਮਾਈ ਵਿਚੋਂ ਦਸਵੰਧ ਕੱਢੋ। ਸਾਧਨਾ ਕਰਨ ਵਾਲੇ ਗੁਰਸਿੱਖਾਂ ਦੀ ਸੇਵਾ ਕਰੋ। ਗੁਰੂ ਜੀ ਦਾ ਉਪਦੇਸ ਇਸ ਨੇ ਹਿਰਦੇ ਵਿਚ ਵਸਾ ਲਿਆ। ਉਸ ਦੇ ਪਿੰਡ ਵਿਚ ਗ੍ਰਿਹਸਤੀ ਭਗਤ ਸਨ। ਉਨ੍ਹਾਂ ਦੇ

ਨਾਂ ਤੇ ਰਾਜੇ ਨੇ ਤੁਹਮਤ ਲਾ ਕੇ ਉਨ੍ਹਾਂ ਨੂੰ ਫੜ ਕੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ। ਉਨ੍ਹਾਂ ਨੂੰ ਜੇਲ ਵਿਚ ਸੁੱਟ ਦਿੱਤਾ। ਕਾਫੀ ਸਮੇਂ ਬਾਅਦ ਪ੍ਰਭੂ ਦੀ ਕਿਰਪਾ ਨਾਲ ਬਾਹਰ ਆਏ। ਅੱਧੀ ਰਾਤ ਨੂੰ ਗੁਜਰ ਲੋਹਾਰ ਦੇ ਘਰ ਆ ਗਏ। ਬੇਨਤੀ ਕੀਤੀ ਕਿ ਗੁਰੂ ਦੇ ਵਾਸਤੇ ਸੰਗਲ ਕੱਟ ਦੇਵੋ। ਤੁਹਾਨੂੰ ਜਮ ਦੀ ਬਿਪਤਾ ਨਹੀਂ ਪਵੇਗੀ । ਗੁਜਰ ਲੋਹਾਰ ਨੇ ਸੁਣ ਕੇ ਬਹੁਤ ਸੰਕੋਚ ਕੀਤਾ ਕਿ ਜੇ ਰਾਜੇ ਨੂੰ ਪਤਾ ਲਗਿਆ ਤਾਂ ਉਹ ਸਾਰੇ ਪਰਿਵਾਰ ਨੂੰ ਸਜਾ ਦੇਵੇਗਾ। ਡਰਨ ਪਿਛੋਂ ਫਿਰ ਵਿਚਾਰ ਕਤਿ ਕਿ ਗਰੂ ਜੀ ਨੇ ਮੈਨੂੰ ਉਪਦੇਸ ਦਿੱਤਾ ਸੀ ਕਿ ਪ੍ਰਭੂ ਦੇ ਨਮਿਤ ਲੋੜਵੰਦ ਦਾ ਕੰਮ ਕਰ ਦੇਣਾ ਕਿਸੇ ਤਰ੍ਹਾਂ ਦੇਰੀ ਨਹੀਂ ਲਾਉਣੀ। ਗੁਰੂ ਜੀ ਨੂੰ ਚੇਤੇ ਕਰਕੇ ਇਸ ਨੇ ਉਠ ਕੇ ਤੁਰੰਤ ਬੇੜੀਆਂ ਕੱਟ ਦਿੱਤੀਆਂ। ਗ੍ਰਿਹਸਤੀ ਭਗਤ ਉਸ ਨੂੰ ਅਸੀਸ ਦੇ ਕੇ ਚਲੇ ਗਏ। ਇਸ ਗੁਜਰ ਲੁਹਾਰ ਦੇ ਹਿਰਦੇ ਅੰਦਰ ਵਿਸ਼ੇਸ਼ ਗਿਆਨ ਪੈਦਾ ਹੋ ਗਿਆ।

# ਪਾਤਿਸ਼ਾਹੀ ਤੀਜੀ

## ਭਾਈ ਮਹਿੰਗੇ ਨੇ ਸੇਵਾ ਕਰਕੇ ਸਿੱਖੀ ਦੀ ਦਾਤ ਪ੍ਰਾਪਤ ਕਰਨੀ

ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਸ੍ਰੀ ਗੋਇੰਦਵਾਲ ਸਾਹਿਬ ਜੀਵਾਂ ਦਾ ਕਲਿਆਣ ਕਰ ਰਹੇ ਸਨ। ਉਸ ਸਮੇਂ ਮਹਿੰਗਾ ਨਾਮ ਦਾ ਪ੍ਰੇਮੀ ਆਇਆ ਆ ਕੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਮੈਨੂੰ ਸਿੱਖੀ ਦੀ ਦਾਤ ਬਖਸ਼ੋ। ਹਜ਼ੂਰ ਆਖਣ ਲੱਗੇ ਪ੍ਰੇਮੀਆ ਤੇਰਾ ਕੀ ਨਾਮ ਹੈ, ਕਹਿਣ ਲੱਗਿਆ ਜੀ ਮੇਰਾ ਨਾਮ ਮਹਿੰਗਾ ਹੈ, ਹਜ਼ੂਰ ਕਹਿਣ ਲੱਗੇ ਭਾਈ ਸਿੱਖੀ ਵੀ ਮਹਿੰਗੀ ਹੈ। ਬੇਨਤੀ ਕਰਨ ਲੱਗਾ ਮਹਾਰਾਜ ਜੀ ਸਿੱਖੀ ਮਹਿੰਗੀ ਹੀ ਬਖਸ਼ ਦਿਓ। ਹਜ਼ੂਰ ਨੇ ਉਸ ਨੂੰ ਲੰਗਰ ਦੀ ਸੇਵਾ ਬਖਸ਼ਿਸ਼ ਕੀਤੀ। ਰੋਜਾਨਾ ਲੰਗਰ ਸੰਗਤਾਂ ਨੂੰ ਵਰਤਾ ਕੇ ਬਾਕੀ ਬਚਦਾ ਲੰਗਰ ਪਸ਼ੂਆਂ ਨੂੰ ਪਾ ਦਿੰਦੇ, ਬਾਕੀ ਪਸ਼ੂਆਂ ਤੋਂ ਬਚਦਾ ਲੰਗਰ ਦਰਿਆ ਵਿਚ ਵਹਾ ਦਿੰਦੇ ਤਾਂ ਜੋ ਦਰਿਆ ਦੇ ਜੀਵ ਖਾ ਲੈਣ। ਬਰਤਨ ਧੋ ਕੇ ਉਲਟਾ ਕੇ ਰੱਖ ਦਿੰਦੇ।

ਭਾਈ ਮਹਿੰਗੇ ਨੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ,ਲੰਗਰ ਪਸ਼ੂਆਂ ਤੋਂ ਵੀ ਬਚ ਗਿਆ ਹੈ। ਹਜ਼ੂਰ ਨੇ ਆਖਿਆ ਬਚਦੇ ਲੰਗਰ ਨੂੰ ਦਰਿਆ ਦੇ ਜਲ ਵਿਚ ਪ੍ਰਵਾਹ ਕਰ ਦਿਓ। ਜਦੋਂ ਭਾਈ ਮਹਿੰਗਾ ਦਰਿਆ ਵਿਚ ਸਿਰ ਤੇ ਟੋਕਰਾ ਧਰ ਕੇ ਗਿਆ ਤਾਂ ਅੱਗੇ ਚੋਰ ਮਿਲੇ ਤਾਂ ਉਨ੍ਹਾਂ ਨੇ ਸੋਚਿਆ ਕਿ ਇਹ ਸਾਨੂੰ ਪਕੜਾ ਦੇਵੇਗਾ। ਮਾਰਨ ਲੱਗੇ ਪਰ ਕਹਿੰਦੇ ਮਾਰਨ ਦੀ ਬਜਾਏ ਇਸ ਨੂੰ ਟੋਆ ਪੁੱਟ ਕੇ ਧਰਤੀ ਵਿਚ ਗਲ ਤੱਕ ਦੱਬ ਦਿਓ। ਚੋਰਾਂ ਨੇ ਗਲ ਤੱਕ ਡੂੰਘਾ ਟੋਆ ਪੁੱਟ ਕੇ ਦੱਬ ਦਿਤਾ। ਇੱਕ ਘਰ ਵਿਚ ਚੋਰ ਵੜ ਗਏ। ਲੋਕਾਂ ਨੇ ਪਕੜ ਲਏ। ਪਕੜ ਕੇ ਸਤਿਗੁਰਾਂ ਕੋਲ ਲਿਆਏ। ਹਜ਼ੂਰ ਨੇ ਬਚਨ ਕੀਤੇ ਭਾਈ ਚੋਰੀ ਨਾ ਕਰਿਆ ਕਰੋ। ਸਤਿਗੁਰਾਂ ਦਾ ਪਿਆਰ ਦੇਖਕੇ

ਬੇਨਤੀ ਕਰਨ ਲੱਗੇ ਮਹਾਰਾਜ ਜੀ ਅਸੀਂ ਕੇਵਲ ਇਹ ਚੋਰੀ ਹੀ ਨਹੀਂ ਕੀਤੀ ,ਤੁਹਾਡੇ ਇਕ ਸਿੱਖ ਨੂੰ ਦਰਿਆ ਵਿਚ ਦੱਬ ਕੇ ਆਏ ਹਾਂ। ਹਜੂਰ ਬਿਆਸੇ ਦਰਿਆ ਵਿਚ ਚੋਰਾਂ ਦੇ ਨਾਲ ਗਏ। ਕਹੀ ਆਪਣੇ ਪਵਿੱਤਰ ਹੱਥਾਂ ਵਿਚ ਲੈਕੇ ਭਾਈ ਮਹਿੰਗੇ ਨੂੰ ਧਰਤੀ ਵਿਚੋਂ ਬਾਹਰ ਕੱਢਿਆ। ਹਜੂਰ ਆਖਣ ਲੱਗੇ ਦੱਸ ਇਨ੍ਹਾਂ ਨੂੰ ਕੀ ਸਜਾ ਦਈਏ। ਭਾਈ ਮਹਿੰਗਾ ਕਹਿਣ ਲੱਗਿਆ ਸੱਚੇ ਪਾਤਿਸ਼ਾਹ ਇਨ੍ਹਾਂ ਨੂੰ ਰਿਧੀਆਂ ਸਿਧੀਆਂ ਬਖਸ਼ ਦਿਓ ਤਾਂ ਜੋ ਇਹ ਪਰਿਵਾਰ ਦੀ ਪਾਲਣਾ ਵਾਸਤੇ ਚੋਰੀ ਨਾ ਕਰਨ। ਹਜੂਰ ਕਹਿਣ ਲੱਗੇ ਤੁਹਾਨੂੰ ਮਿੱਟੀ ਵਿਚ ਦੱਬਿਆ ਹੈ। ਇਨ੍ਹਾਂ ਨੂੰ ਸਜਾ ਬਾਰੇ ਦੱਸੋ। ਹਜੂਰ ਸੱਚੇ ਪਾਤਿਸ਼ਾਹ ਜੇ ਤਰੁੱਠੇ ਹੋ ਤਾਂ ਇਨ੍ਹਾਂ ਨੂੰ ਜਮਾਂ ਦੀ ਮਾਰ ਤੋਂ ਵੀ ਬਚਾ ਦਿਓ,ਇਨ੍ਹਾਂ ਨੇ ਆਪ ਜੀ ਦੇ ਪਾਵਨ ਦਰਸ਼ਨ ਕੀਤੇ ਹਨ। ਗਰੀਬੀ ਵੀ ਦੂਰ ਕਰ ਦਿਓ। ਜਦੋਂ ਚੋਰਾਂ ਨੇ ਮਹਿੰਗੇ ਦੀ ਰਸਨਾ ਤੋਂ ਇਹ ਬਚਨ ਸੁਣੇ ਤਾਂ ਚਰਨੀ ਪੈ ਗਏ। ਸਾਨੂੰ ਵੀ ਸਿੱਖੀ ਬਖਸ਼ ਦਿਓ। ਭਾਈ ਮਹਿੰਗਿਆ ਸਿੱਖੀ ਮਹਿੰਗੀ ਹੈ ਪਰ ਤੂੰ ਮਹਿੰਗੇ ਭਾਅ ਵੀ ਲੈ ਲਈ ਹੈ। ਹਜ਼ੂਰ ਨੇ ਖਿੱਚ ਕੇ ਗਲੇ ਨਾਲ ਲਾ ਲਿਆ ਹੈ। ਭਾਈ ਮਹਿੰਗਾ ਪਰਉਪਕਾਰੀ ਸਿੱਖ।

## ਬ੍ਰਾਹਮਣ ਦੁਰਗਾ ਜੀ ਤੇ ਬਖਸ਼ਿਸ਼

ਕਦਮੋ-ਕਦਮ ਰਸਤੇ ਤੋਂ ਲੰਘਦੇ ਹੋਏ ਗੁਰੂ ਜੀ ਉਸ ਪਿੰਡ ਵਿਚ ਆ ਗਏ, ਜਿੱਥੇ ਇਕ ਬ੍ਰਾਹਮਣ ਨੇ ਉਨ੍ਹਾਂ ਦੇ ਚਰਨ ਵਿਚ ਪਦਮ ਪਛਾਣਿਆ ਸੀ, ਜਦੋਂ ਗੁਰੂ ਜੀ ਨੇ ਅਜੇ ਗੁਰਗੱਦੀ ਪ੍ਰਾਪਤ ਨਹੀਂ ਸੀ ਕੀਤੀ। ਸ੍ਰੀ ਗੁਰੂ ਜੀ ਨੇ ਉੱਥੇ ਜਾ ਕੇ ਬਾਹਰ ਡੇਰਾ ਲਾ ਲਿਆ। ਉਨ੍ਹਾਂ ਨਾਲ ਸੰਗਤ ਸਮੇਤ ਬਹੁਤ ਭੀੜ ਸੀ। ਉਹ ਜੈ ਜੈ ਕਾਰ ਕਰਦੇ ਹੋਏ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਜਿੱਥੇ-ਕਿੱਥੇ ਉਨ੍ਹਾਂ ਦੀ ਮਹਾਨ ਉਸਤਤੀ ਕਰਦੇ ਸਨ। ਬ੍ਰਾਹਮਣ ਦੁਰਗਾ ਨੇ ਲੋਕਾਂ ਦੀ ਭੀੜ ਵੇਖ ਕੇ ਇੱਕ ਬੰਦੇ ਦੇ ਕੋਲ ਜਾ ਕੇ ਪੁੱਛਿਆ, ਇਹ ਲੋਕਾਂ ਦਾ ਸਮੂਹ ਕਿਸ ਦੇ ਨਾਲ ਹੈ। ਇਸ ਥਾਂ ਤੇ ਕੌਣ ਆ ਕੇ ਉੱਤਰਿਆ ਹੈ। ਉਸ ਬੰਦੇ ਨੇ ਸਾਰਾ ਕੁਝ ਆ ਕੇ ਦੱਸਿਆ ਕਿ ਨਿਪੁੰਨ ਗੁਰੂ, ਸ੍ਰੀ ਅਮਰਦਾਸ ਜੀ ਹਨ। ਉਹ ਸ੍ਰੀ ਗੁਰੂ ਨਾਨਕ ਜੀ ਦੀ ਗੱਦੀ ਪਰ ਬੈਠੇ ਹਨ। ਜੋ ਉਹ ਮੁੱਖ ਤੋਂ ਕਹਿੰਦੇ ਹਨ, ਉਹੀ ਪੂਰਾ ਹੋ ਜਾਂਦਾ ਹੈ। ਖੱਤਰੀ ਜਾਤ ਹੈ ਤੇ ਬਹੁਤ ਬਿਰਧ ਉਮਰ ਹੈ। ਉਨ੍ਹਾਂ ਦੇ ਨਾਲ ਇੱਥੇ ਬਹੁਤ ਸਾਰੇ ਲੋਕ ਹਨ। ਇੱਕ ਤਾਂ ਸਾਰੇ ਉਨ੍ਹਾਂ ਦੇ ਦਰਸ਼ਨ ਕਰਕੇ ਸੁੱਖ ਪ੍ਰਾਪਤ ਕਰਦੇ ਹਨ, ਦੂਸਰਾ ਤੁਰਕਾਂ ਦਾ ਮਸੂਲ ਨਹੀਂ ਦੇਣਾ ਪੈਂਦਾ। ਇਤਿਆਦਿਕ ਸਭ ਤਰ੍ਹਾਂ ਦੇ ਸੁੱਖ ਜਾਣਦੇ ਹੋਏ, ਯਾਤਰੀ ਦਿਨੇ ਰਾਤ ਉਨ੍ਹਾਂ ਦੇ ਨਾਲ ਰਹਿੰਦੇ ਹਨ। ਇਹ ਸੁਣ ਕੇ ਬ੍ਰਾਹਮਣ ਦੁਰਗਾ ਨੇ ਵੀਚਾਰ ਕੀਤੀ ਜਿਸ ਦੇ ਪੈਰ ਵਿਚ ਮੈਂ ਪਹਿਲਾਂ ਪਦਮ ਵੇਖਿਆ ਸੀ ਜਾਪਦਾ ਹੈ ਉਸੇ ਦਾ ਹੀ ਨਾਂਅ ਅਤੇ ਜਾਤ ਦੱਸੀ ਹੈ। ਉਸੇ ਨੇ ਹੀ ਇਤਨੀ ਵਡਿਆਈ ਪ੍ਰਾਪਤ ਕੀਤੀ ਹੋਵੇਗੀ। ਜਾਂ ਫਿਰ

ਕੋਈ ਹੋਰ ਹੋਵੇਗਾ। ਇਸ ਤਰ੍ਹਾਂ ਦਾ ਸੰਸਾ ਕਰਕੇ ਉਹ ਆਪਣਾ ਘਰ ਛੱਡ ਕੇ ਚੱਲ ਪਿਆ। ਜਦੋਂ ਉਹ ਗੁਰੂ ਜੀ ਦੇ ਕੋਲ ਪਹੁੰਚਿਆ ਤਾਂ ਉਸ ਨੇ ਦੂਰੋਂ ਹੀ ਪਛਾਣ ਲਿਆ। ਗੁਰੂ ਜੀ ਦੇ ਦਰਸ਼ਨ ਕਰਕੇ ਬ੍ਰਾਹਮਣ ਬਹੁਤ ਪ੍ਰਸੰਨ ਹੋ ਗਿਆ। ਉਸ ਨੇ ਨੇੜੇ ਹੋ ਕੇ ਆਸ਼ੀਰਵਾਦ ਲਈ ਤੇ ਗੁਰੂ ਜੀ ਦੇ ਕੋਲ ਬੈਠ ਗਿਆ। ਨਿਸ਼ਚਾ ਰੱਖ ਕੇ ਕਹਿਣ ਲੱਗਿਆ ਹੇ ਪ੍ਰਭੂ ਜੀ ਮੈਂ ਉਹ ਬ੍ਰਾਹਮਣ ਹਾਂ ਜੋ ਬਹੁਤ ਸਾਲ ਪਹਿਲਾਂ ਆਪ ਜੀ ਨੂੰ ਮਿਲਿਆ ਸੀ। ਆਪ ਜੀ ਦੇ ਚਰਨ ਕਮਲ ਵਿਚ ਪਦਮ ਚਿੰਨ੍ਹ ਵੇਖਿਆ ਸੀ। ਉਸ ਸਮੇਂ ਮੈਂ ਕੁਝ ਨਹੀਂ ਮੰਗਿਆ ਸੀ ਤੇ ਕਿਹਾ ਸੀ ਜਦੋਂ ਆਪ ਜੀ ਇਸ ਦੇ ਫਲ ਨੂੰ ਪ੍ਰਾਪਤ ਕਰ ਲਵੋਗੇ ਤਾਂ ਫੇਰ ਮੈਂ ਮੰਗਾਂਗਾ। ਉਸ ਵਕਤ ਜੋ ਆਪ ਜੀ ਨੇ ਇਕਰਾਰ ਕੀਤਾ ਸੀ ਉਸ ਦੇ ਪ੍ਰਾਪਤ ਕਰਨ ਦਾ ਹੁਣ ਸਮਾਂ ਆ ਗਿਆ ਹੈ। ਸਤਿਗੁਰੂ ਜੀ ਸੁਣ ਕੇ ਖੁਸ਼ ਹੋਏ ਕਹਿਣ ਲੱਗੇ ਹੇ ਬ੍ਰਾਹਮਣ ਜੋ ਤੂੰ ਕਿਹਾ ਸੀ ਉਹ ਬਿਲਕੁਲ ਹੀ ਠੀਕ ਹੋਇਆ। ਹੁਣ ਜੋ ਵੀ ਤੇਰੇ ਮਨ ਦੀ ਇੱਛਾ ਹੈ ਉਹ ਸੁਖ ਪ੍ਰਾਪਤ ਕਰ ਲੈ। ਦੇਰੀ ਨਹੀਂ ਲੱਗੇਗੀ। ਇਸ ਸੰਸਾਰ ਵਿਚ ਪੁੱਤਰ, ਸੁੰਦਰ ਇਸਤਰੀ, ਪਦਾਰਥ ਅਤੇ ਅਨੇਕਾਂ ਪ੍ਰਕਾਰ ਦੇ ਸੁਖ ਹਨ ਜੋ ਚਾਹੁੰਦੇ ਹੋ ਸੋ ਮੰਗ ਲਵੋ। ਜੇਕਰ ਆਪ ਜੱਗ ਦੇ ਸੁਖ ਨਹੀਂ ਲੈਣਾ ਚਾਹੁੰਦੇ ਇਹ ਜਾਣਕੇ ਕਿ ਇਹ ਪਦਾਰਥ ਸਥਿਰ ਨਹੀਂ ਨਾਸਵੰਤ ਹਨ ਤਾਂ ਪਰਲੋਕ ਦੇ ਸਥਿਰ ਰਹਿਣ ਵਾਲੇ ਸੁਖ ਮੰਗ ਲਵੋ। ਇਸ ਬਾਰੇ ਚੰਗੀ ਤਰ੍ਹਾਂ ਵਿਚਾਰ ਕਰ ਲਵੋ। ਇਹ ਸੁਣ ਕੇ ਬ੍ਰਾਹਮਣ ਨੂੰ ਸੰਸਾ ਹੋ ਗਿਆ। ਉਹ ਕਿਸੇ ਇੱਕ ਦਾ ਨਿਰਣਾ ਨਾ ਕਰ ਸਕਿਆ। ਜੇਕਰ ਮੈਂ ਪਰਲੋਕ ਦੇ ਸੁਖ ਮੰਗਦਾ ਹਾਂ ਤਾਂ ਇਸ ਜਗਤ ਵਿਚ ਗਰੀਬ ਬਣ ਕੇ ਕੰਗਾਲੀ ਵਿਚ ਰਹਾਂਗਾ। ਜੇਕਰ ਮੈਂ ਇਸ ਸੰਸਾਰ ਦੇ ਸੁਖ ਮੰਗਦਾ ਹਾਂ ਤਾਂ ਮੇਰੀ ਸਾਰੀ ਗਰੀਬੀ ਦੂਰ ਹੋ ਜਾਵੇਗੀ ਪਰ ਅੰਤ ਦੇ ਸਮੇ ਜਮਾਂ ਦੇ ਵਸ ਪੈ ਜਾਵਾਂਗਾ ਤੇ ਉਹ ਮੈਨੂੰ ਨਰਕਾਂ ਵਿਚ ਸੁੱਟ ਦੇਣਗੇ। ਇਸ ਫਿਕਰ ਵਿਚ ਬ੍ਰਾਹਮਣ ਕੋਈ ਨਿਰਣਾ ਨਹੀਂ ਕਰ ਸਕਿਆ। ਉਹ ਇੱਕ ਘੜੀ ਚੁੱਪ ਹੋਇਆ ਰਿਹਾ ਤਦ ਸਤਿਗੁਰਾਂ ਨੇ ਉਸ ਵੱਲ ਵੇਖ ਕੇ ਆਖਿਆ ਹੇ ਬ੍ਰਾਹਮਣ ਚੁੱਪ ਕਿਉਂ ਧਾਰੀ ਹੈ। ਇਹ ਸੁਣ ਕੇ ਬ੍ਰਾਹਮਣ ਨਿਮਰ ਹੋ ਕੇ ਕਹਿਣ ਲੱਗਿਆ ਜੇ ਨਾਮ ਦਿੰਦੇ ਹੋ ਤਾਂ ਧਨ ਨਹੀਂ ਦਿੰਦੇ, ਧਨ ਤੋਂ ਬਗੈਰ ਜਗ ਸੋਹਣਾ ਨਹੀਂ ਲਗਦਾ। ਜੇਕਰ ਧਨ ਦਿੰਦੇ ਹੋ ਤਾਂ ਨਾਮ ਨਹੀਂ ਦਿੰਦੇ। ਨਾਮ ਤੋਂ ਬਿਨਾ ਮਨੁੱਖ ਜਮ ਦੇ ਘਰ ਜਾਂਦਾ ਹੈ। ਜੇ ਮਨੁਖ ਨੂੰ ਪ੍ਰਭੂ ਦਾ ਸੱਚਾ ਨਾਮ ਦਿੰਦੇ ਹੋ ਤਾਂ ਉਹ ਧਨ ਪ੍ਰਾਪਤ ਨਹੀਂ ਕਰਦਾ ਅਤੇ ਗਰੀਬੀ ਵਿਚ ਹੀ ਰਹਿੰਦਾ ਹੈ। ਇੱਥੇ ਲੋਕ ਉਸ ਦਾ ਪਰਤਾਪ ਨਹੀਂ ਜਾਣਦੇ। ਕਹਿਣਗੇ ਗਰੀਬ ਹੈ, ਨੀਚ ਹੈ। ਮਨੁੱਖ ਇਹੋ ਹੀ ਪਛਾਣ ਦੇ ਹਨ। ਤੁਹਾਡੀ ਦਾਤ ਨੂੰ ਕੋਈ ਨਹੀਂ ਜਾਣਦਾ। ਉਹ ਪਰਲੋਕ ਵਿਚ ਸੁਖ ਪ੍ਰਾਪਤ ਨਹੀਂ ਕਰ ਸਕਦਾ। ਜੇਕਰ ਤੁਸੀਂ ਆਪਣੇ ਸੇਵਕ ਨੂੰ ਧਨ ਦੀ ਬਖਸ਼ਿਸ਼ ਕਰ ਵੀ ਦਿੰਦੇ ਹੋ ਤਾਂ ਉਹ ਅਨੇਕ ਪ੍ਰਕਾਰ ਦੇ ਵਿਸ਼ੇ ਵਿਕਾਰਾਂ ਨੂੰ ਭੋਗਣ ਲੱਗ ਪੈਂਦਾ ਹੈ। ਉਹ ਨਾਮ ਦੇ ਬਗੈਰ ਜਮਾਂ ਦੇ ਵਸ ਪੈ

ਜਾਂਦਾ ਹੈ। ਤਰ੍ਹਾਂ ਤਰ੍ਹਾਂ ਦੇ ਨਰਕਾਂ ਦੇ ਦੁਖ ਭੋਗਦਾ ਹੈ। ਆਪ ਦੀ ਦਾਤ ਨੂੰ ਕੋਈ ਨਹੀਂ ਪਛਾਣਦਾ। ਜਿਸ ਨੂੰ ਸਾਰੇ ਸੰਕਟ ਪ੍ਰਾਪਤ ਹੁੰਦੇ ਹਨ ਉਹ ਹੀ ਜਾਣਦਾ ਹੈ। ਦੋਨਾ ਲੋਕਾਂ ਵਿਚ ਆਪ ਦਾ ਦਿੱਤਾ ਹੋਇਆ ਦਾਨ ਹੀ ਪ੍ਰਗਟ ਹੁੰਦਾ ਹੈ ਜਿਸ ਸਦਕਾ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ ਆਪ ਜੀ ਦੇ ਕੋਲ ਮੰਗਣਾ ਨਹੀਂ ਬਣਦਾ। ਆਪ ਜੀ ਜਿਵੇਂ ਵੀ ਜਾਣਦੇ ਹੋ ਤਿਵੇਂ ਹੀ ਮੇਰੀ ਇੱਛਾ ਪੂਰੀ ਕਰੋ ਤਾਂ ਕਿ ਲੋਕ ਤੇ ਪਰਲੋਕ ਵਿਚ ਆਪ ਦਾ ਦਾਸ ਮਲੀਨਤਾ ਰਹਿਤ ਹੋ ਕੇ ਸੁਖ ਵਿਚ ਲੀਨ ਹੋਵੇ। ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਨੇ ਨਮਸਕਾਰ ਕੀਤੀ ਤੇ ਦੋਹਾਂ ਲੋਕਾਂ ਦੇ ਸੁਖ ਪ੍ਰਾਪਤ ਕਰਨ ਦੀ ਇੱਛਾ ਪਰਗਟ ਕੀਤੀ। ਸਤਿਗੁਰੂ ਜੀ ਬ੍ਰਾਹਮਣ ਦੀ ਸਿਆਣਪ ਦੇਖ ਕੇ ਖੁਸ਼ ਹੋਏ ਤੇ ਥੋੜ੍ਹਾ ਜਿੰਨਾ ਮੁਸਕਰਾਏ। ਗੁਰੂ ਜੀ ਨੇ ਬਚਨ ਕੀਤਾ, ਤੂੰ ਦੋਨਾ ਲੋਕਾਂ ਦੇ ਸੁਖ ਲੈ ਲੈ, ਤੈਨੂੰ ਹੁਣ ਤੋਂ ਹੀ ਬੇਅੰਤ ਸੁਖ ਪ੍ਰਾਪਤ ਹੋਣਗੇ। ਜਦ ਤੱਕ ਤੂੰ ਜੀਵੇਂਗਾ ਬਹੁਤ ਧਨ ਪ੍ਰਾਪਤ ਕਰੇਂਗਾ। ਲਿਵ ਲਾ ਕੇ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰ। ਅੰਤਲੇ ਸਮੇਂ ਤੂੰ ਜਮ ਨਹੀਂ ਦੇਖੇਂਗਾ। ਸਿੱਧੇ ਪੁੰਨਵਾਨ ਲੋਕਾਂ ਵਿਚ ਭਾਵ ਬੈਕੁੰਠਾਂ ਨੂੰ ਜਾਵੇਂਗਾ। ਇਹ ਵਰ ਪ੍ਰਾਪਤ ਕਰਕੇ ਬ੍ਰਾਹਮਣ ਬਹੁਤ ਖੁਸ਼ ਹੋਇਆ। ਉਸ ਦਾ ਜਨਮ ਮਰਨ ਦਾ ਸੰਸਾ ਮਿਟ ਗਿਆ ਸੀ। ਉਹ ਗੁਰੂ ਜੀ ਨੂੰ ਨਮਸਕਾਰ ਕਰਕੇ ਘਰ ਚਲਾ ਗਿਆ। ਉਸ ਤੋਂ ਮਗਰੋਂ ਉਸ ਨੂੰ ਬਹੁਤ ਧਨ ਪ੍ਰਾਪਤ ਹੋਣ ਲੱਗਾ। ਉਸ ਦੇ ਹਿਰਦੇ ਦੀ ਸਾਰੀ ਚਿੰਤਾ ਦੂਰ ਹੋ ਗਈ ਸੀ। ਉਹ ਅਨੇਕ ਪ੍ਰਕਾਰ ਦੇ ਸੁਖ ਲੈਣ ਲੱਗਾ। ਜਦੋਂ ਉਸ ਦਾ ਅੰਤ ਸਮਾਂ ਆ ਗਿਆ ਤਾਂ ਉਸ ਨੇ ਨਰਕਾਂ ਦਾ ਸੰਕਟ ਨਹੀਂ ਸੀ ਤੱਕਿਆ। ਉਸ ਨੇ ਪੁੰਨਵਾਨ ਪੁਰਖਾਂ ਵਰਗੀ ਮੁਕਤੀ ਪ੍ਰਾਪਤ ਕੀਤੀ। ਸਤਿਗੁਰੂ ਜੀ ਦੀ ਦਿੱਤੀ ਦਾਤ ਨੇ ਉਸ ਦੀ ਸੋਭਾ ਵਧਾ ਦਿੱਤੀ।

## ਪ੍ਰੇਮੇ ਕੋਹੜੀ ਤੇ ਬਖਸ਼ਿਸ਼

ਪ੍ਰੇਮਾ ਨਾਂ ਦਾ ਇੱਕ ਖੱਤਰੀ ਸੀ। ਉਸ ਦੇ ਮਾਤਾ ਪਿਤਾ ਚੜ੍ਹਾਈ ਕਰ ਚੁੱਕੇ ਸਨ। ਘਰ ਵਿਚ ਕੋਈ ਭਰਾ ਨਹੀਂ ਸੀ। ਉਸ ਦੇ ਸਰੀਰ ਨੂੰ ਕੁਸ਼ਟ ਰੋਗ ਹੋ ਗਿਆ। ਉਹ ਬਹੁਤ ਜਿਆਦਾ ਕੰਗਾਲ ਹੋ ਗਿਆ। ਉਸ ਦੇ ਹੱਥ ਪੈਰ ਗਲ ਕੇ ਝੜ ਗਏ। ਕੋਈ ਉਸ ਨੂੰ ਆਪਣੇ ਨੇੜੇ ਖੜ੍ਹਾ ਨਹੀਂ ਹੋਣ ਦਿੰਦਾ ਸੀ। ਉਸ ਦੇ ਭਿਆਨਕ ਰੂਪ ਨੂੰ ਵੇਖਦਿਆਂ ਹੀ ਨਫਰਤ ਆਉਂਦੀ ਸੀ। ਮੱਖੀਆਂ ਦਾ ਝੁਰਮਟ ਹਮੇਸ਼ਾਂ ਉਸ ਦੇ ਨਾਲ ਰਹਿਣ ਲੱਗਾ। ਉਹ ਗਲ ਵਿਚ ਮਿੱਟੀ ਦਾ ਭਾਂਡਾ ਬੰਨ੍ਹ ਕੇ ਰੱਖਦਾ। ਖੜ੍ਹੇ ਹੁੰਦਿਆਂ ਕੋਈ ਉਸ ਦੇ ਕੋਲ ਨਾ ਆਉਂਦਾ। ਉਹ ਬੈਠ ਕੇ ਘਿਸਰ ਘਿਸਰ ਕੇ ਚਲਦਾ ਸੀ। ਕੋਈ ਤਰਸ ਕਰਕੇ ਉਸ ਨੂੰ ਰੋਟੀ ਪਾ ਦਿੰਦਾ। ਇਸ ਪ੍ਰਕਾਰ ਉਹ ਸਮਾਂ ਬਿਤਾਉਂਦਾ ਸੀ। ਦਿਨ ਰਾਤ ਉਹ ਦੁਖ ਪਾਉਂਦਾ ਸੀ। ਜਿਸ ਦੇ ਵੀ ਕੋਲ ਜਾਂਦਾ ਉਹ ਉਸ ਦਾ ਅਪਮਾਨ ਕਰਦਾ। ਉਸ ਵੱਲ ਕੋਈ ਦੇਖਦਾ ਤੱਕ ਵੀ ਨਹੀਂ ਸੀ। ਉਸ ਨੇ

ਗੁਰੂ ਜੀ ਦੀ ਬਹੁਤ ਮਹਿਮਾ ਸੁਣੀ। ਜਿਵੇਂ ਜਨਮ ਦੇ ਕੰਗਾਲ ਨੂੰ ਕਲਪ ਬਿਰਛ ਮਿਲ ਗਿਆ ਹੋਵੇ। ਉਹ ਗੁਰੂ ਜੀ ਦਾ ਜਸ ਸੁਣਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ ਜਿਵੇਂ ਕੋਈ ਵੱਡਾ ਕੰਜੂਸ ਧਨ ਦੇ ਆ ਜਾਣ ਕਰਕੇ ਅਨੰਦਿਤ ਹੁੰਦਾ ਹੈ। ਮਨ ਵਿਚ ਪ੍ਰੇਮ ਦਾ ਉਛਾਲਾ ਆਉਣ ਕਾਰਨ ਉਹ ਗੀਤ ਗਾਉਣ ਲੱਗ ਪਿਆ। ਫੇਰ ਉਨ੍ਹਾਂ ਦਾ ਧਿਆਨ ਧਰ ਕੇ ਉਹ ਮਨ ਨੂੰ ਸ਼ਾਂਤ ਕਰ ਲੈਂਦਾ। ਜੋ ਵੀ ਮਨ ਵਿਚ ਫੁਰਦਾ ਉਹ ਹੀ ਬੋਲ ਦਿੰਦਾ। ਉਸ ਦੇ ਪ੍ਰੇਮ ਦੀ ਮਸਤੀ ਦੀ ਕੋਈ ਖਬਰ ਸਾਰ ਨਹੀਂ ਲੈਂਦਾ ਸੀ। ਉਹ ਬਿਨਾ ਜਾਣਦਿਆਂ ਹੋਇਆਂ ਵੀ ਮੂੰਹੋਂ ਬੋਲੀ ਜਾਂਦਾ।

***"ਗਯਾ ਕਛੋਟਾ ਲੱਧਾ ਫੇਰ ਗਯਾ ਕਛੋਟਾ ਲੱਧਾ"***

ਇਹ ਸੁਣ ਕੇ ਲੋਕ ਆਪਸ ਵਿਚ ਹਸਦੇ। ਉਸ ਨੂੰ ਪਾਣੀ ਅਤੇ ਖਾਣ ਯੋਗ ਪਦਾਰਥ ਲਿਆ ਕੇ ਦਿੰਦੇ। ਗੁਰੂ ਜੀ ਦੇ ਦਰਸ਼ਨਾਂ ਦੀ ਉਸ ਦੇ ਹਿਰਦੇ ਅੰਦਰ ਬਹੁਤ ਰੀਝ ਸੀ। ਉਹ ਘਸੀਟ ਘਸੀਟ ਕੇ ਚੱਲਦਾ। ਉਸ ਨੇ ਗੁਰੂ ਜੀ ਦੇ ਦਰਬਾਰ ਅੱਗੇ ਪੁੱਜ ਕੇ ਬਹੁਤ ਸ਼ਰਧਾ ਨਾਲ ਧੂੜੀ ਲੈ ਲਈ ਤੇ ਆਪਣੇ ਸਿਰ ਮੂੰਹ ਅਤੇ ਸਰੀਰ ਤੇ ਮਲ ਲਈ। ਜੋ ਸਿੱਖ ਆਉਂਦੇ ਜਾਂਦੇ ਸਨ ਉਸ ਨੂੰ ਵੇਖਦੇ ਤਾਂ ਆਖਦੇ ਕੋਹੜੀ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਦਾ। ਜੇ ਗੁਰੂ ਜੀ ਆਪ ਹੀ ਬੁਲਾਉਣਗੇ ਤਾਂ ਹੀ ਉਹ ਦਰਸ਼ਨ ਕਰ ਸਕਦਾ ਹੈ। ਇਹ ਸੁਣ ਕੇ ਉਸ ਨੂੰ ਮਨ ਵਿਚ ਬਹੁਤ ਦੁਖ ਹੋਇਆ। ਜੇ ਮੈਨੂੰ ਹੁਣ ਵੀ ਦਰਸ਼ਨ ਨਾ ਹੋਏ ਤਾਂ ਮੇਰੇ ਆਉਣ ਦੀ ਮਿਹਨਤ ਫਜ਼ੂਲ ਹੀ ਗਈ। ਮੈਂ ਅਭਾਗਾ ਜਿੱਥੇ ਕਿਤੇ ਵੀ ਜਾਂਦਾ ਹਾਂ ਉੱਥੇ ਮੈਨੂੰ ਕੋਈ ਫਲ ਪ੍ਰਾਪਤ ਨਹੀਂ ਹੁੰਦਾ। ਗੁਰੂ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਮੈਂ ਕਿਧਰੇ ਵੀ ਨਹੀਂ ਜਾਣਾ। ਲਾਹਨਤ ਹੈ ਮੇਰੇ ਜੀਵਨ ਨੂੰ ਹੁਣ ਤਾਂ ਮੇਰੀ ਜਾਨ ਭਾਵੇਂ ਕਿਉਂ ਨਾ ਨਿਕਲ ਜਾਵੇ ਗੁਰਾਂ ਦੇ ਦਰ ਤੇ ਹੀ ਪਿਆ ਰਹਿਣਾ ਹੈ। ਉਹ ਗੁਰੂ ਜੀ ਦੇ ਬੂਹੇ ਅੱਗੇ ਪ੍ਰੇਮ ਨਾਲ ਬੈਠਾ ਰਹਿੰਦਾ। ਉਹ ਲੋਕਾਂ ਦੇ ਆਖਣ ਤੇ ਮੁੜ ਮੁੜ ਗਾਉਂਦਾ। ਸਾਰਾ ਜਗਤ ਹਰ ਰੋਜ ਗੁਰੂ ਜੀ ਦੇ ਦਰਸ਼ਨ ਕਰਦਾ ਹੈ ਪਰ ਮੈਨੂੰ ਦਰਸ਼ਨ ਨਹੀਂ ਹੋ ਰਹੇ। ਹੁਣ ਮੈਂ ਗੁਰੂ ਜੀ ਦੇ ਦਰ ਨੂੰ ਨਹੀਂ ਛੱਡਣਾ। ਦਇਆ ਕਰਕੇ ਲੋਕ ਉਸ ਨੂੰ ਪਾਣੀ ਤੇ ਭੋਜਨ ਦੇ ਜਾਂਦੇ। ਸਿੱਖਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਬਾਹਰ ਵਾਰ ਇੱਕ ਕੋਹੜੀ ਹੈ ਜਿਸ ਦੇ ਸਰੀਰ ਨੂੰ ਬਹੁਤ ਜਿਆਦਾ ਕਸ਼ਟ ਹੈ ਉਹ ਸਾਰਿਆਂ ਨੂੰ "ਗਯਾ ਕਛੋਟਾ ਲੱਧਾ ਫੇਰ ਗਯਾ ਕਛੋਟਾ ਲੱਧਾ" ਗਾ ਕੇ ਹਸਾਉਂਦਾ ਰਹਿੰਦਾ ਹੈ। ਉਸ ਨੂੰ ਤੁਹਾਡੇ ਦਰਸ਼ਨਾਂ ਦੀ ਇੱਛਾ ਰਹਿੰਦੀ ਹੈ। ਮੂਹੋਂ ਜਿਹੜਾ ਗੀਤ ਗਾਉਂਦਾ ਹੈ ਉਸ ਨੂੰ ਕੋਈ ਨਹੀਂ ਜਾਣ ਸਕਦਾ। ਗੁਰੂ ਜੀ ਨੇ ਸੁਣ ਕੇ ਆਖਿਆ ਜੋ ਕੁਝ ਵੀ ਉਹ ਗਾਉਂਦਾ ਹੈ ਅਸੀਂ ਜਾਣਦੇ ਹਾਂ। ਮੇਰਾ ਸਰੀਰ ਰੂਪੀ ਬਸਤਰ ਜੋ ਚਲਾ ਗਿਆ ਸੀ ਉਹ ਮੈਨੂੰ ਗੁਰੂ ਜੀ ਤੋਂ ਪ੍ਰਾਪਤ ਹੋ ਗਿਆ ਹੈ। ਉਸ ਨੇ ਇਸੇ ਤਰ੍ਹਾਂ ਕਈ ਦਿਨ ਗੁਜਾਰੇ। ਉੱਚੀ ਆਵਾਜ਼ ਵਿਚ ਗੁਰੂ ਜੀ

ਨੂੰ ਸੁਣਾਉਂਦਾ ਰਹਿੰਦਾ। ਅੰਤਰਜਾਮੀ ਗੁਰੂ ਜੀ ਨੇ ਉਸ ਦੇ ਮਨ ਦੀ ਜਾਣ ਲਈ। ਉਹ ਸਮਝ ਗਏ ਕਿ ਭਗਤ ਦੇ ਹਿਰਦੇ ਵਿਚ ਪ੍ਰੇਮ ਜਾਗ ਪਿਆ ਜਿਸ ਦੇ ਮਨ ਨੇ ਹੋਰ ਆਸਰਿਆਂ ਦਾ ਤਿਆਗ ਕਰ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਆਖਿਆ ਹੁਣ ਉਸ ਨੂੰ ਇੱਥੇ ਲੈ ਆਵੋ। ਸਾਡੇ ਇਸ਼ਨਾਨ ਕਰਨ ਉਪਰੰਤ ਜਿਹੜਾ ਜਲ ਇਕੱਠਾ ਖੜ੍ਹਾ ਹੈ ਉਹ ਥਾਂ ਇਸ ਨੂੰ ਲੈ ਕੇ ਜਾਉ। ਚੰਗੀ ਤਰ੍ਹਾਂ ਇਸ਼ਨਾਨ ਕਰਾਵੋ। ਇਸ ਦਾ ਸਾਰਾ ਸਰੀਰ ਨਿਰਮਲ ਹੋ ਜਾਵੇਗਾ। ਮਜੀਠੀ ਰੰਗ ਦਾ ਕੱਪੜਾ ਲਿਆਵੋ ਉਹ ਇਸ ਦੇ ਸਾਰੇ ਸਰੀਰ ਤੇ ਪਹਿਨਾ ਦੇਵੋ। ਨਹੁੰ ਦੀ ਚੋਟੀ ਤੱਕ ਸਾਰਾ ਸਰੀਰ ਢਕ ਕੇ ਫੇਰ ਸਾਡੇ ਕੋਲ ਲੈ ਕੇ ਆਵੋ। ਇਹ ਸੁਣ ਕੇ ਸਿੱਖ ਉਤਸ਼ਾਹ ਵਿਚ ਆ ਗਏ ਤੇ ਕਹਿਣ ਲੱਗੇ ਤੇਰੇ ਭਾਗ ਜਾਗ ਪਏ ਹਨ। ਉਸ ਨੂੰ ਲਜਾ ਕੇ ਉਸ ਜਲ ਨਾਲ ਇਸ਼ਨਾਨ ਕਰਵਾਇਆ। ਮਜੀਠੀ ਰੰਗ ਦੇ ਬਸਤਰ ਵਿਚ ਲਪੇਟ ਦਿੱਤਾ। ਨਹੁੰ ਤੋਂ ਚੋਟੀ ਤੱਕ ਸਾਰਾ ਸਰੀਰ ਢਕ ਕੇ ਉਸ ਨੂੰ ਗੁਰੂ ਜੀ ਕੋਲ ਲੈ ਕੇ ਪਹੁੰਚ ਗਏ। ਕਿਰਪਾਲੂ ਗੁਰੂ ਜੀ ਨੇ ਦਇਆ ਦ੍ਰਿਸ਼ਟੀ ਨਾਲ ਦੇਖ ਕੇ ਆਪਣੇ ਪਵਿੱਤਰ ਹੱਥ ਨਾਲ ਉਸ ਦਾ ਮੂੰਹ ਬਾਹਰ ਕੱਢਿਆ। ਜਿਸ ਵੇਲੇ ਗੁਰੂ ਜੀ ਦੀ ਨਜਰ ਪਈ ਉਸ ਵੇਲੇ ਉਸ ਦਾ ਸਰੀਰ ਅਰੋਗ ਤੇ ਸੁੰਦਰ ਬਣ ਗਿਆ। ਫੇਰ ਆਪਣੇ ਕਰ ਕਮਲਾਂ ਨਾਲ ਉਸ ਨੂੰ ਬਸਤਰ ਦਿੱਤੇ ਸਾਰੇ ਨਵੇਂ ਕੱਪੜੇ ਪੁਆ ਦਿੱਤੇ। ਉਸ ਨੂੰ ਸਤਿਨਾਮ ਦਾ ਸ੍ਰੇਸ਼ਟ ਮੰਤਰ ਦੇ ਦਿੱਤਾ। ਉਸ ਦੇ ਮੱਥੇ ਤੇ ਵੱਡਾ ਤਿਲਕ ਲਾ ਦਿੱਤਾ ਮਾਨੋਂ ਉਸ ਨੂੰ ਧੂੜ ਦੇ ਕਿਣਕੇ ਤੋਂ ਪਰਬਤ ਬਰਾਬਰ ਕਰ ਦਿੱਤਾ। ਫੇਰ ਉਸ ਦਾ ਨਾਮ ਮੁਰਾਰੀ ਰੱਖ ਦਿੱਤਾ। ਗੁਰੂ ਜੀ ਨੇ ਸਾਰੀ ਸੰਗਤ ਨੂੰ ਆਖਿਆ ਜਿਸ ਕਿਸੇ ਸਿੱਖ ਦੇ ਘਰ ਪੁੱਤਰੀ ਹੈ ਉਹ ਮੇਰੀ ਆਗਿਆ ਨਾਲ ਇਸ ਨੂੰ ਦੇ ਦੇਵੇਗਾ। ਉਹ ਲੋਕ ਪਰਲੋਕ ਦਾ ਅਨੰਦ ਪਾਵੇਗਾ। ਸੀਹਾਂ ਉੱਪਲ ਉੱਚੀ ਕੁਲ ਵਾਲਾ ਸਿੱਖ ਸੀ ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਮੇਰੇ ਘਰ ਵਰ ਨੂੰ ਪ੍ਰਾਪਤ ਹੋਣ ਵਾਲੀ ਪੁੱਤਰੀ ਹੈ। ਹੇ ਪ੍ਰਭੂ ਰੂਪ ਗੁਰੂ ਜੀਉ ਇਸੇ ਨਾਲ ਵਿਆਹ ਕਰ ਦੇਵੋ। ਇਹ ਆਖ ਕੇ ਉਹ ਆਪਣੀ ਪਤਨੀ ਕੋਲ ਆਇਆ ਜੋ ਖੋਟੀ, ਲੜਾਕੀ ਅਤੇ ਕਠੋਰ ਸੁਭਾਅ ਦੀ ਸੀ ਉਸ ਨੂੰ ਗੁਰੂ ਜੀ ਨਾਲ ਹੋਈ ਗੱਲ ਬਾਤ ਬਾਰੇ ਕੁਝ ਨਾ ਦੱਸਿਆ ਹੋਰ ਹੀ ਗੱਲ ਬਾਤ ਕਰਕੇ ਉਸ ਨੂੰ ਟਾਲ ਦਿੱਤਾ। ਫੇਰ ਕਿਹਾ ਗੁਰੂ ਜੀ ਨੇ ਤੈਨੂੰ ਲੰਗਰ ਵਿਚ ਸਾਰਾ ਦਿਨ ਸੇਵਾ ਕਰਨ ਦਾ ਬਚਨ ਕੀਤਾ ਹੋਇਆ ਹੈ। ਪਤੀ ਤੋਂ ਸੁਣ ਕੇ ਜਿਸ ਵੇਲੇ ਪਤਨੀ ਚਲੀ ਗਈ ਤਾਂ ਉਹ ਆਪਣੀ ਪੁੱਤਰੀ ਨੂੰ ਲੈ ਕੇ ਗੁਰੂ ਜੀ ਕੋਲ ਚਲਾ ਗਿਆ। ਤੁਰੰਤ ਬੜੇ ਪ੍ਰੇਮ ਸਹਿਤ ਉੱਥੇ ਮੁਰਾਰੀ ਜੀ ਨਾਲ ਆਪਣੀ ਪੁੱਤਰੀ ਦੇ ਫੇਰੇ ਕਰਵਾ ਦਿੱਤੇ। ਗੁਰੂ ਜੀ ਨੇ ਤੁਰੰਤ ਹੀ ਉਸ ਨੂੰ ਸੁਖਾਂ ਦੇ ਭੋਗ ਅਤੇ ਮੁਕਤੀ ਬਖਸ਼ ਦਿੱਤੀ। ਨਰਕ ਦੇ ਲਾਇਕ ਮੁਰਾਰੀ ਨੂੰ ਸਤਿਗੁਰਾਂ ਨੇ ਸਵਰਗ ਵਿਚ ਪਹੁੰਚਾ ਦਿੱਤਾ। ਉਸ ਦਾ ਅਜਿਹਾ ਹੈਰਾਨ ਕਰਨ ਵਾਲਾ

ਰੂਪ ਬਣਾ ਦਿੱਤਾ ਕਿ ਉਸ ਦਾ ਸਰੀਰ ਬਹੁਤ ਸੁੰਦਰ ਅਤੇ ਅਰੋਗ ਹੋ ਗਿਆ। ਫੇਰ ਘਰ ਵਿਚ ਸੁਖ ਮਾਣਨ ਲਈ ਸੁੰਦਰ ਇਸਤਰੀ ਵੀ ਦੇ ਦਿੱਤੀ।

ਗੁਰੂ ਜੀ ਦੀ ਅਥਾਹ ਮਹਿਮਾ ਜਾਣ ਕੇ ਸਾਰੇ ਦੇਖਣ ਤੇ ਸੁਣਨ ਵਾਲੇ ਹੈਰਾਨ ਹੋ ਗਏ। ਆਖਣ ਲੱਗੇ ਉਹ ਜੋ ਚਾਹੁਣ ਕਰ ਸਕਦੇ ਹਨ। ਸਾਰੀਆਂ ਕਲਾਵਾਂ ਵਿਚ ਸੰਪੂਰਨ ਹਨ। ਇਹ ਸੇਵਕਾਂ ਦਾ ਉਧਾਰ ਕਰਨ ਵਾਲੇ ਹਨ ਤੇ ਜਾਲਮਾਂ ਦਾ ਨਾਸ ਕਰਨ ਵਾਲੇ ਹਨ। ਇੱਕ ਘੜੀ ਵਿਚ ਹੀ ਮੁਰਾਰੀ ਨੇ ਸਭ ਕੁਝ ਪ੍ਰਾਪਤ ਕਰ ਲਿਆ। ਸਰੀਰ ਵੀ ਅਰੋਗ ਹੋ ਗਿਆ। ਫੇਰ ਸੋਹਣਾ ਵਿਆਹ ਵੀ ਹੋ ਗਿਆ। ਸੀਂਹੇਂ ਦੀ ਪਤਨੀ ਨੇ ਲੰਗਰ ਵਿਚ ਇਸ ਬਾਰੇ ਸੁਣਿਆ ਮਨ ਵਿਚ ਬਹੁਤ ਦੁਖੀ ਹੋਈ, ਸਿਰ ਮਾਰਨ ਲੱਗ ਪਈ। ਵਿਰਲਾਪ ਕਰਦੀ ਹੋਈ ਗੁਰੂ ਜੀ ਕੋਲ ਆਈ ਤੇ ਬੋਲੀ ਤੁਸਾਂ ਇਹ ਕੀ ਕਰ ਦਿੱਤਾ ਹੈ, ਇੱਕ ਕੋਹੜੀ ਤੇ ਕੁਲਹੀਣ ਬੇ ਨਾਮੇ ਨੂੰ ਮੇਰੀ ਪੁੱਤਰੀ ਦੇ ਦਿੱਤੀ। ਇਹ ਸੁਣਿਆ ਤਾਂ ਗੁਰੂ ਅਮਰਦਾਸ ਜੀ ਹਸ ਪਏ। ਕਿਰਪਾ ਦੇ ਰੰਗ ਵਿਚ ਰਮੇ ਹੋਏ ਬੋਲੇ ਇਸ ਮੁਰਾਰੀ ਨੂੰ ਮੇਰਾ ਪੁੱਤਰ ਜਾਣੋ ਜਿਸ ਨਾਲ ਤੁਹਾਡੀ ਪੁੱਤਰੀ ਦਾ ਵਿਆਹ ਕੀਤਾ ਹੈ। ਤੇਰੀ ਪੁੱਤਰੀ ਦਾ ਨਾਮ ਮੱਥੋ ਹੈ ਤੇ ਇਸ ਦਾ ਨਾਮ ਮੁਰਾਰੀ ਕਥਨ ਕੀਤਾ ਹੈ। ਇਸ ਲਈ ਜੋ ਪੁਰਸ਼ ਮੱਥੋ ਮੁਰਾਰੀ ਦਾ ਨਾਮ ਸਿਮਰੇਗਾ ਉਸ ਦੇ ਸਾਰੇ ਕਾਰਜ ਰਾਸ ਹੋਣਗੇ। ਮੱਥੋ ਦਾ ਨਾਮ ਪਹਿਲਾਂ ਅੱਛੀ ਤਰ੍ਹਾਂ ਉਚਾਰਿਆ ਜਾਵੇਗਾ ਤੇ ਮੁਰਾਰੀ ਦਾ ਨਾਮ ਪਿੱਛੋਂ ਬੋਲਣਗੇ। ਲੋਕ ਮੱਥੋ ਮੁਰਾਰੀ ਦੀ ਪੂਜਾ ਕਰਨਗੇ, ਮਨ ਵਿਚੋਂ ਚਿੰਤਾ ਤੇ ਗਮ ਭੁਲਾ ਦੇਵੋ। ਇਹ ਦੋਵੇਂ ਵੱਡੇ ਭਾਗਾਂ ਵਾਲੇ ਬਣ ਗਏ ਹਨ। ਮੇਰੀ ਪ੍ਰੇਮਾ-ਭਗਤੀ ਵਿਚ ਮਗਨ ਹੋ ਗਏ ਹਨ। ਉਹ ਚੁੱਪ ਧਾਰ ਕੇ ਘਰ ਨੂੰ ਚਲੀ ਗਈ। ਗੁਰੂ ਜੀ ਨੇ ਜੋੜੇ ਨੂੰ ਆਗਿਆ ਦੇ ਦਿੱਤੀ ਹੇ ਮੱਥੋ ਮੁਰਾਰੀ ਹੁਣ ਤੁਸੀਂ ਚਲੇ ਜਾਉ ਤੇ ਲੋਕਾਂ ਨੂੰ ਸਤਿਨਾਮ ਦਾ ਉਪਦੇਸ ਦ੍ਰਿੜ ਕਰਵਾਉ। ਜਗਤ ਵਿਚ ਗੁਰੂ ਜੀ ਦੀ ਸਿੱਖੀ ਦਾ ਬਹੁਤ ਵਾਧਾ ਕਰੋ। ਆਪਣੇ ਘਰ ਵਸੋ ਰਸੋ ਤੇ ਹਮੇਸ਼ਾਂ ਸੁਖਾਂ ਦੀ ਪ੍ਰਾਪਤੀ ਕਰੋ। ਤੂੰ ਜਿਹੜਾ ਵੀ ਬਚਨ ਬੋਲੇ ਗਾ ਉਹ ਪੂਰਾ ਹੋ ਜਾਇਆ ਕਰੇ ਗਾ। ਜਿਸ ਨੂੰ ਵੀ ਚਾਹੇ ਵਰ ਜਾਂ ਸਰਾਪ ਦੇ ਸਕੇ ਗਾ। ਤੇਰੀ ਭਗਤੀ ਹੁਣ ਸੰਪੂਰਨ ਹੋ ਗਈ ਹੈ। ਹੁਣ ਤੈਨੂੰ ਮਹਾਨ ਸੁੰਦਰ ਮੁਕਤੀ ਪ੍ਰਾਪਤ ਹੋ ਗਈ ਹੈ। ਜੋ ਵੀ ਤੈਨੂੰ ਮਿਲੇ ਗਾ, ਉਸ ਦਾ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਜਾਵੇ ਗਾ। ਇਸ ਤੋਂ ਪਰੇ ਹੋਰ ਕੀ ਕਹੀਏ। ਸੁਖ, ਮੁਕਤੀ ਅਤੇ ਨਰੋਆ ਸਰੀਰ ਦੇ ਕੇ ਉਸ ਨੂੰ ਵਿਦਾ ਕਰ ਦਿੱਤਾ। ਉਹ ਸੁਖਾਂ ਦੀ ਪ੍ਰਾਪਤੀ ਕਰਕੇ ਚਲਾ ਗਿਆ। ਉਹ ਆਪਣੇ ਘਰ ਰਹਿ ਕੇ ਗੁਰੂ ਜੀ ਦੀ ਮਹਿਮਾ ਕਰਨ ਲੱਗਾ। ਜਿਹੜਾ ਵੀ ਕੋਈ ਉਸ ਨੂੰ ਮਿਲਿਆ, ਉਹ ਸੁਖੀ ਹੋ ਗਿਆ। ਗੁਰੂ ਜੀ ਨੇ ਇਉਂ ਦੀਨ ਦੁਖੀਆਂ ਦੇ ਕਾਰਜ ਕੀਤੇ। ਇਸੇ ਲਈ ਹੀ ਉਨ੍ਹਾਂ ਨੂੰ ਦੀਨ ਦੁਖੀਆਂ ਤੇ ਦਇਆ ਕਰਨ ਵਾਲੇ ਆਖਿਆ ਜਾਂਦਾ ਹੈ। ਇਸ ਤਰ੍ਹਾਂ ਆਪ ਜੀ ਨੇ

ਅਨੇਕਾਂ ਭ੍ਰਿਸ਼ਟ-ਬੁੱਧੀ ਵਾਲਿਆਂ ਦਾ ਉਧਾਰ ਕੀਤਾ। ਜਗਤ ਵਿਚ ਜੈ ਜੈ ਕਾਰ ਹੋ ਗਈ। ਜਿਹੜਾ ਵੀ ਕੋਈ ਪ੍ਰੇਮ ਨਾਲ ਇਸ ਕਥਾ ਨੂੰ ਸੁਣੇ ਅਤੇ ਸੁਣਾਵੇਗਾ, ਉਹ ਗੁਰੂ ਜੀ ਕੋਲੋਂ ਚਾਰ ਪਦਾਰਥ ਪ੍ਰਾਪਤ ਕਰ ਲਵੇਗਾ।

## ਸੱਚਨ ਸੱਚ ਦਾ ਵਿਆਹ

ਭਾਈ ਸਾਵਣ ਮੱਲ ਨੇ ਗੁਰੂ ਅਮਰਦਾਸ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਪਰਿਵਾਰ ਸਹਿਤ ਆਪ ਜੀ ਦੇ ਦਰਸ਼ਨ ਕਰਨ ਲਈ ਹਰੀ ਪੁਰ ਦਾ ਰਾਜਾ ਆਇਆ ਹੋਇਆ ਹੈ। ਸੈਨਾ, ਪਰਜਾ, ਮੰਤਰੀ ਅਤੇ ਪਟਰਾਣੀ ਤੇ ਹੋਰ ਔਰਤਾਂ ਆਦਿਕ ਵੀ ਸਾਰੇ ਉਸ ਦੇ ਨਾਲ ਹਨ। ਹੁਣ ਜੇਕਰ ਆਪ ਜੀ ਦੀ ਆਗਿਆ ਹੋਵੇ ਤਾਂ ਉਹ ਕੋਲ ਆਣ ਕੇ ਆਪ ਜੀ ਦੇ ਦਰਸ਼ਨ ਕਰ ਲੈਣ। ਉਨ੍ਹਾਂ ਦੀਆਂ ਸੰਪੂਰਨ ਕਾਮਨਾਵਾਂ ਪ੍ਰਾਪਤ ਹੋਣ ਤੇ ਆਪ ਦੇ ਮਹਾਨ ਦਰਸ਼ਨ ਕਰਕੇ ਜੀਵਨ ਸਫਲਾ ਕਰ ਲੈਣ। ਉਹ ਪਵਿੱਤਰ ਹੋ ਜਾਣ, ਸਾਰੇ ਪਾਪ ਨਸ਼ਟ ਹੋ ਜਾਣ ਤੇ ਆਪ ਨੂੰ ਬੰਦਨਾ ਕਰਕੇ ਪੁੰਨ ਖੱਟ ਲੈਣ। ਇਹ ਧੁਰੋਂ ਤੁਰਨ ਲੱਗਿਆਂ ਹੀ, ਇਹ ਸ਼ਰਧਾ ਰੱਖ ਕੇ ਆਏ ਹਨ, ਤੁਸੀਂ ਅੰਤਰਜਾਮੀ ਹੋ ਤੇ ਸਭ ਜਾਣੀ ਜਾਣ ਹੋ। ਸ੍ਰੀ ਗੁਰੂ ਅਮਰਦਾਸ ਜੀ ਨੇ ਕਿਰਪਾਲਤਾ ਸਹਿਤ ਫੁਰਮਾਇਆ ਪਹਿਲਾਂ ਲੰਗਰ ਵਿਚੋਂ ਭੋਜਨ ਛਕੋ, ਫੇਰ ਸਾਰੇ ਸੰਗੀ ਪੁਰਸ਼ ਨਾਲ ਲੈ ਆਉਣਾ, ਪਰ ਇਸਤਰੀ ਕੋਈ ਵੀ ਨਾਲ ਨਾ ਆਵੇ। ਸਾਵਣ ਮੱਲ ਨੇ ਫੇਰ ਬੇਨਤੀ ਕੀਤੀ ਹੇ ਸੁਖਾਂ ਦੇ ਦਾਤੇ ਜੀਉ ਸੁਣੋ, ਉਹ ਔਰਤਾਂ ਤਾਂ ਬਹੁਤ ਪ੍ਰੇਮ-ਸਹਿਤ, ਮਨਾ ਵਿਚ ਆਸਾਂ ਧਾਰ ਕੇ ਰਾਜੇ ਦੇ ਨਾਲ ਆਈਆਂ ਹਨ,ਸੋ ਤੁਸੀਂ ਇਨ੍ਹਾਂ ਦੀ ਅਭਿਲਾਖਾ ਪੂਰਨ ਕਰ ਦਿਉ, ਜੋ ਇਹ ਚਾਹੁੰਦੀਆਂ ਹਨ ਕਿਉਂਕਿ ਇਹ ਬੜੀ ਦੂਰੋਂ ਆਈਆਂ ਹਨ। ਜੇਕਰ ਇਹ ਬਿਨਾ ਦਰਸ਼ਨ ਕੀਤੇ ਚਲੀਆਂ ਗਈਆਂ ਤਾਂ ਨਿਰਾਸ਼ ਹੋ ਜਾਣਗੀਆਂ ਤੇ ਬਹੁਤ ਝੂਰ-ਝੂਰ ਕੇ ਦੁੱਖ ਪਾਉਣਗੀਆਂ। ਤੁਸੀਂ ਦਇਆ ਕਰਨ ਵਾਲਾ, ਆਪਣਾ ਧਰਮ ਸੰਭਾਲੋ ਤੇ ਆਗਿਆ ਦੇਵੋ ਤਾਂ ਜੋ ਸਭੇ ਦਰਸ਼ਨ ਕਰ ਲੈਣ। ਸਾਰੀਆਂ ਰਾਣੀਆਂ ਬਹੁਤ ਸ਼ਰਧਾ ਰੱਖਦੀਆਂ ਹਨ, ਹੇ ਗੁਰੂ ਜੀਉ! ਉਨ੍ਹਾਂ ਨੂੰ ਬੁਲਾਵਾ ਭੇਜੋ। ਤਦ ਸਤਿਗੁਰੂ ਜੀ ਨੇ ਇਉਂ ਆਗਿਆ ਕੀਤੀ, "ਜਿੰਨੀਆਂ ਕੁ ਰਾਜੇ ਦੀਆਂ ਰਾਣੀਆਂ ਦਾਸੀਆਂ ਆਦਿਕ ਜੋ ਹੋਰ ਔਰਤਾਂ ਹਨ, ਜਿਨ੍ਹਾਂ ਨੇ ਰੰਗੀਨ ਬਸਤਰ ਪਹਿਨੇ ਹੋਏ ਹਨ, ਉਨ੍ਹਾਂ ਨੂੰ ਆਖੋ ਚਿੱਟੀਆਂ ਪੁਸ਼ਾਕਾਂ ਪਹਿਨ ਕੇ ਆਉਣ ਅਤੇ ਘੁੰਡ ਕੋਈ ਨਹੀਂ ਕੱਢੇਗੀ, ਸਾਰੀਆਂ ਹੀ ਇਸ ਪ੍ਰਕਾਰ ਦਰਸ਼ਨ ਕਰਕੇ ਚਲੀਆਂ ਜਾਣ। ਬਿਨਾਂ ਸੰਕੋਚ ਲੰਗਰ ਵਿਚੋਂ ਭੋਜਨ ਛਕਣ, ਦਰਸ਼ਨ ਕਰਨ ਅਤੇ ਮਨ ਵਿਚ ਸੰਕੋਚ ਨਾ ਕਰਨ। ਉਹ ਇਸ ਪ੍ਰਕਾਰ ਆ ਕੇ ਦਰਸ਼ਨ ਕਰਨ, ਜੇਕਰ ਉਨ੍ਹਾਂ ਦੇ ਮਨਾ ਵਿਚ ਦਰਸ਼ਨ ਕਰਨ ਦੀ ਬਹੁਤ ਇੱਛਾ ਹੈ। ਇਹ ਸੁਣ ਕੇ ਸਾਵਣ ਮੱਲ ਉਥੋਂ ਚਲਾ ਗਿਆ ਤੇ ਸਤਿਗੁਰੂ ਜੀ ਦੀ ਆਗਿਆ ਉਨ੍ਹਾਂ ਕੋਲ ਕਹਿ ਸੁਣਾਈ, ਮੈਂ ਬਹੁਤ ਕਹਿ-ਕਹਾ

ਕੇ ਹੁਣ ਇਹ ਗੱਲ ਮੁਕੱਰਰ ਕੀਤੀ ਹੈ, ਉਹ ਤਾਂ ਔਰਤਾਂ ਨੂੰ ਦਰਸ਼ਨ ਦੇਣ ਲਈ ਮੰਨਦੇ ਨਹੀਂ ਸਨ। ਇਸਤਰੀਆਂ ਸਤਿਗੁਰੂ ਜੀ ਦੇ ਹਜ਼ੂਰ ਨਹੀਂ ਜਾਂਦੀਆਂ, ਉਹ ਬਾਹਰ ਵਾਲੇ ਸਥਾਨ ਤੇ ਹੀ ਰੁਕੀਆਂ ਰਹਿੰਦੀਆਂ ਹਨ। ਉਹ ਬਿਨਾ ਦੇਖਿਆਂ ਬਾਹਰੋਂ ਹੀ ਮੱਥਾ ਟੇਕਦੀਆਂ ਹਨ, ਪਰੰਤੂ ਤੁਹਾਡੇ ਲਈ ਉਨ੍ਹਾਂ ਨੇ ਇਉਂ ਫਰਮਾਇਆ ਹੈ ਪਹਿਲਾਂ ਸਾਰੀਆਂ ਇਸਤਰੀਆਂ ਨੂੰ ਸਫੈਦ ਪੁਸ਼ਾਕਾਂ ਪੁਆ ਦਿਉ, ਉਹ ਫੇਰ ਹੀ ਇੱਥੇ ਆ ਕੇ ਦਰਸ਼ਨ ਕਰਨ। ਇਹ ਸੁਣ ਕੇ ਰਾਜੇ ਨੇ ਉਸੇ ਤਰ੍ਹਾਂ ਹੀ ਕਰਨਾ ਮੰਨ ਲਿਆ ਤੇ ਉਸ ਦੇ ਮਨ ਨੂੰ ਬਹੁਤ ਪ੍ਰਸੰਨਤਾ ਹੋਈ। ਸਾਰਿਆਂ ਨੇ ਲੰਗਰ ਵਿਚੋਂ ਭੋਜਨ ਛਕਿਆ ਤੇ ਫੇਰ ਰਾਜਾ ਰਾਣੀਆਂ ਨੂੰ ਲੈ ਕੇ ਅੰਦਰ ਗਿਆ। ਸਾਰਿਆਂ ਨੇ ਚਿੱਟੇ ਬਸਤਰ ਪਹਿਨੇ ਹੋਏ ਸਨ ਤੇ ਕਿਸੇ ਨੇ ਵੀ ਮੂੰਹ ਢਕਿਆ ਹੋਇਆ ਨਹੀਂ ਸੀ। ਸਤਿਗੁਰੂ ਜੀ ਉੱਚੇ ਘਰ ਦੇ ਚੁਬਾਰੇ ਵਿਚ ,ਇੱਕ ਕਿੱਲੀ ਨੂੰ ਫੜ ਕੇ ਖੜ੍ਹੇ ਰਹਿੰਦੇ ਸਨ। ਜਿਨ੍ਹਾਂ ਨੂੰ ਦਰਸ਼ਨਾ ਦੀ ਪਿਆਸ ਹੁੰਦੀ, ਉਹ ਲੋਕ ਉਸ ਕਿੱਲੀ ਦੇ ਸਾਹਮਣੇ ਜੋ ਤਾਕੀ ਸੀ, ਉਸ ਵਿਚੋਂ ਦਰਸ਼ਨ ਕਰ ਲੈਂਦੇ ਸਨ। ਉਸ ਤਾਕੀ ਦੇ ਹੇਠਾਂ ਖਲੋ ਕੇ ਲੋਕੀਂ, ਪਰਬੀਨ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਉਹ ਦਰਸ਼ਨ ਕਰ ਕਰ ਕੇ ਅੱਗੇ ਚਲੇ ਜਾਂਦੇ ਸਨ ਤੇ ਹੋਰ ਉੱਥੇ ਆਣ ਕੇ ਦਰਸ਼ਨ ਪਰਸ ਲੈਂਦੇ ਸਨ। ਦੇਸ਼ਾਂ-ਵਿਦੇਸ਼ਾਂ ਦੀ ਬਹੁਤ ਸੰਗਤ ਆਣ ਕੇ ਇਸੇ ਪ੍ਰਕਾਰ ਦਰਸ਼ਨ ਕਰਦੀ ਸੀ। ਕੋਈ ਵੀ ਭੇਟਾ ਸਵਿਕਾਰ ਨਹੀਂ ਸਨ ਕਰਦੇ,ਕੇਵਲ ਇੱਕ ਦਿਨ ਦੇ ਖਾਣ ਜੋਗਾ ਲੰਗਰ ਦਾ ਰਾਸ਼ਨ ਹੀ ਲੈਂਦੇ ਸਨ। ਗੁਰੂ ਜੀ ਨੇ ਇਹ ਮਰਿਆਦਾ ਸਥਾਪਤ ਕੀਤੀ ਹੋਈ ਸੀ। ਰਾਜਾ ਉੱਥੇ ਆਣ ਪੁੱਜਾ। ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋ ਕੇ ਉਸ ਨੇ ਦਰਸ਼ਨ ਕੀਤੇ ਅਤੇ ਹੱਥ ਜੋੜ ਕੇ ਬੰਦਨਾ ਕੀਤੀ। ਫੇਰ ਮੰਤਰੀਆਂ ਤੇ ਸੈਨਾ ਦੇ ਵੱਡੇ ਵੱਡੇ ਅਹਿਲਕਾਰਾਂ ਨੇ ਆਣ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਫੇਰ ਮਹਾਰਾਣੀ ਨੇ ਹੋਰ ਰਾਣੀਆਂ ਸਣੇ ਸਫੇਦ-ਬਸਤਰਾਂ ਵਿਚ ਆਣ ਬੰਦਨਾ ਕੀਤੀ। ਇਹਨ੍ਹਾਂ ਵਿਚੋਂ ਜਦੋਂ ਇੱਕ ਰਾਣੀ ਸਾਹਮਣੇ ਹੋਈ ਤਾਂ ਉਸ ਨੇ ਝੱਟ ਪੱਟ ਕੱਪੜੇ ਨਾਲ ਮੂੰਹ ਕੱਜ ਲਿਆ। ਸੱਜ-ਵਿਆਹੀ ਹੋਣ ਕਰਕੇ ਉਸ ਨੂੰ ਸ਼ਰਮ ਆ ਗਈ ਸੀ। ਉਸ ਵੱਲ ਵੇਖ ਕੇ ਸਤਿਗੁਰੂ ਜੀ ਸਹਿਜ ਸੁਭਾਅ ਬੋਲੇ ਕਿ ਇਹ ਕਮਲੀ ਕਾਹਦੇ ਲਈ ਆਈ ਹੈ, ਜੇਕਰ ਇਸ ਨੂੰ ਸਾਡੇ ਦਰਸ਼ਨ ਹੀ ਨਹੀਂ ਭਾਉਂਦੇ। ਤੁਰੰਤ ਹੀ ਉਸ ਦੀ ਸੁੱਧ-ਬੁੱਧ ਨਸ਼ਟ ਹੋ ਗਈ ਤੇ ਉਸ ਨੇ ਬਸਤਰ ਉਤਾਰ ਕੇ ਸੁੱਟ ਦਿੱਤੇ। ਅਚਾਨਕ ਹੀ ਬਾਹਰ ਵੱਲ ਭੱਜ ਗਈ। ਸਾਰੇ ਲੋਕ ਉਸ ਨੂੰ ਘੇਰਨ ਲੱਗੇ। ਜਦ ਰਾਜੇ ਨੇ ਗੁਰੂ ਜੀ ਦੇ ਬਚਨਾ ਦਾ ਬਿਰਤਾਂਤ ਸੁਣਿਆ ਤਾਂ ਬਹੁਤ ਡਰਿਆ ਤੇ ਹੈਰਾਨ ਰਹਿ ਗਿਆ। ਉਸ ਦੇ ਮਨ ਵਿਚ ਸ਼ਰਧਾ ਵਧ ਗਈ । ਰਾਜਾ ਉੱਥੇ ਕਿੰਨੇ ਹੀ ਦਿਨ ਰਿਹਾ। ਉਹ ਰੋਜਾਨਾ ਬੜੇ ਪ੍ਰੇਮ ਸਹਿਤ ਗੁਰੂ ਜੀ ਦੇ ਦਰਸ਼ਨ ਕਰਕੇ ਬੰਦਨਾ ਕਰਦਾ। ਉਸ ਦੀ ਪਤਨੀ ਛੇਤੀ ਨਾਲ ਜੰਗਲ ਨੂੰ ਚਲੀ ਗਈ ਸੀ, ਉਹ ਲੱਭੀ ਨਾ।

ਉਹ ਗੁਰੂ ਜੀ ਦੇ ਲੰਗਰ ਕਰਵਾਉਂਦਾ ਰਿਹਾ ਅਤੇ ਮੰਤਰੀਆਂ ਸਣੇ ਉੱਥੇ ਹੀ ਭੋਜਨ ਛਕਦਾ। ਉਹ ਡਰਦਾ ਰਿਹਾ ਕਿ ਕੋਈ ਅਨਾਦਰ ਨਾ ਹੋ ਜਾਵੇ। ਉਹ ਮਨ ਤੋਂ ਬਹੁਤ ਨਿਮਰਤਾ ਵਿਚ ਰਹਿੰਦਾ ਰਿਹਾ। ਬਹੁਤ ਦਿਨ ਉੱਥੇ ਰਹਿ ਕੇ ਫੇਰ ਜਦ ਰਾਜਾ ਵਿਦਾ ਹੋ ਗਿਆ ਤਾਂ ਗੁਰੂ ਜੀ ਨੇ ਉਸ ਨੂੰ ਆਗਿਆ ਕੀਤੀ ਕਿ ਸਾਵਣ ਮੱਲ ਤੁਹਾਡਾ ਗੁਰੂ (ਆਗੂ) ਹੈ, ਹਮੇਸ਼ਾਂ ਪ੍ਰੇਮ ਸਹਿਤ ਉਸ ਦੀ ਮਾਨਤਾ ਕਰੋ। ਉਸ ਪਰਬੀਨ ਮਨੁੱਖ ਨੇ ਪਹਿਲਾਂ ਤੁਹਾਡਾ ਪੁੱਤਰ ਜਿਵਾਉਣ ਆਦਿਕ ਦੀ ਤੁਹਾਡੀ ਕਾਮਨਾ ਪੂਰੀ ਕੀਤੀ ਸੀ। ਉਸ ਵਿਚ ਸ਼ਰਧਾ ਰੱਖੋ, ਹੁਣ ਵੀ ਉਹ ਸਭ ਦੇ ਮਨਾ ਦੀਆਂ ਇੱਛਾਵਾਂ ਪੂਰਨ ਕਰੇਗਾ ਤੇ ਤੁਹਾਡੇ ਸਾਰੇ ਕਸ਼ਟ ਦੂਰ ਹੋ ਜਾਣਗੇ। ਇਹ ਤੁਹਾਡੇ ਸਮੁੱਚੇ ਦੇਸ਼ ਦਾ ਧਾਰਮਿਕ ਆਗੂ ਹੈ। ਪਹਿਲਾਂ ਵਾਂਗੂੰ ਹੀ ਇਸ ਦੀ ਸੇਵਾ ਕਰੋ। ਰਾਜੇ ਨੇ ਹੱਥ ਬੰਨ੍ਹ ਕੇ ਗੱਲ ਸਿਰ-ਮੱਥੇ ਮੰਨ ਲਈ ਤੇ ਕਿਹਾ ਕਿ ਅਸੀਂ ਤਾਂ ਸਦਾ ਤੋਂ ਹੀ ਉਨ੍ਹਾਂ ਦੇ ਬਹੁਤ ਆਗਿਆਕਾਰ ਹਾਂ। ਪੁੱਤਰ ਤਾਂ ਸਭ ਲਈ ਹੀ ਅਜਿਹੀ ਚੀਜ ਹੈ ਜੋ ਮਾਨੋਂ ਪ੍ਰਾਣਾਂ ਦੇ ਤੁੱਲ ਹੈ। ਇਨ੍ਹਾਂ ਨੇ ਮੇਰਾ ਪੁੱਤਰ ਜਿਵਾ ਕੇ ਮੈਨੂੰ ਬਹੁਤ ਵੱਡਾ ਦਾਨ ਦਿੱਤਾ ਹੈ। ਇਨ੍ਹਾਂ ਤੋਂ ਚੰਗਾ ਸਾਡੇ ਲਈ ਹੋਰ ਕੌਣ ਹੈ, ਜਿਨ੍ਹਾਂ ਦੇ ਕਾਰਨ ਕਿ ਆਪ ਜੀ ਦੇ ਦਰਸ਼ਨ ਹੋ ਗਏ ਹਨ। ਇਉਂ ਆਖ ਕੇ ਗੁਰੂ ਜੀ ਨੇ ਰਾਜੇ ਨੂੰ ਵਿਦਾ ਕੀਤਾ ਤੇ ਉਹ ਆਪਣੇ ਦੇਸ਼ ਹਰੀ ਪੁਰ ਚਲਾ ਗਿਆ। ਸਾਵਣ ਮੱਲ ਨੂੰ ਵਿਸ਼ੇਸ਼ ਤੌਰ ਤੇ ਪੂਜਦਾ ਹੋਇਆ, ਉਹ ਗੁਰੂ ਜੀ ਨੂੰ ਯਾਦ ਕਰਦਾ ਰਿਹਾ। ਮੰਤਰੀਆਂ ਸਣੇ ਸਾਰੀ ਪਰਜਾ ਉਨ੍ਹਾਂ ਨੂੰ ਸ੍ਰੇਸ਼ਟ ਮੰਨਦੀ ਹੋਈ, ਹਮੇਸ਼ਾਂ ਭੇਟਾਵਾਂ ਅਰਪਦੀ ਰਹੀ। ਉਹ ਕਦੇ ਗੋਇੰਦਵਾਲ ਆ ਕੇ ਟਿਕਦਾ ਤੇ ਕਦੇ ਰਾਜੇ ਕੋਲ ਚਲਾ ਜਾਂਦਾ।

ਇੱਕ ਸੇਵਕ ਰੋਜਾਨਾ ਜੰਗਲ ਤੋਂ ਲੰਗਰ ਲਈ ਲੱਕੜਾਂ ਦਾ ਭਾਰ ਲੈ ਕੇ ਆਉਂਦਾ ਸੀ। ਉਹ ਕੇਵਲ ਸਤਿਗੁਰੂ ਜੀ ਦੇ ਚਰਨ-ਕਮਲਾਂ ਨਾਲ ਹੀ ਪ੍ਰੀਤ ਕਰਦਾ ਸੀ। ਮੂੰਹ ਤੋਂ ਉਹ ਕੇਵਲ ਸੱਚਨ-ਸੱਚ ਹੀ ਬੋਲਦਾ ਸੀ, ਮਨ ਨੂੰ ਉਹ ਸਤਿਗੁਰੂ ਜੀ ਦੇ ਧਿਆਨ ਵਿਚ ਹੀ ਜੋੜੀ ਰੱਖਦਾ। ਸਾਰੀ ਸੰਗਤ ਇਹ ਸੁਣ ਕੇ ਉਸ ਨੂੰ ਸੱਚਨ-ਸੱਚ ਦੇ ਨਾਮ ਨਾਲ ਹੀ ਬੁਲਾਉਣ ਲੱਗ ਪਈ ਸੀ। ਸਾਰੇ ਉਸ ਨਾਲ ਪ੍ਰੇਮ ਧਾਰਨ ਕਰਕੇ ਦਿਆਲੂ ਹੁੰਦੇ, ਬਹੁਤ ਹਸਦੇ ਅਤੇ ਮਨ ਤੋਂ ਖੁਸ਼ ਹੁੰਦੇ ਸਨ। ਉਸ ਨੂੰ ਕਹਿੰਦੇ ਆਓ ਸੱਚਨ ਸੱਚ ਫੇਰ ਉਸ ਦੀ ਸੇਵਾ ਦੇਖ-ਦੇਖ ਕੇ ਸਲਾਹੁੰਦੇ ਸਨ। ਉਹ ਬਾਲਣ ਲਿਆਉਂਦਾ, ਆਗਿਆ ਮੰਨਦਾ, ਜੋ ਕੁਝ ਵੀ ਸਿੱਖ ਉਸ ਨੂੰ ਆਖਦੇ ਕਦੇ ਵੀ ਮੋੜਦਾ ਨਾ। ਇਸ ਤਰ੍ਹਾਂ ਸੰਗਤ ਦੀ ਉਸ ਉੱਤੇ ਰੋਜਾਨਾ ਖੁਸ਼ੀ ਹੁੰਦੀ ਅਤੇ ਸਤਿਗੁਰ ਜੀ ਮਨੋ ਉਸ ਤੇ ਕਿਰਪਾਲੂ ਹੁੰਦੇ। ਇਸੇ ਲਈ ਉਸ ਨੂੰ ਭੂਰੇ-ਵਾਲਾ ਆਖਣ ਲੱਗ ਪਏ। ਉਹ ਹਮੇਸ਼ਾਂ ਲੰਗਰ ਦੀ ਹੀ ਸੇਵਾ ਕਰਦਾ ਸੀ। ਉਹ ਰੋਜ ਜੰਗਲ ਵਿਚ ਜਾਂਦਾ ਸੀ। ਇੱਕ ਦਿਨ ਉਹ ਬਾਲਣ ਦਾ ਭਾਰ ਬੰਨਣ ਲਈ ਗਿਆ ਤਾਂ ਉਸ ਹਰੀ ਪੁਰ ਵਾਲੇ ਰਾਜੇ ਦੀ ਪਤਨੀ ਜੋ ਪਾਗਲ ਹੋਈ ਸੀ ਇਸ ਨੂੰ ਵੇਖ ਕੇ, ਬੜੇ ਭਿਆਨਕ ਰੂਪ ਵਿਚ ਉਸ ਵੱਲ

ਦੌੜੀ ਆਈ। ਸਿਰ ਦੇ ਵਾਲ ਚਾਰਾਂ ਦਿਸ਼ਾਵਾਂ ਵੱਲ ਖਿੰਡੇ ਹੋਏ ਸਨ ਤੇ ਜਿਸ ਦੇ ਸਾਰੇ ਅੰਗ ਨੰਗੇ ਸਨ। ਉਹ ਨਿੱਤ ਭਿਆਨਕ ਜੰਗਲ ਵਿਚ ਘੁੰਮਦੀ ਫਿਰਦੀ ਸੀ। ਉਸ ਨੇ ਸੱਚਨ-ਸੱਚ ਨੂੰ ਵੇਖ ਕੇ ਫੜ ਲਿਆ। ਇਹ ਉਸ ਦੇ ਗਲ ਨਾਲ ਲਿਪਟ ਗਈ ਤੇ ਦੰਦੀਆਂ ਵੱਢਣ ਲੱਗੀ ਅਤੇ ਨਹੁੰਆਂ ਦੇ ਬਹੁਤ ਡੂੰਘੇ ਘਾਉ ਕਰਨ ਲੱਗ ਪਈ। ਉਹ ਛੁਟਣਾ ਚਾਹੁੰਦਾ ਸੀ, ਇਸ ਲਈ ਉਸ ਨੇ ਆਪਣਾ ਪੂਰਾ ਜੋਰ ਲਾਇਆ ਪਰ ਤਾਂ ਵੀ ਉਸ ਨੇ ਨਾ ਛੱਡਿਆ। ਤਦ ਇਹ ਬਹੁਤ ਡਰ ਗਿਆ। ਸੱਚਨ-ਸੱਚ ਘਾਇਲ ਹੋ ਗਿਆ। ਬਹੁਤ ਲਹੂ ਸਿੰਮ ਪਿਆ,ਇਹ ਉਸ ਕੋਲੋਂ ਛੁਟਣ ਲਈ ਜਤਨ ਕਰਦਾ ਰਿਹਾ। ਆਪਣਾ ਬਹੁਤ ਜੋਰ ਲਾ ਕੇ ਮਸਾਂ ਮਸਾਂ ਉਸ ਨੂੰ ਦੂਰ ਕੀਤਾ। ਫੇਰ ਉਸ ਨੇ ਵੱਡੀ ਸਾਰੀ ਲੱਕੜੀ ਹੱਥ ਵਿਚ ਫੜ ਲਈ ਤੇ ਬਹੁਤ ਡਰ ਕੇ, ਇੱਕ ਦੋ ਉਸ ਦੇ ਮਾਰੀਆਂ। ਤਾਂ ਫੇਰ ਇਸ ਨੂੰ ਛੱਡ ਕੇ ਉਹ ਬਹੁਤ ਪਾਗਲ ਹੋਈ, ਸੁੱਧ -ਬੁੱਧ ਹੀਣੀ ਜੰਗਲ ਵੱਲ ਚਲੀ ਗਈ। ਉਸ ਨੇ ਡਰਦਿਆਂ-ਡਰਦਿਆਂ ਕੁਝ ਕੁ ਬਾਲਣ ਇਕੱਠਾ ਕੀਤਾ, ਤੁਰੰਤ ਭਾਰ ਬੰਨ੍ਹ ਕੇ ਨਗਰ ਵੱਲ ਨੂੰ ਮੁੜ ਪਿਆ। ਅੰਤ ਗੋਇੰਦਵਾਲ ਆਣ ਪੁੱਜਾ,ਥੋੜ੍ਹੀਆਂ ਜਿੰਨੀਆਂ ਲੱਕੜਾਂ ਸਨ ਤੇ ਖੂਨ ਸਿੰਮਦਾ ਸੀ। ਵੇਖਣ ਵਾਲੇ ਸਾਰੇ ਲੋਕਾਂ ਨੇ ਪੁੱਛਿਆ, ਤੇਰੇ ਨਾਲ ਇਸ ਤਰ੍ਹਾਂ ਕਿੱਥੇ ਤੇ ਕੀ ਹੋ ਗਿਆ ਹੈ। ਸਤਿਗੁਰੂ ਜੀ ਨੇ ਉਸ ਨੂੰ ਆਪਣੇ ਕੋਲ ਸੱਦਿਆ ਤੇ ਪੁੱਛਿਆ, ਇਹ ਹਾਲ ਕਿਥੋਂ ਕਰ ਲਿਆ ਹੈ। ਤੇਰੇ ਸਰੀਰ ਤੇ ਜਖਮ ਕਿਸ ਨੇ ਕਰ ਦਿੱਤੇ ਹਨ ਤੇ ਕਿਸ ਨੇ ਮਾਰਿਆ ਹੈ ਜੋ ਲਹੂ ਸਿੰਮਦਾ ਹੈ ਤੇ ਦਿਲ ਭੈਅ ਨਾਲ ਭਰਿਆ ਹੋਇਆ ਹੈ। ਤੇਰੇ ਨਾਲ ਕੌਣ ਲੜਿਆ ਹੈ ਤੇ ਕਿਸ ਨੇ ਵਿਘਨ ਪਾਇਆ ਹੈ, ਤੂੰ ਜੰਗਲ ਤੋਂ ਲੱਕੜਾਂ ਵੀ ਥੋੜ੍ਹੀਆਂ ਲਿਆਂਦੀਆਂ ਹਨ। ਤੈਨੂੰ ਬਾਹਰ ਜੰਗਲ ਵਿਚ ਬਹੁਤ ਦੇਰ ਲੱਗੀ ਹੈ,ਤੂੰ ਆਪਣਾ ਸਾਰਾ ਬਿਰਤਾਂਤ ਵਿਚਾਰ ਕੇ ਦੱਸ। ਉਹ ਸਤਿਗੁਰੂ ਜੀ ਦੇ ਸਨਮੁੱਖ ਹੱਥ ਜੋੜ ਕੇ ਬੋਲਿਆ, "ਹਜ਼ੂਰ ! ਜੰਗਲ ਵਿਚ ਇੱਕ ਬਲਾਅ ਸੀ, ਜਿਸ ਦੇ ਸਿਰ ਦੇ ਵਾਲ ਖਿੰਡੇ ਹੋਏ ਸਨ,ਅੰਗਾਂ ਤੋਂ ਨੰਗੀ ਸੀ। ਉਹ ਮੈਨੂੰ ਵੇਖਦਿਆਂ ਹੀ ਤੁਰੰਤ ਮੇਰੇ ਕੋਲ ਆ ਗਈ। ਮੇਰੇ ਗਲ ਨਾਲ ਚੰਬੜ ਗਈ, ਬਹੁਤ ਨਹੁੰ ਅਤੇ ਦੰਦ ਮਾਰੇ। ਮੈਂ ਮਸਾਂ-ਮਸਾਂ ਆਪਣੇ ਆਪ ਨੂੰ ਛੁਡਾਇਆ। ਹੁਣ ਉਸ ਪਾਸੇ ਮੇਰਾ ਜਾਣਾ ਠੀਕ ਨਹੀਂ ਬਣਦਾ। ਉਹ ਭੱਜ ਕੇ ਫੇਰ ਆ ਜਾਏਗੀ ਤੇ ਮੇਰੇ ਪ੍ਰਾਣ ਕੱਢ ਦਏਗੀ। ਉਸ ਨੇ ਮੈਨੂੰ ਬਾਲਣ ਨਹੀਂ ਲੈਣ ਦਿੱਤਾ। ਉਸ ਨੂੰ ਤਾਂ ਵੇਖਦਿਆਂ ਹੀ ਡਰ ਆਉਂਦਾ ਹੈ। ਮੈਂ ਤਾਂ ਚੰਗੇ ਭਾਗਾਂ ਨੂੰ ਉਸ ਕੋਲੋਂ ਛੁਟ ਗਿਆ, ਨਹੀਂ ਤਾਂ ਉਸ ਨੇ ਉਥੇ ਹੀ ਮਾਰ ਦੇਣਾ ਸੀ। ਅੱਜ ਤਾਂ ਮੇਰੇ ਨਾਲ ਜੋ ਹੋਈ ਸੋ ਹੋਈ, ਹੁਣ ਮੈਂ ਬਾਲਣ ਲੈਣ ਲਈ ਹੋਰ ਦਿਸ਼ਾ ਵੱਲ ਜਾਵਾਂਗਾ।" ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਫੁਰਮਾਇਆ, ਤੂੰ ਡਰ ਨਾ, ਉਹ ਕੋਈ ਬਲਾਅ ਨਹੀਂ ਹੈ। ਹਰੀ ਪੁਰ ਵਾਲੇ ਰਾਜੇ ਦੀ ਰਾਣੀ ਹੈ, ਜੋ ਝੱਲੀ ਹੋ ਗਈ ਸੀ, ਉਸ ਨੂੰ ਕੋਈ ਸੁਰਤ ਨਹੀਂ। ਕੱਲ੍ਹ ਸਵੇਰੇ ਮੇਰੀ

ਖੜਾਉਂ ਲੈ ਜਾਈਂ। ਜਦ ਉਹ ਭੱਜ ਕੇ ਤੇਰੇ ਵੱਲ ਆਵੇਗੀ ਤਾਂ ਇਹ ਉਸ ਦੇ ਸਿਰ ਵਿਚ ਮਾਰੀਂ, ਉਹ ਰਾਜ਼ੀ ਹੋ ਜਾਏਗੀ ਤਾਂ ਫੇਰ ਉਸ ਨੂੰ ਆਪਣੇ ਨਾਲ ਹੀ ਲੈ ਆਈਂ। ਇਹ ਸੁਣ ਕੇ ਸਾਰੀ ਸੰਗਤ ਹੈਰਾਨ ਹੋ ਕੇ ਸੱਚਨ-ਸੱਚ ਨੂੰ ਆਖਣ ਲੱਗੀ ਕਿ ਹੁਣ ਨਾ ਡਰ, ਉਸੇ ਪਾਸੇ ਹੀ ਜਾਵੀਂ। ਰਾਤ ਬਿਤਾ ਕੇ ਉਹ ਉਸੇ ਹੀ ਥਾਂ ਤੇ ਗਿਆ। ਉਹ ਦੂਰੋਂ ਹੀ ਦੇਖ ਕੇ ਕੂਕਣ ਲੱਗੀ, ਜੋ ਬਹੁਤ ਹੀ ਡਰਾਉਣੀ ਦੇਖੀ ਨਹੀਂ ਸੀ ਜਾਂਦੀ। ਉਹ ਬਾਹਵਾਂ ਉੱਚੀਆਂ ਉਲਾਰਦੀ ਹੋਈ ਦੌੜੀ ਤੇ ਤੁਰੰਤ ਹੀ ਇਸ ਦੇ ਨੇੜੇ ਆ ਗਈ। ਜਿਉਂ ਹੀ ਉਹ ਹੱਥ ਮਾਰਨ ਲਈ ਉੱਛਲੀ ਤਾਂ ਸੱਚਨ-ਸੱਚ ਨੇ ਉਸ ਦੇ ਸਿਰ ਵਿਚ ਖੜਾਂਅ ਜੜ ਦਿੱਤੀ। ਗੁਰੂ ਜੀ ਦੀ ਖੜਾਂਅ ਛੂੰਹਦਿਆਂ ਹੀ ਉਸ ਨੂੰ ਸੋਝੀ ਆ ਗਈ ਤੇ ਸਰੀਰ ਨੂੰ ਸੰਭਾਲਦੀ ਹੋਈ ਬਹਿ ਗਈ। ਇਹ ਜਾਣ ਕੇ ਕਿ ਉਸ ਦੇ ਅੰਗ ਨੰਗੇ ਹਨ, ਉਹ ਬਹੁਤ ਹੀ ਸ਼ਰਮਸਾਰ ਹੋ ਕੇ ਸੁੰਗੜ ਗਈ। ਉਸ ਨੇ ਉਹ ਗੱਲ ਯਾਦ ਕੀਤੀ ਕਿ ਗੁਰੂ ਜੀ ਨੇ ਕਮਲੀ ਆਖ ਦਿੱਤਾ ਸੀ। ਉਹ ਬੋਲੀ ਹੇ ਗੁਰਸਿੱਖ ਮੈਨੂੰ ਕੋਈ ਕੱਪੜਾ ਦੇਹ ਤਾਂ ਜੋ ਮੈਂ ਠੀਕ ਕਰਕੇ ਸਰੀਰ ਕੱਜ ਲਵਾਂ। ਫੇਰ ਗੁਰੂ ਜੀ ਦੇ ਹਜ਼ੂਰ ਜਾ ਕੇ ਆਪਣਾ ਅਪਰਾਧ ਬਖਸ਼ਵਾਵਾਂ, ਜੋ ਮੈਂ ਗੁਰੂ ਜੀ ਦਾ ਹੁਕਮ ਨਹੀਂ ਸੀ ਮੰਨਿਆ। ਮੈਨੂੰ ਬਹੁਤ ਕਸ਼ਟ ਪ੍ਰਾਪਤ ਹੋ ਚੁੱਕਾ ਹੈ, ਹੁਣ ਸਰੀਰ ਦੀ ਸੋਝੀ ਹੋਈ ਹੈ। ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਦੋਸ਼ ਮਿਟ ਜਾਣਗੇ। ਸੋ ਤੂੰ ਮੈਨੂੰ ਹੁਣ ਨਗਰ ਵਿਚ ਲੈ ਚੱਲ। ਇਹ ਸੁਣ ਕੇ ਸੱਚਨ-ਸੱਚ ਨੇ ਆਪਣੀ ਕੰਬਲੀ ਉਸ ਨੂੰ ਦੇ ਦਿੱਤੀ। ਉਸ ਨੇ ਸਰੀਰ ਢਕ ਲਿਆ ਤੇ ਇਹ ਆਪਣੇ ਨਾਲ ਲੈ ਆਇਆ ਤਾਂ ਦੋਵੇਂ ਵਡਭਾਗੀ ਗੁਰੂ ਜੀ ਦੇ ਸਨਮੁਖ ਆ ਖਲੋਤੇ। ਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਫੇਰ ਗੁਰੂ ਜੀ ਨੇ ਕਿਰਪਾ ਕੀਤੀ ਤੇ ਫੁਰਮਾਇਆ। ਸੁਣੋ! ਤੁਸੀਂ ਦੋਵੇਂ ਜਣੇ ਪਤੀ-ਪਤਨੀ ਬਣ ਕੇ, ਇੱਕੋ ਥਾਂ ਤੇ ਰਹੋ। ਸੱਚਨ-ਸੱਚ ਤੇਰੀ ਘਾਲਣਾ ਸਫਲ ਹੋ ਗਈ ਹੈ। ਇਸ ਲਈ ਘਰ ਜਾ ਕੇ ਮੇਰਾ ਧਿਆਨ ਧਰੋ। ਮੇਰੇ ਪੈਰ ਦੀ ਦੂਜੀ ਖੜਾਂਅ ਵੀ ਲੈ ਲਵੋ। ਜੇਕਰ ਕਿਸੇ ਨੂੰ ਦੁੱਖ ਕਲੇਸ ਹੋ ਜਾਵੇ, ਸੋ ਇਸ ਦੇ ਛੂੰਹਦਿਆਂ ਹੀ ਸਭ ਕਲੇਸ ਨਸ਼ਟ ਹੋ ਜਾਣਗੇ ਤੇ ਉਸ ਦੇ ਸਰੀਰ ਦਾ ਕੋਈ ਵੀ ਦੁਖ ਨਹੀਂ ਰਹੇਗਾ। ਵਰ ਜਾਂ ਸਰਾਪ ਜੋ ਵੀ ਦੇਵੇਗਾ ਤੇਰਾ ਉਹ ਬਚਨ ਪੂਰਾ ਹੋ ਜਾਏਗਾ। ਸੋ ਨਿਸਚਿੰਤ ਹੋ ਕੇ ਆਪਣੇ ਘਰ ਵਸੋ ਰਸੋ। ਜਿੱਥੇ ਕਿੱਥੇ ਗੁਰਮੁਖ ਮਾਰਗ ਦਾ ਪਰਕਾਸ਼ ਕਰੋ ਉਦੋਂ ਤੋਂ ਹੀ ਸੱਚਨ-ਸੱਚ ਕਰਾਮਾਤੀ ਹੋ ਗਿਆ ਸੀ।

## ਗੰਗੋਸ਼ਾਹ ਬਸੀ ਖੱਤਰੀ ਤੇ ਬਖਸ਼ਿਸ਼

ਇੱਕ ਗੰਗੋ ਨਾਂ ਦਾ ਬਸੀ ਖੱਤਰੀ ਸੀ। ਧਨ ਦਾ ਵਣਜ-ਵਿਹਾਰ ਕਰਨਾ ਉਸ ਦਾ ਕੰਮ ਸੀ। ਉਹ ਹਜਾਰਾਂ ਰੁਪਇਆਂ ਦਾ ਵਪਾਰ ਚਲਾਉਂਦਾ ਸੀ। ਦਿਨ-ਬ-ਦਿਨ ਅਕਲ ਦੀ ਵਰਤੋਂ ਕਰਕੇ ਉਹ ਕਾਰੋਬਾਰ ਵਧਾਈ ਜਾਂਦਾ ਸੀ। ਇੱਕ ਵਾਰ ਉਸ ਦਾ

ਵਪਾਰ ਵਿਗੜ ਗਿਆ। ਉਸ ਨੂੰ ਹਰੇਕ ਥਾਂ ਘਾਟਾ ਹੀ ਘਾਟਾ ਪੈ ਗਿਆ। ਉਸ ਦਾ ਕੋਈ ਵੀ ਮਦਦਗਾਰ ਨਾ ਬਣਿਆ। ਉਧਾਰ ਦਿੱਤੀ ਗਈ ਰਕਮ ਕਿਸੇ ਨੇ ਵੀ ਵਾਪਸ ਨਾ ਕੀਤੀ। ਉਹ ਮਨ ਵਿਚ ਬਹੁਤ ਦੁਖੀ ਹੋਇਆ। ਉਸ ਦਾ ਕੋਈ ਵੀ ਚਾਰਾ ਨਾ ਚੱਲਿਆ। ਉਹ ਆਪਣੇ ਪਰਵਾਰ,ਹੋਰ ਸਬੰਧੀਆਂ ਜਿਨ੍ਹਾਂ ਨਾਲ ਮਿਲਕੇ ਵਣਜ ਕਰਦਾ ਸੀ ਉਨ੍ਹਾਂ ਤੋਂ ਦੁਖੀ ਹੋ ਗਿਆ। ਉਹ ਬਹੁਤ ਉਪਾਅ ਕਰਦਾ ਰਿਹਾ ਪਰ ਉਸ ਦੇ ਪੈਰ ਨਾ ਲੱਗੇ। ਜਦੋਂ ਚਹੁੰਆਂ ਪਾਸਿਆਂ ਤੋਂ ਸੰਕਟ ਆਣ ਪਿਆ ਤਾਂ ਉਸ ਨੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਸ੍ਰੇਸ਼ਟ ਜਸ ਸੁਣਿਆ। ਉਸ ਨੇ ਹਿਰਦੇ ਵਿਚ ਕੇਵਲ ਗੁਰੂ ਅਮਰਦਾਸ ਜੀ ਉਪਰ ਹੀ ਆਸ ਰੱਖ ਲਈ। ਮੈਂ ਸਤਿਗੁਰੂ ਜੀ ਦੀ ਸ਼ਰਨ ਵਿਚ ਪੈਂਦਾ ਹਾਂ ਤਾਂ ਜੋ ਮੇਰਾ ਦੁੱਖਾਂ ਤੋਂ ਪਾਰ ਉਤਾਰਾ ਹੋ ਜਾਵੇ ਉਹ ਦ੍ਰਿੜ ਵਿਸ਼ਵਾਸ ਕਰਕੇ ਦਰਸ਼ਨ ਲਈ ਆਇਆ। ਪਹਿਲਾਂ ਉਸ ਨੇ ਲੰਗਰ ਵਿਚੋਂ ਭੋਜਨ ਛਕਿਆ ਫੇਰ ਪ੍ਰੇਮ ਸਹਿਤ ਗੁਰੂ ਜੀ ਦੀ ਸ਼ਰਨ ਵਿਚ ਪੈ ਗਿਆ। ਉਸ ਨੇ ਗੁਰੂ ਜੀ ਦੇ ਚਰਨ ਕਮਲਾਂ ਤੇ ਆਪਣਾ ਸਿਰ ਰੱਖ ਦਿੱਤਾ। ਉਹ ਕੋਲ ਬੈਠ ਗਿਆ ਤਾਂ ਕਿਰਪਾਲੂ ਗੁਰੂ ਜੀ ਨੇ ਪੁਛਿਆ ਗੰਗੋ ਦੱਸ ਤੇਰਾ ਕੀ ਹਾਲ ਹੈ। ਇਹ ਸੁਣ ਕੇ ਉਸ ਨੇ ਆਪਣਾ ਸਾਰਾ ਦੁਖ ਦੱਸ ਦਿੱਤਾ। ਪ੍ਰਭੂ ਜੀਉ ਮੈਨੂੰ ਧਨ ਦਾ ਬਹੁਤ ਘਾਟਾ ਪੈ ਗਿਆ ਹੈ। ਗੁਰੂ ਜੀ ਨੇ ਆਖਿਆ ਹੁਣ ਤੂੰ ਦਿੱਲੀ ਜਾ ਆੜ੍ਹਤ ਦੀ ਦੁਕਾਨ ਪਾ ਲੈ,ਸਤਿਸੰਗਤ ਦੀ ਸੇਵਾ ਕਰ ਬਹੁਤ ਧਨ ਪ੍ਰਾਪਤ ਹੋਏਗਾ,ਚਿੰਤਾ ਨਾ ਕਰ। ਉਹ ਗੁਰੂ ਜੀ ਦੀ ਆਗਿਆ ਲੈ ਕੇ ਦਿੱਲੀ ਸ਼ਹਿਰ ਵਿਚ ਪਹੁੰਚ ਗਿਆ,ਉੱਥੇ ਜਾ ਕੇ ਦੁਕਾਨ ਪਾ ਲਈ। ਅਚਾਨਕ ਹੀ ਉੱਥੇ ਇੱਕ ਮੁਸਲਮਾਨ ਆ ਗਿਆ ਜਿਸ ਨੇ ਇੱਕ ਲੱਖ ਮੋਹਰ ਆਪਣੇ ਨਾਲ ਲੱਦੀ ਹੋਈ ਸੀ। ਉਹ ਹੁੰਡੀ ਦਾ ਇੱਕ ਕਾਗਜ ਹੀ ਚਾਹੁੰਦਾ ਸੀ। ਉਹ ਆੜ੍ਹਤੀ ਦੀਆਂ ਦੁਕਾਨਾ ਤੇ ਪੁੱਛਦਾ ਫਿਰਦਾ ਸੀ। ਕੋਈ ਵੀ ਸੁਣ ਕੇ ਉਸ ਲਈ ਇੱਕ ਹੁੰਡੀ ਬਣਾ ਕੇ ਨਹੀਂ ਸੀ ਦੇ ਰਿਹਾ। ਬਹੁਤਾ ਧਨ ਕੋਲ ਹੋਣ ਕਰਕੇ ਉਹ ਡਰਿਆ ਹੋਇਆ ਸੀ ਤਦ ਉਹ ਗੰਗੋ ਦੀ ਦੁਕਾਨ ਤੇ ਆਇਆ ਤੇ ਕਿਹਾ ਮੈਂ ਇੱਕ ਹੁੰਡੀ ਬਣਵਾਉਣਾ ਚਾਹੁੰਦਾ ਹਾਂ। ਤਾਂ ਗੰਗੋ ਨੇ ਗੁਰੂ ਜੀ ਦੇ ਬਚਨ ਚੇਤੇ ਕੀਤੇ ਤੇ ਸੋਚਿਆ ਇਸ ਨਾਲ ਮੇਰੇ ਧਨ ਵਿਚ ਵਾਧਾ ਹੋਵੇਗਾ। ਲਿਆਉ ਮੈਂ ਹੁੰਡੀ ਬਣਾ ਦਿੰਦਾ ਹਾਂ ਗੰਗੋ ਨੇ ਇਹ ਕਹਿ ਦਿੱਤਾ ਤੇ ਮੁਸਲਮਾਨ ਪਾਸੋਂ ਉਸ ਨੇ ਸਾਰਾ ਧਨ ਲੈ ਲਿਆ। ਉਸ ਨੇ ਇੱਕ ਦਰਸ਼ਨੀ ਹੁੰਡੀ ਲਿਖੀ ਤੇ ਉਸ ਦੇ ਹੱਥਾਂ ਵਿਚ ਫੜਾ ਦਿੱਤੀ। ਉਸ ਮੁਸਲਮਾਨ ਨੇ ਹੁੰਡੀ ਲੈ ਕੇ ਲਾਹੌਰ ਜਾਣ ਦੀ ਤਿਆਰੀ ਕਰ ਲਈ। ਤਦ ਗੰਗੋ ਨੇ ਸਾਰੀ ਰਕਮ ਮੋਹਰਾਂ ਆਦਿ ਪਹਿਲਾਂ ਹੀ ਸ਼ਹਿਰ ਪਹੁੰਚਾ ਦਿੱਤੀਆਂ। ਮੁਸਲਮਾਨ ਲਾਹੌਰ ਜਾ ਵੜਿਆ ਤਾਂ ਉਹ ਪੁੱਛ ਕੇ ਬਾਣੀਏ ਦੀ ਹੱਟੀ ਵਿਚ ਚਲਾ ਗਿਆ। ਜਾ ਕੇ ਕਿਹਾ ਮੇਰੇ ਕੋਲੋਂ ਦਰਸ਼ਨੀ ਹੁੰਡੀ ਲੈ ਲਵੋ ਤੇ ਹੁਣੇ ਇੱਕ ਲੱਖ ਮੋਹਰਾਂ ਗਿਣਕੇ ਦੇ ਦਵੋ। ਵਪਾਰੀ

ਨੇ ਉੱਥੇ ਪਹੁੰਚ ਚੁੱਕੀਆਂ ਮੋਹਰਾਂ ਕੱਢ ਕੇ ਦੇ ਦਿੱਤੀਆਂ। ਮੁਸਲਮਾਨ ਮਨ ਵਿਚ ਪ੍ਰਸੰਨ ਹੋ ਕੇ ਮੋਹਰਾਂ ਲੈ ਕੇ ਚਲਾ ਗਿਆ। ਉਸ ਤੋਂ ਮਗਰੋਂ ਗੰਗੋ ਦੇ ਕੰਮ ਵਿਚ ਵਾਧਾ ਹੋ ਗਿਆ। ਘਰ ਵਿਚ ਉਸੇ ਤਰ੍ਹਾਂ ਧਨ ਕਮਾਉਣ ਲੱਗਾ। ਉਸ ਦਾ ਵਿਸ਼ਵਾਸ ਵੱਧ ਗਿਆ। ਵਪਾਰ ਚੱਲ ਪਿਆ ਤੇ ਬਹੁਤ ਸ਼ਹਿਰਾਂ ਵਿਚ ਜਾਣਿਆ ਜਾਣ ਲੱਗ ਪਿਆ। ਜਦੋਂ ਉੱਥੇ ਕਈ ਸਾਲ ਬੀਤ ਗਏ ਤਦ ਇੱਕ ਬ੍ਰਾਹਮਣ ਸ੍ਰੀ ਗੁਰੂ ਅਮਰਦਾਸ ਜੀ ਦੇ ਕੋਲ ਆਇਆ ਤੇ ਕਹਿਣ ਲੱਗਾ ਮੇਰੇ ਘਰ ਵਿਚ ਇੱਕ ਕੁਆਰੀ ਲੜਕੀ ਹੈ। ਹੇ ਗੁਰੂ ਜੀਉ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ। ਜੇਕਰ ਮੈਂ ਆਪ ਜੀ ਕੋਲੋਂ ਕੁਝ ਧਨ ਪ੍ਰਾਪਤ ਕਰ ਲਵਾਂ ਤਾਂ ਮੈਂ ਲੜਕੀ ਦਾ ਵਿਆਹ ਕਰ ਦਵਾਂਗਾ। ਗੁਰੂ ਅਮਰਦਾਸ ਜੀ ਨੇ ਇਹ ਲਿਖ ਦਿੱਤਾ ਚਾਂਦੀ ਦੇ ਪੰਜਾਹ ਸਿੱਕੇ ਦੇ ਦੇਵੋ। ਉਨ੍ਹਾਂ ਗੰਗੋ ਨੂੰ ਹੁੰਡੀ ਬਣਾ ਕੇ ਦੇ ਦਿੱਤੀ, ਬ੍ਰਾਹਮਣ ਲੈ ਕੇ ਚੱਲ ਪਿਆ। ਸ਼ਹਿਰ ਪਹੁੰਚ ਕੇ ਜਦ ਉਸ ਨੇ ਹੁੰਡੀ ਵਾਲਾ ਕਾਗਜ ਗੰਗੋ ਨੂੰ ਦਿੱਤਾ ਤਾਂ ਉਹ ਹੈਰਾਨ ਹੋ ਗਿਆ। ਉਹ ਚੁੱਪ ਰਿਹਾ, ਉਸ ਨੇ ਧਨ ਨਾ ਦਿੱਤਾ। ਹਿਰਦੇ ਵਿਚ ਬਹੁਤ ਹੀ ਦੁਖੀ ਹੋ ਕੇ ਬ੍ਰਾਹਮਣ ਵਾਪਸ ਮੁੜ ਆਇਆ। ਉਹ ਨਿਰਾਸ਼ ਹੋ ਕੇ ਖਾਲੀ ਹੀ ਗੁਰੂ ਜੀ ਕੋਲ ਆ ਗਿਆ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ। ਗੰਗੋ ਨੂੰ ਧਨ ਦਾ ਹੰਕਾਰ ਹੋ ਗਿਆ ਹੈ। ਗੁਰੂ ਜੀ ਨੇ ਵਿਚਾਰ ਕੀਤੀ–ਮਾਇਆ ਦਾ ਸੁਭਾਅ ਹੀ ਅਜਿਹਾ ਹੈ। ਜਿਸ ਕੋਲ ਆ ਜਾਂਦੀ ਹੈ ਉਸ ਦੀ ਮੱਤ ਮਾਰੀ ਜਾਂਦੀ ਹੈ। ਗੁਰੂ ਅਤੇ ਪਰਮੇਸ਼ਰ ਵੀ ਉਨ੍ਹਾਂ ਨੂੰ ਬਿਸਰ ਜਾਂਦੇ ਹਨ। ਲਾਲਚ ਵਿਚ ਲੱਗ ਕੇ ਮਨੁੱਖ ਕਸ਼ਟਾਂ ਵਿਚ ਪੈ ਜਾਂਦਾ ਹੈ। ਪੈਸਾ ਮਨੁੱਖ ਨੂੰ ਪਾਗਲ ਕਰ ਦਿੰਦਾ ਹੈ ਫੇਰ ਬੰਦਾ ਠੀਕ ਜਾਂ ਗਲਤ ਦੀ ਕੋਈ ਵਿਚਾਰ ਨਹੀਂ ਕਰਦਾ। ਇਉਂ ਜਾਣ ਕੇ ਗੁਰੂ ਜੀ ਨੇ ਬ੍ਰਾਹਮਣ ਨੂੰ ਧਨ ਦੁਆ ਦਿੱਤਾ ਤੇ ਲੜਕੀ ਦਾ ਵਿਆਹ ਕਰਕੇ ਉਹ ਖੁਸ਼ ਹੋ ਗਿਆ।

ਉਸ ਦਿਨ ਤੋਂ ਫੇਰ ਗੰਗੋ ਦਾ ਧਨ ਜਾਂਦਾ–ਜਾਂਦਾ ਸਾਰੇ ਦਾ ਸਾਰਾ ਹੀ ਨਾਸ ਹੋ ਗਿਆ। ਉਹ ਥੋੜ੍ਹੇ ਦਿਨਾ ਵਿਚ ਹੀ ਗਰੀਬ ਹੋ ਗਿਆ। ਤਦ ਉਸ ਨੇ ਆਪਣਾ ਔਗੁਣ ਜਾਣ ਲਿਆ। ਮੈਂ ਸਤਿਗੁਰੂ ਜੀ ਤੋਂ ਬੇਮੁੱਖ ਹੋ ਗਿਆ ਹਾਂ ਇਸੇ ਕਰਕੇ ਹੀ ਮੇਰਾ ਸਾਰਾ ਧਨ ਚਲਾ ਗਿਆ ਹੈ। ਗੁਰੂ ਜੀ ਤੋਂ ਬਗੈਰ ਮੇਰਾ ਹੋਰ ਕੌਣ ਮਦਦਗਾਰ ਹੈ। ਸੋ ਮੇਰੇ ਲਈ ਹੁਣ ਉਨ੍ਹਾਂ ਦਾ ਸੇਵਕ ਬਣ ਜਾਣਾ ਹੀ ਠੀਕ ਹੈ। ਮੈਂ ਹਰ ਤਰ੍ਹਾਂ ਨਾਲ ਜਗਤ ਮਾਲਕ ਗੁਰੂ ਜੀ ਦੀ ਸੇਵਾ ਕਰਾਂਗਾ। ਮੈਂ ਉਨ੍ਹਾਂ ਦੇ ਦਰ ਤੇ ਜਾ ਕੇ ਝਾੜੂ ਦੇਵਾਂਗਾ। ਲੰਬੇ ਸਮੇ ਤੱਕ ਸਿਰ ਤੇ ਚੁੱਕ ਕੇ ਉੱਥੇ ਪਾਣੀ ਢੋਵਾਂਗਾ। ਇਸ ਪ੍ਰਕਾਰ ਬਹੁਤ ਹੀ ਸੇਵਾ ਕਰਾਂਗਾ। ਉਹ ਦਿੱਲੀ ਸ਼ਹਿਰ ਤੋਂ ਚੋਰੀ ਚੋਰੀ ਨਿੱਕਲ ਕੇ ਗੋਇੰਦਵਾਲ ਸਾਹਿਬ ਪਹੁੰਚ ਗਿਆ। ਉਸ ਸਮੇਂ ਬਾਉਲੀ ਸਾਹਿਬ ਤਿਆਰ ਹੋ ਰਹੀ ਸੀ। ਗੰਗੋ ਸਾਰਿਆਂ ਨਾਲ ਮਿਲਕੇ ਕਾਰ ਸੇਵਾ ਵਿਚ ਲੱਗ ਗਿਆ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ ਸੀ। ਉਨ੍ਹਾਂ ਨੇ ਨਾ ਹੀ ਗੰਗੋ ਨੂੰ ਕੋਲ ਸੱਦਿਆ ਅਤੇ ਨਾ ਹੀ

ਮੁੱਖ ਤੋਂ ਕੁਝ ਕਿਹਾ। ਗੰਗੋ ਦੇ ਬਹੁਤ ਕੀਮਤੀ ਕੱਪੜੇ ਪਹਿਨੇ ਹੋਏ ਸਨ। ਉਹ ਇੱਟਾਂ ਬੰਨ੍ਹ ਕੇ ਪਿੱਠ ਤੇ ਰੱਖ ਕੇ ਤੁਰਦਾ ਜਾਂਦਾ। ਲੋਕ ਲਾਜ ਅਤੇ ਕੁਲ ਦੀ ਰੀਤ ਅਤੇ ਸਾਰੇ ਖਾਨ-ਪਾਣ ਦਾ ਗਿਆਨ ਉਸ ਨੇ ਤਿਆਗ ਦਿੱਤਾ ਸੀ। ਉਸ ਨੂੰ ਕੋਈ ਸੋਝੀ ਨਹੀ ਰਹਿੰਦੀ ਸੀ। ਉਹ ਬਾਉਲੀ ਦੀ ਕਾਰ ਸੇਵਾ ਵਿਚ ਹੀ ਮਸਤ ਹੋਇਆ ਲੱਗਾ ਰਹਿੰਦਾ। ਸਾਰੀ ਹੋਸ਼ ਭੁਲਾ ਕੇ ਉਹ ਪ੍ਰੇਮ ਰਸ ਵਿਚ ਡੁੱਬ ਗਿਆ ਸੀ। ਉਸ ਦੇ ਅੰਦਰ ਬਹੁਤ ਉਤਸ਼ਾਹ ਪੈਦਾ ਹੋ ਗਿਆ। ਜਿਵੇਂ ਜਿਵੇਂ ਹਿਰਦੇ ਨੂੰ ਸੁਖ ਪ੍ਰਾਪਤ ਹੁੰਦਾ ਗਿਆ। ਤਿਵੇਂ -ਤਿਵੇਂ ਗੁਰੂ ਸੇਵਾ ਹਿੱਤ ਉਸ ਦਾ ਪ੍ਰੇਮ ਵਧਦਾ ਗਿਆ। ਪ੍ਰੇਮ ਦੇ ਵਸ ਹੋ ਕੇ ਗੁਰੂ ਜੀ ਨੇ ਉਸ ਨੂੰ ਕੋਲ ਸੱਦਿਆ ਤੇ ਬਚਨ ਕੀਤਾ ਹੇ ਗੰਗੋ ਸ਼ਾਹ ਆਵੋ, ਤੇਰੇ ਸਾਰੇ ਦੁਖ ਨਾਸ਼ ਹੋ ਗਏ। ਗੰਗੋ ਨੇ ਆਪਣਾ ਸਿਰ ਗੁਰੂ ਜੀ ਦੇ ਚਰਨ ਕਮਲਾਂ ਤੇ ਧਰ ਦਿੱਤਾ। ਹੱਥ ਜੋੜ ਕੇ ਸਾਹਮਣੇ ਖੜ੍ਹਾ ਹੋ ਕੇ ਕਿਹਾ ਮੈਂ ਮਾਇਆ ਵਿਚ ਮਸਤ ਹੋ ਕੇ ਆਪ ਜੀ ਤੋਂ ਬੇਮੁੱਖ ਹੋ ਗਿਆ ਸੀ ਆਪਣਾ ਸੇਵਕ ਜਾਣ ਕੇ ਮੈਨੂੰ ਮੁਆਫ ਕਰ ਦੇਵੋ। ਮੈਨੂੰ ਆਪਣੇ ਚਰਨ ਕਮਲਾਂ ਵਿਚ ਰੱਖੋ। ਆ ਮੇਰੇ ਸੇਵਕ, ਤੁਸੀਂ ਆਪਣੇ ਮੁੱਖ ਤੋਂ ਇਹ ਆਖ ਦੇਵੋ। ਸੁਣ ਕੇ ਸਤਿਗੁਰੂ ਜੀ ਕਿਰਪਾ ਦੇ ਰਸ ਨਾਲ ਭਰ ਗਏ ਤੇ ਇੱਕ ਛਿਨ ਵਿਚ ਹੀ ਉਸ ਨੂੰ ਨਿਹਾਲ ਕਰ ਦਿੱਤਾ। ਉਸ ਨੂੰ ਨਵੇਂ ਸਫੈਦ ਕੱਪੜੇ ਪਹਿਨਾਏ। ਉਸ ਦੇ ਮੱਥੇ ਤੇ ਗੁਰੂ ਜੀ ਨੇ ਆਪਣਾ ਹੱਥ ਧਰ ਦਿੱਤਾ। ਮੁਖਾਰਬਿੰਦ ਤੋਂ ਸਤਿਨਾਮ ਦਾ ਮੰਤਰ ਕਹਾਇਆ ਅਤੇ ਉਸ ਨੂੰ ਗੰਗੋ ਸ਼ਾਹ ਕਹਿ ਕੇ ਬੁਲਾਇਆ। ਸਤਿਗੁਰਾਂ ਕਿਹਾ ਤੈਨੂੰ ਭੁਗਤੀ ਮੁਕਤੀ ਤੇ ਸਾਰੀਆਂ ਨਿੱਧੀਆਂ-ਸਿੱਧੀਆਂ ਦੀ ਬਖਸ਼ਿਸ਼ ਕਰ ਦਿੱਤੀ ਹੈ ਹੁਣ ਆਪਣੇ ਘਰ ਨੂੰ ਜਾਵੋ ਕਹਿ ਕੇ ਉਸ ਨੂੰ ਆਗਿਆ ਦੇ ਦਿੱਤੀ ਤੇ ਕਿਹਾ ਜਾ ਕੇ ਆਪਣੀ ਸੰਗਤ ਕਰੋ ਅਤੇ ਗੁਰਸਿੱਖੀ ਦੀ ਰੀਤ ਚਲਾਉ। ਗੰਗੋ ਨੇ ਬਖਸ਼ਿਸ਼ ਪ੍ਰਾਪਤ ਕਰਕੇ ਗੁਰੂ ਜੀ ਨੂੰ ਸੀਸ ਨਿਵਾਇਆ। ਵਿਦਾ ਹੋ ਕੇ ਆਪਣੇ ਘਰ ਚਲਾ ਗਿਆ। ਗੰਗੋ ਨੇ ਬਹੁਤ ਤਰ੍ਹਾਂ ਦੀ ਗੁਰੂ ਜੀ ਦੀ ਉਸਤਤੀ ਕੀਤੀ। ਘਰ ਜਾ ਕੇ ਉਸ ਨੇ ਸਤਿਸੰਗ ਬਣਾ ਲਿਆ। ਲੋਕਾਂ ਨੂੰ ਸਤਿਗੁਰੂ ਦਾ ਨਾਮ ਜਪਾਇਆ। ਜਿਸ ਨੂੰ ਵੀ ਉਹ ਕੋਈ ਬਚਨ ਕਰਦਾ ਉਸ ਦਾ ਉਹ ਪੂਰਾ ਹੋ ਜਾਂਦਾ। ਬਹੁਤ ਲੋਕ ਉਸ ਦੀ ਸੰਪ੍ਰਦਾਇ ਦੇ ਸਿੱਖ ਬਣਨ ਲੱਗੇ। ਉਹ ਹੁਣ ਤੱਕ ਗੰਗੋ ਦੀ ਸੰਪਰਦਾ ਦੇ ਨਾਮ ਨਾਲ ਜਾਣੇ ਜਾਂਦੇ ਹਨ।

***ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ॥***
***(ਆਦਿ ੬੧੧)***
***ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥***
***(ਆਦਿ ੭੪੯)***

## ਸੇਖਾਂ ਦੇ ਬੱਚਿਆਂ ਨੇ ਕਰਨੀ ਦਾ ਫਲ ਪਾਉਣਾ

ਗੋਇੰਦਵਾਲ ਸਾਹਿਬ ਨਗਰ ਦੀ ਸੋਭਾ ਵੇਖ ਕੇ ਸੇਖਾਂ ਨੇ ਵੀ ਉੱਥੇ ਘਰ ਬਣਾ ਲਏ। ਅਕਬਰ ਨਾ ਦਾ ਸੇਖ ਸਾਰੇ ਭਰਾਵਾਂ ਸਮੇਤ ਉੱਥੇ ਆ ਕੇ ਵਸ ਗਿਆ। ਗੁਰੂ ਘਰ ਵਿਚ ਕਥਾ ਕੀਰਤਨ ਦੇ ਪਰਵਾਹ ਚਲਦੇ ਸਿੱਖ ਸੰਗਤਾਂ ਸੇਵਾ ਕਰਕੇ ਬਹੁਤ ਖੁਸ਼ ਹੁੰਦੀਆਂ। ਸੇਖਾਂ ਦੇ ਨੌਜੁਆਨ ਬੱਚੇ ਇਹ ਖੁਸ਼ੀਆਂ ਵੇਖ ਕੇ ਸਹਾਰ ਨਾ ਸਕੇ ਤੇ ਉਹ ਸ਼ਰਾਰਤਾਂ ਕਰਨ ਲੱਗ ਪਏ। ਸਿੱਖ ਪਾਣੀ ਭਰਨ ਲਈ ਘੜੇ ਲੈ ਕੇ ਜਾਂਦੇ ਤਾਂ ਇਹ ਗੁਲੇਲੇ ਮਾਰ ਕੇ ਭੰਨ ਦਿੰਦੇ। ਜਦ ਉਨ੍ਹਾਂ ਨੇ ਇਸ ਤਰ੍ਹਾਂ ਬਹੁਤ ਜਿਆਦਤੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸੇਖਾਂ ਦੇ ਨੌਜੁਆਨ ਬੱਚੇ ਗੁਲੇਲੇ ਮਾਰ ਕੇ ਪਾਣੀ ਦੇ ਭਰੇ ਹੋਏ ਘੜੇ ਭੰਨ ਦਿੰਦੇ ਹਨ ਤਾਂ ਕਿਰਪਾਲੂ ਗੁਰੂ ਜੀ ਨੇ ਆਖਿਆ ਕਿ ਤੁਸੀਂ ਪਾਣੀ ਮਸ਼ਕਾਂ ਵਿਚ ਲੈ ਆਇਆ ਕਰੋ। ਗੁਰੂ ਜੀ ਦੇ ਬਚਨ ਮੰਨ ਕੇ ਸੰਗਤਾਂ ਨੇ ਉਸੇ ਤਰ੍ਹਾਂ ਹੀ ਕਰਨਾ ਸ਼ੁਰੂ ਕਰ ਦਿੱਤਾ। ਪਾਣੀ ਭਰ ਕੇ ਲਿਆਉਣ ਲਈ ਮਸ਼ਕਾਂ ਲੈ ਲਈਆਂ। ਤਾਂ ਸੇਖ ਦੇ ਵਿਗੜੇ ਹੋਏ ਨੌਜੁਆਨ ਮੁੰਡੇ ਹੱਥੀਂ ਕਮਾਣਾ ਫੜ ਕੇ ਘੁਮੰਡ ਨਾਲ ਤੀਰ ਮਾਰ ਕੇ ਮਸ਼ਕਾਂ ਪਾੜ ਦਿੰਦੇ। ਫਿਰ ਸਿੱਖਾਂ ਨੇ ਤੁਰੰਤ ਸਾਰਾ ਬਿਰਤਾਂਤ ਸਤਿਗੁਰੂ ਜੀ ਨੂੰ ਦੱਸਿਆ। ਹੁਣ ਉਹ ਤੀਰ ਮਾਰ ਕੇ ਮਸ਼ਕਾਂ ਪਾੜ ਦਿੰਦੇ ਹਨ। ਸਾਡਾ ਵਸ ਨਹੀਂ ਚਲਦਾ ਉਹ ਬਹੁਤ ਨੁਕਸਾਨ ਕਰਦੇ ਹਨ। ਤਾਂ ਫਿਰ ਚੰਨ ਮੁਖੜੇ ਗੁਰੂ ਜੀ ਨੇ ਫੁਰਮਾਇਆ ਖੁਸ਼ੀ-ਖੁਸ਼ੀ ਗਾਗਰਾਂ ਵਿਚ ਜਲ ਲੈ ਆਇਆ ਕਰੋ। ਸਤਿ ਬਚਨ ਕਹਿ ਕੇ ਸੰਗਤਾਂ ਨੇ ਉਸੇ ਤਰ੍ਹਾਂ ਹੀ ਕੀਤਾ। ਉਹ ਮੁੰਡੇ ਗਾਗਰਾਂ ਤੇ ਇੱਟਾਂ ਤੇ ਰੋੜੇ ਮਾਰਨ ਲੱਗ ਪਏ। ਹੰਕਾਰੀ ਦੁਸ਼ਟ ਜੁਲਮ ਕਰਦੇ ਸਨ। ਉਨ੍ਹਾਂ ਦੇ ਮਾਤਾ ਪਿਤਾ ਵੀ ਉਨ੍ਹਾਂ ਨੂੰ ਨਹੀਂ ਰੋਕਦੇ ਸਨ। ਸਗੋਂ ਮੁੰਡਿਆਂ ਦੀਆਂ ਸ਼ਰਾਰਤਾਂ ਵੇਖ ਕੇ ਪ੍ਰਸੰਨ ਹੁੰਦੇ ਸਨ। ਫੇਰ ਸਮੂਹ ਸੰਗਤ ਨੇ ਬੇਨਤੀ ਕੀਤੀ ਕਿ ਸੇਖਾਂ ਦੇ ਵਿਗੜੇ ਹੋਏ ਮੁੰਡੇ ਗਾਗਰਾਂ ਤੇ ਇੱਟਾਂ ਰੋੜੇ ਮਾਰ ਕੇ ਭੰਨਦੇ ਹਨ। ਇਹ ਸੁਣ ਕੇ ਦਿਆਲੂ ਗੁਰੂ ਜੀ ਚੁੱਪ ਕਰ ਰਹੇ। ਫੇਰ ਉੱਥੇ ਸੰਨਿਆਸੀ ਆ ਗਏ ਉਨ੍ਹਾਂ ਵਿਗੜੇ ਮੁੰਡਿਆਂ ਨੇ ਉਨ੍ਹਾਂ ਨਾਲ ਵੀ ਉਵੇਂ ਹੀ ਕੀਤਾ। ਜਦੋਂ ਕੋਈ ਸੰਨਿਆਸੀ ਪਾਣੀ ਭਰ ਕੇ ਲਿਆਉਂਦਾ ਤਾਂ ਬਿਨਾ ਦੇਰੀ ਭਾਂਡਾ ਭੰਨ ਛੱਡਦੇ। ਇੱਕ ਅਜਿਹਾ ਗੁਲੇਲਾ ਉੱਥੇ ਜਾ ਕੇ ਵੱਜਿਆ ਕਿ ਉਦੋਂ ਹੀ ਮਹੰਤ ਦੀ ਅੱਖ ਨਿਕਲ ਗਈ। ਸਨਿਆਸੀਆਂ ਨੇ ਸ਼ਸਤਰ ਫੜ ਕੇ ਕਈਆਂ ਨੂੰ ਮਾਰਿਆ,ਕਈਆਂ ਨੂੰ ਫੱਟੜ ਕਰ ਦਿੱਤਾ।

ਉਸ ਸਮੇਂ ਤੁਰਕਾਂ ਦਾ ਡੇਰਾ ਨਗਰ ਦੇ ਚੌਹੀਂ ਪਾਸੀਂ ਆਣ ਉੱਤਰਿਆ ਸੀ ਉਨ੍ਹਾਂ ਦੀਆਂ ਅਨੇਕਾਂ ਖੱਚਰਾਂ ਧਨ ਨਾਲ ਲੱਦੀਆਂ ਹੋਈਆਂ ਸਨ। ਇਹ ਰਾਤ ਕੱਟਣ ਲਈ ਆਣ ਉੱਤਰੀਆਂ ਸਨ। ਉਨ੍ਹਾਂ ਨੇ ਸਵੇਰੇ ਚਾਲੇ ਪਾ ਦਿੱਤੇ। ਪਰਲੋ ਜਿਹੀ ਹਨੇਰੀ ਆ ਗਈ। ਆਪਣੇ ਪਰਾਏ ਦੀ ਪਛਾਣ ਨਹੀਂ ਹੋ ਰਹੀ ਸੀ। ਮਿੱਟੀ ਘੱਟੇ ਨਾਲ ਲੋਕੀ

ਅੰਨ੍ਹੇ ਹੋ ਗਏ। ਉਸ ਵੇਲੇ ਤੁਰਕਾਂ ਦੀ ਇੱਕ ਖੱਚਰ ਨਗਰ ਵੱਲ ਆ ਗਈ ਉਹ ਸੇਖਾਂ ਨੇ ਅੰਦਰ ਵਾੜ ਲਈ ਕਿਉਂ ਕਿ ਉਸ ਦੇ ਖੁਰਾਂ ਦੇ ਚਿੰਨਾ ਦਾ ਪਤਾ ਨਹੀ ਸੀ ਲਗਦਾ ਪਰ ਜਦੋਂ ਹਨੇਰੀ ਹਟ ਗਈ ਤਾਂ ਚਾਨਣ ਹੋ ਗਿਆ ਤਾਂ ਉਹ ਤੁਰਕ ਖੱਚਰ ਦੀ ਭਾਲ ਕਰਨ ਲੱਗ ਪਏ। ਖੱਚਰ ਕਿਤੋਂ ਨਾ ਮਿਲੀ। ਜਦੋਂ ਉਹ ਵਾਪਸ ਜਾਣ ਲੱਗੇ ਤਾਂ ਖੱਚਰ ਸੇਖਾਂ ਦੇ ਅੰਦਰੋਂ ਹੀ ਹਿਣਕਣ ਲੱਗ ਪਈ। ਸਿਪਾਹੀਆਂ ਨੇ ਅੰਦਰ ਵੜ ਕੇ ਖੱਚਰ ਖੋਹ ਲਈ। ਤੁਰਕਾਂ ਨੇ ਉਨ੍ਹਾਂ ਦੇ ਘਰ ਬਾਰ ਜਬਤ ਕਰ ਲਏ। ਜਿਨ੍ਹਾਂ ਨੇ ਗੁਰੂ ਜੀ ਦੀ ਸੰਗਤ ਨਾਲ ਵੈਰ ਕਮਾਇਆ ਸੀ ਸਿਪਾਹੀਆਂ ਨੇ ਕਈ ਸੇਖਾਂ ਨੂੰ ਫਾਹੇ ਲਾਇਆ ਤੇ ਕਈਆਂ ਦੀ ਨਿਰਾਦਰੀ ਕੀਤੀ। ਸਿੱਖਾਂ ਨੇ ਸਾਰੀ ਗੱਲ ਗੁਰੂ ਜੀ ਨੂੰ ਜਾ ਦੱਸੀ। ਇਹ ਸੁਣ ਕੇ ਗੁਰੂ ਜੀ ਨੇ ਫਰਮਾਇਆ ਇੱਕ ਸੰਤ ਨੂੰ ਉਸ ਦੇ ਸਿੱਖ ਚੇਲੇ ਨੇ ਕਿਹਾ ਸੀ। ਉਹ ਅਮੋਲਕ ਬਚਨ ਤੁਸੀਂ ਧਿਆਨ ਦੇ ਕੇ ਸੁਣੋ ਜੇਕਰ ਕੋਈ ਕਿਸੇ ਨਾਲ ਬੁਰਾ ਕਰੇ ਤਾਂ ਉਹ ਕੀ ਕਰੇ। ਸੁੱਖਾਂ ਦੇ ਦਾਤੇ ਸੰਤ ਜੀਉ ਦੱਸੋ। (ਉੱਤਰ) ਜੋ ਕੋਈ ਭਲਾ ਕਰਨ ਉੱਤੇ ਵੀ ਬੁਰਾ ਕਰੇ ਤਾਂ ਉਹ ਬੁਰਾ ਕਰਨ ਵਾਲੇ ਤੋਂ ਬਦਲਾ ਲੈਣ ਤੋਂ ਹੱਟ ਜਾਵੇ। ਪਰ ਜੇਕਰ ਫੇਰ ਵੀ ਬੁਰਾ ਕਰੇ ਤਾਂ (ਉੱਤਰ ਹੈ) ਉਹ ਭਲਾ ਕਰੇ,ਮੁੜ ਮੁੜ ਕੇ ਭਲਾ ਕਰੇ। ਇਉਂ ਭਲੇ ਮਨੁੱਖ ਦੀ ਭਲਿਆਈ ਕਰਨ ਕਰਕੇ ਉਹ ਬੁਰਾ ਮਨੁੱਖ ਆਪਣੇ ਆਪ ਹੀ ਦੁੱਖ ਭੋਗੇਗਾ। ਇੱਥੋਂ ਤੱਕ ਕੇ ਅੰਤ ਨੂੰ ਉਹ ਬੁਰਾ ਕਰਨ ਜੋਗਾ ਹੀ ਨਹੀਂ ਰਹੇਗਾ। ਉਹ ਆਪ ਹੀ ਖਤਮ ਹੋ ਜਾਵੇਗਾ।

ਗੁਰੂ ਜੀ ਨੇ ਫੁਰਮਾਇਆ ਜਿਸ ਤਰ੍ਹਾ ਕੋਈ ਕਰਦਾ ਹੈ ਉਸੇ ਤਰ੍ਹਾਂ ਉਹ ਪਾਉਂਦਾ ਹੈ। ਗੁਰੂ ਘਰ ਵਿਚ ਤਾਂ ਜੋ ਨੀਵਾਂ ਹੋ ਕੇ ਰਹੇਗਾ ਉਹ ਹੀ ਵਧੇ ਫੁੱਲੇਗਾ। ਪਰਮੇਸਰ ਸਮਰੱਥ ਹੈ। ਉਹ ਸੰਤਾਂ ਨੂੰ ਹੱਥ ਦੇ ਕੇ ਰੱਖਦੇ ਹਨ। ਜਿਨ੍ਹਾਂ ਜੀਵਾਂ ਨੂੰ ਇਸ ਤਰ੍ਹਾਂ ਦਾ ਗਿਆਨ ਹੋ ਜਾਂਦਾ ਹੈ ਉਹ ਅਨੇਕ ਪ੍ਰਕਾਰ ਨਾਲ ਪ੍ਰੇਮ ਸਹਿਤ ਗੁਰੂ ਜੀ ਦੀ ਸੇਵਾ ਕਰਦੇ ਹਨ ਅਤੇ ਆਪਣਾ ਜਨਮ ਸਫਲਾ ਕਰ ਲੈਂਦੇ ਹਨ।

## ਗੋਇੰਦਵਾਲ ਸਾਹਿਬ ਵਸਾਉਣਾ

***ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ॥ (ਆਦਿ ੬੫੩)***

ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਖੇ ਬਿਰਾਜਮਾਨ ਹਨ। ਉਹ ਸੇਵਕਾਂ ਦੇ ਮਨੋਰਥ ਸਫਲ ਕਰ ਰਹੇ ਹਨ। ਇਕ ਗੋਇੰਦਾ ਨਾ ਦਾ ਖੱਤਰੀ ਉੱਥੇ ਆਇਆ ਉਸ ਨੇ ਦਰਸ਼ਨ ਕਰਦਿਆਂ ਹੀ ਸਤਿਗੁਰਾਂ ਅੱਗੇ ਸੀਸ ਨਿਵਾਇਆ ਫਿਰ ਹੱਥ ਜੋੜ ਕੇ ਬੇਨਤੀ ਕੀਤੀ ਹੇ ਸਤਿਗੁਰੂ ਜੀਉ ਆਪ ਦੀ ਸਿਫਤ ਮਹਾਨ ਹੈ ਜੋ ਬੁੱਧੀਮਾਨ ਲੋਕ ਹਨ ਉਹ ਆਪ ਜੀ ਦੀ ਸ਼ਲਾਘਾ ਕਰਦੇ ਹਨ ਜੋ ਬਹੁਤ ਸਾਰੇ ਗੁਪਤ ਅਤੇ ਪਰਗਟ ਰੂਪ ਵਿਚ ਜਗਤ ਦੇ ਜੀਵ ਹਨ ਉਹ ਸਭ ਆਪ ਜੀ ਦੀ ਆਗਿਆ ਅਨੁਸਾਰ ਚੱਲਦੇ ਹਨ। ਮੇਰਾ ਪਿੰਡ ਉਜਾੜ ਪਿਆ ਹੈ ਉੱਥੇ ਸਾਰੇ ਹੀ ਭੂਤਨਿਆਂ ਨੇ

ਵਾਸਾ ਕੀਤਾ ਹੈ। ਦਿਓ, ਜਿੰਨ ਅਤੇ ਬਹੁਤ ਜਾਤੀਆਂ ਦੇ ਪ੍ਰੇਤ ਵੱਸਦੇ ਹਨ। ਉਥੇ ਉਪੱਦਰਵੀਆਂ ਨੇ ਵਾਸਾ ਕੀਤਾ ਹੋਇਆ ਹੈ। ਜੋ ਕਈ ਲੱਖ ਪ੍ਰੇਤਾਂ ਦੇ ਡੇਰੇ ਇੱਧਰ ਉੱਧਰ ਦੇਸ ਵਿਚ ਘੁੰਮਦੇ ਫਿਰਦੇ ਹਨ। ਉਹ ਮੇਰੇ ਪਿੰਡ ਵਿਚ ਆਣ ਠਹਿਰਦੇ ਹਨ। ਉਥੇ ਕੋਈ ਵੀ ਮਨੁੱਖ ਵਸ ਨਹੀਂ ਸਕਦਾ। ਦਿਨ ਵੇਲੇ ਬਹੁਤ ਸਾਰੇ ਲੋਕੀ ਉਸਾਰੀ ਕਰਕੇ ਕੰਧ ਖੜੀ ਕਰਦੇ ਹਨ ਰਾਤ ਪੈਂਦਿਆਂ ਹੀ ਬੜੇ ਭਿਆਨਕ ਅਤੇ ਭੈੜੇ ਰੂਪ ਵਾਲੇ ਭੂਤ ਉਹ ਸਾਰੀ ਢਾਹ ਦਿੰਦੇ ਹਨ। ਮੈਂ ਕਈ ਵਾਰੀ ਇੱਥੇ ਲੋਕ ਲਿਆ ਲਿਆ ਕੇ ਵਸਾਏ ਹਨ ਪਰ ਭੂਤਨਿਆਂ ਨੇ ਡਰਾ ਕੇ ਤੇ ਮਾਰ ਕੇ ਫਿਰ ਉਜਾੜ ਦਿੱਤੇ ਹਨ। ਉੱਥੇ ਤੁਸੀਂ ਆਪਣੇ ਪਵਿੱਤਰ ਚਰਨ ਪਾਵੋ ਤੇ ਕਿਰਪਾ ਕਰਕੇ ਉਸ ਪਿੰਡ ਨੂੰ ਮੁੜ ਵਸਾਉ। ਆਪ ਜਿੰਨੀ ਚਾਹੋ ਉਤਨੀ ਜਮੀਨ ਲੈ ਲਵੋ ਉਸ ਨੂੰ ਕੋਈ ਰੋਕਣ ਵਾਲਾ ਨਹੀਂ ਹੋਵੇਗਾ। ਹੇ ਕਿਰਪਾਲੂ ਜੀਉ ਇੱਕ ਵੱਡਾ ਸਾਰਾ ਨਗਰ ਵਸਾ ਕੇ ਮੇਰੀ ਇੱਛਾ ਪੂਰੀ ਕਰੋ। ਸ੍ਰੀ ਅੰਗਦ ਦੇਵ ਜੀ ਨੇ ਅਜਿਹੀ ਬੇਨਤੀ ਸੁਣ ਕੇ ਪੁੱਛਿਆ ਇਹ ਗੱਲ ਕਿਵੇਂ ਵਾਪਰੀ। ਭੂਤਾਂ ਪ੍ਰੇਤਾਂ ਦਾ ਕਦੋਂ ਤੋਂ ਡੇਰਾ ਕੀਤਾ ਹੋਇਆ ਹੈ। ਪਿੰਡ ਨੂੰ ਕਿਸ ਤਰ੍ਹਾਂ ਉਜਾੜ ਦਿੱਤਾ। ਸੰਗਤ ਵਿਚ ਬੈਠ ਕੇ ਸਾਰਾ ਵੇਰਵਾ ਸੁਣਾਉ ਤੇ ਫਿਰ ਮਨ ਇੱਛਤ ਗੁਰੂ ਤੋਂ ਪ੍ਰਾਪਤ ਕਰੋ। ਸਤਿਗੁਰੂ ਜੀ ਤੋਂ ਇਹ ਸੁਣ ਕੇ ਗੋਇੰਦਾ ਬੈਠ ਕੇ ਜੋ ਬਿਰਤਾਂਤ ਹੈ ਸੀ ਉਹ ਸੁਣਾਉਣ ਲੱਗ ਪਿਆ ਸ੍ਰੀ ਸਤਿਗੁਰੂ ਜੀਉ ਗੱਲ ਇਉਂ ਹੋਈ ਸਰੀਕਾਂ ਨਾਲ ਝਗੜਾ ਹੁੰਦਾ ਸੀ। ਆਪੋ ਵਿਚ ਬਹੁਤ ਝਗੜਾ ਉੱਠ ਖਲੋਤਾ। ਬਹੁਤ ਜਣੇ ਮਿਲਕੇ ਵੀ ਝਗੜਾ ਮੁਕਾ ਨਾ ਸਕੇ। ਦੋਹਾਂ ਪੱਖਾਂ ਦੇ ਲੋਕ ਝਗੜਦੇ ਝਗੜਦੇ ਦਿੱਲੀ ਜਾ ਪਹੁੰਚੇ। ਉੱਥੇ ਜਾ ਕੇ ਇਹ ਹੁਕਮ ਹੋਇਆ ਕਿ ਸੌਂਹ ਚੁੱਕੋ ਤੇ ਫੇਰ ਆਪਣਾ ਥਾਂ ਪ੍ਰਾਪਤ ਕਰ ਲਓ। ਉਸ ਵੇਲੇ ਮੈਂ ਝੂਠੀ ਸੌਂਹ ਖਾ ਲਈ ਤੇ ਸਾਰਾ ਹੀ ਝਗੜਾ ਜਿੱਤ ਲਿਆ। ਪ੍ਰਸੰਨਤਾ ਸਹਿਤ ਬਹੁਤ ਸਾਰੀ ਜਮੀਨ ਪ੍ਰਾਪਤ ਕਰ ਲਈ। ਜਦੋਂ ਮੈਂ ਆਣ ਕੇ ਨਗਰ ਵਸਾ ਦਿੱਤਾ ਤਾਂ ਸਾਰੇ ਪ੍ਰੇਤਾਂ ਨੇ ਜਾਣਿਆ ਕਿ ਅਧਰਮ ਹੋ ਗਿਆ ਹੈ। ਇਹਨੂੰ ਮਹਾਨ ਪਾਪ ਜਾਣ ਕੇ ਉਹ ਦੂਰ ਦੂਰ ਦੇਸਾਂ ਤੋਂ ਚੱਲ ਕੇ ਇੱਕ ਸਥਾਨ ਤੇ ਆ ਇਕੱਠੇ ਹੋਏ। ਹੌਲੀ ਹੌਲੀ ਉਨ੍ਹਾਂ ਨੇ ਲੋਕ ਉਜਾੜ ਦਿੱਤੇ ਅਤੇ ਆਪ ਉੱਥੇ ਵਸ ਗਏ। ਇਸ ਪ੍ਰਕਾਰ ਉਥੇ ਉਨ੍ਹਾਂ ਦਾ ਡੇਰਾ ਬਣ ਗਿਆ ਤੇ ਲੱਖਾਂ ਹੀ ਪ੍ਰੇਤਾਂ ਨੇ ਵਸੇਬਾ ਕਰ ਲਿਆ। ਤੁਹਾਡੇ ਬਿਨਾਂ ਹੋਰ ਕੋਈ ਉਪਾਅ ਨਹੀਂ ਹੈ। ਆਪ ਜੀ ਦੇ ਚਰਨ ਪਾਉਣ ਨਾਲ ਹੀ ਇਹ ਸਥਾਨ ਪਵਿੱਤਰ ਹੋਵੇਗਾ। ਤਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਨ ਵਿੱਚ ਵਿਚਾਰ ਕੀਤੀ ਕਿ ਮੇਰੇ ਪੁੱਤਰਾਂ ਦੇ ਮਨਾਂ ਵਿੱਚ ਬਹੁਤ ਹੰਕਾਰ ਹੈ। ਮੇਰੀ ਆਖੀ ਹੋਈ ਗੱਲ ਤਾਂ ਮੰਨਦੇ ਨਹੀਂ ਉਹ ਚਾਹੁੰਦੇ ਹਨ ਕਿ ਗੁਰਿਆਈ ਸਾਡੇ ਕੋਲ ਹੀ ਰਹੇ। ਇਹ ਗੁਰਿਆਈ ਤਾਂ ਸੇਵਕ ਦੀ ਚੀਜ ਹੈ। ਗੁਰੂ ਦੇ ਆਗਿਆਕਾਰ ਰਹਿ ਕੇ ਜੋ ਵੀ ਕੋਈ ਸੇਵਾ ਕਰਦਾ ਹੈ ਉਹ ਹੀ ਪ੍ਰਾਪਤ ਕਰਦਾ ਹੈ। ਦਾਤੂ ਤੇ ਦਾਸੂ ਤਾਂ ਸ੍ਰੀ

ਅਮਰਦਾਸ ਜੀ ਨਾਲ ਈਰਖਾ ਕਰਦੇ ਹਨ। ਜੋ ਦਾਸੂ ਦੇ ਪੱਖ ਵਿੱਚ ਹਨ ਉਹ ਵੀ ਕਈ ਸਿੱਖ ਇਹੀ ਚਾਹੁੰਦੇ ਹਨ। ਇਸ ਲਈ ਹੁਣ ਸਾਰਿਆਂ ਦੇ ਸਾਹਮਣੇ ਪਰਖ ਕੇ ਦਿਖਾ ਦਿੰਦੇ ਹਾਂ ਕਿ ਉਹ ਪੁੱਤਰ ਗੱਦੀ ਦੇ ਲਾਇਕ ਨਹੀਂ ਹਨ। ਇਉਂ ਵਿਚਾਰ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੱਡੇ ਪੁੱਤਰ ਦਾਸੂ ਨੂੰ ਆਖਿਆ ਕਿ ਤੁਸੀਂ ਗੋਂਦੇ ਦੇ ਨਾਲ ਜਾਉ ਅਤੇ ਪ੍ਰੇਤਾਂ ਨੂੰ ਖਦੇੜ ਕੇ ਉਥੇ ਪਿੰਡ ਵਸਾ ਦਿਓ। ਇਹ ਸੁਣ ਕੇ ਦਾਸੂ ਆਖਣ ਲੱਗਿਆ ਮੈਂ ਨਹੀਂ ਜਾਂਦਾ। ਮੈਂ ਭੂਤਾਂ ਪ੍ਰੇਤਾਂ ਦੇ ਵਿੱਚ ਪਿੰਡ ਕਿਵੇਂ ਵਸਾਵਾਂ। ਸਾਡੇ ਰਹਿਣ ਲਈ ਪਿੰਡ ਖਡੂਰ ਹੈ। ਇਹਨੂੰ ਛੱਡ ਕੇ ਮੈਂ ਉਥੇ ਨਹੀਂ ਜਾਵਾਂਗਾ। ਉਹ ਕਰੜੀ ਥਾਂ ਹੈ। ਮੇਰੇ ਕੋਲੋਂ ਉਥੇ ਨਹੀਂ ਜਾਇਆ ਜਾਂਦਾ। ਉਥੇ ਵਸਾ ਕੇ ਅਸਾਂ ਕੀ ਲੈਣਾ ਹੈ। ਸਾਨੂੰ ਸਾਰੇ ਪਦਾਰਥ ਪਰਮੇਸ਼ਰ ਨੇ ਇੱਥੇ ਹੀ ਦਿੱਤੇ ਹੋਏ ਹਨ। ਫੇਰ ਗੁਰੂ ਅੰਗਦ ਸਾਹਿਬ ਜੀ ਨੇ ਛੋਟੇ ਪੁੱਤਰ ਦਾਤੂ ਨੂੰ ਕਿਹਾ ਤੇਰਾ ਵੱਡਾ ਭਰਾ ਤਾਂ ਨਹੀਂ ਜਾਂਦਾ ਮੇਰਾ ਆਖਾ ਮੰਨ ਕੇ ਹੁਣ ਤੂੰ ਹੀ ਚਲਾ ਜਾਹ। ਗੋਂਦਾ ਖੱਤਰੀ ਮੁੜ ਮੁੜ ਬੇਨਤੀਆਂ ਕਰਦਾ ਹੈ। ਛੋਟਾ ਪੁੱਤਰ ਵੀ ਕਹਿਣ ਲੱਗਿਆ ਪਿਤਾ ਜੀ ਸੁਣੋ ਆਪਾਂ ਚੰਗੇ ਭਲੇ ਖਡੂਰ ਵਿੱਚ ਵਸ ਰਹੇ ਹਾਂ ਸਾਨੂੰ ਉਥੇ ਜਾਣ ਦੀ ਕੀ ਜਰੂਰਤ ਹੈ। ਸਾਨੂੰ ਕਿਸੇ ਦੇ ਨਾਲ ਚੱਲ ਕੇ ਕਿਉਂ ਜਾਣਾ ਹੈ ਕੋਈ ਉੱਜੜੇ ਭਾਵੇਂ ਕੋਈ ਵਸੇ। ਦੋਹਾਂ ਪੁੱਤਰਾਂ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਹਜੂਰ ਨੇ ਸ੍ਰੀ ਅਮਰਦਾਸ ਵੱਲ ਤੱਕ ਕੇ ਫੁਰਮਾਇਆ ਪੁਰਖਾ ਤੂੰ ਉਥੇ ਜਾਹ ਜਿੱਥੇ ਭੂਤਾਂ ਪ੍ਰੇਤਾਂ ਦਾ ਵਾਸਾ ਹੈ। ਜਾ ਕੇ ਸੁੰਦਰ ਨਗਰੀ ਵਸਾ। ਹਜੂਰ ਦੇ ਬਚਨ ਸੁਣਦਿਆਂ ਹੀ ਲੱਕ ਬੰਨ੍ਹ ਕੇ ਤਿਆਰ ਹੋ ਗਏ। ਗੁਰੂ ਜੀ ਨੇ ਫੁਰਮਾਇਆ ਸਾਰੀ ਥਾਂ ਨੂੰ ਪੱਧਰੀ ਕਰ ਲੈਣਾ। ਇੱਕ ਸੁੰਦਰ ਸੋਟੀ ਸ੍ਰੀ ਅਮਰਦਾਸ ਜੀ ਨੂੰ ਫੜਾਈ ਤੇ ਆਖਿਆ ਇਹ ਲੈ ਜਾਉ ਤੇ ਉਨ੍ਹਾਂ ਪ੍ਰੇਤਾਂ ਦੇ ਸਾਹਮਣੇ ਹੋ ਕੇ ਉਨ੍ਹਾਂ ਨੂੰ ਵਖਾ ਦੇਣਾ ਤਾਂ ਕੋਈ ਪ੍ਰੇਤ ਉਥੇ ਨਹੀਂ ਰਹੇਗਾ। ਤੁਰਨ ਸਮੇਂ ਸ੍ਰੀ ਅਮਰਦਾਸ ਜੀ ਦੇ ਨੈਣਾ ਵਿੱਚ ਨੀਰ ਭਰ ਆਇਆ। ਨਮਸਕਾਰ ਕਰਨ ਵੇਲੇ ਗੁਰੂ ਅੰਗਦ ਸਾਹਿਬ ਜੀ ਦੇ ਚਰਨ ਕਮਲ ਭਿੱਜ ਗਏ। ਸ੍ਰਿਸ਼ਟੀ ਦੇ ਮਾਲਕ ਨੇ ਧੀਰਜ ਦੇ ਕੇ ਤੋਰ ਦਿੱਤਾ। ਵਿੱਛੜਨ ਸਮੇਂ ਆਪਣਾ ਮੁੱਖ ਸਤਿਗੁਰੂ ਜੀ ਦੇ ਵੱਲ ਰੱਖ ਕੇ ਚਾਲੇ ਪਾ ਦਿੱਤੇ। ਸਤਿਗੁਰੂ ਜੀ ਨੇ ਇਸ ਤਰ੍ਹਾਂ ਪੁੱਤਰ ਪਰਖ ਲਏ ਤੇ ਸਿੱਖਾਂ ਦੇ ਸਾਰੇ ਭਰਮ ਮੇਟ ਦਿੱਤੇ। ਭਾਈ ਗੋਂਦੇ ਖੱਤਰੀ ਨਾਲ ਜਾ ਕੇ ਗੁਰੂ ਅਮਰਦਾਸ ਜੀ ਨੇ ਆਪਣੇ ਹੱਥ ਵਿੱਚ ਸੋਟੀ ਫੜ ਕੇ ਭੁਤਾਂ ਪ੍ਰੇਤਾਂ ਨੂੰ ਪਰੇ ਕਰ ਦਿੱਤਾ। ਉਨ੍ਹਾਂ ਭੂਤਾਂ ਨੂੰ ਇਸ ਸੋਟੀ ਵਿੱਚੋਂ ਇੰਨਾਂ ਸੇਕ ਲਗਦਾ ਕਿ ਉਹ ਇੱਕ ਛਿਨ ਭਰ ਲਈ ਵੀ ਉੱਥੇ ਠਹਿਰ ਨਹੀਂ ਸਨ ਸਕਦੇ। ਉਹ ਹਾਹਾਕਾਰ ਮਚਾਉਂਦੇ ਹੋਏ ਭੱਜ ਗਏ। ਉਨ੍ਹਾਂ ਪ੍ਰੇਤਾਂ ਵਿੱਚ ਇੱਕ ਦੈਂਤਣੀ ਵੀ ਸੀ। ਜਿਸ ਦੇ ਪੇਟ ਵਿੱਚ ਬੱਚਾ ਸੀ। ਜਦੋਂ ਬੇਚੈਨ ਹੋਈ ਡਰਦੀ ਹੋਈ ਭੱਜੀ ਤਾਂ ਗਰਭ ਡਿੱਗ ਪਿਆ ਤੇ ਦੋ ਬੱਚੇ ਜਨਮੇ। ਉਥੇ ਜਵਾਰ ਦਾ ਖੇਤ ਸੀ ਤੇ ਜਵਾਰ ਉਪਰੋਂ ਕੱਟੀ ਹੋਈ ਸੀ। ਇੱਕ ਬੱਚਾ ਡਿੱਗ ਪਿਆ ਤੇ ਉਸ ਦੀ ਅੱਖ ਵਿੱਚ ਕੱਟੇ ਹੋਏ ਟਾਂਡੇ ਦਾ ਕਰਚਾ

ਵੱਜ ਗਿਆ। ਅੱਖ ਵਿੱਚ ਚੁਭਣ ਕਾਰਨ ਉਸ ਦਾ ਡੇਲਾ ਖੰਡਿਤ ਹੋ ਗਿਆ। ਉਹ ਵੱਡਾ ਹੋ ਕੇ ਕਾਣਾ ਦਿਉ ਕਰਕੇ ਜਗਤ ਵਿੱਚ ਪ੍ਰਸਿੱਧ ਹੋਇਆ। ਉਹ ਬਠਿੰਡੇ ਦੇ ਕਿਲੇ ਵਿੱਚ ਰਿਹਾ। ਜਿਸ ਨੂੰ ਕਲਗੀਧਰ ਜੀ ਨੇ ਜਾ ਕੇ ਕੱਢਿਆ ਸੀ। ਦੂਜਾ ਬੱਚਾ ਬਾਹਾਂ ਦੇ ਭਾਰ ਡਿਗ ਪਿਆ। ਡਿੱਗਣ ਨਾਲ ਬਾਂਹ ਟੁੱਟ ਗਈ। ਦੋਨਾਂ ਹੀ ਬੱਚਿਆਂ ਨੂੰ ਦੈਂਤਣੀ ਨੇ ਕੱਪੜੇ ਵਿੱਚ ਲਪੇਟ ਕੇ ਬਚਾ ਲਿਆ। ਕਈ ਸਾਲਾਂ ਵਿੱਚ ਉਹ ਜਵਾਨ ਹੋਏ। ਨਿੱਜੀ ਥਾਵਾਂ ਬਣਾ ਕੇ ਰਹਿੰਦੇ ਰਹੇ। ਇੱਕ ਨੇ ਮਨਸੂਰਪੁਰ ਵਸੇਬਾ ਕਰ ਲਿਆ। ਦੂਜਾ ਬਠਿੰਡੇ ਰਹਿੰਦਾ ਰਿਹਾ। ਫੇਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕਮਲਾਂ ਦਾ ਧਿਆਨ ਧਰ ਕੇ ਸ਼ਹਿਰ ਦਾ ਨੀਂਹ ਪੱਥਰ ਰੱਖ ਕੇ ਉਸਾਰੀ ਅਰੰਭ ਕਰਵਾ ਦਿੱਤੀ। ਜਿਹੜੇ ਪ੍ਰੇਤ ਘਰਾਂ ਨੂੰ ਢਾਹ ਦਿੰਦੇ ਸਨ ਉਹ ਸਾਰੇ ਭੱਜ ਗਏ। ਇਹ ਸਾਰਾ ਵੇਖ ਕੇ ਗੋਂਦਾ ਖੱਤਰੀ ਬਹੁਤ ਪ੍ਰਸੰਨ ਹੋਇਆ। ਇਸ ਨਗਰ ਦਾ ਨਾਮ ਗੋਇੰਦਵਾਲ ਸਾਹਿਬ ਰੱਖਿਆ ਗਿਆ। ਸ੍ਰੀ ਅਮਰਦਾਸ ਜੀ ਬਹੁਤ ਸਾਰੇ ਘਰ ਤਿਆਰ ਕਰਵਾ ਕੇ ਖਡੂਰ ਸਾਹਿਬ ਆ ਗਏ। ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਦੇ ਬਚਨ ਮੰਨ ਕੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਸਾਇਆ।

## ਭਾਈ ਪਾਰੋ ਜੁਲਕਾ

ਭਾਈ ਪਾਰੋ ਜੁਲਕਾ ਡੱਲੇ ਪਿੰਡ ਦਾ ਵਸਨੀਕ ਸੀ। ਉਹ ਗੁਰੂ ਅਮਰਦਾਸ ਜੀ ਦੀ ਵਡਿਆਈ ਤੋਂ ਜਾਣੂ ਸੀ। ਉਹ ਗੁਰਬਾਣੀ ਪ੍ਰਤਿ ਵਿਚਾਰ ਕਰਦਾ ਰਹਿੰਦਾ ਸੀ। ਉਸ ਦੇ ਮਨ ਵਿਚ ਗੁਰੂ ਜੀ ਦੇ ਦਰਸਨ ਦੀ ਬੜੀ ਪਿਆਸ ਸੀ । ਉਹ ਸਤਿਗੁਰੂ ਜੀ ਦੇ ਕੋਲ ਆਇਆ ਤੇ ਨਮਸਕਾਰ ਕਰਕੇ ਉਨ੍ਹਾਂ ਦੀ ਹਜੂਰੀ ਵਿਚ ਬੈਠ ਗਿਆ। ਉਸ ਦੇ ਮਨ ਅੰਦਰ ਪ੍ਰੇਮ ਪ੍ਰਕਾਸ਼ਮਾਨ ਸੀ।ਅੰਤਰਜਾਮੀ ਸਤਿਗੁਰਾਂ ਨੇ ਉਸ ਨੂੰ ਪਰਮਹੰਸ ਕਹਿ ਕੇ ਬੁਲਾਇਆ। ਇਕ ਦਮ ਉਸ ਦੇ ਅੰਦਰ ਸੰਪੂਰਨ ਗਿਆਨ ਦਾ ਪ੍ਰਕਾਸ਼ ਹੋ ਗਿਆ। ਉਸ ਨੂੰ ਸਾਰਾ ਸੰਸਾਰ ਹੀ ਬ੍ਰਹਮ ਦਾ ਸਰੂਪ ਨਜ਼ਰ ਆ ਗਿਆ। ਸਤਿਗੁਰੂ ਜੀ ਦੇ ਪਰਮਹੰਸ ਆਖਣ ਤੇ ਉਸ ਨੇ ਆਪਣੇ ਆਪ ਵਿਚੋਂ ਬ੍ਰਹਮ ਦੇ ਸਰੂਪ ਦਾ ਸੁਖ ਮਾਣ ਲਿਆ। ਉਸ ਦੇ ਯੋਗ ਬੈਰਾਗ, ਭਗਤੀ ਆਦਿਕ ਦੇ ਸਾਰੇ ਅਨੁਭਵ ਸੰਪੂਰਨ ਹੋ ਗਏ। ਸਤਿਗੁਰਾਂ ਦੀ ਸ਼ਰਨ ਵਿਚ ਆਉਣ ਨਾਲ ਸਾਰੀਆਂ ਰਿੱਧੀਆਂ ਸਿੱਧੀਆਂ ਆ ਗਈਆਂ। ਉਹ ਸਾਰੇ ਆਚਾਰ ਵਿਹਾਰ ਕਰਦੇ ਸਮੇਂ ਗੁਰ ਚਰਨਾਂ ਨੂੰ ਮਨ ਅੰਦਰ ਵਸਾਈ ਰੱਖਦਾ ਸੀ। ਉਹ ਯੋਗ ਤੇ ਭੋਗ ਪ੍ਰਾਪਤ ਕਰਕੇ ਸੰਸਾਰ ਅੰਦਰ ਕਮਲ ਵਾਂਗੂ ਨਿਰਲੇਪ ਸੀ। ਇਕ ਦਿਨ ਉਹ ਘੋੜੀ ਉਤੇ ਚੜਿਆ ਆ ਰਿਹਾ ਸੀ ਪਰ ਘੋੜੀ ਦੇ ਸੁੰਮ ਧਰਤੀ ਤੇ ਨਹੀਂ ਲਗਦੇ ਸਨ। ਘੋੜੀ ਪੰਛੀ ਦੀ ਤਰਾਂ ਉਡਦੀ ਜਾ ਰਹੀ ਸੀ। ਉਸੇ ਰਸਤੇ ਦਿੱਲੀ ਦਾ ਨਵਾਬ ਫੌਜਾਂ ਸਮੇਤ ਹਾਥੀਆਂ ਤੇ ਜਾ ਰਿਹਾ ਸੀ।ਉਹ ਭਾਈ ਪਾਰੋ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਨਵਾਬ ਉਸ ਦੇ ਦਰਸ਼ਨ

ਕਰਨ ਲਈ ਅੱਗੇ ਜਾ ਖਲੋਤਾ। ਚਰਨੀ ਪੈ ਗਿਆ। ਭਾਈ ਪਾਰੋ ਦੀ ਕਿਰਪਾ ਭਰੀ ਦ੍ਰਿਸ਼ਟੀ ਨਾਲ ਉਸ ਦੇ ਮਨ ਅੰਦਰ ਪ੍ਰਕਾਸ਼ ਹੋ ਗਿਆ। ਉਸ ਦੇ ਸਾਰੇ ਵਿਕਾਰ ਨਸ਼ਟ ਹੋ ਗਏ।ਹੱਥ ਜੋੜ ਕੇ ਬੇਨਤੀ ਕੀਤੀ ਤੁਹਾਡਾ ਕੀ ਨਾਂ ਹੈ, ਕਿੱਥੇ ਜਾ ਰਹੇ ਹੋ, ਮੈਨੂੰ ਆਪਣਾ ਦਾਸ ਬਣਾ ਲਉ। ਮੇਰਾ ਨਾਮ ਪਾਰੋ ਹੈ। ਗੁਰੂ ਜੀ ਦੇ ਦਰਸ਼ਨ ਕਰਨ ਚੱਲੇ ਹਾਂ।ਪੁਛਣ ਲੱਗਿਆ ਤੁਹਾਡਾ ਪੀਰ ਕਿੱਥੇ ਹੈ ਮੈਨੂੰ ਵੀ ਦਰਸ਼ਨ ਕਰਾਉ। ਪਾਰੋ ਨੇ ਆਖਿਆ ਤੇਰੇ ਕੋਲ ਲਸ਼ਕਰ ਅਤੇ ਸਾਜੋ ਸਮਾਨ ਹੈ ਇਸ ਸਾਰੇ ਨੂੰ ਪਿੱਛੇ ਛੱਡ ਦਿਉ। ਫੇਰ ਤੁਸੀਂ ਜਾ ਕੇ ਦਰਸ਼ਨ ਕਰੋ।ਨਵਾਬ ਪ੍ਰੇਮ ਵਸ ਹੋ ਗਿਆ। ਸਾਰਾ ਸਾਜੋ ਸਮਾਨ ਆਪਣੇ ਪੁੱਤਰ ਨੂੰ ਸੌਂਪ ਕੇ ਕਿਹਾ ਤੂੰ ਬਾਦਸ਼ਾਹ ਦੀ ਸੇਵਾ ਕਰੀਂ। ਮੇਰੀ ਚਿੰਤਾ ਨਹੀਂ ਕਰਨੀ। ਪੁੱਤਰ ਨੂੰ ਸਮਝਾ ਕੇ ਆਪ ਭਾਈ ਪਾਰੋ ਨਾਲ ਆ ਗਿਆ। ਸਤਿਗੁਰੂ ਜੀ ਨੂੰ ਪ੍ਰਨਾਮ ਕਰਕੇ ਬੈਠ ਗਏ। ਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਫੁਰਮਾਇਆ ਧੰਨ ਹੈ ਭਾਈ ਪਾਰੋ ਜੋ ਕਿ ਉਪਕਾਰ ਕਰਨ ਵਾਲਾ ਹੈ। ਤੂੰ ਆਪ ਵੀ ਤਰਿਆ ਹੈ ਤੇ ਦੂਜਿਆਂ ਨੂੰ ਵੀ ਤਾਰ ਦਿੰਦਾ ਹੈ। ਭਾਈ ਪਾਰੋ ਨੇ ਸਾਰੀ ਘਟਨਾ ਦੱਸੀ। ਗੁਰੂ ਅਮਰਦਾਸ ਜੀ ਨੇ ਦਇਆ ਕੀਤੀ। ਨਵਾਬ ਦਾ ਜਨਮ ਮਰਨ ਕੱਟ ਦਿੱਤਾ।ਉਸ ਦੇ ਮਨ ਅੰਦਰ ਪ੍ਰੀਤ ਸਮਾ ਗਈ। ਮਨ ਦੇ ਵਿਕਾਰਾਂ ਦੀ ਪੀੜ ਨਸ਼ਟ ਕਰ ਦਿੱਤੀ। ਸੋਭਾ ਸਹਿਤ ਪਰਮ ਅਨੰਦ ਪ੍ਰਾਪਤ ਕਰਕੇ ਵਿਦਾਇਗੀ ਲੈ ਕੇ ਭਾਈ ਪਾਰੋ ਨਾਲ ਚਲਾ ਗਿਆ।

ਇਕ ਦਿਨ ਸੁਖਾਂ ਦੇ ਸਾਗਰ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਨੂੰ ਆਪਣੇ ਕੋਲ ਇਕੱਲਿਆਂ ਬੁਲਾਇਆ ਭਾਈ ਪਾਰੋ ਜਿਸ ਦੀ ਪਰਮਹੰਸ ਵਾਲੀ ਅਵਸਥਾ ਸੀ ਉਹ ਸਰੀਰ ਤੇ ਆਤਮਾ ਨੂੰ ਪਰਮਾਤਮਾ ਤੋਂ ਵੱਖ ਹੋਏ ਅਨੁਭਵ ਕਰਦਾ ਸੀ। ਜਿਵੇਂ ਹੰਸ ਇਕ ਜਾਪਦੇ ਹੋਏ ਦੁੱਧ ਤੇ ਪਾਣੀ ਦੋਵਾਂ ਨੂੰ ਵੱਖ ਵੱਖ ਕਰ ਦਿੰਦਾ ਹੈ। ਹਮੇਸ਼ਾਂ ਉਸਦੀ ਬਿਰਤੀ ਚੌਥੇ ਪਦ ਵਿਚ ਟਿਕੀ ਰਹਿੰਦੀ ਹੈ। ਗੁਰੂ ਜੀ ਨੇ ਉਸ ਨੂੰ ਕੋਲ ਬਿਠਾ ਕੇ ਆਖਿਆ ਕਿ ਤੈਨੂੰ ਗੁਰਗੱਦੀ ਤੇ ਬਿਠਾ ਦੇਵਾਂ। ਤੂੰ ਪਰਮਹੰਸ ਮੇਰਾ ਹੀ ਰੂਪ ਹੈ। ਮੈਂ ਤੈਨੂੰ ਜਗਤ ਗੁਰੂ ਦੀ ਪਦਵੀ ਬਖਸ਼ਦਾ ਹਾਂ। ਤੂੰ ਸਾਰੇ ਲੋਕਾਂ ਦਾ ਉਧਾਰ ਕਰੀਂ। ਜਗਤ ਵਿਚ ਭਗਤੀ ਦਾ ਬਹੁਤ ਵਿਸਥਾਰ ਕਰੋ। ਪਰਉਪਕਾਰੀ ਕਾਰਜ ਕਰੋ। ਪਾਰੋ ਹੱਥ ਜੋੜ ਕੇ ਚਰਨਾਂ ਤੇ ਪੈ ਗਿਆਂ ਬਚਾ ਲਵੋ ਬਚਾ ਲਵੋ ਬਚਾ ਲਵੋ ਕਹਿੰਦੇ ਹੋਏ ਅੱਗੇ ਬੋਲਿਆ ਗੁਰੂ ਜੀ ਮੈਨੂੰ ਤਾਂ ਗੁਰਸਿੱਖੀ ਹੀ ਭਾਉਂਦੀ ਹੈ। ਗੁਰਗੱਦੀ ਸਤਿਗੁਰਾਂ ਨੂੰ ਹੀ ਸੋਭਦੀ ਹੈ। ਮੇਰੇ ਤੇ ਮਿਹਰ ਦੀ ਨਜ਼ਰ ਰੱਖਦੇ ਹੋਏ ਗੁਰਸਿੱਖ ਦੀ ਪਦਵੀ ਬਖਸ਼ਿਸ਼ ਕਰੋ। ਇੰਜ ਆਖ ਕੇ ਗੁਰੂ ਜੀ ਦੇ ਪਾਵਨ ਚਰਨ ਹੱਥਾਂ ਨਾਲ ਪਕੜ ਲਏ ਬੋਲਿਆ ਮੈਂ ਆਪ ਜੀ ਦੀ ਆਗਿਆ ਮੋੜ ਦਿੱਤੀ ਹੈ। ਭੁੱਲ ਬਖਸ਼ੋ। ਇਹ ਸੁਣ ਕੇ ਗੁਰੂ ਅਮਰਦਾਸ ਜੀ ਬੋਲੇ ਜੇਕਰ ਤੇਰਾ ਮਨ ਸਿੱਖੀ ਵਿਚ ਹੀ ਮੰਨਿਆ ਹੈ ਤਾਂ ਹੁਣ ਆਪਣੇ ਘਰ ਚਲੇ ਜਾਉ। ਆਪਣਾ ਸਰੀਰ ਤਿਆਗ ਦਿਉ। ਬਿਲਕੁਲ ਦੇਰੀ ਨਾ ਕਰੋ।ਮੇਰੇ

ਚਰਨਾਂ ਵਿਚ ਤੇਰੀ ਪ੍ਰੀਤ ਹੈ ਤੇ ਮੇਰੇ ਗੁਰਸਿੱਖ ਮਿੱਤਰ ਮੇਰੇ ਵਿਚ ਆ ਕੇ ਮਿਲ ਜਾਵੇ। ਹੇ ਧੀਰਜਵਾਨ ਮੈਂ ਸਿੱਖਾਂ ਦੀ ਭਲਾਈ ਲਈ ਤੇਰੇ ਸਮੇਤ ਦੂਸਰੇ ਸਰੀਰ ਵਿਚ ਪ੍ਰਵੇਸ਼ ਕਰਾਂਗਾ। ਜਗਤ ਵਿਚ ਬਹੁਤ ਕਾਰਜ ਕਰਨੇ ਹਨ। ਸੰਤਾਂ ਦੀ ਰੱਖਿਆ ਕਰਨੀ ਹੈ ਅਤੇ ਦੁਸ਼ਟਾਂ ਦਾ ਨਾਸ਼ ਕਰਨਾ ਹੈ। ਗੁਰੂ ਜੀ ਦੀ ਆਗਿਆ ਸੁਣ ਕੇ ਪਾਰੋ ਨੇ ਹੱਥ ਜੋੜ ਲਏ ਨਮਸਕਾਰ ਕਰਕੇ ਘਰ ਪਹੁੰਚ ਗਿਆ। ਸਾਰਾ ਸਮਾਨ ਲੋਕਾਂ ਵਿਚ ਵੰਡ ਦਿੱਤਾ। ਸਾਰਿਆਂ ਦੇ ਦੇਖਦਿਆਂ ਦੇਖਦਿਆਂ ਭਾਈ ਪਾਰੋ ਨੇ ਆਪਣਾ ਸਰੀਰ ਤਿਆਗ ਦਿੱਤਾ। ਸਾਰਿਆਂ ਨੇ ਮਿਲ ਕੇ ਉਸ ਦਾ ਸਸਕਾਰ ਕਰ ਦਿੱਤਾ।

## ਸਿੱਖਾਂ ਨੂੰ ਉਪਦੇਸ

### ਭਾਈ ਮਹੇਸ਼ਾ :-

ਸੁਲਤਾਨਪੁਰ ਵਿਚ ਮਹੇਸ਼ਾ ਨਾਮ ਦਾ ਇੱਕ ਬਹੁਤ ਧਨੀ ਪੁਰਸ਼ ਰਹਿੰਦਾ ਸੀ। ਸਤਿਗੁਰੂ ਜੀ ਦੀ ਵਡਿਆਈ ਸੁਣ-ਸੁਣ ਕੇ ਉਸ ਦੇ ਮਨ ਵਿਚ ਗੁਰੂ ਜੀ ਦੇ ਪ੍ਰਤੀ ਬਹੁਤ ਪ੍ਰੇਮ ਪੈਦਾ ਹੋ ਗਿਆ। ਗੋਇੰਦਵਾਲ ਸਾਹਿਬ ਆ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋ ਗਿਆ। ਗੁਰੂ ਜੀ ਨੇ ਉਸ ਨੂੰ ਪੁੱਛਿਆ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ,ਤੁਹਾਡਾ ਕੀ ਮੱਤ ਹੈ,ਕਿਸ ਮੰਤਰ ਦਾ ਜਾਪ ਕਰਦੇ ਹੋ,ਤੁਹਾਡਾ ਕੀ ਮਨੋਰਥ ਹੈ ਆਉਣ ਦਾ। ਉਸ ਨੇ ਹੱਥ ਜੋੜ ਕੇ ਆਖਿਆ ਹੇ ਗੁਰੂ ਜੀਉ ਮੈਂ ਆਪ ਜੀ ਦੀ ਸ਼ਰਨ ਵਿਚ ਆਸਾ ਧਾਰ ਕੇ ਆਇਆ ਹਾਂ ਕਿ ਮੈਂ ਸੰਸਾਰ ਸਾਗਰ ਤੋਂ ਪਾਰ ਹੋ ਜਾਵਾਂ,ਮੈਂ ਹੋਰ ਸਾਰੇ ਪਾਸਿਆਂ ਦੀ ਆਸ ਛੱਡ ਦਿੱਤੀ ਹੈ। ਗੁਰੂ ਜੀ ਨੇ ਸੁਣ ਕੇ ਉਸ ਨੂੰ ਫੁਰਮਾਇਆ ਤੇਰੇ ਕੋਲੋਂ ਮੇਰੀ ਸ਼ਰਨ ਵਿਚ ਨਹੀਂ ਪਿਆ ਜਾਣਾ। ਜੇਕਰ ਤੂੰ ਸਾਡਾ ਸਿੱਖ ਬਣਨਾ ਚਾਹੁੰਦਾ ਹੈਂ ਤਾਂ ਧਨ ਸੰਪਤੀ ਤੇਰੇ ਕੋਲ ਨਹੀਂ ਰਹਿਣੀ। ਲੋਕੀ ਤੇਰਾ ਮਜ਼ਾਕ ਉਡਾਉਣਗੇ ਤੇ ਤੈਨੂੰ ਸਮਝਾਉਣਗੇ ਫਿਰ ਤੂੰ ਦੁਖੀ ਹੋ ਕੇ ਬਹੁਤ ਪਛਤਾਵੇਗਾਂ। ਇਹ ਸੁਣ ਕੇ ਮਹੇਸ਼ੇ ਨੇ ਕਿਹਾ ਮੈਂ ਤਾਂ ਤਨ,ਮਨ ਅਤੇ ਧਨ ਆਪ ਜੀ ਦੇ ਉੱਤੇ ਵਾਰ ਦਿੱਤਾ ਹੈ। ਭਾਵੇਂ ਇਹ ਨਾਸ਼ ਵੀ ਹੋ ਜਾਵੇ ਤਾਂ ਵੀ ਮੈਂ ਇਸ ਦੀ ਕੋਈ ਇੱਛਾ ਨਹੀਂ ਕਰਾਂਗਾ। ਮੈਂ ਤਾਂ ਆਪ ਜੀ ਦੇ ਪ੍ਰੇਮ ਨੂੰ ਦ੍ਰਿੜ ਕਰਦਾ ਹਾਂ। ਮੈਂ ਤਾਂ ਹੋਰ ਹਰ ਪਾਸਿਉਂ ਆਸ ਛੱਡ ਦਿੱਤੀ ਹੈ। ਬੱਸ ਮੈਨੂੰ ਤਾਂ ਆਪਣੇ ਚਰਨਾ ਵਿਚ ਨਿਵਾਸ ਬਖਸ਼ੋ। ਜਦੋਂ ਗੁਰੂ ਜੀ ਨੇ ਇਹ ਨਿਸ਼ਚਾ ਦ੍ਰਿੜ ਵੇਖਿਆ ਤਾਂ ਉਸ ਦੇ ਮੱਥੇ ਤੇ ਹੱਥ ਧਰ ਦਿੱਤਾ। ਉਸ ਨੂੰ ਸਤਿਨਾਮ ਦਾ ਮੰਤਰ ਜਪਾਇਆ ਤਾਂ ਸਿੱਖ ਨੇ ਉਹ ਮੰਤਰ ਦ੍ਰਿੜ੍ਹ ਕਰਕੇ ਸੁੱਖ ਦੀ ਪ੍ਰਾਪਤੀ ਕੀਤੀ। ਫੇਰ ਗੁਰੂ ਜੀ ਨੇ ਉਸ ਨੂੰ ਪਰਖਣਾ ਚਾਹਿਆ। ਕੁਝ ਦਿਨਾ ਵਿਚ ਹੀ ਉਸਦਾ ਸਾਰਾ ਧਨ ਨਸ਼ਟ ਹੋ ਗਿਆ। ਜਿਸ ਜਿਸ ਕੰਮ ਵਿਚ ਵੀ ਉਸ ਨੇ ਜਿੰਨਾ-ਜਿੰਨਾ ਧਨ ਲਗਾਇਆ ਸੀ ਉੱਥੇ ਉੱਥੇ ਹੀ ਉਹ ਸਾਰਾ ਨਸ਼ਟ ਹੋ ਗਿਆ ਤੇ ਉਹ ਧਨ-

ਰਹਿਤ ਹੋ ਗਿਆ। ਲੋਕੀਂ ਹਸਣ ਲੱਗ ਪਏ ਤੇ ਆਖਣ ਲੱਗੇ ਤੂੰ ਇਹ ਕੀ ਕੀਤਾ ਹੈ। ਘਰ ਤੋਂ ਸਾਰੀ ਸੰਪਤੀ ਗੁਆ ਲਈ ਹੈ। ਅੰਨ ਅਤੇ ਬਸਤਰ ਤੇਰੇ ਕੋਲ ਨਹੀਂ ਰਹੇ, ਇਨ੍ਹਾਂ ਦੀ ਤੋਟ ਆ ਗਈ ਹੈ। ਸੁਣ-ਸੁਣ ਕੇ ਮਹੇਸੇ ਨੇ ਸਭ ਨੂੰ ਕਿਹਾ ਮੈਂ ਗੁਰੂ ਜੀ ਤੋਂ ਪ੍ਰੇਮ ਦਾ ਉੱਚਾ ਸਥਾਨ ਪ੍ਰਾਪਤ ਕਰ ਲਿਆ ਹੈ ਜੋ ਕਦੇ ਵੀ ਨਾਸ਼ ਹੋਣ ਵਾਲਾ ਨਹੀਂ ਹੈ। ਇਹ ਦੁੱਖ ਦੇ ਸਾਗਰ ਤੋਂ ਮੈਨੂੰ ਮੁਕਤ ਕਰ ਦੇਵੇਗਾ। ਇਹ ਧਨ ਸੰਪਤੀ ਤਾਂ ਸੁਪਨੇ ਵਾਂਗੂੰ ਝੂਠੀ ਹੈ, ਜੀਵ ਪਰਲੋਕ ਵਿਚ ਕਿਵੇਂ ਆਪਣੇ ਨਾਲ ਲੈ ਜਾ ਸਕਦਾ ਹੈ। ਇੱਕ ਵਾਰ ਤਾਂ ਇਸ ਦਾ ਵਿਛੋੜਾ ਹੋਣਾ ਹੀ ਹੈ ਭਾਂਵੇਂ ਜਿਉਂਦਿਆਂ ਚਲੀ ਜਾਂਦੀ ਭਾਂਵੇਂ ਮਰ ਜਾਣ ਤੇ ਚਲੀ ਜਾਂਦੀ। ਜੇਕਰ ਗੁਰੂ ਜੀ ਦੇ ਚਰਨ ਕਮਲਾਂ ਵਿਚ ਮਨ ਜੁੜ ਜਾਵੇ ਤਾਂ ਲੋਕ ਅਤੇ ਪਰਲੋਕ ਦੇ ਸਾਰੇ ਹੀ ਸੰਕਟ ਮਿਟ ਜਾਂਦੇ ਹਨ। ਝੂਠੀ ਸੰਪਤੀ ਨਸ਼ਟ ਹੋ ਗਈ ਹੈ, ਸਤਿਗੁਰੂ ਜੀ ਦੀ ਸੱਚੀ ਸ਼ਰਨ ਰੂਪੀ ਸੰਪਤੀ ਪ੍ਰਾਪਤ ਕਰ ਲਈ ਹੈ। ਮੈਂ ਹੁਣ ਪਰਮ ਅਨੰਦ ਰੂਪ ਹੋ ਗਿਆ ਹਾਂ ਸੋ ਹੁਣ ਮੈਨੂੰ ਕੋਈ ਭੈਅ ਨਹੀਂ ਰਿਹਾ। ਇਉਂ ਆਖ ਕੇ ਉਸ ਨੇ ਸਭ ਨਾਲ ਖਾਮੋਸ਼ੀ ਧਾਰਨ ਕਰ ਲਈ। ਲੋਕੀਂ ਬਹੁਤ ਮਜ਼ਾਕ ਕਰਦੇ ਰਹਿੰਦੇ ਪਰ ਉਹ ਮਨ ਵਿਚ ਨਾ ਖੁਸ਼ੀ ਲਿਆਉਂਦਾ ਤੇ ਨਾ ਹੀ ਸੋਗ। ਉਹ ਸਤਿਗੁਰੂ ਜੀ ਦੇ ਪ੍ਰੇਮ ਵਿਚ ਮਸਤਾਨਾ ਹੋਇਆ ਰਹਿੰਦਾ ਤੇ ਸਤਿਨਾਮ ਦਾ ਸਿਮਰਨ ਕਰਨ ਵਿਚ ਲੱਗਾ ਰਹਿੰਦਾ। ਉਹ ਇੱਕ ਵਾਰ ਗੁਰ-ਦਰਸ਼ਨਾ ਲਈ ਆਇਆ। ਉਸ ਨੇ ਦੋਵੇਂ ਹੱਥ ਜੋੜ ਕੇ ਸਿਰ ਨਿਵਾਇਆ। ਉਸ ਨੂੰ ਕਮਜ਼ੋਰ ਹੋਇਆ ਵੇਖ ਕੇ ਗੁਰੂ ਜੀ ਉਸ ਤੇ ਦਿਆਲੂ ਹੋ ਗਏ। ਉਨ੍ਹਾਂ ਸੋਚਿਆ ਕਿ ਸਿੱਖ ਨੇ ਕਸੌਟੀ ਦਾ ਸੇਕ ਸਹਾਰ ਲਿਆ ਹੈ। ਹੁਣ ਉਸ ਦਾ ਪ੍ਰੇਮ ਅਤਿਅੰਤ ਸ਼ੁੱਧ ਹੋ ਗਿਆ ਹੈ। ਗੁਰੂ ਜੀ ਬੋਲੇ,ਅੱਗੋਂ ਲਈ ਤੂੰ ਦੱਸ ਗੁਣਾਂ ਧਨ ਪ੍ਰਾਪਤ ਕਰੇਂਗਾ। ਤੇਰਾ ਲੋਕ ਤੇ ਪਰਲੋਕ ਸਫਲ ਹੋ ਜਾਵੇਗਾ। ਇਉਂ ਵਰ ਦੇ ਕੇ ਗੁਰੂ ਜੀ ਨੇ ਉਸ ਨੂੰ ਨਿਹਾਲ ਕਰ ਦਿੱਤਾ। ਫੇਰ ਉਸ ਦੇ ਕੋਲ ਬਹੁਤ ਧਨ ਦੌਲਤ ਹੋ ਗਈ। ਇਵੇਂ ਗੁਰੂ ਜੀ ਨੇ ਬਹੁਤ ਲੋਕ ਤਾਰ ਦਿੱਤੇ। ਸਿੱਖ ਪੰਥ ਬਹੁਤ ਫੈਲ ਗਿਆ। ਜੋ ਵੀ ਕੋਈ ਗੁਰੂ ਜੀ ਦੀ ਸ਼ਰਨ ਆਣ ਡਿੱਗਦਾ ਉਹ ਹੀ ਬ੍ਰਹਮ ਗਿਆਨ ਸਮੇਤ ਸ਼ਕਤੀ ਪ੍ਰਾਪਤ ਕਰ ਲੈਂਦਾ। ਇਉਂ ਗੁਰੂ ਜੀ ਦੋਨਾ ਹੱਥਾਂ ਨਾਲ ਨਾਮ ਅਤੇ ਕਰਾਮਾਤ ਵਰਤਾਉਂਦੇ ਸਨ। ਜੋ ਵੀ ਗੁਰੂ ਜੀ ਦਾ ਬਚਨ ਮੰਨ ਲੈਂਦੇ ਉਨ੍ਹਾਂ ਦਾ ਪਾਰ ਉਤਾਰਾ ਹੋ ਜਾਂਦਾ।

## ਪਾਤਿਸ਼ਾਹੀ ਚੌਥੀ

### ਬਾਬਾ ਆਦਮ ਸਿੱਧੂ ਦੀ ਸੇਵਾ ਨਾਲ ਪੁੱਤਰ ਦੀ ਪ੍ਰਾਪਤੀ

ਸਿੱਧੂ ਕੁਲ ਵਿਚ ਇੱਕ ਆਦਮ ਨਾਮ ਦਾ ਜੱਟ ਸੀ। ਉਸ ਦੇ ਘਰ ਸੰਤਾਨ ਨਹੀਂ ਹੋਈ ਸੀ। ਉਹ ਖੇਤੀਬਾੜੀ ਦਾ ਕੰਮ ਕਰਦਾ ਸੀ। ਪੁੱਤਰ ਦੀ ਦਾਤ ਲਈ

ਬਹੁਤ ਲੋਚਦਾ ਸੀ। ਚਿੰਤਾ ਵਿਚ ਬਹੁਤ ਵਰ੍ਹੇ ਬੀਤ ਗਏ। ਉਹ ਵੱਡੇ ਵੱਡੇ ਪੀਰਾਂ ਫਕੀਰਾਂ ਦੀ ਸੇਵਾ ਕਰਦਾ ਰਿਹਾ ਪਰ ਉਸ ਦੀ ਇੱਛਾ ਪੂਰੀ ਨਾ ਹੋਈ। ਇੱਕ ਵਾਰੀ ਉਸ ਨੂੰ ਇੱਕ ਸਿੱਖ ਮਿਲਿਆ ਉਸ ਕੋਲ ਆਪਣੇ ਮਨ ਦੀ ਗੱਲ ਦੱਸੀ ਕਿ ਮੈਂ ਬਹੁਤ ਪੀਰਾਂ ਫਕੀਰਾਂ ਦੀ ਸੇਵਾ ਕਰ ਚੁੱਕਾ ਹਾਂ ਪਰੰਤੂ ਮੈਨੂੰ ਕਿਸੇ ਥਾਂ ਤੋਂ ਪੁੱਤਰ ਦੀ ਖੈਰ ਨਹੀਂ ਪਈ। ਇਹ ਸੁਣ ਕੇ ਸਿੱਖ ਨੇ ਆਖਿਆ ਮੇਰਾ ਕਹਿਣਾ ਮੰਨੋ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰ ਦਾ ਰੂਪ ਸਨ। ਉਨ੍ਹਾਂ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੋਏ ਤੇ ਉਨ੍ਹਾਂ ਦੀ ਥਾਂ ਗੁਰੂ ਅਮਰਦਾਸ ਜੀ ਹੋਏ,ਇਨ੍ਹਾਂ ਤੋਂ ਮਗਰੋਂ ਹੁਣ ਚੌਥੇ ਮਹਾਨ ਸਤਿਗੁਰੂ ਰਾਮਦਾਸ ਜੀ ਹਨ। ਉਹ ਆਪਣੇ ਸੇਵਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਸੋ ਤੂੰ ਜਾ ਕੇ ਉਨ੍ਹਾਂ ਦੀ ਸੇਵਾ ਕਰ। ਪੁੱਤਰ ਦੀ ਕਾਮਨਾ ਉਥੋਂ ਹੀ ਪੂਰੀ ਹੋਵੇਗੀ। ਆਦਮ ਜੱਟ ਉਸ ਸਿੱਖ ਦੀ ਗੱਲ ਸੁਣ ਕੇ ਤੇ ਆਪਣੀ ਬਿਰਧ ਅਵਸਥਾ ਦਾ ਧਿਆਨ ਕਰਕੇ ਸੋਚਣ ਲੱਗਾ ਸੁੱਕੇ ਹੋਏ ਬਿਰਛ ਨੂੰ ਫਲ਼ ਕਿਵੇਂ ਲੱਗ ਸਕਦਾ ਹੈ। ਮਨ ਵਿਚ ਨਿਰਣਾ ਕਰ ਲਿਆ ਜੇਕਰ ਐਸੇ ਮਹਾਨ ਸਤਿਗੁਰਾਂ ਦੀ ਸੇਵਾ ਕਰਨ ਨਾਲ ਪੁੱਤਰ ਨਾ ਵੀ ਹੋਵੇ ਤਾਂ ਮੈਂ ਪਰਲੋਕ ਵਿਚ ਸ੍ਰੇਸ਼ਟ ਮੁਕਤੀ ਪ੍ਰਾਪਤ ਕਰ ਲਵਾਂਗਾ। ਮਨ ਵਿਚ ਇਹ ਨਿਸ਼ਚਾ ਧਾਰ ਕੇ ਉਹ ਸਣੇ ਪਤਨੀ ਗੁਰੂ ਜੀ ਦੀ ਸੇਵਾ ਲਈ ਪਹੁੰਚ ਗਿਆ। ਰੋਜਾਨਾ ਸੁੱਕੀ ਲੱਕੜ ਦੇ ਦੋ ਭਾਰ ਲਿਆਉਂਦਾ। ਉਨ੍ਹਾਂ ਵਿਚੋਂ ਇੱਕ ਭਾਰ ਗੁਰੂ ਕੇ ਲੰਗਰ ਵਿਚ ਪਹੁੰਚਾਉਂਦਾ ਦੂਜਾ ਭਾਰ ਆਪਣੇ ਟਿਕਾਣੇ ਤੇ ਰੱਖ ਲੈਂਦਾ। ਭੋਜਨ ਆਪਣੇ ਕੋਲੋਂ ਹੀ ਛਕਦਾ ਸੀ। ਇਸ ਤਰ੍ਹਾਂ ਗੁਰੂ ਜੀ ਦੀ ਕਾਰ ਸੇਵਾ ਕਰਦਿਆਂ ਛੇ ਮਹੀਨੇ ਬੀਤ ਗਏ।

ਇੱਕ ਵੇਰ ਗੁਰੂ ਜੀ ਕਿਧਰੇ ਬਾਹਰ ਗਏ ਤੇ ਕਈ ਦਿਨਾ ਮਗਰੋਂ ਮੁੜੇ। ਸਰਦੀਆਂ ਦਾ ਮੌਸਮ ਸੀ। ਬਰਖਾ ਬਹੁਤ ਜੋਰਾਂ ਦੀ ਹੋਈ। ਸਾਰੀ ਸੰਗਤ ਨੂੰ ਬਹੁਤ ਠੰਢ ਲੱਗ ਰਹੀ ਸੀ। ਆਦਮ ਜੱਟ ਨੇ ਕਮਰਕਸਾ ਕਰ ਕੇ ਜਿਸਦੇ ਕੋਲ ਬਾਲਣ ਦੇ ਬਹੁਤ ਭਾਰ ਪਏ ਸਨ ਉਹ ਸਾਰੇ ਹੀ ਸੰਗਤਾਂ ਨੂੰ ਵੰਡ ਦਿੱਤੇ। ਸਾਰਿਆਂ ਟਿਕਾਣਿਆਂ ਤੇ ਅੰਗੀਠੇ ਜਲਣ ਲੱਗ ਪਏ । ਸੰਗਤਾਂ ਦੀ ਠੰਢ ਮਿਟ ਗਈ। ਬਹੁਤ ਪ੍ਰਸੰਨਤਾ ਹੋਈ। ਉਸ ਵੇਲੇ ਉੱਚੇ ਸਥਾਨ ਤੇ ਖਲੋ ਕੇ ਸਾਰੀ ਸੰਗਤ ਵੱਲ ਨਜ਼ਰ ਮਾਰੀ। ਬਲਦੀ ਅੱਗ ਦਾ ਬਹੁਤ ਚਾਨਣ ਹੋਇਆ ਪਿਆ ਸੀ। ਗੁਰੂ ਜੀ ਮਨ ਵਿਚ ਵਿਚਾਰਨ ਲੱਗੇ ਇੰਨਾ ਸੁੱਕਾ ਬਾਲਣ ਸਾਰੀਆਂ ਸੰਗਤਾਂ ਨੂੰ ਕਿਵੇਂ ਮਿਲ ਗਿਆ। ਜਦੋਂ ਸਵੇਰੇ ਦੀਵਾਨ ਸਜਿਆ ਤੇ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਈ। ਗੁਰੂ ਜੀ ਨੇ ਸੰਗਤ ਤੋਂ ਬਾਲਣ ਬਾਰੇ ਗੱਲ ਪੁੱਛੀ ਤਾਂ ਸਾਰਿਆਂ ਨੇ ਦੱਸਿਆ, ਕੋਈ ਸਿੱਖ ਹੈ ਜੋ ਸਾਰੇ ਡੇਰਿਆਂ ਵਿਚ ਬਾਲਣ ਦਿੰਦਾ ਫਿਰਦਾ ਹੈ। ਗੁਰੂ ਜੀ ਦਾ ਜੋ ਲਾਂਗਰੀ ਸੀ ਉਸ ਨੇ ਵੀ ਉਸ ਵੇਲੇ ਬੇਨਤੀ ਕੀਤੀ ਕਿ ਲੰਗਰ ਵਿਚ ਵੀ ਵੱਡਾ ਸਾਰਾ ਬਾਲਣ ਦਾ ਭਾਰ ਕਿੰਨੇ ਸਮੇਂ ਤੋਂ ਰੋਜ

ਦਿੰਦਾ ਆ ਰਿਹਾ ਹੈ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ। ਗੁਰੂ ਜੀ ਨੇ ਸੰਗਤ ਵਿਚ ਉਸੇ ਵੇਲੇ ਆਖਿਆ ਕਿ ਉਹ ਸਿੱਖ ਨੂੰ ਜਾ ਕੇ ਲੱਭ ਲਿਆਓ, ਜਿਸਨੇ ਇੰਨੀ ਸਫਲ ਘਾਲਣਾ ਘਾਲੀ ਹੈ। ਬਿਨਾ ਦੇਰੀ ਉਸਦਾ ਮਨੋਰਥ ਪੂਰਾ ਕਰੀਏ।

ਸਿੱਖਾਂ ਨੇ ਸੁਣ ਕੇ ਉਹ ਟਿਕਾਣਾ ਲੱਭ ਲਿਆ ਜਿੱਥੇ ਭਾਈ ਆਦਮ ਰਹਿੰਦਾ ਸੀ। ਉਹ ਤੁਰੰਤ ਹੀ ਖੁਸ਼ੀ ਦੇ ਨਾਲ ਉਸ ਨੂੰ ਲੈ ਕੇ ਚੱਲ ਪਏ। ਉਸ ਨੇ ਜਾ ਕੇ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਉਹ ਗੁਰੂ ਜੀ ਦੇ ਸਨਮੁੱਖ ਖੜ੍ਹਾ ਹੋ ਗਿਆ। ਗੁਰੂ ਜੀ ਨੇ ਉਸ ਨੂੰ ਵੇਖ ਕੇ ਪੁੱਛਿਆ ਕਿ ਭਾਈ ਤੂੰ ਆਪਣੇ ਮਨ ਵਿਚ ਕੀ ਮਨੋਰਥ ਧਾਰਨ ਕੀਤਾ ਹੋਇਆ ਹੈ। ਤੇਰੀ ਸਾਰੀ ਸੇਵਾ ਸਫਲ ਹੋ ਗਈ ਹੈ। ਸੋ ਹੁਣ ਵਰ ਮੰਗ ਲੈ ਉਹੀ ਪੂਰਾ ਹੋ ਜਾਵੇਗਾ। ਆਦਮ ਜੱਟ ਗੁਰੂ ਜੀ ਦੀ ਗੱਲ ਸੁਣ ਕੇ ਆਪਣੇ ਮਨ ਦੇ ਮਨੋਰਥ ਨੂੰ ਬਿਆਨ ਨਾ ਕਰ ਸਕਿਆ। ਸੋਚਣ ਲੱਗਿਆ ਮੈਂ ਬਹੁਤ ਬੁੱਢਾ ਹੋ ਗਿਆ ਹਾਂ ਮੇਰੇ ਘਰਵਾਲੀ ਵੀ ਬਿਰਧ ਹੈ ਇਸ ਲਈ ਪੁੱਤਰ ਦੀ ਗੱਲ ਆਖਣੀ ਠੀਕ ਨਹੀਂ ਲਗਦੀ। ਇਉਂ ਸੋਚ ਕੇ ਆਖਣ ਲੱਗਾ ਹੇ ਗੁਰੂ ਜੀਓ ਮੈਨੂੰ ਆਪਣੇ ਦਰਸ਼ਨਾ ਦਾ ਦਾਨ ਬਖਸ਼ੋ। ਮੇਰੀ ਹੋਰ ਕੋਈ ਕਾਮਨਾ ਨਹੀਂ ਹੈ। ਜਦੋਂ ਆਦਮ ਨੇ ਇਉਂ ਆਖਿਆ ਤਾਂ ਗੁਰੂ ਰਾਮਦਾਸ ਜੀ ਨੇ ਉਸ ਦੇ ਮਨ ਦੀ ਦਸ਼ਾ ਜਾਣ ਲਈ। ਮਹਾਰਾਜ ਬੋਲੇ ਤੂੰ ਮਨ ਦੀ ਕਾਮਨਾ ਕਿਉਂ ਨਹੀਂ ਦੱਸਦਾ। ਉਸ ਨੇ ਫੇਰ ਦੱਸਣ ਤੋਂ ਸੰਕੋਚ ਕੀਤਾ ਤੇ ਉਸ ਤੋਂ ਦੱਸਿਆ ਨਾ ਗਿਆ ਤੇ ਆਖਣ ਲੱਗਾ ਹਜ਼ੂਰ ਦਰਸ਼ਨਾ ਦਾ ਦਾਨ ਬਖਸ਼ੋ। ਉਸ ਦੀ ਮਨੋ ਦਸ਼ਾ ਨੂੰ ਜਾਣ ਕੇ ਗੁਰੂ ਜੀ ਨੇ ਕਿਹਾ ਅੱਛਾ ਆਪਣੇ ਟਿਕਾਣੇ ਤੇ ਚਲੇ ਜਾਵੋ। ਹੁਣ ਤੇਰੇ ਕੋਲੋਂ ਮੰਗਿਆ ਨਹੀਂ ਜਾ ਰਿਹਾ ਇਸ ਲਈ ਸਵੇਰੇ ਫਿਰ ਆਉਣਾ। ਤੇਰੀ ਸੇਵਾ ਸਫਲ ਹੋ ਗਈ ਹੈ। ਪਰਮੇਸ਼ਰ ਮੂੰਹ ਮੰਗੀ ਮੁਰਾਦ ਦੇਵੇਗਾ। ਗੁਰੂ ਜੀ ਦੇ ਬਚਨ ਸੁਣ ਕੇ ਆਦਮ ਜੱਟ ਆਪਣੇ ਟਿਕਾਣੇ ਤੇ ਚਲਾ ਗਿਆ। ਚਿੰਤਾ ਦੇ ਕਾਰਨ ਮਨ ਸੋਚਾਂ ਦੇ ਵਿਚ ਡੁੱਬਿਆ ਹੋਇਆ ਸੀ। ਉਸੇ ਵੇਲੇ ਉਸ ਦੀ ਪਤਨੀ ਨੇ ਪੁੱਛਿਆ ਕਿ ਗੁਰੂ ਜੀ ਦੇ ਕੋਲੋਂ ਵਰਦਾਨ ਲੈ ਆਏ ਹੋ। ਉਹ ਬੋਲਿਆ ਪੁੱਤਰ ਦੀ ਇੱਛਾ ਸਬੰਧੀ ਗੁਰੂ ਜੀ ਕੋਲ ਜਾ ਕੇ ਝਿਜਕਦਿਆਂ ਕੁਝ ਆਖ ਹੀ ਨਾ ਹੋਇਆ। ਅਸਲ ਵਿਚ ਤੇਰੀ ਤੇ ਮੇਰੀ ਆਯੂ ਵਡੇਰੀ ਹੋਣ ਕਰਕੇ ਹੁਣ ਸੰਤਾਨ ਨੂੰ ਜਨਮ ਦੇਣ ਵਾਲੀ ਨਹੀਂ ਰਹੀ। ਇਹ ਸੁਣ ਕੇ ਪਤਨੀ ਉਦਾਸ ਹੋ ਗਈ ਤੇ ਕਹਿਣ ਲੱਗੀ ਕਿ ਉਹ ਤਾਂ ਸੁੱਕੇ ਬਿਰਛਾਂ ਨੂੰ ਹਰੇ ਕਰ ਦਿੰਦੇ ਹਨ,ਸੁੱਕੇ ਤਲਾਵਾਂ ਨੂੰ ਭਰ ਦਿੰਦੇ ਹਨ। ਇਸ ਪ੍ਰਕਾਰ ਪਤੀ ਨੂੰ ਸਮਝਾਉਂਦਿਆਂ ਉਸ ਦੀ ਰਾਤ ਬਤੀਤ ਹੋਈ। ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਇਹ ਆਖ ਕੇ ਸਿੱਖ ਭੇਜਿਆ ਕਿ ਆਪਣੀ ਸੇਵਾ ਦੇ ਬਦਲੇ ਕੋਈ ਸੁੰਦਰ ਵਰ ਲੈ ਜਾ ਤਾਂ ਉਹ ਪਤੀ ਪਤਨੀ ਸਤਿਗੁਰੂ ਜੀ ਕੋਲ ਗਏ ਚਰਨਾ ਤੇ ਨਮਸਕਾਰ ਕੀਤੀ। ਗੁਰੂ ਰਾਮਦਾਸ ਜੀ ਨੇ ਫੁਰਮਾਇਆ ਮੰਗੋ ਜੋ ਤੁਹਾਡੀ ਇੱਛਾ ਹੈ। ਦੋਨਾ ਨੇ ਹੱਥ ਜੋੜ

ਕੇ ਬੇਨਤੀ ਕੀਤੀ ਹੇ ਸਤਿਗੁਰੂ ਜੀਓ ਪੁੱਤਰ ਦੀ ਦਾਤ ਬਖਸ਼ੋ ਸਾਰੀ ਕੁਲ ਆਪ ਜੀ ਦੀ ਸਿੱਖੀ ਧਾਰਨ ਕਰ ਲਵੇ। ਇਹ ਸੁਣ ਕੇ ਸਤਿਗੁਰੂ ਜੀ ਅੰਤਰ ਧਿਆਨ ਲਗਾ ਕੇ ਦੇਖਦੇ ਰਹੇ ਪਰੰਤੂ ਕੁਝ ਵੀ ਨਜ਼ਰ ਨਹੀਂ ਪਿਆ। ਕੁਝ ਦੇਰ ਮਗਰੋਂ ਗੁਰੂ ਜੀ ਨੇ ਫੁਰਮਾਇਆ ਤੇਰੇ ਭਾਗਾਂ ਵਿਚ ਸੰਤਾਨ ਨਹੀਂ ਹੈ। ਇੰਝ ਆਖ ਕੇ ਫੇਰ ਨੇਤਰ ਬੰਦ ਕਰ ਲਏ ਪਰ ਇਹੋ ਸਿੱਟਾ ਨਿਕਲਿਆ ਕਿ ਆਦਮ ਦੇ ਭਾਗਾਂ ਵਿਚ ਪੁੱਤਰ ਨਹੀਂ ਹੈ। ਬਹੁਤ ਦੇਰ ਤੱਕ ਗੁਰੂ ਜੀ ਸੋਚਦੇ ਰਹੇ ਤੇ ਫੇਰ ਉਸ ਸਿੱਖ ਨੂੰ ਕਹਿਣ ਲੱਗੇ ਕਿ ਤੇਰੀ ਤਕਦੀਰ ਸੰਤਾਨਹੀਣ ਹੈ। ਤੂੰ ਗੁਰੂ ਘਰ ਦੀ ਬਹੁਤ ਸੇਵਾ ਕੀਤੀ ਹੈ ਜਿਸ ਕਰਕੇ ਅਸੀਂ ਬਚਨ ਕੀਤਾ ਸੀ। ਇਸ ਕਰਕੇ ਮੇਰੀ ਅੰਸ ਵਿਚੋਂ ਤੁਹਾਡੇ ਘਰ ਪੁੱਤਰ ਜਨਮ ਲਵੇਗਾ ਜਿਸ ਦੀ ਵੰਸ਼ ਬਹੁਤ ਵਧੇਗੀ। ਉਹ ਬਹੁਤ ਭਗਤੀ ਵਾਲਾ ਹੋਵੇਗਾ ਇਸ ਲਈ ਉਸਦਾ ਨਾਮ ਭਾਈ ਭਗਤੂ ਰੱਖਣਾ। ਗੁਰੂ ਜੀ ਤੋਂ ਇਹ ਵਰ ਲੈ ਕੇ ਪਤੀ ਪਤਨੀ ਨੇ ਚਰਨਾ ਤੇ ਨਮਸਕਾਰ ਕੀਤੀ। ਵਡੇਰੀ ਉਮਰ ਹੋਣ ਕਰਕੇ ਘਰ ਵਿਚ ਆ ਕੇ ਰਹਿਣ ਲੱਗੇ। ਇੱਕ ਸਾਲ ਬੀਤ ਜਾਣ ਤੋਂ ਬਾਅਦ ਵੱਡੇ ਭਾਗਾਂ ਵਾਲੇ ਬੱਚੇ ਨੇ ਜਨਮ ਲਿਆ। ਸਾਰੇ ਰਿਸ਼ਤੇਦਾਰਾਂ ਨੇ ਖੁਸ਼ੀਆਂ ਮਨਾਈਆਂ। ਬੱਚੇ ਦਾ ਨਾਮ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਭਗਤੂ ਰੱਖਿਆ।

## ਬਾਬਾ ਪ੍ਰਿਥੀ ਚੰਦ ਨੇ ਚਤੁਰਾਈ ਨਾਲ ਸੇਵਾ ਕਰਨੀ

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਹਨ। ਵੱਡੇ ਬਾਬਾ ਪ੍ਰਿਥੀ ਚੰਦ ਇਨ੍ਹਾਂ ਤੋਂ ਛੋਟੇ ਬਾਬਾ ਮਹਾਂਦੇਵ ਅਤੇ ਸਭ ਤੋਂ ਛੋਟੇ ਸ੍ਰੀ ਗੁਰੂ ਅਰਜਨ ਦੇਵ ਜੀ। ਸ੍ਰੀ ਗੁਰੂ ਰਾਮਦਾਸ ਜੀ ਨੇ ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਪਿੰਡ ਤੁੰਗ ਤੋਂ ਉਰ੍ਹੇ ਅਤੇ ਗਿੱਲਵਾਲੀ ਪਿੰਡ ਤੋਂ ਪਰ੍ਹੇ ਅਤੇ ਸੁਲਤਾਨਵਿੰਡ ਪਿੰਡ ਤੋਂ ਪੱਛਮ ਦਿਸ਼ਾ ਵੱਲ ਸਾਰੇ ਪਿੰਡਾਂ ਦੀਆਂ ਹੱਦਾਂ ਛੱਡ ਕੇ ਚੌਹੀਂ ਪਾਸੀਂ ਕਾਰ ਕੱਢ ਦਿੱਤੀ। ਜਿਵੇਂ ਜਿਵੇਂ ਬਾਬਾ ਬੁੱਢਾ ਜੀ ਵਿਉਂਤ ਬਣਾਉਂਦੇ ਰਹੇ ਉਵੇਂ ਉਵੇਂ ਸ੍ਰੀ ਗੁਰੂ ਰਾਮਦਾਸ ਜੀ ਕਰਵਾਉਂਦੇ ਰਹੇ। ਪਹਿਲਾਂ ਬਹੁਤ ਸਾਰੀ ਮਠਿਆਈ ਮੰਗਵਾਈ ਗਈ ਫਿਰ ਗੁਰੂ ਜੀ ਅੱਗੇ ਅਰਦਾਸ ਕਰਕੇ ਮਠਿਆਈ ਵੰਡ ਦਿੱਤੀ ਗਈ। ਨਿਸ਼ਾਨ ਲਈ ਇੱਕ ਮਜਬੂਤ ਜਿਹਾ ਮੋੜ੍ਹਾ ਖੜ੍ਹਾ ਕਰਕੇ ਗੱਡ ਦਿੱਤਾ ਗਿਆ। ਉਸ ਨਗਰ ਦਾ ਨਾਂ ਗੁਰੂ ਕਾ ਚੱਕ ਧਰ ਦਿੱਤਾ ਗਿਆ। ਇੱਟਾਂ ਬਣਾਈਆਂ ਗਈਆਂ ਫੇਰ ਘਰ ਬਣਾਏ ਗਏ।

ਜਿਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ ਉਸ ਥਾਂ ਜਾ ਕੇ ਸਰੋਵਰ ਦੀ ਵਿਚਾਰ ਕੀਤੀ ਗਈ। ਮਿੱਠਾ ਮੰਗਵਾ ਕੇ ਤਿੰਨ ਗੁਰੂ ਸਾਹਿਬਾਂ ਦੇ ਨਾਂ ਲਏ ਗਏ। ਖੜ੍ਹੇ ਹੋ ਕੇ ਅਰਦਾਸ ਕੀਤੀ, ਮਿੱਠਾ ਵਰਤਾਇਆ, ਸਰੋਵਰ ਦਾ ਟੱਕ ਲਾਇਆ ਗਿਆ। ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਲਈ ਚਾਲੇ ਪਾ ਦਿੱਤੇ। ਗੁਰੂ

ਅਮਰਦਾਸ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਗੁਰੂ ਕੇ ਚੱਕ ਦੀ ਸਾਰੀ ਕਾਰ ਸੇਵਾ ਬਾਰੇ ਗੱਲ ਕੀਤੀ। ਇਸ ਤਰ੍ਹਾਂ ਕਈ ਦਿਨ ਗੋਇੰਦਵਾਲ ਸਾਹਿਬ ਰਹੇ। ਜਿਸ ਸਰੋਵਰ ਦਾ ਟੱਕ ਲਾਇਆ ਗਿਆ ਸੀ ਗੁਰੂ ਅਮਰਦਾਸ ਜੀ ਨੇ ਉਸ ਦਾ ਨਾਮ ਸੰਤੋਖਸਰ ਰਾਖਿਆ। ਹੁਣ ਉਸ ਤੋਂ ਉਰ੍ਹੇ ਜਿਥੇ ਨੀਵੀਂ ਥਾਂ ਹੈ ਉਥੇ ਦੂਜਾ ਸਰੋਵਰ ਪੁਟਵਾਓ ਉਸ ਦਾ ਨਾਂ ਸ੍ਰੀ ਅੰਮ੍ਰਿਤਸਰ ਰੱਖੋ। ਜਾ ਕੇ ਪਹਿਲਾਂ ਉਸ ਨੂੰ ਪੁਟਵਾਓ ਸਮਾਂ ਪਾ ਕੇ ਉਹ ਪੱਕਾ ਹੋ ਜਾਵੇਗਾ। ਇਸ ਪ੍ਰਕਾਰ ਗੁਰੂ ਕੇ ਚੱਕ ਦੀ ਕਾਰ ਸੇਵਾ, ਸੰਤੋਖਸਰ ਅਤੇ ਅੰਮ੍ਰਿਤਸਰ ਦੀ ਕਾਰ ਸੇਵਾ ਚਲਦੀ ਰਹੀ। ਧੰਨ ਗੁਰੂ ਰਾਮਦਾਸ ਇਹ ਸੇਵਾ ਇਥੇ ਆ ਕੇ ਕਰਾਉਂਦੇ ਰਹਿੰਦੇ। ਬਾਬਾ ਪ੍ਰਿਥੀ ਚੰਦ, ਮਹਾਂਦੇਵ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਸਾਹਿਬ ਹੀ ਰਹਿੰਦੇ ਰਹੇ। ਪ੍ਰਿਥੀ ਚੰਦ ਨੇ ਸ੍ਰੀ ਗੋਇੰਦਵਾਲ ਸਾਹਿਬ ਸੰਗਤ ਦੀ ਸੇਵਾ ਸੰਭਾਲ ਅਰੰਭ ਕਰ ਦਿੱਤੀ। ਚੌਥੇ ਪਾਤਿਸ਼ਾਹ ਮਾਇਆ ਤੋਂ ਨਿਰਲੇਪ ਰਹੇ। ਗੁਰੂ ਦਰਬਾਰ ਵਿੱਚ ਬਹੁਤ ਮਾਇਆ ਚੜ੍ਹਦੀ ਸੀ। ਮਾਇਆ ਦੀ ਸੰਭਾਲ ਪ੍ਰਿਥੀ ਚੰਦ ਜੀ ਕਰਨ ਲੱਗ ਪਏ। ਲੰਗਰ ਚਲਾਉਣਾ, ਮਸੰਦਾਂ ਦੀ ਸੰਭਾਲ ਕਰਨਾ, ਘੋੜਿਆਂ ਦੇ ਦਾਣਾ ਪਾਣੀ ਦਾ ਪ੍ਰਬੰਧ ਕਰਨਾ, ਬਾਹਰੋਂ ਆਈ ਸੰਗਤ ਨੂੰ ਸਿਰੋਪਾਓ ਦੇਣੇ ਆਦਿ। ਬਾਬਾ ਪ੍ਰਿਥੀ ਚੰਦ ਜੀ ਇਹ ਸਾਰੀਆਂ ਸੇਵਾਵਾਂ ਸਿਆਣਪ ਅਤੇ ਚਤੁਰਾਈ ਨਾਲ ਕਰਦੇ ਸਨ। ਮਨ ਵਿੱਚ ਖੋਟ ਰੱਖੀ ਹੋਈ ਸੀ। ਅੰਦਰ ਇਹ ਇੱਛਾ ਸੀ ਕਿ ਪਿਤਾ ਜੀ ਤੋਂ ਬਾਅਦ ਮੈਂ ਗੁਰਤਾਗੱਦੀ ਪ੍ਰਾਪਤ ਕਰਾਂਗਾ।

ਤੀਜੇ ਪਾਤਿਸ਼ਾਹ ਦੇ ਬਚਨਾਂ ਅਨੁਸਾਰ ਗੁਰੂ ਰਾਮਦਾਸ ਜੀ ਗੁਰੂ ਕੇ ਚੱਕ ਪਰਿਵਾਰ ਸਮੇਤ ਆ ਕੇ ਰਹਿਣ ਲੱਗ ਪਏ। ਇੱਥੋਂ ਆਪ ਜੀ ਸੰਗਤਾਂ ਦੀ ਇੱਛਾ ਅਨੁਸਾਰ ਲਾਹੌਰ ਗਏ। ਆਪਣੇ ਜੱਦੀ ਘਰ ਦੀ ਜਗ੍ਹਾ ਤੇ ਧਰਮਸ਼ਾਲਾ ਬਣਾ ਦਿੱਤੀ। ਅੰਦਰ ਇੱਕ ਬਉਲ਼ੀ ਬਣਾਈ। ਇਹ ਕੰਮ ਕਰਵਾ ਕੇ ਵਾਪਿਸ ਗੁਰੂ ਕੇ ਚੱਕ ਆ ਗਏ।

ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ ਸਿਹਾਰੀ ਮੱਲ ਜੀ ਲਹੌਰ ਤੋਂ ਆਪਣੇ ਪੁੱਤਰ ਭਾਈ ਸੁਭਾਗੇ ਦੇ ਵਿਆਹ ਦੀ ਚਿੱਠੀ ਲੈ ਕੇ ਗੁਰੂ ਕੇ ਚੱਕ ਪਹੁੰਚੇ। ਇਸ ਨੇ ਭਰਾਤਾ ਜੀ ਨੂੰ ਲਹੌਰ ਵਿਆਹ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਗੁਰੂ ਰਾਮਦਾਸ ਜੀ ਨੇ ਪਿਆਰ ਨਾਲ ਸਿਹਾਰੀ ਮੱਲ ਨੂੰ ਸਮਝਾਇਆ। ਸਿਹਾਰੀ ਮੱਲ ਨੇ ਪ੍ਰਿਥੀ ਚੰਦ ਨੂੰ ਜਾਣ ਲਈ ਆਖਿਆ। ਪ੍ਰਿਥੀ ਚੰਦ ਜੀ ਆਪਣੇ ਪਿਤਾ ਦੇ ਕਹਿਣ ਤੇ ਵੀ ਨਾ ਗਏ। ਮਨ ਵਿੱਚ ਗੁਰਤਾਗੱਦੀ ਪ੍ਰਾਪਤ ਕਰਨ ਦੀ ਸਾਜਿਸ਼ ਸੀ। ਮਹਾਂਦੇਵ ਵੀ ਨਾ ਗਏ। ਗੁਰੂ ਅਰਜਨ ਦੇਵ ਜੀ ਬਚਨ ਮੰਨ ਕੇ ਵਿਆਹ ਦੇ ਕਾਰਜ ਵਾਸਤੇ ਲਾਹੌਰ ਗਏ। ਵਿਆਹ ਤੋਂ ਬਾਅਦ ਧਰਮਸ਼ਾਲਾ ਵਿੱਚ ਗੁਰਮਤਿ ਦਾ ਪ੍ਰਚਾਰ ਦੋ ਸਾਲ ਕਰਦੇ ਰਹੇ। ਜਦੋਂ ਗੁਰੂ ਰਾਮਦਾਸ ਜੀ ਦਾ ਸੱਚਖੰਡ ਜਾਣ ਦਾ ਸਮਾਂ ਨੇੜੇ ਆਇਆ

ਤਾਂ ਬਾਬਾ ਬੁੱਢਾ ਜੀ ਨੂੰ ਲਹੌਰ ਭੇਜ ਕੇ ਗੁਰੂ ਅਰਜਨ ਦੇਵ ਜੀ ਨੂੰ ਮੰਗਵਾਇਆ। ਗੁਰਤਾਗੱਦੀ ਦਾ ਤਿਲਕ ਗੁਰੂ ਅਰਜਨ ਦੇਵ ਜੀ ਨੂੰ ਲਗਵਾਇਆ।

ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ। ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਨੂੰ ਨਾਲ ਲੈ ਕੇ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਜਾ ਕੇ ਸੱਚਖੰਡ ਜਾ ਬਿਰਾਜੇ। ਗੁਰਤਾਗੱਦੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਠਾਇਆ ਗਿਆ। ਕੁਝ ਸਮੇਂ ਬਾਅਦ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ ਆ ਗਏ।

ਬਾਬਾ ਪ੍ਰਿਥੀ ਚੰਦ ਜੀ ਨੇ ਮਸੰਦਾਂ ਨਾਲ ਮਿਲਕੇ ਸਾਰੀ ਮਾਇਆ ਆਪਣੇ ਹੱਥ ਵਿੱਚ ਲੈ ਲਈ। ਇਹ ਮਾਇਆ ਹੁਣ ਬਾਬਾ ਪ੍ਰਿਥੀ ਚੰਦ ਲਈ ਦੁਖਦਾਈ ਬਣ ਗਈ। ਸਿਆਣਪ ਅਤੇ ਚਤੁਰਾਈ ਨਾਲ ਕੀਤੀ ਹੋਈ ਸੇਵਾ ਨਾਲ ਪਿਤਾ ਗੁਰੂ ਜੀ ਦੀ ਖੁਸ਼ੀ ਨਾ ਮਿਲੀ। ਗੁਰਤਾਗੱਦੀ ਤੋਂ ਖਾਲੀ ਰਹਿ ਕੇ ਸਾਰੀ ਉਮਰ ਨਿੰਦਾ ਵਿੱਚ ਗੁਜਾਰੀ।

## ਸਿੱਖਾਂ ਨੂੰ ਉਪਦੇਸ਼

### ਭਾਈ ਮਹਾਂ ਅਨੰਦ ਤੇ ਭਾਈ ਬਿਧੀ ਚੰਦ

ਭਾਈ ਮਹਾਂ ਅਨੰਦ ਤੇ ਭਾਈ ਬਿਧੀ ਚੰਦਦੋਨਾ ਨੇ ਹੱਥ ਜੋੜ ਕੇ ਗੁਰੂ ਰਾਮਦਾਸ ਜੀ ਦੇ ਚਰਨ ਕਮਲਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ ਸਾਡੇ ਜਨਮ ਮਰਨ ਦੇ ਡਰ ਨੂੰ ਦੂਰ ਕਰ ਦੇਵੋ। ਅਨੇਕਾਂ ਵਾਰ ਜਨਮ ਧਾਰਨ ਕਰਕੇ ਮਰੇ ਹਾਂ। ਮੋਹ ਤੇ ਈਰਖਾ ਦੇ ਵਸ ਹੋ ਕੇ ਅਨੇਕ ਜੂਨੀਆਂ ਭੋਗੀਆਂ। ਹੁਣ ਤੁਹਾਡੀ ਸ਼ਰਨ ਵਿਚ ਆ ਪਏ ਹਾਂ ਕਿਰਪਾ ਕਰਕੇ ਸਾਡੀ ਸ੍ਰੇਸ਼ਟ ਮੁਕਤੀ ਕਰੋ। ਇਹ ਸੁਣ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਦਇਆ ਕਰਕੇ ਉਨ੍ਹਾਂ ਲਈ ਸ਼ੁਭ ਉਪਦੇਸ ਵਰਣਨ ਕੀਤਾ ਕਿ ਜਦ ਤੁਸੀ ਆਪਣੇ ਸਰੂਪ ਨੂੰ ਜਾਣ ਲਵੋਗੇ ਤਦ ਤੁਸੀਂ ਜਨਮ ਮਰਨ ਦਾ ਬੰਧਨ ਦੂਰ ਕਰ ਲਵੋਗੇ। ਹੱਥ ਜੋੜ ਕੇ ਦੋਨਾ ਨੇ ਕਿਹਾ ਅਸੀਂ ਤਾਂ ਆਪਣਾ ਸਰੂਪ ਇਹ ਹੀ ਪਛਾਣਿਆ ਹੈ ਕਿ ਅਸੀਂ ਤਾਂ ਖੱਤਰੀਆਂ ਦੇ ਪੁੱਤਰ ਹਾਂ। ਇਹ ਹੀ ਆਪਣਾ ਤਨ ਮਨ ਜਾਣਿਆ ਹੈ। ਪਹਿਲਾਂ ਬਾਲਕ-ਉਮਰ ਧਾਰਨ ਕੀਤੀ ਅਤੇ ਹੁਣ ਜਵਾਨ ਹੋ ਕੇ ਬਹੁਤ ਬਲ ਭਰਪੂਰ ਹੋ ਗਏ ਹਾਂ। ਬੱਸ ਆਪਣੇ ਸਰੀਰ ਤੋਂ ਬਗੈਰ ਅਸੀਂ ਹੋਰ ਕੁਝ ਨਹੀਂ ਜਾਣਦੇ। ਅਸੀਂ ਤਾਂ ਆਪਣਾ ਸਰੂਪ,ਇਹ ਹੀ ਮੰਨਦੇ ਹਾਂ। ਤਦ ਸ੍ਰੀ ਗੁਰੂ ਰਾਮਦਾਸ ਜੀ ਨੇ ਬਚਨ ਕੀਤਾ ਕਿ ਤੁਹਾਡਾ ਇਹ ਸਰੀਰ ਤਾਂ ਮਾਤਾ-ਪਿਤਾ ਨੇ ਧਾਰਨ ਕਰਵਾਇਆ ਹੈ। ਜਾਤ ਅਥਵਾ ਨਾਮ ਉਨ੍ਹਾਂ ਨੇ ਹੀ ਕਲਪੇ ਹਨ। ਉਨ੍ਹਾਂ ਨੇ ਆਪਣੀ ਮੱਤ ਅਨੁਸਾਰ,ਕਾਰ-ਵਿਹਾਰ ਕਰਨ ਲਈ ਦੱਸੇ ਹਨ। ਪਰ ਤੁਸੀਂ ਤਾਂ ਇਹ ਸਰੀਰ ਧਾਰਨ ਕਰਨ ਤੋਂ ਪਹਿਲਾਂ ਵੀ ਸੀ ਅਤੇ ਪੂਰਬਲੇ ਉਸ ਸਰੀਰ ਦੇ ਕੀਤੇ ਹੋਏ ਕਰਮਾਂ ਕਰਕੇ ਫਲ ਪ੍ਰਾਪਤ ਕੀਤੇ ਹਨ। ਭਲੇ-ਬੁਰੇ ਕਰਮ ਜੋ ਪਹਿਲਾਂ ਕੀਤੇ

ਸਨ,ਉਨ੍ਹਾਂ ਦੇ ਅਨਸਾਰ ਹੀ ਦੁਖ-ਸੁਖ ਭੋਗਿਆ ਹੈ। ਇਸ ਸਰੀਰ ਨੂੰ ਛੱਡ ਕੇ,ਫੇਰ ਤੁਸੀਂ ਹੋਰ ਤਨ ਧਾਰਨ ਕਰੋਗੇ। ਜਿਸ ਤਰਾਂ ਦੇ ਕਰਮ ਕਰੋਗੇ,ਉਹੋ ਜਿਹੇ ਹੀ ਉਥੇ ਭੋਗੋਗੇ। ਤੁਸੀਂ ਇਹ ਸਰੀਰ ਧਾਰਨ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਸਰੀਰ ਦੇ ਛੱਡ ਜਾਣ ਤੋਂ ਬਾਅਦ ਵੀ ਪਿੱਛੇ ਕਾਇਮ ਰਹੋਗੇ। ਜਦੋਂ ਤੁਸੀਂ ਇਸ ਸਰੀਰ ਤੋਂ ਪਹਿਲਾਂ ਵੀ ਸੀ ਤੇ ਬਾਅਦ ਵਿਚ ਵੀ ਰਹੋਗੇ ਤਾਂ ਤੁਸੀਂ ਆਪਣੇ ਤਨ ਦੇ ਸਰੂਪ ਨੂੰ ਕਿਵੇਂ ਦੇਖ ਲਿਆ। ਇਸ ਸਰੀਰ ਨੂੰ ਕੱਪੜਿਆਂ ਵਾਂਗ ਝੂਠਾ ਹੀ ਜਾਣੋ। ਪੁਰਾਣਾ ਹੋਣ ਤੇ ਜਿਵੇਂ ਕੱਪੜਾ ਖਤਮ ਹੋ ਜਾਂਦਾ ਹੈ ਤੇ ਫਿਰ ਤਨ ਤੇ ਹੋਰ ਕੱਪੜਾ ਪਹਿਨ ਲਿਆ ਜਾਂਦਾ ਹੈ। ਇਸ ਲਈ ਜੋ ਤਨ ਰੂਪੀ ਕੱਪੜਾ ਤੁਸੀਂ ਆਤਮਾ ਤੇ ਪਹਿਨਦੇ ਹੋ,ਉਸ ਆਤਮਾ ਰੂਪੀ ਸਰੂਪ ਨੂੰ,ਆਪਣਾ ਅਸਲ ਰੂਪ ਜਾਣੋ। ਉਹ ਆਤਮਾ ਰੂਪੀ ਸਰੂਪ ਕਦੇ ਮਰਨਾ ਨਹੀਂ ਤੇ ਨਾ ਹੀ ਮਾਰਿਆ ਜਾਂਦਾ ਹੈ। ਉਹ ਜਲ ਵਿਚ ਵੀ ਨਹੀਂ ਡੁੱਬਦਾ ਤੇ ਨਾ ਹੀ ਉਸ ਨੂੰ ਅੱਗ ਜਲਾ ਸਕਦੀ ਹੈ। ਇਹ ਸਰੀਰ ਝੂਠਾ ਹੈ ਪਰ ਤੁਹਾਡਾ ਸਰੂਪ ਸੱਚਾ ਹੈ। ਦੁੱਖ ਤਾਂ ਸਰੀਰ ਨੂੰ ਹੁੰਦਾ ਹੈ,ਤੁਹਾਡਾ ਅਸਲ ਸਰੂਪ ਤਾਂ ਵਿਸ਼ਾਲ ਅਨੰਦ ਵਾਲਾ ਹੈ। ਇਹ ਸਰੀਰ ਤਾਂ ਜੜ੍ਹ ਹੈ,ਪਰ ਨਿੱਜੀ-ਸਰੂਪ ਚੇਤਨ ਹੈ। ਇਸ ਤਰ੍ਹਾਂ ਤੁਸੀਂ ਹਿਰਦੇ ਵਿਚ ਨਿੱਜ ਸਰੂਪ ਆਤਮਾ ਬਾਰੇ ਬੇਮਿਸਾਲ ਨਿਸ਼ਚਾ ਧਾਰ ਲਵੋ। ਦੋਨਾ ਸਿੱਖਾਂ ਨੇ ਇਹ ਸੁਣ ਕੇ ਬੇਨਤੀ ਕੀਤੀ ਸਾਨੂੰ ਇਸ ਤਰ੍ਹਾਂ ਦੇ ਸਾਡੇ ਸਰੂਪ ਦਾ ਪ੍ਰਕਾਸ਼ ਕਿਸ ਤਰ੍ਹਾ ਹੋਵੇ। ਤਨ ਦਾ ਹੰਕਾਰ ਛੱਡ ਕੇ ਕਿਸ ਤਰ੍ਹਾਂ ਉਸ ਸਰੂਪ ਵਿਚ ਆਪਣੇ ਆਪ ਨੂੰ ਧਾਰਨ ਕਰੀਏ ਅਤੇ ਆਪਣੇ ਸਰੂਪ ਦੀ ਪਛਾਣ ਕਰੀਏ। ਤਦ ਗੁਰੂ ਰਾਮਦਾਸ ਜੀ ਨੇ ਆਪ ਫੁਰਮਾਇਆ ਕਿ ਮਨ ਲਾ ਕੇ ਸਤਿਸੰਗਤ ਕਰੋ। ਨੇਮ ਨਾਲ ਕੰਨ ਲਾ ਕੇ ਕਥਾ ਸੁਣੋ। ਗੁਰੂ ਜੀ ਦੇ ਸਿੱਖਾਂ ਦੀ ਪਿਆਰ ਸਹਿਤ ਸੇਵਾ ਕਰੋ। ਸਤਿਗੁਰੂ ਜੀ ਦੀ ਬਾਣੀ ਤੇ ਵਿਚਾਰ ਕਰੋ। ਬੜੀ ਪਰੀਤ ਭਾਵਨਾ ਸਹਿਤ ਬਾਣੀ ਨੂੰ ਸਮਝੋ। ਗੁਰਬਾਣੀ ਦੇ ਮੁਤਾਬਿਕ ਆਪਣੇ ਹਿਰਦੇ ਨੂੰ ਤੋਲੋ। ਦੁਖ-ਸੁਖ ਦੀ ਹਾਲਤ ਵਿਚ ਕਦੇ ਵੀ ਨਾ ਡੋਲੋ। ਤੁਹਾਡੀ ਪਰੀਤੀ ਜਾਣ ਕੇ ਅਸੀਂ ਇਹ ਬਚਨ ਕਹੇ ਹਨ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਸੀਂ ਆਪਣੇ ਸਰੂਪ ਨੂੰ ਜਾਣ ਲਵੋਗੇ। ਇਉਂ ਸਤਿਗੁਰੂ ਜੀ ਦਾ ਉਪਦੇਸ ਸੁਣ ਕੇ ਉਹ ਉਸੇ ਤਰ੍ਹਾਂ ਕੰਮ-ਕਾਰ ਕਰਨ ਲੱਗੇ। ਕੁਝ ਸਮੇਂ ਮਗਰੋਂ ਉਨ੍ਹਾਂ ਨੂੰ ਆਪਣੇ ਸਰੂਪ ਦਾ ਗਿਆਨ ਹੋ ਗਿਆ। ਕਰਮਾਂ ਦੇ ਸਾਰੇ ਬੰਧਨ ਉਨ੍ਹਾਂ ਨਾਸ਼ ਕਰ ਲਏ। ਉਨ੍ਹਾਂ ਨੇ ਗੁਰਸਿੱਖਾਂ ਦੀ ਪਦਵੀ ਪ੍ਰਾਪਤ ਕੀਤੀ। ਅੰਤ ਵੇਲੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਵਿਚ ਸਮਾ ਲਿਆ।

## ਧਰਮਪਾਲ ਖੋਸਲਾ, ਡੂਗਰਦਾਸ ਤਕਿਆਰਾ, ਦੀਪਾ, ਜੇਠਾ, ਸੰਸਾਰੂ, ਬੂਲਾ ਅਤੇ ਤੀਰਥਾ

ਧਰਮਪਾਲ ਖੋਸਲਾ,ਡੂਗਰਦਾਸ ਤਕਿਆਰਾ, ਦੀਪਾ, ਜੇਠਾ, ਸੰਸਾਰੂ,ਬੂਲਾ

ਅਤੇ ਤੀਰਥਾ ਇਹ ਸੱਤੋ ਸਿੱਖ ਮਿਲ ਕੇ ਗੁਰੂ ਰਾਮਦਾਸ ਜੀ ਦੀ ਸ਼ਰਨ ਵਿਚ ਆਏ। ਉਨ੍ਹਾਂ ਨਮਸਕਾਰ ਕੀਤੀ ਅਤੇ ਬਹੁਤ ਬੇਨਤੀਆਂ ਕੀਤੀਆਂ। ਹੱਥ ਜੋੜ ਕੇ ਗੁਰੂ ਜੀ ਦੇ ਕੋਲ ਬੈਠੇ ਹੋਏ ਕਹਿਣ ਲੱਗੇ, "ਅਸੀਂ ਆਪ ਜੀ ਦੇ ਦਰਬਾਰ ਵਿਚ ਸ਼ਰਨ ਲੈਣ ਲਈ ਆਏ ਹਾਂ। ਕਿਸੇ ਪ੍ਰਕਾਰ ਸਾਡਾ ਉਧਾਰ ਕਰੋ। " ਸਤਿਗੁਰੂ ਰਾਮਦਾਸ ਜੀ ਨੇ ਸੁਣ ਕੇ ਫੁਰਮਾਨ ਕੀਤਾ, "ਪਹਿਲਾਂ ਮਨ ਦੇ ਹੰਕਾਰ ਦਾ ਤਿਆਗ ਕਰੋ,ਨਿਮਰਤਾ ਨੂੰ ਫੜੋ,ਈਰਖਾ ਕਰਨੀ ਛੱਡੋ,ਨਿੰਦਿਆ ਨਾ ਕਰੋ ਤੇ ਔਗੁਣਾਂ ਨੂੰ ਦੂਰ ਕਰੋ। ਜੇਕਰ ਘਰ ਆਏ ਸਿੱਖ ਨੂੰ ਵੇਖਦੇ ਹੋ ਤਾਂ ਉਸ ਦੀ ਆਪੋ ਆਪਣੇ ਘਰੇ ਲਿਜਾ ਕੇ ਸੇਵਾ ਕਰੋ। ਪ੍ਰੇਮ ਸਹਿਤ ਭੋਜਨ ਤੇ ਬਸਤਰ ਦੇਵੋ। ਉਨ੍ਹਾਂ ਦੇ ਬਚਨਾ ਨੂੰ ਮੰਨੋ,ਕਦੇ ਵੀ ਮੋੜਨਾ ਨਹੀਂ। ਜੇ ਕਿਸੇ ਸਿੱਖ ਦਾ ਵੱਡਾ ਕੰਮ ਹੋਵੇ-ਧਨ ਬਗੈਰ ਪੂਰਾ ਨਹੀਂ ਹੋ ਸਕਦਾ-ਤੁਸੀਂ ਅਜਿਹਾ ਦੇਖਦੇ ਹੋ। ਸਾਰੇ ਸਿੱਖ ਮਿਲ ਕੇ ਅਰਦਾਸ ਕਰੋ। ਸਾਰਿਆਂ ਕੋਲੋਂ ਇੱਕ ਥਾਂ ਪੈਸਾ ਇਕੱਠਾ ਕਰਕੇ ਉਸ ਸਿੱਖ ਦਾ ਕੰਮ ਸਾਰ ਦੇਵੋ ਤਾਂ ਤੁਹਾਨੂੰ ਸੁੱਖ ਪ੍ਰਾਪਤ ਹੋਵੇਗਾ। ਜਿੱਥੇ ਸਤਿਸੰਗਤ ਜੁੜੀ ਹੋਵੇ ਉਥੇ ਸਵੇਰੇ ਤੇ ਸ਼ਾਮੀ ਜਾ ਕੇ ਪ੍ਰੇਮ ਸਹਿਤ ਸੇਵਾ ਕਰੋ। ਜਿਸ ਸਿੱਖ ਵਿਚ ਯੋਗ ਸਮਰੱਥਾ ਹੋ ਜਾਵੇ ਉਹ ਆਪ ਧਰਮਸ਼ਾਲਾ ਤਿਆਰ ਕਰਵਾਵੇ। ਉਸ ਵਿਚ ਸਿੱਖਾਂ ਨੂੰ ਟਿਕਾਣਾ ਦੇਵੇ। ਉੱਥੇ ਰਾਹੀਆਂ ਨੂੰ ਭੋਜਨ ਵੀ ਦੇਵੇ। ਇਕ ਸਿੱਖ ਦੇਵੇ ਜਾਂ ਸਾਰੇ ਮਿਲਕੇ ਦੇਣ। ਪ੍ਰਭੂ ਦਾ ਨਾਮ ਸਿਮਰਦੇ ਹੋਏ ਭਲੇ ਪੁਰਸ਼ ਦੀ ਸੇਵਾ ਕਰੇ। ਇਸ ਦਾ ਮਹਾਤਮ ਕਿੱਥੋਂ ਤੱਕ ਦੱਸਿਆ ਜਾਵੇ,ਇਸ ਦੇ ਸਮਾਨ ਹੋਰ ਕੋਈ ਵੀ ਪੁੰਨ ਪਦਾਰਥ ਹਾਸਲ ਨਹੀਂ ਹੁੰਦਾ। ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰੇ ਤੇ ਪ੍ਰੇਮ ਸਹਿਤ ਬਾਣੀ ਪੜ੍ਹੇ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਹ ਸਾਰੇ ਸਿੱਖ ਇਸ ਤਰ੍ਹਾਂ ਹੀ ਕਮਾਈ ਕਰਨ ਲੱਗੇ। ਵੱਡੇ ਭਾਗਾਂ ਵਾਲੇ ਗੁਰੂ ਜੀ ਦੇ ਪ੍ਰੇਮ ਵਿਚ ਮਗਨ ਹੋ ਗਏ। ਅੰਤ ਸਮੇਂ ਗੁਰੂ ਜੀ ਪਾਸ ਪਹੁੰਚ ਕੇ ਅਨੰਦਮਈ ਅਵਸਥਾ ਨੂੰ ਪ੍ਰਾਪਤ ਹੋ ਗਏ।

## ਭਾਈ ਜਾਪਾ, ਰਮਈਆ, ਨਈਆ ਅਤੇ ਤੁਲਸਾ ਵਹੁਰਾ

ਭਾਈ ਜਾਪਾ,ਰਮਈਆ,ਨਈਆ ਅਤੇ ਤੁਲਸਾ ਵਹੁਰਾ ਇਹ ਚਾਰੇ ਸਿੱਖ ਬੜੀ ਸ਼ਰਧਾ ਧਾਰਨ ਕਰਕੇ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਪਹੁੰਚੇ ਤੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੰਦਨਾ ਕਰਕੇ ਸੀਸ ਨਿਵਾਇਆ। ਦੋਨੋਂ ਹੱਥ ਜੋੜ ਕੇ ਬੇਨਤੀ ਕੀਤੀ ਆਪਣੇ ਸੇਵਕ ਜਾਣ ਕੇ ਅਸਾਂ ਨੂੰ ਉਪਦੇਸ਼ ਦੇਵੋ,ਅਸੀਂ ਗ੍ਰਿਹਸਤ ਵਿਚ ਰਹਿ ਕੇ ਆਪ ਦੇ ਕਹੇ ਅਨੁਸਾਰ ਕਮਾਈ ਕਰੀਏ ਅਤੇ ਜਿਸ ਸਦਕਾ ਅਸੀਂ ਸਿੱਖੀ ਦੀ ਪਦਵੀ ਪ੍ਰਾਪਤ ਕਰੀਏ। ਗੁਰੂ ਰਾਮਦਾਸ ਜੀ ਨੇ ਕਿਰਪਾ ਕਰਕੇ ਬਚਨ ਕੀਤਾ ਜਿਸ ਤਰ੍ਹਾਂ ਤੁਸੀਂ ਦਿਨ ਰਾਤ ਘਰ ਦੇ ਕੰਮ ਕਾਜ ਚੰਗੀ ਤਰ੍ਹਾਂ ਸੰਵਾਰ ਕੇ ਕਰਦੇ ਹੋ ਉਨ੍ਹਾਂ ਦਾ ਕਦੇ ਵੀ ਤਿਆਗ ਨਹੀਂ ਕਰਦੇ ਤੇ ਕੰਮ ਧੰਦੇ ਤੁਹਾਨੂੰ ਪਿਆਰੇ ਲੱਗਦੇ ਹਨ ਉਸੇ ਤਰ੍ਹਾਂ ਹੀ ਗੁਰਬਾਣੀ ਨਾਲ ਪਿਆਰ ਧਾਰਨ ਕਰੋ। ਰੁਚੀ ਸਹਿਤ ਉਸ ਦਾ

ਪੜ੍ਹਨਾ ਸੁਣਨਾ ਕਰੋ,ਅਰਥ ਵਾਰ ਵਾਰ ਆਪਣੇ ਹਿਰਦੇ ਵਿਚ ਵਿਚਾਰੋ। ਗੁਰੂ ਸਰੂਪ ਵੱਲ ਧਿਆਨ ਧਾਰਨ ਕਰੋ। ਅੰਮ੍ਰਿਤ ਵੇਲੇ ਇਉਂ ਕਰਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਘੋੜੇ ਨੂੰ ਮਸਾਲਾ ਦਿੰਦੇ ਹਾਂ,ਬਾਅਦ ਵਿਚ ਛਿੱਕਾ ਦੇ ਕੇ ਖਾਣ ਪੀਣ ਤੋਂ ਰੋਕ ਦਿੱਤਾ ਜਾਂਦਾ ਹੈ ਉਸੇ ਤਰ੍ਹਾਂ ਕੁਝ ਚਿਰ ਰੁਕ ਕੇ ਦੂਸਰੇ ਕੰਮ ਕਾਰ ਸ਼ੁਰੂ ਕਰੋ। ਤਦੋਂ ਰੋਗੀ ਘੋੜਾ ਤੰਦਰੁਸਤ ਹੋ ਜਾਵੇਗਾ,ਸਰੀਰ ਦੀ ਸਾਰੀ ਬਿਮਾਰੀ ਦੂਰ ਹੋ ਜਾਵੇਗੀ। ਇਸੇ ਤਰ੍ਹਾਂ ਹਿਰਦੇ ਵਿਚ ਵਿਸ਼ਾਲ ਪ੍ਰੇਮ ਧਾਰਨ ਕਰਦੇ ਹੋਏ ਗੁਰੂ ਜੀ ਦਾ ਧਿਆਨ ਧਾਰਨ ਕਰੋ। ਤੁਰਦੇ ਫਿਰਦੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਹੱਥੀਂ ਘਰ ਦੇ ਸਾਰੇ ਕੰਮ ਕਾਰ ਕਰੋ। ਉੱਠਦੇ-ਬੈਠਦੇ,ਜਾਗਦੇ-ਸੌਂਦੇ,ਕੰਨਾ ਨਾਲ ਸੁਣਦੇ ਹੋਏ ਤੇ ਅੱਖਾਂ ਨਾਲ ਦੇਖਦੇ ਹੋਏ ਆਪਣਾ ਹਿਰਦਾ ਸਤਿਗੁਰੂ ਜੀ ਨਾਲ ਜੋੜੋ। ਹੋਰ ਸਭ ਕਾਰਜ ਆਪਣੇ ਅੰਗਾ ਨਾਲ ਕਰਦੇ ਜਾਵੋ। ਜਿਸ ਤਰ੍ਹਾਂ ਸਿਰ ਤੇ ਘੜਾ ਚੁੱਕ ਕੇ ਲਿਜਾਉਣ ਵਾਲੀ,ਹੱਥ ਹਿਲਾਉਂਦੀ ਹੋਈ ਤੇ ਬਹੁਤ ਗੱਲਾਂ ਕਰਦੀ ਹੋਈ ਵੀ ਰਾਹ ਤੇ ਚਲਦੀ ਜਾਂਦੀ ਹੈ ਤਦ ਵੀ ਉਸ ਦਾ ਮਨ ਘੜੇ ਨਾਲ ਜੁੜਿਆ ਹੁੰਦਾ ਹੈ। ਨਾ ਘੜਾ ਡਿੱਗਦਾ ਹੈ ਅਤੇ ਨਾ ਡੋਲਦਾ ਹੈ ਉਹ ਸਿਰ ਤੇ ਟਿਕਿਆ ਹੀ ਰਹਿੰਦਾ ਹੈ। ਇਸੇ ਤਰ੍ਹਾਂ ਤੁਸੀਂ ਵੀ ਬਿਰਤੀ ਨੂੰ ਇਕਾਗਰ ਕਰਕੇ ਸੁੱਖ ਪ੍ਰਾਪਤ ਕਰੋ ਅਤੇ ਅੰਤ ਸਮੇਂ ਤੁਸੀਂ ਮੁਕਤ ਹੋ ਜਾਵੋਗੇ। ਚਾਰੇ ਸਿੱਖ ਹਮੇਸ਼ਾਂ ਲਈ ਗੁਰੂ ਰਾਮਦਾਸ ਜੀ ਦੇ ਉਪਦੇਸ਼ ਤੇ ਚੱਲ ਕੇ ਕਮਾਈ ਕਰਦੇ ਰਹੇ ਅੰਤ ਨੂੰ ਉਹ ਗੁਰੂ ਜੀ ਦੀ ਸਮੀਪ ਮੁਕਤੀ ਪ੍ਰਾਪਤ ਕਰ ਗਏ।

## ਭਾਈ ਤੀਰਥਾ, ਬਿਸ਼ਨ ਦਾਸ, ਮਾਣਕ ਚੰਦ, ਪਦਾਰਥਾ, ਤਾਰੂ ਅਤੇ ਭਾਰੂ

ਖੱਤਰੀ ਜਾਤ ਦਾ ਤੀਰਥਾ ਸੱਭਰਵਾਲ ਨਾਮੀ ਸਿੱਖ ਗੁਰੂ ਜੀ ਪਾਸ ਆਇਆ। ਮੁਕਤੀ ਪ੍ਰਾਪਤ ਕਰਨ ਦੀ ਆਸ ਰੱਖਦਾ ਹੋਇਆ ਨਮਸਕਾਰ ਕਰਕੇ ਗੁਰੂ ਜੀ ਕੋਲ ਬੈਠ ਗਿਆ। ਕਹਿਣ ਲੱਗਾ, "ਸ੍ਰੀ ਗੁਰੂ ਜੀ! ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ। ਉਸ ਕਰਨੀ ਬਾਰੇ ਉਪਦੇਸ਼ ਦੇਵੋ,ਜੋ ਕਰਨੀ ਮੁਕਤੀ ਦੇਵੇ। ਆਪ ਜੀ ਦੇ ਮੁੱਖ ਤੋਂ ਜੋ ਬਚਨ ਸੁਣਦੇ ਹਾਂ,ਉਨ੍ਹਾਂ ਸਦਕਾ ਸਾਰੇ ਪਾਪ ਹੀ ਦੂਰ ਹੋ ਜਾਂਦੇ ਹਨ ਤੇ ਮਨ ਨੂੰ ਚੈਨ ਆ ਜਾਂਦਾ ਹੈ। ਤਦ ਸ੍ਰੀ ਗੁਰੂ ਰਾਮਦਾਸ ਜੀ ਨੇ ਉਪਦੇਸ ਦਿੱਤਾ ਕਿ ਸੱਚ ਦੇ ਸਮਾਨ ਹੋਰ ਕੋਈ ਵੱਡਾ ਪੁੰਨ ਨਹੀਂ ਹੈ। ਸੱਚ ਪਰਮੇਸ਼ਰ ਦਾ ਹੀ ਰੂਪ ਹੈ। ਸੱਚ ਤੋਂ ਹੀ ਸੱਚਾ ਨਿਵਾਸ ਪ੍ਰਾਪਤ ਹੁੰਦਾ ਹੈ। ਦੋਹਾਂ ਲੋਕਾਂ ਵਿਚ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਜੋ ਸੱਚ ਵਿਚ ਰਚੇ ਹੁੰਦੇ ਹਨ,ਉਨ੍ਹਾਂ ਦਾ ਦੇਵਤੇ ਵੀ ਸਨਮਾਨ ਕਰਦੇ ਹਨ। ਸਤਿਗੁਰੂ ਸੱਚੇ ਮਨੁੱਖ ਦੇ ਸੰਗੀ ਸਾਥੀ ਹੁੰਦੇ ਹਨ। ਵੱਡੇ ਪੁੰਨਾ ਨਾਲੋਂ ਵੀ ਸੱਚ ਚੰਗੇਰਾ ਹੈ। ਸ੍ਰੇਸ਼ਟ ਬੁਧੀ ਵਾਲੇ ਸੱਚਾ ਵਿਚਾਰ ਕਥਨ ਕਰਦੇ ਹਨ ਤੇ ਇਸ ਤਰ੍ਹਾਂ ਉਹ ਸੂਖਮ ਭੇਦ ਨੂੰ ਹਾਸਲ ਕਰ ਲੈਂਦੇ ਹਨ। ਜੇਕਰ ਸੱਚ ਕਹਿਣ ਨਾਲ ਕਿਸੇ ਦਾ ਬੁਰਾ ਹੁੰਦਾ ਹੈ ਤਾਂ ਉੱਥੇ ਝੂਠ ਬੋਲ ਕੇ ਸੱਚ ਨੂੰ ਦੂਰ ਹੀ ਰੱਖੋ। ਇਸ ਦੇ ਬਾਰੇ ਵਿਚ ਇੱਕ ਪ੍ਰਸੰਗ

ਸੁਣੋ। ਤੁਸੀਂ ਨਿਰਨਾ ਕਰਕੇ ਫਿਰ ਆਖਣਾ। ਰਾਜੇ ਦੇ ਦੁਆਰ ਤੇ ਇੱਕ ਸਾਧੂ ਰਹਿੰਦਾ ਸੀ। ਉੱਥੇ ਬੈਠ ਉਸ ਨੇ ਕਈ ਮਹੀਨੇ ਗੁਜ਼ਾਰੇ। ਉਸ ਰਾਜੇ ਦਾ ਪੁੱਤਰ ਵਿਆਹ ਕਰਵਾ ਕੇ ਆਇਆ ਤਾਂ ਹਰ ਤਰ੍ਹਾਂ ਨਾਲ ਉਤਸ਼ਾਹ ਵਧਾਇਆ ਹੋਇਆ ਸੀ। ਇੱਕ ਰਾਤ ਰਾਜ ਕੁਮਾਰ ਆਪਣੀ ਵਹੁਟੀ ਨੂੰ ਲੈ ਕੇ ਮਹੱਲ ਵਿਚ ਸੁੱਤਾ ਪਿਆ ਸੀ। ਸੁੱਖ-ਅਨੰਦ ਮਾਣਦਿਆਂ ਕਿੰਨੀ ਰਾਤ ਬੀਤ ਗਈ ਸੀ ਪਰ ਉਸ ਦੀ ਪਤਨੀ ਨੂੰ ਨੀਂਦ ਨਾ ਆਈ। ਰਾਜ ਕੁਮਾਰ ਦੇ ਸਿਰਹਾਣੇ ਇਕ ਕਟਾਰ ਰੱਖੀ ਹੋਈ ਸੀ। ਉਹ ਇਸਤਰੀ ਉਸ ਨੂੰ ਫੜ ਕੇ ਦੇਖਣ ਲੱਗੀ। ਬਹੁਤ ਤਿੱਖੀ ਕਟਾਰ ਹੱਥ ਵਿਚ ਲੈ ਕੇ ਉਸ ਨੇ ਵੇਖੀ। ਉਸ ਦਾ ਪਤੀ ਉਸ ਦੇ ਨਾਲ ਹੀ ਸੁੱਤਾ ਪਿਆ ਸੀ। ਉਹ ਅਚਾਨਕ ਹੀ ਉਸ ਦੇ ਹੱਥ ਵਿਚੋਂ ਛੁਟ ਗਈ ਤੇ ਰਾਜ ਕੁਮਾਰ ਦੇ ਢਿੱਡ ਉਪਰ ਡਿੱਗੀ ਤਾਂ ਉਦੋਂ ਹੀ ਅੰਦਰ ਖੁੱਭ (ਧਸ) ਗਈ। ਰਾਜ ਕੁਮਾਰ ਤੁਰੰਤ ਹੀ ਮਰ ਗਿਆ। ਉਸ ਦੀ ਪਤਨੀ ਦੇ ਹਿਰਦੇ ਵਿਚ ਬਹੁਤ ਹੀ ਚਿੰਤਾ ਹੋ ਗਈ। ਜਦ ਸਵੇਰ ਹੋਈ ਤਾਂ ਰਾਜੇ ਨੂੰ ਵੇਖ ਕੇ ਪਤਾ ਲੱਗਾ। ਉਸ ਇਸਤਰੀ ਨੇ ਸਭ ਨੂੰ ਦੱਸਿਆ ਇਹ ਜਿਹੜਾ ਸਾਧੂ ਦਾ ਰੂਪ ਧਾਰਨ ਕਰਕੇ ਦਰਵਾਜ਼ੇ ਕੋਲ ਬੈਠਾ ਹੈ। ਉਸ ਨੇ ਇੱਥੇ ਆ ਕੇ ਉਸ ਦੇ ਪਤੀ (ਰਾਜ ਕੁਮਾਰ) ਨੂੰ ਕਤਲ ਕਰ ਦਿੱਤਾ ਹੈ। ਸੁਣ ਕੇ ਰਾਜਾ ਰੋਂਦਾ ਹੋਇਆ ਵਿਰਲਾਪ ਕਰਨ ਲੱਗਾ। ਸਾਧੂ ਨੂੰ ਫੜ ਲਿਆ ਤੇ ਉਸ ਨੂੰ ਬਹੁਤ ਦੁਖ ਦਿੱਤਾ। ਫੇਰ ਹੋਰ ਸਭ ਨੂੰ ਮਿਲ ਕੇ ਰਾਜੇ ਨੇ ਹਿਰਦੇ ਵਿਚ ਵਿਚਾਰ ਕੀਤਾ ਕਿ ਇਸ ਸਾਧੂ ਨੂੰ ਮਾਰਨ ਨਾਲ ਉਸ ਦੇ ਪੁੱਤਰ ਨੇ ਜਿਊਂਦਾ ਨਹੀਂ ਹੋ ਜਾਣਾ। ਰਾਜੇ ਨੇ ਸਾਧੂ ਦਾ ਇੱਕ ਹੱਥ ਕੱਟ ਕੇ ਉਸ ਨੂੰ ਨਿਕਾਲ ਦਿੱਤਾ ਤੇ ਸਾਧੂ ਬਹੁਤ ਦੁੱਖ ਪਾ ਕੇ ਉੱਥੋਂ ਚਲਾ ਗਿਆ। ਸਾਧੂ ਸੋਚਣ ਲੱਗਾ ਕਿ ਪ੍ਰਭੂ ਦੇ ਘਰ ਤਾਂ ਨਿਆਂ ਹੁੰਦਾ ਹੈ ਮੈਂ ਕੋਈ ਪਾਪ ਨਹੀ ਕੀਤਾ ਪਰ ਮੈਨੂੰ ਸਜ਼ਾ ਮਿਲ ਗਈ। ਪ੍ਰਭੂ ਨੇ ਮੇਰੇ ਨਾਲ ਅਨਿਆਂ ਕਿਉਂ ਕੀਤਾ ਹੈ। ਇਹ ਵਿਚਾਰ ਕਰਦੇ ਹੋਏ ਉਸ ਨੇ ਹਿਰਦੇ ਵਿਚ ਬਹੁਤ ਚਿੰਤਾ ਧਾਰਨ ਕੀਤੀ। ਉਸ ਨੇ ਸੁਣਿਆ ਸੀ ਕਿ ਕਾਂਸ਼ੀ ਵਿਚ ਇਕ ਬ੍ਰਾਹਮਣ ਰਹਿੰਦਾ ਹੈ। ਉਹ ਲੋਕਾਂ ਦੇ ਪਿਛਲੇ ਜਨਮ ਬਾਰੇ ਜਾਣ ਲੈਂਦਾ ਹੈ। ਉਹ ਕਰਮਾਂ ਦਾ ਫਲ ਦੱਸਣ ਵਾਲੇ ਗ੍ਰੰਥ ਨੂੰ ਵਿਚਾਰਦਾ ਹੈ ਤੇ ਸਭ ਨੂੰ ਦੁੱਖਾਂ ਸੁੱਖਾਂ ਬਾਰੇ ਦੱਸਦਾ ਹੈ। ਸਾਧੂ ਉਸ ਬ੍ਰਾਹਮਣ ਦਾ ਘਰ ਅਤੇ ਨਾ ਪੁੱਛ ਕੇ ਉਸ ਕੋਲ ਚਲਾ ਗਿਆ। ਬ੍ਰਾਹਮਣ ਘਰੇ ਨਹੀਂ ਸੀ,ਉਸ ਦੀ ਵਹੁਟੀ ਬੈਠੀ ਸੀ। ਉਸ ਨੂੰ ਪੁੱਛਣ ਲੱਗਾ ਕਿ ਬ੍ਰਾਹਮਣ ਕਿੱਥੇ ਗਿਆ ਹੈ। ਇਹ ਸੁਣ ਕੇ ਇਸਤਰੀ ਨੇ ਬਹੁਤ ਗੁੱਸਾ ਕੀਤਾ। ਉਸ ਨੇ ਕੁਝ ਤਾਂ ਆਪਣੇ ਪਤੀ ਨੂੰ ਗਾਲ਼ਾ ਕੱਢੀਆਂ ਤੇ ਉਸ ਕਲਹਿਣੀ ਨੇ ਸਾਧੂ ਨੂੰ ਵੀ ਕਠੋਰ ਬੋਲ ਬੋਲੇ। ਸਾਧੂ ਹੈਰਾਨ ਹੋਇਆ ਮਨ ਵਿਚ ਸੋਚਣ ਲੱਗਾ ਕਿੱਥੇ ਬ੍ਰਾਹਮਣ ਦੀ ਪਤਨੀ ਦਾ ਸੁਭਾਅ ਹੈ। ਪੰਡਤ ਬਾਰੇ ਮੈਂ ਸੁਣਿਆ ਸੀ,ਉਹ ਬਹੁਤ ਉੱਤਮ ਪਰਸ਼ ਹੈ। ਉਹ ਬਾਹਰ ਦਰਵਾਜ਼ੇ ਕੋਲ ਖੜ੍ਹਾ ਸੀ। ਬ੍ਰਾਹਮਣ ਆ ਗਿਆ,ਸਾਧੂ ਨੇ ਆਪਣਾ ਸਾਰਾ ਹਾਲ ਉਸ ਨੂੰ ਸੁਣਾਇਆ। ਫੇਰ ਉਸ ਨੂੰ ਉਸ ਦੀ ਪਤਨੀ ਦੀ

ਗੱਲ ਦੱਸੀ। ਤੇਰੀ ਪਤਨੀ ਨੂੰ ਪੁਛਿਆ ਤਾਂ ਉਹ ਗਾਲਾਂ ਹੀ ਕੱਢੀ ਜਾਂਦੀ ਹੈ। ਪੰਡਤ ਨੇ ਬੈਠ ਕੇ ਸਾਧੂ ਨੂੰ ਵਿਚਾਰ ਸੁਣਾਏ ਕਿ ਜਿਸ ਤਰ੍ਹਾਂ ਤੁਸੀਂ ਇੱਥੇ ਆਏ ਹੋ ਉਸ ਦਾ ਕਾਰਨ ਸੁਣੋ। ਪਹਿਲੇ ਜਨਮ ਵਿਚ ਤੁਸੀਂ ਬ੍ਰਾਹਮਣ ਸੀ। ਤੁਸੀਂ ਜਲ ਦੇ ਕਿਨਾਰੇ ਬੈਠ ਕੇ ਇਸ਼ਨਾਨ ਕੀਤਾ ਸੀ। ਤੁਹਾਡਾ ਇੱਕ ਹੱਥ (ਗੋਮੁਖੀ) ਮਾਲਾ ਵਾਲੀ ਗੁਪਤੀ ਦੇ ਵਿਚ ਸੀ ਤੇ ਉਸ ਹੱਥ ਨੂੰ ਉੱਚਾ ਚੁੱਕ ਕੇ ਮਾਲਾ ਫੇਰ ਰਹੇ ਸੀ। ਤਦ ਇਕ ਡਰੀ ਹੋਈ ਗਊ ਤੁਹਾਡੇ ਕੋਲੋਂ ਭੱਜਦੀ ਹੋਈ ਚਲੀ ਗਈ ਸੀ। ਉਸ ਗਊ ਦੇ ਪਿੱਛੇ ਇਕ ਦੁਸ਼ਟ ਕਸਾਈ ਆਇਆ। ਉਸ ਨੇ ਆਪ ਨੂੰ ਪੁਛਿਆ ਕਿ ਕੀ ਇਸ ਪਾਸੇ ਕੋਈ ਗਊ ਆਈ ਸੀ। ਤਾਂ ਤੁਸੀਂ ਚੁੱਪ ਧਾਰੀ ਰੱਖੇ ਤੇ ਮੁੱਖ ਤੋਂ ਨਹੀਂ ਸੀ ਬੋਲੇ। ਤੁਸੀਂ ਹੱਥ ਨਾਲ ਹੀ ਇਸ਼ਾਰਾ ਕਰਕੇ ਉਸ ਨੂੰ ਦੱਸ ਦਿੱਤਾ ਸੀ ਕਿ ਇੱਧਰ ਵੱਲ ਗਈ ਹੈ। ਉਸ ਕਸਾਈ ਨੇ ਜਾ ਕੇ ਵਿਚਾਰੀ ਗਊ ਫੜ ਲਈ ਤੇ ਆਪਣੇ ਘਰ ਲਿਜਾ ਕੇ ਮਾਰ ਦਿੱਤੀ। ਪਹਿਲੇ ਜਨਮਾਂ ਦੇ ਪੁੰਨਾ ਕਰਕੇ ਉਹ ਕਸਾਈ ਇਸ ਰਾਜੇ ਦਾ ਪੁੱਤਰ ਬਣਿਆ ਸੀ। ਉਸੇ ਗਊ ਨੇ ਰਾਜੇ ਦੀ ਧੀ ਦਾ ਸਰੀਰ ਪ੍ਰਾਪਤ ਕਰ ਲਿਆ ਤੇ ਬਦਲਾ ਲੈਣ ਹਿੱਤ ਪ੍ਰਭੂ ਨੇ ਦੋਨਾ ਦਾ ਸੰਯੋਗ ਬਣਾ ਦਿੱਤਾ। ਫਿਰ ਉਸ ਇਸਤਰੀ ਨੇ ਰਾਜੇ ਦੇ ਪੁੱਤਰ ਨੂੰ ਮਾਰ ਦਿੱਤਾ ਤੇ ਡਰਦੀ ਹੋਈ ਨੇ ਤੁਹਾਡਾ ਨਾਮ ਲੈ ਦਿੱਤਾ। ਜਿਸ ਹੱਥ ਨਾਲ ਤੁਸੀਂ ਗਊ ਦੇ ਜਾਣ ਬਾਰੇ ਦੱਸਿਆ ਸੀ,ਉਸ ਦੇ ਫਲਸਰੂਪ ਤੇਰਾ ਹੱਥ ਕਟਾ ਦਿੱਤਾ। ਪ੍ਰਭੂ ਕਿਸੇ ਤਰ੍ਹਾਂ ਵੀ ਅਨਿਆਂ ਨਹੀਂ ਕਰਦਾ। ਜਿਹੋ-ਜਿਹਾ ਮਨੁੱਖ ਕਰਮ ਕਰਦਾ ਹੈ,ਉਸੇ ਤਰ੍ਹਾਂ ਦਾ ਹੀ ਫਲ ਦਿੰਦਾ ਹੈ। ਹੁਣ ਮੇਰੀ ਪਤਨੀ ਦਾ ਪਰਸੰਗ ਵੀ ਸੁਣ ਲਵੋ। ਆਪਣੇ ਮਨ ਵਿਚ ਕੋਈ ਵੀ ਚਿੰਤਾ ਨਾ ਕਰੋ। ਪਿਛਲੇ ਜਨਮ ਵਿਚ ਮੇਰਾ ਸਰੂਪ ਕਾਂ ਦਾ ਸੀ। ਪਤਨੀ ਗਧੀ ਦੀ ਜੂਨ ਵਿਚ ਸੀ, ਜਿਸ ਦੀ ਪਿੱਠ ਤੇ ਡੂੰਘਾ ਜ਼ਖਮ ਸੀ। ਮੈਂ ਕਾਂ ਰੂਪ ਵਿਚ ਕੋਲ ਆਇਆ ਤੇ ਵੇਖ ਕੇ ਚੁੰਝ ਮਾਰ ਦਿੱਤੀ। ਮੇਰੀ ਚੁੰਝ ਉਸ ਦੀ ਹੱਡੀ ਵਿਚ ਫਸ ਗਈ ਤੇ ਨਿੱਕਲੀ ਨਾ। ਉਹ ਗੰਗਾ ਦੇ ਪਾਣੀ ਵਿਚ ਵੜ ਗਈ। ਬਹੁਤ ਹੀ ਪੀੜ ਕਰਕੇ ਉਹ ਪਾਣੀ ਵਿਚ ਅੱਗੇ ਹੀ ਅੱਗੇ ਚਲਦੀ ਗਈ। ਜਿਵੇਂ ਜਿਵੇਂ ਮੈਂ ਆਪਣੀ ਚੁੰਝ ਕੱਢਣ ਦੀ ਕੋਸ਼ਿਸ਼ ਕਰਾਂ,ਤਿਵੇਂ ਤਿਵੇਂ ਉਹ ਹੋਰ ਦੁਖੀ ਹੋਈ, ਪਾਣੀ ਵਿਚ ਵੜਦੀ ਜਾਵੇ। ਜਿੱਥੇ ਪਾਣੀ ਦੀ ਡੂੰਘੀ ਧਾਰਾ ਸੀ,ਉਹ ਉਥੇ ਚਲੀ ਗਈ। ਉਸ ਵਿਚ ਫਸੀ ਹੋਈ ਚੁੰਝ ਨਿੱਕਲ ਹੀ ਨਾ ਸਕੀ। ਗੰਗਾ ਦਾ ਤੇਜ਼ ਪ੍ਰਵਾਹ ਦੋਨਾ ਨੂੰ ਵਹਾ ਕੇ ਲੈ ਗਿਆ। ਉਸ ਵਿਚ ਡੁੱਬ ਕੇ ਦੋਨਾ ਨੇ ਸਰੀਰਾਂ ਦਾ ਤਿਆਗ ਕਰ ਦਿੱਤਾ। ਗੰਗਾ ਜੀ ਦੇ ਜਲ ਦਾ ਇਹ ਫਲ ਪ੍ਰਾਪਤ ਹੋਇਆ ਕਿ ਦੋਨਾ ਨੇ ਬ੍ਰਾਹਮਣਾ ਦੇ ਘਰੀਂ ਜਨਮ ਲੈ ਲਿਆ। ਫਿਰ ਮੇਰਾ ਇਸ ਨਾਲ ਰਿਸ਼ਤਾ ਜੁੜ ਗਿਆ। ਮੈਂ ਇਸ ਨੂੰ ਪਹਿਲੇ ਜਨਮ ਵਿਚ ਬਹੁਤ ਦੁਖ ਦਿੱਤਾ ਸੀ। ਇਸੇ ਕਰਕੇ ਇਹ ਕਠੋਰ (ਮੰਦੇ ਬੋਲ) ਕਹਿ-ਕਹਿ ਕੇ ਦੁੱਖ ਦਿੰਦੀ ਹੈ। ਮੈਂ ਇਸ ਪਾਸੋਂ ਪਿਛਲੇ ਕਰਮਾਂ ਦਾ ਫਲ ਹੁਣ ਪ੍ਰਾਪਤ ਕਰ ਰਿਹਾ ਹਾਂ। ਤਦ ਸਾਧੂ ਨੂੰ ਇਹ ਸੁਣ ਕੇ ਯਕੀਨ ਆ ਗਿਆ ਤੇ ਉਸ ਨੇ ਸੋਚਿਆ ਬਿਨਾ

ਕਰਮਾਂ ਦੇ ਦੁਖ-ਸੁਖ ਨਹੀਂ ਮਿਲਦਾ। ਸ੍ਰੀ ਗੁਰੂ ਰਾਮਦਾਸ ਜੀ ਨੇ ਆਖਿਆ, "ਬ੍ਰਾਹਮਣ ਨੇ ਸੱਚ ਬੋਲ ਦਿੱਤਾ ਸੀ,ਗਊ ਦੇ ਜਾਣ ਬਾਰੇ ਦੱਸਣ ਕਰਕੇ,ਉਸ ਨੇ ਇੰਨਾ ਦੁੱਖ ਪ੍ਰਾਪਤ ਕੀਤਾ। ਜਿਸ ਹੱਥ ਨਾਲ ਇਸ਼ਾਰਾ ਕਰਕੇ ਦੱਸਿਆ ਸੀ,ਉਸ ਨੂੰ ਕਟਵਾ ਕੇ ਪੀੜ ਪ੍ਰਾਪਤ ਕੀਤੀ। ਪਿਛਲੇ ਕਰਮਾਂ ਦਾ ਫਲ ਮਿਟਦਾ ਨਹੀਂ। ਸੀਤਾ ਨੇ ਵੀ ਵਣਾ ਵਿਚ ਰਹਿ ਕੇ ਕਸ਼ਟ ਭੋਗਿਆ ਸੀ। ਜਿਸ ਸੱਚ ਦੇ ਕਹਿਣ ਨਾਲ ਨੁਕਸਾਨ ਹੋ ਜਾਵੇ ਅਤੇ ਸਾਰੇ ਗੁਰੂ,ਬ੍ਰਾਹਮਣ,ਸੰਤ,ਗਊ ਆਦਿਕ ਦੁੱਖ ਪਾਉਣ,ਇਸ ਤਰ੍ਹਾਂ ਦਾ ਸੱਚ ਮਨੁੱਖ ਨੂੰ ਨਰਕਾਂ ਵਿਚ ਸੁੱਟ ਦਿੰਦਾ ਹੈ। ਸ੍ਰੇਸ਼ਟ ਮੱਤ ਵਾਲੇ ਅਜਿਹੇ ਸੱਚ ਤੇ ਚੱਲਣ ਲਈ ਕਦੇ ਨਹੀਂ ਕਹਿੰਦੇ। ਜਿਸ ਸੱਚ ਨਾਲ ਪ੍ਰਾਣੀ ਦੁੱਖ ਪ੍ਰਾਪਤ ਕਰਦਾ ਹੈ,ਸਿਆਣਾ ਮਨੁੱਖ ਸੋਚ ਵਿਚਾਰ ਕੇ ਉਹ ਸੱਚ ਕਦੀ ਨਹੀਂ ਕਹਿੰਦਾ। ਸੁੱਖ ਪ੍ਰਾਪਤ ਕਰਨ ਲਈ ਹੋਰ ਦੂਸਰੇ ਸਾਰੇ ਕਾਰੋਬਾਰੀ ਧੰਦਿਆਂ ਵਿਚ ਮਨੁੱਖ ਸੱਚ ਹੀ ਬੋਲੇ। ਝੂਠ ਦੇ ਬਰਾਬਰ ਹੋਰ ਕੋਈ ਪਾਪ ਨਹੀਂ। ਜੋ ਗੁਰੂ ਦਾ ਸਿੱਖ ਹੈ,ਉਹ ਕਦੇ ਵੀ ਝੂਠ ਨਹੀਂ ਬੋਲਦਾ। ਜਿੱਥੇ ਝੂਠ ਬੋਲਣ ਨਾਲ ਪ੍ਰਾਣੀ ਦਾ ਮਰਨ ਤੋਂ ਬਚਾਅ ਹੋ ਜਾਵੇ ਜਾਂ ਉਸ ਉਪਰ ਪਿਆ ਕੋਈ ਸੰਕਟ ਦੂਰ ਹੋ ਜਾਵੇ ਉੱਥੇ ਝੂਠ ਸੱਚ ਦੇ ਬਰਾਬਰ ਹੈ। ਜਿੱਥੇ ਦੂਸਰੇ ਦਾ ਭਲਾ ਹੁੰਦਾ ਹੋਵੇ,ਉੱਥੇ ਝੂਠ ਬੋਲ ਦੇਵੋ। "ਤੀਰਥ ਨਾਮੀਂ ਸਿੱਖ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਹ ਆਪਣੇ ਮਨ ਵਿਚ ਮੰਨ ਕੇ ਉਨ੍ਹਾਂ ਉਪਦੇਸ਼ਾਂ ਦੇ ਅਨੁਸਾਰ ਹੀ ਕਮਾਈ ਕਰਨ ਲੱਗ ਪਿਆ। ਉਸ ਨੇ ਸੱਚ ਬੋਲ ਕੇ ਮੁਕਤੀ ਪ੍ਰਾਪਤ ਕੀਤੀ। ਉਹ ਸਤਿਗੁਰ ਦੀ ਸ਼ਰਨ ਵਿਚ ਪਿਆ ਰਿਹਾ।

## ਭਾਈ ਬਿਸ਼ਨ ਦਾਸ, ਮਾਣਕ ਚੰਦ ਤੇ ਪੂਰੋ:-

ਫੇਰ ਬਿਸ਼ਨ ਦਾਸ,ਮਾਣਕ ਚੰਦ ਅਤੇ ਪੂਰੋ ਤਿੰਨੇ ਗੁਰੂ ਜੀ ਦੀ ਹਜੂਰੀ ਵਿਚ ਆਏ। ਉਨ੍ਹਾਂ ਨੇ ਗੁਰੂ ਜੀ ਦੇ ਚਰਨ ਕਮਲਾਂ ਤੇ ਨਮਸਕਾਰ ਕੀਤੀ। ਬੈਠ ਕੇ ਗੁਰੂ ਜੀ ਦੇ ਸੁੰਦਰ ਦਰਸ਼ਨ ਕੀਤੇ। ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਾਨੂੰ ਜਨਮ ਮਰਨ ਦੇ ਚੱਕਰ ਵਿਚੋਂ ਕੱਢ ਲਵੋ। ਪਰਿਵਾਰ ਸਮੇਤ ਸਾਡਾ ਕਲਿਆਣ ਹੋ ਜਾਵੇ ਸਾਨੂੰ ਇਸ ਤਰ੍ਹਾਂ ਦਾ ਉਪਦੇਸ਼ ਦੇਵੋ। ਤਦ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਕਿ ਤੁਸੀਂ ਗੁਰੂ ਦੇ ਸਿੱਖਾਂ ਦੀ ਸੇਵਾ ਕਰੋ। ਪਤਨੀ,ਪੁੱਤਰ ਅਤੇ ਪੁਤੱਰੀ ਨੂੰ ਸਿੱਖਿਆ ਦੇਵੋ। ਉਨ੍ਹਾਂ ਨੂੰ ਕਹਿ ਕੇ ਉਨ੍ਹਾਂ ਤੋਂ ਵੀ ਸੇਵਾ ਕਰਵਾਉ। ਇਹ ਜਾਣੋ ਕਿ ਅਸੀਂ ਸਤਿਗੁਰੂ ਜੀ ਦੇ ਸੇਵਕ ਹਾਂ ਤੇ ਉਸੇ ਤਰ੍ਹਾਂ ਪੁੱਤਰ ਪੁੱਤਰੀ ਵੀ ਗੁਰੂ ਜੀ ਕੋਲ ਸੇਵਕ ਹਨ। ਜਿਸ ਤਰ੍ਹਾਂ ਮਾਲਕ ਦੇ ਘਰ ਘੋੜਾ ਹੋਵੇ। ਨੌਕਰ ਉਸ ਤੇ ਚੜ੍ਹ ਕੇ ਮਾਲਕ ਦੇ ਘਰੇ ਛੱਡ ਜਾਵੇ। ਫਿਰ ਉਸ ਦੀ ਸਾਰੀ ਚਿੰਤਾ ਮਾਲਕ ਨੂੰ ਹੁੰਦੀ ਹੈ। ਉਹ ਹੀ ਉਸ ਦਾ ਖਾਣ-ਪੀਣ ਦਾ ਪ੍ਰਬੰਧ ਕਰਕੇ ਉਸ ਦੀ ਪਾਲਣਾ ਕਰਦਾ ਹੈ। ਉਸੇ ਤਰ੍ਹਾਂ ਹੀ ਤੁਸੀਂ ਆਪਣੇ ਸਾਰੇ ਪਰਵਾਰ ਨੂੰ ਸਤਿਗੁਰੂ ਜੀ ਦੇ ਦਰਬਾਰ ਵਿਚ ਸੌਂਪ ਦੇਵੋ। ਉਸ ਨਾਲੋਂ ਆਪਣੀ ਡੂੰਘੀ

ਅਪਣੱਤ ਛੱਡ ਦੇਵੋ,ਮਨੋ ਜਾਣ ਕੇ ਕਿ ਇਹ ਸਾਰਾ ਬੇੜੀ ਦੇ ਮੇਲ ਵਾਂਗੂੰ ਹੈ। ਫੇਰ ਸਤਿਗੁਰੂ ਜੀ ਦੀ ਜਿੰਮੇਵਾਰੀ ਬਣ ਜਾਂਦੀ ਹੈ ਤੇ ਉਹ ਹੀ ਸਾਰੇ ਪਰਵਾਰ ਦੀ ਜਿੰਮੇਵਾਰੀ ਨਿਭਾਉਣ ਦਾ ਪ੍ਰਬੰਧ ਕਰਦੇ ਹਨ। ਉਹ ਹੀ ਭੋਜਨ, ਬਸਤਰ ਆਦਿ ਭਲੀ ਪ੍ਰਕਾਰ ਪਹੁੰਚਦੇ ਕਰਦੇ ਹਨ। ਸਾਰੇ ਕਸ਼ਟ ਦੂਰ ਕਰਕੇ ਮੁਕਤੀ ਦਿੰਦੇ ਹਨ। ਬਿਸ਼ਨ ਦਾਸ,ਮਾਣਕ ਚੰਦ ਤੇ ਪੂਰੋ ਤਿੰਨੇ ਗੁਰੂ ਜੀ ਦੇ ਸੁੰਦਰ ਉਪਦੇਸ਼ ਨੂੰ ਸੁਣ ਕੇ ਤੇ ਮਨ ਲਾ ਕੇ ਕਮਾਉਣ ਲੱਗ ਪਏ। ਅੰਤ ਸਮੇਂ ਉਨ੍ਹਾਂ ਦਾ ਕਲਿਆਣ ਹੋ ਗਿਆ ਸੀ।

## ਪਦਾਰਥਾ, ਤਾਰੂ ਤੇ ਭਾਰੂ

ਪਦਾਰਥਾ,ਤਾਰੂ ਤੇ ਭਾਰੂ ਤਿੰਨੇ ਹੀ ਸਿੱਖ ਗੁਰੂ ਜੀ ਦੇ ਦੁਆਰੇ ਤੇ ਚੱਲ ਕੇ ਆ ਗਏ। ਅੱਗੇ ਬਹੁਤ ਭਾਰੀ ਦਿਵਾਨ ਲੱਗਾ ਹੋਇਆ ਸੀ। ਮਹਾਨ ਕਥਾ ਕੀਰਤਨ ਹੋ ਰਿਹਾ ਸੀ। ਗੁਰੂ ਜੀ ਦੇ ਬਣਨ ਸੁਣ ਕੇ ਉਨ੍ਹਾਂ ਦੇ ਹਿਰਦੇ ਡਰ ਗਏ। ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਅਸੀਂ ਪਰਿਵਾਰਕ-ਧੰਦਿਆਂ ਵਿਚ ਬਹੁਤ ਫਸੇ ਹੋਏ ਹਾਂ। ਸਾਨੂੰ ਗੁਰੂ ਦਾ ਸ਼ਬਦ ਪੜ੍ਹਨਾ ਸੁਣਨਾ ਨਹੀਂ ਮਿਲਦਾ। ਕਿਸੇ ਵੇਲੇ ਵੀ ਸਤਿਸੰਗਤ ਨਹੀਂ ਹੁੰਦੀ। ਹੇ ਗੁਰੂ ਜੀ ਸਾਡਾ ਉਧਾਰ ਕਿਵੇਂ ਹੋਵੇਗਾ। ਅਸੀਂ ਹੁਣ ਆਪ ਜੀ ਦੀ ਸ਼ਰਨ ਵਿਚ ਆਣ ਪਏ ਹਾਂ,ਕਿਰਪਾ ਕਰਕੇ ਆਪ ਸਾਡਾ ਕਲਿਆਣ ਕਰੋ। ਸ੍ਰੀ ਗੁਰੂ ਰਾਮਦਾਸ ਜੀ ਨੇ ਬਚਨ ਕੀਤਾ ਕਿ ਵਾਹਿਗੁਰੂ ਨੇ ਜੋ ਪ੍ਰਾਣੀ ਰਚੇ ਹਨ, ਉਸ ਨੇ ਪਹਿਲਾਂ ਹੀ ਉਨ੍ਹਾਂ ਸਭਨਾ ਲਈ ਭੋਜਨ ਤਿਆਰ ਕੀਤਾ ਹੋਇਆ ਹੈ। ਇਸ ਕਰਕੇ ਤੁਸੀਂ ਗੁਰੂ ਜੀ ਦੇ ਦੁਆਰ ਤੇ ਆ ਕੇ ਬੈਠੋ। ਆਪਣੇ ਮਨ ਵਿਚ ਦ੍ਰਿੜ੍ਹਤਾ ਧਾਰਨ ਕਰੋ,ਡੋਲਣਾ ਨਹੀਂ। ਮਨ ਵਿਚ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ। ਜੋ ਆਪ ਦੇ ਸਮੂਹ ਸਬੰਧੀ ਹਨ,ਉਹ ਪ੍ਰਭੂ ਹੀ ਸਾਰਿਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ। ਤੁਹਾਡਾ ਰਿਜ਼ਕ ਗੁਰੂ ਜੀ ਇੱਥੇ ਹੀ ਦੇਣਗੇ। ਇਹ ਪਰਖ ਕਰੋ ਤੇ ਆਪਣਾ ਜੀਵਨ ਸੁਧਾਰ ਲਵੋ। ਉਨ੍ਹਾਂ ਤਿੰਨਾ ਨੇ ਸੁਣ ਕੇ ਆਪਣੇ ਪੁੱਤਰ ਬੁਲਾ ਲਏ ਤੇ ਕਿਹਾ ਕਿ ਤੁਸੀਂ ਹੁਣ ਜਵਾਨ ਹੋ ਗਏ ਹੋ। ਤੁਸੀਂ ਜਾਣ ਲਵੋ ਕਿ ਆਪਣੇ-ਆਪ ਕਮਾਉਣ ਜੋਗੇ ਹੋ ਗਏ ਹੋ। ਹੁਣ ਤੁਸੀਂ ਘਰ ਦਾ ਸਾਰਾ ਕੰਮ ਧੰਦਾ ਸੰਭਾਲ ਲਵੋ। ਉੱਦਮ ਕਰੋ ਤੇ ਜਿੰਨਾਂ ਵੀ ਲਾਭ ਹੋਵੇ,ਉਸ ਵਿਚੋਂ ਗੁਰੂ ਘਰ ਵਾਸਤੇ ਦਸਵੰਧ ਕੱਢੋ। ਕੋਈ ਸਿੱਖ ਆਵੇ ਤਾਂ ਉਸ ਦੀ ਸੇਵਾ ਕਰੋ। ਅਸੀਂ ਹੁਣ ਗੁਰੂ ਜੀ ਦੇ ਦੁਆਰੇ ਤੇ ਹੀ ਰਹਾਂਗੇ। ਇੱਥੇ ਪਾਣੀ ਢੋਣ ਤੇ ਪੱਖਾ ਫੇਰਨ ਦੀ ਸੇਵਾ ਕਮਾਵਾਂਗੇ। ਸੇਵਾ ਕਰਕੇ ਸਤਿਸੰਗਤ ਨੂੰ ਪਰਸੰਨ ਕਰਾਂਗੇ। ਅਨੰਦ ਨਾਲ ਕਥਾ ਕੀਰਤਨ ਸੁਣਾ ਗੇ, ਜਿਸ ਨਾਲ ਸਾਨੂੰ ਮਹਾਨ ਮੁਕਤੀ ਦੀ ਪ੍ਰਾਪਤੀ ਹੋਵੇਗੀ। ਇਸ ਤਰ੍ਹਾਂ ਨਾਲ ਤੁਹਾਡਾ ਵੀ ਕਲਿਆਣ ਹੋ ਜਾਵੇਗਾ। ਇਉਂ ਉਨ੍ਹਾਂ ਆਪਣੇ ਵੱਡੇ ਪਰਵਾਰਾਂ ਨੂੰ ਸਿੱਖਿਆ ਦਿੱਤੀ। ਉਹ ਤਿੰਨੇ ਹੀ ਗੁਰੂ ਜੀ ਦੀ ਬਹੁਤ ਸੇਵਾ ਵਿਚ ਜੁਟ ਗਏ। ਅੰਤ ਵੇਲੇ ਉਨ੍ਹਾਂ ਨੇ ਮੁਕਤੀ ਪ੍ਰਾਪਤ ਕਰ ਲਈ ਤੇ ਉਹ

ਗੁਰੂ ਜੀ ਦੇ ਸਰੂਪ ਵਿਚ ਹੀ ਸਮਾ ਗਏ। ਉਨ੍ਹਾਂ ਜਨਮ ਮਰਨ ਦੇ ਸਾਰੇ ਬੰਧਨ ਦੂਰ ਕਰ ਲਏ।

## ਪਾਤਿਸ਼ਾਹੀ ਪੰਜਵੀ

### ਹਰਿਮੰਦਰ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ

***ਕਿਤਿਕ ਕਹਤਿ ਹੈਂ ਗ੍ਰੰਥ ਕੋ ਜਿਲਤ ਬੰਧਾਵਨਿ ਕਾਜ।***
***ਭੇਜਯੋ ਲਵਪੁਰਿ ਨਗਰ ਕੋ ਗੁਰੂ ਗਰੀਬ ਨਿਵਾਜ॥***
***ਤਹਿਂ ਆਵਤਿ ਜਾਤੋ ਲਿਖਯੋ ਬੰਨੋ ਗ੍ਰਿੰਥ ਦੁਤੀਯ।***
***ਮਹਿਮਾ ਸ੍ਰੀ ਸਤਿਗੁਰੂ ਕੀ ਸਭਿ ਬਿਧਿ ਉੱਤਮ ਥੀਯ॥***

ਕੁਝ ਲੋਕ ਕਹਿੰਦੇ ਹਨ ਕਿ ਗਰੀਬਾਂ ਤੇ ਕਿਰਪਾ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਨੇ ਜਿਲਦ ਬਣਾਉਣ ਦੇ ਕੰਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾਹੌਰ ਭੇਜਿਆ ਸੀ। ਉਧਰ ਲਾਹੌਰ ਵੱਲ ਆਉਣ ਜਾਣ ਵੇਲੇ ਭਾਈ ਬੰਨੋ ਨੇ ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਉਤਾਰਾ ਕਰਵਾ ਲਿਆ ਸੀ। ਸਤਿਗੁਰੂ ਜੀ ਦੀ ਮਹਿਮਾ ਸਭ ਤਰ੍ਹਾਂ ਨਾਲ ਹੀ ਉੱਤਮ ਹੈ।

ਸੰਮਤ ੧੬੬੧ ਭਾਦੋਂ ਸੁਦੀ ਏਕਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਸੰਪੂਰਨ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹਿਲਾ ਪ੍ਰਕਾਸ਼ ਕੀਤਾ ਸੀ। ਤਦ ਗੁਰੂ ਘਰ ਵਿਚ ਭਾਰੀ ਉਤਸ਼ਾਹ ਹੋਇਆ। ਦੇਸ ਵਿਦੇਸ ਦੀ ਸੰਗਤ ਨੇ ਇਸ ਗ੍ਰੰਥ ਬਾਰੇ ਸੁਣ ਕੇ ਮਨ ਅੰਦਰ ਬਹੁਤ ਖੁਸ਼ੀਆਂ ਮਾਣੀਆਂ। ਪ੍ਰੇਮੀ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੇ ਅਤੇ ਕਈ ਇਸ ਦਾ ਉਤਾਰਾ ਕਰਨਾ ਚਾਹੁੰਦੇ ਸਨ। ਗੁਰੂ ਜੀ ਨੇ ਭਾਈ ਬੰਨੋ ਅਤੇ ਹੋਰ ਸਿੱਖ ਸੰਗਤ ਨਾਲ ਬੈਠ ਕੇ ਦੀਵਾਨ ਲਗਾਇਆ। ਗੁਰੂ ਹਰਿਗੋਬਿੰਦ ਸਾਹਿਬ ਗੁਰੂ ਜੀ ਦੇ ਕੋਲ ਬਾਲਕ ਸਰੂਪ ਵਿੱਚ ਬਿਰਾਜਮਾਨ ਸਨ।ਤਦ ਗੁਰੂ ਜੀ ਸਭ ਸੰਗਤ ਨੂੰ ਸਿੱਖਿਆ ਦੇਣ ਲੱਗੇ ਇਹ ਗ੍ਰੰਥ ਸਾਹਿਬ ਜਹਾਜ ਦੇ ਸਮਾਨ ਹੈ ਜਿਨ੍ਹਾਂ ਨੇ ਇਸ ਨਾਲ ਆਪਣਾ ਮਨ ਜੋੜ ਲਿਆ ਉਹ ਇਸ ਭਵਜਲ ਸੰਸਾਰ ਤੋਂ ਸਹਿਜੇ ਹੀ ਪਾਰ ਹੋ ਜਾਣਗੇ।

***ਸ੍ਰੀ ਗੁਰੂ ਕੇਰ ਸਰੀਰ ਜੋਊ ਸਭਿ ਆਨ ਸਮੈ ਸਭਿ ਨਾ ਦਰਸੈ ਹੈ।***
***ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉਤਮ ਹੈ ਸਭਿ ਕਾਲ ਰਹੈ ਹੈ।***
***ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ।***
***ਪੂਜਹੁ ਚੰਦਨ ਕੇਸਰ ਕੋ ਘਸਿ ਧੁਪ ਧੁਖਾਇ ਕੈ ਫੂਲ ਚਢੈ ਹੈ॥***

ਸ੍ਰੀ ਗੁਰੂ ਜੀ ਦਾ ਜੋ ਸਰੀਰ ਦੇਹੀ ਸਰੂਪ ਹੈ ਉਨ੍ਹਾਂ ਦੇ ਹਰ ਵੇਲੇ ਸਭ ਥਾਈਂ ਦਰਸ਼ਨ ਨਹੀਂ ਹੋ ਸਕਦੇ। ਇਸ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਹਿਰਦਾ ਜਾਣੋ।

ਇਹ ਹਰ ਕਾਲ ਵਿੱਚ ਸਦਾ ਸ੍ਰੇਸ਼ਟ ਰਹੇਗਾ। ਇਸ ਲਈ ਇਸ ਨੂੰ ਮੇਰੇ ਸਰੂਪ ਨਾਲੋਂ ਵੀ ਉੱਚਾ ਸਾਹਿਬ ਜਾਣ ਕੇ ਇਸ ਦਾ ਅਦਬ ਕਰੋ। ਚੰਦਨ ਕੇਸਰ ਘਸਾ ਕੇ ਇਸ ਦੀ ਸੇਵਾ ਕਰੋ। ਧੂਫ ਧੁਖਾ ਕੇ ਫੁੱਲ ਚੜ੍ਹਾਉ। ਜੋ ਇਸ ਨੂੰ ਵੇਖ ਕੇ ਉਤਾਰਾ ਕਰੇ ਤਾਂ ਉਹ ਉਸ ਦੀ ਚੰਗੀ ਤਰ੍ਹਾਂ ਸੋਧ ਦਰੁਸਤ ਕਰੇ। ਅੱਖਰ ਅਤੇ ਉਸ ਦੀਆਂ ਲਗਾਂ ਮਾਤਰਾਂ ਲਈ ਸਾਵਧਾਨੀ ਰੱਖੇ। ਫੇਰ ਚੰਗੀ ਤਰ੍ਹਾਂ ਸਾਰੇ ਲਿਖੇ ਉਤਾਰੇ ਦਾ ਪਾਠ ਕਰੇ ਤੇ ਬੁੱਧੀ ਨਾਲ ਚੰਗੀ ਤਰ੍ਹਾ ਵੇਖ ਕੇ ਪਹਿਲਾਂ ਵਾਲੇ ਅਸਲ ਗ੍ਰੰਥ ਵਰਗਾ ਬਣਾ ਲਵੇ। ਆਪਣੇ ਕੋਲੋਂ ਅੱਖਰਾਂ ਵਿੱਚ ਕੋਈ ਵੀ ਵਾਧਾ ਘਾਟਾ ਨਾ ਕਰੇ। ਜੋ ਕਰੇਗਾ ਉਹ ਮੂਰਖ ਹੋਵੇਗਾ ਤੇ ਬਾਅਦ ਵਿੱਚ ਪਛਤਾਏਗਾ। ਹੋਰ ਨਵੀਂ ਕਵਿਤਾ ਬਣਾ ਕੇ ਇਸ ਵਿੱਚ ਨਾ ਲਿਖੇ। ਜੇਕਰ ਹੋਰ ਕੁਝ ਲਿਖੇ ਤਾਂ ਉਸ ਨੂੰ ਵੱਖਰਾ ਹੀ ਰੱਖੇ। ਉਸ ਮਨੁੱਖ ਵਿੱਚ ਚੌਦਾਂ ਲੋਕਾਂ ਜਿੰਨ੍ਹਾਂ ਬਲ ਹੰਦਾ ਹੈ ਜੋ ਆਪਣੇ ਹਿਰਦੇ ਵਿੱਚ ਸ਼ਕਤੀ ਨੂੰ ਜਰ ਸਕਦਾ ਹੈ। ਉਹ ਉਪਕਾਰ ਕਰਨ ਵਾਸਤੇ ਸਿਰ ਦੇਵੇ ਤੇ ਧੀਰਜ ਧਾਰਨ ਕਰਕੇ ਸਾਹਮਣੇ ਹੋਵੇ। ਜੋ ਇਸ ਵਿੱਚ ਆਪਣੀ ਬਾਣੀ ਚੜ੍ਹਾਵੇਗਾ ਉਸ ਜੈਸਾ ਹੋਰ ਕੋਈ ਮੂਰਖ ਨਹੀਂ ਹੋਵੇਗਾ। ਜੋ ਇਸ ਗ੍ਰੰਥ ਸਾਹਿਬ ਦੀ ਮਨ ਵਿੱਚ ਇੱਛਾ ਧਾਰ ਕੇ ਸੇਵਾ ਕਰੇਗਾ ਉਸ ਦੀ ਇੱਛਾ ਪੂਰਨ ਹੋਵੇਗੀ। ਉਹ ਮੁਕਤੀ ਪ੍ਰਾਪਤ ਕਰੇਗਾ ਅਤੇ ਉਸ ਨੂੰ ਜਮ ਦਾ ਦੁਖ ਨਹੀਂ ਮਿਲੇਗਾ। ਇਸ ਵਿੱਚ ਨਾਮ ਅਤੇ ਨਾਮੀ ਦਾ ਕੋਈ ਫਰਕ ਨਹੀਂ ਹੈ। ਇਹ ਪ੍ਰਭੂ ਦਾ ਹੀ ਸੁੰਦਰ ਸਰੂਪ ਹੈ ਜੋ ਇਸ ਗੁਰੂ ਗ੍ਰੰਥ ਸਾਹਿਬ ਦਾ ਜਿਤਨਾ ਅਦਬ ਰੱਖਣਗੇ ਉਹ ਉਤਨਾ ਹੀ ਵੱਡਾ ਫਲ ਪ੍ਰਾਪਤ ਕਰਨਗੇ। ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖਦੇ ਹੀ ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ ਸੀਸ ਨਿਵਾਉਣਗੇ, ਹੋਰਨਾਂ ਨੂੰ ਉਪਦੇਸ ਕਰਨਗੇ, ਆਪ ਲਿਖਣਗੇ ਅਤੇ ਹੋਰਨਾਂ ਨੂੰ ਲਿਖਵਾਉਣਗੇ, ਪ੍ਰੇਮ ਸਹਿਤ ਘਰ ਵਿੱਚ ਸਥਾਪਨ ਕਰਕੇ ਪਾਠ ਸੁਨਣਗੇ ਪ੍ਰਸੰਨ ਹੋਣਗੇ ਉਹ ਪ੍ਰੇਮੀ ਜਨ ਇਸ ਜਗਤ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਅਖੀਰ ਨੂੰ ਸ੍ਰੇਸ਼ਟ ਮੁਕਤੀ ਪ੍ਰਾਪਤ ਕਰਨਗੇ। ਉਨ੍ਹਾਂ ਮਨੁੱਖਾਂ ਦੇ ਮਨ ਇੱਛਤ ਕਾਰਜ ਪੂਰੇ ਹੋਣਗੇ ਜੋ ਇਸ ਦਾ ਪਾਠ ਕਰਨਗੇ ਜਾਂ ਕਰਾਉਣਗੇ। ਜੋ ਭੋਗ ਪੈਣ ਤੇ ਕੜਾਹ ਪ੍ਰਸ਼ਾਦਿ ਕਰਵਾਉਣਗੇ ਅਤੇ ਦੋਨੋਂ ਹੱਥ ਜੋੜ ਕੇ ਖੜ੍ਹੇ ਹੋ ਜਾਣਗੇ ਤੇ ਇਸ ਅੱਗੇ ਅਰਦਾਸ ਕਰਕੇ ਜੋ ਮਨ ਵਿੱਚ ਮਨੋਰਥ ਲਿਆਉਣਗੇ ਉਹ ਸਾਰੇ ਫਲ ਪ੍ਰਾਪਤ ਕਰਨਗੇ। ਜਦ ਕੋਈ ਸਿੱਖ ਸਰੀਰ ਛੱਡੇ ਉਸ ਪਿੱਛੋਂ ਜੋ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾਉਣਗੇ। ਪਾਠ ਕਰਨ ਵਾਲੇ ਗ੍ਰੰਥੀਆਂ ਨੂੰ ਪੁਸ਼ਾਕਾਂ ਭੇਟ ਕਰਨਗੇ ਅਤੇ ਸ੍ਰੇਸ਼ਟ ਭੋਜਨ ਖਵਾਉਣਗੇ ਸਿੱਖ ਆਪਣੀ ਸਮਰੱਥਾ ਅਨੁਸਾਰ ਸੇਵਾ ਕਰਨਗੇ ਅਤੇ ਕੜਾਹ ਪ੍ਰਸ਼ਾਦਿ ਲਿਆ ਕੇ ਸੰਗਤ ਨੂੰ ਵਰਤਾਉਣਗੇ ਉਹ ਸਿੱਖ ਬਹੁਤ ਸੁਖਾਲੇ ਹੋ ਕੇ ਰਹਿਣਗੇ। ਪਰਲੋਕ ਵਿੱਚ ਖੁਸ਼ੀਆਂ ਪ੍ਰਾਪਤ ਕਰਨਗੇ। ਹੋਰ ਕਿੱਥੋਂ ਤੱਕ ਦੱਸੀਏ ਜੋ ਜਗਤ ਦੇ ਕਾਰਜ ਹਨ ਪਾਠ ਕਰਨ ਨਾਲ ਸਾਰੇ ਹੀ ਪੂਰਨ ਹੋ ਜਾਣਗੇ। ਸੰਤ ਤੇ ਮਹਾਨ ਪੁਰਖ ਜੋ ਇਉਂ ਨਹੀਂ ਕਰਨਾ ਚਾਹੁੰਦੇ

ਉਹ ਪ੍ਰੇਮ ਨਾਲ ਪਾਠ ਕਰਕੇ ਹੀ ਪ੍ਰਭੂ ਦੇ ਦਰਸ਼ਨ ਕਰਨਗੇ। ਜੋ ਦਿਨ ਰਾਤ ਸਤਿਨਾਮ ਦਾ ਸਿਮਰਨ ਕਰਨਗੇ ਜਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਗੇ ਉਹ ਪਾਪਾਂ ਦਾ ਨਾਸ ਕਰ ਲੈਣਗੇ। ਅੰਤ ਵੇਲੇ ਉਹ ਜਮਾਂ ਨੂੰ ਨਹੀਂ ਦੇਖਣਗੇ ਅਤੇ ਆ ਕੇ ਸਾਨੂੰ ਮਿਲ ਕੇ, ਦੀਦਾਰ ਕਰਨਗੇ।

ਭਾਈ ਬੰਨੋ ਜਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵਾਪਸ ਲੈ ਆਏ ਤਦ ਗੁਰੂ ਅਰਜਨ ਦੇਵ ਜੀ ਰਾਮਸਰ ਸਥਾਨ ਤੇ ਬੈਠੇ ਸਨ ਉੱਥੇ ਗੁਰੂ ਜੀ ਨੇ ਆਪਣੇ ਪੰਥ ਨੂੰ ਸਿੱਖਿਆ ਦੇਣ ਹਿੱਤ ਗੁਰੂ ਗ੍ਰੰਥ ਸਾਹਿਬ ਦੇ ਮਹਾਤਮ ਬਾਰੇ ਉਚਾਰਨ ਕੀਤਾ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਸਜ ਕੇ ਤਿਆਰ ਹੋ ਗਈ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਬਚਨ ਆਖੇ ਬਾਬਾ ਬੁੱਢਾ ਜੀ ਦੱਸੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸ ਸਥਾਨ ਤੇ ਬਿਰਾਜਮਾਨ ਕੀਤਾ ਜਾਵੇ ਜਿੱਥੇ ਇਹ ਮਹਾਨ ਸ੍ਰੇਸ਼ਟ ਸਦਾ ਸੋਭਦਾ ਰਹੇ। ਤਦ ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ ਆਪ ਜੀ ਨਾਲੋਂ ਹੋਰ ਕੌਣ ਸਿਆਣਾ ਹੈ ਫੇਰ ਵੀ ਸੁਣੋ ਅੰਮ੍ਰਿਤ ਸਰੋਵਰ ਦੇ ਵਿਚਕਾਰ ਜਿੱਥੇ ਹਰਿਮੰਦਰ ਸਾਹਿਬ ਵਿਖੇ ਸੁੰਦਰ ਦਰਬਾਰ ਹੈ ਉਹ ਅਸਥਾਨ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਮੇਸ਼ਾਂ ਲਈ ਸਥਾਪਿਤ ਕਰ ਦੇਣ ਦੇ ਯੋਗ ਹੈ। ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਬਾਬਾ ਬੁੱਢਾ ਜੀ ਨੇ ਯੋਗਤਾ ਅਨੁਸਾਰ ਠੀਕ ਆਖਿਆ ਹੈ। ਹਰਿਮੰਦਰ ਜੋ ਅੰਮ੍ਰਿਤ ਸਰੋਵਰ ਦੇ ਵਿਚਕਾਰ ਬਣਿਆ ਹੈ ਤਿੰਨਾਂ ਲੋਕਾਂ ਵਿੱਚ ਇਸ ਦੇ ਸਮਾਨ ਹੋਰ ਕੋਈ ਨਹੀਂ ਹੈ। ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਵੀ ਸੁੰਦਰ ਰਚਨਾ ਹੋਈ ਹੈ। ਜੋ ਸਰਬ ਉੱਤਮ ਹਰੀ ਦੇ ਨਾਮ ਨਾਲ ਭਰਿਆ ਹੋਇਆ ਹੈ ਸੋ ਦੋਨਾਂ ਦਾ ਉੱਚਿਤ ਸੁਮੇਲ ਬਣੇਗਾ। ਦਿਨ ਰਾਤ ਇੱਥੇ ਪ੍ਰਭੂ ਦਾ ਕੀਰਤਨ ਹੋਵੇਗਾ। ਇਹ ਗੁਰੂ ਰਾਮਦਾਸ ਜੀ ਦਾ ਜੋ ਦਰਬਾਰ ਹੈ ਦਿਨ ਪ੍ਰਤੀ ਦਿਨ ਇੱਥੇ ਸੰਗਤ ਵਿੱਚ ਵਾਧਾ ਹੋਵੇਗਾ। ਦੁਖ ਦਰਦ ਕਿਸੇ ਦੇ ਨੇੜੇ ਨਹੀਂ ਆਵੇਗਾ। ਹਰਿਮੰਦਰ ਸਾਹਿਬ ਪ੍ਰਭੂ ਦਾ ਮਹਾਨ ਰੂਪ ਹੈ। ਸਮੂਹ ਸੇਵਕ ਆ ਕੇ ਇਸ ਦੀ ਸੇਵਾ ਕਰਨਗੇ। ਲੱਛਮੀ ਰਾਤ ਦਿਨ ਇਸ ਦੀ ਸੇਵਾ ਕਰੇਗੀ। ਸੇਵਕ ਇਸ ਪਰ ਸਰਧਾ ਧਰ ਕੇ ਫਲ ਪਰਾਪਤ ਕਰਨਗੇ। ਤਦ ਸਭ ਨੇ ਉੱਥੇ ਭੋਜਨ ਛਕਿਆ ਅਤੇ ਉਸ ਥਾਂ ਤੇ ਹੀ ਸਭਨੇ ਧਰਤੀ ਤੇ ਹੀ ਸੌਣਾ ਕੀਤਾ। ਗੁਰੂ ਗ੍ਰੰਥ ਸਾਹਿਬ ਦਾ ਆਦਰ ਕਰਨ ਹਿੱਤ ਗੁਰੂ ਅਰਜਨ ਦੇਵ ਜੀ ਵੀ ਧਰਤੀ ਤੇ ਹੀ ਰਾਤ ਨੂੰ ਬਿਰਾਜੇ। ਤਦ ਗੁਰੂ ਅਰਜਨ ਦੇਵ ਜੀ ਨੇ ਹਿਰਦੇ ਵਿੱਚ ਵਿਚਾਰ ਕੀਤੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਚੰਗੀ ਤਰ੍ਹਾਂ ਕੌਣ ਕਰ ਸਕਦਾ ਹੈ। ਬੇਦੀ, ਤ੍ਰੇਹਣ, ਭੱਲੇ ਵੰਸ਼ ਦੇ ਅਤੇ ਸੋਢੀ ਕੁਲ ਦੇ ਬੰਦੇ ਸ਼੍ਰੋਮਣੀ ਜਾਣੇ ਜਾਂਦੇ ਹਨ। ਇਨ੍ਹਾਂ ਨੂੰ ਆਪਣੀ ਕੁਲ ਦਾ ਹੰਕਾਰ ਹੈ। ਇਹ ਇਸ ਅਸਥਾਨ ਦੀ ਉੱਤਮ ਸੇਵਾ ਨਹੀਂ ਕਰ ਸਕਣਗੇ। ਸੇਵਾ ਤਾਂ ਸਦਾ ਉਸ ਸੇਵਕ ਦੀ ਵਸਤੂ ਹੈ, ਜੋ ਹੰਕਾਰ ਰਹਿਤ ਹੈ ਤੇ ਜਿਸ ਦਾ ਮਨ ਨੀਵਾਂ ਹੈ। ਜੋ ਮਨੁੱਖ ਸੇਵਾ ਵਿੱਚ ਨਿਪੁੰਨ ਹੋਵੇ, ਉਸ ਪੁਰਖ ਨੂੰ ਹੀ ਇਸ ਅਸਥਾਨ ਤੇ ਸਥਾਪਤ ਕੀਤਾ ਜਾਵੇ। ਬਾਬਾ

ਬੁੱਢਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ, ਇਸ ਤਰਾਂ ਨਾਲ ਬਾਬਾ ਬੁੱਢਾ ਜੀ ਸੇਵਾ ਵਿੱਚ ਪੂਰੇ ਹਨ। ਇਸ ਤਰ੍ਹਾਂ ਦੀ ਮਨ ਵਿੱਚ ਵਿਚਾਰ ਕਰਕੇ ਗੁਰੂ ਜੀ ਬਿਰਾਜ ਗਏ।

ਪਹਿਰ ਰਾਤ ਰਹਿੰਦੇ ਗੁਰੂ ਜੀ ਉੱਠ ਖਲੋਤੇ। ਫਿਰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਵੀ ਉੱਠ ਗਏ, ਜੋ ਗੁਰੂ ਚਰਨਾਂ ਦੇ ਪ੍ਰੇਮ ਵਿੱਚ ਮਗਨ ਸਨ। ਸੌਚ ਆਦਿ ਕਰਕੇ ਉਨ੍ਹਾਂ ਰਾਮਸਰ ਵਿੱਚ ਇਸ਼ਨਾਨ ਕੀਤਾ। ਬੇਰੀ ਦੇ ਦਰਖਤ ਹੇਠ ਧਿਆਨ ਲਾ ਕੇ ਬੈਠ ਗਏ। ਅੰਮ੍ਰਿਤ ਵੇਲੇ ਦੋ ਘੜੀਆਂ ਵਕਤ ਜਾਣ ਕੇ ਸ੍ਰੀ ਗੁਰੂ ਅਰਜਨ ਜੀ ਨੇ ਰਸੀਲੇ ਬਚਨ ਕਹੇ ਹੇ ਬਾਬਾ ਬੁੱਢਾ ਜੀ ਆਪਣੇ ਸਿਰ ਪਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖੋ (ਸਸ਼ੋਭਤ ਕਰੋ) ਅਤੇ ਅੱਗੇ-ਅੱਗੇ ਅੰਮ੍ਰਿਤ-ਸਰੋਵਰ ਦੇ ਮਾਰਗ ਚੱਲੋ। ਗੁਰੂ ਜੀ ਦੇ ਬਚਨ ਸਵੀਕਾਰ ਕਰਦੇ ਹੋਏ, ਬਾਬਾ ਬੁੱਢਾ ਜੀ, ਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਕੇ ਅੱਗੇ ਹੋ ਕੇ ਚੱਲ ਪਏ। ਗੁਰੂ ਅਰਜਨ ਦੇਵ ਜੀ ਆਪਣੇ ਹੱਥਾਂ ਨਾਲ ਪਿੱਛੇ-ਪਿੱਛੇ ਚੌਰ ਕਰ ਰਹੇ ਹਨ। ਅਨੇਕਾਂ ਛੋਟੇ ਨਗਾਰੇ ਅਤੇ ਸੰਖ ਵੱਜ ਰਹੇ ਹਨ। ਜੈ ਜੈ ਕਾਰ ਦੀ ਉੱਚੀ ਸੁਰ ਪੈਦਾ ਹੋ ਰਹੀ ਸੀ। ਚੰਦਰਮਾ ਸਮਾਨ ਸ੍ਰੀ ਹਰਿਗੋਬਿੰਦ ਸਾਹਿਬ ਨਾਲ ਚੱਲਦੇ ਹੋਏ ਬਹੁਤ ਸੋਭ ਰਹੇ ਹਨ। ਸਾਰੇ ਹਰਿਮੰਦਰ ਸਾਹਿਬ ਵਿਚ ਜਾ ਪਹੁੰਚੇ। ਰਾਗੀ ਉੱਚੀ ਧੁਨ ਵਿੱਚ ਰਾਗ ਗਾਇਨ ਕਰ ਰਹੇ ਹਨ। ਮੰਜੀ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਨੂੰ ਉੱਥੇ ਸਥਾਪਨ ਕਰ ਦਿੱਤਾ ਗਿਆ। ਤਦ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਦੇ ਕੋਲ ਬੈਠ ਗਏ। ਆਸਾ ਦੀ ਵਾਰ ਦਾ ਭੋਗ ਪਿਆ, ਗੁਰੂ ਜੀ ਨੇ ਮਨ ਲਾ ਕੇ ਸੁਣਿਆ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਹੇ ਬਾਬਾ ਬੁੱਢਾ ਜੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰੋ ਅਤੇ ਵਾਕ ਲਵੋ ਤਾਂ ਜੋ ਸਾਰਾ ਪੰਥ ਸੁਣੇ, ਗੁਰੂ ਜੀ ਨੇ ਫਰਮਾਇਆ। ਮਨ ਭਾਉਂਦਾ ਮਨੋਹਰ ਬਚਨ ਸੁਣ ਕੇ ਬਾਬਾ ਬੁੱਢਾ ਜੀ ਨੇ ਤਦ ਕਮਲ-ਮੁੱਖ ਤੋਂ ਸੱਤ ਬਚਨ ਆਖਿਆ ਤੇ ਸਤਿਕਾਰ ਸਹਿਤ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੇ ਵਾਕ ਲੈਣ ਲਈ ਮੁੱਖ ਤੋਂ ਉਚਾਰਨ ਕੀਤਾ।

*ਸੂਹੀ ਮਹਲਾ ੫॥*

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥*
*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥*
*ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥*
*ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥*

*ਆਦਿ ੭੮੩*

ਵਾਹਿਗੁਰੂ ਆਪ ਹੀ ਸੰਤਾਂ ਦੇ ਕਾਰਜ ਕਰਨ ਲਈ ਖੜ੍ਹਾ (ਸਹਾਈ) ਹੋਇਆ ਹੈ ਤੇ ਉਹ ਆਪ ਹੀ ਉਨ੍ਹਾਂ ਦਾ ਕੰਮ ਕਰਵਾਉਣ (ਸੰਵਾਰਨ) ਲਈ ਆਇਆ ਹੈ। ਸੁੰਦਰ ਧਰਤੀ ਅਤੇ ਸੁੰਦਰ ਤਲਾਬ ਅੰਦਰ ਅੰਮ੍ਰਿਤ ਜਲ ਛਾ ਗਿਆ ਹੈ। ਅੰਮ੍ਰਿਤ ਜਲ ਨੇ ਸਰੋਵਰ ਨੂੰ ਪਰੀ-ਪੂਰਨ ਕਰ ਦਿੱਤਾ ਹੈ ਤੇ ਮੇਰਾ ਕਾਰਜ ਸੰਪੂਰਨ ਹੋ ਗਿਆ ਹੈ। ਸਾਰੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਹਨ। ਜੈ ਜੈ ਕਾਰ ਦੇ ਜਕਾਰੇ ਸਾਰੇ ਜਗਤ ਵਿੱਚ ਗੂੰਜਦੇ ਹਨ ਤੇ ਮੇਰੇ ਸਾਰੇ ਸ਼ੰਕੇ ਦੂਰ ਹੋ ਗਏ ਹਨ। ਪੂਰਨ ਸਰਬ ਸ਼ਕਤੀਮਾਨ ਅਟੱਲ ਅਤੇ ਕਦੇ ਨਾ ਨਾਸ਼ ਹੋਣ ਵਾਲੇ ਵਾਹਿਗੁਰੂ ਦਾ ਜਸ ਵੇਦਾਂ ਅਤੇ ਪੁਰਾਣਾ ਨੇ ਗਾਇਆ ਹੈ। ਵਾਹਿਗੁਰੂ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਅਸੀਂ ਤਾਂ ਭਾਈ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕੀਤਾ ਹੈ।

ਮੁਖਵਾਕ ਸੁਣ ਕੇ ਸਾਰਿਆਂ ਨੇ ਤਦ ਸੀਸ ਨਿਵਾਇਆ ਤੇ ਉਨ੍ਹਾਂ ਗਰੀਬਾਂ ਦੀ ਰੱਖਿਆ ਕਰਨ ਵਾਲਾ ਪ੍ਰਭੂ ਰੂਪ ਜਾਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਹੱਥ ਨਾਲ ਚੌਰ ਕਰ ਰਹੇ ਸਨ ਅਤੇ ਬਾਬਾ ਬੁੱਢਾ ਜੀ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਸਨ। ਸੰਗਤ ਸੁਣ ਕੇ ਧੰਨ ਧੰਨ ਕਹਿ ਰਹੀ ਸੀ ਅਤੇ ਬਹੁਤ ਪ੍ਰੇਮ ਸਹਿਤ ਅਨੰਦ ਲੈ ਰਹੀ ਸੀ। ਜਪੁ ਜੀ ਸਾਹਿਬ ਦਾ ਭੋਗ ਪਾ ਕੇ ਸਭ ਨੇ ਸੀਸ ਨਿਵਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਾਹਿਗੁਰੂ ਵੱਲੋਂ ਮਨੋਰਥ ਸਫਲ ਹੋਇਆ ਜਾਣਿਆ ਅਤੇ ਬਹੁਤ ਪ੍ਰੇਮ ਸਹਿਤ ਗਦ ਗਦ ਹੋਏ। ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲ ਕੇ ਉਸ ਅੱਗੇ ਖਲੋ ਕੇ ਉਨ੍ਹਾਂ ਅਨੇਕ ਪ੍ਰਕਾਰ ਨਾਲ ਹਰਿਮੰਦਰ ਸਾਹਿਬ ਦੀ ਕੀਰਤੀ ਉਚਾਰਨ ਕੀਤੀ। ਭਗਵਾਨ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਆ ਵਸੇ। ਕਲਜੁਗ ਦੇ ਸਮੇਂ ਵਿੱਚ ਇਸ ਵਰਗਾ ਹੋਰ ਕੋਈ ਮਹਾਨ ਸਥਾਨ ਨਹੀਂ ਹੈ। ਸ੍ਰੀ ਗੁਰੂ ਜੀ ਦਾ ਦਰਬਾਰ ਧੰਨ ਹੈ,ਧੰਨ ਹੈ, ਜਿੱਥੋਂ ਚਾਰੇ ਪਦਾਰਥ ਪ੍ਰਾਪਤ ਹੁੰਦੇ ਹਨ। ਫੇਰ ਸ਼ਾਮ ਹੋਈ ਸੂਰਜ ਛਿਪ ਗਿਆ ਬਾਬਾ ਬੁੱਢਾ ਜੀ ਨੇ ਤਦ ਪੁੱਛਿਆ ਹੁਣ ਰਾਤ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਕਿਸ ਸਥਾਨ ਤੇ ਨਿਵਾਸ ਕੀਤਾ ਜਾਵੇ ਤਾਂ ਜੋ ਸਿੱਖ ਉਸੇ ਤਰ੍ਹਾਂ ਦੀ ਅੱਗੇ ਲਈ ਮਰਿਆਦਾ ਧਾਰਨ ਕਰ ਲੈਣ। ਸ੍ਰੀ ਗੁਰੂ ਜੀ ਨੇ ਫੁਰਮਾਇਆ ਇਹ ਪ੍ਰਭੂ ਦਾ ਦਰਬਾਰ ਹੈ ਗੁਰੂ ਗ੍ਰੰਥ ਸਾਹਿਬ ਜੀ ਪਰਮੇਸਰ ਦਾ ਅਵਤਾਰ ਹਨ। ਜਦ ਡੇਢ ਪਹਿਰ ਰਾਤ ਚਲੀ ਜਾਵੇ ਤਦ ਕੀਰਤਨ ਸੋਹਿਲੇ ਦਾ ਗਾਇਨ ਕੀਤਾ ਜਾਵੇ। ਫੇਰ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉੱਥੇ ਲਜਾਇਆ ਜਾਵੇ ਜਿਸ ਕੋਠੜੀ ਸਾਹਿਬ ਵਿੱਚ ਸਾਡਾ ਨਿਵਾਸ ਅਸਥਾਨ ਹੈ। ਉੱਥੇ ਲਜਾ ਕੇ ਆਦਰ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ ਕਰੋ। ਜਦ ਡੇਢ ਪਹਿਰ ਰਾਤ ਹੋਰ ਰਹਿ ਗਈ ਹੋਵੇ ਤਦ ਹਰਿਮੰਦਰ ਸਾਹਿਬ ਦਾ ਇਸ਼ਨਾਨ ਕਰਵਾਵੋ। ਅਨੇਕ ਤਰ੍ਹਾਂ ਦੇ ਬਸਤਰ ਬਿਛਾਵੋ। ਹਮੇਸ਼ਾਂ ਘਿਉ ਦੀ ਜੋਤ ਜਗਾਉ। ਜਦ ਇੱਕ ਪਹਿਰ ਰਾਤ ਬਾਕੀ ਰਹਿ ਜਾਵੇ ਤਦ ਰਾਗੀ ਆਸਾ

ਦੀ ਵਾਰ ਦਾ ਕੀਰਤਨ ਗਾਇਨ ਕਰਨ। ਅਨੇਕਾਂ ਰਾਗਾਂ ਦੇ ਸ਼ਬਦ ਸੁਣਾਏ ਜਾਣ। ਜਦ ਰਾਤ ਦੋ ਘੜੀਆਂ ਬਾਕੀ ਰਹਿ ਜਾਵੇ ਤਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਾਪਸ ਲੈ ਆਵੋ। ਆਸਾ ਦੀ ਵਾਰ ਦਾ ਭੋਗ ਪੈਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰਕੇ ਮੁੱਖਵਾਕ ਲਵੋ। ਇਸ ਵਿਧੀ ਅਨੁਸਾਰ ਰੋਜਾਨਾ ਕਾਰ ਕਰੋ। ਇਉਂ ਕਹਿ ਕੇ ਗੁਰੂ ਜੀ ਬੈਠੇ ਰਹੇ, ਉਨ੍ਹਾਂ ਨੇਂ ਕਾਨ੍ਹੜਾ ਰਾਗ ਵਿੱਚ ਗਾਈ ਹੋਈ ਚੌਂਕੀ ਸੁਣੀ। ਫਿਰ ਕੀਰਤਨ ਸੋਹਿਲੇ ਦਾ ਪਾਠ ਕੀਤਾ ਗਿਆ ਤੇ ਕੋਲ ਬੈਠੇ ਸਭ ਨੇ ਉਠ ਕੇ ਅਰਦਾਸ ਕੀਤੀ। ਬਾਬਾ ਬੁੱਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਸਿਰ ਉਪਰ ਸਤਿਕਾਰ ਸਹਿਤ ਰੱਖ ਲਏ। ਗੁਰੂ ਜੀ ਚੌਰ ਦੀ ਸੇਵਾ ਨਿਭਾਉਂਦੇ ਰਹੇ। ਸੰਖਾਂ ਦੀ ਧੁਨ ਉੱਚੀ ਕਰ ਦਿੱਤੀ ਅਤੇ ਉਸ ਵੇਲੇ ਹੋਰ ਦੂਸਰੇ ਵਾਜੇ ਵੀ ਵਜਾਏ ਗਏ। ਗੁਰੂ ਜੀ ਹਮੇਸ਼ਾ ਕੋਠੜੀ ਸਾਹਿਬ ਵਿੱਚ ਜਮੀਨ ਤੇ ਬਿਰਾਜਦੇ, ਕਦੇ ਕਦੇ ਹੀ ਆਪਣੇ ਘਰ ਜਾਂਦੇ। ਉਸ ਅਸਥਾਨ ਤੇ ਜਦ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਗਏ ਤਾਂ ਉੱਥੇ ਸੁੰਦਰ ਪਲੰਘ ਡਾਹਿਆ ਹੋਇਆ ਸੀ। ਜਰੀ ਦੇ ਬਸਤਰਾਂ ਨਾਲ ਸੇਜ ਸਵਾਰੀ ਹੋਈ ਸੀ। ਉਸ ਪਲੰਘ ਉਪਰ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ ਕੀਤਾ ਗਿਆ। ਸ੍ਰੀ ਗੁਰੂ ਜੀ ਥੱਲੇ ਧਰਤੀ ਉਪਰ ਕੋਲ ਹੀ ਬਿਰਾਜਮਾਨ ਹੋ ਗਏ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਹਮੇਸ਼ਾਂ ਦੇ ਵਾਸਤੇ ਗੁਰਬਾਣੀ ਦਾ ਸਤਿਕਾਰ ਕਰਕੇ ਸਿੱਖਾਂ ਨੂੰ ਮਰਿਆਦਾ ਬਖਸ਼ਿਸ਼ ਕਰ ਦਿੱਤੀ।

## ਸੇਠ ਪਤੰਗ ਤੇ ਪਠਾਣ ਜਮਾਲ

ਲਾਹੌਰ ਸ਼ਹਿਰ ਵਿਚ ਸੇਠ ਪਤੰਗ ਨਾਮ ਦਾ ਅਮੀਰ ਪੁਰਸ਼ ਰਿਹਾ ਕਰਦਾ ਸੀ। ਇਹ ਬਹੁਤ ਹੀ ਇਮਾਨਦਾਰ, ਧਰਮੱਗ ਪੁਰਖ ਸੀ। ਇਸ ਦੇ ਕੋਲ ਲੋਕ ਅਮਾਨਤਾਂ ਰੱਖਦੇ ਸਨ। ਇਹ ਮਿੱਠੇ ਬੋਲ ਬੋਲਣ ਵਾਲਾ ਅਤੇ ਇਨਸਾਫ ਪਸੰਦ ਸੀ। ਸਰਕਾਰੇ ਦਰਬਾਰੇ ਭੀ ਇਸ ਦਾ ਬੜਾ ਸਨਮਾਨ ਸੀ। ਜਿਸ ਵੇਲੇ ਅਦਾਲਤ ਵਿਚ ਜਾਂਦਾ ਤਾਂ ਇਸ ਨੂੰ ਕੁਰਸੀ ਤੇ ਬਿਠਾਇਆ ਜਾਂਦਾ ਸੀ। ਇਸ ਦੀ ਸੱਚਾਈ ਅਤੇ ਇਮਾਨਦਾਰੀ ਦੀ ਧੁੰਮ ਸਾਰੇ ਸ਼ਹਿਰ ਵਿਚ ਪਈ ਹੋਈ ਸੀ। ਸਭ ਨੂੰ ਸਮ ਦ੍ਰਿਸ਼ਟੀ ਨਾਲ ਦੇਖਦਾ ਸੀ। ਅਮਾਨਤ ਰੱਖਣ ਵਾਲਾ ਚਾਹੇ ਬਾਲ, ਜਵਾਨ, ਬਿਰਧ, ਗਰੀਬ ਜਾਂ ਅਮੀਰ ਆ ਜਾਵੇ ਨਾ ਝੂਠ ਬੋਲਦਾ ਸੀ ਅਤੇ ਨਾ ਹੀ ਘਟ ਤੋਲਦਾ ਸੀ। ਲਾਹੌਰ ਸ਼ਹਿਰ ਵਿਚ ਇੱਕ ਜਮਾਲ ਨਾਮੀ ਪਠਾਣ ਰਹਿੰਦਾ ਸੀ। ਉਸ ਨੂੰ ਇੱਕ ਦਿਨ ਅਚਾਨਕ ਪਿਸ਼ਾਵਰ ਜਰੂਰੀ ਕੰਮ ਲਈ ਜਾਣਾ ਪੈ ਗਿਆ। ਉਸ ਪਾਸ ਸੱਤ ਸੌ ਮੋਹਰਾਂ ਸਨ। ਸੋਚਿਆ ਜੇ ਮੈਂ ਮੋਹਰਾਂ ਨਾਲ ਲੈ ਕੇ ਜਾਂਦਾ ਹਾਂ ਤਾਂ ਰਸਤੇ ਵਿਚ ਡਾਕੂਆਂ ਦਾ ਡਰ ਹੈ ਜੇ ਘਰ ਰੱਖਦਾ ਹਾਂ ਤਾਂ ਚੋਰਾਂ ਦਾ ਡਰ ਹੈ। ਕਿਤੇ ਧਨ ਦੇ ਨਾਲ ਜਾਨ ਦਾ ਨੁਕਸਾਨ ਨਾ ਹੋ ਜਾਵੇ। ਇਹ ਸੋਚ ਕੇ ਉਸ ਇਮਾਨਦਾਰ ਪਤੰਗ ਸ਼ਾਹੂਕਾਰ ਦੇ ਕੋਲ

ਮੋਹਰਾਂ ਰੱਖਣ ਲਈ ਚਲਾ ਗਿਆ। ਉਸ ਨੇ ਕਿਹਾ ਪਤੰਗ ਜੀ ਜੇ ਘਰ ਰੱਖਦਾ ਹਾਂ ਤਾਂ ਚੋਰਾਂ ਦਾ ਡਰ ਹੈ ਜੇ ਨਾਲ ਲੈ ਕੇ ਜਾਂਦਾ ਹਾਂ ਤਾਂ ਡਾਕੂਆਂ ਦਾ। ਮੈਂ ਤੁਹਾਡੇ ਕੋਲ ਇਹ ਅਮਾਨਤ ਰੱਖਦਾ ਹਾਂ ਸੰਭਾਲ ਲੈਣੀ। ਪਿੱਛੇ ਆਪਣੇ ਘਰ ਪਿਸ਼ਾਵਰ ਚਲਿਆ ਹਾਂ ਤੇ ਵਾਪਿਸ ਆ ਕੇ ਲੈ ਲਵਾਂਗਾ। ਇੰਨੀ ਗੱਲ ਕਹਿ ਕੇ ਆਪਣੇ ਘਰ ਚਲਾ ਗਿਆ। ਜਦੋਂ ਸੱਤ ਅੱਠ ਮਹੀਨੇ ਪਿਛੋਂ ਜਮਾਲ ਨੇ ਵਾਪਿਸ ਆ ਕੇ ਸੱਤ ਸੌ ਮੋਹਰ ਦੀ ਮੰਗ ਕੀਤੀ ਤਾਂ ਪਤੰਗ ਨੇ ਸਾਰੇ ਕਾਗਜ ਦੇਖ-ਭਾਲ ਕੇ ਕਿਹਾ ਕਿ ਤੁਹਾਨੂੰ ਭੁਲੇਖਾ ਲੱਗਾ ਹੈ ਤੁਸੀਂ ਮੇਰੇ ਕੋਲ ਅਮਾਨਤ ਨਹੀਂ ਰੱਖੀ। ਜਮਾਲ ਨੇ ਬੜੇ ਠਰੰਮੇ ਨਾਲ ਰੁਮਾਲ ਦੀਆਂ ਨਿਸ਼ਾਨੀਆਂ ਦਸੀਆਂ ਲਾਗੇ ਬੈਠੇ ਹੋਏ ਆਦਮੀਆਂ ਦਾ ਚੇਤਾ ਕਰਵਾਇਆ ਪਰ ਸੇਠ ਪਤੰਗ ਨੇ ਫਿਰ ਪਹਿਲੇ ਵਾਕ ਦੁਹਰਾ ਦਿੱਤੇ।

ਜਮਾਲ ਨੇ ਗੁੱਸੇ ਵਿਚ ਆ ਕੇ ਨਾ ਵਰਤਣ ਵਾਲੇ ਸ਼ਬਦ ਵਰਤੇ। ਉਸ ਦਾ ਬਹੁਤ ਨਿਰਾਦਰ ਕੀਤਾ। ਸੇਠ ਨੇ ਦੂਜੀ ਵਾਰ ਫੇਰ ਤਸੱਲੀ ਨਾਲ ਕਾਗਜ ਦੇਖਣੇ ਕੀਤੇ ਤੇ ਕਿਹਾ ਕਿ ਤੁਹਾਡੀ ਕੋਈ ਅਮਾਨਤ ਮੇਰੇ ਕੋਲ ਜਮ੍ਹਾਂ ਨਹੀਂ ਹੈ। ਜਮਾਲ ਨੇ ਜਾ ਕੇ ਅਦਾਲਤ ਵਿਚ ਮੁਕੱਦਮਾ ਕਰ ਦਿੱਤਾ। ਦੋਹਾਂ ਪਾਸਿਆਂ ਤੋਂ ਗਵਾਹੀਆਂ ਭੁਗਤੀਆਂ। ਹਾਕਮ ਨੂੰ ਦੋਵੇਂ ਸੱਚੇ ਜਾਪੇ ਤੇ ਉਨ੍ਹਾਂ ਕਿਹਾ ਕਿ ਮੈਂ ਦੋਹਾਂ ਦੀ ਸੱਚਾਈ ਦੀ ਪ੍ਰੀਖਿਆ ਤੇਲ ਦੇ ਗਰਮ ਕੜਾਹੇ ਵਿਚ ਹੱਥ ਪਵਾ ਕੇ ਕਰਨੀ ਹੈ। ਇਸ ਪਰਖ ਲਈ ਦੋਵੇਂ ਹੀ ਤਿਆਰ ਹੋ ਗਏ। ਪਤੰਗ ਨੂੰ ਸੱਚੇ ਹੋਣ ਦਾ ਬੜਾ ਭਰੋਸਾ ਸੀ ਅਤੇ ਜਮਾਲ ਨੂੰ ਆਪਣੀ ਸੱਚਾਈ ਤੇ ਬੜਾ ਮਾਣ ਸੀ। ਦੋਵੇਂ ਇੱਕ ਦੂਜੇ ਨੂੰ ਬੜੇ ਧਿਆਨ ਨਾਲ ਦੇਖ ਰਹੇ ਸਨ। ਜਦੋਂ ਤੇਲ ਵਿਚ ਦੋਵਾਂ ਨੇ ਹੱਥ ਪਾਏ ਤਾਂ ਜਮਾਲ ਦਾ ਹੱਥ ਸੜ ਗਿਆ ਪਰ ਪਤੰਗ ਦੇ ਹੱਥ ਨੂੰ ਆਂਚ ਨਾ ਲੱਗੀ। ਜਮਾਲ ਬੜਾ ਬੇਚੈਨ ਹੋ ਗਿਆ ਉਸ ਦਾ ਇਮਾਨ ਸੱਚ ਤੋਂ ਦੂਰ ਚਲਾ ਗਿਆ। ਪਤੰਗ ਨੇ ਵਾਪਿਸ ਆ ਕੇ ਫਿਰ ਅਮਾਨਤ ਰੱਖਣ ਵਾਲੇ ਟਿਕਾਣੇ ਬੜੇ ਧਿਆਨ ਨਾਲ ਦੇਖੇ ਅਤੇ ਸੋਚਿਆ ਕਿ ਝੂਠਾ ਬੰਦਾ ਇਤਨਾ ਵੱਡਾ ਦਾਅਵਾ ਨਹੀਂ ਕਰ ਸਕਦਾ ਜਦੋਂ ਸਾਰੀ ਰਕਮ ਦੀ ਗਿਣਤੀ ਕੀਤੀ ਤਾਂ ਸੱਤ ਸੌ ਮੋਹਰਾਂ ਵੱਧ ਨਿਕਲੀਆਂ। ਉਸੇ ਵੇਲੇ ਮੋਹਰਾਂ ਨੂੰ ਲੈ ਕੇ ਆਪਣੇ ਨੇਕ ਸੁਭਾਅ ਅਨੁਸਾਰ ਪਸਚਾਤਾਪ ਕਰਦਾ ਹੋਇਆ ਜਮਾਲ ਦੇ ਘਰ ਪਹੁੰਚਿਆ ਅਤੇ ਕਹਿਣ ਲੱਗਾ ਕਿ ਭਾਈ ਤੂੰ ਸੱਚਾ ਹੈਂ ਤੇਰੀਆਂ ਮੋਹਰਾਂ ਲੱਭ ਪਈਆਂ ਹਨ ਤਾਂ ਜਮਾਲ ਕਹਿਣ ਲੱਗਾ ਕਿ ਇਹ ਕੈਸਾ ਕਲਯੁਗ ਹੈ ਕਿ ਸੱਚਿਆਂ ਦੇ ਹੱਥ ਸੜਨ ਤੇ ਝੂਠਿਆਂ ਦੇ ਹੱਥ ਨੂੰ ਕੋਈ ਸੇਕ ਵੀ ਨਾ ਲੱਗੇ। ਕਿਉਂਕਿ ਪਠਾਣ ਨੂੰ ਗਮ ਪੈਸਿਆਂ ਤੋਂ ਜਿਆਦਾ ਆਪਣੀ ਹੋਈ ਬੇਇਜਤੀ ਦਾ ਸੀ ਇਸ ਲਈ ਉਹ ਬਹੁਤ ਬੁਰੇ ਭਲੇ ਸਬਦ ਬੋਲ ਰਿਹਾ ਸੀ। ਪਤੰਗ ਨੇ ਪਿਆਰ ਨਾਲ ਕਿਹਾ ਕਿ ਇਹ ਸਭ ਕੁਝ ਮੇਰੇ ਕੋਲੋਂ ਭੁੱਲ ਵਿਚ ਹੋਇਆ ਹੈ। ਇਸ ਦਾ ਕਾਰਣ ਜਦੋਂ ਤੂੰ ਆਇਆ ਸੀ ਤਾਂ ਉਸ ਸਮੇਂ ਅਮਾਨਤੀਆਂ ਦੀ ਬਹੁਤੀ ਭੀੜ ਹੋਣ ਕਰਕੇ ਮੈਂ ਤੇਰੀ ਰਕਮ ਬਹੀ ਵਿਚ ਦਰਜ ਨਾ ਕਰ ਸਕਿਆ।

ਕਾਹਲ ਹੋਣ ਕਰਕੇ ਤੂੰ ਮੇਰੇ ਤੇ ਵਿਸ਼ਵਾਸ਼ ਕਰਕੇ ਰਕਮ ਨੂੰ ਬਿਨਾ ਲਿਖਵਾਏ ਹੀ ਚਲਾ ਗਿਆ ਤੇ ਮੈਨੂੰ ਰੋਜ-ਨਾਮਚੇ ਵਿਚ ਲਿਖਣੀ ਯਾਦ ਨਾ ਰਹੀ। ਇਸ ਲਈ ਦਿਲੋਂ ਮੈਂ ਭੀ ਸੱਚਾ ਸੀ, ਮੇਰੀ ਲਜਿਆ ਤਾਂ ਮੇਰੇ ਅੰਤਰਜਾਮੀ ਗੁਰੂ ਨੇ ਰੱਖ ਲਈ। ਕਿਉਂਕਿ ਮੈਂ ਆਪਣੇ ਗੁਰੂ ਨੂੰ ਯਾਦ ਕਰਕੇ ਤੇਲ ਦੇ ਗਰਮ ਕੜਾਹੇ ਵਿਚ ਹੱਥ ਪਾਇਆ ਸੀ ਕਿ ਸਤਿਗੁਰੂ ਜੀ ਮੇਰੀ ਲਜਿਆ ਰੱਖਣੀ ਤੇ ਸਤਿਗੁਰੂ ਜੀ ਨੇ ਆਪਣਾ ਸੇਵਕ ਜਾਣ ਕੇ ਮੇਰੀ ਲਜਿਆ ਰੱਖੀ ਹੈ। ਇਹ ਗੱਲ ਸੁਣ ਕੇ ਪਠਾਣ ਜਮਾਲ ਦੇ ਮਨ ਵਿਚ ਸਤਿਗੁਰੂ ਵਾਸਤੇ ਸ਼ਰਧਾ ਪੈਦਾ ਹੋ ਗਈ ਤੇ ਕਹਿਣ ਲੱਗਾ ਸੇਠ ਜੀ ਮੈਂ ਤੁਹਾਡੇ ਪੀਰ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਜਮਾਲ ਦਾ ਨਿਸਚਾ ਦੇਖ ਕੇ ਸ਼ਾਹੂਕਾਰ ਪਤੰਗ ਉਸ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਾ। ਉਸ ਵੇਲੇ ਗੁਰੂ ਅਰਜਨ ਸਾਹਿਬ ਜੀ ਮੰਜੀ ਸਾਹਿਬ ਵਾਲੇ ਅਸਥਾਨ ਤੇ ਦੀਵਾਨ ਵਿਚ ਸ਼ਸ਼ੋਭਿਤ ਸਨ। ਇਨ੍ਹਾਂ ਦੋਹਾਂ ਨੇ ਬੜੇ ਸਤਿਕਾਰ ਨਾਲ ਮੱਥਾ ਟੇਕਿਆ। ਸਤਿਗੁਰੂ ਜੀ ਨੇ ਅਸ੍ਰੀਵਾਦ ਦੇ ਕੇ ਪੁੱਛਿਆ ਕਿ ਹੇ ਭਾਈ ਤੁਸੀਂ ਕਿਵੇਂ ਆਏ ਹੋ ਤਾਂ ਜਮਾਲ ਨੇ ਉਸ ਵੇਲੇ ਆਪਣੇ ਨਾਲ ਬੀਤੀ ਹੋਈ ਸਾਰੀ ਵਾਰਤਾ ਕਹਿ ਸੁਣਾਈ ਤੇ ਪੁੱਛਣ ਲੱਗਾ ਕਿ ਗਰੀਬ ਨਿਵਾਜ ਸਤਿਗੁਰੂ ਜੀ ਜਦੋਂ ਕਿ ਮੈਂ ਸੱਚਾ ਸੀ ਤਾਂ ਮੇਰਾ ਹੱਥ ਤੱਤੇ ਤੇਲ ਵਿਚ ਕਿਵੇਂ ਸੜ ਗਿਆ ਅਤੇ ਪਤੰਗ ਝੂਠਾ ਹੋਣ ਦੇ ਬਾਵਜੂਦ ਵੀ ਬਚ ਗਿਆ। ਕਿਰਪਾ ਕਰਕੇ ਇਸ ਦਾ ਕਾਰਣ ਦੱਸੋ। ਉਸ ਨੂੰ ਵਿਸ਼ਵਾਸ਼ ਕਰਾਉਣ ਲਈ ਸਤਿਗੁਰੂ ਨੇ ਕਿਹਾ ਭਾਈ ਤੁਸੀਂ ਦੋਵੇਂ ਹੀ ਸੱਚੇ ਸੀ। ਤੂੰ ਇਸ ਲਈ ਸੱਚਾ ਸੀ ਕਿ ਅਮਾਨਤ ਇਸ ਕੋਲ ਰੱਖ ਕੇ ਗਿਆ ਇਹ ਇਸ ਲਈ ਸੱਚਾ ਸੀ ਕਿ ਇਸ ਨੇ ਲਾਲਚ ਵੱਸ ਹੋ ਕੇ ਜਾਣ-ਬੁੱਝ ਕੇ ਐਸਾ ਨਹੀਂ ਕੀਤਾ। ਬਲਕਿ ਭੁੱਲ ਦੇ ਕਾਰਣ ਇਸ ਕੋਲੋਂ ਐਸਾ ਹੋਇਆ ਪਰ ਇਸ ਦੇ ਮਨ ਵਿਚ ਪੂਰਾ ਨਿਸ਼ਚਾ ਗੁਰੂ ਘਰ ਦਾ ਹੋਣ ਕਰਕੇ ਸਾਨੂੰ ਯਾਦ ਕੀਤਾ ਅਸੀਂ ਆਪਣਾ ਧਰਮ ਸਮਝ ਕੇ ਇਸ ਦੀ ਰੱਖਿਆ ਕੀਤੀ। ਤੁਸੀਂ ਉਤਨੇ ਸਮੇਂ ਵਿਚ ਹੀ ਪਤਾ ਨਹੀਂ ਕਿੰਨੇ ਪੀਰ ਫਕੀਰ ਮਨਾਉਣਾ ਕੀਤੇ ਤੇ ਉਨ੍ਹਾਂ ਨੂੰ ਯਾਦ ਕੀਤਾ ਤੇ ਤੇਰਾ ਕਿਸੇ ਤੇ ਅਟੱਲ ਨਿਸ਼ਚਾ ਨਾ ਹੋਣ ਕਰਕੇ ਕਿਸੇ ਨੇ ਤੇਰੀ ਰੱਖਿਆ ਨਹੀਂ ਕੀਤੀ ਤੇ ਤੇਰਾ ਹੱਥ ਸੜ ਗਿਆ। ਗੁਰੂ ਜੀ ਨੇ ਕਿਹਾ ਕਿ ਪ੍ਰੇਮੀਆ ਸਿਦਕ ਦੇ ਬਹੁਤੇ ਪੈਰ ਨਹੀਂ ਹੁੰਦੇ ਸਿਦਕ ਦੀਆਂ ਬਹੁਤੀਆਂ ਅੱਖਾਂ ਨਹੀਂ ਹੁੰਦੀਆਂ ਸਿਦਕ ਦੇ ਬਹੁਤੇ ਘਰ ਨਹੀਂ ਹੁੰਦੇ ਸਿਦਕੀ ਕੇਵਲ ਇੱਕ ਨੂੰ ਮੰਨਣ ਵਾਲੇ ਹੁੰਦੇ ਹਨ। ਪਤੰਗ ਦੀ ਸ਼ਰਧਾ ਨੇ ਇਸ ਨੂੰ ਸੇਕ ਨਹੀਂ ਲੱਗਣ ਦਿੱਤਾ। ਤੇਰੀ ਬੇ-ਭਰੋਸਗੀ ਨੇ ਤੇਰਾ ਹੱਥ ਸਾੜ ਦਿੱਤਾ ਹੈ। ਕੋਈ ਦੇਵੀ ਦੇਵਤਾ, ਪੀਰ ਫਕੀਰ ਤੇ ਗੁਰੂ ਪਰਮੇਸ਼ਰ ਉਤਨਾ ਕੁਝ ਨਹੀਂ ਕਰਦਾ ਜਿੰਨੀ ਆਪਣੀ ਸ਼ਰਧਾ ਕੰਮ ਕਰਦੀ ਹੈ। ਇਹ ਸੁਣ ਕੇ ਜਮਾਲ ਗੁਰੂ ਦਾ ਸਿਦਕੀ ਸਿੱਖ ਬਣ ਗਿਆ। ਸਤਿਗੁਰੂ ਜੀ ਦਾ ਮੁਰੀਦ ਬਣ ਗਿਆ। ਉਸ ਦਿਨ ਤੋਂ ਦੋਵੇਂ ਗੁਰਭਾਈ ਬਣ ਕੇ ਗੁਰੂ ਘਰ ਦਾ ਜਸ ਫੈਲਾਉਂਦੇ ਰਹੇ। ਸੋ ਇਹ ਗੱਲ ਸਾਰੇ ਲੋਕਾਂ ਵਿਚ ਪ੍ਰਗਟ ਹੋਈ ਕਿ

ਆਪਣੇ ਸੇਵਕ ਪਤੰਗ ਦੀ ਗੁਰੂ ਸਾਹਿਬ ਨੇ ਰੱਖਿਆ ਕੀਤੀ ਹੈ।

## ਭਾਈ ਗੁਰਮੁਖ ਅਤੇ ਭਾਈ ਭਿਖਾਰੀ ਦਾ ਮਿਲਾਪ

ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾ ਵਿਚ ਗੁਰਮੁਖ ਨਾਮ ਦੇ ਸਿੱਖ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਪ੍ਰਭੂ ਜਿਹੜੇ ਸਿੱਖ ਸਤਿਗੁਰਾਂ ਦੇ ਸਨਮੁਖ ਹੋ ਕੇ ਅੱਠੇ ਪਹਿਰ ਭਾਣਾ ਮੰਨਦੇ ਹਨ, ਮੈਨੂੰ ਤਿਨ੍ਹਾਂ ਦਾ ਦਰਸ਼ਨ ਕਰਵਾਓ। ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ ਗੁਜਰਾਤ ਨਗਰ ਵਿਖੇ ਭਾਈ ਭਿਖਾਰੀ ਨਾਮ ਦਾ ਸਿਖ ਰਹਿੰਦਾ ਹੈ ਉਸ ਦੇ ਦਰਸ਼ਨ ਹੁਣੇ ਹੀ ਚਲ ਕੇ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਭਾਈ ਗੁਰਮੁਖ ਉਸੇ ਵੇਲੇ ਚਲ ਪਿਆ। ਰਸਤੇ ਦੇ ਵਿਚ ਵਿਚਾਰਦਾ ਚਲਾ ਜਾ ਰਿਹਾ ਹੈ ਕਿ ਸਤਿਗੁਰਾਂ ਨੇ ਆਪ ਦੱਸਿਆ ਹੈ ਇਸ ਲਈ ਕੋਈ ਬੜਾ ਚੰਗਾ ਸਿੱਖ ਹੋਵੇਗਾ।

ਮਨ ਵਿਚ ਵਿਚਾਰਦਾ ਹੈ ਕਿ ਪ੍ਰਭੂ ਦਾ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ ਤੇ ਕਿਰਤ-ਵਿਰਤ ਕਿਸ ਤਰ੍ਹਾਂ ਕਰਦਾ ਹੋਵੇਗਾ।

ਸਾਰਾ ਰਸਤਾ ਲੰਘ ਕੇ ਗੁਜਰਾਤ ਪਹੁੰਚ ਗਿਆ ਅਤੇ ਪੁੱਛਦਾ ਪੁੱਛਦਾ ਭਾਈ ਭਿਖਾਰੀ ਜੀ ਦੇ ਘਰ ਚਲਾ ਗਿਆ। ਜਾ ਕੇ ਕੀ ਦੇਖਦਾ ਹੈ ਕਿ ਬਹੁਤ ਹੀ ਖੁਸ਼ੀਆਂ ਹੋ ਰਹੀਆਂ ਹਨ। ਭਾਈ ਭਿਖਾਰੀ ਦੇ ਪੁੱਤਰ ਦੇ ਅਨੰਦ ਕਾਰਜ ਦਾ ਦਿਨ ਹੈ। ਇਸਤਰੀਆਂ ਗੀਤ ਗਾਂਵਦੀਆਂ ਪਈਆਂ ਹਨ ਅਤੇ ਭਾਈ ਭਿਖਾਰੀ ਜੀ ਇਕ ਪੁਰਾਣੀ ਜੇਹੀ ਦਰੀ ਸੀਂਵਦੇ ਪਏ ਹਨ। ਸਿਖ ਪੈਰੀ ਪੈਣਾ ਕਹਿ ਕੇ ਬੈਠ ਗਿਆ ਤੇ ਕਿਹਾ, ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਪਾਸ ਭੇਜਿਆ ਹੈ।

ਇਹ ਬਚਨ ਸੁਣ ਕੇ ਭਾਈ ਭੇਖਾਰੀ ਨੇ ਉਠ ਕੇ ਬੜਾ ਸਨਮਾਨ ਕੀਤਾ ਤੇ ਆਪਣੇ ਪਾਸ ਬਿਠਾ ਲਿਆ। ਜਿਸ ਕੰਮ ਕਰਨ ਵਿਚ ਭੇਖਾਰੀ ਲੱਗਾ ਹੋਇਆ ਸੀ,ਤਿਸ ਨੂੰ ਦੇਖ ਕੇ ਗੁਰਮੁਖ ਬੜਾ ਹੈਰਾਨ ਹੋਣ ਲੱਗ ਪਿਆ। ਉਸ ਵੇਲੇ ਭਾਈ ਭਿਖਾਰੀ ਜੀ ਉਸ ਗੁਰਮੁਖ ਦੀ ਬਾਂਹ ਫੜ ਕੇ ਵਿਆਹ ਦੀ ਸਮਗਰੀ ਦਿਖਾਉਣ ਲੱਗ ਪਏ ਕਿ ਇਹ ਪੁੱਤਰ ਦੇ ਕੱਪੜੇ ਸਿਲਾਏ ਹਨ, ਇਹ ਸੁਨਿਆਰਾ ਗਹਿਣੇ ਘੜ ਰਿਹਾ ਹੈ, ਇੱਥੇ ਬਹੁਤ ਮਠਿਆਈਆਂ ਪਈਆਂ ਹਨ। ਅੱਗੇ ਇਕ ਪਾਸੇ ਮ੍ਰਿਤਕ ਦੇ ਵਾਸਤੇ ਫੱਟਾ ਅਤੇ ਕੱਫਣ ਤਿਆਰ ਹੋਇਆ ਪਿਆ ਹੈ।

ਭਾਈ ਗੁਰਮੁਖ ਇਹ ਦੇਖ ਕੇ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ ਕਿ ਇਹ ਮ੍ਰਿਤਕ ਦਾ ਸਮਾਨ ਕਿਸ ਵਾਸਤੇ ਇੱਥੇ ਰੱਖਿਆ ਹੋਇਆ ਹੈ।

ਭਾਈ ਭਿਖਾਰੀ ਨੇ ਕਿਹਾ ਕਿ ਇਹ ਫੇਰ ਤੈਨੂੰ ਦੱਸਾਂਗਾ, ਜਿਸ ਵੇਲੇ ਇਹ ਸਮਾਨ ਕੰਮ ਆਵੇਗਾ। ਇਸ ਪ੍ਰਕਾਰ ਸਾਰੀ ਸੱਮਗਰੀ ਦਿਖਾ ਕੇ ਪਹਿਲੇ ਅਸਥਾਨ ਤੇ ਆ ਗਏ। ਜਿੱਥੇ ਭਾਈ ਭਿਖਾਰੀ ਪਾਟੀ ਹੋਈ ਦਰੀ ਸਿਉਂ ਰਿਹਾ ਸੀ। ਗੁਰਮੁਖ

ਦਿਲ ਵਿਚ ਬੜਾ ਅਸਚਰਜ ਹੁੰਦਾ ਹੈ ਤੇ ਮਨ ਵਿਚ ਵਿਚਾਰਦਾ ਹੈ ਕਿ ਸਤਿਗੁਰਾਂ ਨੇ ਭਾਈ ਭਿਖਾਰੀ ਦੀ ਬੜੀ ਉਪਮਾ ਕੀਤੀ ਹੈ ਪਰ ਇਹ ਤਾਂ ਘਰ ਦੇ ਜੰਜਾਲਾਂ ਵਿਚ ਖੱਚਤ ਹੋਇਆ ਹੋਇਆ ਹੈ। ਇਹ ਪ੍ਰਭੂ ਦੀ ਭਗਤੀ ਕਿਸ ਵੇਲੇ ਕਰਦਾ ਹੋਵੇਗਾ ਤੇ ਭਾਣਾ ਕਿਸ ਸਮੇਂ ਮੰਨਦਾ ਹੋਵੇਗਾ।

ਜਦ ਰਾਤ ਹੋਈ ਤਾਂ ਭਾਈ ਭਿਖਾਰੀ ਨੇ ਗੁਰਮੁਖ ਸਿਖ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾ ਕੇ ਸੁੰਦਰ ਪਲੰਘ ਉੱਤੇ ਸਵਾਇਆ। ਦੂਜੇ ਦਿਨ ਸਾਰੇ ਰਿਸ਼ਤੇਦਾਰ ਆਏ ਤੇ ਪੁੱਤਰ ਨੂੰ ਘੋੜੀ ਉੱਤੇ ਚੜ੍ਹਾ ਕੇ ਜਨੇਤ ਲੈ ਗਏ। ਅਗੋਂ ਕੁੜਮਾਂ ਨੇ ਬੜਾ ਸਵਾਗਤ ਕੀਤਾ। ਪੁੱਤਰ ਨੂੰ ਨੂੰਹ ਸਹਿਤ ਘਰ ਲੈ ਆਂਦਾ। ਘਰ ਵਿਚ ਆਇਆਂ ਦੋ ਕੁ ਦਿਨ ਹੀ ਬੀਤੇ ਸਨ ਕਿ ਭਾਈ ਭਿਖਾਰੀ ਦੇ ਪੁੱਤਰ ਦੇ ਪੇਟ ਵਿਚ ਸੂਲ ਉਠਿਆ ਅਤੇ ਉਹ ਚੜ੍ਹਾਈ ਕਰ ਗਿਆ। ਉਸ ਵੇਲੇ ਜੋ ਇਸਤਰੀਆਂ ਖੁਸ਼ੀ ਦੇ ਗੀਤ ਗਾ ਰਹੀਆਂ ਸਨ, ਉਹ ਰੋਣ ਲੱਗ ਪਈਆਂ, ਪਰੰਤੂ ਭਾਈ ਭਿਖਾਰੀ ਦੇ ਮਨ ਵਿਚ ਪੁੱਤਰ ਦੇ ਮਰਨੇ ਦਾ ਲੇਸ ਮਾਤਰ ਵੀ ਸੋਗ ਨਾ ਹੋਇਆ। ਸਗੋਂ ਬੜੀ ਧੀਰਜਤਾ ਨਾਲ ਉਸੇ ਸੀੜੀ ਉਪਰ ਪੁੱਤਰ ਨੂੰ ਪਾਕੇ ਅਤੇ ਉੱਤੇ ਕੱਫਣ ਪਾ ਕੇ ਕੀਰਤਨ ਕਰਦਾ ਹੋਇਆ ਆਪਣੇ ਪੁੱਤਰ ਦਾ ਸੰਸਕਾਰ ਕੀਤਾ। ਯਥਾ ਜੋਗ ਪ੍ਰਸ਼ਾਦਿ ਕਰਕੇ ਤੇ ਵਰਤਾ ਕੇ ਵਾਪਸ ਆ ਗਿਆ। ਜੋ ਦਰੀ ਪੁਰਾਣੀ ਸੀਤੀ ਸੀ, ਉਹ ਵਿਛਾ ਕੇ ਬੈਠ ਗਿਆ ਅਤੇ ਸਾਰੇ ਹੋਰ ਲੋਕ ਵੀ ਪਰਚਾਵਣੀ ਵਾਸਤੇ ਆਏ।

ਭਾਈ ਗੁਰਮੁਖ ਇਸ ਕੌਤਕ ਨੂੰ ਦੇਖ ਕੇ ਬੜਾ ਅਸਚਰਜ ਹੋਇਆ ਤੇ ਰਾਤ ਨੂੰ ਭਾਈ ਭਿਖਾਰੀ ਨੂੰ ਕਿਹਾ ਕਿ ਜੇ ਤੂੰ ਜਾਣਦਾ ਸੀ ਕਿ ਤੇਰੇ ਪੁੱਤਰ ਨੇ ਮਰ ਜਾਣਾ ਹੈ ਤਾਂ ਤੂੰ ਨੂੰਹ ਨੂੰ ਵਿਆਹ ਕੇ ਘਰ ਵਿਖੇ ਕਿਉਂ ਲਿਆਂਦਾ ਹੈ ਅਤੇ ਸਤਿਗੁਰਾਂ ਪਾਸੋਂ ਬੇਨਤੀ ਕਰਕੇ ਉਮਰ ਮੰਗ ਲੈਣੀ ਸੀ। ਉਹ ਤੇਰੇ ਪੁੱਤਰ ਦੀ ਆਯੂ ਵਧਾ ਦਿੰਦੇ, ਜਿਸ ਕਰਕੇ ਤੇਰੇ ਘਰ ਇਸਤਰੀਆਂ ਦੇ ਰੋਣ ਦਾ ਇਤਨਾ ਕਸ਼ਟ ਨਾ ਹੁੰਦਾ। ਇਹ ਸੰਸਾ ਮੇਰੇ ਮਨ ਵਿਚ ਬੜਾ ਹੈ ਜੋ ਤੂੰ ਸ਼ਕਤੀ ਦੇ ਹੁੰਦਿਆਂ ਹੋਇਆਂ ਬੜਾ ਭਿਆਨਕ ਕਸ਼ਟ ਸਹਾਰਿਆ ਹੈ।

ਇਸ ਤਰ੍ਹਾਂ ਦੇ ਬਚਨ ਭਾਈ ਗੁਰਮੁਖ ਦੇ ਸੁਣ ਕੇ ਭਾਈ ਭੇਖਾਰੀ ਜੀ ਨੇ ਕਿਹਾ ਕਿ ਹੇ ਭਾਈ ਜੋ ਪ੍ਰਭੂ ਦੇ ਕੀਤੇ ਹੋਏ ਤੇ ਕਿੰਤੂ ਕਰਦੇ ਹਨ, ਉਹ ਮਨਮੁਖ ਹਨ ਅਤੇ ਜੋ ਮਨੁੱਖ ਭਾਵੀ ਦੇ ਮੇਟਣ ਦਾ ਯਤਨ ਕਰਦੇ ਹਨ ਤਿਨ੍ਹਾ ਮਨਮੁਖਾਂ ਦਾ ਪ੍ਰਭੂ ਦੇ ਨਾਲ ਕਦੇ ਵੀ ਮਿਲਾਪ ਨਹੀਂ ਹੁੰਦਾ। ਜਿਸ ਤਰ੍ਹਾਂ ਪ੍ਰਮਾਤਮਾ ਆਪਣੀ ਇੱਛਾ ਅਨੁਸਾਰ ਦੁਖ ਦੇਵੇ, ਚਾਹੇ ਸੁਖ ਦੇਵੇ, ਉਸ ਦੇ ਭਾਣੇ ਵਿਚ ਪ੍ਰਸੰਨ ਰਹੇ। ਉਹ ਪ੍ਰਮਾਤਮਾ ਕਿਸੇ ਨਾਲ ਵੈਰ ਕਰਕੇ ਦੁਖ ਨਹੀਂ ਦਿੰਦਾ ਅਤੇ ਪ੍ਰੀਤੀ ਕਰਕੇ ਸੁਖ ਨਹੀਂ ਦਿੰਦਾ। ਇਸ ਵਾਸਤੇ ਗੁਰੂ ਸਾਹਿਬ ਜੀ ਦੇ ਸਿੱਖ ਨੂੰ ਇਹ ਹੁਕਮ ਹੈ। ਇਹ ਭਾਣਾ ਮੰਨਣ ਵਾਲੇ ਪੂਰਨ ਗੁਰਸਿੱਖ ਭਾਈ ਭਿਖਾਰੀ ਜੀ ਦੇ ਦਰਸ਼ਨ ਪੰਚਮ ਗੁਰਦੇਵ ਨੇ ਗੁਰਮੁਖ ਨਾਮ ਦੇ ਸਿਖ ਨੂੰ ਕਰਾਏ।

## ਲੱਖੂ ਧਾੜਵੀ ਦਾ ਬ੍ਰਹਮ ਗਿਆਨੀ ਬਣਨਾ

ਜਿਵੇਂ ਸਤਿਗੁਰੂ ਅਰਜਨ ਦੇਵ ਜੀ ਦੇ ਪਿਆਰੇ ਭਾਈ ਲੱਖੂ ਜੀ ਜਪੁ ਜੀ ਸਾਹਿਬ ਦੀ ਬਾਣੀ ਨਾਲ ਚਿੱਤ ਜੋੜ ਕੇ ਪੂਰਨ ਬ੍ਰਹਮ ਗਿਆਨੀ ਸਿੱਖ ਹੋਏ ਹਨ। ਸ੍ਰੀ ਅੰਮ੍ਰਿਤਸਰ ਜੀ ਦੀ ਤਹਿਸੀਲ ਪੱਟੀ ਵਿਚ ਪਿੰਡ ਮੁਨਾਵਾਂ (ਜੋ ਖੇਮ ਕਰਨ ਦੇ ਪਾਸ ਹੈ) ਉਸ ਵਿਚ ਭਾਈ ਲੱਖੂ ਜੀ ਰਹਿੰਦੇ ਹਨ। ਪਹਿਲੀ ਅਵਸਥਾ ਵਿਚ ਰਾਹਾਂ ਵਿਚ ਡਾਕੇ ਮਾਰਨੇ ਕਰਕੇ ਆਪ ਜੀ ਦਾ ਨਾ ਲੱਖੂ ਧਾੜਵੀ ਪ੍ਰਸਿੱਧ ਹੋ ਗਿਆ। ਇਕ ਵਾਰੀ ਇਹ ਰਾਹ ਮਾਰਨ ਵਾਸਤੇ ਬਾਹਰ ਗਏ ਤਾਂ ਕੀ ਵੇਖਿਆ ਕਿ ਭਾਈ ਪਿਰਾਣਾ ਜੀ ਜੋ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਦੇ ਅੰਨਿਨ ਸੇਵਕ ਸਨ। ਗੁਰੂ ਕੇ ਲੰਗਰ ਵਾਸਤੇ ਲੱਕੜਾਂ ਇਕੱਠੀਆਂ ਕਰ ਕੇ ਬੰਨ੍ਹ ਕੇ ਆਪਣੇ ਪਾਸ ਰੱਖੀਆਂ ਹਨ ਅਤੇ ਆਪ ਗੁਰੂ ਜੀ ਦੇ ਚਰਨਾ ਵਿਚ ਧਿਆਨ ਜੋੜੀ ਸਮਾਧੀ ਲਾਏ ਬੈਠੇ ਹਨ। ਲੱਖੂ ਨੇ ਵੇਖ ਕੇ ਮੱਥਾ ਟੇਕਿਆ ਅਤੇ ਸੁਖਣਾ ਸੁਖੀ ਕਿ ਮੈਨੂੰ ਕਿਤੋਂ ਅੱਜ ਚੰਗਾ ਗੱਫਾ ਮਿਲੇ ਤਾਂ ਉਸ ਵਿਚੋਂ ਤੀਜਾ ਹਿੱਸਾ ਆਪ ਦੇ ਚਰਨਾ ਵਿਚ ਭੇਟਾ ਕਰਾਂਗਾ ਜਦੋਂ ਅੱਗੇ ਜੰਗਲ ਵਿਚ ਜਾ ਕੇ ਰਾਹ ਰੋਕਿਆ ਤਾਂ ਸਬੱਬ ਨਾਲ ਮਾਈਆਂ ਬੀਬੀਆਂ ਜਿਨ੍ਹਾਂ ਨੇ ਗਹਿਣੇ ਪਹਿਰੇ ਹੋਏ ਸਨ ਇੱਕਠੀਆਂ ਹੋ ਕੇ ਵਿਆਹ ਲਈ ਮੇਲ ਜਾ ਰਹੀਆਂ ਸਨ। ਲੱਖੂ ਤਿੱਖੀ ਗੰਡਾਸੀ (ਛਵ੍ਹੀ) ਦਿਖਾ ਕੇ ਗੱਜਿਆ ਜੋ ਕੁੱਝ ਪਾਸ ਹੈ ਬਸਤ੍ਰਾਂ ਸਮੇਤ ਸਭ ਲਾਹ ਦਿਓ ਮਾਈਆਂ ਡਰ ਗਈਆਂ ਤੇ ਉਨ੍ਹਾਂ ਨੇ ਗਹਿਣੇ ਉਤਾਰ ਕੇ ਦੇ ਦਿੱਤੇ। ਗੁੱਸੇ ਨਾਲ ਭਿਆਨਕ ਰੂਪ ਦਿਖਾ ਕੇ ਕਿਹਾ ਮੈਂ ਲੱਖੂ ਧਾੜਵੀ ਹਾਂ।

ਬਸਤ੍ਰ ਭੀ ਉਤਾਰ ਦਿਓ। ਲੱਖੂ ਦਾ ਨਾਮ ਸੁਣ ਕੇ ਬਹੁਤ ਡਰੀਆਂ ਕੰਬਦੀਆਂ ਝਾੜੀਆਂ ਦੇ ਉਹਲੇ ਕੀਮਤੀ ਬਸਤ੍ਰ ਉਤਾਰ ਕੇ ਦੇ ਦਿੱਤੇ ਤੇ ਰੋਣ ਲੱਗੀਆਂ।

ਇਸ ਨੇ ਗਹਿਣਿਆਂ ਸਮੇਤ ਲੀੜਿਆਂ ਦੀ ਪੰਡ ਬੰਨ੍ਹ ਕੇ ਸਿਰ ਤੇ ਰੱਖੀ ਤੇ ਭਾਈ ਪਿਰਾਣਾ ਜੀ ਪਾਸ ਪਹੁੰਚ ਕੇ ਨਮਸਕਾਰ ਕੀਤੀ ਤੇ ਬੇਨਤੀ ਕੀਤੀ ਕਿ ਬਾਬਾ ਜੀ ਆਪ ਮਹਾਨ ਸ਼ਕਤੀ ਵਾਲੇ ਹੋ,ਤੁਸੀਂ ਮੇਰੀ ਸੁੱਖਣਾ ਪੂਰੀ ਕੀਤੀ ਹੈ। ਮੇਰੀ ਭੇਟਾ ਪਰਵਾਨ ਕਰੋ। ਤਦੋਂ ਭਾਈ ਪਿਰਾਣਾ ਜੀ ਕਹਿਣ ਲੱਗੇ ਇਹ ਕੀ ਲਿਆਇਆ ਹੈਂ। ਬੰਦੇ ਅੱਗੇ ਲੰਘ ਗਏ ਅਤੇ ਮਾਈਆਂ ਗੱਲੀਂ ਪਈਆਂ ਪਿਛੇ ਰਹਿ ਗਈਆਂ ਤੇ ਰਾਹ ਭੁੱਲ ਗਈਆਂ। ਉਨ੍ਹਾਂ ਨੇ ਮੈਨੂੰ ਪੁੱਛਿਆਂ,ਮੈਂ ਉਲਟੇ ਰਾਹ ਪਾ ਕੇ ਸੰਘਣੀਆਂ ਝਾੜੀਆਂ ਵਿਚ ਲਿਜਾ ਕੇ ਗੰਡਾਸੀ ਵਿਖਾ ਕੇ ਡਰਾ ਕੇ ਇਹ ਲੀੜੇ ਤੇ ਗਹਿਣੇ ਲੁੱਟ ਲਿਆਇਆ ਹਾਂ। ਕਿਉਂਕਿ ਮੈਂ ਤੁਹਾਡੀ ਸੁਖਣਾ ਸੁਖੀ ਸੀ ਉਹ ਬਹੁਤ ਛੇਤੀ ਫਲੀ ਹੈ। ਉਹ ਆਪਣੀ ਸੁਖਣਾ ਤੀਜੇ ਹਿੱਸੇ ਦੀ ਬਿਜਾਏ ਅੱਧ ਲਉ ਜੀ। ਬਾਬਾ ਜੀ ਤੇ ਸਤਿਗੁਰਾਂ ਦੀ ਅਪਾਰ ਕਿਰਪਾ ਸੀ ਤ੍ਰਿਕਾਲਦਰਸ਼ੀ, ਅੰਤਰਜਾਮੀ ਸਨ। ਅੱਗੋਂ ਨਰਾਜਗੀ ਨਾਲ ਬੋਲੇ ਤੂੰ ਮਹਾਨ ਪਾਪੀ ਹੈਂ, ਖੋਟਾ ਕੰਮ ਕਰਕੇ ਆਇਆ ਹੈਂ, ਜੇ ਮੇਰੀ ਸੁੱਖਣਾ ਪੂਰੀ

ਹੋ ਸਕਦੀ ਹੈ ਤਾਂ ਮੇਰਾ ਸਰਾਪ ਭੀ ਪੂਰਾ ਹੋ ਸਕਦਾ ਹੈ,ਤੈਨੂੰ ਸਰਾਪ ਦੇ ਕੇ ਨਾਸ ਕਰ ਦਿਆਂਗਾ। ਇਹ ਬਚਨ ਸੁਣ ਕੇ ਲੱਖੂ ਦਾ ਚਿੱਤ ਘਬਰਾ ਗਿਆ, ਘਿਘਿਆ ਕੇ ਚਰਨੀ ਪੈ ਕੇ ਬੇਨਤੀ ਕੀਤੀ ਕਿ, ਮੈਨੂੰ ਪਾਪੀ ਨੂੰ ਬਖ਼ਸ਼ੋ, ਮੈਂ ਅੱਗੇ ਵਾਸਤੇ ਗਲਤੀ ਨਹੀਂ ਕਰਾਂਗਾ।

ਭਾਈ ਪਿਰਾਣਾ ਜੀ ਨੇ ਕਿਹਾ ਜਿਨ੍ਹਾਂ ਦੇ ਤੂੰ ਗਹਿਣੇ ਤੇ ਬਸਤ੍ਰ ਲਾਹੇ ਹਨ,ਜੇ ਭਲਾ ਚਾਹੁੰਦਾ ਹੈਂ ਤਾਂ ਉਨ੍ਹਾਂ ਨੂੰ ਵਾਪਸ ਮੋੜ ਕੇ ਆ ਤੇ ਅੱਗੇ ਵਾਸਤੇ ਐਸੇ ਕੰਮ ਨੂੰ ਛੱਡ,ਤੇ ਗੁਰੂ ਦਾ ਸਿੱਖ ਬਣ। ਲੱਖੂ ਨੇ ਹੱਥ ਜੋੜ ਕੇ ਕਿਹਾ ਸਤ ਬਚਨ ਜਿਵੇਂ ਆਪ ਕਹੋ ਮੈਂ ਉਸੇ ਤਰ੍ਹਾਂ ਹੀ ਕਰਾਂਗਾ। ਬਚਨ ਮੰਨ ਕੇ ਬਸਤ੍ਰ ਤੇ ਗਹਿਣੇ ਲੈ ਕੇ ਵਾਪਸ ਗਿਆ ਅਤੇ ਝਾੜੀਆਂ ਉਹਲੇ ਬੈਠੀਆਂ ਰੋਂਦੀਆਂ ਮਾਈਆਂ ਨੂੰ ਵਾਪਸ ਦੇ ਦਿੱਤੇ। ਫੇਰ ਆ ਕੇ ਬਾਬਾ ਜੀ ਦੇ ਚਰਨੀ ਢੱਠਾ ਤੇ ਬੇਨਤੀ ਕੀਤੀ ਕਿ ਮੈਨੂੰ ਆਪਣਾ ਸਿੱਖ ਬਣਾ ਲਓ ਜੀ। ਭਾਈ ਸਾਹਿਬ ਜੀ ਬੋਲੇ ਮੈਂ ਕੌਣ ਹਾਂ ਆਪਣਾ ਸਿੱਖ ਬਣਾਉਣ ਵਾਲਾ, ਮੈਂ ਤਾਂ ਆਪ ਸਿੱਖੀ ਦਾ ਜਾਚਕ ਹਾਂ। ਚੱਲ ਤੈਨੂੰ ਦੀਨ ਦੁਨੀ ਦੇ ਮਾਲਕ ਸਤਿਗੁਰੂ ਅਰਜਨ ਦੇਵ ਜੀ ਪਾਸ ਲੇ ਕੇ ਚਲਾਂ ਜੋ ਸੰਸਾਰ ਨੂੰ ਤਾਰ ਰਹੇ ਹਨ। ਜੋ ਪਤਿਤ ਪਾਵਨ, ਭਗਤ ਵਛਲ, ਕਿਰਪਾ ਨਿਧਾਨ ਹਨ ਤੇ ਅਉਗਣਿਆਰਿਆਂ ਨੂੰ ਬਖ਼ਸ਼ਣ ਜੋਗ ਹਨ। ਦੋਵੇਂ ਸਤਿਗੁਰਾਂ ਜੀ ਦੇ ਚਰਨਾ ਵਿਚ ਪੁਜੇ। ਸਤਿਗੁਰੂ ਜੀ ਭਾਈ ਪਿਰਾਣੇ ਜੀ ਦੇ ਪਰਉਪਕਾਰ ਤੇ ਬਹੁਤ ਪ੍ਰਸੰਨ ਹੋਏ। ਜਿਵੇਂ ਭਾਈ ਸਾਹਿਬ ਜੀ ਨੇ ਕਿਹਾ ਹੈ ਪਰਉਪਕਾਰੀ ਗੁਰੂ ਪਿਆਰੇ। ਗੁਰੂ ਜੀ ਨੇ ਭਾਈ ਲੱਖੂ ਦੀ ਡਾਕੇ ਮਾਰਨ ਦੀ ਬੁਰੀ ਆਦਤ ਛੁਡਾ ਕੇ ਪਹਿਲੀਆਂ ਲੁਟੀਆਂ ਚੀਜ਼ਾਂ ਜਾਂ ਜੋ ਚੁਰਾਈਆਂ ਹੋਈਆਂ ਸਨ ਵਾਪਸ ਕਰਾ ਕੇ ਨਾਮ ਅੰਮ੍ਰਿਤ ਤੇ ਸਿੱਖੀ ਸਿਦਕ ਦੀ ਦਾਤ ਬਖ਼ਸ਼ ਕੇ ਨਿਹਾਲ ਕੀਤਾ।

ਸਤਿਗੁਰਾਂ ਦੀ ਆਗਿਆ ਪਾ ਕੇ ਪ੍ਰਚਾਰ ਵਾਸਤੇ ਭਾਈ ਲੱਖੂ ਜੀ ਲਾਹੌਰ ਰਹਿਣ ਲੱਗੇ। ਨਿਤਾਪ੍ਰਤੀ ਸ੍ਰੀ ਜਪੁਜੀ ਸਾਹਿਬ ਜੀ ਦੇ ਇੱਕੀ ਪਾਠ ਕਰਨ ਲੱਗ ਪਏ। ਜਿਸ ਮਾਈ ਨੂੰ ਜਪੁ ਜੀ ਸਾਹਿਬ ਕੰਠ ਨਾ ਹੁੰਦਾ ਉਸ ਦੇ ਹੱਥੋਂ ਪ੍ਰਸ਼ਾਦਾ ਨਾ ਛੱਕਦੇ। ਐਨਾ ਪ੍ਰਚਾਰ ਕੀਤਾ ਕਿ ਲਾਹੌਰ ਦੀਆਂ ਸਾਰੀਆਂ ਮਾਈਆਂ ਨੂੰ ਸ੍ਰੀ ਜਪੁ ਜੀ ਸਾਹਿਬ ਕੰਠ ਕਰਾ ਕੇ ਨਿਤਨੇਮਣਾਂ ਬਣਾਇਆ। ਸੋ ਸ੍ਰੀ ਜਪੁਜੀ ਸਾਹਿਬ ਜੀ ਦਾ ਮਹਾਤਮ ਐਸਾ ਹੈ। ਲੱਖੂ ਧਾੜਵੀ ਭੀ ਨਾਨਕ ਬ੍ਰਹਮ ਗਿਆਨੀ ਆਪ ਪਰਮੇਸੁਰ ਬਣ ਗਿਆ।

## ਭਾਈ ਬੁਧੂ ਜੀ ਦਾ ਆਵਾ

ਭਾਈ ਬੁਧੂ ਘੁਮਿਆਰ ਜੋ ਸਤਿਗੁਰਾਂ ਦਾ ਸਿਦਕੀ ਸਿੱਖ ਲਾਹੌਰ ਵਿਚ ਰਹਿੰਦਾ ਸੀ। ਆਏ ਗਏ ਸਿਖਾਂ ਦੀ ਸੇਵਾ ਸ਼ਰਧਾ ਭਾਵਨਾ ਨਾਲ ਕਰਕੇ ਧਰਮ ਦੀ ਕਿਰਤ ਨੂੰ ਸਫਲਾ ਕਰਦਾ ਸੀ। ਇਸ ਨੇ ਇੱਟਾਂ ਪਕਾਉਣ ਵਾਸਤੇ ਆਵਾ ਤਿਆਰ ਕੀਤਾ

ਕਈ ਹਜਾਰ ਰੁਪਏ ਉਧਾਰ ਚੱਕ ਕੇ ਖਰਚ ਕੀਤੇ। ਫੇਰ ਗੁਰੂ ਜੀ ਦੀ ਬਖ਼ਸ਼ਿਸ਼ ਲੈਣ ਵਾਸਤੇ ਗੁਰੂ ਜੀ ਦੇ ਚਰਨਾ ਵਿਚ ਪਹੁੰਚ ਕੇ ਪ੍ਰੇਮ ਭੇਟਾ ਰੱਖੀ ਤੇ ਮੱਥਾ ਟੇਕਿਆ। ਅਤੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਆਪ ਬਚਨ ਫੁਰਮਾਓ ਕਿ ਆਵਾ ਪੱਕ ਜਾਵੇ। ਸਤਿਗੁਰਾਂ ਨੇ ਇਸ ਵਲ ਕਰੁਣਾ ਭਰੇ ਰਸੀਲੇ ਨੇਤ੍ਰਾਂ ਨਾਲ ਤੱਕ ਕੇ ਕਿਹਾ ਭਾਈ ਸਿੱਖਾ ਗੁਰਸਿਖਾਂ ਦੀ ਭਾਵਨਾ ਨਾਲ ਸੇਵਾ ਕਰਨ ਤੋਂ ਤੇਰਾ ਕੰਮ ਸਿੱਧ ਹੋਵੇਗਾ। ਗੁਰੂ ਕਾ ਲੰਗਰ ਤਿਆਰ ਕਰਕੇ ਸਿੱਖਾਂ ਨੂੰ ਛਕਾਵੀਂ ਤੇ ਕੋਈ ਸਿੱਖ ਭੁੱਖਾ ਨਾ ਮੋੜੀਂ। ਇਹ ਬਚਨ ਸੁਣ ਕੇ ਤੇ ਦਰਸ਼ਨ ਕਰਕੇ ਨਿਹਾਲ ਹੋਇਆ ਹਜ਼ੂਰ ਦੇ ਪਵਿੱਤਰ ਚਰਨਾ ਤੇ ਮੱਥਾ ਟੇਕ ਕੇ ਲਾਹੌਰ ਵਾਪਸ ਪਹੁੰਚਾ।

ਸਤਿਗੁਰਾਂ ਦੇ ਬਚਨਾਂ ਤੇ ਭਰੋਸਾ ਕਰਕੇ ਆਵੇ ਨੂੰ ਅੱਗ ਦਿਤੀ। ਕੁਝ ਦਿਨ ਮਗਰੋਂ ਸਤਿਗੁਰੂ ਜੀ ਦੇ ਹੁਕਮ ਨੂੰ ਚੇਤੇ ਕਰਕੇ ਅਨੇਕ ਪ੍ਰਕਾਰ ਦੇ ਸੁਆਦਲੇ ਭੋਜਨ ਤਿਆਰ ਕਰ ਕੇ ਆਪਦੇ ਘਰ ਦੀਵਾਨ ਲਗਾਇਆ ਕਥਾ ਕੀਰਤਨ ਉਪਰੰਤ ਅਰਦਾਸ ਕਰ ਕੇ ਪੰਗਤਾਂ ਲਾਈਆਂ ਸੰਗਤ ਛਕ ਕੇ ਤ੍ਰਿਪਤ ਹੋਈ।

ਬਾਬਾ ਲੱਖੂ ਜੀ ਭੋਜਨ ਵਰਤਣ ਤੋਂ ਪਿਛੋਂ ਆਏ, ਆ ਕੇ ਭੋਜਨ ਮੰਗਿਆ। ਬੁਧੂ ਜੀ ਨੇ ਜਵਾਬ ਦੇ ਦਿਤਾ ਕਿਹਾ ਹੁਣ ਭੋਜਨ ਵਰਤ ਚੁਕਾ ਹੈ ਪਹਿਲੋਂ ਆਉਂਦਾ ਤਾਂ ਛਕ ਲੈਂਦਾ। ਇਕ ਸਿਖ ਨੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ ਆਪ ਜੀ ਦੇ ਪ੍ਰੇਮੀ ਸਿਖ ਨੇ ਸੰਗਤ ਨੂੰ ਪ੍ਰਸ਼ਾਦਾ ਛਕਾ ਕੇ ਤ੍ਰਿਪਤ ਕੀਤਾ ਹੈ। ਇਸ ਦਾ ਆਵਾ ਪੱਕ ਜਾਵੇ।

ਬਾਹਰੋਂ ਭਾਈ ਲੱਖੂ ਜੀ ਨੇ ਉੱਚੀ ਕਿਹਾ ਬੁਧੂ ਦਾ ਆਵਾ ਕੱਚਾ ਰਹੇਗਾ। ਬੁਧੂ ਜੀ ਨੇ ਕਿਹਾ ਸਤਿਗੁਰਾਂ ਦੇ ਬਚਨ ਪੂਰੇ ਹੋਣਗੇ,ਤੂੰ ਐਸਾ ਕੌਣ ਹੈ ਜੋ ਸਤਿਗੁਰਾਂ ਦੇ ਬਚਨਾ ਨੂੰ ਉਲਟਾਉਣ ਵਾਲਾ ਹੈਂ। ਅਗੋਂ ਬਾਬਾ ਲੱਖੂ ਜੀ ਨੇ ਕਿਹਾ ਕਿ ਮੈਂ ਸਤਿਗੁਰਾਂ ਦਾ ਹੀ ਨਿਮਾਣਾ ਜਿਹਾ ਸਿੱਖ ਹਾਂ। ਆਵਾ ਕੱਚਾ ਹੀ ਰਹੇਗਾ। ਇਸੇ ਤਰ੍ਹਾਂ ਤਿੰਨ ਵਾਰੀ ਬਚਨ ਹੋਇਆ। ਜਿਸ ਦਿਨ ਜਾ ਕੇ ਬੁਧੂ ਨੇ ਦੇਖਿਆ ਤਾਂ ਆਵਾ ਕੱਚਾ ਨਿਕਲਿਆ।

ਇਸ ਨੇ ਅੰਮ੍ਰਿਤਸਰ ਪਹੁੰਚ ਕੇ ਬੇਨਤੀ ਕੀਤੀ ਹੇ ਗਰੀਬ ਨਿਵਾਜ ਜੀ ਆਪ ਜੀ ਨੇ ਬਚਨ ਕੀਤੇ ਸਨ ਕਿ ਆਵਾ ਪਕੇਗਾ। ਪਰ ਕੱਚਾ ਹੀ ਨਿਕਲਿਆ। ਹਜੂਰ ਨੇ ਪੁਛਿਆ ਲੰਗਰ ਕੀਤਾ ਸੀ। ਕਿਹਾ ਜੀ ਹਾਂ। ਕੋਈ ਭੁਖਾ ਤਾਂ ਨਹੀਂ ਮੋੜਿਆ। ਤਾਂ ਬੁਧੂ ਕਹਿੰਦਾ ਜੀ ਬਾਕੀ ਸਭ ਨੂੰ ਰਜਾ ਕੇ ਛਕਾਇਆ,ਪਰ ਇਕ ਗਰੀਬ ਜਿਹਾ ਸਿੱਖ ਲੰਗਰ ਵਰਤੇ ਤੋਂ ਪਿਛੋਂ ਆਇਆ ਸੀ ਉਸ ਨੇ ਲੰਗਰ ਮੰਗਿਆ ਪਰ ਮੈਂ ਨਾ ਦਿੱਤਾ। ਅਰਦਾਸ ਸਮੇਂ ਉਸ ਨੇ ਕਿਹਾ ਆਵਾ ਕੱਚਾ ਰਹੇਗਾ।

ਹਜੂਰ ਨੇ ਕਿਹਾ ਉਹ ਸਾਡਾ ਲਿਵ ਵਾਲਾ ਸਿੱਖ ਭਾਈ ਲੱਖੂ ਜੀ ਇੱਕੀ ਜਪੁ ਜੀ ਸਾਹਿਬ ਦੇ ਪਾਠ ਹਰ ਰੋਜ ਕਰਦਾ ਹੈ। ਅਸੀਂ ਉਸ ਦੀ ਰਸਨਾ ਤੇ ਵਸਦੇ ਹਾਂ,

ਸੋ ਅਸੀਂ ਉਸਦਾ ਬਚਨ ਪੂਰਾ ਕੀਤਾ ਹੈ ਚੰਗਾ ਤੂੰ ਸੰਗਤ ਨੂੰ ਲੰਗਰ ਛਕਾਇਆ ਹੈ ਅਤੇ ਸਾਡੇ ਚਰਨਾ ਵਿਚ ਪੁਜਾ ਹੈਂ। ਤੇਰਾ ਆਵਾ ਰਹੇਗਾ ਤਾਂ ਕੱਚਾ ਪਰ ਪੱਕਿਆਂ ਦੇ ਭਾਅ ਵਿਕ ਜਾਵੇਗਾ।

ਕੁਝ ਸਮੇਂ ਮਗਰੋਂ ਬਹੁਤ ਮੀਂਹ ਪਿਆ। ਸੰਮਨ ਬੁਰਜ ਦੀ ਕੰਧ ਢੱਠੀ ਬਾਦਸ਼ਾਹੀ ਬੰਦਿਆਂ ਨੂੰ ਇੱਟਾਂ ਦੀ ਲੋੜ ਪਈ ਹੋਰ ਕਿਤੇ ਨਾ ਮਿਲੀਆਂ। ਬੁਧੂ ਦੇ ਆਵੇ ਦੀਆਂ ਕੱਚੀਆਂ ਇੱਟਾਂ ਹੀ ਪੱਕੀਆਂ ਦੇ ਭਾਅ ਲਿਜਾ ਕੇ ਕੰਧ ਕੀਤੀ ਸੀ।

## ਸਿੱਖ ਸ਼ਹੀਦ ਭਾਈ ਸੰਤ ਰਾਮ ਦਾ ਸਿਦਕ

ਭਾਈ ਸੰਤ ਰਾਮ ਜੀ ਨੇ ਸਤਿਗੁਰ ਪੰਜਵੇਂ ਪਾਤਿਸ਼ਾਹ ਜੀ ਤੋਂ ਸਿਖੀ ਪ੍ਰਾਪਤ ਕੀਤੀ ਸੀ। ਇਹ ਗੁਰਮੁਖ ਹਰ ਰੋਜ ਸ੍ਰੀ ਸੁਖਮਨੀ ਸਾਹਿਬ ਜੀ ਦੇ ਅੰਮ੍ਰਿਤਮਈ ਪਾਠ ਕਰਿਆ ਕਰਦਾ ਤੇ ਬੜਾ ਹੀ ਪ੍ਰੇਮੀ ਸੀ। ਸਤਿਗੁਰਾਂ ਦੀ ਕਿਰਪਾ ਦਾ ਸਦਕਾ ਇਸ ਦਾ ਮਨ ਹਜ਼ੂਰ ਦੇ ਪਵਿੱਤਰ ਨਾਮ ਵਿਚ ਰੰਗਿਆ ਗਿਆ,ਸਿੱਖੀ ਵਿਚ ਪ੍ਰਪੱਕ ਹੋ ਗਿਆ। ਇਹ ਜਹਾਂਗੀਰ ਬਾਦਸ਼ਾਹ ਦਾ ਡਿਉੜੀਦਾਰ ਸੀ,ਇਸ ਦਾ ਸਰੂਪ ਬਹੁਤ ਸੁੰਦਰ ਸੀ।

ਇਕ ਵਾਰ ਦੀ ਗੱਲ ਹੈ ਕਿ ਭਾਈ ਸੰਤ ਰਾਮ ਜੀ ਪਹਿਰੇ ਤੇ ਖੜੇ ਸਨ। ਜਹਾਂਗੀਰ ਦੀ ਸ਼ਹਿਜ਼ਾਦੀ ਨੇ ਇਸ ਦੇ ਸੁੰਦਰ ਸਰੂਪ ਨੂੰ ਦੇਖਿਆ ਤਾਂ ਇਸ ਦਾ ਚਿੱਤ ਸਿੱਖ ਤੇ ਡੋਲ ਗਿਆ। ਮਹਿਲਾਂ ਤੋਂ ਉਤਰ ਕਿ ਆਪਣੀ ਮਾਤਾ ਬੇਗ਼ਮ ਨੂੰ ਕਿਹਾ ਕਿ ਮੈਂ ਤਾਂ ਉਸ ਸਿੱਖ ਨਾਲ ਨਿਕਾਹ ਕਰਵਾਉਣਾ ਹੈ,ਨਹੀਂ ਤਾਂ ਕਰਵਾਓਣਾ ਹੀ ਨਹੀਂ।

ਬੇਗ਼ਮ ਸੁਣ ਕੇ ਹੈਰਾਨ ਹੋਈ ਤੇ ਕਿਹਾ ਕਿ ਬੇਟੀ ਹਠ ਨਾ ਕਰ,ਹੋਰ ਕਿਸੇ ਇਲਾਕੇ ਦੇ ਸੂਬੇ ਮੁਸਲਮਾਨ ਨਾਲ ਤੇਰਾ ਨਿਕਾਹ ਕਰਵਾ ਦਿਆਂਗੇ। ਕਹਿੰਦੀ– ਨਹੀਂ, ਮੈਂ ਤਾਂ ਇਸੇ ਨਾਲ ਹੀ ਸ਼ਾਦੀ ਕਰਵਾਉਣੀ ਹੈ। ਜਹਾਂਗੀਰ ਦੇ ਕੋਲ ਬੇਗ਼ਮ ਨੇ ਦੱਸਿਆ। ਬਾਦਸ਼ਾਹ ਨੇ ਕਿਹਾ ਅੱਛਾ ਆਪਾਂ ਇਸ ਸਿੱਖ ਨੂੰ ਮੁਸਲਮਾਨ ਬਣਾ ਲਵਾਂਗੇ ਤੇ ਇਸ ਨੂੰ ਕਿਸੇ ਇਲਾਕੇ ਦਾ ਸੂਬਾ ਬਣਾ ਦੇਵਾਂਗੇ। ਇਸ ਦੇ ਨਾਲ ਲੜਕੀ ਦਾ ਨਿਕਾਹ ਕਰ ਦਈਏ।

ਬੇਗ਼ਮ ਦੀ ਟਹਿਲਣ ਜੋ ਗੋਲੀ ਸੀ, ਉਸ ਨੇ ਇਹ ਸਾਰੀ ਵਾਰਤਾ ਸੁਣੀ,ਘਰ ਆ ਕੇ ਆਪਣੇ ਪਤੀ ਨੂੰ ਦੱਸਿਆ। ਉਹ ਸੰਤ ਰਾਮ ਦੇ ਨਾਲ ਦੂਜਾ ਡਿਊੜੀਦਾਰ ਮੁਸਲਮਾਨ ਸਿਪਾਹੀ ਸੀ, ਜੋ ਸੰਤ ਰਾਮ ਜੀ ਦਾ ਸ਼ਰਧਾਲੂ ਸੀ। ਮਿਲਕੇ ਬੰਦਗੀ ਕਰਦੇ ਸਨ। ਉਹ ਇਹ ਗੱਲ ਸੁਣ ਕੇ ਝਟ ਹੀ ਸੰਤ ਰਾਮ ਜੀ ਦੇ ਪਾਸ ਗਿਆ ਤੇ ਕਿਹਾ, ਭਾਈ ਸਾਹਿਬ ਜੀ! ਤੁਹਾਨੂੰ ਮੁਬਾਰਕਾਂ ਹੋਣ, ਜਿਹੜੇ ਸਤਿਕਾਰ ਨੂੰ ਬੜੇ ਬੜੇ ਸੂਬੇ ਚਾਹੁੰਦੇ ਹਨ, ਉਨ੍ਹਾਂ ਨੂੰ ਨਹੀਂ ਮਿਲਦਾ, ਤੈਨੂੰ ਪ੍ਰਾਪਤ ਹੋਇਆ ਹੈ। ਕਲ੍ਹ ਤੇਰਾ ਸ਼ਹਿਜ਼ਾਦੀ ਨਾਲ ਨਿਕਾਹ ਹੋ ਜਾਣਾ ਹੈ। ਸੁਣ ਕੇ ਹੈਰਾਨ ਹੋਇਆ। ਕਹਿੰਦਾ ਇਹ

ਗੱਲ ਕਿਵੇਂ ਹੋ ਸਕਦੀ ਹੈ। ਤਾਂ ਸਾਰੀ ਗੱਲ ਉਸ ਨਿਸ਼ਚੇ ਨਾਲ ਦੱਸੀ। ਇਹ ਸੁਣਕੇ ਉਸਨੇ ਕਿਹਾ ਕਿ ਮੈਨੂੰ ਤਾਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੇ ਸਿੱਖੀ ਧਰਮ ਦਿਤਾ ਹੈ, ਜੋ ਮੈਂ ਕਦੇ ਵੀ ਨਹੀਂ ਛੱਡ ਸਕਦਾ। ਜੇ ਇਹ ਗੱਲ ਨਿਸ਼ਚੇ ਸੱਚੀ ਹੈ ਤਾਂ ਇਹ ਫੜ ਰਫਲ। ਰਫਲ ਫੜਾ ਕੇ ਰਾਤੋ ਰਾਤ ਬੜੀ ਦੂਰ ਨਿਕਲ ਗਿਆ, ਦਿਨੇ ਟਿਕ ਰਿਹਾ ਕਰੇ, ਰਾਤ ਨੂੰ ਅੱਗੇ ਚਲਿਆ ਕਰੇ। ਇਸ ਤਰ੍ਹਾਂ ਪਸ਼ੌਰ ਵਿਚ ਜਾ ਪਹੁੰਚਿਆ। ਉਧਰ ਬਾਦਸ਼ਾਹ ਨੇ ਇਸ ਦਾ ਹੁਲੀਆ ਸਾਰੇ ਦੇਸ਼ ਵਿਚ ਭੇਜ ਦਿਤਾ,ਨਾਲ ਪਰਵਾਨੇ ਵੀ ਭੇਜੇ,ਜੇ ਸਿੱਖ ਮੇਰੀ ਲੜਕੀ ਦੀ ਸ਼ਾਦੀ ਪ੍ਰਵਾਨ ਕਰੇ ਤਾਂ ਉਸ ਨੂੰ ਪਾਲਕੀ ਵਿਚ ਚੜ੍ਹਾ ਕੇ ਸ਼ਾਹੀ ਸ਼ਾਨ ਨਾਲ ਇਥੇ ਲਾਹੌਰ ਲਿਆਉ,ਜੇ ਨਾ ਮੰਨੇ ਤਾਂ ਸਿੱਖ ਦਾ ਸਿਰ ਕਤਲ ਕਰਕੇ ਮੇਰੇ ਪਾਸ ਪਹੁੰਚਾਓ। ਸੰਤ ਰਾਮ ਜੀ ਦਾ ਹੁਲੀਆ ਪਸ਼ੌਰ ਵਿਚ ਵੀ ਗਿਆ। ਉਸ ਦੁਆਰਾ ਧਰਮਸਾਲ ਵਿਚ ਪ੍ਰਵੇਸ਼ ਹੁੰਦੇ ਨੂੰ ਸਿਆਣ ਕਿ ਸਿਪਾਹੀਆਂ ਨੇ ਪਕੜ ਲਿਆ।

ਪਸ਼ੌਰੀਏ ਸੂਬੇ ਨੇ ਕਿਹਾ,ਹੇ ਸਿੱਖਾ! ਜਿਹੜੀ ਗੱਲ ਮੈਨੂੰ ਨਸੀਬ ਨਹੀਂ ਹੋਈ ਉਹ ਤੈਨੂੰ ਬਾਦਸ਼ਾਹ ਦੀ ਲੜਕੀ ਮਿਲਣ ਲੱਗੀ ਹੈ,ਤੂੰ ਆਪਣੇ ਧੰਨ ਭਾਗ ਸਮਝ। ਉਸ ਨਾਲ ਨਿਕਾਹ ਕਰਵਾ ਕੇ ਸੂਬਾ ਜਾਂ ਨਵਾਬ ਬਣ ਕੇ ਇਥੇ ਹੀ ਬਹਿਸ਼ਤ ਵਰਗਾ ਸੁੱਖ ਭੋਗਣਾ ਕਰ। ਭਾਈ ਸਾਹਿਬ ਨੇ ਕਿਹਾ ਕਿ ਮੈਂ ਸਤਿਗੁਰ ਜੀ ਦੀ ਬਖ਼ਸ਼ੀ ਹੋਈ ਸਿੱਖੀ, ਬਾਦਸ਼ਾਹ ਦੀ ਲੜਕੀ ਅਤੇ ਅਹੁਦੇ ਦੇ ਲਾਲਚ ਵਿਚ ਆ ਕੇ ਨਹੀਂ ਛੱਡਣੀ। ਮੇਰਾ ਸਿਰ ਜਾਵੇ ਤਾਂ ਜਾਵੇ ਸਿੱਖੀ ਸਿਦਕ ਨਾ ਜਾਵੇ, ਫੇਰ ਤੈਨੂੰ ਦੂਜਾ ਹੁਕਮ ਕਤਲ ਕਰਨ ਦਾ ਹੈ। ਸਿੱਖ ਨੇ ਕਿਹਾ ਕਿ ਕਤਲ ਭਾਵੇਂ ਕਰ ਦਿਓ, ਮੌਤ ਦੀ ਕੋਈ ਪ੍ਰਵਾਹ ਨਹੀਂ। ਭਾਈ ਨੇ ਇਸ਼ਨਾਨ ਕਰਨਾ ਚਾਹਿਆ ਤਾਂ ਉਸ ਵੇਲੇ ਭਾਈ ਸਾਹਿਬ ਜੀ ਨੂੰ ਦਰਿਆ ਤੇ ਲਿਜਾ ਕੇ ਇਸ਼ਨਾਨ ਕਰਾਇਆ। ਭਾਈ ਸਾਹਿਬ ਨੇ ਕਿਹਾ, ਮੈਂ ਪਾਠ ਆਰੰਭ ਕਰਨ ਲੱਗਾ ਹਾਂ। ਜਦੋਂ ਭੋਗ ਪਾਕੇ ਸਿਰ ਝੁਕਾ ਕੇ ਉਤਾਂਹ ਕਰਾਂ ਤਾਂ ਤਲਵਾਰ ਚਲਾਉਣੀ। ਇਕ ਚਿੱਤ ਹੋ ਕੇ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਕੇ ਜਦੋਂ ਸਿਰ ਝੁਕਾਇਆ ਤਾਂ ਜਾਲਮਾਂ ਨੇ ਤਲਵਾਰ ਨਾਲ ਸੀਸ ਕੱਟ ਲਿਆ। ਭਾਈ ਸਾਹਿਬ ਜੀ ਸ਼ਹੀਦੀ ਪਾ ਗਏ ਪਰ ਸਤਿਗੁਰਾਂ ਦਾ ਬਖ਼ਸ਼ਿਆ ਧਰਮ ਨਹੀਂ ਛੱਡਿਆ। ਧੰਨ ਸਤਿਗੁਰੂ ਜੀ ਤੇ ਧੰਨ ਗੁਰੂ ਕੇ ਸਿੱਖ ਜਿਨ੍ਹਾਂ ਸਿਰ ਦੇਣ ਤੱਕ ਕੁਰਬਾਨੀਆਂ ਕੀਤੀਆਂ ਪਰ ਮੁੱਖੋਂ ਸੀ ਨਹੀਂ ਉਚਾਰੀ, ਧੰਨ ਕਮਾਈ ਹੈ। ਆਪ ਜੀ ਦਾ ਸਰੀਰ ਦਰਿਆ ਵਿਚ ਰੋੜ ਦਿਤਾ ਗਿਆ ਤੇ ਸੀਸ ਨੂੰ ਲਾਹੌਰ ਭੇਜਿਆ ਗਿਆ। ਬਾਦਸ਼ਾਹ ਦੇ ਪੇਸ਼ ਕੀਤਾ ਗਿਆ। ਉਸ ਵੇਲੇ ਬਾਦਸ਼ਾਹ ਨੇ ਸੀਸ ਥਾਲ ਵਿਚ ਰੱਖਿਆ ਤੇ ਆਪਣੀ ਸ਼ਹਿਜ਼ਾਦੀ ਦੇ ਮਹਿਲਾਂ ਵਿਚ ਲੈ ਗਿਆ ਤੇ ਕਿਹਾ, ਬੇਟੀ ਸਿੱਖ ਇਹੋ ਜਿਹੇ ਹਨ। ਉਹ ਆਪਣਾ ਸਿੱਖੀ ਧਰਮ ਛੱਡ ਕੇ ਮੇਰੇ ਵਰਗੇ ਬਾਦਸ਼ਾਹ ਦੀ ਲੜਕੀ ਨਾਲ ਵੀ ਨਿਕਾਹ ਕਰਵਾਉਣਾ ਨਹੀਂ ਮੰਨਦੇ। ਵੇਖ ਉਹ ਐਡੇ ਕਾਫ਼ਰ ਹਨ।

ਉਸ ਵਕਤ ਲੜਕੀ ਸਿਰ ਨੂੰ ਹੱਥ ਪਾਉਣ ਲੱਗੀ ਤਾਂ ਸਵਾ ਗਿਠ ਸਿਰ ਉਸ ਲੜਕੀ ਦੇ ਹੱਥ ਤੋਂ ਉੱਚਾ ਉਠਿਆ,ਹੱਥ ਛੋਹ ਨਹੀਂ ਸਕਿਆ। ਦਸਵੇਂ ਪਾਤਿਸ਼ਾਹ ਜੀ ਨੇ ਚਰਿਤ੍ਰਾਂ ਵਿਚ ਲਿਖਿਆ ਹੈ।

*ਸਵਾ ਗਲਿਸਟ ਸਿਰ ਊਠਿਓ ਤਊ ਨਾ ਕਬੂਲੀ ਨਾਰ॥*

ਇਹ ਵੇਖ ਕੇ ਬਾਦਸ਼ਾਹ ਭੈ ਭੀਤ ਹੋਇਆ, ਜਾਲਮ ਬਾਦਸ਼ਾਹ ਸਿੱਖ ਦੀ ਸ਼ਕਤੀ ਦੇਖ ਕੇ ਡਰਿਆ ਕਿਤੇ ਧਰਤੀ ਦੇ ਫਟਣ ਤੋਂ ਅਸੀਂ ਧਰਤੀ ਵਿਚ ਗ਼ਰਕ ਨਾ ਹੋ ਜਾਈਏ। ਸਿੱਖ ਦੀ ਸ਼ਕਤੀ ਵੇਖ ਕੇ ਕਿਹਾ, ਹੇ ਖ਼ੁਦਾ ਇਨ੍ਹਾਂ ਮਰਿਆਂ ਹੋਇਆ ਸਿੱਖਾਂ ਵਿਚ ਵੀ ਇੰਨੀ ਤਾਕਤ ਹੈ,ਕੀ ਗੱਲ ਹੈ। ਉਸ ਵੇਲੇ ਸ਼ਹਿਜ਼ਾਦੀ ਨੇ ਕਿਹਾ ਕਿ ਪਿਤਾ ਜੀ ਮੈਂ ਜਾਣਦੀ ਹਾਂ ਕੀ ਇਸ ਧਰਮੀ ਸਿੱਖ ਨੇ ਮੈਨੂੰ ਨਹੀਂ ਕਬੂਲਿਆ ਤੇ ਸ਼ਹੀਦੀ ਪਾ ਲਈ ਹੈ ਸ਼ਹੀਦ ਹੋਏ ਦਾ ਧਰਮ ਖੁਦਾ ਆਪ ਰੱਖ ਰਿਹਾ ਹੈ। ਇਸ ਕਰਕੇ ਹੁਣ ਮੇਰਾ ਅਪਵਿੱਤਰ ਹੱਥ ਇਸ ਨੂੰ ਨਹੀਂ ਛੋਹਣ ਦਿੰਦਾ।

## ਭਾਈ ਮੰਝ ਦਾ ਸਿਦਕ

ਭਾਈ ਮੰਝ ਇੱਕ ਰਾਜਪੂਤ ਚੌਧਰੀ ਸੀ ਜੋ ਕੰਗਮਾਈ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਦਾ ਨਿਵਾਸੀ ਸੀ। ਜਿਸਦੇ ਹਿਰਦੇ ਅੰਦਰ ਪਿਛਲੇ ਜਨਮ ਦੇ ਭਗਤੀ ਵਾਲੇ ਸੰਸਕਾਰ ਸਨ। ਉਸ ਦੇ ਘਰ ਵਿਚ ਮਾਲ ਡੰਗਰ ਅਤੇ ਧਨ ਪਦਾਰਥ ਬਹੁਤ ਸੀ। ਉਹ ਸਖੀ ਸਰਵਰ ਪੀਰ ਨੂੰ ਪੂਜਦਾ ਸੀ। ਕਿਸੇ ਸਿੱਖ ਦੇ ਕੋਲੋਂ ਸਤਿਗੁਰੂ ਜੀ ਦੀ ਵਡਿਆਈ ਸੁਣ ਕੇ ਗੁਰਬਾਣੀ ਨੂੰ ਅਰਥਾਂ ਸਹਿਤ ਵਿਚਾਰ ਕੇ ਸੁਣਨ ਲੱਗ ਪਿਆ। ਉਸਦੇ ਹਿਰਦੇ ਅੰਦਰ ਪੂਰਬਲੇ ਸਮੇਂ ਦੀ ਭਗਤੀ ਜਾਗ ਪਈ। ਗੁਰਬਾਣੀ ਸੁਣ ਕੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਰੁਚੀ ਉਤਪੰਨ ਹੋ ਗਈ। ਉਹ ਸ੍ਰੇਸ਼ਟ ਸਿੱਖਾਂ ਨੂੰ ਵੇਖ ਵੇਖ ਕੇ ਸੋਚਦਾ ਕਿ ਮੈਂ ਸਿੱਖੀ ਧਾਰਨ ਕਰ ਲਵਾਂ। ਉਹ ਗੁਰੂ ਜੀ ਦੇ ਦਰਸ਼ਨਾ ਲਈ ਪ੍ਰੇਮ ਧਾਰਨ ਕਰ ਕੇ ਆ ਗਿਆ। ਸਾਰੇ ਪਰਿਵਾਰ ਦਾ ਮੋਹ ਭੁਲਾ ਕੇ ਘਰ ਬਾਰ ਤਿਆਗ ਦਿੱਤਾ। ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆ ਕੇ ਚਰਨ ਕਮਲਾਂ ਤੇ ਬੰਧਨਾ ਕਰਕੇ ਬੇਨਤੀ ਕੀਤੀ ਮੇਰੇ ਤਿੰਨੇ ਤਾਪਾਂ ਦਾ ਨਾਸ ਕਰ ਦਿਓ ਅਤੇ ਗੁਰਸਿੱਖੀ ਦਾ ਦਾਨ ਮੈਨੂੰ ਬਖਸ਼ ਦਿਓ। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਤੂੰ ਤੁਰਕ ਨੂੰ ਆਪਣਾ ਪੀਰ ਬਣਾਇਆ ਹੋਇਆ ਹੈ। ਤੂੰ ਸਰਵਰ ਦਾ ਚੇਲਾ ਹੈ ਇਹ ਗੁਰਸਿੱਖੀ ਤਾਂ ਮਹਿੰਗੀ ਹੈ। ਖੰਡੇ ਦੀ ਧਾਰ ਉੱਤੇ ਤੇਰੇ ਕੋਲੋਂ ਚੱਲਿਆ ਨਹੀਂ ਜਾਣਾ। ਇਹ ਬੜੀ ਸੂਖਮ ਹੈ ਜਿਸਨੂੰ ਪ੍ਰਾਣਾਂ ਦੇ ਬਦਲੇ ਵਿਚ ਲਿਆ ਜਾਂਦਾ ਹੈ। ਜਦੋਂ ਤੂੰ ਮੇਰਾ ਸਿੱਖ ਹੋਵੇਂਗਾ ਤਾਂ ਲੋਕੀ ਤੇਰਾ ਮਜਾਕ ਉਡਾਉਣਗੇ। ਸਾਰਾ ਧਨ ਖਤਮ ਹੋ ਜਾਵੇਗਾ, ਚੌਧਰ ਚਲੀ ਜਾਵੇਗੀ। ਸੋ ਜੇਕਰ ਤੁਸੀਂ ਮਨ ਅੰਦਰ ਇੰਨੀ ਗੱਲ ਸਹਿ ਸਕੋਗੇ ਤਾਂ ਫੇਰ ਬੇਸ਼ੱਕ ਆ ਕੇ ਮੇਰਾ ਸਿੱਖ ਬਣ ਜਾਣਾ ਨਹੀਂ ਤਾਂ ਤੁਸੀਂ ਆਪਣੇ ਪੀਰ ਦੀ

ਅਰਾਧਨਾ ਕਰਦੇ ਰਹੋ। ਗੁਰੂ ਜੀ ਦੇ ਇਹ ਵਾਕ ਸੁਣ ਕੇ ਭਾਈ ਮੰਝ ਨੇ ਬੇਨਤੀ ਕੀਤੀ ਕਿ ਜਦੋਂ ਤੋਂ ਮੈਂ ਬਾਣੀ ਸੁਣੀ ਹੈ, ਦਰਸ਼ਨ ਕੀਤੇ ਹਨ ਉਦੋਂ ਤੋਂ ਹੀ ਮੇਰਾ ਮਨ ਉਧਰੋਂ ਹਟ ਗਿਆ ਹੈ। ਮਨ ਸੋਚਕੇ ਸ਼ਰਮਿੰਦਾ ਹੋ ਰਿਹਾ ਹੈ ਕਿ ਸਰਵਰ ਪੀਰ ਤੁਰਕ ਹੈ ਅਸੀਂ ਹਿੰਦੂ ਹਾਂ ਦੇਖਾ ਦੇਖੀ ਉਸ ਦੀ ਮੰਨਤਾ ਕਰੀ ਜਾਂਦੇ ਹਾਂ। ਇਸ ਤੋਂ ਵੱਡਾ ਹੋਰ ਕੋਈ ਪਾਪ ਨਹੀਂ ਹੈ। ਰੋਟ ਚੜ੍ਹਾ ਕੇ ਅਸੀਂ ਖਾਂਦੇ ਰਹੇ। ਉਸ ਨੇ ਕਿਹਾ ਹੇ ਪ੍ਰਭੂ ਜੀ ਮੈਨੂੰ ਸਿੱਖੀ ਦੀ ਦਾਤ ਬਖਸ਼ ਦਿਓ। ਗੁਰੂ ਜੀ ਬੋਲੇ ਪਹਿਲਾਂ ਤੁਸੀਂ ਸਖੀ ਸਰਵਰ ਦਾ ਪੂਜਾ ਸਥਾਨ ਢਾਹ ਦੇਵੋ। ਫੇਰ ਸਤਿਗੁਰੂ ਦੀ ਸ਼ਰਨ ਵਿਚ ਆਵੀਂ। ਇਹ ਗੱਲ ਸੁਣ ਕੇ ਭਾਈ ਮੰਝ ਘਰ ਚਲਾ ਗਿਆ ਤੇ ਸਖੀ ਸਰਵਰ ਦਾ ਸਥਾਨ ਢਾਹ ਦਿੱਤਾ। ਭਾਈ ਮੰਝ ਸਤਿਗੁਰੂ ਦੀ ਸ਼ਰਨ ਵਿਚ ਆ ਗਿਆ। ਸਤਿਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਸਤਿਨਾਮ ਦਾ ਸਿਮਰਨ ਕਰਕੇ ਪਾਪਾਂ ਦਾ ਨਾਸ ਕਰੋ। ਸੇਵਾ ਕਰਕੇ ਹਿਰਦਾ ਪਵਿੱਤਰ ਹੋ ਜਾਏਗਾ ਤਾਂ ਫਿਰ ਹਿਰਦੇ ਦੇ ਅੰਦਰ ਆਤਮ ਗਿਆਨ ਹੋਵੇਗਾ। ਉਪਦੇਸ ਲੈ ਕੇ ਆਪਣੇ ਘਰ ਆ ਗਿਆ। ਗੁਰੂ ਜੀ ਦੇ ਬਚਨ ਅਨੁਸਾਰ ਸਾਰੇ ਸਰੀਕ ਉਸਦਾ ਹਾਸਾ ਉਡਾਉਣ ਲੱਗ ਪਏ। ਘੋੜੇ,ਮੱਝੀਆਂ ਅਤੇ ਧਨ ਪਦਾਰਥ ਖਤਮ ਹੋਣ ਲੱਗ ਪਏ। ਸਾਰਿਆਂ ਨੇ ਮਿਲ ਕੇ ਭਾਈ ਮੰਝ ਨੂੰ ਸਮਝਾਇਆ ਕਿ ਪੀਰ ਨੇ ਤੇਰਾ ਸਭ ਕੁਝ ਖਤਮ ਕਰ ਦਿੱਤਾ ਹੈ। ਤੂੰ ਸਿੱਖੀ ਨੂੰ ਤਿਆਗ ਦੇ ਤੇ ਪੀਰ ਨੂੰ ਮਨਾ। ਇਹ ਸੁਣ ਕੇ ਭਾਈ ਮੰਝ ਬੋਲਿਆ ਹੁਣ ਮੈਂ ਗੁਰੂ ਘਰ ਦਾ ਸਿੱਖ ਹਾਂ ਇਹ ਚੌਧਰ ਧਨ ਪਦਾਰਥ ਮੇਰੇ ਕਿਸੇ ਕੰਮ ਦੇ ਨਹੀਂ। ਜਦੋਂ ਭਾਈ ਮੰਝ ਨਾ ਮੰਨਿਆ ਤਾਂ ਸਰੀਕਾਂ ਨੇ ਪਿੰਡ ਵਿਚੋਂ ਬਾਹਰ ਕੱਢ ਦਿੱਤਾ। ਭਾਈ ਮੰਝ ਆਪਣੀ ਇਸਤਰੀ ਨੂੰ ਲੈ ਕੇ ਕਿਸੇ ਹੋਰ ਪਿੰਡ ਵਿਚ ਜਾ ਵਸਿਆ। ਉੱਥੇ ਘਾਹ ਖੋਤ ਕੇ ਵੇਚਣ ਲੱਗ ਪਿਆ। ਚੌਥਾ ਹਿੱਸਾ ਗੁਰੂ ਜੀ ਦੇ ਵਾਸਤੇ ਕੱਢਦਾ ਬਾਕੀ ਤਿੰਨ ਹਿੱਸਿਆਂ ਨਾਲ ਘਰ ਦਾ ਗੁਜਾਰਾ ਕਰਦਾ। ਕਾਫੀ ਸਮੇਂ ਮਗਰੋਂ ਗੁਰੂ ਜੀ ਨੇ ਉਸ ਨੂੰ ਯਾਦ ਕੀਤਾ। ਇੱਕ ਮੇਵੜੇ ਨੂੰ ਸੱਦਿਆ ਉਸ ਨੂੰ ਹੁਕਮਨਾਮਾ ਦੇ ਕੇ ਸਮਝਾਇਆ ਕਿ ਕੰਗਮਾਈ ਪਿੰਡ ਵਿਚ ਇੱਕ ਮੰਝ ਨਾਮ ਦਾ ਸਿੱਖ ਰਹਿੰਦਾ ਹੈ ਉਸ ਕੋਲ ਜਾਓ ਤੇ ਇੱਕੀ ਚਾਂਦੀ ਦੇ ਸਿੱਕੇ ਲੈ ਕੇ ਫੇਰ ਇਹ ਹੁਕਮਨਾਮਾ ਉਸ ਦੇ ਹੱਥ ਵਿਚ ਦੇਣਾ ਹੈ। ਇਹ ਮੇਵੜਾ ਹੁਕਮਨਾਮਾ ਲੈ ਕੇ ਚਲਾ ਗਿਆ। ਭਾਈ ਮੰਝ ਨੂੰ ਆਖਿਆ ਇਹ ਹੁਕਮਨਾਮਾ ਤੁਹਾਡੇ ਲਈ ਹੈ। ਇਸ ਹੁਕਮਨਾਮੇ ਤੋਂ ਪਹਿਲਾਂ ਇੱਕੀ ਸਿੱਕੇ ਚਾਂਦੀ ਦੇ ਦਿਓ। ਸੁਣਦਿਆਂ ਹੀ ਭਾਈ ਮੰਝ ਬਹੁਤ ਖੁਸ਼ ਹੋ ਗਿਆ। ਸੋਚਣ ਲੱਗਿਆ ਸਤਿਗੁਰੂ ਜੀ ਤਾਂ ਸੀਸ ਦੇ ਬਦਲੇ ਮਿਲਦੇ ਹਨ। ਇਹ ਤਾਂ ਤੁੱਛ ਭੇਟਾ ਹੈ। ਘਰ ਵਾਲੀ ਨੇ ਸਲਾਹ ਦਿੱਤੀ ਕਿ ਆਪਣੀ ਕੁਆਰੀ ਕੰਨਿਆ ਨੂੰ ਚੌਧਰੀ ਚਾਹੁੰਦੇ ਹਨ। ਜੇਕਰ ਇਸ ਦਾ ਰਿਸ਼ਤਾ ਗੁਰੂ ਜੀ ਦੇ ਪ੍ਰਯੋਜਨ ਲਈ ਹੋ ਜਾਵੇ ਤਾਂ ਇਹ ਵੱਡੇ ਭਾਗਾਂ ਵਾਲੀ ਹੈ। ਇਓਂ ਰਿਸਤਾ ਕਰ ਦਿੱਤਾ।

ਧਨ ਲੈ ਕੇ ਮੇਵੜੇ ਨੂੰ ਮੱਥਾ ਟੇਕ ਦਿੱਤਾ ਫੇਰ ਹੁਕਮਨਾਮਾ ਲੈ ਕੇ ਨਮਸਕਾਰ ਕੀਤੀ। ਮੇਵੜੇ ਦੀ ਸੇਵਾ ਕੀਤੀ ਤੇ ਸਵੇਰੇ ਵਿਦਾ ਕੀਤਾ। ਫੇਰ ਘਾਹ ਲੈਣ ਚਲਾ ਗਿਆ ਤੇ ਨਾਲ ਨਾਲ ਨਾਮ ਸਿਮਰਨ ਕਰਦਾ। ਘਾਹ ਵੇਚ ਕੇ ਗੁਜਰਾਨ ਕਰੀ ਜਾਂਦਾ ਸੀ। ਉਸ ਦੇ ਮਨ ਦੇ ਸਾਰੇ ਵਿਸ਼ੇ ਵਿਕਾਰ ਦੂਰ ਹੋ ਗਏ। ਗੁਰੂ ਜੀ ਉਸ ਨੂੰ ਕਸੌਟੀ ਲਾ ਕੇ ਪਰਖਦੇ ਸਨ। ਸਤਿਗੁਰੂ ਜੀ ਨੇ ਫੇਰ ਮੇਵੜਾ ਭੇਜਿਆ ਅਤੇ ਉਸ ਨੂੰ ਆਖਿਆ ਇਹ ਹੁਕਮਨਾਮਾ ਲੈ ਜਾ। ਪਹਿਲਾਂ ਉਸਤੋਂ ਇੱਕੀ ਚਾਂਦੀ ਦੇ ਸਿੱਕੇ ਲੈ ਲਵੀਂ ਫੇਰ ਉਸ ਨੂੰ ਹੁਕਮਨਾਮਾ ਦੇਵੀਂ। ਸਤਿਗੁਰੂ ਦੀ ਆਗਿਆ ਲੈ ਕੇ ਇਹ ਮੇਵੜਾ ਭਾਈ ਮੰਞ ਨੂੰ ਆਣ ਮਿਲਿਆ। ਭਾਈ ਮੰਞ ਉਸ ਸਿੱਖ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਭਾਈ ਮੰਞ ਨੇ ਮੰਜੀ ਡਾਹ ਕੇ ਆਦਰ ਸਹਿਤ ਬਿਠਾ ਦਿੱਤਾ। ਸਿੱਖ ਨੇ ਕਿਹਾ ਕਿ ਪਹਿਲਾਂ ਇੱਕੀ ਚਾਂਦੀ ਦੇ ਸਿੱਕੇ ਦਿਓ ਫੇਰ ਹੁਕਮਨਾਮਾ ਦਿਆਂਗਾ। ਉਸ ਨੇ ਆਪਣੀ ਪਤਨੀ ਨੂੰ ਸਾਰੀ ਗੱਲ ਦੱਸੀ। ਇਹ ਸੁਣ ਕੇ ਪਤਨੀ ਪ੍ਰਸੰਨ ਹੋ ਗਈ ਅਤੇ ਬੋਲੀ ਆਪਣੇ ਆਪ ਨੂੰ ਖੁਸ਼ ਨਸੀਬ ਸਮਝੋ। ਸਤਿਗੁਰੂ ਨੇ ਤੁਹਾਨੂੰ ਯਾਦ ਰੱਖਿਆ ਹੈ। ਪਤਨੀ ਕਹਿਣ ਲੱਗੀ ਮੈਨੂੰ ਕਿਤੇ ਗਹਿਣੇ ਰੱਖ ਦਿਓ ਜਿੰਨਾ ਧਨ ਚਾਹੀਦਾ ਹੈ ਉਥੋਂ ਲੈ ਲਵੋ। ਭਾਈ ਮੰਞ ਨੇ ਸੁਣ ਕੇ ਉਸੇ ਤਰਾਂ ਹੀ ਕੀਤਾ। ਆਪਣੀ ਪਤਨੀ ਨੂੰ ਗਹਿਣੇ ਰੱਖ ਕੇ ਉਹ ਧਨ ਲੈ ਆਇਆ। ਮੇਵੜੇ ਨੂੰ ਭੇਟਾ ਦੇ ਕੇ ਹੁਕਮਨਾਮਾ ਪ੍ਰਾਪਤ ਕੀਤਾ ਉਹ ਪੜ੍ਹਿਆ ਜਿਸ ਵਿਚ ਲਿਖਿਆ ਸੀ ਕਿ ਗੁਰੂ ਜੀ ਨੇ ਉਸ ਨੂੰ ਆਪਣੇ ਕੋਲ ਬੁਲਾਇਆ ਹੈ। ਇਹ ਸਾਰਾ ਕੁੱਝ ਆਪਣੀ ਪਤਨੀ ਨੂੰ ਦੱਸਿਆ। ਮੈਂ ਗੁਰੂ ਜੀ ਦੀ ਸੇਵਾ ਲਈ ਚੱਲਿਆ ਹਾਂ। ਫੇਰ ਮੈਂ ਤੈਨੂੰ ਆਣ ਮਿਲਾਂਗਾ। ਇਹ ਸਲਾਹ ਕਰਕੇ ਉਸ ਨੇ ਘਾਹ ਵੇਚਿਆ ਅਤੇ ਆਪਣੇ ਘਰ ਭੋਜਨ ਲੈ ਆਇਆ। ਮੇਵੜੇ ਨੇ ਭੋਜਨ ਛਕਿਆ ਅਤੇ ਰਾਤੀਂ ਸੌਂ ਗਿਆ। ਸਵੇਰੇ ਉੱਠ ਕੇ ਭਾਈ ਮੰਞ ਉਸ ਦੇ ਨਾਲ ਤੁਰ ਪਿਆ। ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਇੰਨਾ ਪ੍ਰੇਮ ਉਛਲਿਆ ਕਿ ਉਸ ਦੇ ਗਲ਼ੇ ਦਾ ਗੱਚ ਭਰ ਆਇਆ। ਸਤਿਗੁਰੂ ਜੀ ਨੇ ਆਪਣੀ ਰੁਚੀ ਨਹੀਂ ਜਤਲਾਈ। ਹੋਰ ਕਿਸੇ ਨੂੰ ਆਖ ਕੇ ਭਾਈ ਮੰਞ ਨੂੰ ਸੇਵਾ ਲਗਵਾ ਦਿੱਤੀ। ਲੰਗਰ ਲਈ ਰੋਜ ਬਾਲਣ ਲਿਆਵੇਗਾ। ਉਹ ਉਸੇ ਤਰ੍ਹਾਂ ਖੁਸ਼ ਹੋ ਗਿਆ ਜਿਵੇਂ ਗੁਰੂ ਨੂੰ ਭਾਉਂਦਾ ਹੋਵੇ। ਰੋਜ ਬਾਹਰੋਂ ਜੰਗਲ ਵਿਚੋਂ ਸੁੱਕੇ ਹੋਏ ਬਾਲਣ ਦਾ ਤਕੜਾ ਭਾਰ ਲਿਆਉਂਦਾ। ਲਿਆ ਕੇ ਗੁਰੂ ਕੇ ਲੰਗਰ ਵਿਚ ਦਿੰਦਾ। ਭੋਜਨ ਛਕ ਕੇ ਗੁਜਾਰਾ ਕਰਨ ਲੱਗਾ। ਇਉਂ ਉਹ ਪ੍ਰੇਮ ਦੀ ਲਿਵ ਵਿਚ ਲੀਨ ਰਹਿੰਦਾ ਅਤੇ ਉਸ ਦੇ ਮਨ ਦੇ ਸਾਰੇ ਵਿਸ਼ੇ ਵਿਕਾਰ ਦੂਰ ਹੋ ਗਏ।

ਬਹੁਤ ਦਿਨ ਬਤੀਤ ਹੋਣ ਤੇ ਅੰਤਰਜਾਮੀ ਗੁਰੂ ਜੀ ਨੇ ਕਿਸੇ ਲਾਂਗਰੀ ਤੋਂ ਪੁੱਛਿਆ ਕਿ ਭਾਈ ਮੰਞ ਕੀ ਕਰਦਾ ਹੈ ਤੇ ਭੋਜਨ ਕਿੱਥੋਂ ਛਕਦਾ ਹੈ। ਸਿੱਖ ਨੇ ਦੱਸਿਆ ਕਿ ਉਹ ਬਹੁਤ ਵੱਡੀ ਮਾਤਰਾ ਵਿਚ ਬਾਲਣ ਲਿਆਉਂਦਾ ਹੈ, ਲੰਗਰ ਵਿਚੋਂ

ਭੋਜਨ ਛਕਦਾ ਹੈ। ਗੁਰੂ ਜੀ ਦਾ ਹੁਕਮ ਹੋਇਆ ਸੇਵਾ ਵਿਚ ਕਚਿਆਈ ਹੈ। ਲੰਗਰ ਵਿਚੋਂ ਭੋਜਨ ਛਕਣਾ ਤਾਂ ਮਜਦੂਰੀ ਦੇ ਸਮਾਨ ਹੁੰਦਾ ਹੈ। ਇਸ ਤਰ੍ਹਾਂ ਹਿਰਦੇ ਦੀ ਮੈਲ ਤੁਰੰਤ ਖਤਮ ਨਹੀਂ ਹੁੰਦੀ। ਉਹ ਕਿਸੇ ਹੋਰ ਥਾਂ ਤੋਂ ਭੋਜਨ ਖਾਵੇ ਅਤੇ ਗੁਰੂ ਦੇ ਲੰਗਰ ਦੀ ਸੇਵਾ ਕਰੇ। ਉਹ ਹੋਰ ਥਾਂ ਤੋਂ ਵੀ ਜਿੰਨਾ ਭੋਜਨ ਪ੍ਰਾਪਤ ਕਰੇ ਉਸ ਨੂੰ ਵੰਡ ਕੇ ਖਾਵੇ। ਉਸ ਸਿੱਖ ਨੇ ਉਵੇਂ ਹੀ ਭਾਈ ਮੰਝ ਨੂੰ ਲੰਗਰ ਦਾ ਭੋਜਨ ਛਕਣ ਤੋਂ ਹਟਾ ਦਿੱਤਾ। ਉਹ ਉਸੇ ਤਰ੍ਹਾਂ ਹੀ ਕਰਨ ਲੱਗ ਪਿਆ ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ। ਉਹ ਸਿੱਖਾਂ ਕੋਲੋਂ ਮੰਗਦਾ ਅਤੇ ਖਾਂਦਾ। ਸਾਰਾ ਦਿਨ ਲੰਗਰ ਦੀ ਸੇਵਾ ਵਿਚ ਲੱਗਿਆ ਰਹਿੰਦਾ। ਹੋਰਨਾ ਨੂੰ ਦੇ ਕੇ ਆਪ ਥੋੜਾ ਜਿੰਨਾ ਖਾਂਦਾ। ਉਸਦਾ ਸਰੀਰ ਕਮਜ਼ੋਰ ਅਤੇ ਲਿੱਸਾ ਹੋ ਗਿਆ ਪਰ ਗੁਰੂ ਦਾ ਪ੍ਰੇਮ ਉਸ ਦੇ ਮਨ ਵਿਚ ਬਹੁਤ ਤਕੜਾ ਹੋ ਗਿਆ।

ਇੱਕ ਦਿਨ ਸਤਿਗੁਰੂ ਜੀ ਨੇ ਉਸ ਨੂੰ ਕੋਲ ਬੁਲਾਇਆ ਅਤੇ ਸਮਝਾਇਆ ਤੂੰ ਆਪਣੇ ਸਾਰੇ ਪਦਾਰਥ ਅਤੇ ਪਸ਼ੂ ਗੁਆ ਲਏ ਹਨ। ਸਾਰੇ ਸਰੀਕਾਂ ਨੇ ਤੇਰੀ ਨਿੰਦਾ ਕੀਤੀ ਹੈ। ਉਹ ਕਹਿੰਦੇ ਹਨ ਇਸ ਨੇ ਆਪਣੇ ਇਸ਼ਟ ਦੀ ਮਾਣਤਾ ਭੁਲਾ ਦਿੱਤੀ ਹੈ। ਸਰਵਰ ਦਾ ਸਥਾਨ ਢਾਹ ਕੇ ਬੁਰਾ ਕੰਮ ਕੀਤਾ ਹੈ ਉਹ ਹੁਣ ਇਸ ਦੇ ਗਲ਼ ਪਵੇਗਾ। ਦੁੱਖ ਵੀ ਪਾਇਆ ਅਤੇ ਘਰ ਵੀ ਉੱਜੜ ਗਿਆ। ਹੁਣ ਜਾ ਕੇ ਕੋਈ ਇਸ ਦਾ ਉਪਾਅ ਕਰੋ ਜਾਂ ਫੇਰ ਆਪਣੇ ਉਸੇ ਹੀ ਪੀਰ ਨੂੰ ਮਨਾਵੋ। ਇਹ ਸੁਣ ਕੇ ਭਾਈ ਮੰਝ ਹੱਥ ਜੋੜ ਕੇ ਬੋਲਿਆ ਮੈਨੂੰ ਸੱਚੇ ਨਾਮ ਦਾ ਸ੍ਰੇਸ਼ਟ ਧਨ ਪ੍ਰਾਪਤ ਹੋ ਗਿਆ ਹੈ। ਇਸ ਨੂੰ ਨਾ ਕੋਈ ਖੋਹ ਸਕਦਾ ਹੈ ਨਾ ਇਹ ਪਾਣੀ ਵਿਚ ਗਲ ਸਕਦਾ ਹੈ ਨਾ ਹੀ ਅਗਨੀ ਸਾੜ ਸਕਦੀ ਹੈ। ਵੰਡਣ ਤੇ ਘਟਦਾ ਨਹੀਂ ਹੈ। ਮਰਨ ਦੇ ਦੁੱਖ ਵਿਚ ਇਹ ਸਹਾਈ ਹੁੰਦਾ ਹੈ। ਮੈਂ ਇਸ ਨੂੰ ਹਿਰਦੇ ਵਿਚ ਵਸਾਇਆ ਹੋਇਆ ਹੈ। ਮੈਂ ਹੁਣ ਪਛਤਾਉਂਦਾ ਹਾਂ ਕਿ ਮੈਂ ਇਸ ਨਾਮ ਨੂੰ ਬਹੁਤੀ ਉਮਰ ਭੁਲਾਈ ਰੱਖਿਆ ਹੈ। ਇਉਂ ਆਖ ਕੇ ਉਹ ਨਮਸਕਾਰ ਕਰਕੇ ਚਲਾ ਗਿਆ। ਉਸ ਨੇ ਆਪਣੇ ਮਨ ਨੂੰ ਸੇਵਾ ਵਿਚ ਲਾ ਦਿੱਤਾ। ਸੁੱਕੇ ਬਾਲਣ ਦਾ ਭਾਰ ਲਿਆਉਂਦਾ ਸੀ। ਇੱਕ ਦਿਨ ਉਹ ਲੱਕੜਾਂ ਦਾ ਬਹੁਤ ਵੱਡਾ ਭਾਰ ਸਿਰ ਤੇ ਰੱਖ ਕੇ ਗੁਰੂ ਘਰ ਵੱਲ ਨੂੰ ਤੁਰਿਆ ਤਾਂ ਬੜੀ ਭਿਆਨਕ ਹਵਾ ਤੇ ਹਨੇਰੀ ਚੜ੍ਹ ਆਈ। ਰੇਤ ਅਤੇ ਕੰਕਰ ਵੀ ਉੱਡ ਰਹੇ ਸੀ। ਸਾਹਮਣੇ ਹਵਾ ਪਿੱਛੇ ਨੂੰ ਧੱਕ ਰਹੀ ਸੀ। ਅੱਖਾਂ ਵਿਚ ਧੂੜ ਪੈ ਰਹੀ ਸੀ। ਤੁਰਦਿਆਂ ਹੋਇਆਂ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਜਿੱਥੇ ਪੈਰ ਧਰਦਾ ਸੀ ਉਹ ਖਿੜਕ ਜਾਂਦਾ ਸੀ ਇਉਂ ਉਹ ਬੜੇ ਸੰਕਟ ਵਿਚ ਆਣ ਫਸਿਆ। ਉੱਥੇ ਇੱਕ ਖੂਹ ਸੀ ਜਿਸ ਵਿਚ ਥੋੜਾ ਪਾਣੀ ਸੀ। ਹਨੇਰਾ ਛਾਇਆ ਹੋਣ ਕਰਕੇ ਭਾਈ ਮੰਝ ਉਸ ਖੂਹ ਵਿਚ ਡਿਗ ਪਿਆ। ਸਿਰ ਉੱਤੇ ਸੁੱਕੀਆਂ ਲੱਕੜਾਂ ਦਾ ਭਾਰ ਖੂਹ ਦੇ ਪਾਣੀ ਵਿਚ ਭਿਜਣ ਨਹੀਂ ਦਿੱਤਾ। ਉਹ ਖੂਹ

ਦੇ ਅੰਦਰ ਪਾਣੀ ਵਿਚ ਖੜ੍ਹਾ ਸੋਚ ਰਿਹਾ ਸੀ ਗੁਰੂ ਕਾ ਲੰਗਰ ਕਿਵੇਂ ਤਿਆਰ ਹੋਏਗਾ। ਉਸ ਦੇ ਮਨ ਅੰਦਰ ਗੁਰਾਂ ਦਾ ਪ੍ਰੇਮ ਸੀ। ਲੋਕ ਲੱਜਾ, ਦੌਲਤ, ਪਤਨੀ, ਧੀ ਤੇ ਪੁੱਤਰ ਨੂੰ ਤਿਆਗ ਕੇ ਉਸ ਨੇ ਗੁਰੂ ਦਾ ਪ੍ਰੇਮ ਧਾਰਨ ਕਰਕੇ ਰੱਖਿਆ ਹੋਇਆ ਸੀ। ਉਸ ਦੇ ਪ੍ਰੇਮ ਨੇ ਗੁਰੂ ਜੀ ਲਈ ਬਹੁਤ ਖਿੱਚ ਪੈਦਾ ਕਰ ਦਿੱਤੀ। ਗੁਰੂ ਜੀ ਤੋਂ ਰਿਹਾ ਨਾ ਗਿਆ ਤੇ ਉਨ੍ਹਾਂ ਨੇ ਤੁਰੰਤ ਇਹ ਜਾਣ ਕੇ ਕਿ ਸਿੱਖ ਕਿਸੇ ਸੰਕਟ ਵਿਚ ਹੈ। ਖੂਹ ਦੇ ਪਾਣੀ ਵਿਚ ਸਿਰ ਤੇ ਭਾਰ ਲਈ ਖੜ੍ਹਾ ਹੈ। ਇਸੇ ਤਰ੍ਹਾਂ ਸਾਰੀ ਰਾਤ ਬੀਤ ਗਈ। ਦਇਆ ਦੇ ਸਾਗਰ ਉੱਠ ਕੇ ਨੰਗੇ ਪੈਰੀਂ ਕਾਹਲੀ ਨਾਲ ਭੱਜੇ। ਕਿੰਨੇ ਸਿੱਖ ਭੱਜ ਕੇ ਆਪ ਜੀ ਨਾਲ ਆਣ ਰਲੇ। ਗੁਰੂ ਜੀ ਨੇ ਆਖਿਆ ਰੱਸੇ ਲਿਆਓ। ਖੂਹ ਦੇ ਨੇੜੇ ਪੁੱਜ ਗਏ। ਕੰਢੇ ਕੋਲ ਖੜ੍ਹੇ ਹੋ ਕੇ ਬੋਲੇ ਤੂੰ ਕੌਣ ਹੈਂ। ਆਖਣ ਲੱਗਾ ਮੇਰਾ ਨਾਮ ਮੰਞ ਹੈ ਗੁਰੂ ਘਰ ਦਾ ਸੇਵਕ ਹਾਂ। ਲੱਜ ਖੂਹ ਵਿਚ ਲਮਕਾਈ ਤੇ ਮੰਞ ਨੂੰ ਆਖਿਆ ਫੜ ਕੇ ਉਪਰ ਨੂੰ ਆ ਜਾਓ। ਪਰ ਉਹ ਬੋਲਿਆ ਪਹਿਲਾਂ ਲੱਕੜਾਂ ਦਾ ਭਾਰ ਕੱਢੋ। ਜੇ ਮੈਂ ਹੁਣ ਲੱਕੜਾਂ ਤੋਂ ਬਗੈਰ ਬਾਹਰ ਆ ਗਿਆ ਤਾਂ ਲੱਕੜਾਂ ਸੁੱਕੀਆਂ ਨਹੀਂ ਰਹਿਣਗੀਆਂ। ਸਿੱਖਾਂ ਨੇ ਪਹਿਲਾਂ ਲੱਕੜਾਂ ਦੇ ਭਾਰ ਨੂੰ ਦੂਹਰੇ ਰੱਸੇ ਨਾਲ ਬਾਹਰ ਕੱਢਿਆ ਦੂਜੀ ਵਾਰੀ ਭਾਈ ਮੰਞ ਉਸ ਰੱਸੇ ਨੂੰ ਫੜ ਕੇ ਖੂਹ ਵਿਚੋਂ ਬਾਹਰ ਆ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੋਲ ਖਲੋਤੇ ਵੇਖ ਕੇ ਉਹ ਬੜੇ ਪ੍ਰੇਮ ਸਹਿਤ ਚਰਨੀਂ ਢਹਿ ਪਿਆ। ਗੁਰੂ ਜੀ ਨੇ ਆਖਿਆ ਹੇ ਭਾਈ ਮੰਞ ਕੁਝ ਮੰਗ ਲੈ। ਅਸੀਂ ਬੜੇ ਪ੍ਰਸੰਨ ਹੋਏ ਹਾਂ। ਕੋਈ ਮਨ ਇੱਛਤ ਦਾਨ ਮੰਗ ਲੈ। ਤੇਰੀ ਸਾਰੀ ਘਾਲਣਾ ਪ੍ਰਵਾਨ ਹੋਈ ਹੈ। ਸੰਸਾਰ ਦੇ ਤੇਰੇ ਸਾਰੇ ਕਲੇਸ਼ ਕੱਟੇ ਗਏ ਹਨ। ਭਾਈ ਮੰਞ ਨੇ ਬੇਨਤੀ ਕੀਤੀ ਮੈਂ ਬੇਮੁਹਤਾਜ ਹੋ ਕੇ ਰਹਾਂ। ਨਾਮ ਤੋਂ ਬਗੈਰ ਮੈਨੂੰ ਕੋਈ ਇੱਛਾ ਨਾ ਹੋਵੇ। ਆਪ ਜੀ ਦੇ ਪਵਿੱਤਰ ਚਰਨ ਕਮਲਾਂ ਨਾਲ ਬਣੀ ਰਹੇ। ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ ਹੇ ਸਿੱਖਾ ਹੋਰ ਵੀ ਕੁਝ ਮੰਗ ਲੈ। ਭਾਈ ਮੰਞ ਬੋਲਿਆ ਹੇ ਸਤਿਗੁਰੂ ਜੀਓ ਜਦੋਂ ਸੇਵਕਾਂ ਉੱਤੇ ਅਜਿਹੀ ਕਠਨਤਾ ਆਵੇਗੀ ਤਾਂ ਜ਼ਿਆਦਾਤਰ ਸਹਿਣ ਨਹੀਂ ਕਰ ਸਕਣਗੇ ਅਤੇ ਅਧੀਰਜ ਹੋ ਜਾਣਗੇ। ਗੁਰੂ ਜੀ ਨੇ ਫੁਰਮਾਇਆ ਭਾਈ ਮੰਞ ਸੁਣੋ ਸੋਨੇ ਵਿਚ ਜੋ ਖੋਟ ਹੁੰਦੀ ਹੈ ਤਾਂ ਅੱਗ ਵਿਚ ਢਾਲ ਕੇ ਕੱਢੀ ਜਾਂਦੀ ਹੈ ਤਾਂ ਫਿਰ ਉਹ ਸ਼ੁੱਧ ਹੋਣ ਤੇ ਖਜਾਨੇ ਵਿਚ ਦਾਖਲ ਕੀਤਾ ਜਾਂਦਾ ਹੈ। ਜੋ ਸਿੱਖ ਹਨ ਉਨ੍ਹਾਂ ਨੂੰ ਮੁਕਤੀ ਰੂਪ ਖਜਾਨੇ ਦੇ ਯੋਗ ਬਣਾਉਣ ਲਈ ਕਸਵੱਟੀ ਲਾ ਕੇ ਪਰਖਿਆ ਜਾਂਦਾ ਹੈ। ਤੈਨੂੰ ਇਹ ਬਖਸ਼ਿਸ਼ ਵੀ ਦਿੱਤੀ ਪਰ ਤੂੰ ਹੋਰ ਵੀ ਕੁਝ ਮੰਗ ਲੈ। ਇਹ ਸੁਣ ਕੇ ਮੰਞ ਬੋਲਿਆ ਹੇ ਸੱਚੇ ਪਾਤਿਸ਼ਾਹ ਮੈਨੂੰ ਸਿਦਕ ਦਾ ਦਾਨ ਬਖਸ਼ੋ ਤਾਂ ਜੋ ਮੇਰੀ ਬਿਰਤੀ ਹੁਣ ਸਦਾ ਲਈ ਬੇਮੁਹਤਾਜ ਹੋ ਜਾਏ। ਇਹ ਆਖ ਕੇ ਉਸ ਨੇ ਚਰਨਾ ਤੇ ਨਮਸਕਾਰ ਕੀਤੀ। ਗੁਰੂ ਜੀ ਨੇ ਆਪਣੇ ਸਿੱਖ ਦੀ ਵਡਿਆਈ ਕੀਤੀ।

**ਮੰਞ ਪਿਆਰਾ ਗੁਰੂ ਨੂੰ ਗੁਰੂ ਮੰਞ ਪਿਆਰਾ॥**
**ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥**

ਗੁਰੂ ਜੀ ਨੇ ਉਸ ਨੂੰ ਗਲਵੱਕੜੀ ਵਿਚ ਲੈ ਕੇ ਬਹੁਤ ਪ੍ਰੇਮ ਕੀਤਾ। ਉਸ ਨੂੰ ਤੁਰੰਤ ਹੀ ਆਤਮ ਗਿਆਨ ਹੋ ਗਿਆ। ਸਤਿਗੁਰਾਂ ਫੁਰਮਾਇਆ ਭਾਈ ਮੰਞ ਹੁਣ ਤੂੰ ਆਪਣੇ ਘਰ ਜਾ ਅਤੇ ਉੱਥੇ ਗੁਰੂ ਦੇ ਨਾ ਤੇ ਲੰਗਰ ਚਲਾਵੋ। ਗੁਰੂ ਜੀ ਦਾ ਬਚਨ ਮੰਨ ਕੇ ਗਿਆਨਵਾਨ ਹੋ ਕੇ ਰਿੱਧੀਆਂ ਸਿੱਧੀਆਂ ਪਾ ਕੇ ਆਪਣੇ ਘਰ ਵਾਪਸ ਆ ਗਿਆ ਜਿੱਥੇ ਉਸ ਨੇ ਲੰਗਰ ਚਾਲੂ ਕਰ ਦਿੱਤਾ ਅਤੇ ਸਿੱਖੀ ਦਾ ਪ੍ਰਚਾਰ ਕਰਨ ਲੱਗ ਪਿਆ।

## ਸੱਤਾ ਤੇ ਬਲਵੰਡ ਦਾ ਬੇਮੁੱਖ ਹੋਣਾ

ਜਿੱਥੇ ਭਾਈ ਸਾਲ੍ਹੋ ਦੀ ਧਰਮਸ਼ਾਲਾ ਹੈ ਉਸ ਦੇ ਕੋਲ ਸੱਤੇ ਬਲਵੰਡੇ ਮਰਾਸੀਆਂ ਦਾ ਘਰ ਸੀ। ਇਹ ਗੁਰੂ ਘਰ ਦੇ ਕੀਰਤਨੀਏ ਸਨ। ਉਨ੍ਹਾਂ ਦੀ ਭੈਣ ਦਾ ਵਿਆਹ ਆ ਗਿਆ। ਦੋਵੇਂ ਭਰਾ ਗੁਰੂ ਜੀ ਕੋਲ ਗਏ ਉਹ ਮੁੱਖੋਂ ਉਪਮਾ ਕਰਦੇ ਹੋਏ ਕਹਿਣ ਲੱਗੇ ਆਪਣੇ ਸੇਵਕ ਜਾਣ ਕੇ ਸਾਡਾ ਕੰਮ ਕਰੋ,ਸਾਨੂੰ ਬਹੁਤ ਸਾਰਾ ਧਨ ਹੁਣੇ ਹੀ ਦਿਓ ਜਿਸ ਨਾਲ ਅਸੀਂ ਚੰਗਾ ਵਿਆਹ ਕਰ ਸਕੀਏ। ਜਿਹੜਾ ਵੀ ਦੇਖੇ ਸੁਣੇਗਾ ਉਸ ਨਾਲ ਤੁਹਾਡਾ ਜਸ ਹੋਵੇਗਾ। ਗੁਰੂ ਜੀ ਨੇ ਫੁਰਮਾਇਆ ਚਿੰਤਾ ਛੱਡ ਦਿਓ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤੁੱਲ ਭੰਡਾਰ ਹੈ। ਸਵੇਰੇ ਜਿੰਨਾਂ ਵੀ ਧਨ ਆਵੇਗਾ ਉਹ ਤੁਸੀਂ ਸੰਭਾਲ ਲੈਣਾ। ਸਤਿਗੁਰੂ ਜੀ ਸਾਰਾ ਕਾਰਜ ਸਵਾਰਨਗੇ। ਦੋਹਾਂ ਭਰਾਵਾਂ ਨੇ ਸੁਣ ਕੇ ਮਨ ਵਿਚ ਅਨੰਦ ਪ੍ਰਾਪਤ ਕੀਤਾ। ਉਹ ਗੁਰੂ ਦਾ ਜਸ ਉਚਾਰਦੇ ਹੋਏ ਆਪਣੇ ਘਰ ਚਲੇ ਗਏ। ਰਾਤ ਬੀਤ ਗਈ ਜਦ ਸਵੇਰ ਹੋਈ ਤਾਂ ਹਰ ਇੱਕ ਸਿੱਖ ਗੁਰੂ ਜੀ ਦੇ ਦਰਸ਼ਨ ਲਈ ਆਇਆ। ਸਾਰੀ ਸਿੱਖ ਸੰਗਤ ਗੁਰੂ ਜੀ ਨੂੰ ਮਿਲ ਕੇ ਉਪਹਾਰ ਦਿੰਦੀ। ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕਮਲਾਂ ਤੇ ਨਮਸਕਾਰ ਕਰਦੀ। ਜਦ ਸਾਰਾ ਦਿਨ ਦਾ ਚੜ੍ਹਾਵਾ ਗਿਣਿਆ ਗਿਆ ਤਾਂ ਉਸ ਵੇਲੇ ਇੱਕ ਸੌ ਚਾਂਦੀ ਦੇ ਸਿੱਕੇ ਹੀ ਹੋਏ। ਦੋਹਾਂ ਭਰਾਵਾਂ ਨੂੰ ਉਹ ਸਾਰੇ ਸਿੱਕੇ ਦੇ ਦਿੱਤੇ ਤਦ ਉਸ ਵੇਲੇ ਉਨ੍ਹਾਂ ਮੂਰਖਾਂ ਨੇ ਹੰਕਾਰ ਵਿਚ ਆ ਕੇ ਨਾ ਲਏ। ਉਨ੍ਹਾਂ ਨੇ ਉਹ ਸਿੱਕੇ ਗੁਰੂ ਜੀ ਅੱਗੇ ਵਗਾਹ ਮਾਰੇ। ਕਹਿਣ ਲੱਗੇ ਤੁਸੀਂ ਸਾਡੇ ਨਾਲ ਮਖੌਲ ਕਰਨ ਲੱਗੇ ਹੋ। ਕੀ ਅਸੀਂ ਇਨ੍ਹਾਂ ਨੂੰ ਲੈ ਕੇ ਵਿਆਹ ਕਰ ਲਵਾਂਗੇ। ਆਪਣੇ ਘਰ ਤੋਂ ਬਹੁਤ ਸਾਰਾ ਧਨ ਕਿਉਂ ਨਹੀਂ ਦਿਵਾਉਂਦੇ। ਸੁਣ ਕੇ ਗੁਰੂ ਜੀ ਨੇ ਧੀਰਜ ਦਿੱਤਾ ਅਤੇ ਕਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੀ ਧਾਰਨ ਕੀਤੀ ਹੋਈ ਇੱਛਾ ਪੂਰੀ ਕਰਨਗੇ। ਇੰਨਾ ਧਨ ਲੈ ਲਵੋ ਅਤੇ ਕਾਰਜ ਨਿਭਾਓ। ਤੁਸੀਂ ਕੀਰਤਨ ਕਰਦੇ ਹੋਏ ਬਹੁਤ ਧਨ ਪ੍ਰਾਪਤ ਕਰ ਲਵੋਗੇ। ਸਤਿਗੁਰੂ ਜੀ ਦੇ ਘਰ ਤੋਂ ਤੁਸੀਂ ਹਰ ਰੋਜ ਹੀ ਲੈਣਾ ਹੈ। ਤੁਹਾਨੂੰ ਇੱਕੋ ਵਾਰ ਹੀ ਤਾਂ ਨਹੀਂ ਦੇ ਦੇਣਾ। ਤੁਹਾਡੀ ਸਾਂਝ ਸਾਡੇ ਨਾਲ ਹਮੇਸ਼ਾਂ ਬਣੀ ਰਹਿਣੀ ਹੈ। ਹੇ ਮੇਰੇ ਪਿਆਰਿਓ ਇਹ

ਵਾਪਸ ਨਾ ਮੋੜੋ,ਲੈ ਲਵੋ। ਉਸ ਵੇਲੇ ਸਾਰਾ ਧਨ ਉਨ੍ਹਾਂ ਨੇ ਆਪਣੇ ਹੱਥ ਵਿਚ ਲੈ ਲਿਆ। ਖੋਟੀ ਬੁੱਧੀ ਵਾਲੇ ਨਿੰਦਾ ਕਰਦੇ ਹੋਏ ਆਪਣੇ ਘਰ ਨੂੰ ਚਲੇ ਗਏ। ਅੱਜ ਤੋਂ ਅਸੀਂ ਗੁਰੂ ਜੀ ਦੇ ਕੋਲ ਨਹੀਂ ਜਾਵਾਂਗੇ ਅਤੇ ਨਾ ਹੀ ਕਦੇ ਕੀਰਤਨ ਕਰਾਂਗੇ। ਸਾਡਾ ਕੋਈ ਕੰਮ ਪੂਰਾ ਨਹੀਂ ਹੋਇਆ। ਇਵੇਂ ਆਖ ਕੇ ਉਹ ਦੋਵੇਂ ਭਰਾ ਘਰ ਹੀ ਬੈਠੇ ਰਹੇ। ਉਹ ਗੁਰੂ ਜੀ ਦੇ ਕੋਲ ਨਾ ਗਏ। ਜਦੋਂ ਅਗਲੇ ਦਿਨ ਉਹ ਨਾ ਆਏ ਤਦ ਗੁਰੂ ਜੀ ਨੇ ਸਿੱਖਾਂ ਨੂੰ ਬਚਨ ਕੀਤਾ ਉਨ੍ਹਾਂ ਦੇ ਘਰ ਜਾਓ ਅਤੇ ਬੁਲਾ ਕੇ ਲਿਆਓ। ਗੁਰੂ ਜੀ ਦਾ ਹੁਕਮ ਸੁਣ ਕੇ ਸਿੱਖ ਰਬਾਬੀਆਂ ਦੇ ਘਰ ਚਲੇ ਗਏ ਉਨ੍ਹਾਂ ਨੂੰ ਆਖਿਆ ਤੁਹਾਡੇ ਵੱਡੇ ਭਾਗ ਹਨ ਗੁਰੂ ਜੀ ਯਾਦ ਕਰਦੇ ਹਨ ਤੁਹਾਨੂੰ ਬੁਲਾਇਆ ਹੈ,ਗੁਰੂ ਜੀ ਬਹੁਤ ਪ੍ਰਸੰਨ ਹਨ। ਤੁਸੀਂ ਹੁਣੇ ਹੀ ਉਠ ਚਲੋ। ਉੱਥੇ ਜਾ ਕੇ ਦਰਸ਼ਨ ਕਰ ਲਵੋ। ਸੁਣ ਕੇ ਸੱਤੇ ਬਲਵੰਡੇ ਨੇ ਆਖਿਆ ਗੁਰੂ ਜੀ ਕੋਲ ਜਾ ਕੇ ਅਸੀਂ ਕੀ ਲੈਣਾ ਹੈ। ਜਦ ਅਸੀਂ ਸੁੰਦਰ ਕੀਰਤਨ ਕਰਦੇ ਹਾਂ ਤਾਂ ਸੰਗਤ ਦੇ ਆਉਣ ਨਾਲ ਦਿਵਾਨ ਲੱਗ ਜਾਂਦਾ ਹੈ। ਇਸ ਗੁਰਗੱਦੀ ਦੀ ਵਡਿਆਈ ਦਾ ਮੂਲ ਅਧਾਰ ਅਸੀਂ ਹਾਂ। ਜਦ ਅਸੀਂ ਨਹੀਂ ਜਾਵਾਂਗੇ ਤਾਂ ਉਲਟ ਹੋ ਜਾਵੇਗਾ। ਉਨ੍ਹਾਂ ਨੂੰ ਕੋਈ ਗੁਰੂ ਨਹੀਂ ਆਖੇਗਾ। ਫੇਰ ਧਨ ਦੀ ਪੂਜਾ ਕਿਸ ਕੋਲੋਂ ਹੋਵੇਗੀ। ਸਾਡੇ ਤੋਂ ਬਿਨਾ ਗੁਰੂ ਜੀ ਇਕੱਲੇ ਬੈਠੇ ਰਹਿਣਗੇ। ਉਨ੍ਹਾਂ ਦੀ ਸਾਰੀ ਮਹਿਮਾ ਚਲੀ ਜਾਵੇਗੀ। ਸੁਣ ਕੇ ਇੱਕ ਸਿੱਖ ਨੇ ਸਮਝਾਇਆ ਕਿਉਂ ਹੰਕਾਰ ਕਰਦੇ ਹੋ,ਗੁਰੂ ਜੀ ਨੂੰ ਮਿਲੋ ਤੇ ਕੀਰਤਨ ਕਰੋ। ਪਰ ਉਹ ਨਾ ਮੰਨੇ। ਸਿੱਖ ਨੇ ਆ ਕੇ ਇਹ ਸਾਰਾ ਕੁਝ ਗੁਰੂ ਜੀ ਨੂੰ ਦੱਸਿਆ। ਇਹ ਸੁਣ ਕੇ ਗੁਰੂ ਜੀ ਨੇ ਇੱਕ ਹੋਰ ਸਿੱਖ ਨੂੰ ਭੇਜਿਆ। ਉਸ ਨੇ ਜਾ ਕੇ ਆਖਿਆ ਹੇ ਰਬਾਬੀਓ ਗੁਰੂ ਜੀ ਨੇ ਬੁਲਵਾਇਆ ਹੈ ਉਨ੍ਹਾਂ ਕੋਲ ਜਾ ਕੇ ਆਪਣਾ ਦੁਖ ਕਿਉਂ ਨਹੀਂ ਦੱਸਦੇ। ਦੋਹਾਂ ਭਰਾਵਾਂ ਨੇ ਹੰਕਾਰ ਧਾਰਨ ਕਰਕੇ ਆਖਿਆ ਅਸੀਂ ਉਨ੍ਹਾਂ ਕੋਲੋਂ ਕੁਝ ਨਹੀਂ ਲਿਆ। ਉਨ੍ਹਾ ਦੇ ਕਠੋਰ ਵਾਕ ਸੁਣ ਕੇ ਸਿੱਖ ਨੇ ਉਸੇ ਵੇਲੇ ਗੁਰੂ ਜੀ ਨੂੰ ਜਾ ਦੱਸਿਆ। ਹੇ ਪ੍ਰਭੂ ਜੀਓ ਉਹ ਮੂਰਖ ਰਬਾਬੀ ਕਿਸੇ ਤਰ੍ਹਾਂ ਵੀ ਨਹੀਂ ਮੰਨਦੇ। ਇਹ ਸੁਣ ਕੇ ਗੁਰੂ ਜੀ ਆਪ ਤਿਆਰ ਹੋ ਗਏ। ਗੁਰੂ ਜੀ ਅਦਬ ਕਰਨ ਦੀ ਖਾਤਰ ਉਨ੍ਹਾਂ ਦੇ ਘਰ ਪਹੁੰਚ ਕੇ ਅੰਦਰ ਦਾਖਲ ਹੋ ਕੇ ਖੜ੍ਹੇ ਹੋ ਗਏ। ਰਬਾਬੀਆਂ ਨੇ ਗੁਰੂ ਜੀ ਨੂੰ ਦੇਖ ਕੇ ਉੱਠ ਕੇ ਸਤਿਕਾਰ ਨਹੀਂ ਕੀਤਾ। ਉਹ ਦੋਵੇਂ ਮੂਰਖ ਚੁੱਪ ਧਾਰੀ ਬੈਠੇ ਰਹੇ। ਉਨ੍ਹਾਂ ਨੇ ਗੁਰੂ ਜੀ ਦੀ ਮਹਿਮਾ ਨਹੀਂ ਜਾਣੀ। ਸੱਤੇ ਅਤੇ ਬਲਵੰਡੇ ਨੂੰ ਗੁਰੂ ਜੀ ਨੇ ਆਖਿਆ ਅਜਿਹਾ ਕਿਹੜਾ ਕਾਰਨ ਹੋਇਆ ਹੈ ਜਿਸ ਕਰਕੇ ਤੁਸੀਂ ਗੁੱਸਾ ਧਾਰ ਰੱਖਿਆ ਹੈ। ਤੁਸੀਂ ਸ਼ਰਧਾ ਨਾਲ ਕੀਰਤਨ ਕਰੋ ਮਾਇਆ ਤੁਹਾਡੇ ਕੋਲ ਆਪੇ ਆਵੇਗੀ। ਸੁਣ ਕੇ ਬਲਵੰਡ ਬੋਲਿਆ ਉਹ ਖਜਾਨਾ ਕਿੱਥੇ ਰੱਖਿਆ ਹੋਇਆ ਹੈ। ਅਸੀਂ ਹੁਣ ਤੁਹਾਡੇ ਕੋਲ ਨਹੀਂ ਜਾਵਾਂਗੇ। ਕਿਸੇ ਹੋਰ ਸਥਾਨ ਤੇ ਜਾ ਕੇ ਰਾਗ ਸੁਣਾਵਾਂਗੇ ਅਤੇ ਮਨ ਭਾਉਂਦਾ ਧਨ ਪ੍ਰਾਪਤ ਕਰਾਂਗੇ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ।

ਜਗਤ ਵਿਚ ਉਨ੍ਹਾਂ ਨੂੰ ਕਿਸੇ ਨੇ ਨਹੀਂ ਜਾਣਿਆ। ਜਦੋਂ ਉਨ੍ਹਾਂ ਨੇ ਮਰਦਾਨਾ ਆਪਣੇ ਨਾਲ ਰੱਖ ਲਿਆ ਤਾਂ ਸਾਰਿਆਂ ਵਿਚ ਉਨ੍ਹਾਂ ਦਾ ਜਸ ਪ੍ਰਗਟ ਹੋ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਤੁਹਾਡੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਰਬਾਬੀ ਹੀ ਪ੍ਰਗਟ ਕਰਦੇ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਨੂੰ ਵੀ ਕੋਈ ਨਹੀਂ ਸੀ ਜਾਣਦਾ।

ਤੁਹਾਡੇ ਕੋਲ ਰਹਿ ਕੇ ਅਸੀਂ ਕੀਰਤਨ ਕਰਕੇ ਮਹਿਮਾ ਗਾਉਂਦੇ ਸਾਂ ਤਾਂ ਸਿੱਖ ਦੇਸਾਂ ਵਿਦੇਸਾਂ ਤੋਂ ਬਹੁਤ ਪਦਾਰਥ ਲਿਆਉਂਦੇ ਸਨ। ਸਾਡੇ ਵਿਚ ਇਤਨਾ ਵੱਡਾ ਗੁਣ ਹੈ ਪਰ ਤੁਸੀਂ ਕੁਝ ਨਹੀਂ ਜਾਣਿਆ। ਨਹੀਂ ਤਾਂ ਤੁਸੀਂ ਅੱਧੀ ਚੜ੍ਹਾਵੇ ਦੀ ਰਕਮ ਸਾਡੇ ਘਰ ਪਹੁੰਚਾ ਦਿੰਦੇ। ਹੁਣ ਅਸੀਂ ਵੇਖਾਂਗੇ ਤੁਸੀਂ ਗੁਰੂ ਕਿਵੇਂ ਅਖਵਾਓਂਗੇ। ਹਜਾਰਾਂ ਭੇਟਾਵਾਂ ਤੁਸੀਂ ਕਿਵੇਂ ਪ੍ਰਾਪਤ ਕਰੋਂਗੇ। ਹੁਣ ਅਸੀਂ ਕਿਸੇ ਹੋਰ ਕੋਲ ਰਹਿ ਕੇ ਉਸ ਨੂੰ ਗੁਰੂ ਬਣਾ ਲਵਾਂਗੇ। ਹੁਣ ਤੁਸੀਂ ਪਛਤਾਅ ਰਹੇ ਹੋ ਜਦ ਤੁਹਾਡੀ ਮਾਨਤਾ ਦਾ ਨੁਕਸਾਨ ਹੋਇਆ। ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂਆਂ ਦੀ ਨਿੰਦਾ ਕੀਤੀ ਤਾਂ ਉਹ ਉਨ੍ਹਾਂ ਨੂੰ ਫਿਟਕਾਰ ਪਾ ਕੇ ਉਨ੍ਹਾਂ ਦੇ ਘਰੋਂ ਨਿਕਲ ਗਏ। ਉਨ੍ਹਾਂ ਦੇ ਹਿਰਦੇ ਵਿਚ ਨਰਾਜਗੀ ਛਾ ਗਈ ਤੁਸੀਂ ਗੁਰੂ ਨਾਨਕ ਜੀ ਦੀ ਨਿੰਦਾ ਕੀਤੀ। ਤੁਹਾਡੀ ਦੇਹ ਫਿਟ ਜਾਵੇਗੀ ਇਉਂ ਆਖ ਕੇ ਗੁਰੂ ਜੀ ਵਾਪਸ ਦੁਖਭੰਜਨੀਂ ਦੇ ਕੋਲ ਜੋ ਥੜ੍ਹਾ ਹੈ ਤੇ ਸੁਭਾਏਮਾਨ ਹੋ ਗਏ। ਸਾਰੀ ਸੰਗਤ ਇਕੱਠੀ ਹੋ ਗਈ ਅਤੇ ਦਿਵਾਨ ਲਗਾਇਆ ਗਿਆ। ਗੁਰੂ ਜੀ ਨੇ ਸਿੱਖਾਂ ਨੂੰ ਆਗਿਆ ਕੀਤੀ ਤੁਸੀਂ ਰਾਗ ਸੁਣਾਓ। ਸ਼ਬਦਾਂ ਨੂੰ ਰਾਗਾਂ ਸਹਿਤ ਗਾਓ ਅਤੇ ਇਹ ਰਾਗ ਵਿੱਦਿਆ ਪ੍ਰਾਪਤ ਕਰੋ। ਸਿੱਖਾਂ ਨੇ ਬਚਨ ਮੰਨ ਕੇ ਸਾਜਾਂ ਦੇ ਨਾਲ ਕੀਰਤਨ ਸ਼ੁਰੂ ਕਰ ਦਿੱਤਾ। ਜਿਹੜੇ ਸਿੱਖ ਰਾਗਾਂ ਨੂੰ ਜਾਣਦੇ ਨਹੀਂ ਸਨ ਉਨ੍ਹਾਂ ਨੇ ਵੀ ਗਾ ਕੇ ਹੈਰਾਨ ਕਰ ਦਿੱਤਾ। ਸਿੱਖਾਂ ਦੇ ਰਾਗ ਵਿਚ ਕੀਰਤਨ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਵਰ ਦਿੱਤਾ ਤੁਸੀਂ ਸ਼ਰਧਾ ਨਾਲ ਸਾਡੇ ਬਚਨ ਮੰਨ ਲਏ ਹਨ। ਹੁਣ ਤੋਂ ਰਾਗਾਂ ਦੀ ਵਿੱਦਿਆ ਸਿੱਖਾਂ ਵਿਚ ਆ ਗਈ। ਜਿਹੜੇ ਵੀ ਪ੍ਰੇਮ ਧਾਰਨ ਕਰਕੇ ਰਾਗਾਂ ਵਿਚ ਕੀਰਤਨ ਕਰਨਗੇ ਅਤੇ ਸੁਣਨਗੇ ਉਹ ਸ੍ਰੇਸ਼ਟ ਮੁਕਤੀ ਪਾ ਲੈਣਗੇ। ਮਰਾਸੀ ਜਾਤ ਵਾਲੇ ਬਹੁਤ ਪਛਤਾਉਣਗੇ। ਉਨ੍ਹਾਂ ਨੂੰ ਲਾਲਚ ਭਟਕਾਏਗਾ। ਉਹ ਘਰ ਘਰ ਸ਼ਬਦ ਲੈ ਕੇ ਗਾਉਂਦੇ ਫਿਰਨਗੇ ਪਰ ਤ੍ਰਿਪਤ ਨਹੀਂ ਹੋਣਗੇ। ਜਿੱਥੇ ਕਿੱਥੇ ਉਹ ਬਿਨਾ ਬੁਲਾਇਆਂ ਗਾਉਣਗੇ ਅਨਾਦਰ ਹੀ ਪ੍ਰਾਪਤ ਕਰਨਗੇ। ਉਨ੍ਹਾਂ ਨੂੰ ਸਿੱਖ ਮੂੰਹ ਨਹੀਂ ਲਾਉਣਗੇ। ਮੂਰਖ ਮਰਾਸੀਆਂ ਨੇ ਆਪਣੀ ਕਰਨੀ ਦਾ ਫਲ ਪ੍ਰਾਪਤ ਕੀਤਾ ਹੈ।

ਉਹ ਮੂਰਖ ਗੁਰੂ ਘਰ ਦੀ ਨਿੰਦਾ ਕਰਨ ਲੱਗ ਪਏ ਹਨ। ਸਾਡੇ ਕੋਲ ਕੋਈ ਉਨ੍ਹਾਂ ਦੀ ਫਰਿਆਦ ਨਾ ਕਰੇ। ਜਿਹੜਾ ਕੋਈ ਫਰਿਆਦ ਕਰੇਗਾ ਉਸਦਾ ਮੂੰਹ ਕਾਲਾ ਕਰਾਂਗੇ, ਉਸ ਨੂੰ ਗਧੇ ਤੇ ਚੜ੍ਹਾ ਕੇ ਫੇਰ ਸਾਰੇ ਨਗਰ ਵਿਚ ਘੁਮਾਵਾਂਗੇ। ਉਸ

ਦੇ ਨਾਲ ਢੋਲ ਵੱਜਣਗੇ ਤਦ ਸਾਰੇ ਲੋਕ ਉਸ ਨੂੰ ਦੇਖਣਗੇ। ਥੋੜ੍ਹੇ ਦਿਨਾ ਵਿਚ ਹੀ ਉਨ੍ਹਾਂ ਦੇ ਸਰੀਰ ਵਿਚ ਰੋਗ ਪੈਦਾ ਹੋ ਗਿਆ। ਜਿੱਥੇ ਕਿੱਥੇ ਵੀ ਉਹ ਮੰਗਣ ਜਾਂਦੇ ਕੋਈ ਇਨ੍ਹਾਂ ਵੱਲ ਵੇਖਦਾ ਵੀ ਨਹੀਂ ਸੀ। ਕ੍ਰੋਧ ਵਿਚ ਆ ਕੇ ਲੋਕ ਗਾਲ਼ਾਂ ਕੱਢਦੇ ਸੀ। ਬਹੁਤ ਅਪਮਾਨ ਹੁੰਦਾ। ਫੇਰ ਉਨ੍ਹਾਂ ਨੇ ਗੁਰੂ ਜੀ ਦੀ ਮਹਿਮਾ ਨੂੰ ਜਾਣਿਆ। ਉਨ੍ਹਾਂ ਨੇ ਸਿੱਖਾਂ ਕੋਲ ਬੇਨਤੀਆਂ ਕੀਤੀਆਂ ਪਰ ਕਿਸੇ ਨੇ ਵੀ ਨਹੀਂ ਮੰਨੀ। ਸਭ ਆਖਦੇ ਜਿਹੜਾ ਆਪਣਾ ਮੂੰਹ ਕਾਲਾ ਕਰਾਉਣਾ ਚਾਹੁੰਦਾ ਹੋਵੇ ਉਹ ਜਾ ਕੇ ਗੁਰੂ ਜੀ ਨੂੰ ਆਖੇ।

## ਲੱਧਾ ਪਰਉਪਕਾਰੀ ਨੇ ਸੱਤਾ ਤੇ ਬਲਵੰਡ ਨੂੰ ਬਖਸ਼ਾਉਣਾ

ਸੱਤਾ ਤੇ ਬਲਵੰਡ ਘਰ ਬੈਠ ਕੇ ਝੂਰਨ ਲੱਗੇ ਅਸੀਂ ਕੀ ਕਰ ਲਿਆ। ਗੁਰੂ ਜੀ ਆਪ ਚੱਲ ਕੇ ਸਾਡੇ ਘਰ ਆਏ ਸਨ ਪਰ ਅਸੀਂ ਉਨ੍ਹਾਂ ਨੂੰ ਆਦਰ ਨਹੀਂ ਦਿੱਤਾ ਸਗੋਂ ਬਹੁਤ ਕਠੋਰ ਨਿੰਦਾ ਕੀਤੀ। ਪੰਜੇ ਗੁਰੂ ਸਾਹਿਬਾਨ ਸੂਰਜ ਸਮਾਨ ਪ੍ਰਗਟ ਹਨ ਉਨ੍ਹਾਂ ਅੱਗੇ ਜਗਤ ਵਿਚ ਕੋਈ ਵੀ ਨਹੀਂ ਅੜਿਆ। ਵੈਰੀ ਵੀ ਉਨ੍ਹਾਂ ਦੇ ਸਰਾਪ ਨਾਲ ਨਸ਼ਟ ਹੋ ਗਏ। ਇਹ ਤਾਂ ਖੁਦਾ ਦੀ ਹੀ ਮੂਰਤ ਹਨ, ਜਿਨ੍ਹਾਂ ਦਾ ਅਸੀਂ ਅਪਮਾਨ ਕੀਤਾ। ਸਾਨੂੰ ਕਿਸ ਤਰ੍ਹਾਂ ਸੁਖ ਪ੍ਰਾਪਤ ਹੋਵੇਗਾ। ਜਦੋਂ ਕਿ ਗੁਰੂ ਜੀ ਨੇ ਸਰਾਪ ਦੇ ਦਿੱਤਾ ਹੈ। ਹੋਣੀ ਦੇ ਪ੍ਰੇਰਨ ਕਰਕੇ ਹੀ ਸਾਡੇ ਹਿਰਦੇ ਵਿਚ ਹੰਕਾਰ ਹੋਇਆ ਸੀ। ਅਸੀਂ ਹੀ ਸਾਰਿਆਂ ਤੋਂ ਵੱਡੇ ਹਾਂ, ਇਵੇਂ ਬਹੁਤ ਹੰਕਾਰ ਹੋ ਗਿਆ। ਗੁਰੂ ਦਰਬਾਰ ਵਿਚ ਸਨਮਾਨ ਹੁੰਦਾ ਸੀ, ਉਸ ਨੂੰ ਅਸੀਂ ਜਰ ਨਾ ਸਕੇ। ਹੁਣ ਅਸੀਂ ਵੱਡੀ ਬਿਪਤਾ ਵਿਚ ਪੈ ਗਏ ਹਾਂ ਤੇ ਕੋਈ ਮਦਦਗਾਰ ਨਹੀਂ ਹੈ। ਇਕ ਦਿਨ ਬੈਠਿਆਂ ਝੂਰਦਿਆਂ ਹੋਇਆਂ ਦੇ ਮਨ ਵਿਚ ਇੰਜ ਵਿਚਾਰ ਆਈ ਕਿ ਲਾਹੌਰ ਵਿਚ ਲੱਧਾ ਨਾਮੀ ਸਿੱਖ ਹੈ,ਜਿਸ ਦੀ ਬਹੁਤ ਮਹਿਮਾ ਹੈ। ਭਾਈ ਗੁਰਦਾਸ ਜੀ ਨੇ ਕਈ ਵਾਰ ਉਸ ਦੀ ਸ੍ਰੇਸ਼ਟ ਉਸਤਤੀ ਕੀਤੀ ਸੀ। ਉਸ ਵਰਗਾ ਹੋਰ ਕੋਈ ਦੂਸਰਾ ਅਜਿਹਾ ਪਰਉਪਕਾਰੀ ਮਨੁੱਖ ਨਹੀਂ ਹੈ। ਉਹ ਸਾਨੂੰ ਬਖਸ਼ਵਾ ਦੇਣਗੇ। ਉਨ੍ਹਾਂ ਨੇ ਅਜਿਹਾ ਨਿਸ਼ਚਾ ਧਾਰਨ ਕੀਤਾ। ਉਹ ਦੋਵੇਂ ਆਪਣਾ ਸਾਰਾ ਹੰਕਾਰ ਦੂਰ ਕਰਕੇ ਲਾਹੌਰ ਨੂੰ ਚੱਲ ਪਏ। ਉਹ ਇੱਕ ਰਾਤ ਰਸਤੇ ਵਿਚ ਗੁਜ਼ਾਰ ਕੇ ਉਸ ਅਸਥਾਨ ਤੇ ਪਹੰਚ ਗਏ। ਗਲੀ ਵਿਚ ਫਿਰਦਿਆਂ ਸਿੱਖ ਮਿਲਦੇ ਤਾਂ ਉਹ ਇੱਧਰ ਉੱਧਰ ਟਲ ਜਾਂਦੇ। ਸਿੱਖ ਦੇਖ ਕੇ ਆਪਣੇ ਚਿਹਰੇ ਨੂੰ ਛੁਪਾਉਣ ਲਈ ਮੂੰਹ ਤੇ ਬਸਤਰ ਪਾ ਲੈਂਦਾ। ਨਾ ਤਾਂ ਉਹ ਆਪਣਾ ਮੂੰਹ ਦਿਖਾਉਂਦਾ ਅਤੇ ਨਾ ਹੀ ਉਨ੍ਹਾਂ ਵੱਲ ਵੇਖਦਾ। ਉਨ੍ਹਾਂ ਨੂੰ ਵੱਡੇ ਪਾਪੀ ਸਮਾਨ ਜਾਣ ਕੇ ਕੋਈ ਵੀ ਨਾ ਬੋਲਦਾ। ਇਹ ਤਾਂ ਗੁਰੂ ਜੀ ਦੇ ਵੱਡੇ ਸਰਾਪੇ ਹੋਏ ਹਨ,ਇਨ੍ਹਾਂ ਨੂੰ ਕਿਤੇ ਢੋਈ ਨਹੀਂ ਮਿਲਣੀ। ਉਹ ਲੱਧੇ ਦੇ ਘਰ ਪਹੁੰਚੇ ਤਾਂ ਕਿਸੇ ਬੰਦੇ ਨੇ ਜਾ ਕੇ ਲੱਧੇ ਨੂੰ ਆਖ ਸੁਣਾਇਆ, ਸੱਤੇ ਸਮੇਤ ਬਲਵੰਡ ਜੋ ਦੋਨੋਂ ਰਬਾਬੀ ਹਨ ਤੇਰੇ ਘਰ ਆਏ ਹਨ। ਉਸ ਨੇ ਦੌੜ ਕੇ ਦਰਵਾਜੇ ਦੇ ਤਖਤੇ ਬੰਦ ਕਰ ਲਏ ਅਤੇ ਅੰਦਰ ਹੋ ਕੇ ਬੈਠ

ਗਿਆ। ਉਸ ਨੇ ਸੋਚਿਆ ਕਿ ਗੁਰੂ ਅਰਜਨ ਦੇਵ ਜੀ ਦੇ ਫਿਟਕਾਰੇ ਹੋਏ ਹਨ। ਉਸ ਕਰਕੇ ਹੀ ਇਨ੍ਹਾਂ ਦਾ ਦੁੱਖ ਵਧਿਆ ਹੈ। ਉਨ੍ਹਾਂ ਨੇ ਦਰਵਾਜੇ ਕੋਲ ਕੌਲੇ ਨਾਲ ਲੱਗ ਕੇ ਬਹੁਤ ਬੇਨਤੀਆਂ ਕੀਤੀਆਂ। ਸਾਨੂੰ ਬਚਾ ਲਵੋ,ਰੱਖਿਆ ਕਰੋ!ਤੁਹਾਡੀ ਸ਼ਰਨ ਪਏ ਹਾਂ। ਤੁਹਾਡੀ ਬਹੁਤ ਸਿਫਤ ਸੁਣੀ ਹੈ। ਗੁਰੂ ਦੇ ਸਿੱਖਾਂ ਤੁਹਾਨੂੰ ਪਰਉਪਕਾਰੀ ਕਹਿੰਦੇ ਹਨ। ਅਨਾਥ ਜਾਣਕੇ ਸਾਡੀ ਸਹਾਇਤਾ ਕਰੋ ਤੇ ਸਾਡੀ ਪੀੜਾ ਦੂਰ ਕਰੋ। ਆਪਣੇ ਨਾਮ ਦੀ ਲਾਜ ਰੱਖੋ। ਸਾਡੀ ਬੇਨਤੀ ਸੁਣ ਲਵੋ। ਗੁਰੂ ਜੀ ਕੋਲ ਇੱਕ ਵਾਰੀ ਸਾਡੀ ਖਬਰ ਦੇ ਦੇਵੋ। ਤੁਹਾਡੇ ਬਿਨਾ ਹੋਰ ਕੋਈ ਟਿਕਾਣਾ ਨਹੀਂ ਜਿਸ ਦੇ ਕੋਲ ਜਾਈਏ। ਅਸੀਂ ਤਾਂ ਆਪ ਦੇ ਦਰ ਤੇ ਆ ਪਏ ਹਾਂ ਜਿਸ ਤਰ੍ਹਾਂ ਦਿਲ ਨੂੰ ਭਾਉਂਦਾ ਹੈ ਕਰੋ। ਤੁਸੀਂ ਸਾਨੂੰ ਮਾਰੋ ਜਾਂ ਜਿਉਂਦੇ ਰੱਖੋ, ਅਸੀਂ ਤਾਂ ਤੁਹਾਡੇ ਅਧੀਨ ਹੋ ਗਏ ਹਾਂ। ਤੁਹਾਡੀ ਸ਼ਰਨ ਤੱਕ ਕੇ ਘਰ ਤੋਂ ਨਿਕਲੇ ਹਾਂ, ਸਾਡੇ ਦੁਖ ਦੂਰ ਕਰ ਦੇਵੋ। ਇਸ ਤਰ੍ਹਾਂ ਉਨ੍ਹਾਂ ਨੇ ਕਿੰਨਾ ਸਮਾਂ ਬਹੁਤ ਬੇਨਤੀਆਂ ਕੀਤੀਆਂ। ਤਦ ਉਹ ਬਹੁਤ ਸ਼ਰਮਿੰਦੇ ਹੋਏ ਦਰਵਾਜ਼ੇ ’ਤੇ ਬੈਠੇ ਰਹੇ। ਭਾਈ ਲੱਧਾ ਆਪਣੇ ਮਨ ਵਿਚ ਸੋਚਣ ਲੱਗਿਆ ਕਿ ਮੈਂ ਉਪਕਾਰ ਕੀਤੇ ਹਨ ਤਾਂ ਇਹ ਸਭ ਥਾਵਾਂ ਛੱਡ ਕੇ ਮੇਰੇ ਦਰ ਤੇ ਆਣ ਪਏ ਹਨ ਪਰ ਇਨ੍ਹਾਂ ਦਾ ਕੰਮ ਬਹੁਤ ਔਖਾ ਹੈ। ਮੇਰਾ ਗੁਰੂ ਜੀ ਦੇ ਕੋਲ ਕਹਿਣਾ ਨਹੀਂ ਬਣਦਾ। ਉਹ ਮੂੰਹ ਕਾਲਾ ਕਰ ਦੇਣਗੇ। ਕਿਵੇਂ ਇਨ੍ਹਾਂ ਦਾ ਕੰਮ ਬਣੇ। ਕੋਈ ਢੰਗ ਦਿਸਦਾ ਹੀ ਨਹੀਂ। ਉਸ ਨੇ ਮੁੜ ਵਿਚਾਰਿਆ ਕਿ ਮੈਂ ਆਪ ਹੀ ਮੂੰਹ ਕਾਲਾ ਕਰ ਲੈਂਦਾ ਹਾਂ। ਗਧੇ ਤੇ ਚੜ੍ਹ ਕੇ ਗੁਰੂ ਜੀ ਦੇ ਦਰਬਾਰ ਵਿਚ ਚਲਾ ਜਾਂਦਾ ਹਾਂ। ਤਦ ਹੀ ਕਹਿਣਾ ਚੰਗਾ ਹੈ ਤੇ ਇਨ੍ਹਾਂ ਦਾ ਕੰਮ ਬਣ ਜਾਵੇਗਾ। ਗੁਰੂ ਜੀ ਪਹਿਲਾਂ ਸਜ਼ਾ ਨੂੰ ਵੇਖਣਗੇ ਅਤੇ ਫਿਰ ਬਖਸ਼ ਦੇਣਗੇ।

ਭਾਈ ਲੱਧੇ ਨੇ ਇਹ ਨਿਸ਼ਚਾ ਧਾਰਨ ਕੀਤਾ ਤੇ ਦਰਵਾਜਾ ਖੋਲ੍ਹ ਕੇ ਉਹ ਅੰਦਰ ਦਾਖਲ ਕਰ ਲਏ। ਉਨ੍ਹਾਂ ਨੂੰ ਧੀਰਜ ਦਿੱਤਾ, ਮੈਂ ਪੂਰੀ ਕੋਸ਼ਿਸ ਕਰਦਾ ਹਾਂ ਤਾਂ ਕਿ ਗੁਰੂ ਜੀ ਤੁਹਾਡੀ ਇੱਛਾ ਪੂਰੀ ਕਰ ਦੇਣ। ਉਸ ਦਿਨ ਉਨ੍ਹਾਂ ਨੂੰ ਆਪਣੇ ਕੋਲ ਰੱਖਿਆ, ਫੇਰ ਅਗਲੀ ਸਵੇਰ ਉਹ ਉੱਠ ਪਿਆ। ਪਹਿਲਾਂ ਉਸ ਨੇ ਸਿਰ ਮੁਨਵਾ ਕੇ ਆਪਣਾ ਮੂੰਹ ਕਾਲਾ ਕਰ ਲਿਆ। ਇੱਕ ਗਧਾ ਭਾੜੇ ਤੇ ਕਰ ਲਿਆ ਅਤੇ ਉਸ ਉੱਤੇ ਸਵਾਰ ਹੋ ਗਿਆ। ਆਪਣੇ ਨਾਲ ਢੋਲ ਵਜਵਾਇਆ, ਜਿਸ ਨੂੰ ਹਜਾਰਾਂ ਲੋਕ ਦੇਖ ਰਹੇ ਸਨ। ਰਸਤੇ ਵਿਚ ਰਾਤ ਰਹਿ ਕੇ ਅਗਲੇ ਦਿਨ ਉਹ ਗੁਰੂ ਦੀ ਨਗਰੀ ਵਿਚ ਆ ਗਿਆ। ਪਹਿਲਾਂ ਨਗਰੀ ਦੀ ਪਰਕਰਮਾਂ ਕੀਤੀ ਅਤੇ ਫੇਰ ਉਹ ਅੰਦਰ ਜਾ ਦਾਖਲ ਹੋਇਆ। ਤਮਾਸ਼ਾ ਦੇਖਣ ਲਈ ਲੋਕਾਂ ਦੇ ਟੋਲੇ ਇਕੱਠੇ ਹੋ ਗਏ। ਭਾਈ ਲੱਧੇ ਨੇ ਨਗਰ ਦੀ ਗਲੀ ਗਲੀ ਵਿਚ ਫਿਰ ਕੇ ਆਪਣਾ ਭੇਸ ਵਿਖਾਇਆ। ਪੁਰਖਾਂ, ਇਸਤਰੀਆਂ, ਬੱਚਿਆਂ, ਨੌਜੁਵਾਨਾ ਅਤੇ ਬੁਢਿਆਂ ਸਭ ਨੇ ਉਸ ਨੂੰ ਦੇਖਿਆ। ਸਾਰੇ ਪਾਸੇ ਉਸ ਦਾ ਜਸ ਫੈਲ ਗਿਆ। ਭਾਈ ਲੱਧਾ ਧੰਨ ਹੈ! ਸਾਰੇ ਕਹਿਣ ਲੱਗੇ, ਜਿਸ

ਨੇ ਇਹ ਵੱਡਾ ਪਰਉਪਕਾਰ ਕੀਤਾ ਹੈ ਇਸ ਢੰਗ ਨਾਲ ਕੌਣ ਦੂਸਰਿਆਂ ਦੇ ਭਲੇ ਲਈ ਐਨਾ ਵੱਡਾ ਕੰਮ ਕਰ ਸਕਦਾ ਹੈ। ਗੁਰੂ ਦੇ ਸਿੱਖ ਧੰਨ ਹਨ, ਜੋ ਬਹੁਤ ਕਿਰਪਾ ਵਾਲੇ ਹਨ। ਭਾਈ ਲੱਧਾ ਜੀ ਨੇ ਆਪਣੇ ਹਾਨ, ਲਾਭ ਅਤੇ ਇੱਜਤ ਬਾਰੇ ਥੋੜ੍ਹਾ ਜਿੰਨਾ ਵੀ ਨਹੀਂ ਵਿਚਾਰਿਆ। ਉਨ੍ਹਾਂ ਗੁਰੂ ਜੀ ਦੇ ਬਚਨਾ ਨੂੰ ਪੂਰਾ ਕਰਨ ਲਈ ਇਵੇਂ ਭੇਸ ਬਣਾਇਆ ਹੈ। ਢੋਲ ਵੱਜਦੇ ਦੀ ਆਵਾਜ਼ ਸੁਣ ਕੇ ਪੁਰਖ ਤੇ ਇਸਤਰੀਆਂ ਵੇਖਦੀਆਂ ਸਨ। ਪਰਉਪਕਾਰੀ ਸਿੱਖ ਸਾਰੇ ਨਗਰ ਦੀ ਗਲੀ ਗਲੀ ਵਿਚ ਫਿਰਿਆ। ਫਿਰ ਆਪਣੇ ਕੰਨੀ ਇਹ ਸੁਣ ਕੇ ਕਿ ਗੁਰੂ ਜੀ ਥੜ੍ਹਾ ਸਾਹਿਬ ਤੇ ਸੁਭਾਇਮਾਨ ਹਨ, ਉਹ ਗਧੇ ਨੂੰ ਪ੍ਰੇਰ ਕੇ ਗੁਰੂ ਜੀ ਦੇ ਸਨਮੁਖ ਆ ਗਿਆ। ਭਾਈ ਲੱਧੇ ਨੇ ਪਰਉਪਕਾਰ ਕਰਨ ਲਈ ਮਨ ਵਿਚ ਕੋਈ ਸ਼ੰਕਾ ਨਾ ਕੀਤਾ। ਗੁਰੂ ਜੀ ਇਨ੍ਹਾਂ ਨੂੰ ਬਖਸ਼ ਦੇਣ ਤਾਂ ਮੇਰਾ ਕੀ ਘਟ ਜਾਵੇਗਾ। ਸਿਰ ਜਿਹੜਾ ਮੁੰਨਵਾਇਆ ਹੈ,ਵਾਲ ਮੁੜ ਵਧ ਜਾਣਗੇ। ਆਪਣਾ ਕਾਲਾ ਕੀਤਾ ਮੂੰਹ ਪਾਣੀ ਨਾਲ ਧੋ ਲਵਾਂਗਾ। ਪਰਾਏ ਕਾਰਜ ਲਈ ਜੇ ਸਰੀਰ ਕੰਮ ਆ ਜਾਵੇ ਤਾਂ ਜਨਮ ਇੱਕ ਵਾਰ ਸਫਲਾ ਹੋ ਜਾਵੇਗਾ। ਉਹ ਗੁਰੂ ਜੀ ਦੇ ਚਰਨ ਕਮਲਾਂ ਦਾ ਪ੍ਰੇਮ ਧਾਰਨ ਕਰਕੇ ਹਿਰਦੇ ਵਿਚ ਉਪਕਾਰ ਕਰਨਾ ਸੋਚ ਰਿਹਾ ਸੀ। ਢੋਲ ਵੱਜ ਰਿਹਾ ਸੀ ਤੇ ਉਸ ਦੇ ਨਾਲ ਲੋਕਾਂ ਦੀ ਬਹੁਤ ਭੀੜ ਸੀ। ਪੁਰਸ਼ ਤੇ ਇਸਤਰੀਆਂ ਦੇ ਉੱਚੀ ਉੱਚੀ ਬੋਲਣ ਕਰਕੇ ਬਹੁਤ ਰੌਲਾ ਪਿਆ ਹੋਇਆ ਸੀ। ਨੇੜੇ ਆਉਣ ਤੇ ਗੁਰੂ ਜੀ ਨੇ ਢੋਲ ਦੀ ਆਵਾਜ ਸੁਣੀ ਤਾਂ ਜਿਹੜੇ ਲੋਕ ਕੋਲ ਸਨ, ਉਨ੍ਹਾਂ ਨੂੰ ਪੁੱਛਣ ਲੱਗੇ"ਕੌਣ ਆ ਰਿਹਾ ਹੈ। ਬਹੁਤ ਰੌਲਾ ਪਾਇਆ ਹੋਇਆ ਹੈ,ਢੋਲ ਵਜਾਉਂਦੀ ਬੜੀ ਭੀੜ ਦਿਖਦੀ ਹੈ। ਇਹ ਕਿਹੜੇ ਦੇਸ਼ ਦੀ ਸੰਗਤ ਹੈ। "ਗੁਣਾਂ ਦੇ ਭੰਡਾਰ ਗੁਰੂ ਜੀ ਨੇ ਇਹ ਸਭ ਕੁਝ ਦੇਖ ਕੇ ਪੁੱਛਿਆ ਤਾਂ ਹੱਥ ਜੋੜ ਕੇ ਇੱਕ ਸਿੱਖ ਨੇ ਸਾਰੀ ਗੱਲ ਦੱਸੀ, "ਹੇ ਧੀਰਜਵਾਨ ਗੁਰੂ ਜੀ !ਸਿੱਖੀ ਦਾ ਸਿਦਕ ਧੰਨ ਹੈ। ਗੁਰਮੁਖ ਪਰਉਪਕਾਰੀ ਸਿੱਖ ਭਾਈ ਲੱਧੇ ਨੇ ਗੁਰੂ ਜੀ ਦੇ ਬਚਨ ਅਨੁਸਾਰ ਆਪਣਾ ਭੇਸ ਬਣਾਇਆ ਹੋਇਆ ਹੈ। ਆਪਣਾ ਮੂੰਹ ਕਾਲਾ ਕਰਕੇ ਗਧੇ ਤੇ ਸਵਾਰ ਹੈ। ਉਹ ਆਪਣਾ ਸਿਰ ਮੁਨਵਾ ਕੇ ਢੋਲ ਵਜਾ ਰਿਹਾ ਹੈ। ਉਹ ਨਗਰ ਵਿਚ ਘੁੰਮ ਰਿਹਾ ਹੈ। ਹੈਰਾਨ ਹੋਏ ਬਹੁਤ ਸਾਰੇ ਲੋਕ ਉਸ ਨੂੰ ਦੇਖਣ ਲਈ ਆਏ ਹਨ। ਇੰਨੇ ਵਿਚ ਭਾਈ ਲੱਧਾ ਗੁਰੂ ਜੀ ਦੇ ਸਾਹਮਣੇ ਆ ਖੜ੍ਹਾ ਹੋਇਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਮਨ ਵਿਚ ਪ੍ਰੇਮ ਵਧਾਇਆ। ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਦੇ ਚਰਨ ਕਮਲਾਂ ਵੱਲ ਦ੍ਰਿਸ਼ਟੀ ਲਾ ਲਈ। ਗਧੇ ਤੇ ਚੜ੍ਹਿਆ ਹੋਇਆ ਹੀ ਉਹ ਗੁਰੂ ਜੀ ਦੀ ਉਪਮਾ ਕਰਨ ਲੱਗਾ। ਹੇ ਕਿਰਪਾ ਦੇ ਭੰਡਾਰ ਗੁਰੂ ਜੀ,ਤੁਹਾਡਾ ਹੀ ਨਾਮ ਉਚਾਰਦੇ ਹਾਂ। ਤੁਸੀਂ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਹੋ। ਤੁਸੀਂ ਨੀਚ ਦਾ ਉਧਾਰ ਕਰਨ ਵਾਲੇ ਹੋ। ਤੁਸੀਂ ਗਰੀਬਾਂ-ਅਨਾਥਾਂ ਨੂੰ ਨਿਵਾਜਣ ਵਾਲੇ ਅਖਵਾਉਂਦੇ ਹੋ। ਆਪਣੇ ਸਾਰੇ ਸੇਵਕਾਂ ਨੂੰ ਵਡੱਪਣ ਬਖਸ਼ਣ ਵਾਲੇ ਹੋ ਅਤੇ ਸੋਹਣੇ ਚੰਦ ਸਮਾਨ

ਅਨੰਦ ਉਪਜਾਉਣ ਵਾਲੇ ਹੋ। ਤੁਹਾਡੇ ਗੁੱਸੇ ਤੇ ਮਿਹਰ ਵਾਲੇ ਸਭ ਬੋਲ ਪੂਰੇ ਹੋ ਜਾਂਦੇ ਹਨ। ਆਪਣਾ ਸੇਵਕ ਸਮਝ ਕੇ ਮੇਰੀ ਭੁੱਲ ਨੂੰ ਮੁਆਫ ਕਰ ਦੇਣਾ। ਮੈਂ ਆਪ ਜੀ ਦਾ ਪਹਿਲਾਂ ਦਾ ਹੁਕਮ ਮੰਨ ਕੇ ਇਸ ਤਰ੍ਹਾਂ ਕੀਤਾ ਹੈ। ਕੋਈ ਹੋਰ ਵੀ ਦੰਡ ਦੇਣਾ ਯੋਗ ਸਮਝਦੇ ਹੋ, ਉਹ ਵੀ ਮੈਨੂੰ ਦੇ ਦਿਓ, ਦੇਰ ਨਾ ਕਰੋ। ਫੇਰ ਹੀ ਮੈਂ ਨਿਸ਼ਚੇ ਸਹਿਤ ਆਪਣੀ ਬੇਨਤੀ ਕਰਾਂਗਾ। ਹੇ ਦੀਨਾ ਦੇ ਸਹਾਇਕ ਦਇਆ ਦੇ ਸਮੁੰਦਰ ਗੁਰੂ ਜੀਓ ਬੁੱਧੀ ਦੇ ਅੰਨ੍ਹੇ ਨੂੰ ਗਿਆਨ ਰੂਪੀ ਅੱਖਾਂ ਦੇਵੋ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਉਸ ਵੱਲ ਦੇਖਿਆ ਤਾਂ ਅੱਖਾਂ ਵਿਚ ਪੂਰੀ ਤਰ੍ਹਾਂ ਜਲ ਭਰ ਆਇਆ। ਗੁਰੂ ਜੀ ਨੇ ਬਚਨ ਕੀਤਾ ਕਿ ਗੁਰੂ ਦੇ ਮਾਰੇ ਨੂੰ ਤਾਂ ਸਿੱਖ ਬਚਾ ਲੈਂਦੇ ਹਨ ਪਰ ਸਿੱਖ ਦੇ ਮਾਰੇ ਨੂੰ ਕੋਈ ਟਿਕਾਣਾ ਨਹੀਂ ਮਿਲਦਾ। ਗਰਮੀ ਬਿਰਛ ਨੂੰ ਮਾਰਦੀ ਹੈ ਅਤੇ ਜੇ ਉਸ ਨੂੰ ਜਲ ਮਿਲ ਜਾਵੇ ਤਾਂ ਬਿਰਛ ਜੀਅ ਪੈਂਦਾ ਹੈ। ਪਰ ਪਾਣੀ ਦਾ ਮਾਰਿਆ ਹੋਇਆ ਬਿਰਛ ਸੁੱਕ ਜਾਂਦਾ ਹੈ। ਜੇਕਰ ਸਹਿਜ ਸੁਭਾ ਜਖਮ ਲੱਗ ਜਾਵੇ ਤਾਂ ਜੀਅ ਬਚਦਾ ਹੈ,ਪਰ ਜੇਕਰ ਕੋਈ ਧੋਖੇ ਨਾਲ ਵਾਰ ਕਰੇ ਤਾਂ ਕੋਈ ਬਚਦਾ ਨਹੀਂ,ਪ੍ਰਾਣ ਚਲੇ ਜਾਂਦੇ ਹਨ। ਸਿੱਖ ਸੰਗਤ ਨੂੰ ਇਉਂ ਸੁਣਾ ਕੇ ਗੁਰੂ ਜੀ ਅਜਿਹੇ ਪ੍ਰੇਮ ਵੱਸ ਹੋ ਗਏ ਬੋਲਿਆ ਹੀ ਨਹੀਂ ਸੀ ਜਾ ਰਿਹਾ। ਫੇਰ ਸੇਵਕਾਂ ਨੂੰ ਬੁਲਾ ਕੇ ਭਾਈ ਲੱਧੇ ਨੂੰ ਗਧੇ ਤੋਂ ਹੇਠਾਂ ਉਤਾਰ ਲਿਆ। ਫੇਰ ਚੰਗੀ ਤਰ੍ਹਾਂ ਇਸ਼ਨਾਨ ਕਰਵਾਇਆ ਤੇ ਉਸ ਨੂੰ ਬਸਤਰ ਪਹਿਨਾਏ। ਤਦ ਉਹ ਨਜ਼ਦੀਕ ਆਇਆ ਤਾਂ ਗੁਰੂ ਜੀ ਦੇ ਚਰਨ ਕਮਲਾਂ ਨੂੰ ਲਿਪਟਿਆ ਰਿਹਾ। ਗੁਰੂ ਜੀ ਨੇ ਪੁੱਛਿਆ,ਭਾਈ ਲੱਧਾ ਮੈਨੂੰ ਇਹ ਦੱਸ,ਕਿਸ ਵਾਸਤੇ ਤਨ ਦਾ ਬੇਢਵਾ ਭੇਸ ਬਣਾਇਆ ਹੈ। "ਭਾਈ ਲੱਧੇ ਨੇ ਆਖਿਆ ਤੁਸੀਂ ਅੰਤਰਜਾਮੀ ਹੋ। ਸਭ ਕੁਝ ਜਾਣਦੇ ਹੋ। ਜਗਤ ਵਿਚ ਕੋਈ ਗੱਲ ਤੁਹਾਡੇ ਤੋਂ ਛੁਪੀ ਨਹੀਂ। ਤੁਹਾਡਾ ਹੁਕਮ ਮੰਨ ਕੇ ਮੈਂ ਦੱਸਦਾ ਹਾਂ। ਸੋਈ ਕੀਤਾ ਹੈ ਜੋ ਆਪ ਦੇ ਬਚਨ ਸਨ। ਜਿਹੜਾ ਰਬਾਬੀਆਂ ਬਾਰੇ ਅਰਜ ਕਰੇਗਾ ਉਸ ਨੂੰ ਗਧੇ ਉਪਰ ਚੜ੍ਹਾਵਾਂਗੇ। ਉਸ ਦਾ ਮੂੰਹ ਕਾਲਾ ਕੀਤਾ ਜਾਵੇਗਾ। ਉਸਦਾ ਸਿਰ ਮੁਨਵਾ ਕੇ ਅਜਿਹੀ ਸਜ਼ਾ ਦੇਵਾਂਗੇ ਇਸ ਲਈ ਇਨ੍ਹਾਂ ਦਾ ਕੋਈ ਸਾਥੀ ਨਾ ਹੋਵੇ। ਮੈਂ ਆਪ ਜੀ ਦੇ ਬੋਲ ਅਮਲ ਵਿਚ ਲਿਆਂਦੇ ਹਨ। ਪਹਿਲਾਂ ਖੋਟਾ-ਰੂਪ ਧਾਰਨ ਕਰਕੇ ਫਿਰ ਆਇਆ ਹਾਂ। ਹੇ ਕਿਰਪਾ ਦੇ ਭੰਡਾਰ ਗੁਰੂ ਜੀ !ਆਪ ਦਾ ਬਖਸ਼ਣ ਵਾਲਾ ਸੁਭਾਅ ਹੈ। ਸੁਣੋ !ਮੈਂ ਇਹ ਸਭ ਕੁਝ ਕਰਨ ਤੋਂ ਬਾਅਦ ਹੀ ਬੇਨਤੀ ਕਰ ਰਿਹਾ ਹਾਂ। ਸੱਤਾ ਅਤੇ ਬਲਵੰਡ ਬਹੁਤ ਦੁਖੀ ਹਨ ਅਤੇ ਉਨ੍ਹਾਂ ਦੇ ਹਿਰਦੇ ਵਿਚੋਂ ਹੰਕਾਰ ਦੂਰ ਹੋ ਗਿਆ ਹੈ। ਉਹ ਬਹੁਤ ਹੀ ਕੰਗਾਲ ਰੋਗੀ ਅਤੇ ਵਿਆਕੁਲ ਹੋ ਗਏ ਹਨ। ਅਨਾਥ ਹੋਏ ਜਿਸ ਕਿਸੇ ਕੋਲ ਥਾਂ-ਥਾਂ ਜਾਂਦੇ ਹਨ। ਹੇ ਗੁਰੂ ਜੀ !ਉਨ੍ਹਾਂ ਦੀ ਗਲਤੀ ਮੁਆਫ ਕਰ ਦਿਉ। ਆਪਣੇ ਚਰਨ ਕਮਲਾਂ ਨਾਲ ਜੋੜ ਲਵੋ। ਤਦੋਂ ਸਾਰੀ ਸੰਗਤ ਸਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਵੱਡਾ ਉਪਕਾਰੀ ਸੁਭਾਅ ਵਾਲਾ ਜਾਣਿਆ ਤੇ ਕਿਹਾ

ਕਿ ਜੇ ਤੂੰ ਸਾਨੂੰ ਚੰਗੀ ਤਰ੍ਹਾਂ ਦੱਸ ਦਿੰਦਾ, ਇੰਨਾ ਦੁੱਖ ਕਿਉਂ ਪ੍ਰਾਪਤ ਹੁੰਦਾ। ਅਸੀਂ ਤੇਰੇ ਕਹਿਣ ਤੇ ਹੀ ਬਖਸ਼ ਦਿੰਦੇ, ਜਾਣ ਲੈਂਦੇ ਕਿ ਉਹ ਹੰਕਾਰ-ਰਹਿਤ ਹੋ ਗਏ ਹਨ। ਇਹ ਮੂਰਖ, ਗਾਇਨ ਦੀ ਵਿੱਦਿਆ ਦੇ ਹੰਕਾਰ ਵਿਚ ਅੰਨ੍ਹੇ ਹੋ ਗਏ ਸਨ,ਇਹ ਦੇਖ ਕੇ ਹੀ ਇਨ੍ਹਾਂ ਦੋਵਾਂ ਨੂੰ ਇਹ ਉਚਿਤ ਦੰਡ ਦੇਣਾ ਪਿਆ। ਉਨ੍ਹਾਂ ਨੇ ਹੰਕਾਰ ਦਾ ਨਾਸ਼ ਕਰ ਲਿਆ ਹੈ,ਹੁਣ ਉਨ੍ਹਾਂ ਦੀ ਰੱਖਿਆ ਕੀਤੀ ਹੈ। ਜੇਕਰ ਉਨ੍ਹਾਂ ਦਾ ਹਿਰਦਾ ਹੰਕਾਰ ਰਹਿਤ ਹੋ ਗਿਆ ਹੈ ਤਾਂ ਉਨ੍ਹਾਂ ਨੂੰ ਬੁਲਾ ਲਵੋ,ਤਾਂ ਜੋ ਦੁਖਾਂ ਤੋਂ ਮੁਕਤ ਕਰ ਦੇਈਏ। ਲੋਹਾ ਅੱਗ ਦੀ ਤਪਸ਼ ਨੂੰ ਪਾ ਕੇ ਨਰਮੀ ਫੜ ਲੈਂਦਾ ਹੈ,ਹੇ ਪ੍ਰਬੀਨ ਲੱਧਾ ਜੀ ਇੰਨ੍ਹਾਂ ਬਾਰੇ ਉਸੇ ਤਰ੍ਹਾਂ ਹੀ ਜਾਣੋ। ਤਦ ਭਾਈ ਲੱਧੇ ਨੇ ਪ੍ਰਸੰਨਤਾ ਨਾਲ ਇੱਕ ਆਦਮੀ ਭੇਜਿਆ ਉਨ੍ਹਾਂ ਨੂੰ ਗੁਰੂ ਜੀ ਕੋਲ ਬੁਲਵਾ ਲਿਆ। ਉਹ ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਨਿਮਰਤਾ ਨਾਲ ਬੋਲੇ, "ਹੇ ਸੁੱਖਾਂ ਦੇ ਦਾਤੇ ਜੀਓ! ਆਪਣੀ ਓਟ-ਪਨਾਹ ਵਿਚ ਰੱਖ ਲਵੋ। ਉਨ੍ਹਾਂ ਨੇ ਅੱਗੇ ਲੇਟ ਕੇ, ਗੁਰੂ ਜੀ ਦੇ ਚਰਨ ਕਮਲ ਫੜ ਲਏ, ਬਹੁਤ ਦੀਨਤਾ ਸਹਿਤ ਬੋਲਦਿਆਂ ਅੱਖਾਂ ਵਿਚ ਜਲ ਨਿਕਲਣ ਲੱਗਾ। "ਹੇ ਗੁਰੂ ਜੀ ਹੁਣ ਸਾਨੂੰ ਮੁਆਫੀ ਦਿਓ-ਮੁਆਫ ਕਰ ਦਿਓ। ਤੁਸੀਂ ਇਹ ਸਜ਼ਾ ਦੇ ਕੇ ਚੰਗਾ ਕੀਤਾ ਹੈ।" ਤਦ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਫਰਮਾਇਆ ਕਿ ਇਹ ਸਿੱਖ ਭਾਈ ਲੱਧੇ ਦਾ ਉਪਕਾਰ ਹੋਇਆ ਹੈ। ਇਸ ਦੇ ਕਹਿਣ ਤੇ ਤੁਹਾਨੂੰ ਬਖਸ਼ ਦਿੱਤਾ ਹੈ। ਫੇਰ ਕਦੇ ਫਜ਼ੂਲ ਵਿਚ ਹੰਕਾਰ ਨਾ ਕਰਨਾ। ਤੁਸੀਂ ਦੋਵੇਂ ਗੁਰੂ ਨਾਨਕ ਦੇਵ ਜੀ ਦੀ ਨਿੰਦਾ ਕਰਕੇ ਬਹੁਤ ਵੱਡੇ ਅਪਰਾਧੀ ਹੋ ਗਏ ਸੀ। ਤੁਹਾਨੂੰ ਭਾਈ ਲੱਧੇ ਨੇ ਮੁਆਫੀ ਦਿਵਾਈ ਹੈ। ਨਹੀਂ ਤਾਂ ਤੁਹਾਨੂੰ ਦੋਵੇਂ ਲੋਕ ਅਤੇ ਪਰਲੋਕ ਵਿਚ ਹਜਾਰਾਂ ਕਸ਼ਟ ਮਿਲਣੇ ਸਨ। ਭਾਈ ਲੱਧਾ ਫਿਰ ਬਹੁਤ ਬੇਨਤੀਆਂ ਕਰਨ ਲੱਗਾ ਕਿ ਇੰਨ੍ਹਾਂ ਦੇ ਸਰੀਰ ਅਰੋਗ ਕਰ ਦਿਓ ਜੀ। ਜਿਓਂ ਹੀ ਇਨ੍ਹਾਂ ਦਾ ਸਰੀਰ ਪਹਿਲਾਂ ਵਾਂਗ ਬਣ ਜਾਵੇਗਾ,ਤਦ ਇਹ ਦੀਵਾਨ ਵਿਚ ਕੀਰਤਨ ਦੇ ਯੋਗ ਹੋਣਗੇ। ਗੁਰੂ ਅਰਜਨ ਦੇਵ ਜੀ ਨੇ ਫਰਮਾਇਆ ਕਿ ਇਨ੍ਹਾਂ ਦੋਵਾਂ ਨੇ ਗੁਰੂ ਸਾਹਿਬਾਨ ਦੀ ਨਿੰਦਾ ਕੀਤੀ ਸੀ ਤਾਂ ਹੀ ਇੰਨ੍ਹਾਂ ਦੀ ਦੇਹੀ ਨੂੰ ਦੁੱਖ ਹੋਇਆ ਹੈ,ਉਸ ਅਪਰਾਧ ਦਾ ਜਦ ਨਿਵਾਰਨ ਹੋ ਜਾਵੇਗਾ, ਤਦ ਬਿਨਾ ਸ਼ੰਕੇ ਦੇ ਰੋਗ ਮਿਟ ਜਾਵੇਗਾ। ਜਿਹੜੇ ਮੂੰਹ ਨਾਲ ਇਨ੍ਹਾਂ ਨੇ ਗੁਰੂ ਸਾਹਿਬਾਨ ਦੀ ਨਿੰਦਾ ਕੀਤੀ ਸੀ ਉਸੇ ਮੂੰਹ ਨਾਲ ਉਨ੍ਹਾਂ ਦੇ ਜਸ ਦਾ ਕਥਨ ਕਰਨ। ਇਸ ਜਤਨ ਨਾਲ ਹੀ ਸਰੀਰ ਦਾ ਰੋਗ ਦੂਰ ਹੋਵੇਗਾ ਤੇ ਇੰਨ੍ਹਾਂ ਦੀ ਦੇਹ ਪਹਿਲਾਂ ਵਰਗੀ ਹੋ ਜਾਵੇਗੀ। ਤਦ ਭਾਈ ਲੱਧੇ ਨੇ ਦੋਵਾਂ ਨੂੰ ਆਖਿਆ ਕਿ ਤੁਸੀਂ ਹੁਣ ਦੁਖਭੰਜਨੀ ਸਥਾਨ ਤੇ ਸਰੋਵਰ ਵਿਚ ਇਸ਼ਨਾਨ ਕਰੋ। ਫੇਰ ਬ੍ਰਹਮ ਰੂਪ ਗੁਰੂ ਨਾਨਕ ਦੇਵ ਜੀ ਦੀ ਉਸਤਤ ਕਰੋ, ਜਿਨ੍ਹਾਂ ਨੇ ਗੁਰੂ ਬਣ ਕੇ ਸਾਰੇ ਜਗਤ ਨੂੰ ਤਾਰਿਆ ਹੈ। ਫੇਰ ਵੱਖਰੀ-ਵੱਖਰੀ ਆਪਣੀ ਬਾਣੀ ਰਾਹੀਂ ਪੰਜਾਂ ਹੀ ਗੁਰੂ ਸਾਹਿਬਾਂ ਦੀ ਵਡਿਆਈ ਗਾਇਨ ਕਰੋ। ਹੰਕਾਰ ਦਾ

ਤਿਆਗ ਕਰਕੇ ਛਲ ਰਹਿਤ ਹੋ ਕੇ ਫਿਰ ਸੰਗਤ ਵਿਚ ਮੁੜ ਸਮਾ ਜਾਵੋ। ਇਹ ਸੁਣ ਕੇ ਉਹ ਪ੍ਰਸੰਨ ਹੋ ਗਏ, ਜਾਣੋ ਅੰਮ੍ਰਿਤ ਦੀ ਵਰਖਾ ਹੋ ਗਈ ਹੋਵੇ। ਉਨ੍ਹਾਂ ਦੇ ਹਿਰਦੇ ਦੇ ਸਾਰੇ ਦੁਖ ਦਰਦ ਅਤੇ ਕੰਗਾਲਤਾ ਮਿਟ ਗਈ। ਉਨ੍ਹਾਂ ਸ੍ਰੀ ਦੁੱਖਭੰਜਨੀ ਦੇ ਸਥਾਨ ਤੇ ਸਰੋਵਰ ਵਿਚ ਇਸ਼ਨਾਨ ਕੀਤਾ। ਪ੍ਰੇਮ ਸਹਿਤ ਗੁਰੂ ਜੀ ਦੇ ਨਾਮ ਦਾ ਸਿਮਰਨ ਕੀਤਾ। ਹੰਕਾਰ ਦੂਰ ਕਰਕੇ ਦੋਵੇਂ ਫੇਰ ਗੁਰੂ ਅਰਜਨ ਦੇਵ ਜੀ ਦੇ ਸਨਮੁਖ ਖੜ੍ਹੇ ਹੋਏ। ਉਨ੍ਹਾਂ ਹਿਰਦੇ ਵਿਚ ਅਨੰਦ ਧਾਰਨ ਕਰਕੇ ਰਾਗ ਰਾਮਕਲੀ ਵਿਚ ਸੁੰਦਰ ਵਾਰ ਗਾਇਨ ਕੀਤੀ। ਚਾਰ ਪਉੜੀਆਂ ਵਿਚ ਸ੍ਰੇਸ਼ਟ ਗੁਰੂ ਨਾਨਕ ਦੇਵ ਜੀ ਦਾ ਮਹਾਨ ਜਸ ਉਚਾਰਨ ਕੀਤਾ। ਬਾਕੀ ਚਾਰੇ ਗੁਰੂ ਸਾਹਿਬਾਨ ਦੀ ਸੁੰਦਰ ਵਡਿਆਈ ਵਿਚ ਇੱਕ-ਇੱਕ ਪਉੜੀ ਉਨ੍ਹਾਂ ਨੇ ਬਣਾ ਕੇ ਉਚਾਰੀ। ਗੁਰੂ ਅਰਜਨ ਦੇਵ ਜੀ ਦੇ ਅੱਗੇ ਪ੍ਰਤੱਖ ਖੜ੍ਹੇ ਹੋ ਕੇ ਹੱਥ ਜੋੜ ਕੇ ਉਨ੍ਹਾਂ ਨੇ ਸਾਰੀ ਵਾਰ ਸੁਣਾ ਦਿੱਤੀ। ਗੁਰੂ ਅਰਜਨ ਦੇਵ ਜੀ ਵਾਰ ਨੂੰ ਸੁਣ ਕੇ ਬਹੁਤ ਅਨੰਦਤ ਹੋਏ ਅਤੇ ਉਨ੍ਹਾ ਨੇ ਤਦ ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਵਾ ਦਿੱਤੀ। ਉਨ੍ਹਾਂ ਦਾ ਰੋਗ ਖਤਮ ਹੋ ਕੇ ਸਰੀਰ ਸ੍ਰੇਸ਼ਟ ਤੇ ਨਵਾਂ ਨਰੋਆ ਹੋ ਗਿਆ। ਸਾਰੇ ਲੋਕ ਦੇਖ ਕੇ ਹੈਰਾਨ ਰਹਿ ਗਏ ਸਨ। ਜਿਹੜਾ ਪ੍ਰੇਮ ਧਾਰਨ ਕਰਕੇ ਇਸ ਵਾਰ ਨੂੰ ਪੜ੍ਹੇਗਾ ਤੇ ਸੁਣੇਗਾ,ਉਸ ਦੇ ਸਰੀਰ ਦੇ ਸਾਰੇ ਰੋਗ ਨਾਸ਼ ਹੋ ਜਾਣਗੇ। ਜਿਹੜਾ ਹਰ ਰੋਜ ਨੇਮ ਨਾਲ ਮੁੱਖ ਤੋਂ ਉਚਾਰੇਗਾ ਉਨ੍ਹਾਂ ਵਿਚ ਗੁਰੂ ਜੀ ਲਈ ਮਹਾਨ ਸ਼ਰਧਾ ਵੱਧ ਜਾਵੇਗੀ। ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ, ਅਜਿਹਾ ਕੋਈ ਪਦਾਰਥ ਨਹੀਂ, ਜਿਸ ਦੀ ਪ੍ਰਾਪਤੀ ਹੱਥ ਨਹੀਂ ਆ ਸਕਦੀ।

ਜਦ ਦੀਵਾਨ ਲੱਗਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਦ ਭਾਈ ਲਧੇ ਦੀ ਬਹੁਤ ਵਡਿਆਈ ਕੀਤੀ। ਭਾਈ ਲੱਧਾ ਸਿੱਖ ਧੰਨ ਹੈ,ਪਰਉਪਕਾਰੀ ਤੇ ਪਵਿੱਤਰ ਕਰਮ ਵਾਲਾ ਹੈ, ਜਿਸਨੇ ਪਰਾਏ ਦੀ ਭਲਾਈ ਲਈ ਆਪਣੀ ਲਾਜ ਹੀ ਤਿਆਗ ਦਿੱਤੀ। ਜਦੋਂ ਉਸ ਨੇ ਰਬਾਬੀਆਂ ਨੂੰ ਅਨਾਥ ਹੋ ਗਏ ਜਾਣਿਆ ਤਾਂ ਦੋਵਾਂ ਨਗਰਾਂ ਵਿਚ ਆਪਣਾ ਕਰੂਪ-ਭੇਸ ਦਿਖਾਇਆ ਤੇ ਬੇਨਤੀਆਂ ਕਰਕੇ ਉਨ੍ਹਾਂ ਦੇ ਦੁੱਖ ਦੂਰ ਕਰ ਦਿੱਤੇ। ਸਭ ਤੋਂ ਵੱਡਾ ਸ੍ਰੇਸ਼ਟ ਕਰਮ ਸਤਿਨਾਮ ਦਾ ਸਿਮਰਨ ਕਰਨਾ ਹੈ ਅਤੇ ਉਪਕਰ ਕਰਨਾ ਸਭ ਤੋਂ ਮਹਾਨ ਕਾਰਜ ਹੈ। ਇਨ੍ਹਾਂ ਦੋਵਾਂ ਤੋਂ ਬਿਨਾ ਮਨੁੱਖੀ ਸਰੀਰ ਨੂੰ ਲਾਹਨਤ ਹੈ।ਅੰਤ ਸਮੇਂ ਜਮਦੂਤ ਉਨ੍ਹਾਂ ਨੂੰ ਮਜਬੂਤੀ ਨਾਲ ਫੜ ਲੈਂਦੇ ਹਨ ਅਤੇ ਉਹ ਦੋਵੇਂ ਹੱਥ ਝਾੜ ਕੇ ਝੂਰਦੇ ਹੋਏ ਚਲੇ ਜਾਂਦੇ ਹਨ। ਪੁੰਨ, ਦਾਨ .ਤਪ ਅਤੇ ਯੱਗ ਕਰਨੇ ਵੀ ਪਰਉਪਕਾਰ ਦੇ ਸਮਾਨ ਨਹੀਂ ਹੋ ਸਕਦੇ। ਜੋ ਅਨੇਕਾਂ ਢੰਗਾਂ ਰਾਹੀਂ ਪਾਪ ਕਰਦੇ ਹਨ, ਉਨ੍ਹਾਂ ਨੂੰ ਅਕ੍ਰਿਤਘਣ ਦੇ ਵਾਂਗ ਕੋਈ ਨਹੀਂ ਜਾਣਦਾ। ਸ੍ਰੇਸ਼ਟ ਗੁਰੂ ਦਰਬਾਰ ਵਿਚ ਸਾਰੇ ਲੋਕਾਂ ਨੇ ਕੰਨੀਂ ਸੁਣ ਕੇ ਗੁਰੂ ਜੀ ਦੇ ਬਚਨਾ ਤੇ ਨਿਸ਼ਚਾ ਕਰ ਲਿਆ। ਉਨ੍ਹਾਂ ਸਤਿਨਾਮ ਦੇ ਸਿਮਰਨ ਦਾ ਦ੍ਰਿੜ੍ਹ ਸੰਕਲਪ ਕਰ ਲਿਆ ਤੇ ਪਰਉਪਕਾਰ ਕਰਨ ਬਾਰੇ ਜਾਣ ਲਿਆ। ਫਿਰ ਭਾਈ ਲੱਧੇ ਨੇ ਕੁਝ ਦਿਨ ਰਹਿ ਕੇ ਗੁਰੂ ਜੀ ਕੋਲ

ਨਿਮਰ ਹੋ ਕੇ ਵਾਪਸ ਜਾਣ ਲਈ ਆਗਿਆ ਮੰਗੀ। ਹੇ ਦਇਆ ਦੇ ਭੰਡਾਰ ਗੁਰੂ ਜੀ ਮੈਨੂੰ ਸੇਵਕਾਂ ਦਾ ਸੇਵਕ ਜਾਣੋ। ਮੈਂ ਔਗੁਣਾ ਸਹਿਤ ਗੁਣਾ ਤੋਂ ਰਹਿਤ ਹਾਂ। ਮੈਨੂੰ ਸੰਸਾਰ ਤੁਹਾਡਾ ਸਿੱਖ ਹੀ ਕਹੇ,ਤੁਸੀਂ ਧਰਮ ਦੀ ਲਾਜ ਰੱਖਣ ਵਾਲੇ ਹੋ। ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋ ਗਏ। ਉਸ ਨੂੰ ਕੋਮਲ ਬਚਨ ਉਚਾਰ ਕੇ ਵਿਦਾ ਕਰ ਦਿੱਤਾ। ਉਸ ਨੇ ਗੁਰੂ ਜੀ ਦੇ ਚਰਨ ਕਮਲਾਂ ਤੇ ਨਮਸਕਾਰ ਕੀਤੀ। ਚਾਰ ਵਾਰੀ ਫਿਰ ਕੇ ਗੁਰੂ ਜੀ ਦੀ ਪਰਕਰਮਾ ਕੀਤੀ। ਫੇਰ ਉਹ ਹਰਿਮੰਦਰ ਸਾਹਿਬ ਦੇ ਅੰਦਰ ਚਲਾ ਗਿਆ, ਉਥੇ ਪ੍ਰੇਮ ਧਾਰਨ ਕਰਕੇ ਬੰਦਨਾ ਕੀਤੀ ਅਤੇ ਲਾਹੌਰ ਚਲਾ ਗਿਆ। ਹਿਰਦੇ ਵਿਚ ਪ੍ਰਸੰਨ ਹੋ ਕੇ ਉਹ ਗੁਰੂ ਜੀ ਦਾ ਬਹੁਤ ਜਸ ਕਥਨ ਕਰਦਾ।

## ਮੰਡੀ ਦੇ ਰਾਜੇ ਨੂੰ ਸੁਪਨੇ ਰਾਹੀਂ ਉਪਦੇਸ਼

ਗੁਰੂ ਅਰਜਨ ਦੇਵ ਜੀ ਨੇ ਇੱਕ ਦਿਨ ਸਾਰੀ ਸੰਗਤ ਨੂੰ ਉਪਦੇਸ ਦਿੱਤਾ ਕਿ ਸਾਰੇ ਸਿੱਖ ਪਰਉਪਕਾਰੀ ਹੋਣੇ ਚਾਹੀਦੇ ਹਨ। ਇਸ ਜਿੰਨਾ ਵੱਡਾ ਸ੍ਰੇਸ਼ਟ ਨੇਕ ਕਰਮ ਹੋਰ ਕੋਈ ਨਹੀਂ ਹੈ ਜਿਹੜੇ ਸਦਾ ਉਪਕਾਰ ਕਰਦੇ ਰਹਿੰਦੇ ਹਨ ਉਨ੍ਹਾਂ ਨੂੰ ਲਗਾਤਾਰ ਅਨੰਦ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੈ। ਸਭ ਤੋਂ ਉੱਤਮ ਪਰਉਪਕਾਰ ਖੂਹ ਲਵਾਉਣਾ ਹੈ। ਜਿਸ ਦੀ ਵਰਤੋਂ ਕਰਕੇ ਅਨੇਕਾਂ ਪ੍ਰਾਣੀ ਸੁੱਖ ਪ੍ਰਾਪਤ ਕਰਦੇ ਹਨ। ਇਸ ਤੋਂ ਉੱਤਮ ਸਰੋਵਰ ਦੀ ਸਿਰਜਨਾ ਕਰਨੀ ਹੈ ਜਿਸ ਦਾ ਜਲ ਪ੍ਰਾਪਤ ਕਰਕੇ ਅਨੇਕਾਂ ਮਨੁੱਖ, ਪਸ਼ੂ ਅਤੇ ਪੰਛੀ ਸੁੱਖ ਪ੍ਰਾਪਤ ਕਰਦੇ ਹਨ। ਇਸ ਤੋਂ ਵੀ ਉੱਤਮ ਪਰਉਪਕਾਰ ਜਲ ਤਕ ਅੱਪੜਨ ਲਈ ਤੀਰਥ ਅਸਥਾਨ ਵਿਖੇ ਸਾਰੀਆਂ ਦਿਸ਼ਾਵਾਂ ਤੋਂ ਪੌੜੀਆਂ ਬਣਾਉਣਾ ਹੈ ਤਾਂ ਜੋ ਲੋਕ ਪਹੁੰਚ ਕੇ ਇਸ਼ਨਾਨ ਅਤੇ ਪੁੰਨਦਾਨ ਕਰ ਸਕਣ। ਤੀਰਥਾਂ ਵਿਚੋਂ ਗੁਰੂ ਰੂਪੀ ਤੀਰਥ ਸਭ ਤੋਂ ਚੰਗੇਰਾ ਹੈ ਜਿਸ ਦਾ ਮਹਾਤਮ ਸਾਰਿਆਂ ਤੀਰਥਾਂ ਨਾਲੋਂ ਉੱਤਮ ਹੈ। ਗੁਰੂਆਂ ਵਿਚੋਂ ਸਭ ਤੋਂ ਉੱਚਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਹੈ। ਗੁਰੂ ਰਾਮਦਾਸ ਜੀ ਨੇ ਜੋ ਬਚਨ ਕਹੇ ਸਨ ਉਨ੍ਹਾਂ ਅਨੁਸਾਰ ਇਹ ਬਹੁਤ ਪੁਰਾਤਨ ਅਸਥਾਨ ਹੈ। ਇੱਥੇ ਵਾਹਿਗੁਰੂ ਆ ਕੇ ਵਾਸਾ ਕਰੇਗਾ ਅਤੇ ਉੱਤਮ ਪੁਰਸ਼ਾਂ ਦਾ ਵੀ ਵਾਸਾ ਹੋਵੇਗਾ ਜਿਨ੍ਹਾਂ ਦੀ ਸੰਗਤ ਕਰਨ ਨਾਲ ਅਨੰਦ ਦੀ ਪ੍ਰਾਪਤੀ ਹੋਵੇਗੀ। ਇਸ ਅਸਥਾਨ ਦੀ ਰਚਨਾ ਲਈ ਬੇਸੁਮਾਰ ਧਨ ਦੀ ਲੋੜ ਹੈ। ਭਾਈ ਕਲਿਆਣਾ ਗੁਰੂ ਜੀ ਦੀ ਆਗਿਆ ਨਾਲ ਮੰਡੀ ਚਲਾ ਗਿਆ। ਉਨ੍ਹਾਂ ਦਿਨਾਂ ਵਿਚ ਜਨਮ ਅਸ਼ਟਮੀ ਦਾ ਤਿਉਹਾਰ ਆ ਗਿਆ। ਰਾਜੇ ਦੇ ਹੁਕਮ ਮੁਤਾਬਕ ਨਗਰ ਦੇ ਸਾਰੇ ਲੋਕਾਂ ਨੇ ਠਾਕੁਰ ਜੀ ਦਾ ਵਰਤ ਰੱਖਣਾ ਸੀ ਅਤੇ ਸਵੇਰ ਹੋਣ ਤੇ ਜਾ ਕੇ ਸਾਲਗਰਾਮ ਦੇ ਦਰਸ਼ਨ ਕਰਨੇ ਸਨ। ਚਰਨਾਮ੍ਰਿਤ ਲੈ ਕੇ ਵਰਤ ਖੋਲ ਕੇ ਮੂੰਹੋਂ ਕ੍ਰਿਸ਼ਨ ਕ੍ਰਿਸ਼ਨ ਉਚਾਰਨਾ ਸੀ। ਨਗਰ ਦੇ ਲੋਕਾਂ ਨੇ ਇਵੇਂ ਹੀ ਕੀਤਾ। ਪਰ ਭਾਈ ਕਲਿਆਣੇ ਨੇ ਰਾਜੇ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਸਗੋਂ ਉਸ ਨੇ ਲੋਕਾਂ ਦੇ ਪੁੱਛਣ ਤੇ

ਸਾਲਗਰਾਮ ਨੂੰ ਪੱਥਰ ਦੱਸਿਆ। ਜਦੋਂ ਲੋਕਾਂ ਨੇ ਰਾਜੇ ਕੋਲ ਭਾਈ ਕਲਿਆਣੇ ਦੀ ਸ਼ਿਕਾਇਤ ਕੀਤੀ ਤਾਂ ਰਾਜੇ ਨੇ ਉਸ ਨੂੰ ਆਪਣੇ ਦਰਬਾਰ ਵਿਚ ਬੁਲਵਾ ਲਿਆ ਅਤੇ ਕ੍ਰੋਧ ਵਿਚ ਆ ਗਿਆ ਤੇ ਉਸ ਤੋਂ ਸਭ ਕੁਝ ਪੁੱਛਿਆ। ਭਾਈ ਕਲਿਆਣੇ ਨੇ ਰਾਜੇ ਨੂੰ ਸਾਰੀ ਗੱਲ ਆਖ ਸੁਣਾਈ।

ਉਸ ਨੇ ਦੱਸਿਆ ਕਿ ਉਹ ਗੁਰੂ ਦਾ ਸਿੱਖ ਹੋਣ ਕਾਰਨ ਠਾਕੁਰ ਨੂੰ ਨਹੀਂ ਪੂਜਦਾ ਜੋ ਨਾ ਵੇਖ ਸਕਦਾ ਹੈ ਨਾ ਸੁਣ ਸਕਦਾ ਹੈ ਨਾ ਇਹ ਖਾ ਸਕਦਾ ਹੈ ਤੇ ਨਾ ਹੀ ਬੋਲ ਸਕਦਾ ਹੈ। ਉਸ ਪੱਥਰ ਨੇ ਪ੍ਰਸੰਨ ਹੋ ਕੇ ਕੀ ਦੇਣਾ ਹੈ। ਉਸ ਦੀ ਸੇਵਾ ਕਰਕੇ ਕੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰਮੇਸਰ ਨੂੰ ਪੱਥਰ ਸਮਝ ਕੇ ਪੂਜਾ ਕਰਦੇ ਹੋ ਜਦ ਕਿ ਉਹ ਸਭ ਵਿਚ ਰਮਿਆ ਹੋਇਆ ਹੈ ਅਤੇ ਸਭ ਦਾ ਦਾਤਾ ਹੈ।

ਮੰਡੀ ਦਾ ਰਾਜਾ ਭਾਈ ਕਲਿਆਣਾ ਜੀ ਦੀ ਗੱਲ ਸੁਣ ਕੇ ਕ੍ਰੋਧ ਵਿਚ ਆ ਗਿਆ ਅਤੇ ਤੁਰੰਤ ਕੈਦ ਕਰਨ ਦਾ ਹੁਕਮ ਦੇ ਦਿੱਤਾ ਇਹ ਵੀ ਆਖ ਦਿੱਤਾ ਕਿ ਉਸ ਦਾ ਸਾਲਗਰਾਮ ਵਿਚ ਵਿਸ਼ਵਾਸ਼ ਕਰਾਓ ਅਤੇ ਠਾਕਰ ਅੱਗੇ ਸਿਰ ਝੁਕਵਾਉ। ਜੇਕਰ ਨਹੀਂ ਮੰਨੇਗਾ ਤਾਂ ਉਹ ਉਸ ਨੂੰ ਹੋਰ ਕਰੜੀ ਸਜਾ ਦੇਵੇਗਾ। ਭਾਈ ਕਲਿਆਣਾ ਜੀ ਕੈਦਖਾਨੇ ਵਿਚ ਗੁਰੂ ਜੀ ਨੂੰ ਯਾਦ ਕਰਨ ਲੱਗਿਆ।

ਅਗਲੇ ਦਿਨ ਠਾਕਰ ਅੱਗੇ ਸਿਰ ਨਾ ਨਿਵਾਉਣ ਕਰਕੇ ਰਾਜੇ ਨੇ ਭਾਈ ਕਲਿਆਣੇ ਦੀ ਲੱਤ ਕੱਟਣ ਦੇ ਨਾਲ ਨਾਲ ਰਾਜ ਤੋਂ ਬਾਹਰ ਕੱਢਣ ਦਾ ਹੁਕਮ ਵੀ ਕਰ ਦਿੱਤਾ। ਭਾਈ ਕਲਿਆਣਾ ਜੀ ਨੇ ਗੁਰੂ ਜੀ ਵੱਲ ਧਿਆਨ ਧਾਰਨ ਕੀਤਾ। ਜਿਉਂ ਹੀ ਜਲਾਦ ਭਾਈ ਕਲਿਆਣੇ ਦੀ ਲੱਤ ਕੱਟਣ ਲਈ ਪੁੱਜਿਆ ਰਾਜਾ ਖੜ੍ਹਾ ਖੜ੍ਹਾ ਬੇਹੋਸ਼ ਹੋ ਕੇ ਡਿੱਗ ਪਿਆ। ਰਾਜੇ ਦੇ ਚਿਹਰੇ ਦਾ ਰੰਗ ਬਦਲ ਗਿਆ ਅਤੇ ਉਹ ਕੰਬਦਾ ਹੋਇਆ ਤੜਫਣ ਲੱਗ ਪਿਆ। ਰਾਜੇ ਦਾ ਇਹ ਹਾਲ ਵੇਖ ਕੇ ਸਭ ਦਾ ਧਿਆਨ ਭਾਈ ਕਲਿਆਣੇ ਵੱਲੋਂ ਹਟ ਗਿਆ ਅਤੇ ਉਸ ਨੂੰ ਛੱਡ ਦਿੱਤਾ। ਕੁਝ ਲੋਕਾਂ ਵੱਲੋਂ ਸੁਝਾਉ ਦੇਣ ਤੇ ਕਿ ਇਹ ਸਭ ਕੁਝ ਇਸ ਸਿੱਖ ਕਾਰਨ ਹੋਇਆ ਹੈ ਵਜ਼ੀਰ ਭਾਈ ਕਲਿਆਣੇ ਕੋਲ ਬੇਨਤੀ ਕਰਨ ਲਈ ਪਹੁੰਚ ਗਿਆ। ਉਸ ਨੇ ਖਿਮਾ ਕਰਕੇ ਰਾਜੇ ਨੂੰ ਬਖਸ਼ਣ ਲਈ ਕਿਹਾ ਅਤੇ ਮੌਕੇ ਤੇ ਜਾ ਕੇ ਰਾਜੇ ਨੂੰ ਮਰਨ ਤੋਂ ਬਚਾਉਣ ਲਈ ਵੀ ਬੇਨਤੀ ਕੀਤੀ। ਭਾਈ ਕਲਿਆਣੇ ਨੇ ਲੋਕਾਂ ਨੂੰ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਮਹਾਨ ਹਨ ਉਨ੍ਹਾਂ ਦੀ ਸਿੱਖੀ ਧਾਰਨ ਕਰ ਲੈਣ। ਸਾਰੇ ਲੋਕੀਂ ਇਕੱਤਰ ਹੋ ਕੇ ਸਤਿਨਾਮ ਦੇ ਨਾਮ ਦਾ ਜਾਪ ਕਰਨ। ਭਾਈ ਕਲਿਆਣੇ ਨੇ ਆਪ ਵੀ ਗੁਰੂ ਜੀ ਅੱਗੇ ਅਰਦਾਸ ਕੀਤੀ। ਰਾਜਾ ਠੀਕ ਹੋ ਗਿਆ। ਉਸ ਨੇ ਭਾਈ ਕਲਿਆਣੇ ਦਾ ਸਨਮਾਨ ਕਰਨ ਅਤੇ ਭੋਜਨ ਤੇ ਬਸਤਰ ਦੇਣ ਲਈ ਆਦੇਸ਼ ਕੀਤੇ ਫੇਰ ਰਾਜਾ ਭਾਈ ਕਲਿਆਣੇ ਨਾਲ ਫੌਜ ਸਮੇਤ ਗੁਰੂ ਜੀ ਦੇ ਦਰਸ਼ਨਾ ਲਈ ਪੁੱਜ ਗਿਆ ਅਤੇ ਨਗਰ ਤੋਂ ਬਾਹਰ ਡੇਰਾ ਕਰ ਲਿਆ। ਭਾਈ ਕਲਿਆਣੇ ਨੇ ਸਾਰਾ ਬਿਰਤਾਂਤ

ਗੁਰੂ ਸਾਹਿਬ ਨੂੰ ਸੁਣਾ ਦਿੱਤਾ।

ਭਾਈ ਕਲਿਆਣਾ ਸਵੇਰੇ ਉੱਠ ਕੇ ਰਾਜੇ ਕੋਲ ਗਿਆ ਅਤੇ ਉਸ ਨਾਲ ਗੁਰੂ ਸਾਹਿਬ ਦੇ ਮਿਲਣ ਲਈ ਸਾਰੀ ਗੱਲ ਬਾਤ ਕੀਤੀ। ਰਾਜੇ ਨੇ ਤਿਆਰੀ ਕਰਕੇ ਸਾਰੀਆਂ ਭੇਟਾਵਾਂ ਨਾਲ ਲੈ ਲਈਆਂ। ਗੁਰੂ ਜੀ ਕੋਲ ਪਹੁੰਚ ਕੇ ਚਰਨ ਕਮਲਾਂ ਤੇ ਜਾ ਸੀਸ ਨਿਵਾਇਆ ਫੇਰ ਬੇਨਤੀਆਂ ਕਰਕੇ ਗੁਰੂ ਜੀ ਦੇ ਸਾਹਮਣੇ ਬੈਠ ਗਿਆ। ਗੁਰੂ ਜੀ ਉਸ ਵੇਲੇ ਪੋਥੀ ਲੈ ਕੇ ਪਾਠ ਕਰ ਰਹੇ ਸਨ। ਦੱਖਣੀ ਓਅੰਕਾਰ ਬਾਣੀ ਦੀ ਇੱਕ ਤੁਕ ਉਚਾਰਨ ਕੀਤੀ:-

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ ਲਿਖਿਆ ਫੇਰਿ ਨਾ ਸਕੀਐ ਜਿਉ ਭਾਵੀ ਤਿਉ ਸਾਰਿ॥ ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ॥ ਆਦਿ ੯੩੭***

ਜਿਸਦੇ ਅਰਥ ਹਨ ਕਿ ਪ੍ਰਭੂ ਦਾ ਲਿਖਿਆ ਹੋਇਆ ਲੇਖ ਕਿਸੇ ਪ੍ਰਕਾਰ ਵੀ ਮੇਟਿਆ ਨਹੀਂ ਜਾ ਸਕਦਾ। ਜਿਵੇਂ ਵੀ ਰੱਬ ਦੀ ਮਰਜੀ ਹੁੰਦੀ ਹੈ ਉਹ ਆਪ ਹੀ ਸੰਭਾਲ ਲੈਂਦਾ ਹੈ। ਪ੍ਰਭੂ ਮੇਹਰ ਕਰੇ ਤਾਂ ਹੀ ਮਨੁੱਖ ਸੁਖੀ ਹੋ ਸਕਦਾ ਹੈ। ਇਹ ਸੁਣਕੇ ਰਾਜੇ ਦੇ ਮਨ ਅੰਦਰ ਸ਼ੰਕਾ ਪੈਦਾ ਹੋ ਗਈ। ਉਸ ਨੇ ਸੋਚਿਆ ਕਿ ਜੇਕਰ ਲਿਖੇ ਹੋਏ ਨੂੰ ਕਿਸੇ ਤਰ੍ਹਾਂ ਮੇਟਿਆ ਨਹੀਂ ਜਾ ਸਕਦਾ ਅਤੇ ਕਿਸੇ ਤਰ੍ਹਾਂ ਦਾ ਕੋਈ ਉਪਾਅ ਵੀ ਨਹੀਂ ਹੋ ਸਕਦਾ ਤਾਂ ਉਹ ਗੁਰੂ ਦਾ ਸਿੱਖ ਕਿਉਂ ਬਣੇ ਉਸ ਨੇ ਗੁਰੂ ਸਾਹਿਬ ਨੂੰ ਵੀ ਇਹੋ ਕੁਝ ਆਖ ਸੁਣਾਇਆ। ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਜੇਕਰ ਲਿਖੀ ਹੋਈ ਨਹੀਂ ਮਿਟਦੀ ਤਦ ਅੱਛਾ ਗੁਰੂ ਧਾਰਨ ਕਰ ਲੈਣਾ ਚਾਹੀਦਾ ਹੈ ਜੋ ਕਸ਼ਟ ਕੱਟ ਕੇ ਸੁਖ ਪ੍ਰਦਾਨ ਕਰ ਦਿੰਦਾ ਹੈ। ਵਿਧਾਤਾ ਦਾ ਲਿਖਿਆ ਹੋਇਆ ਕਰਮ ਵੀ ਬਣਿਆ ਰਹਿੰਦਾ ਹੈ ਤੇ ਉਸ ਨੂੰ ਭੋਗਦਿਆਂ ਅਨੰਦ ਵੀ ਮਾਣਦਾ ਹੈ। ਗੁਰੂ ਦੀ ਕਿਰਪਾ ਨਾਲ ਮੁਕਤੀ ਵੀ ਪ੍ਰਾਪਤ ਕਰ ਲੈਂਦਾ ਹੈ। ਰਾਜੇ ਦੇ ਮਨ ਨੂੰ ਇਹ ਗੱਲ ਨਾ ਜਚੀ। ਉਹ ਗੁਰੂ ਜੀ ਦੇ ਹੁਕਮ ਮੁਤਾਬਿਕ ਤਿੰਨ ਦਿਨ ਉਥੇ ਠਹਿਰਿਆ ਰਿਹਾ।

ਉਸ ਨੂੰ ਸੁੱਤੇ ਹੋਇਆਂ ਇੱਕ ਅਜੀਬ ਸੁਪਨਾ ਆਇਆ ਉਹ ਬੁਢਾ ਹੋ ਕੇ ਮਰ ਗਿਆ ਅਤੇ ਮੁੜ ਚੰਡਾਲ ਦੇ ਘਰ ਜਨਮਿਆ ਫੇਰ ਵਿਆਹ ਹੋ ਕੇ ਪਰਵਾਰ ਬਹੁਤ ਵੱਡਾ ਹੋ ਗਿਆ। ਪੁੱਤਰਾਂ ਧੀਆਂ ਦੇ ਵਿਆਹ ਕਰਕੇ ਪੋਤਿਆਂ ਵਾਲਾ ਹੋ ਗਿਆ ਫੇਰ ਉਹ ਚੰਡਾਲ ਦੀ ਜੂਨੀ ਪੂਰੀ ਕਰਕੇ ਮਰ ਗਿਆ। ਉਸਦੀ ਪਤਨੀ ਨੇ ਰੋਂਦੇ ਹੋਏ ਵਿਰਲਾਪ ਕੀਤਾ। ਜਾਗਣ ਤੇ ਬਹੁਤ ਹੈਰਾਨ ਹੋਇਆ। ਸਵੇਰ ਹੋਣ ਤੇ ਇੱਕ ਸਿੱਖ ਇਸ ਕੋਲ ਗੁਰੂ ਜੀ ਦਾ ਹੁਕਮ ਲੈ ਕੇ ਆਇਆ ਕਿ ਗੁਰੂ ਜੀ ਉਸ ਨੂੰ ਆਪਣੇ ਨਾਲ ਸ਼ਿਕਾਰ ਖੇਡਣ ਲੈ ਕੇ ਜਾਣਾ ਚਾਹੁੰਦੇ ਹਨ। ਗੁਰੂ ਜੀ ਦੇ ਹੁਕਮ ਮੁਤਾਬਿਕ ਸ਼ਿਕਾਰ ਖੇਡਣ ਲਈ ਉਨ੍ਹਾਂ ਨਾਲ ਜੰਗਲ ਵੱਲ ਚੱਲ ਪਿਆ। ਇੱਕ ਹਿਰਨ ਦਾ ਦਸ ਕੋਹ ਤੱਕ

ਪਿੱਛਾ ਕਰਦਿਅ ਉਹ ਸਭ ਕੋਲੋਂ ਵਿਛੜ ਗਿਆ। ਉਹ ਗਰਮੀ ਕਾਰਨ ਇੱਕ ਬਿਰਛ ਕੋਲ ਪਹੁੰਚ ਗਿਆ ਅਤੇ ਉਸ ਨੇ ਆਪਣਾ ਘੋੜਾ ਬੰਨ ਕੇ ਬਸਤਰ ਬਿਛਾ ਕੇ ਬਿਰਛ ਹੇਠਾਂ ਬੈਠ ਗਿਆ। ਉੱਧਰ ਗੁਰੂ ਜੀ ਰਾਜੇ ਦੇ ਸਿਪਾਹੀਆਂ ਅਤੇ ਸੇਵਕਾਂ ਨਾਲ ਭਾਲਦੇ ਹੋਏ ਉਹ ਹੌਲ਼ੀ ਹੌਲ਼ੀ ਤੁਰਦੇ ਗਏ।

ਮੰਡੀ ਦੇ ਰਾਜੇ ਨੂੰ ਬਿਰਛ ਹੇਠਾਂ ਬੈਠਿਆਂ ਕੁਝ ਸਮਾਂ ਜਦੋਂ ਬੀਤ ਗਿਆ ਤਾਂ ਚੰਡਾਲ ਦੇ ਪੁੱਤਰ ਨੇ ਉੱਥੇ ਆ ਕੇ ਰਾਜੇ ਨੂੰ ਦੇਖ ਲਿਆ। ਉਹ ਘਰ ਜਾ ਕੇ ਆਪਣੀ ਮਾਤਾ ਅਤੇ ਹੋਰ ਟੱਬਰ ਨੂੰ ਬੁਲਾ ਲਿਆਇਆ। ਚੰਡਾਲ ਦੀ ਸੁਪਨੇ ਵਾਲੀ ਪਤਨੀ ਨੇ ਉੱਚੀ ਉੱਚੀ ਕੂਕ ਪੁਕਾਰ ਕਰਨੀ ਸ਼ੁਰੂ ਕਰ ਦਿੱਤੀ। ਹੋਰ ਵੀ ਸਾਰੇ ਟੱਬਰ ਦੇ ਜੀਅ ਉਸ ਕੋਲ ਪੁੱਜ ਗਏ ਪਰ ਰਾਜੇ ਨੇ ਸਭ ਨੂੰ ਦੂਰ ਹਟਾ ਦਿੱਤਾ। ਸੁਪਨੇ ਵਿਚ ਵੇਖੇ ਪਤਨੀ,ਪੁੱਤਰ,ਪੁੱਤਰੀ ਅਤੇ ਪਰਵਾਰ ਦੇ ਹੋਰ ਜੀਆਂ ਨੂੰ ਰਾਜਾ ਹੁਣ ਸਾਖਿਆਤ ਰੂਪ ਵਿਚ ਦੇਖ ਰਿਹਾ ਸੀ। ਉਹ ਥਾਂ ਵੇਖੀ ਜੋ ਸੁਪਨੇ ਵਿਚ ਦਿਸੀ ਸੀ। ਰਾਜਾ ਉਨ੍ਹਾਂ ਬਣੇ ਰਿਸ਼ਤੇਦਾਰਾਂ ਦੀ ਛੋਹ ਤੋਂ ਬਚਦਾ ਸੀ ਜਦੋਂ ਕਿ ਚੰਡਾਲ ਦੀ ਪਤਨੀ ਰਾਜੇ ਨੂੰ ਆਪਣਾ ਪਤੀ ਸਮਝ ਕੇ ਤਾਹਨੇ ਦੇ ਰਹੀ ਸੀ। ਅੰਤ ਵਿਚ ਸਾਰੇ ਚੰਡਾਲਾਂ ਦੇ ਟੋਲੇ ਨੇ ਰਾਜੇ ਨੂੰ ਘੇਰਾ ਪਾ ਲਿਆ। ਰਾਜਾ ਇਹੋ ਆਖੀ ਜਾ ਰਿਹਾ ਸੀ ਉਹ ਉਨ੍ਹਾਂ ਦਾ ਰਿਸ਼ਤੇਦਾਰ ਨਹੀਂ ਸਗੋਂ ਮੰਡੀ ਦਾ ਰਾਜਾ ਹੈ। ਜਦੋਂ ਝਗੜਦਿਆਂ ਕਾਫੀ ਸਮਾਂ ਗੁਜਰ ਗਿਆ ਤਾਂ ਗੁਰੂ ਜੀ ਸਮੇਤ ਰਾਜੇ ਦੀਆਂ ਫੌਜਾਂ ਉੱਥੇ ਪਹੁੰਚ ਗਏ।

ਗੁਰੂ ਜੀ ਨੇ ਪ੍ਰੇਮ ਨਾਲ ਉਨ੍ਹਾਂ ਚੰਡਾਲਾਂ ਦੀ ਗੱਲ ਸਾਰਿਆਂ ਦੇ ਸਾਹਮਣੇ ਸੁਣੀ ਅਤੇ ਨਿਰਣਾ ਦਿੱਤਾ ਕਿ ਜੋ ਉਨ੍ਹਾਂ ਨੇ ਆਪਣਾ ਮੁਰਦਾ ਪਿਤਾ ਕਬਰ ਵਿਚ ਦੱਬਿਆ ਸੀ ਉਹ ਮੁਰਦਾ ਪੁੱਟ ਕੇ ਦੇਖ ਲੈਣ ਜੇ ਉਹ ਮੁਰਦਾ ਕਬਰ ਵਿਚ ਹੋਇਆ ਤਾਂ ਜਾਣੋ ਤੁਹਾਡਾ ਪਿਤਾ ਮਰ ਚੁੱਕਿਆ ਹੈ ਇਹ ਉਹ ਨਹੀਂ। ਜੇਕਰ ਕਬਰ ਵਿਚ ਮੁਰਦਾ ਨਾ ਹੋਵੇ ਤਾਂ ਰਾਜੇ ਨੂੰ ਉਨ੍ਹਾਂ ਦਾ ਰਿਸ਼ਤੇਦਾਰ ਮੰਨ ਲਿਆ ਜਾਵੇਗਾ। ਜਦੋਂ ਕਬਰ ਪੁੱਟਣ ਤੇ ਉਸ ਵਿਚ ਪਿਆ ਮੁਰਦਾ ਦੇਖਿਆ ਤਾਂ ਸਾਰੇ ਚੰਡਾਲ ਚੁੱਪ ਚਾਪ ਵਾਪਸ ਚਲੇ ਗਏ।

ਰਾਜਾ, ਸਮੇਤ ਫੌਜ ਦੇ ਗੁਰੂ ਜੀ ਨਾਲ ਵਾਪਸ ਨਗਰ ਨੂੰ ਆ ਗਿਆ। ਰਾਜੇ ਨੇ ਗੁਰੂ ਜੀ ਨੂੰ ਸੁਪਨੇ ਵਾਲੀ ਸਾਰੀ ਗੱਲ ਸੁਣਾ ਕੇ ਇਹ ਬਿਰਤਾਂਤ ਸੱਚਾ ਹੋਣ ਜਾਂ ਨਾ ਹੋਣ ਬਾਰੇ ਜਾਣਨਾ ਚਾਹਿਆ। ਗੁਰੂ ਜੀ ਨੇ ਦੱਸਿਆ ਕਿ ਪ੍ਰਭੂ ਦੇ ਲਿਖੇ ਹੋਏ ਨੂੰ ਕੋਈ ਨਹੀਂ ਮੇਟ ਸਕਦਾ ਪਰ ਤਾਂ ਵੀ ਸਤਿਗੁਰੂ ਸਹਾਈ ਹੁੰਦਾ ਹੈ। ਇਸ ਵਾਪਰੇ ਕੌਤਕ ਵਿਚ ਸਤਿਗੁਰੂ ਸਹਾਈ ਹੋ ਗਏ ਤੂੰ ਚੰਡਾਲਾਂ ਦੇ ਘਰ ਜਨਮ ਲੈਣਾ ਸੀ ਪਰ ਤੇਰਾ ਲਿਖਿਆ ਹੋਇਆ ਲੇਖ ਗੁਰੂ ਨੇ ਸੁਪਨੇ ਅੰਦਰ ਇੱਕੋ ਰਾਤ ਵਿਚ ਲੰਘਾ ਦਿੱਤਾ। ਰਾਜੇ ਦਾ ਸ਼ੱਕ ਦੂਰ ਕਰਕੇ ਭਾਈ ਕਲਿਆਣੇ ਨਾਲ ਉਸ ਨੂੰ ਵਾਪਸ ਭੇਜ ਦਿੱਤਾ। ਰਾਜਾ ਜਾਣ ਤੋਂ ਪਹਿਲਾਂ ਆਪਣੀ ਪਤਨੀ ਸਮੇਤ ਚਰਨਾਮ੍ਰਿਤ ਲੈ ਕੇ ਸਿੱਖ ਬਣ ਗਿਆ। ਉਹ ਭਾਈ ਕਲਿਆਣੇ ਨੂੰ ਨਾਲ ਲੈ ਗਿਆ। ਉਸਦਾ ਸਨਮਾਨ ਕੀਤਾ ਅਤੇ

ਬਹੁਤ ਸਾਰੇ ਉਪਹਾਰ ਦਿੱਤੇ। ਫੇਰ ਭਾਈ ਕਲਿਆਣੇ ਨਾਲ ਆਪਣੇ ਬੰਦੇ ਭੇਜ ਕੇ ਉਸ ਰਾਜੇ ਨੇ ਬਹੁਤ ਸਾਰਾ ਧਨ ਅੰਮ੍ਰਿਤ ਸਰੋਵਰ ਬਣਾਉਣ ਲਈ ਗੁਰੂ ਅਰਜਨ ਦੇਵ ਜੀ ਕੋਲ ਅਰਪਨ ਕੀਤਾ।

## ਗੰਗਾ ਰਾਮ ਬ੍ਰਾਹਮਣ ਨੇ ਸਿੱਖੀ ਲੈਣੀ

ਗੰਗਾ ਰਾਮ ਬ੍ਰਾਹਮਣ ਜੋ ਬਾਜਰੇ ਦਾ ਅਨਾਜ ਵੇਚਣ ਲਈ ਮਾਝੇ ਦੇ ਇਲਾਕੇ ਵਿਚ ਪੁੱਜ ਕੇ ਕਿਸੇ ਤੋਂ ਪੁੱਛਣ ਲੱਗਾ ਕਿ ਉਹ ਅਨਾਜ ਦਾ ਵਪਾਰ ਕਰਨ ਆਇਆ ਹੈ ਦੱਸੋ ਇਹ ਛੇਤੀ ਤੋਂ ਛੇਤੀ ਕਿੱਥੇ ਵਿਕ ਸਕਦਾ ਹੈ। ਤਦ ਲੋਕਾਂ ਨੇ ਉਸ ਨੂੰ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਸਰੋਵਰ ਬਣਾ ਰਹੇ ਹਨ ਉੱਥੇ ਅਣਗਿਣਤ ਲੋਕ ਕੰਮ ਕਰਦੇ ਹਨ ਤੇਰਾ ਅਨਾਜ ਉੱਥੇ ਅਸਾਨੀ ਨਾਲ ਵਿਕ ਜਾਵੇਗਾ। ਬ੍ਰਾਹਮਣ ਅਨਾਜ ਲੈ ਕੇ ਪਹੁੰਚ ਗਿਆ। ਉਸ ਨੇ ਦੇਖਿਆ ਕਿ ਲੋਕ ਬੜੀ ਸ਼ਰਧਾ ਨਾਲ ਸੇਵਾ ਕਰ ਰਹੇ ਹਨ। ਭੇਟਾਵਾਂ ਅਰਪਨ ਕਰ ਕੇ ਆਪਣੀਆਂ ਇੱਛਾਵਾਂ ਪੂਰੀਆਂ ਕਰਦੇ ਹਨ। ਇਹ ਵੇਖ ਕੇ ਉਸ ਦੇ ਅੰਦਰ ਵੀ ਸ਼ਰਧਾ ਉਤਪੰਨ ਹੋ ਗਈ। ਇੱਕ ਦਿਨ ਲੰਗਰ ਵਿਚ ਅੰਨ ਥੁੜ੍ਹ ਜਾਣ ਕਾਰਨ ਭੋਜਨ ਤਿਆਰ ਨਾ ਹੋਇਆ। ਕੋਈ ਅਨਾਜ ਭੇਟ ਕਰਨ ਨਾ ਆਇਆ ਤਾਂ ਬ੍ਰਾਹਮਣ ਦੇ ਚਿੱਤ ਵਿਚ ਆਈ ਕਿ ਇਹ ਉਸ ਲਈ ਕੀਮਤੀ ਮੌਕਾ ਹੈ। ਉਸ ਨੇ ਜਾ ਫਰਿਆਦ ਕੀਤੀ ਕਿ ਮੈਂ ਅਨਾਜ ਲੈ ਕੇ ਆਇਆ ਹਾਂ ਮੇਰੇ ਕੋਲੋਂ ਅਨਾਜ ਲੈ ਲਵੋ ਤਦ ਇੱਕ ਸਿੱਖ ਨੇ ਗੁਰੂ ਜੀ ਕੋਲੋਂ ਆਗਿਆ ਮੰਗੀ ਤਾਂ ਗੁਰੂ ਜੀ ਨੇ ਕਿਹਾ ਜਿੰਨਾ ਅਨਾਜ ਚਾਹੀਦਾ ਹੈ ਉਨਾ ਲੈ ਲਵੋ। ਵਿਸਾਖੀ ਤੇ ਭੇਟਾ ਇਕੱਠੀ ਹੋਵੇਗੀ ਉਸ ਵੇਲੇ ਕੀਮਤ ਉਤਾਰ ਦਿੱਤੀ ਜਾਵੇਗੀ। ਬ੍ਰਾਹਮਣ ਕੋਲੋਂ ਸੌ ਮਣ ਅਨਾਜ ਤੁਲਵਾ ਕੇ ਲੈ ਲਿਆ ਗਿਆ। ਅਗਲੇ ਦਿਨ ਫਿਰ ਲੰਗਰ ਤਿਆਰ ਨਾ ਹੋਇਆ। ਬ੍ਰਾਹਮਣ ਨੇ ਸੌ ਮਣ ਅਨਾਜ ਹੋਰ ਦਿੱਤਾ। ਇਸ ਤਰ੍ਹਾਂ ਉਸ ਨੇ ਪੰਜ ਦਿਨਾ ਵਿਚ ਪੰਜ ਸੌ ਮਣ ਅਨਾਜ ਦੇ ਦਿੱਤਾ। ਵਿਸਾਖੀ ਆਉਣ ਤੱਕ ਉਹ ਉੱਥੇ ਲੋਕਾਂ ਨੂੰ ਸੇਵਾ ਕਮਾਉਂਦੇ ਵੇਖਦਾ ਰਿਹਾ। ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆ ਦੇਖਦਾ ਰਿਹਾ ਤੇ ਉਸ ਦੇ ਮਨ ਅੰਦਰ ਵੀ ਪ੍ਰੇਮ ਭਾਵ ਵਧ ਗਿਆ ਤੇ ਗੁਰੂ ਘਰ ਨਾਲ ਸ਼ਰਧਾ ਵਧ ਗਈ। ਵਿਸਾਖੀ ਦੇ ਦਿਹਾੜੇ ਤੇ ਵੱਡਾ ਮੇਲਾ ਹੋਇਆ। ਸੰਗਤਾਂ ਭੇਟਾਵਾਂ ਧਨ ਅਨਾਜ ਲੈ ਕੇ ਆਈਆਂ। ਗੁਰੂ ਜੀ ਨੇ ਚੇਤੇ ਕਰਦੇ ਹੋਏ ਸਿੱਖਾਂ ਨੂੰ ਕਿਹਾ ਕਿ ਉਸ ਬ੍ਰਾਹਮਣ ਨੂੰ ਬੁਲਾਵੋ ਤੇ ਬ੍ਰਾਹਮਣ ਦਾ ਜੋ ਧਨ ਦੇਣਾ ਬਣਦਾ ਹੈ ਦੇ ਦੇਵੋ। ਸਿੱਖ ਬ੍ਰਾਹਮਣ ਨੂੰ ਗੁਰੂ ਜੀ ਕੋਲ ਲੈ ਆਏ ਤੇ ਉਹ ਗੁਰੂ ਜੀ ਅੱਗੇ ਨਮਸਕਾਰ ਕਰਕੇ ਬੈਠ ਗਿਆ। ਉਸ ਦੀ ਲਗਨ ਗੁਰੂ ਘਰ ਨਾਲ ਲੱਗ ਚੁੱਕੀ ਸੀ ਤੇ ਹੋਰ ਸਭ ਮਨੋਰਥ ਉਸ ਨੇ ਤਿਆਗ ਦਿੱਤੇ ਸਨ।

ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਨੂੰ ਆਪਣੇ ਵੇਚੇ ਅਨਾਜ ਦੀ ਕੀਮਤ ਲੈਣ

ਲਈ ਕਿਹਾ ਤੇ ਨਾਲ ਹੀ ਉਸ ਨੂੰ ਆਪਣੇ ਮਨ ਦੀ ਮੁਰਾਦ ਪੂਰੀ ਕਰਨ ਲਈ ਵੀ ਆਖਿਆ ਕਿਉਂ ਜੋ ਉਸ ਨੇ ਬਾਜਰਾ ਲੰਗਰ ਵਿਚ ਆਈ ਤੋਟ ਵੇਲੇ ਦਿੱਤਾ ਸੀ। ਗੁਰੂ ਜੀ ਨੇ ਨਾਲ ਹੀ ਮੁੱਲ ਲਏ ਬਾਜਰੇ ਦੀ ਕੀਮਤ ਨਾਲੋਂ ਜਿਆਦਾ ਕੀਮਤ ਦੇਣ ਲਈ ਵੀ ਕਿਹਾ ਤਦ ਬ੍ਰਾਹਮਣ ਗੰਗਾ ਰਾਮ ਨੇ ਹੱਥ ਜੋੜ ਕੇ ਕਿਹਾ ਕਿ ਉਸ ਨੇ ਅਨਾਜ ਦੀ ਕੀਮਤ ਨਹੀਂ ਲੈਣੀ। ਉਹ ਤਾਂ ਆਪਣਾ ਜਨਮ ਸਫਲਾ ਕਰਨਾ ਚਾਹੁੰਦਾ ਹੈ। ਉਹ ਆਪਣੀ ਉਮਰ ਸੰਗਤ ਵਿਚ ਗੁਜਾਰਨੀ ਚਾਹੁੰਦਾ ਹੈ।

ਗੁਰੂ ਜੀ ਨੇ ਫੁਰਮਾਇਆ ਕਿ ਗੁਰੂ ਘਰ ਵਿਚ ਧਨ ਦੀ ਕੋਈ ਕਮੀ ਨਹੀਂ। ਆਮਦ ਤੇ ਖਰਚ ਹਮੇਸ਼ਾਂ ਇਸੇ ਤਰ੍ਹਾਂ ਚਲਦਾ ਰਹਿੰਦਾ ਹੈ। ਗੰਗਾ ਰਾਮ ਨੇ ਨਿਮਰਤਾ ਵਿਚ ਆ ਕੇ ਬੇਨਤੀ ਕੀਤੀ ਕਿ ਮੈਂ ਮਨ ਕਰਕੇ ਤੁਹਾਡਾ ਸਿਖ ਬਣ ਗਿਆ ਹਾਂ ਮੇਰੇ ਮਨ ਵਿਚੋਂ ਭਰਮ ਤੇ ਮੋਹ ਦੂਰ ਕਰੋ ਜੀ। ਉਸਦਾ ਨਿਸ਼ਚਾ ਵੇਖ ਕੇ ਗੁਰੂ ਜੀ ਨੇ ਗੰਗਾ ਰਾਮ ਨੂੰ ਚਰਨ ਪਹੁਲ ਦੇ ਕੇ ਸਿੱਖ ਬਣਾ ਲਿਆ। ਉਹ ਮਨ ਵਿਚ ਅਨੰਦ ਪਾ ਕੇ ਸੇਵਾ ਕਰਨ ਵਿਚ ਲੱਗ ਗਿਆ। ਉਸ ਦੇ ਪੂਰਬਲੇ ਭਾਗ ਜਾਗ ਪਏ ਫੇਰ ਉਸ ਨੂੰ ਸ੍ਰੇਸ਼ਟ ਉਪਦੇਸ਼ ਦੇ ਕੇ ਸਤਿਨਾਮ ਦੇ ਸਿਮਰਨ ਵਿਚ ਲਿਵ ਲਾਉਣ ਲਈ ਕਿਹਾ। ਗੰਗਾ ਰਾਮ ਬ੍ਰਾਹਮਣ ਨੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕੀਤੀ ਜਿਸ ਕਾਰਨ ਉਸ ਨੂੰ ਮਹਾਨ ਸ਼ਕਤੀ ਮਿਲੀ। ਉਹ ਗੁਰੂ ਜੀ ਦੇ ਬਲ ਨਾਲ ਸਿੱਧ ਬਣ ਗਿਆ। ਗੁਰੂ ਜੀ ਨੇ ਉਸ ਨੂੰ ਵਿਦਾ ਕਰ ਦਿੱਤਾ ਅਤੇ ਉਹ ਬਠਿੰਡਾ ਆ ਗਿਆ। ਉਸ ਨੇ ਪ੍ਰੋਹਤਤਾਈ ਦਾ ਕੰਮ ਆਪ ਛੱਡ ਦਿੱਤਾ ਤੇ ਆਪਣੇ ਪੁੱਤਰਾਂ ਤੋਂ ਵੀ ਛੁਡਾ ਦਿੱਤਾ। ਉਸ ਨੇ ਬਠਿੰਡੇ ਸ਼ਹਿਰ ਤੋਂ ਬਾਹਰ ਡੇਰਾ ਲਗਾ ਲਿਆ। ਉੱਥੇ ਦੋ ਖੱਤਰੀ ਭਰਾ ਰਹਿੰਦੇ ਸਨ। ਉਹ ਬਹੁਤ ਧਨਵਾਨ ਹੋਣ ਕਰਕੇ ਜਗਤ ਵਿਚ ਪ੍ਰਸਿੱਧ ਸਨ। ਵੱਡੇ ਭਰਾ ਦਾ ਨਾ ਬਿਧੀ ਚੰਦ ਸੀ ਉਸੇ ਘਰ ਵਿਚ ਛੋਟਾ ਭਰਾ ਸਿਧੀ ਚੰਦ ਸੀ। ਛੋਟੇ ਭਰਾ ਸਿਧੀ ਚੰਦ ਨੇ ਗੰਗਾ ਰਾਮ ਦੀ ਸੇਵਾ ਕਰਨ ਦਾ ਮਨ ਬਣਾ ਲਿਆ। ਉਹ ਮਸਤ ਹੋ ਕੇ ਰਹਿਣ ਲੱਗ ਪਿਆ। ਜੋ ਉਸ ਨੂੰ ਫੁਰਦਾ ਆਖ ਦਿੰਦਾ। ਸਿਧੀ ਚੰਦ ਨੇ ਉਸ ਦੀ ਸੇਵਾ ਕੀਤੀ ਅਤੇ ਫਲ ਵਜੋਂ ਮਹਾਨ ਪੁੱਤਰ ਮੂਲ ਚੰਦ ਦਾ ਜਨਮ ਹੋਇਆ ਜਿਸ ਦੀ ਮਾਨਤਾ ਸਨਾਮ ਨਗਰ ਵਿਚ ਬਹੁਤ ਹੈ। ਗੰਗਾ ਰਾਮ ਬ੍ਰਾਹਮਣ ਦੀ ਉਲਾਦ ਦੀ ਵੀ ਪੂਜਾ ਹੁੰਦੀ ਹੈ ਜੋ ਚੜ੍ਹਾਵੇ ਦਾ ਧਨ ਲੈਂਦੇ ਹਨ। ਜਿਹੜੇ ਲੋਕ ਕਾਮਨਾ ਰੱਖ ਕੇ ਪੂਜਦੇ ਹਨ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ।

## ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾ ਕੇ ਸੇਵਾ ਕਰਨੀ

ਇੱਕ ਦਿਨ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸ੍ਰੀ ਗੋਇੰਦਵਾਲ ਸਾਹਿਬ ਦੀ ਪਵਿੱਤਰ ਧਰਤੀ ਤੇ ਆਪਣੇ ਸਿੱਖਾਂ ਨੂੰ ਦਰਸ਼ਨ ਅਤੇ ਉਪਦੇਸ਼ ਬਖਸ਼ਿਸ਼ ਕਰ ਰਹੇ ਸਨ। ਸਤਿਗੁਰਾਂ ਨੇ ਫੁਰਮਾਇਆ ਹੇ ਭਾਈ ਸਿੱਖੋ ਤੁਸੀਂ ਮੈਨੂੰ ਬਹੁਤ

ਪਿਆਰੇ ਹੋ ਤੁਸੀਂ ਇਹ ਦੁਰਲੱਭ ਮਨੁੱਖਾ ਜਨਮ ਧਾਰਨ ਕੀਤਾ ਹੈ। ਇਸ ਨੂੰ ਪ੍ਰਭੂ ਸਿਮਰਨ ਤੋਂ ਬਗੈਰ ਅਜਾਈਂ ਨਾ ਗੁਆਵੋ ਤੇ ਮੁੜ-ਮੁੜ ਨਰਕ ਸਵਰਗ ਨਾ ਦੇਖੋ। ਜਿਵੇਂ ਖੂਹ ਦੀਆਂ ਟਿੰਡਾਂ ਦਾ ਆਉਣਾ ਜਾਣਾ ਹੁੰਦਾ ਹੈ ਇਸੇ ਤਰ੍ਹਾਂ ਇਹ ਜੀਵ ਸੰਸਾਰ ਵਿਚ ਆਪਣੇ ਕਰਮਾਂ ਕਰਕੇ ਆਉਂਦਾ ਜਾਂਦਾ ਰਹਿੰਦਾ ਹੈ। ਉਸ ਸਮੇਂ ਸਤਿਗੁਰਾਂ ਨੇ ਇੱਕ ਸਲੋਕ ਉਚਾਰਨ ਕੀਤਾ

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***(ਆਦਿ ੩੦੫)***

ਗੁਰੂ ਜੀ ਤੋਂ ਇਹ ਉਪਦੇਸ਼ ਸੁਣ ਕੇ ਜਿਨ੍ਹਾਂ ਦੇ ਵੱਡੇ ਭਾਗ ਸਨ ਉਨ੍ਹਾਂ ਨੇ ਧਾਰਨ ਕੀਤਾ। ਇੱਕ ਦਿਨ ਲਾਹੌਰ ਤੋਂ ਸਿਹਾਰੀ ਮੱਲ ਜੀ ਮਠਿਆਈ ਲੈ ਕੇ ਆਏ ਜੋ ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁੱਤਰ ਸੀ। ਉਸ ਨੇ ਹੱਥ ਜੋੜ ਕੇ ਪ੍ਰਣਾਮ ਕਰਨਾ ਚਾਹਿਆ ਪਰ ਗੁਰੂ ਰਾਮਦਾਸ ਜੀ ਨੇ ਵੇਖ ਕੇ ਵਿਚਾਰਿਆ ਕਿ ਵੱਡਾ ਭਰਾ ਤਾਏ ਦਾ ਪੁੱਤਰ ਹੈ ਇਸ ਲਈ ਗੁਰੂ ਜੀ ਨੇ ਉਸ ਦੇ ਹੱਥ ਪਰੇ ਕਰ ਦਿੱਤੇ ਅਤੇ ਆਪ ਹੀ ਉਸ ਦੇ ਚਰਨਾ ਉੱਤੇ ਬੰਦਨਾ ਕੀਤੀ। ਇਹ ਵੇਖ ਕੇ ਸਿਹਾਰੀ ਮੱਲ ਅੱਗੋਂ ਨੀਵਾਂ ਹੋ ਕੇ ਹੈਰਾਨ ਹੁੰਦਾ ਹੋਇਆ ਆਖਣ ਲੱਗੇ ਹੇ ਮਾਲਕ ਅਯੋਗ ਗੱਲ ਨਾ ਕਰੋ। ਹੁਣ ਅਸੀਂ ਤੁਹਾਨੂੰ ਭਰਾ ਨਹੀਂ ਸਮਝਦੇ। ਤੁਸੀਂ ਸਤਿਗੁਰੂ ਅਮਰਦਾਸ ਜੀ ਦੀ ਸੰਗਤ ਕਰਕੇ ਜਗਤ ਗੁਰੂ ਬਣ ਗਏ ਹੋ। ਤੁਸੀਂ ਹਜਾਰਾਂ ਲੋਕਾਂ ਦੇ ਪੂਜਨੀਕ ਬਣ ਗਏ ਹੋ। ਤੁਸੀਂ ਨਾਮ ਦੇ ਸਹਾਰੇ ਨਾਲ ਹਜਾਰਾਂ ਲੋਕਾਂ ਦਾ ਉਧਾਰ ਕਰਦੇ ਹੋ। ਅਸੀਂ ਆਪਣੇ ਆਪਣੇ ਕੁਟੰਬਾਂ ਵਿਚ ਖੱਚਤ ਹਾਂ ਅਤੇ ਹਰੀ ਨਾਮ ਦਾ ਸਹਾਰਾ ਨਹੀਂ ਲੈਂਦੇ। ਫੇਰ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਤੁਸੀਂ ਵੱਡੇ ਭਰਾ ਦੀ ਪਦਵੀ ਤੇ ਹੋ ਇਸ ਲਈ ਮੇਰਾ ਬੰਦਨਾ ਕਰਨਾ ਹੀ ਬਣਦਾ ਹੈ। ਤਦ ਦੋਨਾ ਪਾਸਿਆਂ ਤੋਂ ਪ੍ਰੇਮ ਸਹਿਤ ਨਮਸਕਾਰ ਕੀਤੀ। ਮਠਿਆਈ ਵੇਖ ਕੇ ਗੁਰੂ ਜੀ ਕਹਿਣ ਲੱਗੇ ਕਿਵੇਂ ਆਏ ਹੋ। ਤਦ ਸਿਹਾਰੀ ਮੱਲ ਨੇ ਆਖਿਆ ਤੁਹਾਡੇ ਭਤੀਜੇ ਸੁਭਾਗੇ ਦਾ ਵਿਆਹ ਹੈ ਮੇਰਾ ਮਨ ਅੱਛੀ ਤਰ੍ਹਾਂ ਸ਼ਾਨ ਨਾਲ ਕਰਨਾ ਚਾਹੁੰਦਾ ਹੈ ਪਰ ਇਹ ਤੁਹਾਡੇ ਬਿਨਾ ਸ਼ਾਨ ਵਾਲਾ ਨਹੀਂ ਬਣ ਸਕਦਾ। ਮੈਂ ਤਾਂ ਇਉਂ ਮਨ ਵਿਚ ਸੋਚਕੇ ਆਇਆ ਹਾਂ। ਇਹ ਸੁਣ ਕੇ ਗੁਰੂ ਜੀ ਨੇ ਉਸ ਦਾ ਬਹੁਤ ਆਦਰ ਮਾਣ ਕੀਤਾ ਅਤੇ ਬੜੀ ਚੰਗੀ ਥਾਂ ਤੇ ਉਸ ਦਾ ਡੇਰਾ ਕਰਵਾ ਦਿੱਤਾ। ਇਉਂ ਸੋਚਦੇ ਹੋਏ ਸਤਿਗੁਰੂ ਜੀ ਰਾਤ ਨੂੰ ਸੌਂ ਗਏ। ਜਦ ਸਵੇਰ ਹੋਈ ਇਸ਼ਨਾਨ ਆਦਿ ਸਾਰੀ ਕਿਰਿਆ ਕਰ ਲਈ ਤਾਂ ਸੰਹਾਰੀ ਮੱਲ ਜੀ ਨੇ ਸਤਿਗੁਰੂ ਜੀ ਕੋਲ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ ਜਦੋਂ ਆਪ ਜੀ ਦੇ ਚਰਨ ਮੇਰੇ ਘਰ ਵਿਚ ਪੈਣਗੇ ਤਾਂ ਸੰਸਾਰ ਵਿਚ ਮੇਰੀ ਬਹੁਤ ਸੋਭਾ ਹੋਵੇਗੀ ਅਤੇ ਕੋਈ ਬਿਘਨ ਨਹੀਂ ਪਵੇਗਾ। ਸਤਿਗੁਰੂ ਜੀ ਨੇ ਫੁਰਮਾਇਆ ਭਰਾ ਜੀ ਤੁਸੀਂ ਠੀਕ ਆਖਦੇ ਹੋ ਫੇਰ ਮੇਰਾ

ਵੀ ਹਾਲ ਸੁਣੋ। ਰੋਜਾਨਾ ਨਵੀਂ ਤੋਂ ਨਵੀਂ ਸੰਗਤ ਦੇਸ ਵਿਦੇਸ ਤੋਂ ਦਰਸ਼ਨ ਕਰਨ ਆਉਂਦੀ ਹੈ। ਇਹ ਸਾਰੇ ਸਿੱਖ ਸਤਿਗੁਰੂ ਗੁਰੂ ਅਮਰਦਾਸ ਜੀ ਦੇ ਚਰਨ ਕਮਲਾਂ ਦੇ ਪ੍ਰੇਮੀ ਹਨ ਜਿਨ੍ਹਾਂ ਦੇ ਦਿੱਤੇ ਵਰ ਅਤੇ ਸਰਾਪ ਹਮੇਸ਼ਾਂ ਸਫਲ ਹੁੰਦੇ ਹਨ ਉਨ੍ਹਾਂ ਨੂੰ ਪ੍ਰਸੰਨ ਕਰਨ ਦੀ ਮੇਰੀ ਇੱਛਾ ਹੈ। ਜੇ ਮੈਂ ਛੱਡ ਕੇ ਚਲਾ ਜਾਵਾਂ ਤਾਂ ਇਹ ਗੱਲ ਯੋਗ ਨਹੀਂ ਹੈ ਤੇ ਜਦੋਂ ਬਰਾਤ ਉਧਰ ਜਾ ਕੇ ਢੁਕੇਗੀ ਤਾਂ ਸੰਗਤ ਦਾ ਇਕੱਠ ਜਿਆਦਾ ਹੋਵੇਗਾ ਆਪਣੇ ਕੁੜਮ ਉੱਥੇ ਕਿਵੇਂ ਸੰਭਾਲਣਗੇ। ਇਸ ਤਰ੍ਹਾਂ ਦੀ ਸਾਰੀ ਵਿਚਾਰ ਕਰ ਲਵੋ। ਯੋਗ ਗੱਲ ਸੁਣ ਕੇ ਸਿਹਾਰੀ ਮੱਲ ਨੇ ਬੇਨਤੀ ਸਹਿਤ ਆਖਿਆ ਆਪ ਜੀ ਨੇ ਸਭ ਕੁਝ ਠੀਕ ਹੀ ਆਖਿਆ ਹੈ ਹੁਣ ਵੀ ਬਹੁਤ ਸਾਰੀ ਸੰਗਤ ਇਕੱਠੀ ਹੋ ਗਈ ਹੈ। ਤੁਸੀਂ ਆਪਣੇ ਪੁੱਤਰ ਨੂੰ ਮੇਰੇ ਨਾਲ ਘੱਲ ਦਿਉ ਤਾਂ ਜੋ ਇਹ ਸ਼ੁਭ ਕਾਰਜ ਸਭ ਪ੍ਰਕਾਰ ਸਫਲ ਹੋ ਜਾਵੇ। ਮੇਰੀ ਬੇਨਤੀ ਤਾਂ ਆਪ ਜੀ ਦੀ ਮਰਜੀ ਅਨੁਸਾਰ ਹੀ ਹੈ। ਇਹ ਗੱਲ ਸੁਣ ਕੇ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਕੋਲ ਸੱਦਿਆ। ਉਸ ਨੂੰ ਆਪਣੇ ਸਬੰਧ ਅਤੇ ਰੀਤੀ ਰਿਵਾਜ ਦੀ ਗੱਲ ਦੱਸੀ। ਇਹ ਮੇਰੇ ਤਾਇਆ ਜੀ ਦੇ ਪੁੱਤਰ ਵੱਡੇ ਥਾਂ ਤੇ ਹੋਣ ਕਰਕੇ ਆਦਰ ਯੋਗ ਹਨ। ਇਨ੍ਹਾਂ ਨੇ ਆਪਣੇ ਪੁੱਤਰ ਸੁਭਾਗੇ ਦਾ ਵਿਆਹ ਧਰਿਆ ਹੈ। ਉਸ ਦੇ ਲਈ ਚੱਲ ਕੇ ਆਏ ਹਨ। ਤੇਰੇ ਲਈ ਉਚਿਤ ਹੈ ਕਿ ਇਨ੍ਹਾਂ ਦੇ ਨਾਲ ਚਲੇ ਜਾਉ। ਸੋਢੀ ਕੁੱਲ ਦੇ ਸਾਰੇ ਹੀ ਸਾਡੇ ਸਬੰਧੀ ਹਨ। ਉਨ੍ਹਾਂ ਨੂੰ ਜਾ ਕੇ ਲਾਹੌਰ ਵਿਖੇ ਮਿਲੋ। ਜਦੋਂ ਜੀਅ ਕਰੇ ਤਾਂ ਆ ਜਾਣਾ। ਜਾ ਕੇ ਆਪਣੇ ਧਰਮਸਾਲਾ ਦੀ ਵੀ ਖਬਰ ਲਵੋ। ਆਪਣੇ ਪਿਤਾ ਦੀ ਗੱਲ ਸੁਣਕੇ ਪ੍ਰਿਥੀ ਚੰਦ ਨੇ ਮਨ ਵਿਚ ਜਾਣਿਆ ਇਨ੍ਹਾਂ ਤੋਂ ਵਿਛੜਨਾ ਚੰਗਾ ਨਹੀਂ। ਨੇੜੇ ਰਹਿਣ ਨਾਲ ਪ੍ਰੇਮ ਵਧਦਾ ਹੈ। ਜੇ ਦੂਰ ਰਹਾਂਗਾ ਤਾਂ ਕਦੇ ਕਦਾਈਂ ਹੀ ਇਨ੍ਹਾਂ ਦੇ ਧਿਆਨ ਵਿਚ ਆਵਾਂਗਾ। ਮੇਰਾ ਭਰਾ ਪਿਤਾ ਜੀ ਦੇ ਕੋਲ ਰਹੇਗਾ। ਆਈ ਹੋਈ ਸੰਗਤ ਦਾ ਰੋਜ ਨਵਾਂ ਉਤਸ਼ਾਹ ਹੁੰਦਾ ਹੈ। ਮੈਂ ਚੜ੍ਹਾਵੇ ਦਾ ਸਾਰਾ ਧਨ ਸੰਭਾਲਦਾ ਹਾਂ। ਕਾਫੀ ਸਾਰਾ ਧਨ ਵੱਖਰਾ ਕਰਕੇ ਆਪਣੇ ਘਰ ਰੱਖ ਲੈਂਦਾ ਹਾਂ। ਜੇ ਮੈਂ ਚਲਾ ਜਾਵਾਂਗਾ ਮੇਰੇ ਛੋਟੇ ਭਰਾ ਅੱਗੇ ਹੋ ਜਾਣਗੇ। ਪਿਤਾ ਗੁਰੂ ਜੀ ਤਾਂ ਸੇਵਾ ਵੇਖ ਕੇ ਹੀ ਪ੍ਰਸੰਨ ਹੋ ਜਾਂਦੇ ਹਨ। ਇਹੋ ਜਿਹੀਆਂ ਦਲੀਲਾਂ ਨੀਵੀਂ ਗਰਦਨ ਕਰਕੇ ਸੋਚਦਾ ਰਿਹਾ। ਫੇਰ ਗੁਰੂ ਜੀ ਨੂੰ ਆਖਣ ਲੱਗਾ ਤੁਸੀਂ ਹਮੇਸ਼ਾਂ ਵੇਖਦੇ ਹੀ ਹੋ ਜਿਸ ਤਰ੍ਹਾਂ ਦੇ ਕੰਮ ਮੈਨੂੰ ਪਏ ਰਹਿੰਦੇ ਹਨ ਨਿਤ ਹਜਾਰਾਂ ਦਾ ਲੈਣ ਦੇਣ ਹੁੰਦਾ ਹੈ ਇੱਕ ਆਉਂਦਾ ਹੈ ਤੇ ਇੱਕ ਜਾਂਦਾ ਹੈ। ਹਮੇਸ਼ਾਂ ਲੰਗਰ ਦੇ ਖਰਚ ਨੂੰ ਸੰਭਾਲਦਾ ਹਾਂ। ਮੈਨੂੰ ਕਿਸੇ ਸਮੇਂ ਵਿਹਲ ਨਹੀਂ ਹੈ। ਮੇਰਾ ਉੱਥੇ ਜਾਣਾ ਕਿਵੇਂ ਉਚਿਤ ਬਣ ਸਕਦਾ ਹੈ। ਪਿਤਾ ਜੀ ਨੇ ਫੁਰਮਾਇਆ ਇਹ ਕੰਮ ਕੋਈ ਹੋਰ ਸੰਭਾਲ ਲਵੇਗਾ। ਤੇਰਾ ਹੀ ਉਸੇ ਸਥਾਨ ਤੇ ਜਾਣਾ ਉਚਿਤ ਹੈ। ਹੇ ਪਿਤਾ ਜੀ ਤੁਸੀ ਤਾਂ ਬੇਪਰਵਾਹ ਹੋ ਮਨ ਵਿਚ ਕਦੇ ਹਾਣ ਲਾਭ ਨਹੀਂ ਵਿਚਾਰਦੇ। ਮੇਰੇ ਕੋਲੋਂ ਲਾਹੌਰ ਨਹੀਂ ਜਾਇਆ ਜਾਣਾ। ਰੋਜਾਨਾ ਰਾਹਾਂ ਤੇ

ਬਹੁਤ ਗਰਮੀ ਹੁੰਦੀ ਹੈ ਨਾਲੇ ਬਰਾਤਾਂ ਵਿਚ ਬਹੁਤ ਸ਼ੋਰ ਸ਼ਰਾਬਾ ਹੁੰਦਾ ਹੈ। ਮੈਂ ਸ਼ਾਂਤ ਸੁਭਾਅ ਦਾ ਹਾਂ ਮੈਨੂੰ ਇਹ ਚੰਗਾ ਨਹੀਂ ਲੱਗਦਾ। ਇਹ ਗੱਲ ਜੋ ਪ੍ਰਿਥੀ ਚੰਦ ਨੇ ਸੁਣਾਈ ਇਹ ਗੁਰੂ ਜੀ ਦੀ ਰਜਾ ਤੋਂ ਵੱਖਰੇ ਹੋਣ ਦੀ ਪਹਿਲੀ ਗੱਲ ਸੀ। ਉਸ ਨੇ ਪਿਤਾ ਜੀ ਦਾ ਹੁਕਮ ਟਾਲ ਦਿੱਤਾ। ਗੁਰੂ ਜੀ ਨੇ ਪੁੱਤਰ ਦੇ ਮਨ ਦੀ ਸਾਰੀ ਖੋਟ ਜਾਣ ਲਈ। ਜਗ ਦੇ ਮਾਲਕ ਅੰਤਰਜਾਮੀ ਚੁੱਪ ਹੋ ਗਏ ਫਿਰ ਛੋਟੇ ਪੁੱਤਰਾਂ ਨੂੰ ਕੋਲ ਸੱਦਿਆ ਇਹ ਪਰਖਣ ਲਈ ਕਿ ਕੌਣ ਆਗਿਆਕਾਰ ਹੈ।

ਦੋਨਾ ਛੋਟੇ ਪੁੱਤਰਾਂ ਨੇ ਪਿਤਾ ਜੀ ਦੇ ਕੋਲ ਆ ਕੇ ਨਮਸਕਾਰ ਕੀਤੀ। ਸਿਹਾਰੀ ਮੱਲ ਨੂੰ ਵੀ ਨਮਸਕਾਰ ਕੀਤੀ ਤਾਂ ਉਸ ਨੇ ਵੇਖ ਕੇ ਉਨ੍ਹਾਂ ਨੂੰ ਅਸੀਸ ਦਿੱਤੀ। ਗੁਰੂ ਜੀ ਨੇ ਮਹਾਂਦੇਵ ਨੂੰ ਆਖਿਆ ਜਾਉ ਤੁਹਾਡੇ ਭਰਾ ਦਾ ਵਿਆਹ ਹੈ ਜਾ ਕੇ ਵੇਖ ਆਉ। ਇਨ੍ਹਾਂ ਦੇ ਨਾਲ ਲਾਹੌਰ ਜਾ ਕੇ ਉੱਥੇ ਸਾਰੇ ਰਿਸ਼ਤੇਦਾਰਾਂ ਨੂੰ ਮਿਲੋ। ਮਸਤ ਸੁਭਾਅ ਵਾਲਾ ਮਹਾਂਦੇਵ ਬੋਲਿਆ ਕੌਣ ਰਿਸ਼ਤੇਦਾਰ। ਕਿਸਦਾ ਰਿਸ਼ਤੇਦਾਰ। ਕਿਥੇ ਜਾਵਾਂ। ਮੇਰੀ ਤਾਂ ਕਿਸੇ ਨਾਲ ਜਾਣ ਪਛਾਣ ਨਹੀਂ ਤੇ ਨਾ ਹੀ ਮੈਂ ਅੱਗੋਂ ਲਈ ਕਰਨੀ ਚਾਹੁੰਦਾ। ਰਿਸ਼ਤਿਆਂ ਦਾ ਕੀ ਫਲ ਹੈ। ਸਾਰੇ ਆਪਣਾ ਹੀ ਲਾਭ ਵੇਖਦੇ ਰਹਿੰਦੇ ਹਨ। ਮੇਰੇ ਕੋਲੋਂ ਉਥੇ ਨਹੀਂ ਜਾਇਆ ਜਾਣਾ। ਆਉਂਦੇ ਜਾਂਦੇ ਬਹੁਤ ਥਕਾਵਟ ਹੋ ਜਾਂਦੀ ਹੈ। ਇਉਂ ਆਖ ਕੇ ਉਹ ਉਸੇ ਵੇਲੇ ਚੁੱਪ ਹੋ ਗਿਆ। ਦੂਜੇ ਪੁੱਤਰ ਨੂੰ ਵੀ ਇਉਂ ਵੇਖ ਕੇ ਕਿਰਪਾਲੂ ਗੁਰੂ ਜੀ ਨੇ ਸੋਚਿਆ ਕਿ ਇਹ ਮੇਰਾ ਬਚਨ ਨਹੀਂ ਮੰਨਦੇ। ਆਪਣੀ ਅਕਲ ਨੂੰ ਹੀ ਵੱਡੀ ਜਾਣਦੇ ਹਨ।

ਫੇਰ ਗੁਰੂ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲ ਵੇਖਿਆ ਜੋ ਕਿ ਬਹੁਤ ਕੋਮਲ ਅਤੇ ਅੱਛੇ ਸੁਭਾਅ ਦੇ ਹਨ। ਹੱਥ ਜੋੜ ਕੇ ਸਨਮੁਖ ਨਿਮਰ ਹੋ ਕੇ ਖਲੋ ਗਏ। ਗੁਰੂ ਜੀ ਨੇ ਫੁਰਮਾਇਆ ਹੇ ਪੁੱਤਰ ਆਗਿਆਕਾਰ ਬਣਕੇ ਆਪਣੇ ਤਾਇਆ ਜੀ ਦੇ ਨਾਲ ਲਾਹੌਰ ਚਲੇ ਜਾਉ ਤੇ ਭਰਾ ਦੇ ਵਿਆਹ ਵਿਚ ਸ਼ਾਮਿਲ ਹੋ ਕੇ ਖੁਸ਼ੀਆਂ ਮਾਣੋ। ਇੱਕ ਮਹੀਨਾ ਇਨ੍ਹਾਂ ਕੋਲ ਰਹਿਣਾ ਫੇਰ ਆਪਣੀ ਧਰਮਸ਼ਾਲਾ ਵਿਚ ਰਹਿ ਪੈਣਾ। ਸਾਰਾ ਕਾਰ ਵਿਹਾਰ ਵੇਖ ਕੇ ਚਲਾਉਣਾ ਅਤੇ ਸਮੂਹ ਸੰਗਤ ਨੂੰ ਸਤਿਨਾਮ ਵਾਹਿਗੁਰੂ ਦਾ ਜਾਪ ਕਰਵਾਉਣਾ। ਜਦੋਂ ਅਸੀਂ ਸੁਨੇਹਾ ਘੱਲਾਂਗੇ ਤਾਂ ਸਾਡੇ ਕੋਲ ਵਾਪਿਸ ਆ ਜਾਣਾ ਨਹੀਂ ਤਾਂ ਉਥੇ ਹੀ ਠਹਿਰਨਾ। ਪਿਤਾ ਗੁਰੂ ਜੀ ਦੀ ਆਗਿਆ ਸੁਣ ਕੇ ਆਪ ਜੀ ਮੰਨ ਗਏ ਅਤੇ ਹੱਥ ਜੋੜ ਕੇ ਬੋਲੇ ਇਹ ਤਾਂ ਤੁਸੀਂ ਮੈਨੂੰ ਸੌਖੇ ਜਿਹੇ ਕੰਮ ਵਿਚ ਘੱਲ ਰਹੇ ਹੋ ਜਿੱਥੇ ਅਨੰਦ ਮੰਗਲ ਹੋਵੇਗਾ। ਆਪ ਜੀ ਨਿਰਸੰਦੇਹ ਮੈਨੂੰ ਉੱਥੇ ਜਾਣ ਦੀ ਆਗਿਆ ਦੇਵੋ ਭਾਵੇਂ ਉੱਥੇ ਜਾਣ ਵਿਚ ਜਿੰਦਗੀ ਦਾ ਸੰਸਾ ਕਿਉਂ ਨਾ ਹੋਵੇ। ਪ੍ਰਾਣ ਵੀ ਦੇਣੇ ਪੈਣ ਤਾਂ ਉਥੇ ਤੁਰੰਤ ਚਲਾ ਜਾਵਾਂਗਾ। ਫਿਰ ਆਪ ਜੀ ਨੇ ਤਿਆਰ ਹੋਣ ਵਾਸਤੇ ਮਾਤਾ ਭਾਨੀ ਜੀ ਕੋਲ ਜਾਣਾ ਕੀਤਾ। ਸਾਰੀ ਗੱਲ ਉਨ੍ਹਾਂ ਨੂੰ ਦੱਸੀ। ਮਾਤਾ ਜੀ ਨੇ ਗੋਦੀ ਵਿਚ ਬਿਠਾ ਕੇ ਪਿਆਰ ਕੀਤਾ ਤੇ ਵਡਭਾਗੇ ਪੁੱਤਰ ਦਾ

ਮੱਥਾ ਚੁੰਮ ਕੇ ਬੋਲੀ ਪੁੱਤਰ ਜੀ ਸੁਣੋ ਪਿਤਾ ਜੀ ਦੀ ਆਗਿਆ ਮੰਨੋ ਇਸ ਵਿਚ ਆਪਣਾ ਭਲਾ ਹੈ। ਪ੍ਰਿਥੀ ਚੰਦ ਦਾ ਸੁਭਾਅ ਤਾਂ ਹੰਕਾਰੀ ਹੈ ਉਹ ਪਿਤਾ ਜੀ ਦੀ ਆਗਿਆ ਅਨੁਸਾਰ ਨਹੀਂ ਚਲਦਾ। ਮਹਾਂਦੇਵ ਮਸਤ ਸੁਭਾਅ ਵਾਲਾ ਹੈ ਉਹ ਕੋਈ ਹਾਣ ਲਾਭ ਨਹੀਂ ਜਾਣਦਾ। ਮੈਨੂੰ ਕੇਵਲ ਤੇਰੇ ਤੇ ਹੀ ਭਰੋਸਾ ਹੈ। ਇਉਂ ਸਮਝਾਉਂਦਿਆਂ ਮਾਤਾ ਜੀ ਦੇ ਨੇਤਰਾਂ ਵਿਚ ਜਲ ਭਰ ਆਇਆ ਪੁੱਤਰ ਜਾਹ। ਆਪ ਜੀ ਨੇ ਮਾਤਾ ਜੀ ਦੀ ਸਿੱਖਿਆ ਸਤਿਕਾਰ ਸਹਿਤ ਮੰਨ ਲਈ ਅਤੇ ਸੀਸ ਝੁਕਾਅ ਕੇ ਪ੍ਰਣਾਮ ਕੀਤਾ। ਮਾਤਾ ਜੀ ਕੋਲੋਂ ਵਿਦਾ ਹੋ ਕੇ ਫਿਰ ਪਿਤਾ ਜੀ ਨੂੰ ਨਮਸਕਾਰ ਕਰਕੇ ਉਦੋਂ ਹੀ ਤਾਇਆ ਜੀ ਦੇ ਨਾਲ ਚੱਲ ਪਏ। ਹੌਲੀ-ਹੌਲੀ ਸਾਰਾ ਪੰਧ ਮੁਕਾ ਲਿਆ ਤੇ ਲਾਹੌਰ ਨਗਰ ਵਿਚ ਪ੍ਰਵੇਸ਼ ਕੀਤਾ। ਸਿਹਾਰੀ ਜੀ ਨੇ ਪੁੱਤਰ ਦਾ ਵਿਆਹ ਰਚਾਇਆ ਹੋਇਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੇ ਪਰਿਵਾਰ ਦੇ ਆਦਮੀਆਂ ਨੂੰ ਮਿਲ ਕੇ ਯੋਗਤਾ ਅਨੁਸਾਰ ਸਭ ਨੂੰ ਪ੍ਰਸੰਨ ਕੀਤਾ। ਉਨ੍ਹਾਂ ਬਰਾਤ ਨਾਲ ਜਾ ਕੇ ਸੁਖ ਮਾਣਿਆ। ਜਦੋਂ ਤੱਕ ਵਿਆਹ ਦਾ ਕਾਰਜ ਚੱਲਦਾ ਰਿਹਾ ਉਦੋਂ ਤੱਕ ਆਪ ਜੀ ਨੇ ਇਨ੍ਹਾਂ ਵੱਲ ਹੀ ਵਾਸਾ ਕੀਤਾ ਫਿਰ ਆਪਣੀ ਧਰਮਸਾਲਾ ਵੱਲ ਜਾ ਟਿਕੇ। ਸਮੂਹ ਸਿੱਖ ਸੰਗਤ ਅਨੰਦ ਨਾਲ ਭਰਪੂਰ ਹੋ ਗਈ। ਉਹ ਆਪਣੇ ਪਿਤਾ ਜੀ ਦੀ ਚਿੱਠੀ ਦੀ ਉਡੀਕ ਕਰਦੇ ਰਹਿੰਦੇ ਤੇ ਇਨ੍ਹਾਂ ਦੀ ਬਿਰਤੀ ਗੁਰੂ ਪਿਤਾ ਦੇ ਚਰਨ ਕਮਲਾਂ ਵਿਚ ਜੁੜੀ ਰਹਿੰਦੀ। ਦਿਨ ਰਾਤ ਉਨ੍ਹਾਂ ਦੀ ਯਾਦ ਵਿਚ ਹੀ ਬੀਤਦੇ ਰਹੇ। ਆਪ ਸੰਗਤ ਵਿਚ ਬੈਠ ਕੇ ਗੁਰੂ ਜੀ ਦਾ ਪਵਿੱਤਰ ਜਸ ਉਚਾਰਨ ਕਰਦੇ ਰਹਿੰਦੇ। ਉਨ੍ਹਾਂ ਦੇ ਪ੍ਰੇਮ ਦਾ ਵੇਗ ਵਧਦਾ ਜਾ ਰਿਹਾ ਸੀ। ਪਿਤਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਉਹ ਵਿਆਕੁਲ ਹੋ ਗਏ। ਇੱਥੋਂ ਤੱਕ ਕਿ ਹੌਲੀ ਹੌਲੀ ਇਨ੍ਹਾਂ ਦਾ ਖਾਣਾ ਪੀਣਾ ਤੇ ਸੁਖ ਦੀ ਨੀਂਦ ਸੌਣਾ ਵੀ ਛੁਟ ਗਿਆ। ਇਸ ਤਰ੍ਹਾਂ ਕਈ ਮਹੀਨੇ ਬੀਤ ਗਏ ਪਰ ਪਿਤਾ ਗੁਰੂ ਰਾਮਦਾਸ ਜੀ ਨੇ ਪਰਖਣ ਲਈ ਇਨ੍ਹਾਂ ਨੂੰ ਯਾਦ ਹੀ ਨਾ ਕੀਤਾ। ਪ੍ਰਿਥੀ ਚੰਦ ਦਿਨੇ ਰਾਤੀ ਉਨ੍ਹਾਂ ਦੇ ਕੋਲ ਹੀ ਰਹਿੰਦਾ ਸੀ ਉਹ ਆਪਣੇ ਆਪ ਨੂੰ ਮਨ ਵਿਚ ਬਹੁਤ ਵੱਡਾ ਸਮਝਦਾ ਸੀ। ਸੋਚਦਾ ਸੀ ਕਿ ਮੈਂ ਪਿਤਾ ਜੀ ਦੇ ਮਗਰੋਂ ਗੁਰਗੱਦੀ ਲੈ ਕੇ ਮਨ ਭਾਉਂਦੀ ਖੁਸ਼ੀ ਮਨਾਵਾਂਗਾ। ਗੁਰੂ ਜੀ ਦੀ ਅਗਵਾਈ ਹੇਠ ਜਿੰਨੇ ਵੀ ਮਸੰਦ ਸਨ ਉਹ ਸਾਰੇ ਹੀ ਪ੍ਰਿਥੀ ਚੰਦ ਦੇ ਅਨੁਸਾਰੀ ਸਨ। ਜਿਸ ਪ੍ਰਕਾਰ ਤੀਰਥ ਦੇ ਕੋਲ ਰਹਿਣ ਵਾਲਾ ਇਹ ਆਖ ਕੇ ਹੰਕਾਰ ਕਰੇ ਕਿ ਇਸ ਤੀਰਥ ਦੀ ਮਹਿਮਾ ਤਾਂ ਮੇਰੇ ਕਰਕੇ ਹੈ ਤਿਵੇਂ ਹੀ ਪ੍ਰਿਥੀ ਚੰਦ ਦੇ ਮਨ ਵਿਚ ਬਹੁਤ ਹੰਕਾਰ ਸੀ ਤੇ ਉਹ ਨਿਮਰਤਾ ਨੂੰ ਨੇੜੇ ਵੀ ਨਹੀਂ ਸੀ ਆਉਣ ਦਿੰਦਾ। ਮਹਾਂਦੇਵ ਦਾ ਮਸਤਾਨਾ ਸੁਭਾਅ ਸੀ। ਕਦੇ ਕਦਾਈ ਹੀ ਉਹ ਸਤਿਗੁਰੂ ਜੀ ਦੇ ਕੋਲ ਚੱਲ ਕੇ ਆਉਂਦਾ। ਸਤਿਗੁਰੂ ਰਾਮਦਾਸ ਜੀ ਸਰਬ ਕਲਾ ਸਮਰੱਥ ਹਨ। ਉਨ੍ਹਾਂ ਨੇ ਤਿੰਨਾ ਹੀ ਪੁੱਤਰਾਂ ਦੀ ਪਰਖ ਕਰ ਲਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਖੇ ਰਹਿ ਰਹੇ ਹਨ। ਉਨ੍ਹਾਂ ਨੂੰ ਕਦੇ ਕੋਈ ਸੁਨੇਹਾ

ਨਹੀਂ ਘੱਲਿਆ। ਉਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਦਾ ਪ੍ਰਵਾਹ ਵਗਦਾ ਰਹਿੰਦਾ ਸੀ। ਸਵਾਸ-ਸਵਾਸ ਪਿਤਾ ਜੀ ਨੂੰ ਯਾਦ ਕਰਦੇ ਕਿ ਕਦੋਂ ਉਹ ਦਰਸ਼ਨ ਦੇ ਕੇ ਮੇਰੇ ਹਿਰਦੇ ਨੂੰ ਸ਼ਾਂਤ ਕਰਨਗੇ। ਉਹ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦੇ ਹਿਰਦੇ ਵਿਚ ਉਤਸ਼ਾਹ ਪੈਦਾ ਕਰਦੇ। ਨੈਣਾ ਅੰਦਰ ਨੀਰ ਝਲਕਦਾ ਰਹਿੰਦਾ। ਰੋਮ ਖੜ੍ਹੇ ਹੋ ਜਾਂਦੇ ਅਤੇ ਬਹੁਤ ਵਿਆਕੁਲ ਹੋ ਜਾਂਦੇ। ਵਿਛੋੜੇ ਦੀ ਪੀੜ ਕਾਰਨ ਰੰਗ ਪੀਲਾ ਪੈ ਗਿਆ ਤੇ ਸਰੀਰ ਦੇ ਸਾਰੇ ਅੰਗ ਨਿਰਬਲ ਹੋ ਗਏ। ਜਿਵੇਂ ਕੋਈ ਪੰਛੀ ਪਿੰਜਰੇ ਵਿਚ ਪਾਇਆ ਹੁੰਦਾ ਹੈ ਉਸੇ ਤਰ੍ਹਾਂ ਹੁਕਮ ਦੇ ਵਿਚ ਬੱਝੇ ਹੋਏ ਲਾਹੌਰ ਰਹਿ ਰਹੇ ਹਨ। ਕਈ ਵਾਰੀ ਲੰਮੇ-ਲੰਮੇ ਠੰਡੇ ਸਾਹ ਲੈਂਦੇ ਹਨ। ਪ੍ਰੇਮੀ ਦੀਆਂ ਨੌ ਨਿਸ਼ਾਨੀਆਂ ਹੁੰਦੀਆਂ ਹਨ।

**ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ॥ ਆਹ ਸ਼ਰਦੋ ਰੰਗ ਜਰਦੋ ਚਸ਼ਮਤਰ॥ਕਮ ਗੁਫਤਨੋ ਕਮ ਖੁਰਦਨੋ ਖੁਆਬਸ਼ ਹਰਾਮ ਇੰਤਜਾਰੀ ਬੇਕਰਾਰੀ ਦਸਤਸਰ॥**

ਆਹ-ਠੰਡੇ ਸਾਹ ਲੈਣੇ, ਰੰਗ ਜਰਦੋ-ਚਿਹਰੇ ਦਾ ਰੰਗ ਪੀਲਾ ਪੈ ਜਾਣਾ, ਚਸ਼ਮਤਰ-ਅੱਖਾਂ ਚੋਂ ਅਥਰੂ ਵਗਦੇ ਰਹਿਣੇ, ਕਮ ਗੁਫਤਨੋ-ਗੱਲਾਂ ਘਟ ਜਾਣੀਆਂ, ਖੁਆਬਸ਼ ਹਰਾਮ-ਨੀਂਦ ਨਾ ਆਉਣੀ, ਇੰਤਜਾਰੀ-ਪਿਆਰੇ ਪਰਮੇਸਰ ਦੀ ਸਦਾ ਉਡੀਕ ਰਹਿਣੀ, ਬੇਕਰਾਰੀ- ਸਦਾ ਬੇਚੈਨੀ ਰਹਿਣੀ, ਦਸਤਸਰ-ਹੱਥਾਂ ਨਾਲ ਸਿਰ ਫੜ ਕੇ ਰਹਿਣਾ ਅਤੇ ਸੋਚਦੇ ਰਹਿਣਾ ਕਿ ਪਿਆਰਾ ਪਤੀ ਪਰਮੇਸ਼ਰ ਮੈਨੂੰ ਕਦ ਆ ਕੇ ਮਿਲੇਗਾ।

## ਗੁਰੂ ਅਰਜਨ ਦੇਵ ਜੀ ਨੇ ਲਾਹੌਰ ਤੋਂ ਚਿੱਠੀਆਂ ਲਿਖਣੀਆਂ

ਗੁਰੂ ਰਾਮਦਾਸ ਜੀ ਨੂੰ ਯਾਦ ਕਰਦਿਆਂ ਆਪ ਜੀ ਨੇ ਕਾਗਜ ਉਪਰ ਆਪਣੇ ਮਨ ਦੀ ਦਸ਼ਾ ਪਹਿਲੀ ਪੱਤ੍ਰਿਕਾ ਦੇ ਰੂਪ ਵਿਚ ਲਿਖੀ:-

***ਮਾਝ ਮਹਲਾ ੫ ਚਉਪਦੇ ਘਰ ੧॥***

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥ ਆਦਿ-੯੬***

ਇਹ ਚਿੱਠੀ ਇੱਕ ਸਿੱਖ ਦੇ ਰਾਹੀਂ ਗੁਰੂ ਰਾਮਦਾਸ ਜੀ ਦੇ ਕੋਲ ਦੇਣ ਵਾਸਤੇ ਭੇਜੀ। ਸਿੱਖ ਚਿੱਠੀ ਲੈ ਕੈ ਲਾਹੌਰ ਤੋਂ ਅੰਮ੍ਰਿਤਸਰ ਪਹੁੰਚ ਗਿਆ। ਪ੍ਰਿਥੀ ਚੰਦ ਦਰਵਾਜੇ ਤੇ ਬੈਠਾ ਸੀ ਜਦ ਉਸ ਨੇ ਓਪਰਾ ਸਿੱਖ ਉਸ ਪਾਸਿਓਂ ਆਉਂਦਾ ਵੇਖਿਆ ਤਾਂ ਉਸ ਨੇ ਪੁੱਛਿਆ ਕਿੱਥੋਂ ਆਇਆ ਹੈ ਕੀ ਲੈ ਕੇ ਆਇਆ ਹੈਂ। ਇਹ ਸੁਣ ਕੇ

ਸਿੱਖ ਨੇ ਸਾਰੀ ਗੱਲ ਦੱਸ ਦਿੱਤੀ ਕਿ ਮੈਂ ਲਾਹੌਰ ਤੋਂ ਚੱਲ ਕੇ ਆਇਆ ਹਾਂ। ਇਹ ਚਿੱਠੀ ਤੁਹਾਡੇ ਛੋਟੇ ਭਰਾ ਨੇ ਭੇਜੀ ਹੈ। ਮੈਂ ਇਸ ਨੂੰ ਸਤਿਗੁਰੂ ਜੀ ਦੇ ਹਜੂਰ ਜਾ ਕੇ ਰੱਖਾਂਗਾ ਉਹ ਵੇਖ ਕੇ ਜੋ ਵੀ ਜਵਾਬ ਦੇਣਗੇ ਉਹ ਲੈ ਕੇ ਵਾਪਿਸ ਚਲਾ ਜਾਵਾਂਗਾ ਅਤੇ ਗੁਰੂ ਜੀ ਦੇ ਛੋਟੇ ਪੁੱਤਰ ਨੂੰ ਜਾ ਕੇ ਸੁਣਾ ਦੇਵਾਂਗਾ। ਪ੍ਰਿਥੀ ਚੰਦ ਨੇ ਬੋਲਿਆ ਲਿਆ ਮੈਨੂੰ ਵਿਖਾ ਮੈਂ ਆਪ ਹੀ ਗੁਰੂ ਜੀ ਕੋਲ ਪਹੁੰਚਾ ਦੇਵਾਂਗਾ। ਤੇਰਾ ਗੁਰੂ ਜੀ ਕੋਲ ਜਾਣ ਦਾ ਹੁਣ ਸਮਾਂ ਨਹੀਂ ਹੈ। ਇੱਥੋਂ ਹੀ ਨਮਸਕਾਰ ਕਰਕੇ ਆਪਣੇ ਡੇਰੇ ਚਲਾ ਜਾ। ਪ੍ਰਿਥੀ ਚੰਦ ਨੇ ਚਿੱਠੀ ਖੋਲ੍ਹ ਕੇ ਪੜ੍ਹੀ ਅਤੇ ਮਨ ਵਿਚ ਸੋਚਿਆ ਇਹ ਤਾਂ ਉਸੇ ਤਰ੍ਹਾਂ ਦੀ ਬਾਣੀ ਹੈ ਜਿਸ ਤਰ੍ਹਾਂ ਪਹਿਲੇ ਚਾਰ ਗੁਰੂਆਂ ਦੀ ਹੈ। ਜਦੋਂ ਪਿਤਾ ਜੀ ਚਿੱਠੀ ਨੂੰ ਪੜ੍ਹਨਗੇ ਤਾਂ ਉਸ ਨੂੰ ਸੱਦ ਲੈਣਗੇ ਤੇ ਖੁਸ਼ ਹੋ ਕੇ ਗੱਦੀ ਤੇ ਬਿਠਾ ਦੇਣਗੇ। ਇਸ ਕਰਕੇ ਮੈਂ ਇਹ ਚਿੱਠੀ ਗੁਰੂ ਜੀ ਨੂੰ ਨਹੀਂ ਦਿਖਾਵਾਂਗਾ। ਆਪਣੀ ਜੇਬ ਵਿਚ ਹੀ ਰੱਖ ਲੈਂਦਾ ਹਾਂ। ਸਿੱਖ ਨੇ ਰਾਤ ਬਿਤਾਈ ਸਵੇਰ ਹੋਣ ਤੇ ਗੁਰੂ ਜੀ ਦੇ ਦਰ ਤੇ ਮਿਲਣ ਲਈ ਆ ਗਿਆ। ਪ੍ਰਿਥੀ ਚੰਦ ਨੇ ਉਸ ਨੂੰ ਵੇਖਿਆ ਤੇ ਆਪਣੇ ਕੋਲ ਬੁਲਾ ਕੇ ਉਸ ਨੂੰ ਕਿਹਾ ਤੇਰੀ ਉਹ ਚਿੱਠੀ ਗੁਰੂ ਜੀ ਨੇ ਪੜ੍ਹ ਲਈ ਹੈ। ਉਨ੍ਹਾਂ ਦੀ ਰਾਜੀ ਖੁਸ਼ੀ ਜਾਣ ਕੇ ਬਹੁਤ ਪ੍ਰਸੰਨ ਹੋਏ ਹਨ। ਸ੍ਰੀ ਅਰਜਨ ਦੇਵ ਜੀ ਨੂੰ ਕਹਿਣਾ ਲਾਹੌਰ ਵਿਚ ਸੰਗਤਾਂ ਨਾਲ ਮਿਲ ਜੁਲ ਕੇ ਰਹੋ। ਸਿੱਖ ਨੂੰ ਕਿਹਾ ਹੁਣ ਤੂੰ ਚਲਾ ਜਾਹ। ਉਹ ਉੱਥੋਂ ਚੱਲ ਪਿਆ। ਪ੍ਰਿਥੀ ਚੰਦ ਨੇ ਛਲ ਕਰਕੇ ਉਹ ਸਿੱਖ ਗੁਰੂ ਜੀ ਨੂੰ ਮਿਲਣ ਨਾ ਦਿੱਤਾ। ਸਫਰ ਪੂਰਾ ਕਰਕੇ ਉਹ ਲਾਹੌਰ ਜਾ ਪਹੁੰਚਿਆ। ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੱਥ ਜੋੜ ਕੇ ਬੰਦਨਾ ਕੀਤੀ। ਸਾਰਾ ਪ੍ਰਸੰਗ ਦੱਸਣ ਲੱਗਾ ਮੈਂ ਦਰਵਾਜੇ ਤੇ ਹੀ ਪ੍ਰਿਥੀ ਚੰਦ ਨੂੰ ਮਿਲ ਪਿਆ ਸੀ। ਉਸ ਨੇ ਚਿੱਠੀ ਲੈ ਲਈ ਤੇ ਉਹ ਗੁਰੂ ਜੀ ਕੋਲ ਚਲਾ ਗਿਆ ਸੀ। ਜਦ ਸਵੇਰ ਹੋਈ ਤਾਂ ਉਸ ਨੇ ਮੈਨੂੰ ਆਖ ਦਿੱਤਾ ਇੱਥੇ ਸਭ ਰਾਜੀ ਖੁਸ਼ੀ ਹੈ ਜਾ ਕੇ ਇਹ ਖਬਰ ਦੇ ਦੇਣੀ। ਜੋ ਤੂੰ ਚਿੱਠੀ ਲਿਆਇਆ ਸੀ ਉਹ ਗੁਰੂ ਜੀ ਨੇ ਪੜ੍ਹ ਲਈ ਹੈ। ਕਿੰਨਾ ਚਿਰ ਬੀਤ ਗਿਆ ਮੈਂ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ। ਇਉਂ ਵਿਚਾਰ ਕੇ ਦੂਜੀ ਚਿੱਠੀ ਲਿਖੀ ਅਤੇ ਸਿੱਖ ਨੂੰ ਦੁਬਾਰਾ ਭੇਜਿਆ। ਚਿੱਠੀ ਇਸ ਪ੍ਰਕਾਰ ਸੀ:-

***ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗਪਾਣੀ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥ ਆਦਿ ੯੬***

ਸਿੱਖ ਨੂੰ ਕਾਗਜ ਲਪੇਟ ਕੇ ਦੇ ਦਿੱਤਾ। ਸਿੱਖ ਲੈ ਕੇ ਚੱਲ ਪਿਆ ਤੇ ਅੰਮ੍ਰਿਤਸਰ ਆ ਗਿਆ। ਸੂਰਜ ਛਿਪਣ ਵੇਲੇ ਉਸ ਨੇ ਗੁਰੂ ਜੀ ਦਾ ਦਰਵਾਜਾ ਆਣ ਦੇਖਿਆ। ਉਸ ਵੇਲੇ ਗੁਰੂ ਜੀ ਅੰਦਰ ਹੀ ਸਨ। ਉਹ ਇੱਕ ਘੜੀ ਦਰਵਾਜੇ ਤੇ ਖੜ੍ਹਾ ਰਿਹਾ ਤਦ

ਅੰਦਰੋਂ ਪ੍ਰਿਥੀ ਚੰਦ ਬਾਹਰ ਨਿਕਲਿਆ। ਉਸ ਨੇ ਬੈਠੇ ਹੋਏ ਸਿੱਖ ਨੂੰ ਪਹਿਚਾਣ ਲਿਆ ਕਿ ਇਹ ਉਹੀ ਸਿੱਖ ਹੈ। ਉਸ ਨੇ ਜਾਣ ਲਿਆ ਕਿ ਛੋਟੇ ਭਰਾ ਨੇ ਕੁਝ ਭੇਜਿਆ ਹੋਵੇਗਾ। ਉਸ ਨੂੰ ਕੋਲ ਸੱਦ ਕੇ ਪੁੱਛਿਆ। ਸਿੱਖ ਨੇ ਜੇਬ ਵਿਚੋਂ ਚਿੱਠੀ ਕੱਢ ਕੇ ਦਿੱਤੀ। ਚਿੱਠੀ ਨੂੰ ਖੋਲ੍ਹ ਕੇ ਪੜ੍ਹਿਆ ਤਾਂ ਉਸ ਨੂੰ ਇਉਂ ਦੁਖ ਹੋਇਆ ਜਿਵੇਂ ਹਿਰਦੇ ਵਿਚ ਵੱਜਿਆ ਹੋਇਆ ਬਰਛਾ ਰੜਕਦਾ ਹੋਵੇ। ਸੋਚਿਆ ਹੁਣ ਤਾਂ ਇਹ ਰੋਜਾਨਾ ਬਾਣੀ ਲਿਖਣ ਲੱਗ ਪਿਆ ਹੈ। ਇਸ ਚਿੱਠੀ ਵਿਚ ਗੁਰੂ ਜੀ ਦੀ ਵਡਿਆਈ ਕੀਤੀ ਹੋਈ ਹੈ। ਜਿਸ ਤਰ੍ਹਾਂ ਪਿਤਾ ਗੁਰੂ ਰਾਮਦਾਸ ਜੀ ਬਾਣੀ ਰਚਦੇ ਹਨ ਉਸੇ ਤਰ੍ਹਾਂ ਹੀ ਉਹ ਕਰ ਰਿਹਾ ਹੈ। ਜਿਉਂ ਹੀ ਚਿੱਠੀ ਨੂੰ ਵੇਖਣਗੇ ਸਤਿਗੁਰੂ ਜੀ ਖੁਸ਼ ਹੋ ਜਾਣਗੇ। ਤਦ ਪ੍ਰਿਥੀ ਚੰਦ ਨੇ ਰਹਿਣ ਲਈ ਸਿੱਖ ਦਾ ਡੇਰਾ ਕਰਵਾ ਦਿੱਤਾ ਤੇ ਕਿਹਾ ਮੈਂ ਇਹ ਚਿੱਠੀ ਪਹੁੰਚਾ ਦੇਵਾਂਗਾ। ਉਹ ਚਿੱਠੀ ਜੇਬ ਵਿਚ ਪਾ ਕੇ ਆਪਣੇ ਘਰ ਚਲਾ ਗਿਆ। ਰਾਤ ਬੀਤ ਜਾਣ ਬਾਅਦ ਉਸ ਸਿੱਖ ਨੂੰ ਬੁਲਾ ਕੇ ਕਿਹਾ ਜੋ ਚਿੱਠੀ ਸ੍ਰੀ ਅਰਜਨ ਦੇਵ ਜੀ ਨੇ ਭੇਜੀ ਸੀ ਉਸ ਨੂੰ ਪੜ੍ਹ ਕੇ ਪਿਤਾ ਗੁਰੂ ਜੀ ਬਹੁਤ ਖੁਸ਼ ਹੋਏ। ਸਾਰੀ ਰਾਜੀ ਖੁਸ਼ੀ ਉਨ੍ਹਾਂ ਜਾਣ ਲਈ ਹੈ ਇੱਥੇ ਸਭ ਅਨੰਦ ਮੰਗਲ ਹੈ। ਹੁਣ ਤੁਸੀਂ ਲਾਹੌਰ ਚਲੇ ਜਾਉ ਅਤੇ ਦੱਸ ਦੇਣਾ ਕਿ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਧਰਮਸਾਲਾ ਦੀ ਸੇਵਾ ਕਰਾਵੋ। ਸਾਰੀ ਸੰਗਤ ਨਾਲ ਮੇਲ ਜੋਲ ਬਣਾਈ ਰੱਖੋ। ਸਾਡੇ ਦਰਸ਼ਨ ਸਤਿਸੰਗਤ ਵਿਚ ਹੀ ਹਨ। ਸਿੱਖਾਂ ਨੂੰ ਮਿਲ ਕੇ ਉਨ੍ਹਾਂ ਦਾ ਕਲਿਆਣ ਕਰੋ। ਇਹ ਸੁਣ ਕੇ ਸਿੱਖ ਉੱਥੋਂ ਚੱਲ ਪਿਆ ਤਦ ਪ੍ਰਿਥੀ ਚੰਦ ਨੇ ਵਿਚਾਰ ਕੀਤੀ ਕਿ ਪਿਤਾ ਜੀ ਦੀ ਉਮਰ ਛੇ ਸਾਲ ਅਤੇ ਕੁਝ ਮਹੀਨੇ ਹੋਰ ਹੈ। ਉਨ੍ਹਾਂ ਦਾ ਅੰਤਮ ਸਮਾਂ ਨੇੜੇ ਆ ਗਿਆ ਹੈ। ਗੁਰਗੱਦੀ ਦਾ ਤਿਲਕ ਉਦੋਂ ਮੈਂ ਲੈ ਲਵਾਂਗਾ। ਤਦ ਤੱਕ ਅਰਜਨ ਦੇਵ ਮਿਲਣ ਲਈ ਇੱਥੇ ਆਉਣਾ ਨਹੀਂ ਚਾਹੀਦਾ। ਉਹ ਧਨ, ਬੁੱਧੀ, ਸ਼ਕਤੀ ਅਤੇ ਗੁਰਗੱਦੀ ਚਾਹੁੰਦਾ ਸੀ। ਉੱਧਰ ਸਿੱਖ ਨੇ ਲਾਹੌਰ ਜਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਾਰੀ ਗੱਲ ਦੱਸ ਦਿੱਤੀ। ਆਪ ਦੀ ਚਿੱਠੀ ਪ੍ਰਿਥੀ ਚੰਦ ਨੇ ਮੇਰੇ ਕੋਲੋਂ ਲੈ ਲਈ ਪਤਾ ਨਹੀਂ ਅੱਗੇ ਗੁਰੂ ਜੀ ਨੂੰ ਦਿੱਤੀ ਹੋਵੇਗੀ ਜਾਂ ਨਹੀਂ। ਪ੍ਰਤੀਤ ਹੁੰਦਾ ਹੈ ਉਹ ਝੂਠ ਬੋਲਦਾ ਹੈ। ਮੈਨੂੰ ਉਸ ਨੇ ਤਰੰਤ ਹੀ ਮੋੜ ਦਿੱਤਾ ਸੀ। ਪਹਿਲੀ ਵਾਰ ਤਾਂ ਮੈਂ ਉਸ ਦੇ ਛਲ ਨੂੰ ਜਾਣ ਨਹੀਂ ਸਕਿਆ। ਉਸ ਨੇ ਮੈਨੂੰ ਗੁਰੂ ਜੀ ਨੂੰ ਮਿਲਣ ਹੀ ਨਹੀਂ ਦਿੱਤਾ। ਮੈਨੂੰ ਤੁਰੰਤ ਵਾਪਿਸ ਭੇਜ ਦਿੱਤਾ। ਤਦੋਂ ਮੈ ਜਾਣਿਆ ਕਿ ਉਹ ਫਰੇਬ ਕਰਦਾ ਹੈ। ਮੇਰਾ ਕੋਈ ਵਸ ਨਾ ਚੱਲਿਆ ਤੇ ਮੈਂ ਛੇਤੀ ਨਾਲ ਵਾਪਿਸ ਆ ਗਿਆ। ਸਾਰੀ ਸੰਗਤ ਨੇ ਸਿੱਖ ਦਾ ਸਾਰਾ ਬਿਰਤਾਂਤ ਸੁਣਿਆ ਤਾਂ ਉਨ੍ਹਾਂ ਜਾਣ ਲਿਆ ਕਿ ਪ੍ਰਿਥੀ ਚੰਦ ਕਪਟੀ ਹੈ। ਫੇਰ ਉਨ੍ਹਾਂ ਸਬਦ ਦੀ ਤੀਸਰੀ ਪਉੜੀ ਰਚੀ ਜਿਸ ਵਿਚ ਗੁਰੂ ਜੀ ਨੂੰ ਮਿਲਣ ਦੀ ਬਹੁਤ ਪਿਆਸ ਜਤਾਈ ਗਈ ਤੇ ਕਾਗਜ ਉਪਰ ਲਿਖ ਕੇ ਤਹਿ ਮਾਰ ਦਿੱਤੀ:-

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥* *ਆਦਿ ੯੬*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਸਿੱਖ ਨੂੰ ਚੰਗੀ ਤਰ੍ਹਾਂ ਸਮਝਾਇਆ ਇਸ ਵਾਰੀ ਉੱਥੇ ਜਾਵੀਂ ਜਿੱਥੇ ਗੁਰੂ ਜੀ ਬਿਰਾਜਮਾਨ ਹੋਣ। ਜਦੋਂ ਗੁਰੂ ਜੀ ਸੰਗਤ ਵਿਚ ਬੈਠ ਜਾਣ ਤਦੋਂ ਅਚਾਨਕ ਹੀ ਗੁਰੂ ਜੀ ਦੇ ਕੋਲ ਚਲੇ ਜਾਣਾ ਅਤੇ ਇਹ ਚਿੱਠੀ ਉਨ੍ਹਾਂ ਦੇ ਹਵਾਲੇ ਕਰ ਦੇਣੀ। ਮੇਰੇ ਵੱਲੋਂ ਉਨ੍ਹਾਂ ਨੂੰ ਨਮਸਕਾਰ ਕਰ ਦੇਣੀ। ਹੱਥ ਜੋੜ ਕੇ ਉਨ੍ਹਾਂ ਦੇ ਚਰਨਾ ਤੇ ਸਿਰ ਰੱਖਣਾ। ਉਹ ਇੱਕ ਪਹਿਰ ਦਿਨ ਰਹਿੰਦੇ ਨਾਲ ਅੰਮ੍ਰਿਤਸਰ ਆ ਪਹੁੰਚਿਆ ਜਿੱਥੇ ਸਤਿਗੁਰੂ ਜੀ ਨੇ ਦੀਵਾਨ ਲਗਾਇਆ ਸੀ। ਉਹ ਉੱਥੇ ਅਚਾਨਕ ਪਹੁੰਚ ਗਿਆ। ਉਸ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਚਿੱਠੀ ਗੁਰੂ ਜੀ ਦੇ ਅੱਗੇ ਰੱਖ ਦਿੱਤੀ ਅਤੇ ਬੇਨਤੀ ਕੀਤੀ। ਇਹ ਸੁਣ ਕੇ ਗੁਰੂ ਜੀ ਨੇ ਚਿੱਠੀ ਲੈ ਲਈ। ਚਿੱਠੀ ਖੋਲ੍ਹ ਕੇ ਦੇਖਣ ਲੱਗੇ। ਬਹੁਤ ਪ੍ਰੇਮ ਸਹਿਤ ਦਰਸ਼ਨ ਕਰਨੇ ਚਾਹੁੰਦਾ ਹੈ। ਦਿਨ ਰਾਤ ਸ਼ਾਂਤੀ ਨਹੀਂ ਮਿਲ ਰਹੀ। ਸਾਡੇ ਵਿਛੋੜੇ ਕਰਕੇ ਪੁੱਤਰ ਦੁਖੀ ਹੈ। ਪੁੱਤਰ ਦੀ ਇਹ ਹਾਲਤ ਜਾਣ ਕੇ ਗੁਰੂ ਜੀ ਦੇ ਨੇਤਰ ਭਰ ਆਏ ਗਲਾ ਰੁਕ ਗਿਆ ਅਤੇ ਉਨ੍ਹਾਂ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਉਨ੍ਹਾਂ ਜਾਣਿਆ ਕਿ ਪੁੱਤਰਾਂ ਵਿਚੋਂ ਇਸੇ ਪੁੱਤਰ ਨੇ ਹੀ ਗੁਰਸਿੱਖੀ ਵਾਲੀ ਪ੍ਰਤਿੱਗਿਆ ਨਿਭਾਈ ਹੈ। ਆਗਿਆ ਵਿਚ ਰਹਿੰਦੇ ਹੋਏ ਸਾਡੇ ਦਰਸ਼ਨਾ ਦੀ ਇੱਛਾ ਕੀਤੀ ਹੈ। ਇਹ ਗੁਰਗੱਦੀ ਦਾ ਸਾਰਾ ਭਾਰ ਸੰਭਾਲ ਲੈਣਗੇ। ਇਸ ਵਿਚ ਕੋਈ ਹੰਕਾਰ ਵੀ ਨਹੀਂ ਹੈ। ਇਸ ਨੇ ਸੋਢੀ ਵੰਸ ਦੀ ਵਡਿਆਈ ਰੱਖੀ ਹੈ। ਇਸ ਨੇ ਸਬਦ ਦੀਆਂ ਬਹੁਤ ਸੁੰਦਰ ਤੁਕਾਂ ਬਣਾਈਆਂ ਹਨ। ਇਹ ਮਨੁੱਖਾਂ ਨੂੰ ਮੁਕਤੀ ਦੇਣ ਵਾਲੀ ਬਾਣੀ ਦੀ ਰਚਨਾ ਕਰਦਾ ਹੈ। ਇਹ ਸਾਡੇ ਹੁਕਮ ਦੇ ਬੰਧਨ ਵਿਚ ਪੂਰਾ ਸਥਿਰ ਰਿਹਾ ਹੈ। ਕਦੇ ਕੋਈ ਉਲੰਘਣਾਂ ਨਹੀਂ ਕੀਤੀ। ਇਉਂ ਚਿੱਠੀ ਪੜ੍ਹ ਕੇ ਗੁਰੂ ਰਾਮਦਾਸ ਜੀ ਪ੍ਰੇਮ ਵਿਚ ਬਹੁਤ ਵਿਆਕੁਲ ਹੋਏ ਰਹੇ। ਤਦ ਉਨ੍ਹਾਂ ਬਹੁਤ ਹੀ ਖੁਸ਼ ਹੋ ਕੇ ਬਚਨ ਉਚਾਰਨ ਕੀਤੇ ਹੇ ਭਾਈ ਬਾਬਾ ਬੁੱਢਾ ਜੀ ਦੇਖੋ ਪੁੱਤਰ ਅਰਜਨ ਦੇਵ ਨੇ ਪ੍ਰੇਮ ਵਿਚ ਭਿੱਜ ਕੇ ਆਪਣੀਆਂ ਬੇਨਤੀਆਂ ਲਿਖੀਆਂ ਹਨ। ਉਨ੍ਹਾਂ ਦੀ ਇੱਥੇ ਭੇਜੀ ਹੋਈ ਚਿੱਠੀ ਅਸੀਂ ਚੰਗੀ ਤਰ੍ਹਾਂ ਪੜ੍ਹੀ ਹੈ। ਮਨ ਨੂੰ ਭਾਉਣ ਵਾਲੀਆਂ ਬਹੁਤ ਸੁੰਦਰ ਤੁਕਾਂ ਹਨ। ਹੁਣ ਤੁਹਾਡਾ ਉੱਥੇ ਪਹੁੰਚਣਾ ਬਣਦਾ ਹੈ। ਉਸ ਨੂੰ ਪ੍ਰੇਮ ਨਾਲ ਜਾ ਕੇ ਲੈ ਆਵੋ। ਸਤਿਗੁਰੂ ਜੀ ਪਾਸੋਂ ਸ੍ਰੀ ਅਰਜਨ ਦੇਵ ਜੀ ਦੀ ਬਹੁਤ ਵਡਿਆਈ ਸੁਣ ਕੇ ਬਾਬਾ ਬੁੱਢਾ ਜੀ ਸ਼ਲਾਘਾ ਕਰਨ ਲੱਗੇ ਕਿ ਆਪ ਜੀ ਦਾ ਇਹ ਪੁੱਤਰ ਸੁਸ਼ੀਲ ਸੁਭਾਅ ਵਾਲਾ ਹੈ। ਮਨ ਵਿਚ ਭੋਰਾ ਭਰ ਵੀ ਹੰਕਾਰ ਨਹੀਂ ਹੈ। ਆਪ

ਜੀ ਦੀ ਆਗਿਆ ਪ੍ਰਾਪਤ ਕਰਕੇ ਮੈਂ ਸਵੇਰੇ ਹੀ ਲਾਹੌਰ ਜਾਵਾਂਗਾ ਤੇ ਸ੍ਰੀ ਅਰਜਨ ਦੇਵ ਜੀ ਨੂੰ ਮੈਂ ਅੰਮ੍ਰਿਤਸਰ ਲੈ ਆਵਾਂਗਾ।

## ਬਾਬਾ ਬੁੱਢਾ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਲਿਆਉਣਾ

ਸਤਿਗੁਰਾਂ ਜੀ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਇਉਂ ਕਹਿ ਸੁਣ ਕੇ ਰਾਤ ਕੱਟੀ ਤੇ ਫੇਰ ਲਾਹੌਰ ਦੇ ਰਸਤੇ ਪੈ ਗਏ। ਇੱਕ ਰਾਤ ਰਸਤੇ ਵਿਚ ਰਹਿ ਕੇ ਉਹ ਲਾਹੌਰ ਧਰਮਸਾਲਾ ਵਿਚ ਜਾ ਪਹੁੰਚੇ। ਬਾਬਾ ਬੁੱਢਾ ਜੀ ਨੂੰ ਵੇਖ ਕੇ ਸਮੂਹ ਸਿੱਖ ਸੰਗਤਾਂ ਉੱਠ ਕੇ ਸ੍ਰੀ ਅਰਜਨ ਦੇਵ ਜੀ ਦੀ ਅਗਵਾਈ ਵਿਚ ਆਈਆਂ ਤੇ ਨਮਸਕਾਰਾਂ ਕੀਤੀਆਂ ਤੇ ਇੱਕ ਦੂਜੇ ਨੂੰ ਮਿਲੇ। ਬਾਬਾ ਜੀ ਨੂੰ ਬੜੇ ਆਦਰ ਨਾਲ ਬਿਠਾਇਆ ਗਿਆ। ਗੁਰੂ ਰਾਮਦਾਸ ਜੀ ਵੱਲੋਂ ਦਿੱਤੇ ਸੰਦੇਸ਼ ਨੂੰ ਸੁਣ ਕੇ ਸਾਰਿਆਂ ਸਿੱਖਾਂ ਦੇ ਮਨ ਬਹੁਤ ਖੁਸ਼ ਹੋਏ। ਬਾਬਾ ਬੁੱਢਾ ਜੀ ਨੇ ਆਖਿਆ ਕਿ ਮੈਂ ਤੁਹਾਨੂੰ ਲੈਣ ਆਇਆ ਹਾਂ। ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਇਤਨੇ ਖੁਸ਼ ਹੋਏ ਕਿ ਉਨ੍ਹਾਂ ਬਾਰੇ ਵਰਣਨ ਨਹੀਂ ਕੀਤਾ ਜਾ ਸਕਦਾ। ਰਾਤ ਨੂੰ ਬਾਬਾ ਬੁੱਢਾ ਜੀ ਸਾਰੀਆਂ ਸੰਗਤਾਂ ਨੂੰ ਮਿਲੇ ਅਤੇ ਗੁਰੂ ਜੀ ਦੇ ਭਰਾ ਸੰਹਾਰੀ ਮੱਲ ਨੂੰ ਜਾ ਕੇ ਮਿਲੇ। ਸਾਰੀਆਂ ਸੰਗਤਾਂ ਨੂੰ ਜਦੋਂ ਪਤਾ ਲੱਗਿਆ ਕਿ ਬਾਬਾ ਬੁੱਢਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਤਿਕਾਰ ਨਾਲ ਲੈਣ ਵਾਸਤੇ ਆਏ ਹਨ ਤਾਂ ਉਸ ਵੇਲੇ ਵਿਛੋੜੇ ਦਾ ਬੜਾ ਦੁੱਖ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਸੰਗਤ ਨੂੰ ਵੇਖ ਕੇ ਉਨ੍ਹਾਂ ਨੂੰ ਧੀਰਜ ਦਿੱਤਾ ਸੁਖ ਮਾਣੋ ਅਤੇ ਆਖਿਆ ਸ੍ਰੀ ਅੰਮ੍ਰਿਤਸਰ ਸਾਹਿਬ ਜੋੜ ਮੇਲੇ ਤੇ ਆਉਣਾ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨੇ। ਉਹ ਤੁਰੰਤ ਗੱਡੇ ਤੇ ਚੜ੍ਹ ਗਏ ਬਾਬਾ ਬੁੱਢਾ ਜੀ ਨੂੰ ਵੀ ਸਤਿਕਾਰ ਨਾਲ ਗੱਡੇ ਤੇ ਬਿਠਾ ਲਿਆ। ਤੇਜੀ ਨਾਲ ਗੱਡਾ ਤੋਰ ਲਿਆ। ਦਿਨ ਦੇ ਤੀਜੇ ਪਹਿਰ ਅੰਮ੍ਰਿਤਸਰ ਜਾ ਪਹੁੰਚੇ। ਸਭ ਨੇ ਸੀਸ ਝੁਕਾਇਆ। ਜਿੱਥੇ ਸਤਿਗੁਰੂ ਰਾਮਦਾਸ ਜੀ ਨੇ ਦਰਬਾਰ ਲਾਇਆ ਹੋਇਆ ਸੀ ਬਾਬਾ ਬੁੱਢਾ ਜੀ ਸਮੇਤ ਸ੍ਰੀ ਅਰਜਨ ਦੇਵ ਜੀ ਉੱਥੇ ਪਹੁੰਚ ਗਏ। ਉਹ ਕਾਹਲੀ ਨਾਲ ਚਰਨ ਕਮਲਾਂ ਤੇ ਜਾ ਡਿੱਗੇ। ਨੇਤਰਾਂ ਦੇ ਪਾਣੀ ਨਾਲ ਸਤਿਗੁਰਾਂ ਦੇ ਚਰਨ ਧੋਤੇ। ਗੁਰੂ ਜੀ ਨੇ ਪ੍ਰੇਮ ਵਿਚ ਲੀਨ ਹੋਏ ਪੁੱਤਰ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਬਾਹਾਂ ਤੋਂ ਫੜ ਕੇ ਤੁਰੰਤ ਚੁੱਕ ਲਿਆ ਤੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਤੇ ਬੋਲੇ ਤੂੰ ਸੋਢੀ ਕੁੱਲ ਦੀ ਵਡਿਆਈ ਰੱਖ ਲਈ ਹੈ। ਤੂੰ ਗੁਰਗੱਦੀ ਦਾ ਭਾਰ ਸਹਾਰਨ ਦੇ ਲਈ ਸ਼ਕਤੀਵਾਨ ਹੈਂ। ਫੇਰ ਗੁਰੂ ਜੀ ਨੇ ਉਨ੍ਹਾਂ ਦੀ ਭੇਜੀ ਹੋਈ ਚਿੱਠੀ ਮੰਗਵਾਈ ਆਪ ਪੜ੍ਹੀ ਤੇ ਕਹਿਣ ਲੱਗੇ ਪੁੱਤਰ ਸੁਣੋ ਜਦ ਦੇ ਤੁਸੀਂ ਗਏ ਹੋ ਤੁਸੀਂ ਕੇਵਲ ਇੱਕ ਹੀ ਚਿੱਠੀ ਘਰੋਂ ਭੇਜੀ ਹੈ। ਇਸ ਚਿੱਠੀ ਤੇ ਤੀਸਰਾ ਅੰਕ ਕਿਸ ਤਰ੍ਹਾਂ ਲਿਖ ਦਿੱਤਾ ਹੈ। ਸਾਰੀ ਸੰਗਤ ਵਿਚ ਬੈਠੇ ਹੋਏ ਗੁਰੂ ਜੀ ਨੇ ਆਪਣੇ ਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਪੁੱਛਿਆ। ਸ੍ਰੀ ਅਰਜਨ ਦੇਵ ਜੀ ਨੇ ਹੱਥ ਜੋੜ ਕੇ ਆਖਿਆ

ਕਿ ਆਪ ਜੀ ਦੇ ਅੱਗੇ ਕੁਝ ਵੀ ਦੱਸਣਾ ਨਹੀਂ ਬਣਦਾ। ਤੁਹਾਡੇ ਕੋਲੋਂ ਕੁਝ ਵੀ ਲੁਕਿਆ ਨਹੀਂ ਫੇਰ ਵੀ ਆਪ ਜੀ ਦੀ ਆਗਿਆ ਹੈ ਜਿਸ ਤਰ੍ਹਾਂ ਵਾਪਰੀ ਹੈ ਉਹ ਕਹਿਣੀ ਹੀ ਬਣਦੀ ਹੈ। ਪਹਿਲਾਂ ਦੋ ਚਿੱਠੀਆਂ ਆਪ ਜੀ ਕੋਲ ਭੇਜੀਆਂ ਸਨ ਉਨ੍ਹਾਂ ਦੋਹਾਂ ਦੇ ਦੋ ਪਦ ਬਣਦੇ ਹਨ। ਇਹ ਤੀਸਰੀ ਚਿੱਠੀ ਆਪ ਜੀ ਨੂੰ ਭੇਜੀ ਹੈ ਇਸ ਕਰਕੇ ਇਸ ਨੂੰ ਤੀਸਰਾ ਅੰਕ ਲਿਖਿਆ ਹੈ ਜਿਸ ਨੂੰ ਆਪ ਜੀ ਨੇ ਵੇਖ ਕੇ ਪੁੱਛਿਆ ਹੈ। ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ ਉਹ ਚਿੱਠੀਆਂ ਮੇਰੇ ਕੋਲ ਨਹੀਂ ਆਈਆਂ। ਜਿਹੜਾ ਸਿੱਖ ਲੈ ਕੇ ਆਇਆ ਸੀ ਉਹ ਕੋਲ ਹੀ ਬੈਠਾ ਸੀ। ਉਸ ਨੇ ਕਿਹਾ ਹੇ ਗੁਰੂ ਜੀ ਚਿੱਠੀਆਂ ਮੈਂ ਲਿਆਂਦੀਆਂ ਸਨ ਆਪ ਦੇ ਜੇਠੇ ਪੁੱਤਰ ਨੇ ਮੇਰੇ ਕੋਲੋਂ ਲੈ ਕੇ ਮੈਨੂੰ ਬਾਹਰ ਹੀ ਛੱਡ ਦਿੱਤਾ। ਫੇਰ ਬਾਅਦ ਵਿਚ ਉਹ ਆ ਕੇ ਕਹਿ ਦਿੰਦਾ ਰਿਹਾ ਕਿ ਸਤਿਗੁਰੂ ਜੀ ਨੇ ਪੜ੍ਹ ਲਈਆਂ ਹਨ ਜਾ ਕੇ ਸਭ ਸੁਖ ਸਾਂਦ ਦੀ ਖਬਰ ਕਹਿ ਦੇਵੀਂ ਤੇ ਤੂੰ ਲਾਹੌਰ ਚਲਾ ਜਾਹ। ਉਸ ਨੇ ਆਪ ਜੀ ਦੇ ਦਰਸ਼ਨ ਹੋਣ ਹੀ ਨਹੀਂ ਦਿੱਤੇ। ਹੋਰ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ। ਪ੍ਰਿਥੀ ਚੰਦ ਦੀ ਇਸ ਤਰ੍ਹਾਂ ਦੀ ਖੋਟ ਸੁਣ ਕੇ ਗੁਰੂ ਜੀ ਉਸ ਨੂੰ ਝੂਠਾ ਕਰਨਾ ਚਾਹੁੰਦੇ ਸਨ। ਗੁਰੂ ਜੀ ਸਾਰੀ ਸੰਗਤ ਵਿਚ ਬੋਲੇ ਪ੍ਰਿਥੀ ਚੰਦ ਕਿੱਥੇ ਹੈ ਬੁਲਾਓ। ਜਦੋਂ ਪ੍ਰਿਥੀ ਚੰਦ ਆ ਰਿਹਾ ਸੀ ਤਾਂ ਪਿਤਾ ਜੀ ਦੇ ਕੋਲ ਸ੍ਰੀ ਅਰਜਨ ਦੇਵ ਜੀ ਬੈਠੇ ਸਨ ਇਹ ਵੇਖ ਕੇ ਉਹ ਸੜ ਬਲ ਗਿਆ। ਮਨ ਵਿੱਚ ਸੋਚਣ ਲੱਗਿਆ ਕਿ ਸ੍ਰੀ ਅਰਜਨ ਦੇਵ ਨੇ ਪਿਤਾ ਗੁਰੂ ਜੀ ਦਾ ਅਦਬ ਨਹੀਂ ਰੱਖਿਆ। ਪਿਤਾ ਜੀ ਦੀ ਬਰਾਬਰੀ ਕਰਦਾ ਹੈ। ਇਉਂ ਇਹ ਕੋਲ ਹੋ ਕੇ ਸਿੱਖਾਂ ਨੂੰ ਨੇੜਤਾ ਦਿਖਾ ਰਿਹਾ ਹੈ। ਸਿੱਖਾਂ ਵਿੱਚ ਆਪਣਾ ਮਾਨ ਵਧਾਉਂਦਾ ਹੈ। ਸੜੇ ਜਲੇ ਪ੍ਰਿਥੀ ਚੰਦ ਨੇ ਆ ਕੇ ਪਿਤਾ ਨੂੰ ਨਮਸਕਾਰ ਕੀਤੀ ਅਤੇ ਪਿੱਛੇ ਹਟ ਕੇ ਦੂਰ ਬੈਠ ਗਿਆ। ਸ੍ਰੀ ਅਰਜਨ ਦੇਵ ਜੀ ਨੇ ਉਸ ਨੂੰ ਆਪਣਾ ਵੱਡਾ ਭਰਾ ਜਾਣ ਕੇ ਹੱਥ ਜੋੜ ਕੇ ਨਮਸਕਾਰ ਕੀਤੀ। ਪ੍ਰਿਥੀ ਚੰਦ ਨੇ ਅਸੀਸ ਦੇ ਕੇ ਬੰਦਨਾਂ ਪਰਵਾਨ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਵੇਖ ਕੇ ਆਖਿਆ ਕਿ ਸੂਝਵਾਨ ਪ੍ਰਿਥੀ ਚੰਦ ਸੁਣੋ ਸ੍ਰੀ ਅਰਜਨ ਦੇਵ ਨੇ ਸ਼ਬਦ ਦੀਆਂ ਤੁਕਾਂ ਬਣਾਈਆਂ ਸਨ। ਦੋ ਚਿੱਠੀਆਂ ਪਹਿਲਾਂ ਆਈਆਂ ਸਨ। ਉਹ ਤੇਰੇ ਹੱਥ ਵਿੱਚ ਇੱਕ ਸਿੱਖ ਨੇ ਸੌਂਪੀਆਂ ਸਨ। ਉਹ ਲੈ ਕੇ ਆਓ। ਵੇਖੀਏ ਕਿਸ ਵਿਧੀ ਨਾਲ ਲਿਖੀਆਂ ਹਨ। ਸੁਣ ਕੇ ਪ੍ਰਿਥੀ ਚੰਦ ਕਪਟ ਫਰੇਬ ਨਾਲ ਮਿਲੇ ਹੋਏ ਬੋਲ ਬੋਲਣ ਲੱਗਾ। ਇਸ ਨੇ ਕਦੋਂ ਅਤੇ ਕਿੱਥੇ ਭੇਜੀਆਂ ਮੈਨੂੰ ਕੋਈ ਖਬਰ ਨਹੀਂ। ਲਕੋ ਕੇ ਰੱਖਣ ਨਾਲ ਮੇਰੇ ਕਿਹੜੇ ਕੰਮ ਆਉਣੀਆਂ ਹਨ। ਚਾਰ ਉਂਗਲ ਕਾਗਜ ਨਾਲ ਮੈਂ ਉਨ੍ਹਾਂ ਦੀ ਪਤੰਗ ਬਣਾ ਕੇ ਨਹੀਂ ਸੀ ਉਡਾਉਣੀ। ਸੁਣ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਫੇਰ ਆਖਿਆ ਚੇਤਾ ਕਰ ਲਵੋ। ਜੇ ਤੈਨੂੰ ਯਾਦ ਨਹੀਂ ਰਿਹਾ ਤਾਂ ਭਾਲ ਕੇ ਲੈ ਆਵੋ। ਸੁਣ ਕੇ ਪ੍ਰਿਥੀ ਚੰਦ ਬੋਲਿਆ ਉਹ ਕੋਈ ਹੁੰਡੀਆਂ ਤਾਂ ਨਹੀਂ ਸਨ ਜਿਨ੍ਹਾਂ ਨੂੰ ਮੈਂ ਛੁਪਾ ਕੇ ਰੱਖਿਆ ਹੋਵੇਗਾ। ਸਿੱਖ ਕੋਲੋਂ ਹੀ ਰਸਤੇ ਵਿੱਚ

ਡਿੱਗ ਪਈਆਂ ਹੋਣਗੀਆਂ। ਹੁਣ ਡਰਦਾ ਹੋਇਆ ਮੇਰਾ ਨਾਮ ਲੈ ਰਿਹਾ ਹੈ। ਜੇਕਰ ਤੁਹਾਡਾ ਮਨ ਵੇਖਣ ਲਈ ਲਲਚਾ ਰਿਹਾ ਹੈ ਤਾਂ ਸ੍ਰੀ ਅਰਜਨ ਜੋ ਤੁਹਾਡੇ ਕੋਲ ਬੈਠਾ ਹੈ ਉਸ ਨੂੰ ਕਹੋ ਦੁਬਾਰਾ ਦੋ ਤੁਕਾਂ ਲਿਖ ਦੇਵੇ। ਪ੍ਰਿਥੀ ਚੰਦ ਵਿੱਚ ਭੋਰਾ ਵੀ ਸਾਦਗੀ ਨਹੀਂ ਦਿਸੀ। ਅੰਤਰਜਾਮੀ ਗੁਰੂ ਰਾਮਦਾਸ ਜੀ ਨੇ ਕੋਲ ਬੈਠੇ ਸੇਵਕ ਨੂੰ ਕਿਹਾ ਕਿ ਜਲਦੀ ਨਾਲ ਇਸ ਦੇ ਘਰ ਜਾਓ ਤੇ ਜਾ ਕੇ ਇਹ ਗੱਲ ਕਹੋ ਕਿ ਪ੍ਰਿਥੀ ਚੰਦ ਨੇ ਇਸ਼ਨਾਨ ਕੀਤਾ ਹੈ। ਉਸ ਨੇ ਸਤਿਗੁਰਾਂ ਦੇ ਕੋਲ ਜਾਣਾ ਹੈ ਤਾਂ ਉਸ ਨੇ ਪਹਿਨਣ ਲਈ ਕੱਪੜੇ ਮੰਗਵਾਏ ਹਨ। ਮੈਨੂੰ ਇਹ ਕਹਿ ਕੇ ਭੇਜਿਆ ਹੈ ਕਿ ਛੇਤੀ ਕੱਪੜੇ ਲੈ ਕੇ ਆਵੇ। ਸੁਣ ਕੇ ਸਿੱਖ ਚਲਾ ਗਿਆ। ਪਿੱਛੋਂ ਫੇਰ ਸਤਿਗੁਰਾਂ ਨੇ ਪ੍ਰਿਥੀ ਚੰਦ ਨੂੰ ਕਿਹਾ ਕਿ ਜੇਕਰ ਉਸ ਕਾਗਜ ਨਾਲ ਤੇਰਾ ਕੋਈ ਕਾਰਜ ਨਹੀਂ ਸਵਰਨਾ ਤਾਂ ਸਾਨੂੰ ਦਿਖਾਉਂਦਾ ਕਿਉਂ ਨਹੀਂ। ਚੇਤੇ ਕਰੋ ਅੜੀ ਨਾ ਕਰੋ ਜਿੱਦ ਛੱਡ ਕੇ ਸਾਨੂੰ ਦੇ ਦੇਵੋ। ਕਿਸਮਤ ਦਾ ਪ੍ਰੇਰਿਆ ਹੋਇਆ ਪ੍ਰਿਥੀ ਚੰਦ ਨਾ ਮੰਨਿਆ। ਤਿੰਨ ਵਾਰੀ ਗੁਰੂ ਜੀ ਦਾ ਬਚਨ ਮੋੜ ਦਿੱਤਾ। ਗੁੱਸੇ ਵਿੱਚ ਬੋਲਿਆ ਮੇਰਾ ਕਿਹਾ ਤੁਹਾਨੂੰ ਝੂਠ ਹੀ ਲਗਦਾ ਹੈ। ਮੈਨੂੰ ਤੁਹਾਡੇ ਚਰਨਾਂ ਦੀ ਸੌਂਹ ਜੇਕਰ ਮੈਂ ਚਿੱਠੀਆਂ ਕਿਤੇ ਵੇਖੀਆਂ ਹੋਣ। ਪ੍ਰਿਥੀ ਚੰਦ ਨੇ ਪਿਤਾ ਗੁਰੂ ਜੀ ਨੂੰ ਸਰਵ ਗਿਆਤਾ ਨਾ ਜਾਣਿਆ। ਸੇਵਕ ਦੇ ਕਹਿਣ ਤੇ ਪ੍ਰਿਥੀ ਚੰਦ ਦੀ ਘਰਵਾਲੀ ਕਰਮੋਂ ਪਾਸੋਂ ਨੌਕਰਾਣੀ ਪ੍ਰਿਥੀ ਚੰਦ ਦਾ ਜਾਮਾ ਲੈ ਕੇ ਆ ਗਈ। ਸਤਿਗੁਰਾਂ ਨੇ ਫੇਰ ਪ੍ਰਿਥੀ ਚੰਦ ਨੂੰ ਕਿਹਾ ਕਿ ਸਾਡੇ ਕਹੇ ਨੂੰ ਸਮਝ ਲੈ ਤੇਰਾ ਰੱਤਾ ਭਰ ਵੀ ਨਹੀਂ ਵਿਗੜਨਾ। ਜੇ ਨਹੀਂ ਦੇਵੇਂਗਾ ਤਾਂ ਤੇਰਾ ਸਵਰਨਾ ਵੀ ਕੁਝ ਨਹੀਂ। ਚਿੱਠੀਆਂ ਰੱਖ ਕੇ ਮੈਂ ਕੋਈ ਵੱਡਾ ਬਣ ਜਾਣਾ ਹੈ। ਫੇਰ ਵੀ ਉਲਟਾ ਹੀ ਬੋਲਿਆ। ਸੁਣ ਕੇ ਸਤਿਗੁਰਾਂ ਨੇ ਕਿਹਾ ਤੇਰੇ ਭਾਗਾਂ ਵਿੱਚ ਵਡਿਆਈ ਨਹੀਂ ਹੈ। ਬਾਬਾ ਬੁੱਢਾ ਜੀ ਆਦਿ ਸਾਰੇ ਸਿੱਖ ਵੇਖ ਰਹੇ ਸਨ। ਹੁਣ ਪ੍ਰਿਥੀ ਚੰਦ ਦੇ ਅੱਗੇ ਜਾਮਾ ਧਰ ਦਿੱਤਾ। ਗੁਰੂ ਜੀ ਨੇ ਕਿਹਾ ਇਹ ਜਾਮਾ ਵੇਖ ਲਵੋ। ਤੇਰੇ ਗਲੇ ਦਾ ਇਹ ਹੈ ਕਿ ਨਹੀਂ। ਪ੍ਰਿਥੀ ਚੰਦ ਨੇ ਕਿਹਾ ਕਿ ਮੇਰਾ ਹੈ। ਗੁਰੂ ਜੀ ਨੇ ਕਿਹਾ ਆਪਣੇ ਹੱਥ ਨਾਲ ਇਸ ਦੀ ਜੇਬ ਵਿੱਚੋਂ ਚਿੱਠੀਆਂ ਕੱਢ ਲਵੋ। ਕਹਿਣ ਲੱਗਿਆ ਮੈਂ ਤਾਂ ਪਾਈਆਂ ਨਹੀਂ। ਇਸ ਨੇ ਆਪਣੇ ਹੱਥ ਨਾਲ ਜੇਬ ਵਿੱਚੋਂ ਬਹੁਤ ਸਾਰੇ ਕਾਗਜ ਕੱਢੇ। ਉਹ ਸਤਿਗੁਰਾਂ ਨੇ ਲੈ ਲਏ। ਉਸ ਵਿੱਚੋਂ ਦੋ ਚਿੱਠੀਆਂ ਹਜੂਰ ਨੇ ਕੱਢ ਲਈਆਂ। ਸਾਰੀ ਸੰਗਤ ਵੇਖ ਕੇ ਬਹੁਤ ਹੈਰਾਨ ਹੋਈ। ਆਪਣੇ ਹੱਥ ਵਿੱਚ ਚਿੱਠੀਆਂ ਲੈ ਕੇ ਆਖਿਆ ਹੇ ਗੁਰਮੁਖੋ ਵਿਚਾਰ ਕਰੋ ਪ੍ਰਿਥੀ ਚੰਦ ਬੜਾ ਕੰਗਾਲ, ਫਰੇਬੀ ਅਤੇ ਹੀਨ ਭਾਵਨਾ ਵਾਲਾ ਹੈ। ਛਲ ਫਰੇਬੀ ਹੀ ਨਹੀਂ ਸਗੋਂ ਮੀਸਣਾ ਵੀ ਹੈ। ਅਸੀਂ ਤੈਨੂੰ ਔਲਾਦ ਸਹਿਤ ਤਿਆਗ ਦਿੱਤਾ ਹੈ। ਇਸ ਦੀ ਜੋ ਸੰਤਾਨ ਪੈਦਾ ਹੋਵੇਗੀ ਜੇਕਰ ਉਹ ਗੁਰਸਿੱਖਾਂ ਦੇ ਸਿੱਖ ਹੋਣਗੇ ਤਾਂ ਹੀ ਉਨ੍ਹਾਂ ਦਾ ਸਿੱਖ ਸੰਗਤ ਨਾਲ ਮੇਲ ਹੋਵੇਗਾ ਨਹੀਂ ਤਾਂ ਸਿੱਖੀ ਤੋਂ ਬਾਹਰ ਹੀ ਰਹਿਣਗੇ। ਬਾਬਾ ਬੁੱਢਾ ਜੀ ਨੇ ਕਿਹਾ ਕਿ ਪ੍ਰਿਥੀ ਚੰਦ ਨੇ ਪਿਤਾ ਗੁਰੂ ਰਾਮਦਾਸ ਜੀ

ਨੂੰ ਸਰਬ ਸਮਰੱਥ ਨਹੀਂ ਜਾਣਿਆ। ਇਸ ਕਰਕੇ ਛਲ, ਕਪਟ ਧਾਰਨ ਕਰਕੇ ਚਿੱਠੀਆਂ ਛੁਪਾ ਰੱਖੀਆਂ। ਇਸ ਤਰ੍ਹਾਂ ਪ੍ਰਿਥੀ ਚੰਦ ਮੁਰਝਾਇਆ ਜਿਹਾ ਬੈਠਾ ਸੀ। ਸਤਿਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਆਖਿਆ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਬਹੁਤ ਪਿਆਰੇ ਸਿੱਖ ਹੋ। ਆਪ ਜੀ ਨੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਹਨ। ਤੁਸੀ ਦੱਸੋ ਸਾਡਾ ਪੁੱਤਰ ਅਰਜਨ ਦੇਵ ਗੁਰਗੱਦੀ ਦੇ ਕਾਬਲ ਹੋਇਆ ਹੈ ਕਿ ਨਹੀਂ। ਸੁਣ ਕੇ ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ ਇਹ ਗੁਰਗੱਦੀ ਉਸੇ ਸੇਵਕ ਦੀ ਵਸਤੂ ਹੈ ਜਿਸ ਵਿੱਚ ਨਾ ਜਰੇ ਨੂੰ ਜਰ ਲੈਣ ਵਾਲਾ ਗੁਣ ਹੋਵੇ। ਸ੍ਰੀ ਅਰਜਨ ਦੇਵ ਜੀ ਵਿੱਚ ਸਾਰੇ ਗੁਣ ਪਰਖੇ ਹਨ। ਇਨ੍ਹਾਂ ਦੇ ਸਮਾਨ ਹੋਰ ਕੋਈ ਸੇਵਕ ਨਹੀਂ ਹੈ। ਬਾਬਾ ਬੁੱਢਾ ਜੀ ਦੇ ਬਚਨ ਸੁਣ ਕੇ ਗੁਰੂ ਜੀ ਬਹੁਤ ਖੁਸ਼ ਹੋਏ। ਬਾਬਾ ਬੁੱਢਾ ਜੀ ਨੇ ਬਹੁਤ ਵਾਰੀ ਗੁਰਿਆਈ ਦਿੰਦੇ ਹੋਏ ਦੇਖਿਆ ਹੈ। ਇਨ੍ਹਾਂ ਨੂੰ ਸੱਚ ਤੇ ਝੂਠ ਦੀ ਪਰਖ ਕਰਨ ਦਾ ਗਿਆਨ ਹੈ। ਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਮੰਗਵਾਏ। ਸ੍ਰੀ ਅਰਜਨ ਦੇਵ ਜੀ ਦੇ ਦੁਆਲੇ ਤਿੰਨ ਪਰਕਰਮਾਂ ਕੀਤੀਆਂ ਉਨ੍ਹਾਂ ਅੱਗੇ ਨਾਰੀਅਲ ਤੇ ਪੰਜ ਪੈਸੇ ਰੱਖ ਕੇ ਉਨ੍ਹਾਂ ਨੂੰ ਮੱਥਾ ਟੇਕਿਆ। ਗਿਆਨ ਦੇ ਸਾਗਰ ਗੁਰੂ ਜੀ ਬਹੁਤ ਪ੍ਰਸੰਨ ਹੋ ਗਏ। ਫੇਰ ਬਾਬਾ ਬੁੱਢਾ ਜੀ ਗੁਰੂ ਰਾਮਦਾਸ ਜੀ ਦੀ ਆਗਿਆ ਲੈ ਕੇ ਉੱਠੇ। ਉਨ੍ਹਾਂ ਆਪਣੇ ਹੱਥਾਂ ਨਾਲ ਸ੍ਰੀ ਅਰਜਨ ਦੇਵ ਜੀ ਦੇ ਸ੍ਰੇਸ਼ਟ ਮੱਥੇ ਤੇ ਗੁਰਤਾਗੱਦੀ ਦਾ ਟਿੱਕਾ ਲਾ ਦਿੱਤਾ। ਸਤਿਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੇ ਸਿੱਖੋ ਸੁਣੋ ਹੁਣ ਤੁਸੀਂ ਸ੍ਰੀ ਅਰਜਨ ਦੇਵ ਜੀ ਨੂੰ ਮੇਰਾ ਹੀ ਰੂਪ ਤੱਕਣਾ ਜਿਸ ਤਰ੍ਹਾਂ ਮੈਨੂੰ ਸਮਝਦੇ ਹੋ ਇਸੇ ਤਰ੍ਹਾਂ ਇਨ੍ਹਾਂ ਨੂੰ ਵੀ ਹਿਰਦੇ ਵਿੱਚ ਧਾਰਨ ਕਰਨਾ ਹੈ।

ਪ੍ਰਿਥੀ ਚੰਦ ਜਲ ਬਲ ਗਿਆ ਸੀ ਤੇ ਬਹੁਤ ਦੁਖੀ ਹੋ ਰਿਹਾ ਸੀ। ਮਹਾਂਦੇਵ ਚੁੱਪ ਚਾਪ ਹੀ ਬੈਠਾ ਰਿਹਾ। ਉਸ ਦੇ ਹਿਰਦੇ ਵਿੱਚ ਨਾ ਖੁਸ਼ੀ ਨਾ ਗਮੀ ਸੀ। ਵੱਡੇ ਭਾਗਾਂ ਵਾਲੀ ਮਾਤਾ ਭਾਨੀ ਜੀ ਨੇ ਇਹ ਸੁਣ ਕੇ ਅਰਜਨ ਦੇਵ ਗੁਰੂ ਬਣ ਗਿਆ ਹੈ ਬਹੁਤ ਹੀ ਖੁਸ਼ ਹੋਈ। ਆਪਣੇ ਪਿਤਾ ਗੁਰੂ ਅਮਰਦਾਸ ਜੀ ਦੇ ਬਚਨ ਯਾਦ ਆਏ। ਬਾਬਾ ਬੁੱਢਾ ਜੀ ਨੇ ਖੁਸ਼ ਹੋ ਕੇ ਕਿਹਾ ਸਤਿਗੁਰੂ ਜੀ ਦੇ ਬਚਨ ਉਚਿਤ ਹਨ। ਉਸ ਵੇਲੇ ਸ੍ਰੀ ਅਰਜਨ ਦੇਵ ਜੀ ਨੇ ਪਿਤਾ ਜੀ ਨੂੰ ਨਮਸਕਾਰ ਕਰਕੇ ਉਹ ਚੌਥਾ ਪਦ ਰਚਿਆ।

> **ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥੪॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥੧॥੮॥** **(ਅੰਗ ੯੭)**

ਸ੍ਰੀ ਗੁਰੂ ਰਾਮਦਾਸ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤੇ ਕਿ ਇਹ

ਬਾਣੀ ਦੀ ਬਹੁਤ ਰਚਨਾ ਕਰਨਗੇ ਜਿਸ ਨੂੰ ਪੜ੍ਹ ਕੇ ਸਿੱਖ ਸੰਗਤਾਂ ਆਪਣੇ ਵਿਕਾਰਾਂ ਨੂੰ ਦੂਰ ਕਰਨਗੀਆਂ। ਪਿਤਾ ਜੀ ਦੇ ਬਚਨ ਸੁਣ ਕੇ ਸ੍ਰੀ ਅਰਜਨ ਦੇਵ ਜੀ ਨੇ ਹੱਥ ਜੋੜ ਕੇ ਬਹੁਤ ਅਧੀਨਗੀ ਸਹਿਤ ਨਮਸਕਾਰ ਕੀਤੀ ਅਤੇ ਆਖਿਆ ਕਿ ਕਰਨ ਕਰਾਉਣ ਵਾਲੇ ਸਭ ਆਪ ਹੀ ਹੋ। ਜਿਸ ਤਰ੍ਹਾਂ ਤੁਸੀਂ ਕਹੋਗੇ ਮੈਂ ਹਮੇਸ਼ਾਂ ਹੀ ਆਪ ਜੀ ਦੇ ਅਨੁਸਾਰ ਹੀ ਰਹਾਂਗਾ। ਜਦ ਸਭਾ ਸਮਾਪਤ ਹੋ ਗਈ ਤਾਂ ਸੰਗਤਾਂ ਇਹ ਕਹਿੰਦੀਆਂ ਹੋਈਆਂ ਕਿ ਬਹੁਤ ਚੰਗਾ ਹੋਇਆ ਆਪੋ ਆਪਣੇ ਥਾਂ ਤੇ ਚਲੇ ਗਈਆਂ।

## ਸੁਖਮਨੀ ਸਾਹਿਬ ਨਾਲ ਵਜੀਰ ਖਾਂ ਦੇ ਰੋਗ ਦੀ ਨਵਿਰਤੀ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਕੁਝਸਮੇਂ ਬਾਅਦ ਜਹਾਂਗੀਰ ਨੇ ਮਨ ਵਿਚ ਸ਼ੰਕਾ ਕੀਤੀ ਕਿ ਚੰਦੂ ਝੂਠ ਬੋਲਦਾ ਰਹਿੰਦਾ ਹੈ ਇਸ ਸ਼ੰਕਾ ਨੂੰ ਖਤਮ ਕਰਨ ਵਾਸਤੇ ਜਹਾਂਗੀਰ ਨੇ ਵਜੀਰ ਖਾਂ ਤੇ ਕਿੰਚ ਬੇਗ ਨੂੰ ਸੱਦਿਆ। ਉਨ੍ਹਾਂ ਨੇ ਬਾਦਸ਼ਾਹ ਨੂੰ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਮਾਨਵਤਾ ਦੇ ਭਲੇ ਲਈ ਕੰਮ ਕਰ ਰਹੇ ਸਨ। ਸਗੋਂ ਤੁਸੀਂ ਉਨ੍ਹਾਂ ਦੇ ਪੁੱਤਰ ਹਰਿਗੋਬਿੰਦ ਜੋ ਗੁਰਤਾਗੱਦੀ ਤੇ ਬੈਠੇ ਹਨ ਉਨ੍ਹਾਂ ਨਾਲ ਮੇਲ ਮਿਲਾਪ ਕਰੋ। ਬਾਦਸ਼ਾਹ ਨੇ ਵਜੀਰ ਖਾਂ ਨੂੰ ਕਿਹਾ ਕਿ ਤੁਸੀਂ ਬੁੱਧੀਮਾਨ ਹੋ ਤੁਸੀਂ ਗੁਰੂ ਹਰਿਗੋਬਿੰਦ ਜੀ ਨੂੰ ਸਾਡੇ ਕੋਲ ਲਿਆਵੋ। ਵਜੀਰ ਖਾਂ ਕੁਝ ਸੈਨਾ ਤੇ ਭੇਟਾਵਾਂ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ। ਗੁਰੂ ਹਰਿਗੋਬਿੰਦ ਸਾਹਿਬ ਕੋਲ ਦਰਸ਼ਨਾ ਵਾਸਤੇ ਆਪਣਾ ਅਹਿਲਕਾਰ ਭੇਜਿਆ। ਗੁਰੂ ਜੀ ਨੇ ਆਗਿਆ ਦੇ ਦਿੱਤੀ। ਵਜੀਰ ਖਾਂ ਆਗਿਆ ਪਾ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚ ਗਿਆ। ਵਜੀਰ ਖਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਦਸ਼ਾਹ ਜਹਾਂਗੀਰ ਨੇ ਤੁਹਾਨੂੰ ਨਮਸਕਾਰ ਕੀਤੀ ਹੈ। ਉਹ ਗੁਰੂ ਜੀ ਦੇ ਕੋਲ ਬੈਠ ਗਿਆ ਤਾਂ ਗੁਰੂ ਜੀ ਨੇ ਪੁੱਛਿਆ ਸਭ ਰਾਜੀ ਬਾਜੀ ਹੈ। ਵਜੀਰ ਖਾਂ ਨੇ ਕਿਹਾ ਸਾਰੇ ਆਪ ਜੀ ਦੀ ਕਿਰਪਾ ਚਾਹੁੰਦੇ ਹਨ। ਗੁਰੂ ਜੀ ਨੇ ਫਿਰ ਪੁੱਛਿਆ ਦੱਸੋ ਕਿਸ ਕਾਰਨ ਤੁਹਾਡਾ ਆਉਣਾ ਹੋਇਆ ਹੈ। ਅਜਿਹਾ ਕਿਹੜਾ ਕੰਮ ਹੈ ਜਿਸ ਕਰਕੇ ਬਾਦਸ਼ਾਹ ਨੇ ਤੁਹਾਨੂੰ ਭੇਜਿਆ ਹੈ। ਇਹ ਸੁਣ ਕੇ ਵਜੀਰ ਖਾਂ ਨੇ ਦੋਵੇਂ ਹੱਥ ਜੋੜ ਕੇ ਕਿਹਾ ਤੁਹਾਨੂੰ ਆਪਣੇ ਨਾਲ ਲਿਜਾਣ ਲਈ ਆਇਆ ਹਾਂ। ਬਾਦਸ਼ਾਹ ਜੀ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ। ਬੜੀ ਸ਼ਰਧਾ ਧਾਰਨ ਕਰਕੇ ਉਨ੍ਹਾਂ ਨੇ ਭੇਟਾ ਭੇਜੀ ਹੈ। ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਫੁਰਮਾਇਆ ਜਿਵੇਂ ਵੱਡੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨੇ ਚਾਹੇ ਸਨ ਤੇ ਉਨ੍ਹਾਂ ਚੰਦੂ ਦੇ ਘਰ ਉਤਾਰਾ ਕਰਾ ਦਿੱਤਾ ਸੀ। ਫੇਰ ਉੱਥੇ ਸਰੀਰ ਤਿਆਗ ਕੇ ਪਰਲੋਕ ਸਿਧਾਰ ਗਏ ਸਨ। ਹੁਣ ਵੀ ਬਾਦਸ਼ਾਹ ਦਾ ਬੁਲਾਉਣਾ ਉਸੇ ਤਰ੍ਹਾਂ ਦਾ ਹੀ ਹੈ। ਇਹ ਸੁਣ ਕੇ ਵਜੀਰ ਖਾਂ ਨੇ ਦੱਸਿਆ ਕਿ ਹੁਣ ਵੀ ਚੰਦੂ ਵੱਲੋਂ ਹੀ ਚੁਗਲੀ ਕੀਤੀ ਹੋਈ ਹੈ। ਜੇਕਰ ਆਪ ਜੀ ਮੇਲ ਕਰੋਗੇ ਤਾ ਸਾਰਾ ਪ੍ਰਸੰਗ ਆਪਣੇ ਆਪ ਹੀ

ਪਰਗਟ ਹੋ ਜਾਵੇਗਾ। ਆਪ ਦਿੱਲੀ ਚੱਲੋ ਤੇ ਚੰਦੂ ਤੋਂ ਬਦਲਾ ਲਵੋ। ਤੁਹਾਡੀ ਸਾਰੀ ਗੱਲਬਾਤ ਸੁਣ ਕੇ ਹੀ ਫੈਸਲਾ ਹੋਵੇਗਾ। ਆਪ ਜੀ ਦੇ ਜਾਣ ਨਾਲ ਬਾਦਸ਼ਾਹ ਦਾ ਸ਼ੰਕਾ ਮਿਟ ਜਾਵੇਗਾ। ਸਤਿਗੁਰੂ ਜੀ ਨੇ ਵਜੀਰ ਖਾਂ ਨੂੰ ਆਖਿਆ ਅਸੀਂ ਤੇਰੇ ਨਾਲ ਚੱਲਾਂਗੇ। ਇਹ ਸੁਣ ਕੇ ਵਜੀਰ ਖਾਂ ਨੇ ਨਮਸਕਾਰ ਕੀਤੀ ਅਤੇ ਖੁਸ਼ੀ ਨਾਲ ਕਿਹਾ ਸਤਿਗੁਰੂ ਜੀ ਧੰਨ ਹੋ ਜੋ ਮੈਨੂੰ ਆਪਣਾ ਬਣਾ ਲਿਆ। ਮੇਰੇ ਪੇਟ ਵਿਚ ਜਲੋਧਰ ਦਾ ਵੱਡਾ ਰੋਗ ਸੀ। ਹਰ ਸਮੇਂ ਤਕਲੀਫ ਰਹਿੰਦੀ ਸੀ। ਮੈਂ ਘਰ ਵਿਚ ਪਿਆ ਵਿਰਲਾਪ ਕਰਦਾ ਰਹਿੰਦਾ ਸੀ। ਇੱਕ ਵਾਰ ਇੱਕ ਸਿੱਖ ਗਲੀ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਦਾ ਜਾਂਦਾ ਸੀ। ਜਦੋਂ ਪਾਠ ਦੀ ਧੁਨੀ ਮੇਰੇ ਕੰਨਾ ਵਿਚ ਪਈ ਤਾਂ ਮੇਰੇ ਪੇਟ ਦੀ ਪੀੜ ਦੂਰ ਹੋ ਗਈ। ਜਦ ਉਹ ਸਿੱਖ ਇਸ਼ਨਾਨ ਕਰਨ ਲਈ ਅੱਗੇ ਚਲਾ ਗਿਆ ਤਾਂ ਪੀੜ ਦੁਬਾਰਾ ਬਹੁਤ ਜਿਆਦਾ ਹੋਣ ਲੱਗ ਪਈ। ਕੁਝ ਦੇਰ ਬਾਅਦ ਜਦ ਉਹ ਸਿੱਖ ਦੁਬਾਰਾ ਵਾਪਿਸ ਆਇਆ ਮੈਂ ਸੁਖਮਨੀ ਸਾਹਿਬ ਦਾ ਪਾਠ ਫਿਰ ਸੁਣਿਆ ਤਾਂ ਮੈਨੂੰ ਸੁਖ ਅਨੁਭਵ ਹੋਇਆ। ਇਸ ਨਾਲ ਮੇਰਾ ਭਾਰੀ ਕਸ਼ਟ ਮਿਟ ਗਿਆ। ਇੰਨੇ ਵਿਚ ਜਦ ਸਿੱਖ ਅੱਗੇ ਚਲਾ ਗਿਆ ਤਾਂ ਮੈਂ ਪਾਠ ਦੀ ਅਵਾਜ਼ ਸੁਣ ਨਾ ਸਕਿਆ। ਤਦ ਮੇਰੇ ਪੇਟ ਦੀ ਪੀੜ ਬਹੁਤ ਵਧ ਗਈ। ਤਦ ਮੈਂ ਇੱਕ ਨੌਕਰ ਨੂੰ ਭੇਜ ਜੇ ਉਸ ਸਿੱਖ ਨੂੰ ਕੋਲ ਬੁਲਾਇਆ। ਜਦ ਉਹ ਗੁਰਸਿੱਖ ਚੱਲ ਕੇ ਕੋਲ ਆ ਗਿਆ ਤਾਂ ਸਾਰਾ ਬਿਰਤਾਂਤ ਜਾਣ ਕੇ ਮੈਂ ਉਸ ਨੂੰ ਕੋਲ ਰੱਖ ਲਿਆ। ਫਿਰ ਉਸ ਨੇ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਉਚਾਰਨ ਕੀਤਾ। ਜਦੋਂ ਤੱਕ ਮੈਂ ਪਾਠ ਸੁਣਿਆ ਤਾਂ ਕੋਈ ਪੀੜ ਨਾ ਹੋਈ। ਜਦ ਪਾਠ ਕਰਨ ਤੋਂ ਰੁਕ ਗਿਆ ਤਾਂ ਫਿਰ ਉਵੇਂ ਹੀ ਪੀੜ ਹੋਣ ਲੱਗ ਪਈ। ਤਦ ਮੈਂ ਹੋਰ ਸਿੱਖ ਆਪਣੇ ਕੋਲ ਰੱਖ ਲਏ ਜੋ ਦਿਨ ਰਾਤ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿੰਦੇ। ਫਿਰ ਮੈਂ ਸ਼ਰਧਾ ਸਹਿਤ ਗੁਰੂ ਜੀ ਲਈ ਕੜਾਹ ਪ੍ਰਸ਼ਾਦਿ ਦਾ ਕਰਨਾ ਮੰਨ ਲਿਆ ਤੇ ਸੁਖਮਨੀ ਸਾਹਿਬ ਦਾ ਪਾਠ ਸੁਣ-ਸੁਣ ਕੇ ਮੇਰਾ ਸਾਰਾ ਰੋਗ ਦੂਰ ਹੋ ਗਿਆ। ਕੁਝ ਦਿਨਾ ਵਿਚ ਹੀ ਮੈਨੂੰ ਅਰਾਮ ਹੋ ਗਿਆ। ਫਿਰ ਇਸ਼ਨਾਨ ਕਰਨ ਨਾਲ ਸਾਰੇ ਦੁੱਖ ਦੂਰ ਹੋ ਗਏ। ਫਿਰ ਮੈਂ ਵੱਡੇ ਗੁਰੂ ਅਰਜਨ ਦੇਵ ਜੀ ਕੋਲ ਆਇਆ ਤੇ ਸੀਸ ਨਿਵਾ ਕੇ ਸਭ ਤਰ੍ਹਾਂ ਨਾਲ ਬੇਨਤੀ ਕੀਤੀ। ਮੇਰੇ ਹਿਰਦੇ ਅੰਦਰ ਸ਼ਰਧਾ ਜਾਣ ਕੇ ਉਨ੍ਹਾਂ ਨੇ ਮੈਨੂੰ ਆਪਣਾ ਸਿੱਖ ਬਣਾ ਲਿਆ। ਉਨ੍ਹਾਂ ਦੀ ਕਿਰਪਾ ਨਾਲ ਮੇਰਾ ਰੋਗ ਦੂਰ ਹੋ ਗਿਆ। ਉਦੋਂ ਤੋਂ ਮੈਂ ਗੁਰੂ ਘਰ ਦਾ ਸਿੱਖ ਹਾਂ। ਆਪ ਜੀ ਸੇਵਕਾਂ ਪਿਆਰਿਆਂ ਦੇ ਅਨੁਸਾਰ ਹੋ ਕੇ ਅਤੇ ਗਰੀਬ ਜਾਣ ਕੇ ਕਿਰਪਾ ਕਰ ਦੇਵੋ। ਗਰੀਬਾਂ ਉਪਰ ਦਇਆ ਕਰਨਾ ਤੁਹਾਡਾ ਬਿਰਦ ਹੈ। ਆਪ ਜੀ ਨੇ ਬਾਦਸ਼ਾਹ ਕੋਲ ਜਾਣ ਦਾ ਇਰਾਦਾ ਕਰਕੇ ਆਪਣਾ ਬਿਰਦ ਪਾਲਿਆ ਹੈ।

## ਭਾਈ ਬਹੋੜੂ ਦੀ ਜਰਨ ਸ਼ਕਤੀ

ਇੱਕ ਬਹੋੜੂ ਨਾਮ ਦਾ ਜਿਮੀਦਾਰ ਮਾਲਵੇ ਦਾ ਰਹਿਣ ਵਾਲਾ ਜੋ ਗੁਰੂ ਅਰਜਨ ਸਹਿਬ ਜੀ ਦੇ ਦਰਸ਼ਨ ਕਰਨ ਆਇਆ। ਗੁਰੂ ਜੀ ਦੇ ਪੁੱਛਣ ਪਰ ਉਸਨੇ ਆਪਣੇ ਧਾੜੇ ਤੇ ਚੋਰੀਆਂ ਦਾ ਸਾਰਾ ਹਾਲ ਦੱਸਿਆ ਤੇ ਕਲਿਆਣ ਚਾਹੀ। ਬਚਨ ਹੋਇਆ ਧਰਮ ਦੀ ਕਿਰਤ ਕਰੋ ਨਾਮ ਜਪੋ ਵੰਡ ਛਕੋ।ਜਿਨ੍ਹਾਂ ਵਾਸਤੇ ਵਲ-ਛਲ ਕਰਦਾ ਹੈ ਕੋਈ ਸਬੰਧੀ ਪ੍ਰਲੋਕ ਵਿੱਚ ਸਹਾਈ ਨਹੀ ਹੋਵੇਗਾ। ਭਾਈ ਬਹੋੜੂ ਧਰਮ ਦੀ ਕਿਰਤ ਅਤੇ ਸਿਖ ਸਾਧੂ ਦੀ ਸੇਵਾ ਭਗਤੀ ਕਰਨ ਲੱਗਾ। ਇੱਕ ਦਿਨ ਇੱਕ ਠੱਗ ਸਿੱਖ ਬਣਕੇ ਉਸਦੇ ਘਰ ਆਇਆ ਬਹੋੜੂ ਨੇ ਇਸ਼ਨਾਨ ਕਰਾ ਕੇ ਲੰਗਰ ਪ੍ਰਸ਼ਾਦਾ ਛਕਾਇਆ। ਵੀਹ ਕੁ ਦਿਨ ਉਹ ਠੱਗ ਬਹੋੜੂ ਦੇ ਘਰ ਟਿਕਿਆ ਰਿਹਾ ਤੇ ਬਹੋੜੂ ਦਾ ਸਾਰਾ ਟੱਬਰ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਉਹ ਠੱਗ ਚੋਰੀ ਚੋਰੀ ਬਹੋੜੂ ਦੀ ਬੇਟੀ ਨਾਲ ਰਲ ਗਿਆ। ਬਹੋੜੂ ਭਾਂਵੇ ਇਸ ਕਰਤੂਤ ਨੂੰ ਜਾਣ ਗਿਆ ਸੀ ਪਰ ਸਰਬੰਸ ਗੁਰੂ ਕਾ ਜਾਣ ਕੇ ਚੁੱਪ ਕਰ ਰਿਹਾ। ਇਥੋਂ ਤਕ ਜਰਣਾ ਕੀਤਾ ਕਿ ਦੋਹਾਂ ਨੂੰ ਇਕ ਦਿਨ ਅੰਮ੍ਰਿਤ ਵੇਲੇ ਇਕੱਠੇ ਸੁੱਤੇ ਪਏ ਦੇਖ ਕੇ ਆਪਣਾ ਚਾਦਰਾ ਉਨ੍ਹਾਂ ਉਪਰ ਪਾ ਗਿਆ। ਦਿਨ ਚੜੇ ਕੁੜੀ ਨੇ ਆਪਣੇ ਪਿਤਾ ਦਾ ਚਾਦਰਾ ਸਿਞਾਣ ਕੇ ਉਸ ਠੱਗ ਨੂੰ ਦੱਸਿਆ ਤਾਂ ਉਹ ਠੱਗ ਸਭ ਗਹਿਣਾ ਗੱਟਾ ਬਹੋੜੂ ਦੇ ਘਰੋਂ ਲੈ ਕੇ ਤੁਰ ਗਿਆ। ਅਗੋਂ ਬਹੋੜੂ ਰੋਹੀ ਵਿਚੋਂ ਮੁੜਿਆ ਆਂਉਦਾ ਮਿਲ ਪਿਆ। ਠੱਗ ਦੇ ਸਿਰੋਂ ਕੰਬਦੇ ਹੋਏ ਸਮਾਨ ਦੀ ਗਠੜੀ ਡਿੱਗ ਪਈ ਬਹੋੜੂ ਨੇ ਉਸ ਨੂੰ ਘਰ ਲਿਆਂਦਾ ਅਤੇ ਬੇਟੀ ਸਮੇਤ ਸਾਰਾ ਸਮਾਨ ਉਸ ਦੇ ਘਰ ਛੱਡ ਆਇਆ। ਇਹ ਸਭ ਕੁਝ ਗੁਰੂ ਦਾ ਹੈ ਮੇਰਾ ਕੁਝ ਨਹੀਂ ਹੈ। ਇਸਤਰੀ ਵੀ ਉਸ ਦੀ ਸ਼ਾਤ ਸੁਭਾਅ ਦੀ ਸੀ। ਉੱਧਰ ਠੱਗ ਨੂੰ ਚੈਨ ਨਾ ਮਿਲੇ ਅਖੀਰ ਉਹ ਬਹੋੜੂ ਦੀ ਬੇਟੀ ਅਤੇ ਸਮਾਨ ਲੈ ਕੇ ਘਰ ਆ ਗਿਆ ਤੇ ਚਰਨ ਪਕੜ ਲਏ। ਬਹੋੜੂ ਉਸ ਠੱਗ ਨੂੰ ਲੈ ਕੇ ਗੁਰੂ ਜੀ ਕੋਲ ਆਇਆ ਗੁਰੂ ਜੀ ਅਗੋਂ ਉੱਠ ਕੇ ਭਾਈ ਬਹੋੜੂ ਨੂੰ ਮਿਲੇ। ਅੰਤਰਜਾਮੀ ਨੇ ਧੰਨ ਸਿੱਖੀ ਕਹਿ ਕੇ ਸਾਰੀ ਵਾਰਤਾ ਸੰਗਤ ਨੂੰ ਸੁਣਾਈ। ਭਾਈ ਬਹੋੜੂ ਦੀ ਜਰਨ ਸ਼ਕਤੀ ਅਤੇ ਸਤਿਗੁਰੂ ਜੀ ਦੀ ਅੰਤਰਜਾਮਤਾ ਵੇਖ ਕੇ ਇਹ ਠੱਗ ਵੀ ਸੱਚਾ ਸਿੱਖ ਬਣ ਗਿਆ।

ਇਸ ਤੋਂ ਇਲਾਵਾ ਇਕ ਬਹੋੜੂ ਸਿੱਖ ਸੁਨਿਆਰਾ ਵੀ ਹੋਇਆ ਹੈ ਉਹ ਸੋਨੇ ਦੇ ਗਹਿਨੇ ਬਣਾਉਂਦੇ ਸਮੇ ਖੋਟ ਪਾ ਦਿੰਦਾ ਸੀ ਉਹ ਵੀ ਸੱਚਾ ਸਿੱਖ ਬਣਿਆ।

## ਭਾਈ ਭੀਵਾ ਅਤੇ ਭਾਈ ਰੂਪ ਚੰਦ ਨਿਵਾਸੀ ਸਰਹਿੰਦ

ਭਾਈ ਭੀਵਾ ਅਤੇ ਭਾਈ ਰੂਪ ਚੰਦ ਸਰਹਿੰਦ ਰਹਿੰਦੇ ਸਨ। ਕਿਰਤ ਕਰਦੇ ਅਤੇ ਗੁਰਪੁਰਬ ਮਨਾਉਂਦੇ, ਲੰਗਰਾਂ ਦੀ ਸੇਵਾ ਕਰਦੇ। ਇੱਕ ਦਿਨ ਇੱਕ ਮੁਗਲ ਆਇਆ ਉਸ ਨੇ ਮੋਹਰਾਂ ਸੌਂਪ ਦਿੱਤੀਆਂ ਅਤੇ ਦਿੱਲੀ ਚਲੇ ਗਿਆ। ਇਹਨਾਂ ਦੋਨਾਂ

ਨੇ ਇਹ ਇੰਦਰਾਜ ਵਹੀ ਤੇ ਨਾ ਕੀਤਾ, ਭੁੱਲ ਗਏ। ਮੋਹਰਾਂ ਉਥੇ ਹੀ ਪਈਆਂ ਰਹੀਆਂ ਜਿਥੇ ਇੱਕ ਵਾਰ ਰੱਖੀਆਂ ਸਨ। ਮੁਗਲ ਪੰਜ ਮਹੀਨਿਆਂ ਬਾਅਦ ਹੱਟੀ ਤੇ ਆਇਆ ਤੇ ਆਖਿਆ ਮੈਂ ਤੁਹਾਡੇ ਕੋਲ ਮੋਹਰਾਂ ਰੱਖ ਕੇ ਚਲਾ ਗਿਆ ਸੀ। ਵਹੀ ਖੋਲ੍ਹ ਕੇ ਆਪਣਾ ਲਿਖਿਆ ਹੋਇਆ ਵੇਖਣ ਲੱਗੇ ਪਰ ਮੁਗਲ ਦਾ ਨਾਂ ਕਿਤੇ ਨਜਰ ਨਾ ਆਇਆ। ਭੀਵਾ ਕਹਿਣ ਲੱਗਿਆ ਤੁਸੀਂ ਸਾਡੇ ਕੋਲ ਮੋਹਰਾਂ ਦੀ ਥੈਲੀ ਨਹੀਂ ਰੱਖੀ। ਮੈਨੂੰ ਵਹੀ ਵਿੱਚ ਤੁਹਾਡਾ ਨਾਮ ਨਹੀਂ ਦਿਸਿਆ।

ਉਹ ਝਗੜਦੇ ਝਗੜਦੇ ਛੇਤੀ ਨਾਲ ਨਿਆਂ ਕਰਾਉਣ ਵਾਸਤੇ ਨਵਾਬ ਕੋਲ ਚਲੇ ਗਏ। ਉਥੇ ਤੇਲ ਦਾ ਕੜਾਹਾ ਅੱਗ ਉਤੇ ਧਰਿਆ ਹੋਇਆ ਸੀ। ਸੱਚੇ ਅਤੇ ਝੂਠੇ ਦੀ ਪਰਖ ਕਰਨ ਵਾਸਤੇ ਉੱਬਲ ਰਹੇ ਤੇਲ ਦੇ ਕੜਾਹੇ ਵਿੱਚ ਹੱਥ ਪਵਾਇਆ ਜਾਂਦਾ ਸੀ। ਸਿੱਖ ਨੇ ਪੰਜ ਮੋਹਰਾਂ ਦਾ ਪ੍ਰਸ਼ਾਦਿ ਕਰਾਉਣ ਦੀ ਗੁਰੂ ਅੱਗੇ ਸੁੱਖਣਾ ਸੁੱਖੀ। ਉੱਧਰ ਮੁਗਲ ਨੇ ਆਪਣੇ ਪੀਰ ਨੂੰ ਮਿਠਿਆਈ ਦੀ ਸੀਰਨੀ ਦਾਣੀ ਮੰਨੀ। ਨਵਾਬ ਨੇ ਦੋਨਾਂ ਦੇ ਹੱਥ ਤੇਲ ਦੇ ਜੜਾਹੇ ਵਿੱਚ ਪਵਾਏ। ਸਿੱਖ ਦਾ ਹੱਥ ਜਲਣ ਤੋਂ ਬਚ ਗਿਆ। ਮੁਗਲ ਦਾ ਹੱਥ ਸੜ ਗਿਆ। ਉਸ ਨੂੰ ਝੂਠਾ ਕਰਕੇ ਬਾਹਰ ਕੱਢ ਦਿੱਤਾ ਗਿਆ। ਭਾਈ ਭੀਵਾ ਸੱਚਾ ਹੋਣ ਕਰਕੇ ਆਪਣੇ ਘਰ ਚਲਾ ਗਿਆ।

ਰੂਪਚੰਦ ਨੇ ਆਪਣੇ ਭਰਾ ਭੀਵੇ ਨੂੰ ਕਿਹਾ ਕਿ ਮੁਗਲ ਨੇ ਸਾਡੇ ਤੋਂ ਧਨ ਕਿਉਂ ਮੰਗਣਾ ਚਾਹਿਆ। ਫਿਰ ਦੋਨਾਂ ਨੇ ਦੁਕਾਨ ਵਿੱਚ ਮੋਹਰਾਂ ਦੀ ਹਰ ਥਾਂ ਤੇ ਭਾਲ ਕੀਤੀ। ਜਿਸ ਬਾਂਸਨ ਵਿੱਚ ਉਹ ਮੋਹਰਾਂ ਸਨ ਉਹ ਮਿਲ ਗਿਆ। ਉਹ ਦੋਨੋਂ ਝੂਰਦੇ ਹੋਏ ਜਲਦੀ ਨਾਲ ਉਥੇ ਗਏ ਜਿਥੇ ਮੁਗਲ ਚਿੰਤਾ ਸਹਿਤ ਭਾਰੀ ਦੁਖ ਵਿੱਚ ਬੈਠਾ ਸੀ। ਕਹਿਣ ਲੱਗੇ ਅਸੀਂ ਵਹੀ ਵਿੱਚ ਇੰਦਰਾਜ ਕਰਨਾ ਭੁੱਲ ਗਏ ਸੀ ਪਰ ਫੇਰ ਵੀ ਅਸੀਂ ਪਿੱਛੋਂ ਚੰਗੀ ਤਰ੍ਹਾਂ ਭਾਲ ਕੀਤੀ ਤਾਂ ਸੋਨੇ ਦੀਆਂ ਮੋਹਰਾਂ ਦੀ ਬਾਂਸਨੀ ਮਿਲ ਗਈ। ਆਪਣੀ ਮੋਹਰਾਂ ਦੀ ਬਾਂਸਨੀ ਲੈ ਲਓ। ਸਾਡੀ ਭੁੱਲ ਨੂੰ ਮੁਆਫ ਕਰੋ। ਮੁਗਲ ਨੇ ਹੈਰਾਨ ਹੋ ਕੇ ਕਿਹਾ ਤੁਸੀਂ ਉਸ ਸਮੇਂ ਕਿਸ ਦੀ ਸੁੱਖਣਾ ਸੁੱਖੀ ਸੀ। ਭਾਈ ਭੀਵੇ ਨੇ ਕਿਹਾ ਅਸੀਂ ਸੱਚੇ ਸਤਿਗੁਰਾਂ ਦੇ ਨਾਂ ਤੇ ਪੰਜ ਮੋਹਰਾਂ ਦੀ ਸੁੱਖਣਾ ਸੁੱਖੀ ਸੀ। ਮੁਗਲ ਨੇ ਗੁਰੂ ਜੀ ਨੂੰ ਸੰਪੂਰਨ ਗੁਰੂ ਜਾਣਿਆ ਤੇ ਕਿਹਾ ਮੈਨੂੰ ਵੀ ਉਸ ਗੁਰੂ ਦੇ ਸਥਾਨ ਤੇ ਲੈ ਕੇ ਚੱਲੋ। ਦੋਨੋਂ ਭਰਾ ਇਸ ਮੁਗਲ ਨੂੰ ਲੈ ਕੇ ਗੁਰੂ ਜੀ ਕੋਲ ਆ ਗਏ। ਮੱਥਾ ਟੇਕ ਕੇ ਮੁਗਲ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਇਹ ਸਭ ਕੁਝ ਉਲਟ ਕਿਵੇਂ ਹੋ ਗਿਆ। ਸੱਚਾ ਝੂਠਾ ਹੋ ਗਿਆ ਅਤੇ ਝੂਠਾ ਸੱਚਾ ਹੋ ਗਿਆ। ਇਹ ਸੁਣ ਕੇ ਸਤਿਗੁਰਾਂ ਨੇ ਬਚਨ ਕੀਤਾ ਇਸ ਸਿੱਖ ਨੂੰ ਤੁਹਾਡੇ ਧਨ ਬਾਰੇ ਪਤਾ ਹੀ ਨਹੀਂ ਸੀ। ਫਿਰ ਇਹ ਸਿੱਖ ਸਾਡੀ ਸ਼ਰਨੀ ਪੈ ਗਿਆ। ਅਸੀਂ ਆਪਣਾ ਜਾਣ ਕੇ ਬਚਾ ਲਿਆ। ਜਦ ਕਿ ਤੁਹਾਡੇ ਪੀਰ ਨੇ ਰੱਖਿਆ ਨਹੀਂ ਕੀਤੀ। ਸੁਣ ਕੇ ਮੁਗਲ ਗੁਰੂ ਜੀ ਦੇ ਸ਼ਰਨੀ ਪੈ ਗਿਆ। ਸਿੱਖ ਬਣ ਕੇ ਗੁਰੂ ਦੀ ਮੱਤ ਹਿਰਦੇ ਵਿੱਚ ਵਸਾ ਲਈ। ਉਹ ਸਾਰੇ ਪਾਸੇ ਗੁਰੂ ਜੀ ਨੂੰ ਧੰਨ ਧੰਨ ਕਹਿੰਦਾ ਹੋਇਆ ਸ੍ਰੇਸ਼ਟ ਜਸ ਕਰਦਾ ਰਹਿੰਦਾ।

# ਸਿੱਖਾਂ ਨੂੰ ਉਪਦੇਸ਼

## ਭਾਈ ਪੁਰੀਆ ਅਤੇ ਭਾਈ ਚੂਹੜ:-

ਭਾਈ ਪੁਰੀਆ ਅਤੇ ਭਾਈ ਚੂਹੜ ਦੋਵੇਂ ਇਕ ਪਿੰਡ ਦੇ ਚੌਧਰੀ ਸਨ। ਇਹ ਦੋਵੇਂ ਗੁਰੂ ਜੀ ਕੋਲ ਆਏ ਤੇ ਕਹਿਣ ਲੱਗੇ,ਅਸੀਂ ਪਿੰਡ ਦੇ ਚੌਧਰੀ ਹਾਂ,ਇਸ ਲਈ ਪਿੰਡ ਵਿਚ ਚੌਧਰੀਪੁਣਾ ਕਰਦੇ ਸਾਨੂੰ ਬਹੁਤ ਝੂਠ ਬੋਲਣਾ ਪੈਂਦਾ ਹੈ। ਇਸ ਤਰ੍ਹਾਂ ਸਾਡੀ ਮੁਕਤੀ ਕਿਵੇਂ ਹੋਵੇ। ਇਸ ਪਰਥਾਏ ਸਾਨੂੰ ਉਪਦੇਸ਼ ਦੇਵੋ। ਗੁਰੂ ਜੀ ਨੇ ਕਿਹਾ ਤੁਸੀਂ ਝੂਠ,ਕਰੋਧ ਅਤੇ ਹੰਕਾਰ ਦਾ ਤਿਆਗ ਕਰੋ,ਕਿਉਂਕਿ ਇਸ ਸਮਾਨ ਹੋਰ ਕੋਈ ਵੱਡਾ ਪਾਪ ਨਹੀਂ ਹੈ। ਮੁਕਤੀ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਇਨ੍ਹਾਂ ਵਿਕਾਰਾਂ ਦਾ ਤਿਆਗ ਕਰ ਦਿੰਦੇ ਹਨ। ਤੁਸੀਂ ਆਪਣੇ ਪਿੰਡ ਵਿਚ ਜਾ ਕੇ ਇਕ ਧਰਮਸ਼ਾਲਾ ਬਣਵਾਉ ਅਤੇ ਉੱਥੇ ਰੋਜਾਨਾ ਗੁਰਬਾਣੀ ਕੀਰਤਨ ਅਤੇ ਸ਼ਬਦ ਦੀ ਵਿਚਾਰ ਕਰਿਆ ਕਰੋ। ਤੁਸੀਂ ਜੋ ਰੋਜਾਨਾ ਝੂਠ ਬੋਲੋ,ਉਹ ਸਤਿਸੰਗਤ ਵਿਚ ਕਾਗਜ਼ ਉੱਤੇ ਲਿਖਾ ਦਿਆ ਕਰੋ। ਆਪਣੇ ਪਿੰਡ ਜਾ ਕੇ ਉਹ ਇਸ ਤਰ੍ਹਾਂ ਪੂਰਾ ਨੇਮ ਨਿਭਾਉਣ ਲੱਗੇ। ਜਦੋਂ ਉਹ ਰੋਜਾਨਾ ਆਪਣਾ ਬੋਲਿਆ ਝੂਠ ਸਤਿਸੰਗਤ ਵਿਚ ਲਿਖਵਾਉਂਦੇ ਤਾਂ ਸ਼ਰਮ ਮਹਿਸੂਸ ਕਰਦੇ। ਇਸ ਤਰ੍ਹਾਂ ਉਹ ਹੌਲੀ ਹੌਲੀ ਝੂਠ ਬੋਲਣ ਤੋਂ ਗੁਰੇਜ ਕਰਨ ਲੱਗ ਪਏ। ਫਲਸਰੂਪ ਉਨ੍ਹਾਂ ਦੀ ਝੂਠ ਬੋਲਣ ਦੀ ਆਦਤ ਖਤਮ ਹੋ ਗਈ ਅਤੇ ਸੰਗਤ ਉਨ੍ਹਾਂ ਦੀ ਵਡਿਆਈ ਕਰਨ ਲੱਗ ਪਈ।

**ਭਾਈ ਪੈੜਾ ਅਤੇ ਭਾਈ ਦੁਰਗਾ:-**ਇੱਕ ਦਿਨ ਗੁਰੂ ਜੀ ਕੋਲ ਭਾਈ ਪੈੜਾ ਅਤੇ ਭਾਈ ਦੁਰਗਾ ਨਾ ਦੇ ਦੋ ਸਿੱਖ ਆਏ। ਆ ਕੇ ਗੁਰੂ ਅਰਜਨ ਦੇਵ ਜੀ ਦੇ ਚਰਨ ਕਮਲਾਂ ਤੇ ਨਮਸਕਾਰ ਕੀਤੀ। ਗੁਰੂ ਜੀ ਨੂੰ ਬੇਨਤੀ ਕੀਤੀ ਸਾਨੂੰ ਅਜਿਹਾ ਉਪਦੇਸ ਦੇਉ ਜਿਸ ਨਾਲ ਸਾਡੇ ਦੁਖ ਮਿਟ ਜਾਣ ਅਤੇ ਮੁਕਤੀ ਹੋ ਜਾਵੇ। ਸਤਿਗੁਰੂ ਜੀ ਨੇ ਬਚਨ ਕੀਤਾ ਜਿਨ੍ਹਾਂ ਨੇ ਪੂਰਬਲੇ ਜਨਮਾਂ ਵਿਚ ਦਾਨ ਕੀਤੇ ਹਨ, ਸਰੀਰ ਧਾਰਨ ਕਰਕੇ ਉਨ੍ਹਾਂ ਨੂੰ ਸਾਰੇ ਪਦਾਰਥ ਪ੍ਰਾਪਤ ਹੁੰਦੇ ਹਨ,ਸਰੀਰ ਰੋਗਾਂ ਤੋਂ ਰਹਿਤ, ਸ੍ਰੇਸ਼ਟ ਆਚਰਨ ਵਾਲੀ ਪਤਨੀ ਅਤੇ ਆਗਿਆਕਾਰ ਧੀਆਂ ਪੁੱਤਰ ਪੈਦਾ ਹੁੰਦੇ ਹਨ। ਸਾਰੇ ਪਸ਼ੂ, ਮੱਝਾਂ, ਗਊਆਂ, ਧਨ-ਦੌਲਤ, ਅਨਾਜ ਸਮੇਤ ਸਭ ਸੁਖ ਅਰਾਮ ਪ੍ਰਾਪਤ ਹੁੰਦੇ ਹਨ। ਇਹ ਪੂਰਬਲੇ ਚੰਗੇ ਕਰਮਾਂ ਦਾ ਫਲ ਹੁੰਦਾ ਹੈ। ਉਹ ਇਸ ਸਮੇਂ ਮਨੁੱਖਾ ਜਨਮ ਵਿਚ ਆ ਕੇ ਸੁਖ ਭੋਗਦੇ ਹਨ। ਜੋ ਗੁਰਮੁਖ ਮਨੁੱਖ ਹੁੰਦੇ ਹਨ ਸ੍ਰੇਸ਼ਟ ਪਦਾਰਥ ਪਾ ਕੇ ਆਪਣੇ ਜਨਮ ਨੂੰ ਸਫਲਾ ਕਰ ਲੈਂਦੇ ਹਨ। ਜਿੱਥੇ ਸਤਿਸੰਗਤ ਦਾ ਇਕੱਠ ਹੋਵੇ ਕਥਾ ਕੀਰਤਨ ਦੇ ਪ੍ਰੇਮ ਰਸ ਦਾ ਪ੍ਰਵਾਹ ਵਹਿੰਦਾ ਹੋਵੇ ਉਥੇ ਜਾ ਕੇ ਆਪਣੇ ਹੱਥਾਂ ਨਾਲ ਭੋਜਨ ਛਕਾਵੇ। ਬਾਰ-ਬਾਰ ਮਿੱਠੇ ਬਚਨ ਬੋਲ ਕੇ ਸੰਗਤ ਨੂੰ ਰੱਜ ਕੇ ਭੋਜਨ ਛਕਾਵੇ। ਉਨ੍ਹਾਂ ਦੇ ਚਰਨ ਅਤੇ ਹੱਥ ਧੁਆ ਕੇ ਬਿਠਾਵੇ। ਗਰਮੀ ਵਿਚ ਪੱਖੇ ਨਾਲ

ਹਵਾ ਝੱਲੇ। ਜਿਨਾਂ ਚਿਰ ਤੱਕ ਵਧੇਰੇ ਧਨ ਆਉਂਦਾ ਰਹੇ ਰੋਜਾਨਾ ਸੰਤਾਂ ਮਹਾਂਪੁਰਖਾਂ ਨੂੰ ਤ੍ਰਿਪਤ ਕਰੇ ਅਤੇ ਆਪ ਪਿੱਛੋਂ ਬਚਿਆ ਭੋਜਨ ਛਕੇ। ਇਸ ਤਰ੍ਹਾਂ ਕਰਕੇ ਆਪਣੇ ਆਪ ਨੂੰ ਮਹਾਂ ਪਵਿੱਤਰ ਬਣਾਵੇ। ਉਸ ਦੇ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ ਅਤੇ ਉਹ ਆਪਣੇ ਪੁੰਨ ਕਰਮ ਬਹੁਤ ਵਧਾ ਲਵੇਗਾ। ਜੇਕਰ ਇਸ ਤਰ੍ਹਾਂ ਰੋਜਾਨਾ ਨਾ ਹੋ ਸਕੇ ਤਾਂ ਉਹ ਕਿਸੇ ਦਿਨ-ਤਿਉਹਾਰ ਜਾਂ ਮਹੀਨੇ ਅੰਦਰ ਅਜਿਹਾ ਹਿੱਸਾ ਜਰੂਰ ਪਾਵੇ। ਪੂਰਨਮਾਸੀ,ਮੱਸਿਆ,ਸੰਗਰਾਂਦ ਇਤਿਆਦਿਕ ਭਾਂਤ ਭਾਂਤ ਦੇ ਅਨੇਕਾਂ ਮੌਕਿਆਂ ਸਮੇਂ ਗੁਰੂ ਦੇ ਸਿੱਖਾਂ ਨੂੰ ਭੋਜਨ ਛਕਾਵੇ। ਜਦ ਹੱਥ ਧੋਵੇ ਚੁਲੀ ਕਰਨ ਵੇਲੇ ਸ਼ੁਕਰਾਨੇ ਦੀ ਅਰਦਾਸ ਕਰੇ। ਉਸ ਵੇਲੇ ਵਾਹਿਗੁਰੂ ਦਾ ਧਿਆਨ ਧਰੇ ਅਤੇ ਹੰਕਾਰ ਰਹਿਤ ਹੋ ਕੇ ਬੇਨਤੀ ਕਰੇ। ਹੱਥ ਜੋੜ ਕੇ ਹਿਰਦੇ ਅੰਦਰ ਇਸ ਤਰ੍ਹਾਂ ਕਹੇ ਕਿ-ਹੇ ਪ੍ਰਭੂ ਜੀ! ਇਹ ਭੋਜਨ ਆਪ ਜੀ ਦਾ ਦਿੱਤਾ ਹੋਇਆ ਹੈ। ਸਾਰਿਆਂ ਸਿੱਖਾਂ ਨੂੰ ਨਮਸਕਾਰ ਕਰੇ। ਪ੍ਰਸ਼ਾਦਾ ਗੁਰਾਂ ਨੇ ਛਕਿਆ ਹੈ ਇਸ ਤਰ੍ਹਾਂ ਦੀ ਸ਼ਰਧਾ ਰੱਖੇ। ਜੇਕਰ ਮਹੀਨੇ ਵਿਚ ਸਾਰੇ ਪੁਰਬਾਂ ਸਮੇਂ ਭੋਜਨ ਦੇਣਾ ਨਹੀਂ ਬਣ ਆਉਂਦਾ ਤਾਂ ਉਹ ਮੱਸਿਆ ਜਾਂ ਸੰਗਰਾਂਦ ਦੇ ਦਿਨ ਵਿਚ ਗੁਰੂ ਦੇ ਸਿੱਖਾਂ ਨੂੰ ਘਰ ਵਿਚ ਭੋਜਨ ਛਕਾਵੇ। ਫਿਰ ਚੰਗੇ ਕੱਪੜੇ ਬਣਵਾ ਕੇ ਸੰਤ ਜਾਂ ਦੁਖੀ ਸਿੱਖ ਨੂੰ ਪਹਿਰਾਵੇ। ਠੰਡ ਦੇ ਸਮੇਂ ਦੌਰਾਨ ਰਜਾਈ,ਤੁਲਾਈ ਵਿਚ ਰੂੰਅ ਪੁਆ ਕੇ ਪਹਿਰਾਵੇ ਜਾਂ ਫਿਰ ਕਿਸੇ ਬਸਤਰਹੀਣ ਨੂੰ ਕੰਬਲ ਦੇਵੇ ਅਤੇ ਗਰੀਬਾਂ ਦੇ ਤਨ ਨੂੰ ਢਕੇ। ਇਸ ਤਰ੍ਹਾਂ ਦੇ ਦੋਵੇਂ ਦਾਨ ਹਨ ਸਾਰੇ ਹੀ ਕਰਨ,ਬਹੁਤ ਹੀ ਭਲੇ ਵਿਚ ਹੋਣਗੇ। ਸਮਰੱਥਾ ਅਨੁਸਾਰ ਇਹ ਸਾਰਿਆਂ ਲਈ ਉੱਤਮ ਹੈ,ਜਿਨ੍ਹਾਂ ਲੋਕਾਂ ਨੇ ਗ੍ਰਿਹਸਤ ਧਰਮ ਧਾਰਨ ਕੀਤਾ ਹੈ।

ਧੀਰਜਵਾਨ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ ਸਨ ਕਿ ਜੋ ਆਪਣਾ ਸਰੀਰ ਪੁੰਨ-ਦਾਨ ਹੀ ਬਣਾ ਲੈਂਦਾ ਹੈ,ਉਹ ਗ੍ਰਿਹਸਤੀ ਗੰਗਾ ਜਲ ਹੋ ਜਾਂਦਾ ਹੈ। ਗ੍ਰਿਹਸਤ ਵਿਚ ਰਹਿ ਕੇ ਦਾਨ ਕਰਨਾ ਵੱਡਾ ਧਰਮ ਹੈ। ਜਿਵੇਂ ਕਿਵੇਂ ਵੀ ਦਿਨ ਜਾਂ ਰਾਤ ਵਿਚ ਨਗਨ ਮਨੁੱਖ ਨੂੰ ਬਸਤਰ ਅਤੇ ਭੁੱਖੇ ਮਨੁਖ ਨੂੰ ਭੋਜਨ ਦੇਣਾ,ਪੁੰਨ ਤਾਂ ਹੋਰ ਵੀ ਬਹੁਤ ਪ੍ਰਕਾਰ ਦੇ ਹਨ ਤਾਂ ਵੀ ਕੋਈ ਇਨ੍ਹਾਂ ਦੀ ਬਰਾਬਰੀ ਨਹੀਂ ਲੈ ਸਕਦਾ। ਇਹ ਸੁਖ ਦੇਣ ਵਾਲਾ ਮਨ ਨੂੰ ਸਾਂਤ ਕਰਨ ਵਾਲਾ ਸਾਂਤਕੀ ਦਾਨ ਹੈ। ਇਸ ਤੋਂ ਹਿਰਦੇ ਵਿਚ ਪ੍ਰਭੂ ਭਗਤੀ ਪ੍ਰਗਟ ਹੁੰਦੀ ਹੈ,ਕਸ਼ਟਾਂ ਦਾ ਨਾਸ਼ ਹੁੰਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਉਪਦੇਸ ਉਚਾਰਨ ਕੀਤਾ। ਭਾਈ ਪੈੜੇ ਅਤੇ ਭਾਈ ਦੁਰਗੇ ਨੇ ਇਹ ਸਾਰਾ ਉਪਦੇਸ ਸੁਣਿਆ। ਫਿਰ ਉਹ ਨਮਸਕਾਰ ਕਰਕੇ ਆਪਣੇ ਘਰ ਚਲੇ ਗਏ। ਉਹ ਗੁਰੂ ਜੀ ਦੇ ਦਿੱਤੇ ਉਪਦੇਸ ਨੂੰ ਕਮਾਉਣ ਲੱਗੇ। ਉਨ੍ਹਾਂ ਕੋਲ ਬਹੁਤ ਸਿੱਖ ਆਉਂਦੇ, ਇਹ ਉਨ੍ਹਾਂ ਨੂੰ ਬਹੁਤ ਪ੍ਰੇਮ ਧਾਰਨ ਕਰਕੇ ਆਦਰ ਸਹਿਤ ਬੁਲਾਉਂਦੇ ਹੋਏ ਭੋਜਨ ਛਕਾਉਂਦੇ। ਇਸ ਤਰ੍ਹਾਂ ਕਰਦੇ ਹੋਏ ਕਈ ਦਿਨ ਬੀਤ ਗਏ। ਪੁਰਬ ਦੇ ਦਿਨ ਜਾ ਕੇ ਉਹ ਗੁਰੂ

ਜੀ ਦੇ ਦਰਸ਼ਨ ਕਰਦੇ। ਉਨ੍ਹਾ ਦਾ ਖਰਚ ਵੱਧ ਪਰ ਆਮਦਨ ਘੱਟ ਸੀ। ਇਸ ਲਈ ਉਨ੍ਹਾਂ ਨੇ ਕਿਸੇ ਕੋਲੋਂ ਕਰਜ਼ੇ ਵਜੋਂ ਧਨ ਲੈ ਲਿਆ। ਇਕ ਦਿਨ ਬਹੁਤ ਸੰਗਤ ਚਲ ਆਈ ਪਰ ਘਰ ਵਿਚ ਕੁਝ ਨਹੀਂ ਸੀ,ਜੋ ਖਾਣ ਲਈ ਦਿੰਦੇ। ਜਦ ਬਾਣੀਏ ਨੇ ਉਨ੍ਹਾਂ ਨੂੰ ਕਰਜਾ ਨਾ ਦਿੱਤਾ, ਤਦ ਉਨ੍ਹਾਂ ਨੇ ਆਪਣੀਆਂ ਔਰਤਾਂ ਦੇ ਕੁਝ ਕੁ ਗਹਿਣੇ ਲੈ ਲਏ। ਉਨ੍ਹਾਂ ਨੂੰ ਵੇਚ ਕੇ ਭੋਜਨ ਬਣਾਇਆ ਅਤੇ ਸਾਰੀ ਸੰਗਤ ਨੂੰ ਆਪਣੇ ਘਰ ਭੋਜਨ ਛਕਾਇਆ ਪਰ ਅਗਲੇ ਦਿਨ ਲਈ ਕੁਝ ਨਾ ਬਚਿਆ। ਉਹ ਘਬਰਾਏ ਨਹੀਂ ਅਤੇ ਧੀਰਜ ਰੱਖਿਆ। ਜਦ ਉਹ ਬਾਹਰ ਇਲਾਕੇ ਵਿਚ ਗਏ। ਉਨ੍ਹਾਂ ਨੇ ਹੱਥਾਂ ਨਾਲ ਮਿੱਟੀ ਨੂੰ ਪੁੱਟਿਆ ਅਤੇ ਵੇਖਿਆ ਇੱਕ ਬਰਤਨ ਜੋ ਸੋਨੇ ਦੇ ਸਿੱਕਿਆਂ ਨਾਲ ਭਰਿਆ ਹੋਇਆ ਸੀ। ਉਸ ਨੂੰ ਕੱਢ ਕੇ ਘਰ ਲੈ ਆਏ। ਉਨ੍ਹਾਂ ਨੇ ਸਾਰਾ ਕਰਜਾ ਉਤਾਰ ਦਿੱਤਾ ਅਤੇ ਸੁੰਦਰ ਗਹਿਣੇ ਵੀ ਕਢਵਾ ਲਏ ਅਤੇ ਸਭ ਨੂੰ ਭੋਜਨ ਛਕਾਇਆ। ਲੋੜਵੰਦਾਂ ਨੂੰ ਕੱਪੜੇ ਵੀ ਦਿੱਤੇ। ਗੁਰਬਾਣੀ ਪੜ੍ਹਕੇ ਵਾਹਿਗੁਰੂ ਦੀ ਭਗਤੀ ਕਰਦੇ। ਗੁਰੂ ਅਰਜਨ ਸਾਹਿਬ ਜੀ ਦੇ ਆ ਕੇ ਦਰਸ਼ਨ ਵੀ ਕਰਦੇ। ਇਹ ਸਾਰਾ ਬਿਰਤਾਂਤ ਗੁਰੂ ਅਰਜਨ ਸਾਹਿਬ ਜੀ ਨੂੰ ਸੁਣਾਇਆ। ਗੁਰੂ ਸਾਹਿਬ ਨੇ ਬਚਨ ਕੀਤਾ ਜੋ ਮਨੁੱਖ ਵੰਡ ਕੇ ਛਕਦੇ ਹਨ ਪਰਮੇਸਰ ਉਨ੍ਹਾਂ ਨੂੰ ਕਿਸੇ ਕਿਸਮ ਦੀ ਘਾਟ ਨਹੀਂ ਰਹਿਣ ਦਿੰਦਾ। ਇਨ੍ਹਾਂ ਸਿੱਖਾਂ ਨੇ ਪਰਮੇਸ਼ਰ ਦੇ ਨਾਮ ਦਾ ਸਿਮਰਨ ਅਤੇ ਸੇਵਾ ਕਰਕੇ ਮੁਕਤੀ ਪ੍ਰਾਪਤ ਕੀਤੀ ਅੰਤ ਸਮੇਂ ਗੁਰੂ ਜੀ ਸਹਾਈ ਹੋਏ।

**ਭਾਈ ਲਾਲੂ, ਬਾਲੂ ਅਤੇ ਹਰਦਾਸ ਵਿੱਜ:-** ਭਾਈ ਲਾਲੂ,ਬਾਲੂ ਅਤੇ ਹਰਦਾਸ ਵਿੱਜ ਤਿੰਨੋ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਦਰਸ਼ਨ ਕਰਨ ਲਈ ਆਏ। ਉਨ੍ਹਾਂ ਨੇ ਹੱਥ ਜੋੜ ਕੇ ਚਰਨ ਕਮਲਾਂ ਤੇ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਸਾਨੂੰ ਆਪਣਾ ਉਪਦੇਸ ਦੇ ਕੇ ਸਿੱਖ ਬਣਾਉ ਤਾਂ ਜੋ ਸਾਡੀ ਮੁਕਤੀ ਹੋ ਜਾਵੇ। ਇਹ ਬੇਨਤੀ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ ਹੰਕਾਰ,ਮੋਹ ਅਤੇ ਈਰਖਾ ਦਾ ਨਾਸ਼ ਕਰੋ। ਮਨ ਵਿਚ ਦੂਜਿਆਂ ਦਾ ਬੁਰਾ ਨਾ ਸੋਚੋ ਫੇਰ ਤੁਹਾਨੂੰ ਕਿਸੇ ਪ੍ਰਕਾਰ ਦਾ ਦੁਖ ਨਹੀਂ ਹੋਵੇਗਾ। ਗੁਰਸਿੱਖਾਂ ਨਾਲ ਖੁਸ਼ ਹੋ ਕੇ ਮਿਲੋ ਅਤੇ ਦੋਵੇਂ ਹੱਥ ਜੋੜ ਕੇ ਉਨ੍ਹਾਂ ਨੂੰ ਪ੍ਰੇਮ ਸਹਿਤ ਨਮਸਕਾਰ ਕਰੋ। ਮਿੱਠਾ ਬੋਲਣਾ ਅਤੇ ਨਿਮਰ ਹੋ ਕੇ ਚੱਲਣਾ ਅਤੇ ਵੰਡ ਕੇ ਛਕਣਾ,ਸਾਰਿਆਂ ਨੂੰ ਪ੍ਰੇਮ ਧਾਰ ਕੇ ਮਿਲਣਾ,ਧਰਮ ਦੀ ਕਿਰਤ ਤੋਂ ਭੋਜਨ ਕਰਨਾ। ਇਹ ਪੰਜ ਕਰਮ ਸਾਰੇ ਸੁਖ ਦਿੰਦੇ ਹਨ। ਇਹ ਸਭ ਕਰੋ ਇਨ੍ਹਾਂ ਕਰਮਾਂ ਨੂੰ ਕਦੇ ਨਾ ਤਿਆਗੋ। ਇਸ ਤਰ੍ਹਾਂ ਗ੍ਰਿਹਸਤ ਜੀਵਨ ਵਿਚ ਰਹਿੰਦਿਆਂ ਹੀ ਤੁਹਾਡੀ ਮੁਕਤੀ ਹੋਵੇਗੀ। ਸਤਿਗੁਰੂ ਜੀ ਦਾ ਉਪਦੇਸ ਸੁਣ ਕੇ ਉਸੇ ਅਨੁਸਾਰ ਕਰਮ ਕਮਾਉਣ ਨਾਲ ਉਨ੍ਹਾਂ ਦੇ ਦੁਖ ਦੂਰ ਹੋ ਗਏ।

**ਨਿਹਾਲੂ, ਤੁਲਸੀਆ, ਬੂਲਾ ਅਤੇ ਚੰਡੀਆ ਗੋਤ ਧੀਰ:-** ਨਿਹਾਲੂ,

ਤੁਲਸੀਆ, ਬੂਲਾ ਅਤੇ ਚੰਡੀਆ, ਗੋਤ ਧੀਰ, ਚੱਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ। ਮਨ ਵਿਚ ਜਾਣਿਆ ਕਿ ਇੱਥੇ ਸੁਖ ਮਿਲੇਗਾ। ਉਹ ਸਤਿਗੁਰੂ ਜੀ ਦੇ ਨੇੜੇ ਬੈਠ ਕੇ ਗੁਰਬਾਣੀ ਦਾ ਕੀਰਤਨ ਸੁਣਦੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਵਡਿਆਈ ਨੂੰ ਸੁਣਦੇ ਤੇ ਵਿਚਾਰਦੇ। ਸਾਰਿਆਂ ਦੇ ਮਨ ਵਿਚ ਇੱਕ ਸਨੇਹ ਪੈਦਾ ਹੋ ਗਿਆ ਕਿ ਜਿਵੇਂ ਪਹਿਲੇ ਅਨੇਕਾਂ ਲੋਕਾਂ ਨੇ ਵਾਦ ਵਿਵਾਦ ਪਾਇਆ ਸੀ ਉਹ ਹੱਥ ਜੋੜ ਕੇ ਪੁੱਛਣ ਲੱਗੇ ਕਿ ਸਿੱਖ ਬਣਨ ਲਈ ਪ੍ਰੇਮ ਜਾਗਿਆ ਸੀ। ਉਹ ਕਹਿਣ ਲੱਗੇ ਸਤਿਗੁਰੂ ਜੀ ਸੁਣੋ ਬਹੁਤ ਬੁੱਧੀ ਤੋਂ ਹੀਣੇ ਲੋਕ ਇਕੱਠੇ ਹੋ ਕੇ ਝਗੜਦੇ ਰਹਿੰਦੇ ਹਨ। ਉਨ੍ਹਾਂ ਵਿਚ ਬੈਠਣ ਕਰਕੇ ਸਾਡੇ ਮਨ ਵਿਚ ਸ਼ੰਕਾ ਹੋਇਆ ਹੈ। ਆਪ ਜੀ ਸਮਰੱਥ ਹੋ ਇਸ ਦਾ ਉੱਤਰ ਦਿਉ। ਕਈ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨਕ ਦਾ ਅਵਤਾਰ ਕਹਿੰਦੇ ਹਨ ਅਤੇ ਕਈ ਕਹਿੰਦੇ ਹਨ ਕਿ ਵਿਸ਼ਨੂੰ ਦਾ ਸਰੂਪ ਧਾਰ ਕੇ ਬੇਮਿਸਾਲ ਕੌਤਕ ਕੀਤੇ ਹਨ। ਇਹ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਿਸੇ ਦੇਵੀ ਦੇਵਤੇ ਅਤੇ ਰਾਜਾ ਜਨਕ ਆਦਿ ਦੇ ਅਵਤਾਰ ਨਹੀਂ ਸਨ ਸਗੋਂ ਉਹ ਆਪ ਪਾਰਬ੍ਰਹਮ ਦਾ ਸਰੂਪ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ ਦੀ ਪੁਕਾਰ ਸੁਣਕੇ ਪਾਪਾਂ ਨੂੰ ਖਤਮ ਕਰਨ ਲਈ ਅਵਤਾਰ ਧਾਰ ਕੇ ਸਿੱਖੀ ਦੀ ਰੀਤ ਚਲਾਈ। ਉਨ੍ਹਾਂ ਨੇ ਲੁਕਾਈ ਨੂੰ ਨਾਮਦਾਨ ਇਸ਼ਨਾਨ ਅਤੇ ਸ੍ਰੇਸ਼ਟ ਕਰਮਾਂ ਦੇ ਸ਼ੁਭ ਗੁਣਾਂ ਦੇ ਮਾਰਗ ਵੱਲ ਲਗਾਇਆ। ਬੇਦਾਂ ਦਾ ਗਿਆਨ ਜੋ ਕਠਿਨ ਭਾਸ਼ਾ ਸੰਸਕ੍ਰਿਤ ਵਿਚ ਸੀ ਜੋ ਲੋਕਾਂ ਦੀ ਸਮਝ ਤੋਂ ਬਾਹਰ ਸੀ ਨੂੰ ਲੋਕ ਬੋਲੀ ਵਿਚ ਪਰਗਟ ਕਰਦਿਆਂ ਗੁਰੂ ਜੀ ਨੇ ਗੁਰਬਾਣੀ ਦੀ ਰਚਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਜੋ ਮਨ ਨੂੰ ਟਕਾ ਕੇ ਗੁਰਬਾਣੀ ਪੜ੍ਹਦਾ ਅਤੇ ਵਿਚਾਰਦਾ ਹੈ ਉਸਦਾ ਉਧਾਰ ਹੋ ਜਾਂਦਾ ਹੈ।

**ਤੋਤਾ, ਮੱਦੂ, ਗੋਖੂ ਅਤੇ ਟੋਡਾ, ਗੋਤ ਮਹਿਤਾ:–** ਤੋਤਾ, ਮੱਦੂ, ਗੋਖੂ ਅਤੇ ਟੋਡਾ, ਗੋਤ ਮਹਿਤਾ, ਇਹ ਚਾਰੇ ਪ੍ਰੇਮ ਧਾਰ ਕੇ ਆਏ ਗੁਰੂ ਅਰਜਨ ਦੇਵ ਜੀ ਦੇ ਚਰਨ ਕਮਲਾਂ ਤੇ ਸੀਸ ਨਿਵਾਇਆ ਹੱਥ ਜੋੜ ਕੇ ਕੋਲ ਬੈਠ ਗਏ ਮੌਕਾ ਵੇਖ ਕੇ ਬੇਨਤੀ ਕੀਤੀ ਹੇ ਗਰੀਬ ਨਿਵਾਜ ਸਤਿਗੁਰੂ ਜੀਉ ਸਾਡਾ ਜਨਮ ਮਰਨ ਤੋਂ ਛੁਟਕਾਰਾ ਕਰੋ ਅਸੀਂ ਆਪ ਜੀ ਦੀ ਸੋਭਾ ਸੁਣ ਕੇ ਆਏ ਹਾਂ। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬੋਲੇ ਤੁਸੀਂ ਸਾਰੇ ਮਿਲਕੇ ਗੁਰਬਾਣੀ ਪੜ੍ਹੋ ਅਤੇ ਸੁਣੋ ਫਿਰ ਆਪਸ ਵਿਚ ਬੈਠ ਕੇ ਗੁਰਬਾਣੀ ਦੀ ਵਿਚਾਰ ਕਰੋ ਕਿ ਗੁਰਦੇਵ ਜੀ ਨੇ ਜਿਹੜੇ ਮਨੋਰਥ ਨਾਲ ਗੁਰਬਾਣੀ ਉਚਾਰਨ ਕੀਤੀ ਹੈ ਜੋ ਤਿਆਗਣ ਲਈ ਕਿਹਾ ਹੈ ਉਸਦਾ ਤਿਆਗ ਕਰੋ ਜੋ ਗ੍ਰਹਿਣ ਕਰਨ ਯੋਗ ਕਿਹਾ ਹੈ ਉਸ ਨੂੰ ਗ੍ਰਹਿਣ ਕਰੋ। ਫੇਰ ਉਨ੍ਹਾਂ ਹੋਰ ਪੁਛਦੇ ਹੋਏ ਬੇਨਤੀ ਕੀਤੀ ਕਿ ਬਾਣੀ ਪੜ੍ਹਨ ਅਤੇ ਉਸ ਨੂੰ ਵਿਚਾਰਨ ਨਾਲ ਕਿੰਨਾ ਪੁੰਨ ਹੁੰਦਾ ਹੈ। ਇਨ੍ਹਾ

ਦੋਨਾ ਵਿਚੋਂ ਜਿਹੜਾ ਜ਼ਿਆਦਾ ਫ਼ਲ ਦਿੰਦਾ ਹੈ ਉਸ ਬਾਰੇ ਦੱਸੋ। ਗੁਰੂ ਜੀ ਨੇ ਕਿਹਾ ਗੁਰਬਾਣੀ ਪੜ੍ਹਨ ਅਤੇ ਸੁਣਨ ਦਾ ਫਲ ਸ਼ਰਧਾ ਧਾਰਨ ਕਰਨਾ ਹੈ। ਜੋ ਗੁਰਬਾਣੀ ਦਾ ਪਾਠ ਸ਼ਰਧਾ ਨਾਲ ਕਰਦਾ ਹੈ ਉਸ ਦੇ ਵੱਡੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜੋ ਰੋਜਾਨਾ ਗੁਰਬਾਣੀ ਦਾ ਪਾਠ ਪ੍ਰੇਮ ਨਾਲ ਕਰਦਾ ਹੈ ਉਹ ਹਮੇਸ਼ਾਂ ਲਈ ਆਪਣੇ ਮਨ ਨੂੰ ਨਿਰਮਲ ਕਰ ਲੈਂਦਾ ਹੈ। ਜਿਹੜਾ ਮਨੁੱਖ ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਪੜ੍ਹ ਕੇ ਕੰਠ ਕਰੇ ਉਹਨੂੰ ਬਹੁਤ ਪੁੰਨ ਮਿਲਦਾ ਹੈ ਤੇ ਸੁਖ ਪਾਉਂਦਾ ਹੈ। ਮਨੁਖ ਗੁਰਬਾਣੀ ਪੜ੍ਹੇ ਸੁਣੇ ਅਤੇ ਹੋਰ ਲੋਕਾਂ ਨੂੰ ਵੀ ਸੁਣਾਵੇ ਜਿਹੜੀਆਂ ਇੱਛਾਵਾਂ ਧਾਰਦਾ ਹੈ ਉਸ ਦੀਆਂ ਪੂਰੀਆਂ ਹੋ ਜਾਂਦੀਆਂ ਹਨ। ਜੇਕਰ ਨਿਸ਼ਕਾਮ ਹੋ ਕੇ ਬਾਣੀ ਪੜ੍ਹਦਾ ਸੁਣਦਾ ਹੈ ਉਸਦਾ ਹਿਰਦਾ ਸ਼ੁੱਧ ਹੋ ਜਾਂਦਾ ਹੈ। ਜੋ ਮਨੁੱਖ ਗੁਰਬਾਣੀ ਵਿਚਾਰਦੇ ਰਹਿੰਦੇ ਹਨ ਵਡਿਆਈ ਦੀ ਇੱਛਾ ਆਦਿ ਧਾਰਨ ਨਹੀਂ ਕਰਦੇ ਕੇਵਲ ਆਪਣਾ ਕਲਿਆਣ ਚਾਹੁੰਦੇ ਹਨ ਉਨ੍ਹਾਂ ਮਨੁੱਖਾਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ ਜਿਵੇਂ ਲੱਕੜੀਆਂ ਵਿਚ ਅੱਗ ਵਸਦੀ ਹੈ ਪਰ ਮਨੁੱਖ ਬਿਨਾ ਯਤਨ ਕਰਨ ਦੇ ਅੱਗ ਪ੍ਰਾਪਤ ਨਹੀਂ ਕਰ ਸਕਦੇ। ਜਿਹੜੇ ਮਨੁੱਖ ਯਤਨ ਕਰਕੇ ਅੱਗ ਨੂੰ ਕੱਢ ਲੈਂਦੇ ਹਨ ਤਾਂ ਉਹ ਸਾਰੇ ਕਾਰਜ ਰਾਸ ਕਰ ਦਿੰਦੀ ਹੈ। ਲੱਕੜੀਆਂ ਅੱਗ ਦਾ ਰੂਪ ਹੋ ਜਾਂਦੀਆਂ ਹਨ। ਸਾਰੇ ਪ੍ਰਕਾਸ਼ ਪ੍ਰਾਪਤ ਕਰ ਲੈਂਦੇ ਹਨ। ਇਸ ਤਰ੍ਹਾਂ ਜੋ ਗੁਰਬਾਣੀ ਨੂੰ ਵਿਚਾਰਦੇ ਹਨ ਉਨ੍ਹਾਂ ਦੇ ਸਰੀਰ ਦਾ ਹੰਕਾਰ ਨਾਸ ਹੋ ਜਾਂਦਾ ਹੈ। ਉਹ ਆਪਣੇ ਆਤਮ ਸਰੂਪ ਨੂੰ ਖੋਜਣ ਲੱਗ ਪੈਂਦੇ ਹਨ। ਹੌਲੀ ਹੌਲੀ ਵੱਡੇ ਭਾਗਾਂ ਨੂੰ ਪ੍ਰਾਪਤ ਕਰ ਲੈਂਦੇ ਹਨ। ਉਹ ਆਤਮ ਗਿਆਨ ਦੀ ਪ੍ਰਾਪਤੀ ਕਰਕੇ ਬ੍ਰਹਮ ਰੂਪ ਹੋ ਜਾਂਦੇ ਹਨ। ਉਨ੍ਹਾਂ ਦੇ ਹਿਰਦੇ ਵਿਚੋਂ ਦਵੈਤ ਦਾ ਨਾਸ਼ ਹੋ ਜਾਂਦਾ ਹੈ। ਜਿਸ ਸਮੇਂ ਸਰੀਰ ਦੀ ਹਉਮੈ ਖਤਮ ਹੋ ਜਾਂਦੀ ਹੈ ਤਾਂ ਆਪ ਬ੍ਰਹਮ ਰੂਪ ਹੋ ਕੇ ਨਿਹਾਲ ਹੋ ਜਾਂਦੇ ਹਨ। ਇਸ ਲਈ ਤੁਸੀਂ ਸਤਿਸੰਗਤ ਕਰਕੇ ਗੁਰਬਾਣੀ ਨੂੰ ਹਿਰਦੇ ਵਿਚ ਵਿਚਾਰ ਕੇ ਪੜ੍ਹੋ। ਇਸ ਤਰ੍ਹਾਂ ਆਪਣਾ ਸ੍ਰੇਸ਼ਟ ਕਲਿਆਣ ਕਰ ਲਵੋ। ਸੰਸਾਰ ਦੇ ਸਾਰੇ ਬੰਧਨ ਖਤਮ ਹੋ ਜਾਣਗੇ। ਗੁਰੂ ਜੀ ਦੇ ਬਚਨ ਸੁਣ ਕੇ ਚਾਰੇ ਚੰਗੀ ਤਰ੍ਹਾਂ ਸਤਿਸੰਗਤ ਕਰਨ ਲੱਗ ਪਏ ਅਤੇ ਰੋਜਾਨਾ ਗੁਰਬਾਣੀ ਦੀ ਵਿਚਾਰ ਕਰਨ ਲੱਗੇ।

**ਝਾਂਝ, ਮੁਕੰਦਾ ਅਤੇ ਕਿਦਾਰਾ:-** ਝਾਂਝ,ਮੁਕੰਦਾ ਅਤੇ ਕਿਦਾਰਾ ਆਪਣੀ ਕਲਿਆਣ ਲਈ ਗੁਰੂ ਜੀ ਦੇ ਦੁਆਰੇ ਤੇ ਆਏ। ਤਿੰਨਾ ਨੇ ਆ ਕੇ ਨਮਸਕਾਰ ਕੀਤੀ ਹੱਥ ਜੋੜ ਕੇ ਬੇਨਤੀ ਕੀਤੀ ਸਾਡਾ ਉਧਾਰ ਕਿਸ ਤਰ੍ਹਾਂ ਹੋਵੇ ਆਪ ਮੁਕਤੀ ਦੇ ਦਾਤੇ ਹੋ ਉਪਦੇਸ਼ ਦੇਵੋ। ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਤੁਸੀਂ ਰਾਗਾਂ ਨੂੰ ਜਾਣਦੇ ਹੋਂ ਇਸ ਲਈ ਗੁਰਬਾਣੀ ਨੂੰ ਰਾਗਾਂ ਵਿਚ ਗਾਵੋ। ਚੰਗੀ ਤਰ੍ਹਾਂ ਪ੍ਰਮਾਤਮਾ ਦੇ ਸੁੰਦਰ ਜਸ ਨੂੰ ਹਿਰਦੇ ਵਿਚ ਵਸਾਵੋ। ਜਿਵੇਂ ਜਿਵੇਂ ਰਾਗਾਂ ਵਿਚ ਗੁਰਬਾਣੀ ਗਾ ਕੇ ਅਨੰਦ

ਪ੍ਰਾਪਤ ਕਰੋਗੇ ਤਿਵੇਂ ਤਿਵੇਂ ਹਿਰਦੇ ਅੰਦਰ ਬਹੁਤ ਪਿਆਰ ਪੈਦਾ ਹੋਵੇਗਾ। ਕਲਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੁਝ ਨਹੀਂ ਇਹ ਹੀ ਮਹਾਨ ਹੈ। ਜੇ ਕੋਈ ਮਹਾਂ ਕਠਨ ਤਪ ਕਰੇ ਤਾਂ ਵੀ ਉਹ ਕੀਰਤਨ ਦੀ ਬਰਾਬਰੀ ਨਹੀਂ ਕਰ ਸਕਦਾ। ਹੋਰ ਜੋ ਕਰਮ ਹਨ ਉਨ੍ਹਾਂ ਨਾਲ ਧਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਰੀਰ ਭਾਰੀ ਤਾਕਤ ਪ੍ਰਾਪਤ ਕਰ ਲੈਂਦੇ ਹਨ ਪਰ ਕੀਰਤਨ ਦੇ ਸਮਾਨ ਕੋਈ ਵੀ ਨਹੀਂ ਹੈ। ਸਾਰਿਆਂ ਤੋਂ ਸ੍ਰੇਸ਼ਟ ਇਹ ਇੱਕੋ ਹੀ ਹੈ। ਇਸ ਲਈ ਤੁਸੀਂ ਰੋਜਾਨਾ ਕੀਰਤਨ ਕਰੋ। ਹੋਰਨਾ ਨੂੰ ਸੁਣਾ ਕੇ ਅਨੇਕਾਂ ਨੂੰ ਤਾਰ ਕੇ ਆਪ ਵੀ ਤਰੋ। ਤਿੰਨਾ ਨੇ ਸੁਣ ਕੇ ਗੁਰੂ ਜੀ ਨੂੰ ਪੁਛਿਆ ਕਿ ਆਪ ਜੀ ਨੇ ਕੀਰਤਨ ਦੀ ਬਹੁਤ ਵੱਡੀ ਮਹਿਮਾ ਦੱਸੀ ਹੈ। ਹੁਣ ਸਾਨੂੰ ਪਾਠ ਅਤੇ ਕਥਾ ਦਾ ਅਲੱਗ ਅਲੱਗ ਫਲ ਦੱਸੋ। ਸ੍ਰੀ ਗੁਰੂ ਜੀ ਆਪਣੇ ਪਾਵਨ ਮੁੱਖ ਤੋਂ ਸੁਣਾਉਣ ਲੱਗੇ ਜੋ ਪਵਿੱਤਰ ਗੁਰਬਾਣੀ ਦਾ ਪਾਠ ਕਰਦੇ ਹਨ ਉਹ ਖੂਹ ਦੀ ਖੇਤੀ ਦੀ ਤਰ੍ਹਾਂ ਹੈ। ਖੂਹ ਦੇ ਪਾਣੀ ਨਾਲ ਆਪਣੀ ਖੇਤੀ ਸਿੰਜ ਕੇ ਹਰੀ ਭਰੀ ਕਰ ਲੈਂਦੇ ਹਨ। ਖੇਤੀ ਪੱਕਣ ਤੇ ਉਹ ਆਪਣੇ ਘਰ ਵਿਚ ਲਿਆਉਂਦੇ ਹਨ ਅਤੇ ਉਸ ਫਸਲ ਨਾਲ ਸੁਖ ਮਾਣਦੇ ਹਨ ਪਰ ਜਿਹੜੇ ਖੇਤ ਖੂਹ ਤੋਂ ਦੂਰ ਹੁੰਦੇ ਹਨ ਉਨ੍ਹਾਂ ਖੇਤਾਂ ਨੂੰ ਪਾਣੀ ਨਹੀਂ ਪਹੁੰਚ ਸਕਦਾ। ਉਹ ਖਾਲੀ ਰਹਿ ਜਾਂਦੇ ਹਨ। ਕੀਰਤਨ ਕਰਨਾ ਬੱਦਲਾਂ ਦਾ ਮੀਂਹ ਹੈ। ਜਲ ਵਰਸਦਾ ਹੈ ਚਾਰੇ ਪਾਸੇ ਖੇਤੀ ਹਰੀ ਭਰੀ ਹੋ ਜਾਂਦੀ ਹੈ,ਫਸਲ ਵਿਚ ਪੂਰੇ ਦਾਣੇ ਭਰੇ ਹੋਏ ਦਿਖਾਈ ਦਿੰਦੇ ਹਨ। ਜਦੋਂ ਜੋਰਦਾਰ ਮੀਂਹ ਪੈਂਦਾ ਹੈ ਤਾਂ ਦਰਖਤਾਂ ਦੇ ਪੱਤਿਆਂ ਤੋਂ ਗਰਦ ਲਹਿ ਜਾਂਦੀ ਹੈ। ਉੱਚੀਆਂ ਥਾਂਵਾਂ ਤੇ ਕਦੋਂ ਜੋਰਦਾਰ ਮੀਂਹ ਪੈਂਦਾ ਹੈ ਤਾਂ ਪਾਣੀ ਨਾਲ ਦੀ ਨਾਲ ਰੁੜ੍ਹ ਕੇ ਨੀਵੀਆਂ ਥਾਂਵਾਂ ਤੇ ਚਲਾ ਜਾਂਦਾ ਹੈ। ਉੱਚੇ ਟਿੱਬੇ ਅੰਦਰੋਂ ਸੁੱਕੇ ਰਹਿ ਜਾਂਦੇ ਹਨ ਜਿਸ ਕਰਕੇ ਉੱਚੇ ਟਿੱਬਿਆਂ ਤੇ ਫਸਲ ਜਲਦੀ ਸੁੱਕ ਜਾਂਦੀ ਹੈ ਤੇ ਝਾੜ ਘਟ ਜਾਂਦਾ ਹੈ। ਕਥਾ ਇਸ ਤਰ੍ਹਾਂ ਹੈ ਜਿਵੇਂ ਝੜੀ ਲੱਗੀ ਹੋਵੇ। ਝੜੀ ਵਿਚ ਮੀਂਹ ਦੇ ਪਾਣੀ ਦੀਆਂ ਬੂੰਦਾਂ ਟਪਕ ਟਪਕ ਕੇ ਪੈਂਦੀਆਂ ਹਨ। ਹਰੇਕ ਬੂੰਦ ਦਾ ਪਾਣੀ ਧਰਤੀ ਆਪਣੇ ਵਿਚ ਧਾਰਨ ਕਰ ਲੈਂਦੀ ਹੈ। ਜਿੱਥੇ ਵੀ ਪਾਣੀ ਡਿੱਗਦਾ ਹੈ ਉਹ ਵਿਅਰਥ ਨਹੀਂ ਜਾਂਦਾ। ਉਹ ਖੇਤੀ ਲਈ ਲਾਭਦਾਇਕ ਹੁੰਦਾ ਹੈ। ਇਸੇ ਤਰ੍ਹਾਂ ਕਥਾ ਜਦੋਂ ਹੁੰਦੀ ਹੈ ਤਾਂ ਉੱਚੇ ਟਿੱਬਿਆਂ ਦੀ ਨਿਆਂਈਂ ਹੰਕਾਰੀ ਪੁਰਸ਼ ਵੀ ਜਦੋਂ ਕਥਾ ਸੁਣਦੇ ਹਨ ਤਾਂ ਉਨ੍ਹਾਂ ਦਾ ਮਨ ਵੀ ਹੌਲੀ ਹੌਲੀ ਪ੍ਰੇਮ ਵਿਚ ਆ ਜਾਂਦਾ ਹੈ। ਕੁਝ ਸਮੇਂ ਬਾਅਦ ਉਹ ਵੀ ਸੋਝੀਵਾਨ ਹੋ ਜਾਂਦੇ ਹਨ। ਇਸ ਲਈ ਗੁਰੂ ਘਰ ਦੇ ਵਿਚ ਗੁਰਬਾਣੀ ਦਾ ਪਾਠ ਕੀਰਤਨ ਅਤੇ ਕਥਾ ਰੋਜਾਨਾ ਹੋਣੀ ਚਾਹੀਦੀ ਹੈ। ਸੋਝੀਵਾਨ ਪ੍ਰੇਮੀਜਨ ਗੁਰਸੰਗਤ ਵਿਚ ਆ ਕੇ ਕਥਾ ਕੀਰਤਨ ਅਤੇ ਗੁਰਬਾਣੀ ਦਾ ਪਾਠ ਸੁਣ ਕੇ ਆਪਣਾ ਜੀਵਨ ਸਫਲਾ ਕਰ ਲੈਂਦੇ ਹਨ। ਇਨ੍ਹਾਂ ਤਿੰਨਾ ਨੇ ਜਦੋਂ ਗੁਰੂ ਅਰਜਨ ਸਾਹਿਬ ਜੀ ਦੀ ਪਵਿੱਤਰ ਰਸਨਾ ਤੋਂ ਇਹ ਬਚਨ ਸੁਣੇ ਤਾਂ ਬੇਨਤੀ ਕੀਤੀ ਕਿ ਮਹਾਰਾਜ ਜੀ ਕਥਾ ਤੇ ਕੀਰਤਨ ਦਾ ਆਪਸ ਵਿਚ ਕੀ ਸੰਬੰਧ ਹੈ। ਸਤਿਗੁਰਾ

ਨੇ ਬਚਨ ਕੀਤਾ ਕਿ ਕਥਾ ਮਾਂ ਹੈ ਕੀਰਤਨ ਪੁੱਤਰ ਦੀ ਨਿਆਂਈਂ ਹੈ। ਜਿਵੇਂ ਮਾਂ ਪੁੱਤਰ ਤੋਂ ਬਗੈਰ ਸੋਭਾ ਨਹੀਂ ਪਾਉਂਦੀ ਇਸੇ ਤਰ੍ਹਾਂ ਕਥਾ ਦੇ ਨਾਲ ਕੀਰਤਨ ਦਾ ਹੋਣਾ ਬਹੁਤ ਜਰੂਰੀ ਹੈ। ਗੁਰਸਿਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀਉ ਜੇਕਰ ਕਥਾ ਮਾਂ ਅਤੇ ਕੀਰਤਨ ਪੁੱਤਰ ਦੀ ਨਿਆਂਈਂ ਹੈ ਤਾਂ ਕਥਾ ਦਾ ਘਰ ਵਾਲਾ ਅਤੇ ਕੀਰਤਨ ਦਾ ਪਿਤਾ ਕੌਣ ਹੈ। ਹਜ਼ੂਰ ਨੇ ਬਚਨ ਕੀਤਾ ਕਿ ਪ੍ਰੇਮ ਕਥਾ ਦਾ ਘਰ ਵਾਲਾ ਹੈ ਤੇ ਕੀਰਤਨ ਦਾ ਪਿਤਾ ਹੈ। ਕਥਾ ਤੇ ਕੀਰਤਨ ਵਿਚ ਪ੍ਰੇਮ ਦਾ ਹੋਣਾ ਬਹੁਤ ਜਰੂਰੀ ਹੈ। ਪ੍ਰੇਮ ਤੋਂ ਬਗੈਰ ਕਥਾ ਅਤੇ ਕੀਰਤਨ ਦੋਨੋਂ ਸੋਭਾ ਨਹੀਂ ਪਾਉਂਦੇ। ਪਰਮੇਸ਼ਰ ਦੀ ਪ੍ਰਾਪਤੀ ਪ੍ਰੇਮ ਨਾਲ ਹੀ ਹੁੰਦੀ ਹੈ।

*ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭੁ ਪਾਇਉ।*

**ਗੰਗੂ, ਨਾਊ, ਰਾਮਾ, ਧਰਮਾ ਅਤੇ ਉਦਾ, ਗੋਤ ਸਹਿਗਲ:-** ਗੰਗੂ, ਨਾਊ, ਰਾਮਾ, ਧਰਮਾ ਅਤੇ ਉਦਾ, ਗੋਤ ਸਹਿਗਲ, ਇਹ ਪੰਜੇ ਮਿਲਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ ਨਮਸਕਾਰ ਕਰਕੇ ਬੇਨਤੀ ਕਰਨ ਲੱਗੇ ਕਿ ਵੇਦ ਕਤੇਬ ਧਾਰਮਿਕ ਗ੍ਰੰਥ ਰਿਸ਼ੀ ਮੁਨੀ ਅਵਤਾਰ ਪੰਡਤ ਗਿਆਨੀ ਸਾਰਿਆਂ ਨੇ ਕਿਹਾ ਹੈ ਕਿ ਪ੍ਰਮਾਤਮਾ ਬੇਅੰਤ ਹੈ। ਇਹ ਸਾਰੇ ਉਸ ਨੂੰ ਖੋਜਦੇ ਰਹੇ ਪਰ ਅੰਤ ਨਹੀਂ ਪਾ ਸਕੇ। ਜਿਸ ਪ੍ਰਮਾਤਮਾ ਨੂੰ ਸੱਤ ਚਿੱਤ ਅਨੰਦ ਕਹਿੰਦੇ ਹਨ ਮੁਕਤੀ ਦਾਤੇ ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਦਾ ਹੀ ਰੂਪ ਹਨ। ਪ੍ਰਮਾਤਮਾ ਨੇ ਸ੍ਰੀ ਗੁਰੂ ਜੀ ਨੂੰ ਬ੍ਰਹਮ ਅਵਤਾਰ ਰੂਪ ਵਿਚ ਪ੍ਰਗਟ ਕੀਤਾ ਹੈ ਜਿਸ ਬਾਰੇ ਸਭ ਨੇ ਪਰਤੱਖ ਜਾਣਿਆ ਹੈ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਪ੍ਰਮਾਤਮਾ ਦੇ ਅੰਤ ਨੂੰ ਜਾਣਦੇ ਹੀ ਹੋਣਗੇ ਕਿਉਂਕਿ ਉਹ ਆਪ ਬ੍ਰਹਮ ਸਰੂਪ ਹਨ ਅਤੇ ਆਪਣੇ ਅੰਤ ਬਾਰੇ ਸਭ ਕੁਝ ਜਾਣਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਦੇ ਸ਼ੰਕੇ ਸੁਣ ਕੇ ਉਨ੍ਹਾਂ ਸਿੱਖਾਂ ਨੂੰ ਉਸੇ ਤਰ੍ਹਾਂ ਯੋਗ ਉੱਤਰ ਦਿੱਤਾ ਜੇ ਪ੍ਰਮਾਤਮਾ ਦਾ ਕੋਈ ਆਦਿ ਅੰਤ ਹੁੰਦਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਬਾਰੇ ਉਚਾਰਨ ਕਰਦੇ ਜਿਸ ਦਾ ਕਦੀ ਵੀ ਆਦਿ ਤੇ ਅੰਤ ਨਹੀਂ ਉਸ ਨੂੰ ਬੇਅੰਤ ਕਹਿਣਾ ਹੀ ਬਣਦਾ ਹੈ। ਪ੍ਰਮਾਤਮਾ ਸਾਰਿਆਂ ਵਿਚ ਰਮਿਆ ਹੋਇਆ ਜਾਣ ਕੇ ਸਭ ਨਾਲ ਪਿਆਰ ਕਰੋ। ਮਨ ਵਿਚ ਕਿਸੇ ਦੇ ਪ੍ਰਤੀ ਵੀ ਬੁਰਾ ਨਾ ਧਾਰੋ। ਸਾਰਿਆਂ ਨੂੰ ਇੱਕ ਪ੍ਰਮਾਤਮਾ ਦਾ ਸਰੂਪ ਹੀ ਪਛਾਣੋ ਇਸ ਤਰ੍ਹਾਂ ਤੁਹਾਡੀ ਮੁਕਤੀ ਹੋਵੇਗੀ ਅਤੇ ਜਨਮਾਂ ਦੇ ਬੰਧਨ ਦਾ ਨਾਸ਼ ਹੋ ਜਾਵੇਗਾ। ਗੁਰੂ ਜੀ ਤੋਂ ਉਪਦੇਸ਼ ਸੁਣ ਕੇ ਉਹ ਪ੍ਰਮੇਸ਼ਰ ਦਾ ਨਾਮ ਹਮੇਸ਼ਾਂ ਲਈ ਸਿਮਰਨ ਲੱਗੇ। ਪ੍ਰਮੇਸ਼ਰ ਸਰੂਪ ਗੁਰੂ ਜੀ ਦੀ ਸੇਵਾ ਕਰਦੇ ਰਹੇ। ਅੰਤ ਉਨ੍ਹਾਂ ਨੂੰ ਪਰਮਪਦ ਪ੍ਰਾਪਤ ਹੋ ਗਿਆ।

**ਫਿਰਨਾ ਸੂਦ, ਭੋਲੂ, ਜੱਟੂ, ਭੱਟੂ, ਗੋਤ ਤਿਵਾੜੀ:-** ਫਿਰਨਾ ਸੂਦ ਅਤੇ ਭੋਲੂ, ਜੱਟੂ, ਭੱਟੂ, ਗੋਤ ਤਿਵਾੜੀ, ਜੋ ਪੰਡਤ ਸਨ, ਇਕੱਠੇ ਮਿਲਕੇ ਸ੍ਰੀ ਗੁਰੂ ਅਰਜਨ

ਦੇਵ ਜੀ ਦੇ ਦਰ ਤੇ ਆਏ। ਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਕਮਲਾਂ ਤੇ ਨਮਸਕਾਰ ਕੀਤੀ ਫਿਰ ਆਪਣੀ ਬੇਨਤੀ ਵਰਣਨ ਕੀਤੀ, ਹੇ ਗਰੀਬਾਂ ਨੂੰ ਨਿਵਾਜਣ ਵਾਲੇ ਮਹਾਨ ਗੁਰੂ ਜੀ ਅਸੀਂ ਗੰਗਾ ਇਸ਼ਨਾਨ ਲਈ ਗਏ ਸਾਂ ਉੱਥੇ ਪੰਡਤਾਂ ਦਾ ਸਮੂਹ ਮਿਲਿਆ ਉਨ੍ਹਾਂ ਸਾਰਿਆਂ ਵਿਚ ਇਸ ਤਰ੍ਹਾਂ ਦਾ ਪਰਸੰਗ ਚੱਲਿਆ ਉਹ ਕਹਿਣ ਲੱਗੇ ਪਹਿਲਾਂ ਬਹੁਤ ਅਵਤਾਰ,ਦੇਵਤੇ,ਸਿੱਧ ਪੁਰਸ਼ ਅਤੇ ਹੋਰ ਸ਼ਰਧਾਵਾਨ ਹਜਾਰਾਂ ਦੀ ਗਿਣਤੀ ਵਿਚ ਹੋਏ ਹਨ। ਇਨ੍ਹਾਂ ਸਾਰਿਆਂ ਨੇ ਕੋਈ ਨਾ ਕੋਈ ਗੁਰੂ ਧਾਰਨ ਕੀਤਾ ਹੈ। ਸੰਸਾਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਨ ਹੋਏ ਹਨ ਜਿਨ੍ਹਾਂ ਨੇ ਨਿਰਾਲਾ ਪੰਥ ਸਾਜਿਆ ਹੈ। ਉਨ੍ਹਾਂ ਦਾ ਗੁਰੂ ਕੌਣ ਹੋਇਆ ਹੈ ਜਿੱਥੋਂ ਉਨ੍ਹਾ ਨੇ ਉਪਦੇਸ ਲਿਆ ਹੈ ਉਸ ਬਾਰੇ ਦੱਸੋ। ਸਾਰੇ ਪੰਡਤਾਂ ਤੋਂ ਕੰਨਾਂ ਨਾਲ ਇਹ ਗੱਲ ਸੁਣਕੇ ਅਸੀਂ ਸਾਰੇ ਸਿੱਖਾਂ ਨੇ ਬਿਆਨ ਕੀਤਾ ਕਿ ਸਾਡੇ ਵਿਚੋਂ ਕਿਸੇ ਨੂੰ ਇਹ ਖਬਰ ਨਹੀਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਧਾਰਨ ਕੀਤਾ ਸੀ ਜਾਂ ਨਹੀਂ। ਹੁਣ ਉਸ ਗੁਰਗੱਦੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਹਨ ਜਿਨ੍ਹਾਂ ਨੇ ਜਿੱਥੇ ਕਿੱਥੇ ਸਿੱਖੀ ਨੂੰ ਅਬਾਦ ਕੀਤਾ ਹੈ। ਉਨ੍ਹਾਂ ਤੋਂ ਸੁੰਦਰ ਵਿਚਾਰ ਸੁਣ ਕੇ ਫੇਰ ਅਸੀਂ ਤੁਹਾਡੇ ਕੋਲ ਆ ਕੇ ਵਰਨਣ ਕਰਾਂਗੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮੁਖਾਰਬਿੰਦ ਤੋਂ ਸ੍ਰੇਸ਼ਟ ਬਚਨ ਉਚਾਰਨ ਕੀਤਾ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਪ੍ਰਮਾਤਮਾ ਹੈ ਜਿੱਥੇ ਦੇਵਤਿਆਂ ਅਤੇ ਮਨੁੱਖਾਂ ਦੀ ਪਹੁੰਚ ਨਹੀਂ ਸੋ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਨੂੰ ਕਿਵੇਂ ਸਮਝ ਸਕਦੇ ਹਨ। ਦੇਹਧਾਰੀ ਦਾ ਗੁਰੂ ਧਾਰਨਾ ਜੇ ਧਰਮ ਕਿਹਾ ਜਾਏ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਕੀਤਾ ਸੀ। ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਦੇ ਅੱਗੇ ਪੰਜ ਪੈਸੇ ਤੇ ਨਲੇਰ ਚੜ੍ਹਾ ਕੇ ਆਪਣਾ ਸੀਸ ਨਿਵਾਇਆ ਭਾਵ ਗੁਰਗੱਦੀ ਦਿੱਤੀ। ਇਹ ਸੁਣ ਕੇ ਉਨ੍ਹਾਂ ਸਿੱਖਾਂ ਨੇ ਫਿਰ ਸ਼ੰਕਾ ਕੀਤਾ। ਗੁਰੂ ਬਣ ਕੇ ਉਨ੍ਹਾਂ ਜੋ ਉਪਦੇਸ ਦਿੱਤਾ,ਗੁਰੂ ਸ਼ਬਦ ਦਾ ਅਰਥ 'ਗੁ' ਭਾਵ ਹਨ੍ਹੇਰੇ ਨੂੰ ਦੂਰ ਕਰਨਾ ਅਤੇ 'ਰੂ' ਦਾ ਅਰਥ ਪ੍ਰਕਾਸ਼ ਕਰਨਾ ਹੈ ਜਿਸਦੇ ਉਪਦੇਸ ਦੇਣ ਨਾਲ ਪ੍ਰਕਾਸ਼ ਹੋ ਜਾਂਦਾ ਹੈ ਸਾਰੇ ਲੋਕ ਉਸ ਨੂੰ ਗੁਰੂ ਕਹਿੰਦੇ ਹਨ। ਗੁਰੂ ਨਾਨਕ ਸਾਹਿਬ ਨੂੰ ਗਿਆਨ ਦਾ ਪ੍ਰਕਾਸ਼ ਆਪਣੇ ਆਪ ਸੁਤੇ ਸਿੱਧ ਸੀ ਜਿਨ੍ਹਾਂ ਕੋਲ ਜਨਮ ਤੋਂ ਹੀ ਇਹ ਵਡਿਆਈ ਸੀ। ਛੋਟੀ ਉਮਰ ਵਿਚ ਹੀ ਗੁਰੂ ਨਾਨਕ ਸਾਹਿਬ ਉਪਦੇਸ ਦੇਣ ਲੱਗ ਪਏ ਜਿਨ੍ਹਾਂ ਦੇ ਉਪਦੇਸ਼ਾਂ ਤੋਂ ਵੱਡੇ ਭਾਗਾਂ ਵਾਲੇ ਮਨੁਖਾਂ ਨੇ ਇੱਜਤ ਮਾਣ ਕਮਾਇਆ। ਇਸ ਤਰ੍ਹਾਂ ਜੇ ਉਹ ਇਉਂ ਪੁੱਛਣ ਤਾਂ ਅਸੀਂ ਕੀ ਕਹੀਏ ਇਸ ਦਾ ਉੱਤਰ ਵੀ ਤੁਹਾਡੇ ਕੋਲੋਂ ਲੈਣਾ ਚਾਹੁੰਦੇ ਹਾਂ। ਇਹ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਉਚਾਰਨ ਕੀਤਾ ਇਸ ਸਬੰਧੀ ਤੁਸੀਂ ਤਿੰਨਾ ਦਾ ਦ੍ਰਿਸ਼ਟਾਂਤ ਸੁਣੋ। ਜਦੋਂ ਪ੍ਰਮਾਤਮਾ ਨੇ ਸੰਸਾਰ ਸਿਰਜਣ ਲਈ ਓਅੰਕਾਰ ਕਹਿ ਕੇ ਤਾਕਤਵਰ ਮਾਇਆ ਪੈਦਾ ਕੀਤੀ ਤਦ ਜੋ ਤਿੰਨ ਸ੍ਰੇਸ਼ਟ ਦੇਵਤੇ ਬ੍ਰਹਮਾਂ,ਵਿਸ਼ਨੂੰ ਅਤੇ ਮਹੇਸ਼ ਪ੍ਰਗਟ ਹੋਏ ਦੱਸੋ ਇਨ੍ਹਾਂ ਤਿੰਨਾ ਦੇਵਤਿਆਂ ਦਾ ਗੁਰੂ ਕੌਣ

ਸੀ। ਤਿਵਾੜੀ ਨੇ ਸੁਣ ਕੇ ਉੱਤਰ ਦਿੱਤਾ ਬ੍ਰਹਮਾ ਤੇ ਸ਼ਿਵ ਦੋਨਾ ਨੇ ਇਕੱਠਿਆਂ ਜਾ ਕੇ ਖੁਸ਼ ਹੋ ਕੇ ਵਿਸ਼ਨੂੰ ਨੂੰ ਗੁਰੂ ਧਾਰਨ ਕੀਤਾ ਫਿਰ ਵਿਸ਼ਨੂੰ ਨੇ ਮਨ ਵਿਚ ਵਿਚਾਰ ਕੀਤਾ ਅਤੇ ਉਸ ਨੇ ਮਹਾਂਦੇਵ ਸ਼ਿਵ ਜੀ ਨੂੰ ਆਪਣਾ ਗੁਰੂ ਧਾਰਿਆ। ਇਸ ਤਰ੍ਹਾਂ ਸ਼ਿਵ ਜੀ ਵਿਸ਼ਨੂੰ ਦਾ ਧਿਆਨ ਧਰਦਾ ਹੈ ਅਤੇ ਵਿਸ਼ਨੂੰ ਸੁਖ ਮੰਨ ਕੇ ਸ਼ਿਵ ਨੂੰ ਧਾਰਨ ਕਰਦਾ ਹੈ। ਇਸ ਤਰ੍ਹਾਂ ਦੋਹਾਂ ਸਰੀਰਾਂ ਦੇ ਸਤੋਗੁਣ,ਤਮੋਗੁਣ ਰੰਗ ਉਲਟ ਹੋ ਗਏ। ਸ਼ਿਵ ਨੇ ਸਤੋਗੁਣ ਉੱਜਲ ਚਿੱਟਾ ਰੰਗ ਧਾਰਨ ਕੀਤਾ ਅਤੇ ਵਿਸ਼ਨੂੰ ਨੇ ਤਮੋਗੁਣ ਵਾਲਾ ਕਾਲਾ ਰੰਗ ਧਾਰਨ ਕੀਤਾ। ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ ਜਦ ਵਿਸ਼ਨੂੰ ਨੇ ਸ਼ਿਵ ਨੂੰ ਗੁਰੂ ਧਾਰਨ ਕੀਤਾ ਕੀ ਤਦ ਹੀ ਉਹ ਗਿਆਨ ਰੂਪ ਹੋਇਆ ਜਾਂ ਪਹਿਲਾਂ ਹੀ ਉਹ ਬੇਮਿਸਾਲ ਸੀ। ਤਿਵਾੜੀ ਨੇ ਕਿਹਾ ਪ੍ਰਭੂ ਭਗਵਾਨ ਵਿਸ਼ਨੂੰ ਜੀ ਪਹਿਲਾਂ ਹੀ ਗਿਆਨ ਦਾ ਖਜਾਨਾ ਸੀ ਜਗ ਦੀ ਮਰਿਆਦਾ ਚਲਾਉਣ ਕਰਕੇ ਹੀ ਵਿਸ਼ਨੂੰ ਨੇ ਸ਼ਿਵ ਨੂੰ ਆਪਣਾ ਗੁਰੂ ਧਾਰਨ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿਣ ਲੱਗੇ ਫਿਰ ਉਸੇ ਤਰ੍ਹਾਂ ਹੀ ਤੁਸੀਂ ਜਾਣ ਲਵੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੇ ਮਹਾਨ ਗੁਰੂ ਹੋਏ ਹਨ। ਉਹ ਪਹਿਲੋਂ ਹੀ ਸਵੈ ਪ੍ਰਕਾਸ਼ਮਾਨ ਹੋਏ ਹਨ। ਸਰੀਰਕ ਮਰਿਆਦਾ ਨਿਭਾਉਂਦੇ ਹੋਏ ਉਨ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਥਾਪ ਕੇ ਆਪ ਹੀ ਆਪਣੀ ਜੋਤ ਜਗਾਈ। ਇਸ ਲਈ ਗੁਰੂ ਵਿਚ ਵਿਸ਼ਵਾਸ ਰੱਖੋ ਅਤੇ ਸਿੱਖੀ ਧਰਮ ਅਨੁਸਾਰ ਆਪਣਾ ਜੀਵਨ ਨਿਰਵਾਹ ਕਰੋ। ਲੋਕ ਪ੍ਰਲੋਕ ਵਿਚ ਅਨੰਦ ਪ੍ਰਾਪਤ ਕਰੋ ਅਤੇ ਸਾਰੇ ਵੱਡੇ ਵਿਕਾਰਾਂ ਨੂੰ ਜਿੱਤ ਲਵੋ। ਗੁਰੂ ਜੀ ਦੇ ਬਚਨ ਸੁਣ ਕੇ ਉਹ ਖੁਸ਼ ਹੋ ਗਏ ਅਤੇ ਮਨਾ ਵਿਚੋਂ ਸਾਰੇ ਸ਼ੰਕਿਆਂ ਨੂੰ ਦੂਰ ਕਰ ਦਿੱਤਾ। ਉਹ ਗੁਰੂ ਜੀ ਦੀ ਸੇਵਾ ਕਰਦੇ ਰਹੇ ਅਤੇ ਹਿਰਦੇ ਵਿਚਲੀ ਦੁਖਦਾਈ ਅਗਿਆਨਤਾ ਦੂਰ ਕਰ ਲਈ।

**ਡੱਲਾ, ਭਗੀਰਥ, ਜਾਪੂ, ਨਿਵਲਾ:-** ਡੱਲਾ,ਭਗੀਰਥ,ਜਾਪੂ,ਨਿਵਲਾ ਆਪਸ ਵਿਚ ਮਿਲਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ ਅਤੇ ਗੁਰੂ ਜੀ ਦੇ ਚਰਨਾ ਤੇ ਸੀਸ ਨਿਵਾਇਆ ਫਿਰ ਗੁਰੂ ਜੀ ਦੇ ਅੱਗੇ ਬੇਨਤੀ ਕੀਤੀ, "ਗੁਰੂ ਜੀ ਸਾਡੇ ਮਨ ਦਾ ਸ਼ੰਕਾ ਦੂਰ ਕਰ ਦਿਉ ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਅਵਤਾਰ ਹਨ ਜੋ ਪ੍ਰਮਾਤਮਾ ਨੇ ਭਗਤ ਸਰੂਪ ਨੂੰ ਧਾਰਨ ਕੀਤਾ ਉਨ੍ਹਾਂ ਨੇ ਕਿਸ ਦੀ ਭਗਤੀ ਸ੍ਰੇਸ਼ਟ ਦੱਸੀ ਹੈ। ਨਿਰਗੁਣ ਦੀ ਜਾਂ ਸਰਗੁਣ ਦੀ ਮਹਿਮਾ ਗਾਈ ਹੈ ਉਨ੍ਹਾਂ ਨੇ ਕਿਸ ਵਿਚ ਆਪਣਾ ਨਿਸ਼ਚਾ ਪ੍ਰਗਟ ਕੀਤਾ ਹੈ।" ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੇਸ਼ਟ ਮੱਤ ਉਚਾਰਨ ਕੀਤੀ ਇਸ ਤਰ੍ਹਾਂ ਦਾ ਸ਼ੰਕਾ ਉਠਾਉਣਾ ਫਜ਼ੂਲ ਹੈ। ਨਿਰਗੁਣ ਅਤੇ ਸਰਗੁਣ ਤਾਂ ਹੀ ਵੱਖ ਵੱਖ ਦੋ ਗੁਣ ਕਹੀਏ ਜੇਕਰ ਇਨ੍ਹਾਂ ਵਿਚ ਕੋਈ ਭੇਦ ਪ੍ਰਾਪਤ ਕਰੀਏ।

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ (ਆਦਿ ੨੯੦)*

ਪ੍ਰਮਾਤਮਾ ਤ੍ਰਿਗੁਣੀ ਮਾਇਆ (ਸਰਗੁਣ) ਦਾ ਰੂਪ ਭੀ ਆਪ ਹੈ ਅਤੇ ਮਾਇਆ ਦੇ ਤਿੰਨਾ ਗੁਣਾਂ ਤੋਂ ਪਰੇ (ਨਿਰਗੁਣ) ਭੀ ਆਪ ਹੀ ਹੈ, ਅਫੁਰ ਸੰਕਲਪ ਰਹਿਤ ਅਵਸਥਾ ਵਿਚ ਟਿਕਿਆ ਹੋਇਆ ਭੀ ਆਪ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਸਾਰਾ ਸੰਸਾਰ ਪ੍ਰਮਾਤਮਾ ਨੇ ਆਪ ਹੀ ਰਚਿਆ ਹੈ ਅਤੇ ਆਪ ਹੀ ਆਪਣਾ ਜਾਪ ਕਰਵਾਉਂਦਾ ਹੈ। ਪ੍ਰਮਾਤਮਾ ਆਪਣੀ ਇੱਛਾ ਕਰਕੇ ਆਪਣਾ ਸਰਗੁਣ ਸਰੂਪ ਧਾਰ ਕੇ ਸੰਸਾਰ ਦੀ ਸਾਰੀ ਮਰਿਆਦਾ ਕਾਇਮ ਕਰਦਾ ਹੈ। ਸਾਰੇ ਜੀਵਾਂ ਦੀ ਪਾਲਣਾ ਦਾ ਅਧਾਰ ਬਣਾ ਕੇ ਜੀਵਨ ਦਿੰਦਾ ਹੈ। ਅਵਤਾਰਾਂ ਦਾ ਰੂਪ ਧਾਰਨ ਕਰਕੇ ਦੁਸ਼ਟਾਂ ਦਾ ਨਾਸ਼ ਕਰਦਾ ਹੈ ਅਤੇ ਸੰਤਾਂ ਨੂੰ ਸੁਖ ਦੇਣ ਲਈ ਉਨ੍ਹਾਂ ਦੇ ਹਿਰਦੇ ਗਿਆਨ ਨਾਲ ਪ੍ਰਕਾਸ਼ਦਾ ਹੈ। ਫੇਰ ਉਹ ਜਦ ਇੱਛਾ ਰਹਿਤ ਹੋ ਜਾਂਦਾ ਹੈ ਤਦ ਉਹ ਆਪਣਾ ਅਕਾਰ ਮਿਟਾ ਕੇ ਨਿਰਗੁਣ ਬਣ ਜਾਂਦਾ ਹੈ ਜਿਵੇਂ ਇੱਕ ਰਾਜਾ ਹੋਵੇ ਜਦੋਂ ਉਸਦਾ ਵਿਚਾਰ ਹੁੰਦਾ ਹੈ ਤਾਂ ਉਹ ਆਪਣੀ ਇੱਛਾ ਧਾਰ ਕੇ ਬਸਤਰ ਅਤੇ ਹਥਿਆਰ ਆਦਿ ਸਰੀਰ ਤੇ ਪਹਿਨ ਕੇ ਆਪਣੀ ਖੁਸ਼ੀ ਦੇ ਨਾਲ ਦਰਬਾਰ ਵਿਚ ਬੈਠਦਾ ਹੈ। ਜਦੋਂ ਆਪਣੀ ਇੱਛਾ ਦਾ ਤਿਆਗ ਕਰ ਦਿੰਦਾ ਹੈ ਤਾਂ ਸ਼ਸਤਰ ਤੇ ਬਸਤਰ ਸਰੀਰ ਤੋਂ ਲਾਹ ਕੇ ਆਪਣੀ ਸੇਜ ਤੇ ਸੌਂ ਜਾਂਦਾ ਹੈ ਤਾਂ ਉਸ ਨੂੰ ਅੱਖਾਂ ਦੇਖ ਨਹੀਂ ਸਕਦੀਆਂ। ਜੇਕਰ ਕੋਈ ਰਾਜੇ ਕੋਲ ਪੁਕਾਰ ਕਰਦਾ ਹੈ ਉਸਦਾ ਨਾਮ ਲੈ ਕੇ ਬਹੁਤ ਵਡਿਆਈ ਉਚਾਰਨ ਕਰਦਾ ਹੈ। ਰਾਜਾ ਜੋ ਸਭਾ ਵਿਚ ਬੈਠਾ ਹੈ ਜਾਂ ਅੰਦਰ ਮਹਿਲਾਂ ਵਿਚ ਬੈਠਾ ਹੈ ਆਪਣੀ ਵਡਿਆਈ ਦੀ ਪੁਕਾਰ ਲਗਾਤਾਰ ਸੁਣਦਾ ਹੈ ਤਦ ਉਹ ਦੋਨੋਂ ਜਗ੍ਹਾ (ਸਭਾ ਤੇ ਮਹਿਲ) ਤੇ ਬਿਰਾਜਮਾਨ ਹੋਇਆ ਉਸ ਦੀ ਸਹਾਇਤਾ ਕਰਦਾ ਹੈ ਅਤੇ ਉਸ ਦੇ ਸਾਰੇ ਦੁਖ ਦੂਰ ਕਰ ਦਿੰਦਾ ਹੈ। ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸ੍ਰੇਸ਼ਟ ਮਾਰਗ ਦੱਸਿਆ ਹੈ। ਪ੍ਰਮਾਤਮਾ ਦੇ ਨਾਮ ਦਾ ਸਿਮਰਨ ਦੋਨੋਂ (ਲੋਕ ਪ੍ਰਲੋਕ)ਪਾਸੇ ਚੰਗਾ ਹੈ। ਜੇਕਰ ਉਹ ਪ੍ਰਮਾਤਮਾ ਆਪਣਾ ਸਰਗੁਣ ਰੂਪ ਵਾਲਾ ਨਾਮ ਸੁਣਦਾ ਹੈ ਤਾਂ ਸਹਾਈ ਹੋ ਕੇ ਦੁਖਾਂ ਦਾ ਨਾਸ ਕਰਦਾ ਹੈ। ਜਾਣੋ ਜਦ ਮਨੁੱਖ ਸਤਿਨਾਮ ਦਾ ਜਾਪ ਕਰਦੇ ਹਨ ਤਾਂ ਉਨ੍ਹਾਂ ਨੂੰ ਨਿਰਗੁਣ(ਪ੍ਰਮਾਤਮਾ) ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

**ਦੋਹਰਾ:** ***ਨਿਰਗੁਣ ਸਰਗੁਣ ਉਪਾਸ਼ਨਾ ਦੁਐ ਤੇ ਜਾਨਿ ਮਹਾਨ॥***
***ਨਿਸ ਦਿਨ ਕਰਨਿ ਉਪਾਸ਼ਨਾ ਸਤਿਨਾਮੁ ਕੀ ਮਾਨਿ॥***

ਸਰਗੁਣ ਨਿਰਗੁਣ ਦੋਨਾ ਦੀ ਉਪਾਸ਼ਨਾ ਨਾਲੋਂ ਸਤਿਨਾਮੁ ਦੀ ਭਗਤੀ ਕਰਨੀ ਸ੍ਰੇਸ਼ਟ ਜਾਣੋ ਤੇ ਮੰਨੋ। ਸੁਣ ਕੇ ਸਿੱਖਾਂ ਨੇ ਗੁਰੂ ਜੀ ਦਾ ਉਪਦੇਸ਼ ਕਮਾਇਆ ਅਤੇ ਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ ਸੁਖ ਪ੍ਰਾਪਤ ਕੀਤਾ। ਉਹ ਇੱਕ ਮਨ ਚਿੱਤ ਹੋ ਕੇ ਕਥਾ-ਕੀਰਤਨ ਸੁਣਦੇ ਅਤੇ ਜਦੋਂ ਇਕਾਂਤ ਵਿਚ ਹੁੰਦੇ ਤਾਂ ਹਰਿ ਹਰਿ ਜਪਦੇ। ਉਹ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਰਹੇ ਅਤੇ ਅਖੀਰ ਸਮੇਂ ਉਨ੍ਹਾਂ ਨੇ ਸ੍ਰੇਸ਼ਟ ਪਦਵੀ ਨੂੰ ਪ੍ਰਾਪਤ ਕੀਤਾ। ਸਤਿਗੁਰੂ ਜੀ ਦੀ ਸੇਵਾ ਸਾਰੇ ਸੁਖਾਂ ਦੀ ਦਾਤੀ ਹੈ ਪਰੰਤੂ ਜਿਨ੍ਹਾਂ ਦੇ ਵੱਡੇ ਭਾਗ ਹਨ ਉਹੀ ਕਮਾਉਂਦੇ ਹਨ।

**ਮੂਲਾ, ਸੂਜਾ ਜਾਤ ਧਾਵਣ, ਚੰਦੂ ਜਾਤ ਚੋਝੜ, ਰਾਮਦਾਸ, ਬਾਲਾ ਅਤੇ ਸਾਈਂ ਦਾਸ ਜਾਤ ਭੰਡਾਰੀਆ:-** ਮੂਲਾ, ਸੂਜਾ ਜਾਤ ਧਾਵਣ, ਚੰਦੂ ਜਾਤ ਚੋਝੜ, ਰਾਮਦਾਸ, ਬਾਲਾ ਅਤੇ ਸਾਈਂ ਦਾਸ ਜਾਤ ਭੰਡਾਰੀਆ ਇਹ ਛੇ ਜਣੇ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਏ ਚਰਨਾ ਤੇ ਨਮਸਕਾਰ ਕਰਕੇ ਬੇਨਤੀ ਕੀਤੀ, "ਗਰੀਬਾਂ ਨੂੰ ਨਿਵਾਜਣ ਵਾਲੇ ਗੁਰੂ ਜੀ ਸਭ ਜਾਣਦੇ ਹਨ ਕਿ ਮਨੁੱਖ ਜੋ ਦੋ ਪ੍ਰਕਾਰ ਦੇ ਕਰਮ (ਪਾਪ ਤੇ ਪੁੰਨ) ਕਰਦਾ ਹੈ ਧਰਮਰਾਜ ਦੇ ਕੋਲ ਹਰ ਇਕ ਦੇ ਪਾਪ-ਪੁੰਨ ਦਾ ਲੇਖਾ ਹੁੰਦਾ ਹੈ। ਕੀ ਦੋਨਾ ਦੇ ਫਲ ਅਲੱਗ ਅਲੱਗ ਹਨ। ਜਾਂ ਪਾਪ-ਪੁੰਨ ਦਾ ਹਿਸਾਬ ਕਰਕੇ ਬਾਕੀ ਰਹੇ ਦਾ ਫਲ ਦਿੰਦੇ ਹਨ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਬਚਨ ਕਹੇ, "ਚਾਰ ਪ੍ਰਕਾਰ ਦੇ ਸਿੱਖ ਜਾਣੋ। ਇਕ ਕਾਮਨਾ-ਸਹਿਤ ਕਰਮ ਨੂੰ ਕਰਨ ਵਾਲੇ ਹਨ,ਦੂਜੇ ਕਾਮਨਾ-ਰਹਿਤ ਹੋ ਕੇ ਕਰਮ ਨੂੰ ਧਾਰਨ ਕਰਨ ਵਾਲੇ ਹਨ, ਤੀਸਰੇ ਉਨ੍ਹਾਂ ਨੂੰ ਜਾਣੋ ਜੋ ਭਗਤੀ ਕਰਦੇ ਹਨ,ਚੌਥੇ ਬ੍ਰਹਮ ਗਿਆਨੀ ਸਿੱਖ ਜਾਣੋ। ਤੁਸੀਂ ਚਾਰਾਂ ਵਿਚੋਂ ਕਿਸ ਬਾਰੇ ਪੁੱਛਦੇ ਹੋ। ਜਿਹੀ ਉਸ ਦੀ ਅਵਸਥਾ ਹੈ ਉਹ ਸੁਣਾਈ ਜਾਵੇ।" ਸੁਣ ਕੇ ਸਿਖਾਂ ਨੇ ਕਿਹਾ ਕਿ ਇੰਨ੍ਹਾਂ ਚਾਰਾਂ ਦਾ ਜਿਵੇਂ ਬਿਰਤਾਂਤ ਹੈ, ਉਸੇ ਤਰ੍ਹਾਂ ਦੱਸੋ। ਗੁਰੂ ਜੀ ਉਸੇ ਸਮੇਂ ਕਹਿਣ ਲੱਗੇ ਕਿ ਜਿਵੇਂ ਇੱਕ ਵੱਡਾ ਰਾਜਾ ਹੁੰਦਾ ਹੈ ਉਸ ਦੀ ਚਾਰ ਪ੍ਰਕਾਰ ਦੀ ਪਰਜਾ ਹੁੰਦੀ ਹੈ। ਇਕ ਤਾਂ ਬਹੁਤ ਖੇਤੀ ਕਰਦੇ ਹਨ। ਰਾਜੇ ਦੇ ਆਦਮੀ ਉਨ੍ਹਾਂ ਉਪਰ ਰਹਿੰਦੇ ਹਨ ਭਾਵ ਉਹ ਨਿਗਰਾਨੀ ਕਰਦੇ ਹਨ, ਜਿਹੜਾ ਉਨ੍ਹਾਂ ਤੋਂ ਅਨਾਜ ਲੈਂਦੇ ਹਨ ਦੀ ਵੰਡਾਈ ਕਰਦੇ ਹਨ। ਅਨਾਜ ਨੂੰ ਸਦਾ ਉਗਰਾਹੁਣ ਵਾਲਾ ਹੀ ਵੰਡਦਾ ਹੈ ਅਤੇ ਜੇ ਕੋਈ ਅਗਿਆਨੀ ਬੇਈਮਾਨੀ ਕਰੇ ਤਾਂ ਉਸ ਨੂੰ ਸਜਾ ਦਿੰਦਾ ਹੈ ਅਤੇ ਚੌਕਸੀ ਰੱਖਦਾ ਹੈ। ਜੋ ਅਨਾਜ ਹੁੰਦਾ ਹੈ ਸਭ ਵੰਡ ਲੈਂਦਾ ਹੈ।

ਦੂਜੇ ਜੋ ਪਟਾ (ਅਧਿਕਾਰ ਪੱਤਰ) ਲਿਖਾ ਕੇ ਫਸਲ ਦਾ ਹਿਸਾਬ ਚੁਕਾਉਂਦੇ ਹਨ ਉਨ੍ਹਾਂ ਕੋਲ ਛੇ ਮਹੀਨੇ ਵਿਚ ਰਾਜੇ ਦੇ ਆਦਮੀ ਜਾਂਦੇ ਹਨ ਜੋ ਕਰਾਰ ਕੀਤਾ ਹੁੰਦਾ ਹੈ ਉਸ ਅਨੁਸਾਰ ਉਨ੍ਹਾਂ ਨੂੰ ਕੀਮਤ ਦੇ ਦਿੰਦੇ ਹਨ। ਉਹ ਹੋਰ ਕਿਸੇ ਪ੍ਰਕਾਰ ਦੀ ਕੋਈ ਚਿੰਤਾ ਚਿਤ ਵਿਚ ਨਹੀ ਰੱਖਦੇ।

ਤੀਜੇ ਮਨੁੱਖ ਤੋਹਫੇ ਭੇਟ ਕਰਨ ਵਾਲੇ ਜਾਣੋ ਉਹ ਰਾਜੇ ਦੀ ਸੀਮਾ ਉੱਤੇ ਨਿਵਾਸ ਰੱਖਦੇ ਹਨ। ਘੋੜੇ ਅਤੇ ਬਾਜ ਆਦਿ ਤੋਹਫੇ ਰਾਜੇ ਨੂੰ ਹਮੇਸਾ ਖੁਸ਼ ਹੋ ਕੇ ਭੇਜਦੇ ਹਨ। ਉਹ ਬਹੁਤ ਸਾਰੇ ਪਿੰਡਾਂ ਤੇ ਰਾਜ ਕਰਦੇ ਹਨ ਅਤੇ ਧਨ ਲੈ ਕੇ ਸਾਰੇ ਸੁਖ ਭੋਗਦੇ ਹਨ। ਚੌਥੇ ਕਿੰਨੇ ਹੀ ਮਨੁੱਖ ਬਖਸ਼ੇ ਹੋਏ ਹੁੰਦੇ ਹਨ ਉਹ ਆਪਣਾ ਰਾਜ

ਕਰਦੇ ਹਨ। ਜਿੱਥੇ ਰਾਜਾ ਜਾਂਦਾ ਹੈ ਉਹ ਸਵਾਰ ਹੋ ਕੇ ਰਾਜੇ ਦੇ ਨਾਲ ਜਾਂਦੇ ਹਨ ਅਤੇ ਸਾਰਿਆਂ ਉੱਤੇ ਆਪਣਾ ਹੁਕਮ ਚਲਾਉਂਦੇ ਹਨ। ਉਹ ਖਾਣਾ ਦਾਣਾ ਜੋ ਵੀ ਹੋਵੇ ਰਾਜੇ ਤੋਂ ਲੈਂਦੇ ਹਨ। ਇਸੇ ਤਰ੍ਹਾਂ ਪ੍ਰਮਾਤਮਾ ਦੀ ਪਰਜਾ ਵੀ ਚਾਰ ਪ੍ਰਕਾਰ ਦੀ ਜਾਣੋ। ਇੱਕ ਕਾਮਨਾ ਸਹਿਤ ਬਿਰਤੀ ਧਾਰ ਕੇ ਕਾਮ ਕ੍ਰੋਧ ਅਤੇ ਝੂਠ ਨੂੰ ਲੱਗੇ ਰਹਿੰਦੇ ਹਨ। ਕਦੇ ਵੀ ਪ੍ਰੇਮ ਸਹਿਤ ਪ੍ਰਭੂ ਦੇ ਰਸ ਵਿਚ ਮਗਨ ਨਹੀਂ ਹੁੰਦੇ। ਫਲਾਣੇ ਫਲ ਦੀ ਪ੍ਰਾਪਤੀ ਹੋਵੇ ਅਜਿਹੀ ਕਾਮਨਾ ਧਾਰ ਕੇ ਉਹ ਜਿਹੜੇ ਤੀਰਥ ਦਾਨ ਅਤੇ ਵਰਤ ਆਦਿ ਕਰਦੇ ਹਨ ਉਨ੍ਹਾਂ ਨੂੰ ਧਰਮ ਰਾਜ ਦਾ ਡੰਡ (ਸਜਾ) ਅਤੇ ਨਰਕ ਦੀਆਂ ਵੱਡੀਆਂ ਸਜਾਵਾਂ ਮਿਲਦੀਆਂ ਹਨ। ਪੁੰਨ ਅਤੇ ਪਾਪ ਦੇ ਫਲ ਅਲੱਗ ਅਲੱਗ ਭੋਗਦੇ ਹਨ। ਉਹ ਵਿਚਾਰੇ ਕਦੀ ਸੁਖ ਅਤੇ ਕਦੀ ਦੁਖ ਪ੍ਰਾਪਤ ਕਰਦੇ ਹਨ। ਇੱਕ ਦੂਜੇ ਮਨੁੱਖ ਕਾਮਨਾ ਰਹਿਤ ਹੋ ਕੇ ਸ੍ਰੇਸ਼ਟ ਕਰਮ ਕਰਦੇ ਹਨ। ਪ੍ਰਸੰਨਤਾ ਨਾਲ ਧਰਮ ਕਮਾਉਂਦੇ ਹਨ। ਜੇਕਰ ਇਨ੍ਹਾਂ ਤੋਂ ਅਚਾਨਕ ਪਾਪ ਹੋ ਜਾਵੇ ਤਾਂ ਉਸਦਾ ਹਿਸਾਬ ਕਿਤਾਬ ਇੱਕ ਥਾਂ ਕਰਦੇ ਹਨ। ਪਾਪ ਦਾ ਹਿਸਾਬ ਕਰਕੇ ਜੋ ਪੁੰਨ ਬਾਕੀ ਬਚਦੇ ਹਨ ਉਨ੍ਹਾਂ ਨੂੰ ਮਾਣ ਕੇ ਬਹੁਤ ਅਨੰਦਿਤ ਹੁੰਦੇ ਹਨ। ਜੇ ਉਸ ਦੇ ਪਾਪ ਜ਼ਿਆਦਾ ਹੋਣ ਤਾਂ ਪੁੰਨ ਅਤੇ ਪਾਪ ਦੇ ਹਿਸਾਬ ਕਿਤਾਬ ਨਾਲ ਦੁੱਖਾਂ ਨੂੰ ਦੇਖਦੇ ਹਨ। ਜੇਕਰ ਉਨ੍ਹਾਂ ਦੇ ਪੁੰਨ ਬਲਵਾਨ ਹੋਣ ਤਾਂ ਪਾਪ ਕਮਜੋਰ ਹੋ ਜਾਂਦੇ ਹਨ ਉਨ੍ਹਾਂ ਮਨੁੱਖਾਂ ਨੂੰ ਐਸਾ ਸਮਝੋ। ਤੀਸਰੇ ਜਿਹੜੇ ਭਗਤੀ ਕਰਨ ਵਾਲੇ ਹੁੰਦੇ ਹਨ ਉਨ੍ਹਾਂ ਦਾ ਮਨ ਭਗਤੀ ਵਿਚ ਲੱਗਾ ਹੁੰਦਾ ਹੈ ਜਾਣੋ ਉਹ ਮਨ ਵਿਚ ਪਾਪ ਨਹੀਂ ਧਾਰਦੇ। ਜੇਕਰ ਕਿਸੇ ਵੇਲੇ ਅਣਜਾਣੇ ਵਿਚ ਪਾਪ ਹੋ ਜਾਵੇ ਤਾਂ ਪ੍ਰੇਮ ਸਹਿਤ ਖੁਸ਼ੀ ਨਾਲ ਸ਼ੁਭ ਕਰਮ ਕਰਦੇ ਹਨ। ਪਾਪ ਦਾ ਹਿਸਾਬ ਕਿਤਾਬ ਕਰਕੇ ਸਦਾ ਸੁਖ ਪਾਉਂਦੇ ਹਨ। ਪ੍ਰਮਾਤਮਾ ਦੇ ਨੇੜੇ ਰਹਿੰਦੇ ਹਨ ਅਤੇ ਜਨਮ ਮਰਨ ਦੇ ਚੱਕਰ ਨੂੰ ਦੂਰ ਕਰ ਲੈਂਦੇ ਹਨ। ਕਿਸਮਤ ਵਸ ਜੋ ਜਨਮ ਲੈਂਦਾ ਹੈ ਉਹ ਪ੍ਰਭੂ ਦੀ ਭਗਤੀ ਕਰਦਾ ਹੋਇਆ ਮਨ ਵਿਚ ਗਿਆਨਵਾਨ ਹੋ ਜਾਂਦਾ ਹੈ। ਜਨਮ ਮਰਨ ਦੇ ਬੰਧਨ ਖਤਮ ਕਰ ਲੈਂਦਾ ਹੈ। ਤੱਤ ਗਿਆਨ ਨੂੰ ਜਾਣ ਕੇ ਉਸ ਨੂੰ ਮੁਕਤ ਪਦ ਮਿਲ ਜਾਂਦਾ ਹੈ। ਇੱਕ ਜੋ ਕਾਮਨਾ ਸਹਿਤ ਭਗਤ ਹੁੰਦੇ ਹਨ ਉਹ ਸਰੀਰ ਛੱਡ ਕੇ ਸਵਰਗ ਭੋਗਦੇ ਹਨ ਫੇਰ ਉਹ ਧਨਵਾਨ ਮਨੁੱਖ ਦੇ ਘਰ ਜਨਮ ਲੈਂਦੇ ਹਨ। ਜੇਕਰ ਉਹ ਸਤਿਸੰਗਤ ਵਿਚ ਮਿਲ ਜਾਣ ਤਾਂ ਜਨਮ ਸੁਧਾਰ ਲੈਂਦੇ ਹਨ। ਫਿਰ ਉਹ ਮੁਕਤੀ ਪ੍ਰਾਪਤ ਕਰਕੇ ਸਭ ਬੰਧਨਾ ਨੂੰ ਤਿਆਗ ਦਿੰਦੇ ਹਨ। ਇੱਕ ਕਾਮਨਾ ਰਹਿਤ ਹੋ ਕੇ ਪ੍ਰੇਮਾ ਭਗਤੀ ਕਰਦੇ ਹਨ। ਜਿਹੜੇ ਕਿਸਮਤ ਵਸ ਜਨਮ ਧਾਰਦੇ ਹਨ ਤੇ ਸੰਤਾਂ ਦੇ ਘਰ ਵਿਚ ਜਨਮ ਲੈਂਦੇ ਹਨ। ਭਗਤੀ ਕਰਕੇ ਉਹ ਆਤਮਿਕ ਗਿਆਨ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਫੇਰ ਮੁਕਤੀ ਪ੍ਰਾਪਤ ਹੁੰਦੀ ਹੈ ਜਿਵੇਂ ਕੋਈ ਘੋੜੇ ਜਾਂ ਬਾਜ ਆਦਿ ਤੋਹਫੇ ਰਾਜੇ ਨੂੰ ਭੇਜ ਦਿੰਦਾ ਹੈ ਤੇ ਫਿਰ ਖੁਸ਼ ਰਹਿੰਦਾ ਹੈ। ਇਸੇ ਤਰ੍ਹਾਂ ਜਿਹੜੇ ਗਿਆਨੀ ਮਨੁੱਖ ਜੋ ਜਗਤ ਨੂੰ ਝੂਠ ਜਾਣਦੇ ਹਨ ਉਹ ਭਜਨ ਬੰਦਗੀ ਕਰਦੇ ਹੋਏ ਸੁਖੀ

ਰਹਿੰਦੇ ਹਨ। ਉਹ ਸਰੀਰ ਅਤੇ ਕਰਮਾਂ ਆਦਿ ਸਭ ਨੂੰ ਝੂਠ ਜਾਣਦੇ ਹਨ। ਉਹ ਕਦੇ ਵੀ ਹਉਮੈ ਅਤੇ ਮੋਹ ਧਾਰਨ ਨਹੀਂ ਕਰਦੇ ਜਿਵੇਂ ਸੂਰਜ ਦੇ ਕੋਲ ਹਨ੍ਹੇਰਾ ਨਹੀਂ ਜਾਂਦਾ ਇਸੇ ਤਰ੍ਹਾਂ ਕਰਮ ਉਨ੍ਹਾਂ ਨੂੰ ਲਿਬੇੜਦੇ ਨਹੀਂ। ਉਹ ਜੀਵਨ ਮੁਕਤ ਹੋ ਕੇ ਬਹੁਤ ਅਨੰਦ ਮਾਣਦੇ ਹਨ। ਉਨ੍ਹਾਂ ਦੇ ਮਨ ਤੇ ਤਨ ਨੂੰ ਕਲਹ-ਕਲੇਸ ਕਦੀ ਵੀ ਅਸਰ ਨਹੀਂ ਕਰਦਾ। ਸਿੱਖਾਂ ਨੇ ਪੁਛਿਆ ਉਨ੍ਹਾਂ ਦੇ ਕਰਮ ਸ੍ਰੇਸ਼ਟ ਹਨ ਤਾਂ ਭੋਗਣ ਤੋਂ ਬਿਨਾ ਉਨ੍ਹਾਂ ਦੇ ਕਰਮਾਂ ਦਾ ਖਾਤਮਾ ਕਿਵੇਂ ਹੁੰਦਾ ਹੈ। ਗੁਰੂ ਜੀ ਨੇ ਕਿਹਾ ਸੇਵਕ ਜਨ ਪੁੰਨ ਪ੍ਰਾਪਤ ਕਰਦੇ ਹਨ ਅਤੇ ਜੋ ਦੁਖਾਂ ਨੂੰ ਪੈਦਾ ਕਰਨ ਵਾਲੇ ਨਿੰਦਕ ਹਨ ਪਾਪ ਖਟਦੇ ਹਨ। ਬ੍ਰਹਮਗਿਆਨੀ ਸਦਾ ਨਿਰਲੇਪ ਰਹਿੰਦੇ ਹਨ। ਉਨ੍ਹਾਂ ਨੂੰ ਕਰਮਾਂ ਦਾ ਫਲ ਭੋਗਣਾ ਨਹੀਂ ਪੈਂਦਾ। ਇਸ ਤਰ੍ਹਾਂ ਗੁਰੂ ਜੀ ਦੇ ਬਚਨ ਸੁਣ ਕੇ ਸਿੱਖਾਂ ਨੇ ਮਨ ਵਿਚ ਸ਼ਾਂਤੀ ਪ੍ਰਾਪਤ ਕੀਤੀ।

**ਵਿਸ਼ਨੂੰ, ਗੋਤ ਬੀਬੜਾ ਅਤੇ ਸੁੰਦਰ, ਗੋਤ ਮਾਛੀ:-** ਵਿਸ਼ਨੂੰ, ਗੋਤ ਬੀਬੜਾ ਅਤੇ ਸੁੰਦਰ ਗੋਤ ਮਾਛੀ ਦੋਵੇਂ ਮਿਲਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ ਅਤੇ ਨਿਮਰ ਹੋ ਕੇ ਚਰਨਾਂ ਨੂੰ ਲਿਪਟ ਗਏ ਅਤੇ ਮੱਥਾ ਟੇਕਿਆ। ਉਨ੍ਹਾਂ ਨੇ ਬੇਨਤੀ ਕੀਤੀ ਗੁਰੂ ਜੀ ਨੇ ਬਚਨ ਕੀਤਾ ਮਨੋ ਨਿਮਰ ਹੋ ਕੇ ਸੇਵਾ ਕਰੋ। ਭਾਈ ਸੁੰਦਰ ਮਾਛੀ, ਜੰਗਲ ਤੋਂ ਲੱਕੜਾਂ ਲਿਆਉਂਦਾ ਅਤੇ ਲੰਗਰ ਦੇ ਸਥਾਨ ਤੇ ਪਾਣੀ ਭਰ ਕੇ ਲਿਆਉਂਦਾ। ਭਾਈ ਵਿਸ਼ਨੂੰਬੀਬੜਾ, ਪਹਿਰ ਰਾਤ ਰਹਿੰਦੀ ਜਾਗਦਾ ਇਸ਼ਨਾਨ ਕਰਕੇ ਸਿੱਖਾਂ ਦੀ ਸੇਵਾ ਵਿਚ ਲੱਗ ਜਾਂਦਾ। ਸਰਦੀਆਂ ਵਿਚ ਗਰਮ ਪਾਣੀ ਨਾਲ ਸਿੱਖਾਂ ਨੂੰ ਇਸ਼ਨਾਨ ਕਰਵਾਉਂਦਾ ਅਤੇ ਉਨ੍ਹਾਂ ਦੇ ਚਰਨਾ ਦੀ ਸੇਵਾ ਕਰਦਾ। ਉਨ੍ਹਾਂ ਨੇ ਗੁਰੂ ਜੀ ਦੇ ਉਪਦੇਸ ਨੂੰ ਮਨ ਲਗਾ ਕੇ ਸੁਣਿਆ ਅਤੇ ਸਾਰਿਆਂ ਦੀ ਸੇਵਾ ਕਰਨ ਵਿਚ ਲੱਗੇ ਰਹੇ। ਅੰਤ ਸਮੇਂ ਉਨ੍ਹਾਂ ਨੂੰ ਮੁਕਤੀ ਮਿਲ ਗਈ ਅਤੇ ਜਨਮ ਮਰਨ ਦੇ ਬੰਧਨ ਕੱਟੇ ਗਏ।

**ਜੱਟੂ, ਭਾਨੂੰ, ਨਿਹਾਲੂ ਅਤੇ ਤੀਰਥਾ ਗੋਤ ਚੱਢਾ:-** ਜੱਟੂ,ਭਾਨੂੰ,ਨਿਹਾਲੂ ਅਤੇ ਤੀਰਥਾ ਗੋਤ ਚੱਢਾ ਇਹ ਚਾਰੇ ਮਿਲਕੇ ਗੁਰੂ ਜੀ ਦੇ ਦਰਬਾਰ ਵਿਚ ਚੱਲ ਕੇ ਆਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਨਮਸਕਾਰ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਸਤਿਗੁਰੂ ਜੀਉ ਤੁਹਾਡੇ ਸ਼ੁਭ ਬਚਨ ਹਨ :-

*ਸ੍ਰੀ ਸਤਿਗੁਰ ਸ਼ੁਭ ਬਚਨ ਤੁਹਾਰੇ। ਬਹੁ ਬਿਧਿ ਕੇ ਹਮ ਅਰਥ ਬੀਚਾਰੇ॥*
*ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥ ਆਦਿ ੨੮੧*

ਆਪ ਜੀ ਦੇ ਬਚਨ ਅਸੀਂ ਬਹੁਤ ਤਰੀਕਿਆਂ ਨਾਲ ਵਿਚਾਰੇ ਹਨ ਪਰਮਾਤਮਾ ਆਪਣੇ ਆਪ ਹੀ ਸਭ ਕੁਝ ਕਰਦਾ ਅਤੇ ਕਰਾਉਂਦਾ ਹੈ ਮਨੁੱਖ ਦੇ ਹੱਥ ਵਿਚ ਕੁਝ ਨਹੀਂ।

***ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥***
***ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥ ਆਦਿ ੭੦੬***

ਇਨ੍ਹਾਂ ਬਚਨਾ ਦੇ ਅਰਥਾਂ ਨੂੰ ਵੀਚਾਰਿਆ ਹੈ ਇਹ ਸਰੀਰ ਮਾਨੋਂ ਕਰਮਾਂ ਦੀ ਖੇਤੀ ਹੈ ਜਿਹੋ ਜਿਹਾ ਕੋਈ ਬੀਜਦਾ ਹੈ ਉਹੀ ਵੱਢਦਾ ਹੈ। ਜੋ ਮਨੁੱਖ ਪ੍ਰਭੂ ਦੇ ਕੀਤੇ ਉਪਕਾਰਾਂ ਨੂੰ ਭੁਲਾਉਂਦੇ ਹਨ ਉਨ੍ਹਾਂ ਨੂੰ ਪ੍ਰਮਾਤਮਾ ਵਿਸਰ ਜਾਂਦਾ ਹੈ ਅਤੇ ਉਹ ਜੂਨਾ ਵਿਚ ਭਟਕਦੇ ਹਨ।

ਜੋ ਪ੍ਰਮਾਤਮਾ ਮਨੁੱਖ ਤੋਂ ਆਪ ਹੀ ਕਰਦਾ ਤੇ ਕਰਾਉਂਦਾ ਹੈ ਤਾਂ ਫਿਰ ਅਸੀਂ ਉਹੀ ਕਰੀਏ ਜੋ ਮਨ ਨੂੰ ਚੰਗਾ ਲੱਗੇ। ਜੇ ਇਹ ਜਾਣਿਆ ਜਾਵੇ ਕਿ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ ਤਾਂ ਇਸ ਦਾ ਦੋਸ਼ ਮਨੁੱਖ ਨੂੰ ਕਿਉਂ ਲੱਗੇ। ਇਸ ਕਰਕੇ ਵਿਚਾਰ ਕੇ ਕਰਮ ਕਰੋ ਚੰਗੇ ਕਰਮਾਂ ਨੂੰ ਗ੍ਰਹਿਣ ਕਰੋ ਅਤੇ ਮੰਦੇ ਛੱਡ ਦਿਉ ਇਸ ਤਰ੍ਹਾਂ ਨਾਲ ਸਾਰੀ ਬਾਣੀ ਆਪ ਜੀ ਦੀ ਰਚੀ ਹੋਈ ਹੈ। ਮਨੁੱਖ ਕਿਸਨੂੰ ਧਾਰਨ ਕਰਕੇ ਮੁਕਤੀ ਪ੍ਰਾਪਤ ਕਰੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਵੇਲੇ ਬਚਨ ਕੀਤਾ ਅਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਥਾਪਿਤ ਕੀਤਾ ਹੈ ਜਿਸਨੂੰ ਸਿਆਣੇ ਮਨੁੱਖ ਕਲਿਆਣ ਕਰਨ ਦੇ ਵਾਸਤੇ ਪੜ੍ਹਦੇ ਸੁਣਦੇ ਅਤੇ ਕਮਾਉਂਦੇ ਹਨ। ਅਧਿਕਾਰਾਂ(ਯੋਗਤਾ)ਦੇ ਅਧਾਰ ਤੇ ਸ਼ਬਦ ਬਣਾਏ ਗਏ ਹਨ ਜਿਸ ਤਰ੍ਹਾਂ ਦਾ ਕੋਈ ਅਧਿਕਾਰੀ(ਹੱਕਦਾਰ)ਹੈ ਤਿਵੇਂ ਹੀ ਉਸ ਨੂੰ ਕਮਾਵੇ। ਗੁਰੂ ਦੇ ਸਿੱਖ ਸਭ ਤਰ੍ਹਾਂ ਦੇ ਅਧਿਕਾਰਾਂ ਦੇ ਹੱਕਦਾਰ ਹਨ ਜਿਵੇਂ ਉਹ ਆਪਣੀ ਮੱਤ ਅਨੁਸਾਰ ਸਮਝਦੇ ਹਨ ਉਹ ਉਸੇ ਤਰ੍ਹਾਂ ਉਪਦੇਸ ਨੂੰ ਗ੍ਰਹਿਣ ਕਰਦੇ ਹਨ। ਜੋ ਸਤਿਸੰਗਤ ਵਿਚ ਰੱਤੇ ਨਹੀਂ,ਗ੍ਰਹਿਸਤੀ ਜੀਵਨ ਵਿਚ ਫਸੇ ਹਨ ਜਾਂ ਰਾਜ ਕਮਾਉਂਦੇ ਹਨ,ਬਹੁਤ ਵਾਰ ਪਾਪ ਅਤੇ ਪੁੰਨ ਕਰਦੇ ਹਨ,ਉਹ ਇਸ ਤੁਕ ਦੇ ਅਧਿਕਾਰੀ ਹਨ

***ਜੈਸਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ। ਆਦਿ ੧੩੪***

ਇਹ ਸਰੀਰ ਕਰਮਾਂ ਦੀ ਪੈਲੀ ਹੈ। ਜਿਹੋ ਜਿਹਾ ਕੋਈ ਬੀਜਦਾ ਹੈ, ਉਹੀ ਵੱਢਦਾ ਹੈ।

ਇਕ ਭਗਤੀ ਦੀ ਇੱਛਾ ਵਿਚ ਪੈ ਕੇ ਸਤਿਨਾਮੁ ਭਾਵ ਪ੍ਰਭੂ ਦਾ ਨਾਮ ਮਨ ਲਗਾ ਕੇ ਸਿਮਰਦੇ ਹਨ। ਉਹ, ਸਾਰਿਆਂ ਮਨੁੱਖਾਂ ਵਿਚ ਸ੍ਰੇਸ਼ਟ ਪ੍ਰਭੂ ਵਸਦਾ, ਵਿਚਾਰਦੇ ਹਨ। ਉਹ ਇਸ ਤੁਕ ਦੇ ਤੁਲ(ਸਮਾਨ) ਅਧਿਕਾਰੀ ਹਨ। ਕਰਨ ਕਰਾਵਨਹਾਰ ਪ੍ਰਮਾਤਮਾ ਆਪ ਹੀ ਹੈ। ਮਨੁੱਖ ਦੇ ਹੱਥ ਵਿਚ ਕੁਝ ਨਹੀਂ। ਸੇਵਕ ਜਨ ਹਿਰਦੇ ਵਿਚ ਇਸ ਤਰ੍ਹਾਂ ਦਾ ਨਿਸਚਾ ਧਾਰੇ ਕਿ ਸਾਰਿਆਂ ਵਿਚ ਪ੍ਰਭੂ ਹੀ ਨਿਵਾਸ ਕਰਦਾ ਹੈ। ਤੀਜਾ ਸੱਚ ਝੂਠ ਦੀ ਵਿਚਾਰ ਕਰੇ ਅਤੇ ਸਦਾ ਹੀ ਬ੍ਰਹਮ ਦੇ ਵਿਵੇਕ-ਵਿਚਾਰ ਨੂੰ ਗ੍ਰਹਿਣ ਕਰੇ। ਇਸ ਤੁਕ ਦੇ ਤੁਲ ਹੱਕਦਾਰ ਉਹ ਹਨ ਜੋ ਸੁਣਕੇ ਮੰਨਦੇ ਹਨ ਅਤੇ ਸਮਝ ਕੇ

ਹਿਰਦੇ ਵਿਚ ਧਾਰਨ ਕਰਦੇ ਹਨ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥(ਆਦਿ ੮੪੬)***

ਮੈਂ ਹੁਣ ਪ੍ਰਭੂ ਨੂੰ ਵੇਖਦਾ ਹਾਂ, ਪ੍ਰਭੂ ਬਾਰੇ ਹੀ ਸੁਣਦਾ ਹਾਂ ਅਤੇ ਕੇਵਲ ਇੱਕ ਪ੍ਰਭੂ ਨੂੰ ਹੀ ਵਰਣਨ ਕਰਦਾ ਹਾਂ।

ਇਸ ਤਰਾਂ ਦੇ ਬਹੁਤ ਅਧਿਕਾਰ ਹਨ ਪਰ ਅਸੀਂ ਤਿੰਨ ਸ੍ਰੇਸ਼ਟ ਅਧਿਕਾਰ ਹੀ ਉਚਾਰਨ ਕੀਤੇ ਹਨ। ਜਿਵੇਂ ਰੋਗੀ ਸ੍ਰੇਸ਼ਟ ਬੁੱਧੀਮਾਨ ਵੈਦ ਕੋਲ ਆ ਕੇ ਬੇਨਤੀਆਂ ਕਰਦਾ ਹੈ। ਨਬਜ਼ ਅਤੇ ਮੂਤਰ ਆਦਿ ਦੇਖ ਕੇ ਰੋਗ ਜਾਣ ਲੈਂਦਾ ਹੈ,ਫਿਰ ਉਸ ਪਿੱਛੋਂ ਹੀ ਦਵਾਈ ਬਣਾਉਂਦਾ ਹੈ। ਇਵੇਂ ਹੀ ਸਿੱਖ ਗੁਰੂ ਕੋਲ ਚੱਲ ਕੇ ਆਉਂਦਾ ਹੈ ਤੇ ਗੁਰੂ ਬਚਨਾ ਅਤੇ ਕਰਮਾਂ ਤੋਂ ਉਸ ਨੂੰ ਸਮਝ ਲੈਂਦਾ ਹੈ। ਜਿਸ ਤਰ੍ਹਾਂ ਦਾ ਵਿਸ਼ੇਸ਼ ਅਧਿਕਾਰ ਦੇਖਦਾ ਹੈ ਸਤਿਗੁਰੂ ਉਸੇ ਤਰ੍ਹਾਂ ਦਾ ਹੀ ਉਪਦੇਸ਼ ਦਿੰਦੇ ਹਨ। ਜੇਕਰ ਹਕੀਮ ਦੀ ਸਮਝ ਵਿਚ ਗਿਆਨ ਘੱਟ ਹੈ ਤੇ ਉਸ ਕੋਲੋਂ ਚਿੱਤ ਵਿਚ ਕੋਈ ਰੋਗ ਪਰਖਿਆ ਨਹੀਂ ਗਿਆ। ਰੋਗ ਹੋਰ ਹੋਵੇ ਤੇ ਦਵਾ ਹੋਰ ਦੀ ਦੇਵੇ,ਜਿਸ ਨਾਲ ਰੋਗ ਨਹੀਂ ਜਾਂਦਾ ਪ੍ਰਾਣਾਂ ਦਾ ਨਾਸ ਹੋ ਜਾਂਦਾ ਹੈ। ਉਸੇ ਤਰ੍ਹਾਂ ਜੇ ਗੁਰੂ ਕੱਚਾ ਤੇ ਅਣਜਾਣ ਹੈ ਤਾਂ ਉਹ ਸਿੱਖ ਦੇ ਅਧਿਕਾਰ ਯੋਗਤਾ ਦੀ ਪਛਾਣ ਨਹੀਂ ਕਰ ਸਕਦਾ ਉਸ ਨੂੰ ਅਨਉਚਿਤ ਸਿੱਖਿਆ ਦਿੰਦਾ ਹੈ ਜਿਸ ਨਾਲ ਉਸ ਨੂੰ ਮੁਕਤੀ ਤਾਂ ਦੂਰ ਰਹੀ ਸਗੋਂ ਮਰ ਕੇ ਨਰਕ ਜਾਂਦਾ ਹੈ ਇਸ ਲਈ ਹਿਰਦੇ ਵਿਚ ਇਹ ਵੀਚਾਰ ਕਰ ਲਵੋ ਕਿ ਤੁਸੀਂ ਭਗਤੀ ਕਰਨ ਦੇ ਯੋਗ ਹੋ ਸੋ ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ ਅਤੇ ਨੇਕ ਨੀਯਤ ਨਾਲ ਸਤਿਸੰਗਤ ਦੀ ਸੇਵਾ-ਭਗਤੀ ਕਰੋ। ਗੁਰੂ ਦੇ ਸਿਖਾਂ ਦੀ ਸੇਵਾ ਕਰੋ ਹਿਰਦੇ ਵਿਚ ਜੋ ਹੰਕਾਰ ਹੈ ਉਸ ਨੂੰ ਦੂਰ ਕਰ ਦਿਉ। ਸਤਿਗੁਰੂ ਜੀ ਤੋਂ ਉਪਦੇਸ਼ ਸੁਣ ਕੇ ਉਹ ਹਮੇਸ਼ਾਂ ਲਈ ਸੇਵਾ ਕਰਨ ਲੱਗੇ। ਨਾਮ ਦਾ ਸਿਮਰਨ ਕਰਕੇ ਉਨ੍ਹਾਂ ਮੁਕਤੀ ਪ੍ਰਾਪਤ ਕੀਤੀ। ਸੇਵਾ ਕਰਨ ਕਰਕੇ ਸਤਿਗੁਰੂ ਜੀ ਉਨ੍ਹਾਂ ਦੇ ਸਹਾਈ ਹੋਏ।

**ਨਾਊ ਅਤੇ ਭੋਲੂ, ਗੋਤ ਸੇਖੜ, ਜੱਟੂ ਤੇ ਮੂਲਾ, ਗੋਤ ਭੀਵਾ:-** ਨਾਊ ਅਤੇ ਭੋਲੂ, ਗੋਤ ਸੇਖੜ,ਜੱਟੂ ਤੇ ਮੂਲਾ, ਗੋਤ ਭੀਵਾ, ਇਹ ਚਾਰੇ ਜਾਣੇ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰ ਤੇ ਆਏ ਅਤੇ ਪ੍ਰੇਮ ਧਾਰ ਕੇ ਨਮਸਕਾਰ ਕਰਕੇ ਬੇਨਤੀ ਕੀਤੀ। ਆਪ ਜੀ ਦੀ ਬਾਣੀ ਬਹੁਤ ਤਰ੍ਹਾਂ ਦੀ ਹੈ,ਮਨੁੱਖਾਂ ਦੀ ਯੋਗਤਾ ਅਨੁਸਾਰ ਵੱਖ ਵੱਖ ਉਚਾਰਨ ਕਰਦੇ ਹੋ। ਆਪ ਜੀ ਨੇ ਜਿਸ ਪ੍ਰਕਾਰ ਯੋਗਤਾ ਜਾਣੀ ਉਸੇ ਤਰ੍ਹਾਂ ਦੇ ਆਸੇ ਨੂੰ ਜਾਣ ਕੇ ਸ਼ਬਦ ਉਚਾਰਨ ਕੀਤੇ ਹਨ। ਅਸੀਂ ਤਾਂ ਜਿਵੇਂ ਸਾਡੀ ਯੋਗਤਾ ਹੈ ਨਿਰਣਾ ਕਰਕੇ ਪਛਾਣ ਨਹੀਂ ਸਕਦੇ ਕੀ ਅਸੀਂ ਕਰਮ ਕਰਨ ਦੇ ਯੋਗ ਹਾਂ ਜਾਂ ਵਿਵੇਕ ਵੀਚਾਰ ਕਰਕੇ ਭਗਤੀ ਕਰੀਏ ਜਾਂ ਗਿਆਨ ਕਾਂਢ(ਗਿਆਨ ਪ੍ਰਾਪਤ ਕਰਨ) ਦੇ ਅਧਿਕਾਰੀ ਹਾਂ। ਸਤਿਗੁਰੂ ਜੀ ਸਾਨੂੰ ਇਸ ਬਾਰੇ ਦੱਸੋ। ਗੁਰੂ ਜੀ ਨੇ ਸੁਣ

ਕੇ ਬਚਨ ਕਹੇ ਆਪਣੇ ਅਧਿਕਾਰ ਦੀ ਪਰਖ ਇਸ ਪ੍ਰਕਾਰ ਕਰੋ। ਗੁਰੂ ਦੇ ਬਚਨ ਸੁਣੋ ਜਦੋਂ ਵੀ ਹਿਰਦੇ ਵਿਚ ਵਸਾਵੋ ਤਾਂ ਚੰਗੇ ਮੰਦੇ ਕਰਮਾਂ ਦਾ ਨਿਰਣਾ ਕਰੋ। ਜੇਕਰ ਚੰਗੇ ਕਰਮ ਕਰਨ ਦੀ ਚੇਟਕ ਲੱਗ ਜਾਵੇ ਤਾਂ ਵੀ ਜਿਹੜੀ ਬੁਰੇ ਕਰਮ ਕਰਨ ਦੀ ਆਦਤ ਹੈ ਜੋ ਰੋਜਾਨਾ ਚਾਹੁਣ ਤੇ ਵੀ ਮਨ ਤੋਂ ਨਾ ਮਿਟੇ ਤਾਂ ਉਸ ਮਨੁੱਖ ਦਾ ਅਧਿਕਾਰ ਕਰਮ ਦਾ ਹੁੰਦਾ ਹੈ। ਗੁਰੂ ਦੇ ਸਿੱਖਾਂ ਦੀ ਸੇਵਾ ਕਰਨ ਵਿਚ ਲੱਗ ਜਾਂਦਾ ਹੈ। ਗੁਰਬਾਣੀ ਸੁਣਨ ਲਈ ਮਨ ਵਿਚ ਪ੍ਰੇਮ ਪੈਦਾ ਹੁੰਦਾ ਹੈ। ਹੌਲੀ ਹੌਲੀ ਮਨ ਵਿਚੋਂ ਖੋਟ (ਐਬ) ਦੂਰ ਕਰਦਾ ਅਤੇ ਪ੍ਰਭੂ ਦੇ ਦਰਸ਼ਨਾ ਦੀ ਚਾਹਤ ਆਪਣੇ ਮਨ ਵਿਚ ਧਾਰਨ ਕਰਦਾ ਹੈ। ਜੇ ਉਹ ਆਪਣੇ ਕੰਨਾ ਦੇ ਨਾਲ ਗੁਰੂ ਦੇ ਬਚਨ ਸੁਣੇ ਤਾਂ ਮੰਦੇ ਕਰਮਾਂ ਦਾ ਨਾਸ ਹੋ ਜਾਂਦਾ ਹੈ। ਫਿਰ ਜੇ ਕਦੇ ਕਿਸੇ ਵੇਲੇ ਮੰਦੇ ਕਰਮ ਕਰਨ ਦੀ ਰੂਚੀ ਬਣ ਵੀ ਆਵੇ ਤਾਂ ਉਹ ਰੂਚੀ ਉਸ ਦੇ ਮਨ ਨੂੰ ਚੰਗੀ ਨਹੀਂ ਲਗਦੀ ਤਾਂ ਉਹ ਮਨੁੱਖ ਆਪਣੇ ਆਪ ਨੂੰ ਭਗਤੀ ਉਪਾਸ਼ਨਾ ਦਾ ਅਧਿਕਾਰੀ ਜਾਣੇ ਅਤੇ ਗੁਰਬਾਣੀ ਨੂੰ ਵਿਚਾਰ ਕੇ ਅਮਲ ਕਰੇ। ਗੁਰਬਾਣੀ ਪੜ੍ਹ ਸੁਣ ਕੇ ਅਤੇ ਅਰਥ ਵੀਚਾਰ ਕੇ ਜੋ ਮੰਦਾ ਹੋਵੇ ਉਸ ਨੂੰ ਦੂਰ ਕਰ ਦੇਵੇ। ਜੋ ਗੁਰੂ ਦੇ ਸ਼ਬਦ ਨੂੰ ਸੁਣ ਕੇ ਸਾਰੇ ਮੰਦੇ ਕਰਮਾਂ ਦਾ ਮਨ ਤੋਂ ਤਿਆਗ ਕਰ ਦੇਵੇ। ਜਿਸ ਦਾ ਮਨ ਵਿਸ਼ੇ ਵਿਕਾਰਾਂ ਦੇ ਸਵਾਦਾਂ ਤੋਂ ਹਟ ਜਾਂਦਾ ਹੈ ਤੇ ਮੰਦੇ ਕਰਮਾਂ ਵਿਚ ਲਗਨ ਨਹੀਂ ਕਰਦਾ,ਸੰਸਾਰ ਨੂੰ ਚੰਗੀ ਤਰ੍ਹਾਂ ਦੁੱਖ ਰੂਪ ਜਾਣਦਾ ਹੈ,ਸਾਰੇ ਕਾਰ ਵਿਹਾਰ ਉਸ ਦੇ ਮਨ ਨੂੰ ਫਿੱਕੇ ਲਗਦੇ ਹਨ ਤਦ ਉਹ ਆਪਣੇ ਆਪ ਨੂੰ ਗਿਆਨ ਦਾ ਅਧਿਕਾਰੀ ਸਮਝੇ। ਸੱਚ ਅਤੇ ਝੂਠ ਦੀ ਵਿਚਾਰ ਕਰਨ ਲੱਗੇ ਇਉਂ ਜਿਸ ਤਰ੍ਹਾਂ ਦਾ ਆਪਣਾ ਅਧਿਕਾਰ(ਯੋਗਤਾ) ਜਾਣੇ ਉਸੇ ਪ੍ਰਕਾਰ ਹੀ ਆਪ ਕਰਨਾ ਧਾਰਨ ਕਰੇ। ਗੁਰਬਾਣੀ ਸਭ ਅਧਿਕਾਰਾਂ (ਤਿੰਨੇ ਯੋਗਤਾਵਾਂ) ਉਪਰ ਰਚੀ ਹੈ। ਸਿੱਖਾਂ ਨੂੰ ਵੀ ਸਭ ਅਧਿਕਾਰਾਂ ਵਾਲੇ ਜਾਣਿਆ ਹੈ। ਉਹ ਕਰਮ ਭਗਤੀ ਤੇ ਗਿਆਨ ਤਿੰਨਾ ਵਿਚੋਂ ਆਪਣੇ ਅਧਿਕਾਰ (ਯੋਗਤਾ) ਨੂੰ ਸ੍ਰੇਸ਼ਟ ਮੱਤ ਰਾਹੀਂ ਜਾਣ ਲੈਂਦੇ ਹਨ। ਆਪਣੀ ਯੋਗਤਾ ਜਾਣ ਕੇ ਹਮੇਸ਼ਾਂ ਲਈ ਗੁਰੂ ਸ਼ਬਦ ਨਾਲ ਪ੍ਰੇਮ ਕਰਨ ਲਗਦੇ ਹਨ। ਗੁਰੂ ਦੇ ਬਚਨ ਸੁਣ ਕੇ ਉਨ੍ਹਾਂ ਚਾਰੇ ਸਿੱਖਾਂ ਨੂੰ ਸਮਝ ਆ ਗਈ ਅਤੇ ਆਪੋ ਆਪਣੇ ਅਧਿਕਾਰ ਵਿਚ ਲੱਗ ਕੇ ਮੁਕਤੀ ਪ੍ਰਾਪਤ ਕੀਤੀ।

**ਚਤਰ ਦਾਸ, ਮੂਲਾ, ਗੋਤ ਕਪੂਰ, ਹਾੜੂ ਅਤੇ ਗਾੜੂ, ਗੋਤ ਬਿੱਜ:-** ਚਤਰ ਦਾਸ, ਮੂਲਾ, ਗੋਤ ਕਪੂਰ, ਹਾੜੂ ਅਤੇ ਗਾੜੂ, ਗੋਤ ਬਿੱਜ, ਇਹ ਚਾਰੋ ਸਤਿਗੁਰੂ ਜੀ ਦੇ ਦਰਬਾਰ ਵਿਚ ਚਲਕੇ ਆਏ। ਹੱਥ ਜੋੜ ਕੇ ਚਰਨਾ ਤੇ ਨਮਸਕਾਰ ਕੀਤੀ ਬੇਨਤੀ ਕੀਤੀ ਆਪ ਜੀ ਦਾ ਉਪਦੇਸ ਹੋਣ ਕਰ ਕੇ ਬਹੁਤ ਸਾਰੇ ਸਿੱਖ ਆਤਮਿਕ ਤੌਰ ਤੇ ਜਾਗਰਤ ਹੋ ਚੁੱਕੇ ਹਨ। ਉਹ ਚੰਗੇ ਕਰਮ ਕਰਨ ਦੇ ਲਈ ਯਤਨ ਕਰਦੇ ਹਨ ਅਤੇ ਸਤਿਨਾਮ ਦਾ ਸਿਮਰਨ ਮਨ ਵਿਚ ਧਾਰਦੇ ਹਨ। ਸਾਰੇ ਸੰਤ ਵੀ

ਇਸ ਤਰ੍ਹਾਂ ਕਹਿੰਦੇ ਹਨ ਅਤੇ ਆਪ ਜੀ ਦੀ ਸਿੱਖਿਆ ਵੀ ਇਸੇ ਪ੍ਰਕਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਸਲੋਕ ਸ੍ਰੀ ਰਾਗ ਦੀ ਵਾਰ ਵਿਚ ਇਸ ਪ੍ਰਕਾਰ ਹੈ।

*ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥*
*ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥ ਆਦਿ ੮੩*

ਸਾਰੀਆਂ ਦਾਤਾਂ ਮਾਲਕ ਦੀਆਂ ਹਨ ਉਸ ਨਾਲ ਕੀ ਜੋਰ ਚੱਲ ਸਕਦਾ ਹੈ। ਕਈ ਜਾਗਦੇ ਜੀਵਾਂ ਨੂੰ ਵੀ ਨਹੀਂ ਮਿਲਦੀਆਂ ਅਤੇ ਕਈਆਂ ਨੂੰ ਨੀਂਦ ਤੋਂ ਜਗਾ ਕੇ ਦਾਤਾ ਆਪ ਦਿੰਦਾ ਹੈ। ਇਸ ਸ਼ਬਦ ਤੋਂ ਵਿਧੀ ਇਸ ਤਰ੍ਹਾਂ ਜਾਣ ਲਈ ਗਈ ਕਿ ਪ੍ਰਭੂ ਨੇ ਸੁੱਤਿਆਂ ਹੋਇਆਂ ਨੂੰ ਦਾਤ ਦਿੱਤੀ ਜੋ ਜਾਗਦੇ ਰਹੇ ਉਹ ਸੱਖਣੇ ਰਹੇ ਇਸ ਲਈ ਹਮੇਸ਼ਾਂ ਸੁੱਤੇ ਰਹਿਣਾ ਚਾਹੀਦਾ ਹੈ। ਫਿਰ ਗੁਰੂ ਅਰਜਨ ਸਾਹਿਬ ਜੀ ਨੇ ਬਚਨ ਕੀਤਾ ਇਸ ਦਾ ਆਸ਼ਾ ਹੋਰ ਪ੍ਰਕਾਰ ਹੈ ਇਕ ਤਾਂ ਜਿਹੜੇ ਪੜ੍ਹ ਕੇ ਗਿਆਨਵਾਨ ਹੋ ਜਾਂਦੇ ਹਨ ਅਤੇ ਆਪਣੇ ਮਨ ਵਿਚ ਬਹੁਤ ਹੰਕਾਰ ਧਾਰਨ ਕਰ ਲੈਂਦੇ ਹਨ ਉਹ ਸੰਤ ਜਨਾ ਦੀ ਸੇਵਾ ਨਹੀਂ ਕਰਦੇ। ਸਾਡੇ ਕੋਲ ਬਹੁਤ ਬੁੱਧੀ ਭਾਵ ਗਿਆਨ ਹੈ। ਇਉਂ ਸੋਚਕੇ ਹੰਕਾਰ ਧਾਰ ਲੈਂਦੇ ਹਨ। ਉਹ ਚਰਚਾ ਕਰਦੇ ਹਨ ਪਰ ਹਿਰਦੇ ਵਿਚ ਵਿਸ਼ਵਾਸ ਨਹੀਂ ਹੁੰਦਾ। ਜੋ ਚੰਗੀ ਸਿੱਖਿਆ ਹੈ ਉਸ ਨੂੰ ਉਹ ਕਿਸੇ ਤਰ੍ਹਾਂ ਵੀ ਨਹੀਂ ਮੰਨਦੇ। ਇੱਕ ਅਨਪੜ੍ਹ ਮਨੁੱਖ ਦੇ ਮਨ ਵਿਚ ਹੰਕਾਰ ਨਹੀਂ ਹੁੰਦਾ। ਉਸ ਲਈ ਗੁਰੂ ਤੇ ਸੰਤਾਂ ਦੀ ਸੇਵਾ ਹੀ ਉੱਤਮ ਹੈ। ਪੜ੍ਹਿਆ ਹੋਇਆ ਜੋ ਜਾਗਦਾ ਸਮਝਿਆ ਜਾਂਦਾ ਹੈ ਉਹ ਖਾਲੀ ਰਹਿ ਜਾਂਦਾ ਹੈ ਅਨਪੜ੍ਹ ਸੁੱਤਾ ਹੋਇਆ ਵੀ ਸੇਵਾ ਕਰਕੇ ਸੁਖ ਪ੍ਰਾਪਤ ਕਰ ਲੈਂਦਾ ਹੈ ਅਤੇ ਹੋਰ ਅਰਥ ਸਰਵਣ ਕਰੋ। ਇੱਕ ਮਨੁੱਖ ਸਤਿਸੰਗਤ ਦੇ ਸਥਾਨ ਤੇ ਗਿਆ ਉਥੇ ਉਹ ਨੀਂਦ ਵਸ ਹੋ ਕੇ ਸੁੱਤਾ ਪਿਆ ਰਿਹਾ ਤਾਂ ਵਰਤਾਵੇ ਨੇ ਉਸ ਨੂੰ ਜਗਾ ਕੇ ਪ੍ਰਸ਼ਾਦਿ ਵੰਡ ਦਿੱਤਾ। ਘਰ ਵਿਚ ਜਾਗਿਆ ਹੋਇਆ ਖਾਲੀ ਰਿਹਾ। ਇਸ ਉੱਤੇ ਇਕ ਮਿਸਾਲ ਸੁਣੋ। ਦੋ ਵਪਾਰੀ ਇਹ ਗੱਲ ਸੁਣ ਕੇ ਕਿ ਸਵੇਰ ਹੋਣ ਤੇ ਜਹਾਜ ਨੇ ਚੱਲ ਪੈਣਾ ਹੈ। ਉਨ੍ਹਾਂ ਨੇ ਇਹ ਸੁਣ ਕੇ ਆਪਣੇ ਕਾਰਜ ਲਈ ਇਕ ਦਿਨ ਦਾ ਵੱਡਾ ਸਫਰ ਤੈਅ ਕੀਤਾ। ਸ਼ਾਮ ਸਮੇ ਜਹਾਜ ਕੋਲ ਜਾ ਪਹੁੰਚੇ। ਇਕ ਤਾਂ ਚੱਲਣ ਤੋਂ ਪਹਿਲਾਂ ਹੀ ਜਹਾਜ ਤੇ ਚੜ੍ਹ ਕੇ ਸੌਂ ਗਿਆ ਦੂਜਾ ਇਹ ਜਾਣਕੇ ਨਾ ਚੜ੍ਹਿਆ ਕਿ ਚੱਲਣ ਸਮੇਂ ਹੀ ਮੈਂ ਆਣ ਕੇ ਚੜ੍ਹ ਜਾਵਾਂਗਾ। ਉਹ ਸਾਰੀ ਰਾਤ ਜਾਗਦਾ ਰਿਹਾ। ਉਹ ਜਹਾਜ ਨੇੜੇ ਨਹੀਂ ਪਹੁੰਚਿਆ। ਜਹਾਜ ਚੱਲਣ ਸਮੇਂ ਢੋਲ ਵਜਾਇਆ ਗਿਆ ਪਰ ਉਹ ਜਾਗਦਾ ਹੋਇਆ ਕਿਸੇ ਹੋਰ ਖਿਆਲ ਵਿਚ ਪਿਆ ਰਿਹਾ। ਉਸ ਤੋਂ ਸੁਣਿਆ ਨਾ ਗਿਆ ਅਤੇ ਉਹ ਜਹਾਜ ਤੇ ਨਹੀਂ ਚੜ੍ਹਿਆ। ਜਹਾਜ ਥੋੜ੍ਹੇ ਸਮੇਂ ਵਿਚ ਹੀ ਦੂਰ ਚਲਾ ਗਿਆ।

ਜਿਹੜਾ ਮਨੁੱਖ ਜਹਾਜ ਵਿਚ ਹੀ ਸੁੱਤਾ ਪਿਆ ਰਿਹਾ ਉਸ ਨੂੰ ਹੱਥ ਫੜ ਕੇ

ਜਗਾਇਆ ਗਿਆ। ਵਪਾਰੀਆਂ ਨੇ ਉਸ ਨਾਲ ਵਪਾਰ ਕੀਤਾ। ਉਸ ਨੇ ਲਾਭ ਆਪਣੇ ਹੱਥਾਂ ਵਿਚ ਪ੍ਰਾਪਤ ਕਰ ਲਿਆ। ਜਿਹੜਾ ਮਨੁੱਖ ਜਾਗਦਾ ਰਿਹਾ ਜੋ ਜਹਾਜ ਨਹੀਂ ਚੜ੍ਹ ਸਕਿਆ ਸੀ ਉਹ ਜੰਗਲ ਵਿਚ ਇਕੱਲਾ ਹੀ ਰਹਿ ਗਿਆ। ਉੱਥੇ ਚੋਰ ਤੇ ਲੁਟੇਰੇ ਆ ਪਹੁੰਚੇ ਅਤੇ ਉਹ ਆਪਣਾ ਸਾਰਾ ਸੌਦਾ ਲੁਟਾ ਗਿਆ।

ਸਤਿਸੰਗਤ ਵਿਚ ਵੀ ਇਸੇ ਤਰ੍ਹਾਂ ਜਾਣੋ ਜੋ ਉਦੱਮ ਧਾਰਨ ਕਰਕੇ ਆ ਬੈਠਦੇ ਹਨ ਜੇ ਉਹ ਸੌਂ ਜਾਣ ਤਾਂ ਸੰਤ ਕਿਰਪਾ ਕਰ ਕੇ ਉਨ੍ਹਾਂ ਨੂੰ ਜਗਾ ਕੇ ਗੁਰ ਉਪਦੇਸ ਸੁਣਾਉਂਦੇ ਹਨ। ਜਦ ਕੁਝ ਪ੍ਰਸ਼ਾਦਿ ਵਰਤਣ ਲੱਗਦਾ ਹੈ ਤਾਂ ਜਿਹੜੇ ਪਹਿਲਾਂ ਜਾਗਦੇ ਹਨ ਉਹ ਸੁੱਤੇ ਹੋਇਆਂ ਨੂੰ ਜਗਾ ਦਿੰਦੇ ਹਨ। ਜਿਹੜੇ ਘਰ ਵਿਚ ਹੀ ਜਾਗਦੇ ਰਹਿੰਦੇ ਹਨ ਉਹ ਨਾ ਹੀ ਸ਼ਬਦ ਸੁਣਦੇ ਅਤੇ ਨਾ ਹੀ ਪ੍ਰਸ਼ਾਦਿ ਛਕਦੇ ਹਨ।

ਅਨਪੜ੍ਹ ਭਾਵ ਸੁੱਤਾ ਹੋਇਆ ਮਨੁੱਖ ਸ਼ਰਧਾ ਨਾਲ ਮਨ ਨੀਵਾ ਰੱਖ ਕੇ ਸਤਿਸੰਗਤ ਕਰਦਾ ਹੈ। ਗੁਰੂ ਉਸ ਨੂੰ ਉਪਦੇਸ ਸੁਣਾ ਕੇ ਉਸ ਦੀ ਅਗਿਆਨਤਾ ਰੂਪੀ ਸਾਰੀ ਨੀਂਦ ਦੂਰ ਕਰ ਦਿੰਦੇ ਹਨ। ਉਹ ਆਪਣੇ ਆਪ ਆਤਮ ਸਰੂਪ ਦਾ ਗਿਆਨ ਰੂਪੀ ਲਾਹਾ ਉਸੇ ਤਰ੍ਹਾਂ ਪ੍ਰਾਪਤ ਕਰਦਾ ਹੈ ਜਿਵੇਂ ਵਪਾਰੀ ਬਹੁਤ ਲਾਭ ਖੱਟ ਕੇ ਲਿਆਉਂਦੇ ਹਨ। ਪੜ੍ਹੇ ਹੋਏ ਮਨੁੱਖ ਆਪਣੇ ਆਪ ਨੂੰ ਜਾਗਦੇ ਹੋਏ ਕਹਾਉਂਦੇ ਹਨ ਅਤੇ ਭੁੱਲਕੇ ਵੀ ਕਦੀ ਸਤਿਸੰਗਤ ਵਿਚ ਨਹੀਂ ਜਾਂਦੇ। ਡਰ ਰਹਿਤ ਹੋ ਕੇ ਉਹ ਬੁਰੇ ਕਰਮ ਕਰਦੇ ਹਨ ਅਤੇ ਉਹ ਗਿਆਨ ਤੋਂ ਬਿਨਾ ਖਾਲੀ ਰਹਿ ਜਾਂਦੇ ਹਨ। ਗੁਰੂ ਜੀ ਤੋਂ ਇਹ ਬਚਨ ਸੁਣ ਕੇ ਚਾਰੇ ਸਿੱਖ ਮਨ ਨੂੰ ਨਿਮਰ ਕਰ ਕੇ ਸਦਾ ਸਤਿਸੰਗਤ ਦੀ ਸੇਵਾ ਕਰਨ ਲੱਗੇ। ਇਨ੍ਹਾਂ ਚਾਰੇ ਸਿੱਖਾਂ ਨੇ ਸ੍ਰੇਸ਼ਟ ਮੁਕਤੀ ਪ੍ਰਾਪਤ ਕੀਤੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੇ ਸਹਾਇਕ ਹੋਏ।

**ਭਾਈ ਫਿਰਨਾ, ਭਾਈ ਚੰਗਾ, ਭਾਈ ਜੇਠਾ, ਗੋਤ ਬਹਿਲ:–** ਭਾਈ ਫਿਰਨਾ, ਭਾਈ ਚੰਗਾ, ਭਾਈ ਜੇਠਾ, ਗੋਤ ਬਹਿਲ, ਇਹ ਤਿੰਨੇ ਮਿਲ ਕੇ ਗੁਰੂ ਜੀ ਕੋਲ ਆਏ ਚਰਨਾ ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਈ ਮਨੁੱਖ ਰਾਮ ਦਾ ਸ੍ਰੇਸ਼ਟ ਨਾਮ, ਕਈ ਕ੍ਰਿਸ਼ਨਾ ਹਰ ਘਨ ਸ਼ਿਆਮ ਦਾ ਨਾਮ ਜਪਦੇ ਹਨ, ਕਈ ਓਅਮ ਅਤੇ ਕਈ ਸੋਹੰ ਦਾ ਨਾਮ ਸਿਮਰਦੇ ਹਨ ਤੇ ਮੁਕਤੀ ਪ੍ਰਾਪਤ ਕਰਦੇ ਹਨ। ਸਾਡੇ ਲਈ ਮੁੱਖੋਂ ਕਿਸਦਾ ਨਾਮ ਜਪਣਾ ਉਚਿਤ ਹੈ। ਸਤਿਗੁਰੂ ਜੀ ਨੇ ਫੁਰਮਾਇਆ ਵਾਹਿਗੁਰੂ ਦਾ ਸਿਮਰਨ ਕਰੋ ਜਿਵੇਂ ਬੇੜੀ ਨਦੀ ਦੇ ਕਿਨਾਰੇ ਉਤਾਰ ਦਿੰਦੀ ਹੈ ਇਸੇ ਪ੍ਰਕਾਰ ਦੀ ਸ਼ਕਤੀ ਸਾਰੀਆਂ ਬੇੜੀਆਂ ਵਿਚ ਹੈ ਤਦ ਇਹ ਵੀਚਾਰੋ ਜਿਹੜਾ ਜਿਸ ਵਿਚ ਚੜ੍ਹਦਾ ਹੈ ਉਸ ਦੇ ਆਸਰੇ ਹੀ ਨਦੀ ਨੂੰ ਪਾਰ ਕਰਦਾ ਹੈ ਤਿਵੇਂ ਹੀ ਪਰਮੇਸਰ ਦੇ ਸਾਰੇ ਨਾਮ ਹਨ ਜਿਨ੍ਹਾਂ ਨੂੰ ਹਿਰਦੇ ਰੂਪੀ ਘਰ ਵਿਚ ਸਿਮਰਨ ਨਾਲ ਸੰਸਾਰ ਸਾਗਰ ਨੂੰ ਪਾਰ ਕਰ ਲਈਦਾ ਹੈ। ਸਤਿਗੁਰੂ ਨੇ ਜਿਹੜਾ ਉਪਦੇਸ ਕੀਤਾ ਉਸ ਨੂੰ ਸਿਮਰ ਕੇ ਸਿੱਖਾਂ ਨੇ

ਸੰਸਾਰ ਸਾਗਰ ਨੂੰ ਪਾਰ ਕਰ ਲਿਆ। ਇੱਕ ਵਾਰ ਛੱਤੀ ਜੁਗ ਧੁੰਦੂਕਾਰ ਰਿਹਾ। ਨਾ ਉਦੋਂ ਲੋਕ ਸਨ ਅਤੇ ਨਾ ਹੀ ਰਾਜਾ। ਪ੍ਰਮਾਤਮਾ ਨੇ ਕੁਝ ਵੀ ਨਹੀਂ ਸੀ ਰਚਿਆ। ਸਭ ਕੋਈ ਅਫੁਰ ਸਮਾਧੀ ਵਿਚ ਸੀ। ਪ੍ਰਮਾਤਮਾ ਨੇ ਕੋਈ ਵੀ ਅਕਾਰ ਪੈਦਾ ਨਹੀਂ ਸੀ ਕੀਤਾ। ਹਨੇਰਾ ਹੀ ਰਿਹਾ ਕਰਤਾਰ ਨੂੰ ਇਸ ਤਰ੍ਹਾਂ ਹੀ ਚੰਗਾ ਲੱਗਿਆ ਸੀ। ਫਿਰ ਨੌਂ ਨੌਂ ਜੁੱਗਾਂ ਵਿਚ ਇੱਕ ਇੱਕ ਅੱਖਰ ਵਰਣਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰਾਂ ਅੱਖਰਾਂ ਨੂੰ ਇੱਕ ਕਰ ਦਿੱਤਾ। ਵਾਹਿਗੁਰੂ ਨਾਮ ਬਣਾਇਆ ਜਿਸਨੂੰ ਸੁਣਕੇ ਸਭ ਸੰਤਾ ਦੇ ਮਨ ਨੂੰ ਚੰਗਾ ਲੱਗਾ। ਆਪਣੇ ਸਿੱਖਾਂ ਨੂੰ ਵਾਹਿਗੁਰੂ ਨਾਮ ਦਾ ਉਪਦੇਸ ਕੀਤਾ ਜਿਸ ਨੂੰ ਸਿਮਰ ਕੇ ਸਿੱਖਾਂ ਨੇ ਆਪਣੇ ਬੰਧਨ ਕਲੇਸ ਕੱਟੇ। ਹੁਣ ਜੋ ਇੱਕ ਮਨ ਹੋ ਕੇ ਨਾਮ ਸਿਮਰਦੇ ਹਨ ਵਾਹਿਗੁਰੂ ਉਨ੍ਹਾਂ ਦੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਉਹ ਜਨਮ ਮਰਨ ਦੇ ਬੰਧਨ ਦੂਰ ਕਰ ਕੇ ਅੰਤ ਸਮੇਂ ਸੌਖਿਆਂ ਹੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਇਸ ਲਈ ਤੁਸੀਂ ਵਾਹਿਗੁਰੂ ਨਾਮ ਦਾ ਸਿਮਰਨ ਕਰੋ ਅਤੇ ਰਾਤ ਦਿਨ ਹਿਰਦੇ ਤੇ ਮੁੱਖ ਤੋਂ ਉਚਾਰਨ ਕਰੋ। ਸਤਿਗੁਰੂ ਤੁਹਾਡੇ ਸਹਾਇਕ ਹੋਣਗੇ। ਸਾਰੀ ਦੁਬਿਧਾ ਖਤਮ ਕਰ ਦੇਣਗੇ। ਇਹ ਬਚਨ ਸੁਣ ਕੇ ਸਿੱਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਰਹੇ। ਅਖੀਰਲੇ ਸਮੇਂ ਉਨ੍ਹਾਂ ਉੱਤਮ ਸੁਖ ਪ੍ਰਾਪਤ ਕੀਤਾ। ਜਿਨ੍ਹਾਂ ਨੇ ਉਨ੍ਹਾਂ ਦੀ ਸੰਗਤ ਕੀਤੀ ਉਨ੍ਹਾਂ ਨੂੰ ਗੁਰਮਤ ਦੀ ਪ੍ਰਾਪਤੀ ਹੋਈ ਜਿਸ ਕਰਕੇ ਸਿੱਖੀ ਦਾ ਪ੍ਰਸਾਰ ਹੋਇਆ।

**ਵਿੱਸਾ, ਗੋਪੀ, ਤੁਲਸੀਆ, ਗੋਤ ਭਾਰਦੁਆਜ ਅਤੇ ਗੋਇੰਦ, ਗੋਤ ਘੇਈ:-**
ਵਿੱਸਾ,ਗੋਪੀ,ਤੁਲਸੀਆ, ਗੋਤ ਭਾਰਦੁਆਜ ਅਤੇ ਗੋਇੰਦ, ਗੋਤ ਘੇਈ, ਇਹ ਚਾਰੇ ਇਕੱਠੇ ਹੋ ਕੇ ਛੇਤੀ ਨਾਲ ਗੁਰੂ ਜੀ ਕੋਲ ਆਏ ਨਮਸਕਾਰ ਕਰ ਕੇ ਗੁਰੂ ਜੀ ਕੋਲ ਬੈਠ ਗਏ ਹੱਥ ਜੋੜ ਕੇ ਬੇਨਤੀ ਕੀਤੀ ਕਿ ਭਗਤ ਨਾਮ ਦੇਵ ਜੀ ਦੇ ਦੋ ਸ਼ਬਦ ਹਨ ਦੋਨਾ ਸ਼ਬਦਾਂ ਵਿਚ ਆਪਸੀ ਵਿਰੋਧ ਦਿਖਾਈ ਦਿੰਦਾ ਹੈ। ਸਾਡੀ ਸ਼ੰਕਾ ਦੂਰ ਕਰੋ।

***ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥***
***ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ਆਦਿ ੮੭੫***

ਹੇ ਪੰਡਿਤ! ਤੇਰਾ ਰਾਮ ਚੰਦਰ ਉਹ ਵੀ ਆਉਂਦਾ ਦੇਖਿਆ ਸੀ। ਆਪਣੀ ਪਤਨੀ ਨੂੰ ਗੁਆ ਕੇ ਉਸ ਨੇ ਰਾਵਣ ਨਾਲ ਮੁਕਾਬਲਾ ਕੀਤਾ ਸੀ।

***ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤ ਪੀਜੈ॥ ਆਦਿ ੯੭੩***

ਨਾਮਦੇਵ ਬੇਨਤੀ ਕਰਦਾ ਹੈ ਮੇਰੇ ਲਈ ਸ਼ਹਿਨਸ਼ਾਹ ਸੁਆਮੀ, ਰਾਜੇ ਦਸਰਥ ਦਾ ਪੁੱਤਰ ਰਾਮਚੰਦ, ਵਾਹਿਗੁਰੂ ਦਾ ਨਾਮ ਹੈ। ਇਹੋ ਅੰਮ੍ਰਿਤ ਨਾਮ ਰੂਪੀ ਤੱਤ-ਰਸ ਪੀਣਾ ਚਾਹੀਦਾ ਹੈ।

ਪਹਿਲੇ ਸ਼ਬਦ ਵਿਚ ਸਮਝ ਪੈਂਦੀ ਹੈ ਕਿ ਨਾਮਦੇਵ ਜੀ ਨੇ ਪ੍ਰਮਾਤਮਾ ਦੇ ਨਾਮ ਉਤੇ ਤਰਕ ਕੀਤਾ ਹੈ। ਦੂਜੇ ਸ਼ਬਦ ਵਿਚ ਭਗਤ ਨਾਮਦੇਵ ਜੀ ਨੇ ਅਵਤਾਰ ਦੀ ਮਹਿਮਾ ਉਚਾਰਨ ਕੀਤੀ ਹੈ। ਦੋਨਾ ਅਰਥਾਂ ਦੀ ਅਵਸਥਾ ਕਿਸ ਤਰ੍ਹਾਂ ਹੋਵੇ ਤੇ ਅਸੀਂ ਕਿਵੇਂ ਸਮਝੀਏ। ਉਸ ਬਾਰੇ ਉਚਾਰਨ ਕਰੋ। ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ ਨਿਰਗੁਣ ਅਤੇ ਸਰਗੁਣ ਦੋਨੋਂ ਪੱਖ ਧਾਰਨ ਕੀਤੇ ਗਏ ਹਨ। ਦੋਨਾ ਦੀ ਭਗਤੀ ਅਲੱਗ-ਅਲੱਗ ਹੈ,ਜਿਸ ਨੂੰ ਕਈਆਂ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੈ। ਜਿਵੇਂ ਸਮੁੰਦਰ ਨੂੰ ਜਾ ਕੇ ਦੇਖਦੇ ਹਾਂ,ਜਿਸ ਤੋਂ ਹਜਾਰਾਂ ਹੀ ਤਰੰਗਾਂ ਉੱਠਦੀਆਂ ਹਨ। ਜਦੋਂ ਜਾ ਕੇ ਨਦੀ ਦੇਖੀ,ਉਹ ਵੀ ਉਸੇ ਸਾਗਰ ਵਾਂਗ ਜਾਣੀ। ਸਾਰੇ ਜਲ ਦਾ ਸਰੂਪ ਇੱਕ ਹੀ ਤੱਕਿਆ। ਉਸੇ ਤਰ੍ਹਾਂ ਹੀ ਪ੍ਰਭੂ ਦੇ ਅਨੇਕਾਂ ਅਵਤਾਰ ਹਨ। ਜਿਨ੍ਹਾਂ ਨੇ ਸਤ-ਚਿਤ-ਅਨੰਦ ਸਰੂਪ ਪ੍ਰਾਪਤ ਕੀਤਾ ਹੈ,ਉਹ ਵਾਹਿਗੁਰੂ ਹੀ ਉਨ੍ਹਾਂ ਸਾਰਿਆਂ ਨੂੰ ਸ਼ਕਤੀ ਦੇ ਰਿਹਾ ਹੈ। ਜੋ ਪੰਡਤ ਬਹੁਤ ਵਿੱਦਿਆ ਪੜ੍ਹ ਕੇ ਵੀ ਗਿਆਨ ਤੋਂ ਵਿਹੂਣੇ ਹੀ ਮੁੱਖੋਂ ਬੋਲਦੇ ਹਨ। ਸਰਗੁਣ ਭਗਤੀ ਬਹੁਤੀ ਧਾਰਨ ਕਰਦੇ ਹਨ ਪਰ ਸੰਤਾਂ ਦੇ ਨਾਲ ਦੁਸ਼ਮਣੀ ਕਮਾਉਂਦੇ ਹਨ। ਇਹ ਸ਼ਬਦ ਉਨ੍ਹਾਂ ਦੇ ਪਰਥਾਏ ਹਨ,ਜਿਹੜੇ ਨਿਰਗੁਣ-ਸਰਗੁਣ ਦੇ ਪੱਖਾਂ ਵਿਚ ਬੱਝੇ ਹੋਏ ਹਨ। ਸਰੀਰ ਧਾਰਨ ਕਰਨ ਦਾ ਧਰਮ ਇਹੋ ਹੀ ਹੈ,ਜਿਸ ਕਰ ਕੇ ਬਹੁਤ ਸਾਰੇ ਦੁਖ ਸੁਖ ਪ੍ਰਾਪਤ ਹੁੰਦੇ ਹਨ। ਗਿਆਨਵਾਨ ਸਰੀਰ ਨੂੰ ਮਿਥਿਆ ਸਮਝਦੇ ਹਨ। ਉਹ ਦੁੱਖਾਂ ਅਤੇ ਸੁਖਾਂ ਨੂੰ ਇੱਕ ਸਮਾਨ ਝੂਠੇ ਜਾਣਦੇ ਹਨ। ਇਕ ਮਨੁੱਖ ਪ੍ਰਮਾਤਮਾ ਦੇ ਭਗਤ ਹੋਏ ਹਨ ਤੇ ਕਈ ਕਥਨ ਦੇ ਉਪਾਸ਼ਕ ਦੇਖੀਦੇ ਹਨ। ਜਿੰਨ੍ਹਾਂ ਨੇ ਪਰਮਾਤਮਾ ਦੀ ਉਪਾਸ਼ਨਾ ਕੀਤੀ ਹੁੰਦੀ ਹੈ,ਉਹ ਸਾਰਿਆਂ ਵਿਚ ਪਰਮਾਤਮਾ ਦੀ ਮੌਜੂਦਗੀ ਇਕ ਸਮਾਨ ਦੇਖਦੇ ਹਨ। ਅਕਾਲ ਪੁਰਖ ਸਭ ਵਿਚ ਵਸਿਆ ਹੋਇਆ ਹੈ,ਉਹ ਕਿਸੇ ਨਾਲ ਵੈਰ ਨਹੀਂ ਧਰਦੇ। ਜਿਹੜੇ ਮਨੁੱਖ ਕਥਨ ਦੇ ਉਪਾਸ਼ਕ ਹਨ,ਉਹ ਹਿਰਦੇ ਵਿਚ ਕਿਸ਼ਨ ਨੂੰ ਸਿਮਰਦੇ ਹਨ ਤੇ ਰਾਮ ਨੂੰ ਘੱਟ ਕਹਿੰਦੇ ਹਨ। ਜੋ ਰਾਮ ਦੀ ਉਪਾਸ਼ਨਾ ਭਾਵ ਭਗਤੀ ਕਰਨ ਵਾਲੇ ਹਨ,ਉਹ ਕ੍ਰਿਸ਼ਨ ਵਿਚ ਦੋਸ਼ ਕਥਨ ਕਰਦੇ ਹਨ। ਉਹ ਅਜਿਹੇ ਬਹੁਤ ਤਰਕ ਪੈਦਾ ਕਰਦੇ ਹਨ,ਪਰ ਉਹ ਪਰਮਾਤਮਾ ਦੇ ਰੂਪ ਦਾ ਭੇਦ ਨਹੀਂ ਪਾਉਂਦੇ। ਇਸ ਲਈ ਤੁਸੀਂ ਪਰਮਾਤਮਾ ਦੇ ਉਪਾਸ਼ਕ ਬਣੋ ਅਤੇ ਵੈਰ ਰਹਿਤ ਹੋ ਕੇ ਵਿਕਾਰਾਂ ਦਾ ਨਾਸ਼ ਕਰੋ। ਸਤਿਗੁਰੂ ਜੀ ਤੋਂ ਉਪਦੇਸ਼ ਸੁਣ ਕੇ ਸਿੱਖਾਂ ਨੇ ਆਪਣਾ ਸ਼ੰਕਾ ਦੂਰ ਕੀਤਾ ਅਤੇ ਜੋ ਆਪਣਾ ਅਸਲ ਸਰੂਪ ਸੀ ਉਸ ਨੂੰ ਜਾਣ ਲਿਆ।

**ਕਾਲੂ ਤੇ ਚਾਊ ਗੋਤ ਬੰਮੀ ਜਾਤ ਗੁੱਜਰ, ਗੋਇੰਦ ਗੋਤ ਘੇਈ, ਮੂਲਾ ਤੇ ਹਿੰਮਾ ਗੋਤ ਕਪਾਹੀ, ਧਾਰੋ ਗੋਤ ਸੂਰੀ, ਛੱਜੂ ਤੇ ਨਿਹਾਲੂ ਗੋਤ ਭੱਲੇ, ਰਾਮੂ ਕੋਹਲੀ, ਤੁਲਸਾ ਗੋਤ ਵਹੁਰਾ, ਸਾਈਂ ਦਿੱਤਾ, ਆਕੁਲ, ਦਮੋਦਰ ਤੇ**

**ਭਾਈ ਮਿੱਤਾ, ਵਿਗਹਿਮੱਲ, ਭਾਨਾ ਗੋਤ ਆਵਲ, ਬੁੱਧੂ ਛੀਂਬਾ, ਪਿੱਖਾ ਅਤੇ ਟੋਡਾ, ਭੱਟ:-** ਕਾਲੂ ਤੇ ਚਾਊ ਗੋਤ ਬੰਮੀ ਜਾਤ ਗੁੱਜਰ,ਗੋਇੰਦ ਗੋਤ ਘੇਈ,ਮੂਲਾ ਤੇ ਹਿੰਮਾ ਗੋਤ ਕਪਾਹੀ, ਧਾਰੋ ਗੋਤ ਸੂਰੀ,ਛੱਜੂ ਤੇ ਨਿਹਾਲੂ ਗੋਤ ਭੱਲੇ, ਰਾਮੂ ਕੋਹਲੀ, ਤੁਲਸਾ ਗੋਤ ਵਹੁਰਾ, ਸਾਈਂ ਦਿੱਤਾ,ਆਕੁਲ,ਦਮੋਦਰ ਤੇ ਭਾਈ ਮਿੱਤਾ, ਵਿਗਹਿਮੱਲ, ਭਾਨਾ ਗੋਤ ਆਵਲ,ਬੁੱਧੂ ਛੀਂਬਾ,ਪਿੱਖਾ ਅਤੇ ਟੋਡਾ, ਭੱਟ ਇਹ ਸੋਲ਼ਾਂ ਜਣੇ ਸੁਲਤਾਨਪੁਰ ਦੇ ਵਾਸੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੋਲ ਚੱਲ ਕੇ ਆਏ। ਚਰਨ ਕਮਲਾਂ ਤੇ ਨਮਸਕਾਰ ਕੀਤੀ ਅਤੇ ਸਮਰੱਥਾ ਅਨੁਸਾਰ ਗੁਰੂ ਜੀ ਦੇ ਅੱਗੇ ਭੇਟਾ ਰੱਖੀ। ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਅਸੀਂ ਸਾਰੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਿੱਖ ਸਾਂ ਉਨ੍ਹਾਂ ਨੇ ਸਾਨੂੰ ਉਪਦੇਸ ਦਿੱਤਾ ਧਰਮ ਦੀ ਕਿਰਤ ਕਰਦੇ ਹੋਏ ਸਿੱਖਾਂ ਦੀ ਸੇਵਾ ਕਰੋ, ਮਿੱਠਾ ਬੋਲੋ, ਮਨ ਵਿਚ ਨਿਮਰਤਾ ਰੱਖੋ, ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਬਾਣੀ ਪੜ੍ਹੋ, ਪ੍ਰੇਮ ਧਾਰਨ ਕਰ ਕੇ ਆਪਣੀ ਕਿਰਤ ਕਰੋ। ਅਸੀਂ ਉਸੇ ਪ੍ਰਕਾਰ ਹੀ ਕਰਦੇ ਰਹੇ ਪਰ ਫੇਰ ਵੀ ਮਨ ਨੂੰ ਸ਼ਾਂਤੀ ਨਹੀਂ ਮਿਲੀ ਕਿਰਪਾ ਕਰੋ ਹੁਣ ਅਜਿਹਾ ਉਪਦੇਸ ਦਿਉ ਜਿਸ ਨਾਲ ਮਨ ਨੂੰ ਬਹੁਤ ਸ਼ਾਂਤੀ ਪ੍ਰਾਪਤ ਹੋਵੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਬਚਨ ਕੀਤਾ ਰਜੋ ਗੁਣ ਅਤੇ ਤਮੋ ਗੁਣ ਦਾ ਜੇਕਰ ਤਿਆਗ ਨਹੀਂ ਕੀਤਾ ਹਿਰਦੇ ਅੰਦਰ ਸਤੋ ਗੁਣ ਨੂੰ ਧਾਰਨ ਨਹੀਂ ਕੀਤਾ ਤਦ ਤੱਕ ਚੰਗੀ ਤਰ੍ਹਾ ਵਿਚਾਰ ਲਵੋ ਆਪ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਸਿੱਖਾਂ ਨੇ ਸੁਣ ਕੇ ਗੁਰੂ ਜੀ ਤੋਂ ਪੁਛਿਆ ਇਨ੍ਹਾਂ ਗੁਣਾਂ ਦੀ ਪਰਖ ਕਿਵੇਂ ਕਰੀਏ। ਸ੍ਰੀ ਗੁਰੂ ਜੀ ਨੇ ਬਚਨ ਕੀਤਾ ਹਿੰਸਾ ਕਰਨੀ ਕ੍ਰੋਧ ਕਰਨਾ ਇਹ ਤਾਮਸੀ ਗੁਣ ਹਨ, ਮਨ ਵਿਚ ਲੋਭ ਕਰਨਾ ਅਤੇ ਹੰਕਾਰ ਕਰਨਾ ਇਹ ਰਜੋ ਗੁਣ ਹੈ, ਮਿੱਠਾ ਬੋਲਣਾ ਨੀਵਾਂ ਹੋ ਕੇ ਚੱਲਣਾ ਇਹ ਸਤੋ ਗੁਣ ਹੈ। ਜੋ ਰਾਤ ਦਾ ਬੇਹਾ, ਮਿਰਚ ਮਸਾਲਿਆਂ ਵਾਲਾ ਭੋਜਨ ਖਾਵੇ ਉਹ ਬਹੁਤ ਸੌਂਦਾ ਹੈ ਅਤੇ ਦੂਸਰਿਆਂ ਦੀ ਨਿੰਦਾ ਕਰਦਾ ਹੈ, ਪਹਿਰਾਵਾ ਮੈਲਾ ਰੱਖਦਾ ਹੈ, ਬੁੱਧੀ ਤੋਂ ਹੀਣਾ ਝੂਠ ਬੋਲਦਾ ਹੈ, ਇਸ ਤੋਂ ਤਮੋ ਗੁਣ ਪੈਦਾ ਹੁੰਦੇ ਹਨ। ਜਿਹੜੇ ਮਿੱਠਾ ਅਤੇ ਸਲੂਣਾ ਭੋਜਨ ਛਕਦੇ ਹਨ, ਪਰਾਏ ਸਰੀਰਾਂ ਨੂੰ ਰਮਣਦੇ ਹਨ ਅਤੇ ਆਪਣੀ ਮਹਿਮਾ ਚਾਹੁੰਦੇ ਹਨ ਇਸ ਤਰ੍ਹਾਂ ਦੇ ਭੋਜਨ ਤੋਂ ਰਜੋ ਗੁਣ ਪ੍ਰਾਪਤ ਕਰਦੇ ਹਨ। ਜੋ ਸਾਫ ਸੁਥਰਾ ਪਹਿਰਾਵਾ ਰੱਖਦੇ ਹਨ ਅਤੇ ਇਸ਼ਨਾਨ ਕਰਦੇ ਹਨ, ਚੌਲ ਤੇ ਦਾਲ ਥੋੜੀ ਮਾਤਰਾ ਵਿਚ ਖਾਂਦੇ ਹਨ, ਇਸ ਤਰ੍ਹਾਂ ਕਰਨ ਨਾਲ ਸਤੋ ਗੁਣ ਪੈਦਾ ਹੁੰਦੇ ਹਨ। ਸੋ ਇਨ੍ਹਾਂ ਤਿੰਨਾ ਗੁਣਾਂ ਦੀ ਪਰਖ ਕਰਨ ਲਈ ਇੰਝ ਧਾਰਨ ਕਰੋ ਕਿ ਸਤੋ ਗੁਣ ਹੀ ਮੁੱਖ ਤੇ ਅੱਖਾਂ ਹਮੇਸ਼ਾਂ ਗੁਰੂ ਦੇ ਸਨਮੁਖ ਰਖਦੇ ਹਨ ਤੇ ਉਸ ਦੇ ਸਹੀ ਅਰਥ ਸਮਝਦੇ ਹੋਏ ਮਨ ਵਿਚ ਧਾਰਨ ਕਰਦੇ ਹਨ। ਜਦੋਂ ਮਨ ਟਿਕ ਜਾਂਦਾ ਹੈ ਡੋਲਦਾ ਨਹੀਂ ਤਾਂ ਫੇਰ ਸਤੋ ਗੁਣ ਪ੍ਰਾਪਤ ਹੋਇਆ ਜਾਣੋ। ਮਨ ਕਦੀ ਟਿਕ ਜਾਂਦਾ ਹੈ ਅਤੇ ਕਦੀ ਕਦੀ ਡੋਲਦਾ ਅਤੇ ਦੌੜਦਾ ਹੈ ਇਹ ਮਨ ਦਾ ਵਧਿਆ ਹੋਇਆ ਰਜੋ ਗੁਣ ਹੈ। ਜੇਕਰ ਮਨ

ਟਿਕਦਾ ਨਹੀਂ ਅਤੇ ਸਮਝ ਵੀ ਨਾ ਆਵੇ ਤਾਂ ਤਮੋ ਗੁਣ ਹੈ। ਸਤੋ ਗੁਣ ਨਾਲ ਮਨ ਦੀ ਬਿਰਤੀ ਇਕਾਗਰ ਹੁੰਦੀ ਹੈ ਅਤੇ ਆਤਮਕ ਗਿਆਨ ਪ੍ਰਾਪਤ ਹੋ ਕੇ ਹਿਰਦਾ ਪ੍ਰਕਾਸ਼ਮਾਨ ਹੋ ਜਾਂਦਾ ਹੈ। ਤਾਮਸੀ ਅਤੇ ਰਾਜਸੀ ਗੁਣਾ ਹਿੰਸਾ, ਕ੍ਰੋਧ, ਲੋਭ, ਹੰਕਾਰ, ਈਰਖਾ ਆਦਿ ਦਾ ਤਿਆਗ ਕਰਨ ਨਾਲ ਸਤੋ ਗੁਣ ਪੈਦਾ ਹੁੰਦਾ ਹੈ। ਸਤੋ ਗੁਣੀ ਪੁਰਸ਼ ਅਸਲ ਸੂਰਮੇ ਹਨ ਜੋ ਮਨ ਨੂੰ ਜਿੱਤ ਲੈਂਦੇ ਹਨ। ਅਜਿਹੇ ਮਨੁੱਖ ਹਰ ਇੱਕ ਦਾ ਭਲਾ ਲੋਚਦੇ ਹੋਏ ਸਾਰੀ ਮਾਨਵਤਾ ਦੀ ਸੇਵਾ ਕਰਦੇ ਹਨ। ਗੁਰਬਾਣੀ ਅਨੁਸਾਰ ਜਿਹੜਾ ਮਨੁੱਖ ਇਸ ਤ੍ਰੈਗੁਣੀ ਝਮੇਲੇ ਤੋਂ ਉਪਰ ਉੱਠ ਕੇ ਜੀਵਨ ਬਿਤਾਉਂਦਾ ਹੈ ਉਹ ਪਰਮ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

*ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਏ॥ (ਆਦਿ ੩੦)*

**ਭਾਈ ਦੀਪ ਗੋਤ ਕਾਸਰਾ:-** ਭਾਈ ਦੀਪ ਗੋਤ ਕਾਸਰਾ ਜੋ ਉੱਤਮ ਸਿੱਖ ਸੀ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜੂਰ ਰਹਿੰਦਾ ਸੀ। ਉਹ ਸਭ ਪ੍ਰਕਾਰ ਦੀ ਸੇਵਾ ਕਰਦਾ। ਜੋ ਵੀ ਸਿੱਖ ਗੁਰੂ ਜੀ ਦੇ ਦਰਬਾਰ ਵਿਚ ਆਉਂਦਾ ਉਹ ਉੱਤਮ ਭੋਜਨ ਬਣਾ ਕੇ ਉਨ੍ਹਾਂ ਨੂੰ ਛਕਾਉਂਦਾ ਅਤੇ ਉਨ੍ਹਾਂ ਦਾ ਬਚਿਆ ਹੋਇਆ ਆਪ ਲੈ ਕੇ ਖਾਂਦਾ। ਉਹ ਸਿੱਖਾਂ ਦੇ ਚਰਨ ਧੋਂਦਾ ਜੋ ਥੱਕੇ ਹੁੰਦੇ ਉਨ੍ਹਾ ਦੀ ਮੁਠੀ-ਚਾਪੀ ਕਰਦਾ। ਨੰਗੇ ਨੂੰ ਦੇਖ ਕੇ ਕੱਪੜੇ ਪਹਿਨਾਉਂਦਾ। ਗੁਰੂਸ਼ਬਦ ਦੀ ਵਿਚਾਰ ਚਰਚਾ ਉਸ ਦੇ ਮਨ ਨੂੰ ਹਮੇਸ਼ਾਂ ਚੰਗੀ ਲਗਦੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਕਿਹਾ ਇਕ ਦੀਵੇ ਦੇ ਪ੍ਰਕਾਸ਼ ਤੋਂ ਦੂਸਰਾ ਦੀਵਾ ਪ੍ਰਕਾਸ਼ ਪ੍ਰਾਪਤ ਕਰਦਾ ਹੈ ਅਤੇ ਹਨੇਰੇ ਦਾ ਨਾਸ ਹੋ ਜਾਂਦਾ ਹੈ ਉਸੇ ਤਰ੍ਹਾਂ ਭਾਈ ਦੀਪੇ ਨੂੰ ਗਿਆਨ ਦਾ ਪ੍ਰਕਾਸ਼ ਹੋ ਗਿਆ। ਅਸੀਂ ਇਸ ਨੂੰ ਦੀਪਕ ਸਮਾਨ ਕਰ ਦਿੱਤਾ ਹੈ। ਜੋ ਮਨੁੱਖ ਇਸ ਨੂੰ ਮਿਲੇਗਾ ਉਹ ਯਕੀਨਨ ਤਰ ਜਾਵੇਗਾ। ਇਸ ਪ੍ਰਕਾਰ ਜਿਨ੍ਹਾਂ ਨੇ ਸੇਵਾ ਕਮਾਈ ਕੀਤੀ ਉਹ ਗੁਰੂ ਜੀ ਦੀ ਚਰਨ ਸ਼ਰਨ ਵਿਚ ਆ ਕੇ ਮੁਕਤ ਹੋ ਗਏ।

**ਕਪੂਰ ਦੇਵ:-** ਇੱਕ ਕਪੂਰ ਦੇਵ ਨਾਮ ਦਾ ਸ੍ਰੇਸ਼ਟ ਸਿੱਖ ਸੀ। ਉਸ ਨੇ ਪੁੱਤਰ ਤੇ ਪਤਨੀ ਸਹਿਤ ਸਿੱਖੀ ਧਾਰਨ ਕੀਤੀ ਸੀ। ਉਹ ਸੇਵਾ ਕਰ ਕੇ ਸਿੱਖਾਂ ਨੂੰ ਖੁਸ਼ ਕਰਦਾ ਤੇ ਜਦ ਮਿਲਦਾ ਤਾਂ ਬੜਾ ਪ੍ਰੇਮ ਧਾਰ ਕੇ ਮਿਲਦਾ। ਇਕ ਦਿਨ ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੁੱਛਿਆ ਕਿ ਤੁਹਾਡੇ ਪਵਿੱਤਰ ਹਿਰਦੇ ਵਿਚ ਜੋ ਸਿੱਖ ਸਭ ਤੋਂ ਪਿਆਰਾ ਹੈ ਉਸ ਸਿੱਖ ਦੇ ਦਰਸ਼ਨ ਕਰਾਉ। ਇਹ ਦੱਸੋ ਕਿ ਉਹ ਇੱਥੇ ਹੀ ਰਹਿੰਦਾ ਹੈ ਕਿ ਕਿਸੇ ਹੋਰ ਥਾਂ ਤੇ ਰਹਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਆਪਣੇ ਮੁੱਖ ਤੋਂ ਫਰਮਾਇਆ, "ਮੇਰਾ ਪਿਆਰਾ ਸਿੱਖ ਸੰਮਨ ਹੈ ਜੋ ਸ਼ਾਹਬਾਜਪੁਰੇ ਵਿਚ ਰਹਿੰਦਾ ਹੈ। "ਇਹ ਸੁਣ ਕੇ ਕਪੂਰ ਦੇਵ ਉੱਥੇ ਚਲਾ ਗਿਆ ਤੇ ਜਾ ਕੇ ਉਸ ਨੇ ਸੰਮਨ ਨਾਲ ਮੇਲ ਮਿਲਾਪ ਕੀਤਾ। ਸੰਮਨ ਨੇ ਕਪੂਰ ਦੇਵ ਦੀ ਸੇਵਾ ਕਰਕੇ ਆਪਣੇ

ਘਰ ਵਿਚ ਨਿਵਾਸ ਕਰਵਾ ਦਿੱਤਾ ਤੇ ਫਿਰ ਆਪ ਇਸ ਤਰ੍ਹਾਂ ਕੰਮ ਕਰਨ ਲੱਗ ਪਿਆ। ਉਸ ਨੇ ਬਹੁਤ ਮੁੱਲ ਦੀਆਂ ਲੱਕੜਾਂ ਲਿਆਂਦੀਆਂ ਤੇ ਫਿਰ ਵਿਛਾਉਣ ਵਾਲੀ ਦਰੀ ਤਿਆਰ ਕਰਨੀ ਆਰੰਭ ਦਿੱਤੀ। ਹੋਰ ਦੂਸਰਾ ਸਾਮਾਨ,ਕੱਪੜੇ ਆਦਿ ਲਿਆਉਂਦਾ ਹੋਇਆ ਉਹ ਅਨੰਦ ਚਿੱਤ ਸੀ। ਉਸ ਨੇ ਸਾਰਾ ਕੁਝ ਤਿਆਰ ਕਰ-ਕਰ ਕੇ ਆਪਣੇ ਘਰ ਵਿਚ ਰੱਖ ਲਿਆ। ਮੂੰਹ ਤੋਂ ਵਾਹਿਗੁਰੂ ਨਾਮ ਦਾ ਸਿਮਰਨ ਕਰਦਾ ਰਿਹਾ।

ਕਪੂਰ ਦੇਵ ਸਭ ਕੁਝ ਦੇਖਦਾ ਰਿਹਾ, ਜਿਸ ਤਰ੍ਹਾਂ ਉਸ ਨੂੰ ਕੰਮ ਕਰਦੇ ਹੋਏ ਦੇਖਿਆ। ਜਦ ਉਹ ਕੰਮ ਖਤਮ ਕਰਕੇ ਉਸ ਕੋਲ ਆ ਗਿਆ ਤਾਂ ਕਪੂਰ ਦੇਵ ਦੇਖ ਕੇ ਬੜਾ ਹੈਰਾਨ ਹੋਇਆ। ਸੰਮਨ ਨੇ ਫਿਰ, ਕਪੂਰ ਦੇਵ ਦੇ ਕੋਲ ਬੈਠ ਕੇ ਪੁਛਿਆ, "ਮੇਰੇ ਧੰਨ ਭਾਗ! ਤੁਹਾਡੇ ਦਰਸ਼ਨ ਹੋਏ। ਤੁਸੀਂ ਮੇਰੇ ਤੇ ਕਿਰਪਾ ਕੀਤੀ ਹੈ ਜੋ ਮੈਨੂੰ ਆ ਕੇ ਦਰਸ਼ਨ ਦਿੱਤੇ ਹਨ। ਤੁਹਾਨੂੰ ਕੀ ਕੰਮ ਹੈ ਮੁੱਖ ਤੋਂ ਦੱਸੋ। " ਕਪੂਰ ਦੇਵ ਨੇ ਕਿਹਾ ਕੀ ਕਰੀਏ ਮੈਨੂੰ ਗੁਰੂ ਜੀ ਨੇ ਤੁਹਾਡੇ ਕੋਲ ਭੇਜਿਆ ਹੈ,ਤੁਸੀਂ ਮੇਰੇ ਕੋਲ ਥੋੜ੍ਹਾ ਚਿਰ ਵੀ ਨਹੀਂ ਬੈਠੇ। ਤਾਂ ਸੰਮਨ ਨੇ ਕਿਹਾ ਕਿ ਇਹ ਕੰਮ ਬੜਾ ਜਰੂਰੀ ਸੀ ਹੁਣ ਮੈਂ ਸਾਰੀ ਰਾਤ ਤੁਹਾਡੇ ਕੋਲ ਹਾਜਰ ਰਹਾਂਗਾ। ਸੰਮਨ ਨੇ ਦਿਨ ਵਿਚ ਸਾਰਾ ਕੰਮ ਧੰਦਾ ਕਰ ਲਿਆ ਤੇ ਫਿਰ ਰਾਤ ਨੂੰ ਪਿਉ ਪੁੱਤਰ ਨੇ ਕੀਰਤਨ ਕੀਤਾ। ਉਸ ਕਪੂਰ ਦੇਵ ਦੇ ਕੋਲ ਰਹਿ ਕੇ ਖੁਸ਼ ਕੀਤਾ। ਜਦ ਸਵੇਰ ਹੋਈ ਤਾਂ ਸੂਰਜ ਚੜ੍ਹਨ ਤੇ ਪ੍ਰਕਾਸ਼ ਹੋ ਗਿਆ। ਉਥੇ ਧਾੜਵੀ ਮਾਲ ਲੈ ਕੇ ਆ ਰਹੇ ਸਨ,ਜਿਨ੍ਹਾਂ ਦੇ ਪਿੱਛੇ ਇੱਕ ਵੱਡੀ ਵਹੀਰ (ਟੋਲੀ) ਪਈ ਹੋਈ ਸੀ। ਉਨ੍ਹਾਂ ਦੇ ਵਿਚ ਸੰਮਨ ਦਾ ਪੁੱਤਰ ਚਲਾ ਗਿਆ। ਉਸ ਦੇ ਗੋਲੀ ਲੱਗੀ ਤੇ ਉਹ ਮਰ ਗਿਆ। ਸੰਮਨ ਨੇ ਪਹਿਲਾਂ ਹੀ ਬਹੁਤ ਲੱਕੜੀਆਂ ਇਕੱਠੀਆਂ ਕਰ ਕੇ ਤਿਆਰੀ ਕੀਤੀ ਹੋਈ ਸੀ। ਉਨ੍ਹਾਂ ਲੱਕੜਾਂ ਨੂੰ ਲੈ ਕੇ ਉਸ ਨੇ ਆਪਣੇ ਪੁੱਤਰ ਦੀ ਚਿਖਾ ਤਿਆਰ ਕੀਤੀ। ਜਦ ਉਸ ਦੇ ਪੁੱਤਰ ਨੂੰ ਚੁੱਕ ਕੇ ਸ਼ਮਸ਼ਾਨ ਘਾਟ ਵੱਲ ਲੈ ਚੱਲੇ ਤਾਂ ਸੰਮਨ ਸ੍ਰੇਸ਼ਟ ਕੀਰਤਨ ਕਰਨ ਲੱਗ ਪਿਆ। ਉਹ ਮਿਰਤਕ ਪੁੱਤਰ ਦੇ ਅੱਗੇ ਚਲਾ ਗਿਆ ਤੇ ਲੱਕੜਾਂ ਨਾਲ ਉਸ ਦਾ ਦਾਹ ਸਸਕਾਰ ਕਰ ਦਿੱਤਾ। ਜਦੋਂ ਲੋਕੀਂ ਉਸ ਦੇ ਪੁੱਤਰ ਦਾ ਅਫਸੋਸ ਕਰਨ ਲਈ ਆਏ ਤਾਂ ਉਸ ਨੇ ਸ਼ਤਰੰਜੀ ਚਟਾਈ ਵਿਛਾ ਦਿੱਤੀ। ਕਪੂਰ ਦੇਵ ਇਹ ਸਭ ਕੁਝ ਦੇਖ ਕੇ ਹੈਰਾਨ ਹੋ ਗਿਆ ਤੇ ਉਸ ਨੇ ਕਿਹਾ ਕਿ ਜੇਕਰ ਤੁਹਾਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਤਾਂ ਗੁਰੂ ਜੀ ਕੋਲ ਪੁੱਤਰ ਦੀ ਹੋਰ ਉਮਰ ਮੰਗ ਲੈਂਦੇ ਤਾਂ ਕਿ ਉਹ ਗੁਰੂ ਜੀ ਦੇ ਵਰ ਨਾਲ ਜਿਉਂਦਾ ਰਹਿੰਦਾ। ਸੰਮਨ ਨੇ ਕਿਹਾ ਕਿ ਇਹ ਸਰੀਰ ਨਾਸ਼ਵਾਨ ਹੈ। ਹੇ ਮੇਰੇ ਮਿੱਤਰ ਇਸ ਦਾ ਨਾਸ਼ ਹੋ ਜਾਣਾ ਹੈਰਾਨ ਵਾਲੀ ਗੱਲ ਨਹੀਂ। ਜਿਹੜੇ ਸਰੀਰ ਦੇ ਨਾਸ਼ ਹੋ ਜਾਣ ਤੇ ਅਫਸੋਸ ਕਰਦੇ ਹਨ,ਉਨ੍ਹਾਂ ਵਰਗਾ ਮੂਰਖ ਕੋਈ ਹੋਰ ਜੀਵ ਨਹੀਂ ਹੈ। ਗੁਰੂ ਤੋਂ ਸਹਾਈ ਹੋਣ ਵਾਲੇ ਨਾਮ ਦੀ ਦਾਤ ਮੰਗਣੀ ਚਾਹੀਦੀ ਹੈ; ਜੋ ਪਰਲੋਕ ਵਿਚ ਵੀ ਨਾਲ ਜਾਂਦਾ ਹੈ। ਇਹ ਪਿਉ-ਪੁੱਤਰ ਸਭ ਚਾਰ ਦਿਨ ਦੀ ਖੇਡ ਹੈ। ਇਹ ਸਰੀਰ ਪੰਜ

ਵਿਰੋਧੀ ਤੱਤਾਂ ਦਾ ਮੇਲ ਹੈ ਜੋ ਆਪਣੇ ਕਰਮਾਂ ਦਾ ਨਤੀਜਾ ਭੋਗ ਕੇ ਵੱਖ ਹੋ ਜਾਂਦਾ ਹੈ। ਨਾ ਕੋਈ ਮਰਦਾ ਹੈ ਤੇ ਨਾ ਹੀ ਕੋਈ ਜੰਮਦਾ ਹੈ। ਇਨਸਾਨ ਆਪਣਾ ਮੂਲ-ਸਰੂਪ ਵਿਸਾਰ ਕੇ ਦੁੱਖ ਪਾਉਂਦਾ ਹੈ ਤੇ ਗੁਰੂ ਦੇ ਬਚਨਾ ਤੇ ਵਿਚਾਰ ਕਰਨ ਨਾਲ ਸੁਖ ਮਿਲਦਾ ਹੈ। ਨਾ ਕੁਝ ਜੰਮਦਾ ਹੈ ਤੇ ਨਾ ਹੀ ਕੁਝ ਮਰਦਾ ਹੈ,ਆਪਣੇ ਚੋਜ ਆਪ ਹੀ ਕਰਦਾ ਹੈ। ਇਹ ਗੁਰਵਾਕ ਹੈ:-

*ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥*
*ਆਦਿ ੨੮੧*

*ਇਹੁ ਗੁਰਵਾਕ ਬਿਚਾਰਹੁ ਤਾਸ॥ ਘਟ ਮਟ ਤੇ ਨ ਬਿਕਾਰ ਅਕਾਸ਼॥*

ਇਸ ਨੂੰ ਵਿਚਾਰੋ। ਜਿਵੇਂ ਘੜਿਆਂ ਦੇ ਨਸ਼ਟ ਹੋਣ ਨਾਲ ਆਕਾਸ਼ ਵਿਚ ਕੋਈ ਤਬਦੀਲੀ ਨਹੀਂ ਹੁੰਦੀ ਇਸੇ ਤਰ੍ਹਾਂ ਇਹ ਸਰੀਰ ਜਨਮ ਮਰਨ ਦੇ ਚੱਕਰ ਵਿਚ ਹੈ ਤੇ ਆਤਮਾ ਦੋਵਾਂ ਤੋਂ ਵੱਖਰੀ ਹੈ ਭਾਵ ਆਤਮਾ ਉੱਤੇ ਇਨ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ। ਇਹ ਸੁਣ ਕੇ ਕਪੂਰ ਦੇਵ ਨੇ ਨਮਸਕਾਰ ਕੀਤੀ ਤੇ ਕਿਹਾ ਕਿ ਗੁਰੂ ਜੀ ਦਾ ਸਿੱਖ ਧੰਨ ਹੈ,ਜਿਸਨੇ ਮੋਹ ਦਾ ਵਿਨਾਸ਼ ਕੀਤਾ ਹੈ।

**ਗੋਇੰਦ, ਗੋਲਾ ਤੇ ਮੋਹਨ, ਜਾਤ ਕੁਕ:-** ਗੋਇੰਦ,ਗੋਲਾ ਤੇ ਮੋਹਨ, ਜਾਤ ਕੁਕ ਇਹ ਤਿੰਨੋ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਏ ਤੇ ਨਮਸਕਾਰ ਕਰਕੇ ਬੇਨਤੀ ਕਥਨ ਕੀਤੀ, "ਜਿਸ ਤਰੀਕੇ ਨਾਲ ਸਾਡਾ ਉਧਾਰ ਹੋ ਜਾਵੇ ਆਪ ਸਾਨੂੰ ਉਹ ਉਪਦੇਸ਼ ਉਚਾਰਨ ਕਰੋ। " ਸ੍ਰੀ ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ ਹਮੇਸ਼ਾਂ ਸਰਬਕਲਾ-ਸਮਰੱਥ ਵਾਹਿਗੁਰੂ ਦਾ ਨਾਮ ਜਪੋ। ਦਿਨ ਰਾਤ ਮਰਨਾ ਯਾਦ ਰੱਖੋ ਤੇ ਮਨ ਵਿਚ ਵਿਚਾਰ ਕੇ ਜਾਣ ਲਵੋ ਕਿ ਕੋਈ ਪਾਪ ਨਾ ਹੋਵੇ। ਜਦ ਪਾਪ ਕਰਨ ਤੋਂ ਹਟ ਗਏ ਤਾਂ ਪਿਛਲੇ ਪਾਪ ਪਰਮਾਤਮਾ ਦਾ ਨਾਮ ਜਪਣ ਨਾਲ ਨਾਸ਼ ਹੋ ਜਾਣਗੇ। ਪਵਿੱਤਰ ਹੋ ਕੇ ਬਹੁਤ ਸੁਖ ਪਾਉ ਤੇ ਆਪਣੇ ਅੰਦਰਲੇ ਜ਼ਮੀਰ ਨੂੰ ਉਜਲਾ ਬਣਾਉ। ਫਿਰ ਗਿਆਨ ਦੀ ਪ੍ਰਾਪਤੀ ਹੋਵੇਗੀ ਤੇ ਆਪ ਦੇ ਜਨਮ ਮਰਨ ਦੇ ਸਭ ਦੁੱਖ ਦੂਰ ਹੋ ਜਾਣਗੇ। ਸ੍ਰੀ ਗੁਰੂ ਦੇ ਮੁੱਖ ਤੋਂ ਇਹ ਉਪਦੇਸ ਸੁਣ ਕੇ ਉਹ ਹਮੇਸ਼ਾਂ ਲਈ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲੱਗ ਪਏ। ਗੁਰੂ ਜੀ ਦੇ ਕੋਲ ਰਹਿ ਕੇ ਸੇਵਾ ਕਰਦੇ ਰਹੇ ਤੇ ਅਖੀਰ ਤਿੰਨਾ ਨੇ ਮੁਕਤ-ਪਦ ਪ੍ਰਾਪਤ ਕੀਤਾ।

**ਭਾਈ ਮੋਹਨ, ਆਲਮ ਚੰਦ ਨਿਵਾਸੀ ਲਾਹੌਰ ਅਤੇ ਜੋਧਾ ਤੇ ਜੱਲੋ ਨਿਵਾਸੀ ਤੁਲਸਪੁਰ:-** ਭਾਈ ਮੋਹਨ,ਆਲਮ ਚੰਦ ਨਿਵਾਸੀ ਲਾਹੌਰ ਅਤੇ ਜੋਧਾ ਤੇ ਜੱਲੋ ਨਿਵਾਸੀ ਤੁਲਸਪੁਰ ਇਹ ਚਾਰੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਸਨ। ਉਹ ਸਿੱਖਾਂ ਵਿਚ ਫਿਰ ਫਿਰ ਕੇ ਧਨ ਇਕੱਠਾ ਕਰ ਕੇ ਲਿਆਉਂਦੇ ਸਨ। ਉਹ ਗੁਰੂ ਭੇਟਾ ਵਿਚੋਂ ਇਕ ਕੌਡੀ ਵੀ ਆਪ ਨਹੀਂ ਖਾਂਦੇ ਸਨ। ਉਹ ਇਹ ਜਾਣਦੇ ਸਨ

ਕਿ ਇਹ ਇਕ ਬਹੁਤ ਵੱਡਾ ਪਾਪ ਹੈ। ਜਿਵੇਂ ਭੋਜਨ ਵਿਚ ਮੱਖੀ ਪੈ ਜਾਵੇ ਤਾਂ ਉਹ ਰੱਖੀ ਨਹੀਂ ਰਹਿੰਦੀ ਭਾਵ ਪਚ ਨਹੀਂ ਸਕਦੀ, ਉਲਟੀ ਕਰਵਾ ਦਿੰਦੀ ਹੈ। ਇਸੇ ਤਰ੍ਹਾਂ ਜੋ ਗੁਰੂ ਘਰ ਦਾ ਧਨ ਛੁਪਾਉਂਦੇ ਹਨ, ਉਹ ਸਾਰੇ ਧਨ-ਪਦਾਰਥ ਨਸ਼ਟ ਕਰ ਲੈਂਦੇ ਹਨ ਅਤੇ ਇਹ ਧਨ ਸਰੀਰ ਨੂੰ ਕਮਜ਼ੋਰ (ਬਲਹੀਣ) ਕਰ ਦਿੰਦਾ ਹੈ। ਇਸ ਕਰਕੇ ਸਿਆਣੇ ਇਸ ਨੂੰ ਲੁਕਾਉਂਦੇ ਨਹੀਂ ਸਨ। ਉਹ ਚਾਰੇ ਇੱਕ ਦਿਨ ਰੱਥ ਵਿਚ ਚੜ੍ਹ ਕੇ ਬਹੁਤ ਅਨੰਦ ਸਹਿਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ। ਜਦੋਂ ਉਹ ਕਿੰਨਾ ਸਾਰਾ ਰਸਤਾ ਚੱਲ ਕੇ ਆਏ ਤਾਂ ਅੱਗੋਂ ਇਕ ਸੱਪ ਨਿਕਲਿਆ। ਉਹ ਆਪਣੇ ਵੱਡੇ ਫੰਨ ਨੂੰ ਉੱਚਾ ਕਰ ਕੇ ਰੱਥ ਦੇ ਸਾਹਮਣੇ ਆ ਪਹੁੰਚਿਆ। ਉਨ੍ਹਾਂ ਮਸੰਦਾਂ ਨੇ ਸੱਪ ਨੂੰ ਦੇਖ ਕੇ ਰੱਥ ਨੂੰ ਦੂਸਰੇ ਪਾਸੇ ਕਰ ਲਿਆ। ਸੱਪ ਫਿਰ ਉਨ੍ਹਾਂ ਦੇ ਸਾਹਮਣੇ ਆ ਗਿਆ। ਤਦ ਇਹ ਦੇਖ ਕੇ ਮੋਹਨ ਰੱਥ ਵਿਚੋਂ ਉੱਤਰ ਗਿਆ ਤੇ ਇਕ ਘੜਾ ਲੈ ਕੇ ਸੱਪ ਦੇ ਅੱਗੇ ਰੱਖ ਦਿੱਤਾ ਤੇ ਉਸ ਨੇ ਕਿਹਾ ਜੇਕਰ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਇਸ ਘੜੇ ਵਿਚ ਪਰਵੇਸ਼ ਕਰ ਲਉ। ਤਾਂ ਉਹ ਸੱਪ ਇਕ ਦਮ ਘੜੇ ਵਿਚ ਦਾਖਲ ਹੋ ਗਿਆ ਤੇ ਮੋਹਨ ਨੇ ਕਟੋਰੇ ਨਾਲ ਘੜੇ ਦਾ ਮੂੰਹ ਢਕ ਦਿੱਤਾ। ਉਹ ਘੜੇ ਨੂੰ ਰੱਥ ਵਿਚ ਰੱਖ ਕੇ ਅੰਮ੍ਰਿਤਸਰ ਆ ਗਏ। ਪਹਿਲਾਂ ਉਨ੍ਹਾਂ ਨੇ ਉੱਥੇ ਉੱਤਰ ਕੇ ਨਿਵਾਸ ਕੀਤਾ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੋਲ ਆ ਗਏ। ਹੱਥ ਜੋੜ ਕੇ ਉਨ੍ਹਾਂ ਮੱਥਾ ਟੇਕਿਆ। ਗੁਰੂ ਜੀ ਨੇ ਮਸੰਦਾ ਨੂੰ ਕਿਹਾ, "ਦੱਸੋ ਤੁਸੀਂ ਕਿੰਨੇ ਜਣੇ ਹੋ,ਜੋ ਦਰਸ਼ਨ ਕਰਨ ਲਈ ਆਏ ਹੋ।" ਉਨ੍ਹਾਂ ਨੇ ਸੁਣ ਕੇ ਕਿਹਾ, "ਹੇ ਗਰੀਬਾਂ ਤੇ ਕਿਰਪਾ ਕਰਨ ਵਾਲੇ ਕਿਰਪਾਲੂ ਗੁਰੂ ਜੀ! ਅਸੀਂ ਅੱਜ ਚਾਰੋ ਹੀ ਮਿਲਣ ਆਏ ਹੋਏ ਹਾਂ।" ਤਦ ਗੁਰੂ ਜੀ ਨੇ ਫੁਰਮਾਇਆ, "ਇਹ ਪੰਜ ਸਿੱਖ ਹਨ,ਇੰਨ੍ਹਾਂ ਪੰਜਾਂ ਨੂੰ ਪ੍ਰਸ਼ਾਦਿ ਦੇਵੋ। ਘੜੇ ਵਿਚ ਪਾ ਕੇ ਜਿਹੜਾ ਸੱਪ ਲਿਆਂਦਾ ਹੈ, ਉਹ ਪਹਿਲੇ ਜਨਮ ਵਿਚ ਵੱਡਾ ਮਸੰਦ ਸੀ। ਇਸ ਦਾ ਹਿਰਦਾ ਹਮੇਸ਼ਾਂ ਹੰਕਾਰ ਵਿਚ ਹੀ ਮਗਨ ਰਿਹਾ ਤੇ ਇਹ ਸਿੱਖਾਂ ਦੇ ਅੱਗੇ ਨਿਮਰ ਨਹੀਂ ਹੋਇਆ। ਇਸੇ ਕਰਕੇ ਵੱਡੇ ਫੰਨ ਵਾਲੇ ਸੱਪ ਦੀ ਹਾਲਤ (ਜੂਨੀ) ਪ੍ਰਾਪਤ ਕੀਤੀ ਹੈ ਅਤੇ ਇਸ ਨੇ ਗੁਰੂ ਘਰ ਦੀ ਭੇਟਾ ਲੁਕੋ ਕੇ ਰੱਖੀ ਸੀ। ਇਸ ਕਰਕੇ ਇਹ ਬਹੁਤ ਜ਼ਹਿਰ ਭਰਿਆ ਵੱਡਾ ਸੱਪ ਬਣਿਆ ਹੈ। ਹੁਣ ਉਸ ਨੂੰ ਮੇਰੇ ਸਾਹਮਣੇ ਲੈ ਕੇ ਆਵੋ।" ਗੁਰੂ ਜੀ ਦਾ ਬਚਨ ਸੁਣ ਕੇ ਉਹ ਉਸ ਘੜੇ ਨੂੰ ਚੁੱਕ ਕੇ ਲੈ ਆਏ। ਦਰਬਾਰ ਵਿਚ ਰੱਖ ਕੇ ਉਸ ਘੜੇ ਦਾ ਮੂੰਹ ਖੋਲ੍ਹ ਦਿੱਤਾ ਗਿਆ। ਸੱਪ ਫੰਨ ਉੱਚਾ ਕਰ ਕੇ ਬਾਹਰ ਨਿੱਕਲ ਆਇਆ ਜਿਸ ਨੂੰ ਸਾਰਿਆਂ ਵਿਚ ਖੜ੍ਹੇ ਪਰਗਟ ਰੂਪ ਵਿਚ ਦੇਖਿਆ ਗਿਆ। ਗੁਰੂ ਜੀ ਨੇ ਕਿਹਾ ਸਰੋਵਰ ਦਾ ਜਲ ਲੈ ਕੇ ਆਉ ਤੇ ਇਸ ਦੇ ਸਾਰੇ ਸਰੀਰ ਤੇ ਛਿੜਕਾ ਕਰ ਦੇਵੋ। ਜਲ ਦੇ ਛਿੜਕਾਅ ਤੋਂ ਬਾਅਦ ਸੱਪ ਨੇ ਤੁਰੰਤ ਹੀ ਆਪਣੇ ਸਰੀਰ ਦਾ ਤਿਆਗ ਕਰ ਦਿੱਤਾ ਅਤੇ ਉਸ ਦਾ ਜੋਤ ਸਰੂਪ ਅਕਾਸ਼ ਵਿਚ ਲੀਨ ਹੋ ਗਿਆ। ਜਿਹੜਾ ਸ੍ਰੀ ਅੰਮ੍ਰਿਤਸਰ ਸਰੋਵਰ ਦੇ

ਦਰਸ਼ਨ ਕਰਦਾ ਹੈ ਉਹ ਮਨੁੱਖ ਆਪਣੇ ਅਨੇਕਾਂ ਦੁੱਖਾਂ ਨੂੰ ਦੂਰ ਕਰ ਲੈਂਦਾ ਹੈ। ਜਿਹੜੇ ਇਨਸਾਨ ਸ਼ਰਧਾ ਨਾਲ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਨ ਉਨ੍ਹਾਂ ਦਾ ਕਲਿਆਣ ਕਿਉਂ ਨਹੀਂ ਹੋਵੇਗਾ।

**ਢੇਸੀ ਤੇ ਜੋਧ ਬ੍ਰਾਹਮਣ:-** ਢੇਸੀ ਤੇ ਜੋਧ ਬ੍ਰਾਹਮਣ ਦੋਵੇ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੋਲ ਚੱਲ ਕੇ ਆਏ ਤੇ ਉਨ੍ਹਾਂ ਨਮਸਕਾਰ ਕਰਕੇ ਬੇਨਤੀ ਕੀਤੀ, "ਜੋ ਵੱਡੇ ਗਿਆਨਵਾਨ ਬ੍ਰਾਹਮਣ ਹਨ, ਉਹ ਸਾਨੂੰ ਪੰਗਤ ਵਿਚ ਨਹੀਂ ਬਿਠਾਉਂਦੇ। ਉਨ੍ਹਾਂ ਪੰਡਤਾਂ ਨੇ ਸਾਨੂੰ ਸਭ ਦੇ ਵਿਚ ਬੈਠ ਕੇ ਸੁਣਾਇਆ ਹੈ, ਤੁਸੀਂ ਜਗਤ ਗੁਰੂ ਬ੍ਰਾਹਮਣ ਦਾ ਸਰੀਰ ਪ੍ਰਾਪਤ ਕੀਤਾ ਹੈ, ਖੱਤਰੀਆਂ ਦੇ ਸਿੱਖ ਹੋਈ ਜਾ ਰਹੇ ਹੋ। ਗੰਗਾ ਤੇ ਕਾਸ਼ੀ ਆਦਿ ਦੇ ਹੋਰ ਜਿਹੜੇ ਸਥਾਨ ਸਨ ਇਹੀ ਵਿਸ਼ਨੂੰ ਤੇ ਮਹਾਂਦੇਵ ਦੇ ਸ੍ਰੇਸ਼ਟ ਨਗਰ ਹਨ,ਉਹ ਤੁਸੀਂ ਤਿਆਗ ਦਿੱਤੇ ਹਨ ਤੇ ਉਨ੍ਹਾਂ ਨੂੰ ਪੂਜਦੇ ਨਹੀਂ। ਅੰਮ੍ਰਿਤਸਰ ਕਲਪਿਤ (ਬਣਾਉਟੀ) ਤੀਰਥ ਹੈ। ਉਸ ਨੂੰ ਪੂਜਦੇ ਹੋ ਤੇ ਬਹੁਤ ਸ੍ਰੇਸ਼ਟ ਜਾਣਦੇ ਹੋ। ਵੇਦਾਂ ਦੀ ਬ੍ਰਹਮ ਬਾਣੀ ਨੂੰ ਤਿਆਗ ਦਿੱਤਾ ਹੈ ਤੇ ਭਾਖਾ ਵਿਚ ਲਿਖੀ ਗੁਰਬਾਣੀ ਨਾਲ ਜੁੜ ਗਏ ਹੋ। ਜਨਮ ਅਸ਼ਟਮੀ, ਸ਼ਿਵਰਾਤਰੀ ਅਤੇ ਇਕਾਦਸ਼ੀ ਦੇ ਵਰਤ ਛੱਡ ਕੇ ਤੁਸੀਂ ਭੋਜਨ ਖਾਂਦੇ ਹੋ। ਗਾਇਤ੍ਰੀ ਦਾ ਪਾਠ, ਤ੍ਰਿੰਨ ਸੰਧਿਆ, ਤਰਪਣ, ਪਿੰਡ, ਪੱਤਲ, ਕਿਰਿਆ ਆਦਿ (ਹਿੰਦੂ ਮੱਤ ਦੇ ਸਾਰੇ) ਕਰਮ ਕਰਨੇ ਬੰਦ ਕਰ ਦਿੱਤੇ ਹਨ। ਮਿਰਤਕ ਪ੍ਰਾਣੀ ਦੇ ਪਿੱਛੋਂ ਅਰਦਾਸ ਕਰਕੇ ਪ੍ਰਸ਼ਾਦਿ ਦੀ ਦੇਗ ਤਿਆਰ ਕਰਦੇ ਹੋ ਤੇ ਉਹੀ ਅਹਾਰ ਮੂੰਹ ਵਿਚ ਪਾ ਲੈਂਦੇ ਹੋ। ਇਸ ਲਈ ਹੁਣ ਤੁਸੀਂ ਭਰਿਸ਼ਟ (ਪਤਿਤ) ਹੋ ਗਏ ਹੋ ਜਿਸ ਕਰਕੇ ਸਾਡੀ ਪੰਗਤ ਨੂੰ ਦੇਖਣਾ ਕਿਵੇਂ ਵੀ ਠੀਕ ਨਹੀਂ। ਹੇ ਸ੍ਰੇਸ਼ਟ ਗੁਰੂ ਜੀ! ਹੁਣ ਅਸੀਂ ਤੁਹਾਡੀ ਸ਼ਰਨ ਪਏ ਹਾਂ ਆਪ ਸਾਨੂੰ ਜਗਤ ਦੇ ਟੋਏ ਵਿਚੋਂ ਬਾਹਰ ਕੱਢ ਦੇਵੋ। ਜਾਤੀ ਦੇ ਹੰਕਾਰ ਰੂਪੀ ਸੰਗਲ ਵਿਚੋਂ ਨਿੱਕਲ ਜਾਈਏ। ਸੀਤ ਪ੍ਰਸ਼ਾਦਿ ਛਕ ਕੇ ਸਦਾ ਮਨ ਪ੍ਰਸੰਨ ਹੋ ਜਾਵੇ ਤਾਂ ਕਿ ਸਾਨੂੰ ਪ੍ਰਮਾਤਮਾ ਦੇ ਸੱਚੇ ਨਾਮ ਦੀ ਪ੍ਰਾਪਤੀ ਹੋ ਜਾਵੇ। ਸਾਡਾ ਜਮਦੂਤਾਂ ਨਾਲ ਕਿਸੇ ਤਰ੍ਹਾਂ ਵੀ ਕੋਈ ਵਾਸਤਾ ਨਾ ਰਹੇ। ਪੰਡਤ ਤਦ ਵੀ ਸਾਡਾ ਜੇ ਨਿਰਾਦਰ ਕਰਨ ਤਾਂ ਅਸੀਂ ਉਨ੍ਹਾਂ ਨਾਲ ਕਿਸ ਤਰ੍ਹਾਂ ਗੱਲ ਕਰੀਏ।" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਬੋਲੇ, "ਇਹ ਅੰਮ੍ਰਿਤ ਸਰੋਵਰ ਮਹਾਨ ਤੀਰਥ ਹੈ। ਇਹ ਅਕਾਲ ਪੁਰਖ ਦੀ ਨਗਰੀ ਹੈ ਅਤੇ ਇਹ ਬ੍ਰਹਮਾ,ਵਿਸ਼ਨੂੰ ਤੇ ਸ਼ਿਵ ਦੀਆਂ ਜਿਤਨੀਆਂ ਉੱਤਮ ਨਗਰੀਆਂ ਹਨ ਅਤੇ ਪ੍ਰਿਥਵੀ ਭਾਵ ਭੂ-ਮੰਡਲ ਦੇ ਸਾਰੇ ਤੀਰਥ ਇਥੇ ਆ ਵਸੇ ਹਨ ਅਤੇ ਪਵਿੱਤਰਤਾ ਧਾਰਨ ਕੀਤੀ ਹੈ। ਇਕ ਤਾਂ ਇਹ ਜਲ ਦਾ ਮਹਾਨ ਤੀਰਥ ਹੈ,ਦੂਸਰਾ ਪ੍ਰਮਾਤਮਾ ਦੇ ਨਾਮ ਦਾ ਤੀਰਥ ਵੀ ਇੱਥੇ ਹੀ ਹੈ। ਵੱਡੇ ਵੱਡੇ ਸੰਤ ਤੇ ਬ੍ਰਹਮਗਿਆਨੀ ਆਦਿ ਸਾਰੇ ਇਸ ਅੰਮ੍ਰਿਤ ਸਰੋਵਰ ਦੇ ਕੰਢੇ ਤੇ ਆ ਵਸੇ ਹਨ।

*ਗੰਗਾ ਜਮੁਨਾ ਗੋਦਾਵਰੀ ਸਰੁਸਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਏ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਆਦਿ ੧੨੬੩*

ਹੇ ਭਾਈ! ਗੰਗਾ,ਜਮਨਾ,ਗੋਦਾਵਰੀ,ਸਰਸਵਤੀ ਆਦਿਕ ਨਦੀਆਂ ਇਹ ਸਾਰੀਆਂ ਸੰਤ ਜਨਾ ਦੇ ਚਰਨਾ ਦੀ ਧੂੜ ਹਾਸਲ ਕਰਨ ਦੇ ਲਈ ਜਤਨ ਕਰਦੀਆਂ ਰਹਿੰਦੀਆਂ ਹਨ। ਨਦੀਆਂ ਆਖਦੀਆਂ ਹਨ ਕਿ ਅਨੇਕਾਂ ਪਾਪਾਂ ਦੀ ਮੈਲ ਨਾਲ ਲਿਬੜੇ ਹੋਏ ਜੀਵ ਸਾਡੇ ਵਿਚ ਆ ਕੇ ਚੁਭੀਆਂ ਲਾਉਂਦੇ ਹਨ। ਸਾਡੇ ਵਿਚ ਮੈਲ ਛੱਡ ਜਾਂਦੇ ਹਨ। ਸਾਡੀ ਇਹ ਮੈਲ ਸੰਤ ਜਨਾ ਦੇ ਚਰਨਾ ਦੀ ਧੂੜ ਦੂਰ ਕਰਦੀ ਹੈ। ਜਿਹੜੇ ਪ੍ਰਾਣੀ ਬਹੁਤ ਪਾਪ ਕਰਕੇ ਇਥੇ ਇਸ਼ਨਾਨ ਕਰਦੇ ਹਨ। ਉਹ ਸਾਰੇ ਪਾਪ ਇਸ ਮਹਾਨ ਤੀਰਥ ਵਿਚ ਹੀ ਛੱਡ ਜਾਂਦੇ ਹਨ। ਜਿਹੜੇ ਮਨੁੱਖ ਪਾਪਾਂ ਨਾਲ ਵਿਆਕੁਲ ਹੋ ਕੇ ਆਉਂਦੇ ਹਨ,ਉਹ ਇਸ ਸਥਾਨ ਤੋਂ ਸੰਤਾਂ ਦੀ ਧੂੜੀ ਪ੍ਰਾਪਤ ਕਰਦੇ ਹਨ। ਇਥੇ ਕਥਾ ਕੀਰਤਨ ਸੁਣ ਕੇ ਸਾਰੇ ਤੀਰਥ ਤੇ ਆਏ ਹੋਏ ਲੋਕ ਉਸੇ ਵੇਲੇ ਹੀ ਪਵਿੱਤਰ ਹੋ ਜਾਂਦੇ ਹਨ। ਸਿੱਖਾਂ ਨੇ ਪੁਛਿਆ ਕਿ ਜਗਤ ਵਿਚ ਤੱਕਿਆ ਹੈ ਕਿ ਜਲ ਨਾਲ ਮਲ ਕੇ ਇਸ਼ਨਾਨ ਕਰਕੇ ਤਾਂ ਸਾਰੇ ਹੀ ਮੈਲ ਦੂਰ ਕਰਦੇ ਹਨ ਪਰ ਚਰਨਾ ਦੀ ਧੂੜ ਨਾਲ ਮੈਲ ਕਿਸ ਤਰ੍ਹਾਂ ਦੂਰ ਹੋ ਜਾਵੇਗੀ। ਇਹ ਸੁਣ ਕੇ ਸਤਿਗੁਰੂ ਨੇ ਉਦਾਹਰਨ ਦੇ ਕੇ ਸਮਝਾਇਆ ਕਿ ਸਾਬਣ ਜੋ ਵਸਤੂ ਧੋਣ ਦੇ ਕੰਮ ਆਉਂਦੀ ਹੈ ਵੀ ਇਕ ਤਰ੍ਹਾਂ ਨਾਲ ਮੈਲ ਹੀ ਹੁੰਦੀ ਹੈ ਪਰ ਉਸ ਦੀ ਮੈਲ ਕੱਪੜਿਆਂ ਦੀ ਮੈਲ ਨੂੰ ਧੋ ਦਿੰਦੀ ਹੈ। ਉਸੇ ਤਰ੍ਹਾਂ ਸੰਤਾ ਦੇ ਚਰਨਾ ਦੀ ਧੂੜ ਬਹੁਤ ਪਵਿੱਤਰ ਹੁੰਦੀ ਹੈ। ਉਹ ਸਾਰੇ ਪਾਪਾਂ ਨੂੰ ਦੂਰ ਕਰਨ ਦੇ ਕਾਬਲ ਹੁੰਦੀ ਹੈ। ਇਸ ਤਰ੍ਹਾਂ ਗੁਰੂ ਦੇ ਸ਼ਬਦ ਦੀ ਧੁਨ ਕੰਨਾ ਵਿਚ ਪੈਂਦੀ ਹੈ ਤੇ ਇਹ ਪ੍ਰੇਮਾ ਭਗਤੀ ਪੈਦਾ ਕਰਦੀ ਹੈ। ਸਭ ਥਾਂਵਾਂ ਤੇ ਜਲ ਦੇ ਤੀਰਥ ਤਾਂ ਹਨ ਪਰ ਨਾਮ ਦਾ ਸਭ ਤੋਂ ਵੱਡਾ ਤੀਰਥ ਅੰਮ੍ਰਿਤ ਸਰੋਵਰ ਹੀ ਹੈ। ਇਸ ਵਿਚ ਜਹਾਜ਼ ਸਮਾਨ ਸ੍ਰੀ ਹਰਿਮੰਦਰ ਸਸ਼ੋਭਤ ਹੈ,ਜਿਸ ਵਿਚ ਨਾਮ ਰੂਪੀ ਸੁੰਦਰ ਮਲਾਹ ਬਿਰਾਜਮਾਨ ਹੈ। ਜਿਵੇਂ ਸ਼ਿਵ ਜੀ ਦੇ ਸਿਰ ਤੋਂ ਪਰਬਤ ਵਿਚੋਂ ਨਿੱਕਲੀ ਗੰਗਾ ਦੇ ਜਲ ਦੀ ਧਾਰਾ ਵਹਿੰਦੀ ਹੈ ਤੇ ਜੋ ਉਸ ਨੂੰ ਆ ਮਿਲੇ ਤਾਂ ਸਮੁੰਦਰ ਵਿਚ ਪਹੁੰਚਾ ਦਿੰਦੀ ਹੈ। ਉਸੇ ਤਰ੍ਹਾਂ ਗੁਰੂ ਜੀ ਦੇ ਮੁੱਖ ਤੋਂ ਨਿਕਲੀ ਹੋਈ ਬਾਣੀ ਨੂੰ ਜੋ ਮਨੁੱਖ ਪੜ੍ਹ,ਵਿਚਾਰ ਕੇ ਅਮਲ ਵਿਚ ਲਿਆਉਂਦਾ ਹੈ ਤਾਂ ਉਸ ਨੂੰ ਪ੍ਰਭੂ ਦੇ ਚਰਨਾ ਨਾਲ ਮਿਲਾਉਂਦੀ ਹੈ। ਫਿਰ ਉਹ ਆਪਣੇ ਆਪ ਨੂੰ ਪ੍ਰਭੂ ਨਾਲ ਮਿਲਿਆ ਪਾਉਂਦਾ ਹੈ। ਦੋਨੋਂ ਹੀ ਵਿਸ਼ਾਲ ਤੀਰਥ ਇੱਥੇ ਹਨ, ਜੋ ਲੋਕਾਂ ਨੂੰ ਸੌਖਿਆਂ ਹੀ ਨਿਹਾਲ ਕਰਦੇ ਹਨ। ਪਰਮਾਤਮਾ ਨੇ ਆਪ ਵਿਸ਼ਨੂੰ ਦਾ ਰੂਪ ਬਣ ਕੇ ਆਪਣੇ ਸਵਾਸਾਂ ਨਾਲ ਮਹਾਨ ਵੇਦ ਰਚੇ। ਬਾਰਾਂ ਮਹਾਂਕਾਵਾਂ (ਬਚਨਾ) ਨੂੰ ਪ੍ਰਾਪਤ ਕਰਕੇ ਕਮਲ ਉਪਰ ਸਥਿਤ ਬ੍ਰਹਮਾ ਨੇ ਵੇਦਾਂ ਦਾ ਵਿਸਥਾਰ ਕੀਤਾ। ਫਿਰ

ਰਿਸ਼ੀ ਵਿਆਸ ਨੇ ਇਨਾ ਦਾ ਬਹੁਤ ਵਿਸਥਾਰ ਕੀਤਾ ਜੋ ਫਿਰ ਸਾਰੇ ਸੰਸਾਰ ਵਿਚ (ਫੈਲੇ) ਗਿਆਤ ਹੋਏ। ਉਹੀ ਪ੍ਰਮਾਤਮਾ ਫਿਰ ਸਰੀਰ ਧਾਰਨ ਕਰਕੇ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪਰਗਟ ਹੋਏ। ਕਲਜੁਗ ਦੇ ਜੀਵਾਂ ਦਾ ਉਧਾਰ (ਨਿਸਤਾਰਾ) ਕਰਨ ਵਾਸਤੇ ਵੇਦਾਂ ਤੋਂ ਗੁਰਬਾਣੀ ਦੇ ਸ਼ਬਦ ਉਚਾਰਨ ਕੀਤੇ। ਜਿਨ੍ਹਾਂ ਨੂੰ ਘੱਟ ਬੁੱਧੀ ਵਾਲੇ ਵੀ ਸੌਖੀ ਤਰ੍ਹਾਂ ਸਮਝ ਸਕਦੇ ਹਨ। ਇਸ ਤਰ੍ਹਾਂ ਉਪਦੇਸ਼ ਕਰਕੇ ਗੁਰੂ ਜੀ ਨੇ ਕਰੋੜਾਂ ਲੋਕਾਂ ਦਾ ਪਾਰ-ਉਤਾਰਾ ਕੀਤਾ। ਸਦਾ ਸੰਜਮ ਸਹਿਤ ਢੰਗ ਨਾਲ ਭੋਜਨ ਕਰੋ। ਸਿੱਖ ਲਈ ਇਹੋ ਹੀ ਇਕਾਦਸ਼ੀ ਦਾ ਵਰਤ ਰੱਖਣਾ ਹੈ। ਇਕਾਦਸ਼ੀ ਜੋ ਪੰਦਰਾਂ ਦਿਨਾ ਵਿਚ ਆਉਂਦੀ ਹੈ ਸਿਖਾਂ ਨੂੰ ਤਾਂ ਉਹ ਰੋਜਾਨਾ ਹੀ ਭਾਉਂਦੀ ਹੈ।

*ਸ੍ਰੀ ਨਾਮਦੇਵ ਵਾਕ॥*

*ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥*
*ਇਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ॥* *(ਆਦਿ ੭੧੮)*

ਪ੍ਰਭੂ ਨਾਲ ਜੁੜ ਕੇ ਦਾਸ ਨਾਮਦੇਵ ਦਾ ਨਿਸ਼ਚਾ ਬੱਝ ਗਿਆ। ਉਸ ਨੇ ਇਕਾਦਸ਼ੀ ਵਰਤ ਆਦਿ ਰੱਖਣੇ ਛੱਡ ਦਿੱਤੇ। ਇਸ ਲਈ ਉਹ ਤੀਰਥਾਂ ਤੇ ਕਿਉਂ ਜਾਵੇ। ਬ੍ਰਾਹਮਣ ਜਾਤ ਦੇ ਲੋਕ ਸਰੀਰ ਕਰਕੇ ਹੰਕਾਰੀ ਹੁੰਦੇ ਹਨ ਤੇ ਗੁਰੂ ਦੇ ਸਿੱਖ ਆਤਮ ਗਿਆਨੀ ਹੁੰਦੇ ਹਨ। ਤਨ ਦਾ ਹੰਕਾਰ ਧਾਰਨ ਕਰਨ ਵਾਲੇ ਲੋਕ ਚੰਡਾਲ (ਤਾਮਸੀ) ਹੁੰਦੇ ਹਨ ਤੇ ਉਨ੍ਹਾਂ ਦੀ ਪਰੀਤੀ ਚਮੜੀ ਤੇ ਚਰਬੀ ਨਾਲ ਹੁੰਦੀ ਹੈ। ਬ੍ਰਾਹਮਣ ਉਹ ਹੈ ਜਿਸ ਨੇ ਬ੍ਰਹਮ ਨੂੰ ਪਛਾਣਿਆ ਹੈ। ਸਭ ਹਿਰਦਿਆਂ ਵਿਚ ਇਕ ਪੂਰਨ ਪਰਮਾਤਮਾ ਨੂੰ ਜਾਣਿਆ ਹੈ। ਹੇ ਕਬੀਰ! ਜੋ ਪਰਮਾਤਮਾ ਦੇ ਨਾਮ ਦੀ ਅਰਾਧਨਾ ਕਰਦਾ ਹੈ,ਸਾਡਾ ਬ੍ਰਾਹਮਣ ਉਸ ਨੂੰ ਹੀ ਆਖਿਆ ਜਾ ਸਕਦਾ ਹੈ। ਹੱਡੀਆਂ,ਚੰਮ,ਮਿੱਝ,ਲਹੂ ਤੇ ਮਾਸ ਨਾਲ ਜੋ ਪਿਆਰ ਕਰਦੇ ਹਨ,ਉਹ ਚੰਡਾਲਾਂ ਦੇ ਘਰ ਰਹਿੰਦੇ ਹਨ। ਤੁਸੀਂ ਬ੍ਰਾਹਮਣ ਹੋ ਕੇ ਪਰਮਾਤਮਾ ਨੂੰ ਪਛਾਣਿਆ ਹੈ ਤੇ ਹਮੇਸ਼ਾ ਆਪਣੇ ਆਤਮਿਕ ਰੂਪ ਵਿਚ ਰੰਗੇ ਰਹਿੰਦੇ ਹੋ। ਸੂਰਜ ਨੂੰ ਪਾਣੀ ਦੇਣਾ,ਪਿੰਡ,ਪੱਤਲ ਤੇ ਗਾਇਤਰੀ ਦਾ ਪਾਠ ਕਰਨ ਨਾਲ ਪਿਤਰ ਲੋਕਾਂ ਨੂੰ ਪਵਿੱਤਰਤਾ ਪ੍ਰਾਪਤ ਹੁੰਦੀ ਹੈ। ਤੁਸੀਂ ਉਸ ਸੁਖਾਂ ਦੀ ਪੂੰਜੀ ਸੱਚੇ ਪ੍ਰਮਾਤਮਾ ਦਾ ਨਾਮ ਜਪੋ ਤਾਂ ਤੁਸੀ ਉਸ ਵਾਹਿਗੁਰੂ ਦੇ ਚਰਨਾ ਪਾਸ ਪਹੁੰਚ ਜਾਵੋਗੇ। ਸਿੱਖ ਪਿਤਰ ਲੋਕ ਦੀ ਚਾਹਨਾ ਨਹੀਂ ਕਰਦੇ ਉਹ ਤਾਂ ਨਾਸ ਰਹਿਤ ਪ੍ਰਭੂ ਨਾਲ ਮਿਲਣਾ ਚਾਹੁੰਦੇ ਹਨ ਜਿਵੇਂ ਸਾਰੀ ਧਰਤੀ ਦੇ ਰਾਜ ਪਦ ਨੂੰ ਪ੍ਰਾਪਤ ਹੋਇਆ ਰਾਜਾ ਇੱਕ ਪਿੰਡ ਲੈ ਕੇ ਖੁਸ਼ ਨਹੀਂ ਹੁੰਦਾ ਜੇ ਉਸ ਨੂੰ ਗਰੀਬ ਲੈ ਲਵੇ ਤਾਂ ਉਹ ਬਹੁਤ ਖੁਸ਼ ਹੁੰਦਾ ਹੈ। ਉਸੀ ਤਰ੍ਹਾਂ ਦੇ ਨਰਕੀ ਜੀਵ ਪਿਤਰ ਲੋਕ ਪ੍ਰਾਪਤ ਕਰਕੇ ਖੁਸ਼ ਹੁੰਦੇ ਹਨ। ਗੁਰੂ ਦੇ ਸਿੱਖ ਸਵਰਗ ਪ੍ਰਾਪਤੀ ਦੀ ਇੱਛਾ ਨਹੀਂ ਰੱਖਦੇ ਉਹ ਪ੍ਰਮਾਤਮਾ ਰੂਪ ਦੀ ਪ੍ਰਾਪਤੀ ਨੂੰ ਲੋਚਦੇ ਹਨ। ਸ੍ਰੀ ਗੁਰੂ ਜੀ ਦਾ ਨਿਰਣਾ

ਸੁਣ ਕੇ ਬ੍ਰਾਹਮਣ ਸੰਸਾ ਰਹਿਤ ਹੋ ਕੇ ਪ੍ਰਸੰਨ ਹੋ ਗਏ। ਗੁਰੂ ਤੇ ਵਿਸ਼ਵਾਸ ਕਰਕੇ ਉਨ੍ਹਾਂ ਬ੍ਰਹਮ ਗਿਆਨ ਪ੍ਰਾਪਤ ਕੀਤਾ ਤੇ ਜਾਤ-ਪਾਤ ਦੇ ਹੰਕਾਰ ਦਾ ਤਿਆਗ ਕਰ ਦਿੱਤਾ। ਜਾਤੀ ਭੇਦ-ਭਾਵ ਰੂਪੀ ਪੈਰਾਂ ਦੀ ਮਜ਼ਬੂਤ ਬੇੜੀ ਵਿਚ ਬੱਝੇ ਮਨੁੱਖ ਬਹੁਤ ਵਾਰੀ ਦੁੱਖ ਪ੍ਰਾਪਤ ਕਰਦੇ ਹਨ ਜੋ ਗੁਰੂ ਦੀ ਕਿਰਪਾ ਤੋਂ ਬਗੈਰ ਨਹੀਂ ਛੁਟਦੇ। ਉਹ ਆਪਣੇ ਪਰਿਵਾਰਾਂ ਵਿਚ ਹੀ ਖਚਿਤ (ਫਸੇ) ਰਹਿੰਦੇ ਹਨ।

**ਭਾਈ ਧੁੱਟਾ ਤੇ ਭਾਈ ਜੋਧਾ:-** ਭਾਈ ਧੁੱਟਾ ਤੇ ਭਾਈ ਜੋਧਾ ਦਿਨ ਦੇ ਦੂਸਰੇ ਪਹਿਰ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਏ ਨਮਸਕਾਰ ਕਰਕੇ ਬੇਨਤੀ ਕੀਤੀ ਹੇ ਗੁਰੂ ਜੀ ਆਪ ਜੀ ਦਾ ਹੁਕਮ ਇਸ ਤਰ੍ਹਾਂ ਹੈ ਮਨ ਨੂੰ ਇਕਾਗਰ ਕਰਕੇ ਪ੍ਰਮਾਤਮਾ ਦਾ ਨਾਮ ਜਪੋ। ਅਸੀਂ ਅਨੇਕ ਯਤਨ ਕਰਕੇ ਹਾਰ ਗਏ ਹਾਂ ਪਰ ਸਾਡੇ ਮਨ ਨੂੰ ਇਕਾਗਰਤਾ ਪ੍ਰਾਪਤ ਨਹੀਂ ਹੁੰਦੀ। ਇਹ ਸੁਣ ਕੇ ਸਤਿਗੁਰਾਂ ਨੇ ਬਚਨ ਕੀਤਾ ਮਨ ਦੇ ਸੁਭਾਅ ਨੂੰ ਤੁਸੀਂ ਪਹਿਲਾਂ ਨਹੀਂ ਸੀ ਜਾਣਦੇ ਹੁਣ ਆਪਣੇ ਮਨ ਦੀ ਅੰਦਰਲੀ ਦਸ਼ਾ ਨੂੰ ਜਾਣਨ ਲੱਗੇ ਹੋ। ਇਸੀ ਸੋਚ ਦੇ ਯਤਨ ਵਿਚ ਲਗਾਤਾਰ ਬਣੇ ਰਹੋ। ਜਦ ਮਨ ਉਸ ਅਵਸਥਾ ਤੋਂ ਬਾਹਰ ਨਿੱਕਲ ਆਵੇ ਫਿਰ ਉਸ ਨੂੰ ਲਿਆ ਕੇ ਨਾਮ ਨਾਲ ਜੋੜੋ। ਉਸ ਨੂੰ ਸੁਚੇਤ ਹੋ ਕੇ ਬਾਰ ਬਾਰ ਰੋਕ। ਇਸ ਤਰ੍ਹਾਂ ਸਹਿਜ ਸੁਭਾਅ ਹੀ ਤੁਹਾਡੇ ਮਨ ਵਿਚ ਸਥਿਰਤਾ ਪੈਦਾ ਹੋ ਜਾਵੇਗੀ ਸਾਰੇ ਕਸ਼ਟ ਦੂਰ ਹੋ ਜਾਣਗੇ ਤੇ ਮੁਕਤੀ ਪ੍ਰਾਪਤ ਕਰੋਗੇ। ਉਨ੍ਹਾਂ ਨੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਸੇ ਤਰ੍ਹਾਂ ਕਰਨ ਦਾ ਯਤਨ ਕੀਤਾ ਤੇ ਉਨ੍ਹਾਂ ਨੂੰ ਮੁਕਤੀ ਪ੍ਰਾਪਤ ਹੋਈ।

**ਭਾਈ ਮੰਞ ਤੇ ਭਾਈ ਪਿਰਾਣਾ :-** ਭਾਈ ਮੰਞ ਤੇ ਭਾਈ ਪਿਰਾਣਾ ਸਤਿਗੁਰੂ ਜੀ ਦੀ ਸ਼ਰਨ ਵਿਚ ਆਏ ਬੇਨਤੀ ਕੀਤੀ ਸਾਨੂੰ ਉਪਦੇਸ਼ ਦਿਉ ਤਾਂ ਕਿ ਸਾਡਾ ਕਲਿਆਣ ਹੋ ਜਾਵੇ। ਇਹ ਸੁਣ ਕੇ ਸ੍ਰੀ ਗੁਰੂ ਜੀ ਨੇ ਆਪਣੇ ਮੁੱਖ ਤੋਂ ਇਹ ਬਚਨ ਕਹੇ ਤੁਸੀਂ ਦੋਵੇਂ ਸਖੀ ਸਰਵਰ ਦੇ ਚੇਲੇ ਹੋ ਸਿੱਖੀ ਬਹੁਤ ਔਖੀ ਹੈ ਤੁਸੀਂ ਇਸ ਨੂੰ ਕਮਾ ਨਹੀਂ ਸਕਦੇ। ਉਹ ਕਹਿਣ ਲੱਗੇ ਜਦੋਂ ਤੋਂ ਤੁਹਾਡੇ ਦਰਸ਼ਨ ਹੋਏ ਹਨ ਤਦ ਤੋਂ ਸਾਡਾ ਮਨ ਬਦਲ ਗਿਆ ਹੈ। ਹਿੰਦੂਆਂ ਦੇ ਘਰ ਜਨਮ ਲੈ ਕੇ ਤੁਰਕਾਂ ਦੀ ਪੂਜਾ ਕਰ ਰਹੇ ਹਾਂ ਧਰਮ ਤਾਂ ਗੁਆ ਦਿੱਤਾ ਹੈ ਹੁਣ ਪਰਲੋਕ ਵੀ ਗਵਾਂਵਾਂਗੇ। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਆਪਣੇ ਘਰ ਚਲੇ ਜਾਉ ਸਭ ਤੋਂ ਪਹਿਲਾਂ ਜਾ ਕੇ ਸੁਲਤਾਨ ਦੀ (ਸਖੀ ਸਰਵਰ) ਥਾਂ ਢਾਹ ਦਿਉ ਜਦ ਫੇਰ ਵਾਪਸ ਆਉਗੇ ਤਾਂ ਅਸੀਂ ਤੁਹਾਨੂੰ ਸਿੱਖ ਬਣਾਵਾਂਗੇ ਅਤੇ ਆਪਣਾ ਉੱਤਮ ਉਪਦੇਸ ਦੱਸਾਂਗੇ। ਇਹ ਸੁਣ ਕੇ ਉਨ੍ਹਾਂ ਨੇ ਘਰ ਜਾ ਕੇ ਸਖੀ ਸਰਵਰ ਦੀ ਥਾਂ ਨੂੰ ਢਾਹ ਦਿੱਤਾ ਤੇ ਫੇਰ ਗੁਰੂ ਜੀ ਕੋਲ ਆ ਕੇ ਇਹ ਸਾਰਾ ਪਰਸੰਗ ਸੁਣਾ ਦਿੱਤਾ। ਸ੍ਰੀ ਗੁਰੂ ਜੀ ਨੇ ਮੁੱਖ ਤੋਂ ਸੇਵਾ ਸੁਣਾਈ। ਭਾਈ ਮੰਞ ਬਾਹਰੋਂ ਬਾਲਣ (ਸੁੱਕੀਆਂ ਲੱਕੜਾਂ) ਲਿਆਵੇਗਾ। ਤੂੰ ਪੁਰਾਣੇ ਚੁੱਲ੍ਹਾ ਝੋਕਣ ਭੱਠੀ

ਵਿਚ ਫੂਸ ਪੱਤਾ ਆਦਿ ਧਕੇਲਣ ਤੇ ਰਹਿਣਾ। ਸਿੱਖਾਂ ਦੀ ਇਸ ਤਰ੍ਹਾਂ ਸੇਵਾ ਕਰੋ ਜਦ ਅੰਤਰ ਆਤਮਾ (ਹਿਰਦਾ) ਸ਼ੁੱਧ ਹੋ ਜਾਵੇ ਤਦ ਅਸੀਂ ਤੁਹਾਨੂੰ ਉਪਦੇਸ਼ ਦੇਵਾਂਗੇ। ਰੋਜਾਨਾ ਗੁਰੂ ਦਾ ਸ਼ਬਦ ਮਨ ਲਗਾ ਕੇ ਸੁਣੋ। ਜਿੱਥੇ ਕਥਾ ਕੀਰਤਨ ਹੋਵੇ ਉਸ ਥਾਂ ਤੇ ਸਿੱਖਾਂ ਦੇ ਜਿਹੜੇ ਜੂਠੇ ਬਰਤਨ ਹੋਣ ਉਨ੍ਹਾਂ ਨੂੰ ਮਾਂਜ ਕੇ ਚੰਗੀ ਤਰ੍ਹਾਂ ਜਲ ਨਾਲ ਧੋਵੋ। ਇਹ ਸੁਣ ਕੇ ਉਹ ਖੁਸ਼ੀ ਨਾਲ ਸੇਵਾ ਕਰਨ ਵਿਚ ਲੱਗੇ ਰਹੇ ਤੇ ਬਹੁਤ ਦੇਰ ਤੱਕ ਗੁਰੂ ਜੀ ਦੀ ਸੰਗਤ ਵਿਚ ਰਹੇ। ਇਸ ਤਰ੍ਹਾਂ ਭਾਈ ਪਿਰਾਣਾ ਮਹਾਨ ਸ਼ਕਤੀਵਾਨ ਹੋ ਗਿਆ। ਬ੍ਰਹਮ ਗਿਆਨ ਨੂੰ ਪ੍ਰਾਪਤ ਕਰਕੇ ਸਦਾ ਲਈ ਸੁਖੀ ਹੋ ਗਿਆ। ਇਹ ਅਖੀਰ ਤੱਕ ਗੁਰੂ ਜੀ ਦੇ ਕੋਲ ਰਿਹਾ ਤੇ ਧੀਰਜ ਧਾਰਨ ਕਰਕੇ ਗੁਰੂ ਹਰਿਗੋਬਿੰਦ ਜੀ ਦੀ ਸੇਵਾ ਕਰਦਾ ਰਿਹਾ।

**ਹਮਜਾ ਤੇ ਜੱਜਾ, ਬਾਲਾ, ਮਰਵਾਹਾ, ਨਾਨੂ, ਓਹਰੀ, ਚੌਧਰੀ ਗੋਤ ਸੂਰੀ:–** ਹਮਜਾ ਤੇ ਜੱਜਾ, ਬਾਲਾ, ਮਰਵਾਹਾ, ਨਾਨੂ, ਓਹਰੀ, ਚੌਧਰੀ ਗੋਤ ਸੂਰੀ ਇਹ ਸਾਰੇ ਗੁਰੂ ਅਰਜਨ ਦੇਵ ਜੀ ਕੋਲ ਪਹੁੰਚੇ ਨਮਸਕਾਰ ਕਰਕੇ ਉਨ੍ਹਾਂ ਬੇਨਤੀ ਕੀਤੀ ਅਸੀਂ ਪੁਰਾਣਾ ਵਿਚ ਆਪਣੇ ਕੰਨਾ ਨਾਲ ਸੁਣਿਆ ਹੈ ਕਾਸ਼ੀ ਸਥਾਨ ਦੀ ਬਹੁਤ ਵਡਿਆਈ ਹੈ। ਉੱਥੇ ਮਰਨ ਵਾਲੇ ਸਾਰੇ ਮੁਕਤੀ ਪ੍ਰਾਪਤ ਕਰਦੇ ਹਨ। ਸ਼ਿਵ ਜੀ ਦੇ ਨੇੜੇ ਵਾਸਾ ਪਾਉਂਦੇ ਹਨ ਤੇ ਇਹ ਕਾਸ਼ੀ ਜਨਮ ਮਰਨ ਦੇ ਦੁੱਖ ਦੂਰ ਕਰ ਦਿੰਦੀ ਹੈ। ਤੁਸੀਂ ਅੰਮ੍ਰਿਤ ਸਰੋਵਰ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਥਨ ਕੀਤੀ ਹੈ। ਆਪ ਜੀ ਨਿਰਣਾ ਕਰਕੇ ਦੱਸੋ ਕਿ ਸਿੱਖ ਉਸੇ ਹੀ ਤਰ੍ਹਾਂ ਗਿਆਨ ਹਾਸਲ ਕਰ ਸਕਣ। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਅੰਮ੍ਰਿਤ ਸਰੋਵਰ ਤੀਰਥ ਰਚਨ ਹਿੱਤ ਬਣਾਇਆ ਹੈ। ਇਸ ਦੇ ਆਲੇ ਦੁਆਲੇ ਬਾਰ੍ਹਾਂ ਕੋਹ ਤੱਕ ਜੋ ਸ੍ਰੇਸ਼ਟ ਤੀਰਥ ਹੁੰਦੇ ਸਨ ਕਲਜੁਗ ਦਾ ਡਰ ਹਿਰਦੇ ਵਿਚ ਰੱਖ ਕੇ ਸਾਰੇ ਇੱਥੇ ਆਉਂਦੇ ਹਨ ਤੇ ਨਿਵਾਸ ਕਰਦੇ ਹਨ। ਸਾਰਿਆਂ ਨੂੰ ਇਸ ਸਥਾਨ ਤੋਂ ਫਲ ਪ੍ਰਾਪਤ ਹੁੰਦਾ ਹੈ। ਜਿਹੜੇ ਮਨੁੱਖ ਇਸ ਥਾਂ ਤੇ ਆ ਕੇ ਵਾਸਾ ਕਰਦੇ ਹਨ ਇਸ ਸਰੋਵਰ ਦੇ ਵਿਚ ਸੁੰਦਰ ਹਰਿਮੰਦਰ ਬਣਿਆ ਹੈ ਜਿਸਦੇ ਅੰਦਰ ਦਿਨ ਰਾਤ ਨਾਮ ਦਾ ਜਾਪ ਹੁੰਦਾ ਹੈ,ਗੁਰਬਾਣੀ ਦਾ ਕੀਰਤਨ ਕਰਦੇ ਹਨ ਜਿਸ ਵਿਚ ਪ੍ਰਮਾਤਮਾ ਦੇ ਨਾਮ ਦੀ ਵਡਿਆਈ ਰੱਖੀ ਹੋਈ ਹੈ। ਨਾਮ ਤੇ ਨਾਮੀ ਵਿਚ ਕੋਈ ਭੇਦ ਨਹੀਂ ਹੈ ਇਸ ਵਾਸਤੇ ਇੱਥੇ ਪਰਮੇਸ਼ਰ ਦਾ ਵਾਸਾ ਹੈ। ਜਿਸ ਤਰ੍ਹਾਂ ਗੰਗਾ ਵਿਚਕਾਰ ਹਰਿਦੁਆਰ ਹੈ ਇਸੇ ਤਰ੍ਹਾਂ ਇੱਥੇ ਹਰ ਕੀ ਪਉੜੀ ਤੇ ਨਿਸ਼ਚਾ ਰੱਖੋ। ਬ੍ਰਹਮ ਗਿਆਨ ਦਾ ਸੋਮਾ ਨਿਰ ਗੁਣ ਰੂਪ ਨਾਮ ਹੈ ਤੇ ਸਰ ਗੁਣ ਸਰੂਪ ਭਾਵ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਆਪ ਵਸਦਾ ਹੈ। ਸੋ ਜਦ ਦੋਨੋਂ ਹੀ ਇਸ ਵਿਚ ਵਾਸਾ ਕਰਦੇ ਹਨ ਤਾਂ ਇਸ ਵਿਚ ਇਸ਼ਨਾਨ ਕਰਕੇ ਅਤੇ ਇਸ ਦੇ ਦਰਸ਼ਨ ਕੀਤਿਆਂ ਕਿਸ ਵਿਚ ਪਾਪ ਰਹਿ ਸਕਦੇ

ਹਨ। ਇਹ ਦਿਨ ਪ੍ਰਤੀ ਦਿਨ ਵਸੇਗਾ ਤੇ ਬਹੁਤ ਵਧਦਾ ਜਾਵੇਗਾ। ਲੱਛਮੀ ਇਸ ਦੀ ਸ਼ਰਨ ਵਿਚ ਆ ਕੇ ਇੱਥੇ ਵਸਦੀ ਹੈ ਜਿੱਥੇ ਸ੍ਰੀ ਕਰਤਾ ਅਕਾਲ ਪੁਰਖ (ਵਿਸ਼ਨੂੰ) ਦਾ ਵਾਸਾ ਹੈ,ਬ੍ਰਹਮਾ ਤੇ ਸ਼ਿਵ ਪ੍ਰਭੂ ਦੇ ਨਾਲ ਵਸਦੇ ਹਨ ਫਿਰ ਇਸ ਪ੍ਰਕਾਰ ਕੋਈ ਵੀ ਦੇਵਤਾ ਅਜਿਹਾ ਨਹੀਂ ਹੈ ਜਿਸ ਨੇ ਇੱਥੇ ਵਾਸਾ ਨਹੀਂ ਕੀਤਾ,ਹਰੀ (ਪ੍ਰਮਾਤਮਾ) ਦੇ ਨੇੜੇ ਰਹਿਣ ਦੇ ਬਹੁਤ ਸਾਰੇ ਫਲ ਹਨ,ਹੋਰ ਕੋਈ ਸਥਾਨ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਹਰਿਮੰਦਰ ਵਿਚ ਹਮੇਸ਼ਾ ਸਤਿਨਾਮ ਦਾ ਜਾਪ ਹੁੰਦਾ ਹੈ ਜੋ ਇਸ ਨੂੰ ਸਿਮਰਦੇ ਸੁਣਦੇ ਹਨ ਉਨ੍ਹਾਂ ਦੇ ਮਨ ਨੂੰ ਟਿਕਾਉ ਮਿਲਦਾ ਹੈ। ਇਸ ਨਾਲ ਪ੍ਰੇਮ ਕਰਕੇ ਮੁਕਤੀ ਪ੍ਰਾਪਤ ਕਰਨਗੇ ਤੇ ਬ੍ਰਹਮ ਗਿਆਨ ਨਾਲ ਉਨ੍ਹਾਂ ਦੇ ਸਾਰੇ ਸੰਕਟ ਨਸ਼ਟ ਹੋ ਜਾਣਗੇ। ਇਹ ਤਿੰਨੇ ਤਾਪਾਂ ਦਾ ਨਾਸ਼ ਕਰਦੇ ਹਨ। ਹਿਰਦੇ ਅੰਦਰਲੀ ਵੱਡੀ ਮੈਲ ਨੂੰ ਦੂਰ ਕਰਦੇ ਹਨ। ਇੱਛਾ ਰਹਿਤ ਹੋ ਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਦੇ ਹਨ। ਜੋ ਇੱਛਾਵਾਂ ਸਹਿਤ ਆਉਂਦੇ ਹਨ ਉਹ ਸਾਰੀਆਂ ਇੱਛਾਵਾਂ ਦੀ ਪੂਰਤੀ ਕਰਦੇ ਹਨ। ਅੰਮ੍ਰਿਤ ਸਰੋਵਰ ਦੀ ਪਰਕਰਮਾ ਵਿਚ ਪੈਰ ਪੈਰ ਤੇ ਸੌ ਤੀਰਥ ਹਨ। ਉਹ ਸੂਖਮ ਰੂਪ ਧਾਰ ਕੇ ਕਿਨਾਰੇ ਤੇ ਰਹਿੰਦੇ ਹਨ। ਆਪਣੀ ਪਵਿੱਤਰਤਾ ਬਣਾਈ ਰੱਖਣੀ ਚਾਹੁੰਦੇ ਹਨ।

**ਭਾਈ ਕਾਲਾ, ਮਿਹਰਾ, ਨਿਹਾਲੂ:-** ਭਾਈ ਕਾਲਾ, ਮਿਹਰਾ, ਨਿਹਾਲੂ ਇਹ ਪਹਾੜੀ ਸਥਾਨ ਤੇ ਰਹਿੰਦੇ ਸਨ ਨਮਸਕਾਰ ਕਰਕੇ ਗੁਰੂ ਜੀ ਕੋਲ ਬੈਠ ਗਏ। ਬੇਨਤੀ ਕੀਤੀ ਹੇ ਪ੍ਰਭੂ ਜੀ ਸਾਡੇ ਸ਼ੰਕੇ ਦੂਰ ਕਰੋ ਜਿਹੜੇ ਤਮੋ ਗੁਣੀ ਵਿਅਕਤੀ ਇੱਥੇ ਵਸਦੇ ਹਨ ਪਾਪ ਕਰਦੇ ਹਨ ਤੇ ਸਤਿਕਾਰ ਨਹੀਂ ਕਰਦੇ ਉਹ ਕਿਸ ਪ੍ਰਕਾਰ ਦੀ ਅਵਸਥਾ ਪ੍ਰਾਪਤ ਕਰਦੇ ਹਨ। ਗੁਰੂ ਜੀ ਨੇ ਆਖਿਆ ਜੋ ਤਮੋ ਗੁਣੀ ਮਨੁੱਖ ਇੱਥੇ ਵਸਦੇ ਹਨ ਉਨ੍ਹਾਂ ਨੇ ਮਨ ਵਿਚ ਪਰਮਾਤਮਾ ਦੇ ਨਾਮ ਦੀ ਵਡਿਆਈ ਨਹੀਂ ਜਾਣੀ। ਮੂਰਖ ਜਾਣਦੇ ਨਹੀਂ,ਪਾਪ ਕਰਦੇ ਹਨ,ਨਾਮ ਨੂੰ ਨਹੀਂ ਸੁਣਦੇ। ਇਹ ਮਰ ਕੇ ਟੇਢੀਆਂ ਜੂਨਾ ਵਾਲਾ ਸਥਾਨ ਪਾਉਂਦੇ ਹਨ,ਕੁੱਤੇ,ਕਾਂ ਅਤੇ ਭੂੰਡ ਬਣ ਜਾਂਦੇ ਹਨ। ਚੂਹੇ, ਸੱਪ ਬਣ ਕੇ ਦੁੱਖ ਭੋਗਦੇ ਹਨ। ਫਿਰ ਮਨੁੱਖ ਰੂਪ ਧਾਰਨ ਕਰਕੇ ਇਸ ਥਾਂ ਤੇ ਆ ਕੇ ਰੋਗ ਰਹਿਤ ਬਣਦੇ ਹਨ। ਫਿਰ ਉਨ੍ਹਾਂ ਨੂੰ ਭਗਤੀ ਪ੍ਰਾਪਤ ਹੁੰਦੀ ਹੈ। ਚਰਾਸੀ ਛੁਟ ਜਾਂਦੀ ਹੈ। ਆਵਾਗਵਨ ਨਹੀਂ ਪੈਂਦਾ। ਇਹ ਸੁਣ ਕੇ ਸਿੱਖਾਂ ਨੇ ਸਿਰ ਨਿਵਾਏ ਤੇ ਕਿਹਾ ਗੁਰੂ ਜੀ ਧੰਨ ਹੋ ਜਿਨ੍ਹਾਂ ਨੇ ਇਹ ਤੀਰਥ ਪਰਗਟ ਕੀਤਾ ਹੈ।

**ਕਾਲੌ ਜਾਤ ਕੱਕਾ:-** ਕਾਲੌ ਜਾਤ ਕੱਕਾ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਪੁੱਛਣ ਲੱਗਾ ਜਿਹੜਾ ਜੋਧਾ ਜੁੱਧ ਵਿਚ ਮਰਦਾ ਹੈ ਉਸ ਨੂੰ ਕਿਹੜੀ ਪਦਵੀ ਪ੍ਰਾਪਤ ਹੁੰਦੀ ਹੈ। ਗੁਰੂ ਜੀ ਨੇ ਸਮਝਾਇਆ ਕਿ ਜੁੱਧ ਵਿਚ ਨਿਡਰ ਹੋ ਕੇ ਪਰਮਾਤਮਾ ਦਾ ਨਾਮ ਧਾਰਨ ਕਰਕੇ ਮੌਤ ਕਬੂਲਣ ਵਾਲਿਆਂ ਦੇ ਜਨਮਾਂ ਜਨਮਾਂ ਦੇ ਪਾਪ ਦੂਰ ਹੋ

ਜਾਂਦੇ ਹਨ ਤੇ ਮੁਕਤੀ ਪ੍ਰਾਪਤ ਕਰਕੇ ਸਵਰਗ ਵਿਚ ਵਾਸਾ ਹੁੰਦਾ ਹੈ ਜੋ ਬਿਨਾ ਸਿਮਰਨ ਕੀਤਿਆਂ ਪਰ ਨਿਰਭੈ ਹੋ ਕੇ ਲੜਦੇ ਹਨ ਉਨ੍ਹਾਂ ਨੂੰ ਦੁਨਿਆਵੀ ਸੁਖ ਪ੍ਰਾਪਤ ਹੁੰਦੇ ਹਨ।

**ਭਾਈ ਕਲਿਆਨਾ ਜਾਤੀ ਸੂਦ:–** ਭਾਈ ਕਲਿਆਨਾ ਜਾਤੀ ਸੂਦ ਸਤਿਗੁਰੂ ਜੀ ਕੋਲ ਚੱਲ ਕੇ ਆਇਆ ਚਰਨ-ਕਮਲਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ, "ਗੁਰੂ ਜੀ ਸੁਣੋ! ਮੈਂ ਜੰਗ ਦੇ ਮੈਦਾਨ ਵਿਚ ਦੁਸ਼ਮਣ ਨੂੰ ਮਾਰਨ ਵਾਸਤੇ ਸਦਾ ਬੇਖੌਫ (ਨਿਡਰ)ਰਹਿੰਦਾ ਹਾਂ। ਜਦੋਂ ਦੋਨੋ ਫੌਜਾਂ ਟਾਕਰੇ ਲਈ ਆਮੋ-ਸਾਹਮਣੇ ਹੁੰਦੀਆਂ ਹਨ ਅਤੇ ਜਦ ਹੀ ਸ਼ਸਤਰ ਚੱਲਣ ਲੱਗ ਪੈਂਦੇ ਹਨ। ਤਦ ਮੈਂ ਦੁਸ਼ਮਣ ਦੀ ਫੌਜ ਵਿਚ ਦਾਖਲ ਹੋ ਜਾਂਦਾ ਹਾਂ ਤੇ ਆਪਣੀ ਤਾਕਤ ਨਾਲ ਵਾਰ ਕਰਕੇ ਦੁਸ਼ਮਣ ਨੂੰ ਜਖਮੀ ਕਰ ਦਿੰਦਾ ਹਾਂ। ਫਿਰ ਮੈਂ ਆਪਣੀ ਫੌਜ ਵਿਚ ਆ ਕੇ ਦਾਖਲ ਹੋ ਜਾਂਦਾ ਹਾਂ। ਇਸ ਤਰ੍ਹਾਂ ਬਹੁਤ ਵੈਰੀਆਂ ਨੂੰ ਭਜਾ ਦਿੰਦਾ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਮੁੱਖ ਤੋਂ ਬਚਨ ਉਚਾਰਨ ਕੀਤੇ, "ਵੈਰੀ ਦੀ ਸਮੂਹ ਸੈਨਾ ਨੂੰ ਮਾਰਨਾ ਬਹੁਤ ਸੌਖਾ ਹੈ। ਕਾਮ,ਕਰੋਧ ਆਦਿ ਨੂੰ ਵੱਡੇ ਸੂਰਮੇ ਜਾਣੋ,ਇਸ ਦੇ ਅਸਲ ਸੱਚ ਤੋਂ ਮਨੁੱਖ ਸਦਾ ਅਗਿਆਨੀ ਰਹਿੰਦਾ ਹੈ। ਗੁਰੂ ਦੇ ਸ਼ਬਦ ਰੂਪੀ ਸ਼ਸਤਰ ਲੈ ਕੇ ਤਾਕਤ ਧਾਰਨ ਕਰਕੇ ਹਿਰਦੇ ਵਿਚ ਵਿਚਾਰ ਕੇ ਇਨ੍ਹਾਂ ਦੁਸ਼ਮਣਾਂ ਤੇ ਜੋ ਵਾਰ ਕਰਦਾ ਹੈ,ਉਸ ਨੂੰ ਮਹਾਨ ਸੂਰਮਾ ਆਖਿਆ ਜਾਂਦਾ ਹੈ। ਇਨ੍ਹਾਂ ਦੇ ਨਾਸ਼ ਕੀਤਿਆਂ ਸਦੀਵੀ (ਨਾਸ਼ ਰਹਿਤ) ਸੁਖ ਪ੍ਰਾਪਤ ਹੁੰਦਾ ਹੈ। ਅਜਿਹੇ ਤਾਕਤਵਰ ਸੂਰਮੇ ਵਿਰਲੇ ਹੁੰਦੇ ਹਨ,ਜਿਹੜੇ ਮਨ ਰੂਪੀ ਵੈਰੀ ਨੂੰ ਜਤਨ ਕਰਕੇ ਕਾਬੂ ਰੱਖਦੇ ਹਨ।" ਇਸ 'ਤੇ ਗੁਰੂ ਜੀ ਨੇ ਇਕ ਸਲੋਕ ਰਚਿਆ ਤੇ ਉਨ੍ਹਾਂ ਨੇ ਆਪਣੇ ਮੁੱਖ ਤੋਂ ਆਖ ਸੁਣਾਇਆ।

***ਸ੍ਰੀ ਮੁਖਵਾਕ॥***

***ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥ ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥ ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥ ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗ੍ਹੋਪਾਲ ਕੀਰਤਨਹ॥ ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ॥ (ਆਦਿ ੧੩੫੬)***

ਸੰਤ ਜਨ ਇਕ ਨਾ ਜਿੱਤੀ ਜਾਣ ਵਾਲੀ ਸਾਰੇ (ਅਜਿੱਤ) ਸੂਰਮਿਆਂ ਦੀ ਫੌਜ ਹੈ, ਜਿਸ ਨੇ ਆਪਣੇ ਜਿਸਮ (ਤਨ) ਉਤੇ ਨਿਮਰਤਾ ਰੂਪੀ ਸੰਜੋਅ ਪਾਈ ਹੋਈ ਹੈ। ਸੁਆਮੀ (ਪਰਮਾਤਮਾ) ਦੀਆਂ ਸਿਫਤਾਂ ਦਾ ਉਚਾਰਨ ਉਨ੍ਹਾਂ ਕੋਲ ਸ਼ਸਤਰ ਹਨ। ਗੁਰੂ ਸ਼ਬਦ ਦਾ ਆਸਰਾ ਉਨ੍ਹਾਂ ਦੇ ਹੱਥ ਵਿਚ ਢਾਲ ਹੈ। ਸੁਆਮੀ ਦੇ ਮਾਰਗ ਨੂੰ ਅਨੁਭਵ (ਬੁੱਝਣਾ) ਕਰਨਾ, ਮਾਨੋ ਘੋੜਿਆਂ, ਗੱਡਿਆਂ ਅਤੇ ਹਾਥੀਆਂ ਦੀ ਸਵਾਰੀ ਕਰ ਰਹੇ ਹਨ। ਉਹ ਨਿਡਰ ਹੋ ਕੇ ਵੈਰੀਆਂ ਦੀ ਫੌਜ ਅੰਦਰ ਫਿਰਦੇ ਹਨ ਅਤੇ

ਸੁਆਮੀ (ਪਰਮਾਤਮਾ) ਦੀ ਸਿਫਤ ਸਲਾਹ (ਕੀਰਤਨ) ਨਾਮ ਉਨ੍ਹਾਂ ਉਤੇ ਹੱਲਾ ਬੋਲਦੇ ਹਨ। ਸੰਤ ਜਨ ਪੰਜ ਚੋਰਾਂ ਨੂੰ ਕਾਬੂ ਕਰ ਲੈਂਦੇ ਹਨ ਜੋ ਸਾਰੇ ਸੰਸਾਰ ਨੂੰ ਜਿੱਤ ਰਹੇ ਹਨ।

ਜਿਹੜਾ ਮਨ ਨੂੰ ਜਿੱਤ ਲੈਂਦਾ ਹੈ, ਉਹ ਸੂਰਮਾ ਕਹਾਉਂਦਾ ਹੈ। ਉਹ ਪਰਮਾਤਮਾ ਦੀ ਦਰਗਾਹ ਵਿਚ ਬਹੁਤ ਮਾਣ ਪ੍ਰਾਪਤ ਕਰਦਾ ਹੈ। ਮਨੁੱਖ ਤੇ ਦੇਵਤੇ ਉਸ ਦੀ ਵਡਿਆਈ ਕਰਦੇ ਹਨ ਤੇ ਨਾਸ਼ ਨਾ ਹੋਣ ਵਾਲਾ ਮਹਾਨ ਸੁਖ ਮਿਲਦਾ ਹੈ। ਤਦ ਹੱਥ ਜੋੜ ਕੇ ਭਾਈ ਕਲਿਆਨਾ ਨੇ ਕਿਹਾ ਕਿ ਜਿਸ ਉਪਰ ਆਪ ਜੀ ਦੀ ਕਿਰਪਾ ਹੋਈ ਜਾਣੀ ਜਾਂਦੀ ਹੈ, ਉਹ ਇਸ ਤਰ੍ਹਾਂ ਦਾ ਜੋਧਾ ਹੀ ਮਨ ਨੂੰ ਕਾਬੂ ਰੱਖਦਾ ਹੈ ਤੇ ਆਪ ਜੀ ਦੇ ਚਰਨ ਕਮਲਾਂ ਨਾਲ ਜੁੜਿਆ ਰਹਿੰਦਾ ਹੈ। ਗੁਰੂ ਜੀ ਨੇ ਕਿਹਾ ਕਿ ਸੱਚੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ। ਉਸ ਸਦਕੇ ਹੀ ਉੱਤਮ ਸੂਰਮੇ ਬਣਦੇ ਹਨ। ਇਹ ਸੁਣ ਕੇ ਕਲਿਆਨਾ ਗੁਰੂ ਜੀ ਦੀ ਸੇਵਾ ਨੂੰ ਲੱਗ (ਸਮਰਪਿਤ ਹੋ) ਗਿਆ ਤੇ ਸਤਿਸੰਗਤ ਵਿਚ ਮਿਲਣ ਲਈ ਉਸ ਦਾ ਪ੍ਰੇਮ ਵਧ ਗਿਆ।

**ਭਾਈ ਭਾਨੂੰ ਭਗਤ:–** ਭਾਈ ਭਾਨੂੰ ਭਗਤ ਗੁਰੂ ਜੀ ਦੀ ਸੇਵਾ ਦਾ ਇਕ ਸ੍ਰੇਸ਼ਟ ਸਿੱਖ ਸੀ। ਉਹ ਹਮੇਸ਼ਾਂ ਸ਼ਬਦ ਦੀ ਵਿਚਾਰ ਕਰਦਾ। ਜੋ ਸ਼ਬਦ ਦਾ ਅੰਤਰੀਵ-ਅਰਥ (ਉਪਦੇਸ਼) ਹੁੰਦਾ,ਪਹਿਲਾਂ ਉਸ ਨੂੰ ਆਪ ਕਮਾਉਂਦਾ,ਫਿਰ ਦੂਜਿਆਂ ਨੂੰ ਉਪਦੇਸ਼ ਸੁਣਾਉਂਦਾ। ਜਿਹੜਾ ਵੀ ਉਸ ਦੀ ਜ਼ਬਾਨ ਤੋਂ ਉਪਦੇਸ਼ ਸੁਣਦਾ,ਉਸ ਦੇ ਮਨ ਵਿਚ ਵਿਚਾਰਨ ਨਾਲ ਪਰਮਾਤਮਾ ਦੀ ਪ੍ਰੇਮਾ ਭਗਤੀ ਪੈਦਾ ਹੁੰਦੀ। ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਕਿਸੇ ਨੇ ਕਿਹਾ "ਮੁਹਿਜੰਗ (ਮੁਜੰਗ) ਪਿੰਡ ਵਿਚ ਇਕ ਅਗਿਆਨੀ ਵਿਅਕਤੀ ਵਸਦਾ ਹੈ। ਉਹ ਮਹਾਂ-ਦੁਸ਼ਟ ਗੁਰੂ ਜੀ ਦੀ ਨਿੰਦਾ ਕਰਦਾ ਹੈ। ਬਹੁਤ ਸਾਰੇ ਸਿੱਖਾਂ ਨਾਲ ਹੁੱਜਤਾਂ (ਚੋਭਵੀਂ ਨੁਕਤਾਚੀਨੀ) ਕਰਦਾ ਹੈ।" ਸ੍ਰੀ ਗੁਰੂ ਜੀ ਨੇ ਮੁੱਖ ਤੋਂ ਭਾਈ ਭਾਨੂੰ ਜੀ ਨੂੰ ਕਿਹਾ ਕਿ ਤੁਸੀਂ ਇੱਛਾ ਧਾਰ ਕੇ ਮੁਹਿਜੰਗ ਪਿੰਡ ਜਾਉ। ਉਥੇ ਜਾ ਕੇ ਬਹੁਤ ਸਾਰੇ ਲੋਕਾਂ ਨੂੰ ਗੁਰਮਤਿ ਸਿਖਾਵੋ ਤੇ ਉਨ੍ਹਾਂ ਨੂੰ ਨਰਕਾਂ ਵਿਚ ਪੈਣ ਤੋਂ ਬਚਾਵੋ। ਗੁਰੂ ਜੀ ਦੀ ਆਗਿਆ ਸੁਣ ਕੇ ਭਾਈ ਭਾਨੂੰ ਉਸੇ ਵੇਲੇ ਮਹਿਜੰਗ ਪਿੰਡ ਚਲੇ ਗਏ ਤੇ ਸ਼ਬਦ ਦੀ ਵਿਚਾਰ ਕਰਕੇ ਉਪਦੇਸ਼ ਸੁਣਾਉਣ ਲੱਗੇ। ਉਥੇ ਭਾਈ ਕ੍ਰਿਸ਼ਨਾ ਸੇਠੀ ਸੰਗੀਣਾ ਰਹਿੰਦੇ ਸਨ। ਉਹ ਗੁਰਮਤਿ ਨੂੰ ਸੁਣ ਕੇ ਬੜੇ ਨਿਪੁੰਨ (ਪ੍ਰਬੀਨ) ਹੋ ਗਏ। ਪੁੱਤਰ,ਪਤਨੀ ਸਮੇਤ ਉਹ ਸਾਰੇ ਪਿਆਰ ਧਾਰਨ ਕਰਕੇ ਭਾਈ ਭਾਨੂੰ ਜੀ ਦੀ ਸੇਵਾ ਕਰਦੇ। ਸਵੇਰੇ ਸ਼ਬਦ ਦੀ ਕਥਾ ਹੁੰਦੀ,ਫਿਰ ਸ਼ਾਮ ਨੂੰ ਵੀ ਉਸੇ ਤਰ੍ਹਾਂ ਹੀ ਕਰਦੇ। ਇਸ ਪਿੱਛੋਂ ਸਾਰੇ ਮਿਲ ਕੇ ਕੀਰਤਨ ਕਰਦੇ ਤੇ ਫਿਰ ਸਤਿਗੁਰੂ ਵਿਚ ਸ਼ਰਧਾ ਧਾਰਨ ਕਰਦੇ। ਇਕ ਤਾਂ ਭਾਈ ਭਾਨੂੰ ਦੇ ਜਾਣ ਨਾਲ ਉਥੇ ਵੱਡੀ ਸ੍ਰੇਸ਼ਟ ਸਤਿਸੰਗਤ ਹੋਣ (ਜੁੜਨ) ਲਗੀ। ਮਹਿਮਾਨਾ/ਲੋੜਵੰਦਾਂ ਵਿਚ ਵੰਡ ਕੇ ਭੋਜਨ ਛਕਦੇ ਤੇ ਸੱਚੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ।

**ਤੀਰਥ ਤੇ ਮੂਲਾ ਜਾਤ ਬੇਰੀ, ਮੁਕੰਦਾ, ਨਿਹਾਲੂ ਸੁਨਿਆਰਾ:-** ਤੀਰਥ ਤੇ ਮੂਲਾ ਜਾਤ ਬੇਰੀ, ਮੁਕੰਦਾ, ਨਿਹਾਲੂ ਸੁਨਿਆਰਾ ਇਹ ਚਾਰੋ ਮਿਲ ਕੇ ਗੁਰੂ ਜੀ ਦੇ ਦਰਬਾਰ ਵਿਚ ਗਏ। ਨਮਸਕਾਰ ਕਰਕੇ ਗੁਰੂ ਜੀ ਕੋਲ ਬੈਠ ਗਏ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਦੇ ਸਿੱਖ ਬਹੁਤ ਪ੍ਰਕਾਰ ਦੇ ਹਨ,ਜਿਹੜੇ ਸ਼ਬਦ ਦਾ ਕੀਰਤਨ ਤੇ ਕਥਾ ਦਾ ਉਚਾਰਨ ਕਰਦੇ ਹਨ। ਇਕ ਦੇ ਮੁੱਖ ਤੋਂ ਕਥਾ,ਕੀਰਤਨ ਸੁਣ ਕੇ ਮਨ ਪੰਘਰ ਜਾਂਦਾ ਹੈ,ਇਕ ਦੇ ਕਹਿਣ (ਕਥਾ ਕਰਨ) 'ਤੇ ਕੋਈ ਨੇੜੇ ਨਹੀਂ ਜਾਂਦਾ।" ਸ੍ਰੀ ਗੁਰੂ ਜੀ ਨੇ ਆਪਣੇ ਮੁੱਖ ਤੋਂ ਸ੍ਰੇਸ਼ਟ ਦਲੀਲ ਆਖੀ, "ਹੀਰਾ ਤੇ ਕੱਚ ਦੋਵੇਂ ਇਕ ਸਮਾਨ ਹੁੰਦੇ ਹਨ। ਹੀਰਾ ਜਦ ਆਪਣਾ ਪ੍ਰਕਾਸ਼ ਦਿਖਾਉਂਦਾ ਹੈ ਤਾਂ ਸਾਰੇ ਰੰਗਾਂ ਦੇ ਉਪਰ ਛਾ ਜਾਂਦਾ ਹੈ। ਪਰ ਕੱਚ ਦਾ ਪ੍ਰਕਾਸ਼ ਕਿਸੇ ਵੀ ਰੰਗ ਤੇ ਨਹੀਂ ਪੈਂਦਾ। ਇਨ੍ਹਾਂ ਦੋਨਾ ਵਿਚ ਬੱਸ ਇਹੋ ਹੀ ਫਰਕ ਹੈ। ਇਸੀ ਤਰ੍ਹਾਂ ਹੀ ਤੁਸੀਂ ਗੁਰਮੁਖ ਦੀ ਪਛਾਣ ਕਰੋ। ਜਿਸ ਸੰਗਤ ਵਿਚ ਉਹ ਵਿਖਿਆਨ (ਕਥਾ) ਕਰਦਾ ਹੈ,ਉਸ ਦਾ ਅਸਰ (ਤੇਜ) ਸਾਰਿਆਂ ਉਪਰ ਪੈਂਦਾ ਹੈ,ਕਿਉਂਕਿ ਉਹ ਖੁਦ ਸਦਾ ਸੱਚ ਦੀ ਕਮਾਈ ਕਰਦਾ ਹੈ। ਜਿਹੜੇ ਮਨੁੱਖ ਹੌਲੇ ਤੇ ਝੂਠੇ ਹੁੰਦੇ ਹਨ ਉਹ ਭੈੜੀ ਸੰਗਤ ਵਿਚ ਹੀ ਵੱਡੇ ਹੁੰਦੇ ਹਨ। ਚੰਗੇ ਮਨੁੱਖਾਂ ਤੇ ਉਨ੍ਹਾਂ ਦਾ ਤੇਜ (ਅਸਰ) ਛਾਉਂਦਾ ਨਹੀਂ,ਜਿਨ੍ਹਾ ਨੂੰ ਸਤਸੰਗਤ ਵਿਚ ਕਥਾ ਕਰਨ ਦਾ ਹੰਕਾਰ ਹੁੰਦਾ ਹੈ। ਦੂਸਰਾ ਜਿਸਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸਦਾ ਹੈ,ਉਸ ਅੰਦਰ ਵੱਡਾ ਆਨੰਦ ਸਮਾਇਆ (ਦਾਖਲ) ਹੋਇਆ ਦੇਖਿਆ ਗਿਆ ਹੈ। ਜਦ ਉਹ ਆਪਣੀ ਜ਼ੁਬਾਨ ਤੋਂ ਕਥਾ ਕੀਰਤਨ ਦੁਆਰਾ ਪਰਮਾਤਮਾ ਦੀ ਕੀਰਤੀ ਉਚਾਰਦੇ ਹਨ ਤਾਂ ਸਰੋਤੇ ਸੁਣ ਕੇ ਸ਼ਾਂਤੀ ਧਾਰਨ ਕਰਦੇ ਹਨ। ਤ੍ਰਿਸ਼ਨਾ ਦੀ ਤਪਸ਼ ਨੂੰ ਛੱਡ ਕੇ ਉਹ ਸੁੱਖ ਪ੍ਰਾਪਤ ਕਰਦੇ ਹਨ। ਸਤਿਸੰਗਤ ਵਿਚ ਜਾ ਕੇ ਸਿਮਰਨ ਕਰਨਾ ਉਨ੍ਹਾਂ ਦੇ ਮਨ ਨੂੰ ਚੰਗਾ ਲਗਦਾ ਹੈ। ਇਹ ਸਮਝ ਕੇ- ਉਹ ਮੇਰੀ ਬੁੱਧੀ ਨਾਲੋਂ ਉੱਚੀ ਬੁੱਧੀ ਵਾਲਾ ਵਿਅਕਤੀ ਹੈ,ਉਸ ਦੀ ਸ੍ਰੇਸ਼ਟ ਸੰਗਤ ਕਰਨੀ ਚਾਹੀਦੀ ਹੈ-। ਜੋ ਮਨੁੱਖ ਗੁਰੂ ਦੇ ਬਚਨਾ ਨੂੰ ਹਿਰਦੇ ਵਿਚ ਵਸਾਉਂਦਾ ਹੈ ਜੇਕਰ ਅਜਿਹੇ ਵਿਅਕਤੀ ਨੂੰ ਕਦੀ ਭੈੜੀ ਸੰਗਤ ਵਿਚ ਜਾਣਾ ਪੈ ਜਾਵੇ ,ਤਦ ਉਸ ਦਾ ਨਿਸ਼ਚਾ ਵਿਗੜਦਾ (ਡੋਲਦਾ) ਨਹੀਂ,ਉਸ ਦਾ ਵਿਸ਼ਵਾਸ ਦ੍ਰਿੜ੍ਹ ਰਹਿੰਦਾ ਹੈ,ਜਿਵੇਂ ਸਥਿਰ ਵਸਤੂ ਇਕ ਥਾਂ ਤੇ ਟਿਕੀ ਰਹਿੰਦੀ ਹੈ। ਜਿਵੇਂ ਬਾਵਨ (ਵਾਮਨ-ਮਨੋਹਰ), ਭਾਵ ਚਿੱਟੇ ਚੰਦਨ ਦਾ ਦਰਖਤ ਬੜਾ ਠੰਡਾ ਹੁੰਦਾ ਹੈ। ਉਸ ਦੇ ਚਾਰੇ ਪਾਸੇ ਹੇਠਲੇ ਭਾਗ ਨੂੰ ਸੱਪ ਹੀ ਲਿਪਟੇ ਰਹਿੰਦੇ ਹਨ ਤਾਂ ਵੀ ਉਹ ਆਪਣੀ ਸੀਤਲਤਾ (ਠੰਢਾਪਨ) ਛੱਡ ਕੇ ਜ਼ਹਿਰ ਨੂੰ ਗ੍ਰਹਿਣ ਨਹੀਂ ਕਰਦਾ,ਸਗੋਂ ਉਹ ਸੱਪਾਂ ਨੂੰ ਵੀ ਸੀਤਲ ਕਰ ਦਿੰਦਾ ਹੈ। ਉਸੇ ਤਰ੍ਹਾਂ ਜੇ ਗੁਰਮੁਖ ਭੈੜੀ ਸੰਗਤ (ਕੁਸੰਗਤ) ਵਿਚ ਚਲਾ ਜਾਵੇ ਤਾਂ ਉਥੇ ਜਾ ਕੇ ਵੀ ਉਹ ਆਪਣਾ (ਗੁਰਮਤਿ ਦਾ) ਰੰਗ ਦੇ ਦਿੰਦਾ ਹੈ। ਉਹ ਉਨ੍ਹਾਂ ਦੇ ਔਗੁਣਾਂ ਨੂੰ ਆਪ ਗ੍ਰਹਿਣ ਨਹੀਂ ਕਰਦਾ। ਚੰਗੇ ਗੁਣਾ ਨੂੰ ਕਹਿ ਕਹਿ ਕੇ ਹਿਰਦੇ ਵਿਚ ਧਾਰਨ ਕਰਾਉਂਦਾ ਹੈ।

ਯੋਗਤਾ ਅਨੁਸਾਰ ਗੁਰੂ ਜੀ ਨੇ ਫਰਮਾਇਆ ਤਾਂ ਸੁਣ ਕੇ ਸਾਰੇ ਸਿੱਖਾਂ ਨੇ ਸਿਰ ਨਿਵਾਇਆ। ਇਸ ਪ੍ਰਕਾਰ ਹੀ ਉੱਥੇ ਨਿਤ ਉਚਾਰਨ (ਵਿਖਿਆਨ) ਹੁੰਦਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦਾ ਉਧਾਰ ਕਰਦੇ। ਉਨ੍ਹਾਂ ਦਾ ਸ੍ਰੇਸ਼ਟ ਜਸ ਵਿਦੇਸ਼ਾਂ ਵਿਚ ਬਹੁਤ ਫੈਲਿਆ। ਉਥੇ ਚਾਰੇ ਪਾਸੇ ਤੋਂ ਲੋਕ ਹਮੇਸ਼ਾਂ ਆਉਂਦੇ ਸਨ।

**ਮਾਧੋਦਾਸ:-** ਇਕ ਦਿਨ ਗੁਰੂ ਜੀ ਵੱਡੀ ਸੰਗਤ ਵਿਚ ਬੈਠੇ ਸਨ। ਵੱਡੇ ਵੱਡੇ ਭਗਤੀ ਦੇ ਰਸੀਏ ਸਿੱਖ ਵੀ ਬੈਠੇ ਸਨ। ਉਥੇ ਇਹ ਚਰਚਾ ਚੱਲੀ, ਬਹੁਤੇ ਸਿੱਖ ਕਿਸ ਦੇਸ਼ ਵਿਚ ਹਨ। ਕਿਸ ਸਤਿਸੰਗਤ ਵਿਚ ਪਿਆਰ ਵਧੇਰੇ ਹੈ। ਜਿਸ ਜਿਸ ਸਿੱਖ ਨੇ ਜੋ ਜੋ ਦੇਖਿਆ ਸੀ,ਜਿਵੇਂ ਉਥੇ ਹੋ ਰਹੇ ਜਸ ਬਾਰੇ ਜਾਣਿਆ ਸੀ। ਹਰੇਕ ਨੇ ਉਸੇ ਤਰ੍ਹਾਂ ਵਡਿਆਈ (ਸੁਣਾਉਣਾ) ਕੀਤੀ। ਕਈ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਕਸ਼ਮੀਰ ਜੋ ਪਹਾੜੀ ਦੇਸ਼ ਹੈ,ਉੱਥੇ ਪੰਡਤ ਲੋਕ ਵੱਡੀਆਂ ਹੁੱਜਤਾਂ (ਚੋਭਵੀਂ ਨੁਕਤਾਚੀਨੀ) ਕਰਦੇ ਹਨ। ਉਹ ਸਤਿਗੁਰੂ ਜੀ ਦੀ ਬਾਣੀ ਪੜ੍ਹਨ ਨਹੀਂ ਦਿੰਦੇ। ਉਹ ਕਹਿੰਦੇ ਹਨ ਸੰਸਕ੍ਰਿਤ ਨੂੰ ਦੇਵਤਿਆਂ ਦੀ ਬਾਣੀ ਜਾਣੋ। ਭਾਖਾ (ਲੋਕ-ਭਾਸ਼ਾ ਜਿਸ ਵਿਚ ਗੁਰਬਾਣੀ ਲਿਖੀ ਹੋਈ ਹੈ) ਮਨੁੱਖ ਵੱਲੋਂ ਰਚੀ ਹੋਈ ਬਾਣੀ ਮੰਨੋ। ਇਹ ਤੁਸੀਂ ਕਿਉਂ ਪੜ੍ਹਦੇ ਹੋ,ਇਸ ਦਾ ਕੀ ਫਲ ਲੱਗੇਗਾ। ਤੁਸੀਂ ਤਾਂ ਸਗੋਂ ਨਿੱਤ ਦੇ (ਰਵਾਇਤੀ) ਸ਼ਗਨ ਆਦਿ ਸਭ ਕਰਮ ਹੀ ਤਿਆਗ ਦਿੱਤੇ ਹਨ। ਸਭਨਾ ਵਿਚ ਅਜਿਹੀਆਂ ਦਲੀਲਾਂ ਸੁਣਾਉਂਦੇ ਹਨ ਤੇ ਉਹ ਸਾਨੂੰ ਗੁਰਮਤਿ ਤੇ ਸਿੱਖੀ ਤੋਂ ਹਟਾਉਂਦੇ ਹਨ। " ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭਾ ਵਿਚ ਇਹ ਸੁਣਿਆ ਤਾਂ ਉਨ੍ਹਾਂ ਨੇ ਮਾਧੋ ਸੋਢੀ ਨੂੰ ਆਪਣੇ ਕੋਲ ਬੁਲਾਇਆ। ਸ੍ਰੀ ਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ ਤੂੰ ਗੁਰਮਤਿ ਵਿਚ ਬਹੁਤ ਨਿਪੁੰਨ ਹੈਂ। ਅਸੀਂ ਤੁਹਾਡੇ ਬਚਨਾ ਵਿਚ ਹੁਣ ਅਜਿਹੀ ਸ਼ਕਤੀ ਪਾ ਦਿੱਤੀ ਹੈ,ਜੋ ਕਦੀ ਵੀ ਖਤਮ ਨਹੀਂ ਹੋਵੇਗੀ। ਪਹਾੜਾਂ ਦੇ ਵਿਚ ਕਸ਼ਮੀਰ ਦੇਸ਼ ਹੈ। ਉਥੇ ਜਾ ਕੇ ਧੀਰਜ ਨਾਲ ਸਿੱਖੀ ਦ੍ਰਿੜ੍ਹ ਕਰਵਾਉ। ਗੁਰਮਤਿ ਦਾ ਵਿਸਥਾਰ ਕਰੋ। ਤਾਂ ਜੋ ਉਥੋਂ ਦੇ ਲੋਕ ਸੁਖਾਂ ਦੇ ਸਾਰ ਸਤਿਨਾਮ ਦਾ ਸਿਮਰਨ ਕਰਨ। ਇਹ ਸੁਣ ਕੇ ਫਿਰ ਮਾਧੋ ਨੇ ਬਚਨ ਕਿਹਾ ਕਿ ਉਥੇ ਭਗਤੀ-ਭਾਵ ਨੂੰ ਬ੍ਰਾਹਮਣ ਸਹੀ ਨਹੀਂ ਜਾਣਦੇ। ਉਹ ਕਰਮ ਕਾਂਡਾਂ ਵਿਚ ਲਿਪਟੇ ਹੋਏ ਹਨ। ਉਹ ਉਪਾਸਨਾ (ਭਗਤੀ -ਭਾਵ) ਮਨ ਵਿਚ ਨਹੀਂ ਲਿਆਉਂਦੇ। ਗੁਰੂ ਜੀ ਨੇ ਕਿਹਾ ਕਿ ਜਿਵੇਂ ਉਹ ਅਣਜਾਣਪੁਣੇ ਵਿਚ ਨਹੀਂ ਕਮਾਉਂਦੇ ਹਨ ਉਹ ਭਗਤੀ ਭਾਵ ਨੂੰ ਅੱਛੀ ਤਰ੍ਹਾਂ ਜਾਣ ਲੈਣ। ਜਦ ਹੀ ਤੁਸੀਂ ਪਹੁੰਚੋਗੇ ਉਹ ਲੋਕ ਤੁਹਾਡੇ ਦਰਸ਼ਨ ਕਰਨਗੇ ਤਾਂ ਉਨ੍ਹਾਂ ਦੇ ਹਿਰਦਿਆਂ ਵਿਚ ਭਗਤੀ (ਸੇਵਾ) ਪੈਦਾ ਹੋਵੇਗੀ। ਜਿਵੇਂ ਪੰਡਤਾਂ ਨੂੰ ਸੰਸਕ੍ਰਿਤ ਪਿਆਰੀ ਹੈ। ਉਹ ਇਸ ਨੂੰ ਹਿਰਦੇ ਵਿਚ ਧਾਰਨ ਕਰਕੇ ਪੜ੍ਹਦੇ,ਸੁਣਦੇ ਮੰਨਦੇ ਹਨ। ਉਸੀ ਤਰ੍ਹਾਂ ਸਿੱਖਾਂ ਨੂੰ ਸਤਿਗੁਰਾਂ ਦੀ ਬਾਣੀ ਹੈ,ਜਿਸ ਨੂੰ ਕੰਨਾ ਨਾਲ ਸੁਣ ਕੇ,ਉਨ੍ਹਾਂ ਦੀ ਬੁੱਧੀ ਪ੍ਰਸੰਨ (ਅਨੰਦਿਤ) ਹੁੰਦੀ ਹੈ।

ਗੁਰੂ ਜੀ ਦੀ ਆਗਿਆ ਲੈ ਕੇ ਭਾਈ ਮਾਧੋ ਸੋਢੀ ਤਿਆਰ ਹੋ ਕੇ ਪਹਾੜੀਆਂ ਨੂੰ ਗੁਰਮਤਿ ਦੀ ਸਿੱਖਿਆ ਦੇਣ ਲਈ ਚੱਲ ਪਿਆ। ਉਸ ਨੇ ਗੁਰੂ ਜੀ ਦੇ ਸ਼ਬਦਾਂ ਦੀ ਇਕ ਪੋਥੀ ਆਪਣੇ ਨਾਲ ਲੈ ਲਈ। ਅਰਥ ਕਰਨ ਵਿਚ ਉਹ ਸ੍ਰੇਸ਼ਟ ਬੁਧੀ ਵਾਲਾ ਅਤੇ ਨਿਪੁੰਨ ਸੀ। ਉਸ ਨੇ ਨਗਰ ਵਿਚ ਜਾ ਕੇ ਕਿਸੇ ਥਾਂ ਤੇ ਡੇਰਾ (ਟਿਕਾਣਾ) ਕਰ ਲਿਆ। ਜਿਸ ਵੇਲੇ ਉਹ ਉਪਦੇਸ਼ ਦੇਣ ਲੱਗਾ ਤਾਂ ਪੰਡਤ ਇਕੱਠੇ ਹੋ ਕੇ ਮਾਧੋ ਜੀ ਕੋਲ ਆਏ ਤੇ ਕਿਹਾ ਸਾਨੂੰ ਭਾਖਾ (ਲੋਕ-ਬੋਲੀ) ਦੀ ਇਹ ਕਥਾ ਚੰਗੀ ਨਹੀਂ ਲੱਗਦੀ। ਅਸੀਂ ਦੇਵਤਿਆਂ ਦੀ ਬਾਣੀ ਛੱਡ ਕੇ ਇਸ ਨੂੰ ਕਿਵੇਂ ਧਾਰਨ ਕਰੀਏ। ਇਉਂ ਇਹ ਸਾਡੇ ਹਿਰਦੇ ਵਿਚ ਆਉਂਦੀ (ਜਚਦੀ) ਨਹੀਂ। ਇਹ ਸੁਣ ਕੇ ਮਾਧੋ ਨੇ ਇੱਕ ਤਰਕੀਬ ਦੱਸੀ,ਜਿਸ ਮਨੁੱਖ ਨੂੰ ਬਹੁਤ ਡਾਢੀ ਭੁੱਖ ਲੱਗੀ ਹੋਵੇ ਜੇਕਰ ਉਹ ਮਨੁੱਖ ਸੋਨੇ ਦੇ ਬਰਤਨਾ ਦੀ ਉਡੀਕ ਕਰਨ ਲੱਗ ਜਾਵੇ ਤਾਂ ਬਹੁਤ ਜਤਨ ਕਰਨ ਤੇ ਵੀ ਉਸ ਦੀ ਆਸ ਪੂਰੀ ਨਹੀਂ ਹੋਵੇਗੀ। ਜੇਕਰ ਉਹ ਸੋਨੇ ਦੇ ਬਰਤਨ ਮਿਲਣ ਦੇ ਬਗੈਰ ਭੋਜਨ ਨਹੀਂ ਛਕੇਗਾ ਤਦ ਤੱਕ ਉਸ ਦੇ ਪ੍ਰਾਣ ਨਿੱਕਲ ਜਾਣਗੇ। ਦੂਸਰੇ ਹੋਰ ਭੁੱਖੇ ਆਦਮੀ ਨੇ ਜਦ ਭੋਜਨ ਦੇਖਿਆ,ਜਿਸ ਨੇ ਕਿਸੇ ਸੁੱਚੇ ਬਰਤਨ ਵਿਚ ਉਸ ਨੂੰ ਪਾ ਲਿਆ। ਉਹ ਭੋਜਨ ਖਾ ਕੇ ਅਨੰਦਤ (ਖੁਸ਼) ਹੋ ਕੇ ਜਿਉਂਦਾ ਰਹਿੰਦਾ ਹੈ ਤੇ ਸਭ ਤਰ੍ਹਾਂ ਨਾਲ ਬਲਵਾਨ (ਸਮਰਥ) ਹੁੰਦਾ ਹੈ। ਇਸੇ ਤਰਾਂ ਬਹੁਤ ਜਤਨਾ ਨਾਲ ਦੇਵਬਾਣੀ ਸੰਸਕ੍ਰਿਤ ਨੂੰ ਜਾਣੀਦਾ ਹੈ ਤੇ ਫਿਰ ਉਸ ਦੇ ਹਿਰਦੇ ਵਿਚ ਹੰਕਾਰ ਆ ਜਾਂਦਾ ਹੈ। ਜਦ ਕਿ ਉਹ ਭਗਤੀ ਤੇ ਗਿਆਨ ਭਾਖਾ ਵਿਚ ਹੈ। ਜਿਸ ਨੂੰ ਮੁਕਤੀ ਪ੍ਰਾਪਤੀ ਦੀ ਇੱਛਾ ਹੈ। ਉਹ ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਨਿਹਾਲ ਹੋ ਜਾਂਦਾ ਹੈ। ਬ੍ਰਹਮ ਗਿਆਨ ਤੇ ਘਿਉ ਦੀ ਇਕੋ ਜਿਹੀ ਰੀਤ ਹੈ। ਜਿਸ ਕਿਸੇ ਬਰਤਨ ਵਿਚ ਹੋਵੇ,ਉਹ ਪਵਿੱਤਰ ਹੀ ਰਹਿੰਦਾ ਹੈ ਸਾਰੇ ਪਰੀਤ ਧਰ ਕੇ ਉਸ ਨੂੰ ਅੰਗੀਕਾਰ (ਕਬੂਲਦੇ) ਕਰਦੇ ਹਨ। ਇਸ ਤਰ੍ਹਾ ਕੋਈ ਕਿਸੇ ਵੀ ਜਾਤ ਜਾਂ ਕਿਸੇ ਵੀ ਵਰਨ ਦਾ ਹੋਵੇ ਸਭ ਕੋਈ ਬੁੱਧੀ ਰਾਹੀਂ ਬ੍ਰਹਮ ਗਿਆਨ ਪ੍ਰਾਪਤ ਕਰ ਸਕਦਾ ਹੈ। ਪਹਿਲਾ ਤੁਸੀਂ ਦੇਵਤਿਆਂ ਦੀ ਬਾਣੀ ਸੰਸਕ੍ਰਿਤ ਨੂੰ ਵਿਚਾਰਦੇ ਹੋ। ਫਿਰ ਭਾਖਾ (ਲੋਕ ਬੋਲੀ) ਵਿਚ ਉਸ ਦੇ ਅਰਥ ਕਰਦੇ ਹੋ। ਸੋ ਜਿਹੜਾ ਤੁਹਾਡਾ ਕੰਮ ਹੈ ਭਾਖਾ ਬਿਨਾ ਪੂਰਾ ਨਹੀਂ ਹੁੰਦਾ, ਇਹ ਵਿਚਾਰ ਲਵੋ। ਸਤਿਨਾਮ ਸ੍ਰੇਸ਼ਟ (ਸੁੰਦਰ) ਫ਼ਲ ਦੇਣ ਵਾਲਾ ਹੈ। ਗੁਰਮੁਖ ਇਸ ਦਾ ਸਿਮਰਨ ਕਰਦਾ ਹੈ ਤੇ ਉਸ ਦਾ ਉਧਾਰ ਹੁੰਦਾ ਹੈ। ਜਾਤ ਦਾ ਹੰਕਾਰ ਕਰਕੇ ਆਪਣਾ ਜਨਮ ਨਾ ਗੁਆਉ। ਭਗਤੀ ਕਰੋ ਤੇ ਪਰਮਾਤਮਾ ਨੂੰ ਸਭ ਵਿਚ ਵਿਆਪਕ ਜਾਣੋ। ਪੰਡਤਾਂ ਨੇ ਕਿਹਾ," ਮੂਰਖ ਸਾਨੂੰ ਸਮਝਾਉਣਾ ਚਾਹੁੰਦੇ ਹਨ ਕਿ ਅਸੀਂ ਭਾਖਾ ਕਹੀਏ (ਅਪਣਾਈਏ)।" ਇਹ ਸੁਣ ਕੇ ਮਾਧੋ ਨੇ ਫਿਰ ਕਿਹਾ ਪਾਰਬ੍ਰਹਮ ਕਰਤਾਰ ਬਹੁਤ ਮਹਾਨ ਹੈ। ਜਿਸ ਦੇ ਸਵਾਸਾਂ ਨਾਲ ਸਾਰੇ ਵੇਦ ਦਿਸਦੇ (ਹੋਂਦ ਵਿਚ ਆਏ) ਹਨ। ਉਹੀ ਪਾਰਬ੍ਰਹਮ ਸਰੂਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਹੋਏ ਹਨ। ਜਿਨ੍ਹਾਂ ਨੇ ਕਲਜੁਗ

ਵਿਚ ਮਨੁਖਾਂ ਨੂੰ ਬੁੱਧੀਹੀਣ ਜਾਣ ਕੇ ਉਨ੍ਹਾਂ ਨੇ ਭਾਖਾ ਵਿਚ ਕਹਿ (ਉਪਦੇਸ਼ ਦੇ) ਕੇ ਮਨੁੱਖਤਾ ਦਾ ਕਲਿਆਣ ਕੀਤਾ। ਗੁਰੂ ਦੇ ਸ਼ਬਦ ਨਾਲ ਮਨ ਨੀਵਾਂ ਹੁੰਦਾ ਹੈ। ਸੰਸਕ੍ਰਿਤ ਦੇ ਨਾਲ ਹੰਕਾਰ ਵਧਦਾ ਹੈ। ਜਿਨ੍ਹਾਂ ਨੇ ਸਤਿਗੁਰੂ ਜੀ ਦੀ ਬਾਣੀ ਨੂੰ ਮੰਨ ਲਿਆ,ਉਹ ਸਰਬ ਸ਼ਕਤੀਆਂ ਸਮੇਤ ਬ੍ਰਹਮ ਗਿਆਨੀ ਹੋਏ। ਉਹ ਦੇਸ਼ਾਂ-ਵਿਦੇਸ਼ਾਂ ਵਿਚ ਪ੍ਰਸਿੱਧ ਹੋ ਗਏ। ਫਿਰ ਛਿਪੇ ਨਹੀਂ ਸਮੂਹ ਸਿੱਖ ਸੇਵਕ ਉਪਰ ਉੱਠ ਆਏ ਸਨ। ਇਸ ਪ੍ਰਕਾਰ ਕਹਿ ਕੇ ਉਨ੍ਹਾਂ ਨੂੰ ਬਹੁਤ ਸਮਝਾਇਆ। ਗੁਰੂ ਦੇ ਬਚਨਾ ਦੇ ਪਰਤਾਪ ਸਦਕਾ ਉਹ ਆਏ ਹੋਏ ਸਿੱਖ ਹੋ ਗਏ। ਉੱਥੇ ਦੋਨੋਂ ਸਮੇਂ ਕਥਾ ਕੀਰਤਨ ਹੁੰਦਾ। ਬਹੁਤ ਹੀ ਪ੍ਰੇਮ ਧਾਰਨ ਕਰਕੇ ਕੀਰਤਨ ਕਰਦੇ ਤੇ ਸੁਣਦੇ ਸਨ। ਨਗਰ ਵਿਚ ਧਰਮਸ਼ਾਲਾ ਬਣਵਾਈ, ਉੱਥੇ ਸਮੂਹ ਸੰਗਤ ਸੇਵਾ ਕਰਦੀ ਤਦ ਉੱਥੇ ਸਿੱਖਾਂ ਦੀ ਸੇਵਾ ਹੋਣ ਲੱਗੀ ਤੇ ਸਾਰੇ ਗੁਰੂ ਜੀ ਦੇ ਚਰਨਾ ਦੇ ਪ੍ਰੇਮੀ ਹੋ ਗਏ। ਇਸ ਤਰ੍ਹਾਂ ਕਸ਼ਮੀਰ ਵਿਚ ਸਿੱਖੀ ਦਾ ਵਿਸਥਾਰ ਹੋਇਆ ਤੇ ਸਾਰੇ ਪ੍ਰੇਮ ਨਾਲ ਸਤਿਨਾਮੁ ਦਾ ਸਿਮਰਨ ਕਰਦੇ।

# ਪਾਤਿਸ਼ਾਹੀ ਛੇਵੀਂ

## ਗੁ: ਕਲਿਆਣ ਸਰ ਵਿਖੇ ਸੱਪ ਦਾ ਉਧਾਰ

ਜਿਸ ਵਕਤ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ ਪੀਰੀ ਦੇ ਮਾਲਕ ਲਧਾਈਕੇ ਪਿੰਡ (ਜਿਲ੍ਹਾ ਫਿਰੋਜਪੁਰ) ਗਏ ਸਨ। ਉਥੇ ਇਕ ਭਾਰੀ ਫਨ ਵਾਲਾ ਸੱਪ ਜਿਸ ਦੇ ਸਰੀਰ ਵਿਚ ਕਿਰਮ ਪਏ ਹੋਏ ਸਨ ਉਹ ਤੁਰਿਆ ਆਉਂਦਾ ਸੀ। ਭਾਈ ਬਿਧੀ ਚੰਦ ਜੀ ਨੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਜੀ ਬਹੁਤ ਭਾਰੀ ਸੱਪ ਆ ਰਿਹਾ ਹੈ ਪਾਸੇ ਕਰ ਦਈਏ। ਸਤਿਗੁਰਾਂ ਨੇ ਫੁਰਮਾਇਆ ਕਿ ਨਹੀਂ ਭਾਈ ਸ਼ਰਨ ਆ ਰਿਹਾ ਹੈ ਇਸ ਦੀ ਕਲਿਆਣ ਕਰਨੀ ਹੈ। ਜਦੋਂ ਨੇੜੇ ਆਇਆ ਸਤਿਗੁਰੂ ਸਾਹਿਬ ਜੀ ਨੇ ਆਪਣਾ ਚਰਨ ਛੁਆ ਕੇ ਉਸ ਦੀ ਕਲਿਆਣ ਕੀਤੀ। ਚਰਨਾ ਦੀ ਠੋਕਰ ਨਾਲ ਉਸ ਦਾ ਸਰੀਰ ਫਟ ਗਿਆ ਸਾਰੇ ਸਰੀਰ ਵਿਚ ਕੀੜੇ ਪਏ ਹੋਏ ਸਨ। ਉਸ ਵਿਚੋਂ ਪ੍ਰਕਾਸ਼ ਵਾਲੀ ਦੇਹ ਨਿਕਲੀ ਤਾਂ ਭਾਈ ਬਿਧੀ ਚੰਦ ਜੀ ਨੇ ਪੁੱਛਿਆ ਮਹਾਰਾਜ ਸਾਹਿਬ ਜੀ ਇਹ ਕੀ ਕੌਤਕ ਹੈ। ਤਾਂ ਸਤਿਗੁਰੂ ਸਾਹਿਬ ਜੀ ਨੇ ਉਸ ਦਿੱਬ ਦੇਹੀ ਨੂੰ ਕਿਹਾ ਤੂੰ ਹੀ ਆਪਣੇ ਹਾਲਾਤ ਦਸ ਤਾਂ ਉਸ ਨੇ ਕਿਹਾ ਸਤਿਗੁਰੂ ਸਾਹਿਬ ਜੀ ਮੈਂ ਬੜਾ ਭਾਰੀ ਵਿਦਵਾਨ ਅਤੇ ਲਾਲਚੀ ਸੀ। ਜਿਹੜੇ ਲੋਕ ਮੈਨੂੰ ਆ ਕਰਕੇ ਭੇਟਾ ਚੜਾਉਂਦੇ ਸਨ ਮੈਂ ਉਨ੍ਹਾਂ ਦੀ ਜਿੰਮੇਵਾਰੀ ਲੈਂਦਾ ਰਿਹਾ ਕਿ ਮੈਂ ਤੁਹਾਡੀ ਕਲਿਆਣ ਕਰਾਂਗਾ। ਜਦੋਂ ਮੈਂ ਮਰ ਗਿਆ ਤਾਂ ਮੈਨੂੰ ਸੱਪ ਦੀ ਜੂਨ ਪ੍ਰਾਪਤ ਹੋਈ। ਮੈਂ ਆਪ ਮੁਕਤ ਨਾ ਹੋ ਸਕਿਆ। ਮੇਰੇ ਚੇਲੇ ਮਰ ਕੇ ਮੇਰੇ ਸਰੀਰ ਵਿਚ ਕਿਰਮ ਬਣ ਕੇ ਰਹਿਣ ਲਗ ਪਏ। ਮੈਂ ਇਨ੍ਹਾਂ ਦੇ ਪਦਾਰਥ ਖਾਧੇ ਸਨ ਹੁਣ ਇਹ ਮੇਰਾ ਮਾਸ ਖਾਂਦੇ

ਹਨ। ਹੇ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਹੁਣ ਆਪ ਜੀ ਨੇ ਅਤਿਅੰਤ ਕਿਰਪਾ ਕੀਤੀ ਹੈ। ਮੇਰੇ ਸਾਰੇ ਸਰੀਰ ਵਿਚ ਛੇਕ ਪਏ ਹੋਏ ਸਨ। ਆਪ ਜੀ ਨੇ ਪਵਿਤ੍ਰ ਚਰਨ ਛੁਆ ਕੇ ਮੇਰੀ ਕਲਿਆਣ ਕੀਤੀ ਹੈ। ਆਪ ਪਰਉਪਕਾਰੀ ਹੋ। ਹੁਣ ਮੈਂ ਤੁਹਾਡੀ ਕਿਰਪਾ ਨਾਲ ਬੈਕੁੰਠ ਨੂੰ ਚਲਿਆ ਹਾਂ ਇਉਂ ਕਹਿਕੇ ਅਲੋਪ ਹੋ ਗਿਆ ਅਤੇ ਕੀੜਿਆਂ ਦੀ ਵੀ ਕਲਿਆਣ ਸਤਿਗੁਰਾਂ ਨੇ ਕਰ ਦਿੱਤੀ। ਅਤੇ ਸਿੱਖਿਆ ਦਿਤੀ ਕਿ ਜੋ ਭਜਨ ਸਿਮਰਨ ਕਰਕੇ ਜੀਵਨ ਉੱਚਾ ਅਤੇ ਮਨ ਨੀਵਾਂ ਨਹੀਂ ਕਰਦੇ ਸਗੋਂ ਵਡੇਪੁਣੇ ਦਾ ਮਾਣ ਕਰਦੇ ਹਨ ਉਨ੍ਹਾਂ ਦੀ ਇਹੋ ਜਿਹੀ ਹੀ ਹਾਲਤ ਹੁੰਦੀ ਹੈ। ਇਸ ਅਸਥਾਨ ਦੀ ਨੀਂਹ ਸ੍ਰੀਮਾਨ ਪੰਥ ਰਤਨ, ਬ੍ਰਹਮ ਗਿਆਨੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਆਪਣੇ ਹਸਤ ਕਵਲਾਂ ਨਾਲ ਰੱਖੀ ਸੀ। ਮਹਾਂਪੁਰਖਾਂ ਦੇ ਵਿਦਿਆਰਥੀ ਸੰਤ ਬਾਬਾ ਨਰਾਇਣ ਸਿੰਘ ਜੀ ਲਧਾਈਕੇ ਵਾਲਿਆਂ ਨੇ ਇਸ ਅਸਥਾਨ ਤੇ ਲੰਮਾਂ ਸਮਾਂ ਸੇਵਾ ਨਿਭਾਈ। ਉਨ੍ਹਾਂ ਤੋਂ ਉਪਰੰਤ ਸੰਤ ਬਾਬਾ ਦਾਨ ਸਿੰਘ ਜੀ ਸੇਵਾ ਕਰਦੇ ਰਹੇ। ਹੁਣ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਵਲੋਂ ਸੰਤ ਸੁਰਜੀਤ ਸਿੰਘ ਜੀ ਸੋਧੀ ਸੇਵਾ ਨਿਭਾ ਰਹੇ ਹਨ।

## ਬਾਜ ਅਤੇ ਬਟੇਰੇ ਦੀ ਜਾਮਨੀ

ਮੀਰੀ ਪੀਰੀ ਦੇ ਮਾਲਕ,ਧੰਨ ਸੱਚੇ ਪਾਤਿਸ਼ਾਹ,ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਸ੍ਰੀ ਹਰਿਗੋਬਿੰਦ ਪੁਰ ਸਾਹਿਬ(ਜਿਲਾ ਗੁਰਦਾਸਪੁਰ) ਵਿਚ ਸੁਭਾਇਮਾਨ ਹਨ,ਆਪ ਜੀ ਦੇ ਦਰਸ਼ਨ ਕਰਨ ਵਾਸਤੇ ਕਾਂਸ਼ੀ ਤੋਂ ਸੰਗਤ ਆਈ, ਉਸ ਸਮੇ ਸਤਿਗੁਰੂ ਜੀ ਸ਼ਿਕਾਰ ਖੇਡ ਕੇ ਵਾਪਸ ਆਏ ਅਤੇ ਸਤਿਗੁਰਾਂ ਨੇ ਇੱਕ ਹੱਥ ਵਿਚ ਬਾਜ ਫੜਿਆ ਹੈ ਅਤੇ ਦੂਸਰੇ ਵਿਚ ਬਟੇਰਾ ਆਪ ਜੀ ਬਾਜ ਕੋਲੋਂ ਜਿਉਂਦੇ ਬਟੇਰੇ ਦਾ ਮਾਸ ਖੁਆ ਰਹੇ ਹਨ ਅਤੇ ਖੂਨ ਦੀਆਂ ਧਾਰਾਂ ਵਗ ਰਹੀਆਂ ਹਨ। ਕਾਂਸ਼ੀ ਦੀ ਸੰਗਤ ਵਿਚੋਂ ਇੱਕ ਕਾਂਸ਼ੀ ਦਾ ਰਹਿਣ ਵਾਲਾ ਸਿਖ,ਸੰਗਤ ਨੂੰ ਡੇਰੇ ਛੱਡ ਕੇ ਸਤਿਗੁਰਾਂ ਪਾਸ ਬਿਆਸਾ ਦੇ ਕਿਨਾਰੇ ਤੇ ਕਾਹਲੀ ਨਾਲ ਦਰਸ਼ਨ ਕਰਨ ਗਿਆ। ਜਦੋਂ ਸਤਿਗੁਰਾਂ ਨੂੰ ਇਸ ਤਰ੍ਹਾਂ ਕਰਦਿਆਂ ਇਸ ਸਿਖ ਨੇ ਤੱਕਿਆ ਤਾਂ ਮਨ ਵਿਚ ਤਰਕ ਕੀਤੀ ਕਿ ਇਹ ਗੁਰੂ ਨਾਨਕ ਸਾਹਿਬ ਜੀ ਦੀ ਭਾਰੀ ਗੱਦੀ ਦੇ ਮਾਲਕ ਹਨ। ਪਰ ਦਇਆ ਇਨ੍ਹਾਂ ਵਿਚ ਹੈ ਹੀ ਨਹੀਂ। ਸਾਰੇ ਇਨ੍ਹਾਂ ਨੂੰ ਗਰੀਬ ਨਿਵਾਜ ਆਖਦੇ ਹਨ। ਮੇਰੇ ਮਨ ਵਿਚ ਸੰਕਲਪ ਸੀ ਕਿ ਜਿਹੜਾ ਗੁਰੂ ਮਾਸ ਨਾ ਖਾਂਦਾ ਹੋਵੇ ਅਤੇ ਸ਼ਰਾਬ ਨਾ ਪੀਂਦਾ ਹੋਵੇ ਉਸ ਨੂੰ ਗੁਰੂ ਧਾਰਨ ਕਰਾਂਗਾ। ਇਨ੍ਹਾਂ ਪਾਸ ਤਾਂ ਦਇਆ ਆਦਿ ਰੰਚ ਮਾਤਰ ਵੀ ਨਹੀਂ ਹੈ। ਇਸ ਦੇ ਮਨ ਦੀਆਂ ਸੋਚਾਂ ਅੰਤਰਜਾਮੀ ਸਤਿਗੁਰਾਂ ਨੇ ਜਾਣ ਕੇ ਕਿਹਾ ਸਿੱਖਾ ਮਨ ਵਿਚ ਕੀ ਤਰਕਾਂ ਕਰਦਾ ਹੈ। ਤੂੰ ਦਰਗਾਹ ਦਾ ਭੇਤ ਨਹੀਂ ਜਾਣਦਾ ਕਿ ਕੀ ਕਾਰਨ ਹੈ। ਤਾਂ ਸਿਖ ਨੇ ਅਧੀਨਗੀ ਨਾਲ ਬੇਨਤੀ ਕੀਤੀ ਮੈਂ

ਅਲਪੱਗ ਤੁੱਛ ਬੁੱਧੀ ਦਾ ਮਾਲਕ ਹੋਣ ਕਰਕੇ ਆਪ ਜੀ ਦੀ ਬਾਹਰਲੀ ਕਿਰਿਆ ਵੇਖ ਕੇ ਸ਼ੰਕਾ ਕੀਤੀ ਹੈ। ਤਾਂ ਸਤਿਗੁਰਾਂ ਨੇ ਇਸ ਦੀ ਸ਼ੰਕਾ ਮੇਟਣ ਵਾਸਤੇ ਸਾਰੀ ਵਾਰਤਾ ਸੁਣਾਈ। ਕਿ ਇਹ ਬਾਜ ਪਿਛਲੇ ਜਨਮ ਵਿਚ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਸਿੱਖ ਸੀ, ਚੌਥੇ ਸਤਿਗੁਰਾਂ ਨੇ ਇਸ ਨੂੰ ਕਿਸੇ ਕਾਰਜ ਲਈ ਬਾਹਰ ਭੇਜਿਆ ਤਾਂ ਇਹ ਤੁਰਦਾ ਤੁਰਦਾ ਦਰਿਆ ਪਾਰ ਹੋਣ ਲਈ ਦਰਿਆ ਦੇ ਕਿਨਾਰੇ ਤੇ ਪੁੱਜਿਆ। ਤਾਂ ਇਸ ਬਟੇਰੇ ਰੂਪ ਮਲਾਹ ਨੇ ਸਮੇਂ ਅਨੁਸਾਰ ਦਰਿਆ ਤੋਂ ਪਾਰ ਕਰਨ ਲਈ ਲੋਕਾਂ ਨੂੰ ਏਸ ਸਿੱਖ ਸਮੇਤ ਬੇੜੀ ਵਿਚ ਬਿਠਾ ਕੇ ਬੇੜੀ ਤੋਰ ਲਈ ਜਦੋਂ ਦਰਿਆ ਦੇ ਵਿਚਕਾਰ ਬੇੜੀ ਗਈ ਤਾਂ ਸਾਰੀਆਂ ਸਵਾਰੀਆਂ ਤੋਂ ਕਿਰਾਇਆ ਮਜਦੂਰੀ ਲੈ ਲਈ, ਪਰ ਏਸ ਸਿੱਖ ਪਾਸ ਕੇਵਲ ਪੰਜ ਪੈਸੇ ਸਨ ਇਹ ਪੰਜ ਪੈਸੇ ਸਿੱਖ ਇਸ ਮਲਾਹ ਨੂੰ ਦਿੰਦਾ ਰਿਹਾ ਪਰ ਇਸ ਨੇ ਲੈਣ ਤੋਂ ਨਾਹ ਕਰ ਦਿੱਤੀ। ਅਤੇ ਲਾਲਚ ਵਿਚ ਆ ਕੇ ਕਿਹਾ ਹੋਰ ਪੈਸੇ ਦੇਹ ਪਰ ਸਿੱਖ ਕੋਲ ਹੋਰ ਧਨ ਨਾ ਹੋਣ ਕਰਕੇ ਦੇ ਨਾ ਸਕਿਆ ਤਾਂ ਇਸ ਮਲਾਹ ਨੇ ਗੁੱਸੇ ਵਿਚ ਆ ਕੇ ਸਿੱਖ ਨੂੰ ਬੇੜੀ ਵਿਚੋਂ ਚੁੱਕ ਕੇ ਦਰਿਆ ਵਿਚ ਸੁੱਟ ਦਿੱਤਾ। ਸਿੱਖ ਨੇ ਬਹੁਤ ਤਰਲੇ ਵੀ ਕੀਤੇ ਕਿ ਮੈਨੂੰ ਗੁਰੂ ਸਾਹਿਬ ਨੇ ਕਿਸੇ ਕਾਰਜ ਭੇਜਿਆ ਹੈ ਤੂੰ ਐਨੇ ਲੈ ਲੈ ਪਰ ਇਹ ਨਾ ਮੰਨਿਆ। ਇਸ ਨੇ ਝਗੜਾ ਕਰਦੇ ਨੇ ਜਦੋਂ ਸਿੱਖ ਨੂੰ ਦਰਿਆ ਵਿਚ ਸੁੱਟਿਆ ਤਾਂ ਸਿਖ ਦੇ ਮਨ ਵਿਚ ਫੁਰਨਾ ਆਇਆ ਕਿ ਐਸੇ ਨਿਰਦਈ ਦਾ ਮਾਸ ਕੱਟ ਕੱਟ ਕੇ ਮੈਂ ਖਾਵਾਂ ਜਿਸਨੇ ਭੋਰਾ ਵੀ ਦਇਆ ਨਹੀਂ ਕੀਤੀ। ਇਸ ਤਰ੍ਹਾਂ ਸੋਚਦਿਆਂ ਸਿੱਖ ਪਾਣੀ ਵਿਚ ਡੁੱਬ ਕੇ ਸਰੀਰ ਤਿਆਗ ਗਿਆ। ਇਧਰ ਸਮਾਂ ਆਉਣ ਤੋਂ ਉਹ ਮਲਾਹ ਮਰ ਕੇ ਬਟੇਰਾ ਬਣਿਆ ਅਤੇ ਇਹ ਸਿਖ ਬਾਜ ਬਣਿਆ, ਇਹ ਬਾਜ ਅਤੇ ਬਟੇਰਾ ਹੁਣ ਸਾਡੇ ਹੱਥ ਵਿਚ ਆਏ ਹਨ, ਇਨ੍ਹਾਂ ਦੇ ਪਿਛਲੇ ਜਨਮ ਦਾ ਹਿਸਾਬ ਪੂਰਾ ਕਰਾ ਰਹੇ ਹਾਂ ਉਹ ਸਿੱਖ ਜੋ ਬਾਜ ਦਾ ਰੂਪ ਹੈ, ਅਤੇ ਮਲਾਹ ਬਟੇਰੇ ਦਾ ਰੂਪ ਹੈ, ਇਸ ਤੋਂ ਉਹ ਹਿਸਾਬ ਪੂਰਾ ਕਰਾਇਆ ਹੈ। ਐਨੇ ਬਚਨ ਕਰਕੇ ਸਤਿਗੁਰਾਂ ਨੇ ਦੋਨਾ ਵੱਲ ਕਿਰਪਾ ਦੀ ਦ੍ਰਿਸ਼ਟੀ ਨਾਲ ਤੱਕਿਆ ਤਾਂ ਦੋਨੋਂ ਹੀ ਸਰੀਰ ਤਿਆਗ ਗਏ। ਸਿੱਖ ਨੇ ਜਦੋਂ ਅਕਾਸ਼ ਵੱਲ ਦੇਖਿਆ ਤਾਂ ਅਕਾਸ਼ ਵਿਚੋਂ ਇਸ ਨੂੰ ਪ੍ਰਕਾਸ਼ ਦਿਸਿਆ ਤਾਂ ਇਸ ਨੇ ਬੇਨਤੀ ਕੀਤੀ ਕਿ ਮਹਾਰਾਜ ਜਦੋਂ ਇਹ ਦੋਵੇਂ ਪ੍ਰਾਣ ਤਿਆਗ ਗਏ ਤਾਂ ਮੈਨੂੰ ਕੁਝ ਅਕਾਸ਼ ਵਿਚ ਪ੍ਰਕਾਸ਼ ਦਿੱਸਿਆ ਹੁਣ ਅਲੋਪ ਹੋ ਗਿਆ ਹੈ।

ਤਾਂ ਸਤਿਗੁਰਾਂ ਕਿਹਾ ਭਾਈ ਇਨ੍ਹਾਂ ਦੀਆਂ ਸੂਖਮ ਦੇਹਾਂ ਨੂੰ ਲੈਣ ਵਾਸਤੇ ਦੇਵਤੇ ਆਏ ਸਨ ਜੋ ਕਿ ਬਿਮਾਨਾ ਵਿਚ ਬੈਠਾ ਕੇ ਦਰਗਾਹ ਵਿਚ ਲੈ ਕੇ ਗਏ ਹਨ ਇਨ੍ਹਾਂ ਦਾ ਉਧਾਰ ਹੋ ਗਿਆ ਹੈ। ਇਸ ਤਰ੍ਹਾਂ ਸਿਖ ਨੇ ਆਪਣੀ ਭੁੱਲ ਦੀ ਖਿਮਾਂ ਜਾਚਨਾ ਕੀਤੀ। ਅਤੇ ਇਹ ਸਾਰਾ ਪ੍ਰਸੰਗ ਕਾਂਸ਼ੀ ਦੀ ਸੰਗਤ ਨੂੰ ਜਾ ਕਰਕੇ ਸੁਣਾਇਆ ਤਾਂ

ਸਾਰੀ ਸੰਗਤ ਗਦ ਗਦ ਹੋ ਗਈ। ਇਸ ਤਰ੍ਹਾਂ ਗੁਰੂ ਤੇ ਸ਼ੰਕਾ ਨਹੀਂ ਕਰਨੀ ਚਾਹੀਦੀ,ਸ਼ੰਕਾ ਮੇਟ ਕੇ ਸਤਿਗੁਰਾਂ ਦੇ ਚਰਨੀ ਲਗਣਾ ਚਾਹੀਦਾ ਹੈ। ਗੁਰੂ ਸਾਹਿਬ ਸਾਰੀ ਗਤੀ ਨੂੰ ਆਪ ਜਾਣਦੇ ਹਨ।

## ਭਾਈ ਰੂਪੇ ਦਾ ਜਨਮ

***ਘਰ ਵੱਡੇ ਇਕ ਗ੍ਰਾਮ ਮਹਿਂ ਗੁਰਸਿਖ ਬਸਹਿ ਤਿਖਾਨ।***
***ਰਾਮਦਾਸ ਸਤਿਗੁਰੂ ਤੇ ਸਿਖੀ ਧਰੀ ਮਹਾਨ॥***

ਭਾਈ ਆਕਲ ਜੀ ਚੌਥੇ ਪਾਤਿਸ਼ਾਹ ਜੀ ਦੇ ਸਿੱਖ ਸਨ। ਵੱਡੇ ਘਰ ਇਨ੍ਹਾਂ ਦੇ ਪਿੰਡ ਦਾ ਨਾਮ ਸੀ। ਸਰਧਾ ਤੇ ਭਰੋਸੇ ਸਹਿਤ ਛੇ ਮਹੀਨੇ ਪਿਛੋਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਇਆ ਕਰਦਾ ਸੀ। ਉਸ ਦੇ ਘਰ ਇਕ ਪੁੱਤਰੀ ਨੇ ਜਨਮ ਲਿਆ। ਜਦੋਂ ਸੱਤ ਬਰਸਾਂ ਦੀ ਹੋਈ ਤਾਂ ਭਾਈ ਆਕਲ ਜੀ ਨੇ ਇਸ ਦਾ ਸੰਬੰਧ ਕਿਸੇ ਥਾਂ ਕਰਨਾ ਚਾਹਿਆ। ਉਸ ਸਮੇਂ ਦੇ ਰਿਵਾਜ ਅਨੁਸਾਰ ਬ੍ਰਾਹਮਣ ਨੂੰ ਬੁਲਾ ਕੇ ਕਿਹਾ ਜਾਹ ਮੇਰੀ ਲੜਕੀ ਦੀ ਕਿਤੇ ਸਗਾਈ (ਕੁੜਮਾਈ) ਕਰ ਆ। ਉਹ ਭਾਲਦਾ ਭਾਲਦਾ ਤੁਕਲਾਣੀ ਨਗਰ ਵਿਚ ਪਹੁੰਚ ਗਿਆ। ਉਸ ਪਿੰਡ ਵਿਚ ਇਕ ਸਾਦਾ ਨਾਮੇ ਤਰਖਾਣ ਰਹਿੰਦਾ ਸੀ। ਉਸ ਦੇ ਪੁੱਤਰ ਸਾਧੂ ਨੂੰ ਯੋਗ ਜਾਣ ਕੇ ਉਸ ਨਾਲ ਭਾਈ ਆਕਲ ਦੀ ਲੜਕੀ ਦੀ ਕੁੜਮਾਈ ਕਰ ਦਿਤੀ। ਜਦੋਂ ਵਾਪਸ ਆ ਕੇ ਭਾਈ ਆਕਲ ਜੀ ਨੂੰ ਦੱਸਿਆ ਤਾਂ ਭਾਈ ਆਕਲ ਨੇ ਪੁਛਿਆ ਕਿ ਉਹ ਗੁਰੂ ਕੇ ਸਿਖ ਹਨ ਜਾਂ ਨਹੀ ਤਾਂ ਬ੍ਰਾਹਮਣ ਨੇ ਕਿਹਾ ਮੈਂ ਇਹ ਵੀਚਾਰ ਨਹੀ ਕੀਤੀ ਕੇਵਲ ਵਧੀਆ ਘਰ ਵੇਖਿਆ ਹੈ। ਕਈ ਸਾਲਾਂ ਮਗਰੋਂ ਵਿਆਹ ਦਾ ਦਿਨ ਨਿਅਤ ਕੀਤਾ। ਜੰਞ ਆ ਗਈ, ਭਲੀ ਪ੍ਰਕਾਰ ਸੇਵਾ ਕਰਕੇ ਆਪਣੀ ਸਪੁੱਤਰੀ ਦਾ ਅਨੰਦ ਕਾਰਜ ਭਾਈ ਸਾਧੂ ਨਾਲ ਕਰ ਦਿਤਾ। ਪਰ ਭਾਈ ਆਕਲ ਜੀ ਨੇ ਪਛਾਣ ਲਏ ਕਿ ਇਹ ਮੇਰੇ ਸੰਬੰਧੀ ਤਾਂ ਸੁਲਤਾਨ ਦੇ ਉਪਾਸਕ ਹਨ। ਬੜਾ ਦੁਖੀ ਹੋਇਆ ਅਤੇ ਆਪਣੀ ਪੁੱਤਰੀ ਜਿਸਨੂੰ ਜਨਮ ਤੋਂ ਲੈ ਕੇ ਸਿਖਿਆ ਦੇ ਦੇ ਕੇ ਸਿੱਖੀ ਵਿਚ ਪ੍ਰਪੱਕ ਕੀਤਾ ਸੀ ਹੁਣ ਉਸ ਨੂੰ ਫਿਰ ਦ੍ਰਿੜ ਰਹਿਣ ਵਾਸਤੇ ਉਪਦੇਸ਼ ਦੇਣ ਲੱਗਾ ਕਿ ਹੇ ਪੁੱਤਰੀ ਤੇਰੇ ਸਹੁਰੇ ਸੁਲਤਾਨ ਦੇ ਉਪਾਸਕ ਹਨ, ਪਰ ਤੂੰ ਕਿਸੇ ਨੂੰ ਨਹੀਂ ਮੰਨਣਾ। ਤੇਰਾ ਮੱਥਾ ਸਤਿਗੁਰਾਂ ਜੀ ਤੋਂ ਅੱਗੇ ਹੋਰ ਕਿਸੇ ਅੱਗੇ ਨਾ ਝੁਕੇ। ਸਤਿਗੁਰੂ ਭਲੀ ਕਰਨਗੇ। ਬੀਬੀ ਦ੍ਰਿੜ ਨਿਸਚੇ ਵਾਲੀ ਇਹ ਗਲ ਸੁਣਕੇ ਬਹੁਤ ਦੁਖੀ ਹੋਈ। ਸੋਚਣ ਲਗੀ ਬੜੀ ਅਣਬਣ ਗੱਲ ਬਣ ਗਈ ਹੈ। ਪਰ ਚਿੱਤ ਡੋਲਿਆ ਨਹੀਂ, ਸਗੋਂ ਅਰਦਾਸ ਵਿਚ ਜੁੜਕੇ ਬੇਨਤੀਆਂ ਕਰਨ ਲਗੀ, ਹੇ ਸਚੇ ਪਾਤਿਸ਼ਾਹ, ਮੀਰੀ ਪੀਰੀ ਦੇ ਮਾਲਕ ਮੇਰੀ ਸਹਾਇਤਾ ਕਰੋ। ਤੇ ਮੇਰੇ ਸਹੁਰੇ ਆਪਣੇ ਸਿੱਖ ਬਣਾ ਲਓ। ਮੇਰੇ ਤੇ ਮਿਹਰ ਕਰੋ, ਤਰਸ ਕਰੋ। ਹੇ ਜਗਤ ਗੁਰੂ ਜੀ, ਫੇਰ ਤੁਹਾਡਾ ਕੀ ਉਪਕਾਰ ਹੋਇਆ ਜੋ ਕਰਮ ਹੀ ਨਾ ਨਾਸ ਹੋਏ। ਸ਼ੇਰ ਦੀ ਸ਼ਰਨ ਵਿਚ

ਜਾਣ ਦਾ ਕੀ ਲਾਭ ਜੇ ਫੇਰ ਵੀ ਗਿਦੜ ਹੀ ਗ੍ਰਸਦੇ ਰਹਿਣ। ਸ਼ੇਰ ਰੂਪ ਸਤਿਗੁਰੂ ਜੀ ਤੁਹਾਡੀ ਸ਼ਰਨ ਲੈਣ ਦਾ ਫੇਰ ਕੀ ਲਾਭ ਜੇ ਕਰਮਾਂ ਰੂਪੀ ਗਿੱਦੜ ਫੇਰ ਵੀ ਗ੍ਰਸਦੇ ਰਹੇ। ਫੇਰ ਤੁਹਾਨੂੰ ਛੱਡ ਕੇ ਹੋਰ ਕਿਸ ਪਾਸੇ ਜਾਈਏ। ਤੁਹਾਡੇ ਬਰਾਬਰ ਹੋਰ ਦੂਜਾ ਕੋਈ ਨਹੀਂ ਹੈ। ਸੋ ਕਿਰਪਾ ਕਰੋ ਜੇ ਮੇਰੇ ਮੱਥੇ ਤੇ ਕੋਈ ਮਾੜਾ ਲੇਖ ਮੇਰੇ ਕੀਤੇ ਕਰਮਾਂ ਅਨੁਸਾਰ ਪਿਆ ਵੀ ਹੈ ਤਾਂ ਆਪ ਕਿਰਪਾ ਕਰੋ ਮੇਰਾ ਬੁਰਾ ਲੇਖ ਮੇਟ ਦਿਓ। ਲੋਕ ਪਰਲੋਕ ਵਿਚ ਤੁਸੀਂ ਹੀ ਲੇਖ ਲਿਖਣ ਵਾਲੇ ਹੋ। ਤੇ ਤੁਸੀਂ ਹੀ ਮੇਟਣ ਨੂੰ ਸਮਰਥ ਹੋ। ਇਉਂ ਬੇਨਤੀਆਂ ਕਰਨ ਲਗ ਪਈ। ਸਹੁਰੇ ਘਰ ਪਿੰਡ ਤੁਕਲਾਣੀ ਨੂੰ ਜਾਂਦਿਆਂ ਰਸਤੇ ਵਿਚ ਹੀ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਦਾ ਡੇਰਾ ਪਿੰਡ ਡਰੋਲੀ ਭਾਈ ਸਾਂਈ ਦਾਸ ਜੀ ਦੇ ਘਰ ਸੀ। ਗਰਮੀਆਂ ਦੀ ਰੁੱਤ ਹੋਣ ਕਰਕੇ ਅੰਮ੍ਰਿਤ ਵੇਲੇ ਹੀ ਜੰਵ ਵਿਦਾ ਕਰ ਦਿਤੀ ਗਈ। ਰਾਹ ਵਿਚ ਜਾਂਦਿਆਂ ਭਾਈ ਸਾਦਾ ਹੋਰ ਜਾਵੀਆਂ ਸਮੇਤ ਅੱਗੇ ਨਿਕਲ ਗਿਆ ਅਤੇ ਡੋਲੀ ਨੂੰ ਕਹਾਰਾਂ ਨੇ ਚੁੱਕਿਆ ਹੈ ਅਤੇ ਭਾਈ ਸਾਧੂ ਜੀ ਕੁਝ ਪਿਛੇ ਰਹਿ ਗਏ। ਦੂਰੋਂ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਅਵਾਜ਼ ਜਦੋਂ ਭਾਈ ਆਕਲ ਦੀ ਪੁੱਤਰੀ ਦੇ ਕੰਨਾ ਵਿਚ ਪਈ ਤਾਂ ਚਿੱਤ ਖੁਸ਼ੀ ਨਾਲ ਖਿੜ ਗਿਆ। ਕਹਾਰਾਂ ਨੂੰ ਪੈਸੇ ਦੇ ਕੇ ਕਿਹਾ ਕਿ ਡੋਲਾ ਸਤਿਗੁਰਾਂ ਜੀ ਦੇ ਡੇਰੇ ਵੱਲ ਲੈ ਚੱਲੋ। ਕਹਾਰ ਲਾਲਚ ਵਸ ਹੋ ਕੇ ਉਸ ਪਾਸੇ ਨੂੰ ਤੁਰ ਪਏ। ਡੇਰੇ ਤੋਂ ਕੁਝ ਦੂਰੀ ਤੇ ਹੀ ਬੀਬੀ ਡੋਲੀ ਵਿਚੋਂ ਉੱਤਰ ਗਈ ਤੇ ਤੁਰ ਕੇ ਸਤਿਗੁਰਾਂ ਦੇ ਚਰਨਾ ਵਿਚ ਪਹੁੰਚ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕਰ ਕੇ ਬੈਠ ਗਈ। ਜਦੋਂ ਸ੍ਰੀ ਆਸਾ ਜੀ ਦੀ ਵਾਰ ਦਾ ਭੋਗ ਪਿਆ ਤਾਂ ਸਤਿਗੁਰੂ ਜੀ ਨੇ ਪੁਛਿਆ, ਬੀਬੀ ਵਿਆਹ ਵਾਲੇ ਕੱਪੜੇ ਪਾਏ ਹੋਏ ਹਨ, ਕਿੱਧਰੋਂ ਆਈ ਹੈਂ, ਕੀ ਕਾਰਨ ਹੈ। ਤਾਂ ਬੀਬੀ ਨੇ ਸਾਰੀ ਬੇਨਤੀ ਕਹਿ ਸੁਣਾਈ ਕਿ **ਸਰਵਰ ਕੇ ਸੇਵਕ ਸਸੁਰਾਰੇ। ਇਹ ਚਿੰਤਾ ਚਿਤ ਭਈ ਉਦਾਰੇ। ਅਬ ਮੈਂ ਦਰਸ਼ਨ ਕਰਿ ਹੌਂ ਗੁਰ ਕਾ। ਪੂਰਨ ਹੋਇ ਮਨੋਰਥ ਉਰ ਕਾ। ਸੁਨਿ ਕੰਨਿਯਾ ਤੇ ਭਏ ਕਿਰਪਾਲ। ਹੇਰੀ ਸ਼ਰਧਾ ਭਾਉ ਬਿਸਾਲ॥ ਸ੍ਰੀ ਮੁਕ ਤੇ ਅੰਮ੍ਰਿਤ ਸਮ ਕਹਿਯੋ। ਤੇਰੋ ਲੇਖ ਇਸੀ ਬਿਧ ਲਹਯੋ। ਚਲਿ ਆਈ ਸਤਿ ਸੰਗਤਿ ਸ਼ਰਨੀ। ਲਿਖਹਿ ਲੇਖ ਅਬ ਜਿਉਂ ਸ਼ੁਭ ਕਰਨੀ॥ ਫੇਰ ਬੀਬੀ ਨੇ ਭੇਟਾ ਚਰਨਾ ਵਿਚ ਰੱਖੀ ਜੋ ਘਰੋਂ ਲੈਕੇ ਆਈ ਸੀ ਅਤੇ ਹੋਰ ਨਿਮ੍ਰਤਾ ਨਾਲ ਬੇਨਤੀਆਂ ਕੀਤੀਆਂ। ਸੁਨਿ ਪ੍ਰਸੰਨ ਗੁਰ ਬਾਕ ਬਖਾਨਾ। ਨਵੋਂ ਲੇਖ ਲਿਖਬੋ ਤੁਮ ਠਾਨਾ। ਪਿਤਾ ਤੋਹਿ ਸਿਖ,ਸੋ ਤੋ ਤਰਯੋ। ਘਰ ਸਸੁਰਾਰ ਕ੍ਰਿਤਾਰਥ ਕਰਯੋ॥ ਸਿਖੀ ਦਾਨ ਦੀਨ ਹਮ ਤੋਹੀ। ਅਧਿਕ ਸਿਖ ਸੁਤ ਤੇਰੋ ਹੋਹੀ। ਪਤਿ ਭੀ ਸਿਖ ਹੋਇ ਹੈ ਭਲੇ। ਗੁਰ ਸਿੱਖੀ ਕੇ ਮਾਰਗ ਚਲੇ॥** ਇਤਨੀ ਦੇਰ ਨੂੰ ਭਾਈ ਸਾਧੂ ਭੀ ਚਰਨਾ ਵਿਚ ਆ ਪਹੁੰਚਾ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਸਦਾ ਚਿਤ ਵੀ ਠੰਡਾ ਹੋ ਗਿਆ ਤੇ ਨਮਸਕਾਰ ਕਰਕੇ ਬੈਠ

ਗਿਆ। ਹਜ਼ੂਰ ਨੇ ਕਿਹਾ ਭਾਈ ਸਾਧੂ ਤੇਰਾ ਸਹੁਰਾ ਗੁਰੂ ਕਾ ਸਿਖ ਹੈ ਅਤੇ ਉਸ ਦੀ ਲੜਕੀ ਨਾਲ ਤੇਰਾ ਸੰਬੰਧ ਹੋਇਆ ਹੈ। ਤੂੰ ਹੁਣ ਤੁਰਕ ਦੀ ਸੇਵਾ ਛੱਡ ਕੇ ਗੁਰੂ ਨਾਨਕ ਸਾਹਿਬ ਦਾ ਸਿੱਖ ਬਣ ਜਾ। ਹਿੰਦੂ ਘਰ ਵਿਚ ਜਨਮ ਪ੍ਰਾਪਤ ਕਰਕੇ ਤੁਰਕ ਦੀ ਸੇਵਾ ਕਰਕੇ ਕਿਉਂ ਬਿਅਰਥ ਗੁਆਉਂਦਾ ਹੈ। ਤੁਰਕ ਦਾ ਜੂਠਾ ਖਾਣਾ ਇਹ ਮੰਦਮਤੀ ਦੀ ਗੱਲ ਹੈ, ਇਹ ਛਡ ਦੇ। ਭਾਈ ਸਾਧੂ ਜੋ ਦਰਸ਼ਨ ਕਰਕੇ ਸਤਿਗੁਰਾਂ ਤੋਂ ਕੁਰਬਾਨ ਹੋ ਚੁੱਕਾ ਸੀ। ਸਤਿਗੁਰੂ ਜੀ ਨੇ ਐਸੀ ਕਿਰਪਾ ਦ੍ਰਿਸ਼ਟੀ ਪਾਈ ਨਿਹਾਲ ਕਰ ਦਿਤਾ। ਚਰਨੀ ਪੈ ਗਿਆ, ਲੱਗਾ ਬੇਨਤੀਆਂ ਕਰਨ, ਕਿ ਮੈਨੂੰ ਵੀ ਆਪਣਾ ਸਿੱਖ ਬਣਾ ਲਓ। ਸਤਿਗੁਰੂ ਜੀ ਨੇ ਉਸ ਦੇ ਚਿੱਤ ਸ਼ਰਧਾ ਵਧੀ ਦੇਖਕੇ ਆਪਣਾ ਸਿਖ ਬਣਾ ਲਿਆ ਤੇ ਸਤਿਨਾਮੁ ਦਾ ਉਪਦੇਸ਼ ਦਿਤਾ। ਸਿਖ ਬਣ ਕੇ ਡੋਲਾ ਲੈ ਕੇ ਵਿਦਾ ਹੋਇਆ। ਜਦੋਂ ਘਰ ਪਹੁੰਚਾ ਤਾਂ ਸਾਰਾ ਪ੍ਰਵਾਰ ਸੰਬੰਧੀ ਨਾਲ ਲੈ ਕੇ ਦੋਹਾਂ(ਪਤੀ ਸਤੀ) ਨੂੰ ਸਰਵਰ ਦੇ ਮੁਕਾਮ ਤੇ ਮੱਥਾ ਟਿਕਾਉਣ ਲਈ ਲੈ ਕੇ ਗਏ, ਜਾਂਦਿਆਂ ਸਾਰ ਭਾਈ ਸਾਧੂ ਨੇ ਲੱਤ ਮਾਰੀ ਅਤੇ ਕਹਿਣ ਲਗਾ ਮੈਂ ਗੁਰੂ ਕਾ ਸਿਖ ਬਣ ਗਿਆ ਹਾਂ ਇਸ ਮੁਕਾਮ ਨੂੰ ਢਾਹ ਦੇਵਾਂਗਾ। ਸਾਰਿਆਂ ਨੇ ਬੜਾ ਜੋਰ ਲਾਇਆ ਪਰ ਸਾਧੂ ਨੇ ਇਕ ਨਾ ਮੰਨੀ। ਮੱਥਾ ਤਾਂ ਕੀ ਟੇਕਣਾ ਸੀ ਸਗੋਂ ਢਾਹੁਣ ਦੀ ਤਿਆਰੀ ਕਰ ਲਈ। ਸਾਰੇ ਕਹਿਣ ਲਗ ਪਏ ਕਿ ਇਸ ਨੂੰ ਸਰਵਰ ਨੇ ਕਮਲਾ ਕਰ ਦਿਤਾ ਹੈ, ਇਹ ਬਾਵਰਾ ਹੋ ਗਿਆ ਹੈ। ਇਉਂ ਕਹਿੰਦੇ ਸਾਰੇ ਸੌਂ ਗਏ। ਭਾਈ ਸਾਧੂ ਨੇ ਉਠ ਕੇ ਕਹੀ ਲੈ ਕੇ ਮੁਕਾਮ ਢਾਹ ਦਿਤਾ। ਉਹ ਦਿਨੇ ਉਠ ਕੇ ਬਣਾ ਦਿਆ ਕਰਨ ਇਹ ਰਾਤ ਨੂੰ ਢਾਹ ਦਿਆ ਕਰੇ। ਤੇ ਅਖੀਰ ਨਿਸ਼ਾਨ ਮਿਟਾ ਕੇ ਹੀ ਹਟਿਆ। ਕੁਝ ਸਮੇਂ ਮਗਰੋਂ ਇਸ ਦੇ ਘਰ ਪੁੱਤਰ ਪੈਦਾ ਹੋਇਆ ਸਤਿਗੁਰੂ ਜੀ ਦੇ ਚਰਨਾ ਵਿਚ ਲੈ ਕੇ ਪਹੁੰਚਾ ਤੇ ਨਾਮ ਰੱਖਣ ਲਈ ਬੇਨਤੀ ਕੀਤੀ। ਹਜ਼ੂਰ ਨੇ ਭਾਈ ਰੂਪਾ ਨਾਮ ਰਖਿਆ। ਜੋ ਬੜਾ ਸਿਦਕੀ ਸਿਖ ਹੋਇਆ। ਪਿਉ ਪੁਤਰ ਐਹੋ ਜਿਹੇ ਸ਼ਰਧਾ ਵਾਲੇ ਹੋਏ। ਇਕ ਦਿਨ ਬਾਹਰ ਲਕੜਾਂ ਕੱਟਦਿਆਂ ਤੇਹ ਲਗੀ, ਕੂੰਨੇ ਦਾ ਪਾਣੀ ਠੰਡਾ ਜਾਣ ਕੇ ਸੰਕਲਪ ਕੀਤਾ ਕਿ ਸਤਿਗੁਰੂ ਜੀ ਨੂੰ ਛਕਾ ਕੇ ਛਕਾਂਗੇ। ਐਸੀ ਪ੍ਰੇਮ ਦੀ ਖਿਚ ਪਈ, ਹਜ਼ੂਰ ਤੀਹ ਕੋਹ ਤੋਂ ਸਿਖਰ ਦੁਪਿਹਰੇ ਭਾਈ ਕੀ ਡਰੋਲੀ ਤੋਂ ਪ੍ਰੇਮ ਦੇ ਖਿਚੇ ਹੋਏ ਜਲ ਛਕਣ ਆਏ। ਤੇ ਇਨ੍ਹਾਂ ਦਾ ਪ੍ਰੇਮ ਦੇਖ ਕੇ ਬਖਸ਼ਿਸ਼ਾਂ ਕੀਤੀਆਂ। ਲੰਗਰ ਚਲਾਉਣ ਲਈ ਹੁਕਮ ਕੀਤਾ ਤੇ ਬਚਨ ਕੀਤੇ ਕਿ ਤੁਹਾਡੇ ਲੰਗਰ ਵਿਚ ਗਿੱਲਾ ਬਾਲਣ ਤਾਜਾ ਵੱਢਿਆ ਹੋਇਆ ਵੀ ਬਲ ਜਾਇਆ ਕਰੇਗਾ। ਸੋ ਲੰਗਰ ਚਲਾਉਂਦੇ ਰਹੋ। ਹੁਣ ਤਕ ਉਨ੍ਹਾਂ ਦੀ ਉਲਾਦ ਲੰਗਰ ਚਲਾਉਂਦੀ ਹੈ। ਤੇ ਪਿੰਡ ਬਾਗੜੀਆਂ ਮਲੇਰ ਕੋਟਲੇ ਦੇ ਕੋਲ ਰਹਿੰਦੇ ਹਨ। ਦਾਸ ਨੇ ਆਪ ਆਪਣੀ ਅੱਖੀਂ ਉਨ੍ਹਾਂ ਦੇ ਲੰਗਰ ਵਿਚ ਗਿੱਲਾ ਬਾਲਣ ਬਲਦਾ ਡਿੱਠਾ ਹੈ। ਸੋ ਇਸ ਪ੍ਰਕਾਰ ਜੋ ਸਤਿਗੁਰੂ ਜੀ ਦਾ ਉਪਦੇਸ਼ ਮੰਨਣ ਵਾਲੇ ਹਨ ਉਹ ਆਪ ਤਰਦੇ ਹੀ ਹਨ ਨਾਲ ਪ੍ਰਵਾਰ ਨੂੰ ਵੀ ਗੁਰੂ ਕਾ ਸਿੱਖ ਬਣਾ ਕੇ ਸੁਧਾਰ ਲੈਂਦੇ ਹਨ।

## ਪੈਂਦੇ ਖਾਂ ਨੇ ਮੋਹ ਵਿਚ ਫਸਣਾ

ਵੈਸਾਖੀ ਦੇ ਪੁਰਬ ਤੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਦੀਵਾਨ ਲਗਾ ਕਰਕੇ ਸੰਗਤਾਂ ਨੂੰ ਤਾਰ ਰਹੇ ਹਨ। ਅਨੇਕਾਂ ਸੰਗਤਾਂ ਦੂਰੋਂ ਨੇੜਿਓਂ ਸਤਿਗੁਰੂ ਸਾਹਿਬ ਜੀ ਨੂੰ ਬੜੀਆਂ ਸੁੰਦਰ ਭੇਟਾਵਾਂ ਅਰਪਣ ਕਰ ਰਹੀਆਂ ਸਨ। ਉਨ੍ਹਾਂ ਸੰਗਤਾਂ ਦੇ ਵਿਚ ਹੀ ਬਦਖ਼ਸ਼ਾ ਨਗਰ ਵਿਚ ਰਹਿਣ ਵਾਲਾ ਇਕ ਸੁਦਾਗਰ ਆਪਣੀ ਦਸਵੰਧ ਦੀ ਕੱਢੀ ਹੋਈ ਮਾਇਆ ਵਿਚੋਂ ਇਕ ਲੱਖ ਰੁਪਏ ਦਾ ਚਿੱਟਾ ਘੋੜਾ ਅਤੇ ਇਕ ਚਿੱਟਾ ਬਾਜ, ਇਕ ਹੀਰੇ ਮੋਤੀਆਂ ਨਾਲ ਜੜੀ ਹੋਈ ਕਲਗੀ ਅਤੇ ਇਕ ਵੱਡਾ ਪੁਸ਼ਾਕਾ, ਜੋ ਬਹੁਤ ਹੀ ਸੂਖ਼ਮ ਬਣਿਆ ਹੋਇਆ ਸੀ, ਇਕ ਦੋ-ਧਾਰਾ ਖੰਡਾ ਅਤੇ ਇਕ ਬੜਾ ਸੁੰਦਰ ਢਾਲਾ ਆ ਕਰਕੇ ਸਤਿਗੁਰੂ ਮਹਾਰਾਜ ਜੀ ਨੂੰ ਭੇਟਾ ਕੀਤਾ। ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੇ ਇਹ ਸਾਰੀਆਂ ਵਸਤੂਆਂ ਦੇਖ ਕਰਕੇ ਜੋ ਚਿੱਟਾ ਬਾਜ ਸੀ, ਬਾਬਾ ਗੁਰਦਿਤਾ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਦੇ ਦਿਤਾ। ਪੁਸ਼ਾਕਾ, ਦੋ-ਧਾਰਾ ਖੰਡਾ, ਢਾਲਾ ਅਤੇ ਚਿੱਟਾ ਘੋੜਾ, ਇਹ ਸਤਿਗੁਰੂ ਮਹਾਰਾਜ ਜੀ ਨੇ ਪੈਂਦੇ ਖਾਨ ਨੂੰ ਦੇ ਦਿੱਤੇ ਅਤੇ ਨਾਲ ਹੀ ਹੁਕਮ ਕੀਤਾ ਕਿ ਹੇ ਪੈਂਦੇ ਖਾਨ ਤੂੰ ਜਦੋਂ ਵੀ ਸਾਡੇ ਦਰਸ਼ਨ ਕਰਨ ਆਵੇ, ਇਹ ਸੁੰਦਰ ਪੁਸ਼ਾਕਾ ਅਤੇ ਸਾਰੇ ਸ਼ਸਤਰਾਂ ਸਮੇਤ ਸਜਾ ਕਰਕੇ ਇਸ ਘੋੜੇ ਤੇ ਅਸਵਾਰ ਹੋ ਕੇ ਸਾਡੇ ਪਾਸ ਆਉਣਾ ਹੈ। ਪੈਂਦੇ ਖਾਨ ਜਦੋਂ ਇਨ੍ਹਾਂ ਬਹੁ ਕੀਮਤੀ ਵਸਤੂਆਂ ਨੂੰ ਘਰ ਲੈ ਕੇ ਗਿਆ ਤਾਂ ਪੈਂਦੇ ਖਾਨ ਦੀਆਂ ਇਨ੍ਹਾਂ ਵਸਤੂਆਂ ਨੂੰ ਦੇਖ ਕਰਕੇ ਪੈਂਦੇ ਖਾਨ ਦੇ ਜਵਾਈ ਅਸਮਾਨ ਖਾਨ ਦਾ ਮਨ ਲਲਚਾ ਗਿਆ। ਪੈਂਦੇ ਖਾਨ ਨੂੰ ਪੁੱਛਣ ਲੱਗਾ ਕਿ ਇਹ ਸਾਰੀਆਂ ਵਸਤੂਆਂ ਸਹੁਰਾ ਸਾਹਿਬ ਜੀ ਤੁਸੀਂ ਕਿੱਥੋਂ ਪ੍ਰਾਪਤ ਕੀਤੀਆਂ ਹਨ। ਪੈਂਦੇ ਖਾਨ ਨੇ ਕਿਹਾ ਇਹ ਸਾਰੀਆਂ ਵਸਤੂਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੈਨੂੰ ਪ੍ਰਸੰਨ ਹੋ ਕਰਕੇ ਬਖਸ਼ਿਸ਼ ਵਜੋਂ ਦਿੱਤੀਆਂ ਹਨ। ਤਾਂ ਅਸਮਾਨ ਖਾਨ ਕਹਿਣ ਲੱਗਾ, ਇਹ ਵਸਤੂਆਂ ਤਾਂ ਮੇਰੇ ਪੈਨ੍ਹਣ ਯੋਗ ਹਨ। ਇਹ ਮੈਨੂੰ ਦੇ ਦੇਵੋ। ਪੈਂਦੇ ਖਾਨ ਕਹਿਣ ਲੱਗਾ ਇਹ ਨਹੀਂ ਹੋ ਸਕਦਾ। ਸਤਿਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਤੂੰ ਇਹ ਪਹਿਨ ਕਰਕੇ ਸਾਡੇ ਪਾਸ ਆਉਣਾ ਹੈ। ਇਹ ਗੱਲ ਸੁਣ ਕੇ ਪੈਂਦੇ ਖਾਨ ਦਾ ਜਵਾਈ ਅਸਮਾਨ ਖਾਨ ਅੱਥਰੂ ਵਹਾਉਂਦਾ ਹੋਇਆ ਆਪਣੀ ਸੱਸ ਪਾਸ ਗਿਆ। ਕਹਿਣ ਲੱਗਾ ਮੇਰੇ ਸਹੁਰੇ ਖਾਨ ਨੇ ਮੈਨੂੰ ਆਪਣਾ ਪੁਸ਼ਾਕਾ ਦੇਣ ਤੋਂ ਨਾ ਕਰ ਦਿੱਤੀ ਹੈ, ਮੇਰਾ ਬੜਾ ਨਿਰਾਦਰ ਕੀਤਾ ਹੈ। ਇਹ ਵਸਤੂਆਂ ਜੇਕਰ ਤੂੰ ਮੈਨੂੰ ਦਿਵਾ ਦੇਵੇਂ ਤਾਂ ਠੀਕ ਹੈ ਨਹੀਂ ਤਾਂ ਮੈਂ ਘਰੋਂ ਨਿਕਲ ਕੇ ਫ਼ਕੀਰ ਬਣ ਜਾਵਾਂਗਾ ਜਾਂ ਮਰ ਜਾਵਾਂਗਾ। ਤੁਹਾਡੀ ਲੜਕੀ ਨੂੰ ਕਦੇ ਵੀ ਨਹੀਂ ਮਿਲਾਂਗਾ। ਸੁਣ ਕੇ ਪੈਂਦੇ ਖਾਨ ਦੀ ਘਰ ਵਾਲੀ ਨੇ ਅਸਮਾਨ ਖਾਂ ਨੂੰ ਦਿਲਾਸਾ ਦਿੱਤਾ ਕਿ ਇਹ ਵਸਤੂਆਂ ਮੈਂ ਤੈਨੂੰ ਦਿਵਾ ਦਿੰਦੀ ਹਾਂ।

ਇਸ ਤਰ੍ਹਾਂ ਪੈਂਦੇ ਖਾਨ ਦੀ ਘਰ ਵਾਲੀ ਨੇ ਜਾ ਕੇ ਪੈਂਦੇ ਖਾਨ ਨੂੰ ਝਿੜਕਿਆ ਕਿ ਕੁਝ ਸਮਝ ਕਰੋ, ਜੇ ਕਰ ਆਪਣਾ ਜੁਆਈ ਫ਼ਕੀਰ ਬਣ ਗਿਆ ਜਾਂ ਮਰ ਗਿਆ ਤਾਂ ਸਾਰੇ ਖਾਨਾ ਦੇ ਸਰੀਕੇ ਵਿਚ ਸਾਡੀ ਬੜੀ ਭਾਰੀ ਨਿੰਦਿਆ ਹੋਵੇਗੀ। ਇਹ ਕਹਿੰਦਿਆਂ ਹੋਇਆਂ ਸਿਰਾਹਣੇ ਰੱਖੀਆਂ ਹੋਈਆਂ ਇਹ ਸਾਰੀਆਂ ਵਸਤੂਆਂ ਚੁੱਕ ਲਈਆਂ ਅਤੇ ਮੁਸਕਰਾ ਕੇ ਤੇ ਹੱਥ ਦਾ ਝਪਟਾ ਦੇ ਕੇ ਪੈਂਦੇ ਖਾਨ ਤੋਂ ਖੋਹ ਲਈਆਂ ਤੇ ਅਸਮਾਨ ਖਾਂ ਨੂੰ ਦੇ ਦਿੱਤੀਆਂ। ਜਿਹੜਾ ਪੈਂਦੇ ਖਾਨ ਆਪਣੇ ਹੱਥਾਂ ਵਿਚ ਲੈ ਕੇ ਰੁਪਏ ਦੇ ਹਰਫ਼ ਮੇਟ ਦਿਆ ਕਰਦਾ ਸੀ, ਉਹ ਪੈਂਦੇ ਖਾਨ ਵੀ ਇਸਤਰੀ ਦੇ ਮੋਹ ਅੱਗੇ ਅਧੀਨ ਹੋ ਕੇ ਰਹਿ ਗਿਆ। ਇਉਂ ਪੈਂਦੇ ਖਾਨ ਨੂੰ ਛਲ ਲਿਆ।

## ਛੇਵੇਂ ਪਾਤਿਸ਼ਾਹ ਜੀ ਨੂੰ ਸੱਚੇ ਪਾਤਿਸ਼ਾਹ ਕਹਿਣ ਬਾਰੇ

ਇਕ ਵਾਰੀ ਜਹਾਂਗੀਰ ਨੇ ਛੇਵੇਂ ਪਾਤਿਸ਼ਾਹ ਨੂੰ ਪੁੱਛਿਆ ਕਿ ਆਪ ਨੂੰ ਸਿੱਖ ਸੱਚੇ ਪਾਤਿਸ਼ਾਹ ਕਿਉਂ ਕਹਿੰਦੇ ਹਨ। ਤਾਂ ਸਤਿਗੁਰਾਂ ਨੇ ਕਿਹਾ ਹੇ ਬਾਦਸ਼ਾਹ!ਅਸੀਂ ਤਾਂ ਕਿਸੇ ਨੂੰ ਕਹਿਣ ਵਾਸਤੇ ਕਦੇ ਕਿਹਾ ਨਹੀਂ। ਸਿੱਖ ਆਪ ਹੀ ਕਹਿੰਦੇ ਹਨ। ਜਹਾਂਗੀਰ ਨੇ ਸਮਝਿਆ ਕਿ ਗੁਰੂ ਸਾਹਿਬ ਨੇ ਮੈਨੂੰ ਟਾਲ ਦਿੱਤਾ ਹੈ। ਤਾਂ ਬਾਦਸ਼ਾਹ ਨੇ ਆਪਣੇ ਨੌਕਰਾਂ ਨੂੰ ਕਿਹਾ ਕਿ ਜਦੋਂ ਕੋਈ ਸਿੱਖ ਸੱਚੇ ਪਾਤਿਸ਼ਾਹ ਕਹੇ। ਤਾਂ ਉਸ ਨੂੰ ਮੇਰੇ ਪਾਸ ਲੈ ਕੇ ਆਇਓ। ਇਸ ਤੋਂ ਮੈਂ ਪੁਛਾਂਗਾ। ਇਕ ਦਿਨ ਸਤਿਗੁਰੂ ਜੀ ਅਤੇ ਜਹਾਂਗੀਰ ਆਗਰੇ ਦੇ ਇਲਾਕੇ ਵਿਚ ਸ਼ਿਕਾਰ ਖੇਡਣ ਗਏ। ਦੁਪਹਿਰ ਹੋਣ ਕਰਕੇ ਵੱਖਰੇ ਵੱਖਰੇ ਬਾਹਰ ਹੀ ਬਿਰਛਾਂ ਥੱਲੇ ਤੰਬੂ ਲਾ ਦਿੱਤੇ। ਇਕ ਘਾਹੀ ਸਿੱਖ ਨੇ ਸੁਣਿਆ ਕਿ ਗੁਰੂ ਸਾਹਿਬ ਐਥੇ ਆਏ ਹਨ। ਆਗਰੇ ਵਿਚ ਪਹਿਲੇ ਪਾਤਿਸ਼ਾਹ ਜੀ ਨੇ ਚਰਨ ਪਾਏ ਸਨ। ਲੋਹਾ ਮੰਡੀ ਮੁਹੱਲੇ ਵਿਚ ਗੁਰਦੁਆਰਾ ਪੀਲੂ ਸਾਹਿਬ ਗੁਰ ਨਾਨਕ ਦਰਬਾਰ ,ਅਤੇ ਦਸਵੇਂ ਪਾਤਿਸ਼ਾਹ ਜੀ ਨੇ ਹਾਥੀ ਘਾਟ ਸਥਾਨ ਤੇ ਚਰਨ ਪਾਏ ਹਨ। ਭਾਈ ਗੁਰਦਾਸ ਜੀ ਵੀ ਲੰਮਾਂ ਸਮਾਂ ਇਥੇ ਸਿੱਖੀ ਪ੍ਰਚਾਰ ਵਾਸਤੇ, ਗੁਰਦੁਆਰਾ ਮਾਈ ਥਾਨ ਸਾਹਿਬ ਰਹੇ ਹਨ। ਏਸ ਵਾਸਤੇ ਛੇਵੇਂ ਪਾਤਿਸ਼ਾਹ ਜੀ ਨੇ ਆਗਰੇ ਚਰਨ ਪਾਏ। ਘਾਹੀ ਸਿੱਖ ਨੇ ਪਹਿਲਾਂ ਕਦੇ ਹਜ਼ੂਰ ਦੇ ਦਰਸ਼ਨ ਨਹੀਂ ਕੀਤੇ ਸਨ। ਏਸ ਸਿੱਖ ਨੇ ਸਿੱਖਾਂ ਤੋਂ ਚਰਨ ਪਾਹੁਲ ਦੀ ਮਰਿਯਾਦਾ ਦੁਆਰਾ, ਸਿਖੀ ਧਾਰਨ ਕੀਤੀ ਸੀ। ਘਾਹੀ ਸਿੱਖ ਨੇ ਸਤਿਗੁਰਾਂ ਦਾ ਆਉਣਾ ਸੁਣ ਕੇ ਘਾਸ ਬੇਚ ਕੇ ਪੰਜ ਪੈਸੇ ਭੇਟਾ ਕਰਨ ਵਾਸਤੇ ਆਪਣੇ ਕੋਲ ਲੈ ਲਏ। ਜਿੱਧਰ ਦੱਸ ਪਈ ਉਸ ਤਰਫ਼ ਸੱਚੇ ਪਾਤਿਸ਼ਾਹ ਦਾ ਤੰਬੂ ਪੁੱਛਦਾ ਆ ਰਿਹਾ ਸੀ। ਤਾਂ ਇਕ ਨੌਕਰ ਨੇ ਜਹਾਂਗੀਰ ਦੇ ਤੰਬੂ ਵੱਲ ਇਸ਼ਾਰਾ ਕਰ ਦਿੱਤਾ। ਸਿੱਖ ਨੇ ਜਹਾਂਗੀਰ ਪਾਤਿਸ਼ਾਹ ਦੇ ਤੰਬੂ ਵਿੱਚ ਜਾ ਕੇ ਬਾਦਸ਼ਾਹ ਅੱਗੇ ਪੰਜ ਪੈਸੇ ਰੱਖ ਕੇ ਮੱਥਾ ਟੇਕ ਦਿੱਤਾ। ਜਹਾਂਗੀਰ ਨੇ ਕਿਹਾ ਕੀ ਚਾਹੁੰਦਾ ਹੈ। ਤਾਂ ਸਿੱਖ ਨੇ ਕਿਹਾ ਹੇ ਸੱਚੇ ਪਾਤਿਸ਼ਾਹ! ਮੁਕਤੀ ਚਾਹੁੰਦਾ ਹਾਂ। ਜਿਸ

ਕਰਕੇ ਮੈਨੂੰ ਜਮਾਂ ਦਾ,ਨਰਕਾਂ ਦਾ,ਦੁਖ ਨਾ ਦੇਖਣਾ ਪਵੇ। ਤਾਂ ਜਹਾਂਗੀਰ ਕਹਿਣ ਲੱਗਾ ਮੈਂ ਤੈਨੂੰ ਵਜ਼ੀਰੀ ਦੇ ਸਕਦਾ ਹਾਂ। ਸੂਬਾ ਬਣਾ ਦਿੰਦਾ ਹਾਂ। ਅਹਿਲਕਾਰ ਬਣਾ ਦਿੰਦਾ ਹਾਂ। ਪਰ ਜਮਾਂ ਤੋਂ ਬਚਾ ਕਰਕੇ ਮੁਕਤੀ ਨਹੀਂ ਦੇ ਸਕਦਾ ਹਾਂ। ਜਮਾਂ ਦਾ ਡਰ ਤਾਂ ਮੈਨੂੰ ਆਪ ਨੂੰ ਹੈ। ਮੈਂ ਤੇਰੀ ਕੀ ਰੱਖਿਆ ਕਰ ਸਕਦਾ ਹਾਂ। ਰਾਜੇ ਨੇ ਕਿਹਾ ਮੈਂ ਇਸ ਲੋਕ ਦੇ ਸੁਖ ਦੇ ਸਕਦਾ ਹਾਂ। ਸਿਖ ਨੇ ਨਿਰਭੈ ਹੋ ਕੇ ਕਿਹਾ ਕਿ ਤੁਸੀਂ ਸਚੇ ਪਾਤਸ਼ਾਹ ਨਹੀਂ ਹੋ ਅਗੋਂ ਜਹਾਂਗੀਰ ਨੇ ਕਿਹਾ ਕਿ ਸਚੇ ਪਾਤਸ਼ਾਹ ਦਾ ਤੰਬੂ ਤਾਂ ਅਗੇ ਹੈ। ਉਨ੍ਹਾਂ ਦੀ ਸ਼ਰਨ ਵਿਚ ਜਾ ਕਰਕੇ ਪੈਣਾ ਕਰ। ਸਿੱਖ ਨੇ ਬਾਦਸ਼ਾਹ ਦੇ ਅੱਗੋਂ ਆਪਣੇ ਪੰਜ ਪੈਸੇ ਚੁੱਕ ਲਏ ਅਤੇ ਸਤਿਗੁਰਾਂ ਦੇ ਚਰਨਾ ਵਿਚ ਜਾ ਕੇ ਨਮਸਕਾਰ ਕੀਤੀ ਅਤੇ ਭੇਟਾ ਚਰਨਾ ਵਿਚ ਰੱਖ ਦਿੱਤੀ। ਸਿੱਖ ਨੇ ਬਹੁਤ ਅਧੀਨਗੀ ਨਾਲ ਬੇਨਤੀ ਕੀਤੀ,ਹੇ ਹਜ਼ੂਰ ਸੱਚੇ ਪਾਤਿਸ਼ਾਹ ਮੇਰੀ ਮੁਕਤੀ ਕਰੋ। ਐਧਰ ਜਦੋਂ ਸਿੱਖ ਚਲਾ ਗਿਆ ਤਾਂ ਜਹਾਂਗੀਰ ਚੋਰੀ ਚੋਰੀ ਪਿੱਛੇ ਗਿਆ। ਸਤਿਗੁਰਾਂ ਨੇ ਸਿੱਖ ਦੀ ਅਰਦਾਸ ਸੁਣ ਕੇ ਸਿੱਖ ਨੂੰ ਲੋਕ ਪ੍ਰਲੋਕ ਦੇ ਸਾਰੇ ਸੁੱਖ ਬਖਸ਼ਿਸ਼ ਕਰ ਦਿੱਤੇ। ਇਨ੍ਹਾਂ ਬਚਨਾ ਨੂੰ ਸੁਣ ਕੇ ਬਾਦਸ਼ਾਹ ਨੇ ਕਿਹਾ ਹੇ ਗੁਰੂ ਜੀ ਮੁਕਤੀ ਇਤਨੀ ਸਸਤੀ ਲਾ ਦਿੱਤੀ ਹੈ। ਤਾਂ ਸਤਿਗੁਰਾਂ ਨੇ ਕਿਹਾ ਸਿੱਖ ਦੇ ਪੰਜ ਪੈਸੇ ਨਾ ਦੇਖ। ਇਸ ਦੀ ਭਾਵਨਾ ਅਤੇ ਪ੍ਰੇਮ ਵੇਖ। ਇਸ ਨੇ ਤੇਰੇ ਵੱਲੋਂ ਦਿੱਤੇ ਸਾਰੇ ਲਾਲਚ ਤਿਆਗ ਦਿੱਤੇ। ਕਿਸੇ ਤਰ੍ਹਾਂ ਦੀਆਂ ਵਜ਼ੀਰੀਆਂ ਪਸੰਦ ਨਹੀਂ ਕੀਤੀਆਂ। ਤਾਂ ਜਹਾਂਗੀਰ ਨੇ ਹੱਥ ਜੋੜ ਕੇ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਮੈਂ ਅੱਜ ਜਾਣ ਗਿਆ ਹਾਂ। ਕਿ ਤੁਹਾਨੂੰ ਸੰਗਤਾਂ ਸੱਚੇ ਪਾਤਿਸ਼ਾਹ ਕਿਉਂ ਕਹਿੰਦੀਆਂ ਹਨ। ਤੁਸੀਂ ਤਾਂ ਲੋਕ ਪ੍ਰਲੋਕ ਦੇ ਸੁਖ ਦੇਣ ਵਾਲੇ ਹੋ। ਇਸ ਲਈ ਆਪ ਜੀ ਠੀਕ ਹੀ ਸੱਚੇ ਪਾਤਿਸ਼ਾਹ ਹੋ। ਇਸ ਤਰ੍ਹਾਂ ਜਿਹੜੇ ਸਿੱਖ ਸੱਚੇ ਪਾਤਿਸ਼ਾਹ ਕਰਕੇ ਜਾਣਦੇ ਹਨ। ਉਨ੍ਹਾਂ ਨੂੰ ਮੁਕਤੀ ਦਾ ਸੁਖ ਮਿਲਦਾ ਹੈ।

## ਸੁੰਦਰ ਸ਼ਾਹ ਫ਼ਕੀਰ ਅਤੇ ਭਾਈ ਬਿਧੀ ਚੰਦ ਦਾ ਮਿਲਾਪ

ਸੁੰਦਰ ਸ਼ਾਹ ਦੇ ਪਾਸ ਜਦੋਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਭੇਜੇ ਹੋਏ ਬਾਬਾ ਬਿਧੀ ਚੰਦ ਜੀ ਦੇਉ ਨਗਰ (ਯੂ.ਪੀ) ਵਿਖੇ ਪਹੁੰਚੇ ਤਾਂ ਸੁੰਦਰ ਸ਼ਾਹ ਫਕੀਰ ਬਾਬਾ ਬਿਧੀ ਚੰਦ ਜੀ ਨੂੰ ਡਰਾਉਣ ਵਾਸਤੇ ਆਪਣੇ ਸ਼ੇਰ 'ਤੇ ਬੈਠ ਕੇ ਆਇਆ। ਜਦੋਂ ਬਾਬਾ ਜੀ ਤੇ ਕੋਈ ਜੋਰ ਨਾ ਚਲਿਆ ਤਾਂ ਸੇਵਕ ਬਣ ਗਿਆ। ਸੇਵਕ ਬਣ ਕੇ ਜਦੋਂ ਗਿਆਨ ਗੋਸ਼ਟੀ ਕਰਨ ਲੱਗਿਆ ਤਾਂ ਬਾਬਾ ਬਿਧੀ ਚੰਦ ਜੀ ਨੇ ਪੁੱਛਿਆ ਕਿ ਤੁਸੀਂ ਫਕੀਰ ਹੋ ਤੇ ਮਾਸਾ ਅਹਾਰੀ ਜਾਨਵਰ ਆਪਣੇ ਪਾਸ ਕਿਉਂ ਰੱਖਿਆ ਹੈ ਤਾਂ ਬਾਬਾ ਸੁੰਦਰ ਸ਼ਾਹ ਜੀ ਨੇ ਆਪਣੇ ਸੇਰ ਨੂੰ ਘਾਹ ਖੁਆ ਕੇ ਦਿਖਾਇਆ ਤੇ ਕਿਹਾ ਕਿ ਮੇਰਾ ਸ਼ੇਰ ਘਾਹ ਕਾ ਕੇ ਗੁਜਾਰਾ ਕਰਦਾ ਹੈ। ਇਸ ਪ੍ਰਕਾਰ ਜੇਕਰ ਪਰਮੇਸ਼ਰ ਚਾਹੇ ਤਾਂ ਮਾਸ ਖਾਣ ਵਾਲੇ ਜਾਨਵਰਾਂ ਨੂੰ ਵੀ ਘਾਹ ਖੁਆ ਦਿੰਦਾ ਹੈ।

## ਭਾਈ ਬਿਧੀ ਚੰਦ ਦਾ ਮਹਾਂਪੁਰਖ ਬਣਨ ਬਾਰੇ

ਇਕ ਵੇਰੀ ਛੇਵੇਂ ਪਾਤਿਸ਼ਾਹ ਸਤਿਗੁਰੂ ਜੀ ਨੇ ਆਪਣੇ ਮਹਿਲ, ਸਾਡੇ ਮਾਤਾ ਮਰਵਾਹੀ ਜੀ ਅਤੇ ਨਾਨਕੀ ਜੀ ਪਾਸ ਭਾਈ ਬਿਧੀ ਚੰਦ ਜੀ ਦੀ ਬਾਹਦਰੀ ਦੀ ਸਿਫਤ ਕੀਤੀ ਤਾਂ ਸ੍ਰੀ ਨਾਨਕੀ ਜੀ ਨੇ ਬੇਨਤੀ ਕੀਤੀ। ਮਹਾਰਾਜ ਜੀ! ਐਸੇ ਸਿਖ ਦੇ ਦਰਸ਼ਨ ਕਰਾਓ ਜੀ,ਤਾਂ ਸਤਿਗੁਰੂ ਜੀ ਨੇ ਇੱਕ ਸਿੱਖ ਨੂੰ ਭੇਜ ਕੇ ਭਾਈ ਬਿਧੀ ਚੰਦ ਜੀ ਨੂੰ ਬੁਲਾਇਆ ਅਤੇ ਕਿਹਾ ਕਿ ਆਪਣੀ ਪਹਿਲੀ ਵਿਥਿਆ ਸੁਣਾਉ,ਤੇਰੀਆਂ ਇਹ ਮਾਤਾਵਾਂ ਸੁਣਨਾ ਚਾਹੁੰਦੀਆਂ ਹਨ। ਤਾਂ ਬਿਧੀ ਚੰਦ ਜੀ ਨੇ ਕਿਹਾ ਮੈਂ ਪਹਿਲਾਂ ਚੋਰੀਆਂ ਕਰਦਾ ਸੀ। ਇਕ ਵਾਰੀ ਮੈਂ ਸਰਹਾਲੀ ’ਚੋਂ ਮੱਝਾਂ ਕੱਢੀਆਂ ਅਤੇ ਕੁਝ ਚਿਰ ਪਿਛੋਂ ਪਿੰਡ ਵਿਚ ਰੌਲਾ ਪੈ ਗਿਆ ਤੇ ਮੇਰੇ ਪਿਛੇ ਪਿਛੇ ਵਾਹਰ ਤੁਰ ਪਈ ਅਤੇ ਚੋਲ੍ਹੇ ਸਾਹਿਬ ਪਾਸ ਇਕ ਛੱਪੜ ਸੀ ਉਸ ਵਿਚ ਮੈਂ ਮੱਝਾਂ ਵਾੜ ਦਿਤੀਆਂ ਅਤੇ ਆਪ ਭਾਈ ਅਦਲੀ ਪਾਸ ਬੈਠ ਗਿਆ। ਜੋ ਉਸ ਛੱਪੜ ਦੇ ਨੇੜੇ ਰਹਿੰਦਾ ਸੀ। ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕੇ ਹੇ ਗੁਰੂ ਕੇ ਸਿੱਖ ਮੈਂ ਤੇਰੀ ਸ਼ਰਨ ਪਿਆ ਹਾਂ ਕਿਰਪਾ ਕਰਕੇ ਮੈਨੂੰ ਦੁਸ਼ਮਣਾਂ ਤੋਂ ਬਚਾ ਲੈ, ਮੈਂ ਫੇਰ ਕਦੇ ਕੋਈ ਚੋਰੀ ਆਦਿਕ ਨਹੀਂ ਕਰਾਂਗਾ। ਤਾਂ ਭਾਈ ਅਦਲੀ ਜੀ ਨੇ ਸ਼ਰਨ ਪਿਆ ਜਾਣਕੇ ਕਿਹਾ ਇਥੇ ਬੈਠ ਕੇ ਸਤਿਗੁਰੂ ਅਰਜਨ ਸਾਹਿਬ ਜੀ ਦਾ ਸਿਮਰਨ ਕਰ ਤੇਰੀ ਲੱਜਿਆ ਰੱਖ ਲੈਣਗੇ। ਇੰਨੇ ਚਿਰ ਨੂੰ ਪਿਛੇ ਵਾਹਰ ਭੀ ਮੱਝਾਂ ਦਾ ਪੈੜ(ਖੁਰਾ) ਖੋਜ ਵੇਖਦੀ ਆ ਗਈ ਅਤੇ ਉਸ ਛਪੜ ਤੋਂ ਅੱਗੇ ਕੋਈ ਖੋਜ ਨਾ ਮਿਲਿਆ ਤਾਂ ਭਾਈ ਅਦਲੀ ਜੀ ਨੂੰ ਪੁਛਿਆ ਕਿ ਸਾਡੀਆਂ ਮੱਝਾਂ ਨੂੰ ਕੋਈ ਚੋਰ ਕੱਢ ਲਿਆਇਆ ਹੈ, ਤੁਹਾਡੇ ਪਾਸ ਤਾਂ ਨਹੀਂ ਆਇਆ। ਭਾਈ ਜੀ ਨੇ ਕਿਹਾ ਜੋ ਮੱਝਾਂ ਪਾਣੀ ਵਿਚ ਵੜੀਆਂ ਹਨ ਇਨ੍ਹਾਂ ਤੋਂ ਬਿਨ੍ਹਾਂ ਮੈਂ ਕੋਈ ਨਹੀਂ ਵੇਖੀਆਂ ਅਤੇ ਚੋਰ ਆਹ ਬੈਠਾ ਹੈ ਵੇਖ ਲੋ ਕਿ ਸਾਧ ਹੈ ਕਿ ਚੋਰ ਹੈ। ਤਾਂ ਉਨ੍ਹਾਂ ਕਿਹਾ ਇਹ ਮੱਝਾਂ ਤਾਂ ਜਰੂਰ ਗਿਣਤੀ ਵਿਚ ਉਨੀਆਂ ਹੀ ਹਨ ਜਿੰਨੀਆਂ ਚੋਰੀ ਹੋਈਆਂ ਸਨ ਪਰ ਇਨ੍ਹਾਂ ਦੇ ਹੁਲੀਏ ਤੇ ਰੰਗ ਨਹੀਂ ਰਲਦੇ। ਕਹਿੰਦੇ ਇਹ ਸਾਡੀਆਂ ਨਹੀਂ। ਭਾਈ ਅਦਲੀ ਜੀ ਮਹਾਨ ਤਪੱਸਵੀ ਸੇਵਾ ਦੇ ਪੁੰਜ ਜੋ ਬਚਨ ਮੂਹੋਂ ਨਿਕਲਦਾ ਪੂਰਾ ਹੁੰਦਾ ਜਾਣਕੇ ਉਨ੍ਹਾਂ ਜਿਮੀਦਾਰਾਂ ਨੇ ਖਿਆਲ ਕੀਤਾ ਕਿ ਬਾਬਾ ਜੀ ਪਾਸ ਚੋਰ ਦਾ ਕੀ ਕੰਮ। ਇਹ ਤਾਂ ਕੋਈ ਜਗਿਆਸੂ ਜੀਵਨ ਸੁਧਾਰਨ ਲਈ ਆਇਆ ਹੈ। ਇਹ ਕਹਿ ਕੇ ਪਿੰਡ ਨੂੰ ਚਲੇ ਗਏ। ਪਿੱਛੋਂ ਭਾਈ ਅਦਲੀ ਨੇ ਕਿਹਾ ਵੇਖ ਭਾਈ ਸਤਿਗੁਰੂ ਜੀ ਦੀ ਸ਼ਕਤੀ ਨੇ ਮੱਝਾਂ ਦਾ ਹੁਲੀਆ ਬਦਲ ਦਿੱਤਾ ਤੇ ਤੇਰੀ ਰੱਖਿਆ ਕੀਤੀ ਹੈ। ਜੋ ਭੀ ਸਤਿਗੁਰਾਂ ਨੂੰ ਯਾਦ ਕਰਦਾ ਹੈ ਉਨ੍ਹਾਂ ਦੀ ਲੋਕ ਪ੍ਲੋਕ ਵਿਚ ਸਹਾਇਤਾ ਹੁੰਦੀ ਹੈ ਇਸ ਲਈ ਤੂੰ ਜਾ ਕੇ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਰਨ ਪੈ ਜਾਹ ਤੇਰੀ ਕਲਿਆਣ ਹੋਵੇਗੀ। ਮੱਝਾਂ ਜਿਨ੍ਹਾਂ ਦੀਆਂ ਸਨ ਉਨ੍ਹਾਂ ਦੇ ਘਰੀਂ

ਵਾਪਸ ਭੇਜ ਦਿੱਤੀਆਂ ਫਿਰ ਮੈਂ ਬੇਨਤੀ ਕਰਕੇ ਭਾਈ ਅਦਲੀ ਜੀ ਨੂੰ ਨਾਲ ਲਿਆ ਤੇ ਪਾਤਿਸ਼ਾਹੀ ਪੰਜਵੀ ਦੇ ਚਰਨਾ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਾ। ਭਾਈ ਅਦਲੀ ਜੀ ਨੇ ਮੇਰੀ ਸਾਰੀ ਵਾਰਤਾ ਸਤਿਗੁਰਾਂ ਨੂੰ ਸੁਣਾਈ ਅਤੇ ਬੇਨਤੀ ਕੀਤੀ ਕਿ ਆਪ ਜੀ ਨੂੰ ਲੋਕ ਪਰਲੋਕ ਦੇ ਰੱਖਿਅਕ ਜਾਣ ਕੇ ਆਪ ਜੀ ਦੀ ਸਿੱਖੀ ਧਾਰਨ ਲਈ ਆਇਆ ਹੈ ਅਤੇ ਮੁਕਤੀ ਚਾਹੁੰਦਾ ਹੈ। ਸਤਿਗੁਰੂ ਜੀ ਨੇ ਕਿਹਾ ਭਾਈ ਚੋਰੀ ਛੱਡ,ਜੋ ਤੇਰੇ ਪਾਸ ਚੋਰੀ ਦਾ ਮਾਲ ਹੈ ਉਹ ਵਾਪਸ ਕਰ। ਸੁਭਾਅ ਬਦਲ ਸੇਵਾ ਸਿਮਰਨ ਕਰ ਤਾਂ ਭਲਾ ਹੋਵੇਗਾ ਤਾਂ ਮੈਂ ਹੱਥ ਜੋੜ ਕੇ ਸਭ ਹੁਕਮ ਸਿਰ ਮੱਥੇ ਤੇ ਮੰਨਿਆ ਤਾਂ ਹਜੂਰ ਬਹੁਤ ਪ੍ਰਸੰਨ ਹੋਏ ਤੇ ਸਿੱਖੀ ਬਖਸ਼ੀ। ਸਤਿਗੁਰੂ ਜੀ ਦੇ ਚਰਨਾ ਵਿਚ ਰਹਿ ਕੇ ਤਨੋ ਮਨੋ ਹੋ ਕੇ ਸੇਵਾ ਕਰਨ ਲੱਗਾ। ਪੰਜਵੇ ਪਾਤਸ਼ਾਹ ਜੀ ਅਤੇ ਛੇਵੇਂ ਪਾਤਿਸ਼ਾਹ ਜੀ ਦੀ ਸੇਵਾ ਕਰਦਿਆਂ ਉਮਰ ਬਤੀਤ ਕੀਤੀ। ਇਹ ਭਾਈ ਅਦਲੀ ਜੀ ਨੇ ਕਿਰਪਾ ਕੀਤੀ। ਗੁਰੂ ਕੇ ਚਰਨੀ ਆਇਆ ਤਾਂ ਤਰਿਆ।

## ਭਾਈ ਬਿਧੀ ਚੰਦ ਨੇ ਸੁੰਦਰ ਸ਼ਾਹ ਫਕੀਰ ਦਾ ਹੰਕਾਰ ਤੋੜਨਾ

ਇੱਕ ਦਿਨ ਛੇਵੇਂ ਪਾਤਿਸ਼ਾਹ ਜੀ ਦੇ ਚਰਨਾ ਵਿਚ ਦੋ ਸਿੱਖ ਆਏ ਉਨ੍ਹਾਂ ਪਾਸ ਸੰਗਤ ਨੇ ਅਰਦਾਸ ਲਿਖ ਕੇ ਭੇਜੀ ਕਿ ਸਤਿਗੁਰੂ ਜੀ ਆਪ ਕਿਰਪਾ ਕਰਕੇ ਦਰਸ਼ਨ ਦਿਉ। ਛੇਵੇਂ ਪਾਤਿਸ਼ਾਹ ਜੀ ਨੇ ਭਾਈ ਬਿਧੀ ਚੰਦ ਨੂੰ ਕਿਹਾ ਤੂੰ ਜਾਹ ਅਤੇ ਕਾਰ ਭੇਟਾ ਸੰਭਾਲ ਲਵੀਂ ਤੇ ਸੰਗਤ ਨੂੰ ਉਪਦੇਸ ਦੇ ਕੇ ਨਿਹਾਲ ਕਰੀ। ਇਸ ਨੂੰ ਸੇਵਾ ਸਿਮਰਨ ਤੇ ਗੁਰੂ ਕੀਆਂ ਖੁਸ਼ੀਆਂ ਲੈ ਕੇ ਅੰਤਰਜਾਮਤਾ ਭੀ ਹੋ ਚੁੱਕੀ ਸੀ। ਹੁਕਮ ਸੁਣ ਕੇ ਭਾਈ ਬਿਧੀ ਚੰਦ ਤੁਰ ਪਿਆ ਅਤੇ ਗੁਜਰਾਤ ਦੇ ਦਿਉ ਨਗਰ ਵਿਚ ਪੁੱਜਾ ਅਤੇ ਸੁੱਕੇ ਬ੍ਰਿਛ ਥੱਲੇ ਬੈਠਾ ਉਹ ਬ੍ਰਿਛ ਹਰਿਆ ਹੋ ਗਿਆ। ਪੁਰੀ ਦੇ ਲੋਕਾਂ ਨੇ ਮਹਾਤਮਾ ਜਾਣ ਕੇ ਸਤਿਕਾਰ ਕੀਤਾ। ਇਸ ਦੇ ਨੇੜੇ ਹੀ ਜੰਗਲ ਵਿਚ ਸੁੰਦਰ ਸ਼ਾਹ ਫਕੀਰ ਰਹਿੰਦਾ ਸੀ ਇਸ ਨੂੰ ਆਪਣੀ ਕਰਾਮਾਤ ਦਾ ਮਾਣ ਸੀ। ਜਦੋਂ ਇਸ ਨੇ ਭਾਈ ਸਾਹਿਬ ਜੀ ਦੀ ਮਹਿਮਾ ਸੁਣੀ ਤਾਂ ਸ਼ੇਰ ਦੀ ਸਵਾਰੀ ਕਰਕੇ ਆਇਆ ਅਤੇ ਬਾਬਾ ਬਿਧੀ ਚੰਦ ਨੂੰ ਡਰਾਉਣਾ ਚਾਹਿਆ ਪਰ ਬਾਬਾ ਬਿਧੀ ਚੰਦ ਜੀ ਨੇ ਅੱਖਾਂ ਤਾੜ ਕੇ ਸ਼ੇਰ ਵੱਲ ਤੱਕਿਆ ਤਾਂ ਸ਼ੇਰ ਪੱਥਰ ਦੀ ਨਿਆਂਈ ਜੜ੍ਹ ਹੋ ਗਿਆ। ਸੁੰਦਰ ਸ਼ਾਹ ਨੇ ਆਪਣੀ ਕਰਾਮਾਤ ਦਾ ਜੋਰ ਲਾਇਆ ਪਰ ਸ਼ੇਰ ਇੱਕ ਪੈਰ ਭੀ ਨਾ ਹਿੱਲਿਆ। ਮਾਣ ਛੱਡ ਕੇ ਸ਼ਰਨੀ ਪੈ ਗਿਆ ਤੇ ਕਿਹਾ ਤੁਸੀਂ ਭਾਰੀ ਤਪ ਵਾਲੇ ਮਹਾਂਪੁਰਖ ਹੋ ਹੁਣ ਮੈਂ ਜੋ ਗਲਤੀ ਕੀਤੀ ਹੈ ਮੈਨੂੰ ਬਖਸ਼ ਦਿਉ ਤੇ ਸ਼ੇਰ ਦੀ ਮੁਕਤੀ ਕਰ ਦਿਉ ਤਾਂ ਬਾਬਾ ਬਿਧੀ ਚੰਦ ਜੀ ਨੇ ਕਿਹਾ ਇਸ ਉੱਤੇ ਜਲ ਛਿੜਕ ਕੇ ਸਤਿਨਾਮ ਵਾਹਿਗੁਰੂ ਕਹੋ। ਜਦੋਂ ਇਉਂ ਕੀਤਾ ਤਾਂ ਸ਼ੇਰ ਦੇ ਪ੍ਰਾਣਾਂ ਦਾ ਅੰਤ ਹੋ ਗਿਆ ਅਤੇ ਪਰਕਾਸ਼ ਰੂਪ ਧਾਰ ਕੇ ਭਾਈ ਬਿਧੀ ਚੰਦ ਨੂੰ ਮੱਥਾ ਟੇਕ ਕੇ ਪਰਲੋਕ ਨੂੰ ਚਲਾ ਗਿਆ। ਇਹ ਵੇਖ ਕੇ ਸੁੰਦਰ

ਸ਼ਾਹ ਹੈਰਾਨ ਹੋਇਆ। ਜਦੋਂ ਭਾਈ ਬਿਧੀ ਚੰਦ ਜੀ ਉਥੋਂ ਅੱਗੇ ਜਾਣ ਲੱਗੇ ਤਾਂ ਇਸ ਨੇ ਬੇਨਤੀ ਕੀਤੀ ਕਿਰਪਾ ਕਰੋ ਮੈਨੂੰ ਆਪਣੇ ਨਾਲ ਪਰਲੋਕ ਲੈ ਕੇ ਜਾਇਓ। ਇਹ ਸੁਣ ਕੇ ਭਾਈ ਬਿਧੀ ਚੰਦ ਨੇ ਕਿਹਾ ਮੇਰੀ ਤੇ ਤੇਰੀ ਇੱਕੋ ਜਿੰਨੀ ਉਮਰ ਬਾਕੀ ਹੈ ਤੇ ਇੱਕੋ ਸਮੇਂ ਹੀ ਚਲਾਣਾ ਕਰਨਾ ਹੈ ਤਾਂ ਫਕੀਰ ਨੇ ਕਿਹਾ ਕਿਰਪਾ ਕਰਿਓ ਤੁਸੀਂ ਮੇਰੇ ਪਾਸ ਹੋਇਓ ਤਾਂ ਕਿਹਾ ਸਤਿ ਬਚਨ ਫੇਰ ਕਿਹਾ ਸਿਮਰਨ ਦਿਨ ਰਾਤ ਕਰਨਾ ਕਰਾਮਾਤ ਦਾ ਮਾਣ ਨਹੀਂ ਕਰਨਾ ਨਿਮਰਤਾ ਧਾਰਨੀ ਸੋ ਸੁੰਦਰ ਸ਼ਾਹ ਇਸੇ ਤਰ੍ਹਾਂ ਦਾ ਗੁਰਮੁਖ ਜੀਵਨ ਵਾਲਾ ਹੋਇਆ। ਸੋ ਅੰਤ ਸਮੇਂ ਉਸ ਦੇ ਪਾਸ ਭਾਈ ਬਿਧੀ ਚੰਦ ਜੀ ਗਏ ਇਕੱਠਿਆਂ ਨੇ ਚੜ੍ਹਾਈ ਕੀਤੀ ਤੇ ਸੱਚਖੰਡ ਗਏ। ਸਤਿਗੁਰੂ ਮਹਾਰਾਜ ਜੀ ਦੀ ਮਹਾਨ ਬਖਸ਼ਿਸ ਦੁਆਰਾ ਭਾਈ ਬਿਧੀ ਚੰਦ ਜੀ ਦੀ ਕੁਲ ਵਿਚ ਇਸੇ ਤਰ੍ਹਾ ਚੜ੍ਹਦੀ ਕਲਾ ਵਿਚ ਸੇਵਾ ਭਗਤੀ ਪਰਉਪਕਾਰ ਸਿੱਖੀ ਪ੍ਰਚਾਰ ਹੋ ਰਿਹਾ ਹੈ। ਸਤਿਗੁਰਾਂ ਦੀ ਸੇਵਾ ਕਰਕੇ ਵਰ ਪ੍ਰਾਪਤ ਕੀਤੇ ਜਿਵੇਂ

**ਬਿਧੀਆ ਛੀਨਾ॥ ਗੁਰੂ ਕਾ ਸੀਨਾ॥**

ਬਾਬਾ ਜੀ ਦੇ ਸਚਖੰਡ ਜਾਣ ਤੋਂ ਛੇਵੇਂ ਪਾਤਿਸ਼ਾਹ ਜੀ ਨੇ ਭਾਈ ਬਿਧੀ ਚੰਦ ਦੇ ਪੁੱਤਰ ਭਾਈ ਲਾਲ ਚੰਦ ਜੀ ਨੂੰ ਬਖਸ਼ਿਸ ਕਰਕੇ ਪਿੰਡ ਸੁਰ ਸਿੰਘ ਵਿਚ ਵਸਾਇਆ।

## ਮਾਤਾ ਕਉਲਾਂ ਜੀ

ਮਾਤਾ ਕਉਲਾਂ ਰੁਸਤਮ ਖਾਂ ਕਾਜੀ ਦੀ ਲੜਕੀ ਸੀ। ਇਸ ਦਾ ਘਰ ਮੁਜੰਗਾਂ ਨਗਰ ਵਿਚ ਹੁੰਦਾ ਸੀ। ਇਸ ਨਗਰ ਵਿਚ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਚਰਨ ਪਾਉਂਦੇ ਰਹੇ। ਗੁਰੂ ਸਾਹਿਬ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਜਿਸ ਸਮੇਂ ਸੰਗਤਾਂ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੀਆਂ ਸਨ ਤਾਂ ਕਾਜੀ ਦੀ ਪੁੱਤਰੀ ਬੀਬੀ ਕਉਲਾਂ ਨੇ ਸੁਖਮਨੀ ਸਾਹਿਬ ਦਾ ਪਾਠ ਸੁਣਿਆ। ਬੀਬੀ ਕਉਲਾਂ ਨੇ ਸਾਈਂ ਮੀਆਂ ਮੀਰ ਨੂੰ ਬੇਨਤੀ ਕੀਤੀ ਕਿ ਜਿਹੜੀਆਂ ਕਲਮਾਂ ਇਹ ਲੋਕ ਪੜ੍ਹਦੇ ਹਨ ਇਹ ਕਲਮਾਂ ਮੈਨੂੰ ਵੀ ਸਮਝ ਪੈਂਦੀਆਂ ਹਨ। ਕੀ ਮੈਂ ਇਹ ਕਲਮਾਂ ਪੜ੍ਹ ਸਕਦੀ ਹਾਂ। ਸਾਈਂ ਮੀਆਂ ਮੀਰ ਨੇ ਉੱਤਰ ਦਿੱਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਜੋ ਖੁਦਾ ਦਾ ਰੂਪ ਸਨ। ਇਹ ਬਾਣੀ ਉਨ੍ਹਾਂ ਦੀ ਉਚਾਰਨ ਕੀਤੀ ਹੋਈ ਹੈ। ਇਸ ਲਈ ਇਸ ਬਾਣੀ ਨੂੰ ਕੋਈ ਵੀ ਪੜ੍ਹ ਸਕਦਾ ਹੈ। ਬੀਬੀ ਕਉਲਾਂ ਨੇ ਬੇਨਤੀ ਕੀਤੀ ਕਿ ਮੈਂ ਕਾਜੀ ਦੀ ਪੁੱਤਰੀ ਹਾਂ, ਮੇਰਾ ਇਸਤਰੀ ਜਾਮਾਂ ਹੋਣ ਦੇ ਬਾਵਜੂਦ ਵੀ ਮੈਂ ਇਹ ਬਾਣੀ ਪੜ੍ਹ ਸਕਦੀ ਹਾਂ। ਸਾਈਂ ਮੀਆਂ ਮੀਰ ਨੇ ਆਖਿਆ ਪੁੱਤਰੀ ਇਹ ਸੁਖਮਨੀ ਸਾਹਿਬ ਜੀ ਦੀ ਇਲਾਹੀ ਬਾਣੀ ਹੈ। ਇਸ ਨੂੰ ਹਰ ਕੋਈ ਪੜ੍ਹ ਸਕਦਾ ਹੈ। ਸਾਈਂ ਮੀਆਂ ਮੀਰ

ਦੇ ਕਹਿਣ ਤੇ ਬੀਬੀ ਕਉਲਾਂ ਆਪਣੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਲੱਗ ਪਈ। ਬੀਬੀ ਕਉਲਾਂ ਸਰੀਰ ਕਰਕੇ ਨਿਰੋਈ ਸੀ। ਬਹੁਤ ਸੁੰਦਰ ਸਰੂਪ ਸੀ ਪਰ ਇਸ ਦਾ ਰਿਸਤਾ ਅਜੇ ਕਿਤੇ ਨਹੀਂ ਹੋਇਆ ਸੀ। ਜਦੋਂ ਕਾਜੀ ਘਰ ਆਉਂਦਾ ਸੀ ਆਪਣੀ ਨੌਜੁਆਨ ਪੁੱਤਰੀ ਨੂੰ ਵੇਖ ਕੇ ਬਹੁਤ ਦੁਖੀ ਹੋ ਜਾਂਦਾ ਸੀ। ਇਸ ਦੇ ਮਨ ਵਿਚ ਇਹ ਭਰਮ ਬਣਿਆ ਰਹਿੰਦਾ ਸੀ ਕਿ ਸਮਾਜ ਦੇ ਲੋਕ ਮੈਨੂੰ ਕੀ ਕਹਿੰਦੇ ਹੋਣਗੇ ਕਿ ਕਾਜੀ ਨੇ ਆਪਣੀ ਨੌਜੁਆਨ ਪੁੱਤਰੀ ਘਰ ਹੀ ਰੱਖੀ ਹੋਈ ਹੈ।

ਸਾਈਂ ਮੀਆਂ ਮੀਰ ਦੀ ਪ੍ਰੇਰਨਾ ਦਾ ਸਦਕਾ ਬੀਬੀ ਕਉਲਾਂ ਆਪਣੇ ਘਰ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸੀ। ਉਸੇ ਵੇਲੇ ਕਾਜੀ ਘਰ ਪਹੁੰਚ ਗਿਆ। ਇਹ ਵੇਖ ਕੇ ਕਾਜੀ ਸੜ ਗਿਆ। ਗੁੱਸੇ ਵਿਚ ਆ ਕੇ ਕਾਜੀ ਨੇ ਆਪਣੀ ਨੌਜੁਆਨ ਪੁੱਤਰੀ ਦੇ ਕਈ ਬੈਂਤਾਂ ਮਾਰੀਆਂ। ਕਉਲਾਂ ਜਦੋਂ ਉੱਚੀ ਉੱਚੀ ਰੋਣ ਲੱਗੀ ਤਾਂ ਕਾਜੀ ਦੀ ਘਰ ਵਾਲੀ ਨੇ ਛੁਡਾਇਆ। ਬੀਬੀ ਕਉਲਾਂ ਨੇ ਇੱਕ ਚਿੱਠੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿਚ ਲਿਖੀ ਜਿਸ ਵਿਚ ਲਿਖਿਆ ਕਿ ਲੋਕ ਕਹਿੰਦੇ ਹਨ ਕਿ ਬਾਣੀ ਪੜ੍ਹਨ ਵਾਲੇ ਦੀ ਆਪ ਜੀ ਲੋਕ ਪ੍ਰਲੋਕ ਵਿਚ ਰੱਖਿਆ ਕਰਦੇ ਹੋ ਪਰ ਮੈਨੂੰ ਤਾਂ ਬਾਣੀ ਪੜ੍ਹਨ ਨਾਲ ਬੈਂਤਾਂ ਦੀ ਮਾਰ ਪਈ ਹੈ। ਇਹ ਚਿੱਠੀ ਬੀਬੀ ਕਉਲਾਂ ਨੇ ਘਰ ਦੀ ਦਾਸੀ ਰਾਹੀਂ ਗੁਰੂ ਸਾਹਿਬ ਦੇ ਕੋਲ ਭੇਜ ਦਿੱਤੀ। ਗੁਰੂ ਸਾਹਿਬ ਨੇ ਇਸੇ ਚਿੱਠੀ ਦੇ ਪਿੱਛੇ ਲਿਖ ਦਿੱਤਾ ਕਿ ਜਿਹੜੇ ਸ਼ਰਨ ਪੈ ਕੇ ਬਾਣੀ ਪੜ੍ਹਦੇ ਹਨ ਉਨ੍ਹਾਂ ਦੀ ਰੱਖਿਆ ਜਰੂਰ ਕਰਦੇ ਹਾਂ।

ਇੱਕ ਦਿਨ ਗੁਰੂ ਜੀ ਕਾਜੀ ਦੇ ਘਰ ਦੇ ਕੋਲ ਦੀ ਘੋੜੇ ਤੇ ਅਸਵਾਰ ਹੋ ਕੇ ਲੰਘ ਰਹੇ ਸਨ। ਬੀਬੀ ਕਉਲਾਂ ਨੇ ਖਿੜਕੀ ਵਿਚੋਂ ਦੀ ਦਰਸ਼ਨ ਕੀਤੇ ਪਰ ਇਹ ਨਹੀਂ ਪਤਾ ਸੀ ਕਿ ਇਹੋ ਹੀ ਗੁਰੂ ਜੀ ਹਨ। ਸਤਿਗੁਰਾਂ ਦਾ ਸੁੰਦਰ ਸਰੂਪ ਬੀਬੀ ਕਉਲਾਂ ਅਜੇ ਵੇਖ ਹੀ ਰਹੀ ਸੀ ਕਿ ਉਸੇ ਸਮੇਂ ਕਾਜੀ ਘਰ ਵਿਚ ਆ ਪਹੁੰਚਿਆ। ਕਾਜੀ ਨੇ ਦੇਖਿਆ ਕਿ ਮੇਰੀ ਪੁੱਤਰੀ ਖਿੜਕੀ ਵਿਚ ਦੀ ਕਾਫਰਾਂ ਦੇ ਗੁਰੂ ਨੂੰ ਪਿਆਰ ਨਾਲ ਵੇਖ ਰਹੀ ਹੈ। ਇਸ ਨੇ ਗੁੱਸੇ ਵਿਚ ਆ ਕੇ ਆਪਣੀ ਪੁੱਤਰੀ ਨੂੰ ਬੈਂਤਾਂ ਨਾਲ ਮਾਰਿਆ। ਕਾਜੀ ਦੀ ਘਰ ਵਾਲੀ ਨੇ ਬੜੇ ਜੋਰ ਨਾਲ ਛੁਡਾਇਆ ਅਤੇ ਆਖਿਆ ਤੁਸੀਂ ਨੌਜੁਆਨ ਪੁੱਤਰੀ ਨੂੰ ਕਿਉਂ ਮਾਰਦੇ ਹੋ। ਲੋਕੀ ਕਹਿਣਗੇ ਕਿ ਇਸ ਨੇ ਕੋਈ ਮਾੜਾ ਕਰਮ ਕੀਤਾ ਹੋਵੇਗਾ। ਕਾਜੀ ਨੇ ਆਖਿਆ ਕਿ ਇਹ ਖਿੜਕੀ ਵਿਚ ਦੀ ਹਿੰਦੂਆਂ ਦੇ ਗੁਰੂ ਹਰਿਗੋਬਿੰਦ ਨੂੰ ਇੱਕ ਟੱਕ ਦੇਖ ਰਹੀ ਸੀ। ਬੀਬੀ ਕਉਲਾਂ ਦੇ ਭਾਵੇਂ ਬੈਂਤਾਂ ਦੀ ਬਹੁਤ ਸੱਟ ਲੱਗੀ ਪਰ ਅੰਦਰੋਂ ਇਹ ਮਹਿਸੂਸ ਕਰ ਰਹੀ ਸੀ ਕਿ ਇਹੋ ਹੀ ਗੁਰੂ ਹਨ ਜਿਨ੍ਹਾਂ ਨੂੰ ਮੈਂ ਯਾਦ ਕਰਦੀ ਸਾਂ। ਕਾਜੀ ਨੇ ਆਪਣੀ ਘਰ ਵਾਲੀ ਨੂੰ ਆਖਿਆ ਕਿ ਇਹ ਇਸਲਾਮ ਵਿਚ ਪੈਦਾ ਹੋ ਕੇ ਕਾਫਰਾਂ ਦੇ ਗੁਰੂ ਦੀ ਬਾਣੀ ਪੜ੍ਹਦੀ ਹੈ ਅਤੇ ਉਸ ਨੂੰ ਯਾਦ ਕਰਦੀ ਰਹਿੰਦੀ ਹੈ। ਮੈਂ ਇਸ ਨੂੰ ਬਾਕੀ ਕਾਜੀਆਂ ਨਾਲ

ਮਿਲਕੇ ਫਤਵਾ ਲਗਵਾ ਕੇ ਮਰਵਾ ਦਿਆਂਗਾ। ਘਰ ਵਾਲੀ ਬੜੀ ਸਿਆਣੀ ਸੀ। ਉਸ ਨੇ ਰਾਤੋ ਰਾਤ ਆਪਣੀ ਪੁੱਤਰੀ ਨੂੰ ਸਾਈਂ ਮੀਆਂ ਮੀਰ ਕੋਲ ਪਹੁੰਚਾ ਦਿੱਤਾ। ਬੀਬੀ ਕਉਲਾਂ ਨੇ ਇਹ ਸਾਰਾ ਦੁਖਾਂਤ ਸਾਈਂ ਮੀਆਂ ਮੀਰ ਨੂੰ ਦੱਸਿਆ। ਸਾਈਂ ਮੀਆਂ ਮੀਰ ਨੇ ਆਖਿਆ ਕਿ ਪੁੱਤਰੀ ਤੇਰੀ ਰੱਖਿਆ ਗੁਰੂ ਹਰਿਗੋਬਿੰਦ ਸਾਹਿਬ ਜੀ ਕਰ ਸਕਦੇ ਹਨ। ਇਸ ਕਰਕੇ ਮੈਂ ਤੈਨੂੰ ਉਨ੍ਹਾਂ ਦੀ ਸ਼ਰਨ ਵਿਚ ਭੇਜ ਦਿੰਦਾ ਹਾਂ। ਸਾਈਂ ਮੀਆਂ ਮੀਰ ਨੇ ਬੀਬੀ ਕਉਲਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਾ ਦਿੱਤਾ। ਗੁਰੂ ਜੀ ਨੇ ਇਨ੍ਹਾਂ ਨੂੰ ਇੱਕ ਪਾਸੇ ਕਮਰਾ ਦੇ ਦਿੱਤਾ ਅਤੇ ਬਚਨ ਕੀਤਾ ਕਿ ਹਰਿਮੰਦਰ ਸਾਹਿਬ ਕੀਰਤਨ ਸੁਣਿਆ ਕਰੋ ਅਤੇ ਲੰਗਰ ਦੀ ਸੇਵਾ ਕਰਿਆ ਕਰੋ। ਗੁਰੂ ਸਾਹਿਬ ਜੀ ਦਾ ਬਚਨ ਮੰਨ ਕੇ ਬੀਬੀ ਕਉਲਾਂ ਨੇ ਸੁਖਮਨੀ ਸਾਹਿਬ ਜੀ ਦੇ ਪਾਠਾਂ ਤੋਂ ਇਲਾਵਾ ਇਲਾਹੀ ਬਾਣੀ ਦਾ ਕੀਰਤਨ ਸੁਣਨਾ ਸ਼ੁਰੂ ਕਰ ਦਿੱਤਾ ਅਤੇ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਸੇਵਾ ਆਰੰਭ ਕਰ ਦਿੱਤੀ। ਗੁਰੂ ਸਾਹਿਬ ਜੀ ਦੇ ਰੋਜਾਨਾ ਬੀਬੀ ਕਉਲਾਂ ਦਰਸ਼ਨ ਕਰਦੀ। ਲੰਗਰਾਂ ਦੀ ਸੇਵਾ ਅਤੇ ਸੁਖਮਨੀ ਸਾਹਿਬ ਦੇ ਪਾਠ ਕਰਕੇ ਇਹ ਬਹੁਤ ਉੱਚੀ ਅਵਸਥਾ ਦੇ ਮਾਲਕ ਬਣ ਗਏ। ਗੁਰੂ ਸਾਹਿਬ ਨੇ ਇਨ੍ਹਾ ਦੀ ਇੱਛਾ ਨੂੰ ਪੂਰੀ ਕਰਨ ਵਾਸਤੇ ਕਉਲਸਰ ਨਾਮ ਦਾ ਸਰੋਵਰ ਤਿਆਰ ਕਰਵਾਇਆ। ਅਖੀਰਲਾ ਸਮਾਂ ਇਹ ਕਰਤਾਰਪੁਰ ਸਾਹਿਬ ਰਹੇ ਜਿੱਥੇ ਇਨ੍ਹਾਂ ਨੇ ਸਰੀਰ ਛੱਡਿਆ। ਸਿੱਖ ਸੰਗਤਾਂ ਇਨ੍ਹਾ ਦੀ ਸੇਵਾ ਅਤੇ ਗੁਰਾਂ ਪ੍ਰਤੀ ਪ੍ਰੇਮ ਨੂੰ ਵੇਖਦੇ ਹੋਏ ਮਾਤਾ ਕਉਲਾਂ ਦੇ ਨਾਮ ਨਾਲ ਯਾਦ ਕਰਦੀਆਂ ਹਨ।

## ਛੇਵੇਂ ਪਾਤਿਸ਼ਾਹ ਵਾਲੋਂ ਸ਼ੇਰ ਦਾ ਸ਼ਿਕਾਰ

ਇੱਕ ਦਿਨ ਜਹਾਂਗੀਰ ਨੇ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ ਕਿ ਆਪ ਜੀ ਦੀ ਬਿਰਤੀ ਸ਼ਿਕਾਰ ਖੇਡਣ ਵੱਲ ਬਹੁਤ ਜ਼ਿਆਦਾ ਹੈ। ਮੇਰੀ ਇਹ ਇੱਛਾ ਹੈ ਕਿ ਆਪ ਜੀ ਮੇਰੇ ਨਾਲ ਵੀ ਸ਼ਿਕਾਰ ਖੇਡਣ ਚੱਲੋ। ਜਹਾਂਗੀਰ ਨੇ ਸਾਰਿਆਂ ਨੂੰ ਕਿਹਾ ਉਸ ਪਾਸੇ ਵੱਲ ਕੂਚ ਕਰੋ ਜਿਸ ਪਾਸੇ ਵੱਡੇ ਬਲਵਾਨ ਸ਼ੇਰ ਬਾਰੇ ਸੁਣਿਆ ਹੈ। ਤਦ ਆਪ ਅੱਗੇ ਲੱਗ ਕੇ ਤੇ ਗੁਰੂ ਜੀ ਨੂੰ ਨਾਲ ਲੈ ਕੇ ਬਾਦਸ਼ਾਹ ਹਾਥੀ ਤੇ ਚੜ੍ਹ ਕੇ ਚੱਲ ਪਿਆ। ਜਦ ਉਹ ਜੰਗਲ ਵਿਚ ਸ਼ੇਰ ਦੀ ਭਾਲ ਕਰਨ ਲੱਗੇ ਤਾਂ ਸ਼ੇਰ ਉਦੋਂ ਹੀ ਭਬਕ ਮਾਰ ਕੇ ਬਾਹਰ ਆ ਨਿੱਕਲਿਆ। ਉਸ ਨੂੰ ਵੇਖਦੇ ਸਾਰ ਹੀ ਕਈ ਸੂਰਮੇ ਭੱਜ ਗਏ। ਕੋਈ ਵੀ ਉਸ ਦੀ ਗਰਜ ਸੁਣਕੇ ਨੇੜੇ ਨਾ ਆਇਆ। ਬਾਦਸ਼ਾਹ ਦਾ ਹਾਥੀ ਕਿਸੇ ਤਰ੍ਹਾਂ ਵੀ ਠਹਿਰ ਨਹੀ ਸੀ ਰਿਹਾ ਜਿਵੇਂ ਮਹਾਨ ਸੂਰਮੇ ਦੇ ਅੱਗੇ ਡਰਪੋਕ ਨਹੀਂ ਠਹਿਰਦਾ।

ਜਦ ਜਹਾਂਗੀਰ ਨੇ ਗੁਰੂ ਜੀ ਨੂੰ ਬੜੇ ਧੀਰਜ ਨਾਲ ਖੜ੍ਹੇ ਵੇਖਿਆ ਤਦ ਉਸ ਨੇ ਗੁਰੂ ਜੀ ਨੂੰ ਫਰਿਆਦ ਕਰਦੇ ਹੋਏ ਕਿਹਾ ਤੁਸੀਂ ਹੀ ਇਸਤੇ ਵਾਰ ਕਰੋ। ਤਦ

ਸਤਿਗੁਰੂ ਜੀ ਨੇ ਘੋੜੇ ਨੂੰ ਛੱਡ ਦਿੱਤਾ ਤਲਵਾਰ ਤੇ ਢਾਲ ਫੜ ਕੇ ਉਸ ਦੇ ਵੱਲ ਚਲੇ ਗਏ। ਸਾਰੇ ਸੂਰਮੇ ਇਸ ਅਜੀਬ ਕੌਤਕ ਨੂੰ ਵੇਖਣ ਲੱਗੇ। ਜਿਸ ਝੱਲ ਵਿਚ ਸ਼ੇਰ ਵੜਿਆ ਸੀ ਸਭ ਦੀਆਂ ਨਜ਼ਰਾਂ ਉੱਥੇ ਲੱਗੀਆਂ ਸਨ। ਉਨ੍ਹਾਂ ਦੇ ਸਰੀਰ ਦਾ ਰੰਗ ਬਹੁਤ ਸੁਰਖ ਹੋ ਗਿਆ ਸੀ। ਗੁਰੂ ਜੀ ਤਲਵਾਰ ਅਤੇ ਢਾਲ ਫੜੀ ਚੱਲ ਰਹੇ ਸਨ। ਉਨ੍ਹਾਂ ਨੇ ਨੇੜੇ ਹੋ ਕੇ ਸ਼ੇਰ ਨੂੰ ਵੰਗਾਰਿਆ,ਬਾਹਰ ਨਿੱਕਲ,ਹੁਣ ਕਿਉਂ ਸ਼ਕਤੀ ਹਾਰੀ ਹੋਈ ਹੈ। ਸ਼ੇਰ ਗਰਜ ਕੇ ਬਾਹਰ ਨਿੱਕਲਿਆ। ਉਸ ਦੀ ਗਰਦਨ ਦੇ ਭਿਆਨਕ ਕਾਲੇ ਵਾਲ ਖੜ੍ਹੇ ਹੋ ਗਏ। ਉਸ ਦੀ ਬੇਲ ਲੰਮੀ ਤੇ ਭਿਆਨਕ ਦੰਦ ਸਨ। ਉਹ ਆਪਣਾ ਮੂੰਹ ਫੁਲਾ ਕੇ ਭਬਕਾਂ ਮਾਰਦਾ ਹੋਇਆ ਆ ਰਿਹਾ ਸੀ। ਵੇਖ ਰਹੇ ਸਾਰੇ ਸੂਰਮੇ ਹੈਰਾਨ ਹੋ ਗਏ,ਸੋਚਣ ਲੱਗੇ ਕਿ ਗੁਰੂ ਜੀ ਇਸ ਦੇ ਅੱਗੇ ਬਚ ਨਹੀਂ ਸਕਣਗੇ। ਅਸੀਂ ਇਸ ਤੋਂ ਪਹਿਲਾਂ ਅਜਿਹਾ ਵੱਡਾ ਸ਼ੇਰ ਕਿਤੇ ਵੀ ਨਹੀਂ ਵੇਖਿਆ। ਉਹ ਦੂਰ ਖੜ੍ਹੇ ਡਰੀ ਜਾ ਰਹੇ ਸਨ। ਸਾਰੇ ਵੇਖ ਰਹੇ ਸਨ,ਕੋਈ ਵੀ ਨੇੜੇ ਨਹੀਂ ਸੀ ਆ ਰਿਹਾ। ਸ਼ੇਰ ਨੇ ਗੁਰੂ ਜੀ ਦੇ ਸਾਹਮਣੇ ਆ ਕੇ ਮੂੰਹ ਫੈਲਾਇਆ। ਸਤਿਗੁਰੂ ਜੀ ਨੇ ਧੀਰਜ ਰੱਖ ਕੇ ਉਸ ਵੱਲ ਵੇਖਿਆ। ਖੱਬੇ ਹੱਥ ਵਿਚ ਫੜੀ ਹੋਈ ਢਾਲ ਉਸ ਦੇ ਅੱਗੇ ਕਰ ਦਿੱਤੀ। ਪੂਰੇ ਜੋਰ ਨਾਲ ਹਮਲਾ ਕਰਕੇ ਉਸ ਦੇ ਮੂੰਹ ਤੇ ਮਾਰੀ। ਪੂਰੀ ਤਾਕਤ ਨਾਲ ਉਸ ਨੂੰ ਧੱਕ ਦਿੱਤਾ ਤੇ ਫੇਰ ਅੱਗੇ ਹੋ ਕੇ ਪਿੱਛਾ ਕੀਤਾ। ਉਨ੍ਹਾਂ ਦੇ ਸੱਜੇ ਹੱਥ ਵਿਚ ਤਲਵਾਰ ਚਮਕੀ ਤੇ ਡਿੱਗਦੇ ਹੋਏ ਸ਼ੇਰ ਦੇ ਢਿੱਡ ਵਿਚ ਖੋਬ ਦਿੱਤੀ ਤੇ ਤੁਰੰਤ ਹੀ ਦੋ ਫਾੜ ਕਰ ਗਈ। ਉਸ ਨੂੰ ਮਰਿਆ ਹੋਇਆ ਜਾਣ ਕੇ ਸਾਰੇ ਵੇਖਣ ਲਈ ਆ ਗਏ। ਬਾਦਸ਼ਾਹ ਦੇ ਹਾਥੀ ਨੂੰ ਉਸ ਦੇ ਸਾਥੀਆਂ ਨੇ ਬੜੇ ਯਤਨਾ ਨਾਲ ਬਰਛੇ ਮਾਰ ਕੇ ਉਸ ਪਾਸੇ ਵੱਲ ਕੀਤਾ। ਬਾਦਸ਼ਾਹ ਨੇ ਕੋਲ ਹੋ ਕੇ ਵੇਖਿਆ ਤਾਂ ਉਹ ਬਲਵਾਨ ਸ਼ੇਰ ਨੂੰ ਵੇਖ ਕੇ ਹੈਰਾਨ ਹੋ ਗਿਆ। ਉਸ ਨੇ ਸਤਿਗੁਰੂ ਜੀ ਨੂੰ ਧੰਨ ਹੋ ਧੰਨ ਹੋ ਕਿਹਾ ਅਤੇ ਕੋਲ ਖੜ੍ਹੇ ਹੋ ਕੇ ਸ਼ੇਰ ਵੱਲ ਵੇਖਣ ਲੱਗਾ ਤਦ ਸ਼ੇਰ ਦੀ ਜਾਨ ਨਿੱਕਲ ਗਈ ਤਾਂ ਉੱਥੇ ਪ੍ਰਕਾਸ਼ ਹੋ ਗਿਆ। ਸਾਰੇ ਆਕਾਸ਼ ਵਿਚ ਲਾਲੀ ਫੈਲ ਗਈ। ਇਹ ਵੇਖ ਕੇ ਬਾਦਸ਼ਾਹ ਗੁਰੂ ਜੀ ਨੂੰ ਪੁੱਛਣ ਲੱਗਾ ਇਹ ਕਿਉਂ ਹੋਇਆ,ਇਹ ਕੌਣ ਸੀ,ਮਰ ਕੇ ਕਿੱਥੇ ਚਲਾ ਗਿਆ ਹੈ। ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫੁਰਮਾਇਆ ਇਸ ਦਾ ਨਾਮ ਕਾਸਮਬੇਗ ਜਾਣੋ। ਜੇ ਤੁਸੀਂ ਸੁਣਨਾ ਚਾਹੁੰਦੇ ਹੋ ਤਾਂ ਬੁਲਾ ਕੇ ਪੁੱਛ ਲਵੋ। ਤਦ ਬਾਦਸ਼ਾਹ ਜਹਾਂਗੀਰ ਨੇ ਉਸ ਦਾ ਨਾਮ ਲੈ ਕੇ ਬੁਲਾਇਆ ਤੇ ਉਸ ਸ਼ੇਰ ਨੇ ਦਰੱਖਤ ਉਪਰ ਬੈਠ ਕੇ ਆਖਿਆ ਪਹਿਲੇ ਜਨਮ ਵਿਚ ਮੈਂ ਮਨੁੱਖੀ ਜਾਮੇ ਵਿਚ ਸੀ। ਹੁਣ ਸ਼ੇਰ ਦੇ ਸਰੀਰ ਵਿਚ ਹੋ ਕੇ ਇਸ ਜੰਗਲ ਵਿਚ ਰਹਿੰਦਾ ਸਾਂ। ਤੁਹਾਡੇ ਪਿਤਾ ਬਾਦਸ਼ਾਹ ਅਕਬਰ ਸਨ ਤੇ ਮੈਂ ਕਬੀਲੇ ਵਿਚੋਂ ਉਨ੍ਹਾਂ ਦਾ ਭਰਾ ਲੱਗਦਾ ਸੀ। ਇੱਕ ਦਿਨ ਬਾਦਸ਼ਾਹ ਅਕਬਰ ਗੁਰੂ ਅਮਰਦਾਸ ਜੀ ਕੋਲ ਦਰਸ਼ਨ ਕਰਨ ਲਈ ਆਇਆ। ਮੈਂ ਵੀ ਉਨ੍ਹਾਂ ਦੇ ਨਾਲ ਸੀ ਤੇ ਇਹ ਵੇਖ ਕੇ ਮੈਨੂੰ ਗੁੱਸਾ ਆ ਗਿਆ ਕਿ ਇਹ ਬਾਦਸ਼ਾਹ

ਹੋ ਕੇ ਇੱਕ ਹਿੰਦੂ ਦੇ ਕੋਲ ਜਾਂਦਾ ਹੈ। ਮੇਰਾ ਕੋਈ ਬਸ ਨਾ ਚੱਲਿਆ ਤੇ ਮੈਂ ਮੂਹੋਂ ਬੜੀ ਨਿੰਦਿਆ ਉਚਾਰਨ ਕੀਤੀ। ਮੈਂ ਲੋਕਾਂ ਨੂੰ ਸੁਣਾ ਕੇ ਗੁਰੂ ਜੀ ਦੀ ਨਿੰਦਿਆ ਕੀਤੀ। ਮੇਰੀ ਸੜੀ ਹੋਈ ਮੱਤ ਨੇ ਗੁਰੂ ਜੀ ਦੀ ਸੋਭਾ ਬਰਦਾਸ਼ਤ ਨਾ ਕੀਤੀ। ਜਦ ਗੋਇੰਦਵਾਲ ਵਿਚ ਰਾਤ ਨੂੰ ਟਿਕਾਣਾ ਕੀਤਾ ਤਾਂ ਅਚਾਨਕ ਮੇਰੇ ਢਿੱਡ ਵਿਚ ਬੜਾ ਭਾਰੀ ਸੂਲ ਉੱਠਿਆ। ਮੇਰੇ ਖਾਣੇ ਵਿਚ ਮਾਸ ਕੱਚਾ ਰਹਿ ਗਿਆ ਸੀ। ਮੈਂ ਖਾਧਾ ਤਾਂ ਉਹ ਮੇਰੇ ਪੇਟ ਵਿਚ ਪਚਿਆ ਨਹੀਂ ਸੀ। ਦਰਦ ਹੋਣ ਨਾਲ ਮੌਤ ਹੋ ਗਈ। ਮਾਸ ਦਾ ਦੋਸ਼ ਹੋਣ ਕਰਕੇ ਸ਼ੇਰ ਦਾ ਸਰੀਰ ਧਾਰਨ ਕੀਤਾ ਤੇ ਗੁਰੂ ਜੀ ਦਾ ਚਿਤਵਨ ਕਰਕੇ ਮੁਕਤੀ ਦਾ ਫਲ ਪ੍ਰਾਪਤ ਕੀਤਾ। ਹੁਣ ਗੁਰੂ ਜੀ ਨੇ ਆਪ ਆ ਕੇ ਮੈਨੂੰ ਮਾਰ ਦਿੱਤਾ ਹੈ ਤੇ ਭਵ ਸਾਗਰ ਤੋਂ ਮੇਰਾ ਉਧਾਰ ਕਰ ਦਿੱਤਾ ਹੈ। ਹੇ ਬਾਦਸ਼ਾਹ ਤੂੰ ਵੱਡੇ ਭਾਗਾਂ ਵਾਲਾ ਹੈਂ ਜੋ ਐਸੇ ਮਹਾਨ ਸਤਿਗੁਰਾਂ ਦੇ ਦਰਸ਼ਨ ਕਰ ਰਿਹਾ ਹੈਂ। ਇਹ ਕਹਿ ਕੇ ਉਹ ਸਵਰਗਾਂ ਵਿਚ ਚਲਾ ਗਿਆ। ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬੜਾ ਹੈਰਾਨ ਹੋਇਆ ਉਹ ਉਸਦਾ ਰੂਪ ਤੇ ਆਕਾਰ ਨਾ ਦੇਖ ਸਕਿਆ। ਬਾਦਸ਼ਾਹ ਨੇ ਇਵੇਂ ਸੁਣ ਲਿਆ ਜਿਵੇਂ ਦਰੱਖਤ ਬੋਲ ਰਿਹਾ ਹੋਵੇ। ਬਾਦਸ਼ਾਹ ਨੇ ਸਤਿਗੁਰੂ ਜੀ ਦੀ ਵੱਡੀ ਵਡਿਆਈ ਨੂੰ ਜਾਣਿਆ ਅਤੇ ਬਹੁਤ ਬਲਵਾਨ ਸੂਰਮੇ ਹੋਣ ਕਰਕੇ ਉਨ੍ਹਾਂ ਦੀ ਸੋਭਾ ਕਰਦੇ ਹੋਏ ਕਿਹਾ ਗੁਰੂ ਸਾਹਿਬ ਦੀ ਗੱਦੀ ਅਲੌਕਿਕ ਸ਼ਕਤੀ ਵਾਲੀ ਹੈ ਜਿਸ ਨੇ ਹਜਾਰਾਂ ਦੇ ਦਿਲਾਂ ਵਿਚ ਖੁਸ਼ੀਆਂ ਪ੍ਰਗਟ ਕੀਤੀਆਂ ਹਨ। ਗੁਰੂ ਹਰਿਗੋਬਿੰਦ ਜੀ ਬਹੁਤ ਹੀ ਬਹਾਦਰ ਤੇ ਮਹਾਨ ਸ਼ਕਤੀਵਾਨ ਹਨ ਜਿਨ੍ਹਾਂ ਨੇ ਸ਼ੇਰ ਦੇ ਮੂੰਹ ਤੇ ਢਾਲ ਮਾਰ ਕੇ ਡੇਗ ਦਿੱਤਾ। ਇਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ। ਜਿਸ ਸਮੇਂ ਗੁਰੂ ਜੀ ਨਗਰ ਦੇ ਨੇੜੇ ਪਹੁੰਚ ਗਏ ਤਾਂ ਬਾਦਸ਼ਾਹ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਫੇਰ ਸਤਿਗੁਰੂ ਜੀ ਆਪਣੇ ਡੇਰੇ ਤੇ ਆ ਗਏ ਸਨ ਤੇ ਬਾਦਸ਼ਾਹ ਕਿਲੇ ਅੰਦਰ ਆਪਣੇ ਨਿਵਾਸ ਅਸਥਾਨ ਤੇ ਚਲਾ ਗਿਆ।

ਸਾਰੇ ਅਮੀਰ ਵਜੀਰ ਜਿਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਸਾਰੇ ਆਪਸ ਵਿਚ ਗੁਰੂ ਜੀ ਦੀ ਬਹੁਤ ਵਡਿਆਈ ਕਰਦੇ ਹੋਏ ਕਹਿ ਰਹੇ ਸਨ ਗੁਰੂ ਜੀ ਬਲਵਾਨ ਬਹਾਦਰ ਅਤੇ ਵੱਡੇ ਸੂਰਮੇ ਹਨ ਜਿਨ੍ਹਾਂ ਨੇ ਘੋੜੇ ਤੋਂ ਉੱਤਰ ਕੇ ਸ਼ੇਰ ਦਾ ਅਵਿਨਾਸ਼ ਕੀਤਾ। ਬਾਦਸ਼ਾਹ ਨੂੰ ਉਨ੍ਹਾਂ ਨੇ ਬਹਾਦਰੀ ਕਰ ਕੇ ਵਿਖਾ ਦਿੱਤੀ। ਬਾਦਸ਼ਾਹ ਨੇ ਆਪਣੇ ਮੁੱਖ ਤੋਂ ਗੁਰੂ ਜੀ ਦੀ ਵਡਿਆਈ ਉਚਾਰਨ ਕੀਤੀ ਹੈ।

### ਭਾਈ ਗੋਪਾਲੇ ਪਾਸੋਂ ਜਪੁ ਜੀ ਸਾਹਿਬ ਦਾ ਸ਼ੁੱਧ ਪਾਠ ਸੁਣਨਾ

ਨਿਰਵੈਰ ਸਤਿਗੁਰਾਂ ਨੇ ਜੰਗ ਦੌਰਾਨ ਮਾਰੇ ਗਏ ਤੁਰਕਾਂ ਦੀਆਂ ਲਾਸ਼ਾਂ ਨੂੰ ਡੂੰਘੇ ਟੋਏ ਵਿਚ ਇਕਤਰ ਕਰਕੇ ਮਿਟੀ ਪਵਾ ਕੇ ਉੱਚਾ ਥੜ੍ਹਾ ਬਣਵਾਇਆ। ਇੰਨ੍ਹਾਂ ਸਾਰਿਆਂ ਦੀ ਕਲਿਆਣ ਵਾਸਤੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਕੋਈ ਐਸਾ ਪ੍ਰੇਮੀ ਸਿਖ ਹੈ ਜਿਹੜਾ ਸਾਨੂੰ ਸ੍ਰੀ ਜਪੁ ਜੀ ਸਾਹਿਬ ਦਾ ਸੁੱਧ ਪਾਠ ਸ੍ਰਵਣ ਕਰਵਾਏ।

ਇਹ ਬਚਨ ਪਹਿਲੀ ਵਾਰ ਸੁਣ ਕੇ ਕੋਈ ਵੀ ਸਿਖ ਖੜਾ ਨਾ ਹੋਇਆ। ਦੂਜੀ ਵਾਰ ਫੇਰ ਬਚਨ ਕਰਨ ਤੇ ਕੋਈ ਸਿਖ ਖੜਾ ਨਾ ਹੋਇਆ। ਜਦੋਂ ਤੀਜੀ ਵਾਰ ਬਚਨ ਕੀਤਾ ਤਾਂ ਭਾਈ ਗੋਪਾਲਾ ਜੀ ਨੇ ਮਨ ਵਿਚ ਵੀਚਾਰ ਕੀਤੀ ਕਿ ਹੁਣ ਤੀਜਾ ਬਚਨ ਖਾਲੀ ਨਹੀਂ ਜਾਣਾ ਚਾਹੀਦਾ। ਇਹ ਸੋਚ ਕੇ ਖੜੇ ਹੋ ਕਰ ਕੇ ਚਰਨਾ ਤੇ ਸੀਸ ਰੱਖ ਕੇ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਦਾਸ ਹਾਜਿਰ ਹੈ, ਆਪ ਕਿਰਪਾ ਕਰ ਕੇ ਬਾਣੀ ਦਾ ਸੁੱਧ ਜਾਪ ਆਪ ਕਰਾਓ। ਸਤਿਗੁਰ ਸਚੇ ਪਾਤਿਸ਼ਾਹ ਮਹਾਰਾਜ ਜੀ ਥੜ੍ਹੇ ਤੇ ਸਜੇ ਹੋਏ ਸਨ, ਭਾਈ ਗੋਪਾਲੇ ਨੂੰ ਸਤਿਕਾਰ ਦਿੰਦੇ ਹੋਏ ਆਪਣੇ ਸਜੇ ਹੱਥ ਥੜ੍ਹੇ ਉਪਰ ਹੀ ਬਿਠਾ ਲਿਆ। ਸਤਿਗੁਰਾਂ ਦੀ ਆਗਿਆ ਲੈ ਕੇ ਭਾਈ ਗੋਪਾਲੇ ਨੇ ਜਪੁ ਜੀ ਸਾਹਿਬ ਦਾ ਪਾਠ ਸੁਣਾਉਣਾ ਅਰੰਭ ਕਰ ਦਿੱਤਾ। ਹਜੂਰ ਮਹਾਰਾਜ ਪਵਿਤਰ ਬਾਣੀ ਦਾ ਸੁੱਧ ਪਾਠ ਸੁਣ ਕੇ ਬਹੁਤ ਪ੍ਰਸੰਨ ਹੋਏ। ਮਹਾਰਾਜ ਇਸ ਨੂੰ ਵਡਿਆਈਆਂ ਬਖਸ਼ਿਸ਼ ਕਰਨ ਲਈ, ਥੜ੍ਹੇ ਤੋਂ ਉਤਰਨ ਲਈ ਅਜੇ ਗੋਡੇ ਹੀ ਚੁੱਕਿਆ ਸੀ ਉਸੇ ਸਮੇ ਭਾਈ ਗੋਪਾਲੇ ਦੇ ਮਨ ਵਿਚ ਫੁਰਨਾ ਆਇਆ ਕਿ ਜੇਕਰ ਗੁਰੂ ਮਹਾਰਾਜ ਜਪੁ ਜੀ ਸਾਹਿਬ ਦਾ ਸਾਰਾ ਪਾਠ ਸਰਵਣ ਕਰ ਲੈਂਦੇ ਤਾਂ ਮੈਂ ਜੋ ਭਾਈ ਸੁਭਾਗਾ ਜੀ ਨੇ ਆਪ ਜੀ ਨੂੰ ਪੰਜ ਘੋੜੇ ਭੇਟਾ ਕੀਤੇ ਸਨ। ਉਨ੍ਹਾਂ ਵਿਚੋਂ ਹਜੂਰ ਨੇ ਇੱਕ ਘੋੜਾ ਆਪਣੇ ਲਈ ਰੱਖ ਲਿਆ, ਦੂਜਾ ਭਾਈ ਬਿਧੀ ਚੰਦ ਜੀ ਨੂੰ ਦੇ ਦਿੱਤਾ, ਤੀਜਾ ਘੋੜਾ ਸ੍ਰੀ ਗੋਇੰਦਵਾਲ ਸਾਹਿਬ ਬਾਬਾ ਗੁਰਦਿੱਤਾ ਜੀ ਵਾਸਤੇ ਪਹੁੰਚਾ ਦਿੱਤਾ, ਚੌਥਾ ਘੋੜਾ ਪੈਂਦੇ ਖਾਨ ਨੂੰ ਦੇ ਦਿੱਤਾ ਅਤੇ ਜੋ ਪੰਜਵਾਂ ਘੋੜਾ ਤਬੇਲੇ ਵਿਚ ਖੜਾ ਹੈ ਉਹ ਘੋੜਾ ਕਾਠੀ ਸਮੇਤ ਮੈਂ ਮੰਗ ਲੈਣਾ ਸੀ ਉਸ ਤੇ ਸਵਾਰੀ ਕਰ ਕੇ ਮਨ ਵਿਚ ਬਹੁਤ ਹੀ ਪ੍ਰਸੰਨਤਾ ਪ੍ਰਾਪਤ ਕਰਨੀ ਸੀ। ਐਸੇ ਘੋੜੇ ਤੇ ਸਵਾਰ ਹੋਣਾ ਧਰਤੀ ਤੇ ਸਵਰਗਾਂ ਦਾ ਅਨੰਦ ਪਾਉਣ ਦੇ ਤੁਲ ਹੈ। ਜਦ ਉਸ ਨੂੰ ਲੱਗਿਆ ਕਿ ਗੁਰੂ ਜੀ ਹੁਣ ਉਠ ਕੇ ਚੱਲੇ ਹਨ ਸਲੋਕ ਨੂੰ ਉਨ੍ਹਾਂ ਨੇ ਸੁਣਨਾ ਨਹੀਂ ਤੇ ਮੇਰੀ ਮਿਹਨਤ ਦਾ ਫਲ ਫਲਣਾ ਨਹੀਂ ਭਾਵ ਮੈਨੂੰ ਹੁਣ ਉਹ ਘੋੜਾ ਨਹੀਂ ਮਿਲਣਾ। ਅੰਤਰਜਾਮੀ ਗੁਰੂ ਸਾਹਿਬ ਨੇ ਉਸ ਦੇ ਹਿਰਦੇ ਦੀ ਗਲ ਜਾਣ ਲਈ ਤੇ ਬਚਨ ਕੀਤੇ ਕਿ ਤੂੰ ਇਹ ਕੈਸੀ ਕਾਮਨਾ ਕੀਤੀ ਹੈ, ਨਿਸ਼ਕਾਮ ਹੋਕੇ ਸਾਰਾ ਜਪੁ ਜੀ ਸਾਹਿਬ ਦਾ ਪਾਠ ਕੀਤਾ ਹੈ, ਪਹਿਲਾਂ ਵਾਂਗ ਜੇ ਸਲੋਕ ਵੀ ਉਚਾਰਨ ਕਰ ਦਿੰਦੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਵਡਿਆਈ ਮਿਲਣੀ ਸੀ, ਜਿਹੜੀ ਸਾਰੇ ਜਗਤ ਵਿਚ ਸ੍ਰੇਸ਼ਟ ਹੈ, ਅਸੀਂ ਉਸ ਸਮੇਂ ਗੁਰਿਆਈ ਦੇਣ ਵਾਸਤੇ ਉਠਣ ਲਗੇ ਸੀ। ਜਿਸ ਗੁਰਤਾ ਗੱਦੀ ਅਗੇ ਤਿੰਨ ਲੋਕ ਨਮਸਕਾਰ ਕਰਦੇ ਹਨ, ਕੀ ਕਰੀਏ ਤੇਰੇ ਵੀ ਵਸ ਵਿਚ ਨਹੀਂ ਹੈ। ਜਿਥੇ ਉੱਚਿਤ ਹੁੰਦਾ ਹੈ ਉਥੇ ਹੀ ਮਨੁੱਖ ਪਹੁੰਚਦਾ ਹੈ। ਹੁਣ ਤੁਹਾਡਾ ਜਨਮ ਮਰਣ ਕੱਟਿਆ ਗਿਆ ਹੈ, ਜੋ ਵੀ ਮਨੋਰਥ ਧਾਰਨ ਕੀਤਾ ਹੈ, ਉਹ ਬਿਨਾ ਦੇਰੀ ਤੋਂ ਪ੍ਰਾਪਤ ਕਰੋ। ਇਹ ਬਚਨ ਸੁਣਾ

ਕੇ ਗੁਰੂ ਸਾਹਿਬ ਜੀ ਨੇ ਉਹ ਘੋੜਾ ਮੰਗਵਾਇਆ ਜਿਸ ਉੱਤੇ ਸਵਾ ਲੱਖ ਰੁਪਏ ਦੀ ਕਾਠੀ ਸਜ ਰਹੀ ਸੀ। ਇਹ ਘੋੜਾ ਗੁਰੂ ਸਾਹਿਬ ਭਾਈ ਗੋਪਾਲਾ ਜੀ ਨੂੰ ਬਖਸ਼ ਕੇ ਬਹੁਤ ਪ੍ਰਸੰਨ ਹੋਏ। ਗੁਰੂ ਸਾਹਿਬ ਜੀ ਨੇ ਸੁੰਦਰ ਬਸਤਰ, ਗਹਿਣੇ ਤੇ ਧਨ ਵੀ ਦਿੱਤਾ। ਭਾਈ ਗੋਪਾਲਾ ਜੀ ਇਹ ਸਭ ਕੁਝ ਪ੍ਰਾਪਤ ਕਰਕੇ ਬਹੁਤ ਖੁਸ਼ ਹੋਏ ਅਤੇ ਸਤਿਗੁਰਾਂ ਦੇ ਪਹਿਲੇ ਬਚਨ ਸੁਣ ਕੇ ਬਹੁਤ ਪਛਤਾਏ। ਹਜੂਰ ਨੇ ਬਚਨ ਕੀਤਾ ਕਿ ਸਾਰੇ ਸਿੱਖ ਪਵਿਤਰ ਬਾਣੀ ਦਾ ਉਚਾਰਨ ਸੁੱਧ ਕਰਿਆ ਕਰਨ। ਇਸ ਦਾ ਬਹੁਤ ਵੱਡਾ ਮਹਾਤਮ ਹੈ ਜੋ ਸਤਿਗੁਰਾਂ ਨੇ ਕਰ ਕੇ ਵਿਖਾਇਆ। ਤਿੰਨਾ ਲੋਕਾਂ ਵਿਚ ਕੋਈ ਗੁਰਬਾਣੀ ਦੀ ਬਰਾਬਰੀ ਨਹੀਂ ਕਰ ਸਕਦਾ। ਘੇਰੜ ਖਤਰੀ ਜੋ ਮਾਰਿਆ ਗਿਆ ਸੀ ਉਸ ਦੀ ਘਰ ਵਾਲੀ ਥਾਂ ਤੇ ਗੁਰੂ ਸਾਹਿਬ ਨੇ ਮਸੀਤ ਬਣਵਾ ਦਿੱਤੀ। ਭਾਈ ਬਿਧੀ ਚੰਦ ਨੇ ਆਖਿਆ ਕਿ ਹੁਣ ਰੋਹਿਲਾ ਨਗਰ ਦਾ ਨਾਮ ਵੀ ਖਤਮ ਹੋ ਚੁੱਕਾ ਹੈ। ਇਸ ਨਗਰ ਦਾ ਨਵਾਂ ਨਾਮ ਰੱਖਣਾ ਚਾਹੀਦਾ ਹੈ। ਸਾਰੀ ਸੰਗਤ ਨੇ ਰਲ ਕੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਇਸ ਨਗਰ ਦਾ ਨਾਮ ਰੱਖੋ। ਬਾਬਾ ਬੁੱਢਾ ਜੀ ਨੇ ਪਹਿਲੀ ਰੀਤੀ ਅਨੁਸਾਰ ਇਸ ਨਗਰ ਦਾ ਸ਼ੁਭ ਨਾਮ ਸ੍ਰੀ ਹਰਿਗੋਬਿੰਦਪੁਰਾ ਸਾਹਿਬ ਰੱਖਿਆ।

## ਭਾਈ ਤਿਲਕਾ ਜੀ ਦੀ ਦ੍ਰਿੜਤਾ ਦੇਖ ਕੇ ਜੋਗੀ ਨੇ ਸਿਖ ਬਣਨਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇੱਕ ਗੁਰਸਿੱਖ ਭਾਈ ਤਿਲਕਾ ਜੀ ਨਾਮ ਬਾਣੀ ਨਾਲ ਰੱਤਿਆ,ਮਿੱਠ ਬੋਲੜਾ,ਗਿਆਨਵਾਨ ਅਤੇ ਦ੍ਰਿੜ ਇਰਾਦੇ ਦਾ ਮਾਲਕ ਸੀ। ਉਹ ਗੜ੍ਹ ਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਦਾ ਵਾਸੀ ਸੀ। ਇਨ੍ਹਾ ਨੇ ਪੰਜਵੇਂ ਪਾਤਿਸ਼ਾਹ ਪਾਸੋਂ ਚਰਨ ਪਾਹੁਲ ਪਾਨ ਕਰਕੇ ਸਿੱਖੀ ਧਾਰਨ ਕੀਤੀ। ਛੇਵੇਂ ਪਾਤਿਸ਼ਾਹ ਨੇ ਭਾਈ ਜੀ ਨੂੰ ਜਿਲ੍ਹਾ ਹੁਸ਼ਿਆਰਪੁਰ ਦਾ ਪਰਚਾਰਕ ਥਾਪਿਆ। ਕਸਬੇ ਦੇ ਲੋਕ ਭਾਈ ਸਾਹਿਬ ਦੇ ਜੀਵਨ ਤੋਂ ਬਹੁਤ ਪ੍ਰਭਾਵਿਤ ਸਨ। ਉੱਥੇ ਇੱਕ ਬਹੁਤ ਵੱਡੀ ਉਮਰ ਦੇ ਜੋਗੀ ਦਾ ਡੇਰਾ ਸੀ। ਜਿਉਂ ਜਿਉਂ ਭਾਈ ਸਾਹਿਬ ਗੁਰਮਤਿ ਦਾ ਪ੍ਰਚਾਰ ਕਰਦੇ ਸਨ ਸਿੱਖੀ ਵਿਚ ਵਾਧਾ ਹੁੰਦਾ ਜਾਂਦਾ ਸੀ ਤੇ ਹੌਲੀ-ਹੌਲੀ ਜੋਗੀ ਦੀ ਪੂਜਾ ਪ੍ਰਤਿਸ਼ਟਾ ਘਟਦੀ ਜਾਂਦੀ ਸੀ। ਜੋਗੀ ਹਮੇਸ਼ਾਂ ਹੀ ਈਰਖਾ ਵਿਚ ਸੜਦਾ ਰਹਿੰਦਾ ਸੀ। ਲੋਕਾਂ ਉੱਤੇ ਪ੍ਰਭਾਵ ਕਾਇਮ ਰੱਖਣ ਲਈ ਕਾਫੀ ਯਤਨ ਕਰ ਰਿਹਾ ਸੀ ਪਰ ਗੁਰਮਤਿ ਮਾਰਗ ਅੱਗੇ ਉਸ ਦੇ ਧਾਰਮਿਕ ਪਖੰਡਾਂ ਦੀ ਪੇਸ਼ ਨਹੀਂ ਜਾ ਰਹੀ ਸੀ।

ਇੱਕ ਦਿਨ ਜੋਗੀ ਨੇ ਨਵਾਂ ਪਰਪੰਚ ਰਚਿਆ। ਉਸ ਨੇ ਆਪਣੇ ਚੇਲਿਆਂ ਰਾਹੀਂ ਇਹ ਅਫਵਾਹ ਫੈਲਾ ਦਿੱਤੀ ਕਿ ਜੋਗੀ ਨੂੰ ਰਾਤੀ ਸ਼ਿਵ ਜੀ ਨੇ ਦਰਸ਼ਨ ਦਿੱਤੇ ਹਨ ਅਤੇ ਵਰਦਾਨ ਦਿੱਤਾ ਹੈ ਕਿ ਜੋ ਪ੍ਰਾਣੀ ਉਸ ਜੋਗੀ ਦੇ ਦਰਸ਼ਨ ਕਰੇਗਾ ਇੱਕ ਸਾਲ ਲਈ ਸਵਰਗ ਪ੍ਰਾਪਤ ਕਰੇਗਾ। ਸਾਰੇ ਇਲਾਕੇ ਵਿਚ ਧੁੰਮ ਪੈ ਗਈ। ਵਿਚਾਰੇ

ਭੋਲੇ ਭਾਲੇ ਗਿਆਨ ਵਿਹੂਣੇ ਲੋਕ ਇਨ੍ਹਾਂ ਏਜੰਟਾਂ ਦੇ ਢਹੇ ਚੜ੍ਹ ਕੇ ਪਖੰਡੀ ਦੇ ਜਾਲ ਵਿਚ ਫਸਣ ਲੱਗੇ ਤੇ ਜੋਗੀ ਦੇ ਦਰਸ਼ਨਾ ਲਈ ਭਾਰੀ ਗਿਣਤੀ ਵਿਚ ਉਸ ਦੇ ਡੇਰੇ ਆਉਣ ਲੱਗ ਪਏ। ਇਸ ਤਰ੍ਹਾਂ ਜੋਗੀ ਨੂੰ ਭੇਟਾ ਵੀ ਕਾਫੀ ਆਉਣੀ ਸ਼ੁਰੂ ਹੋ ਗਈ।

ਭਾਈ ਤਿਲਕਾ ਜੀ ਨੂੰ ਵੀ ਆਪਣੇ ਏਜੰਟ ਰਾਹੀਂ ਪ੍ਰੇਰਿਆ ਪਰ ਭਾਈ ਤਿਲਕਾ ਜੀ ਨੇ ਉਨ੍ਹਾਂ ਦੀ ਇੱਕ ਨਾ ਸੁਣੀ। ਜੋਗੀ ਨੇ ਫਿਰ ਸੁਨੇਹਾ ਭੇਜਿਆ ਕਿ ਭਾਈ ਸਾਹਿਬ ਤੁਸੀਂ ਦਰਸ਼ਨ ਕਰ ਲਵੋ ਮੈਂ ਨਹੀਂ ਚਾਹੁੰਦਾ ਕਿ ਆਪ ਜੈਸੇ ਮਹਾਂਪੁਰਖ ਬੈਕੁੰਠ ਦੀ ਪ੍ਰਾਪਤੀ ਤੋਂ ਰਹਿ ਜਾਣ। ਪਰ ਭਾਈ ਜੀ ਨੇ ਕੋਈ ਪਰਵਾਹ ਨਾ ਕੀਤੀ। ਉਨ੍ਹਾਂ ਨੂੰ ਪਤਾ ਸੀ ਕਿ ਅਸਲ ਗੱਲ ਤਾਂ ਇਹ ਹੈ ਕਿ ਜੋਗੀ ਭਾਈ ਜੀ ਦੇ ਪ੍ਰਭਾਵ ਨੂੰ ਸੱਟ ਮਾਰਨਾ ਚਾਹੁੰਦਾ ਸੀ ਤਾਂ ਜੋ ਗੁਰਮਤਿ ਪ੍ਰਚਾਰ ਬੰਦ ਹੋ ਜਾਵੇ ਤੇ ਲੋਕੀ ਉਸ ਦੇ ਚੱਕਰਾਂ ਵਿਚ ਫਸੇ ਰਹਿਣ। ਜੋਗੀ ਨੇ ਦੁਬਾਰਾ ਸੁਨੇਹਾ ਭੇਜਿਆ ਕਿ ਹੁਣ ਉਹ ਦੋ ਸਾਲਾਂ ਲਈ ਬੈਕੁੰਠ ਦਿਵਾਉਣ ਦਾ ਮੌਕਾ ਦੇ ਰਹੇ ਹਨ ਪਰ ਭਾਈ ਸਾਹਿਬ ਤੇ ਇਹਦਾ ਕੋਈ ਅਸਰ ਨਾ ਹੋਇਆ। ਆਖਿਰ ਕਈ ਸੁਨੇਹੇ ਭੇਜਣ ਪਿੱਛੋਂ ਵੀ ਜਦੋਂ ਭਾਈ ਤਿਲਕਾ ਜੀ ਨਾ ਗਏ ਤਾਂ ਜੋਗੀ ਆਪ ਚੱਲ ਕੇ ਮਿਲਣ ਲਈ ਆਇਆ ਅਤੇ ਬਹੁਤ ਸਾਰੇ ਭੁੱਲੇ ਭਟਕੇ ਲੋਕ ਅਤੇ ਉਸ ਦੇ ਚੇਲੇ ਵੀ ਨਾਲ ਸਨ।

ਭਾਈ ਸਾਹਿਬ ਨੂੰ ਪਤਾ ਲੱਗਾ ਕਿ ਜੋਗੀ ਮੇਰੇ ਵੱਲ ਆ ਰਿਹਾ ਹੈ ਤਾਂ ਉਨ੍ਹਾਂ ਨੇ ਅੱਗੋਂ ਦਰਵਾਜਾ ਬੰਦ ਕਰ ਲਿਆ। ਜੋਗੀ ਨੇ ਆ ਕੇ ਦਰਵਾਜਾ ਖੜਕਾਇਆ ਅਤੇ ਬਾਹਰੋਂ ਹੀ ਉੱਚੀ-ਉੱਚੀ ਆਖਣ ਲੱਗਾ ਆਪ ਸੁਰਗ ਨੂੰ ਕਿਉਂ ਨਹੀਂ ਮਾਣਨਾ ਚਾਹੁੰਦੇ। ਮੈਂ ਤੁਹਾਡੇ ਪਰਉਪਕਾਰ ਲਈ ਆਪ ਹੀ ਚੱਲ ਕੇ ਆਇਆ ਹਾਂ ਪਰ ਭਾਈ ਸਾਹਿਬ ਨੇ ਦਰਵਾਜਾ ਖੋਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਮੈਂ ਤੇਰੇ ਵਰਗੇ ਪਖੰਡੀ ਅਤੇ ਦੁਸ਼ਟ ਦੀ ਸ਼ਕਲ ਦੇਖਣ ਨੂੰ ਵੀ ਤਿਆਰ ਨਹੀਂ ਤੂੰ ਲੋਕਾਈ ਨੂੰ ਲੁੱਟ ਰਿਹਾ ਹੈਂ। ਇਨ੍ਹਾ ਪਖੰਡਾਂ ਦੁਆਰਾ ਸੁਰਗ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਸਾਡਾ ਨਿਸ਼ਾਨਾ ਸੁਰਗ ਪ੍ਰਾਪਤ ਕਰਨ ਦਾ ਹੈ। ਅਸੀਂ ਤਾਂ ਗੁਰੂ ਚਰਨਾ ਤੋਂ ਹਜਾਰਾਂ ਸੁਰਗ ਵਾਰ ਦਿੱਤੇ ਹਨ। ਇਹ ਬਚਨ ਸੁਣ ਕੇ ਜੋਗੀ ਦੇ ਮਨ ਤੇ ਭਾਰੀ ਸੱਟ ਲੱਗੀ। ਜੋਗੀ ਬਹੁਤ ਨਿੰਮੋਂ ਝੂਣਾ ਹੋਇਆ। ਉਹ ਇੰਨਾ ਪ੍ਰਭਾਵਿਤ ਹੋਇਆ ਕਿ ਸੋਚਣ ਲੱਗ ਪਿਆ ਕਿ ਐਸੇ ਸਿੱਖ ਵੀ ਹਨ ਜੋ ਗੁਰੂ ਦੇ ਬਚਨਾ ਨੂੰ ਸੁਰਗ ਤੋਂ ਵੀ ਉੱਤਮ ਸਮਝਦੇ ਹਨ। ਇਨ੍ਹਾਂ ਦਾ ਗੁਰੂ ਕਿੰਨੀ ਉੱਚੀ ਪਦਵੀ ਦਾ ਮਾਲਕ ਹੋਵੇਗਾ ਜਿਸ ਨੇ ਸਾਡੇ ਲੋਕਾਂ ਦੇ ਪਾਏ ਭੁਲੇਖੇ ਦੂਰ ਕਰਕੇ ਮਨੁੱਖਤਾ ਨੂੰ ਏਨਾ ਉੱਤੇ ਚੁੱਕ ਦਿੱਤਾ ਹੈ। ਕਈ ਵਾਰੀ ਬੇਨਤੀ ਕਰਨ ਤੇ ਵੀ ਜਦ ਭਾਈ ਸਾਹਿਬ ਨੇ ਦਰਵਾਜਾ ਨਾ ਖੋਲਿਆ ਤਾਂ ਅੰਤ ਨੂੰ ਹਾਰ ਕੇ ਜੋਗੀ ਨੇ ਗੁਰੂ ਸਾਹਿਬ ਦਾ ਵਾਸਤਾ ਪਾਇਆ ਤੇ ਬੇਨਤੀ ਕੀਤੀ ਕਿ ਮੈਂ ਵੀ ਉਸ ਮਹਾਨ ਸਖਸ਼ੀਅਤ ਵਾਲੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ ਜਿਸ ਨੇ ਤੁਹਾਨੂੰ ਇੰਨਾ ਉੱਚਾ ਜੀਵਨ ਬਖਸ਼ਿਆ ਹੈ। ਇਹ ਸੁਣ ਕੇ ਗੁਰੂ ਕੇ ਸਿੱਖ ਨੇ ਦਰਵਾਜਾ

ਖੋਲਿਆ। ਜੋਗੀ ਨੇ ਪੁੱਛਿਆ ਭਾਈ ਸਾਹਿਬ ਆਪ ਜੀ ਵਿਚ ਐਸੀ ਦ੍ਰਿੜਤਾ ਕਿਵੇਂ ਪੈਦਾ ਹੋਈ। ਆਪ ਜੀ ਨੂੰ ਕਿਵੇਂ ਪਤਾ ਲੱਗਿਆ ਕਿ ਮੈਂ ਲੋਕਾਈ ਨੂੰ ਠੱਗ ਰਿਹਾ ਹਾਂ। ਮੈਂ ਲੋਕਾਈ ਨੂੰ ਕੁਰਾਹੇ ਪਾ ਕੇ ਆਪਣਾ ਮਾਨ ਵਧਾ ਰਿਹਾ ਹਾਂ। ਦੁਨੀਆ ਸਵਰਗ ਲਈ ਤਰਲੇ ਲੈਂਦੀ ਹੈ ਪਰ ਤੁਸੀਂ ਸਵਰਗ ਦੀ ਪਰਵਾਹ ਤੱਕ ਕਿਉਂ ਨਹੀਂ ਕਰਦੇ। ਜਦ ਉਹ ਇਹੋ ਜਿਹੀਆਂ ਗੱਲਾਂ ਕਰ ਚੁੱਕਾ ਤਾਂ ਭਾਈ ਸਾਹਿਬ ਨੇ ਕਿਹਾ ਹੇ ਜੋਗੀ ਮੈਂ ਪੂਰਨ ਗੁਰੂ ਦਾ ਸਿੱਖ ਹਾਂ। ਦੁਨੀਆਂ ਨੂੰ ਧੋਖਾ ਦੇਣਾ ਅਕਾਲ ਪੁਰਖ ਨੂੰ ਧੋਖਾ ਦੇਣਾ ਹੈ। ਇਨ੍ਹਾਂ ਕਰਤੂਤਾਂ ਨਾਲ ਅਕਾਲ ਪੁਰਖ ਖੁਸ਼ ਨਹੀਂ ਹੁੰਦਾ। ਦੁਨੀਆਂ ਦੀ ਸੇਵਾ ਕਰਨ ਨਾਲ ਅਕਾਲ ਪੁਰਖ ਖੁਸ਼ ਹੁੰਦਾ ਹੈ ਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਮਨੁੱਖ ਮਾਤਰ ਨਾਲ ਪਿਆਰ ਕਰਨਾ ਅਸਲੀ ਇਨਸਾਨ ਬਣਨਾ ਹੀ ਧਰਮ ਹੈ। ਲੰਮੀ ਉਮਰ ਕਰਕੇ ਲੋਕਾਂ ਨੂੰ ਕਰਾਮਾਤਾਂ ਵਿਖਾ ਕੇ ਕਦੀ ਵੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ ਸਗੋਂ ਹਉਮੈ ਜਰੂਰ ਵਧਦੀ ਹੈ। ਭਾਈ ਸਾਹਿਬ ਨੇ ਉਸ ਨੂੰ ਸਵਰਗ ਬਾਰੇ ਵੀ ਗੁਰਮਤਿ ਦੇ ਵਿਚਾਰ ਦੱਸ ਦਿੱਤੇ। ਉਨ੍ਹਾਂ ਦੱਸਿਆ ਕਿ ਮੇਰੇ ਗੁਰਦੇਵ ਨੇ ਸਾਨੂੰ ਦ੍ਰਿੜ ਕਰਵਾਇਆ ਹੈ।

***ਭਿਸਤੁ ਨਜੀਕਿ ਰਾਖੁ ਰਹਮਾਨਾ॥ ਆਦਿ ੧੧੬੧***

ਹੇ ਅਕਾਲ ਪੁਰਖ ਮੈਨੂੰ ਆਪਣੇ ਨੇੜੇ ਰੱਖ ਮੇਰੇ ਲਈ ਇਹੋ ਹੀ ਸਵਰਗ ਹੈ।

***ਬੈਕੁੰਠ ਗੋਬਿੰਦ ਚਰਨ ਨਿਤ ਧਿਆਉ॥***
***ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ॥ ਆਦਿ ੧੨੨੦***

ਹੇ ਭਾਈ ਮੈਂ ਤਾਂ ਸਦਾ ਪਰਮਾਤਮਾ ਦੇ ਚਰਨਾ ਦਾ ਧਿਆਨ ਧਰਦਾ ਹਾਂ ਇਹੀ ਮੇਰੇ ਲਈ ਬੈਕੁੰਠ ਹੈ। ਗੁਰੂ ਦੀ ਸੰਗਤ ਵਿਚ ਟਿਕੇ ਰਹਿਣਾ ਮੇਰੇ ਵਾਸਤੇ ਚੌਹਾਂ ਪਦਾਰਥਾਂ ਵਿਚੋਂ ਸ੍ਰੇਸ਼ਟ ਮੁਕਤੀ-ਪਦਾਰਥ ਹੈ। ਪਰਮਾਤਮਾ ਦਾ ਨਾਮ ਹੀ ਮੇਰੇ ਲਈ ਆਤਮਿਕ ਜੀਵਨ ਦੇਣ ਵਾਲਾ ਹੈ।

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥***
***ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪ੍ਰਸਾਦੇ॥ ਆਦਿ ੯੬੯***

ਨਰਕ ਕੀ ਤੇ ਵਿਚਾਰਾ ਸੁਰਗ ਕੀ। ਗੁਰਸਿੱਖਾਂ ਨੇ ਦੋਵੇਂ ਹੀ ਰੱਦ ਕਰ ਦਿੱਤੇ ਹਨ ਕਿਉਂ ਕਿ ਗੁਰਸਿੱਖ ਆਪਣੇ ਗੁਰੂ ਦੀ ਕਿਰਪਾ ਨਾਲ ਸੁਰਗ ਤੇ ਨਰਕ ਕਿਸੇ ਦੇ ਭੀ ਮੁਥਾਜ ਨਹੀਂ ਹਨ। ਇਸ ਲਈ ਹੇ ਜੋਗੀ ਸਾਡੇ ਲਈ ਕੇਵਲ ਮਨੋ ਇੱਕ ਵਾਹਿਗੁਰੂ ਦਾ ਸਿਮਰਨ ਕਰਨਾ ਤੇ ਪ੍ਰਭੂ ਦੇ ਚਰਨਾ ਵਿਚ ਜੁੜੇ ਰਹਿਣਾ ਹੀ ਸਵਰਗ ਹੈ। ਗੁਰੂ ਕੇ ਸਿੱਖ ਨਰਕ ਤੇ ਸੁਰਗ ਦੀ ਪਰਵਾਹ ਨਹੀਂ ਕਰਦੇ। ਉਨ੍ਹਾਂ ਲਈ ਗੁਰ ਸ਼ਬਦ ਦੀ ਆਗਵਾਈ ਵਿਚ ਚਲਦਿਆਂ ਸਭ ਕੁਝ ਪ੍ਰਾਪਤ ਹੁੰਦਾ ਹੈ। ਉਸ ਦੀ ਰਜ਼ਾ

ਵਿਚ ਰਹਿਣ ਨਾਲ ਹੀ ਸ਼ਾਂਤੀ ਤੇ ਸੰਤੋਖ ਮਿਲਦਾ ਹੈ ਅਤੇ ਸਾਡੇ ਲਈ ਉਹੀ ਸੁਰਗ ਹੈ। ਭਾਈ ਸਾਹਿਬ ਦੇ ਮਨੋਹਰ ਬਚਨ ਸੁਣ ਕੇ ਜੋਗੀ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਬੇਨਤੀ ਕੀਤੀ ਕਿ ਮੈਨੂੰ ਵੀ ਆਪਣੇ ਪੂਰਨ ਗੁਰੂ ਦੇ ਦਰਸ਼ਨ ਕਰਵਾਉ।

ਭਾਈ ਸਾਹਿਬ ਇਲਾਕੇ ਦੀਆਂ ਸੰਗਤਾਂ ਅਤੇ ਜੋਗੀ ਨੂੰ ਨਾਲ ਕੈ ਕੇ ਗੁਰ ਦਰਬਾਰ ਵਿਚ ਆਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਯੂ ਨੂੰ ਵੇਖ ਕੇ ਜੋਗੀ ਦੇ ਮਨ ਵਿਚ ਸ਼ੰਕਾ ਉਤਪੰਨ ਹੋਇਆ ਕਿ ਇੱਕ ਨੌਜੁਆਨ ਗ੍ਰਹਿਸਤੀ ਤੇ ਫੌਜਾਂ ਦਾ ਮਾਲਕ ਅਧਿਆਤਮਕ ਗੁਰੂ ਕਿਵੇਂ ਹੋ ਸਕਦਾ ਹੈ। ਗੁਰੂ ਸਾਹਿਬ ਤੋਂ ਪੁੱਛਣ ਲੱਗਾ ਕਿ ਅਸੀਂ ਜੋਗੀ ਲੋਕ ਬੜੀ ਲੰਮੀ ਉਮਰ ਵਾਲੇ ਹੁੰਦੇ ਹਾਂ ਤੇ ਵੱਡੀਆਂ ਸਾਧਨਾ ਕਰਦੇ ਹਾਂ ਤੇ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਾਂ ਪਰ ਤੁਹਾਨੂੰ ਜਵਾਨੀ ਦੀ ਉਮਰ ਵਿਚ ਹੀ ਸਿੱਖ ਮੱਥਾ ਟੇਕਦੇ ਹਨ ਇਸ ਦਾ ਕੀ ਰਾਜ਼ ਹੈ। ਸਤਿਗੁਰੂ ਜੀ ਨੇ ਜੋਗੀ ਨੂੰ ਗੁਰਮਤਿ ਗਿਆਨ ਦੀ ਸੋਝੀ ਕਰਵਾਈ ਅਤੇ ਮਨੁੱਖਾ ਜੀਵਨ ਦਾ ਮਨੋਰਥ ਸਮਝਾਇਆ। ਜੋਗੀ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਮਹਿਸੂਸ ਕੀਤਾ ਕਿ ਵਾਕਿਆ ਹੀ ਇਹ ਪੂਰਨ ਗੁਰੂ ਹਨ ਤੇ ਅਸਾਂ ਜੋਗੀ ਲੋਕਾਂ ਨੇ ਆਪਣਾ ਜੀਵਨ ਐਵੇਂ ਵਿਅਰਥ ਗੁਆਇਆ ਹੈ। ਸਤਿਗੁਰੂ ਜੀ ਨੇ ਜੋਗੀ ਨੂੰ ਸਮਝਾਇਆ।

> *ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗ ਨ ਸਿੰਙੀ ਵਾਈਐ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗ ਨ ਤਾੜੀ ਲਾਈਐ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥ ਆਦਿ ੭੩੦*

ਗੁਰੂ ਸਾਹਿਬ ਨੇ ਸਮਝਾਇਆ ਕਿ ਤੁਹਾਡੀਆਂ ਸਰੀਰਕ ਕਿਰਿਆਵਾਂ ਨਾਲ ਅਵਸਥਾ ਨਹੀਂ ਬਣਦੀ ਸਗੋਂ ਗੁਰੂ ਦੀ ਸ਼ਰਨ ਵਿਚ ਆਉਣ ਨਾਲ ਬਣਦੀ ਹੈ। ਜੋਗੀ ਸਤਿਗੁਰੂ ਜੀ ਤੋਂ ਗੁਰਮਤਿ ਗਿਆਨ ਪ੍ਰਾਪਤ ਕਰਕੇ ਵਾਪਸ ਗੜ੍ਹ ਸ਼ੰਕਰ ਆਇਆ। ਪਹਿਲਾਂ ਜਿੱਥੇ ਉਹ ਲੋਕਾਈ ਨੂੰ ਕੁਰਾਹੇ ਪਾ ਕੇ ਲੁੱਟ ਰਿਹਾ ਸੀ ਹੁਣ ਲੋਕਾਂ ਨੂੰ ਗੁਰੂ ਨਾਲ ਜੋੜਨ ਲੱਗ ਪਿਆ ਤੇ ਉਸ ਨੇ ਧਰਮ ਦੇ ਪ੍ਰਚਾਰ ਦਾ ਕੰਮ ਸੰਭਾਲਿਆ।

## ਭਾਈ ਕੁਕੋ ਦੇ ਪੁੱਤਰ ਅਨੰਤੇ ਨੇ ਕਾਂ ਦੇ ਗਲੇਲਾ ਮਾਰਨਾ

> *ਅਪਨਾ ਬਿਗਾਰਿ ਬਿਰਾਨਾ ਸਾਂਢੈ॥ ਆਦਿ ੮੭੫*

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਕਰਤਾਰਪੁਰ ਸਾਹਿਬ ਜੀਵਾਂ ਦੀ ਕਲਿਆਣ ਕਰ ਰਹੇ ਹਨ। ਉਥੇ ਇੱਕ ਭਾਈ ਕੁਕੋ ਨਾਮ ਦਾ ਪ੍ਰੇਮੀ ਸਿੱਖ ਜੋ ਹਿਰਦੇ ਵਿਚ ਪ੍ਰੇਮ ਧਾਰਕੇ ਬਾਣੀ ਪੜ੍ਹਦਾ ਤੇ ਸੁਣਦਾ ਹੈ। ਭਾਈ ਕੁੱਕੋ ਦਾ ਪੁੱਤਰ ਅਨੰਤਾ ਜੋ ਸਾਵਧਾਨ ਹੋ ਕੇ ਗੁਰੂ ਘਰ ਦੀ ਸੇਵਾ

ਕਰਦਾ ਹੈ। ਰਸੋਈਏ ਨੇ ਭਾਈ ਅਨੰਤੇ ਨੂੰ ਆਖਿਆ ਕਿ ਇੱਥੇ ਲੰਗਰ ਵਿਚ ਕੋਈ ਕਾਂ ਨਾ ਆਵੇਉਸ ਨੂੰ ਇੱਕ ਗਲੇਲਾ ਵੀ ਦਿੱਤਾ ਜਿਸ ਨਾਲ ਪੰਛੀ ਨੂੰ ਡਰਾਇਆ ਜਾ ਸਕੇ। ਲੰਗਰ ਵਿਚ ਆਟਾ ਗੁੰਨਿਆ ਹੋਇਆ ਸੀ। ਇੱਕ ਕਾਂ ਮੁੜ-ਮੁੜ ਆਈ ਜਾਂਦਾ ਸੀ ਉਸ ਨੂੰ ਗਲੇਲੇ ਨਾਲ ਡਰਾਇਆ ਪਰ ਉਹ ਨਾ ਹਟਿਆ। ਭਾਈ ਅਨੰਤੇ ਨੇ ਕਾਂ ਦੇ ਗਲੇਲਾ ਮਾਰਿਆ ਜਿਸ ਨਾਲ ਉਸ ਦੇ ਫਰਾਂ ਵਿਚ ਚੋਟ ਲੱਗਣ ਨਾਲ ਕਾਂ ਲੰਗੜਾ ਹੋ ਗਿਆ। ਕਾਂ ਉਡਨਾ ਚਾਹੁੰਦਾ ਹੈ ਪਰ ਉਡ ਨਹੀਂ ਹੁੰਦਾ ਬੜਾ ਦੁਖੀ ਹੋ ਰਿਹਾ ਹੈ। ਇੱਕ ਦਿਨ ਛੇਵੇਂ ਪਾਤਸ਼ਾਹ ਲੰਗਰ ਵਿਚ ਭੋਜਨ ਛਕਣ ਗਏ। ਹਜ਼ੂਰ ਨੇ ਪ੍ਰਸ਼ਾਦੇ ਦੇ ਬਰੀਕ ਟੁਕੜੇ ਪੰਛੀਆਂ ਨੂੰ ਪਾਏ। ਸਾਰੇ ਪੰਛੀ ਤੁਰੰਤ ਆ ਕੇ ਮਿਲ ਕੇ ਖੁਸ਼ੀ ਨਾਲ ਪ੍ਰਸ਼ਾਦਿਆਂ ਦੇ ਟੁਕੜੇ ਖਾਂਦੇ ਹਨ ਪਰ ਉਨ੍ਹਾਂ ਵਿਚ ਇੱਕ ਲੰਗੜਾ ਕਾਂ ਬਹੁਤ ਦੁਖੀ ਹੋ ਰਿਹਾ ਸੀ ਉਸ ਨੂੰ ਦੇਖ ਕੇ ਕਿਰਪਾਲੂ ਸਤਿਗੁਰਾਂ ਨੇ ਭਵਿੱਖਤ ਬਚਨ ਕੀਤੇ ਕਿ ਜਿਸ ਨੇ ਇਸ ਕਾਂ ਨੂੰ ਤਕਲੀਫ ਦਿੱਤੀ ਹੈ ਉਹ ਨਰਕਾਂ ਨੂੰ ਜਾਵੇਗਾ। ਉਸ ਵੇਲੇ ਕਾਂ ਦੀ ਪੀੜਾ ਦੂਰ ਕਰ ਦਿੱਤੀ। ਇਹ ਭਵਿੱਖਤ ਬਚਨ ਸੁਣ ਕੇ ਭਾਈ ਅਨੰਤਾ ਬਹੁਤ ਚਿੰਤਾ ਵਿਚ ਡੁੱਬ ਗਿਆ। ਉਸ ਨੇ ਆਪਣੇ ਪਿਤਾ ਭਾਈ ਕੁਕੋ ਨੂੰ ਇਹ ਦੱਸਿਆ ਕਿਸਤਿਗੁਰਾਂ ਨੇ ਇਹ ਬਚਨ ਕਰ ਦਿੱਤੇ ਹਨ ਕਿ ਮੈਂ ਨਰਕਾਂ ਨੂੰ ਜਾਵਾਂਗਾ। ਪਿਓ ਪੁੱਤਰ ਦੋਨੋਂ ਚਿੰਤਾ ਵਸ ਹੋ ਗਏ। ਭਾਈ ਅਨੰਤਾ ਦਿਨ ਪਰ ਦਿਨ ਬਹੁਤ ਕਮਜੋਰ ਹੁੰਦਾ ਗਿਆ। ਆਪਣੇ ਪੁੱਤਰ ਨੂੰ ਕਮਜੋਰ ਹੁੰਦਾ ਵੇਖ ਕੇ ਭਾਈ ਕੁਕੋ ਵੀ ਬਹੁਤ ਦੁਖੀ ਹੋਣ ਲੱਗਿਆ। ਕਈ ਸਿੱਖਾਂ ਕੋਲ ਉਸ ਨੇ ਬੇਨਤੀ ਕੀਤੀ ਕਿ ਮੇਰੇ ਪੁੱਤਰ ਨੂੰ ਸਤਿਗੁਰਾਂ ਕੋਲੋਂ ਬਖਸ਼ਾ ਦੇਵੋ ਉਹ ਬਹੁਤ ਦੁਖੀ ਹੈ। ਉਨ੍ਹਾਂ ਸਿੱਖਾਂ ਨੇ ਕਿਹਾ ਕਿ ਭਾਈ ਬਿਧੀ ਚੰਦ ਜੀ ਕੋਲ ਜਾਵੋ ਉਹ ਪਰਉਪਕਾਰੀ ਅਤੇ ਸਿਆਣੇ ਸਿੱਖ ਹਨ ਜੋ ਸਤਿਗੁਰਾਂ ਦੀ ਹਜੂਰੀ ਵਿਚ ਰਹਿੰਦੇ ਹਨ। ਸਿੱਖਾਂ ਕੋਲੋਂ ਸੁਣ ਕੇ ਭਾਈ ਕੁਕੋ ਨੇ ਭਾਈ ਬਿਧੀ ਚੰਦ ਜੀ ਦੇ ਚਰਨਾ ਵਿਚ ਨਮਸਕਾਰ ਕੀਤੀ ਅਤੇ ਬੋਲ ਕੇ ਸਾਰਾ ਪ੍ਰਸੰਗ ਸੁਣਾਇਆ। ਸਤਿਗੁਰਾਂ ਨੇ ਬਚਨ ਕੀਤੇ ਹਨ ਕਿ ਇਹ ਨਰਕਾਂ ਨੂੰ ਜਾਵੇਗਾ ਇਸ ਲਈ ਕੋਈ ਅਜਿਹਾ ਯਤਨ ਕਰੋ ਕਿ ਮੇਰਾ ਪੁੱਤਰ ਬਖਸ਼ਿਆ ਜਾਵੇ। ਸਾਡੀ ਕੋਈ ਸਹਾਇਤਾ ਕਰਨ ਵਾਲਾ ਹੋਰ ਨਹੀਂ ਹੈ ਤੁਹਾਡੀ ਸ਼ਰਨ ਪਰੇ ਹਾਂ। ਬੇਨਤੀ ਸੁਣ ਕੇ ਭਾਈ ਬਿਧੀ ਚੰਦ ਕਿਰਪਾ ਦੇ ਘਰ ਵਿਚ ਆ ਕੇ ਕਹਿਣ ਲੱਗੇ ਕਿ ਤੁਸੀਂ ਚਿੰਤਾ ਨੂੰ ਛੱਡ ਦੇਵੋ। ਜਿਵੇਂ ਕਿਵੇਂ ਮੈਂ ਬਖਸ਼ਾਵਾਂਗਾ ਜਦੋਂ ਕੋਈ ਮੌਕਾ ਮਿਲਿਆ। ਇਉਂ ਕਹਿ ਕਿ ਉਹ ਗੁਰੂ ਜੀ ਦੀ ਹਜੂਰੀ ਵਿਚ ਚਲੇ ਗਏ ਅਤੇ ਪਿਉ ਪੁੱਤਰ ਸੁਣ ਕੇ ਬਹੁਤ ਖੁਸ਼ ਹੋਏ।

ਘੋੜਿਆਂ ਤੇ ਕਾਠੀਆਂ ਪਵਾ ਕੇ ਸਤਿਗੁਰੂ ਜੀ ਸ਼ਿਕਾਰ ਖੇਡਣ ਚੱਲ ਪਏ। ਜੰਗਲ ਵਿਚ ਜੀਵਾਂ ਦੀ ਕਲਿਆਣ ਕਰਨ ਵਾਸਤੇ ਇੱਧਰ ਉਧਰ ਘੁੰਮਦੇ ਹਨ। ਛੋਟੇ

ਮੀਰ ਪਿੰਡ ਕੋਲ ਹਜੂਰ ਟਿਕੇ। ਭਾਈ ਬਿਧੀ ਚੰਦ ਜੀ ਨੇ ਮੌਕਾ ਵੇਖ ਕੇ ਸਿੱਖ ਦੇ ਪੁੱਤਰ ਦੀ ਸਾਰੀ ਵਿਥਿਆ ਸੁਣਾਈ ਅਤੇ ਬੇਨਤੀ ਕੀਤੀਕਿ ਹੇ ਪ੍ਰਭੂ ਜੀ ਸਿੱਖ ਦੇ ਪੁੱਤਰ ਦਾ ਅਪਰਾਧ ਮੁਆਫ ਕਰ ਦਿਓ ਅਤੇ ਮੈਨੂੰ ਨਰਕਾਂ ਵਿਚ ਭੇਜ ਦਿਓ। ਸਤਿਗੁਰਾਂ ਨੇ ਬਚਨ ਕੀਤਾ ਕਿ ਤੂੰ ਮੇਰਾ ਬਹੁਤ ਪਿਆਰਾ ਸਿੱਖ ਹੈ ਨਰਕਾਂ ਨੂੰ ਨਹੀਂ ਜਾਵੇਂਗਾ। ਛੋਟਾ ਮੀਰ ਨਰਕਾਂ ਨੂੰ ਜਾਵੇਗਾ ਜਿਸ ਵਿਚ ਪਾਪੀ ਅਤੇ ਕੁਟਿਲ ਲੋਕ ਵਸਦੇ ਹਨ। ਇਸ ਤਰ੍ਹਾਂ ਕਹਿ ਕੇ ਸਿੱਖ ਨੂੰ ਬਖਸ਼ ਦਿੱਤਾ।

## ਚੱਬੇ ਵਾਲੀ ਮਾਤਾ ਸੁਲੱਖਣੀ ਨੂੰ ਸੱਤ ਪੁੱਤਰਾਂ ਦੀ ਬਖਸ਼ਿਸ਼

ਸ੍ਰੀ ਅੰਮ੍ਰਿਤਸਰ ਤੋਂ ਤਿੰਨਾ ਮੀਲਾਂ ਦੇ ਫਾਸਲੇ ਪਰ ਸ੍ਰੀ ਤਰਨ ਤਾਰਨ ਸਾਹਿਬ ਵਾਲੀ ਸੜਕ ਤੇ ਇੱਕ ਚੱਬਾ ਪਿੰਡ ਹੈ। ਇੱਥੋਂ ਦੇ ਰਹਿਣ ਵਾਲੀ ਬੀਬੀ ਜਿਸ ਦਾ ਨਾਮ ਸੁਲੱਖਣੀ ਸੀ। ਬਿਰਧ ਅਵਸਥਾ ਹੋ ਗਈ ਸੀ ਪਰ ਘਰ ਵਿਚ ਕੋਈ ਪੁੱਤਰ ਨਾ ਹੋਇਆ। ਇਸ ਮਿੱਠੇ ਮੇਵੇ ਦੀ ਤਲਾਸ਼ ਵਾਸਤੇ ਪੁੱਤਰ ਦੀ ਇੱਛਾ ਰੱਖ ਕੇ ਸਾਧਾਂ ਪੀਰਾਂ ਦੇ ਚਰਨ ਪੂਜੇ, ਮੜ੍ਹੀਆਂ ਤੇ ਪੀਰਖਾਨਿਆਂ ਦੀਆਂ ਸੁੱਖਣਾਂ ਸੁੱਖੀਆਂ, ਜਾਦੂ ਟੂਣੇ ਕਰਨ ਵਾਲਿਆਂ ਨੂੰ ਬਥੇਰਾ ਕੁਝ ਖਵਾਇਆ ਪਰ ਕਿਤੋਂ ਵੀ ਇਹ ਇੱਛਾ ਪੂਰੀ ਨਾ ਹੋਈ। ਅਖੀਰ ਨੂੰ ਨਰਾਸ਼ ਹੋ ਕੇ ਘਰ ਵਿਚ ਬੈਠ ਗਈ। ਇਧਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖਾਂ ਦੇ ਸਮੇਤ ਜੀਆਂ ਨੂੰ ਮੁਕਤ ਕਰਨ ਵਾਸਤੇ ਸ਼ਿਕਾਰ ਖੇਲਣ ਦੇ ਬਹਾਨੇ ਸੰਗਰਾਣੇ ਸਾਹਿਬ ਵਾਲੀ ਜਗ੍ਹਾ ਪੁੱਜੇ। ਸੰਗਤਾਂ ਨੂੰ ਪਤਾ ਲੱਗਿਆ ਤਾਂ ਪ੍ਰਸ਼ਾਦੇ, ਲੱਸੀ ਮੱਖਣ ਤੇ ਦੁੱਧ ਲੈ ਕੇ ਮਗਰ ਚੱਲ ਪਈਆਂ। ਇਸ ਮਾਤਾ ਸੁਲੱਖਣੀ ਨੇ ਵੀ ਹਜੂਰ ਦਾ ਜਸ ਸੁਣਿਆ ਤੇ ਪਾਸ ਪੁੱਜ ਕੇ ਮੱਥਾ ਟੇਕਿਆ ਅਤੇ ਨੂਰਾਨੀ ਚਿਹਰੇ ਦੇ ਦਰਸ਼ਨ ਕੀਤੇ।

ਇਸ ਨੇ ਨਿਝੱਕ ਹੋ ਕੇ ਪੁੱਤਰ ਦੀ ਜਾਚਨਾ ਕੀਤੀ। ਹਜੂਰ ਨੇ ਉਸ ਦੇ ਮਸਤਕ ਵੱਲ ਤੱਕਿਆ ਤੇ ਆਖਿਆ ਕਿ ਮਾਤਾ ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ। ਹਜੂਰ ਦੇ ਪਾਸੋਂ ਇਹ ਬਚਨ ਸੁਣ ਕੇ ਰਹਿੰਦੀ ਖੂੰਹਦੀ ਆਸ ਵੀ ਟੁੱਟ ਗਈ। ਸੋਕਾਤੁਰ ਹੋਈ ਹੋਈ ਵਾਪਸ ਮੁੜ ਗਈ। ਕਹਿੰਦੇ ਹਨ ਕਿ ਰਸਤੇ ਵਿਚ ਭਾਈ ਗੁਰਦਾਸ ਜੀ ਮਿਲ ਗਏ। ਇਸ ਦੇ ਚਿਹਰੇ ਵੱਲ ਤੱਕ ਕੇ ਪੁੱਛਿਆ ਮਾਤਾ ਤੂੰ ਕਿਉਂ ਉਦਾਸ ਆ ਰਹੀ ਹੈਂ ਇਸ ਦਾ ਕੀ ਕਾਰਨ ਹੈ। ਭਾਈ ਗੁਰਦਾਸ ਦੇ ਇਹ ਬਚਨ ਸੁਣ ਕੇ ਮਾਤਾ ਸੁਲੱਖਣੀ ਦੀਆਂ ਭੁੱਬਾਂ ਨਿੱਕਲ ਗਈਆਂ ਤੇ ਸਾਰੀ ਗੱਲ ਸੁਣਾਈ। ਭਾਈ ਗੁਰਦਾਸ ਜੀ ਕਹਿਣ ਲੱਗੇ ਮਾਤਾ ਉਦਾਸ ਨਾ ਹੋ ਕੱਲ੍ਹ ਮਹਾਰਾਜ ਨੇ ਫੇਰ ਇਸੇ ਪਾਸੇ ਆਉਣਾ ਹੈ। ਤੂੰ ਕਲਮ ਦਵਾਤ ਤੇ ਕਾਗਜ ਲੈ ਕੇ ਅੱਗੇ ਤਿਆਰ ਰਹੀਂ। ਕਹੀਂ ਮਹਾਰਾਜ ਉਥੇ ਵੀ ਆਪ ਲਿਖਣ ਵਾਲੇ ਹੋ, ਏਥੇ ਵੀ ਆਪ ਲਿਖਣ ਵਾਲੇ ਹੋ, ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।

ਭਾਈ ਗੁਰਦਾਸ ਜੀ ਦੀ ਦੱਸੀ ਜੁਗਤੀ ਸੁਣ ਕੇ ਮਾਤਾ ਨੂੰ ਕੁਝ ਧੀਰਜ ਆਇਆ। ਦੂਜੇ ਦਿਨ ਸਾਰੀ ਤਿਆਰੀ ਕਰਕੇ ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਉਸ ਥਾਂ ਤੇ ਖੜੋ ਗਈ ਜਿਥੋਂ ਦੀ ਮਹਾਰਾਜ ਨੇ ਲੰਘਣਾ ਸੀ। ਹਜੂਰ ਦੀਵਾਨ ਸਮਾਪਤ ਕਰਕੇ ਨੀਲੇ ਤੇ ਕਾਠੀ ਪਵਾ, ਅਸਵਾਰ ਹੋ ਕੇ ਜਿਸ ਰਸਤੇ ਪਹਿਲੇ ਦਿਨ ਗਏ ਸਨ ਉਸੇ ਰਸਤੇ ਚੱਲ ਪਏ। ਓਧਰ ਉਡੀਕ ਕਰਦੀ ਸੁਲੱਖਣੀ ਨੇ ਘੋੜੇ ਦੀ ਵਾਗ ਫੜ ਕੇ ਇਹ ਸੱਦ ਪੜ੍ਹੀ–

***ਸਸੀਏ ਦਾੜੀਏ ਚਿਟੀਏ ਪਗੇ। ਅਰਜ ਕਰੇਂਦੀ ਹਾਂ ਸਤਿਗੁਰ ਅੱਗੇ।***
***ਨਾਮ ਸੁਲੱਖਣੀ ਵਸਦੀ ਹਾਂ ਚੱਬੇ। ਅਫਲ ਜਾਂਦੀ ਨੂੰ ਇੱਕ ਫਲ ਲੱਗੇ।***
***(ਪੰਥ ਪ੍ਰਕਾਸ਼, ਐਡੀਸ਼ਨ ਚੌਥਾ)***

ਇਹ ਸੁਣ ਕੇ ਹਜੂਰ ਮੁਸਕਰਾ ਪਏ ਤੇ ਪੁੱਛਿਆ, ਮਾਤਾ ਕੀ ਚਾਹੁੰਦੀ ਹੈ।

ਸੁਲੱਖਣੀ ਬੋਲੀ ਆਪ ਅੰਤਰਜਾਮੀ ਹੋ, ਆਪਣੇ ਖਜਾਨੇ ਵਿਚੋਂ ਇੱਕ ਪੁੱਤਰ ਦੀ ਦਾਤ ਬਖਸ਼ੋ। ਸਤਿਗੁਰ ਜੀ ਬੋਲੇ ਤੈਨੂੰ ਕੱਲ੍ਹ ਜੋ ਕਹਿ ਦਿੱਤਾ ਸੀ ਕਿ ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ।

ਮਾਤਾ ਸੁਲੱਖਣੀ ਨੇ ਕਾਗਜ ਅਤੇ ਕਲਮ ਦਵਾਤ ਅੱਗੇ ਕਰਕੇ ਕਿਹਾ ਕਿ ਮਹਾਰਾਜ ਉਥੇ ਵੀ ਆਪ ਨੇ ਹੀ ਲਿਖਣਾ ਸੀ। ਜੇਕਰ ਉਸ ਸਮੇਂ ਨਹੀ ਲਿਖਿਆ ਤਾਂ ਹੁਣ ਲਿਖ ਦੇਵੋ। ਜਾਣੀ ਜਾਣ ਸਤਿਗੁਰਾਂ ਨੇ ਜਾਣਿਆ ਕਿ ਕਿਸੇ ਪੂਰਨ ਗੁਰਸਿੱਖ ਨੇ ਇਹ ਜੁਗਤੀ ਦੱਸੀ ਹੈ। ਹਜੂਰ ਨੇ ਕਾਗਜ ਤੇ ਕਲਮ ਦਵਾਤ ਪਕੜੀ, ਘੋੜੇ ਤੇ ਚੜ੍ਹੇ ਹੀ ਏਕਾ ਪਾਉਣ ਲੱਗੇ। ਜਦੋਂ ਏਕੇ ਦੀ ਘੁੰਡੀ ਪਾਈ ਤਾਂ ਘੋੜੇ ਨੇ ਸੁੰਮ ਚੁੱਕਿਆ ਧੌਣ ਹਿਲਾਈ, ਸਿੱਧੀ ਡੰਡੀ ਦੀ ਬਜਾਏ ਕੁਝ ਕੁ ਵਿੰਗੀ ਹੋ ਗਈ ਤੇ ਏਕੇ ਦਾ ਸਾਤਾ ਬਣ ਗਿਆ। ਕਿਉਂਕਿ ਏਕੇ ਤੇ ਸਾਤੇ ਦੀ ਉਪਰੋਂ ਤਾਂ ਮਰੋੜੀ ਇਕੋ ਜਿਹੀ ਹੀ ਹੁੰਦੀ ਹੈ। ਹਜੂਰ ਨੇ ਕਿਹਾ ਲੈ ਮਾਤਾ ਇੱਕ ਮੰਗਦੀ ਸੀ ਗੁਰੂ ਨਾਨਕ ਸਾਹਿਬ ਦੇ ਘਰੋਂ ਤੈਨੂੰ ਸੱਤ ਮਿਲ ਗਏ ਹਨ। ਹੁਣ ਸੇਵਾ ਸਿਮਰਨ ਕਰਕੇ ਗੁਰੂ ਨਾਨਕ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਂ।

## ਸਿੱਖ ਪੁੱਤਰੀ ਨੇ ਪਤੀ ਜੋਧ ਰਾਇ ਨੂੰ ਸਿੱਖ ਬਣਾਉਣਾ

ਕਾਂਗੜ ਨਗਰ ਵਿਚ ਭਾਈ ਜੋਧ ਰਾਇ ਸਰਦਾਰ ਰਹਿੰਦਾ ਸੀ। ਉਸਦੇ ਕੋਲ ਬਹੁਤ ਸਾਰੀ ਸੈਨਾ ਸੀ। ਉਸਦਾ ਇਕ ਵੱਡਾ ਵਡੇਰਾ ਮਿੱਠਾ ਮਹਿਰ ਸੀ। ਉਸ ਸਮੇਂ ਦਿੱਲੀ ਦੇ ਤਖਤ ਤੇ ਅਕਬਰ ਬਾਦਸ਼ਾਹ ਸੀ। ਮਿੱਠੇ ਮਹਿਰ ਦੇ ਘਰ ਇਕ ਪੁੱਤਰੀ ਪੈਦਾ ਹੋਈ। ਉਹ ਬਹੁਤ ਹੀ ਸੁੰਦਰ ਸੀ। ਜਦੋਂ ਉਹ ਨੌਜਵਾਨ ਹੋਈ ਉਸ ਦੀ ਸੁੰਦਰਤਾ ਅਤੇ ਸਮਝਦਾਰੀ ਦੀ ਕਨਸੋਅ ਬਾਦਸ਼ਾਹ ਅਕਬਰ ਦੇ ਕੰਨਾਂ ਵਿਚ ਪਈ। ਬਾਦਸ਼ਾਹ ਅਕਬਰ ਨੇ ਉਸ ਲੜਕੀ ਨੂੰ ਪ੍ਰਾਪਤ ਕਰਨ ਵਾਸਤੇ ਮਿੱਠੇ ਮਹਿਰ ਦੇ ਘਰ

ਆਪਣੇ ਅਹਿਲਕਾਰ ਭੇਜੇ। ਮਿੱਠੇ ਮਹਿਰ ਨੇ ਅਕਬਰ ਦਾ ਸੁਨੇਹਾ ਸੁਣ ਕੇ ਵਿਚਾਰ ਕੀਤੀ ਕਿ ਇਹ ਚੱਕਰਵਰਤੀ ਰਾਜਾ ਹੈ। ਜੇ ਬਾਦਸ਼ਾਹ ਨੂੰ ਲੜਕੀ ਨਹੀਂ ਦੇਵਾਂਗਾ ਤਾਂ ਇਹ ਖੋਹ ਲਵੇਗਾ ਅਤੇ ਇਹ ਸਾਡਾ ਗਰੀਬਾਂ ਦਾ ਕੋਈ ਵਸ ਨਹੀਂ ਚਲੇਗਾ। ਮਿੱਠੇ ਮਹਿਰ ਨੇ ਅਕਬਰ ਨੂੰ ਵੱਡਾ ਸੂਰਬੀਰ ਬਾਦਸ਼ਾਹ ਜਾਣ ਕੇ ਕਿਹਾ ਕਿ ਜੇਕਰ ਤੁਸੀਂ ਮੇਰੀ ਪੁੱਤਰੀ ਨੂੰ ਚਾਹੁੰਦੇ ਹੋ ਤਾਂ ਮੇਰੀ ਬੇਨਤੀ ਸੁਣੋ। ਆਪ ਜੀ ਦੇ ਅਹਿਲਕਾਰ ਮੇਰੀ ਬੇਟੀ ਨੂੰ ਜ਼ੋਰ ਨਾਲ ਲਜਾਣਗੇ ਤਾਂ ਮੈਨੂੰ ਬਹੁਤ ਦੁੱਖ ਹੋਵੇਗਾ ਅਤੇ ਸਾਰੇ ਇਲਾਕੇ ਵਿਚ ਤੁਹਾਡੀ ਬਦਨਾਮੀ ਹੋ ਜਾਵੇਗੀ। ਜੇਕਰ ਆਪ ਜੀ ਆਪਣੀ ਪੱਗ ਤੇ ਇਕ ਧਾਗਾ ਬੰਨ੍ਹ ਕੇ ਲੈ ਜਾਵੋ ਤਾਂ ਮੇਰੀ ਜਿੰਦਗੀ ਵੀ ਬਚ ਜਾਵੇਗੀ ਅਤੇ ਤੁਹਾਡੀ ਬਦਨਾਮੀ ਵੀ ਨਹੀਂ ਹੋਵੇਗੀ। ਮੇਰੀ ਬੇਨਤੀ ਅਨੁਸਾਰ ਸਗੋਂ ਆਪ ਜੀ ਦੇ ਨਾਲ ਮੇਰੀ ਵੀ ਸੋਭਾ ਹੋਵੇਗੀ। ਅਕਬਰ ਨੂੰ ਮਿੱਠੇ ਮਹਿਰੇ ਦੀ ਗਲ ਚੰਗੀ ਲੱਗੀ। ਕੁਝ ਦਿਨਾਂ ਬਾਅਦ ਅਕਬਰ ਲਾੜਾ ਬਣਕੇ ਮਿੱਠੇ ਮਹਿਰ ਦੇ ਘਰ ਚਲਾ ਗਿਆ। ਮਿੱਠੇ ਮਹਿਰੇ ਨੇ ਆਪਣੀ ਪੁੱਤਰੀ ਦਾ ਵਿਆਹ ਅਕਬਰ ਬਾਦਸ਼ਾਹ ਦੇ ਨਾਲ ਕਰ ਦਿੱਤਾ। ਅਕਬਰ ਨੇ ਖੁਸ਼ ਹੋ ਕੇ ਮਿੱਠੇ ਮਹਿਰੇ ਨੂੰ ਬਹੁਤ ਸਾਰੇ ਪਿੰਡ ਦੇ ਦਿੱਤੇ। ਉਸ ਦੀ ਪ੍ਰਭਤਾ ਅਤੇ ਧਨ ਸੰਪਤਾ ਵਿਚ ਬਹੁਤ ਵਾਧਾ ਹੋ ਗਿਆ। ਮਿੱਠਾ ਮਹਿਰਾ ਆਪਣੀ ਸੁੰਦਰ ਪੁੱਤਰੀ ਕਰਕੇ ਅਕਬਰ ਦਾ ਰਿਸ਼ਤੇਦਾਰ ਬਣ ਗਿਆ। ਮਿੱਠਾ ਮਹਿਰਾ ਆਪਣੇ ਇਲਾਕੇ ਦੇ ਪਿੰਡਾਂ ਤੇ ਰਾਜ ਕਰਨ ਲੱਗਿਆ। ਬਹੁਤ ਸਾਰੇ ਸਿਪਾਹੀ ਇਹ ਨਾਲ ਰੱਖਣ ਲੱਗਿਆ। ਮਿੱਠੇ ਮਹਿਰੇ ਦੇ ਘਰ ਇਕ ਪੁੱਤਰ ਪੈਦਾ ਹੋਇਆ ਉਸ ਦਾ ਨਾਮ ਚੈਨਬੇਗ ਰੱਖਿਆ। ਚੈਨਬੇਗ ਦੇ ਘਰ ਜੋ ਪੁੱਤਰ ਪੈਦਾ ਹੋਇਆ ਉਸ ਦਾ ਨਾਮ ਉਮਰਸ਼ਾਹ ਰੱਖ ਦਿੱਤਾ। ਉਹ ਵੀ ਆਪਣੇ ਪਿਤਾ ਤੇ ਦਾਦੇ ਦਾ ਸਾਰਾ ਸਾਜੋ ਸਮਾਨ ਤੇ ਰਾਜਭਾਗ ਸੰਭਾਲਦਾ ਰਿਹਾ।

ਸਮਾਂ ਆਉਣ ਤੇ ਉਮਰਸ਼ਾਹ ਦੇ ਘਰ ਪੁੱਤਰ ਪੈਦਾ ਹੋਇਆ ਜਿਸਦਾ ਨਾਮ ਜੋਧ ਰਾਇ ਰੱਖਿਆ। ਜੋਧਰਾਇ ਦੇ ਕੋਲ ਵੀ ਆਪਣੇ ਪੁਰਖਿਆਂ ਦੀ ਜਾਇਦਾਦ ਆਉਣੀ ਸੁਭਾਵਿਕ ਸੀ। ਇਕ ਸਿੱਖ ਨੇ ਆਪਣੀ ਧੀ ਦਾ ਵਿਆਹ ਨੌਜਵਾਨ ਜੋਧ ਰਾਇ ਨਾਲ ਕਰ ਦਿੱਤਾ। ਇਸ ਸਿੱਖ ਪੁੱਤਰੀ ਨੇ ਆਪਣੇ ਪਿਤਾ ਤੋਂ ਗੁਰਮਤਿ ਪ੍ਰਾਪਤ ਕੀਤੀ ਸੀ। ਜੋ ਹਮੇਸ਼ਾ ਹੀ ਗੁਰਸਿੱਖੀ ਨੂੰ ਧਾਰਨ ਕਰਦੀ ਸੀ। ਇਸ ਨੇ ਆਪਣੇ ਪਿਤਾ ਜੀ ਪਾਸੋਂ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਹਿਮਾ ਬਹੁਤ ਵਾਰੀ ਸੁਣੀ ਹੋਈ ਸੀ। ਵਿਆਹ ਤੋਂ ਬਾਅਦ ਇਹ ਸਾਰੀ ਮਹਿਮਾ ਆਪਣੇ ਪਤੀ ਜੋਧ ਰਾਇ ਨੂੰ ਰੋਜ਼ਾਨਾ ਸੁਣਾਉਂਦੀ ਸੀ। ਇਹ ਆਖਦੀ ਰਹਿੰਦੀ ਕਿ ਜਿਵੇਂ ਤੁਹਾਡੇ ਕੋਲ ਵਧੀਆ ਘੋੜੇ, ਹਾਥੀ ਅਤੇ ਫੌਜਾਂ ਹਨ। ਇਸੇ ਤਰ੍ਹਾਂ ਜਦੋਂ ਮੈਂ ਆਪਣੇ ਪਿਤਾ ਜੀ ਦੇ ਨਾਲ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਕੋਲ ਜਾਂਦੀ ਸਾਂ। ਉਨ੍ਹਾਂ ਕੋਲ ਵੀ ਵੇਖਦੀ ਸਾਂ। ਆਪਣੀ ਪਤਨੀ ਦੇ ਮੁਖੋਂ ਗੁਰੂ ਸਾਹਿਬ ਦੀ ਸਿਫਤ ਸੁਣ ਕੇ ਜੋਧ ਰਾਇ

ਨੇ ਮਨ ਵਿਚ ਫੈਸਲਾ ਕਰ ਲਿਆ ਕਿ ਅਜਿਹੇ ਸੂਰਬੀਰ ਸਤਿਗੁਰਾਂ ਦੇ ਮੈਂ ਵੀ ਦਰਸ਼ਨ ਕਰਾਂਗਾ। ਇਸ ਤੋਂ ਪਹਿਲਾਂ ਜੋਧ ਰਾਇ ਦੇ ਮਨ ਵਿਚ ਖਿਆਲ ਸੀ ਕਿ ਗੁਰੂ ਪੀਰਾਂ-ਫਕੀਰਾਂ ਕੋਲ ਤਾਂ ਅਜਿਹਾ ਕੁਝ ਨਹੀਂ ਹੁੰਦਾ। ਇਹ ਸਾਰੀਆਂ ਚੀਜ਼ਾਂ ਤਾਂ ਰਾਜਿਆਂ ਕੋਲ ਹੀ ਹੁੰਦੀਆਂ ਹਨ। ਇਕ ਦਿਨ ਜੋਧ ਰਾਇ ਦੀ ਪਤਨੀ ਨੇ ਆਖਿਆ ਕਿ ਗੁਰੂ ਜੀ ਅਚਾਨਕ ਹੀ ਆਪਣੇ ਇਲਾਕੇ ਵਿਚ ਆਏ ਹੋਏ ਹਨ। ਤੁਸੀਂ ਚਲ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਖੁਸ਼ੀਆਂ ਪ੍ਰਾਪਤ ਕਰੋ। ਜੋਧ ਰਾਇ ਨੇ ਵਧੀਆ ਉਪਹਾਰ ਤਿਆਰ ਕਰਕੇ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰ ਕੇ ਉਸ ਉਪਰ ਕਾਠੀ ਪਵਾ ਲਈ। ਬਸਤਰ, ਗਹਿਣੇ ਅਤੇ ਧਨ ਆਦਿ ਲੈ ਕੇ ਆਪਣੇ ਭਰਾ ਸਲੇਮਸ਼ਾਹ ਨੂੰ ਨਾਲ ਲੈ ਆਇਆ। ਆਪਣੀ ਪਿਆਰੀ ਪਤਨੀ ਨੂੰ ਵੀ ਨਾਲ ਲਿਆ। ਚੱਲ ਕੇ ਗੁਰੂ ਸਾਹਿਬ ਜੀ ਦੇ ਨੇੜੇ ਪਹੁੰਚ ਗਏ। ਉਸਨੇ ਆਪਣੇ ਇਕ ਦੂਤ ਨੂੰ ਗੁਰੂ ਜੀ ਕੋਲ ਭੇਜਿਆ। ਦੂਤ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਆਪ ਜੀ ਦੇ ਦਰਸ਼ਨ ਵਾਸਤੇ ਜੋਧ ਰਾਇ ਆਪਣੀ ਪਤਨੀ, ਭਰਾ ਅਤੇ ਫੌਜਾਂ ਨੂੰ ਨਾਲ ਲੈ ਕੇ ਆਇਆ ਹੈ। ਜਦੋਂ ਤੁਸੀਂ ਆਗਿਆ ਕਰੋਗੇ ਉਸ ਵੇਲੇ ਹੀ ਤੁਹਾਡੇ ਚਰਨ ਪਰਸਣਗੇ। ਇਹ ਸੁਣ ਕੇ ਗੁਰੂ ਜੀ ਦੇ ਪਹਿਰੇਦਾਰ ਸਿੱਖ ਨੇ ਆਖਿਆ ਕਿ ਹੁਣ ਸਤਿਗੁਰਾਂ ਦੇ ਦਰਸ਼ਨ ਸਵੇਰੇ ਹੋਣਗੇ।

ਸਵੇਰ ਹੋਣ ਤੇ ਦੀਵਾਨ ਲਗਾਇਆ। ਸਤਿਗੁਰੂ ਜੀ ਆਪਣੇ ਸੂਰਮਿਆਂ ਸਮੇਤ ਦੀਵਾਨ ਵਿਚ ਸਜ ਗਏ। ਕੀਰਤਨ ਅਰੰਭ ਹੋ ਗਿਆ। ਸੰਗਤਾਂ ਮੱਥਾ ਟੇਕ ਕੇ ਦਰਸ਼ਨ ਕਰ ਰਹੀਆਂ ਹਨ। ਜੋਧ ਰਾਇ ਸ਼ਸਤਰ-ਬਸਤਰ ਸਜਾ ਕੇ ਆਪਣੇ ਜੋਧੇ ਨੂੰ ਲੈ ਕੇ ਪ੍ਰੇਮ ਨਾਲ ਦਰਸ਼ਨ ਕਰਨ ਵਾਸਤੇ ਆਇਆ। ਭੇਟਾਵਾਂ ਰੱਖ ਕੇ ਚਰਨਾਂ ਤੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਕਿਹਾ ਆਪ ਨੂੰ ਸਤਿਗੁਰੂ ਚਿਤ ਆਵੇ। ਉਹ ਗੁਰੂ ਜੀ ਦੇ ਦਰਸਨ ਕਰਦਿਆਂ ਹੀ ਪ੍ਰਸੰਨ ਹੋ ਗਿਆ। ਸਤਿਗੁਰਾਂ ਨੇ ਸੁੱਖ-ਸਾਂਦ ਪੁੱਛੀ ਫਿਰ ਸ਼ਸਤਰਾਂ ਦੀ ਗਲ-ਬਾਤ ਚਲਾਈ। ਫਿਰ ਯੁੱਧਾਂ ਦੇ ਪ੍ਰਸੰਗਾਂ ਬਾਰੇ ਗੱਲਾਂ ਚੱਲੀਆਂ। ਦੋ ਘੜੀਆਂ ਬੈਠ ਕੇ ਫਿਰ ਉਹ ਖੁਸ਼ ਹੋ ਕੇ ਚਲਾ ਗਿਆ। ਉਸ ਨੇ ਗੁਰੂ ਜੀ ਦੇ ਸੂਰਮਿਆਂ ਅਤੇ ਘੋੜਿਆਂ ਨੂੰ ਵੇਖਿਆ। ਭਾਈ ਜੋਧ ਰਾਇ ਖੁਸ਼ੀ ਦੇ ਨਾਲ ਆਪਣੇ ਡੇਰੇ ਵਿਚ ਪਹੁੰਚ ਗਿਆ। ਉਸਦੀ ਪਤਨੀ ਨੇ ਇਕਾਂਤ ਸਮਾਂ ਪਾ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਬੇਨਤੀ ਕੀਤੀ ਮੈਂ ਤੁਹਾਡੇ ਸਿੱਖ ਦੀ ਪੁੱਤਰੀ ਹਾਂ। ਮੇਰੇ ਪਿਤਾ ਜੀ ਨੇ ਕਈ ਵਾਰ ਮੈਨੂੰ ਆਪ ਜੀ ਦੇ ਦਰਸ਼ਨ ਕਰਵਾਏ ਸਨ। ਮੇਰੇ ਸਹੁਰੇ ਗੁਰੂ ਦੇ ਸਿੱਖ ਨਹੀਂ ਹਨ ਮੈਂ ਵਾਰ-ਵਾਰ ਗੁਰੂ ਘਰ ਦੇ ਗੁਣ ਕਹਿ ਕੇ ਇਨ੍ਹਾਂ ਨੂੰ ਆਪ ਜੀ ਦੇ ਚਰਨਾਂ ਦੇ ਦਰਸ਼ਨ ਕਰਵਾਏ ਹਨ ਹੁਣ ਆਪ ਜੀ ਇਨ੍ਹਾਂ ਨੂੰ ਆਪਣਾ ਸਿੱਖ ਬਣਾ ਲਵੋ। ਜੋਧ ਰਾਇ ਦੀ ਪਤਨੀ ਤੋਂ ਅਜਿਹੇ ਸਮਝਦਾਰੀ ਵਾਲੇ ਬਚਨ ਸੁਣ ਕੇ ਗੁਰੂ ਜੀ ਨੇ ਬਹੁਤ ਖੁਸ਼ ਹੋ ਕੇ ਆਖਿਆ ਕਿ ਤੇਰਾ ਵੰਸ਼ ਸਿੱਖੀ ਪ੍ਰਾਪਤ ਕਰੇਗਾ ਤੇ

ਸੰਸਾਰ ਵਿਚ ਵਧੇ ਫੁੱਲੇਗਾ। ਜਦ ਮੇਰਾ ਦਸਵਾਂ ਰੂਪ ਹੋਵੇਗਾ ਤਾਂ ਤੇਰੇ ਪੜਪੋਤੇ ਗੁਰੂ ਜੀ ਦੇ ਸਿੱਖ ਹੋਣਗੇ। ਉਸ ਵੇਲੇ ਉਹ ਸਵੇਰ-ਸ਼ਾਮ ਗੁਰੂ ਘਰ ਦੀ ਸੇਵਾ ਕਰਨਗੇ। ਮੈਂ ਤੁਹਾਡੇ ਵੰਸ਼ ਦਾ ਉਦਾਰ ਕਰਾਂਗਾ। ਇਹ ਪਵਿੱਤਰ ਬਚਨ ਸੁਣ ਕੇ ਉਹ ਬਹੁਤ ਖੁਸ਼ ਹੋਈ ਤੇ ਚਰਨ ਕਮਲਾਂ ਤੇ ਨਮਸਕਾਰ ਕੀਤੀ। ਕਈ ਦਿਨ ਰਹਿ ਕੇ ਆਪਣੇ ਪਤੀ ਨੂੰ ਉੱਥੇ ਹੀ ਛੱਡ ਕੇ ਆਪ ਆਪਣੇ ਘਰ ਵਾਪਸ ਚਲੀ ਗਈ। ਭਾਈ ਜੋਧ ਰਾਇ ਉੱਥੇ ਹੀ ਰਿਹਾ। ਉਸਨੇ ਗੁਰੂ ਜੀ ਤੋਂ ਸੂਰਮਿਆਂ ਦੀ ਤਾਕਤ ਬਾਰੇ ਸੁਣਿਆ ਜਿਨ੍ਹਾਂ ਨੇ ਬਾਦਸ਼ਾਹ ਦੀ ਵੱਡੀ ਫੌਜ ਨੂੰ ਮਾਰ ਮੁਕਾਇਆ ਸੀ। ਸੱਤ ਹਜ਼ਾਰ ਫੌਜੀ ਮਾਰੇ ਬਾਕੀ ਭੱਜ ਗਏ। ਪੰਦਰਾਂ ਹਜ਼ਾਰ ਫੌਜੀ ਦੂਜੀ ਵਾਰੀ ਹਰਿਗੋਬਿੰਦਪੁਰੇ ਸਾਹਿਬ ਮਾਰੇ। ਭਾਈ ਜੋਧ ਰਾਇ ਨੇ ਸੁਣ ਕੇ ਆਖਿਆ ਜੇ ਉਸ ਸਮੇਂ ਮੈਂ ਹੁੰਦਾ ਤਾਂ ਉਨ੍ਹਾਂ ਦਾ ਖਾਤਮਾ ਕਰ ਦਿੰਦਾ। ਗੁਰੂ ਜੀ ਤੁਹਾਡੀ ਬਰਾਬਰੀ ਕੋਈ ਨਹੀਂ ਕਰ ਸਕਦਾ। ਮੇਰੇ ਅੰਦਰ ਜਿੰਨੀ ਤਾਕਤ ਹੋਈ ਮੈਂ ਜ਼ੋਰ ਲਾ ਕੇ ਤੁਹਾਡੀ ਸੇਵਾ ਕਰਾਂਗਾ। ਗੁਰੂ ਜੀ ਨੇ ਆਖਿਆ ਭਾਈ ਜੋਧ ਰਾਇ ਤੂੰ ਮਹਾਨ ਜੋਧਾ ਹੈ। ਮੈਂ ਇਨ੍ਹਾਂ ਤੁਰਕਾਂ ਨੂੰ ਝੂਠਾ ਕਰਕੇ ਮਾਰਾਂਗਾ। ਮੇਰੇ ਸਿੱਖ ਰਾਜੇ ਬਣਨਗੇ। ਭਾਈ ਜੋਧ ਰਾਇ ਨੇ ਸੁਣ ਕੇ ਆਖਿਆ ਕਿ ਆਪ ਜੀ ਜੋ ਕਹਿੰਦੇ ਹੋ ਉਹ ਕਰ ਸਕਦੇ ਹੋ। ਤੁਸੀਂ ਗਿੱਦੜ ਨੂੰ ਸ਼ੇਰ ਬਣਾ ਸਕਦੇ ਹੋ। ਇਸ ਤਰ੍ਹਾਂ ਭਾਈ ਜੋਧ ਰਾਇ ਗੁਰੂ ਕਾ ਸਿੱਖ ਬਣ ਗਿਆ। ਗੁਰੂ ਦੀ ਬਖਸ਼ਿਸ਼ ਨਾਲ ਸਿੱਖ ਪੁੱਤਰੀ ਨੇ ਆਪਣੇ ਘਰ ਵਾਲੇ ਨੂੰ ਮਹਾਨ ਸਿੱਖ ਬਣਾ ਦਿੱਤਾ।

## ਸਿੱਖਾਂ ਨੂੰ ਉਪਦੇਸ

### ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ:-

ਮਜਨੂੰ ਟਿੱਲੇ ਦੇ ਸਥਾਨ ਤੇ ਇੱਕ ਸੰਤ ਰਹਿੰਦਾ ਸੀ ਜੋ ਇਹ ਸੋਚਦਾ ਰਹਿੰਦਾ ਸੀ ਕਿ ਗੁਰੂ ਜੀ ਮੈਨੂੰ ਜਰੂਰ ਆ ਕੇ ਮਿਲਣਗੇ। ਉਹ ਹਰ ਰੋਜ ਨੇਮ ਧਾਰ ਕੇ ਗੁਰੂ ਜੀ ਨੂੰ ਯਾਦ ਕਰਦਾ ਰਹਿੰਦਾ ਕਿ ਉਸ ਵੱਡੇ ਭਾਗਾਂ ਵਾਲੇ ਮਹਾਂਪੁਰਖਾਂ ਤੋਂ ਮੈਂ ਕੁਝ ਪ੍ਰਸ਼ਨ ਪੁੱਛਾਂਗਾ। ਜਦ ਗੁਰੂ ਜੀ ਇਕੱਲੇ ਹੋਏ ਤਾਂ ਉਹ ਸੰਤ ਆਇਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ। ਗੁਰੂ ਜੀ ਨੇ ਉਸ ਦਾ ਆਦਰ ਕੀਤਾ ਅਤੇ ਕੋਲ ਬਠਾਇਆ। ਉਸ ਨੇ ਉਤਸ਼ਾਹ ਧਰ ਕੇ ਗੁਰੂ ਜੀ ਦੇ ਪਵਿੱਤਰ ਚਰਨ ਕਮਲਾਂ ਤੇ ਨਮਸਕਾਰ ਕੀਤੀ। ਉਹ ਸੰਤ ਹੱਥ ਜੋੜ ਕੇ ਪੁੱਛਣ ਲੱਗਾ ਮੇਰੇ ਮਨ ਵਿਚ ਸ਼ੰਕੇ ਹਨ ਉਨ੍ਹਾਂ ਨੂੰ ਦੂਰ ਕਰੋ। ਇਹ ਸੰਸਾਰ ਸੱਚਾ ਹੈ ਕਿ ਝੂਠਾ ਬਣਿਆ ਹੈ। ਇਸ ਬਾਰੇ ਮੈਂ ਮਨ ਵਿਚ ਬਹੁਤ ਵਿਚਾਰਿਆ ਹੈ ਪਰ ਨਿਰਣਾ ਨਹੀਂ ਹੋ ਸਕਿਆ। ਜੇਕਰ ਮੈਂ ਇਸ ਨੂੰ ਸੱਚਾ ਹੋਣ ਦਾ ਨਿਸਚਾ ਕਰਦਾ ਹਾਂ ਤਾਂ ਪਹਿਲਾਂ ਮਰੇ ਹੋਏ ਮੈਨੂੰ ਨਜਰ ਨਹੀਂ ਆਉਂਦੇ। ਜੇਕਰ ਮੈਂ ਇਸ ਦੇ ਝੂਠਾ ਹੋਣ ਨੂੰ ਵਿਚਾਰਦਾ ਹਾਂ ਤਾਂ ਸਭ ਕੁਝ ਹੀ ਪਰਤੱਖ

ਹੁੰਦਾ ਵੇਖਦਾ ਹਾਂ। ਸੋ ਆਪ ਸੱਚ ਝੂਠ ਦੀਆਂ ਦੋਵੇਂ ਵਿਧੀਆਂ ਉਪਰ ਪਰਕਾਸ਼ ਪਾਉ। ਜਦ ਕਿ ਦੋਨੋਂ ਆਪਸ ਵਿਚ ਵਿਰੋਧੀ ਹਨ। ਕਿਉਂਕਿ ਹਨੇਰਾ ਤੇ ਚਾਨਣ ਇਕੱਠੇ ਨਹੀਂ ਹੋ ਸਕਦੇ। ਇਸ ਕਰਕੇ ਮੇਰੇ ਕੋਲੋਂ ਕੋਈ ਨਿਰਣਾ ਨਹੀਂ ਹੋ ਰਿਹਾ। ਇਹ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ ਜਦ ਮਨੁੱਖ ਨੀਂਦ ਲੈਣ ਲਈ ਸੌਂ ਜਾਂਦਾ ਹੈ ਉਹ ਸੁਪਨ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਤਾਂ ਸਾਰੇ ਜਗਤ ਨੂੰ ਉਸੇ ਤਰ੍ਹਾਂ ਜਾਣੋ। ਜਦ ਤੱਕ ਮਨੁੱਖ ਦੇ ਅੰਦਰ ਸੁਪਨਾ ਬਣਿਆ ਰਹਿੰਦਾ ਹੈ ਤਦ ਤੱਕ ਉਹ ਉਸ ਸਾਰੀ ਸੁਪਨ ਅਵਸਥਾ ਨੂੰ ਸੱਚ ਹੀ ਸਮਝਦਾ ਹੈ। ਡਰ ਪਾਉਂਦਾ ਹੈ ਤੇ ਭੱਜਦਾ ਜਾਂਦਾ ਹੈ ਜਾਂ ਕਿਤੇ ਪਿਆਰੇ ਨੂੰ ਵੇਖ ਕੇ ਦਿਲੋਂ ਪਰਸੰਨ ਹੁੰਦਾ ਹੈ। ਜੇ ਉਹ ਸੁਪਨੇ ਨੂੰ ਝੂਠਾ ਜਾਣਦਾ ਹੈ ਤਾਂ ਫਿਰ ਡਰ ਝਗੜਾ ਅਤੇ ਖੁਸ਼ੀ ਕਿਉਂ ਮੰਨਦਾ ਹੈ। ਤਦ ਉਹ ਸੁਪਨ ਅਵਸਥਾ ਵਿਚ ਸੱਚ ਸਮਝ ਕੇ ਸਭ ਕੁਝ ਕਰਦਾ ਹੈ। ਤਾਂ ਸੱਚ ਤੋਂ ਬਗੈਰ ਉਸ ਦੀ ਸਾਰੀ ਸ਼ਕਤੀ ਕਿਉਂ ਡਿਗ ਪੈਂਦੀ ਹੈ। ਜਦ ਜਾਗਣ ਦੀ ਅਵਸਥਾ ਪਾਉਂਦਾ ਹੈ ਫਿਰ ਜੇ ਸੁਪਨਾ ਸੱਚਾ ਸੀ ਉਸ ਵੇਲੇ ਕਿਉਂ ਨਹੀਂ ਦਿਖਾਈ ਦਿੰਦਾ। ਇਸ ਕਰਕੇ ਸਾਰੀ ਹੀ ਪ੍ਰਭੂ ਦੀ ਮਾਇਆ ਹੈ ਜਿਸ ਬਾਰੇ ਕਥਨ ਨਹੀਂ ਹੋ ਸਕਦਾ ਭਾਵ ਸੱਤ ਅਸੱਤ (ਸੱਚ ਤੇ ਝੂਠ) ਤੋਂ ਵੱਖਰੀ ਹੈ। ਇਹ ਗੁਰੂ ਦੀ ਕਿਰਪਾ ਬਿਨਾ ਜਾਣੀ ਨਹੀਂ ਜਾ ਸਕਦੀ। ਜੇ ਸੱਚ ਝੂਠ ਕੁਝ ਕਿਹਾ ਨਹੀਂ ਜਾ ਸਕਦਾ,ਮਾਇਆ ਜਿਵੇਂ ਕਾਰਜ ਕਰਦੀ ਹੈ ਇਹ ਜਗਤ ਵੀ ਉਸ ਦੀ ਇੱਛਾ ਅਨੁਸਾਰ ਹੀ ਚੱਲਦਾ ਹੈ। ਮਾਇਆ ਨੂੰ ਅਗਿਆਨਤਾ ਦਾ ਨਾਮ ਦਿੱਤਾ ਗਿਆ ਹੈ। ਆਪਣੇ ਸਰੂਪ ਨੂੰ ਨਾ ਜਾਣਨਾ ਹੀ ਇਹ ਅਗਿਆਨਤਾ ਦਾ ਸਰੂਪ ਹੈ। ਅਗਿਆਨੀ ਮਨੁੱਖ ਸੱਚੀ ਵਸਤੂ (ਅਸਲੀਅਤ) ਨੂੰ ਜਾਣਦਾ ਨਹੀਂ। ਉਹ ਹੋਰਾਂ ਨੂੰ ਵੀ ਉਸੇ ਵਿਚ ਕਲਪਿਤ ਕਰ ਲੈਂਦਾ ਹੈ। ਤੁਹਾਨੂੰ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਾਂ,ਜਗਤ ਦੀ ਰਚਨਾ ਉਵੇਂ ਹੀ ਪਰਗਟ ਕਰਦੇ ਹਾਂ। ਮਨੁੱਖ ਹਨੇਰੇ ਵਿਚ ਰੱਸੀ ਨੂੰ ਨਹੀਂ ਜਾਣਦਾ। ਭੁਲੇਖੇ ਵਿਚ ਉਸ ਨੂੰ ਸੱਪ ਮੰਨ ਲੈਂਦਾ ਹੈ। ਉਹ ਡਰ ਧਾਰਨ ਕਰਕੇ ਭੱਜਦਾ ਹੈ ਅਤੇ ਕੰਬਣ ਲੱਗਦਾ ਹੈ। ਜੇ ਉਸ ਨੂੰ ਪਤਾ ਹੋਵੇ ਕਿ ਇਹ ਝੂਠ ਹੈ ਤਾਂ ਉਹ ਕਿਉਂ ਡਰ ਪਾਏਗਾ। ਜੇ ਰੱਸੀ ਸੱਚਮੁੱਚ ਸੱਪ ਹੋਵੇ ਤਾਂ ਮਿਟੇ ਨਾ ਭਾਵ ਪਰਕਾਸ਼ ਹੋਣ ਤੇ ਲੋਪ ਨਾ ਹੋਵੇ। ਇਸ ਕਰਕੇ ਉਸ ਪ੍ਰਭੂ ਦੀ ਮਾਇਆ ਬਾਰੇ ਕਥਨ ਨਹੀਂ ਹੋ ਸਕਦਾ ਭਾਵ ਉਸ ਨੂੰ ਸੱਤ ਤੋਂ ਵੱਖਰੀ ਸਮਝੋ। ਉਸੇ ਤਰ੍ਹਾਂ ਜਿਸ ਨੇ ਬ੍ਰਹਮ ਸਰੂਪ ਨੂੰ ਨਹੀਂ ਜਾਣਿਆ ਉਸ ਨੂੰ ਅਗਿਆਨੀ ਆਖਦੇ ਹਨ। ਜਦ ਮਨੁੱਖ ਪਰਮਾਤਮਾ ਵੱਲੋਂ ਅਗਿਆਨੀ ਹੋ ਜਾਂਦਾ ਹੈ ਤਾਂ ਉਸ ਦੀ ਅਗਿਆਨਤਾ ਜਗਤ ਨੂੰ ਸੱਚਾ ਬਣਾ ਲੈਂਦੀ ਹੈ। ਸਤਿਗੁਰ ਜੀ ਵੱਡੇ ਭਾਗਾਂ ਨਾਲ ਮਿਲਦੇ ਹਨ,ਜਦ ਉਹ ਭਲਾ ਉਪਦੇਸ ਦਿੰਦੇ ਹਨ,ਜਿਵੇਂ ਰੱਸੀ ਦੀ ਅਸਲੀਅਤ ਨੂੰ ਜਾਣਨ ਵਾਲਾ ਕੋਈ ਉਪਦੇਸ ਦੇ ਦੇਵੇ,ਇਹ ਸੱਪ ਨਹੀਂ ਹੋ ਸਕਦਾ ਮੈਂ ਚੰਗੀ ਤਰ੍ਹਾਂ ਦੇਖਿਆ ਹੈ ਇਹ ਰੱਸੀ ਹੈ। ਅਜਿਹਾ ਕਹਿ ਕੇ ਉਹ ਉਸ ਅਗਿਆਨੀ ਦਾ ਡਰ ਅਤੇ ਕੰਬਣੀ ਦੂਰ ਕਰ ਦਿੰਦਾ

ਹੈ। ਉਸੇ ਤਰ੍ਹਾਂ ਜਦ ਗੁਰੂ ਉਪਦੇਸ ਕਰਦਾ ਹੈ ਤਾਂ ਬ੍ਰਹਮ ਦੀ ਜਾਣਕਾਰੀ ਤੋਂ ਅਗਿਆਨੀ ਮਨੁੱਖ ਦੀ ਅਗਿਆਨਤਾ ਨੂੰ ਦੂਰ ਕਰ ਦਿੰਦਾ ਹੈ। ਉਹ ਮਨੁੱਖ ਜਿਸ ਨੇ ਜਗਤ ਨੂੰ ਸੁਪਨੇ ਦੇ ਸਮਾਨ ਕਲਪਿਆ ਹੁੰਦਾ ਹੈ ਉਹ ਬ੍ਰਹਮ ਦਾ ਗਿਆਤਾ ਹੋ ਕੇ ਸੱਪ (ਝੂਠ) ਦੀ ਥਾਂ ਰੱਸੀ (ਸੱਚ) ਜਾਣਕੇ ਸੁਖ ਪ੍ਰਾਪਤ ਕਰਦਾ ਹੈ। ਬਾਂਝ ਔਰਤ ਦੇ ਪੁੱਤਰ ਵਾਂਗ ਜਗਤ ਝੂਠਾ ਨਹੀਂ ਹੈ। ਇੰਦਰੀਆਂ ਦਾ ਵਿਸ਼ਾ ਹੋ ਕੇ ਜਗਤ ਸੋਹਣੀ ਤਰ੍ਹਾਂ ਦਿਸਦਾ ਹੈ। ਸੱਚੇ ਬ੍ਰਹਮ ਦੀ ਸੱਤਾ (ਹੋਂਦ) ਸਦਕਾ ਅਨੇਕਾਂ ਰੰਗਾਂ ਦਾ ਇਹ ਸੰਸਾਰ ਸੱਚਾ ਲੱਗਦਾ ਹੈ। ਜਿੱਥੇ ਸੱਚਾ ਆਸਰਾ ਹੋਵੇ ਉੱਥੇ ਕਲਪਨਾ ਪਰਾਈ ਬਣ ਜਾਂਦੀ ਹੈ ਭਾਵ ਕਲਪਨਾ ਖਤਮ ਹੋ ਜਾਂਦੀ ਹੈ,ਜਦ ਤੱਕ ਉਹ ਸੱਚੇ ਆਸਰੇ ਨੂੰ ਜਾਣਦਾ ਨਹੀਂ ਤਦ ਤੱਕ ਉਹ ਮਨ ਅੰਦਰ ਭਰਮ ਤੇ ਕਲਪਨਾ ਧਾਰਦਾ ਰਹਿੰਦਾ ਹੈ। ਜੇਕਰ ਅਧਿਸ਼ਟਾਨ ਭਾਵ ਬ੍ਰਹਮ ਆਸਰੇ ਦਾ ਗਿਆਨ ਪੱਕਾ ਹੋ ਜਾਵੇ ਤਾਂ ਫੇਰ ਮਨੁੱਖ ਕੋਈ ਹੋਰ ਕਲਪਨਾ ਨਹੀਂ ਧਾਰਨ ਕਰਦਾ। ਇਸ ਕਰਕੇ ਹੇ ਸੰਤ ਜੀ ਆਪਣੇ ਕੰਨਾ ਵਿਚ ਇਹ ਉਪਦੇਸ਼ ਸੁਣੋ ਕਿ ਜਿਹੜਾ ਜਗਤ ਦਾ ਆਸਰਾ ਹੈ ਉਸ ਨੂੰ ਜਾਣੋ ਜਿਸ ਦੇ ਜਾਣਨ ਨਾਲ ਸਾਰੇ ਭਰਮ ਦੂਰ ਹੋ ਜਾਂਦੇ ਹਨ। ਜਗਤ ਦੀ ਸਾਰੀ ਵਿਭਿੰਨਤਾ ਭਾਵ ਅਨੇਕਾਂ ਪ੍ਰਕਾਰ ਦੇ ਜਗਤ ਨੂੰ ਇੱਕੋ ਬ੍ਰਹਮ ਰੂਪ ਜਾਣੋਗੇ। ਸੋ ਇਹ ਮੰਨੋ ਕਿ ਤੁਸੀ ਆਪ ਉਸ ਸੱਚ ਸਰੂਪ ਗਿਆਨ ਸਰੂਪ ਅਨੰਦ ਸਰੂਪ ਮਹਾਨ ਵਾਹਿਗੁਰੂ ਦਾ ਹੀ ਸਰੂਪ ਹੋ। ਜੇ ਮਾਇਆ ਦਾ ਨਿਰਣਾ ਕੀਤਾ ਜਾਵੇ ਤਾਂ ਇਸ ਦਾ ਅੰਤ ਨਹੀਂ ਵਰਣਨ ਕੀਤਾ ਜਾ ਸਕਦਾ। ਕਰੋੜਾਂ ਬੇਸ਼ੁਮਾਰ ਲੋਕ ਜੁੱਗਾਂ ਤੋਂ ਵੇਖਦੇ ਆਏ ਹਨ। ਫਿਰ ਵੀ ਉਨ੍ਹਾਂ ਇਸ ਪ੍ਰਭੂ ਦੀ ਮਾਇਆ ਨੂੰ ਦੂਰ ਪਰੇ ਦੂਰ ਹੀ ਜਾਣਿਆ ਭਾਵ ਅੰਤ ਨਹੀਂ ਪਾਇਆ। ਇਸ ਮਾਇਆ ਦੀ ਸ਼ਕਤੀ ਬੇਅੰਤ ਹੈ। ਬਹੁਤ ਵੱਡੇ ਵੱਡੇ ਬੁੱਧੀਵਾਨ ਇਸ ਨੂੰ ਖੋਜ ਖੋਜ ਕੇ ਹਾਰ ਗਏ ਹਨ। ਕਿਸੇ ਤੋਂ ਵੀ ਇਸ ਦਾ ਅੰਤ ਨਹੀਂ ਪਾਇਆ ਜਾ ਸਕਿਆ। ਇਸ ਕਰਕੇ ਇਸ ਨੂੰ ਛੱਡ ਕੇ ਇੱਕ ਪਰਮਾਤਮਾ ਵਿਚ ਲਿਵ ਲਾਵੋ। ਉਹੀ ਭਗਤ,ਸੰਤ ਤੇ ਗਿਆਨੀ ਹੈ,ਉਹੀ ਗੁਣਾਂ ਦੀ ਖਾਣ ਬ੍ਰਹਮ ਨੂੰ ਜਾਣਨ ਵਾਲਾ ਹੈ। ਉਹੀ ਪੁਰਖ ਧੰਨ ਹੈ ਜਿਸ ਨੇ ਪ੍ਰਭੂ ਸਿਮਰਨ ਦਾ ਸ੍ਰੇਸ਼ਟ ਲਾਭ ਪ੍ਰਾਪਤ ਕੀਤਾ ਹੈ। ਇਹ ਜਾਣ ਕੇ ਕਿ ਇੱਕ ਵਾਹਿਗੁਰੂ ਤੋਂ ਬਿਨਾ ਸਭ ਨਾਸਵਾਨ ਹੈ। ਉਸ ਸੰਤ ਨੇ ਸਤਿਗੁਰੂ ਜੀ ਦੇ ਬਚਨ ਸੁਣ ਕੇ ਇਹ ਜਾਣ ਲਿਆ ਕਿ ਗੁਰੂ ਜੀ ਬਹੁਤ ਵੱਡੇ ਅਵਤਾਰ ਹਨ। ਉਹ ਸੰਤ ਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਹੋ ਗਿਆ ਤਾਂ ਉਸ ਨੇ ਗੁਰੂ ਜੀ ਦੀ ਮਹਾਨ ਮਹਿਮਾ ਜਾਣ ਲਈ। ਉਸ ਨੇ ਗੁਰੂ ਜੀ ਤੁਸੀਂ ਧੰਨ ਹੋ,ਧੰਨ ਹੋ ਸ਼ੁਭ ਬਚਨ ਕਹਿ ਕੇ ਚਰਨ ਕਮਲਾਂ ਤੇ ਨਮਸਕਾਰ ਕੀਤੀ ਅਤੇ ਕਿਹਾ ਆਪ ਜੀ ਦੇ ਬਚਨ ਸੁਣ ਕੇ ਅਤੇ ਦਰਸ਼ਨ ਕਰਕੇ ਮੇਰਾ ਹਿਰਦਾ ਸ਼ੰਕਾ ਰਹਿਤ ਹੋ ਗਿਆ ਹੈ।

## ਖੂਹ ਵਿਚੋਂ ਮਰੀ ਹੋਈ ਬਿੱਲੀ ਕੱਢਣ ਬਾਰੇ

ਬੁਰਹਾਨਪੁਰ ਵਿਚ ਸਿੱਖਾਂ ਦੀ ਵੱਡੀ ਸੰਗਤ ਸੀ। ਭਾਈ ਭਗਤ,ਭਾਈ ਭਗਵਾਨ

ਦਾਸ,ਬੋਦਲਾ,ਕੋਟਲਾ ਮਲਕ,ਪ੍ਰਿਥੀ ਮੱਲ ਜੋਹਰਾ,ਭਾਈ ਡੋਲੂ ਭਾਈ ਭਗਤ ਛੁਰਾ ਹੈਰਾਣ ਵਧਾਵਨ ਜਾਤ ਦਾ ਸਿਆਮੀ ਦਾਸ ਅਤੇ ਭਾਈ ਸੁੰਦਰ ਆਦਿ ਸਾਰੇ ਇਕੱਠੇ ਹੋ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨਾ ਲਈ ਆਏ ਅਤੇ ਉਨ੍ਹਾਂ ਨੇ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕੀਤੇ। ਭੇਟਾਵਾਂ ਰੱਖਕੇ ਨਮਸਕਾਰ ਕੀਤੀ। ਕਈ ਦਿਨ ਰਹੇ। ਇੱਕ ਦਿਨ ਗੁਰੂ ਜੀ ਕੋਲ ਬੈਠ ਕੇ ਬੇਨਤੀ ਕਰਨ ਲੱਗੇ,"ਗੁਰੂ ਜੀ ਸਾਨੂੰ ਚੰਗੀ ਮੱਤ ਦੀ ਬਖਸ਼ਿਸ਼ ਕਰੋ ਤਾਂ ਕਿ ਅਸੀਂ ਆਵਾਗਵਨ ਰੂਪੀ ਸੰਸਾਰ ਸਾਗਰ ਤੋਂ ਪਾਰ ਹੋ ਜਾਈਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਵੇਲੇ ਉਚਾਰਨ ਕੀਤਾ, "ਇੱਕ ਵੱਡੀ ਧਰਮਸ਼ਾਲਾ ਬਣਾਓ,ਅੰਮ੍ਰਿਤ ਵੇਲੇ ਗੁਰਬਾਣੀ ਸੁਣੋ ਤੇ ਸੁਣਾਓ। ਸ਼ਬਦਾਂ ਦੇ ਅਰਥ ਵਿਚਾਰਦੇ ਹੋਏ ਕਥਾ ਕਰੋ। ਆਪਣੇ ਮਨ ਵਿੱਚ ਵਸਾ ਲਓ ਤੇ ਫਿਰ ਅਭਿਆਸ ਕਰੋ। ਆਰਤੀ ਸਮੇਂ ਚਰਨ ਕਮਲ ਦੀ ਚੌਂਕੀ ਤੱਕ ਪਾਠ ਪੜ੍ਹ ਕੇ ਤੇ ਅਰਦਾਸ ਕਰਕੇ ਆਪਣੇ ਆਪਣੇ ਘਰ ਦੇ ਰਾਹ ਪੈ ਜਾਓ। ਧਰਮ ਦੀ ਕਿਰਤ ਕਰਦਿਆਂ ਕਦੀ ਵੀ ਝੂਠ ਨਾ ਬੋਲੋ। ਫਿਰ ਜਦ ਰਹਿਰਾਸ ਦਾ ਸਮਾਂ ਹੋਇਆ ਜਾਣੋ ਤਾਂ ਪਹਿਰ ਰਾਤ ਤੱਕ ਕੀਰਤਨ ਕਰੋ। ਅੰਤ ਵਿਚ ਕੀਰਤਨ ਸੋਹਿਲੇ ਦਾ ਪਾਠ ਕਰੋ। ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰੋ। ਬਾਣੀ ਪੜ੍ਹ ਕੇ ਯਾਦ ਕਰੋ। ਜਿਸ ਸਿੱਖ ਨੂੰ ਭੁਖਾ ਤੇ ਨੰਗਾ ਵੇਖੋ ਉਸ ਨੂੰ ਭੋਜਨ ਤੇ ਬਸਤਰ ਦਿਓ। ਇਸ ਤਰ੍ਹਾਂ ਤੁਹਾਨੂੰ ਸੁੱਖ ਪ੍ਰਾਪਤ ਹੋਵੇਗਾ। ਦਸਵੰਧ ਦੀ ਰਕਮ ਨਾਲ ਗੁਰਪੁਰਬਾਂ ਤੇ ਕੜਾਹਪ੍ਰਸ਼ਾਦਿ ਤਿਆਰ ਕਰਕੇ ਵਰਤਾਓ। ਹਉਮੈ ਦਾ ਤਿਆਗ ਕਰਕੇ ਆਪਣਾ ਮਨ ਨੀਵਾਂ ਰੱਖੋ। ਇਸ ਤਰ੍ਹਾਂ ਹਮੇਸ਼ਾਂ ਸਤਿਸੰਗਤ ਕਰਦੇ ਰਹੋ। ਗੁਰੂ ਜੀ ਨੇ ਇੱਕ ਦ੍ਰਿਸ਼ਟਾਂਤ ਦਿੰਦੇ ਹੋਏ ਕਿਹਾ, ਕਿਸੇ ਨੇ ਜਾ ਕੇ ਪੰਡਿਤ ਨੂੰ ਪੁੱਛਿਆ ਕਿ ਖੂਹ ਵਿਚ ਬਿੱਲੀ ਜਾ ਡਿੱਗੀ ਹੈ ਹੁਣ ਉਹ ਖੂਹ ਕਿਸ ਤਰ੍ਹਾਂ ਸ਼ੁੱਧ ਹੋਵੇਗਾ ਤਾਂ ਪੰਡਿਤ ਨੇ ਜਗਿਆਸੂ ਨੂੰ ਕਿਹਾ ਕਿ ਬਿੱਲੀ ਨੂੰ ਬਾਹਰ ਕੱਢ ਕੇ ਫਿਰ ਖੂਹ ਵਿਚੋਂ ਇੱਕ ਹਜਾਰ ਡੋਲ ਜਲ ਦੇ ਬਾਹਰ ਕੱਢੋ ਤਾਂ ਉਹ ਖੂਹ ਦਾ ਪਾਣੀ ਸ਼ੁੱਧ ਹੋ ਜਾਵੇਗਾ। ਇਹ ਸੁਣ ਕੇ ਉਹ ਆਦਮੀ ਚਲਾ ਗਿਆ। ਉਹ ਬਿੱਲੀ ਬਾਹਰ ਕੱਢਣਾ ਤਾਂ ਭੁੱਲ ਗਿਆ ਉਸ ਨੇ ਖੂਹ ਵਿਚੋਂ ਇੱਕ ਹਜਾਰ ਡੋਲ ਜਲ ਦਾ ਬਾਹਰ ਕੱਢ ਦਿੱਤਾ ਪਰ ਖੂਹ ਵਿਚੋਂ ਦੁਰਗੰਧ ਨਾ ਗਈ। ਉਸ ਆਦਮੀ ਨੇ ਪੰਡਤ ਕੋਲ ਜਾ ਕੇ ਖਬਰ ਦਿੱਤੀ ਕਿ ਉਹ ਖੂਹ ਪਵਿੱਤਰ ਨਹੀਂ ਹੋਇਆ। ਮੈਂ ਇੱਕ ਹਜਾਰ ਡੋਲ ਪਾਣੀ ਦਾ ਖੂਹ ਵਿਚੋਂ ਬਾਹਰ ਕੱਢ ਦਿੱਤਾ ਹੈ। ਪੰਡਿਤ ਨੇ ਆਖਿਆ ਕਿ ਦੋ ਹਜਾਰ ਡੋਲ ਪਾਣੀ ਦਾ ਹੋਰ ਬਾਹਰ ਕੱਢੋ। ਪੰਡਿਤ ਦਾ ਕਹਿਣਾ ਮੰਨ ਕੇ ਦੋ ਹਜਾਰ ਡੋਲ ਖੂਹ ਵਿਚੋਂ ਪਾਣੀ ਦਾ ਬਾਹਰ ਕੱਢ ਦਿੱਤਾ ਪਰ ਦੁਰਗੰਧ ਨਾ ਹਟੀ। ਫੇਰ ਪੰਡਿਤ ਕੋਲ ਆ ਕੇ ਦੱਸਿਆ ਕਿ ਦੋ ਹਜਾਰ ਡੋਲ ਪਾਣੀ ਦਾ ਖੂਹ ਤੋਂ ਬਾਹਰ ਕੱਢ ਦਿੱਤਾ ਹੈ ਪਰ ਖੂਹ ਦਾ ਪਾਣੀ ਸ਼ੁੱਧ ਨਹੀਂ ਹੋਇਆ। ਪੰਡਿਤ ਨੇ ਸੁਣ ਕੇ ਫੇਰ ਕਿਹਾ ਆਪ ਜਾ ਕੇ ਇਕ ਲੱਖ ਹੋਰ ਡੋਲ ਪਾਣੀ ਦੇ ਭਰ ਕੇ ਬਾਹਰ ਕੱਢੋ। ਪੰਡਿਤ ਦਾ ਕਹਿਣਾ

ਮੰਨ ਕੇ ਪਿੰਡ ਵਾਲਿਆਂ ਨੇ ਇੱਕ ਲੱਖ ਹੋਰ ਡੋਲ ਪਾਣੀ ਦਾ ਖੂਹ ਤੋਂ ਬਾਹਰ ਕੱਢ ਦਿੱਤਾ ਪਰ ਦੁਰਗੰਧ ਨਾ ਹਟੀ। ਫੇਰ ਆ ਕੇ ਪੰਡਿਤ ਨੂੰ ਦੱਸਿਆ ਕਿ ਖੂਹ ਦਾ ਪਾਣੀ ਸ਼ੁੱਧ ਨਹੀਂ ਹੋਇਆ। ਪੰਡਿਤ ਨੇ ਆਖਿਆ ਕਿ ਹੁਣ ਮੈਂ ਹੀ ਤੁਹਾਡੇ ਪਿੰਡ ਖੂਹ ਤੇ ਜਾਵਾਂਗਾ। ਪੰਡਿਤ ਉਨ੍ਹਾਂ ਦੇ ਨਾਲ ਹੀ ਖੂਹ ਤੇ ਪਹੁੰਚ ਗਿਆ ਜਾ ਕੇ ਖੂਹ ਵਿਚ ਵੇਖਿਆ ਕਿ ਮਰੀ ਹੋਈ ਬਿੱਲੀ ਖੂਹ ਵਿਚ ਹੀ ਪਈ ਹੈ। ਪੰਡਿਤ ਨੇ ਆਖਿਆ ਇਹ ਤੁਸੀਂ ਕੀ ਕੀਤਾ ਹੈ। ਮਰੀ ਹੋਈ ਬਿੱਲੀ ਤਾਂ ਖੂਹ ਵਿਚ ਹੀ ਪਈ ਹੈ। ਉਸ ਨੇ ਕਿਹਾ ਕਿ ਮਰੀ ਹੋਈ ਬਿੱਲੀ ਕੱਢਣੀ ਤਾਂ ਸਾਨੂੰ ਯਾਦ ਹੀ ਨਹੀਂ ਰਹੀ ਸੀ। ਪੰਡਿਤ ਨੇ ਬਿੱਲੀ ਕਢਵਾ ਕੇ ਫੇਰ ਹੋਰ ਪਾਣੀ ਖੂਹ ਵਿਚੋਂ ਕਢਵਾ ਦਿੱਤਾ ਤੇ ਪਾਣੀ ਸ਼ੁੱਧ ਹੋ ਗਿਆ। ਉਵੇਂ ਹੀ ਸਰੀਰ ਵਿਚ ਹਉਮੈਂ ਨੂੰ ਬੁਰੀ ਜਾਣੋ ਜਿਹੜੀ ਇਸ ਅੰਦਰ ਨਹੀਂ ਚਾਹੀਦੀ ਜੋ ਸਰੀਰ ਵਿਚ ਰੱਖੀ ਹੋਈ ਹੈ। ਜਦੋਂ ਤੀਕ ਇਸ ਨੂੰ ਤਿਆਗਦੇ ਨਹੀਂ ਉਦੋਂ ਤੱਕ ਮਨ ਸ਼ੁੱਧ ਨਹੀਂ ਹੋ ਸਕਦਾ ਹੈ। ਅਗਿਆਨ ਰਹੇਗਾ, ਪ੍ਰਕਾਸ਼ ਨਹੀਂ ਹੋ ਸਕਦਾ।

## ਭਾਈ ਧੀਰੋ ਨਿਵਾਸੀ ਉਜੈਨ ਨੂੰ ਉਪਦੇਸ਼

ਭਾਈ ਧੀਰੋ ਨਾਮੀਂ ਸਿੱਖ ਉਜੈਨ ਵਿਚ ਰਹਿੰਦਾ ਸੀ। ਆਪਣੇ ਘਰ ਵਿਚ ਗੁਰੂ ਜੀ ਦੀ ਭਗਤੀ ਕਰਦਾ ਸੀ। ਕਥਾ ਕੀਰਤਨ ਕਰਦਾ ਤੇ ਹੋਰਾਂ ਨੂੰ ਸੁਣਾਉਂਦਾ। ਦੋ ਪਹਿਰ ਰਾਤ ਸੌਂ ਕੇ ਆਪਣਾ ਸਮਾਂ ਬਤੀਤ ਕਰਦਾ, ਬਾਕੀ ਛੇ ਪਹਿਰਾਂ ਵਿਚ ਕਿਰਤ ਕਰਦਾ ਤੇ ਭਗਤੀ ਕਰਦਾ। ਛੇ ਮਹੀਨਿਆਂ ਮਗਰੋਂ ਸੰਗਤ ਨਾਲ ਮਿਲਕੇ ਗੁਰੂ ਜੀ ਦੇ ਦਰਸ਼ਨ ਕਰਨ ਆਉਂਦਾ।

ਇੱਕ ਦਿਨ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾ ਵਿਚ ਬੇਨਤੀ ਕੀਤੀ ਕਿ ਗੁਰੂ ਜੀ ਸੰਤਾਂ ਦੇ ਸਹੀ ਲੱਛਣ ਕਿਹੜੇ ਹਨ। ਉਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹ ਸਲੋਕ ਸ੍ਰਵਣ ਕਰਵਾਇਆ:

> *ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥ ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥ ਪਰ ਨਿੰਦਾ ਨਹਿ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥ ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥ ਆਦਿ ੧੩੫੭*

ਸੰਤ ਲੋਕ ਪਰਮੇਸ਼ਰ ਦਾ ਸਿਮਰਨ ਕਰਦੇ ਹਨ ਤੇ ਉਸ ਨੂੰ ਸਭ ਵਿਚ ਹੀ ਵਿਆਪਕ ਜਾਣਦੇ ਹਨ। ਦੁਖ ਸੁਖ ਵਿਚ ਹਮੇਸ਼ਾਂ ਹੀ ਸਮਾਨ ਰਹਿੰਦੇ ਹਨ। ਹਰ ਸਮੇਂ ਉਸ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਹਨ। ਜੋ ਨਿਰਮਲ ਵੈਰ ਰਹਿਤ ਤੇ ਨਿਰਾਲਾ

ਹੈ। ਸਭ ਜੀਵਾਂ ਤੇ ਦਇਆ ਕਰਦੇ ਹਨ। ਪੰਜ ਦੋਸ਼ ਸਬਦ, ਸਪਰਸ਼, ਰੂਪ, ਰਸ, ਗੰਧ ਇਨ੍ਹਾਂ ਨੂੰ ਬਿਵਰਜਤ ਹੈ ਭਾਵ ਰੋਕ ਦਿੰਦੇ ਹਨ ਉਹ ਸ੍ਰਿਸਟੀ ਦੇ ਪਾਲਣਵਾਲੇ ਦਾ ਜਸ ਕਰਦੇ ਹਨ ਅਤੇ ਕਮਲ ਫੁੱਲ ਦੀ ਤਰ੍ਹਾਂ ਸੰਸਾਰ ਵਿੱਚ ਨਿਰਲੇਪ ਰਹਿੰਦੇ ਹਨ। ਦੁਸ਼ਮਣ ਅਤੇ ਦੋਸਤ ਨੂੰ ਉਹ ਇੱਕ ਸਮਾਨ ਸਹੀ ਉਪਦੇਸ਼ ਦੇਣ ਵਾਲੇ ਹੁੰਦੇ ਹਨ। ਉਹ ਪਰਾਈ ਨਿੰਦਿਆ ਨਾ ਸੁਣਦੇ ਤੇ ਨਾ ਸੁਣਾਉਂਦੇ ਹਨ। ਮਨ ਨੂੰ ਹਮੇਸ਼ਾਂ ਸਨਿਮਰ ਰੱਖ ਕੇ ਛੇ ਸ੍ਰੇਸ਼ਟ ਲੱਛਣ ਪਾਉਂਦੇ ਹਨ। ਇਨ੍ਹਾਂ ਗੁਣਾਂ ਕਰਕੇ ਉਹ ਬੁੱਧੀਵਾਨ ਜਾਣੇ ਜਾਂਦੇ ਹਨ ਅਤੇ ਉਹ ਹੀ ਬਹੁਤ ਗੁਣਾਂ ਵਾਲੇ ਸੰਤ ਹੁੰਦੇ ਹਨ। ਸੰਤਾਂ ਦੀ ਸੰਗਤ ਭੈੜੀ ਮੱਤ ਦੂਰ ਕਰਦੀ ਹੈ ਤੇ ਉਨ੍ਹਾਂ ਦੀ ਸੇਵਾ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਹ ਸੁਣ ਕੇ ਭਾਈ ਧੀਰੋ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਘਰ ਚਲਾ ਗਿਆ। ਫਿਰ ਉਸ ਨੇ ਸੰਤਾਂ ਵਾਲੇ ਸਾਰੇ ਸ਼ੁਭ ਲੱਛਣ ਧਾਰਨ ਕਰ ਲਏ।

## ਪਾਤਿਸ਼ਾਹੀ ਸਤਵੀਂ

### ਭਾਈ ਗੋਂਦਾ ਨੇ ਸਮਾਧੀ ਰਾਹੀਂ ਚਰਨਾਂ ਦੀ ਸੇਵਾ ਕਰਨੀ

ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਪਾਸ ਰਹਿ ਕੇ ਭਾਈ ਗੋਂਦਾ ਬੜੀ ਸੇਵਾ ਕਰਦਾ ਹੁੰਦਾ ਸੀ। ਇਸ ਦੀ ਸੇਵਾ ਪਰ ਪ੍ਰਸੰਨ ਹੋ ਕੇ ਇਕ ਦਿਨ ਗੁਰਾਂ ਨੇ ਕਿਹਾ-ਹੇ ਭਾਈ ਗੋਂਦੇ! ਅਸੀਂ ਤੇਰੇ ਪਰ ਬਹੁਤ ਪ੍ਰਸੰਨ ਹਾਂ, ਹੁਣ ਤੂੰ ਸਾਡਾ ਕਹਿਣਾ ਮੰਨ ਕੇ ਕਾਬਲ ਵਿਖੇ ਜਾਹ ਉਥੋਂ ਦੀ ਸੰਗਤ ਗੁਰੂ ਘਰ ਦੀ ਬਹੁਤ ਪ੍ਰੇਮਣ ਹੈ ਤੂੰ ਜਾਂ ਕੇ ਓਥੇ ਸਿੱਖੀ ਦਾ ਉਪਦੇਸ਼ ਦੇਹ ਅਤੇ ਉਥੋਂ ਦੀ ਜਿਤਨੀ ਕਾਰ ਭੇਟ ਇਕੱਠੀ ਹੋਵੇ, ਉਸ ਨਾਲ ਗੁਰੂ ਦਾ ਅਤੁੱਟ ਲੰਗਰ ਚਲਾਵੀ। ਇਸ ਤਰ੍ਹਾਂ ਗੁਰੂ ਜੀ ਦੀ ਆਗਿਆ ਸੁਣ ਕੇ ਭਾਈ ਗੋਂਦੇ ਨੇ ਸਤਿ ਬਚਨ ਕੀਤਾ। ਚਰਨਾ ਪਰ ਨਮਸਕਾਰ ਕਰ ਕੇ ਤੁਰ ਪਿਆ। ਕਾਬਲ ਜਾ ਕੇ ਖੂਬ ਸਿੱਖੀ ਦਾ ਪ੍ਰਚਾਰ ਕੀਤਾ। ਬੜੀ ਸੁੰਦਰ ਧਰਮਸਾਲਾ ਬਣਵਾਈ ਤੇ ਸਿੱਖਾਂ ਵਲੋਂ ਜੋ ਵੀ ਭੇਟਾ ਆਵੇ ਉਸ ਦਾ ਅਤੁੱਟ ਲੰਗਰ ਵਰਤਾਇਆ ਕਰੇ। ਇਕ ਦਿਨ ਦਾ ਜ਼ਿਕਰ ਹੈ,ਭਾਈ ਗੋਂਦਾ ਜੀ ਸੌਚ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰ ਕੇ ਸਤਿਗੁਰਾਂ ਦੇ ਚਰਨਾ ਦੇ ਧਿਆਨ ਵਿਚ ਮਸਤ ਹੋ ਗਏ। ਇਧਰ ਕੀਰਤਪੁਰ ਵਿਚ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰ ਕੇ ਸਿੰਘਾਸਣ ਪਰ ਬੈਠੇ ਹੋਏ ਦੀਵਾਨ ਵਿਚ ਸ਼ਸ਼ੋਭਤ ਹਨ। ਪਾਸ ਰਾਗੀ ਬੈਠੇ ਕੀਰਤਨ ਕਰ ਰਹੇ ਹਨ। ਪ੍ਰੰਤੂ ਪਤਾ ਕਿਸੇ ਨੂੰ ਨਹੀਂ ਲੱਗਾ ਕਿ ਗੁਰੂ ਸਾਹਿਬ ਜੀ ਕਿਸ ਰੰਗ ਵਿਚ ਬੈਠੇ ਹੋਏ ਹਨ। ਸਮੇਂ ਅਨੁਸਾਰ ਰਾਗੀਆਂ ਨੇ ਕੀਰਤਨ ਦਾ ਭੋਗ ਵੀ ਪਾ ਦਿੱਤਾ ਪਰ ਗੁਰੂ ਜੀ ਦੀ ਸਮਾਧੀ ਨਾ ਖੁਲ੍ਹੀ। ਅੱਜ ਐਸੀ ਅਡੋਲ ਸਮਾਧੀ ਵਿਚ ਬੈਠੇ ਹਨ, ਜੋ ਕੋਈ ਵੀ ਅੰਗ ਹਿਲਦਾ

ਨਹੀਂ। ਆਪਣੇ ਵੇਲੇ ਸਿਰ ੧੨ ਵਜੇ ਦੇ ਕਰੀਬ ਲਾਂਗਰੀ ਨੇ ਵੀ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ, ਲੰਗਰ ਤਿਆਰ ਹੈ। ਪ੍ਰੰਤੂ ਗੁਰੂ ਜੀ ਕੁਝ ਨਾ ਬੋਲੇ,ਕਿਉਂ ਕਿ ਭਾਈ 'ਗੋਂਦੇ' ਨੇ ਆਪਣੇ ਪ੍ਰੇਮ ਮਈ ਹੱਥਾਂ ਨਾਲ ਗੁਰੂ ਜੀ ਦੇ ਚਰਨ ਇੰਜ ਫੜੇ ਹੋਏ ਹਨ ਜਿਵੇਂ ਭਗਤ ਸੂਰਦਾਸ ਜੀ ਨੇ ਅੰਤਰਧਿਆਨ ਹੋ ਕੇ ਭਗਵਾਨ ਦੇ ਸਰੂਪ ਨੂੰ ਜੱਫਾ ਮਾਰ ਕੇ ਫੜਿਆ ਸੀ। ਭਾਈ ਗੋਂਦਾ ਜੀ ਸਵੇਰ ਤੋਂ ਲੈਕੇ ਪਿਛਲੇ ਪਹਿਰ ਤਕ ਗੁਰੂ ਜੀ ਦੇ ਚਰਨ ਫੜ ਕੇ ਪ੍ਰੇਮ ਸਮਾਧੀ ਵਿਚ ਬੇ ਸੁੱਧ ਰਹੇ। ਇਧਰ ਲਾਂਗਰੀ ਨੇ ਦੋ ਵਜੇ ਫਿਰ ਬੇਨਤੀ ਕੀਤੀ ਤਾਂ ਵੀ ਨਾ ਬੋਲੇ। ਚਾਰ ਵਜੇ ਫਿਰ ਪ੍ਰਾਥਨਾ ਕੀਤੀ ਕਿ ਮਹਾਰਾਜ ਲੰਗਰ ਦਾ ਪ੍ਰਸ਼ਾਦਿ ਸਭ ਠੰਡਾ ਹੋ ਗਿਆ ਹੈ ਆਪ ਉਠ ਕੇ ਛਕੋ ਤਾਂ ਸੰਗਤ ਵੀ ਛਕ ਸਕੇ, ਨਹੀਂ ਤਾਂ ਸਾਰੀ ਸੰਗਤ ਐਂਵੇ ਬੈਠੀ ਹੈ। ਇਸ ਤਰ੍ਹਾਂ ਇਕ ਜਗ੍ਹਾ ਪਰ ਬੈਠਿਆਂ ਸਾਰਾ ਦਿਨ ਬੀਤ ਗਿਆ ਹੈ, ਆਪ ਨੇ ਚਰਨਾ ਤੱਕ ਭੀ ਕੋਈ ਅੰਗ ਨਹੀਂ ਹਿਲਾਇਆ ਇਸ ਦਾ ਕੀ ਕਾਰਨ ਹੈ। ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਹਜ਼ੂਰ ਨੇ ਨੇਤ੍ਰ ਖੋਲ੍ਹੇ ਤੇ ਹੱਸ ਕੇ ਸੰਗਤ ਨੂੰ ਸੁਣਾਇਆ ਕਿ ਕਾਬਲ ਵਿਖੇ ਭਾਈ ਗੋਂਦਾ ਸਿਖ ਹੈ, ਉਸ ਨੇ ਜਪੁ ਜੀ ਸਾਹਿਬ ਦਾ ਪਾਠ ਕਰ ਕੇ ਸਾਡੇ ਚਰਨ ਘੁਟ ਕੇ ਫੜੇ ਹੋਏ ਸਨ ਤੇ ਨਿਰਵਕਲਪ ਸਮਾਧੀ ਵਿਚ ਲੀਨ ਹੋ ਗਿਆ ਸੀ, ਸਾਨੂੰ ਉਸ ਨੇ ਪ੍ਰੇਮ ਵਾਲੇ ਬੰਧਨ ਵਿਚ ਬੰਨ੍ਹ ਲਿਆ ਸੀ। ਇਸ ਕਰਕੇ ਅਸੀਂ ਉਠ ਨਹੀਂ ਸਕੇ ਹੁਣ ਉਸ ਦੀ ਸਮਾਧੀ ਖੁਲ੍ਹੀ ਹੈ ਤੇ ਸਾਡੇ ਚਰਨ ਛੱਡੇ ਹਨ ਤਾਂ ਅਸੀਂ ਸਮਾਧੀ ਤੋਂ ਉਠੇ ਹਾਂ। ਇਹ ਅਸਚਰਜ ਬਚਨ ਸੁਣ ਕੇ ਕਈਆਂ ਦੇ ਮਨ ਵਿਖੇ ਸੰਸਾ ਹੋਇਆ ਜਿਸ ਕਰਕੇ ਸੇਵਾਦਾਰਾਂ ਵਿਚੋਂ ਕਈਆਂ ਨੇ ਨਿਰਣਾ ਕਰਨ ਦਾ ਸੰਕਲਪ ਰਖ ਕੇ ਉਸ ਵੇਲੇ ਸਮਾਂ ਦਿਨ ਸਭ ਕੁਝ ਲਿਖ ਕੇ ਰੱਖ ਲਿਆ ਕਿ ਇਸ ਗੱਲ ਦਾ ਪਤਾ ਕਰਾਂਗੇ। ਫੇਰ ਹਜ਼ੂਰ ਨੇ ਸਾਰੀ ਸੰਗਤ ਨੂੰ ਨਾਲ ਲਿਜਾ ਕੇ ਗੁਰੂ ਜੀ ਨੇ ਪ੍ਰਸ਼ਾਦਿ ਛਕਿਆ। ਕਈ ਦਿਨਾ ਤੋਂ ਪਿਛੋਂ ਜਦ ਭਾਈ ਗੋਂਦਾ ਜੀ ਗੁਰੂ ਜੀ ਦੇ ਦਰਸ਼ਨਾ ਨੂੰ ਆਇਆ ਤਾਂ ਸੰਗਤ ਨੇ ਭਾਈ ਗੋਂਦਾ ਜੀ ਦੇ ਨਾਲ ਦੇ ਸੇਵਕਾਂ ਨੂੰ ਪੁਛਿਆ ਕਿ ਫਲਾਣੇ ਦਿਨ ਭਾਈ ਗੋਂਦਾ ਜੀ ਨੇ ਕਿਸ ਵੇਲੇ ਸਮਾਧੀ ਲਾਈ ਸੀ ਤੇ ਕਿਸ ਵੇਲੇ ਸਮਾਧੀ ਖੁਲ੍ਹੀ ਸੀ। ਸੇਵਕਾਂ ਨੇ ਭਾਈ ਗੋਂਦੇ ਜੀ ਦਾ ਸਾਰਾ ਹਾਲ ਸੁਣਾ ਦਿੱਤਾ ਕਿ ਜਪੁਜੀ ਸਾਹਿਬ ਦਾ ਪਾਠ ਕਰਕੇ ਜਿਉਂ ਅੰਮ੍ਰਿਤ ਵੇਲੇ ਦੇ ਬੈਠੇ ਪਿਛਲੇ ਪਹਿਰ ਸਮਾਧੀ ਖੁਲ੍ਹੀ ਸੀ। ਬਸ ਫਿਰ ਕੀ ਸੀ ਇਤਨੇ ਦਿਨਾ ਦਾ ਦੱਬਿਆ ਸੰਸਾ ਜਵਾਲਾ ਮੁੱਖੀ ਦੀ ਨਿਆਈ ਫੁੱਟ ਕੇ ਖਿੱਲਰ ਗਿਆ। ਮਨ ਵਿਚ ਸ਼ਰਧਾ ਪਿਆਰ ਸਿਦਕ ਉਛਾਲੇ ਮਾਰਨ ਲੱਗ ਪਿਆ। ਸੰਗਤਾਂ ਨਿਹਾਲ ਨਿਹਾਲ ਹੋ ਗਈਆਂ ਹੇ ਧੰਨ ਗੁਰੂ ਧੰਨ ਗੁਰੂ ਪਿਆਰੇ ਕਰਦੀਆਂ ਹੋਈਆਂ ਗੁਰੂ ਚਰਨਾ ਨੂੰ ਪਰਸ ਕੇ ਮਨ ਵਿਖੇ ਮਸਤ ਹੋ ਗਈਆਂ। ਇਸ ਪ੍ਰਕਾਰ ਜਿਹੜੇ ਕਈ ਸਿਖ ਤਨ ਕਰ ਕੇ ਭਾਵੇਂ ਦੂਰ ਵੀ ਹਨ ਪਰ ਮਨ ਕਰ ਕੇ ਉਹ ਸਤਿਗੁਰਾਂ ਦੇ ਨਜ਼ਦੀਕ ਹਨ। ਇਉਂ ਉਹ ਹਿਰਦੇ ਅੰਦਰ ਚਰਨਾ ਵਿਚ ਲੀਨ ਹੋ ਕੇ ਸਮਾਏ ਰਹਿੰਦੇ ਹਨ।

## ਬਾਣੀ ਦਾ ਸਤਿਕਾਰ

ਸਤਿਗੁਰੂ ਹਰਿ ਰਾਇ ਸਾਹਿਬ ਜੀ ਇਸ ਵਿਧੀ ਅਨੁਸਾਰ ਸਮਾਂ ਬਤੀਤ ਕਰ ਰਹੇ ਹਨ ਕਿ ਸਿੱਖਾਂ ਨੂੰ ਸੁਖ ਦਿੰਦੇ ਹਨ ਅਤੇ ਸਾਰੇ ਦੁਸ਼ਟਾ ਨੂੰ ਦੁਖ ਦਿੰਦੇ ਹਨ। ਇੱਕ ਦਿਨ ਕਿਰਪਾ ਨਿਧਾਨ ਸਤਿਗੁਰੂ ਜੀ ਸੁੰਦਰ ਪਲੰਘੇ ਤੇ ਬਿਰਾਜਮਾਨ ਸਨ ਅਰਾਮ ਕਰਨ ਦਾ ਸਮਾਂ ਜਾਣਿਆ ਪਲੰਘ ਉੱਤੇ ਲੇਟ ਗਏ ਅਤੇ ਅਰਾਮ ਨਾਲ ਸੌਂ ਗਏ। ਕੋਮਲ ਬਸਤਰ ਆਪਣੇ ਉਪਰ ਲੈ ਲਿਆ ਉਸ ਸਮੇਂ ਉਸ ਥਾਂ ਤੇ ਥੋੜ੍ਹੇ ਸਿੱਖ ਮੌਜੂਦ ਸਨ। ਕੁਝ ਸਮੇ ਮਗਰੋਂ ਕਿਸੇ ਦੇਸ਼ ਤੋਂ ਦੋ ਸਿੱਖ ਆਏ। ਇਹ ਹਿਰਦੇ ਵਿਚ ਬੜੀ ਸ਼ਰਧਾ ਧਾਰ ਕੇ ਸ਼ਬਦ ਗਾਉਂਦੇ ਸਨ। ਸੁਣਨ ਵਾਲਿਆਂ ਦੇ ਅੰਦਰ ਬਹੁਤ ਪ੍ਰੇਮ ਪੈਦਾ ਕਰਦੇ ਸਨ। ਸੁੰਦਰ ਸੁਰ ਨਾਲ ਰਾਗ ਪੇਸ਼ ਕਰਦੇ ਸਨ। ਸੰਗਤ ਨੂੰ ਸੁਣਾ ਕੇ ਬਹੁਤ ਪ੍ਰਸੰਨ ਕਰਦੇ ਸਨ। ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਦਰਬਾਰ ਵਿਚ ਆਏ ਸਨ ਤੇ ਦਰਬਾਰ ਵਿਚ ਆ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਸੌਂ ਰਹੇ ਹਨ। ਹਿਰਦੇ ਵਿਚ ਵਿਚਾਰ ਕਰਦੇ ਸਨ ਕਿ ਇਸ ਸਮੇਂ ਸ਼ਬਦ ਗਾਇਨ ਕਰੀਏ ਜਾਂ ਨਹੀਂ ਕਰੀਏ। ਸਤਿਗੁਰੂ ਜੀ ਅਵਾਜ਼ ਸੁਣਕੇ ਕਿਤੇ ਗੁੱਸੇ ਨਾ ਹੋਣ ਕਿ ਇਨ੍ਹਾਂ ਨੇ ਸਾਡੀ ਨੀਂਦ ਉਚਾਟ ਕਰ ਦਿੱਤੀ ਹੈ। ਆਪਸ ਵਿਚ ਇਹ ਵੀ ਕਹਿੰਦੇ ਸਨ ਕਿ ਸਤਿਗੁਰੂ ਜੀ ਤਾਂ ਹਮੇਸ਼ਾਂ ਚੌਥੀ ਅਵਸਥਾ ਭਾਵ ਗਿਆਨ ਦਸ਼ਾ ਵਿਚ ਹੀ ਰਹਿੰਦੇ ਹਨ। ਇਸ ਲਈ ਆਪਣੇ ਪਰ ਖੁਸ਼ੀ ਧਾਰਨ ਕਰਨਗੇ। ਇਸ ਪ੍ਰਕਾਰ ਵਿਚਾਰ ਕੇ ਉਹ ਗਾਉਣ ਲੱਗ ਪਏ। ਸੁਣ ਕੇ ਅੰਦਰ ਪ੍ਰੇਮ ਜਾਗਿਆ ਅਤੇ ਬੜੀ ਕਾਹਲੀ ਨਾਲ ਪਲੰਘ ਨੂੰ ਛੱਡ ਦਿੱਤਾ। ਬੜੀ ਕਾਹਲੀ ਨਾਲ ਉੱਠੇ ਤਾਂ ਪਲੰਘ ਦੀ ਬਾਹੀ ਦੀ ਗੋਡੇ ਤੇ ਚੋਟ ਲੱਗੀ। ਪਲੰਘ ਛੱਡ ਕੇ ਕਾਹਲੀ ਨਾਲ ਉੱਤਰੇ। ਸੰਗਤਾਂ ਨੇ ਜਦੋਂ ਬਾਹੀ ਦੀ ਚੋਟ ਲੱਗੀ ਵੇਖੀ ਤਾਂ ਧੀਰਜ ਨਾਲ ਮਾਲਸ਼ ਤੇ ਮੁੱਠੀ ਚਾਪੀ ਕੀਤੀ ਫੇਰ ਹੱਥ ਜੋੜ ਕੇ ਪੁੱਛਣ ਲੱਗੇ ਕਿ ਸਤਿਗੁਰੂ ਜੀ ਆਪ ਜੀ ਨੂੰ ਕਿਸ ਦਾ ਭੈਅ ਸੀ ਜਿਸ ਕਰਕੇ ਇੰਨੀ ਕਾਹਲੀ ਕੀਤੀ ਹੈ।

ਇਹ ਸੁਣਕੇ ਗੁਰੂ ਹਰਿ ਰਾਇ ਸਾਹਿਬ ਨੇ ਬਚਨ ਕੀਤੇ ਹੇ ਸਿੱਖੋ ਸੁਣੋ ਤੁਸੀਂ ਮੇਰੇ ਪਿਆਰੇ ਹੋ। ਗੁਰੂ ਦਾ ਅਨੁਭਵ ਬਾਣੀ ਦਾ ਰੂਪ ਹੈ ਭਾਵ ਬਾਣੀ ਗੁਰੂ ਹੈ ਇਸ ਲਈ ਇਸ ਦੀ ਮਹਿਮਾ ਅਮਿੱਤ ਅਤੇ ਅਨੂਪਮ ਹੈ। ਸੰਸਾਰ ਜੋ ਅੱਗ ਦਾ ਸਮੁੰਦਰ ਹੈ ਉਸ ਨੂੰ ਤਾਰਨਹਾਰ ਬੇੜੀ ਰੂਪ ਹੈ। ਸਤਿਗੁਰੂ ਜੀ ਦੇ ਸਿੱਖਾਂ ਨੂੰ ਸੁੱਖ ਦੇਣ ਵਾਲੀ ਹੈ। ਪਾਠਕਾਂ ਦੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕਰਦੀ ਹੈ ਜੇ ਸਿੱਖ ਗੁਰਬਾਣੀ ਦਾ ਭੈਅ ਕਰੇ ਉਹ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ। ਗੁਰਬਾਣੀ ਦੀ ਬਹੁਤ ਮਹਿਮਾ ਹੈ। ਜੇਕਰ ਮਰਿਆਦਾ ਅਸੀਂ ਧਾਰਨ ਨਹੀਂ ਕਰਾਂਗੇ ਤਾਂ ਕੋਈ ਵੀ ਸਿੱਖ ਗੁਰਬਾਣੀ ਦਾ ਭੈਅ ਨਹੀਂ ਕਰੇਗਾ। ਭੈਅ ਕਰਨ ਤੋਂ ਬਗੈਰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰਬਾਣੀ ਦਾ ਭੈਅ ਧਾਰਨ ਕਰਕੇ ਅਸੀਂ ਪਲੰਘ ਨੂੰ ਬੜੀ ਕਾਹਲੀ ਨਾਲ ਛੱਡਿਆ

ਹੈ। ਭੈਅ ਤੋਂ ਬਗੈਰ ਭਗਤੀ ਨਹੀਂ ਹੁੰਦੀ, ਭਗਤੀ ਬਿਨਾ ਗਿਆਨ ਹਾਸਲ ਨਹੀਂ ਹੁੰਦਾ, ਗਿਆਨ ਬਗੈਰ ਮੁਕਤੀ ਨਹੀਂ ਮਿਲਦੀ, ਮੁਕਤੀ ਬਿਨਾ ਪਰਮ ਅਨੰਦ ਪ੍ਰਾਪਤ ਨਹੀਂ ਹੁੰਦਾ। ਪਹਿਲਾ ਗੁਣ ਕਾਰਨ ਹੈ ਤੇ ਦੂਸਰਾ ਕਾਰਜ। ਗੁਰਬਾਣੀ ਦਾ ਭੈਅ ਕਰਕੇ ਸੁੱਖ ਮਿਲਦਾ ਹੈ। ਬਿਨਾ ਭੈਅ ਦੇ ਭਗਤੀ ਇਸ ਜਗਤ ਨੂੰ ਨਹੀਂ ਤਾਰਦੀ। ਜੋ ਗੁਰ ਭਗਤ ਹੈ ਉਹ ਮੇਰਾ ਸਿੱਖ ਹੈ। ਜਿਸਨੇ ਭੈਅ ਅਤੇ ਆਦਰ ਨਾਲ ਬਾਣੀ ਨਹੀਂ ਧਾਰਨ ਕੀਤੀ ਜਾਣੋ ਉਹ ਸਾਡਾ ਸਿੱਖ ਨਹੀਂ ਹੈ। ਜਿਨ੍ਹਾਂ ਦੇ ਪਿਛਲੇ ਭਾਗ ਜਾਗਦੇ ਹਨ ਉਨ੍ਹਾਂ ਨੂੰ ਗੁਰਬਾਣੀ ਮਿੱਠੀ ਲਗਦੀ ਹੈ।

ਸਤਿਗੁਰੂ ਜੀ ਦੀ ਬਾਣੀ ਚੰਦਨ ਦੇ ਬ੍ਰਿਛ ਦੀ ਤਰ੍ਹਾਂ ਹੈ। ਜਿਹੜੇ ਬੂਟੇ ਚੰਦਨ ਦੇ ਬੂਟੇ ਦੇ ਨੀਚੇ ਹੁੰਦੇ ਹਨ ਉਹ ਸੁਗੰਧਤ ਹੋ ਜਾਂਦੇ ਹਨ। ਇਸ ਤਰ੍ਹਾਂ ਨਿਮਰਤਾ ਵਾਲੇ ਸੇਵਕਾਂ ਦੇ ਮਨ ਗੁਰਬਾਣੀ ਨਾਲ ਸੁਗੰਧਤ ਹੋ ਜਾਂਦੇ ਹਨ।

## ਬਾਬਾ ਰਾਮਰਾਇ ਦੀਆਂ ਸ਼ਕਤੀਆਂ

ਇੱਕ ਦਿਨ ਬਾਬਾ ਰਾਮ ਰਾਇ ਜੀ ਔਰੰਗਜ਼ੇਬ ਦੀ ਸਭਾ ਵਿਚ ਸਭ ਤੋਂ ਉੱਚੀ ਥਾਂ ਬੈਠੇ ਸਨ। ਪਹਿਲਾਂ ਦੁਸ਼ਟਾਂ ਨੇ ਬਾਦਸ਼ਾਹ ਨੂੰ ਸਿਖਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਸ਼ਬਦ ਬਣਾਇਆ ਹੈ ਜਿਸ ਵਿਚ ਤੁਰਕਾਂ ਦੇ ਮੱਤ ਦਾ ਖੰਡਨ ਕੀਤਾ ਹੈ ਤੇ ਹਿੰਦੂਆਂ ਦੇ ਮੱਤ ਨੂੰ ਮੰਨਿਆ ਹੈ। ਜਮੀਨ ਵਿਚ ਜਿਹੜੇ ਤੁਰਕ ਦਫਨਾਉਂਦੇ ਹਨ ਉਹ ਵੀ ਅੱਗ ਵਿਚ ਸੜ ਕੇ ਬਲਦੇ ਹਨ। ਇਸ ਬਾਰੇ ਰਾਮ ਰਾਇ ਤੋਂ ਪੁੱਛੋ ਇਸ ਦਾ ਉਹ ਕੀ ਉੱਤਰ ਦਿੰਦਾ ਹੈ। ਬਾਦਸ਼ਾਹ ਨੇ ਬਹੁਤ ਸਾਰੇ ਸੁਆਲ ਕੀਤੇ। ਬਾਬਾ ਰਾਮ ਰਾਇ ਜੀ ਨੇ ਆਪਣੀ ਬੁੱਧ ਦੀ ਚਤੁਰਾਈ ਨਾਲ ਬਾਦਸ਼ਾਹ ਨੂੰ ਸੁਣਾ ਕੇ ਬਹੁਤ ਪ੍ਰਸੰਨ ਕੀਤਾ। ਬਾਦਸ਼ਾਹ ਨੇ ਚਲਦੀ ਸਭਾ ਵਿਚ ਪੁੱਛਿਆ ਕਿ ਸ੍ਰੀ ਗੁਰੂ ਨਾਨਕ ਜੀ ਨੇ ਇਹ ਕੀ ਕਿਹਾ ਹੈ:-

> ***ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥***
>
> ***ਆਦਿ ੪੬੬***

ਮੁਸਲਮਾਨ ਦੀ ਕਬਰ ਦੀ ਮਿੱਟੀ ਘੁਮਾਰ ਦੇ ਚੱਕੇ ਵਿਚ ਪੈਂਦੀ ਹੈ ਇਸ ਤੋਂ ਬਰਤਨ ਬਣਾਏ ਜਾਂਦੇ ਹਨ ਤੇ ਇੱਟਾਂ ਘੜੀਆਂ ਜਾਂਦੀਆਂ ਹਨ। ਜਦ ਬਰਤਨਾਂ ਤੇ ਇੱਟਾਂ ਨੂੰ ਪਕਾਉਂਦੇ ਹਨ ਤਾਂ ਸੜਦੀ ਹੋਈ ਇਹ ਮਿੱਟੀ ਚੀਕ-ਚਿਹਾੜਾ ਪਾਉਂਦੀ ਹੈ। ਵਿਚਾਰੀ ਮਿੱਟੀ ਸੜ-ਸੜ ਕੇ ਰੋਂਦੀ ਹੈ ਅਤੇ ਸੜੇ ਹੋਏ ਕੋਇਲੇ ਇਸ ਤੋਂ ਡਿੱਗ ਡਿੱਗ ਪੈਂਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਹੀ ਜਾਣਦਾ ਹੈ ਜਿਸਨੇ ਇਹ ਸੰਸਾਰ ਬਣਾਇਆ ਹੈ ਕਿ ਸੜ੍ਹਨਾ ਚੰਗਾ ਹੈ ਕਿ ਦੱਬਣਾ ਚੰਗਾ ਹੈ।

ਸਾਰਿਆਂ ਨੂੰ ਸੁਣਾ ਕੇ ਇਸ ਦੇ ਅਰਥ ਕਰੋ ਇਹ ਕੀ ਕਿਹਾ ਹੈ। ਇਹ ਸੁਣ ਕੇ ਸ੍ਰੀ ਰਾਮ ਰਾਇ ਨੇ ਮਨ ਵਿਚ ਜਾਣਿਆ ਸਮੂਹ ਦੋਖੀਆਂ ਨੇ ਬਾਦਸ਼ਾਹ ਨੂੰ ਬਹੁਤ ਸਿਖਾਇਆ ਹੈ। ਜੇ ਅਸਲ ਅਰਥ ਕਰਦੇ ਹਾਂ ਤਾਂ ਸਾਰੇ ਦੋਖੀ ਤਰਕ ਵਧਾਉਣਗੇ। ਜਿਸ ਕਰਕੇ ਬਾਦਸ਼ਾਹ ਦੇ ਮਨ ਵਿਚ ਫਰਕ ਪਵੇਗਾ ਫੇਰ ਉਸ ਤਰ੍ਹਾਂ ਤੁਰਕ ਝਗੜਾ ਖੜ੍ਹਾ ਕਰਨਗੇ। ਬਾਦਸ਼ਾਹ ਦਾ ਮਨ ਸਰ੍ਹਾ ਵਿਚ ਬੰਨਿਆ ਹੈ ਉਹ ਮਨ ਵਿਚ ਬਹੁਤ ਈਰਖਾ ਧਾਰਨ ਕਰੇਗਾ। ਮੇਰੀ ਬਣੀ ਗੱਲ ਵਿਗੜ ਜਾਵੇਗੀ ਫਿਰ ਬਾਅਦ ਵਿਚ ਕਿਸੇ ਵਿਧੀ ਨਾਲ ਵੀ ਸੁਧਰੇਗੀ ਨਹੀਂ। ਮੈਂ ਤਾਂ ਆਪਣੀ ਕਰਾਮਾਤ ਦੇ ਜੋਰ ਨਾਲ ਬਚਾਅ ਕੀਤਾ ਹੈ। ਮੈਨੂੰ ਇਹ ਲੱਖਾਂ ਦਾ ਧਨ ਦਿੰਦਾ ਹੈ ਜਦ ਵਿਗੜ ਜਾਵੇਗਾ ਫਿਰ ਪਿਆਰ ਨਹੀਂ ਰਹੇਗਾ। ਇਤਿਆਦਿਕ ਹਿਰਦੇ ਵਿਚ ਬਹੁਤ ਵਿਚਾਰ ਕਰਕੇ ਮਿੱਟੀ ਮੁਸਲਮਾਨ ਦੀ ਥਾਂ ਤੇ ਮਿੱਟੀ ਬੇਈਮਾਨ ਦੀ ਕਹਿ ਦਿੱਤਾ ਅਤੇ ਕਿਹਾ ਕਿ ਤੁਰਕਾਂ ਦੀ ਇਹ ਗਤੀ ਨਹੀਂ ਇਹ ਤਾਂ ਬੇਈਮਾਨ ਦੀ ਦੁਰਗਤੀ ਕਹੀ ਹੈ। ਬੇਈਮਾਨ ਦੀ ਸਾਰੇ ਨਿੰਦਿਆ ਹੁੰਦੀ ਹੈ। ਤੁਹਾਡੇ ਕੁਰਾਨ ਵਿਚ ਵੀ ਹੈ ਜਿਹੜਾ ਈਮਾਨ ਛੱਡ ਦਿੰਦਾ ਹੈ ਉਸ ਨੂੰ ਸਾਰੇ ਮੱਤ ਬੁਰਾ ਮੰਨਦੇ ਹਨ। ਸਭ ਗੁਣ ਮੂਲ ਧਰਮ ਇੱਕ ਹੈ। ਧਰਮ ਨਾਲ ਹੀ ਹਿਰਦੇ ਵਿਚ ਗਿਆਨ ਹੁੰਦਾ ਹੈ, ਧਰਮ ਨਾਲ ਹੀ ਸੁਖ ਹੁੰਦਾ ਹੈ,ਧਰਮ ਇੱਕ ਵਿਸ਼ਾਲ ਖੇਤ ਹੁੰਦਾ ਹੈ ਜਿਸ ਵਿਚ ਸਤ ਸੰਤੋਖ ਦਾ ਬੀਜ ਸਦਾ ਹੀ ਬੀਜਿਆ ਜਾਂਦਾ ਹੈ। ਸ਼ਾਂਤੀ ਖਿਮਾ ਦਇਆ ਆਦਿ ਇਨ੍ਹਾਂ ਵਿਚ ਜਮਾ ਕਰਦੇ ਹਨ। ਜਦ ਤੱਕ ਪ੍ਰਾਣੀ ਜਗ ਵਿਚ ਜੀਉਂਦਾ ਹੈ ਉਦੋਂ ਤੱਕ ਧਰਮ ਉਸ ਦੀ ਰੱਖਿਆ ਕਰਦਾ ਹੈ। ਜਦ ਮਨੁੱਖ ਪ੍ਰਾਣ ਤਿਆਗ ਕੇ ਮਰ ਜਾਂਦਾ ਹੈ ਤਾਂ ਉਹ ਇਕੱਲਾ ਹੋ ਕੇ ਵੱਡੇ ਮਾਰਗ ਤੇ ਚੱਲਦਾ ਹੈ। ਪਰਲੋਕ ਵਿਚ ਵੀ ਧਰਮ ਸੁੱਖ ਦਿੰਦਾ ਹੈ। ਇਸ ਵਾਸਤੇ ਸਾਰਿਆਂ ਵਾਸਤੇ ਸੁਭ ਈਮਾਨ ਚੰਗਾ ਹੈ। ਬੇਈਮਾਨ ਦੋਹਾਂ ਲੋਕਾਂ ਵਿਚ ਦੁੱਖ ਪਾਉਂਦਾ ਹੈ। ਇਤਿਆਦਿਕ ਬਾਬਾ ਰਾਮ ਰਾਇ ਨੇ ਕਿਹਾ। ਬਾਦਸ਼ਾਹ ਦੀ ਖੁਸ਼ਾਮਦ ਕਰ ਲਈ। ਆਪਣੀ ਸਮਰੱਥਾ ਹੀ ਭੁੱਲ ਗਿਆ। ਸਤਿਗੁਰਾਂ ਦੇ ਬਚਨਾ ਨੂੰ ਉਲਟਾ ਦਿੱਤਾ। ਪਹਿਲੇ ਗੁਰੂ ਸਾਹਿਬ ਦਾ ਅਦਬ ਨਾ ਸਮਝਿਆ। ਆਪਣੇ ਮਨ ਦੇ ਮਨੋਰਥ ਨੂੰ ਪੂਰਾ ਕਰਨ ਵਾਸਤੇ ਖੋਟਾ ਕਰਮ ਕੀਤਾ ਕਿਉਂ ਕਿ ਉਹ ਚਾਹੁੰਦਾ ਸੀ ਕਿ ਮੇਰੀ ਬਾਦਸ਼ਾਹ ਨਾਲ ਬਣੀ ਰਹੇ। ਮੈਨੂੰ ਹਮੇਸ਼ਾਂ ਲੱਖਾਂ ਦਾ ਧਨ ਦਿੰਦਾ ਹੈ। ਉਸ ਦਿਨ ਤੋਂ ਗੁਰੂ ਜੀ ਵਾਲੇ ਪਾਸੇ ਤੋਂ ਟੁੱਟ ਗਿਆ। ਬਾਦਸ਼ਾਹ ਦੀ ਖੁਸ਼ਾਮਦ ਕੀਤੀ ਤੇ ਗੁਰੂ ਜੀ ਦਾ ਵਾਕ ਬਦਲਾਇਆ। ਇਹ ਸਾਰਾ ਬ੍ਰਿਤਾਂਤ ਸੁਣ ਕੇ ਕੋਈ ਸਿੱਖ ਬੇਨਤੀ ਲਿਖਕੇ ਲੈ ਕੇ ਚੱਲ ਪਿਆ। ਸਾਰੀ ਸੁਖਸਾਂਦ ਦੀ ਕਹਾਣੀ ਲਿਖ ਕੇ ਭੇਜੀ। ਬਾਦਸ਼ਾਹ ਨਾਲ ਜਿਵੇਂ ਗੱਲ ਹੋਈ ਉਸ ਤਰ੍ਹਾਂ ਹੀ ਲਿਖ ਦਿੱਤਾ। ਦਿੱਲੀ ਤੋਂ ਚੱਲ ਕੇ ਸਿੱਖ ਕੀਰਤਪੁਰ ਸਾਹਿਬ ਗੁਰੂ ਹਰਿ ਰਾਇ ਸਾਹਿਬ ਜੀ ਕੋਲ ਪਹੁੰਚ ਗਿਆ ਤੇ ਚਰਨਾ ਤੇ ਨਮਸਕਾਰ ਕੀਤਾ। ਅੰਤਰਜਾਮੀ ਸਤਿਗੁਰਾਂ ਨੇ ਸਿੱਖ ਨੂੰ ਆਖਿਆ ਕਿ ਦਿੱਲੀ ਦਾ ਸਾਰਾ ਬ੍ਰਿਤਾਂਤ

ਸੁਣਾਉ। ਸਿੱਖ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਰਾਮ ਰਾਇ ਜੀ ਨੇ ਜਦੋਂ ਦਾ ਨਗਰ ਵਿਚ ਪ੍ਰਵੇਸ਼ ਕੀਤਾ ਉੱਥੇ ਬਹੁਤ ਅਨੰਦ ਨਾਲ ਰਹਿ ਰਿਹਾ ਹੈ। ਜਿਵੇਂ ਬਾਦਸ਼ਾਹ ਚਾਹੁੰਦਾ ਹੈ ਆਪ ਜੀ ਦਾ ਪੁੱਤਰ ਤਿਵੇਂ ਹੀ ਕਰਾਮਾਤ ਕਰਕੇ ਵਿਖਾ ਦਿੰਦਾ ਹੈ। ਤੇਰਾਂ ਹਜਾਰ ਰੋਜ ਦਾ ਰਾਸ਼ਨ ਦਿੰਦਾ ਹੈ। ਹੋਰ ਸਾਜੋ ਸਮਾਨ ਘੋੜੇ ਆਦਿਕ ਦਿੱਤੇ ਹਨ। ਹਜਾਰਾਂ ਲੋਕ ਸਿੱਖ ਬਣੇ ਹਨ। ਸ਼ਿਕਾਰ ਖੇਡਣ ਸਮੇਂ ਨਾਲ ਪਾਲਕੀ ਜਾਂ ਘੋੜੀ ਤੇ ਜਾਂਦਾ ਹੈ। ਬੱਕਰੇ ਨੂੰ ਜੀਵਾਇਆ, ਖੂਹ ਉੱਤੇ ਵਿਛੀ ਚਾਦਰ ਉੱਤੇ ਬੈਠ ਗਏ, ਮੱਕੇ ਤੋਂ ਫਲ ਮੰਗਵਾਏ, ਬੇਗਮ ਬਾਰੇ ਦੱਸਿਆ, ਪਦਮਨੀ ਲਿਆਂਦੀ,ਦੂਸਰਾ ਚੰਦ ਅਸਮਾਨ ਵਿਚ ਚੜ੍ਹਾਇਆ, ਤੋਸੇਖਾਨੇ ਬਾਰੇ ਦੱਸਿਆ, ਬਾਦਸ਼ਾਹ ਦੇ ਕੇਸ ਕਾਲੇ ਬਣਾ ਦਿੱਤੇ, ਜਮਨਾ ਨਦੀ ਤੇ ਤੁਰੇ, ਹੈਜੇ ਦੀ ਬਿਮਾਰੀ ਹਟਾਈ,ਬਾਦਸ਼ਾਹ ਉਪਰ ਬੱਦਲਾਂ ਦੀ ਛਾਂ ਕੀਤੀ, ਪ੍ਰਸੂਤ ਦੀ ਪੀੜਾ ਹਟਾਈ,ਬਾਦਸ਼ਾਹ ਦਾ ਸੁਪਨਾ ਦੱਸਿਆ, ਖਾਧਾ ਹੋਇਆ ਦੱਸਿਆ, ਗਊਆਂ ਨੂੰ ਜੀਵਾਇਆ,ਚੌਂਕੀ ਦੀ ਵਿਛਾਈ ਹੇਠੋਂ ਪੱਤਰੇ ਕੱਢੇ, ਦਰਵਾਜਿਆਂ ਦੇ ਤਾਲੇ ਖੋਲ੍ਹੇ। ਮਾਸ ਤੇ ਸ਼ਰਾਬ ਨੂੰ ਸਬਜੀ ਤੇ ਦੁੱਧ ਬਣਾਇਆ, ਬਿਨਾ ਕਹਾਰਾਂ ਤੋਂ ਪਾਲਕੀ ਚਲਾਈ, ਸੋਨੇ ਦੇ ਕੰਗਣ ਨੌਰੰਗੇ ਨੂੰ ਦਿੱਤੇ ਜਗਤ ਨੂੰ ਹੈਰਾਨ ਕਰ ਦਿੱਤਾ। ਕਰਾਮਾਤ ਦੇ ਜੋਰ ਨਾਲ ਸਭ ਦਬਾ ਲਏ। ਕਾਜੀ ਬਹੁਤ ਈਰਖਾ ਕਰਨ ਲੱਗ ਪਏ। ਫੇਰ ਇੱਕ ਦਿਨ ਉਨ੍ਹਾਂ ਨੇ ਬਹੁਤ ਝਗੜਾ ਖੜ੍ਹਾ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਸ਼ਬਦ ਉਚਾਰਨ ਕੀਤਾ ਹੈ ਮਿੱਟੀ ਮੁਸਲਮਾਨ ਕੀ... ਕਹਿਣ ਲੱਗੇ ਇਸ ਦੇ ਅਰਥ ਕੀ ਹਨ। ਇਸ ਤਰ੍ਹਾਂ ਕਾਜੀਆਂ ਦੁਸ਼ਟਾਂ ਨੇ ਨੌਰੰਗੇ ਨੂੰ ਸਿਖਾਇਆ। ਉਹ ਪ੍ਰਸੰਗ ਸਭਾ ਵਿਚ ਚਲਾਇਆ ਤਦ ਆਪ ਜੀ ਦੇ ਪੁੱਤਰ ਨੇ ਇਹ ਵੀਚਾਰ ਕੀਤੀ ਜੇ ਵਾਸਤਵ ਅਰਥ ਉਚਾਰਨ ਕਰਦੇ ਹਾਂ ਤਾਂ ਗੱਲ ਵਿਗੜ ਜਾਵੇਗੀ ਕਿਉਂਕਿ ਬਾਦਸ਼ਾਹ ਸਰ੍ਹਾ ਵਿਚ ਕੱਟੜ ਹੈ। ਹਿੰਦੂਆਂ ਨਾਲ ਉਸਦਾ ਝਗੜਾ ਬਹੁਤ ਵਧ ਜਾਵੇਗਾ। ਇਸ ਕਰਕੇ ਸਹੀ ਅਰਥ ਨਾ ਕੀਤੇ। ਨੌਰੰਗੇ ਨਾਲ ਪਿਆਰ ਰੱਖਣਾ ਚਾਹੁੰਦੇ ਸਨ। ਇਸ ਲਈ ਮਿੱਟੀ ਮੁਸਲਮਾਨ ਦੀ ਥਾਂ ਤੇ ਮਿੱਟੀ ਬੇਈਮਾਨ ਦੀ ਕਹਿ ਦਿੱਤਾ। ਇਸ ਢੰਗ ਨਾਲ ਦਲੀਲ ਕਰ ਦਿੱਤੀ। ਇਹ ਸੁਣ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਪੁੱਤਰ ਵਾਲੇ ਪਾਸੇ ਤੋਂ ਕ੍ਰੋਧ ਵਿਚ ਆ ਗਏ। ਸਮਝ ਲਿਆ ਕਿ ਨਲਾਇਕ ਨਿੱਕਲਿਆ ਹੈ। ਤੁਰਕ ਬਾਦਸ਼ਾਹ ਦਾ ਮਾਣ ਰੱਖਿਆ ਹੈ। ਪਹਿਲੀ ਪਾਤਿਸ਼ਾਹੀ ਦਾ ਬਚਨ ਹੈ ਕਿਹੜਾ ਕੰਗਾਲ ਉਨ੍ਹਾਂ ਦਾ ਮੱਤ ਬਦਲ ਸਕਦਾ ਹੈ ਇਸ ਨੂੰ ਦੰਡ ਮਿਲੇਗਾ, ਸਭ ਥਾਈਂ ਦੁਖ ਪਵੇਗਾ। ਜਦੋਂ ਅਸੀਂ ਉਸ ਨੂੰ ਭੇਜਿਆ ਸੀ ਤਾਂ ਸਭ ਵਿਧੀਆਂ ਨਾਲ ਕਹਿ ਕੇ ਨਿਰਭੈ ਕੀਤਾ ਸੀ। ਤੇਰਾ ਕਿਹਾ ਨਿਸਫਲ ਨਹੀਂ ਹੋਵੇਗਾ। ਜੋ ਚਿੱਤ ਚਾਹੇਗਾ ਉਸੇ ਤਰ੍ਹਾਂ ਹੀ ਹੋ ਜਾਵੇਗਾ। ਬਾਦਸ਼ਾਹ ਦੀ ਖੁਸ਼ਾਮਦ ਨਹੀਂ ਕਰਨੀ। ਉਸ ਨੇ ਗੁਰੂ ਨਾਨਕ ਦੇਵ ਜੀ ਦਾ ਅਦਬ ਨਹੀਂ ਰੱਖਿਆ, ਧੀਰਜ ਨਹੀਂ ਰੱਖਿਆ। ਹੁਣ ਇਹ ਕਰਾਮਾਤ ਐਸੇ ਪੁਰਸ਼ਾਂ ਕੋਲ ਪਹੁੰਚੇਗੀ ਜਿਹੜੇ ਕਰਾਮਾਤ

ਨਹੀਂ ਦਿਖਾਉਣਗੇ ਸੀਸ ਦੇ ਦੇਣਗੇ। ਹੁਣ ਸਾਡੇ ਮੱਥੇ ਨਾ ਲੱਗੇ,ਬਾਦਸ਼ਾਹ ਪਾਸ ਹੀ ਰਹੇ,ਧਨ ਦੌਲਤ ਨਾਲ ਹੀ ਸੁਖ ਪਾਵੇ,ਸ਼ੇਰਨੀ ਦਾ ਦੁੱਧ ਸੋਨੇ ਦੇ ਭਾਂਡੇ ਵਿਚ ਹੀ ਰੱਖਿਆ ਜਾ ਸਕਦਾ ਹੈ ਹੋਰ ਕਿਸੇ ਧਾਤ ਦੇ ਬਰਤਨ ਵਿਚ ਪੈਂਦਿਆਂ ਦੁੱਧ ਆਪਣੇ ਜੋਰ ਨਾਲ ਤੋੜ ਦਿੰਦਾ ਹੈ। ਇਸ ਤਰ੍ਹਾਂ ਜਿਸ ਦਾ ਹਿਰਦਾ ਸ਼ੁੱਧ ਹੈ ਉਹੀ ਗੁਰਤਾ ਦੇ ਲਾਇਕ ਹੈ। ਇਸ ਤਰ੍ਹਾਂ ਆਪਣੇ ਪੁੱਤਰ ਨੂੰ ਤਿਆਗ ਦਿੱਤਾ। ਧਨ ਦੌਲਤ ਬਹੁਤ ਵਧਾਇਆ, ਸਿੱਖੀ ਸੇਵਕੀ ਬਹੁਤ ਵਧਾਈ, ਤੁਰਕਾਂ ਵਿਚ ਪਹਿਚਾਨ ਬਣਾਈ,ਵਿੱਦਿਆ ਵਿਚ ਬਹੁਤ ਪਰਬੀਨ ਹੈ, ਕਰਾਮਾਤਾਂ ਬਹੁਤ ਹਨ, ਜਗਤ ਦੇ ਪਦਾਰਥਾਂ ਨੂੰ ਚੰਗਾ ਸਮਝਿਆ ਜਿਸ ਕਰਕੇ ਗੁਰੂ ਘਰ ਵੱਲੋਂ ਹੌਲਾ ਪੈ ਗਿਆ। ਗੁਰੂ ਜੀ ਨੇ ਐਸੇ ਪੁੱਤਰ ਨੂੰ ਤਿਆਗ ਦਿੱਤਾ।

## ਸ਼ਾਹ ਜਹਾਂ ਨੂੰ ਹਰੜ ਅਤੇ ਲੌਂਗ ਦੇਣ ਬਾਰੇ

ਸਤਿਗੁਰੂ ਸ੍ਰੀ ਹਰਿ ਰਾਇ ਜੀ ਦੀ ਸੋਭਾ ਸਾਰੇ ਸੰਸਾਰ ਵਿਚ ਫੈਲ ਗਈ ਜਿਨ੍ਹਾਂ ਦੇ ਦਰ ਅੱਗੇ ਨੌਂ ਨਿੱਧੀਆਂ ਅਤੇ ਅਠਾਰਾਂ ਸਿੱਧੀਆਂ ਖੜ੍ਹੀਆਂ ਰਹਿੰਦੀਆਂ ਹਿੰਦੂ ਅਤੇ ਤੁਰਕ ਮਿਲ ਕੇ ਗੁਰੂ ਜੀ ਦੀ ਪਰਸੰਸਾ ਕਰਦੇ ਅਤੇ ਖੁਸ਼ ਹੁੰਦੇ। ਉਹ ਹਿਰਦੇ ਅੰਦਰ ਜੋ ਵੀ ਇੱਛਾਵਾਂ ਧਾਰਨ ਕਰਦੇ, ਉਹ ਤੁਰੰਤ ਪੂਰੀਆਂ ਕਰ ਲੈਂਦੇ। ਸਤਿਗੁਰੂ ਦਾਦਾ ਸ੍ਰੀ ਹਰਿ ਰਾਇ ਜੀ ਵਾਹਿਗੁਰੂ ਦੇ ਨਾਮ ਦੇ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਂਦੇ। ਬਹੁਤ ਲੋਕ ਕੀਰਤਪੁਰ ਸਾਹਿਬ ਆ ਕੇ ਦਰਸ਼ਨ ਕਰਦੇ, ਜੋ ਚਾਹੁੰਦੇ, ਉਹ ਉਨ੍ਹਾਂ ਨੂੰ ਮਿਲਦਾ ਸੀ।

ਬਾਦਸ਼ਾਹ ਸ਼ਾਹ ਜਹਾਂ ਦਿੱਲੀ ਵਿਚ ਬੈਠਾ ਰਾਜ ਕਰ ਰਿਹਾ ਸੀ। ਜਿਸ ਨੇ ਛੇਵੇਂ ਪਾਤਸ਼ਾਹ ਨਾਲ ਚਾਰ ਵੱਡੀਆਂ ਜੰਗਾਂ ਕਰਕੇ ਹਾਰ ਖਾਧੀ। ਦਰਬਾਰੀ ਉਸ ਦੇ ਕੋਲ ਗੁਰੂ ਜੀ ਦੀ ਵਡਿਆਈ ਦੀਆਂ ਬਹੁਤ ਗੱਲਾਂ ਸੁਣਾਉਂਦੇ। ਉਸਦੇ ਚਾਰ ਪੁੱਤਰ ਹੋਏ। ਜਿਨ੍ਹਾਂ ਵਿਚੋਂ ਦਾਰਾ ਸ਼ਿਕੋਹ ਸਭ ਤੋਂ ਵਡਾ ਸੀ। ਸ਼ਾਹ ਜਹਾਂ ਨੇ ਬਹੁਤ ਪਿਆਰ ਧਾਰ ਕੇ ਉਸ ਨੂੰ ਤਖਤ ਦਾ ਹੱਕਦਾਰ ਬਣਾਇਆ। ਉਸ ਦਾ ਦੂਜਾ ਪੁੱਤਰ ਸੁਜਾ ਮੁਹੰਮਦ ਅਤੇ ਤੀਜਾ ਔਰੰਗਜੇਬ ਸੀ। ਚੌਥਾ ਪੁੱਤਰ ਮੁਰਾਦ ਬਖਸ਼ ਜਿਸ ਨੂੰ ਉਹ ਆਪਣੇ ਨਾਲ ਰੱਖਦਾ ਸੀ।

ਔਰੰਗਜੇਬ ਨੇ ਵਡੇ ਭਰਾ ਦਾਰਾ ਸ਼ਿਕੋਹ ਨਾਲ ਹਿਰਦੇ ਵਿਚ ਈਰਖਾ ਕਰਕੇ ਮਨ ਵਿਚ ਕਰੋਧ ਧਾਰ ਕੇ ਉਸ ਨਾਲ ਬਹੁਤ ਬੁਰਾ ਕੀਤਾ। ਉਸ ਨੇ ਸ਼ੇਰ ਦੀ ਮੁੱਛ ਦਾ ਵਾਲ ਕੱਟ ਕੇ ਚਾਵਲਾਂ ਵਿਚ ਪਾ ਦਿੱਤਾ ਅਤੇ ਦਾਰਾ ਸ਼ਿਕੋਹ ਦੇ ਸੇਵਕ ਨੂੰ ਆਖ ਕੇ ਧੋਖਾ ਕਰਕੇ ਉਸ ਨੂੰ ਖੁਆ ਦਿੱਤੀ ਸੀ। ਉਸ ਨੂੰ ਵਡੀ ਬਿਮਾਰੀ ਲਗ ਗਈ ਸੀ ਤੇ ਉਸ ਵੇਲੇ ਉਸ ਦਾ ਇਲਾਜ ਨਹੀਂ ਹੋ ਰਿਹਾ ਸੀ। ਜੋਤਸ਼ੀ ਅਤੇ ਵੈਦ ਸਨ ਸਭ ਇਲਾਜ ਕਰ ਕਰ ਹਾਰ ਗਏ। ਉਹ ਦਿਨ ਬ ਦਿਨ ਕਮਜੋਰ ਹੁੰਦਾ ਜਾ ਰਿਹਾ ਸੀ। ਉਸ ਦੀ ਬਿਮਾਰੀ ਦੂਰ ਨਹੀਂ ਹੋ ਰਹੀ ਸੀ। ਬਾਦਸ਼ਾਹ ਸ਼ਾਹ ਜਹਾਂ ਨੇ ਹਿਰਦੇ ਵਿਚ

ਪੁੱਤਰ ਪ੍ਰਤੀ ਸਨੇਹ ਜਾਣ ਕੇ ਵੱਡੀ ਚਿੰਤਾ ਜ਼ਾਹਰ ਕੀਤੀ। ਬਾਦਸ਼ਾਹ ਦੇ ਅਨੇਕਾਂ ਵੈਦ ਸਨ, ਪਰ ਕਿਸੇ ਦਾ ਜਤਨ ਸਫਲ ਨਹੀਂ ਹੋਇਆ। ਉਸ ਵੇਲੇ ਸਾਰਿਆਂ ਨੇ ਵਿਚਾਰ ਕਰਕੇ ਇਸ ਤਰ੍ਹਾਂ ਬਚਨ ਬੋਲੇ, ਅਠਾਈ ਤੋਲੇ ਦੀ ਭਾਰੀ ਵਜਨ ਦੀ ਹਰੜ ਆ ਜਾਵੇ ਅਤੇ ਇਕ ਮਾਸੇ ਦਾ ਲੌਂਗ ਹੋਵੇ ਦੋਨੋਂ ਆਪਣੇ ਕੋਲ ਮੰਗਵਾ ਲਵੋ। ਦਾਰਾ ਸ਼ਿਕੋਹ ਜਦ ਇਨ੍ਹਾਂ ਨੂੰਖਾਏਗਾ ਤਾਂ ਉਦੋਂ ਹੀ ਬਿਮਾਰੀ ਦੂਰ ਹੋ ਜਾਵੇਗੀ ਅਤੇ ਸ਼ੇਰ ਦੀ ਮੁੱਛ ਜੋ ਅੰਦਰ ਚਲੀ ਗਈ ਹੈ ਬਾਹਰ ਨਿਕਲ ਆਵੇਗੀ। ਉਸ ਵੇਲੇ ਜਿਹੜੇ ਮਸ਼ਹੂਰ ਵੈਦ ਸਨ ਉਹ ਸਭ ਇਸ ਤਰ੍ਹਾਂ ਕਹਿ ਰਹੇ ਸਨ। ਬਾਦਸ਼ਾਹ ਨੇ ਸਾਰੇ ਪਾਸੇ ਆਪਣੇ ਸੇਵਕ ਭੇਜ ਦਿੱਤੇ। ਜਿੱਥੇ ਜਿੱਥੇ ਵੀ ਇਹ ਚੀਜਾਂ ਪੈਦਾ ਹੁੰਦੀਆਂ , ਸਾਰੇ ਉਥੇ ਤੱਕ ਗਏ ਪਰ ਇੰਨੀ ਵੱਡੀ ਹਰੜ ਅਤੇ ਲੌਂਗ ਕਿਸੇ ਨੂੰ ਨਾ ਮਿਲੇ। ਉਹ ਬਹੁਤ ਮੁਲਕਾਂ ਵਿਚ ਫਿਰੇ ਅਤੇ ਉਨ੍ਹਾਂ ਨੇ ਜੰਗਲ ਅਤੇ ਪਰਬਤ ਵੇਖੇ। ਜੋ ਜਹਾਜਾਂ ਤੇ ਵਪਾਰ ਕਰਨ ਵਾਲੇ ਸੌਦਾਗਰ ਸਨ ਉਨ੍ਹਾਂ ਨੂੰ ਵੀ ਮਿਲੇ। ਸਾਰੀ ਧਰਤੀ ਵਿਚ ਥਾਂ ਥਾਂ ਖੋਜਣ ਲਈ ਫਿਰੇ ਪਰ ਕਿਧਰੋਂ ਵੀ ਇਹ ਵਸਤਾਂ ਹੱਥ ਨਾ ਲਗੀਆਂ। ਬਾਦਸ਼ਾਹ ਸ਼ਾਹ ਜਹਾਂ ਨੂੰ ਹਮੇਸ਼ਾਂ ਬਹੁਤ ਚਿੰਤਾ ਲੱਗੀ ਰਹਿੰਦੀ। ਬਾਦਸ਼ਾਹ ਦਾ ਜੋ ਵਜੀਰ ਸੀ, ਉਹ ਇਕ ਦਿਨ ਗੁਰੂ ਜੀ ਦੇ ਸਿੱਖਾਂ ਕੋਲੋਂ ਇਹ ਸੁਣ ਕੇ ਬਹੁਤ ਖੁਸ਼ ਹੋਇਆ। ਗੁਰੂ ਸਾਹਿਬ ਬਹੁਤ ਸ਼ਕਤੀਆਂ ਦੇ ਮਾਲਕ ਸਨ।

ਸਿੱਖਾਂ ਨੇ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਾਦਸ਼ਾਹ ਬਹੁਤ ਲੜਾਈ ਝਗੜੇ ਕਰਦਾ ਰਿਹਾ, ਜਿਨ੍ਹਾਂ ਨਾਲ ਉਸ ਦੀ ਕਿਵੇਂ ਵੀ ਸਾਂਝ ਨਹੀਂ ਬਣੀ। ਉਹ ਤਾਂ ਸਰੀਰ ਤਿਆਗ ਕੇ ਸੱਚਖੰਡ ਚਲੇ ਗਏ ਹਨ ਅਤੇ ਹੁਣ ਉਨ੍ਹਾਂ ਦੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਜੀ ਗੁਰਤਾਗੱਦੀ ਤੇ ਬਿਰਾਜਮਾਨ ਹਨ। ਬਾਦਸ਼ਾਹ ਕਿਸੇ ਦੇ ਹੱਥ ਆਪਣੀ ਬੇਨਤੀ ਭੇਜ ਦੇਣ ਅਤੇ ਸੇਵਕ ਹੋ ਕੇ ਮੰਗ ਕਰਨ ਤਾਂ ਅਜਿਹੀਆਂ ਅਣਮੋਲ ਤੇ ਵੱਡੀਆਂ ਵਸਤਾਂ ਉਨ੍ਹਾਂ ਤੋਂ ਹੀ ਮਿਲ ਸਕਦੀਆਂ ਹਨ। ਜਦ ਵਜੀਰ ਨੇ ਸਿੱਖ ਕੋਲੋਂ ਇਸ ਤਰ੍ਹਾਂ ਸੁਣਿਆ ਤਾਂ ਉਸ ਨੇ ਮਨ ਵਿਚ ਨਿਸ਼ਚਾ ਕਰ ਲਿਆ, ਬਹੁਤ ਚੰਗੀ ਗਲ ਦੱਸੀ ਹੈ। ਇਸ ਤਰ੍ਹਾਂ ਇਹ ਵਸਤਾਂ ਗੁਰੂ ਕੋਲੋਂ ਪ੍ਰਾਪਤ ਹੋ ਜਾਣਗੀਆਂ ਅਤੇ ਦੁਖ ਦੂਰ ਹੋ ਜਾਵੇਗਾ।

ਫਿਰ ਵਜੀਰ ਨੇ ਬਾਦਸ਼ਾਹ ਕੋਲ ਜਾ ਕੇ ਬੇਨਤੀ ਕੀਤੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਥਾਂ ਹੁਣ ਉਨ੍ਹਾਂ ਦੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਹਨ, ਉਹ ਬਹੁਤ ਵੱਡੀਆਂ ਸਕਤੀਆਂ ਦੇ ਮਾਲਕ ਹਨ। ਉਹ ਨਿਰਵੈਰ ਪੁਰਖ ਹਨ, ਉਨ੍ਹਾਂ ਦੇ ਕੋਲ ਇਹ ਵਸਤਾਂ ਹਨ ਉਨ੍ਹਾਂ ਕੋਲੋਂ ਮੰਗ ਲਵੋ। ਆਪਣੇ ਮਨ ਵਿਚੋਂ ਗੁੱਸਾ ਆਦਿ ਤਿਆਗ ਕੇ ਬੇਨਤੀ ਸਹਿਤ ਲਿਖ ਕੇ ਕਿਸੇ ਨੂੰ ਭੇਜੋ। ਸ਼ਾਹ ਜਹਾਂ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਬੇਨਤੀ ਲਿਖ ਕੇ ਭੇਜ ਦਿੱਤੀ। ਤੁਹਾਡੇ ਬਜੁਰਗਾਂ ਨੇ ਸਾਡੇ ਤੇ ਹਮੇਸ਼ਾਂ ਹੀ ਬਹੁਤ ਉਪਕਾਰ ਕੀਤੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਦਸ਼ਾਹ

ਬਾਬਰ ਮਿਲਿਆ ਸੀ ਤਾਂ ਉਸ ਨੂੰ ਉਨ੍ਹਾਂ ਨੇ ਵਡਿਆਈ ਬਖਸ਼ੀ ਸੀ। ਬਾਦਸ਼ਾਹ ਹਮਾਯੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਿਆ ਤਾਂ ਮੈਂ ਸੁਣਿਆ ਹੈ ਗੁਰੂ ਜੀ ਨੇ ਉਸ ਦਾ ਵੀ ਭਲਾ ਕੀਤਾ। ਬਾਦਸ਼ਾਹ ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲ ਕੇ ਆਪਣੇ ਕਾਰਜ ਪੂਰੇ ਕੀਤੇ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਜਹਾਂਗੀਰ ਮਿਲਿਆ ਤਾਂ ਉਨ੍ਹਾਂ ਨੇ ਸ੍ਰੇਸਟ ਬਚਨ ਕਹੇ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ ਮੇਰਾ ਝਗੜਾ ਹੋਇਆ ਸੀ, ਲੋਕਾਂ ਨੇ ਵਿਚ ਪੈ ਕੇ ਬਹੁਤ ਫਰਕ ਪਾ ਦਿੱਤਾ ਸੀ ਅਤੇ ਬਹੁਤ ਵੱਡਾ ਵੈਰ ਪੈ ਗਿਆ ਸੀ ਤਾਂ ਹੀ ਮੈਂ ਦੁਸ਼ਮਣੀ ਦਾ ਅੰਤ ਨਹੀਂ ਕੀਤਾ। ਪਰ ਹੁਣ ਮੈਨੂੰ ਇਹ ਬਹੁਤ ਵੱਡਾ ਕੰਮ ਆ ਪਿਆ ਹੈ। ਮੇਰਾ ਪੁੱਤਰ ਬਿਮਾਰ ਹੈ ਅਤੇ ਤੁਹਾਡੇ ਕੋਲ ਉਸਦਾ ਇਲਾਜ ਹੈ। ਅਠਾਈ ਤੋਲੇ ਦੀ ਹਰੜ ਅਤੇ ਇਕ ਮਾਸੇ ਦਾ ਲੌਂਗ ਇਹ ਦੁਰਲੱਭ ਵਸਤੂਆਂ ਬਹੁਤ ਖੋਜੀਆਂ ਪਰ ਮਿਲੀਆਂ ਨਹੀਂ। ਸ਼ਾਹ ਜਹਾਂ ਨੇ ਇਸ ਤਰ੍ਹਾਂ ਚਿੱਠੀ ਵਿਚ ਲਿਖ ਕੇ ਇਕ ਵਜੀਰ ਨੂੰ ਭੇਜ ਦਿਤਾ। ਪਰ ਰਸਤਾ ਪਾਰ ਕਰਕੇ ਕੀਰਤਪੁਰ ਦੇ ਸਥਾਨ ਤੇ ਆ ਪਹੁੰਚਿਆ। ਉਸ ਵਜੀਰ ਨੇ ਨਗਰ ਵਿਚ ਆ ਕੇ ਡੇਰਾ ਕਰ ਲਿਆ। ਰਾਤ ਬਤੀਤ ਕੀਤੀ ਅਗਲੇ ਦਿਨ ਦੀਵਾਨ ਲੱਗਿਆ ਹੋਇਆ ਸੀ ਅਤੇ ਗੁਰੂ ਜੀ ਦੀਵਾਨ ਵਿਚ ਸੋਭ ਰਹੇ ਸਨ। ਉਸ ਵਜੀਰ ਨੇ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਚਿੱਠੀ ਪੇਸ਼ ਕਰ ਦਿੱਤੀ। ਉਹ ਚਿੱਠੀ ਗੁਰੂ ਜੀ ਅੱਗੇ ਪੜ੍ਹ ਕੇ ਸੁਣਾਈ ਗਈ। ਅਠਾਈ ਤੋਲੇ ਦੀ ਹਰੜ ਅਤੇ ਇਕ ਮਾਸੇ ਦਾ ਲੌਂਗ ਹੋਵੇ ਭੇਜ ਦੇਣਾ। ਇਕ ਗਜ ਮੋਤੀ ਭੇਜਣਾ ਉਸ ਨੂੰ ਵੇਖਣਾ ਚਾਹੁੰਦੇ ਹਾਂ ਤਾਂ ਗੁਰੂ ਜੀ ਸੁਣ ਕੇ ਮੁਸਕਰਾਏ ਅਤੇ ਆਖਿਆ ਜੇਕਰ ਸ਼ਾਹ ਜਹਾਂ ਬਾਦਸ਼ਾਹ ਨੂੰ ਨਿਸ਼ਚਾ ਹੈ ਤਾਂ ਇਹ ਵਸਤਾਂ ਦੇ ਦੇਵੋ ਉਸ ਦਾ ਪਿਆਰਾ ਪੁੱਤਰ ਦਾਰਾ ਸ਼ਿਕੋਹ ਭਲਾ ਪੁਰਸ਼ ਹੈ ਠੀਕ ਹੋ ਜਾਵੇਗਾ। ਗੁਰੂ ਜੀ ਨੇ ਤਿੰਨੇ ਵਸਤਾਂ (ਹਰੜ, ਲੌਂਗ ਅਤੇ ਗਜਮੋਤੀ) ਮੰਗਵਾ ਲਈਆਂ। ਖਜਾਨਚੀ ਨੂੰ ਹੁਕਮ ਕੀਤਾ ਕਿ ਸੰਗਤ ਦੇ ਸਾਹਮਣੇ ਤੋਲ ਕੇ ਦਿਓ ਅਤੇ ਬਾਦਸ਼ਾਹ ਦਾ ਇਹ ਕੰਮ ਕਰ ਦਿਓ। ਸੰਗਤ ਦੀ ਹਾਜਰੀ ਵਿਚ ਗੁਰੂ ਜੀ ਦੇ ਸਾਹਮਣੇ ਖਜਾਨਚੀ ਨੇ ਤੋਲ ਕੇ ਸਭ ਕੁਝ ਵਜੀਰ ਨੂੰ ਦੇ ਦਿੱਤਾ। ਸਤਿਗੁਰਾਂ ਨੇ ਦੱਸਿਆ ਕਿ ਪੇਟ ਦੇ ਸਾਰੇ ਰੋਗ ਇਨ੍ਹਾਂ ਨਾਲ ਦੂਰ ਹੋ ਜਾਂਦੇ ਹਨ। ਜਦੋਂ ਰੋਗੀ ਇਨ੍ਹਾਂ ਨੂੰ ਹੱਥ ਵਿਚ ਫੜ ਲੈਂਦਾ ਹੈ ਤਾਂ ਦਸਤ ਲੱਗ ਜਾਂਦੇ ਹਨ। ਪੇਟ ਸਾਫ ਹੋ ਜਾਂਦਾ ਹੈ। ਜਦੋਂ ਇਹ ਵਸਤਾਂ ਹੱਥਾਂ ਵਿਚੋਂ ਪਰੇ ਕਰ ਦਿਓਗੇ ਤਾਂ ਦਸਤ ਬੰਦ ਹੋ ਜਾਣਗੇ। ਭੁੱਖ ਲਗ ਜਾਂਦੀ ਹੈ। ਪੇਟ ਦੇ ਰੋਗ ਠੀਕ ਹੋ ਜਾਂਦੇ ਹਨ। ਗਜਮੋਤੀ ਹਾਥੀ ਦੇ ਸਿਰ ਵਿਚੋਂ ਨਿਕਲਿਆ ਹੁੰਦਾ ਹੈ। ਇਸ ਦੇ ਬਰਾਬਰ ਚਮਕ ਦਮਕ ਵਾਲਾ ਕਿਸੇ ਵੀ ਦੇਸ਼ ਵਿਚੋਂ ਨਹੀਂ ਮਿਲ ਸਕਦਾ। ਇਹ ਗਹਿਣਿਆਂ ਵਿਚ ਲਾਇਆ ਜਾਂਦਾ ਹੈ। ਅਜਿਹਾ ਗਹਿਣਾ ਪਾਉਣ ਨਾਲ ਸੰਸਾਰੀ ਲੋਕ ਖੁਸ਼ ਹੁੰਦੇ ਹਨ। ਤਿੰਨੇ ਹੀ ਵਸਤੂਆਂ ਦੁਰਲਭ ਹਨ। ਸ੍ਰੀ ਗੁਰੂ ਹਰਿ ਰਾਇ ਜੀ ਨੇ ਤਿੰਨੇ ਵਸਤੂਆਂ ਦੇ ਗੁਣ ਦੱਸੇ। ਵਜੀਰ ਪ੍ਰਸੰਨ ਹੋ ਕੇ ਉਥੋਂ ਚਲ

ਪਿਆ। ਦਿੱਲੀ ਪਹੁੰਚ ਕੇ ਬਾਦਸ਼ਾਹ ਨੂੰ ਇਹ ਵਸਤਾਂ ਦਿੱਤੀਆਂ ਤਾਂ ਉਹ ਦੇਖ ਕੇ ਬਹੁਤ ਖੁਸ਼ ਹੋਇਆ। ਸਿਆਣੇਹਕੀਮਾਂ ਦੀ ਹਾਜਰੀ ਵਿਚ ਇਹ ਹਰੜ ਤੇ ਲੌਂਗ ਨਾਲ ਦਾਰਾ ਸ਼ਿਕੋਹ ਤੰਦਰੁਸਤ ਹੋ ਗਿਆ। ਸਭ ਨੇ ਬਹੁਤ ਖੁਸ਼ੀ ਮਨਾਈ। ਉਸ ਵੇਲੇ ਬਾਦਸ਼ਾਹ, ਵਜੀਰ ਅਤੇ ਸਾਰੇ ਅਹਿਲਕਾਰ ਕਹਿਣ ਲਗੇ ਧੰਨ ਹਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ।

## ਲੰਗਰ ਦੀ ਸੇਵਾ ਦਾ ਮਹਾਤਮ

ਸਤਿਗੁਰੂ ਸ੍ਰੀ ਹਰਿ ਰਾਇ ਜੀ ਕੀਰਤਪੁਰ ਸਾਹਿਬ ਇੱਕ ਦਿਨ ਦੀਵਾਨ ਵਿਚ ਬੈਠੇ ਸਨ। ਸੰਗਤ ਦਰਸ਼ਨ ਕਰਦੀ ਹੋਈ ਮਨਇੱਛਤ ਫਲ ਪ੍ਰਾਪਤ ਕਰ ਰਹੀ ਸੀ। ਦੇਸਾਂ ਵਿਦੇਸਾਂ ਦੀਆ ਬਹੁਤ ਜਿਆਦਾ ਸੰਗਤਾਂ ਆ ਕੇ ਗੁਰੂ ਜੀ ਦੇ ਪੂਰਨ ਦਰਸਨ ਕਰਦੀਆਂ। ਗੁਰੂ ਜੀ ਦੇ ਦੋਨੋ ਪਾਸੇ ਝੁਲਦਾ ਹੋਇਆ ਚੌਰ ਸੋਭਾ ਪਾ ਰਿਹਾ ਸੀ। ਸਰੀ ਗੁਰੂ ਹਰਿ ਰਾਇ ਜੀ ਦੇ ਗਲ਼ ਵਿਚ ਇੱਕ ਸੌ ਇੱਕ ਕਲੀਆਂ ਵਾਲਾ ਚੋਲਾ ਪਹਿਨਿਆ ਹੋਇਆ ਸੀ। ਸਿੱਖ ਗੁਰੂ ਜੀ ਅੱਗੇ ਅਰਦਾਸ ਕਰਦੇ ਤਾਂ ਉਹ ਕਿਰਪਾ ਭਰੇ ਨੇਤਰਾਂ ਨਾਲ ਦੇਖਦੇ। ਗੁਰੂ ਜੀ ਦੇ ਆਲ਼ੇ ਦੁਆਲ਼ੇਚਾਰੇ ਅਸੀਂ ਹਥਿਆਰ ਫੜੀ ਅਨੇਕਾਂ ਸੂਰਮੇ ਖੜ੍ਹੇ ਸਨ।

ਇੱਕ ਸਿੱਖ ਹੱਥ ਜੋੜ ਕੇ ਬੋਲਿਆ, ਸ੍ਰੇਸਟ ਸਤਿਗੁਰੂ ਜੀ! ਤੁਸੀਂ ਅਨਾਥਾਂ ਦੇ ਮਾਲਕ ਹੋ। ਜੇਕਰ ਗਰੀਬ ਸਿੱਖ ਪਾਸ ਮਾਇਆ ਨਾ ਹੋਵੇ ਉਹ ਆਪ ਜੀ ਦੀ ਸੇਵਾ ਕਿਵੇਂ ਕਰੇ। ਗਰੀਬ ਹੁੰਦੇ ਹੋਏ ਉਹ ਜਤਨ ਵੀ ਕਰੇ ਤਾਂ ਵੀ ਉਸ ਦੇ ਹੱਥ ਕਿਤੋਂ ਧਨ ਪ੍ਰਾਪਤ ਨਾ ਹੋਵੇ, ਉਹ ਆਪ ਜੀ ਨੂੰ ਖੁਸ਼ ਕਰਨ ਲਈ ਕੀ ਕਰੇ ਜਿਸ ਨਾਲ ਉਸਦਾ ਜੀਵਨ ਸਫਲਾ ਹੋ ਜਾਵੇ। ਸ੍ਰੀ ਗੁਰੂ ਹਰਿ ਰਾਇ ਜੀ ਦੀਵਾਨ ਵਿਚ ਬੋਲੇ ਜਿਨ੍ਹਾਂ ਦੇ ਹਿਰਦੇ ਅੰਦਰ ਗੁਰੂ ਉਪਦੇਸ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਦਿਨ ਰਾਤ ਸਿਮਰਨ ਕਰਦੇ ਹਨਉਹ ਸਾਨੂੰ ਬਹੁਤ ਪਿਆਰੇ ਹਨ। ਜਿਹੜੇ ਅਨਾਜ ਅਤੇ ਧਨ ਸ਼ਰਧਾ ਧਾਰ ਕੇ ਅਰਪਣ ਕਰਦੇ ਹਨ ਉਨ੍ਹਾਂ ਦੀ ਗਰੀਬੀ ਖਤਮ ਹੋ ਜਾਂਦੀ ਹੈ। ਇਸ ਬਾਬਤ ਇਕ ਇਤਿਹਾਸਕ ਘਟਨਾ ਸੁਣੋ, ਜਿਸ ਤਰ੍ਹਾਂ ਵੀ ਹੋਈ ਉਸ ਨੂੰ ਉਸੇ ਤਰ੍ਹਾਂ ਹੀ ਹਿਰਦੇ ਵਿਚ ਵਸਾਓ।

ਇਕ ਨਗਰ ਵਿਚ ਸਿੱਖ ਰਹਿੰਦਾ ਸੀ, ਉਹ ਗਰੀਬ ਸੀ, ਉਸ ਦੇ ਘਰ ਵਿਚ ਅਨਾਜ, ਧਨ ਕੁਝ ਨਹੀਂ ਸੀ। ਮਸਾਂ ਮਸਾਂ ਕਰਕੇ ਪੇਟ ਪਾਲਦਾ ਸੀ, ਸਦਾ ਹੀ ਗਰੀਬੀ ਦਾ ਦੁਖ ਸਹਿੰਦਾ। ਉਸ ਦੇ ਘਰ ਵਿਚ ਇੱਕ ਚਿੜੇ ਤੇ ਚਿੜੀ ਦਾ ਜੋੜਾ ਰਹਿੰਦਾ ਸੀ, ਜਿਨ੍ਹਾਂ ਦਾ ਪਹਿਲਾ ਜਨਮ ਸਿੱਖ ਤੇ ਸਿੱਖਣੀ ਦਾ ਸੀ। ਗੁਰੂ ਜੀ ਦੇ ਪਰਤਾਪ ਨਾਲ ਗਿਆਨਵਾਨ ਸਨ, ਪ੍ਰੰਤੂ ਕਿਸੇ ਕਰਮ ਕਰਕੇ ਉਨ੍ਹਾਂ ਪੰਛੀ ਦਾ ਜਾਮਾ ਲੈ ਲਿਆ ਸੀ।

ਉਸ ਸਿੱਖ ਦੇ ਘਰ ਗਰੀਬੀ ਦੀ ਮੁਸੀਬਤ ਵੇਖ ਕੇ ਉਹ ਚਿੜਾ ਚਿੜੀ ਚਿਤ ਵਿਚ ਬਹੁਤ ਚਿੰਤਾ ਕਰਦੇ ਹੋਏ ਦੁਖੀ ਹੁੰਦੇ। ਫਿਰ ਚਿੜਾ ਚਿੜੀ ਹਿਰਦੇ ਵਿਚ ਬਿਪਤਾ ਦੂਰ ਕਰਨ ਦੀ ਸੋਚਦੇ ਹੋਏ ਉਨ੍ਹਾਂ ਦੀ ਸਹਾਇਤਾ ਕਰਨ ਲੱਗੇ। ਉਹ ਸਿੱਖ ਦੇ ਘਰੋਂ ਚੁੰਝ- ਭਰ ਅਨਾਜ ਲੇ ਕੇ ਗੁਰੂ ਜੀ ਦੇ ਲੰਗਰ ਵਿਚ ਆ ਕੇ ਮਿਲਾ ਦਿੰਦੇ। ਕੁਝ ਕੁ ਦਿਨਾਂ ਵਿਚ ਹੀ ਧਨ ਤੇ ਅਨਾਜ ਵਿਚ ਵਾਧਾ ਹੋ ਗਿਆ।

ਉਸ ਸਿੱਖ ਮਿਹਨਤ ਕਰਕੇ ਮਜਦੂਰੀ ਲਿਆਉਂਦਾ ਅਤੇ ਉਸ ਨਾਲ ਘਰ ਵਿਚ ਅਨਾਜ ਲਿਆਉਂਦਾ। ਉਹ ਅਨਾਕ ਨੂੰ ਸੁਕਾਉਣ ਲਈ ਵਿਹੜੇ ਵਿਚ ਪਾ ਦਿੰਦੇ, ਕੁੱਟ ਪੀਸ ਕੇ ਫਿਰ ਉਸ ਨੂੰ ਖਾਂਦੇ। ਉਥੋਂ ਉਹ ਚਿੜਾ ਚਿੜੀ ਚੁੰਝ ਵਿਚ ਕੁਝ ਅਨਾਜ ਲੈ ਕੇ ਸਾਰੀ ਸੰਗਤ ਦੇ ਲੰਗਰ ਵਿਚ ਪਾ ਦਿੰਦੇ। ਸਿੱਖਾਂ ਸਮੇਤ ਅਸੀਂ ਵੀ ਭੋਜਨ ਛਕਦੇ, ਜਿਸ ਕਰਕੇ ਬਹੁਤ ਜਿਆਦਾ ਪੁੰਨ ਹੋਣ ਲੱਗਾ।

ਇਹ ਉਪਕਾਰ ਕਈ ਦਿਨ ਹੁੰਦਾ ਰਿਹਾ ਅਤੇ ਉਸ ਦੇ ਘਰ ਦੌਲਤ ਆ ਗਈ। ਬਹੁਤ ਸਾਰਾ ਧਨ ਤੇ ਅਨਾਜ ਹੋ ਜਾਣ ਤੇ ਉਸ ਨੇ ਆਪਣੀ ਥਾਂ ਤੇ ਬਣੀ ਛੱਪਰੀ ਢਾਹ ਦਿੱਤੀ ਅਤੇ ਉਸ ਦੀ ਥਾਂ ਸੁੰਦਰ ਘਰ ਬਣਵਾ ਕੇ ਉਥੇ ਅਨੰਦ ਨਾਲ ਰਹਿਣ ਲੱਗਾ। ਫਿਰ ਚਿੜਾ ਚਿੜੀ ਨੇ ਹੋਰ ਥਾਂ ਤੇ ਦਰਖਤ ਉਪਰ ਆਲਣਾ ਬਣਾ ਕੇ ਵਾਸਾ ਕਰ ਲਿਆ।

ਉਸ ਸਮੇਂ ਤੋਂ ਹੀ ਉਸ ਘਰ ਦੀ ਦੌਲਤ ਹੌਲੀ ਹੌਲੀ ਖਤਮ ਹੋ ਗਈ । ਲੰਗਰ ਵਿਚ ਹਿੱਸਾ ਪੈਣ ਤੋਂ ਹਟ ਗਿਆ, ਫਿਰ ਉਸਦਾ ਫਲ ਕਿਵੇਂ ਪ੍ਰਾਪਤ ਕਰਦੇ। ਉਹ ਸਿੱਖ ਗਰੀਬ ਹੋ ਕੇ ਹੰਕਾਰ ਰਹਿਤ ਹੋ ਗਿਆ ਅਤੇ ਸਾਡੀ ਸ਼ਰਨ ਵਿਚ ਆ ਗਿਆ। ਉਹ ਆਖਣ ਲੱਗਾ ਕਿ ਹੇ ਗੁਰੂ ਸਾਹਿਬ ਜੀਓ ਤੁਹਾਡੇ ਬਿਨਾਂ ਹੋਰ ਕੋਈ ਵੀ ਰੱਖਿਆ ਕਰਨ ਵਾਲਾ ਨਹੀਂ ਹੈ। ਹੁਣ ਕਿਰਪਾ ਕਰੋ ਤੇ ਸਹਾਇਤਾ ਕਰੋ।

ਲੋਕ ਸਾਨੂੰ ਤੁਹਾਡੇ ਨਾਮ ਨਾਲ ਹੀ ਗੁਰੂ ਦੇ ਸਿੱਖ ਕਹਿੰਦੇ ਹਨ। ਇਸ ਦੀ ਨਮੋਸੀ ਆਪ ਜੀ ਨੂੰ ਹੀ ਹੋਵੇਗੀ। ਗਰੀਬੀ ਤੋਂ ਧਨ ਸੰਪਤੀ ਬਹੁਤ ਵਧ ਗਈ ਸੀ ਪਰ ਹੁਣ ਨਾਸ਼ ਹੋ ਗਈ ਹੈ। ਆ ਪਈ ਮੁਸੀਬਤ ਨੂੰ ਦੂਰ ਕਰੋ, ਤੁਹਾਡੇ ਤੋਂ ਬਿਨਾ ਅਜਿਹੀ ਸਮਰੱਥਾ ਰੱਖਣ ਵਾਲਾ ਹੋਰ ਕੋਈ ਨਹੀਂ ਹੈ। ਕਿਸੇ ਨੂੰ ਬਚਾ ਲਵੋ, ਕਿਸੇ ਨੂੰ ਮਿਟਾ ਦਿਓ। ਬੇਨਤੀ ਸੁਣ ਕੇ ਅਸੀਂ ਧਨ ਸੰਪਤੀ ਹੋਣ ਦਾ ਜਿਹੜਾ ਕਾਰਨ ਸੀ, ਸਮਝਾਇਆ। ਜਿਹੜੇ ਦੋਵੇਂ ਚਿੜਾ ਤੇ ਚਿੜੀ ਸਨ ਉਹ ਗੁਰੂ ਦੇ ਲੰਗਰ ਲਈ ਤੇਰੇ ਘਰ ਤੋਂ ਹਿੱਸਾ ਲਿਆਉਂਦੇ ਸਨ। ਸਮਝ ਲੈ ਸੰਗਤਾਂ ਦੇ ਛਕਣ ਨਾਲ ਤੈਨੂੰ ਉਹ ਧਨ ਸੰਪਤੀ ਪ੍ਰਾਪਤ ਹੋਈ ਸੀ। ਛੱਪਰੀ ਤੋੜਨ ਕਰਕੇਉਹ ਚਿੜਾ ਚਿੜੀ ਹੋਰ ਥਾਂ ਤੇ ਚਲੇ ਗਏ ਓਤੇ ਹੁਣ ਅਨਾਜ ਦਾ ਕਿਣਕਾ ਗੁਰੂ ਕੇ ਲੰਗਰਾਂ ਵਿਚ ਨਹੀਂ ਆਉਂਦਾ।

ਜਿਸ ਦੀ ਇੱਛਾ ਹੈ ਕਿ ਧਨ ਸੰਪਤੀ ਹੋਵੇ, ਉਹ ਸੰਗਤਾਂ ਨੂੰ ਭੋਜਨ ਛਕਾਵੇ। ਸਮਰੱਥਾ ਅਨੁਸਾਰ ਥੋੜ੍ਹੇ ਵਿਚੋਂ ਥੋੜ੍ਹਾ ਦੇ ਕੇ, ਪ੍ਰੇਮ ਭਾਵਨਾ ਨਾਲ ਹੱਥੀਂ ਸੇਵਾ ਕਰੇ।

ਅਸੀਂ ਉਸ ਦੀ ਜਾ ਕੇ ਸਹਾਇਤਾ ਕਰਦੇ ਹਾਂ, ਗਰੀਬੀ ਅਤੇ ਦੁੱਖ ਸਭ ਦੂਰ ਕਰ ਦਿੰਦੇ ਹਾਂ। ਹੁਣ ਤੂੰ ਉਵੇਂ ਪਹਿਲਾਂ ਦੀ ਤਰ੍ਹਾਂ ਕਰ। ਅਨਾਜ ਅਤੇ ਧਨ ਦੌਲਤ ਵਧ ਜਾਵੇਗੀ। ਸੁਖ ਨੂੰ ਪ੍ਰਾਪਤ ਕਰ ਲਵੇਂਗਾ। ਇਸ ਵਾਸਤੇ ਜੋ ਵੀ ਗਰੀਬ ਹੋਵੇ, ਉਹ ਧਰਮ ਦੀ ਕਿਰਤ ਕਰਕੇ ਆਪਣੇ ਭੋਜਨ ਵਿਚੋਂ ਚੌਥਾ ਹਿੱਸਾ ਗੁਰੂ ਜੀ ਲਈ ਅਰਪਣ ਕਰੇ। ਉਸ ਦੇ ਘਰ ਦੀ ਸੰਪਤੀ ਦਿਨ ਪ੍ਰਤੀ ਦਿਨ ਵਧਣ ਲੱਗੇਗੀ। ਸਤਿਸੰਗਤ ਸਾਡਾ ਹੀ ਸਰੂਪ ਹੈ, ਉਹ ਛਕਦੀ ਹੈ ਤਾਂ ਸਾਡੇ ਤੱਕ ਪਹੁੰਚ ਜਾਂਦਾ ਹੈ। ਉਸ ਸਿੱਖ ਦਾ ਲੋਕ ਪਰਲੋਕ ਸੰਵਰ ਜਾਵੇਗਾ, ਜੋ ਲੰਗਰ ਤਿਆਰ ਕਰਕੇ ਸਿੱਖ ਸੰਗਤਾਂ ਨੂੰ ਛਕਾਵੇਗਾ। ਥੋੜੇ ਜਾਂ ਜਿਆਦਾ ਦੀ ਕੋਈ ਵਿਚਾਰ ਨਹੀਂ, ਸਮਰੱਥਾ ਅਨੁਸਾਰ ਪ੍ਰੇਮ ਨਾਲ ਭੇਟ ਕਰੇ। ਇਸ ਵਿਚ ਆਪਣਾ ਹੀ ਭਲਾ ਸਮਝੋ। ਸੰਗਤਾਂ ਵਿਚ ਬਹੁਤ ਜਿਆਦਾ ਖੁਸ਼ੀ ਸੀ, ਸਾਰੇ ਆਪਣੇ ਵੱਡੇ ਭਾਗ ਸਮਝ ਰਹੇ ਸਨ। ਤਿੰਨ ਲੋਕਾਂ ਦੇ ਮਾਲਕ ਸਤਿਗੁਰੂ ਜੀ ਸ੍ਰੇਸਟ ਉਪਦੇਸ ਦੇ ਰਹੇ ਸਨ। ਸੇਵਕ ਸਮਝ ਰਹੇ ਸਨ ਕਿ ਕਿਰਪਾ ਦੇ ਖਜਾਨੇ ਸਾਨੂੰ ਖੁਸ਼ ਹੋ ਕੇ ਸਿੱਖਿਆ ਦੇ ਰਹੇ ਹਨ।

## ਅਜਗਰ ਦੀ ਕਲਿਆਣ

ਸਤਿਗੁਰੂ ਸ੍ਰੀ ਹਰਿ ਰਾਇ ਸਾਹਿਬ ਜੀ ਨੇ ਆਪਣੇ ਸਰੀਰ ਤੇ ਸ਼ਸਤਰ ਤੇ ਵਸਤਰ ਸਜਾ ਲਏ। ਸਤਿਗੁਰਾਂ ਨੇ ਧਨੁਖ ਮੋਡੇ ਉਪਰ ਧਰ ਲਿਆ। ਮੋਤੀਆਂ, ਹੀਰਿਆਂ ਅਤੇ ਰਤਨਾਂ ਨਾਲ ਜੜਿਆ ਹੋਇਆ ਤਿੱਖੇ ਤੀਰਾਂ ਵਾਲਾ ਭੱਥਾ ਬਹੁਤ ਸੋਹਣਾ ਲਗ ਰਿਹਾ ਸੀ। ਗਾਤਰੇ ਕਿਰਪਾਨ ਸਜਾਈ। ਆਗਿਆ ਕਰਕੇ ਘੋੜਾ ਮੰਗਵਾਇਆ ਜੋ ਬਹੁਤ ਫੁਰਤੀਲਾ ਸੀ। ਗੁਰੂ ਜੀ ਸਵਾਰ ਹੋ ਗਏ ਅਤੇ ਲਗਾਮ ਫੜ ਕੇ ਸਾਰਿਆਂ ਦੀ ਅਗਵਾਈ ਕਰਦੇ ਹੋਏ ਚੱਲ ਪਏ। ਗੁਰੂ ਜੀ ਨੇ ਮੁਖੋਂ ਬਚਨ ਕਹਿ ਕੇ ਘੋੜਾ ਤੇਜ ਕਰ ਲਿਆ। ਸਾਰੀ ਸੈਨਾ ਸਸ਼ਤਰਧਾਰੀ ਸ਼ਿਕਾਰ ਕਰਨ ਲਈ ਜੰਗਲ ਨੂੰ ਚਲ ਪਈ। ਸੂਰਮੇ ਘੋੜਿਆਂ ਉਪਰ ਸਵਾਰ ਹੋ ਕੇ ਗੁਰੂ ਜੀ ਦੇ ਪਿੱਛੇ ਇਕੱਠੇ ਦੌੜਦੇ ਜਾ ਰਹੇ ਸਨ। ਅੱਗਿਉਂ ਇਕ ਸੱਪ ਚਲਦਾ ਹੋਇਆ ਆਇਆ ਜਿਸ ਨੂੰ ਲੋਕ ਅਜਗਰ ਕਹਿੰਦੇ ਸਨ। ਅਜਗਰ ਅਜ ਦਾ ਅਰਥ ਬੱਕਰਾ ਗਰ ਦਾ ਅਰਥ ਨਿਗਲਣ ਵਾਲਾ ਦੋ ਸ਼ਬਦਾਂ ਦਾ ਸੁਮੇਲ ਹੈ। ਜਿਸ ਦਾ ਅਰਥ ਹੈ ਬੱਕਰੇ ਨੂੰ ਨਿਗਲ ਲੈਣ ਵਾਲਾ। ਸੱਪਾਂ ਦੀਆਂ ਓਨੇਕਾਂ ਕਿਸਮਾਂ ਵਿਚੋਂ ਇਹ ਇਕ ਕਿਸਮ ਹੈ ਜਿਸ ਦਾ ਸਰੀਰ ਮੋਟਾ ਲੰਮਾ ਹੁੰਦਾ ਹੈ। ਆਪਣੇ ਸ਼ਿਕਾਰ ਨੂੰ ਜਿਉਂਦੇ ਨਿਗਲ ਲੇਂਦਾ ਹੈ। ਉਸ ਨੂੰ ਬਹੁਤ ਸਾਰੀਆਂ ਕੀੜੀਆਂ ਕੱਟ ਕੱਟ ਖਾ ਰਹੀਆਂ ਸਨ। ਉਹ ਤੜਫਦਾ ਹੋਇਆ ਲਿਟਦਾ ਜਾ ਰਿਹਾ ਸੀ। ਵੱਡੇ ਲੰਬੇ ਤੇ ਮੋਟੇ ਸਰੀਰ ਵਾਲਾ ਅਜਗਰ ਬਹੁਤ ਜਿਆਦਾ ਦੁਖ ਪਾ ਰਿਹਾ ਸੀ। ਕੀੜੀਆਂ ਕੱਟਦੀਆਂ ਤਾਂ ਪੁੱਠਾ ਸਿੱਧਾ ਹੋਣ ਕਰਕੇ ਸਰੀਰ ਤੇ ਭਿਆਨਕ ਜਖਮ ਹੋ ਗਏ ਸਨ। ਉਸ ਦੇ ਬਚਣ ਦਾ ਕੋਈ ਵੀ ਉਪਾਅ ਨਹੀਂ ਸੀ। ਲੱਖਾਂ ਹੀ

ਬਹੁਤ ਭਿਆਨਕ ਕੀੜੇ ਖਾ ਰਹੇ ਸਨ। ਸ੍ਰੀ ਗੁਰੂ ਹਰਿ ਰਾਇ ਜੀ ਨੇ ਉਸ ਨੂੰ ਵੇਖਿਆ ਅਤੇ ਕਿਰਪਾ ਧਾਰ ਕੇ ਆਪਣਾ ਧਨੁੱਖ ਸੰਭਾਲ ਲਿਆ। ਭੱਥੇ ਵਿਚੋਂ ਤੀਰ ਕੱਢ ਕੇ ਚਿੱਲੇ ਉਤੇ ਚੜ੍ਹਾ ਕੇ ਮਜਬੂਤ ਹੱਥ ਦੇ ਜੋਰ ਨਾਲ ਖਿੱਚਿਆ। ਗੁਰੂ ਜੀ ਨੇ ਉਸ ਤੀਰ ਨੂੰ ਛੱਡਿਆ ਅਤੇ ਸਿਰ ਕੱਟ ਕੇ ਉਸ ਅਜਗਰ ਨੂੰ ਮਾਰ ਦਿੱਤਾ। ਉਸ ਨੇ ਮਰ ਕੇ ਸ੍ਰੇਸਟ ਮੁਕਤੀ ਪ੍ਰਾਪਤ ਕਰ ਲਈ ਅਤੇ ਬਿਮਾਨ ਤੇ ਸਵਾਰ ਹੋ ਕੇ ਉਪਰ ਵੱਲ ਚਲਾਇਆ।

ਕੌਤਕ ਵੇਖ ਕੇ ਸੈਨਾ ਚਿੱਤ ਵਿਚ ਹੈਰਾਨ ਹੋਈ ਅਤੇ ਗੁਰੂ ਜੀ ਕੋਲੋਂ ਪੁੱਛਣ ਲੱਗੀ "ਗੁਰੂ ਸਾਹਿਬ ਜੀ, ਇਹ ਕੌਣ ਸੀ, ਸਾਨੂੰ ਦੱਸੋ ਉਸ ਨੇ ਕਿਹੜੇ ਪਾਪ ਦਾ ਫਲ ਪ੍ਰਾਪਤ ਕੀਤਾ ਸੀ। ਨਾਸ ਵੱਡ ਵੱਡ ਕੇ ਕੀੜੀਆਂ ਨੇ ਜਖਮ ਕਰ ਦਿੱਤੇ ਸਨ ਅਤੇ ਬਹੁਤ ਜਿਆਦਾ ਦੁਖ ਪ੍ਰਾਪਤ ਕਰ ਰਿਹਾ ਸੀ। ਤੜਫਦੇ ਹੋਏ ਨੂੰ ਆਪ ਜੀ ਨੇ ਦੇਖ ਕੇ ਦਇਆ ਕਰਕੇ ਆਪਣੇ ਤੀਰ ਨਾਲ ਨਾਸ ਕਰ ਦਿੱਤਾ।

ਸੇਵਕਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਸਾਰਾ ਬਿਰਤਾਂਤ ਸਮਝਾਉਂਦੇ ਹੋਏ ਕਿਹਾ ਪਹਿਲੇ ਜਨਮ ਵਿਚ ਇਹ ਵਿਦਵਾਨ ਬ੍ਰਾਹਮਣ ਸੀ ਅਤੇ ਲੋਕਾਂ ਨੂੰ ਸਮਝਾਉਂਦਾ ਹੋਇਆ ਖੁਦ ਨੂੰ ਗੁਰੂ ਅਖਵਾਉਂਦਾ ਸੀ। ਵੇਦਾਂਤ ਦੀ ਵਿੱਦਿਆ ਦੇ ਅਹੰਕਾਰ ਨਾਲ ਆਫਰਿਆ ਹੋਇਆ ਲੋਕਾਂ ਨੂੰ ਸਿੱਖਿਆ ਦਿੰਦਾ ਸੀ। ਪ੍ਰੇਮਾ ਭਗਤੀ ਨੂੰ ਛੱਡ ਕੇ ਪਖੰਡ ਕਰਦਾ ਰਹਿੰਦਾ ਸੀ।

ਮੈਂ ਬ੍ਰਹਮ ਹਾਂ ਪਰ ਅੰਦਰ ਗਿਆਨ ਨਹੀਂ ਸੀ। ਲੋਕਾਂ ਤੋਂ ਪੈਸਾ ਲੈ ਕੇ ਮੋਹ ਅਧੀਨ ਪਤਨੀ ਤੇ ਪੁੱਤਰਾਂ ਨੂੰ ਦਿੰਦਾ ਸੀ। ਉਹ ਸੰਤਾਂ ਅੱਗੇ ਨੀਵਾਂ ਨਹੀਂ ਹੁੰਦਾ ਸੀ। ਵਿੱਦਿਆ ਦੇ ਆਸਰੇ ਬਹੁਤ ਸਾਰੇ ਚੇਲੇ ਬਣਾ ਲਏ। ਪਰ ਸੇਵਾ ਸਿਮਰਨ ਨਹੀਂ ਕਰਦਾ ਸੀ।ਸਭਿਅ ਮੰਦਾ ਸੀ ਹੰਕਾਰ ਸਮੇਤ ਮੌਤ ਦੇ ਵਸ ਹੋ ਗਿਆ ਅਤੇ ਸੱਪ ਦੀ ਜੂਨ ਵਿਚ ਪੈ ਗਿਆ। ਸਾਰੇ ਸੇਵਕ ਕੀੜੇ ਕੀੜੀਆਂ ਬਣ ਗਏ। ਭਲਾ ਕਿਸੇ ਦਾ ਨਾ ਕਰ ਸਕਿਆ। ਪੂਜਾ ਦਾ ਧਨ ਲੈਂਦਾ ਰਿਹਾ। ਉਹ ਸਾਰੇ ਹੁਣ ਕੱਟ ਰਹੇ ਸਨ ਬਦਲਾ ਲੈ ਰਹੇ ਸਨ। ਹੁਣ ਸਾਡੇ ਦਰਸ਼ਨ ਕਰਕੇ ਮੁਕਤੀ ਪਰਾਪਤ ਕਰ ਲਈ ਹੈ। ਸਾਰੇ ਪਾਪ ਖਤਮ ਹੋ ਗਏ। ਜੋ ਅੰਦਰ ਗਿਆਨ ਤੋਂ ਬਗੈਰ ਜਗਤ ਗੁਰੂ ਅਖਵਾਉਂਦੇ ਹਨ ਉਹ ਘੋਰ ਦੁਖ ਪ੍ਰਾਪਤ ਕਰਦੇ ਹਨ। ਜਿਹੜੇ ਕੱਚੇ ਗੁਰੂ ਅਤੇ ਉਨ੍ਹਾਂ ਦੇ ਸੇਵਕ ਹੁੰਦੇ ਹਨ ਉਨ੍ਹਾਂ ਦਾ ਮਨੁਖਾ ਜਨਮ ਫਜ਼ੂਲ ਹੀ ਚਲਾ ਜਾਂਦਾ ਹੈ। ਜੋ ਧਰਮ ਦੀ ਕਿਰਤ ਕਰਕੇ ਸੰਤਾਂ ਦੀ ਸੇਵਾ ਕਰਦੇ ਹਨ ਉਨ੍ਹਾਂ ਦੀ ਅਸੀਂ ਸਹਾਇਤਾ ਕਰਦੇ ਹਾਂ। ਧੰਨ ਹਨ ਗੁਰੂ ਹਰਿ ਰਾਇ ਜੀ।

## ਪਾਤਿਸ਼ਾਹੀ ਅੱਠਵੀਂ

### ਛੱਜੂ ਝੀਵਰ ਨੇ ਗੀਤਾ ਦੇ ਅਰਥ ਕਰਨੇ

*ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ॥*

ਜਦੋਂ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦਿੱਲੀ ਨੂੰ ਜਾ ਰਹੇ ਸਨ ਤਾਂ ਆਪ ਜੀ ਨੇ ਅੰਬਾਲੇ ਤੋਂ ਚਾਰ ਪੰਜ ਮੀਲ ਦੇ ਫਾਸਲੇ ਤੇ ਪੰਜੋਖਰੇ ਨਾਮੇ ਨਗਰ ਵਿਚ ਇੱਕ ਉੱਚੇ ਟਿੱਬੇ ਤੇ ਪੜਾਅ ਕੀਤਾ। ਇੱਥੇ ਇੱਕ ਲਾਲ ਚੰਦ ਨਾਂਅ ਦਾ ਬੜਾ ਵਿਦਵਾਨ ਪੰਡਿਤ ਰਹਿੰਦਾ ਸੀ। ਸਵੇਰ ਵਕਤ ਜਦੋਂ ਪਹਾੜ ਦੀ ਤਰਫ ਨੂੰ ਬਾਹਰ ਨਿਕਲਿਆ ਤਾਂ ਉਚੇ ਟਿੱਬੇ ਤੇ ਤੰਬੂ ਲੱਗੇ ਵੇਖ ਕੇ ਇੱਕ ਸਿੱਖ ਨੂੰ ਪੁਛਿਆ ਕਿ ਇਹ ਕੌਣ ਹਨ ਜਿਨਾ ਨਾਲ ਇਤਨੇ ਲੋਕ ਹਨ ਤਾਂ ਸਿੱਖ ਨੇ ਕਿਹਾ ਇਹ ਅਕਾਲ ਪੁਰਖ ਦੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੱਠਵਾਂ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ। ਪੰਡਿਤ ਜੀ ਨੇ ਹੰਕਾਰ ਸਹਿਤ ਕਿਹਾ ਵੱਡਾ ਨਾਮ ਰਖਾ ਲੈਣਾ ਤਾਂ ਸੌਖੀ ਗੱਲ ਹੈ ਪਰ ਨਾਮ ਵਾਲੇ ਗੁਣ ਹੋਣੇ ਬੜੀ ਔਖੀ ਗੱਲ ਹੈ। ਦੁਆਪਰ ਜੁਗ ਦੇ ਅਵਤਾਰ ਸੋਲਾਂ ਕਲਾਂ ਸੰਪੂਰਨ ਸ੍ਰੀ ਕ੍ਰਿਸ਼ਨ ਜੀ ਹੋਏ ਹਨ ਜਿਨ੍ਹਾਂ ਨੇ ਅਰਜਨ ਦੇ ਪਰਥਾਏ ਦੁਨੀਆ ਨੂੰ ਗੀਤਾ ਦਾ ਮਹਾਨ ਗਿਆਨ ਬਖਸ਼ਿਆ। ਇਹ ਭਾਵੇਂ ਉਨ੍ਹਾਂ ਦੀ ਉਚਾਰਨ ਕੀਤੀ ਹੋਈ ਗੀਤਾ ਦੇ ਅਰਥ ਵੀ ਨਾ ਕਰ ਸਕਦੇ ਹੋਣ ਪਰ ਨਾਮ ਉਨ੍ਹਾਂ ਨਾਲੋਂ ਵੀ ਵੱਡਾ ਰਖਵਾ ਲਿਆ ਹੈ ਤਾਂ ਅੱਗੋਂ ਸਿੱਖ ਨੇ ਕਿਹਾ ਸਤਿਗੁਰੂ ਜੀ ਤਾਂ ਸਰਬ ਕਲਾਂ ਸਮਰੱਥ ਹਨ। ਚੱਲ ਕੇ ਜੋ ਮਰਜੀ ਪੁੱਛ ਲਵੋ। ਪੰਡਿਤ ਨੇ ਸਿੱਖ ਨਾਲ ਆ ਕੇ ਸਤਿਗੁਰਾਂ ਨੂੰ ਉਹੀ ਗੱਲ ਕਹੀ ਤੁਸੀਂ ਸ੍ਰੀ ਕ੍ਰਿਸ਼ਨ ਜੀ ਨਾਲੋਂ ਵੀ ਵੱਡਾ ਨਾਮ ਰਖਾਇਆ ਹੈ। ਮੈਂ ਇਸ ਨਾਮ ਨੂੰ ਤਾਂ ਸਫਲਾ ਸਮਝਾਂਗਾ ਜੇਕਰ ਤੁਸੀਂ ਉਨ੍ਹਾਂ ਦੀ ਉਚਾਰਨ ਕੀਤੀ ਹੋਈ ਗੀਤਾ ਦੇ ਅਰਥ ਸੁਣਾ ਦਿਉ। ਸਤਿਗੁਰਾਂ ਨੇ ਕਿਹਾ ਪੰਡਿਤ ਜੀ ਜੇ ਅਸੀਂ ਗੀਤਾ ਦੇ ਅਰਥ ਕਰ ਦਿੱਤੇ ਤਾਂ ਵੀ ਤੇਰੇ ਮਨ ਦਾ ਭਰਮ ਦੂਰ ਨਹੀਂ ਹੋਣਾ। ਤੂੰ ਸਮਝੇਂਗਾ ਕਿ ਗੁਰੂ ਸਪੁੱਤਰ ਹਨ ਕਿਸੇ ਵਿਦਵਾਨ ਪੰਡਿਤ ਨੂੰ ਘਰ ਰੱਖ ਕੇ ਛੋਟੀ ਉਮਰ ਵਿਚ ਹੀ ਵਿੱਦਿਆ ਪੜ੍ਹ ਲਈ ਹੋਵੇਗੀ। ਜਿਸ ਪਾਸੋਂ ਤੁਸੀਂ ਕਹੋਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਦੀ ਕਿਰਪਾ ਨਾਲ ਉਸ ਪਾਸੋਂ ਹੀ ਗੀਤਾ ਦੇ ਅਰਥ ਕਰਵਾ ਦਿੰਦੇ ਹਾਂ।

ਪਿੰਡ ਵਿਚ ਜਾ ਕੇ ਇੱਕ ਛੱਜੂ ਨਾਮੇ ਝਿਊਰ ਨੂੰ ਜੋ ਜਮਾਂਦਰੂ ਗੂੰਗਾ ਅਤੇ ਬੋਲਾ ਸੀ, ਰੰਗ ਜਿਸ ਦਾ ਤਵੇ ਵਰਗਾ ਕਾਲਾ ਸੀ, ਜੋ ਲੋਕਾ ਦੇ ਘਰਾਂ ਵਿਚ ਪਾਣੀ ਭਰ ਕੇ ਪੇਟ ਪੂਰਤੀ ਕਰਿਆ ਕਰਦਾ ਸੀ,ਪੜ੍ਹਨਾ ਤਾਂ ਕੀ ਸੀ ਕਦੇ ਪੜ੍ਹਦੇ ਵੇਖੇ ਵੀ ਨਹੀਂ ਸਨ ਉਸ ਨੂੰ ਲੈ ਆਇਆ। ਸਤਿਗੁਰੂ ਜੀ ਨੇ ਜਿਸ ਕੱਚੇ ਤਲਾਅ ਵਿਚ ਆਪ ਇਸ਼ਨਾਨ ਕੀਤਾ ਸੀ,ਆਗਿਆ ਦੇ ਕੇ ਉਸ ਵਿਚ ਛੱਜੂ ਝਿਊਰ ਦਾ ਇਸ਼ਨਾਨ ਕਰਵਾਇਆ। ਫਿਰ ਹਜੂਰ ਦੇ ਹਸਤ-ਕਮਲਾਂ ਵਿਚ ਫੁੱਲਾਂ ਵਾਲੀ ਛਿਟੀ (ਸੋਟੀ) ਸੀ, ਛੱਜੂ ਦੇ ਸਿਰ ਤੇ ਰੱਖ ਦਿੱਤੀ ਤਾਂ ਛੱਜੂ ਝਿਊਰ ਨੂੰ ਸਾਰੀ ਵਿੱਦਿਆ ਅੰਦਰੋਂ ਹੀ ਸਫੁਰਨ ਹੋ ਗਈ। ਪੰਡਿਤ ਨੂੰ ਸੰਬੋਧਨ ਕਹਿਣ ਲੱਗਾ:-

***ਕਸਮਨੰ ਸ਼ਾਸਤ੍ਰ ਪਰਵਿਰਤਤੇ॥***

ਹੇ ਪੰਡਿਤ ਜੀ ਮੇਰੇ ਨਾਲ ਚਰਚਾ ਕਰਨ ਵਾਸਤੇ ਕਿਸ ਸ਼ਾਸਤ੍ਰ ਵਿਚ ਪਰਵਿਰਤ ਹੋਣਾ ਹੈ ਤਾਂ ਲਾਲ ਨਾਮੇ ਪੰਡਿਤ ਗੂੰਗੇ ਬੋਲੇ ਝਿਊਰ ਕੋਲੋਂ ਐਸਾ ਸਲੋਕ ਸੁਣ ਕੇ ਹੈਰਾਨ ਹੋ ਗਿਆ ਅਤੇ ਇਤਨਾ ਘਬਰਾ ਗਿਆ ਕਿ ਗੀਤਾ ਦਾ ਪਾਠ ਵੀ ਨਾ ਕਰ ਸਕਿਆ। ਤਾਂ ਝੱਜੂ ਨੇ ਆਪ ਹੀ ਪਾਠ ਕਰਕੇ ਇੱਕ-ਇੱਕ ਸਲੋਕ ਦੇ ਕਈ-ਕਈ ਅਰਥ ਕੀਤੇ। ਲਾਲ ਚੰਦ ਪੰਡਿਤ ਦਾ ਹੰਕਾਰ ਦੂਰ ਹੋ ਗਿਆ। ਜੰਞੂ ਲਾਹ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾ ਵਿਚ ਰੱਖ ਦਿੱਤਾ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਠੀਕ ਹੀ ਆਪ ਜੀ ਪ੍ਰਮੇਸ਼ਰ ਦਾ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਹਿਬ ਜੀ ਦਾ ਅੱਠਵਾਂ ਸਰੂਪ ਹੋ,ਮੈਨੂੰ ਵੀ ਆਪਣਾ ਸਿੱਖ ਬਣਾ ਲਵੋ,ਤਾਂ ਸਤਿਗੁਰਾਂ ਨੇ ਨਿਰਹੰਕਾਰ ਹੋਇਆ ਜਾਣ ਕੇ ਕਿਰਪਾ-ਦ੍ਰਿਸ਼ਟੀ ਕਰਕੇ ਵਾਹਿਗੁਰੂ ਨਾਮ ਵਿਚ ਜੋੜ ਕੇ ਨਿਹਾਲ ਕੀਤਾ।

## ਪਾਤਿਸ਼ਾਹੀ ਨੌਵੀਂ

### ਸਈਅਦ ਪੀਰ ਦਾ ਸੰਸਾ ਦੂਰ ਕਰਨਾ

ਨੌਵੇਂ ਪਾਤਿਸ਼ਾਹ ਸ੍ਰੀ ਅਨੰਦਪੁਰ ਸਾਹਿਬ ਬਹੁਤ ਸਾਰੇ ਕਾਰੀਗਰਾਂ ਨੂੰ ਲਾ ਕੇ ਸੁੰਦਰ ਘਰ ਬਣਵਾ ਰਹੇ ਸਨ। ਫਿਰ ਧਰਮਸ਼ਾਲਾ ਬਣਵਾਈ। ਸੁਘੜ ਕਾਰੀਗਰਾਂ ਨੇ ਲੱਕੜੀ ਘੜ ਕੇ ਤੇ ਚਿੱਤਰਕਾਰੀ ਵਾਲੇ ਦਰਵਾਜੇ ਬਣਾ ਕੇ ਧਰਮਸ਼ਾਲਾ ਸਜਾਈ। ਸੁੰਦਰ ਫਰਸ਼ ਤਿਆਰ ਕਰਵਾਇਆ, ਇੱਕ ਬਹੁਤ ਸੁੰਦਰ ਵਿਦੇਸੀਆਂ ਵਾਸਤੇ ਧਰਮਸ਼ਾਲਾ ਬਣਵਾਈ। ਰਹਾਇਸ਼ ਲਈ ਘਰ ਬਣਵਾਏ। ਉਸ ਵੇਲੇ ਰੋਪੜ ਦਾ ਸਈਅਦ ਪੀਰ ਆਇਆ ਉਸ ਨੇ ਚਣਵਾਈ ਕਰ ਰਹੇ ਕਾਰੀਗਰਾਂ ਨੂੰ ਵੇਖਿਆ। ਉਹ ਕਾਰੀਗਰਾਂ ਨੂੰ ਪੁੱਛਣ ਲੱਗਾ ਇਹ ਕੌਣ ਬਣਵਾ ਰਿਹਾ ਹੈ। ਕਾਰੀਗਰਾਂ ਨੇ ਆਖਿਆ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹਨ ਜੋ ਨੌਵੇਂ ਪਾਤਿਸ਼ਾਹ ਬੜੇ ਬੈਰਾਗੀ ਅਤੇ ਗਿਆਨਵਾਨ ਹਨ। ਉਨ੍ਹਾਂ ਨੇ ਹੀ ਇਹ ਸ੍ਰੇਸ਼ਟ ਘਰ ਤਿਆਰ ਕਰਵਾਏ ਹਨ। ਉਹ ਸੁੰਦਰ ਨਗਰ ਵਸਾਉਣਾ ਚਾਹੁੰਦੇ ਹਨ। ਇਹ ਸੁਣ ਕੇ ਪੀਰ ਨੇ ਤਰਕ ਕੀਤਾ ਗੁਰੂ ਜੀ ਦੇ ਕਹਿਣ ਅਤੇ ਕਰਨ ਵਿਚ ਫਰਕ ਦੇਖਿਆ ਹੈ। ਜੇ ਉਨ੍ਹਾਂ ਦੇ ਹਿਰਦੇ ਵਿਚ ਬੈਰਾਗ ਹੁੰਦਾ ਤਾਂ ਇੰਨਾ ਵੱਡਾ ਕਾਰਜ ਕਦੇ ਵੀ ਆਰੰਭ ਨਹੀਂ ਕਰਦੇ। ਬੈਰਾਗੀ ਤਾਂ ਕੇਵਲ ਇੱਕ ਸਰੀਰ ਦੇ ਨਿਰਵਾਹ ਬਾਰੇ ਵੀਚਾਰ ਕਰਦੇ ਹਨ। ਇਹ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ। ਉਹ ਕਿਵੇਂ ਆਪਣੇ ਸਿੱਖਾਂ ਨੂੰ ਤਾਰਨਗੇ। ਕਹਿਣ ਲੱਗਿਆ ਜਦੋਂ ਮੈਂ ਵਾਪਸ ਆਵਾਂਗਾ ਤਾਂ ਆਪਣੇ ਗੁਰੂ ਕੋਲੋਂ ਪੁੱਛ ਕੇ ਉੱਤਰ ਦੇਣਾ। ਸ਼ਾਮ ਨੂੰ ਉੱਠ ਕੇ ਜਦ ਕਾਰੀਗਰ ਗੁਰੂ ਜੀ ਪਾਸ ਦਰਸ਼ਨ ਕਰਨ ਗਏ ਤਾਂ ਇਸ ਪੀਰ ਦਾ ਸੰਦੇਸਾ ਗੁਰੂ ਜੀ ਨੂੰ ਦੱਸਿਆ। ਉਨ੍ਹਾਂ ਪਾਸੋਂ ਸੁਣ ਕੇ

ਗੁਰੂ ਜੀ ਮੁਸਕਰਾਏ ਤਦ ਕਿਹਾ ਉਨ੍ਹਾਂ ਨੂੰ ਇਸ ਤਰ੍ਹਾਂ ਕਹੋ ਸਾਡੇ ਨਾਲ ਗੁਰੂ ਜੀ ਪਾਸ ਚੱਲੋ, ਜਿਵੇਂ ਪੁੱਛਣਾ ਹੈ ਉਸੇ ਤਰ੍ਹਾਂ ਜਾ ਕੇ ਉਨ੍ਹਾਂ ਨੂੰ ਕਹੋ। ਜੋ ਪੀਰ ਜੀ ਉੱਤਰ ਚਾਹੁੰਦੇ ਹਨ ਉਸ ਦੇ ਸਾਹਮਣੇ ਦੇਵਾਂਗੇ। ਇਸ ਤਰ੍ਹਾਂ ਕਹਿ ਕੇ ਉਸ ਨੂੰ ਆਪਣੇ ਨਾਲ ਲੈ ਆਵੋ। ਇਹ ਸੁਣ ਕੇ ਕਾਰੀਗਰਾਂ ਨੇ ਰਾਤ ਗੁਜਾਰੀ ਜਦ ਸਵੇਰ ਹੋਈ ਉਸਾਰੀ ਕਰਨ ਲੱਗ ਪਏ। ਇੰਨੇ ਵਿਚ ਪੀਰ ਚੱਲ ਕੇ ਆ ਗਿਆ। ਪੀਰ ਨੇ ਪੁੱਛਿਆ ਮੇਰਾ ਸੰਦੇਸਾ ਦੇਵੋ। ਕਾਰੀਗਰਾਂ ਨੇ ਆਦਰ ਨਾਲ ਸਾਰੀ ਗੱਲ ਦੱਸੀ ਹੁਕਮ ਹੋਇਆ ਹੈ ਕਿ ਦਰਸ਼ਨ ਕਰਕੇ ਲਵੋ। ਇਹ ਸੁਣ ਕੇ ਪੀਰ ਨੇ ਹਿਰਦੇ ਵਿਚ ਵੀਚਾਰਿਆ ਕਿਸ ਪ੍ਰਕਾਰ ਉੱਤਰ ਦੇਣਗੇ ਸੁਣਨਾ ਚਾਹੀਦਾ ਹੈ। ਜਾ ਕੇ ਝੁਕ ਕੇ ਸਲਾਮ ਕੀਤੀ ਆਗਿਆ ਪਾ ਕੇ ਪੀਰ ਬੈਠ ਗਿਆ। ਗੁਰੂ ਜੀ ਨੇ ਉਸ ਨੂੰ ਪੁੱਛਿਆ ਤੁਸੀਂ ਕੌਣ ਹੋ ਕਿੱਥੇ ਰਹਿੰਦੇ ਹੋ,ਕੀ ਪੁੱਛਦੇ ਹੋ,ਅਪਣਾ ਮੱਤ ਕਹੋ। ਪੀਰ ਨੇ ਕਿਹਾ ਮੈਂ ਸਈਅਦ ਹਾਂ,ਰੋਪੜ ਰਹਿੰਦਾ ਹਾਂ,ਅਗਲੇ ਪਾਸੇ ਸਾਡੇ ਕਈ ਮੁਰੀਦ ਰਹਿੰਦੇ ਹਨ। ਉਨ੍ਹਾਂ ਪਾਸ ਜਾਣ ਵਾਸਤੇ ਇਸ ਪਾਸੇ ਸਾਡਾ ਆਉਣਾ ਹੋ ਗਿਆ ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ। ਤੁਸੀਂ ਹਿੰਦੂਆਂ ਦੇ ਗੁਰੂ ਕਹਾਉਂਦੇ ਹੋ ਭਲਾ ਹੋਣ ਦਾ ਰਾਹ ਦੱਸਦੇ ਹੋ। ਇਹ ਮਹਾਨ ਮਹਿਲ ਉਸਾਰ ਰਹੇ ਹੋ,ਮਮਤਾ ਦਾ ਬਹੁਤ ਵਿਸਥਾਰ ਕਰ ਰਹੇ ਹੋ। ਸੰਤਾਂ ਵਾਸਤੇ ਇਹ ਗੱਲ ਚੰਗੀ ਨਹੀਂ। ਸੰਤ ਜੱਗ ਦੀ ਵਡਿਆਈ ਫਿੱਕੀ ਜਾਣਦੇ ਹਨ। ਜਿਹੜੀ ਗੱਲ ਪਰਲੋਕ ਵਿਚ ਸੁਖਦਾਈ ਹੋਵੇ ਉਸ ਤਰ੍ਹਾਂ ਕਰੋ। ਇਹ ਚੰਚਲਤਾਈ ਛੱਡੋ। ਗੁਰੂ ਜੀ ਨੇ ਕਿਹਾ ਹੇ ਪੀਰ ਜੀ ਸੁਣੋ ਸਭ ਆਸ਼ਰਮਾਂ ਨਾਲੋਂ ਗ੍ਰਿਹਸਤ ਮਾਰਗ ਮਹਾਨ ਹੈ। ਹੋਰ ਸਾਰਿਆਂ ਨੂੰ ਇਹੋ ਹੀ ਉਪਜਾਉਂਦੇ ਹਨ,ਫਿਰ ਇਹ ਸਾਰਿਆਂ ਦਾ ਆਸਰਾ ਰਹਿੰਦੇ ਹਨ। ਜੋ ਗ੍ਰਿਹਸਤ ਵਿਚ ਪੂਰਾ ਉੱਤਰਦਾ ਹੈ,ਅੰਤ ਕਾਲ ਸਮੇਂ ਉਹ ਸੁੰਦਰ ਪਦਵੀ ਪਾਉਂਦਾ ਹੈ। ਉਹ ਆਪਣਾ ਸਰੀਰ ਪੁੰਨ ਦਾਨ ਵਾਲਾ ਬਣਾਉਂਦਾ ਹੈ। ਇਸ ਕਰਕੇ ਗ੍ਰਿਹਸਤੀ ਗੰਗਾ ਦੇ ਜਲ ਵਾਂਗ ਸ਼ੁੱਧ ਅਤੇ ਨਿਰਮਲ ਹੈ। ਜੋ ਜੋ ਗ੍ਰਿਹਸਤੀ ਮਕਾਨ ਵਾਲਾ ਹੋਵੇ, ਉਹ ਰਾਹਗੀਰ ਨੂੰ ਵੇਖ ਕੇ ਉਸ ਦੀ ਪੂਜਾ ਕਰਦਾ ਹੈ। ਇਸ ਦਾ ਫਲ ਮਹਾਨ ਪੁੰਨ ਵਾਲਾ ਹੈ,ਬਹੁਤ ਦੇਰ ਤੱਕ ਉਹ ਵੱਡਾ ਸੁਖ ਪ੍ਰਾਪਤ ਕਰਦਾ ਹੈ। ਇਸ ਪੁੰਨ ਦੇ ਫਲ ਵੇਖਣਾ ਚਾਹੁੰਦੇ ਹੋ ਤਾਂ ਕੱਪੜਿਆਂ ਨਾਲ ਸਾਰਾ ਸਰੀਰ ਢੱਕ ਲਵੋ। ਲੰਮੇ ਪੈ ਜਾਵੋ ਤੇ ਇਸ ਗੱਲ ਨੂੰ ਪੱਕੀ ਤਰ੍ਹਾਂ ਜਾਣ ਲਵੋ ਜਿਵੇਂ ਇਸ ਤੋਂ ਵਿਸ਼ਾਲ ਸੁਖ ਪ੍ਰਾਪਤ ਹੁੰਦਾ ਹੈ। ਇਹ ਸੁਣ ਕੇ ਪੀਰ ਦਾ ਚਿੱਤ ਹੈਰਾਨ ਰਹਿ ਗਿਆ,ਵੇਖਣਾ ਚਾਹੁੰਦਾ ਸੀ,ਇਸ ਕਰਕੇ ਚਾਦਰ ਲੈ ਕੇ ਲੰਮਾ ਪੈ ਕੇ ਸੌਂ ਗਿਆ। ਸੁਪਨਾ ਆਇਆ ਕਿ ਗੁਰੂ ਜੀ ਦੇ ਨਾਲ, ਬੜੀ ਤੇਜ਼ੀ ਨਾਲ ਉਪਰ ਜਾ ਰਿਹਾ ਹੈ। ਸਵਰਗ ਵਿਚ ਪਹੁੰਚ ਕੇ ਸੁੰਦਰ ਮੰਦਰ ਵੇਖੇ, ਜਿਨ੍ਹਾਂ ਦੇ ਅੰਦਰ ਮਹਾਂ ਅਨੰਦ ਭੋਗ ਰਹੇ ਹਨ। ਅਨੇਕ ਪ੍ਰਕਾਰ ਦੀ ਰਚਨਾ ਵੇਖੀ, ਪੀਰ ਦੀ ਬੁੱਧੀ ਬਹੁਤ ਹੈਰਾਨ ਰਹਿ ਗਈ। ਕਾਫੀ ਦੂਰ ਜਾਂਦੇ ਨੇ ਵੇਖਿਆ, ਘਰ ਸੋਨੇ ਨਾਲ ਜੜੇ ਹੋਏ ਹਨ।

ਰੇਸ਼ਮ ਦੀਆਂ ਡੋਰਾਂ ਵਿਚ ਲਮਕ ਰਹੀਆਂ ਸਨ, ਜ਼ਰੀਦਾਰ ਗੁੱਛਿਆਂ ਦੀ ਛਵੀ ਛਾਈ ਹੋਈ ਸੀ। ਸੁੰਦਰ ਸੋਨੇ ਦੇ ਪਲੰਘ ਸਨ, ਜਿਨ੍ਹਾਂ ਦੇ ਚਾਰੇ ਪਾਸੇ ਮੋਤੀਆਂ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ। ਨਰਮ ਸੇਜ ਦੁੱਧ ਦੀ ਝੱਗ ਵਾਂਗ ਸੀ ਤੇ ਬਿਸਤਰੇ ਉੱਤੇ ਸੁੰਦਰ ਸਿਰਹਾਣਾ ਰੱਖਿਆ ਹੋਇਆ ਸੀ। ਅਜਿਹੇ ਪਲੰਘਾਂ ਤੇ ਬੈਠ ਮਨੁੱਖ ਸ਼ੋਭ ਰਹੇ ਸਨ, ਇਸਤਰੀ ਡੋਰ ਖਿੱਚ ਕੇ ਪੱਖਾ ਝੱਲ ਰਹੀ ਸੀ। ਉਸ ਮਨੁੱਖ ਨੂੰ ਗੁਰੂ ਜੀ ਨੇ ਪੁੱਛਿਆ ਕਿ ਕਿਹੜਾ ਸ਼ੁੱਭ ਕਰਮ ਜਾਂ ਦਾਨ ਤੂੰ ਦਿੱਤਾ ਹੈ,ਜਿਸ ਕਰਕੇ ਅਜਿਹਾ ਸੁੱਖ ਪ੍ਰਾਪਤ ਕੀਤਾ ਹੈ। ਉਹ ਵਿਧੀ ਸਾਨੂੰ ਦੱਸੋ ਜਿਵੇਂ ਤੁਸੀਂ ਕੀਤਾ ਹੈ। ਇਹ ਸੁਣਕੇ ਉਸ ਨੂੰ ਜੋ ਹਿਰਦੇ ਵਿਚ ਗਿਆਨ ਸੀ,ਆਪਣਾ ਬਿਆਨ ਉਚਾਰਨ ਕਰਨ ਲੱਗਾ। ਪਹਿਲਾ ਜਨਮ ਮੇਰਾ ਸ਼ੇਰ ਦਾ ਸੀ,ਤਾਮਸੀ ਜੂਨ ਪਾਪਾਂ ਨਾਲ ਭਰੀ ਸੀ। ਇਕ ਥਾਂ ਮੈਂ ਵਾਸਾ ਕਰਦਾ ਸੀ,ਛੋਟੇ ਜਿਹੇ ਬ੍ਰਿਛ ਦੇ ਹੇਠਾਂ ਰਹਿੰਦਾ ਸੀ। ਉਸ ਦਰੱਖਤ ਉੱਤੇ ਕਾਂਟੇਦਾਰ ਹੀਸ ਦੀ ਵੇਲ ਚੜ੍ਹੀ ਹੋਈ ਸੀ,ਜਿਸ ਕਰਕੇ ਬੜੀ ਸੰਘਣੀ ਝੁੱਗੀ ਬਣੀ ਹੋਈ ਸੀ,ਮਾਨੋਂ ਮਨੁੱਖ ਨੇ ਆਪਣਾ ਘਰ ਬਣਾਇਆ ਹੋਵੇ। ਪੌਣ ਪਾਣੀ ਜਿੱਥੇ ਛੂਹ ਨਹੀਂ ਸੀ ਸਕਦਾ, ਰਾਤ ਸਮੇਂ ਮੈਂ ਉੱਥੇ ਜਾ ਕੇ ਰਹਿੰਦਾ ਸੀ। ਇਕ ਦਿਨ ਮੈਂ ਬਾਹਰ ਗਿਆ, ਆਪਣੇ ਭੋਜਨ ਵਾਸਤੇ ਪ੍ਰਗਟ ਜੀਵਾਂ ਨੂੰ ਮਾਰਨ ਗਿਆ। ਜੰਗਲ ਵਿਚ ਫਿਰਦਿਆਂ ਮੈਂ ਇਕ ਹਿਰਨ ਨੂੰ ਮਾਰਿਆ। ਮਾਸ ਖਾ ਕੇ ਤ੍ਰਿਪਤ ਹੋ ਕੇ ਆਪਣੇ ਘਰ ਵੱਲ ਨੂੰ ਚੱਲ ਪਿਆ। ਹਵਾ ਚੱਲੀ ਤੇ ਬੱਦਲਾਂ ਦੀ ਘਟਾ ਆਈ, ਧੂੜ ਉੱਡੀ ਤੇ ਹਨ੍ਹੇਰਾ ਛਾ ਗਿਆ। ਦੋ ਰਾਹੀ ਉੱਥੇ ਰੁਕ ਗਏ, ਕਿਤੇ ਰਹਿਣ ਵਾਸਤੇ ਆਸਰਾ ਨਹੀਂ ਸੀ ਲੱਭਦਾ। ਏਧਰ ਉੱਧਰ ਫਿਰਦਿਆਂ ਉਨ੍ਹਾਂ ਮੇਰਾ ਘੁਰਨਾ ਵੇਖਿਆ ਤਾਂ ਦੌੜ ਕੇ ਅੰਦਰ ਚਲੇ ਗਏ। ਹੋਰ ਕੋਈ ਨੇੜੇ ਆਸਰਾ ਨਹੀਂ ਸੀ। ਗੜ੍ਹਿਆਂ ਦੀ ਬਹੁਤ ਵਰਖਾ ਹੋਈ। ਬੈਠੇ ਬੈਠੇ ਉਨ੍ਹਾਂ ਨੂੰ ਵੇਖ ਕੇ ਜਾਣਿਆ, ਇਸ ਸਥਾਨ ਵਿਖੇ ਵੱਡੇ ਸ਼ੇਰ ਦਾ ਵਾਸਾ ਹੈ। ਐਸਾ ਨਾ ਹੋਵੇ ਕਿ ਉਹ ਚੱਲ ਕੇ ਆ ਜਾਵੇ ਤੇ ਸਾਨੂੰ ਦੋਹਾਂ ਨੂੰ ਮਾਰ ਕੇ ਖਾ ਜਾਵੇ। ਗੜ੍ਹਿਆਂ ਦੇ ਵਰ੍ਹਦਿਆਂ, ਮੈਂ ਤਦ ਉੱਥੇ ਆਇਆ, ਉਨ੍ਹਾਂ ਮਨੁੱਖਾਂ ਪਾਸ ਜਾ ਕੇ ਉਨ੍ਹਾਂ ਦੀਆਂ ਗੱਲਾਂ ਨੂੰ ਮੈਂ ਸੁਣਿਆ। ਮੈਂ ਜਾਣਿਆ ਕਿ ਮਨੁੱਖ ਮੇਰੇ ਘਰ ਵਿਚ ਹਨ,ਫਿਰ ਮੈਂ ਅੱਗੇ ਨਾ ਗਿਆ। ਇਹ ਮੇਰੇ ਮਹਿਮਾਨ ਬਣ ਕੇ ਆਏ ਹਨ,ਰਾਤ ਇੱਥੇ ਠਹਿਰ ਕੇ ਸੁਖ ਪਾਉਣ। ਇਸ ਤੋਂ ਪਰੇ ਹੋਰ ਕੋਈ ਧਰਮ ਨਹੀਂ ਹੈ। ਬੇ ਆਸਰੇ ਨੂੰ ਸੁੱਖ ਤੇ ਸਥਾਨ ਦੇਵੇ। ਪਿਛਲੇ ਜਨਮ ਦੇ ਕਿਸੇ ਪੁੰਨ ਕਰਕੇ ਮੇਰੀ ਬੁੱਧੀ ਇਸ ਤਰ੍ਹਾਂ ਦੀ ਹੋਈ ਸੀ। ਤਦ ਮੈਂ ਬਾਹਰ ਹੀ ਖੜ੍ਹਾ ਰਿਹਾ, ਸਾਰੇ ਗੜ੍ਹੇ ਮੈਂ ਆਪਣੇ ਸਰੀਰ ਤੇ ਬਰਦਾਸ਼ਤ ਕੀਤੇ। ਉਹ ਰਾਹਗੀਰ ਡਰਦੇ ਹੋਏ ਮੇਰੇ ਘਰ ਵਿਚ ਹੀ ਰਹੇ, ਉਨ੍ਹਾਂ ਦੀ ਰਾਤ ਬੜੇ ਸੁੱਖ ਨਾਲ ਬਤੀਤ ਹੋਈ। ਦੋਵੇਂ ਬਾਹਰ ਵੱਲ ਵੇਖਦੇ ਰਹੇ ਕਿ ਸ਼ੇਰ ਆ ਕੇ ਕਿਸੇ ਨੂੰ ਮਾਰ ਨਾ ਦੇਵੇ। ਮੈਂ ਆਪਣਾ ਧਰਮ ਜਾਣ ਕੇ ਦੂਰ ਹੀ ਰਿਹਾ,ਵਰਖਾ ਦਾ ਸਾਰਾ ਦੁੱਖ ਆਪਣੇ ਸਰੀਰ ਤੇ ਬਰਦਾਸ਼ਤ ਕੀਤਾ। ਅੱਧੀ ਰਾਤ ਤੱਕ ਬਾਰਸ਼

ਹੁੰਦੀ ਰਹੀ ਤੇ ਮੈਂ ਕਿਸੇ ਆਸਰੇ ਤੋਂ ਬਗੈਰ ਹੀ ਰਿਹਾ। ਫਿਰ ਬਹੁਤ ਠੰਢੀ ਹਵਾ ਚੱਲੀ,ਸਾਰਾ ਸਰੀਰ ਸੀਤ ਨਾਲ ਠੰਡਾ ਹੋ ਗਿਆ। ਸਵੇਰ ਹੋਣ ਤੱਕ ਮੈਂ ਮਰ ਗਿਆ। ਬਹੁਤ ਠੰਢ ਕਾਰਨ ਪ੍ਰਾਨ ਨਿਕਲ ਗਏ। ਜਦ ਸਵੇਰ ਹੋਈ ਤਾਂ ਪ੍ਰਬੀਨ ਸੰਤ ਬਾਹਰ ਨਿੱਕਲੇ,ਮੈਨੂੰ ਮਰੇ ਹੋਏ ਉਨ੍ਹਾਂ ਵੇਖ ਲਿਆ। ਮੇਰਾ ਅਜਿਹਾ ਕਰਮ ਜਾਣ ਕੇ ਉਨ੍ਹਾਂ ਮੇਰੇ ਤੇ ਕਿਰਪਾ ਕੀਤੀ, ਐਸਾ ਫਲ ਦਿੱਤਾ ਜਿਵੇਂ ਬੜਾ ਧਰਮ ਕੀਤਾ ਹੋਵੇ। ਉਸ ਰਾਤ ਦਾ ਅਜਿਹਾ ਫਲ ਪ੍ਰਾਪਤ ਹੋਇਆ ਹੈ, ਸਵਰਗ ਵਿਚ ਪਹੁੰਚ ਕੇ ਸਭ ਵਿਧੀਆਂ ਨਾਲ ਸੁਖ ਪਾਇਆ ਹੈ। ਰਾਹਗੀਰ ਦੀ ਪੂਜਾ ਕਰਨੀ ਮਹਾਨ ਧਰਮ ਹੈ, ਗ੍ਰਿਹਸਤੀ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ। ਪੀਰ ਨੇ ਜਦ ਇਹ ਸਾਰੀ ਕਹਾਣੀ ਆਪਣੇ ਕੰਨਾ ਨਾਲ ਸੁਣੀ ਤਾਂ ਜਿੱਥੇ ਉਹ ਪਿਆ ਸੀ,ਉੱਥੇ ਜਾਗ ਪਿਆ। ਉੱਠ ਕੇ ਗੁਰੂ ਜੀ ਦੇ ਚਰਨਾ ਤੇ ਬੰਦਨਾ ਕੀਤੀ, "ਮੈਂ ਆਪ ਜੀ ਦੇ ਭੇਦ ਨੂੰ ਜਾਣ ਨਹੀਂ ਸੀ ਸਕਿਆ। ਇਹ ਜੋ ਤੁਸੀਂ ਕਹਿੰਦੇ ਹੋ ਸਭ ਚੰਗਾ ਹੈ, ਜੋ ਆਪ ਜੀ ਦੀ ਕਹਿਣੀ ਹੈ,ਉਹ ਤਦ ਹੀ ਸੋਹਣੀ ਹੈ ਕਿ ਆਪ ਦੀ ਕਰਨੀ ਵੀ ਉਹ ਹੈ,ਨਹੀਂ ਤਾਂ ਕਹਿਣੀ ਫਿੱਕੀ ਪੈ ਜਾਵੇ। ਜਗਤ ਦਾ ਉਧਾਰ ਕਰਨ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ। ਮੈਂ ਮਨ ਵਿਚ ਇਸ ਤਰ੍ਹਾਂ ਨਿਸ਼ਚੇ ਕੀਤਾ ਹੈ। ਸਤਿਗੁਰੂ ਜੀ ਬੇਨਤੀ ਸੁਣ ਕੇ ਪ੍ਰਸੰਨ ਹੋਏ, ਦੂਜੀਆਂ ਗਿਣਤੀਆਂ ਛੱਡ ਕੇ ਭਾਰੀ ਸ਼ਰਧਾ ਉਤਪੰਨ ਹੋਈ। ਫਿਰ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਹੋਰ ਥਾਂਵਾਂ ਤੇ ਜਾ ਕੇ ਗੁਰੂ ਜੀ ਦੇ ਜਸ ਦਾ ਪਸਾਰ ਕੀਤਾ।

## ਚੋਰ ਨੇ ਸੂਲੀ ਚੜ੍ਹਨਾ

ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਦਮਦਮਾ ਸਾਹਿਬ ਤੋਂ ਪਿੰਡ ਬਰੇ ਨੂੰ ਜਾ ਰਹੇ ਸਨੇ। ਰਸਤੇ ਵਿਚ ਸ਼ੁਭ ਥਾਂ ਵੇਖ ਕੇ ਡੇਰਾ ਕੀਤਾ, ਸ਼ਾਮਾਂ ਦੇ ਲੰਗਰ ਪਾਣੀ ਤਿਆਰ ਕੀਤੇ, ਜਦ ਸੂਰਜ ਡੁੱਬ ਗਿਆ ਰਹਿਰਾਸ ਸਾਹਿਬ ਦਾ ਪਾਠ ਕੀਤਾ ਤਾਂ ਸਾਰੇ ਪਾਸੇ ਹਨ੍ਹੇਰਾ ਹੋ ਗਿਆ। ਸਿੱਖ ਸੇਵਕ ਲੰਗਰ ਛਕ ਕੇ ਸੌਂ ਗਏ। ਦੋ ਚੋਰ ਗੁਰੂ ਜੀ ਦੇ ਮਗਰ ਪਿਛਲੇ ਕਈ ਦਿਨਾ ਤੋਂ ਲੱਗੇ ਹੋਏ ਸਨ। ਉਨ੍ਹਾਂ ਵਿਚ ਇੱਕ ਹਿੰਦੂ ਅਤੇ ਇਕ ਮੁਸਲਮਾਨ ਸੀ। ਉਹ ਘੋੜੇ ਲੈ ਜਾਣ ਦੀ ਤਾਕ ਵਿਚ ਸਨ। ਉਹ ਡੇਰੇ ਤੋਂ ਕੁਝ ਦੂਰੀ ਤੇ ਲੁਕ ਕੇ ਬੈਠ ਗਏ। ਉਹ ਵੇਖਦੇ ਸਨ ਕਿ ਜਦ ਦਾਅ ਲੱਗੇ ਤੇ ਘੋੜੇ ਖੋਲ ਕੇ ਲੈ ਜਾਈਏ ਤਦ ਉਨ੍ਹਾਂ ਨੇ ਇੱਕ ਵੱਡੇ ਸ਼ੇਰ ਨੂੰ ਗੁਰੂ ਜੀ ਦੇ ਡੇਰੇ ਵੱਲ ਆਉਂਦਿਆਂ ਵੇਖਿਆ। ਗੁਰੂ ਜੀ ਦੇ ਡੇਰੇ ਦੇ ਚਾਰੇ ਪਾਸੇ ਪਰਕਰਮਾਂ ਕਰਕੇ ਨਮਸਕਾਰ ਕੀਤੀ ਤੇ ਜੰਗਲ ਵੱਲ ਚਲਾ ਗਿਆ। ਇਹ ਵੇਖ ਕੇ ਦੋਵੇਂ ਚੋਰ ਲੁਕ ਗਏ। ਤੁਰਕ ਕਹਿਣ ਲੱਗਾ ਇਹ ਸੱਚਾ ਪੀਰ ਹੈ। ਇਸ ਗੁਣੀ ਗਹੀਰ ਨੂੰ ਉਚਿੱਤ ਮੰਨਣਾ ਚਾਹੀਦਾ ਹੈ ਜਿਸ ਪਾਸ ਸ਼ੇਰ ਚੱਲ ਕੇ ਆਇਆ, ਨਮਸਕਾਰ ਅਤੇ ਪਰਕਰਮਾਂ ਕਰਕੇ ਚਲਾ ਗਿਆ। ਮੈਂ ਤਾਂ ਇਨ੍ਹਾਂ ਦੀ ਚੋਰੀ ਨਹੀਂ ਕਰਾਂਗਾ। ਚਲੋ ਕਿਸੇ ਹੋਰ ਥਾਂ ਜਾ ਕੇ ਚੋਰੀ ਕਰੀਏ। ਇਹ

ਸੁਣ ਕੇ ਹਿੰਦੂ ਨੇ ਕਿਹਾ ਕਿਉਂ ਆਪਣੇ ਮਨ ਵਿਚ ਭਰਮ ਕੀਤਾ ਹੈ। ਤੈਨੂੰ ਕੀ ਪਤਾ ਸ਼ੇਰ ਕਿਉਂ ਆਇਆ ਸੀ, ਤੂੰ ਕਿਹੜੀ ਵੱਡੀ ਕਰਾਮਾਤ ਵੇਖੀ ਹੈ। ਕਈਆਂ ਦਿਨਾ ਦੇ ਅਸੀਂ ਨਾਲ ਨਾਲ ਫਿਰਦੇ ਰਹੇ ਹਾਂ ਅੱਜ ਅਕਾਸ਼ ਵਿਚ ਬੱਦਲ ਹੋਣ ਕਰਕੇ ਘੁੱਪ ਹਨ੍ਹੇਰਾ ਹੈ। ਘੋੜੇ ਛੱਡ ਕੇ ਕਿਵੇਂ ਚਲੇ ਜਾਵਾਂਗੇ,ਅੱਜ ਘੋੜੇ ਭਲੀ ਪ੍ਰਕਾਰ ਨਾਲ ਲੈ ਕੇ ਹੀ ਜਾਵਾਂਗੇ। ਕੋਈ ਸੰਸਾ ਨਾ ਕਰੋ,ਬਹੁਤ ਕੀਮਤੀ ਘੋੜੇ ਹਨ। ਇੱਕ ਵਾਰੀ ਜੇ ਮੈਂ ਘੋੜੇ ਤੇ ਚੜ੍ਹ ਗਿਆ ਫਿਰ ਵਾਪਸ ਨਹੀਂ ਦੇਵਾਂਗਾ,ਲੈ ਕੇ ਚਲਾ ਜਾਵਾਂਗਾ। ਤੂੰ ਕਿਉਂ ਇੰਨੀ ਚਿੰਤਾ ਕੀਤੀ ਹੈ। ਤੂੰ ਇੱਕ ਘੜੀ ਠਹਿਰ ਮੈਂ ਆਪਣੇ ਨਾਲ ਲੈ ਜਾਵਾਂਗਾ। ਇਹ ਸੁਣ ਕੇ ਤੁਰਕ ਨੇ ਉਸ ਦੀ ਗੱਲ ਨਾ ਮੰਨੀ। ਉੱਥੇ ਹੀ ਹੱਥ ਜੋੜ ਕੇ ਬੰਦਨਾ ਕੀਤੀ। ਤੁਰਕ ਚੋਰ ਬਹੁਤ ਡਰ ਮੰਨ ਕੇ ਆਪਣੇ ਘਰ ਨੂੰ ਚਲਾ ਗਿਆ ਪਰ ਹਿੰਦੂ ਉੱਥੇ ਹੀ ਬੈਠਾ ਰਿਹਾ। ਜਦ ਅੱਧੀ ਰਾਤ ਹੋਈ ਮੀਂਹ ਦੀਆਂ ਕਣੀਆਂ ਪੈਣ ਲੱਗੀਆਂ ਚੌਕੀਦਾਰ ਛਾਇਆ ਥੱਲੇ ਚਲਾ ਗਿਆ। ਪੁਰੇ ਦੀ ਹਵਾ ਕਰਕੇ ਉਹ ਆਲਸ ਵਿਚ ਆ ਗਿਆ। ਤਦ ਉਸ ਨੇ ਘੋੜਾ ਖੋਲ ਲਿਆ। ਘੋੜੇ ਨੂੰ ਲਗਾਮ ਦੇ ਕੇ ਉਪਰ ਚੜ੍ਹ ਗਿਆ। ਜਦ ਡੇਰੇ ਨੂੰ ਲੰਘ ਕੇ ਅੱਗੇ ਚਲਾ ਗਿਆ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਉਹ ਘੋੜਿਆਂ ਦੇ ਪਹਿਰੇਦਾਰਾ ਜਾਗਦਾ ਹੈਂ ਕਿ ਸੁੱਤਾ। ਘੋੜੇ ਦੇ ਚੱਲਣ ਦੀ ਅਵਾਜ ਆ ਰਹੀ ਹੈ। ਆਪਣੇ ਥਾਂ ਹੈ ਜਾਂ ਨਹੀਂ। ਇਹ ਸੁਣ ਕੇ ਸੇਵਕ ਚੌਕੀਦਾਰ ਨੇ ਅੱਖਾਂ ਖੋਲੀਆਂ ਜਾ ਕੇ ਵੇਖਿਆ ਤਾਂ ਘੋੜਾ ਨਹੀਂ ਸੀ ਤਾਂ ਕਾਹਲੀ ਨਾਲ ਬੋਲਿਆ ਹੇ ਗੁਰੂ ਜੀ ਚੋਰ ਤਾਂ ਘੋੜਾ ਲੈ ਕੇ ਚਲਾ ਗਿਆ। ਥੋੜ੍ਹਾ-ਥੋੜ੍ਹਾ ਮੀਂਹ ਪੈਣ ਕਰਕੇ ਮੈਂ ਛਾਇਆ ਹੇਠ ਹੁਣੇ ਹੀ ਗਿਆ ਸੀ ਉਸੇ ਵੇਲੇ ਚੋਰ ਘੋੜੇ ਨੂੰ ਲੈ ਕੇ ਚਲਾ ਗਿਆ। ਇਹ ਮਹਾਂ ਕੁਕਰਮ ਕਿਸ ਮੂਰਖ ਨੇ ਕੀਤਾ ਹੈ। ਉਸ ਨੇ ਗੁਰੂ ਜੀ ਦਾ ਆਦਰ ਨਹੀਂ ਜਾਣਿਆ। ਲੋਕ ਪਰਲੋਕ ਦੋਨਾ ਤੋਂ ਹੀਣਾ ਹੋ ਗਿਆ ਹੈ। ਘੋੜਾ ਆਪਣਾ ਆਪ ਵਾਪਸ ਕਰਾਵਾਵੋ ਤੇ ਚੋਰ ਨੂੰ ਉਚਿੱਤ ਸਜਾ ਦਿਵਾਵੋ ਨਹੀਂ ਤਾਂ ਇਸ ਦੇਸ ਦੇ ਲੋਕ ਸਾਨੂੰ ਰਾਹ ਵਿਚ ਰੋਕ ਕੇ ਵਸਤਾਂ ਖੋਹ ਲਿਆ ਕਰਨਗੇ। ਤੁਸੀਂ ਹਰ ਪ੍ਰਕਾਰ ਸਮਰੱਥ ਹੋਂ ਇਸ ਚੋਰ ਦਾ ਦੰਡ ਰਹਿਤ ਰਹਿਣਾ ਉੱਚਿਤ ਨਹੀਂ ਹੈ। ਰਾਤ ਸਮੇਂ ਉਹ ਫੇਰ ਆ ਜਾਵੇਗਾ, ਗਿੱਝਾ ਹੋਇਆ ਕੁਛ ਹੋਰ ਵਸਤਾਂ ਲੈ ਜਾਵੇਗਾ। ਜੇ ਆਪਣੀ ਵਿਸ਼ੇਸ਼ ਸ਼ਕਤੀ ਨਹੀਂ ਵਿਖਾਵੋਂਗੇ ਤਾਂ ਪਰਦੇਸ ਵਿਚ ਫਿਰਦੇ ਬਚ ਨਹੀਂ ਸਕਾਂਗੇ। ਇਹ ਸੁਣ ਕੇ ਸਤਿਗੁਰੂ ਜੀ ਨੇ ਕਹਿ ਕੇ ਧੀਰਜ ਦਿੱਤਾ ਜਿਸ ਨੇ ਇਹ ਕਰਮ ਕੀਤਾ ਹੈ ਉਹ ਜਰੂਰ ਫਲ ਪਾਵੇਗਾ। ਉਹ ਉੱਤਰ ਵਾਲੇ ਪਾਸੇ ਘੋੜੇ ਨੂੰ ਲੈ ਗਿਆ ਹੈ। ਉਸ ਦੇ ਨਾਲ ਦੌੜੋ ਤੇ ਫੜ ਲਵੋ। ਸੰਘਣੇ ਹਨ੍ਹੇਰੇ ਤੇ ਜੇ ਸ਼ੰਕਾ ਹੈ ਤਾਂ ਕੰਗਾਲ ਬੁੱਧੀ ਵਾਲੇ ਨੂੰ ਸਵੇਰ ਹੋਣ ਤੇ ਫੜ ਲਵੋ। ਸਾਡਾ ਘੋੜਾ ਕਿਤੇ ਨਹੀਂ ਚੱਲਿਆ। ਸਵੇਰ ਹੁੰਦਿਆ ਹੀ ਇੱਥੇ ਪ੍ਰਗਟ ਰੂਪ ਵਿਚ ਆ ਜਾਵੇਗਾ। ਸਤਿਗੁਰੂ ਜੀ ਦੇ ਬਚਨ ਸੁਣ ਕੇ ਧੀਰਜ ਧਾਰ ਕੇ ਸਾਰੇ ਮਨੁੱਖ ਬੈਠ ਗਏ, ਕਈ ਸੁੱਤੇ ਰਹੇ ਕਈ ਜਾਗ ਪਏ, ਚੋਰ ਨੂੰ ਫੜਨ ਦੀ ਚਿੰਤਾ ਵਿਚ

ਲੱਗੇ ਰਹੇ। ਗੱਲਾਂ ਕਰਦਿਆਂ ਸਵੇਰ ਹੋ ਗਈ ਤਦ ਸਤਿਗੁਰਾਂ ਨੇ ਨਿਸ਼ਾਨ ਦੇਹੀ ਦੱਸੀ। ਸਾਰੇ ਸੇਵਕ ਸਮਝ ਕੇ ਦੌੜ ਪਏ ਤੇ ਅੱਧ ਕੋਹ ਤੇ ਉਸ ਥਾਂ ਤੇ ਪਹੁੰਚ ਗਏ। ਜਿੱਥੇ ਚੋਰ ਨੂੰ ਖੜ੍ਹਾ ਵੇਖਿਆ। ਚੋਰ ਨੇ ਘੋੜੇ ਨੂੰ ਵਾਂਗਾਂ ਤੋਂ ਫੜਿਆ ਹੋਇਆ ਸੀ। ਸਤਿਗੁਰੂ ਦੇ ਸੇਵਕ ਨੇ ਜਾ ਕੇ ਪਕੜ ਲਿਆ। ਮੂਰਖ ਚੋਰ ਸਿਰ ਨਿਵਾ ਕੇ ਖੜ੍ਹਾ ਰਿਹਾ। ਘੋੜੇ ਸਮੇਤ ਉਸ ਨੂੰ ਲੈ ਕੇ ਆ ਗਏ। ਗੁਰੂ ਜੀ ਦੇ ਕੋਲ ਆ ਕੇ ਵਿਖਾ ਦਿੱਤੇ। ਸਿੱਖ ਨੇ ਦੱਸਿਆ ਕਿ ਇਹ ਚੋਰ ਅੱਧ ਕੋਹ ਤੇ ਬੈਠਿਆ ਸੀ। ਇਹ ਘੋੜੇ ਨੂੰ ਆਪਣੇ ਘਰ ਲੈ ਕੇ ਨਹੀਂ ਗਿਆ। ਇਹ ਸੁਣ ਕੇ ਗੁਰੂ ਜੀ ਨੇ ਪੁੱਛਿਆ ਸੱਚ ਦੱਸੋ ਇਹ ਘੋੜਾ ਘਰ ਕਿਉਂ ਨਹੀਂ ਲੈ ਕੇ ਗਏ। ਸਾਡੇ ਪਾਸ ਹੀ ਬੈਠਿਆ ਰਿਹਾ ਹੈਂ। ਤਦ ਚੋਰ ਨੇ ਸਾਰੀ ਗੱਲ ਦੱਸੀ ਅਸੀਂ ਦੋ ਚੋਰ ਸੀ ਇੱਕ ਭੱਜ ਗਿਆ ਸੀ, ਮੈਂ ਆ ਕੇ ਤੁਹਾਡਾ ਘੋੜਾ ਖੋਲ੍ਹਿਆ ਲਗਾਮ ਦੇ ਕੇ ਉਸ ਉੱਤੇ ਸਵਾਰ ਹੋ ਗਿਆ। ਕੁਝ ਦੂਰ ਜਦੋਂ ਮੈਂ ਰਾਹੇ ਰਾਹ ਗਿਆ ਉੱਥੇ ਜਾ ਕੇ ਮੈਂ ਅੰਨ੍ਹਾਂ ਹੋ ਗਿਆ। ਜਦ ਕਿਸੇ ਪਾਸੇ ਵੀ ਜਾਇਆ ਨਾ ਗਿਆ ਤਦ ਮੈਨੂੰ ਆਪਣੇ ਸਾਥੀ ਦੇ ਬਚਨ ਯਾਦ ਆਏ। ਉਸ ਨੇ ਨਮਸਕਾਰ ਕਰਦੇ ਇੱਕ ਸ਼ੇਰ ਨੂੰ ਵੇਖਿਆ ਸੀ। ਬੇਸ਼ੱਕ ਉਹ ਤੁਰਕ ਸੀ ਉਸ ਨੇ ਮੈਨੂੰ ਬਹੁਤ ਸਮਝਾਇਆ ਮੈਂ ਉਸ ਦੀ ਕਹੀ ਇੱਕ ਨਾ ਮੰਨੀ। ਉਹ ਚੱਲ ਕੇ ਆਪਣੇ ਘਰ ਨੂੰ ਚਲਾ ਗਿਆ। ਜਦ ਮੈਂ ਅੰਨ੍ਹਾਂ ਹੋ ਗਿਆ ਤਾਂ ਬਹੁਤ ਪਛਤਾਇਆ,ਫਿਰ ਵਾਪਸ ਹੋ ਕੇ ਤੁਹਾਡੇ ਵਾਲੇ ਪਾਸੇ ਆਇਆ। ਦਿਸ਼ਾ ਦਾ ਭਰਮ ਹੋ ਗਿਆ,ਮੈਥੋਂ ਜਾਇਆ ਨਹੀਂ ਗਿਆ। ਲਾਚਾਰ ਹੋ ਕੇ ਉਸ ਥਾਂ ਹੀ ਖੜ੍ਹਾ ਰਿਹਾ। ਸਵੇਰ ਹੋਣ ਤੇ ਤੁਹਾਡੇ ਸੇਵਕ ਮੈਨੂੰ ਮਿਲ ਪਏ,ਗੁੱਸਾ ਧਾਰ ਕੇ ਉਨ੍ਹਾਂ ਨੇ ਮੈਨੂੰ ਫੜ ਲਿਆ, ਮੈਂ ਮੂਰਖ ਨੇ ਵੱਡਾ ਪਾਪ ਕੀਤਾ, ਹੁਣ ਤੁਹਾਡੇ ਪਰਤਾਪ ਨਾਲ ਮੈਨੂੰ ਅੱਖਾਂ ਨਾਲ ਦਿਖਾਈ ਦੇਣ ਲਗ ਪਿਆ ਹੈ। ਮੈਂ ਤੁਹਾਡਾ ਚੋਰ ਹਾਂ, ਬਣਦੀ ਸਜਾ ਦੇਵੋ, ਮਾੜੀ ਬੁੱਧੀ ਨੇ ਭੈੜਾ ਮਾਰਗ ਬਣਾਇਆ ਹੈ। ਭਾਗਹੀਣ ਮੇਰਾ ਮਨ ਸਮਝਿਆ ਨਹੀਂ। ਤੁਹਾਡਾ ਪ੍ਰਕਾਸ਼ ਜਗਤ ਵਿਚ ਸੂਰਜ ਸਮਾਨ ਹੈ। ਸਤਿਗੁਰੂ ਜੀ ਨੇ ਕਿਹਾ ਕਿ ਹੇ ਵਿਭਚਾਰ ਕਮਾਉਣ ਵਾਲੇ ਸਾਰੇ ਜੱਗ ਨਾਲ ਧਰੋਹ ਕਮਾਉਂਦੇ ਹੋ ਇਹ ਫਕੀਰ ਦਾ ਗੋਦਰਾ ਹੈ ਉਸ ਨੂੰ ਵੀ ਤੂੰ ਛੱਡਿਆ ਨਹੀਂ ਹੈ। ਪਾਪ ਕਈ ਪ੍ਰਕਾਰ ਦਾ ਹੁੰਦਾ ਹੈ। ਅਜਿਹਾ ਪਾਪ ਕਰਕੇ ਬਹੁਤ ਭਿਆਨਕ ਕਸ਼ਟ ਪ੍ਰਾਪਤ ਕਰੇਂਗਾ। ਫਿਰ ਵੀ ਇਨ੍ਹਾਂ ਵਿਚ ਬੜਾ ਅੰਤਰ ਹੈ। ਕਿੱਥੇ ਹੋਰ ਦੀ ਚੋਰੀ ਕਰਨੀ ਕਿੱਥੇ ਸੰਤਾਂ ਦੀ ਵਸਤੂ ਚੁਰਾਉਣੀ। ਚੋਰ ਨੂੰ ਕੀ ਸਜਾ ਦੇਣੀ ਚਾਹੀਦੀ ਹੈ। ਆਪ ਹੀ ਦੱਸ ਦਿਉ। ਜਗਤ ਵਿਚ ਸੂਲੀ ਤੇ ਚੜ੍ਹਾਉਣਾ ਪ੍ਰਗਟ ਹੈ ਉਹ ਆਪ ਹੀ ਕਰ ਲਵੋ, ਇਹ ਕਹਿ ਕੇ ਚੋਰ ਨੂੰ ਦਾਸਾਂ ਪਾਸੋਂ ਛੁਡਵਾਇਆ। ਚੋਰ ਹੱਥ ਜੋੜ ਕੇ ਬੋਲਿਆ ਜਿਵੇਂ ਆਪ ਜੀ ਦਾ ਹੁਕਮ ਹੋਵੇ ਉਸੇ ਤਰ੍ਹਾਂ ਹੀ ਕਰ ਲਵਾਂਗਾ। ਹੁਣ ਮਰਨਾ ਹੀ ਚੰਗਾ ਹੈ, ਮੈਂ ਤੁਹਾਡਾ ਮਹਾਨ ਅਪਰਾਧ ਕੀਤਾ ਹੈ। ਗੁਰੂ ਜੀ ਨੇ ਆਖਿਆ ਉਹ ਸਾਹਮਣੇ ਜੋ ਜੰਡ ਦਾ ਰੁੱਖ ਖੜ੍ਹਾ ਹੈ ਉਸ ਦੀ ਤਣੇ ਤੇ ਚੜ੍ਹਕੇ ਮਰੋ। ਸੁਣ ਕੇ ਚੋਰ ਜੰਡ ਦੇ ਦਰੱਖਤ

ਕੋਲ ਗਿਆ। ਤਣੇ ਦੇ ਉਪਰ ਜੋ ਉੱਚਾ ਟਾਹਣਾ ਸੀ ਉਹ ਚੋਰ ਨੇ ਝੱਟ ਫੜ ਲਿਆ, ਜੋਰ ਨਾਲ ਖਿੱਚ ਕੇ ਤੋੜਿਆ ਤੇ ਬਾਕੀ ਤਿੱਖਾ ਤਣਾ ਧਰਤੀ ਤੇ ਖੜ੍ਹਾ ਰਹਿ ਗਿਆ। ਸਾਰਿਆਂ ਦੇ ਦੇਖਦਿਆਂ ਦੇਖਦਿਆਂ ਉਸ ਹਿੰਦੂ ਚੋਰ ਨੇ ਜੰਡ ਦੇ ਤਿੱਖੇ ਤਣੇ ਤੇ ਆਪਣਾ ਪੇਟ ਰੱਖ ਕੇ ਪੈਰ ਚੁੱਕ ਲਏ ਤੇ ਆਪਣਾ ਜੀਵਨ ਖਤਮ ਕਰਨ ਲਈ ਜੋਰ ਲਾਇਆ। ਜਦ ਉਸ ਦੇ ਆਸਰੇ ਹੋ ਗਿਆ ਲੱਕੜ ਅੰਦਰ ਦਾਖਲ ਹੋ ਗਈ ਤੇ ਪੇਟ ਫਟ ਗਿਆ। ਤੁਰੰਤ ਮਰ ਗਿਆ। ਉਹ ਥਾਂ ਹਲੇ ਵੀ ਉੱਥੇ ਹੈ। ਲੋਕ ਇਸ ਨੂੰ ਸੂਲੀਸਰ ਕਹਿੰਦੇ ਹਨ।

## ਬਾਰਨੇ ਦੇ ਕਿਸਾਨ ਤੋਂ ਤੰਬਾਕੂ ਛਡਾਉਣਾ

ਗੁਰੂ ਤੇਗ ਬਹਾਦਰ ਸਾਹਿਬ ਜੀ ਸਿੱਖ ਸੰਗਤਾਂ ਦੇ ਸਮੇਤ ਕੈਂਥਲ ਤੋਂ ਪੰਦਰਾਂ ਕੋਹ ਅੱਗੇ ਬਾਰਨਾ ਪਿੰਡ ਪਹੁੰਚ ਗਏ। ਉੱਥੇ ਖੜ੍ਹੇ ਹੋ ਕੇ ਗੁਰੂ ਜੀ ਨੇ ਪੁੱਛਿਆ ਇਸ ਪਿੰਡ ਵਿਚ ਕੋਈ ਸਿੱਖ ਰਹਿੰਦਾ ਹੈ। ਤਾਂ ਇੱਕ ਮਨੁੱਖ ਨੇ ਦੱਸਿਆ ਕਿ ਸਾਰੇ ਪਿੰਡ ਵਿਚ ਇੱਕ ਸਿੱਖ ਰਹਿੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਆਖਿਆ ਉਸ ਨੂੰ ਬੁਲਾ ਕੇ ਲਿਆਉ। ਉਹ ਮਨੁੱਖ ਸੁਣਕੇ ਚਲਾ ਗਿਆ। ਜੱਟ ਨੂੰ ਮਿਲਕੇ ਕਹਿਣ ਲੱਗਾ ਬਾਹਰ ਤੈਨੂੰ ਭਲੇ ਪੁਰਸ਼ ਬੁਲਾਉਂਦੇ ਹਨ। ਉਹ ਤੇਰੀ ਉਡੀਕ ਕਰ ਰਹੇ ਹਨ। ਉਸ ਸਮੇਂ ਖੇਤ ਵਿਚ ਪਟਵਾਰੀ ਜਮੀਨ ਦੀ ਮਿਣਤੀ ਕਰਦਾ ਫਿਰਦਾ ਸੀ। ਇਹ ਸੁਣ ਕੇ ਜੱਟ ਨੇ ਹਿਰਦੇ ਵਿਚ ਵੀਚਾਰ ਕੀਤੀ ਮੈਨੂੰ ਖੇਤ ਵਿਚ ਪਟਵਾਰੀ ਪਾਸ ਜਾਣਾ ਬਣਦਾ ਹੈ ਫਿਰ ਵੀ ਵੇਖ ਕੇ ਪਹਿਲਾਂ ਮਿਲਕੇ ਆਵਾਂ। ਇਹ ਵੀਚਾਰ ਕੇ ਕਾਹਲੀ ਨਾਲ ਆਇਆ। ਬੈਠੇ ਹੋਏ ਸਤਿਗੁਰਾਂ ਦੇ ਦਰਸ਼ਨ ਕੀਤੇ। ਜਾਣ ਪਛਾਣ ਕੇ ਨਮਸਕਾਰ ਕੀਤੀ, ਡੇਰਾ ਕਰਨ ਦੇ ਮਨੋਰਥ ਨੂੰ ਸਮਝ ਗਿਆ। ਹੱਥ ਜੋੜ ਕੇ ਬੋਲਿਆ ਹੇ ਸਤਿਗੁਰੂ ਜੀ ਸਾਡੇ ਘਰ ਵਿਚ ਚੱਲੋ। ਚੰਗੀ ਤਰ੍ਹਾਂ ਡੇਰਾ ਲਾ ਕੇ ਸੁਖ ਪਾਵੋ। ਛੇਤੀ ਚੱਲੋ ਦੇਰ ਨਾ ਲਾਵੋ। ਪਟਵਾਰੀ ਇੱਥੇ ਆਇਆ ਹੋਇਆ ਹੈ। ਮੈਂ ਆਪਣੇ ਖੇਤਾਂ ਵਿਚ ਉੱਥੇ ਜਾਣਾ ਹੈ। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਉੱਥੇ ਪਹੁੰਚਣ ਦੀ ਇੱਛਾ ਨਾ ਕਰੋ, ਤੇਰੇ ਖੇਤਾਂ ਦਾ ਰਾਖਾ ਕਰਤਾਰ ਹੈ। ਹੋਰ ਸਾਰੇ ਸੁਧਾਰ ਕਰਕੇ ਤੇਰੇ ਘਰ ਅੰਨ ਬਚੇਗਾ। ਹੁਣ ਤੁਸੀਂ ਸਾਡਾ ਡੇਰਾ ਕਰਵਾਉ ਤੇ ਸੇਵਾ ਵਿਚ ਰਹੋ, ਸਮਾ ਨਾ ਗਵਾਉ। ਤੇਰੀ ਜਿਨਸ ਵਿਚ ਗੁਰੂ ਜੀ ਬਹੁਤ ਬਰਕਤ ਪਾਉਣਗੇ। ਤੇਰੀ ਬੁੱਧੀ ਸਥਿਰ ਰਹੇਗੀ। ਇਹ ਸੁਣ ਕੇ ਕਿਸਾਨ ਨੇ ਹੱਥ ਜੋੜ ਕੇ ਕਿਹਾ ਆਪ ਇੱਥੇ ਵਿਸ਼ਰਾਮ ਕਰੋ ਖੇਤਾਂ ਵਿਚ ਬਹੁਤ ਫਸਲ ਹੋਈ ਹੈ,ਮੇਰੀ ਛੇ ਮਹੀਨਿਆਂ ਦੀ ਮਿਹਨਤ ਹੈ। ਜੇ ਮੈਂ ਇਸ ਸਮੇਂ ਨਹੀਂ ਜਾਵਾਂਗਾ ਤਾਂ ਪਟਵਾਰੀ ਗੜਬੜ ਕਰੇਗਾ। ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਇਸ ਵਾਰ ਅੰਨ ਛੁਡਵਾ ਲਵਾਂਗਾ। ਛੇ ਮਹੀਨੇ ਤੱਕ ਪਰਵਾਰ ਅਨਾਜ ਖਾਏਗਾ। ਅਸੀਂ ਸਾਰੇ ਅਨਾਜ ਦੇ ਆਸਰੇ ਜਿਉਂਦੇ ਹਾਂ। ਕੇਵਲ ਇੱਕ ਪਹਿਰ ਦਾ ਉਹ ਕੰਮ ਹੈ। ਜੇ ਨਾ ਜਾਵਾਂਗਾ, ਫਿਰ ਘਰ ਵਿਚ ਅੰਨ ਕਿਵੇਂ ਰਹੇਗਾ। ਇਹ ਸੁਣ ਕੇ ਸਤਿਗੁਰੂ

ਜੀ ਨੇ ਉਸ ਨੂੰ ਮੂਰਖ ਜਾਣਿਆ। ਫਿਰ ਵੀ ਕਿਰਪਾ ਕਰਕੇ ਦੁਬਾਰਾ ਕਿਹਾ ਜੇ ਨਹੀਂ ਹਟਣਾ ਜਾਣ ਦਾ ਨਿਸਚਾ ਕੀਤਾ ਹੈ ਤਾਂ ਖੇਤ ਦੇ ਨੇੜੇ ਖੜੇ ਰਹਿਣਾ। ਕੋਈ ਬੇਨਤੀ ਦਾ ਸ਼ਬਦ ਨਹੀਂ ਕਹਿਣਾ। ਸਤਿਗੁਰੂ ਜੀ ਤੇਰੇ ਸਹਾਇਕ ਹੋਣਗੇ। ਖੇਤ ਦੀ ਉਪਜ ਬਾਰੇ ਸੁਣ ਕੇ ਛੇਤੀ ਆ ਜਾਵੋ। ਗੁਰੂ ਜੀ ਦਾ ਬਚਨ ਮੰਨ ਕੇ ਖੇਤ ਵਿਚ ਚਲੇ ਗਿਆ। ਜਿੱਥੇ ਉਪਜ ਦਾ ਅੰਦਾਜਾ ਲਾਉਣ ਵਾਲੇ ਫਿਰਦੇ ਵੇਖੇ। ਸਿੱਖ ਆਪਣੇ ਖੇਤ ਦੇ ਪਾਸ ਪਹੁੰਚ ਗਿਆ। ਜਮੀਨ ਦੀ ਮਿਣਤੀ ਕਰਦੇ ਪਟਵਾਰੀ ਇੱਧਰ ਉੱਧਰ ਜਾ ਰਹੇ ਸਨ। ਦੋ ਸੌ ਬਿੱਘਿਆਂ ਦਾ ਵੱਡਾ ਖੇਤ ਸੀ, ਸੌ ਜਾਣਿਆ, ਉਸ ਸਮੇਂ ਮਿਣਤੀ ਕਰਕੇ ਤਦ ਜੱਟ ਸ੍ਰੀਕ ਆਦਿ ਲਿਖਣ ਲੱਗੇ ਤਾਂ ਇਕ ਕਿਸਾਨ ਬੋਲਿਆ ਇਸ ਜਮੀਨ ਦੀ ਮਿਣਤੀ ਠੀਕ ਨਹੀਂ ਹੋਈ। ਇਹ ਖੇਤ ਸਦਾ ਹੀ ਦੋ ਸੌ ਬਿੱਘੇ ਦਾ ਹੁੰਦਾ ਹੈ। ਹੁਣ ਕਿਵੇਂ ਜਮੀਨ ਘਟ ਗਈ। ਇਸ ਜਮੀਨ ਦਾ ਮੈਂ ਸਦਾ ਹੀ ਮਾਮਲਾ ਭਰਦਾ ਹਾਂ। ਪਟਵਾਰੀ ਨੇ ਮਿਣਨ ਵਾਲੇ ਨੂੰ ਕਿਹਾ ਇਹ ਤੂੰ ਕੀ ਕੀਤਾ ਹੈ, ਰਿਸ਼ਵਤ ਲਈ ਹੈ। ਅੱਧਾ ਮਾਮਲਾ ਵਿਗਾੜ ਦਿੱਤਾ ਹੈ, ਤੈਨੂੰ ਬਹੁਤ ਮਾਰ ਕੇ ਪੂਰਾ ਮਾਮਲਾ ਭਰ ਲਵਾਂਗੇ। ਉਸ ਨੇ ਹਿਰਦੇ ਵਿਚ ਡਰ ਮੰਨ ਕੇ ਕਿਹਾ ਮੈਂ ਧਰਤੀ ਚੰਗੀ ਤਰ੍ਹਾਂ ਮਿਣੀ ਹੈ ਤੁਸੀਂ ਕਹੋ ਮੈਂ ਫਿਰ ਮਿਣ ਲੈਂਦਾ ਹਾਂ। ਫਿਰ ਜਰੀਬ ਪਾਉਣ ਲੱਗੇ ਇੱਕ ਹੋਰ ਆਦਮੀ ਨੂੰ ਨਾਲ ਮਿਲਾ ਦਿੱਤਾ। ਹੌਲੀ ਹੌਲੀ ਫਿਰ ਚੰਗੀ ਤਰ੍ਹਾਂ ਮਿਣਤੀ ਕੀਤੀ। ਉਹ ਸਿੱਖ ਪਰੇ ਖੜ੍ਹਾ ਸੀ ਫਿਰ ਸੌ ਦੀ ਗਿਣਤੀ ਪੂਰੀ ਸੁਣਕੇ ਹੈਰਾਨ ਹੋਇਆ। ਮਿਣਤੀ ਕਰਨ ਵਾਲੇ ਨੂੰ ਖੋਟਾ ਜਾਣਿਆ। ਉੱਧਰ ਸਿੱਖ ਵੀ ਖੜ੍ਹਾ ਬਹੁਤ ਹੈਰਾਨ ਹੋਇਆ। ਗੁਰੂ ਜੀ ਦੀ ਆਗਿਆ ਅਨੁਸਾਰ ਕੁਝ ਨਾ ਬੋਲਿਆ। ਮਨੁੱਖਾਂ ਵਿਚ ਰੌਲਾ ਪੈ ਗਿਆ। ਪਟਵਾਰੀ ਫੇਰ ਦੁਬਾਰਾ ਮਿਣਨ ਲੱਗਾ, ਕਈ ਸ੍ਰੀਕ ਜੱਟ ਨਾਲ ਹੋ ਗਏ। ਜਰੀਬ ਨੂੰ ਸਾਰੇ ਹੀ ਗਿਣਦੇ ਸਨ। ਖੇਤ ਵਿਚ ਅਤੀ ਚੌਕਸ ਹੋ ਗਏ ਫੇਰ ਸਾਰੇ ਹੀ ਚੰਗੀ ਤਰ੍ਹਾਂ ਮਿਣਤੀ ਕਰ ਰਹੇ ਸਨ। ਜਿਹੜੇ ਦੋ ਸੌ ਕਹਿੰਦੇ ਸਨ ਉਹ ਝੂਠੇ ਪੈ ਗਏ। ਸੌ ਬਿੱਘੇ ਦਾ ਫੇਰ ਮਾਮਲਾ ਭਰਿਆ। ਉਹ ਸਾਰੇ ਲੋਕ ਮੁਰਝਾਏ ਹੋਏ ਚਿਹਰੇ ਲੈ ਕੇ ਆਏ। ਗੁਰੂ ਜੀ ਦਾ ਪ੍ਰਤਾਪ ਸਮਝ ਕੇ ਸਿੱਖ ਬਹੁਤ ਪਰਸੰਨ ਹੋਇਆ। ਘਰ ਜਾ ਕੇ ਗੁਰੂ ਜੀ ਦੇ ਚਰਨਾ ਤੇ ਨਮਸਕਾਰ ਕੀਤੀ ਤੇ ਸਾਰੀ ਵਾਰਤਾ ਸੁਣਾਈ। ਸੁਣ ਕੇ ਸਤਿਗੁਰੂ ਜੀ ਨੇ ਕਿਹਾ ਜੇ ਪਹਿਲੇ ਬਚਨ ਮੰਨ ਲੈਂਦਾ ਤਾਂ ਸਾਰੇ ਖੇਤ ਦਾ ਹੀ ਅਨਾਜ ਲੈ ਲੈਂਦਾ, ਨਾਲੇ ਘਰ ਦੇ ਕਾਰਜਾਂ ਦਾ ਸੁਧਾਰ ਕਰਦਾ। ਦੂਸਰਾ ਬਚਨ ਤੂੰ ਸਰਧਾ ਕਰਕੇ ਮੰਨਿਆ, ਅੱਧਾ ਕਾਰਜ ਹੋ ਗਿਆ ਅੱਧਾ ਰਹਿ ਗਿਆ ਹੈ। ਇਹ ਸੁਣ ਕੇ ਗੁਰੂ ਜੀ ਸੀ ਬਹੁਤ ਮਹਿਮਾ ਜਾਣੀ,ਬਾਰ ਬਾਰ ਚਰਨ ਕਮਲਾਂ ਤੇ ਬੰਦਨਾ ਕੀਤੀ। ਗੁਰੂ ਜੀ ਨੂੰ ਲੈ ਕੇ ਆਪਣੇ ਘਰ ਵੱਲ ਚੱਲ ਪਿਆ। ਘਰ ਵਿਚ ਵਿਸ਼ਰਾਮ ਕਰਵਾਇਆ। ਘਰ ਵਿਚ ਇੱਕ ਇਮਲੀ ਦਾ ਬੂਟਾ ਸੀ। ਗੁਰੂ ਜੀ ਦਾ ਘੋੜਾ ਉਸ ਦੇ ਨਾਲ ਬੰਨ੍ਹ ਦਿੱਤਾ। ਰਥ ਆਦਿ ਵਿਚ ਜੋ ਆਦਰ ਯੋਗ ਸਨ ਉਨ੍ਹਾਂ ਨੂੰ ਉਤਾਰ ਕੇ ਵਿਸ਼ਰਾਮ ਕਰਵਾਇਆ। ਯੋਗਤਾ

ਅਨੁਸਾਰ ਸਭ ਪ੍ਰਕਾਰ ਸੇਵਾ ਕੀਤੀ। ਲੰਗਰ ਪਾਣੀ ਛਕ ਕੇ ਅਰਾਮ ਕੀਤਾ। ਇੱਕ ਪਹਿਰ ਰਾਤ ਰਹਿੰਦੀ ਵੇਖ ਕੇ ਉੱਠ ਪਏ ਅਤੇ ਸਿਮਰਨ ਕਰਨ ਲੱਗ ਪਏ। ਸੌਚ ਇਸ਼ਨਾਨ ਕਰਕੇ ਧਿਆਨ ਲਾਇਆ। ਜਦ ਸੂਰਜ ਚੜ੍ਹ ਪਿਆ ਤਦ ਸਿੱਖ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਪਵਿੱਤਰ ਉਪਦੇਸ ਦਿੱਤਾ। ਆਪਣੀ ਵੰਸ ਵਿਚੋਂ ਤੰਬਾਕੂ ਤਿਆਗੋ,ਨਫਰਤ ਕਰਕੇ ਇਸ ਤੋਂ ਦੂਰ ਰਹੋ,ਸਿੱਖ ਸੰਤਾਂ ਦੀ ਸੇਵਾ ਵਿਚ ਲੱਗੋ। ਪ੍ਰੇਮ ਨਾਲ ਆਪਣੀ ਕਿਰਤ ਵੰਡ ਕੇ ਛਕੋ। ਤੁਹਾਡੇ ਘਰ ਵਿਚ ਧਨ ਅਤੇ ਅਨਾਜ ਬਹੁਤ ਵਧੇਗਾ। ਘਰ ਵਿਚ ਗਊਆਂ ਤੇ ਮੱਝਾਂ ਹੋਣਗੀਆਂ। ਕਿਸੇ ਵਸਤੂ ਦੀ ਕਮੀ ਨਹੀਂ ਹੋਵੇਗੀ। ਤੁਹਾਡੀ ਵੰਸ ਵਿਚ ਸਾਰੇ ਸੁੱਖ ਪਾਉਣਗੇ। ਜਦ ਵੀ ਤੰਬਾਕੂ ਨੂੰ ਪੀਵੋਗੇ ਤੁਹਾਡਾ ਵੰਸ ਗਰੀਬ ਹੋ ਜਾਵੇਗਾ। ਧਨ ਦੀ ਹਾਨੀ ਹੋ ਜਾਵੇਗੀ ਇਹ ਸੁਣ ਕੇ ਸਤਿਗੁਰੂ ਜੀ ਦੇ ਚਰਨਾ ਤੇ ਪੈ ਗਿਆ,ਗੁਰੂ ਜੀ ਦੇ ਉਪਦੇਸ ਨੂੰ ਹਿਰਦੇ ਵਿਚ ਧਾਰਨ ਕੀਤਾ। ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ ਉਸ ਕਿਸਾਨ ਦੇ ਪਿੰਡ ਬਾਰਨੇ ਜਾ ਕੇ ਮੈਂ ਵੇਖਿਆ ਹੈ। ਜਦ ਤੱਕ ਉਨ੍ਹਾਂ ਨੇ ਤੰਬਾਕੂ ਨਾ ਪੀਤਾ ਤਦ ਤੱਕ ਘਰ ਵਿਚ ਸਭ ਕੁਝ ਹੁੰਦਾ ਸੀ। ਜਦੋਂ ਉਸ ਕਿਰਸਾਨ ਦੀ ਵੰਸ ਨੇ ਤੰਬਾਕੂ ਪੀਣਾ ਸ਼ੁਰੂ ਕਰ ਦਿੱਤਾ ਤਾਂ ਉਹ ਬਹੁਤ ਗਰੀਬ ਹੋ ਗਏ। ਅਸੀਂ ਵੀ ਮਿਲਕੇ ਉਨ੍ਹਾਂ ਨੂੰ ਸਮਝਾਇਆ। ਖਾਣ ਵਾਸਤੇ ਜਿਨ੍ਹਾਂ ਦੇ ਘਰ ਵਿਚ ਅੰਨ ਵੀ ਨਹੀਂ ਸੀ ਤੰਬਾਕੂ ਪੀਣਾ ਛੁਡਵਾਇਆ ਹੈ ਤੇ ਖੰਡੇ ਦਾ ਅੰਮ੍ਰਿਤ ਪਲਾਇਆ ਹੈ ਬਾਅਦ ਵਿਚ ਮੈਂ ਪਿੰਡ ਬਾਰਨੇ ਜਾ ਕੇ ਵੇਖਿਆ ਨਹੀਂ ਹੈ।

## ਭਾਈ ਦੱਗੋ ਕਿਸਾਨ ਨੂੰ ਖੂਹ ਅਤੇ ਬਾਗ ਲਾਉਣ ਬਾਰੇ ਬਚਨ

ਧਮਧਾਨ ਪਿੰਡ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਗਤਾਂ ਨੂੰ ਦਰਸ਼ਨ ਦੇ ਕੇ ਮਨੋਕਾਮਨਾਵਾਂ ਪੂਰੀਆਂ ਕਰ ਰਹੇ ਸਨ। ਸੰਗਤਾਂ ਬਹੁਤ ਸਾਰਾ ਧਨ ਖੁਸ਼ੀ ਦੇ ਨਾਲ ਲੈ ਕੇ ਆਉਂਦੀਆਂ ਹਨ ਅਤੇ ਗੁਰੂ ਸਾਹਿਬ ਦੇ ਚਰਨਾ ਵਿਚ ਭੇਟਾ ਕਰਦੀਆਂ ਹਨ। ਤਦ ਇੱਕ ਕਿਸਾਨ ਗੁਰੂ ਸਾਹਿਬ ਜੀ ਦੀ ਬਹੁਤ ਸੇਵਾ ਕਰਦਾ ਸੀ। ਕਈ ਦਿਨ ਬਤੀਤ ਕਰਕੇ ਗੁਰੂ ਜੀ ਨੇ ਕੂਚ ਕਰਨ ਦੀ ਤਿਆਰੀ ਕਰ ਲਈ ਤਦ ਉਸ ਕਿਸਾਨ ਨੂੰ ਆਪਣੇ ਪਾਸ ਬੁਲਾਇਆ ਜਿੰਨਾਂ ਵੀ ਧਨ ਸੀ ਸਾਰਾ ਉਸ ਨੂੰ ਦੇ ਦਿੱਤਾ। ਉਸ ਨੂੰ ਹੁਕਮ ਕੀਤਾ ਵੱਡਾ ਖੂਹ ਲਗਾਵੋ। ਬਹੁਤ ਧਨ ਖਰਚ ਕਰਕੇ ਇੱਕ ਸੁੰਦਰ ਧਰਮਸ਼ਾਲਾ ਵੀ ਬਣਾਵੋ। ਫੇਰ ਕੋਈ ਸਿੱਖ ਸੰਤ ਉੱਥੇ ਬਠਾਵੋ। ਬਹੁਤ ਖਰਚ ਕਰਕੇ ਫਲਦਾਰ ਬਾਗ ਲਗਾਵੋ। ਸ਼ਰਧਾ ਨਾਲ ਇਹ ਕਾਰਜ ਕਰੋ। ਆਪਣੇ ਹਿਰਦੇ ਵਿਚ ਲੋਭ ਨਾ ਕਰਨਾ,ਹੋਰ ਕਿਸੇ ਸਥਾਨ ਤੇ ਜੇ ਇਹ ਪੈਸਾ ਲਗਾਵੋਂਗੇ ਤਾਂ ਕੁਝ ਨਹੀਂ ਬਣੇਗਾ ਸਭ ਬੇਕਾਰ ਹੋ ਜਾਵੇਗਾ। ਇਸ ਤਰ੍ਹਾਂ ਅਣਗਿਣਤ ਧਨ ਉਸ ਨੂੰ ਦਿੱਤਾ,ਖੂਹ ਅਤੇ ਬਾਗ ਲਾਉਣ ਦੀ ਆਗਿਆ ਕਰ ਦਿੱਤੀ। ਸੰਗਤਾਂ ਨੇ ਮਨੋਕਾਮਨਾਵਾਂ ਪ੍ਰਾਪਤ

ਕੀਤੀਆਂ ਅਤੇ ਆਪਣੇ ਘਰ ਚਲੀਆਂ ਗਈਆਂ। ਫਿਰ ਸਤਿਗੁਰੂ ਜੀ ਨੇ ਵੀ ਉੱਥੋਂ ਡੇਰਾ ਕੂਚ ਕਰ ਦਿੱਤਾ। ਸਤਿਗੁਰਾਂ ਦੇ ਜਾਣ ਤੋਂ ਮਗਰੋਂ ਕਿਸਾਨ ਲੋਭ ਵਿਚ ਆ ਗਿਆ। ਕੋਈ ਵੀ ਕਾਰਜ ਬਣਾਉਣਾ ਨਹੀਂ ਚਾਹੁੰਦਾ ਸੀ। ਫਿਰ ਗੁਰੂ ਜੀ ਪਾਸੋਂ ਡਰਦਾ ਵੀ ਸੀ। ਐਸਾ ਨਾ ਹੋ ਜਾਵੇ ਕਿ ਮੇਰੇ ਵੰਸ ਦਾ ਨਾਸ ਹੋ ਜਾਵੇ। ਘੋੜਿਆਂ ਦੇ ਲੋਭ ਤੇ ਬਹੁਤ ਵੀਚਾਰ ਕਰਦਾ ਸੀ। ਪੈਸੇ ਨੂੰ ਨਾ ਰੱਖ ਸਕਦਾ ਸੀ ਨਾ ਖੂਹ ਲਗਵਾ ਰਿਹਾ ਸੀ। ਕਈ ਦਿਨਾ ਬਾਅਦ ਮਨ ਇਸ ਤਰ੍ਹਾਂ ਠਹਿਰਾ ਲਿਆ ਕਿ ਜਿੱਥੇ ਮੇਰੇ ਖੇਤ ਹਨ ਉੱਥੇ ਖੂਹ ਲਗਵਾ ਦਿੰਦੇ ਹਾਂ ਅਤੇ ਆਪਣੇ ਖੇਤਾਂ ਵਿਚ ਫਲਦਾਰ ਬ੍ਰਿਛ ਲਾ ਲਵਾਂਗਾ,ਗੁਰੂ ਜੀ ਦੇ ਬਚਨ ਅਨੁਸਾਰ ਖੂਹ ਅਤੇ ਬਾਗ ਲੱਗ ਜਾਣਗੇ ਅਤੇ ਮੇਰਾ ਕੰਮ ਹੋ ਜਾਵੇਗਾ। ਮੇਰੇ ਪੁੱਤਰ ਅਤੇ ਪੋਤਰਿਆਂ ਦੇ ਸਾਰੇ ਕਾਰਜ ਪੂਰੇ ਹੋ ਜਾਣਗੇ। ਇਸ ਤਰ੍ਹਾਂ ਮਨ ਵਿਚ ਵੀਚਾਰ ਕਰਕੇ ਆਪਣੇ ਖੇਤਾਂ ਵਿਚ ਖੂਹ ਪਟਵਾਇਆ ਤੇ ਕਾਰੀਗਰਾਂ ਪਾਸੋਂ ਚੱਕ ਦੀ ਚਣਵਾਈ ਕਰਵਾਈ ਫਿਰ ਚੱਕ ਨੂੰ ਖੂਹ ਵਿਚ ਉਤਾਰਨ ਲੱਗੇ ਪਰ ਚੱਕ ਨਾ ਉਤਰਿਆ। ਅਨੇਕਾਂ ਵਿਧੀ ਨਾਲ ਯਤਨ ਕੀਤੇ ਪਰ ਚੱਕ ਨਾ ਉਤਰ ਸਕਿਆ। ਕਵੀ ਸੰਤੋਖ ਸਿੱਘ ਜੀ ਕਹਿੰਦੇ ਹਨ ਜਦ ਮੈਂ ਧਮਧਾਨ ਪਿੰਡ ਗਿਆ ਸੀ ਤਾਂ ਧਮਧਾਨ ਵਿਚ ਜਿਹੜੇ ਸਿੱਖ ਰਹਿੰਦੇ ਸਨ ਸਾਰਿਆਂ ਨੇ ਵੇਖ ਕੇ ਮੈਨੂੰ ਕਿਹਾ ਸੀ ਚੱਕ ਹਲੇ ਤੱਕ ਧਰਤੀ ਤੇ ਬਾਹਰ ਖੜ੍ਹਾ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਨ ਜਗਤ ਵਿਚ ਜਾਹਰ ਹਨ। ਕਿਸਾਨ ਨੇ ਗੁਰੂ ਜੀ ਦੀ ਆਗਿਆ ਨਾ ਮੰਨੀ,ਆਪਣਾ ਸਾਰਾ ਸਾਜੋ ਸਮਾਨ ਤੇ ਪਰਿਵਾਰ ਤਬਾਹ ਕਰਵਾ ਲਿਆ।

## ਰਾਜਾ ਬਿਸ਼ਨ ਸਿੰਘ ਅਤੇ ਕਾਮਰੂਪ ਦੇਸ ਦੇ ਰਾਜੇ ਦੀ ਸੰਧੀ ਕਰਾਉਣੀ

ਜਦੋਂ ਅਕਬਰ ਦਿੱਲੀ ਦਾ ਬਾਦਸ਼ਾਹ ਬਣਿਆ ਤਾਂ ਉਸ ਨੇ ਸਾਰੇ ਇਲਾਕੇ ਜਿੱਤ ਲਏ। ਬਹੁਤ ਲਸ਼ਕਰ ਉਸ ਦੇ ਕੋਲ ਸੀ। ਬਾਦਸ਼ਾਹ ਦੀ ਕਚਿਹਰੀ ਵਿਚ ਪਿਛਲੇ ਕਾਫੀ ਸਮੇਂ ਤੋਂ ਇੱਕ ਨੰਗੀ ਤਲਵਾਰ ਪਈ ਰਹਿੰਦੀ ਸੀ ਕਿਉਂਕਿ ਕਾਮਰੂਪ ਦੇਸ ਦਿੱਲੀ ਦੇ ਤਖਤ ਤੋਂ ਕਾਫੀ ਸਮੇਂ ਤੋਂ ਆਕੀ ਰਿਹਾ ਸੀ। ਕਾਮਰੂਪ ਦੇਸ ਬੰਗਾਲ ਦੇ ਉੱਤਰ ਪੂਰਬ ਵਿਚ ਸਥਿਤ ਹੈ। ਉੱਥੇ ਕਾਮੱਖਿਆ ਦੇਵੀ ਦਾ ਮੰਦਰ ਹੈ। ਇੱਥੋਂ ਦੇ ਲੋਕ ਅਨੇਕ ਰੀਤੀਆਂ ਦੇ ਮੰਤਰ ਜਾਣਦੇ ਸਨ। ਰਾਜੇ ਦਾ ਵੈਰੀ ਕੋਈ ਵੀ ਜੋ ਬਾਹਰੋਂ ਹਮਲਾਵਰ ਬਣ ਕੇ ਆਉਂਦਾ ਸੀ ਉਸ ਨੂੰ ਨਾਸ ਕਰ ਦਿੰਦੇ ਸਨ। ਮਾਨ ਸਿੰਘ ਬੜਾ ਸੂਰਬੀਰ ਰਾਜਾ ਸੀ। ਉਸ ਨੇ ਪੱਛਮੀ ਦਿਸ਼ਾ ਜਿੱਤ ਲਈ ਸੀ। ਇਸ ਦੀ ਜਿੱਤ ਕਾਰਨ ਅਕਬਰ ਨੂੰ ਚਿੰਤਾ ਹੋ ਗਈ ਕਿ ਇਹ ਬਹੁਤ ਬਹਾਦਰ ਸੂਰਮਾ ਰਾਜਾ ਹੈ ਇਸ ਕਰਕੇ ਇਸ ਨੂੰ ਕਾਮਰੂਪ ਮੁਹਿੰਮ ਤੇ ਭੇਜਦੇ ਹਾਂ। ਜੇਕਰ ਜਿੱਤ ਗਿਆ ਤਾਂ ਆਕੀ ਦੇਸ ਸਾਡੇ ਅਧੀਨ ਹੋ ਜਾਵੇਗਾ। ਜੇਕਰ ਉਨ੍ਹਾਂ ਦੇ ਮੰਤਰਾਂ ਦੇ ਅਧੀਨ ਹੋ ਗਿਆ ਤਾਂ ਮੌਤ ਪਾ ਲਵੇਗਾ। ਸਾਡੀ ਇਸ ਤਰ੍ਹਾਂ ਦੋਹਾਂ ਹਾਲਤਾਂ ਵਿਚ ਚਿੰਤਾ ਖਤਮ ਹੋ ਜਾਵੇਗੀ। ਇਸ

ਤਰ੍ਹਾਂ ਸਲਾਹ ਕਰਕੇ ਕਪਟ ਕਰਕੇ ਅਭਿਮਾਨੀ ਸੂਰਬੀਰ ਰਾਜੇ ਮਾਨ ਸਿੰਘ ਨੂੰ ਆਪਣੀ ਸਭਾ ਵਿਚ ਬੁਲਾਇਆ। ਭਰੀ ਕਚਿਹਰੀ ਵਿਚ ਉਸ ਦਾ ਸਨਮਾਨ ਕੀਤਾ। ਸੁਭ ਰੰਗ ਦਾ ਪਾਣਾਂ ਦਾ ਬੀੜਾ ਅਤੇ ਤਲਵਾਰ ਨੰਗੀ ਕੱਢ ਕੇ ਰੱਖ ਦਿੱਤੀ। ਸਭਾ ਵਿਚ ਸਾਰੇ ਨੰਗੀ ਤਲਵਾਰ ਨੂੰ ਵੇਖ ਰਹੇ ਸਨ ਪਰ ਕਿਸੇ ਨੇ ਵੀ ਬੀੜੇ ਅਤੇ ਤਲਵਾਰ ਨੂੰ ਚੁੱਕਣ ਦੀ ਦਲੇਰੀ ਨਾ ਕੀਤੀ ਤੇ ਸਾਰੇ ਚੁੱਪ ਬੈਠੇ ਰਹੇ। ਰਾਜੇ ਮਾਨ ਸਿੰਘ ਨੇ ਦਿਲ ਵਿਚ ਵਿਚਾਰ ਕੀਤੀ ਮੈਨੂੰ ਸਭਾ ਵਿਚ ਭਾਰੀ ਸਨਮਾਨ ਬਖਸ਼ਿਆ ਹੈ। ਇਹ ਤਲਵਾਰ ਮੇਰੇ ਅੱਗੇ ਧਰੀ ਹੈ ਹੋਰ ਪਾਸੇ ਵੇਖ ਕੇ ਮੇਰੇ ਨਾਲ ਕਪਟ ਕੀਤਾ ਹੈ। ਕਚਹਿਰੀ ਦੇ ਵਿਚ ਜੇ ਤਲਵਾਰ ਅਤੇ ਬੀੜੇ ਨੂੰ ਨਹੀਂ ਚੁੱਕਾਂਗਾ ਆਪਣੇ ਬਲ ਤੋਂ ਫਿਰ ਸ਼ਰਮਸਾਰ ਹੋ ਜਾਵਾਂਗਾ। ਬਾਅਦ ਵਿਚ ਮੈਨੂੰ ਕਹਿਣਗੇ ਕਾਇਰ ਹੋ ਗਿਆ ਹੈ। ਇੱਜਤ ਘਟ ਜਾਵੇਗੀ। ਇਸ ਤਰ੍ਹਾਂ ਵਿਚਾਰ ਕਰਕੇ ਬਾਦਸ਼ਾਹ ਨੂੰ ਸਲਾਮ ਕਰਕੇ ਤਲਵਾਰ ਚੁੱਕ ਲਈ। ਅਕਬਰ ਨੇ ਬਹੁਤ ਸ਼ਲਾਘਾ ਕੀਤੀ। ਰਾਜਾ ਮਾਨ ਸਿੰਘ ਕਾਮਰੂਪ ਦੇਸ ਦੇ ਰਾਹੇ ਚੱਲ ਪਿਆ। ਲਸ਼ਕਰ ਚੜ੍ਹਿਆ ਮਾਨੋਂ ਸੰਘਣੀ ਘਟਾ ਚੜ੍ਹ ਕੇ ਆ ਗਈ ਹੋਵੇ। ਨਗਾਰੇ ਬੱਦਲਾਂ ਦੀ ਤਰ੍ਹਾਂ ਗਰਜੇ,ਸ਼ਸਤਰ ਇਸ ਤਰ੍ਹਾਂ ਚਮਕਦੇ ਸਨ ਮਾਨੋਂ ਬਿਜਲੀ ਚਮਕਦੀ ਹੋਵੇ। ਅਕਬਰ ਨੇ ਸੋਚਿਆ ਜਾਂ ਕਾਮਰੂਪ ਦੇਸ ਜਿੱਤ ਲਵੇਗਾ ਜਾਂ ਰਾਜਾ ਮਰ ਜਾਵੇਗਾ,ਦੋਹਾਂ ਹਾਲਤਾਂ ਵਿਚ ਉਹ ਬਹੁਤ ਖੁਸ਼ ਸੀ। ਰੰਗਾ ਮਾਟੀ ਸਥਾਨ ਬ੍ਰਹਮ ਪੁੱਤਰ ਤੋਂ ਉਰਲੇ ਪਾਸੇ ਹੈ। ਰਾਜੇ ਨੇ ਸੈਨਾ ਸਮੇਤ ਉੱਥੇ ਡੇਰਾ ਲਾਇਆ। ਜਿੱਥੇ ਕਮੱਖਿਆ ਦਾ ਮੰਦਰ ਹੈ ਉੱਥੇ ਵਿਸ਼ਾਲ ਸੁੰਦਰ ਸ਼ਹਿਰ ਵੱਸਦਾ ਹੈ,ਜੋ ਰਾਜਧਾਨੀ ਹੈ। ਇਹ ਰਾਜਾ ਦੇਵੀ ਨੂੰ ਪੂਜਦਾ ਹੈ।ਧੂਪ ਦੀਪ ਜਗਾਉਂਦਾ ਹੈ,ਚੰਦਨ ਦਾ ਛਿੜਕਾਅ ਕਰਦਾ ਹੈ। ਜਦ ਉਸ ਰਾਜੇ ਨੇ ਮਾਨ ਸਿੰਘ ਦੇ ਆਉਣ ਬਾਰੇ ਸੁਣਿਆ ਤਾਂ ਉਸ ਨੇ ਮਾਰਨ ਵਾਸਤੇ ਮੰਤਰਾਂ ਦਾ ਪਾਠ ਕਰਕੇ ਤੇ ਬਲੀ ਦੇ ਕੇ ਫਿਰ ਸ਼ਕਤੀ ਚਲਾਈ। ਜਿਸ ਸਮੇਂ ਉਹ ਸ਼ਕਤੀ ਮਾਨ ਸਿੰਘ ਨੂੰ ਮਾਰਨ ਵਾਸਤੇ ਆਈ ਉਸ ਸਮੇਂ ਮਾਨ ਸਿੰਘ ਚੰਡੀ ਦਾ ਪਾਠ ਕਰ ਰਿਹਾ ਸੀ ਤੇ ਹੋਰਨਾ ਪਾਸੋਂ ਕਰਵਾ ਰਿਹਾ ਸੀ। ਜਦ ਉਹ ਸ਼ਕਤੀ ਮਾਰਨ ਵਾਸਤੇ ਆਈ ਤਾਂ ਬਲ ਨਾ ਚੱਲਿਆ। ਕਾਮਰੂਪ ਦੇਸ ਦੇ ਰਾਜੇ ਨੇ ਇੱਕ ਬੇੜੀ ਬਣਾਈ। ਉਸ ਬੇੜੀ ਦੇ ਵਿਚ ਇੱਕ ਸੁੰਦਰ ਪੁਤਲੀ ਬਣਾਈ। ਉਹ ਇਸ ਤਰ੍ਹਾਂ ਲਗਦੀ ਸੀ ਜਿਵੇਂ ਸੁੰਦਰ ਇਸਤਰੀ ਬਠਾਈ ਹੋਵੇ। ਕਮਲ ਦੇ ਫੁੱਲ ਬਣਵਾਏ ਜੋ ਬਹੁਤ ਸੁਗੰਧੀ ਵਾਲੇ ਮਨ ਨੂੰ ਭਾਉਂਦੇ ਸਨ। ਸਭ ਪ੍ਰਕਾਰ ਦੇ ਮੰਤਰ ਪੜ੍ਹ ਕੇ ਰਾਜੇ ਮਾਨ ਸਿੰਘ ਦਾ ਨਾਮ ਉਚਾਰਨ ਕੀਤਾ। ਮੰਤਰਾਂ ਦੀ ਸ਼ਕਤੀ ਨਾਲ ਉਹ ਬੇੜੀ ਚਲਾਈ। ਦਰਿਆ ਦੇ ਕਿਨਾਰੇ ਤੇ ਮਾਨ ਸਿੰਘ ਦਾ ਡੇਰਾ ਸੀ। ਉਹ ਸਾਰੇ ਬੇੜੀ ਵੇਖ ਕੇ ਹੈਰਾਨ ਹੋ ਰਹੇ ਸਨ। ਕਿਸੇ ਮਲਾਹ ਤੋਂ ਬਗੈਰ ਹੀ ਹੌਲੀ-ਹੌਲੀ ਚੱਲ ਰਹੀ ਸੀ। ਮਾਨ ਸਿੰਘ ਵੇਖ ਕੇ ਆਪਣੇ ਸਰੀਰ ਦੇ ਹੋਸ਼ ਗਵਾ ਬੈਠਾ। ਜਦ ਉਸ ਨੇ ਸੁੰਦਰ ਫੁੱਲ ਵੇਖੇ ਤਾਂ ਉਨ੍ਹਾਂ ਨੂੰ ਲੈਣ ਵਾਸਤੇ ਹੱਥ ਫੈਲਾਇਆ। ਉਹ ਫੁੱਲ ਸੁੰਘਣ ਨਾਲ ਮਾਨ ਸਿੰਘ

ਸ਼ੁਦਾਈ ਹੋ ਗਿਆ। ਜਦ ਸੈਨਾ ਨੇ ਰਾਜੇ ਨੂੰ ਇਸ ਹਾਲਤ ਵਿਚ ਜਾਣਿਆ ਤਾਂ ਉਹ ਡਰਦੇ ਮਾਰੇ ਭੱਜ ਗਏ। ਰਾਜੇ ਤੋਂ ਬਗੈਰ ਲਸ਼ਕਰ ਪਾਟੋ ਧਾੜ ਹੋ ਗਿਆ। ਕਾਮਰੂਪ ਦਾ ਰਾਜਾ ਸਾਰੀ ਖਬਰ ਲੈ ਕੇ ਆਪਣੀ ਵਿਸ਼ੇਸ਼ ਸੈਨਾ ਦੇ ਨਾਲ ਲੜਾਈ ਵਾਸਤੇ ਆ ਗਿਆ। ਇਸ ਲੜਾਈ ਵਿਚ ਰਾਜਾ ਮਾਨ ਸਿੰਘ ਮਾਰਿਆ ਗਿਆ। ਕਾਮਰੂਪ ਦੇਸ ਆਕੀ ਹੀ ਰਹਿ ਗਿਆ। ਫਿਰ ਨੰਗੀ ਤਲਵਾਰ ਧਰੀ ਕਿਸੇ ਨੇ ਵੀ ਤਲਵਾਰ ਨਾ ਚੁੱਕੀ। ਕੁਝ ਸਮਾਂ ਬੀਤ ਜਾਣ ਤੇ ਅਕਬਰ ਮਰ ਗਿਆ ਫਿਰ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ। ਉਸ ਦੇ ਰਾਜ ਸਮੇਂ ਵੀ ਕਿਸੇ ਨੇ ਤਲਵਾਰ ਨਾ ਚੁੱਕੀ। ਸਾਰੇ ਮੰਤਰਾਂ ਤੋਂ ਡਰਦੇ ਸਨ। ਫਿਰ ਨੌਰੰਗਾ ਦਿੱਲੀ ਦਾ ਬਾਦਸ਼ਾਹ ਬਣਿਆ। ਉਹ ਨੰਗੀ ਤਲਵਾਰ ਉਸ ਦੀ ਕਚਹਿਰੀ ਵਿਚ ਹੀ ਪਈ ਸੀ। ਮਾਨ ਸਿੰਘ ਦਾ ਪੋਤਾ ਬਿਸ਼ਨ ਸਿੰਘ ਸੀ। ਨੌਰੰਗਾ ਮਾਨ ਸਿੰਘ ਦੇ ਪੋਤਰੇ ਨੂੰ ਕਾਮਰੂਪ ਦੇਸ ਉੱਤੇ ਚੜ੍ਹਾਉਣਾ ਚਾਹੁੰਦਾ ਸੀ। ਬੜੇ ਕਪਟ ਨਾਲ ਉਸ ਦੀ ਵਡਿਆਈ ਕੀਤੀ। ਉਸ ਨੂੰ ਕਹਿ ਕੇ ਉਸ ਪਾਸੋਂ ਉਹ ਨੰਗੀ ਤਲਵਾਰ ਉਠਾਈ। ਆਦਰ ਨਾਲ ਬਹੁਤ ਧਨ ਤੇ ਫੌਜ ਦਿੱਤੀ। ਬਾਦਸ਼ਾਹ ਤੋਂ ਵਿਦਾ ਹੋ ਕੇ ਚੱਲ ਪਿਆ ਤੇ ਜੋਧਪੁਰ ਆ ਕੇ ਸਭ ਨੂੰ ਮਿਲਿਆ। ਕਾਮਰੂਪ ਦੇਸ ਉੱਤੇ ਚੜ੍ਹਾਈ ਕਰਨ ਬਾਰੇ ਜਦ ਉਸ ਨੇ ਆਪਣੇ ਪਰਿਵਾਰ ਨੂੰ ਦੱਸਿਆ ਤਾਂ ਉਸ ਦੇ ਰਣਵਾਸ ਵਿਚ ਬਹੁਤ ਸੋਗ ਫੈਲ ਗਿਆ। ਰਾਜਾ ਬਿਸ਼ਨ ਸਿੰਘ ਦੀ ਮਾਂ ਵਿਰਲਾਪ ਕਰਦੀ ਹੋਈ ਕਹਿੰਦੀ ਸੀ ਹੇ ਪੁੱਤਰ ਤੁਹਾਡਾ ਵਡੇਰਾ ਹੋਇਆ ਹੈ ਜਿਸ ਨੇ ਵੱਡੇ ਵੱਡੇ ਆਕੀਆ ਨੂੰ ਜਿੱਤਿਆ ਹੈ। ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਉੱਥੇ ਭੇਜਿਆ,ਉੱਥੇ ਦੀਆਂ ਜਾਦੂਗਰਨੀਆਂ ਨੇ ਟੂਣਾ ਕਰਕੇ ਮਰਵਾ ਦਿੱਤਾ ਸੀ। ਉਨ੍ਹਾਂ ਵਰਗੀ ਤੇਰੇ ਵਿਚ ਸ਼ਕਤੀ ਨਹੀਂ ਹੈ। ਜੋਧਪੁਰ ਵਿਚ ਬਹੁਤ ਸੋਗ ਹੋਇਆ, ਜਿਵੇਂ ਰਾਜਾ ਬਿਸ਼ਨ ਸਿੰਘ ਮਰ ਹੀ ਗਿਆ ਹੋਵੇ। ਬਿਸ਼ਨ ਸਿੰਘ ਦੀ ਇੱਕ ਪਟਰਾਣੀ ਸੀ ਉਹ ਗੁਰੂ ਘਰ ਦੀ ਮਹਿਮਾ ਬਾਰੇ ਜਾਣਦੀ ਸੀ। ਜਦੋਂ ਉਹ ਮਾਪਿਆਂ ਦੇ ਪਾਸ ਰਹਿੰਦੀ ਸੀ ਉੱਥੇ ਇਹ ਸਾਰੀ ਗੱਲ ਬਾਤ ਸੁਣਦੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਦ ਗਵਾਲੀਅਰ ਦੇ ਕਿਲੇ ਵਿਚ ਕੈਦ ਸਨ ਤਾਂ ਉਨ੍ਹਾਂ ਨੇ ਬਵੰਜਾ ਰਾਜਿਆਂ ਨੂੰ ਬਾਹਰ ਕੱਢਿਆ ਸੀ। ਉਸ ਸਮੇਂ ਤੋਂ ਗੁਰੂ ਘਰ ਦੀ ਪਵਿੱਤਰ ਮਹਿਮਾ ਰਾਜਪੂਤ ਦੇਸ ਵਿਚ ਬਹੁਤ ਫੈਲ ਗਈ। ਉਸ ਪਟਰਾਣੀ ਨੇ ਇਹ ਸਾਰੀ ਗੱਲ ਆਪਣੀ ਸੱਸ ਨੂੰ ਕਹੀ ਜੇ ਗੁਰੂ ਜੀ ਬਖਸ਼ਿਸ਼ ਕਰਨ ਤਾਂ ਟੂਣੇ ਟਾਮਣ ਅਤੇ ਕਮੱਖਿਆ ਦੇਵੀ ਕੁਝ ਨਹੀਂ ਵਿਗਾੜ ਸਕਦੀ। ਜਿਹੜੇ ਵੀ ਗੁਰੂ ਹੁਣ ਗੱਦੀ ਤੇ ਬੈਠੇ ਹੋਣ ਉਨ੍ਹਾਂ ਦੀ ਖੋਜ ਕਰੋ। ਰਾਜਾ ਉਨ੍ਹਾਂ ਦੇ ਚਰਨਾ ਵਿਚ ਬੇਨਤੀ ਕਰਕੇ ਬਖਸ਼ਿਸ਼ ਪ੍ਰਾਪਤ ਕਰੇ। ਆਪਣੀ ਨੂੰਹ ਦੇ ਅੰਮ੍ਰਿਤ ਵਰਗੇ ਬਚਨ ਸੁਣ ਕੇ ਸੱਸ ਨੇ ਆਪਣੇ ਹਿਰਦੇ ਨੂੰ ਠੰਡਾ ਕੀਤਾ, ਪੁੱਤਰ ਨੂੰ ਆਪਣੀ ਸਾਰੀ ਗੱਲ ਸੁਣਾਈ। ਸ੍ਰੀ ਰਾਮਰਾਏ ਨੇ ਭਾਵੇਂ ਅਨੇਕਾਂ ਕਰਾਮਾਤਾਂ ਵਿਖਾਈਆਂ ਹਨ ਪਰ ਉਨ੍ਹਾਂ ਪਾਸ ਗੁਰਿਆਈ ਨਹੀਂ ਹੈ। ਗੱਦੀ ਉਸ ਦੇ ਛੋਟੇ ਭਰਾ ਨੇ ਲਈ ਹੈ। ਦਿੱਲੀ

ਵਿਚ ਉਨ੍ਹਾਂ ਨੇ ਆਪਣਾ ਸਰੀਰ ਛੱਡ ਦਿੱਤਾ। ਉਨ੍ਹਾਂ ਦੇ ਪਿੱਛੋਂ ਜਿਹੜੇ ਗੱਦੀ ਤੇ ਬੈਠੇ ਹਨ ਉਨ੍ਹਾਂ ਨੂੰ ਆਪਣੇ ਸਹਾਇਕ ਬਣਾਵੋ। ਆਪਣੇ ਮਾਤਾ ਜੀ ਪਾਸੋਂ ਸਾਰੀ ਗੱਲ ਸੁਣਕੇ ਰਾਜੇ ਬਿਸ਼ਨ ਸਿੰਘ ਨੇ ਗੁਰੂ ਗੱਦੀ ਤੇ ਬੈਠੇ ਗੁਰੂ ਸਾਹਿਬ ਦਾ ਪਤਾ ਕਰਨ ਵਾਸਤੇ ਸਭਾ ਵਿਚ ਉਚਾਰਨ ਕੀਤਾ। ਸਭਾ ਵਿਚ ਬੈਠੇ ਇੱਕ ਮਨੁੱਖ ਨੇ ਕਿਹਾ ਮੈਂ ਉਸ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਇਸ ਸਮੇਂ ਗੁਰੂ ਜੀ ਪਟਨੇ ਸ਼ਹਿਰ ਵੱਲ ਚਲੇ ਗਏ ਹਨ। ਸ੍ਰੀ ਗੁਰੂ ਤੇਗ ਬਹਾਦਰ ਉਨ੍ਹਾਂ ਦਾ ਨਾਮ ਹੈ। ਇਹ ਸੁਣ ਕੇ ਬਿਸ਼ਨ ਸਿੰਘ ਨੂੰ ਬਹੁਤ ਖੁਸ਼ੀ ਹੋਈ ਤੁਰੰਤ ਹੀ ਉਸ ਨੇ ਆਪਣੇ ਦੂਤ ਨੂੰ ਜੋਧਪੁਰ ਤੋਂ ਪਟਨਾ ਸ਼ਹਿਰ ਵਿਖੇ ਭੇਜਿਆ। ਦੂਤ ਨੇ ਪਟਨਾ ਸ਼ਹਿਰ ਵਿਚ ਪਹੁੰਚ ਕੇ ਸਤਿਗੁਰੂ ਜੀ ਬਾਰੇ ਖਬਰ ਪੁੱਛੀ। ਸਤਿਗੁਰੂ ਜੀ ਰੋਜਾਨਾ ਬੇਅੰਤ ਸੰਗਤਾਂ ਨੂੰ ਦਰਸ਼ਨ ਉਪਦੇਸ ਦੇ ਕੇ ਨਿਹਾਲ ਕਰ ਰਹੇ ਹਨ। ਇੱਕ ਦਿਨ ਗੁਰੂ ਸਾਹਿਬ ਜੀ ਦਿਵਾਨ ਵਿਚ ਬੈਠੇ ਸਨ ਇੱਕ ਦੂਤ ਜੋਧਪੁਰ ਤੋਂ ਚੱਲ ਕੇ ਆਇਆ। ਉਸ ਨੇ ਆ ਕੇ ਭੇਟਾ ਰੱਖ ਕੇ ਸੀਸ ਨਿਵਾਇਆ ਹੱਥ ਜੋੜ ਕੇ ਬੇਨਤੀ ਕੀਤੀ ਬਿਸ਼ਨ ਸਿੰਘ ਇੱਕ ਵੱਡਾ ਰਾਜਾ ਹੈ ਉਸ ਨੇ ਆਪ ਜੀ ਦੇ ਚਰਨਾ ਤੇ ਮੱਥਾ ਟੇਕਿਆ ਹੈ। ਗੁਰੂ ਜੀ ਨੇ ਦੂਤ ਪਾਸੋਂ ਸਾਰਾ ਪਰਸੰਗ ਸੁਣਿਆ। ਫਿਰ ਰਾਜਾ ਬਹੁਤ ਛੇਤੀ ਪਹੁੰਚ ਗਿਆ। ਨੰਗੇ ਪੈਰੀਂ ਰਾਜਾ ਬਿਸ਼ਨ ਸਿੰਘ ਗੁਰੂ ਸਾਹਿਬ ਜੀ ਦੇ ਕੋਲ ਪਹੁੰਚ ਗਿਆ। ਚਰਨਾ ਤੇ ਸਿਰ ਧਰਕੇ ਬੰਦਨਾ ਕੀਤੀ। ਫਿਰ ਸਤਿਗੁਰੂ ਜੀ ਨੇ ਧੀਰਜ ਦੇ ਕੇ ਬਿਠਾਇਆ। ਗੁਰੂ ਘਰ ਤੋਂ ਸਿੱਖ ਸਭ ਕੁਝ ਪਾਉਂਦੇ ਹਨ, ਕਾਮਰੂਪ ਦੇਸ ਉੱਤੇ ਵਿਜੇ ਪਾਵੋਗੇ ਤੇ ਵੱਡਾ ਜਸ ਪ੍ਰਾਪਤ ਕਰਕੇ ਵਾਪਸ ਆਵੋਗੇ। ਕੜਾਹ ਪ੍ਰਸ਼ਾਦਿ ਤਿਆਰ ਕਰਵਾਉ ਤੇ ਸਿੱਖ ਸੰਗਤ ਵਿਚ ਵਰਤਾ ਦਿਉ ਤੁਹਾਡੀ ਜਿੱਤ ਹੋਵੇਗੀ। ਇਸ ਤਰ੍ਹਾਂ ਰਾਜਾ ਬਚਨ ਸੁਣ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਅੱਖਾਂ ਠੰਢੀਆਂ ਕਰਕੇ ਤੇ ਬੰਦਨਾ ਕਰਕੇ ਆਪਣੇ ਡੇਰੇ ਵੱਲ ਚਲਾ ਗਿਆ। ਉੱਥੇ ਜਾ ਕੇ ਅਤਿ ਉਤਸਵ ਅਤੇ ਅਨੰਦ ਮੰਗਲ ਕੀਤਾ। ਫਿਰ ਰਾਜਾ ਬਿਸ਼ਨ ਸਿੰਘ ਨੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਾਰੀ ਸੰਗਤ ਵਿਚ ਵਰਤਾ ਦਿੱਤਾ। ਫਿਰ ਉਸ ਨੇ ਸਤਿਗੁਰੂ ਜੀ ਦੇ ਚਰਨ ਕਮਲਾਂ ਦੀ ਪਹੁਲ ਲਈ ਤੇ ਗੁਰੂ ਜੀ ਦਾ ਸਿੱਖ ਬਣਕੇ ਨਿਹਾਲ ਹੋ ਗਿਆ। ਰਾਜਾ ਬਿਸ਼ਨ ਸਿੰਘ ਨੇ ਸਤਿਗੁਰੂ ਜੀ ਪਾਸੋਂ ਆਗਿਆ ਲਈ ਤੇ ਕੂਚ ਕਰਕੇ ਅੱਗੇ ਚੱਲ ਪਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਘੋੜੇ ਤੇ ਸਵਾਰ ਹੋ ਕੇ ਸਿੱਖ ਸੰਗਤਾਂ ਦੇ ਸਮੇਤ ਚੱਲ ਪਏ। ਬ੍ਰਹਮ ਪੁੱਤਰ ਦਰਿਆ ਦੇ ਕਿਨਾਰੇ ਤੇ ਉੱਚੇ ਅਸਥਾਨ ਤੇ ਗੁਰੂ ਜੀ ਨੇ ਡੇਰਾ ਕੀਤਾ। ਉੱਥੇ ਬਹੁਤ ਉੱਚਾ ਦਮਦਮਾ ਬਣਾਇਆ। ਇੱਕ ਸੁੰਦਰ ਬੰਗਲਾ ਬਣਾਇਆ ਸਤਿਗੁਰੂ ਜੀ ਉਸੇ ਵਿਚ ਬਿਰਾਜ ਗਏ। ਕਾਮਰੂਪ ਦੇਸ ਦੇ ਰਾਜੇ ਨੇ ਬਹੁਤ ਸੈਨਾ ਦਰਿਆ ਦੇ ਕਿਨਾਰੇ ਤੇ ਭੇਜੀ। ਕਾਮਰੂਪ ਦੇ ਰਾਜੇ ਨੇ ਆਪਣੇ ਸਾਰੇ ਮੰਤਰੀ ਬੁਲਾਏ ਤੇ ਉਨ੍ਹਾਂ ਨਾਲ ਸਲਾਹ ਕੀਤੀ ਦੁਸ਼ਮਣ ਚੜ੍ਹ ਕੇ ਆ ਗਿਆ ਹੈ। ਮਾਨ ਸਿੰਘ ਵਾਂਗ ਇਸ ਰਾਜੇ ਨੂੰ ਵੀ ਹੁਣੇ ਮਾਰ ਦੇਵੋ। ਇਹ ਸਲਾਹ ਜਦ

ਦਿਨ ਦੇ ਸਮੇਂ ਕੀਤੀ ਅੰਤਰਜਾਮੀ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ ਕਿ ਇਹ ਸਾਰੇ ਮਰ ਜਾਣਗੇ ਪਰ ਬਿਸ਼ਨ ਸਿੰਘ ਮੇਰੀ ਸ਼ਰਨ ਆਇਆ ਹੈ ਇਸ ਲਈ ਇਸ ਦੀ ਰੱਖਿਆ ਕਰਨੀ ਹੈ। ਬਾਂਹ ਫੜੇ ਦੀ ਸਾਨੂੰ ਲਾਜ ਹੈ। ਸਾਡੀ ਸ਼ਕਤੀ ਨਾਲ ਹੀ ਉਹ ਕਾਰਜ ਕਰਨਾ ਚਾਹੁੰਦਾ ਹੈ। ਜੇ ਇਸ ਸਮੇਂ ਉਸ ਦੀ ਰਖਵਾਲੀ ਨਹੀਂ ਕਰਾਂਗੇ ਤਾਂ ਫੇਰ ਉਹ ਬਚ ਨਹੀਂ ਸਕੇਗਾ। ਗੁਰੂ ਜੀ ਨੇ ਆਪਣਾ ਬਿਰਦ ਸੰਭਾਲਿਆ ਤੇ ਇੱਕ ਸੇਵਕ ਨੂੰ ਆਪਣੇ ਪਾਸ ਬੁਲਾ ਕੇ ਕਿਹਾ ਰਾਜਾ ਬਿਸ਼ਨ ਸਿੰਘ ਦੇ ਪਾਸ ਜਾਵੋ ਤੇ ਸਾਡੇ ਕਹੇ ਹੋਏ ਬਚਨ ਸੁਣਾਵੋ। ਨੀਵੇਂ ਥਾਂਵਾਂ ਤੋਂ ਡੇਰਾ ਚੁਕਵਾ ਲਵੋ ਤੇ ਉੱਚੇ ਥਾਂ ਵੇਖ ਕੇ ਡੇਰਾ ਲਾਵੋ। ਹੁਣ ਦਿਨ ਇੱਕ ਪਹਿਰ ਬਾਕੀ ਰਹਿੰਦਾ ਹੈ। ਤੁਰੰਤ ਸਾਡੇ ਕਹੇ ਉੱਤੇ ਅਮਲ ਕਰੋ। ਨੀਵੇਂ ਸਥਾਨ ਉੱਤੇ ਕੋਈ ਡੇਰਾ ਨਾ ਕਰੋ। ਖਬਰ ਦੇ ਕੇ ਸਾਰੀ ਸੈਨਾ ਉਠਾ ਦੇਵੋ। ਜੇ ਰਾਤ ਨੂੰ ਉੱਥੇ ਠਹਿਰੋਗੇ ਤਾਂ ਐਸਾ ਨਾ ਹੋਵੇ ਕਿ ਸਾਰੇ ਜਲ ਵਿਚ ਡੁੱਬ ਜਾਣ। ਇਹ ਸੇਵਕ ਰਾਜਾ ਬਿਸ਼ਨ ਸਿੰਘ ਪਾਸ ਗਿਆ ਤੇ ਗੁਰੂ ਜੀ ਦਾ ਬਚਨ ਸਾਰਾ ਕਹਿ ਕੇ ਸੁਣਾਇਆ। ਰਾਜਾ ਬਿਸ਼ਨ ਸਿੰਘ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਉਸ ਨੇ ਬਹੁਤ ਆਦਮੀ ਉਮਰਾਵਾਂ ਨੂੰ ਸਮਝਾਉਣ ਵਾਸਤੇ ਭੇਜੇ। ਗੁਰੂ ਜੀ ਦਾ ਬਚਨ ਹੈ ਕਿ ਡੇਰੇ ਚੁੱਕ ਲਵੋ। ਉੱਚੀ ਥਾਂ ਵੇਖ ਕੇ ਡੇਰੇ ਲਾਵੋ। ਐਸਾ ਨਾ ਹੋ ਜਾਵੇ ਦਰਿਆ ਦਾ ਪਾਣੀ ਹੀ ਉਨ੍ਹਾਂ ਨੂੰ ਰੋੜ੍ਹ ਕੇ ਲੈ ਜਾਵੇ। ਹਿੰਦੂਆਂ ਨੇ ਸੁਣ ਕੇ ਸ਼ਰਧਾ ਧਾਰਨ ਕੀਤੀ ਤੁਰੰਤ ਉੱਚੇ ਸਥਾਨਾ ਨੂੰ ਵੇਖਿਆ। ਕਾਹਲੀ ਨਾਲ ਉੱਥੇ ਆਪਣੇ ਤੰਬੂ ਲਾ ਲਏ। ਜਦ ਤੁਰਕਾਂ ਨੇ ਇਸ ਬਾਰੇ ਸੁਣਿਆ ਉਨ੍ਹਾਂ ਨੇ ਗੁਰੂ ਜੀ ਦੇ ਬਚਨਾ ਨੂੰ ਸੱਚਾ ਨਾ ਜਾਣਿਆ ਤੇ ਉਹ ਕਹਿਣ ਲੱਗੇ ਹਿੰਦੂਆਂ ਦੀ ਕਿੰਨੀ ਕੱਚੀ ਮੱਤ ਹੈ। ਇੱਕ ਦੇ ਕਹਿਣ ਤੇ ਸਾਰੇ ਡਰ ਗਏ ਹਨ ਅਸੀਂ ਤਾਂ ਡੇਰਾ ਚੁੱਕ ਕੇ ਨਹੀਂ ਜਾਵਾਂਗੇ। ਇਸ ਤਰ੍ਹਾਂ ਬਹੁਤ ਹੁੱਜਤਾਂ ਕਰਦੇ ਹੋਏ ਮੂਰਖ ਆਪਸ ਵਿਚ ਹੱਸਦੇ ਸਨ। ਜਦ ਸੂਰਜ ਡੁੱਬ ਗਿਆ ਤਾਂ ਸਾਰੇ ਹਨ੍ਹੇਰਾ ਹੋ ਗਿਆ। ਕਾਮਰੂਪ ਦੇਸ ਦੇ ਮਨੁੱਖਾਂ ਨੇ ਮੰਤਰ ਪੜ੍ਹ ਕੇ ਜਦ ਬਲੀ ਦਿੱਤੀ ਤਾਂ ਦਰਿਆ ਦਾ ਪਰਵਾਹ ਅਟਕ ਗਿਆ ਤੇ ਦਰਿਆ ਉੱਛਲ ਕੇ ਸ਼ਾਹੀ ਲਸ਼ਕਰ ਦੇ ਉੱਤੇ ਜਾ ਚੜ੍ਹਿਆ। ਤੁਰਕ ਸ਼ਸਤਰਾਂ ਸਮੇਤ ਰੁੜ੍ਹ ਗਏ,ਕਈ ਡੁੱਬ ਕੇ ਮਰ ਗਏ। ਯੁੱਧ ਸਮੱਗਰੀ ਹੜ੍ਹ ਗਈ,ਕਈ ਤਰ ਕੇ ਉੱਚੀ ਥਾਂ ਹੋ ਗਏ। ਘੋੜਿਆਂ ਦੀਆਂ ਕਾਠੀਆਂ ਰੁੜ੍ਹ ਗਈਆਂ। ਹਾਹਾਕਾਰ ਮਚ ਗਈ। ਅਜਿਹਾ ਰੌਲਾ ਸੁਣ ਕੇ ਰਾਜਾ ਡਰ ਕੇ ਭੱਜ ਉੱਠਿਆ ਤੇ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ ਹੇ ਪ੍ਰਭੂ ਜੀ ਬਚਾਉ,ਸਾਰੀ ਫੌਜ ਜਲ ਵਿਚ ਬਹਿ ਗਈ ਹੈ। ਗੁਰੂ ਜੀ ਨੇ ਕਿਹਾ ਤੁਹਾਨੂੰ ਪਹਿਲਾਂ ਹੀ ਖਬਰਦਾਰ ਕਰ ਦਿੱਤਾ ਸੀ। ਹੇਠਾਂ ਵਾਲੇ ਨੀਵੇਂ ਸਥਾਨ ਤੇ ਸੈਨਾ ਕਿਉਂ ਪਈ ਸੀ। ਹੁਣ ਦਰਿਆ ਨਹੀਂ ਚੜ੍ਹੇਗਾ,ਜਿਹੜੇ ਹੜ੍ਹ ਗਏ ਉਹ ਹੜ੍ਹ ਗਏ ਹਨ ਹੁਣ ਕੋਈ ਨਹੀਂ ਹੜ੍ਹੇਗਾ। ਗੁਰੂ ਜੀ ਦੇ ਬਚਨਾ ਨਾਲ ਦਰਿਆ ਹਟ ਕੇ ਆਪਣੇ ਅਸਲੀ ਸਥਾਨ ਤੇ ਜਾ ਕੇ ਸਥਿਰ ਹੋ ਗਿਆ। ਰਾਜਾ ਉਮਰਾਵ ਨੂੰ ਲੈ ਕੇ ਸਤਿਗੁਰੂ ਜੀ ਕੋਲ ਆਇਆ ਬੇਨਤੀ ਕੀਤੀ ਹੁਣ

ਕੀ ਕਰੀਏ। ਰਾਤ ਦਾ ਸਾਰਾ ਬਿਰਤਾਂਤ ਸੁਣਾਇਆ,ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਮੈਂ ਤੁਹਾਡਾ ਕੰਮ ਕਰਨਾ ਚਾਹੁੰਦਾ ਹਾਂ, ਆਪਣੇ ਚਿੱਤ ਨੂੰ ਦ੍ਰਿੜ ਰੱਖੋ, ਮੇਰੇ ਬਚਨਾ ਉੱਤੇ ਭਰੋਸਾ ਰੱਖੋ। ਬਚਨ ਮੰਨੋਗੇ ਤਾਂ ਕੋਈ ਬਿਘਨ ਨਹੀਂ ਹੋਵੇਗਾ। ਸਤਿਗੁਰੂ ਜੀ ਦੇ ਬਚਨ ਸੁਣ ਕੇ ਰਾਜੇ ਨੇ ਧੀਰਜ ਧਾਰਨ ਕੀਤਾ। ਦੋਵਾਂ ਕਿਨਾਰਿਆਂ ਤੇ ਦੋਵਾਂ ਫੌਜਾਂ ਦਾ ਡੇਰਾ ਸੀ। ਫਿਰ ਲੰਮੇਂ ਸਮੇਂ ਤੀਕ ਇਹ ਡੇਰੇ ਪਏ ਰਹੇ। ਕਾਮਰੂਪ ਵਾਲੇ ਮੰਤਰ ਜੰਤਰ ਪੜ੍ਹਦੇ ਸਨ ਅਤੇ ਪ੍ਰੇਤਾਂ ਨੂੰ ਬੁਲਾਉਂਦੇ ਸਨ। ਰਾਜਾ ਬਿਸ਼ਨ ਸਿੰਘ ਨੂੰ ਮਾਰਨ ਵਾਸਤੇ ਅਨੇਕ ਪ੍ਰਕਾਰ ਦੇ ਉਪਚਾਰ ਕੀਤੇ ਪਰ ਸਤਿਗੁਰੂ ਜੀ ਹੱਥ ਦੇ ਕੇ ਬਚਾ ਲੈਂਦੇ ਸਨ। ਜੰਤਰਾਂ ਮੰਤਰਾਂ ਦੀ ਸ਼ਕਤੀ ਨਹੀਂ ਚੱਲਦੀ ਸੀ। ਪਰ ਰਾਜੇ ਦਾ ਵਾਲ ਵੀ ਵਿੰਗਾ ਨਾ ਹੋਇਆ। ਕਾਮਰੂਪ ਦੇਸ ਵਿਚ ਚਿੰਤਾ ਦੀ ਲਹਿਰ ਫੈਲ ਗਈ। ਰਾਜਾ ਪਰਜਾ ਦੇ ਸਮੇਤ ਫਿਕਰ ਮੰਦ ਹੋ ਗਿਆ। ਮੰਤਰਾਂ ਦੀ ਸ਼ਕਤੀ ਚੱਲਦੀ ਨਹੀਂ ਹੈ। ਸਾਰੀਆਂ ਜੁਗਤੀਆਂ ਕਰ ਕਰ ਕੇ ਹਾਰ ਗਏ ਹਾਂ। ਬਾਦਸ਼ਾਹ ਨੇ ਮੰਤਰਾਂ ਜੰਤਰਾਂ ਵਾਲੀਆਂ ਇਸਤਰੀਆਂ ਤਿਆਰ ਕਰਕੇ ਭੇਜੀਆਂ ਪਰ ਕਿਸੇ ਦਾ ਕੋਈ ਵਸ ਨਹੀਂ ਚੱਲਦਾ ਸੀ। ਇਹ ਇਸਤਰੀਆਂ ਬਹੁਤ ਵਿਸ਼ੇਸ਼ ਕੌਤਕ ਵਿਖਾ ਰਹੀਆਂ ਸਨ ਤਦ ਰਾਜਾ ਘੋੜੇ ਤੇ ਚੜ੍ਹ ਕੇ ਸਤਿਗੁਰੂ ਜੀ ਦੀ ਸ਼ਰਨ ਵਿਚ ਦਮਦਮਾ ਸਾਹਿਬ ਆਇਆ। ਘੋੜੇ ਤੋਂ ਉੱਤਰ ਕੇ ਚਰਨਾ ਤੇ ਨਮਸਕਾਰ ਕੀਤੀ। ਮੁਸਕੁਰਾ ਕੇ ਗੁਰੂ ਜੀ ਨੇ ਬਚਨ ਉਚਾਰੇ ਹੇ ਬਿਸ਼ਨ ਸਿੰਘ ਦੱਸੋ ਰਾਜੀ ਖੁਸ਼ੀ ਹੋ। ਰਾਜਾ ਹੱਥ ਜੋੜ ਕੇ ਬੋਲਿਆ ਆਪ ਜੀ ਦੀ ਕਿਰਪਾ ਹੈ। ਕਾਮਰੂਪ ਦੇਸ ਦੀਆਂ ਇਸਤਰੀਆਂ ਸੈਨਾ ਦੇ ਪਾਸ ਆ ਕੇ ਸੂਰਮਿਆਂ ਨੂੰ ਡਰਾਉਂਦੀਆਂ ਹਨ,ਬਿਰਛਾਂ ਨੂੰ ਉੜਾਉਦੀਆਂ ਹਨ, ਕੰਧਾਂ ਨੂੰ ਭਜਾਉਂਦੀਆਂ ਹਨ। ਬਿਸ਼ਨ ਸਿੰਘ ਪਾਸੋਂ ਸੁਣ ਕੇ ਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ ਚਿੱਤ ਵਿਚ ਚਿੰਤਾ ਨਾ ਕਰੋ, ਕਾਮਰੂਪ ਨੂੰ ਤੂੰ ਜਰੂਰ ਜਿੱਤ ਲਵੇਂਗਾ। ਇਹ ਸੁਣ ਕੇ ਰਾਜੇ ਨੂੰ ਧੀਰਜ ਆਇਆ ਅਤੇ ਇਸ ਨੇ ਸਭ ਲਸ਼ਕਰ ਨੂੰ ਧੀਰਜ ਦਿੱਤਾ। ਗੁਰੂ ਜੀ ਬੰਗਲੇ ਤੋਂ ਬਾਹਰ ਨਿਕਲੇ ਤਾਂ ਇੱਕ ਧੋਬਣ ਆਈ ਜੋ ਬਿਰਛ ਤੇ ਚੜ੍ਹੀ ਹੋਈ ਸੀ। ਜਦ ਉਸ ਉੱਤੇ ਸਤਿਗੁਰੂ ਜੀ ਦੀ ਨਜਰ ਪਈ ਤਾਂ ਉਸ ਧੋਬਣ ਦੀ ਸਾਰੀ ਮੰਤਰ ਸ਼ਕਤੀ ਜਾਂਦੀ ਰਹੀ। ਦਰੱਖਤ ਇੱਕ ਥਾਂ ਖੜ੍ਹਾ ਹੋ ਗਿਆ ਉਸ ਪਾਸੋਂ ਉੜਿਆ ਨਾ ਗਿਆ। ਬੜੇ ਮੰਤਰ ਉਚਾਰੇ ਪਰ ਹਾਰ ਗਈ। ਲੋਕਾਂ ਨੇ ਫੜ ਕੇ ਗੁਰੂ ਜੀ ਪਾਸ ਲਿਆਂਦੀ। ਬਹੁਤ ਡਰ ਗਈ ਤੇ ਚਰਨੀਂ ਪੈ ਗਈ। ਧੋਬਣ ਦੀ ਚਤੁਰਾਈ ਸੁਣ ਕੇ ਗੁਰੂ ਜੀ ਮੁਸਕੁਰਾਏ ਤੇ ਕਿਹਾ ਤੇਰੇ ਰਾਜੇ ਨੂੰ ਬੁਲਾ ਲਵਾਂਗੇ ਇਸ ਰਾਜੇ ਨਾਲ ਉਸ ਨੂੰ ਮਿਲਾ ਦੇਵਾਂਗੇ, ਦੋਵਾਂ ਦੇ ਵੈਰ ਖਤਮ ਕਰਾਂਗੇ,ਅਸੀਂ ਦੋਵਾਂ ਨੂੰ ਬਰਾਬਰ ਰੱਖਾਂਗੇ। ਉਸ ਨੂੰ ਮਾਰਾਂਗੇ ਨਹੀਂ ਅਸੀਂ ਆਪਣੇ ਸੇਵਕਾਂ ਦੇ ਕਾਰਜ ਸੰਵਾਰਦੇ ਹਾਂ। ਹੇ ਧੋਬਣ ਜਿੱਥੇ ਤੇਰਾ ਬਿਰਛ ਹੈ ਸਾਰੇ ਪਰਵਾਰ ਨੂੰ ਬੁਲਾ ਲਵੋ ਤੇ ਇੱਥੇ ਆਪਣਾ ਘਰ ਬਣਾ ਕੇ ਵਸੋ। ਹੋਰ ਲੋਕ ਵੀ ਇੱਥੇ ਨਗਰ ਵਸਾਉਣਗੇ। ਅਸੀਂ ਇੱਥੇ

ਵਸਾ ਕੇ ਹੋਰ ਥਾਂ ਚਲੇ ਜਾਵਾਂਗੇ। ਗੁਰੂ ਜੀ ਦਾ ਬਚਨ ਸੁਣ ਕੇ ਧੋਬਣ ਨੇ ਉਸ ਦਰੱਖਤ ਥੱਲੇ ਆਪਣਾ ਡੇਰਾ ਜਾ ਲਾਇਆ। ਹੋਰ ਜਾਦੂਗਰਨੀਆਂ ਆਈਆਂ ਧੋਬਣ ਨੂੰ ਵੇਖ ਕੇ ਡਰ ਕੇ ਰਾਜੇ ਨੂੰ ਖਬਰ ਦਿੱਤੀ। ਹੁਣ ਕੋਈ ਵੀ ਅੱਗੇ ਨਹੀਂ ਜਾਵੇਗਾ,ਜਿਹੜਾ ਵੀ ਜਾਵੇਗਾ ਆਪਣੇ ਆਪ ਨੂੰ ਫੜਵਾਵੇਗਾ। ਕੋਈ ਹੋਰ ਯਤਨ ਕਰੋ ਨਹੀਂ ਤਾਂ ਆਪ ਹਾਰ ਜਾਵੋਗੇ। ਇਹ ਸੁਣ ਕੇ ਰਾਜੇ ਨੇ ਮਨ ਵਿਚ ਵਿਚਾਰ ਕੀਤੀ ਉਸ ਦੇ ਅੱਗੇ ਮੈਂ ਬਹੁਤ ਮੰਤਰ ਕੀਤੇ ਹਨ ਪਰ ਮੇਰਾ ਕਾਰਜ ਨਹੀਂ ਸਰਿਆ,ਮਹਾਂਪੁਰਖ ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਕਮੱਖਿਆ ਦੇਵੀ ਨੂੰ ਬੁਲਾਇਆ ਉਹ ਬ੍ਰਾਹਮਣ ਦੇ ਮੁੱਖ ਦੁਆਰਾ ਬੋਲੀ ਹੇ ਰਾਜੇ ਕੋਈ ਚਿੰਤਾ ਨਾ ਕਰੋ। ਉੱਤਮ ਪੁਰਖ ਜਿਵੇਂ ਕਹਿੰਦੇ ਹਨ ਉਨ੍ਹਾਂ ਦੀ ਆਗਿਆ ਅਨੁਸਾਰ ਰਹੋ,ਜਿਸ ਤਰ੍ਹਾਂ ਉਹ ਕਹਿਣ ਮੰਨ ਜਾਵੋ। ਵਜੀਰਾਂ ਸਮੇਤ ਰਾਜੇ ਨੇ ਆਗਿਆ ਮੰਨ ਲਈ। ਇੱਧਰ ਜਦ ਧੋਬਣ ਫੜ ਲਈ ਤਾਂ ਫਿਰ ਕੋਈ ਹੋਰ ਨਾ ਆਇਆ। ਬਿਸ਼ਨ ਸਿੰਘ ਪ੍ਰਸੰਨ ਹੋ ਕੇ ਗੁਰੂ ਜੀ ਪਾਸ ਪਹੁੰਚਿਆ। ਬੰਦਨਾ ਕਰਕੇ ਬੈਠ ਕੇ ਬੇਨਤੀ ਸਹਿਤ ਬੋਲਿਆ ਆਪ ਜੀ ਦੇ ਪਰਤਾਪ ਤੋਂ ਜਾਣਿਆ ਹੈ ਮੇਰੀ ਫਤਹਿ ਹੋਵੇਗੀ ਤੇ ਮੇਰਾ ਮਹਾਨ ਕਾਰਜ ਪੂਰਾ ਹੋ ਜਾਵੇਗਾ। ਸਾਰਾ ਲਸ਼ਕਰ ਆਪ ਜੀ ਦੀ ਮਰਜੀ ਅਨੁਸਾਰ ਚੱਲੇਗਾ। ਹੁਣ ਮੰਤਰਾਂ ਦੇ ਡਰ ਨੂੰ ਗਵਾ ਦਿੱਤਾ ਹੈ। ਇਸ ਮੁਹਿੰਮ ਤੋਂ ਸਾਡਾ ਛੁਟਕਾਰਾ ਕਰਵਾਉ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਖਿਆ ਤੁਹਾਡਾ ਕਾਰਜ ਅਸੀਂ ਕਰਾਂਗੇ। ਰਾਜੇ ਨੇ ਕਮੱਖਿਆ ਦੇਵੀ ਦੀ ਮਹਾਨ ਸੇਵਾ ਕੀਤੀ ਹੈ। ਇਹ ਦੇਵੀ ਇਨ੍ਹਾਂ ਦੀ ਸਹਾਇਤਾ ਕਰਦੀ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਦਰ ਦੀ ਇਹ ਸੇਵਾਦਾਰ ਹੈ। ਇਸ ਲਈ ਤੁਹਾਡੀ ਜਿੱਤ ਹੋਵੇਗੀ। ਕੁਝ ਦਿਨਾਂ ਵਿਚ ਆਪਣੇ ਦੇਸ ਚਲੇ ਜਾਵੋਗੇ। ਇਹ ਸੁਣਕੇ ਰਾਜੇ ਨੇ ਅਨੰਦ ਪਾਇਆ ਬੰਦਨਾ ਕੀਤੀ ਤੇ ਆਪਣੇ ਡੇਰੇ ਵੱਲ ਚਲਾ ਗਿਆ। ਇਹ ਜਾਣ ਗਿਆ ਕਿ ਗੁਰੂ ਜੀ ਮੇਰੇ ਕਾਰਜ ਪੂਰੇ ਕਰਨਗੇ।

ਕਾਮਰੂਪ ਦਾ ਰਾਜਾ ਵੀ ਰਣਵਾਸ ਵਿਚ ਚਲਾ ਗਿਆ। ਇੱਕ ਸੁੰਦਰ ਪਲੰਘ ਉੱਤੇ ਸੌਂ ਗਿਆ। ਇੱਕ ਖੰਜਰ ਆਪਣੇ ਪਾਸ ਰੱਖਦਾ ਸੀ। ਉਸ ਸੁੰਦਰ ਖੰਜਰ ਨੂੰ ਕੱਪੜਿਆਂ ਵਿਚ ਰੱਖ ਲਿਆ। ਕਮੱਖਿਆ ਦੇਵੀ ਨੂੰ ਨਮਸਕਾਰ ਕੀਤੀ। ਉਸ ਸਮੇਂ ਲੰਮਾ ਪੈ ਕੇ ਸੌਂ ਗਿਆ। ਰਾਤ ਸਮੇਂ ਗੁਰੂ ਜੀ ਨੇ ਰਾਜੇ ਦੇ ਸਾਰੇ ਸ਼ਸਤਰ ਬਸਤਰ ਆਪਣੇ ਪਾਸ ਮੰਗਵਾ ਲਏ। ਕਿਸੇ ਦੇਵੀ ਦੇਵਤੇ ਨੇ ਨਾ ਹਟਾਏ। ਸਵੇਰ ਹੋਈ ਰਾਜੇ ਨੇ ਅੱਖਾਂ ਖੋਲੀਆਂ ਜਦ ਕੱਪੜੇ ਨਾ ਵੇਖੇ ਤਾਂ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਿਆ ਹੇ ਦੇਵੀ ਇਹ ਕੀ ਕੌਤਕ ਹੈ, ਸਦਾ ਮੇਰੀ ਰਖਵਾਲੀ ਕਰਦੀ ਹੈਂ। ਇਸ਼ਨਾਨ ਕਰਕੇ ਜਦ ਰਾਜਾ ਬੈਠ ਗਿਆ ਤਾਂ ਰਾਜੇ ਦੀ ਮਾਤਾ ਉੱਥੇ ਚੱਲ ਕੇ ਆਈ। ਉਸ ਨੇ ਪੁੱਤਰ ਨੂੰ ਬਹੁਤ ਉਤਸ਼ਾਹ ਦਿੱਤਾ ਹੇ ਪੁੱਤਰ ਤੁਸੀਂ ਕੁਝ ਨਾ ਸੋਚੋ, ਮੈਂ ਜਗਤ ਮਾਤਾ ਚੰਡੀ ਦੀ ਭਗਤਣ ਹਾਂ। ਉਸ ਪਾਸੋਂ ਸਾਰਾ ਬਿਰਤਾਂਤ ਪੁੱਛਦੀ ਹਾਂ। ਇਸ ਤਰ੍ਹਾਂ ਕਹਿ

ਕੇ ਰਾਜੇ ਦੇ ਮਾਤਾ ਜੀ ਚਲੇ ਗਏ। ਉਸ ਨੇ ਇਸ਼ਨਾਨ ਕਰਕੇ ਸਰੀਰ ਪਵਿੱਤਰ ਕੀਤਾ ਤੇ ਦੇਵੀ ਦੇ ਮੰਦਰ ਵਿਚ ਚਲੀ ਗਈ। ਪੂਜਣ ਵਾਸਤੇ ਸਭ ਵਸਤਾਂ ਲਿਆਦੀਆਂ। ਧੂਫ ਧੁਖਾ ਕੇ ਆਰਤੀ ਕੀਤੀ। ਕੁਸ਼ਮ ਦੇ ਫੁੱਲਾਂ ਦੀ ਵਰਖਾ ਕੀਤੀ। ਮੁੱਖ ਤੋਂ ਮੰਤਰ ਦਾ ਉਚਾਰਨ ਕੀਤਾ। ਆਪ ਬੈਠ ਕੇ ਧਿਆਨ ਲਗਾਇਆ ਫਿਰ ਭਵਨ ਤੋਂ ਬਾਣੀ ਹੋਈ ਹੇ ਰਾਣੀ ਜੀ ਸੁਣੋ ਜਿਵੇਂ ਰਾਤ ਨੂੰ ਹੋਇਆ ਹੈ। ਤਿੰਨਾ ਲੋਕਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਸ ਗੱਦੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠੇ ਹਨ। ਜਿਹੜਾ ਵੀ ਉਨ੍ਹਾਂ ਨੂੰ ਧਿਆਉਂਦਾ ਹੈ ਉਹ ਉੱਥੇ ਹਾਜਰ ਹੋ ਜਾਂਦੇ ਹਨ। ਨੌਂਵੇਂ ਗੁਰੂ ਜੀ ਹਨ। ਜੋਧਪੁਰ ਦਾ ਰਾਜਾ ਉਨ੍ਹਾਂ ਦਾ ਸੇਵਕ ਬਣਿਆ ਹੈ। ਤੁਹਾਨੂੰ ਉਨ੍ਹਾਂ ਪਾਸੋਂ ਕੋਈ ਚਿੰਤਾ ਨਹੀਂ ਹੈ। ਤੁਸੀਂ ਵੀ ਉਨ੍ਹਾਂ ਦੀ ਸ਼ਰਨ ਵਿਚ ਜਾਵੋ ਤੇ ਆਪਣੇ ਕੰਮ ਦਾ ਸੁਧਾਰ ਕਰੋ। ਸ਼ਰਧਾ ਧਾਰ ਕੇ ਜਦ ਦਰਸ਼ਨ ਕਰੋਂਗੇ ਤਾਂ ਤੁਹਾਡੇ ਕਾਰਜ ਸਿੱਧ ਹੋ ਜਾਣਗੇ। ਰਾਜੇ ਦੀ ਮਾਤਾ ਨੇ ਦੇਵੀ ਤੋਂ ਇਹ ਸਭ ਕੁਝ ਸੁਣ ਕੇ ਬੰਦਨਾ ਕੀਤੀ ਫਿਰ ਉੱਠਕੇ ਰਾਜੇ ਦੇ ਪਾਸ ਆਈ ਸਾਰਾ ਬਿਰਤਾਂਤ ਉਸ ਨੂੰ ਦੱਸਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਉਨ੍ਹਾਂ ਨੇ ਕਰਾਮਾਤੀਆਂ ਦਾ ਹੰਕਾਰ ਦੂਰ ਕੀਤਾ। ਉਨ੍ਹਾਂ ਦੀ ਗੱਦੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬੈਠੇ ਹਨ। ਰਾਜਾ ਬਿਸ਼ਨ ਸਿੰਘ ਆਦਰ ਨਾਲ ਬੇਨਤੀ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਲਿਆਇਆ ਹੈ ਜਿਸ ਕਰਕੇ ਸਾਡਾ ਸਾਰਾ ਬਲ ਜਾਂਦਾ ਰਿਹਾ ਹੈ। ਉਨ੍ਹਾਂ ਨੇ ਹੀ ਤੁਹਾਡੇ ਸ਼ਸਤਰ ਬਸਤਰ ਮੰਗਾਏ ਹਨ। ਮਿਲਨ ਵਾਸਤੇ ਦੇਵੀ ਨੇ ਫੁਰਮਾਇਆ ਹੈ ਉਹ ਕਿਰਪਾ ਕਰਨਗੇ ਉਨ੍ਹਾਂ ਦੀ ਸ਼ਰਨੀ ਪਵੋ। ਆਪਣੀ ਮਾਤਾ ਜੀ ਪਾਸੋਂ ਕਮੱਖਿਆ ਦੇਵੀ ਦੀ ਆਗਿਆ ਸੁਣ ਕੇ ਰਾਜਾ ਤਿਆਰੀ ਕਰਕੇ ਪਰਵਾਰ ਸਮੇਤ ਚੱਲ ਪਿਆ। ਬ੍ਰਹਮ ਪੁੱਤਰ ਦਰਿਆ ਦੇ ਕਿਨਾਰੇ ਪਹੁੰਚ ਗਿਆ ਤੇ ਇੱਕ ਸੁੰਦਰ ਬੇੜੀ ਮੰਗਵਾਈ। ਉਸ ਉੱਤੇ ਸਵਾਰ ਹੋ ਕੇ ਭੇਟਾਵਾਂ ਲੈ ਕੇ ਗੁਰੂ ਜੀ ਦੇ ਪਾਸੇ ਵਾਲੇ ਕਿਨਾਰੇ ਤੇ ਪੁੱਜਾ। ਉੱਚੇ ਦਮਦਮੇ ਵਿਚ ਗੁਰੂ ਜੀ ਬਿਰਾਜੇ ਹੋਏ ਸਨ। ਰਾਜੇ ਨੇ ਬੇੜੀ ਤੋਂ ਉੱਤਰ ਕੇ ਪਰਵਾਰ ਸਮੇਤ ਨੰਗੇ ਪੈਰੀਂ ਗੁਰੂ ਜੀ ਵੱਲ ਚਾਲੇ ਪਾਏ। ਸਤਿਗੁਰੂ ਜੀ ਪਾਸ ਚਲਾ ਗਿਆ। ਸ਼ਰਨ ਸ਼ਰਨ ਕਹਿ ਕੇ ਅੱਗੇ ਲੰਮਾ ਪੈ ਗਿਆ ਤੇ ਚਰਨਾ ਤੇ ਨਮਸਕਾਰ ਕੀਤੀ। ਮੈਂ ਕਾਮਰੂਪ ਦੇਸ ਦਾ ਰਾਜਾ ਹਾਂ। ਸਾਰੇ ਸਮਾਜ ਨੂੰ ਛੱਡ ਕੇ ਦੇਵੀ ਦੀ ਆਗਿਆ ਦੇ ਨਾਲ ਤੁਹਾਡੀ ਸ਼ਰਨ ਆਇਆ ਹਾਂ। ਜਿਵੇਂ ਆਪ ਜੀ ਨੂੰ ਚੰਗਾ ਲਗਦਾ ਹੈ ਹੁਣ ਉਵੇਂ ਹੀ ਕਰੋ। ਅਸੀਂ ਆਪ ਜੀ ਦੇ ਸਿੱਖ ਹਾਂ। ਸਾਡੀ ਸਹਾਇਤਾ ਕਰੋ। ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਦਸਤਾਰ ਲੈ ਕੇ ਜਿਸ ਸਮੇਂ ਰਾਜੇ ਦੇ ਸਿਰ ਉੱਤੇ ਧਰੀ ਤਾਂ ਉਸ ਦੇ ਭਾਗ ਜਾਗ ਪਏ। ਗੁਰੂ ਜੀ ਨੇ ਜਿਹੜੇ ਸ਼ਸਤਰ ਬਸਤਰ ਮੰਗਵਾ ਲਏ ਸਨ ਉਨ੍ਹਾਂ ਵਿਚੋਂ ਇੱਕ ਕਟਾਰ ਰਾਜੇ ਨੂੰ ਨਾ ਦਿੱਤਾ,ਆਪਣੇ ਪਾਸ ਰੱਖ ਲਿਆ ਤੇ ਕਿਹਾ ਹੇ ਰਾਜਨ ਜਿਵੇਂ ਤੁਸੀਂ ਕਿਹਾ ਹੈ ਅਸੀਂ

ਵੀ ਉਸੇ ਤਰ੍ਹਾਂ ਕਰਨਾ ਚਾਹੁੰਦੇ ਹਾਂ ਚਿੰਤਾ ਨਾ ਕਰੋ,ਸਾਡੇ ਬਚਨਾ ਦੇ ਅਨੁਸਾਰ ਰਹੋ। ਰਾਜਾ ਸਤਿਗੁਰਾਂ ਦੀ ਕਰਾਮਾਤ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਇਆ,ਹੱਥ ਜੋੜ ਕੇ ਬੇਨਤੀ ਕੀਤੀ ਸਾਡਾ ਹਿੰਦੂ ਧਰਮ ਹੈ,ਤੁਰਕ ਬਾਦਸ਼ਾਹ ਨੂੰ ਕਿਸੇ ਤਰ੍ਹਾਂ ਵੀ ਨਾ ਵੇਖੀਏ। ਉਨ੍ਹਾਂ ਨੂੰ ਬੋਲਣਾ ਮਿਲਣਾ ਅਤੇ ਛੂਹਣਾ ਧਰਮ ਨਹੀਂ ਹੈ, ਆਪ ਜੀ ਦੀ ਆਗਿਆ ਸਾਡਾ ਧਰਮ ਹੈ। ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ। ਸਤਿਗੁਰੂ ਜੀ ਨੇ ਫਿਰ ਕਿਹਾ ਅਸੀਂ ਉਸੇ ਤਰ੍ਹਾਂ ਹੀ ਕਰਾਂਗੇ ਜਿਵੇ ਤੁਸੀਂ ਚਾਹਿਆ ਹੈ। ਬਿਸ਼ਨ ਸਿੰਘ ਧਰਮੀ ਰਾਜਾ ਹੈ ਉਸ ਵਿਚ ਕਿਸੇ ਪ੍ਰਕਾਰ ਦਾ ਕਪਟ ਨਹੀਂ। ਉਹ ਸਾਡੀ ਆਗਿਆ ਅਨੁਸਾਰ ਚਲਦਾ ਹੈ। ਉਸ ਨਾਲ ਮਿਲ ਕੇ ਸੰਧੀ ਕਰ ਲਵੋ ਤੇ ਆਪਣਾ ਕਾਰਜ ਸੁਧਾਰ ਲਵੋ। ਤੁਰਕ ਬਾਦਸ਼ਾਹ ਨਾਲ ਤੁਹਾਡਾ ਮੇਲ ਨਹੀਂ ਹੋਵੇਗਾ। ਰਾਜਾ ਸੁਣ ਕੇ ਕਹਿਣ ਲੱਗਾ ਹੇ ਗੁਰੂ ਜੀ ਅਸੀਂ ਆਪ ਜੀ ਦਾ ਬਚਨ ਮੰਨਿਆ ਹੈ ਫਿਰ ਵੀ ਇੱਕ ਬੇਨਤੀ ਸੁਣ ਲਵੋ ਤੁਰਕ ਪਾਸ ਬਹੁਤ ਵੱਡੀ ਫੌਜ ਹੈ। ਬ੍ਰਹਮ ਪੁੱਤਰ ਦਰਿਆ ਦੇ ਪਾਰ ਆਵੋ ਤੇ ਆਪਣੇ ਪਵਿੱਤਰ ਚਰਨ ਉੱਥੇ ਪਾਵੋ। ਹੇ ਗੁਰੂ ਜੀ ਬਿਸ਼ਨ ਸਿੰਘ ਨੂੰ ਨਾਲ ਲੈ ਕੇ ਸਾਡੇ ਦੇਸ਼ ਵਿਚ ਆਵੋ। ਦੋਹਾਂ ਦਾ ਮਿਲਾਪ ਕਰਾਵੋ। ਸਤਿਗੁਰੂ ਜੀ ਨੇ ਕਿਹਾ ਇਸੇ ਤਰ੍ਹਾਂ ਹੀ ਹੋਵੇਗਾ। ਅਸੀਂ ਦੋਵਾਂ ਦਾ ਭਲਾ ਕਰਨਾ ਚਾਹੁੰਦੇ ਹਾਂ। ਗੁਰੂ ਜੀ ਨੇ ਬੜੇ ਆਦਰ ਨਾਲ ਰਾਜੇ ਨੂੰ ਸਿਰੋਪਾ ਦਿੱਤਾ। ਰਾਜਾ ਬੰਦਨਾ ਕਰਕੇ ਆਪਣੇ ਘਰ ਪਹੁੰਚ ਗਿਆ। ਸਵੇਰ ਹੋਈ ਤਾਂ ਗੁਰੂ ਜੀ ਨੇ ਬਿਸ਼ਨ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਰਾਤ ਦਾ ਸਾਰਾ ਬਿਰਤਾਂਤ ਦੱਸਿਆ। ਰਾਜਪੂਤ ਆਪਣੇ ਨਾਲ ਲਵੋ ਤਿਆਰੀ ਕਰੋ ਸਵੇਰ ਹੁੰਦਿਆਂ ਹੀ ਬੇੜੀਆਂ ਤੇ ਚੜ੍ਹੋ। ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ। ਨਮਸਕਾਰ ਕਰਕੇ ਕਹਿਣ ਲੱਗਿਆ ਹੇ ਪ੍ਰਭੂ ਜੀ ਆਪਣਾ ਜਿਊਣਾ ਹੁਣ ਮੈਂ ਜਾਣਿਆ ਹੈ। ਇਸ ਤਰ੍ਹਾਂ ਕਹਿ ਕੇ ਆਪਣੇ ਡੇਰੇ ਵਿਚ ਜਾ ਕੇ ਤਿਆਰੀ ਕਰਵਾਈ। ਕੁਝ ਰਾਜਪੂਤ ਚੁਣ ਲਏ। ਰਾਜੇ ਨੇ ਕਿਹਾ ਸਵੇਰ ਹੁੰਦਿਆਂ ਹੀ ਘੋੜਿਆਂ ਤੇ ਸਵਾਰ ਹੋ ਜਾਵੋ। ਇਸ਼ਨਾਨ ਕਰਕੇ ਸਤਿਗੁਰੂ ਜੀ ਨੂੰ ਮਿਲ ਕੇ ਪਾਲਕੀ ਤਿਆਰ ਕੀਤੀ। ਗੁਰੂ ਜੀ ਪਾਲਕੀ ਵਿਚ ਸਜ ਕੇ ਰਾਜੇ ਦੇ ਨਾਲ ਚੱਲ ਪਏ। ਜਦ ਦਰਿਆ ਪਾਰ ਕਰਕੇ ਅਗਲੇ ਕਿਨਾਰੇ ਪਹੁੰਚੇ ਤਦ ਕਾਮਰੂਪ ਦੇਸ ਦੇ ਰਾਜੇ ਨੇ ਉਨ੍ਹਾਂ ਬਾਰੇ ਸੁਣਿਆ। ਭੇਟਾਵਾਂ ਲੈ ਕੇ ਚੱਲ ਪਿਆ। ਕਾਮਰੂਪ ਦੇਸ ਦਾ ਰਾਜਾ ਬਿਸ਼ਨ ਸਿੰਘ ਰਾਜੇ ਨੂੰ ਮਿਲਿਆ ਦੋਵਾਂ ਦੇ ਵਿਚਕਾਰ ਗੁਰੂ ਜੀ ਬੈਠ ਗਏ। ਦੋਵਾਂ ਦੀ ਆਪਸ ਵਿਚ ਮਿੱਤਰਤਾ ਹੋ ਗਈ। ਦੋਵਾਂ ਰਾਜਿਆਂ ਨੇ ਆਪਸ ਵਿਚ ਪੱਗ ਵਟਾਈ ਤੇ ਇੱਕ ਦੂਸਰੇ ਨੂੰ ਜੱਫੀਆਂ ਪਾ ਕੇ ਮਿਲੇ। ਕਾਮਰੂਪ ਦੇਸ ਦੇ ਰਾਜੇ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਹੁਣ ਕੋਈ ਨਿਸ਼ਾਨੀ ਸਾਨੂੰ ਦੇਵੋ। ਸਤਿਗੁਰੂ ਜੀ ਨੇ ਰਾਜੇ ਦਾ ਪ੍ਰੇਮ ਦੇਖ ਕੇ ਆਪਣੇ ਭੱਥੇ ਵਿਚੋਂ ਤੀਰ ਕੱਢਿਆ। ਧਨੁੱਖ ਵਿਚ ਰੱਖ ਕੇ ਇੱਕ ਬਿਰਛ ਨੂੰ ਨਿਸ਼ਾਨਾ ਲਾ ਕੇ ਤੀਰ ਛੱਡਿਆ। ਉਹ ਬੜੇ ਜੋਰ ਨਾਲ ਉਸ ਦਰੱਖਤ ਨੂੰ ਲੱਗਾ। ਤੀਰ ਦੀ ਮੁਖੀ

ਬਿਰਛ ਵਿਚੋਂ ਪਾਰ ਹੋ ਗਈ। ਫਿਰ ਸਤਿਗੁਰੂ ਜੀ ਨੇ ਆਖਿਆ ਇਸ ਚਿੰਨ ਵਾਲੇ ਸਥਾਨ ਦੀ ਪੂਜਾ ਕਰੋ ਕੋਈ ਵਿਘਨ ਨਹੀਂ ਪਵੇਗਾ। ਇਹ ਸੁਣਕੇ ਰਾਜੇ ਨੇ ਬੜੀ ਸ਼ਰਧਾ ਧਾਰਨ ਕੀਤੀ। ਸਤਿਗੁਰੂ ਜੀ ਨੇ ਇਸ ਖੰਜਰ ਨੂੰ ਧਰਤੀ ਵਿਚ ਗੱਡਿਆ ਅਤੇ ਆਖਿਆ ਇਹ ਦੋਹਾਂ ਰਾਜਾਂ ਦੀ ਹੱਦ ਹੋਵੇਗੀ। ਇਸ ਪਾਸੇ ਰਾਜਾ ਕਾਮਰੂਪ ਰਹੇ ਅਤੇ ਦੂਜੇ ਪਾਸੇ ਬਿਸ਼ਨ ਸਿੰਘ ਦੀ ਚੌਂਕੀ ਰਹੇਗੀ। ਇੱਥੇ ਅਸੀਂ ਨਗਰੀ ਵਸਾਉਣਾ ਚਾਹੁੰਦੇ ਹਾਂ। ਇਹ ਸੁਣ ਕੇ ਦੋਵੇਂ ਰਾਜੇ ਪ੍ਰਸੰਨ ਹੋ ਗਏ। ਫਿਰ ਸੈਨਾ ਵਿਚ ਆ ਕੇ ਜਿੱਤ ਦਾ ਧੌਂਸਾ ਵਜਾ ਦਿੱਤਾ। ਤੁਰੰਤ ਫਤਹਿਨਾਮਾ ਲਿਖਿਆ ਤੇ ਦਿੱਲੀ ਭੇਜ ਦਿੱਤਾ।

## ਰਾਜੇ ਰਾਮ ਦੇ ਗ੍ਰਿਹਿ ਵਿਖੇ ਰਤਨ ਰਾਇ ਦਾ ਜਨਮ

ਬਿਸ਼ਨ ਸਿੰਘ ਅਤੇ ਕਾਮਰੂਪ ਦੇਸ ਦੇ ਰਾਜੇ ਦਾ ਸਮਝੌਤਾ ਕਰਾ ਕੇ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਦਮਦਮੇ ਵਾਲੇ ਸਥਾਨ ਤੇ ਆ ਬਿਰਾਜੇ। ਬਹੁਤ ਸਿੱਖਾਂ ਨੇ ਆ ਕੇ ਮਿਲ ਕੇ ਉੱਥੇ ਸੁੰਦਰ ਧਰਮਸ਼ਾਲਾ ਬਣਾਈ। ਕਾਮਰੂਪ ਦੇਸ ਦੇ ਬਰਾਬਰ ਇੱਕ ਹੋਰ ਸ੍ਰੇਸ਼ਟ ਰਾਜ ਸੀ ਉਸ ਰਾਜੇ ਦਾ ਨਾਮ ਰਾਮ ਸੀ। ਇਸ ਰਾਜੇ ਰਾਮ ਦੇ ਘਰ ਪੁੱਤਰ ਨਹੀਂ ਸੀ। ਉਸ ਨੇ ਬਹੁਤ ਉਪਾਅ ਕੀਤੇ ਪਰ ਕਿਸੇ ਪ੍ਰਕਾਰ ਵੀ ਪੁੱਤਰ ਪੈਦਾ ਨਾ ਹੋਇਆ। ਕਾਮਰੂਪ ਦੇਸ ਵਿਚ ਗੁਰੂ ਜੀ ਨੇ ਕਈ ਵਰ੍ਹੇ ਬਤੀਤ ਕੀਤੇ ਇਸ ਕਰਕੇ ਉਨ੍ਹਾਂ ਦਾ ਉੱਥੇ ਬਹੁਤ ਜਸ ਪ੍ਰਗਟ ਹੋਇਆ। ਜਿਹੜੇ ਸੇਵਕ ਬਣਕੇ ਲੋਕ ਸੇਵਾ ਕਰਦੇ ਹਨ ਹਿਰਦੇ ਵਿਚ ਜੋ ਵੀ ਸ਼ਰਧਾ ਕਰਕੇ ਕਾਮਨਾ ਧਾਰਨ ਕਰਦੇ ਹਨ ਉਹ ਤੁਰੰਤ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਅਨੇਕਾਂ ਲੋਕਾਂ ਨੇ ਸੇਵਾ ਕਰਕੇ ਪੁੱਤਰਾਂ ਦੇ ਵਰ ਪਾਏ। ਕਈਆਂ ਨੇ ਸੇਵਾ ਕਰਕੇ ਸਰੀਰਕ ਰੋਗ ਖਤਮ ਕੀਤੇ। ਗਰੀਬਾਂ ਨੇ ਸੇਵਾ ਕਰਕੇ ਧਨ ਪ੍ਰਾਪਤ ਕੀਤਾ। ਜਿਹੜੇ ਅਣਜਾਣ ਅਨਾਦਰ ਕਰਦੇ ਸੀ ਉਨ੍ਹਾਂ ਨੂੰ ਤੁਰੰਤ ਬਿਪਤਾ ਆ ਘੇਰਦੀ ਸੀ। ਇਸ ਤਰ੍ਹਾਂ ਬੜੇ ਸਤਿਕਾਰ ਨਾਲ ਲੋਕਾਂ ਨੇ ਸਿੱਖੀ ਧਾਰਨ ਕੀਤੀ। ਰਾਜੇ ਰਾਮ ਦੀ ਰਾਣੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਸ ਬਹੁਤ ਸਾਰੇ ਲੋਕਾਂ ਕੋਲੋਂ ਸੁਣਿਆ। ਪੁੱਤਰ ਦੀ ਮਹਾਨ ਇੱਛਾ ਸੀ ਰਾਤ ਦਿਨ ਆਪਣੇ ਦੁਖ ਬਾਰੇ ਸੋਚਦੀ ਰਹਿੰਦੀ ਸੀ। ਖਾਣਾ ਪੀਣਾ ਪਹਿਨਣਾ ਜਿਸ ਦੇ ਮਨ ਸੁਖ ਲੈਣ ਦੀ ਰੁਚੀ ਨਹੀਂ ਰਹੀ ਸੀ। ਗੁਰੂ ਜੀ ਦਾ ਜਸ ਸੁਣਕੇ ਖਿੜ ਉੱਠੀ,ਮਾਨੋਂ ਪੁੱਤਰ ਮਿਲ ਹੀ ਗਿਆ ਹੋਵੇ। ਰਾਤ ਪੈਣ ਤੇ ਰਾਜਾ ਰਾਣੀ ਪਾਸ ਆਇਆ ਅੱਖਾਂ ਵਿਚ ਜਲ ਭਰ ਕੇ ਉਸ ਨੂੰ ਸੁਣਾਇਆ ਕਿ ਪੁੱਤਰ ਤੋਂ ਬਗੈਰ ਰਾਜ ਭਾਗ ਦੇ ਸਾਰੇ ਸੁਖ ਫਿੱਕੇ ਹਨ। ਸਾਥੋਂ ਬਾਅਦ ਵਿਚ ਰਾਜ ਦੀ ਸੰਭਾਲ ਕੌਣ ਕਰੇਗਾ। ਪੁੱਤਰ ਨੂੰ ਵੇਖ ਕੇ ਅੱਖਾਂ ਤੇ ਛਾਤੀ ਨੂੰ ਠੰਡ ਪੈਂਦੀ ਹੈ। ਉਹ ਸੁਖ ਸਾਨੂੰ ਪ੍ਰਾਪਤ ਨਹੀਂ ਹੋਇਆ। ਅਨੇਕਾਂ ਉਪਾਅ ਕਰਕੇ ਵੇਖ ਲਏ ਹਨ। ਮੈਂ ਸੁਣਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਸਥਾਨ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਧਰ ਆਏ ਹੋਏ ਹਨ।

ਅਨੇਕਾਂ ਲੋਕ ਉਨ੍ਹਾਂ ਪਾਸੋਂ ਕਾਮਨਾਵਾਂ ਪਾਉਂਦੇ ਹਨ। ਤੁਸੀਂ ਜਾ ਕੇ ਉਨ੍ਹਾਂ ਦੀ ਸੇਵਾ ਕਿਉਂ ਨਹੀਂ ਕਰਦੇ ਤੇ ਪੁੱਤਰ ਦੀ ਦਾਤ ਪ੍ਰਾਪਤ ਕਰੋ। ਇਹ ਸੁਣ ਕੇ ਰਾਜਾ ਰਾਮ ਬੋਲਿਆ ਮੈਂ ਵੀ ਉਨ੍ਹਾਂ ਦਾ ਸੁੰਦਰ ਜਸ ਸੁਣਿਆ ਹੈ। ਆਪਣੇ ਮੁੱਖ ਤੋਂ ਗੁਰੂ ਜੀ ਜੋ ਬਚਨ ਕਰਦੇ ਹਨ ਸਭ ਪੂਰਾ ਹੁੰਦਾ ਹੈ। ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਕੇ ਪ੍ਰਸੰਨ ਹੋਏ। ਰਾਤ ਨੂੰ ਬੜੇ ਸੁਖ ਨਾਲ ਸੁੱਤੇ, ਸਵੇਰ ਹੋਈ ਜਿਸ ਪਾਸੇ ਗੁਰੂ ਜੀ ਬਾਰੇ ਸੁਣਿਆ ਉੱਧਰ ਜਾਣ ਦੀ ਤਿਆਰੀ ਕਰ ਲਈ। ਆਪਣੀ ਰਾਣੀ ਨੂੰ ਨਾਲ ਲੈ ਕੇ ਰਾਜੇ ਨੇ ਚਾਲੇ ਪਾ ਲਏ। ਆਪਣਾ ਸਾਰਾ ਦੇਸ ਪਾਰ ਕੀਤਾ, ਜਿੱਥੇ ਸਤਿਗੁਰੂ ਜੀ ਦਾ ਡੇਰਾ ਸੀ ਉੱਥੇ ਨੇੜੇ ਆ ਕੇ ਆਪਣਾ ਡੇਰਾ ਲਾ ਲਿਆ। ਉੱਥੇ ਤੰਬੂ ਅਤੇ ਸ਼ਾਮਿਆਨੇ ਤਾਣ ਦਿੱਤੇ। ਰਾਤ ਪੈਣ ਤੇ ਸੁੱਖ ਦੀ ਨੀਂਦ ਸੁੱਤਾ। ਸਵੇਰ ਹੋਈ ਇਸ਼ਨਾਨ ਕਰਕੇ ਅਨੇਕਾਂ ਉਪਹਾਰ ਲੈ ਕੇ ਨੰਗੇ ਪੈਰੀਂ ਗੁਰੂ ਜੀ ਵੱਲ ਚੱਲ ਪਿਆ। ਮਨ ਵਿਚ ਬੜਾ ਦੀਨ ਅਤੇ ਸ਼ਰਧਾਵਾਨ ਹੋ ਗਿਆ। ਪਤਨੀ ਸਹਿਤ ਹੱਥ ਜੋੜ ਕੇ ਗੁਰੂ ਜੀ ਦੇ ਚਰਨਾ ਤੇ ਮੱਥਾ ਟੇਕਿਆ। ਆਗਿਆ ਲੈ ਕੇ ਬੈਠ ਗਏ, ਹੱਥ ਜੋੜ ਕੇ ਵਜੀਰ ਨੇ ਕਿਹਾ ਜਦ ਆਪ ਜੀ ਦੇ ਇੱਧਰ ਆਉਣ ਬਾਰੇ ਸੁਣਿਆ ਕਿ ਸਾਡੇ ਵਰਗੇ ਹਜਾਰਾਂ ਜੀਵਾਂ ਦੇ ਵੱਡੇ ਭਾਗ ਜਾਗੇ ਹਨ। ਪਹਿਲਾਂ ਰਾਜੇ ਦੀ ਇਸ ਤਰ੍ਹਾਂ ਇੱਛਾ ਹੈ ਕਿ ਆਪ ਜੀ ਦੇ ਮੁੱਖ ਤੋਂ ਸਿੱਖਿਆਂ ਧਾਰਨ ਕਰੇ। ਆਪ ਜੀ ਦੇ ਪਵਿੱਤਰ ਚਰਨ ਕਮਲਾਂ ਨਾਲ ਆਪਣੇ ਘਰ ਨੂੰ ਪਵਿੱਤਰ ਕਰਾਉਣਾ ਚਾਹੁੰਦੇ ਹਨ। ਆਪ ਜੀ ਨੂੰ ਲੈਣ ਵਾਸਤੇ ਆਪ ਰਾਜਾ ਜੀ ਇੱਧਰ ਆਏ ਹਨ। ਪ੍ਰੇਮ ਭਗਤੀ ਨਾਲ ਉਨ੍ਹਾਂ ਦੇ ਚਿੱਤ ਭਿੱਜੇ ਹੋਏ ਹਨ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ ਇਸ ਦੇਸ ਵਿਚ ਅਸੀਂ ਰਾਜਾ ਬਿਸ਼ਨ ਸਿੰਘ ਦਾ ਕਾਰਜ ਪੂਰਾ ਕਰਨ ਵਾਸਤੇ ਆਏ ਹਾਂ ਜਿਹੜੀ ਆਪ ਜੀ ਦੀ ਕਾਮਨਾ ਹੈ ਉਹ ਦੱਸੋ, ਸਾਥੋਂ ਹੁਣ ਅੱਗੇ ਨਹੀਂ ਜਾਇਆ ਜਾਣਾ। ਇਹ ਸੁਣ ਕੇ ਇੱਕ ਦਿਨ ਉੱਥੇ ਰਹੇ ਸਵੇਰ ਹੋਈ ਤਾਂ ਗੁਰੂ ਜੀ ਨੂੰ ਵਜੀਰ ਨੇ ਮਿਲਕੇ ਬੇਨਤੀ ਕੀਤੀ ਹੇ ਸਤਿਗੁਰੂ ਜੀ ਤੁਸੀਂ ਇੱਧਰ ਆ ਕੇ ਇਸ ਦੇਸ ਨੂੰ ਪਵਿੱਤਰ ਕੀਤਾ ਹੈ ਸਾਰੇ ਲੋਕ ਨਿਹਾਲ ਹੋਏ ਹਨ। ਰਾਜਾ ਪੁੱਤਰ ਮੰਗਣ ਲਈ ਕਹਿਣ ਤੋਂ ਸੰਗਦਾ ਹੈ ਕਿਵੇਂ ਆਖੇ। ਸਤਿਗੁਰੂ ਨੇ ਹਿਰਦੇ ਦੀ ਗੱਲ ਜਾਣ ਲਈ ਹੇ ਰਾਜਾ ਤੁਹਾਡੇ ਦਿਲ ਦੀ ਜੋ ਅਭਿਲਾਸ਼ਾ ਹੈ ਉਹ ਕਹਿ ਦੇਵੋ। ਇਹ ਸੁਣ ਕੇ ਰਾਜੇ ਨੇ ਬੇਨਤੀ ਕੀਤੀ ਆਪ ਸਭ ਤੋਂ ਵੱਡੇ ਦਾਨੀ ਹੋ ਅਸੀਂ ਸਭ ਰੀਤੀਆਂ ਨਾਲ ਅਨੇਕ ਯਤਨ ਕੀਤੇ ਪਰ ਪੁੱਤਰ ਪਰਾਪਤ ਨਹੀਂ ਹੋਇਆ ਹੁਣ ਸਰੀਰ ਵੀ ਬਿਰਧ ਹੋ ਗਿਆ। ਸਾਡੇ ਰਾਜ ਦਾ ਮਾਲਕ ਸਾਨੂੰ ਦੇਵੋ,ਆਪਣੀ ਕਿਰਪਾ ਕਰੋ। ਆਪ ਜੀ ਦੇ ਚਰਨ ਸਾਡਾ ਆਸਰਾ ਹਨ ਹੋਰ ਸਾਰੇ ਉਪਾਅ ਅਸੀਂ ਛੱਡ ਦਿੱਤੇ ਹਨ। ਹੁਣ ਅਸੀਂ ਆਪ ਜੀ ਦੇ ਸਿੱਖ ਬਣਦੇ ਹਾਂ,ਲੋਕ ਪਰਲੋਕ ਵਿਚ ਸਾਡਾ ਕਲਿਆਣ ਕਰੋ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ "ਤੁਹਾਨੂੰ ਵਰ ਦਿੱਤਾ ਹੈ। "ਗੁਰੂ ਜੀ ਨੇ ਹੱਥ ਇੱਕ ਮੋਹਰ ਫੜੀ ਹੋਈ ਸੀ। ਉਸ ਮੋਹਰ ਨੂੰ ਰਾਜੇ ਦੇ ਪੱਟ ਨਾਲ ਲਾਇਆ। ਤੁਹਾਡਾ

ਪੁੱਤਰ ਸਾਡਾ ਸਿੱਖ ਹੋਵੇਗਾ ਇਹ ਮੋਹਰ ਉਸ ਦੇ ਸਿਰ ਉੱਤੇ ਹੋਵੇਗੀ। ਉਹ ਸਾਡਾ ਇਹ ਚਿੰਨ ਧਾਰਨ ਕਰੇਗਾ। ਇਹ ਬਖਸ਼ਿਸ਼ ਪ੍ਰਾਪਤ ਕਰਕੇ ਰਾਜੇ ਨੇ ਚਰਨ ਧੋ ਕੇ ਚਰਨਾਮ੍ਰਿਤ ਲਿਆ ਤੇ ਵਿਦਾ ਲੈ ਕੇ ਚਲੇ ਗਏ। ਕੁਝ ਮਹੀਨਿਆਂ ਬਾਅਦ ਪੁੱਤਰ ਪੈਦਾ ਹੋਇਆ। ਜਿਸ ਦਾ ਨਾਂਅ ਰਤਨ ਰਾਇ ਰੱਖਿਆ। ਗੁਰੂ ਜੀ ਮੋਹਰ ਦਾ ਚਿੰਨ ਉਸ ਨੇ ਸਿਰ ਤੇ ਧਾਰਨ ਕੀਤਾ ਹੋਇਆ ਸੀ।

## ਭਾਈ ਗੁਰਬਖਸ਼ ਹੁਲਾਸੀ ਤੇ ਬਖਸ਼ਿਸ਼

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਾਫੀ ਦਿਨ ਪ੍ਰਯਾਗ ਰਹਿ ਕੇ ਬੇਅੰਤ ਸੰਗਤਾਂ ਦੀ ਕਲਿਆਣ ਕੀਤੀ ਫਿਰ ਅੱਗੇ ਚੱਲਣ ਵਾਸਤੇ ਤਿਆਰ ਹੋ ਗਏ। ਇੱਥੋਂ ਚਾਲੇ ਪਾ ਕੇ ਗੁਰੂ ਕਾਂਸ਼ੀ ਨਗਰ ਵਿਚ ਪਹੁੰਚ ਗਏ। ਸੁੰਦਰ ਥਾਂ ਵੇਖ ਕੇ ਡੇਰਾ ਕੀਤਾ। ਜਦੋਂ ਸੰਗਤ ਨੂੰ ਗੁਰੂ ਜੀ ਬਾਰੇ ਪਤਾ ਲੱਗਿਆ ਤਾਂ ਸਾਰੇ ਸਿੱਖ ਆਪਸ ਵਿਚ ਮਿਲਦੇ ਹਨ ਅਨੇਕ ਉਪਹਾਰ ਤਿਆਰ ਕਰਕੇ ਗੁਰੂ ਜੀ ਅੱਗੇ ਅਰਪਣ ਕਰਦੇ ਹਨ। ਹੱਥ ਜੋੜ ਕੇ ਅਰਦਾਸ ਕਰਦੇ ਹਨ। ਜੋ ਭਾਵਨਾ ਧਾਰਨ ਕਰਦੇ ਹਨ ਉਹ ਗੁਰੂ ਜੀ ਪਾਸੋਂ ਪ੍ਰਾਪਤ ਕਰਦੇ ਹਨ। ਗੁਰੂ ਜੀ ਨੇ ਕਈ ਦਿਨ ਡੇਰਾ ਰੱਖਿਆ ਸੰਗਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ। ਬਹੁਤ ਸੰਨਿਆਸੀ ਨਾਂਗੇ ਤਪੱਸਵੀ ਅਨੇਕਾਂ ਭੇਸਾਂ ਦੇ ਕੱਪੜੇ ਪਹਿਨਦੇ ਸਨ ਉਹ ਆ ਕੇ ਬ੍ਰਹਮ ਦਾ ਨਿਰਨਾ ਪੁੱਛਦੇ ਸਨ ਤੇ ਸਤਿਗੁਰੂ ਜੀ ਨਿਤਾਪ੍ਰਤੀ ਉੱਤਰ ਦਿੰਦੇ ਸਨ। ਜਵਾਬ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਹਨ।

ਜੋਨਪੁਰ ਦੀ ਸੰਗਤ ਪਿਆਰ ਸਹਿਤ ਗੁਰੂ ਜੀ ਦੇ ਦਰਸ਼ਨਾ ਨੂੰ ਆਈ। ਇੱਕ ਭਾਈ ਗੁਰਬਖਸ਼ ਹੁਲਾਸੀ ਸੀ ਉਹ ਜੌਨਪੁਰ ਦੀ ਸੰਗਤ ਨਾਲ ਮਿਲਕੇ ਗੁਰੂ ਜੀ ਦੇ ਦਰਸ਼ਨਾ ਨੂੰ ਆਇਆ ਗੁਰੂ ਜੀ ਦੇ ਨਾਲ ਬੈਠ ਕੇ ਉਸ ਨੇ ਗੰਭੀਰ ਧੁਨੀ ਵਿਚ ਸ਼ਬਦ ਦਾ ਗਾਇਨ ਕੀਤਾ। ਇੱਕ ਪਹਿਰ ਤੱਕ ਸ਼ਬਦ ਦਾ ਗਾਇਨ ਕਰਦਾ ਰਿਹਾ। ਸਤਿਗੁਰੂ ਜੀ ਨੇ ਸੁਣ ਕੇ ਬਹੁਤ ਪ੍ਰੇਮ ਦਿੱਤਾ। ਹੇ ਭਾਈ ਗੁਰਬਖਸ਼ ਅਸੀਂ ਸੁਣ ਕੇ ਨਿਹਾਲ ਹੋ ਗਏ ਹਾਂ ਤੂੰ ਹੁਣ ਜਮਾਂ ਦੇ ਜਾਲ ਵਿਚ ਨਹੀਂ ਫਸੇਂਗਾ। ਤੇਰੇ ਘਰ ਵਿਚ ਜਿਹੜਾ ਪੁੱਤਰ ਪੈਦਾ ਹੋਵੇਗਾ ਉਹ ਗੁਰਬਾਣੀ ਦਾ ਕੀਰਤਨ ਕਰੇਗਾ। ਤੇਰੀ ਵੰਸ਼ ਤੋਂ ਸੰਗਤ ਕੀਰਤਨ ਕਥਾ ਬਹੁਤ ਪ੍ਰੇਮ ਨਾਲ ਸੁਣੇਗੀ। ਸਾਰੀ ਸੰਗਤ ਗੁਰੂ ਜੀ ਦੇ ਪਵਿੱਤਰ ਚਰਨਾ ਨਾਲ ਜੁੜ ਗਈ ਗੁਰੂ ਜੀ ਨੇ ਸਾਰਿਆਂ ਤੇ ਬਹੁਤ ਖੁਸ਼ੀ ਕੀਤੀ। ਜੌਨਪੁਰ ਦੀ ਸੰਗਤ ਗੁਰੂ ਜੀ ਪਾਸੋਂ ਖੁਸ਼ੀ ਅਤੇ ਸਹਿਤ ਮਨ ਇੱਛਤ ਵਰ ਪ੍ਰਾਪਤ ਕਰਕੇ ਵਿਦਾ ਹੋ ਗਈ। ਬਾਅਦ ਵਿਚ ਗੁਰੂ ਜੀ ਨੇ ਕਾਂਸ਼ੀ ਤੋਂ ਕੂਚ ਕਰ ਦਿੱਤਾ।

## ਚਾਚਾ ਫੱਗੋ ਦੇ ਗ੍ਰਹਿ ਵਿਖੇ ਚਰਨ ਪਾਉਣੇ

ਅਸਾਮ ਦੇ ਇਲਾਕੇ ਵਿਚ ਸਸਰਾਮ ਨਗਰ ਵਿਚ ਚਾਚਾ ਫੱਗੋ ਗੁਰੂ ਜੀ ਦਾ ਪ੍ਰੇਮੀ ਸਿੱਖ ਰਹਿੰਦਾ ਸੀ। ਉਸ ਨੇ ਇੱਕ ਨਵਾਂ ਘਰ ਬਣਾਇਆ। ਉਸ ਦਾ ਬੜਾ

ਉੱਚਾ ਦਰਵਾਜਾ ਰਖਵਾਇਆ। ਘਰ ਬਣਾਉਣ ਸਮੇਂ ਹਰੇਕ ਗੱਲ ਦਾ ਧਿਆਨ ਰੱਖਿਆ। ਅੰਦਰ ਸੁੰਦਰ ਵਿਹੜਾ ਰੱਖਿਆ। ਖਿੜਕੀਆਂ ਦਰਵਾਜੇ ਰੌਸ਼ਨੀ ਅਤੇ ਹਵਾ ਲਈ ਲਗਾਏ ਗਏ।

ਇੱਕ ਦਿਨ ਉੱਥੇ ਸੰਗਤ ਇਕੱਠੀ ਹੋਈ। ਸਾਰਿਆਂ ਨੇ ਬਾਹਰਲੇ ਉੱਚੇ ਤੇ ਵੱਡੇ ਦਰਵਾਜੇ ਨੂੰ ਵੇਖਿਆ ਸਾਰਿਆਂ ਨੂੰ ਸ਼ੰਕਾ ਉਤਪੰਨ ਹੋਈ। ਪੁੱਛਣ ਲੱਗੇ ਇੰਨਾ ਵੱਡਾ ਦਰਵਾਜਾ ਕਿਵੇਂ ਲਗਵਾਇਆ ਹੈ। ਇਹ ਸੁਣ ਕੇ ਚਾਚਾ ਫੱਗੋ ਨੇ ਉੱਤਰ ਦਿੱਤਾ ਘਰ ਬਣਾਉਣ ਸਮੇਂ ਮੈਂ ਇਹ ਪ੍ਰਣ ਕੀਤਾ ਸੀ ਕਿ ਸਤਿਗੁਰੂ ਜੀ ਮੇਰੇ ਡੇਰੇ ਵਿਚ ਆਉਣਗੇ। ਉਹ ਅੰਤਰਜਾਮੀ ਹਨ ਹਰ ਇੱਕ ਦੇ ਦਿਲ ਦੀ ਗੱਲ ਜਾਣਦੇ ਹਨ। ਉਹ ਘੋੜੇ ਤੇ ਚੜ੍ਹੇ ਹੋਏ ਹੀ ਅੰਦਰ ਆਉਣਗੇ। ਗੁਰੂ ਜੀ ਘਰ ਤੋਂ ਬਾਹਰ ਘੋੜੇ ਤੋਂ ਨਹੀਂ ਉਤਰਨਗੇ। ਘੋੜੇ ਉੱਤੇ ਚੜ੍ਹੇ ਹੋਏ ਹੀ ਮੇਰੇ ਘਰ ਦੇ ਅੰਦਰ ਦਾਖਲ ਹੋਣਗੇ। ਘੋੜੇ ਤੋਂ ਉੱਤਰਕੇ ਸਿੰਘਾਸਣ ਤੇ ਬੈਠ ਜਾਣਗੇ। ਇਸ ਕਰਕੇ ਮੈਂ ਵੱਡਾ ਦਰਵਾਜਾ ਲਗਾਇਆ ਹੈ। ਸੰਤ ਅਤੇ ਵੇਦ ਪੁਰਾਣ ਕਹਿੰਦੇ ਹਨ ਭਗਵਾਨ ਦੀ ਇਸ ਪ੍ਰਕਾਰ ਦੀ ਮਹਿਮਾ ਹੈ ਉਹ ਦਾਸਾਂ ਦੀ ਪ੍ਰਤੱਗਿਆ ਪੂਰੀ ਕਰਦੇ ਹਨ। ਇਸ ਤਰ੍ਹਾਂ ਸੰਗਤ ਨੇ ਸੁਣ ਕੇ ਸੰਸਾ ਦੂਰ ਕੀਤਾ। ਫਿਰ ਚਾਚਾ ਫੱਗੋ ਕਹਿੰਦੇ ਹਨ ਵਿਦਿਆ,ਧਨ,ਸਾਜੋ ਸਮਾਨ ਕਈ ਦੇਸਾਂ ਦਾ ਰਾਜ ਆਦਿ ਨੂੰ ਪ੍ਰਭੂ ਜੀ ਭੁੱਲ ਕੇ ਵੀ ਨਹੀਂ ਵੇਖਦੇ ਉਹ ਸਦਾ ਪ੍ਰੇਮ ਦੇ ਅਨੁਸਾਰੀ ਰਹਿੰਦੇ ਹਨ। ਉਹ ਆਪਣੇ ਸੇਵਕਾਂ ਪਾਸ ਦੌੜਕੇ ਆਉਂਦੇ ਹਨ। ਭਗਤ ਨਾਮਦੇਵ ਦੀ ਛੱਪਰੀ ਬਣਾਈ ਦੇਹੁਰਾ ਫੇਰ ਕੇ ਪੰਡਤਾਂ ਅਤੇ ਪਾਂਡਿਆਂ ਨੂੰ ਪਿੱਛੇ ਕਰ ਦਿੱਤਾ ਤੇ ਨਾਮਦੇਵ ਨੂੰ ਅੱਗੇ ਕਰ ਦਿੱਤਾ। ਧੰਨੇ ਦੀਆਂ ਗਾਈਆਂ ਚਾਰਦੇ ਰਹੇ ਰੋਟੀ ਤੇ ਲੱਸੀ ਛਕਦੇ ਰਹੇ। ਭੀਲਣੀ ਦੇ ਜੂਠੇ ਬੇਰ ਖਾਧੇ ਤੇ ਬਿਦਰ ਦੇ ਘਰ ਠਹਿਰੇ। ਚਾਚਾ ਫੱਗੋ ਪਾਸੋਂ ਇਸ ਤਰ੍ਹਾਂ ਸੁਣ ਕੇ ਸਾਰੀ ਸੰਗਤ ਸ਼ਰਧਾ ਧਾਰਨ ਕਰਨ ਲੱਗੀ,ਸਤਿਨਾਮ ਦਾ ਸਿਮਰਨ ਕਰਨ ਲੱਗੀ।

ਰਾਜੇ ਸ਼ਿਵਨਾਭ ਦੇ ਮਨ ਵਿਚ ਭਾਰੀ ਪ੍ਰੇਮ ਵੇਖ ਕੇ ਸ੍ਰੀ ਲੰਕਾ, ਸੰਗਲਾਦੀਪ ਗਏ। ਉਸ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਮੰਜੀ ਬਖਸ਼ ਕੇ ਨਿਹਾਲ ਕੀਤਾ। ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵਿਚ ਪਹੁੰਚੇ ਬ੍ਰਿਧ ਸਿੱਖਣੀ ਨੇ ਹੱਥੀ ਕੱਤ ਕੇ ਤਿਆਰ ਕੀਤੀ ਹੋਈ ਪੋਸ਼ਾਕ ਪਹਿਨਾਈ। ਸਾਰੀ ਸੰਗਤ ਚਾਚਾ ਫੱਗੋ ਦੀ ਪਰਤੱਗਿਆ ਸੁਣ ਕੇ ਸ਼ਰਧਾ ਵਾਲੀ ਬਣੀ। ਸਾਰੇ ਹੀ ਗੁਰੂ ਜੀ ਦੇ ਆਉਣ ਦੀ ਉਡੀਕ ਕਰਨ ਲੱਗੇ। ਸੁੰਦਰ ਭੇਟਾਵਾਂ ਘਰਾਂ ਵਿਚ ਧਰਦੇ ਸਨ। ਜਿਵੇਂ ਬਾਵਨ ਚੰਦਨ ਦਾ ਬਿਰਛ ਜਦੋਂ ਪੈਦਾ ਹੁੰਦਾ ਹੈ ਤਾਂ ਸਾਰੇ ਜੰਗਲ ਦੇ ਬਿਰਛਾਂ ਦੇ ਵਿਚ ਚੰਦਨ ਦੀ ਮਹਿਕ ਆਉਣ ਲੱਗ ਜਾਂਦੀ ਹੈ। ਭਾਵ ਸਾਰਾ ਜੰਗਲ ਹੀ ਚੰਦਨ ਬਣ ਜਾਂਦਾ ਹੈ। ਚਾਚਾ ਫੱਗੋ ਦਾ ਪ੍ਰਣ ਸੁਣ ਕੇ ਸਾਰੇ ਉਸ ਵਰਗੇ ਹੋ ਗਏ। ਸ਼ਾਮ ਸਵੇਰੇ ਗੁਰੂ ਜੀ ਦੀ ਉਡੀਕ ਕਰਨ ਲੱਗ ਪਏ। ਉਨ੍ਹਾਂ ਸਿੱਖਾਂ ਦੇ ਮਨ ਦੀ ਜਾਣ ਕੇ ਗੁਰੂ ਤੇਗ ਬਹਾਦਰ

ਜੀ ਕਾਂਸੀ ਤੋਂ ਚਾਚਾ ਫੱਗੋ ਦੇ ਨਗਰ ਸਸਰਾਮ ਵੱਲ ਚੱਲ ਪਏ। ਆਪਣੇ ਸਿੱਖ ਦਾ ਪ੍ਰਣ ਪੂਰਾ ਕਰਨ ਵਾਸਤੇ ਕਾਂਸੀ ਤੋਂ ਕੂਚ ਕੀਤਾ। ਗੁਰੂ ਜੀ ਘੋੜੇ ਤੇ ਅਸਵਾਰ ਹਨ। ਮਾਤਾ ਨਾਨਕੀ ਜੀ ਆਪਣੀ ਨੂੰਹ ਸਮੇਤ ਡੋਲਿਆਂ, ਪਾਲਕੀਆਂ ਤੇ ਰਥਾਂ ਵਿਚ ਸੋਭ ਰਹੇ ਸਨ।

ਗੁਰੂ ਜੀ ਇਕੱਲੇ ਘੋੜੇ ਤੇ ਅਸਵਾਰ ਹੋ ਕੇ ਸਸਰਾਮ ਨਗਰ ਪਹੁੰਚ ਗਏ। ਸਿੱਧੇ ਚਾਚਾ ਫੱਗੋ ਦੇ ਘਰ ਪਹੁੰਚ ਗਏ। ਉਸ ਨੇ ਆਪਣੇ ਘਰ ਦਾ ਬਾਹਰਲਾ ਦਰਵਾਜਾ ਉੱਚਾ ਬਹੁਤ ਵੱਡਾ ਰਖਵਾਇਆ ਸੀ। ਘੋੜੇ ਤੇ ਚੜ੍ਹੇ ਹੋਏ ਹੀ ਘਰ ਦੇ ਵਿਹੜੇ ਵਿਚ ਆ ਗਏ। ਜਿਸ ਤਰ੍ਹਾਂ ਚਾਚਾ ਫੱਗੋ ਨੇ ਪ੍ਰਣ ਧਾਰਨ ਕੀਤਾ ਸੀ ਗੁਰੂ ਜੀ ਨੇ ਉਸ ਤਰ੍ਹਾਂ ਹੀ ਪੂਰਾ ਕੀਤਾ। ਇੱਧਰ ਉੱਧਰ ਮਨੁੱਖ ਖੜ੍ਹੇ ਵੇਖ ਰਹੇ ਸਨ ਇਹ ਕੌਣ ਅਕਾਸ ਤੋਂ ਉੱਤਰ ਆਇਆ ਹੈ। ਗਲ ਵਿਚ ਸੁੰਦਰ ਜਾਮਾਂ ਪਾਇਆ ਹੋਇਆ ਹੈ। ਲੰਮੀਆਂ ਬਾਹਾਂ ਹਨ। ਸਭ ਪ੍ਰਕਾਰ ਦੇ ਸ਼ਸਤਰ ਧਾਰਨ ਕੀਤੇ ਹੋਏ ਹਨ। ਮੁੱਖ ਕੰਵਲ ਦੇ ਫੁੱਲ ਵਾਂਗ ਖਿਲਿਆ ਹੋਇਆ ਹੈ। ਵੱਡੇ-ਵੱਡੇ ਨੇਤਰ ਹਨ। ਮੱਥੇ ਉੱਤੇ ਮਹਾਨ ਜੋਤ ਪ੍ਰਕਾਸ਼ ਕਰ ਰਹੀ ਹੈ। ਚਿਹਰੇ ਤੇ ਜਲਾਲ ਹੈ ਤਦ ਚਾਚਾ ਫੱਗੋ ਚੱਲ ਕੇ ਆਇਆ। ਵਿਹੜੇ ਵਿਚ ਖੜ੍ਹੇ ਹੋਏ ਗੁਰੂ ਜੀ ਦੇ ਦਰਸ਼ਨ ਹੋਏ। ਪਰ ਨਿਸ਼ਚਾ ਨਾ ਹੋਇਆ ਪੁੱਛ ਨਹੀਂ ਸਕਦਾ ਤੇਜ ਹੀ ਸਭ ਕੁਝ ਦੱਸ ਰਿਹਾ ਹੈ। ਹੈਰਾਨ ਹੋਏ ਨੂੰ ਵੇਖ ਕੇ ਸਤਿਗੁਰੂ ਜੀ ਬੋਲੇ ਹੇ ਫੱਗੋ ਤੂੰ ਅਹਿ ਕਠਨ ਪ੍ਰਣ ਧਾਰਨ ਕੀਤਾ ਹੈ। ਆਪਣਾ ਦਰਵਾਜਾ ਬਹੁਤ ਉੱਚਾ ਤੇ ਵੱਡਾ ਉਸਾਰਿਆ ਹੈ। ਅਸੀਂ ਬਹੁਤ ਦੂਰ ਸੀ ਤੂੰ ਹਿਰਦੇ ਵਿਚ ਨਹੀਂ ਵਿਚਾਰਿਆ ਹੈ ਕਿਵੇਂ ਆਵਾਂਗੇ। ਸੈਂਕੜੇ ਕੋਹਾਂ ਦਾ ਪੈਂਡਾ ਹੈ ਕਿੰਨੇ ਦਿਨਾ ਵਿਚ ਡੇਰੇ ਪਹੁੰਚਾਂਗੇ ਵਿਚਾਰਨ ਤੋਂ ਬਗੈਰ ਮਹਾਨ ਪ੍ਰੇਮ ਕੀਤਾ ਹੈ। ਸੰਗਤ ਵਿਚ ਸੁਣਾ ਕੇ ਤੂੰ ਪ੍ਰਣ ਧਾਰਨ ਕੀਤਾ ਹੈ। ਤੇਰੀ ਮਨਸਾ ਨੂੰ ਪੂਰੀ ਕਰਨ ਵਾਸਤੇ ਅਸੀਂ ਘੋੜੇ ਤੇ ਅਸਵਾਰ ਹੋ ਕੇ ਅੰਦਰ ਦਾਖਲ ਹੋਏ ਹਾਂ। ਤੇਰੀ ਪ੍ਰਤੱਗਿਆ ਪੂਰੀ ਕੀਤੀ। ਜਿਵੇਂ ਤੇਰੀ ਇੱਛਾ ਹੈ ਉਸੇ ਤਰ੍ਹਾਂ ਇਸ ਸਮੇਂ ਕਰੋ। ਇਹ ਸੁਣ ਕੇ ਨਿਸ਼ਚਾ ਬਣ ਗਿਆ ਕਿ ਇਹ ਅੰਤਰਜਾਮੀ ਗੁਰੂ ਤੇਗ ਬਹਾਦਰ ਜੀ ਹਨ। ਤੁਰੰਤ ਹਿਰਦਾ ਚਾਅ ਨਾਲ ਉੱਛਲ ਗਿਆ ਜਿਵੇਂ ਸਾਗਰ ਚੰਦ ਨੂੰ ਵੇਖ ਕੇ ਉਛਾਲੇ ਮਾਰਦਾ ਹੈ। ਨੈਣ ਬੜੇ ਅਨੰਦ ਨਾਲ ਭਰ ਗਏ ਮੋਤੀਆਂ ਵਾਂਗ ਜਲ ਦੀਆਂ ਬੂੰਦਾਂ ਡਿੱਗਦੀਆਂ ਹਨ। ਮੁਖੜਾ ਹੰਝੂਆਂ ਨਾਲ ਭਰ ਗਿਆ। ਘੋੜੇ ਤੇ ਚੜ੍ਹਿਆਂ ਨੂੰ ਵੇਖ ਕੇ ਤ੍ਰਿਪਤ ਨਹੀਂ ਹੋ ਰਿਹਾ ਖੰਭੇ ਵਾਂਗ ਖੜ੍ਹੇ ਦਾ ਖੜ੍ਹਾ ਰਹਿ ਗਿਆ। ਕੁਝ ਨਹੀਂ ਸੀ ਕਿਹਾ ਜਾਂਦਾ ਗਲਾ ਰੁਕ ਗਿਆ। ਮੁੱਖ ਵਿਚੋਂ ਕੋਈ ਬੋਲ ਨਾ ਨਿਕਲੇ ਨੇਤਰਾਂ ਦੀ ਪਲਕਾਂ ਸਮੇਤ ਟਿਕ ਟਿਕੀ ਬੱਝ ਗਈ। ਜਿਨ੍ਹਾਂ ਨੂੰ ਦਿਨ ਰਾਤ ਪੂਜਦਾ ਰਿਹਾ ਸੀ ਵਧੀਆ ਪਲੰਘਾ ਤਿਆਰ ਕਰਵਾਇਆ ਸੀ ਉਸ ਨੇ ਲਿਆ ਕੇ ਵਿਹੜੇ ਵਿਚ ਡਾਹ ਦਿੱਤਾ। ਸੁੰਦਰ ਵਿਛਾਈ ਕੀਤੀ। ਮੁਲਾਇਮ ਸਿਰਹਾਣੇ ਲਿਆ ਕੇ ਧਰ ਦਿੱਤੇ। ਫਿਰ ਚਾਚੇ ਫੱਗੋ ਨੇ ਜਾ ਕੇ ਗੁਰੂ ਜੀ ਦੀ ਰਕਾਬ

ਫੜ ਲਈ ਤੇ ਗੁਰੂ ਜੀ ਨੂੰ ਘੋੜੇ ਤੋਂ ਉਤਾਰਿਆ। ਫਿਰ ਗੁਰੂ ਜੀ ਨੂੰ ਸਿੰਘਾਸਣ ਤੇ ਬਿਠਾਇਆ ਲੰਬੇ ਪੈ ਕੇ ਗੁਰੂ ਜੀ ਅੱਗੇ ਬਾਰ ਬਾਰ ਡੰਡਉਤ ਕੀਤੀ। ਗੁਰੂ ਜੀ ਦੇ ਚਰਨਾ ਦਾ ਜੋੜਾ ਆਪਣੇ ਹੱਥ ਨਾਲ ਲਾਹ ਕੇ ਮੱਥੇ ਨੂੰ ਲਾਇਆ। ਫਿਰ ਹੱਥ ਜੋੜ ਕੇ ਅੱਗੇ ਖੜ੍ਹਾ ਹੋ ਗਿਆ। ਬਾਰ ਬਾਰ ਬਲਿਹਾਰ ਜਾਂਦਾ ਸੀ। ਹੇ ਗੁਰੂ ਜੀ ਤੁਸੀਂ ਤਿੰਨਾ ਲੋਕਾਂ ਦੇ ਮਾਲਕ ਹੋ। ਹੇ ਅੰਤਰਜਾਮੀ ਤੁਸੀਂ ਸਦਾ ਸਭ ਦੇ ਦਿਲਾਂ ਦੀਆਂ ਜਾਣਦੇ ਹੋ। ਕੌਣ ਮੇਰੇ ਗਰੀਬ ਦੇ ਘਰ ਚੱਲ ਕੇ ਆਉਂਦਾ ਹੈ। ਤੁਹਾਡਾ ਬਿਰਦ ਦਾਸਾਂ ਨੂੰ ਪਿਆਰ ਕਰਨ ਵਾਲਾ ਕਹਿੰਦੇ ਹਨ। ਦੀਨ ਬੰਧੂ ਤੁਹਾਡਾ ਨਾਮ ਹੈ। ਤੁਸੀਂ ਸਭ ਦੀ ਲਾਜ ਰੱਖਦੇ ਹੋ ਇਹ ਸਾਰੇ ਸੰਸਾਰ ਵਿਚ ਪਰਗਟ ਹੈ। ਤੁਹਾਡੇ ਬਗੈਰ ਹੋਰ ਅਜਿਹੇ ਗੁਣ ਹੋਰ ਕਿਸੇ ਵਿਚ ਨਹੀਂ ਹਨ।

ਸਸਰਾਮ ਸ਼ਹਿਰ ਦੇ ਸਾਰੇ ਸਿੱਖ ਸੁਣ ਸੁਣ ਕੇ ਭਾਰੀ ਖੁਸ਼ ਹੋਏ। ਜਿਹੜੀ–ਜਿਹੜੀ ਵਸਤੂ ਗੁਰੂ ਜੀ ਵਾਸਤੇ ਰੱਖੀ ਸੀ ਉਹ ਸਾਰੇ ਪ੍ਰੇਮ ਸਹਿਤ ਲੈ ਕੇ ਆਏ। ਅਨੇਕਾਂ ਉਪਹਾਰ ਹੱਥ ਵਿਚ ਧਰ ਕੇ ਆਏ ਤੇ ਦਰਸ਼ਨ ਕਰਕੇ ਸੀਸ ਟਿਕਾਏ। ਮਾਤਾ ਨਾਨਕੀ ਜੀ ਨੇ ਨੁਖਾਂ ਸਮੇਤ ਆ ਕੇ ਉਸੇ ਘਰ ਵਿਚ ਵਾਸਾ ਕੀਤਾ। ਬਾਕੀ ਸਭ ਦਾ ਡੇਰਾ ਬਾਹਰ ਲਾ ਦਿੱਤਾ। ਲੰਗਰ ਵਾਸਤੇ ਸ੍ਰੇਸ਼ਟ ਅਨਾਜ ਬਹੁਤ ਲੈ ਕੇ ਆਏ। ਉਹ ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦੇ ਹਨ। ਦੁੱਧ ਘਿਉ ਦੀ ਬਹੁਤ ਪ੍ਰਕਾਰ ਦੀ ਮਠਿਆਈ ਤਿਆਰ ਕੀਤੀ ਪ੍ਰੇਮ ਸਹਿਤ ਗੁਰੂ ਜੀ ਨੂੰ ਛਕਾਉਂਦੇ ਹਨ। ਫੇਰ ਸਤਿਗੁਰੂ ਜੀ ਨੇ ਚਾਚਾ ਫੱਗੋ ਨੂੰ ਬੁਲਾ ਕੇ ਹੱਸ ਕੇ ਕਿਹਾ ਸਿੱਖਾਂ ਦੇ ਘਰਾਂ ਤੋਂ ਕਾਰ ਭੇਟਾ ਲੈ ਕੇ ਤੁਸੀ ਇੱਕ ਥਾਂ ਇਕੱਠੀ ਕਰਦੇ ਹੋ ਉਹ ਹੁਣ ਆ ਕੇ ਅਰਪਣ ਕਰੋ। ਅਸੀਂ ਹੁਣ ਅੱਗੇ ਜਾਣਾ ਚਾਹੁੰਦੇ ਹਾਂ। ਹੱਥ ਜੋੜ ਕੇ ਚਾਚਾ ਫੱਗੋ ਨੇ ਸਾਰੀ ਗੱਲ ਸੁਣਾਈ ਜੋ ਕਾਰ ਭੇਟ ਮੈਂ ਪਹਿਲਾਂ ਇਕੱਠੀ ਕੀਤੀ ਸੀ ਉਹ ਮੈਂ ਸਾਰੀ ਗਿਣ ਗਿਣ ਕੇ ਪੈਸੇ ਪੈਸੇ ਤੱਕ ਬਹੁਤ ਵਾਰੀ ਹੁੰਡੀ ਬਣਾ ਕੇ ਆਪ ਜੀ ਦੇ ਪਾਸ ਪਹੁਚਾਉਂਦਾ ਰਿਹਾ ਹਾਂ। ਆਪ ਜੀ ਪਾਸੋਂ ਕੋਈ ਵੀ ਗੱਲ ਗੁੱਝੀ ਨਹੀਂ ਹੈ। ਬਾਕੀ ਜਿੰਨਾ ਧਨ ਇਕੱਠਾ ਕੀਤਾ ਹੈ ਉਹ ਸਾਰਾ ਆਪ ਜੀ ਨੂੰ ਦੇਣਾ ਚਾਹੁੰਦਾ ਹਾਂ। ਇਸ ਤਰ੍ਹਾਂ ਕਹਿ ਕੇ ਜੋ ਧਨ ਸਿੱਖਾਂ ਪਾਸੋਂ ਇਕੱਠਾ ਕੀਤਾ ਹੋਇਆ ਸੀ ਉਹ ਲਿਆ ਕੇ ਗੁਰੂ ਜੀ ਅੱਗੇ ਰੱਖ ਦਿੱਤਾ। ਇਹ ਵੇਖ ਕੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ ਜੋ ਬਾਕੀ ਰਹਿੰਦਾ ਹੈ ਉਹ ਵੀ ਲਿਆਉ। ਸਾਡੇ ਵਾਸਤੇ ਜੋ ਕੁਝ ਵੀ ਕਿਸੇ ਨੇ ਦਿੱਤਾ ਹੈ ਉਹ ਲਿਆ ਕੇ ਹੁਣ ਸਾਨੂੰ ਦੇ ਦੇਵੋ। ਇਹ ਸੁਣ ਕੇ ਚਾਚਾ ਫੱਗੋ ਆਪਣੇ ਮਨ ਵਿਚ ਬਹੁਤ ਹੈਰਾਨ ਹੋਇਆ। ਸੋਚਣ ਲੱਗਿਆ ਸਤਿਗੁਰੂ ਜੀ ਅੰਤਰਜਾਮੀ ਹਨ ਮੇਰੇ ਕੋਲ ਕੁਝ ਵੀ ਬਕਾਇਆ ਨਹੀਂ ਹੈ। ਸਤਿਗੁਰੂ ਜੀ ਨੇ ਇਹ ਕੀ ਬਚਨ ਕੀਤਾ ਹੈ। ਇਹ ਕਿਵੇਂ ਮੰਗਦੇ ਹਨ। ਹਿਰਦੇ ਵਿਚ ਕੀ ਜਾਣਿਆ ਹੈ ਝੂਠੇ ਬਚਨ ਤਾਂ ਕਦੀ ਵੀ ਕਹਿ ਨਹੀਂ ਸਕਦੇ। ਮੇਰੇ ਕੋਲ ਕੁਝ ਬਕਾਇਆ ਨਹੀਂ ਰਿਹਾ ਇਹ ਵੀ ਗੱਲ ਸੱਚੀ ਹੈ। ਚਿਤ ਵਿਚ ਬੀਤੇ ਹੋਏ

ਸਮੇਂ ਬਾਰੇ ਵਿਚਾਰ ਕਰ ਰਿਹਾ ਸੀ। ਇੱਕ ਸਿੱਖਣੀ ਦਾ ਕੌਤਕ ਯਾਦ ਕੀਤਾ ਹੇ ਪ੍ਰਭੂ ਸੁਣੋ ਜੋ ਮੈਂ ਨਹੀਂ ਦਿੱਤਾ ਹੈ ਆਪ ਯਾਦ ਕਰਵਾ ਕੇ ਜਿਸ ਨੂੰ ਲੈਣਾ ਚਾਹੁੰਦੇ ਹੋ ਇੱਕ ਦਿਨ ਮੈਂ ਇੱਕ ਗਰੀਬ ਸਿੱਖ ਦੇ ਘਰ ਗਿਆ। ਘਰ ਵਿਚ ਉਸ ਦੀ ਸਿੱਖਣੀ ਸੀ। ਉਸ ਨੂੰ ਮੈਂ ਕਿਹਾ ਗੁਰੂ ਜੀ ਦੀ ਕਾਰ ਭੇਟਾ ਦੇਵੋ ਜੋ ਤੁਸੀਂ ਘਰ ਵਿਚ ਰੱਖੀ ਹੈ। ਉਹ ਕਹਿਣ ਲੱਗੀ ਸਿੱਖ ਘਰ ਵਿਚ ਨਹੀਂ ਹੈ। ਕੁਝ ਦੇਣ ਵਾਸਤੇ ਮੇਰੇ ਕੋਲ ਨਹੀਂ ਹੈ ਕੀ ਕਰਾਂ। ਇਹ ਸੁਣ ਕੇ ਮੈਂ ਉਸ ਨੂੰ ਕਿਹਾ ਜੋ ਕੁਝ ਵੀ ਹੈ ਆਪਣੇ ਪਾਸੋਂ ਦੇ ਦੇਵੋ। ਜੋ ਵੀ ਦੇਵੋਂਗੇ ਉਹ ਮੈਂ ਲੈ ਜਾਵਾਂਗਾ ਤੇ ਸਤਿਗੁਰੂ ਜੀ ਪਾਸ ਪਹੁੰਚਾ ਦੇਵਾਂਗਾ। ਨਿਰਧਨ, ਗਰੀਬ ਸਿੱਖ ਦਾ ਘਰ ਸੀ। ਪਰਾਇਆ ਕੰਮ ਕਰਕੇ ਝੱਟ ਲੰਘਾਉਂਦਾ ਸੀ। ਮੇਰੇ ਬਚਨ ਸੁਣ ਕੇ ਉਹ ਗੁੱਸੇ ਵਿਚ ਆ ਗਈ। ਉਸ ਸਮੇਂ ਇਸ ਤਰ੍ਹਾਂ ਕਹਿਣ ਲੱਗੀ ਜੇ ਤੁਸੀਂ ਘਰੋਂ ਖਾਲੀ ਨਹੀਂ ਜਾਣਾ ਤਾਂ ਵੇਹੜੇ ਵਿਚ ਕੂੜਾ ਪਿਆ ਹੈ ਉਹ ਦੇ ਦਿੰਦੀ ਹਾਂ। ਮੈਂ ਬੇਨਤੀ ਕੀਤੀ ਜੇ ਤੇਰੇ ਹਿਰਦੇ ਵਿਚ ਇਹੋ ਭਾਵਨਾ ਹੈ ਤਾਂ ਇਹ ਹੀ ਦੇ ਦੇਵੋ। ਉਸ ਨੇ ਦਿਲ ਵਿਚ ਗੁੱਸਾ ਕਰਕੇ ਕੂੜੇ ਦਾ ਬੁੱਕ ਭਰਕੇ ਮੇਰੀ ਝੋਲੀ ਵਿਚ ਪਾ ਦਿੱਤਾ। ਉਹ ਕੂੜਾ ਮੈਂ ਉਸੇ ਰੀਤ ਨਾਲ ਆਪਣੇ ਘਰ ਲੈ ਆਇਆ। ਘਰ ਵਿਚ ਆ ਕੇ ਮੈਂ ਪੱਲੇ ਨੂੰ ਖੋਲਿਆ ਤੇ ਕੂੜੇ ਨੂੰ ਧਰਤੀ ਤੇ ਡੇਗਿਆ। ਉਸ ਵਿਚੋਂ ਇੱਕ ਬੇਰੀ ਦੇ ਫਲ ਦੀ ਗਿਟਕ ਮਿਲੀ। ਉਹ ਗਿਟਕ ਮੈਂ ਇਸ ਥਾਂ ਬੀਜ ਦਿੱਤੀ। ਉਸ ਤੋਂ ਇਹ ਬੇਰੀ ਦਾ ਬੂਟਾ ਉੱਗਿਆ ਜੋ ਆਪ ਜੀ ਨੇ ਦੇਖਿਆ ਹੈ। ਤੁਸੀਂ ਅੰਤਰਜਾਮੀ ਹੋ ਸਭ ਜਾਣ ਲਈ ਹੈ। ਕਾਰ ਭੇਟ ਆਪ ਦੀ ਇਹੋ ਨਿਸ਼ਾਨੀ ਹੈ ਇਹ ਲੈ ਲਵੋ ਤੇ ਸਿੱਖ ਦੀ ਸਹਾਇਤਾ ਕਰੋ। ਗੁਰੂ ਦੀ ਅੰਸ ਇਹ ਬੇਰੀ ਦਾ ਬੂਟਾ ਉਪਜਿਆ ਹੈ। ਇਹ ਕਥਾ ਸੁਣ ਕੇ ਸਾਰੀ ਸੰਗਤ ਅਤੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤਾ ਹੇ ਸਿੱਖ ਤੂੰ ਇਸ ਧਰਤੀ ਤੇ ਧੰਨ ਹੈਂ। ਗੁਰਮੁਖ ਪਰਸਵਾਰਥ ਕਰਦੇ ਹਨ ਤੇ ਹਿਰਦੇ ਵਿਚ ਲੋਭ ਹੰਕਾਰ ਧਾਰਨ ਨਹੀਂ ਕਰਦੇ। ਹੇ ਫੱਗੋ ਤੁਸੀਂ ਸਿੱਖੀ ਨੂੰ ਸੰਭਾਲਣ ਵਾਲੇ ਖੰਭਿਆਂ ਦੇ ਖੰਭੇ ਹੋ। ਤੁਸੀਂ ਭਵਸਾਗਰ ਨੂੰ ਪਾਰ ਕਰ ਗਏ ਹੋ ਤੇ ਹੋਰ ਅਨੇਕਾਂ ਦਾ ਉਧਾਰ ਵੀ ਕਰੋਗੇ। ਅਸੀਂ ਤੇਰੀ ਗਤੀ ਪ੍ਰਗਟ ਕਰਨੀ ਚਾਹੁੰਦੇ ਸੀ। ਬਹੁਤ ਸਿੱਖਾਂ ਦੇ ਸਮੂਹ ਵਿਚ ਇਹ ਕਥਾ ਸੁਣਾਈ ਹੈ। ਜਿਹੜੇ ਆਪਣੇ ਅਨੇਕਾਂ ਗੁਣ ਤੇ ਪਰਾਏ ਦੇ ਦੋਸ਼ ਸੰਤੋਖ ਸਹਿਤ ਛੁਪਾਉਣਾ ਚਾਹੁੰਦੇ ਹਨ ਉਹ ਸਿੱਖ ਹੀ ਮੈਨੂੰ ਭਲੀ ਪਰਕਾਰ ਪਿਆਰੇ ਹਨ ਤੇ ਹਰ ਸਾਹ ਵਿਚ ਉਹ ਮੇਰਾ ਸਿਮਰਨ ਕਰਦੇ ਹਨ। ਹੇ ਭਾਈ ਫੱਗੋ ਤੂੰ ਗੁਰਮੁਖ ਸਿੱਖ ਹੈਂ ਭਵਿੱਖ ਵਿਚ ਜਿਹੜੇ ਸਿੱਖ ਤੇਰੀ ਕਥਾ ਸੁਣਨਗੇ ਉਨ੍ਹਾਂ ਨੂੰ ਸਿੱਖੀ ਪ੍ਰਾਪਤ ਹੋਵੇਗੀ। ਕਾਮ ਕ੍ਰੋਧ ਹੰਕਾਰ ਆਦਿ ਕੁਝ ਵੀ ਨਹੀਂ ਰਹੇਗਾ।

ਰਾਤ ਦਾ ਪ੍ਰਸ਼ਾਦਾ ਸਾਰੀਆਂ ਸੰਗਤਾਂ ਨੇ ਛਕਿਆ,ਵਿਸ਼ਰਾਮ ਕੀਤਾ। ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਸਤਿਗੁਰਾਂ ਨੇ ਇਸ਼ਨਾਨ ਪਾਣੀ ਕਰਕੇ ਸਿੱਖਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸਤਿਗੁਰਾਂ ਨੇ ਕੀਰਤਨ ਸੁਣਿਆ ਤੇ ਸਮਾਪਤੀ

ਉਪਰੰਤ ਕੜਾਹ ਪ੍ਰਸ਼ਾਦਿ ਵਰਤਿਆ ਤੇ ਹਜੂਰ ਨੇ ਅੱਗੇ ਚਾਲੇ ਪਾ ਦਿੱਤੇ।

## ਭਾਈ ਦੇਸੂ ਦੇ ਅੰਤ ਬਾਰੇ

ਭਿੱਖੀ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਈ ਦਿਨ ਰਹੇ। ਇਸ ਪਿੰਡ ਵਿਚ ਚਾਹਲਾਂ ਦੇ ਕਾਫੀ ਪਰਿਵਾਰ ਸਨ। ਦੋ ਦਿਨ ਬੀਤ ਗਏ ਦੇਸ ਰਾਜ ਚਾਹਲ ਦਰਸ਼ਨ ਕਰਨ ਨਹੀਂ ਆਇਆ। ਉਹ ਜਿਮੀਦਾਰ ਸਰਵਰ ਨੂੰ ਮੰਨਦਾ ਸੀ। ਰੋਟ ਪਕਾਉਂਦਾ ਸੀ ਤੇ ਦੁਆ ਕਰਕੇ ਭਿਰਾਈ ਖਾਂਦੇ ਸਨ। ਇਨ੍ਹਾਂ ਨੇ ਤੁਰਕਾਂ ਦੀ ਰੀਤ ਨੂੰ ਧਾਰਨ ਕੀਤਾ ਹੋਇਆ ਸੀ। ਉਹ ਗੁੱਗਾ, ਪੀਰਾਂ ਅਤੇ ਸੁਲਤਾਨ ਨੂੰ ਮੰਨਦਾ ਸੀ। ਭਿੱਖੀ ਵਿਚ ਗੁਰੂ ਦੇ ਸਿੱਖ ਵੀ ਰਹਿੰਦੇ ਸਨ। ਉਹ ਦੇਸ ਰਾਜ ਚਾਹਲ ਨੂੰ ਸਮਝਾਉਂਦੇ ਸਨ। ਉਨ੍ਹਾਂ ਦੇ ਕਹਿਣ ਤੇ ਸਮਝ ਗਿਆ ਤੇ ਤੀਸਰੇ ਦਿਨ ਦਰਸ਼ਨ ਕਰਨ ਆਇਆ। ਗੁਰੂ ਜੀ ਦੇ ਚਰਨਾ ਤੇ ਸੀਸ ਰੱਖਿਆ। ਗੁਰੂ ਜੀ ਨੇ ਬਚਨ ਕੀਤਾ ਆਵੋ ਦੇਸ ਰਾਜ ਬਣ ਕੇ ਬੈਠੋ। ਜੇਕਰ ਸ਼ਰਧਾ ਹੈ ਤਾਂ ਆਪਣੇ ਘਰ ਵਿਚ ਬੈਠੋ। ਜੇਕਰ ਗੁਰਸਿੱਖੀ ਸਿਦਕ ਦੀ ਕਮਾਈ ਕਰੋ ਤਾਂ ਸਾਰੇ ਦੇਸ ਤੇ ਰਾਜ ਕਰੋ। ਇਹ ਖੁੰਡੀ ਕਿਵੇਂ ਰੱਖੀ ਹੈ। ਇਹਦੇ ਕੀ ਗੁਣ ਹਨ ਸੁਣਾਵੋ। ਇਹ ਬਚਨ ਸੁਣ ਕੇ ਦੇਸੂ ਨੇ ਸਾਰੀ ਗੱਲ ਸੁਣਾਈ। ਇਹ ਮੈਂ ਸਰਵਰ ਦੀ ਖੁੰਡੀ ਰੱਖੀ ਹੈ ਜੋ ਸਾਡੀ ਰੱਖਿਆ ਕਰਦੀ ਹੈ, ਹਜਾਰਾਂ ਗਾਈਆਂ ਮੱਝਾਂ ਦਿੰਦੀ ਹੈ, ਦੁੱਧ ਪੁੱਤ ਦਿੰਦੀ ਹੈ, ਸਾਰਾ ਦੇਸ ਇਸ ਦੀ ਮੰਨਤਾ ਕਰਦਾ ਹੈ, ਧਰਤੀ ਤੇ ਰੋਟ ਤਿਆਰ ਕਰਕੇ ਮੰਨਤਾ ਕਰਦੇ ਹਨ। ਸਤਿਗੁਰਾਂ ਨੇ ਆਖਿਆ ਤੂੰ ਸਤਿਨਾਮ ਨੂੰ ਵਿਸਾਰ ਕੇ ਆਪਣਾ ਪਰਲੋਕ ਕਿਉਂ ਵਿਗਾੜ ਰਿਹਾ ਹੈਂ। ਜਦੋਂ ਅੰਤ ਦਾ ਸਮਾਂ ਆਵੇਗਾ ਤੈਨੂੰ ਜਮਾਂ ਤੋਂ ਕੌਣ ਛੁਡਾਵੇਗਾ। ਨਾਮ ਤੋਂ ਬਗੈਰ ਕੋਈ ਨਹੀਂ ਛੁਡਾ ਸਕਦਾ। ਸਤਿਗੁਰਾਂ ਦੇ ਬਚਨ ਸੁਣ ਕੇ ਚਰਨਾ ਤੇ ਨਮਸਕਾਰ ਕੀਤੀ। ਸਤਿਗੁਰਾਂ ਨੇ ਪੰਜ ਤੀਰਾਂ ਦੇ ਨਾਲ ਪੰਜ ਬੀਰ ਬਖਸ਼ੇ। ਇਹ ਤੇਰਾ ਹਰ ਕੰਮ ਸਵਾਰਨਗੇ ਅਤੇ ਤੇਰੀ ਰੱਖਿਆ ਕਰਨਗੇ। ਜਦੋਂ ਦੇਸ ਰਾਜ ਸਿੱਖ ਬਣਕੇ ਘਰ ਗਿਆ ਤਾਂ ਇਸ ਦੀ ਪਤਨੀ ਬੀਬੀ ਧਾਏ ਨੂੰ ਬਹੁਤ ਚਿੰਤਾ ਹੋ ਗਈ ਕਿ ਮੇਰਾ ਪਤੀ ਸਰਵਰੀਏ ਤੋਂ ਬੇਮੁੱਖ ਹੋ ਗਿਆ ਹੈ ਕਿਉਂਕਿ ਉਸ ਨੇ ਗਲੇ ਵਿਚੋਂ ਖੁੰਡੀ ਲਾਹ ਦਿੱਤੀ ਸੀ। ਘਰਵਾਲੀ ਨੇ ਦੇਸ ਰਾਜ ਤੇ ਬਹੁਤ ਜੋਰ ਪਾਇਆ। ਦੋ ਦਿਨ ਤਾਂ ਅੜਿਆ ਰਿਹਾ ਤੀਜਾ ਦਿਨ ਘਰ ਵਾਲੀ ਦੇ ਆਖੇ ਲੱਗ ਕੇ ਗਲ ਵਿਚ ਖੁੰਡੀ ਪਾ ਲਈ। ਸਖੀ ਸਰਵਰ ਦੀ ਦਰਗਾਹ ਤੇ ਰੋਟ ਬਣਾ ਕੇ ਵੰਡ ਆਇਆ। ਘਰ ਵਾਲੀ ਨੇ ਪੰਜ ਤੀਰ ਤੋੜ ਦਿੱਤੇ। ਇਹ ਸਾਰਾ ਕੁਝ ਅੰਤਰਜਾਮੀ ਗੁਰਾਂ ਨੇ ਜਾਣ ਲਿਆ। ਉਸ ਸਮੇਂ ਸਤਿਗੁਰੂ ਜੀ ਮੌੜ ਪਿੰਡ ਠਹਿਰੇ ਹੋਏ ਸਨ। ਸੰਗਤ ਵਿਚ ਗੁਰੂ ਜੀ ਨੇ ਬਚਨ ਕੀਤੇ ਮੂਰਖ ਦੇਸੂ ਨੇ ਗਜਬ ਕਰ ਦਿੱਤਾ। ਅਸੀਂ ਪੰਜ ਤੀਰਾਂ ਵਿਚ ਪੰਜ ਬੀਰ ਬਖਸ਼ੇ ਸਨ ਉਹ ਪੰਜ ਬੀਰ ਸਾਡੇ ਕੋਲ ਵਾਪਸ ਆ ਗਏ ਹਨ। ਸੰਗਤ ਵਿਚ ਦੇਸੂ ਦਾ ਸੰਬੰਧੀ

ਸੀ ਉਹ ਹੱਥ ਜੋੜ ਕੇ ਗੁਰੂ ਜੀ ਦੇ ਕੋਲ ਖੜ੍ਹਾ ਹੋ ਗਿਆ ਤੇ ਕਹਿਣ ਲੱਗਿਆ ਹੇ ਗੁਰੂ ਜੀ ਖਿਮਾ ਕਰੋ ਅਸੀਂ ਦੇਸੂ ਨੂੰ ਸਮਝਾ ਕੇ ਆਪ ਜੀ ਦੀ ਸ਼ਰਨ ਵਿਚ ਲੈ ਆਵਾਂਗੇ। ਇਹ ਭਿੱਖੀ ਪਿੰਡ ਜਾ ਕੇ ਦੇਸੂ ਨੂੰ ਮਿਲੇ ਅਤੇ ਦੱਸਿਆ ਕਿ ਤੂੰ ਗੁਰੂ ਜੀ ਦੇ ਤੀਰ ਕਿਉਂ ਤੁੜਵਾ ਦਿੱਤੇ ਹਨ। ਇਹ ਸੁਣ ਕੇ ਦੇਸੂ ਮੁੱਕਰ ਗਿਆ। ਗੁਰੂ ਜੀ ਪਾਸ ਕਿਸੇ ਨੇ ਝੂਠ ਬੋਲਿਆ ਹੈ। ਅਸੀਂ ਤੀਰ ਨਹੀਂ ਤੋੜੇ, ਅਸੀਂ ਸਿੱਖੀ ਧਾਰਨ ਕੀਤੀ ਹੋਈ ਹੈ। ਇਹ ਸੁਣ ਕੇ ਪੰਚਾਇਤ ਗੁਰੂ ਜੀ ਪਾਸ ਵਾਪਸ ਆ ਗਈ ਅਤੇ ਬੇਨਤੀ ਕੀਤੀ ਕਿ ਉਸ ਨੇ ਸਿੱਖੀ ਧਾਰਨ ਕੀਤੀ ਹੋਈ ਹੈ। ਇਹ ਸੁਣ ਕੇ ਗੁਰੂ ਜੀ ਨੇ ਆਖਿਆ ਕਿ ਉਹ ਇਸਤਰੀ ਦੇ ਆਖੇ ਲੱਗ ਕੇ ਝੂਠ ਬੋਲਦਾ ਹੈ। ਗੁਰੂ ਜੀ ਦੇ ਬਚਨ ਸੁਣ ਕੇ ਪੰਚਾਇਤ ਦੂਜੀ ਵਾਰੀ ਫੇਰ ਦੇਸੂ ਕੋਲ ਆਈ। ਘਰ ਵਾਲੀ ਨੇ ਦੇਸੂ ਨੂੰ ਬਹੁਤ ਝਿੜਕਿਆ। ਘਰ ਤੋਂ ਬਾਹਰ ਨਾ ਨਿੱਕਲਣ ਦਿੱਤਾ। ਦੇਸੂ ਅੰਦਰ ਹੀ ਮਰ ਗਿਆ। ਉਸ ਦੀ ਗੱਦੀ ਤੇ ਉਸ ਦੇ ਪੁੱਤਰ ਗੈਂਡੇ ਨੂੰ ਬਿਠਾਇਆ। ਗੈਂਡੇ ਦੇ ਮਾਮੇ ਦੀ ਕਿਸੇ ਨਾਲ ਲੜਾਈ ਹੋ ਗਈ ਇਹ ਮਾਮੇ ਕੋਲ ਗਿਆ ਹੋਇਆ ਸੀ ਤੇ ਉਨ੍ਹਾਂ ਨੇ ਇਸ ਨੂੰ ਮਾਰ ਦਿੱਤਾ। ਦੇਸੂ ਦੇ ਪੋਤਰੇ ਨੂੰ ਸਰੀਕਾਂ ਨੇ ਜਹਿਰ ਦੇ ਕੇ ਮਾਰ ਦਿੱਤਾ। ਇਸ ਤਰ੍ਹਾਂ ਦੇਸੂ ਦੇ ਖਾਨਦਾਨ ਦਾ ਬੁਰੀ ਤਰ੍ਹਾਂ ਅੰਤ ਹੋ ਗਿਆ।

## ਭਾਈ ਮਤੀਦਾਸ ਜੀ ਦਾ ਆਰੇ ਨਾਲ ਚੀਰੇ ਜਾਣਾ

*ਸਿਖ ਕੋਟਨ ਕੀ ਕੈਦ ਕੋ ਇਕ ਬਚ ਕਰੇ ਖਲਾਸ॥*
*ਸੋ ਤੁਰਕੇਸ਼ਰ ਕੈਦ ਮਹਿਂ ਪਰਖਹੁ ਗੁਰੂ ਬਿਲਾਸ॥*

ਜਿਨ੍ਹਾਂ ਦਾ ਇੱਕ ਬਚਨ ਕਰੋੜਾਂ ਸਿੱਖਾਂ ਨੂੰ ਕੈਦ ਵਿੱਚੋਂ ਛੁਡਾ ਦੇਵੇ ਉਹ ਗੁਰੂ ਜੀ ਤੁਰਕ ਬਾਦਸ਼ਾਹ ਕੈਦ ਵਿੱਚ ਪਏ ਹਨ ਉਸ ਗੁਰੂ ਜੀ ਦਾ ਕੈਦ ਵਿੱਚ ਆਉਣਾ ਇਹ ਗੁਰਾਂ ਦਾ ਕੌਤਕ ਪਛਾਣੋ। ਜਿਸ ਮੂਰਖ ਨੌਰੰਗੇ ਨੂੰ ਅਕਲ ਨਹੀਂ ਉਸ ਨੇ ਇੱਕ ਦਿਨ ਗੁਰੂ ਜੀ ਦਾ ਬਿਰਤਾਂਤ ਚਿਤਵਿਆ। ਉਹ ਹੁਣ ਅਸਾਨੀ ਨਾਲ ਸ਼ਰ੍ਹਾ ਵਿੱਚ ਆ ਜਾਣਗੇ ਜਾਂ ਵੱਡੀ ਕਰਾਮਾਤ ਕਰਕੇ ਵਿਖਾਉਣਗੇ। ਇੱਕ ਮੁਲਾਣੇ ਨੂੰ ਆਪਣੇ ਪਾਸ ਬੁਲਾਇਆ ਅਤੇ ਆਪਣੇ ਆਸੇ ਨੂੰ ਉਸ ਦੇ ਪਾਸ ਉਚਾਰਨ ਕੀਤਾ। ਹਿੰਦੂਆਂ ਦਾ ਗੁਰੂ ਕੈਦ ਵਿੱਚ ਹੈ ਉਸ ਨੂੰ ਇਸ ਤਰ੍ਹਾਂ ਕਹਿ ਕੇ ਸਮਝਾਓ। ਆਪਣੀ ਕਰਾਮਾਤ ਦਿਖਾਓ ਨਹੀਂ ਤਾਂ ਮੁਸਲਿਮ ਸ਼ਰ੍ਹਾ ਵਿੱਚ ਆ ਜਾਓ। ਜਿਸ ਥਾਂ ਗੁਰੂ ਜੀ ਕੈਦ ਵਿੱਚ ਬੰਦ ਸਨ ਉਸ ਥਾਂ ਮੁਲਾਣਾ ਆਇਆ ਅਤੇ ਬਾਦਸ਼ਾਹ ਦੀ ਕਹੀ ਹੋਈ ਸਾਰੀ ਗੱਲ ਕਹੀ। ਆਪ ਹਿੰਦੂਆਂ ਦੇ ਗੁਰੂ ਹੋ। ਲੱਖਾਂ ਸਿੱਖ ਤੁਹਾਨੂੰ ਮੰਨਦੇ ਹਨ। ਕਰਾਮਾਤ ਕਰਕੇ ਗੁਰੂ ਅਖਵਾਉਂਦੇ ਹੋ। ਉਹ ਕਰਾਮਾਤ ਤੁਸੀਂ ਬਾਦਸ਼ਾਹ ਨੂੰ ਵਖਾਓ ਤਾਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦਾ ਰੂਪ ਸਮਝ ਕੇ ਆਦਰ ਦੇਣਗੇ। ਤੁਹਾਡੇ ਅੱਗੇ ਝੁਕਣਗੇ। ਦੋਨਾਂ ਵਿੱਚੋਂ ਇੱਕ ਨੂੰ ਮੰਨ ਲਵੋ ਤਾਂ ਤੁਹਾਡੀ ਮੁਸ਼ਕਿਲ ਆਸਾਨ ਹੋ ਜਾਵੇਗੀ।

ਮੁਲਾਣੇ ਪਾਸੋਂ ਅਜਿਹੀਆਂ ਸ਼ਰਤਾਂ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੱਸ ਪਏ। ਤੁਹਾਨੂੰ ਖੁਦਾ ਨੇ ਬਾਦਸ਼ਾਹੀ ਇਨਸਾਫ ਦੇਣ ਵਾਸਤੇ ਦਿੱਤੀ ਹੈ। ਇਸ ਦੇ ਇਵਜ ਵਿੱਚ ਖੁਦਾ ਪਾਸੋਂ ਮਿਹਰ ਪਾਵੋਂਗੇ। ਜੇ ਬੇਇਨਸਾਫੀ ਕਰੋਗੇ ਤਾਂ ਸਾਰਾ ਕੁਝ ਗੁਆ ਕੇ ਪਛਤਾਵੋਂਗੇ। ਕਰਾਮਾਤ ਕਹਿਰ ਦਾ ਨਾਮ ਹੈ। ਸੰਤ ਲੋਕ ਨਹੀਂ ਕਰਦੇ। ਅਸੀਂ ਤਾਂ ਇਹ ਦੋਵੇਂ ਗੱਲਾਂ ਨਹੀਂ ਮੰਨਾਂਗੇ। ਬਾਦਸ਼ਾਹ ਜਿਵੇਂ ਠੀਕ ਸਮਝੇ ਕਰ ਲਵੇ।

ਭਾਈ ਮਤੀਦਾਸ ਜੀ ਗੁਰੂ ਜੀ ਦੇ ਨਿੱਜੀ ਦਿਵਾਨ ਨੇ ਜਦੋਂ ਸਤਿਗੁਰਾਂ ਦੇ ਨਿਮਰਤਾ ਭਰੇ ਬਚਨ ਸੁਣੇ ਉਹ ਬਰਦਾਸ਼ਤ ਨਾ ਹੋਏ। ਗੁਰੂ ਜੀ ਦੀ ਸੇਵਾ ਕਰਨ ਦੇ ਤਪ ਨਾਲ ਉਸ ਵਿੱਚ ਬੜੀ ਸ਼ਕਤੀ ਆ ਗਈ। ਭਾਈ ਮਤੀਦਾਸ ਨੇ ਬੇਨਤੀ ਕੀਤੀ ਹੇ ਗੁਰੂ ਜੀ ਤੁਸੀਂ ਇੱਕ ਸ਼ਕਤੀਹੀਣ ਵਾਂਗ ਕਿਵੇਂ ਬੋਲਦੇ ਹੋ। ਆਪ ਜੀ ਵਿੱਚ ਉੱਤਮ ਜੋਤ ਪ੍ਰਕਾਸ਼ ਕਰ ਰਹੀ ਹੈ। ਅੱਠ ਗੁਰੂ ਸਾਹਿਬਾਨ ਦਾ ਸ੍ਰੇਸ਼ਟ ਜਸ ਹੈ ਉਸ ਨੂੰ ਛੋਟਾ ਕਿਉਂ ਕਰ ਦਿੱਤਾ। ਇਹ ਮੂਰਖ ਨਿਰਬਲ ਸਮਝਣਗੇ ਤੇ ਜਗ ਵਿੱਚ ਬਦਨਾਮੀ ਹੋਵੇਗੀ। ਬਾਦਸ਼ਾਹ ਸੰਤਾਂ ਦਾ ਦੋਖੀ ਹੈ। ਇਸ ਨੂੰ ਕੋਈ ਮੂੰਹ ਭੰਨਣ ਵਾਲਾ ਵਿਅਕਤੀ ਨਹੀਂ ਮਿਲਿਆ। ਜੇ ਹੁਣ ਆਗਿਆ ਦੇਵੋਂ ਤਾਂ ਇਸ ਨੂੰ ਸਬਕ ਸਿਖਾਵਾਂ। ਆਪਣੇ ਪਿਆਰੇ ਸਿੱਖ ਮਤੀਦਾਸ ਦੀ ਅਜਿਹੀ ਗੱਲ ਸੁਣ ਕੇ ਗੁਰੂ ਜੀ ਨੇ ਵਿਚਾਰ ਕੀਤੀ ਇਸ ਨੇ ਜਿਹੜੀ ਸ਼ਕਤੀ ਧਾਰਨ ਕੀਤੀ ਹੈ ਉਹ ਇਸ ਪਾਸੋਂ ਜਰੀ ਨਹੀਂ ਜਾਂਦੀ। ਇਹ ਸਾਡੇ ਆਸੇ ਨੂੰ ਨਹੀਂ ਸਮਝਦਾ। ਬ੍ਰਹਮਗਿਆਨ ਵਿੱਚ ਇਹ ਹੁਣ ਤੱਕ ਕੱਚਾ ਹੈ। ਇਸ ਦੇ ਅੰਦਰ ਹੰਕਾਰ ਰੂਪੀ ਚੋਰ ਬੈਠਾ ਹੈ ਜੋ ਭਗਤੀ ਦਾ ਧੰਨ ਲੁੱਟਣਾ ਚਾਹੁੰਦਾ ਹੈ। ਇਸ ਵਿੱਚੋਂ ਹੁਣ ਹੰਕਾਰ ਵਾਲੀ ਸ਼ਕਤੀ ਖਿੱਚ ਲੈਣੀ ਚਾਹੀਦੀ ਹੈ। ਸਤਿਗੁਰਾਂ ਨੇ ਮਤੀਦਾਸ ਨੂੰ ਬੁਲਾਇਆ ਤੇ ਕਿਹਾ ਤੂੰ ਮੇਰਾ ਬਹੁਤ ਪਿਆਰਾ ਮਿੱਤਰ ਹੈਂ। ਜਿਸ ਪ੍ਰਕਾਰ ਤੂੰ ਇਹ ਗੱਲ ਕੀਤੀ ਹੈ ਤੂੰ ਕਰ ਸਕਦਾ ਹੈਂ ਇਸ ਵਿੱਚ ਕੋਈ ਝੂਠ ਨਹੀਂ। ਮੈਂ ਪ੍ਰਸੰਨ ਹੋਇਆ ਹਾਂ। ਤੂੰ ਨਿੱਜੀ ਹਿੱਤ ਵੇਖਿਆ ਹੈ ਹੁਣ ਸਾਡੀ ਇੱਛਾ ਸੁਣੋ ਤੇ ਕਰਤਾਰ ਅੱਗੇ ਨਮਸਕਾਰ ਕਰੋ। ਮਤੀਦਾਸ ਨੇ ਸੁਣ ਕੇ ਸਤਿਗੁਰਾਂ ਦੇ ਚਰਨਾਂ ਤੇ ਬੰਦਨਾਂ ਕੀਤੀ। ਸਤਿਗੁਰੂ ਜੀ ਨੇ ਉਹ ਸਾਰੀ ਸ਼ਕਤੀ ਖਿੱਚ ਲਾਈ। ਫਿਰ ਸਤਿਗੁਰਾਂ ਨੇ ਹੱਸ ਕੇ ਕਿਹਾ ਹੁਣ ਤੁਸੀਂ ਕਰੋ ਜਿਵੇਂ ਤੁਹਾਡਾ ਚਿੱਤ ਚਾਹੁੰਦਾ ਹੈ। ਮਤੀਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਹੁਣ ਮੇਰੇ ਕੋਲ ਮੇਰਾ ਕੁਝ ਨਹੀਂ ਜਿਵੇਂ ਆਪ ਚਾਹੁੰਦੇ ਹੋ ਉਸ ਤਰ੍ਹਾਂ ਕਰੋ। ਮੈਂ ਤੁਹਾਡੇ ਕੌਤਕ ਨੂੰ ਨਹੀਂ ਸਮਝਿਆ ਸੀ। ਆਪ ਜੀ ਦਾ ਅਨਾਦਰ ਵੇਖ ਕੇ ਦੁਖ ਮੰਨਿਆ ਸੀ। ਲੋਕ ਸਾਨੂੰ ਸ਼ਕਤੀਹੀਣ ਸਮਝ ਕੇਨਿੰਦਣਗੇ। ਇਹ ਗਤੀ ਮੇਰੇ ਪਾਸੋਂ ਜਰੀ ਨਹੀਂ ਗਈ ਸੀ। ਗੁਰੂ ਜੀ ਸੁਣ ਕੇ ਮੁਸਕਰਾਏ ਤੇ ਬਚਨ ਕੀਤਾ ਹੇ ਮਤੀਦਾਸ ਤੂੰ ਮੇਰਾ ਬਹੁਤ ਪਿਆਰਾ ਸਿੱਖ ਹੈਂ ਮੇਰੇ ਬਗੈਰ ਇਹ ਭੇਦ ਹੋਰ ਕੋਈ ਨਹੀਂ ਜਾਣਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਦਾਨ ਦਿੱਤਾ ਸੀ ਉਹ

ਮੋੜਿਆ ਨਹੀਂ ਜਾ ਸਕਦਾ। ਇਸ ਕਰਕੇ ਅਸੀਂ ਹੁਣ ਸਿਰ ਦੇਵਾਂਗੇ ਅਤੇ ਝੂਠੇ ਕਰਾਂਗੇ। ਇਸ ਤਰ੍ਹਾਂ ਸਮਝੋ ਹਿਰਦੇ ਵਿੱਚ ਅਨੰਦ ਧਾਰੋ। ਗੁੱਸਾ, ਪਛਤਾਵਾ ਅਤੇ ਫਿਕਰ ਨਾ ਕਰੋ। ਭਾਈ ਮਤੀਦਾਸ ਨੇਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਉਸ ਦਾ ਹਿਰਦਾ ਅਨੰਦ ਨਾਲ ਭਰ ਗਿਆ। ਮੁਲਾਣੇ ਨੇ ਇਹ ਸਾਰੀਆਂ ਗੱਲਾਂ ਸੁਣ ਲਈਆਂ ਅਤੇ ਨੌਰੰਗੇ ਕੋਲ ਜਾ ਕੇ ਦੱਸੀਆਂ। ਨੌਰੰਗਾ ਸੁਣ ਕੇ ਸੜ ਬਲ ਗਿਆ। ਬੜਾ ਕ੍ਰੋਧ ਭਰ ਕੇ ਬੋਲਿਆ ਕਿ ਮਤੀਦਾਸ ਨੂੰ ਬੁਲਾਓ ਦੋ ਤਖਤਿਆਂ ਵਿੱਚ ਬੰਨ੍ਹੋ ਅਤੇ ਜਲਾਦ ਨੂੰ ਹੁਕਮ ਸੁਣਾਇਆ ਇਸ ਨੂੰ ਆਰੇ ਨਾਲ ਚੀਰ ਦਿਓ। ਵੇਖਦੇ ਹਾਂ ਕਿ ਇਸ ਕੋਲ ਕਿੰਨਾ ਕੁ ਅਨੰਦ ਹੈ।ਬਾਦਸ਼ਾਹ ਦੇ ਹੁਕਮਾਂ ਅਨੁਸਾਰ ਮਤੀਦਾਸ ਨੂੰ ਆਰੇ ਨਾਲ ਦੋ ਫਾੜ ਕਰ ਦਿੱਤਾ ਗਿਆ। ਸਰੀਰ ਦੇ ਦੋਨਾਂ ਫਾੜਾਂ ਵਿੱਚੋਂ ਜਪੁ ਜੀ ਸਾਹਿਬ ਦਾ ਪਾਠ ਸਾਰੇ ਅਹਿਲਕਾਰ ਸੁਣ ਕੇ ਬੜੇ ਹੈਰਾਨ ਹੋਏ। ਔਰੰਗਜੇਬ ਕੁਝ ਬੋਲ ਨਾ ਸਕਿਆ। ਅੰਦਰੋਂ ਅੰਦਰ ਸੋਚਦਾ ਹੋਵੇਗਾ ਕਿ ਕੈਸਾ ਅਨੰਦ ਹੈ। ਮਤੀਦਾਸ ਨੇ ਜਪੁ ਜੀ ਸਾਹਿਬ ਸੰਪੂਰਨ ਕਰਕੇ ਸਰੀਰ ਨੂੰ ਸ਼ਾਂਤ ਕੀਤਾ। ਜਿਸ ਨੇ ਗੁਰੂ ਜੀ ਦੇ ਅਸਚਰਜ ਕੌਤਕ ਨੂੰ ਜਾਣਿਆ ਗੁਰੂ ਜੀ ਮਹਾਂਗੰਭੀਰ ਧਰਤੀ ਨੂੰ ਵੀ ਧੀਰਜ ਦੇਣ ਵਾਲੇ ਹਨ। ਸਤਿਗੁਰਾਂ ਜੀ ਦੀ ਕਰਨੀ ਨੂੰ ਕੋਈ ਸਮਝ ਨਹੀਂ ਸਕਦਾ।

## ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ

ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਅਮ੍ਰਿਤਸਰ ਸਾਹਿਬ ਵਿਖੇ ਗੁਰੂ ਕੇ ਮਹਿਲਾਂ ਵਿੱਚ ਵੈਸਾਖ ਵਦੀ ਪੰਚਮੀ ਬਿਕ੍ਰਮੀ ੧੬੭੮ ਨੂੰ ਅਵਤਾਰ ਧਾਰਿਆ।ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜਮੱਲ ਜੀ, ਬਾਬਾ ਅਣੀਰਾਇ ਜੀ,ਬਾਬਾ ਅਟੱਲਰਾਇ ਜੀ,ਸ੍ਰੀ ਗੁਰੁ ਤੇਗ ਬਹਾਦੁਰ ਸਾਹਿਬ ਜੀ ਹੋਏ ਅਤੇ ਇੱਕ ਪੁੱਤਰੀ ਬੀਬੀ ਵੀਰੋ ਜੀ ਹੋਏ। ਆਪ ਜੀ ਦੀ ਸ਼ਾਦੀ ਮਾਤਾ ਗੁਜਰੀ ਜੀ ਨਾਲ ੯ ਫਗਣ ਬਿਕ੍ਰਮੀ ੧੬੮੯ ਨੂੰ ਹੋਈ। ਮਾਤਾ ਗੁਜਰੀ ਜੀ ਦੇ ਪਿਤਾ ਲਾਲ ਚੰਦ ਅਤੇ ਮਾਤਾ ਬਿਸ਼ਨ ਕੌਰ ਜੀ, ਭਰਾ ਸ਼੍ਰੀ ਕ੍ਰਿਪਾਲ ਚੰਦ ਜੀ ਹੋਏ। ਆਪ ਜੀ ਦਾ ਪੇਕਾ ਪਰਿਵਾਰ ਪਹਿਲਾਂ ਲਖਨੌਰ ਸਾਹਿਬ ਜਿਲ੍ਹਾ ਅੰਬਾਲਾ ਦੇ ਨਿਵਾਸੀ ਸਨ। ਬਾਅਦ ਵਿੱਚ ਕਰਤਾਰਪੁਰ ਜਿਲ੍ਹਾ ਜਲੰਧਰ ਵਿਖੇ ਅਬਾਦ ਹੋ ਗਏ। ਬਾਬਾ ਬਕਾਲਾ ਜਿਥੇ ਆਪ ਜੀ ਦਾ ਨਾਨਕਾ ਪਰਿਵਾਰ ਰਹਿੰਦਾ ਸੀ ਉਥੇ ਲਗਤਾਰ ਭੋਰੇ ਵਿੱਚ ਬੈਠ ਕੇ ਤਕਰੀਬਨ ੨੬ ਸਾਲ ਤਪਸਿਆ ਕੀਤੀ। ਜਿਸ ਵੇਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਵਿਖੇ ਸਚਖੰਡ ਜਾਣ ਦੀ ਤਿਆਰੀ ਕੀਤੀ ਤਾਂ ਹੁਕਮ ਕੀਤਾ "ਬਾਬਾ ਬਸਹਿ ਗ੍ਰਾਮ ਬਕਾਲੇ, ਬਨਿ ਗੁਰ, ਸੰਗਤਿ ਸਕਲ ਸਮਾਲੇ।" ਇਨ੍ਹਾਂ ਹੁਕਮਾਂ ਅਨੁਸਾਰ ਮੱਖਣ ਸ਼ਾਹ ਲੁਬਾਣੇ ਨੇ "ਗੁਰੂ

ਲਾਧੋ ਰੇ" ਕਹਿ ਕੇ ਆਪ ਜੀ ਨੂੰ ਪ੍ਰਗਟ ਕੀਤਾ। ਆਪ ਜੀ ਚੇਤ ਸੁਦੀ ਚੌਦਾਂ ਬਿਕ੍ਰਮੀ ੧੭੨੧ ਨੂੰ ਗੁਰਤਾਗੱਦੀ ਤੇ ਬਿਰਾਜਮਾਨ ਹੋਏ। ਗੁਰਤਾ ਗੱਦੀ ਤੇ ਬਿਰਾਜਮਾਨ ਹੋ ਕੇ ਬਕਾਲਾ ਛੱਡ ਕੇ ਮਾਖੋਵਾਲ ਪਿੰਡ ਦੀ ਜਮੀਨ ਖਰੀਦ ਕੇ ਚੱਕ ਨਾਨਕੀ ਨਗਰ ਵਸਾਇਆ।ਬਾਅਦ ਵਿੱਚ ਅਨੰਦਪੁਰ ਸਾਹਿਬ ਕਰਕੇ ਪ੍ਰਸਿੱਧ ਹੋਇਆ। ਅਨੰਦਪੁਰ ਸਾਹਿਬ ਨੌਵੇਂ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਕਸ਼ਮੀਰ ਦੇ ਪੰਡਿਤਾਂ ਨੇ ਬੇਨਤੀ ਕੀਤੀ ਕਿ ਔਰੰਗਜੇਬ ਵਲੋਂ ਸਾਡੇ ਤੇ ਬਹੁਤ ਜੁਲਮ ਕਰਵਾਏ ਜਾ ਰਹੇ ਹਨ। ਸਾਡੀਆਂ ਜਾਇਦਾਦਾਂ ਖੋਹੀਆਂ ਜਾ ਰਹੀਆਂ ਹਨ। ਸਾਡਾ ਧਰਮ ਸੰਕਟ ਵਿੱਚ ਹੈ, ਸਾਡੇ ਤਿਲਕ ਜਨੇਊ ਲਾਹੇ ਜਾ ਰਹੇ ਹਨ, ਮੰਦਰ ਢਾਹ ਕੇ ਮਸੀਤਾਂ ਬਣਾਈਆਂ ਜਾ ਰਹੀਆਂ ਹਨ। ਸਾਡੀ ਰਖਿਆ ਕਰੋ। ਉਸ ਵੇਲੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਬਚਨ ਕੀਤਾ ਕਿ ਜਾਓ ਔਰੰਗਜੇਬ ਨੂੰ ਕਹਿ ਦਿਓ ਕਿ ਸਾਡੇ ਗੁਰੂ ਹੁਣ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਹਨ, ਜੇਕਰ ਉਹ ਇਸਲਾਮ ਵਿੱਚ ਆ ਗਏ ਤਾਂ ਅਸੀਂ ਵੀ ਸਾਰੇ ਇਸਲਾਮ ਵਿੱਚ ਆ ਜਾਵਾਂਗੇ। ਨੌਵੇਂ ਪਾਤਿਸ਼ਾਹ ਧਰਮ ਦੀ ਚਾਦਰ ਸਤਿਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਜਦੋਂ ਹਿੰਦੂਆਂ ਦੇ ਤਿਲਕ, ਜਨੇਊ ਤੇ ਸਮੁੱਚੀ ਮਾਨਵਤਾ ਦੇ ਮੁੱਢਲੇ ਹੱਕਾਂ ਦੀ ਰਖਿਆ ਵਾਸਤੇ ਚਾਂਦਨੀ ਚੌਂਕ ਦਿੱਲੀ ਵਿਖੇ ਲਾਸਾਨੀ ਕੁਰਬਾਨੀ ਦਿਤੀ ਤਾਂ ਉਸ ਵਕਤ ਸਿੱਖਾਂ ਦੇ 1400 ਘਰ ਦਿੱਲੀ ਵਿੱਚ ਸਨ। ਭਾਈ ਜੈਤਾ ਜੀ ਪਵਿੱਤਰ ਸੀਸ ਲੈਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਦਸਮ ਪਿਤਾ ਨੇ ਭਾਈ ਰੰਘਰੇਟਾ ਗੁਰੂ ਕਾ ਬੇਟਾ ਕਹਿ ਕੇ ਜੈਤੇ ਨੂੰ ਸੀਨੇ ਨਾਲ ਲਾਇਆ ਅਤੇ ਸੀਸ ਦਾ ਸਸਕਾਰ ਕਰਨ ਉਪਰੰਤ ਦਸਮ ਪਾਤਿਸ਼ਾਹ ਜੀ ਨੇ ਦਿਲੀਓਂ ਆਏ ਸਿੱਖਾਂ ਨੂੰ ਪੁੱਛਿਆ ਕਿ ਭਾਈ! ਧੜ ਦਾ ਕੀ ਬਣਿਆ ਤਾਂ ਸਿੱਖਾਂ ਨੇ ਦੱਸਿਆ ਕਿ ਮਹਾਰਾਜ ਦਿੱਲੀ ਵਿੱਚ ਸਿੱਖ ਬਹੁਤ ਸਨ ਪਰ ਔਰੰਗਜੇਬ ਤੋਂ ਡਰਦੇ ਕਿਸੇ ਨੇ ਵੀ ਉੱਚੀ ਬਾਂਹ ਕਰਕੇ ਨਹੀਂ ਕਿਹਾ ਕਿ ਮੈਂ ਗੁਰੂ ਦਾ ਸਿੱਖ ਹਾਂ ਅਤੇ ਨਾ ਹੀ ਨੌਵੇਂ ਪਾਤਿਸ਼ਾਹ ਜੀ ਦੇ ਧੜ ਦਾ ਸਸਕਾਰ ਕਰਨ ਦਾ ਹੌਂਸਲਾ ਕੀਤਾ। ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਬੀਰ ਰਸ ਵਿੱਚ ਕਿਹਾ ਅਜਿਹਾ ਖਾਲਸਾ ਰਚਾਂਗੇ ਜੋ ਲੱਖਾਂ ਅਤੇ ਕਰੋੜਾਂ ਵਿੱਚ ਛੁਪ ਨਹੀਂ ਸਕੇਗਾ।

# ਪਾਤਿਸ਼ਾਹੀ ਦਸਵੀਂ

## ਅੰਮ੍ਰਿਤ ਦੀ ਮਹਾਨਤਾ

ਜਦੋਂ ਭਾਈ ਜੈਤਾ ਨੌਵੇਂ ਪਾਤਿਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਸੀਸ ਦਿਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਇਆ ਸੀ ਤਾਂ ਹਜੂਰ ਨੇ ਭਾਈ ਜੈਤਾ ਜੀ ਨੂੰ ਸੀਨੇ ਨਾਲ ਲਾ ਕੇ ਜੋ ਪ੍ਰਣ ਕੀਤਾ ਸੀ ਉਸ ਪ੍ਰਣ ਨੂੰ ਪੂਰਾ ਕਰਨ ਵਾਸਤੇ ਪਹਿਲੇ ਪਾਤਿਸ਼ਾਹ ਤੋਂ ਚਲੀ ਆ ਰਹੀ ਚਰਨ ਪਹੁਲ ਦੀ ਮਰਿਯਾਦਾ ਨੂੰ

੧੬੯੯ ਦੀ ਵਿਸਾਖੀ ਨੂੰ ਤਖਤ ਸ੍ਰੀ ਕੇਸਗੜ੍ਹ ਵਾਲੇ ਅਸਥਾਨ ਤੇ ਲੱਖਾਂ ਦਾ ਇਕੱਠ ਕਰਕੇ ਖੰਡੇ ਦੀ ਪਹੁਲ ਵਿੱਚ ਬਦਲਿਆ। ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੇ ਸੀਸ ਕਟ ਕੇ ਆਤਮਿਕ ਸ਼ਕਤੀ ਨਾਲ ਮੁੜ ਸੁਰਜੀਤ ਕੀਤੇ।

ਪੰਜ ਬਾਣੀਆਂ, ਜਪੁਜੀ ਸਾਹਿਬ, ਜਾਪ ਸਾਹਿਬ, ਤ੍ਵਪ੍ਰਸਾਦਿ ਸ੍ਵਯੇ, ਚੌਪਈ ਸਾਹਿਬ ਤੇ ਅਨੰਦ ਸਾਹਿਬ ਪੜ੍ਹ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਨੂੰ ਛਕਾਇਆ। ਦਸਮ ਪਾਤਿਸ਼ਾਹ ਜੀ ਨੇ ਰਹਿਤਾਂ ਅਤੇ ਕੁਰਹਿਤਾਂ ਦਸ ਕੇ ਸਾਵਧਾਨ ਕਰ ਦਿੱਤਾ। ਉਸ ਵੇਲੇ ਆਪ ਜੀ ਨੇ ਵੀ ਉਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਨਾਲ ਹੀ ਸਾਰੀ ਸੰਗਤ ਨੂੰ ਅੰਮ੍ਰਿਤ ਛਕਣ ਦੀ ਆਗਿਆ ਕੀਤੀ।

ਪੰਜਾਂ ਦੇ ਸੀਸ ਕਟ ਕੇ ਮੁੜ ਸੁਰਜੀਤ ਕੀਤੇ ਅਤੇ ਉਨ੍ਹਾਂ ਪੰਜਾਂ ਪਾਸੋਂ ਆਪ ਅੰਮ੍ਰਿਤ ਛਕਿਆ ਇਨ੍ਹਾਂ ਸਾਰੀਆਂ ਮਹਾਨ ਘਟਨਾਵਾਂ ਨਾਲ ਸਾਰੇ ਇਲਾਕਿਆਂ ਵਿੱਚ ਗੁਰੂ ਸਾਹਿਬ ਦੀ ਸਮਰਥਾ ਅਤੇ ਦਿਆਲਤਾ ਦਾ ਬਹੁਤ ਪ੍ਰਚਾਰ ਹੋਇਆ। ਇਸ ਪ੍ਰਚਾਰ ਦਾ ਸਦਕਾ ਸਾਰੇ ਇਲਾਕਿਆਂ ਵਿਚੋਂ ਐਸੇ ਮਹਾਨ ਗੁਰੂ ਦੇ ਦਰਸ਼ਨ ਕਰਨ ਵਾਸਤੇ ਬੇਅੰਤ ਸੰਗਤਾਂ ਨੇ ਵਹੀਰਾਂ ਘੱਤ ਲਈਆਂ। ਬਹੁਤ ਦੂਰ ਦੂਰ ਤੋਂ ਸੰਗਤਾਂ ਅਨੰਦਪੁਰ ਸਾਹਿਬ ਵਿਖੇ ਪਹੁੰਚ ਗਈਆਂ। ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦੀ ਭੀੜ ਹਮੇਸ਼ਾ ਰਹਿਣ ਲਗ ਪਈ।

ਦਸਵੇਂ ਪਾਤਿਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਨੂੰ ਤਾਰ ਰਹੇ ਸਨ। ਬੇਅੰਤ ਸੰਗਤਾਂ ਦੂਰ ਦਰੇਢਿਆਂ ਤੋਂ ਚਲਕੇ ਕਲਗੀਧਰ ਦੇ ਦਰਸ਼ਨਾਂ ਦਾ ਅਨੰਦ ਪ੍ਰਾਪਤ ਕਰਦੀਆਂ। ਕਲਿਜੁਗ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦਾ ਵਾਸਤੇ ਮ੍ਰਿਤੂ ਤੋਂ ਰਹਿਤ ਕਰਨ ਵਾਲਾ ਖੰਡੇ ਬਾਟੇ ਦਾ ਅੰਮ੍ਰਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਖਸ਼ਿਆ ਜਿਸ ਦੇ ਛਕਣ ਨਾਲ ਪਿਛਲੇ ਔਗਣ, ਪਾਪ, ਕੁਰੀਤੀਆਂ ਦਾ ਨਾਸ ਹੋ ਕੇ ਚੁਰਾਸੀ ਦਾ ਗੇੜਾ ਕਟਿਆ ਜਾਂਦਾ ਹੈ। ਜਾਤ ਪਾਤ ਗੋਤ ਆਦਿ ਮਿਟ ਜਾਂਦੇ ਹਨ ਤੇ ਗੁਰੂ ਘਰ ਵਿੱਚ ਜਨਮ ਹੁੰਦਾ ਹੈ। ਰਹਿਤ ਰੱਖਣ ਕਰਕੇ ਸਚਖੰਡ ਦੀ ਪ੍ਰਾਪਤੀ ਹੁੰਦੀ ਹੈ। ਜਿਸ ਕਾਲ ਨੇ ਦੇਵਤਿਆਂ ਦੇ ਅਵਤਾਰ, ਪੈਗੰਬਰ, ਸਿਧ, ਜੋਗੀ, ਰਿਖੀ, ਮੁਨੀ, ਦੇਵੀ ਦੇਵਤੇ, ਪੀਰ, ਫਕੀਰ, ਰਾਵਣ ਤੇ ਹਰਨਾਖਸ਼ ਵਰਗੇ ਵਰ ਪ੍ਰਾਪਤ ਕਰਨ ਵਾਲਿਆਂ ਨੂੰ ਵੀ ਨਾਸ ਕਰ ਦਿੱਤਾ ਪਰ ਅੰਮ੍ਰਿਤ ਛੱਕਣ ਵਾਲਿਆਂ ਦਾ ਕਾਲ ਦਾ ਡਰ ਸਤਿਗੁਰਾਂ ਨੇ ਕਿਰਪਾ ਕਰਕੇ ਦੂਰ ਕਰ ਦਿੱਤਾ ਹੈ।

## ਦਮਦਮੀ ਟਕਸਾਲ ਦੀ ਰਚਨਾ ਦਾ ਕਾਰਨ

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਅਨੰਦਪੁਰ ਸਾਹਿਬ ਸੰਗਤਾਂ ਨੂੰ ਤਾਰ ਰਹੇ ਸਨ। ਉਸ ਵਕਤ ਇੱਕ ਪ੍ਰੇਮੀ ਸਿੰਘ ਹੋਲੇ ਮਹੱਲੇ ਵਾਲੇ

ਦਿਨ ਪਹਿਰ ਰਾਤ ਰਹਿੰਦੀ ਤੜਕੇ ਉੱਠ ਕੇ ਪੰਜ ਗ੍ਰੰਥੀ ਦਾ ਪਾਠ ਬੜੀ ਸ਼ਰਧਾ ਭਾਵਨਾ ਨਾਲ ਕਰ ਰਿਹਾ ਸੀ। ਜਦੋਂ ਉਹ ਦਖਣੀ ਓਅੰਕਾਰ ਦੀ ਬਾਣੀ ਦਾ ਪਾਠ ਕਰਨ ਲੱਗਾ, ਉਸ ਸਮੇਂ ਸਤਿਗੁਰੂ ਜੀ ਸ੍ਰੀ ਕੇਸਗੜ੍ਹ ਸਾਹਿਬ ਬੰਗਲੇ ਵਿਚ ਸਜੇ ਸਨ। ਉਨ੍ਹਾਂ ਨੂੰ ਪਾਠ ਸੁਣ ਰਿਹਾ ਸੀ, ਜਦੋਂ ਪੰਕਤੀ ਆਈ

***ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥ ਆਦਿ-੯੩੦***

ਤਾਂ ਸਿੰਘ "ਕੈ" ਦੀ ਥਾਂ "ਕੇ" ਜਾਣੈ ਗੁਰੁ ਸੂਰਾ ਪੜ੍ਹ ਗਿਆ। ਮਹਾਰਾਜ ਸਾਹਿਬ ਜੀ ਨੇ ਦੋ ਵਾਰੀ ਉੱਚੀ ਆਵਾਜ਼ ਵਿੱਚ ਕਿਹਾ ਭਾਈ ਸਿੰਘਾ ਗੁਰਬਾਣੀ ਦਾ ਸ਼ੁੱਧ ਪਾਠ ਕਰ। ਸਿੰਘ ਬਾਣੀ ਪੜ੍ਹਨ ਵਿਚ ਮਸਤ ਸੀ, ਸਤਿਗੁਰਾਂ ਦੀ ਆਵਾਜ਼ ਨਾ ਸੁਣੀ, ਉਸੇ ਤਰ੍ਹਾਂ ਹੀ ਪੜ੍ਹੀ ਗਿਆ। ਉਸ ਵੇਲੇ ਸਤਿਗੁਰੂ ਜੀ ਨੇ ਇਕ ਸਿੰਘ ਭੇਜ ਕੇ ਤਾੜਨਾ ਕਰਵਾਈ। ਉਸੇ ਦਿਨ ਸਵੇਰੇ ਉਸ ਸਿੰਘ ਨੇ ਦੀਵਾਨ ਵਿਚ ਆ ਕੇ ਬੇਨਤੀ ਕੀਤੀ ਜੀ ਆਪ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਰੂਪ ਬਾਣੀ ਪੜ੍ਹਦਿਆਂ ਸਿੰਘ ਨੇ ਮੇਰੇ ਥੱਪੜ ਮਾਰੇ ਹਨ ਤਾਂ ਸਾਡੀ ਕਲਿਆਣ ਕਿਵੇਂ ਹੋਵੇਗੀ। ਆਪ ਜੀ ਦੇ ਪਹਿਰੇਦਾਰ ਨੇ ਮਾਰ ਮਾਰੀ ਹੈ ਤਾਂ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਸਿੰਘਾ ਗੁਰਬਾਣੀ ਸਾਡੇ ਅੰਗ ਹਨ,ਤੂੰ ਗੁਰਬਾਣੀ ਗਲਤ ਪੜ੍ਹਦਾ ਸੀ। ਸਾਨੂੰ ਜੋ ਖੇਦ ਗੁਰਬਾਣੀ ਗਲਤ ਪੜ੍ਹਨ ਤੋਂ ਹੋਇਆ ਹੈ, ਤੈਨੂੰ ਚਪੇੜਾਂ ਨਾਲ ਨਹੀਂ ਹੋਇਆ। ਇਹ ਸੁਣ ਕੇ ਸਿੰਘ ਦੀ ਨਰਾਜ਼ਗੀ ਘਟੀ ਅਤੇ ਨਿਮਰਤਾ ਨਾਲ ਪੁੱਛਿਆ, ਸਤਿਗੁਰੂ ਜੀ, ਕਿਰਪਾ ਕਰਕੇ ਦੱਸੋ ਜਿਥੇ ਗਲਤ ਪੜ੍ਹਦਾ ਸੀ ਸੋ ਹੁਣ ਸੋਧ ਲਵਾਂ। 'ਦਖਣੀ ਓਅੰਕਾਰ' ਦੀ ਤੁਕ ਪੜ੍ਹ, ਕਰਤੇ ਕੀ ਮਿਤਿ ਕਰਤਾ ਜਾਣੈ "ਕੈ" ਜਾਣੈ ਗੁਰ ਸੂਰਾ॥ ਵਾਲੀ ਦੁਬਾਰਾ ਉਸ ਨੇ "ਕੈ" ਦੀ ਜਗ੍ਹਾ 'ਕੇ' ਹੀ ਪੜ੍ਹਿਆ ਤਾਂ ਹਜੂਰ ਨੇ ਕਿਹਾ ਇਹ ਅੱਖਰ ਨੂੰ ਗਲਤ ਪੜ੍ਹਿਆ ਹੈ। ਜਿਸ ਕਰਕੇ ਅਰਥ ਦਾ ਉਲਟਾ ਅਨਰਥ ਹੋ ਗਿਆ ਹੈ ਭਾਵ ਗਲਤ ਹੋ ਗਿਆ ਹੈ ਕਿਉਂਕਿ ਇਸ ਪੰਕਤੀ ਦਾ ਠੀਕ ਅਰਥ ਇਹ ਹੈ ਕਿ 'ਕਰਤੇ, ਵਾਹਿਗੁਰੂ ਦੀ ਮਰਿਯਾਦਾ ਨੂੰ ਕਰਤਾ ਆਪ ਜਾਣਦਾ ਹੈ ਜਾਂ ਗੁਰੂ ਸੂਰਮੇ ਜਾਣਦੇ ਹਨ। ਪਰ 'ਕੇ' ਦਾ ਅਰਥ ਹੈ ਕਿ ਸਤਿਗੁਰ ਸੂਰਮੇ ਕੀ ਜਾਣਦੇ ਹਨ? ਭਾਵ ਨਹੀਂ ਜਾਣਦੇ। ਇਉਂ ਉਲਟ ਅਰਥ ਬਣ ਗਿਆ ਹੈ। ਜੇ ਸਤਿਗੁਰ ਸੂਰਮੇ ਹੀ ਮਰਿਯਾਦਾ ਨੂੰ ਨਹੀਂ ਜਾਣਦੇ ਤਾਂ ਹੋਰ ਕੌਣ ਜਾਣੇਗਾ? ਤਾਂ ਫਿਰ ਸਤਿਗੁਰ ਜੀ ਹੋਰ ਦੁਨੀਆ ਨੂੰ ਉਪਦੇਸ਼ ਦੇ ਕੇ ਕਿਵੇਂ ਤਾਰਨਗੇ। ਦੁਨੀਆ ਨੂੰ ਸਮਝ ਕਿਵੇਂ ਪਵੇਗੀ। ਸਤਿਗੁਰ ਜੀ ਤਾਂ ਪ੍ਰਗਟ ਹੋਏ ਹੀ - ***ਐਸੇ ਗੁਰ ਕਉ ਬਲਿ ਬਲਿ ਜਾਈਐ ਆਪ ਮੁਕਤੁ ਮੋਹਿ ਤਾਰੈ॥੧॥ ਰਹਾਓ॥ {ਆਦਿ-੧੩੦੧}*** ਉਪਦੇਸ਼ ਦੇ ਕੇ, ਬ੍ਰਹਮ ਗਿਆਨ ਦੇ ਕੇ ਮੁਕਤ ਕਰਨ ਵਾਸਤੇ ਹਨ। ਸੋ ਹੇ ਖਾਲਸਾ ਜੀ! ਸਭ ਸਿੰਘ ਗੁਰਬਾਣੀ ਨੂੰ ਸੋਧ ਕੇ, ਵੀਚਾਰ ਕੇ ਤੇ ਚਿਤ ਟਿਕਾ ਕੇ ਪੜ੍ਹਿਆ ਕਰੋ। ਇਹ ਸੁਣ ਕੇ ਭਾਈ ਦਯਾ ਸਿੰਘ

ਜੀ ਆਦਿ, ਮੁੱਖੀ ਸਿੰਘਾਂ ਨੇ ਬੇਨਤੀ ਕੀਤੀ, 'ਹੇ ਗਰੀਬ ਨਿਵਾਜ ਜੀ' ਆਪ ਕਿਰਪਾ ਕਰਕੇ ਗੁਰਬਾਣੀ ਦੇ ਅਰਥ ਪੜ੍ਹਾਓ ਜੀ। ਅਰਥ ਬਿਨਾਂ ਗੁਰਬਾਣੀ ਦੀ ਸ਼ੁਧੀ-ਅਸ਼ੁਧੀ ਦਾ ਪਤਾ ਨਹੀਂ ਲਗਦਾ। ਤਾਂ ਹਜ਼ੂਰ ਨੇ ਫੁਰਮਾਇਆ, ਸਿੰਘੋ! ਸਾਡਾ ਇਕਰਾਰ ਰਿਹਾ, ਹੁਣ ਤਾਂ ਧਰਮ ਯੁੱਧ ਦਾ ਸਮਾਂ ਹੈ। ਜੰਗ ਤੋਂ ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।

ਜਦੋਂ ਕਲਗੀਧਰ ਪਿਤਾ ਜੀ, ਸਰਬੰਸ ਵਾਰ ਕੇ ਮੁਕਤਸਰ ਸਾਹਿਬ ਟੁੱਟੀ ਗੰਢ ਕੇ ਸਾਬੋ ਦੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ, ਹਜ਼ੂਰ ਜੋ ਆਪ ਜੀ ਨੇ ਬਾਣੀ ਦੇ ਅਰਥ ਪੜ੍ਹਾਉਣ ਦਾ ਇਕਰਾਰ ਕੀਤਾ ਸੀ ਸੋ ਕਿਰਪਾ ਕਰਕੇ ਪੂਰਾ ਕਰੋ ਜੀ। ਤਾਂ ਮਹਾਰਾਜ ਜੀ ਨੇ ਕਿਹਾ,"ਤੁਸੀਂ ਧੀਰਮਲ ਦੇ ਪਾਸ ਕਰਤਾਰਪੁਰ ਸਾਹਿਬ ਜਾਓ। ਪੰਜਵੇਂ ਪਾਤਿਸ਼ਾਹ ਜੀ ਨੇ ਜੋ ਗੁਰਬਾਣੀ ਦੀ ਬੀੜ ਰਚੀ ਹੈ, ਉਸ ਵਿਚ ਨੌਵੇਂ ਪਾਤਿਸ਼ਾਹ ਜੀ ਦੀ ਬਾਣੀ ਲਿਖਣ ਵਾਸਤੇ ਜਗ੍ਹਾ ਖਾਲੀ ਛੱਡੀ ਹੈ, ਉਹ ਸਰੂਪ ਲੈ ਆਵੋ, ਨਾਲੇ ਗੁਰਬਾਣੀ ਚੜ੍ਹਾ ਦਈਏ।"ਸਤਿਗੁਰਾਂ ਦਾ ਹੁਕਮ ਮੰਨ ਕੇ ਸ਼ਹੀਦ ਬਾਬਾ ਦੀਪ ਸਿੰਘ ਜੀ ੨੫ ਸਿੰਘਾਂ ਨੂੰ ਨਾਲ ਲੈ ਕੇ ਧੀਰਮਲ ਪਾਸ ਗਏ। ਧੀਰਮਲ ਨੂੰ ਬਾਬਾ ਦੀਪ ਸਿੰਘ ਜੀ ਨੇ ਬੇਨਤੀ ਕੀਤੀ ਕਿ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਵਿੱਤਰ ਸਰੂਪ ਮੰਗਵਾ ਰਹੇ ਹਨ। ਇਸ ਪਵਿੱਤਰ ਸਰੂਪ ਵਿੱਚ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰਨੀ ਹੈ। ਇਸ ਲਈ ਅਸੀਂ ਆਪ ਜੀ ਦੇ ਕੋਲ ਇਹ ਪਵਿੱਤਰ ਸਰੂਪ ਲੈਣ ਆਏ ਹਾਂ। ਬਾਬਾ ਜੀ ਦੀ ਬੇਨਤੀ ਨੂੰ ਸੁਣ ਕੇ ਧੀਰਮਲ ਨੇ ਉੱਤਰ ਦਿੱਤਾ,"ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤੀ ਹੈ, ਆਪ ਵੀ ਸਤਿਗੁਰੂ ਜੀ ਉਨ੍ਹਾਂ ਦੇ ਸਰੂਪ ਹੀ ਹਨ। ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ।"ਇਹ ਸੁਣ ਕੇ ਸਿੰਘਾਂ ਨੇ ਵਾਪਿਸ ਆ ਕੇ ਹਜ਼ੂਰ ਦੇ ਸਨਮੁਖ ਬੇਨਤੀ ਕੀਤੀ, ਮਹਾਰਾਜ ਜੀ ਧੀਰਮਲ ਤਾਂ ਇਸ ਪ੍ਰਕਾਰ ਕਹਿੰਦਾ ਹੈ।

ਧੀਰਮਲ ਦਾ ਜਵਾਬ ਸੁਣ ਕੇ ਹਜ਼ੂਰ ਆਪ, ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਆਪਣੀ ਪਵਿੱਤਰ ਰਸਨਾ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਕੰਠੋਂ ਉਚਾਰਨ ਲੱਗੇ। ਐਸੀ ਅਗੰਮੀ ਕਲਮ ਚੱਲੀ, ਕਿ ਜਪੁਜੀ ਸਾਹਿਬ, ਰਹਰਾਸਿ ਸਾਹਿਬ 'ਤੇ ਕੀਰਤਨ ਸੋਹਿਲਾ ਤੱਕ ਬਾਣੀ ਪਹਿਲੇ ਦਿਨ ਹੀ ਲਿਖੀ ਗਈ ਅਤੇ ਸ਼ਾਮ ਨੂੰ ਸਾਰੀ ਬਾਣੀ ਦੇ ਅਰਥ ਸੰਗਤਾਂ ਨੂੰ ਸੁਣਾਏ। ਸਤਿਗੁਰੂ ਸਾਹਿਬ ਜੀ ਨੇ ਲਿਖਾਰੀ ਭਾਈ ਮਨੀ ਸਿੰਘ ਜੀ ਨੂੰ ਕਿਹਾ, ਵੇਖਿਆ ਅਕਾਲ ਪੁਰਖ ਦਾ ਕੌਤਕ! ਭਾਈ ਮਨੀ ਸਿੰਘ ਜੀ ਨੇ ਬੇਨਤੀ ਕੀਤੀ, ਹਾਂ ਮਹਾਰਾਜ ਜੀ! ਆਪ ਜੀ ਹੀ ਬਾਣੀ ਲਿਖਵਾਣ ਵਾਲੇ ਹੋ ਤੇ ਇਹ ਆਪ ਜੀ ਦੇ ਹੀ ਕੌਤਕ ਹਨ। ਭਾਈ ਮਨੀ ਸਿੰਘ ਜੀ ਦੇ ਨਾਲ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਗਜ, ਕਲਮਾਂ ਅਤੇ ਸਿਆਹੀ ਦੀ ਤਿਆਰੀ ਦੀ ਸੇਵਾ ਕਰਿਆ ਕਰਦੇ ਸਨ। ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ ਪੜ੍ਹਾਈ ਅਤੇ ਅਰਥ

ਸ਼ੁਰੂ ਹੋਏ। ਹਜੂਰ ਅੰਮ੍ਰਿਤ ਵੇਲੇ ਜਿੰਨੀ ਬਾਣੀ ਲਿਖਵਾਇਆ ਕਰਦੇ, ਪਿਛਲੇ ਪਹਿਰ ਉਤਨੀ ਬਾਣੀ ਦੇ ਹੀ ੪੮ ਸਿੰਘਾਂ ਤੇ ਬੇਅੰਤ ਸੰਗਤਾਂ ਨੂੰ ਅਰਥ ਪੜ੍ਹਾਇਆ ਕਰਦੇ। ਇਸ ਤਰ੍ਹਾਂ ਨੌ ਮਹੀਨੇ ਨੌ ਦਿਨਾਂ ਵਿਚ ਸੰਮਤ ੧੭੬੨ ਕੱਤਕ ਸੁਦੀ ਪੂਰਨਮਾਸ਼ੀ ਤੋਂ ਅਰੰਭ ਕਰਕੇ ੧੭੬੩ ਬਿਕਰਮੀ ੨੩ ਸਾਵਣ ਤੱਕ ਅਰਥ ਪੜ੍ਹਾਏ ਅਤੇ ਸਾਰੀ ਗੁਰਬਾਣੀ 'ਨੌਵੇਂ' ਪਾਤਿਸ਼ਾਹ ਜੀ ਦੀ ਬਾਣੀ ਸਮੇਤ, "ੴ ਤੋਂ ਲੈਕੇ ਅਠਾਰਹ ਦਸ ਬੀਸ" ਤੱਕ ਸੰਪੂਰਨ ਕੀਤੀ। ਲਗ-ਮਾਤਰ ਤੱਕ ਦਾ ਵੀ ਫਰਕ ਸਤਿਗੁਰਾਂ ਨੇ ਨਹੀਂ ਪਾਇਆ। ਸਤਿਗੁਰਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਗੁਰਬਾਣੀ ਦੇ ਅਰਥ ਸਰਵਣ ਕਰਕੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਸਾਹਿਬ ਜੀ ਵਿਦੇਹ ਮੁਕਤ ਹੋ ਗਏ। ਇਹ ਵੇਖ ਕੇ ਸਤਿਗੁਰਾਂ ਨੇ ਪੁੱਛਿਆ ਕਿ ਕੀ ਗੱਲ ਹੈ? ਦੋਨਾਂ ਸਿੰਘਾਂ ਨੇ ਆਖਿਆ ਹੁਣ ਸਾਨੂੰ ਕੋਈ ਇੱਛਾ ਨਹੀਂ ਰਹੀ, ਅਨੰਦ ਹੀ ਅਨੰਦ ਹੈ। ਸਤਿਗੁਰਾਂ ਨੇ ਬਚਨ ਕੀਤਾ ਕਿ ਤੁਸਾਂ ਨੇ ਇਹ ਅਰਥ ਹੁਣ ਅੱਗੇ ਸਿੱਖ ਸੰਗਤਾਂ ਨੂੰ ਪੜ੍ਹਾਉਣੇ ਹਨ। ਭਾਈ ਮਨੀ ਸਿੰਘ ਜੀ ਨੂੰ ਹਜੂਰ ਨੇ ਬਚਨ ਕੀਤਾ ਕਿ ਜੇਕਰ ਤੁਹਾਡਾ ਬੰਦ ਬੰਦ ਵੀ ਕੱਟਿਆ ਜਾਵੇ ਤਾਂ ਤੁਹਾਡੇ ਅਨੰਦ ਵਿੱਚ ਕੋਈ ਫਰਕ ਨਹੀਂ ਪਵੇਗਾ। ਬਾਬਾ ਦੀਪ ਸਿੰਘ ਜੀ ਨੂੰ ਆਖਿਆ ਕਿ ਜੇਕਰ ਤੁਹਾਡਾ ਸੀਸ ਵੀ ਕਲਮ ਹੋ ਜਾਵੇ ਤੁਹਾਡੇ ਅਨੰਦ ਵਿੱਚ ਵੀ ਕੋਈ ਫਰਕ ਨਹੀਂ ਪਵੇਗਾ। ਤੁਸਾਂ ਇਹ ਸੇਵਾ ਅੱਗੇ ਨਿਭਾਉਣੀ ਹੈ। ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਸਿੰਘਾਂ ਨੂੰ ਅਰਥ ਪੜ੍ਹਾਉਣ ਦੀ ਸੇਵਾ ਸੰਭਾਲ ਲਈ। ਭਾਈ ਮਨੀ ਸਿੰਘ ਜੀ ਨੇ ਇਹ ਸੇਵਾ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਕੇ ਸੰਭਾਲ ਲਈ। ਇਸ ਤਰ੍ਹਾਂ ਖਾਲਸਾ ਪੰਥ ਅੰਦਰ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਦੋ ਟਕਸਾਲਾਂ ਸੀਨਾ ਬਸੀਨਾ ਚੱਲੀਆਂ ਆ ਰਹੀਆਂ ਹਨ। ਬਾਬਾ ਦੀਪ ਸਿੰਘ ਜੀ ਨੇ ਇੱਥੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਜੋ ਚੌਹਾਂ ਤਖਤਾਂ ਤੇ ਬਿਰਾਜਮਾਨ ਕਰਵਾਏ ਗਏ। ਇਹ ਅਸਥਾਨ ਹੁਣ ਖਾਲਸਾ ਪੰਥ ਦਾ ਚੌਥਾ ਤਖਤ ਹੈ ਜਿਸ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਆਖਦੇ ਹਾਂ। ਜੋ ਅਰਥ ਕਲਗੀਧਰ ਪਿਤਾ ਜੀ ਨੇ ਸਿੱਖ ਸੰਗਤਾਂ ਅਤੇ ਸਿੰਘਾਂ ਨੂੰ ਪੜ੍ਹਾਏ ਉਹ ਅਰਥ ਸੀਨਾ ਬਸੀਨਾ ਦਮਦਮੀ ਟਕਸਾਲ ਦੇ ਮੁਖੀਆਂ ਰਾਹੀਂ ਅੱਜ ਵੀ ਸਿੱਖ ਸੰਗਤਾਂ ਨੂੰ ਪੜ੍ਹਾਏ ਜਾਂਦੇ ਹਨ।

## ਭਾਈ ਜੋਗਾ ਸਿੰਘ ਦੀ ਰੱਖਿਆ

ਭਾਈ ਜੋਗਾ ਸਿੰਘ ਜੋ ਪਿਸ਼ਾਵਰ ਦੇਸ ਦਾ ਰਹਿਣ ਵਾਲਾ ਸੀ ਅਤੇ ਗੁਰੂ ਜੀ ਦੇ ਪਾਸ ਰਹਿ ਕੇ ਬਹੁਤ ਸੇਵਾ ਕਰਦਾ ਸੀ। ਸਿਦਕ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ ਤੇ ਸਤਿਗੁਰੂ ਜੀ ਨੂੰ ਬਹੁਤ ਪ੍ਰਸੰਨ ਕਰਦਾ ਸੀ। ਜਦੋਂ ਕਈ ਸਾਲ ਬੀਤ ਗਏ ਤਾਂ ਉਸ ਦੇ ਮਾਤਾ ਪਿਤਾ ਸ੍ਰੀ ਅਨੰਦਪੁਰ ਸਾਹਿਬ ਆਏ ਸਤਿਗੁਰਾਂ ਦੇ ਦਰਸ਼ਨ

ਕਰ ਕੇ ਭੇਟਾ ਅਰਪਣ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ, ਜੋਗਾ ਸਿੰਘ ਦਾ ਹੁਣ ਵਿਆਹ ਧਰਿਆ ਹੈ ਬਹੁਤ ਲੰਮਾ ਸਮਾਂ ਆਪ ਜੀ ਪਾਸ ਰਿਹਾ ਹੈ। ਆਗਿਆ ਦਿਓ ਕਿ ਇਹ ਵਿਆਹ ਕਰਵਾ ਲਵੇ। ਕੁਝ ਸਮਾਂ ਘਰ ਰਹੇ ਫੇਰ ਇਧਰ ਆ ਜਾਵੇ। ਗੁਰੂ ਜੀ ਨੇ ਸੁਣ ਕੇ ਸਿੱਖ ਨੂੰ ਕਿਹਾ ਜੋਗਾ ਸਿੰਘ ਤੇਰੀ ਕੀ ਇੱਛਾ ਹੈ। ਅੱਗੋਂ ਜੋਗਾ ਸਿੰਘ ਨੇ ਹੱਥ ਜੋੜ ਕੇ ਕਿਹਾ ਕਿ ਮੈਂ ਆਪ ਜੀ ਦੀ ਆਗਿਆ ਅਨੁਸਾਰ ਰਹਿਣ ਦਾ ਪ੍ਰਣ ਕੀਤਾ ਹੈ। ਜਿਵੇਂ ਤੁਸੀਂ ਮੈਨੂੰ ਆਗਿਆ ਕਰਦੇ ਹੋ ਉਸੇ ਤਰ੍ਹਾਂ ਹੀ ਮੈਂ ਕਰਦਾ ਹਾਂ। ਮੈਂ ਹੋਰ ਕਿਸੇ ਦੀ ਗੱਲ ਧਾਰਨ ਨਹੀਂ ਕਰਦਾ। ਕਿਰਪਾ ਦੇ ਸਾਗਰ ਗੁਰੂ ਜੀ ਨੇ ਬਚਨ ਕੀਤਾ ਹੁਣ ਤੁਸੀਂ ਆਪਣੇ ਘਰ ਜਾਓ ਅਤੇ ਵਿਆਹ ਕਰਵਾ ਲਵੋ। ਸਾਡੀ ਆਗਿਆ ਧਾਰਨ ਕਰ ਕੇ ਪਹੁੰਚੋ। ਗੁਰੂ ਜੀ ਦੇ ਬਚਨ ਮੰਨ ਕੇ ਆਪਣੇ ਮਾਤਾ ਪਿਤਾ ਦੇ ਨਾਲ ਚਲਾ ਗਿਆ। ਉਸ ਸਮੇਂ ਉਸ ਦੀ ਭਰ ਜਵਾਨੀ ਦੀ ਉਮਰ ਸੀ। ਉਸ ਦਾ ਤੁਰੰਤ ਵਿਆਹ ਰੱਖ ਦਿਤਾ। ਜੋਗਾ ਸਿੰਘ ਮਨ ਵਿਚ ਸੋਚਣ ਲੱਗਿਆ ਕਿ ਰਾਤ ਨੂੰ ਆਪਣੀ ਪਤਨੀ ਨੂੰ ਮਿਲਾਂਗਾ। ਸਤਿਗੁਰੂ ਜੀ ਨੇ ਇਕ ਸੇਵਕ ਨੂੰ ਉਸ ਦੇ ਪਿਛੇ ਭੇਜਿਆ ਤੇ ਉਸ ਨੂੰ ਬਚਨ ਕੀਤੇ ਕਿ ਜਦੋਂ ਜੋਗਾ ਸਿੰਘ ਦੇ ਵਿਆਹ ਦੀਆਂ ਤਿੰਨ ਪ੍ਰਕਰਮਾ ਹੋ ਜਾਣ ਤਾਂ ਮੇਰਾ ਹੁਕਮ ਉਸ ਦੇ ਅੱਗੇ ਕਰ ਦੇਣਾ। ਉਹ ਵੀ ਉਨ੍ਹਾਂ ਨਾਲ ਉਥੋਂ ਚਲਾ ਗਿਆ। ਜਦੋਂ ਅੰਮ੍ਰਿਤ ਵੇਲਾ ਹੋਇਆ ਤਦ ਜੋਗਾ ਸਿੰਘ ਨੇ ਵਿਆਹ ਦੀਆਂ ਤਿੰਨ ਪ੍ਰਕਰਮਾ ਕੀਤੀਆਂ, ਚੌਥੀ ਪ੍ਰਕਰਮਾ ਕਰਨ ਸਮੇਂ ਉਸ ਸੇਵਕ ਨੇ ਗੁਰੂ ਜੀ ਦਾ ਹੁਕਮ ਭਾਈ ਜੋਗਾ ਸਿੰਘ ਨੂੰ ਵਿਖਾ ਦਿਤਾ। ਸਤਿਗੁਰੂ ਜੀ ਨੇ ਉਸ ਚਿੱਠੀ ਵਿਚ ਲਿਖਿਆ ਸੀ ਕਿ ਜਦ ਤੂੰ ਸਾਡਾ ਹੁਕਮ ਦੇਖੇਂ ਰਾਤ ਹੋਵੇ ਜਾਂ ਦਿਨ ਉਸੇ ਵੇਲੇ ਇਧਰ ਚਲ ਪਵੋ। ਹੋਰ ਕਿਸੇ ਕਾਰਜ ਵਾਸਤੇ ਪੈਰ ਨਾ ਉਠਾਵੋ। ਵੇਖਦਿਆਂ ਹੀ ਸਭ ਕੁਝ ਛੱਡ ਕੇ ਇਧਰ ਆ ਜਾਵੋ। ਉਸ ਸਮੇਂ ਹੁਕਮ ਪੜ੍ਹ ਕੇ ਭਾਈ ਜੋਗਾ ਸਿੰਘ ਨੇ ਚੌਥੀ ਪ੍ਰਕਰਮਾ ਕਰਨ ਤੋਂ ਜਵਾਬ ਦੇ ਦਿੱਤਾ। ਪਿਤਾ ਅਤੇ ਲੋਕਾਂ ਨੂੰ ਆਖਿਆ ਕਿ ਮੇਰੇ ਪਾਸੋਂ ਗੁਰੂ ਜੀ ਦਾ ਹੁਕਮ ਟਾਲਿਆ ਨਹੀਂ ਜਾ ਸਕਦਾ। ਪਿਤਾ ਅਤੇ ਲੋਕਾਂ ਨੇ ਬਹੁਤ ਸਮਝਾਇਆ। ਕਾਰਜ ਪੂਰਾ ਕਰ ਕੇ ਫੇਰ ਚਲੇ ਜਾਵੋ। ਪਹਿਲਾਂ ਤਾਂ ਜਗਤ ਵਿਚ ਐਸੀ ਗੱਲ ਨਹੀਂ ਹੋਈ। ਫੇਰੇ ਕਰਦਿਆਂ ਹੀ ਕੋਈ ਅਟਕ ਗਿਆ ਹੋਵੇ। ਸਰੀਕਾਂ ਵਿਚ ਸਾਡਾ ਹਾਸਾ ਹੋਵੇਗਾ। ਤੈਨੂੰ ਇਥੇ ਬਹੁਤ ਦੇਰ ਨਹੀਂ ਲੱਗੇਗੀ। ਜੋਗਾ ਸਿੰਘ ਨੇ ਕਿਹਾ ਸਿੱਖ ਅਤੇ ਸਤੀ ਇਕੋ ਸਮਾਨ ਪਛਾਣੋ। ਥੋੜ੍ਹਾ ਜਿਹਾ ਮਨ ਮੁੜੇ ਤਾਂ ਧਰਮ ਨਾਸ ਹੁੰਦਾ ਹੈ। ਇਹ ਮੇਰਾ ਪਰਨਾ ਲਵੋ ਇਸ ਨਾਲ ਰਹਿੰਦਾ ਕਾਰਜ ਪੂਰਾ ਕਰੋ। ਮੈਨੂੰ ਕੋਈ ਗੱਲ ਨਾ ਕਰੋ। ਤੁਰੰਤ ਸਤਿਗੁਰੂ ਪਾਸ ਚਲ ਪਿਆ। ਪੈਂਡਾ ਮੁਕਾਉਂਦਾ ਹੋਇਆ ਕਾਹਲੀ ਨਾਲ ਦੁਆਬੇ ਦੇਸ ਵਿਚ ਪਹੁੰਚ ਗਿਆ। ਮਨ ਵਿਚ ਹੰਕਾਰ ਆ ਗਿਆ, ਮੈਂ ਬੜਾ ਉੱਤਮ ਕਰਮ ਕਮਾਇਆ ਹੈ ਹੋਰ ਕੌਣ ਇਸ ਪ੍ਰਕਾਰ ਕਰ ਸਕਦਾ ਹੈ। ਆਪਣੀ ਪਤਨੀ ਦੀ ਪਹਿਲੀ ਮਿਲਣੀ ਛੱਡ ਕੇ ਗੁਰੂ ਜੀ ਦੇ ਦਰਸ਼ਨ

ਕਰੇ। ਸਤਿਗੁਰੂ ਜੀ ਪਾਸੋਂ ਇਹ ਹੰਕਾਰ ਸਹਾਰਿਆ ਨਾ ਗਿਆ। ਫਿਰ ਸਤਿਗੁਰੂ ਜੀ ਨੇ ਆਪਣੀ ਮਾਇਆ ਨਾਲ ਪ੍ਰੇਰ ਕੇ ਸਿਖ ਦੀ ਸੁਭ ਮੱਤ ਖੋਹ ਲਈ। ਦੁਆਬੇ ਵਿਚ ਹੁਸ਼ਿਆਰਪੁਰ ਨਾਮ ਦਾ ਸ਼ਹਿਰ ਹੈ। ਉੱਥੇ ਰਾਤ ਨੂੰ ਡੇਰਾ ਲਾ ਕੇ ਰਹਿ ਪਿਆ। ਜਿਥੇ ਸ਼ਾਮ ਨੂੰ ਬੈਠਿਆ ਸੀ ਓਥੇ ਸਾਹਮਣੇ ਇਕ ਵੇਸਵਾ ਖੜੀ ਸੀ। ਆਪਣੇ ਘਰ ਵਿਚ ਚੜ੍ਹੀ ਤਾਂ ਜੋਗਾ ਸਿੰਘ ਨੇ ਵੇਖੀ ਤਾਂ ਉਸ ਦਾ ਮਨ ਡੋਲ ਗਿਆ। ਮੈਂ ਇਸ ਨੂੰ ਰਾਤ ਨੂੰ ਮਿਲਾਂਗਾ। ਜਦੋਂ ਰਾਤ ਇਕ ਪਹਿਰ ਬੀਤ ਗਈ ਤਾਂ ਭਾਈ ਜੋਗਾ ਸਿੰਘ ਵੇਸਵਾ ਦੇ ਦੁਆਰੇ ਤੇ ਪਹੁੰਚ ਗਿਆ। ਉਧਰ ਕਲਗੀਆਂ ਵਾਲੇ ਸੱਚੇ ਪਾਤਿਸ਼ਾਹ ਨੇ ਸਿਖ ਦੀ ਦਸ਼ਾ ਨੂੰ ਜਾਣ ਲਿਆ। ਇਹ ਹੁਣ ਭਰਮ ਕੇ ਧਰਮ ਦੀ ਹਾਨੀ ਕਰੇਗਾ। ਜੇ ਹੁਣ ਅਸੀਂ ਜਾ ਕੇ ਨਹੀਂ ਬਚਾਵਾਂਗੇ ਤਾਂ ਫੇਰ ਹੋਰ ਕੌਣ ਆ ਕੇ ਸਹਾਇਤਾ ਕਰੇਗਾ। ਇਸ ਪ੍ਰਕਾਰ ਵੀਚਾਰ ਕੇ ਸਤਿਗੁਰੂ ਜੀ ਪਹਿਰੇਦਾਰ ਦਾ ਰੂਪ ਧਾਰ ਕੇ ਵੇਸਵਾ ਦੇ ਦੁਆਰ ਤੇ ਜਾ ਖੜੇ। ਜਦੋਂ ਭਾਈ ਜੋਗਾ ਸਿੰਘ ਪਹਿਰੇਦਾਰ ਦੇ ਕੋਲ ਪਹੁੰਚਿਆ ਤਾਂ ਪਹਿਰੇਦਾਰ ਦੇ ਦਰਸ਼ਨ ਕਰ ਕੇ ਅਗਿਆਨਤਾ ਦੂਰ ਹੋਈ ਅਤੇ ਗਿਆਨ ਦਾ ਪ੍ਰਕਾਸ਼ ਹੋ ਗਿਆ। ਬਾਰ ਬਾਰ ਮਨ ਨੂੰ ਬਹੁਤ ਧ੍ਰਿਕਾਰਿਆ। ਜੇ ਕਰ ਇਹ ਪਹਿਰੇਦਾਰ ਨਾ ਹੁੰਦਾ ਤਾਂ ਮੈਂ ਨਰਕਾਂ ਵਿਚ ਗੋਤੇ ਖਾਂਦਾ। ਇਸ ਪ੍ਰਕਾਰ ਪਛਤਾਉਂਦੇ ਹੋਏ ਘੋੜੇ ਤੇ ਕਾਠੀ ਪਾਈ ਤੇ ਸਵਾਰ ਹੋ ਕੇ ਅਨੰਦਪੁਰ ਸਾਹਿਬ ਪਹੁੰਚ ਗਿਆ। ਗੁਰੂ ਜੀ ਦੇ ਦਰਸ਼ਨ ਕਰ ਕੇ ਬੰਦਨਾ ਕੀਤੀ। ਗੁਰੂ ਜੀ ਨੇ ਸਿਖ ਨੂੰ ਵੇਖ ਕੇ ਕਿਹਾ ਜੋਗਾ ਸਿੰਘ ਘਰ ਤੋਂ ਆਇਆ ਹੈ ਵੇਖੋ ਇਸ ਨੇ ਹਿਰਦੇ ਵਿਚ ਮਹਾਨ ਸਿਦਕ ਕਮਾਇਆ ਹੈ ਇਹ ਕਹਿ ਕੇ ਗੁਰੂ ਜੀ ਥੋੜ੍ਹੇ ਥੋੜ੍ਹੇ ਮੁਸਕਰਾਏ ਅਤੇ ਆਖਿਆ ਕਿ ਵਿਆਹ ਦੀ ਗੱਲ ਦੱਸੋ। ਭਾਈ ਜੋਗਾ ਸਿੰਘ ਚੁੱਪ ਰਹੇ। ਫੇਰ ਸਤਿਗੁਰੂ ਜੀ ਨੇ ਆਖਿਆ ਜੇ ਵਿਆਹ ਦੀ ਗੱਲ ਨਹੀਂ ਦੱਸਣੀ ਤਾਂ ਰਾਹ ਦੀ ਗੱਲ ਦੱਸੋ। ਫੇਰ ਭਾਈ ਜੋਗਾ ਸਿੰਘ ਸਾਰੀ ਗਤੀ ਨੂੰ ਸਮਝ ਗਿਆ ਕਿ ਗੁਰੂ ਜੀ ਮੇਰੇ ਵਾਸਤੇ ਪਹਿਰੇਦਾਰ ਬਣੇ ਸਨ। ਸਾਰੀ ਵਾਰਤਾ ਸਮਝ ਕੇ ਪੈਰੀ ਪੈ ਗਿਆ ਤੇ ਕਿਹਾ ਧਨ ਪ੍ਰਭੂ ਜੀ ਤੁਸੀਂ ਹੱਥ ਦੇ ਕੇ ਬਚਾ ਲੈਂਦੇ ਹੋ। ਆਪ ਵਰਗਾ ਹੋਰ ਕੌਣ ਕਿਰਪਾਲੂ ਹੈ। ਸਦਾ ਆਪਣੇ ਦਾਸਾਂ ਦੇ ਰਖਵਾਲੇ ਬਣਦੇ ਹੋ। ਸਿੱਖਾਂ ਵਾਸਤੇ ਆਪਣੀ ਵਡਿਆਈ ਦੀ ਪਰਵਾਹ ਨਹੀ ਕਰਦੇ ਤੇ ਜਿਵੇਂ ਕਿਵੇਂ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹੋ।

ਭਾਈ ਜੋਗਾ ਸਿੰਘ ਜੀ ਦੀ ਕਵਿਤਾ ਵੀ ਵੱਡੇ ਮਹਾਂਪੁਰਖ ਬ੍ਰਹਮਗਿਆਨੀ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦੀ ਲਿਖੀ ਹੋਈ।

**ਬੇਰੀ ਹੇਠ ਬੈਠੇ ਗੁਰੂ, ਬੇਰੀ ਭੀ ਨਿਹਾਲ ਹੋਈ,**
**ਰੀਠੇ ਵਲ ਡਿਠਾ ਰੀਠਾ ਮਿਠਾ ਹੋਇ ਜਾਂਵਦਾ।**
**ਅਕਾਂ ਦੀਆਂ ਕੁਕੜੀਆਂ, ਦੇਖ ਕੇ ਨਿਹਾਲ ਹੋਈਆਂ,**
**ਅੰਬ ਤੇ ਅਨਾਰ ਮਰਦਾਨਾ ਤੋੜ ਖਾਂਵਦਾ।**

**ਕਿਕਰਾਂ ਤੋਂ ਝੜਵਾਈਆਂ ਮਠਿਆਈਆਂ,**
**ਮੇਰੇ ਸਤਿਗੁਰੂ ਨੇ, ਖਾਰਾ ਜਲ ਚਰਨ ਛੋਹੇ, ਮਿਠਾ ਹੋਇ ਭਾਂਵਦਾ।**
**ਪਸ਼ੂ, ਪੰਛੀ, ਰਾਖਸ਼ ਭੀ ਤਾਰੇ ਮੇਰੇ ਸਤਿਗੁਰੂ ਜੀ,**
**ਬੰਦਾ ਕਿਉਂ ਨਾ ਤਰੇ ਜੇਹੜਾ ਗੁਰੂ ਸ਼ਰਨੀ ਆਂਵਦਾ॥**
**ਗੁਰੂ ਦੀ ਜੇ ਲੋੜ ਹੋਵੇ ਗੁਰੂ ਭੀ ਅਜੇਹਾ ਹੋਵੇ,**
**ਜੈਸੇ ਦਸਮੇਸ਼ ਮਾਤਾ ਗੂਜਰੀ ਦੇ ਲਾਲ ਜੀ।**
**ਵਾਰ ਪ੍ਰਵਾਰ ਚਾਰੇ ਬਚਿਆਂ ਕੁਹਾਇ ਦੇਵੇ,**
**ਦੇਸ਼ ਕੌਮ ਵਾਸਤੇ ਕੁਰਬਾਨ ਬਾਲ ਬਾਲ ਜੀ।**
**ਅੰਮ੍ਰਿਤ ਦਾ ਸੋਮਾ ਹੋਵੇ ਤਪਦਿਆਂ ਨੂੰ ਠਾਰ ਦੇਵੇ,**
**ਸੰਤਾਂ ਦਾ ਸਹਾਈ ਤੇ ਪਿਆਰਿਆਂ ਦੀ ਢਾਲ ਜੀ।**
**ਸਾਰੀ ਰਾਤ ਪਹਿਰਾ ਦੇਵੇ ਆਪ ਚੌਂਕੀਦਾਰ ਹੋਕੇ,**
**ਪਾਪ ਦੀ ਅੱਗ ਵਿਚੋਂ ਲਵੇ ਸਿੱਖ ਨੂੰ ਨਿਕਾਲ ਜੀ।**

## ਪਾਤਿਸ਼ਾਹੀ ਦਸਵੀਂ ਦੇ ਬਾਜਾਂ ਨੇ ਮੋਠ ਬਾਜਰੀ ਖਾਣੀ

ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਰਾਜਸਥਾਨ ਦੀ ਧਰਤੀ ਉੱਤੇ ਦਾਦੂ ਦੁਆਰਾ ਵਿਖੇ ਚਰਣ ਪਾਏ ਤਾਂ ਦਾਦੂ ਜੀ ਦੇ ਅਸਥਾਨ ਤੇ ਮਹੰਤ ਜੈਤਰਾਮ ਜੀ ਨੇ ਸਤਿਗੁਰਾਂ ਨੂੰ ਲੰਗਰ ਕੀਤਾ ਅਤੇ ਦਰਸ਼ਨ ਕਰਕੇ ਬਚਨ ਸਰਵਣ ਕੀਤੇ। ਗੁਰੂ ਜੀ ਦੇ ਬਚਨ ਸੁਣ ਕੇ ਮਹੰਤ ਜੈਤਰਾਮ ਨੇ ਆਪ ਜੀ ਨੂੰ ਨਮਸਕਾਰ ਕੀਤੀ ਅਤੇ ਇੱਕ ਦਿਨ ਭੰਡਾਰਾ ਕਰਕੇ ਸਾਰੇ ਜਥੇ ਸਹਿਤ ਭੋਜਨ ਛਕਾਇਆ। ਗੁਰੂ ਜੀ ਦੇ ਬਾਜਾਂ ਨੂੰ ਮਹੰਤ ਨੇ ਸੰਬੋਧਨ ਕਰਕੇ ਕਿਹਾ ਤੁਸੀਂ ਸਤਿਗੁਰੂ ਜੀ ਦੇ ਸੁੰਦਰ ਬਾਜ ਧੰਨ ਹੋ। ਸਾਡਾ ਡੇਰਾ ਸੰਤਾਂ ਸਾਧਾਂ ਦਾ ਵੈਸ਼ਨਵ ਭੋਜਨ ਖਾਣ ਵਾਲਾ ਹੈ। ਤੁਸੀਂ ਮਾਸ ਅਹਾਰੀ ਹੋ, ਹੇ ਬਾਜੋ ਤੁਸੀਂ ਕਿਰਪਾ ਕਰੋ ਤਾਂ ਅੱਜ ਤੁਸੀਂ ਸਾਡੇ ਡੇਰੇ ਤੋਂ ਅੰਨ ਦਾ ਖਾਣਾ ਹੀ ਪ੍ਰਵਾਨ ਕਰ ਲਵੋ। ਇਹ ਬੇਨਤੀ ਕਰਕੇ ਮਹੰਤ ਨੇ ਬਾਜਾਂ ਅੱਗੇ ਮੋਠ ਬਾਜਰੀ ਰੱਖ ਦਿਤੀ। ਜਿਸਨੂੰ ਬਾਜ ਤਤ ਛਿੰਨ ਹੀ ਚਿੱੜੀਆਂ ਕਾਵਾਂ ਵਾਂਗੂੰ ਚੁਗ ਕੇ ਖਾ ਗਏ। ਇਥੇ ਗੁਰੂ ਜੀ ਨੇ ਮਹੀਨਾ ਚੇਤ ਸੰਮਤ ਸੰਨ ੧੭੦੬ ਵਿਚ ਚਰਨ ਪਾਏ ਸਨ।

## ਲੰਮੀ ਉਮਰ ਵਾਲੇ ਜੋਗੀ ਦਾ ਹੰਕਾਰ ਤੋੜਨਾ

ਜਦੋਂ ਸ੍ਰੀ ਮੁਕਤਸਰ ਸਾਹਿਬ ਜੀ ਦਾ ਜੰਗ ਹੋਇਆ ਉਸ ਵਕਤ ਸ੍ਰੀ ਕਲਗੀਧਰ ਸਤਿਗੁਰੂ ਜੀ ਨੇ ਟੁੱਟੀ ਗੰਢੀ ਅਤੇ ਭਾਈ ਮਹਾਂ ਸਿੰਘ ਜੀ ਨੂੰ ਵਰ ਦਿਤਾ ਸੀ ਕਿ, ਹੇ ਭਾਈ ਮਹਾਂ ਸਿੰਘਾਂ ਤੂੰ ਸ਼ੇਰ ਬਣਕੇ ਸਾਡੇ ਪਾਸੋਂ ਵਰ ਲੈ ਕੇ ਮਾਝੇ ਦੀ ਟੁੱਟੀ ਗੰਢਾ ਲਈ ਹੈ। ਐਸੀਆਂ ਬਖ਼ਸ਼ਸ਼ਾਂ ਕਰਕੇ ਸਤਿਗੁਰੂ ਜੀ ਨੇ ਪਾਣੀ ਦੀ ਘਾਟ ਹੋਣ ਕਰਕੇ ਉੱਥੋਂ ਅੱਗੇ ਚਾਲੇ ਪਾਏ ਤਾਂ ਨਾਲ ਰਹਿਣ ਵਾਲੇ ਕੁਝ ਸਿੰਘਾਂ ਨੂੰ ਕਿਹਾ, ਇਸ ਉਜਾੜ

ਤੋਂ ਲੰਘਕੇ ਜਿਥੇ ਪਾਣੀ ਵੇਖੋ ਉਥੇ ਡੇਰਾ ਕਰ ਦਿਉ। ਕੁਝ ਅਗੇ ਗਏ ਤਾਂ ਇਕ ਸੁੰਦਰ ਥਾਂ ਤੇ ਸਰਾਂਇ ਦੇਖੀ ਉਸ ਦੇ ਨੇੜੇ ਸੁੰਦਰ ਤਲਾਅ ਸੀ। ਉਸ ਅਸਥਾਨ ਤੇ ਸਤਿਗੁਰੂ ਜੀ ਨੇ ਡੇਰਾ ਕੀਤਾ ਸਿੰਘਾਂ ਨੇ ਉਤਰ ਕੇ ਜਿਥੇ ਕਿਥੇ ਘੋੜੇ ਬੰਨ੍ਹ ਦਿਤੇ ਅਤੇ ਘੋੜਿਆਂ ਵਾਸਤੇ ਘਾਹ ਕੱਖ ਆਦਿ ਇਕੱਠੇ ਕੀਤੇ ਅਤੇ ਇਧਰ ਉਧਰ ਫਿਰਨ ਤੁਰਨ ਲੱਗ ਪਏ। ਉਸੇ ਤਲਾਅ ਦੇ ਦੂਸਰੇ ਕਿਨਾਰੇ ਤੇ ਇਕ ਜੋਗੀ ਅਭਿਆਸੀ ਦਾ ਆਸ਼ਰਮ ਸੀ। ਉਸ ਨੇ ਸਿੰਘਾਂ ਨੂੰ ਵਿਚਰਦਿਆਂ ਹੋਇਆਂ ਵੇਖ ਕੇ ਆਪਣੇ ਸੇਵਕਾਂ ਪਾਸੋਂ ਪੁਛਿਆ ਕਿ ਤਲਾਅ ਦੇ ਦੂਸਰੇ ਪਾਸੇ ਕਿਸ ਨੇ ਡੇਰਾ ਕੀਤਾ ਹੈ। ਕਿਧਰੋਂ ਆਏ ਹਨ ਤੇ ਕਿਧਰ ਜਾਣਾ ਹੈ। ਸੇਵਕਾਂ ਨੇ ਦਸਿਆ ਕਿ ਸਤਿਗੁਰੂ ਦਸਮੇ ਪਾਤਿਸ਼ਾਹ ਫ਼ੌਜ ਸਮੇਤ ਏਥੇ ਪਹੁੰਚੇ ਹਨ। ਜਿਨ੍ਹਾਂ ਨੇ ਤੁਰਕਾਂ ਨਾਲ ਭਾਰੀ ਜੰਗ ਕਰਕੇ ਧਰਮ ਦੀ ਰਖਿਆ ਕੀਤੀ ਤੇ ਮਹਾਨ ਜਿੱਤ ਪ੍ਰਾਪਤ ਕੀਤੀ ਹੈ। ਇਹ ਸੁਣ ਕੇ ਉਸ ਨੇ ਪੁਛਿਆ ਕਿ ਸਤਿਗੁਰੂ ਜੀ ਦੀ ਉਮਰ ਕਿੰਨੀ ਕੁ ਹੈ। ਏਨੇ ਚਿਰ ਨੂੰ ਕੁਝ ਕੁ ਸਿੰਘ ਭੀ ਵਿਚਰਦੇ ਹੋਏ ਉਸ ਦੇ ਪਾਸ ਪੁਜ ਗਏ। ਇਕ ਸਿੰਘ ਨੇ ਦੱਸਿਆ ਕਿ ਸਤਿਗੁਰਾਂ ਦੀ ੩੫ ਕੁ ਸਾਲ ਦੀ ਅਵਸਥਾ ਹੈ। ਉਸ ਜੋਗੀ ਨੂੰ ਆਪਣੀ ਲੰਬੀ ਉਮਰ ਦਾ ਮਾਣ ਸੀ ਤਾਂ ਉਸ ਨੇ ਸੁਣ ਕੇ ਕਿਹਾ, ਇਤਨੀ ਛੋਟੀ ਉਮਰ ਹੈ ਕੋਈ ਸਾਧਨਾ ਨਹੀਂ ਸਾਧੀ ਹੋਣੀ, ਇਸ ਵਾਸਤੇ ਉਨ੍ਹਾਂ ਦਾ ਚਿਤ ਸ਼ਾਂਤ ਨਹੀਂ ਹੋਣਾ ਇਸ ਲਈ ਮੈਂ ਉਨ੍ਹਾਂ ਤੋਂ ਕੀ ਲੈਣਾ ਹੈ। ਇਹ ਤਰਕ ਕੀਤੀ। ਸਿੰਘਾਂ ਨੇ ਸੁਣਕੇ ਆ ਕੇ ਸਤਿਗੁਰੂ ਜੀ ਨੂੰ ਦੱਸਿਆ। ਸਤਿਗੁਰੂ ਜੀ ਨੇ ਕਹਿਆ ਕਿ ਇਹ ਜੋਗੀ ਬੜੇ ਚਿਰ ਦਾ ਹੈ ਇਸ ਨੂੰ ਆਪਣੀ ਲੰਮੀ ਉਮਰ ਦਾ ਮਾਣ ਹੈ। ਉਸ ਸਮੇਂ ਉਸ ਜੋਗੀ ਦੇ ਸੇਵਕ ਵੀ ਸਿੰਘਾਂ ਦੇ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸਨ। ਸਿੰਘਾਂ ਨੇ ਪੁੱਛਿਆ ਹੇ ਸਤਿਗੁਰੂ ਜੀ ਉਸ ਦੀ ਕਿੰਨੀ ਕੁ ਉਮਰ ਹੈ ਜਿਸ ਦਾ ਉਹ ਮਾਣ ਕਰਦਾ ਹੈ। ਸਤਿਗੁਰੂ ਜੀ ਨੇ ਕਿਹਾ ਇਸ ਦੀ ਉਮਰ ਪੰਜ ਹਜ਼ਾਰ ਇਕ ਸੌ ਵੀਹ (੫੧੨੦) ਸਾਲਾਂ ਦੀ ਹੈ। ਸੁਆਸ ਟਿਕਾ ਕੇ ਸਮਾਧੀ ਲਾਉਂਦਾ ਹੈ ਅਤੇ ਸਮਾਧੀ ਵਿਚ ਹੀ ਕਈ ਕਈ ਸਾਲ ਗੁਜਾਰ ਦਿੰਦਾ ਹੈ ਇਹ ਬਚਨ ਸੁਣ ਕੇ ਉਸ ਜੋਗੀ ਦੇ ਚੇਲੇ ਬਹੁਤ ਹੈਰਾਨ ਹੋਏ ਅਤੇ ਜਾ ਕੇ ਉਸ ਨੂੰ ਸਾਰੀ ਗੱਲ ਦੱਸੀ। ਇਹ ਸੁਣ ਕੇ ਜੋਗੀ ਨੇ ਹੈਰਾਨ ਹੋ ਕੇ ਕਿਹਾ ਇਤਨੀ ਕੁ ਉਮਰ ਵਿਚ ਐਨੀ ਭਾਰੀ ਸੋਝੀ ਉਹ ਤਾਂ ਪੂਰਨ ਸਤਿਗੁਰੂ ਹਨ ਉਨ੍ਹਾਂ ਦਾ ਦਰਸ਼ਨ ਜਰੂਰ ਕਰਨਾ ਚਾਹੀਦਾ ਹੈ। ਹੱਥ ਵਿਚ ਸੋਟੀ ਫੜ ਕੇ ਤੁਰ ਪਿਆ। ਅੱਗੇ ਸਤਿਗੁਰੂ ਜੀ ਦੀ ਹਜੂਰੀ ਵਿਚ ਦੀਵਾਨ ਸਜਿਆ ਹੋਇਆ ਸੀ। ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਹੋ ਰਿਹਾ ਸੀ,ਇਹ ਜੋਗੀ ਆ ਕੇ ਖੜਾ ਰਿਹਾ। ਸਤਿਗੁਰੂ ਜੀ ਨੇ ਕਿਹਾ ਜੋਗੀ ਜੀ ਖੜੇ ਕਿਉਂ ਹੋ। ਬੈਠ ਵੀ ਜਾਉ। ਇਹ ਸੁਣ ਕੇ ਪ੍ਰਣਾਮ ਕੀਤੀ ਤੇ ਸੰਗਤ ਵਿਚ ਬੈਠ ਗਿਆ। ਜਦ ਅਰਦਾਸ ਹੋਈ ਤਾਂ ਉਸ ਤੋਂ ਪਿਛੋਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਨੂੰ ਆਪਣਾ ਸਿੱਖ ਬਣਾ ਲਉ ਜੀ। ਸਤਿਗੁਰੂ ਜੀ ਨੇ ਕਿਹਾ ਤੂੰ ਤਾਂ ਪਹਿਲੋਂ ਹੀ

ਸਿੱਖ ਹੈਂ ਕੈਵਲ ਮੁਕਤੀ ਲਈ ਬੜੇ ਸਾਧਨ ਸਾਧੇ ਹਨ ਅਤੇ ਸਮਾਧੀ ਵਿਚ ਇਸਥਿਤ ਹੋਕੇ ਪਰਮੇਸਰ ਨੂੰ ਅਰਾਧਣਾ ਕੀਤਾ ਹੈ। ਅਕਾਲ ਪੁਰਖ ਅੱਗੇ ਨਮਸਕਾਰ ਕਰ ਜਿਸ ਕਰਕੇ ਸਭ ਬੰਧਨ ਕੱਟੇ ਜਾਣ। ਇਉਂ ਕਹਿ ਕੇ ਕਿਰਪਾ ਦ੍ਰਿਸ਼ਟੀ ਦੁਆਰਾ ਤੱਕਿਆ ਤਾਂ ਜੋਗੀ ਦੇ ਰਿਦੇ ਵਿਚ ਪ੍ਰਕਾਸ਼ ਹੋ ਗਿਆ,ਅਨੰਦ ਸਹਿਤ ਹੋ ਕੇ ਸਤਿਗੁਰੂ ਜੀ ਦੇ ਚਰਨਾ ਤੇ ਮੁੜ ਮੁੜ ਕੇ ਨਮਸਕਾਰਾਂ ਕੀਤੀਆਂ ਤੇ ਪੁੱਛਿਆ ਕਿ ਇਤਨੀ ਛੋਟੀ ਅਵਸਥਾ ਵਿਚ ਇਤਨੀ ਸੋਝੀ। ਤਾਂ ਸਤਿਗੁਰੂ ਜੀ ਨੇ ਕਿਹਾ ਤੂੰ ਪੁਰਾਣਾ ਗੋਦੜਾ ਰੱਖਿਆ ਹੋਇਆ ਹੈ, ਅਸੀਂ ਸਰੀਰ ਰੂਪ ਚੋਲਾ ਨਵਾਂ ਬਦਲਿਆ ਹੈ। ਇਹ ਸੁਣ ਕੇ ਬੜਾ ਭਾਰੀ ਅਨੰਦ ਵਿਚ ਲੀਨ ਹੋਇਆ ਅਤੇ ਆਪਣੇ ਆਸ਼ਰਮ ਵਿਚ ਚਲਾ ਗਿਆ।

ਸੋ ਸਿਮਰਨ ਕਰਨ ਤੋਂ ਬਿਨਾ ਭਾਵੇਂ ੪੪ ਜੁਗ ਲੰਮੀ ਉਮਰ ਭੀ ਹੋ ਜਾਵੇ ਹੰਕਾਰ ਹੀ ਵਧਦਾ ਹੈ ਆਤਮਾਨੰਦ ਦੀ ਪ੍ਰਾਪਤੀ ਨਹੀਂ ਹੁੰਦੀ। ਜਿਵੇਂ ਇਸ ਜੋਗੀ ਨੇ ਆਪਣੀ ਲੰਬੀ ਉਮਰ ਜਾਣ ਕੇ ਸਤਿਗੁਰੂ ਜੀ ਦੀ ਉਮਰ ਤੇ ਤਰਕ ਕੀਤੀ ਸੀ, ਪਰ ਰਿਦੇ ਵਿਚ ਕੋਈ ਗਿਆਨ ਨਹੀਂ ਸੀ।

## ਭਾਈ ਮਾਲਾ ਸਿੰਘ ਜੀ ਅਤੇ ਭਾਈ ਲਹੌਰਾ ਸਿੰਘ ਜੀ

ਸ੍ਰੀ ਕਲਗੀਧਰ ਸਤਿਗੁਰੂ ਜੀ ਅਨੰਦਪੁਰ ਸਾਹਿਬ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਵਰਖਾ ਦੀ ਰੁੱਤ ਕਰਕੇ ਧਰਤੀ ਹਰਿਆਵਲਤਾ ਸਹਿਤ ਸੋਭਾ ਪਾ ਰਹੀ ਸੀ। ਸਤਲੁਜ ਵਿਚ ਕਾਫੀ ਜਲ ਸੀ। ਉਸ ਦੇ ਕਿਨਾਰੇ ਤੇ ਉੱਚਾ ਤੇ ਸੁੰਦਰ ਮੰਦਰ ਸੀ। ਸਤਿਗੁਰੂ ਜੀ ਰਾਤ ਨੂੰ ਬਿਰਾਜਣ ਵਾਸਤੇ ਉਸ ਉਪਰ ਚੜ੍ਹੇ ਜਿਥੇ ਠੰਡੀ ਠੰਡੀ ਹਵਾ ਦੇ ਚਲਣੇ ਕਰਕੇ ਗਰਮੀ ਨਹੀਂ ਸੀ। ਹਜੂਰ ਸੇਜਾ ਤੇ ਸਜੇ ਸਨ, ਜੋ ਕਿ ਫੁੱਲਾਂ ਤੇ ਸੁਗੰਧੀਆਂ ਨਾਲ ਸ਼ੋਭਨੀਕ ਤੇ ਸੁਗੰਧਤ ਹੋ ਰਹੀ ਸੀ। ਨੇੜੇ ਹੀ ਸਿੰਘਾਂ ਦੇ ਘਰ ਸਨ। ਉਨ੍ਹਾਂ ਦੇ ਬਚਨ ਬਿਲਾਸ ਉਸ ਥਾਂ ਸੁਣਦੇ ਸਨ। ਭਾਈ ਲਹੌਰਾ ਸਿੰਘ ਦਾ ਘਰ ਨੇੜੇ ਸੀ ਜੋ ਕਿ ਸਾਹਿਬਜਾਦਿਆਂ ਦਾ ਖਿਡਾਵਾ ਸੀ ਅਤੇ ਭਾਈ ਮਾਲਾ ਸਿੰਘ ਦਾ ਘਰ ਵੀ ਨੇੜੇ ਹੀ ਸੀ ਜੋ ਬੜਾ ਨਰਮ ਚਿੱਤ, ਲੱਜਾ ਵਾਲਾ, ਪਰਉਪਕਾਰੀ ਅਤੇ ਚੰਗੇ ਗੁਜਾਰੇ ਵਾਲਾ ਸਿੰਘ ਸੀ। ਲੋੜਵੰਦਾਂ ਨੂੰ ਉਧਾਰ ਦੇ ਕੇ ਉਨ੍ਹਾਂ ਦੇ ਕਾਰਜ ਸਵਾਰਦਾ, ਕੀਤੇ ਹੋਏ ਇਕਰਾਰ ਤੇ ਵਾਪਸ ਲੈਂਦਾ ਸੀ। ਭਾਈ ਲਹੌਰਾ ਸਿੰਘ ਨੇ ਇਸ ਤੋਂ ਇਕ ਸੌ ਰੁਪਏ ਲੈ ਕੇ ਵਰਤੇ ਸਨ ਪਰ ਵਾਪਸ ਨਹੀਂ ਦਿਤੇ। ਪਰਮੇਸਰ ਦੀ ਨੇਤ ਨਾਲ ਮਾਲਾ ਸਿੰਘ ਕੁਝ ਗਰੀਬ ਹੋ ਗਿਆ। ਉਸ ਨੇ ਆਪਣੇ ਪੈਸੇ ਮੰਗੇ ਤਾਂ ਲਹੌਰਾ ਸਿੰਘ ਮੁੱਕਰ ਗਿਆ। ਕਹਿਣ ਲੱਗਾ ਕਿ ਸਿੱਖ ਪਾਸੋਂ ਸਿੱਖ ਲੈ ਕੇ ਖਾ ਲਵੇ ਤਾਂ ਉਸ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਕਿਉਂ ਵਾਪਸ ਨਹੀਂ ਕੀਤੇ। ਉਸਦਾ ਚਿੱਤ ਦੁਖੀ ਕਰਨ ਵਾਸਤੇ ਕਿਹਾ ਕਿ ਕ੍ਰੋਧ ਵਸ ਹੋ ਕੇ ਚਲਾ ਜਾਵੇਗਾ। ਫੇਰ ਉੱਚੀ ਸੁਣਾ ਕੇ ਇਹ ਤੁੱਕ

ਕਹੀ ਕਿ ਜੈਸਾ ਜਿਸਕਾ ਲੇਖ ਹੈ ਤੈਸੀ ਬਿਧ ਬਣਿ ਆਇ।

ਜਿਹੋ ਜਿਹਾ ਕਿਸੇ ਦੇ ਮੱਥੇ ਤੇ ਲੇਖ ਹੁੰਦਾ ਹੈ ਉਹੋ ਜਿਹੀ ਬਿਧੀ ਉਸ ਨੂੰ ਪ੍ਰਾਪਤੀ ਦੀ ਬਣ ਜਾਂਦੀ ਹੈ। ਮੇਰੇ ਕਰਮਾਂ ਵਿਚ ਸੀ, ਮੈਂ ਤੇਰੇ ਪਾਸੋਂ ਲੈ ਕੇ ਵਰਤ ਲਏ ਹਨ, ਹੋਣ ਮੋੜਾਂ ਕਿਉਂ। ਅੱਗੋਂ ਮਾਲਾ ਸਿੰਘ ਨੇ ਕਿਹਾ, ਧਨ ਲੈਕੇ ਹੁਣ ਗੱਲਾਂ ਸੁਣਾਉਂਦਾ ਹੈ। ਵੇਖ ਧੱਕਾ ਨਾ ਕਰ ਧਰਮੀ ਪੁਰਸ਼ ਦੀ ਇਹ ਰੀਤ ਨਹੀਂ ਕਿ ਉਧਾਰ ਲੈ ਕੇ ਮੁੱਕਰ ਜਾਵੇ। ਜਿਹੜੇ ਇਉਂ ਕਰਦੇ ਹਨ ਉਨ੍ਹਾਂ ਨੂੰ ਦਰਗਾਹ ਵਿਚ ਸਜਾਵਾਂ ਮਿਲਦੀਆਂ ਹਨ। ਜਮ ਦੁੱਖ ਦਿੰਦੇ ਹਨ। ਫੇਰ ਪਛੁਤਾਣਾ ਪੈਂਦਾ ਹੈ। ਤਾਂ ਅੱਗੋਂ ਉਸ ਨੇ ਉੱਤਰ ਦਿੱਤਾ ਜਦੋਂ ਸਤਿਗੁਰੂ ਜੀ ਬਖਸ਼ਣ ਵਾਲੇ ਹੋਣ ਤਾਂ ਲੇਖਾ ਹਿਸਾਬ ਕਿਤਾਬ ਕੋਈ ਨਹੀਂ ਪੁੱਛ ਸਕਦਾ। ਇਹ ਸਾਰੀ ਵਾਰਤਾ ਸਤਿਗੁਰੂ ਜੀ ਨੇ ਆਪ ਸੁਣੀ ਤੇ ਵਿਚਾਰੀ ਕਿ ਸਾਡੇ ਸਿੰਘ ਹਨ ਤੇ ਲਹੌਰਾ ਸਿੰਘ ਧਨ ਲੈ ਕੇ ਧੱਕਾ ਕਰਦਾ ਹੈ, ਕਰਜਾ ਨਹੀਂ ਮੋੜਦਾ ਤੇ ਮਨ ਵਿਚ ਲੋਭ ਕਰਕੇ ਸਾਡੇ ਤੇ ਭਾਰ ਦਿੰਦਾ ਹੈ। ਸਤਿਗੁਰੂ ਜੀ ਨੇ ਉਸ ਨੂੰ ਸੁਣਾ ਕਿ ਕਿਹਾ

**ਖਾਵੈ ਖਰਚੁ ਨ ਦ੍ਰੋਹ ਕਰਿ ਰਹੀਐ ਬੰਦ ਹਜੂਰ॥**
**ਸਮਝ ਕਰਹੁ ਨਿਜ ਕ੍ਰਿਆ ਸਭੁ ਜਿਸ ਤੇ ਧਰਮ ਨਾ ਦੂਰਿ॥**

**ਗੁ:ਪ੍ਰ:ਸੂ:ਗ੍ਰੰਥ**

***ਅਤੇ ਹੋਰ ਬਚਨ ਕਿਹਾ***

***ਜੈਸਾ ਕਰਮ ਕਰਤਾ ਕਰੈ ਤੈਸਾ ਗੁਰਿ ਭੁਗਤਾਇ॥***
***ਹਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ॥***
***ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*** ***ਆਦਿ ੧੪੧***

ਇਹ ਸੁਣ ਕੇ, ਲਹੌਰਾ ਸਿੰਘ ਆਪਣੇ ਆਪ ਨੂੰ ਝੂਠਾ ਜਾਣ ਕੇ,ਚੁੱਪ ਕਰ ਗਿਆ ਅਤੇ ਭਾਈ ਮਾਲਾ ਸਿੰਘ ਨੂੰ ਸੁੰਦਰ ਤੇ ਕੋਮਲ ਬਚਨ ਕਹਿਣ ਲੱਗ ਪਿਆ,ਕਿ ਸਵੇਰੇ ਆ ਜਾਈਂ ਮੈਂ ਧਨ ਦੇ ਦਿਆਂਗਾ। ਮੈਂ ਤਾਂ ਤੇਰੇ ਨਾਲ ਹੱਸਦਾ ਸੀ,ਮੈਨੂੰ ਮੁਆਫ ਕਰੀਂ, ਕੋਈ ਗੁੱਸਾ ਨਾ ਕਰਨਾ। ਇਉਂ ਕਹਿ ਕੇ ਲਹੌਰਾ ਸਿੰਘ ਆਪਣੇ ਆਸਣ ਤੇ ਬਿਰਾਜ ਗਿਆ ਅਤੇ ਮਾਲਾ ਸਿੰਘ ਆਪਣੇ ਘਰ ਚਲਾ ਗਿਆ। ਸਵੇਰੇ ਤੜਕੇ ਹੀ ਉਠ ਕੇ ਪਹਿਲਾਂ ਉਸ ਦਾ ਧਨ ਵਾਪਸ ਕੀਤਾ। ਫਿਰ ਇਸ਼ਨਾਨ ਕਰਕੇ ਬਾਣੀ ਪੜ੍ਹ ਕੇ ੧੦ਵੇਂ ਪਾਤਿਸ਼ਾਹੀ ਜੀ ਦੇ ਦਰਬਾਰ ਵਿਚ ਪਹੁੰਚ ਕੇ ਮੱਥਾ ਟੇਕ ਕੇ ਆਪਣੇ ਆਪ ਨੂੰ ਬਖ਼ਸ਼ਾਉਣ ਲਈ ਬੇਨਤੀਆਂ ਕੀਤੀਆਂ।

ਸ੍ਰੀ ਕਲਗੀਧਰ ਜੀ ਨੇ ਹੱਸ ਕੇ ਕਿਹਾ ਕਿ ਕਦੇ ਉਲਟੀ ਰੀਤ ਨਹੀਂ ਕਰਨੀ। ਪੰਜਾਂ ਵਿਕਾਰਾਂ ਦੇ ਵਸ ਹੋ ਕੇ ਕਦੇ ਗੁਨਾਹ ਨਹੀਂ ਕਰਨਾ। ਛਲ ਤੇ ਕਪਟ ਛੱਡ ਕੇ ਪਰਮੇਸਰ ਦੀ ਪ੍ਰਾਪਤੀ ਦੇ ਰਾਹ ਚਲਣਾ ਕਰੋ।

## ਸੁਥਰੇ ਸ਼ਾਹ ਬਾਰੇ

ਜਿਵੇਂ ਸੁਥਰੇ ਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜੂਰ ਰਹਿੰਦਾ ਸੀ। ਉਹ ਇਕ ਹਲਵਾਈ ਪਾਸੋਂ ਪਦਾਰਥ ਖਾ ਖਾ ਕੇ ਸਤਿਗੁਰੂ ਜੀ ਦੇ ਨਾਓਂ ਲਿਖਵਾਈ ਗਿਆ ਕਿ ਸਤਿਗੁਰੂ ਪੈਸੇ ਦੇਣਗੇ। ਜਦੋਂ ਪੈਸੇ ਬਹੁਤ ਹੋ ਗਏ ਤਾਂ ਇਕ ਦਿਨ ਹਲਵਾਈ ਨੇ ਸੁਥਰੇ ਤੋਂ ਪੈਸੇ ਮੰਗੇ ਪਰ ਉਹ ਮੁੱਕਰ ਗਿਆ। ਹਲਵਾਈ ਨੇ ਸਤਿਗੁਰਾਂ ਦੇ ਚਰਨਾ ਵਿਚ ਬੇਨਤੀ ਕੀਤੀ ਕਿ ਉਹ ਤੁਹਾਡਾ ਭਗਤ ਸੁਥਰਾ, ਮੇਰੇ ਪਾਸੋਂ ਬਹੁਤ ਸਾਰਾ ਦੁੱਧ, ਪੇੜੇ ਅਤੇ ਮਠਿਆਈ ਹਰ ਰੋਜ ਖਾ ਪੀ ਆਉਂਦਾ ਰਿਹਾ ਹੈ। ਦੁਕਾਨ ਦਾ ਉਧਾਰ ਬੜਾ ਹੋ ਗਿਆ ਹੈ। ਹੁਣ ਇਹ ਮੁੱਕਰ ਗਿਆ ਹੈ। ਅੱਗੇ ਜੋ ਹਜੂਰ ਦੀ ਆਗਿਆ ਹੈ। ਤਾਂ ਸਤਿਗੁਰੂ ਜੀ ਨੇ ਬੁਲਾ ਕੇ ਪੁੱਛਿਆ-ਕਿਉਂ ਸੁਥਰੇ ਸ਼ਾਹ !ਇਹ ਹਲਵਾਈ ਕੀ ਕਹਿੰਦਾ ਹੈ। ਤਾਂ ਸੁਥਰੇ ਨੇ ਤੁੱਕ ਪੜ੍ਹ ਕੇ ਸੁਣਾਈ। ਕੇਤੇ ਲੈ ਲੈ ਮੁਕਰੁ ਪਾਹਿ॥ ਕਿੰਨੇ ਹੀ ਲੈ ਲੈ ਕੇ ਮੁੱਕਰ ਪੈਂਦੇ ਹਨ। ਤੁਹਾਡੀ ਬਾਣੀ ਵਿਚ ਲਿਖਿਆ ਹੈ। ਤਾਂ ਹਜੂਰ ਨੇ ਕਿਹਾ ਕਿ ਅਗਲੀ ਤੁੱਕ ਪੜ੍ਹ। ਕਹਿੰਦਾ,ਜੀ ਹੋਰ ਐਨੇ ਸਿੱਖ ਤੁਹਾਡੇ ਬੈਠੇ ਹਨ ਇਹ ਪੜ੍ਹ ਲੈਣ। ਮੈਨੂੰ ਤਾਂ ਇਕੋ ਤੁਕ ਹੀ ਮੁਆਫਕ ਹੈ। ਤਾਂ ਆਪ ਜੀ ਬਹੁਤ ਹੀ ਹਸੇ। ਹਲਵਾਈ ਦੇ ਪੈਸੇ ਦੇ ਦਿਤੇ ਤੇ ਅਗੋਂ ਲਈ ਸੁਥਰੇ ਨੂੰ ਤਾੜਨਾ ਕੀਤੀ ਕਿ ਇਹੋ ਜਿਹੀ ਗ਼ਲਤੀ ਕਦੇ ਨਹੀਂ ਕਰਨੀ। ਇਸ ਤਰ੍ਹਾਂ ਤਾਂ ਕਈ ਆਪਣੇ ਮਤਲਬ ਦੀਆਂ ਤੁਕਾਂ ਪੜ੍ਹ ਲਿਆ ਕਰਨਗੇ ਤੇ ਲੈ ਕੇ ਮੁੱਕਰ ਜਾਇਆ ਕਰਨਗੇ। ਇਹ ਚੰਗਾ ਕੰਮ ਨਹੀਂ ਹੈ। ਇਹ ਵੀ ਗੁਰੂ ਕੇ ਬਚਨ ਹਨ। ਕੂੜੁ ਬੋਲਿ ਮੁਰਦਾਰੁ ਖਾਇ॥ ਤੇ ਏਸੇ ਪ੍ਰਕਾਰ ਕਿਤਨੇ ਉਧਾਰ ਲੈ ਲੈ ਕੇ ਪਦਾਰਥਾਂ ਨੂੰ ਖਾਈ ਪੀਈ ਜਾਂਦੇ ਹਨ। ਮਗਰੋਂ ਜਦੋਂ ਕਰਜਾ ਚੜ੍ਹ ਜਾਂਦਾ ਹੈ ਤਾਂ ਮੁੱਕਰ ਪੈਂਦੇ ਹਨ ਕਿ ਅਸੀਂ ਤਾਂ ਤੇਰਾ ਕੁਝ ਨਹੀਂ ਦੇਣਾ ਜਾਂ ਦੇਸ ਨਿਕਾਲਾ ਲੈ ਕੇ ਹੋਰ ਪਾਸੇ ਚਲੇ ਜਾਂਦੇ ਹਨ।

## ਪੰਜ ਪਿਆਰਿਆਂ ਦੀ ਚੋਣ

ਖਾਲਸੇ ਦੇ ਜਨਮ ਦਿਹਾੜੇ ’ਤੇ ਇਕੱਤਰ ਹੋਈ ਪਰਮ ਸਤਿਕਾਰ ਯੋਗ ਗੁਰੂ ਰੂਪ ਖਾਲਸਾ ਸਾਧਸੰਗਤ ਜੀ !ਅੱਜ ਵਿਸਾਖੀ ਦੇ ਗੁਰਪੁਰਬ ਦੀ ਆਪ ਸਭ ਨੂੰ ਲੱਖ ਲੱਖ ਵਧਾਈ ਹੋਵੇ। ਅੱਜ ਦੇ ਦਿਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੫੬ ਬਿਕ੍ਰਮੀ (੧੬੯੯ ਈ:) ਨੂੰ ਇੱਕ ਮਹਾਨ ਸਮਾਗਮ ਕੀਤਾ,ਜਿਸ ਵਿਚ ਪੱਤ੍ਰਕਾਂ ਭੇਜ ਕੇ ਦੂਰੋਂ-ਦੂਰੋਂ ਸੰਗਤਾਂ ਸੱਦੀਆਂ,ਬੇਅੰਤ ਹੀ ਸੰਗਤਾਂ ਪੋਠੋਹਾਰ, ਕਾਬਲ, ਕੰਧਾਰ, ਮਾਝਾ ਤੇ ਦੁਆਬਾ ਆਦਿ ਸਾਰੇ ਭਾਰਤ ਵਿਚੋਂ ਆਈਆਂ। ਦਸ ਲੱਖ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੋਇਆ। ਸੰਗਤਾਂ ਇੱਕ ਟੱਕ ਚਕੋਰ ਦੀ ਨਿਆਈਂ ਸਤਿਗੁਰਾਂ ਵੱਲ ਤੱਕ ਰਹੀਆਂ ਹਨ, ਸਤਿਗੁਰਾਂ ਨੇ ਵੀ ਮਨ ਵਿਚ ਜਾਣ ਲਿਆ ਕਿ ਇਹ ਅੰਮ੍ਰਿਤ ਦੇ ਪਿਆਸੇ ਹਨ। ਸਾਰੀ ਸੰਗਤ ਨੇ ਰਾਤ ਅਰਾਮ ਕੀਤਾ, ਗੁਰੂ ਜੀ

ਵੀ ਬਿਰਾਜਮਾਨ ਹੋ ਗਏ। ਅੰਮ੍ਰਿਤ ਵੇਲੇ ਸਤਿਗੁਰਾਂ ਨੇ ਇਸ਼ਨਾਨ ਕੀਤਾ, ਸਾਰੀ ਤਿਆਰੀ ਕਰਕੇ ਸ਼ਸਤ੍ਰ-ਬਸਤਰ ਸਜਾ ਕੇ,ਮਹਾਰਾਜ ਸਾਹਿਬ ਜੀ ਘੋੜੇ 'ਤੇ ਅਸਵਾਰ ਹੋ ਕੇ ਆਪਣੇ ਨਿਵਾਸ ਅਸਥਾਨ ਤੋਂ ਸ੍ਰੀ ਕੇਸਗੜ੍ਹ ਸਾਹਿਬ ਦੇ ਰਸਤੇ ਚੱਲ ਪਏ।

ਗੁਰੂ ਜੀ ਸੰਗਤਾਂ ਸਮੇਤ ਸਤਿਕਾਰ ਨਾਲ ਸਾਰਾ ਰਸਤਾ ਲੰਘਦੇ ਹੋਏ, ਸ੍ਰੀ ਕੇਸਗੜ੍ਹ ਸਾਹਿਬ ਆ ਬਿਰਾਜੇ,ਪਹਿਲਾਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਤੰਬੂ ਪਹਿਲਾਂ ਹੀ ਲਵਾ ਦਿੱਤੇ ਗਏ ਸਨ ਅਤੇ ਆਲੇ ਦੁਆਲੇ ਕਨਾਤਾਂ ਤਨਾ ਦਿੱਤੀਆਂ ਸਨ,ਦੀਵਾਨ ਸਜਿਆ ਹੋਇਆ ਸੀ। ਉਸ ਸਮੇ ਸਤਿਗੁਰਾਂ ਨੇ ਭਰੇ ਦੀਵਾਨ ਵਿਚ ਬਿਜਲੀ ਨਾਲੋਂ ਵੀ ਵੱਧ ਲਿਸ਼ਕਦੀ ਸ੍ਰੀ ਸਾਹਿਬ ਮਿਆਨ ਵਿਚੋਂ ਕੱਢੀ। ਸਤਿਗੁਰੂ ਕਲਗੀਧਰ ਜੀ ਨੇ ਬੀਰ ਰਸੀ ਨਿਗਾ ਨਾਲ ਤੱਕਿਆ ਅਤੇ ਬਚਨ ਕੀਤਾ, ਕੋਈ ਅਜਿਹਾ ਹੈ ਜਿਹੜਾ ਧਰਮ ਵਾਸਤੇ ਸੀਸ ਭੇਟਾ ਕਰੇ। ਗੁਰੂ ਜੀ ਦੇ ਇੰਨ੍ਹਾ ਬਚਨਾ ਨੂੰ ਸੁਣ ਕੇ ਸਾਰੇ ਦੀਵਾਨ ਵਿਚ ਸਨਾਟਾ ਛਾ ਗਿਆ। ਸਾਰਿਆਂ ਦੀਆਂ ਨੀਵੀਆਂ ਪੈ ਗਈਆਂ। ਸਤਿਗੁਰੂ ਜੀ ਨੇ ਦੂਜੀ ਵਾਰ ਸ਼ੇਰ ਦੀ ਗਰਜ਼ ਵਾਂਗ ਫੇਰ ਕਿਹਾ ਤਾਂ ਵੀ ਕੋਈ ਨਾ ਉੱਠਿਆ ਫੇਰ ਤੀਜੀ ਵਾਰ ਕਹਿਣ ਤੇ ਲਾਹੌਰ ਦੇ ਰਹਿਣ ਵਾਲੇ ਭਾਈ ਦਇਆ ਰਾਮ ਜੀ ਖੜ੍ਹੇ ਹੋਏ ਅਤੇ ਅੱਗੇ ਵਧ ਕੇ ਕਿਹਾ ਮੇਰਾ ਸੀਸ ਹਾਜਰ ਹੈ ਜੀ। ਸਤਿਗੁਰਾਂ ਪੁੱਛਿਆ ਪਹਿਲਾਂ ਤੂੰ ਇਹ ਦੱਸ ਕਿ ਤੈਨੂੰ ਘਰ ਵਿਚ ਕੋਈ ਤਕਲੀਫ ਤਾਂ ਨਹੀਂ, ਆਪਣੀ ਖੁਸ਼ੀ ਨਾਲ ਸੀਸ ਹਾਜਰ ਕਰ ਰਿਹਾ ਹੈਂ। ਭਾਈ ਦਇਆ ਰਾਮ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਂ ਖੁਸ਼ੀ ਨਾਲ ਆਪਣਾ ਸੀਸ ਹਾਜਰ ਕਰ ਰਿਹਾ ਹਾਂ। ਕਲਗੀਧਰ ਜੀ ਭਾਈ ਦਇਆ ਰਾਮ ਨੂੰ ਤੰਬੂ ਵਿਚ ਲੈ ਗਏ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਸਤਿਗੁਰੂ ਸਾਹਿਬ ਜੀ ਨੇ ਭਾਈ ਦਇਆ ਰਾਮ ਜੀ ਦਾ ਸਿਰ ਕੱਟ ਦਿੱਤਾ ਜਿਸ ਦਾ ਖੜਾਕ ਸੰਗਤਾਂ ਨੂੰ ਸੁਣਿਆ।

ਸੋ ਸਤਿਗੁਰਾਂ ਨੇ ਭਾਈ ਦਇਆ ਰਾਮ ਜੀ ਦਾ ਸੀਸ ਕੱਟਣ ਤੋਂ ਉਪਰੰਤ ਤੰਬੂ ਤੋਂ ਬਾਹਰ ਆ ਕੇ ਦੂਸਰੇ ਸੀਸ ਦੀ ਮੰਗ ਕੀਤੀ। ਸਤਿਗੁਰੂ ਸਾਹਿਬ ਜੀ ਦੇ ਹੱਥ ਵਿਚ ਖੂਨ ਨਾਲ ਲਿੱਬੜੀ ਹੋਈ ਸ੍ਰੀ ਸਾਹਿਬ ਲਿਸ਼ਕ ਰਹੀ ਸੀ ਜਿਸਨੂੰ ਵੇਖ ਕੇ ਸਾਰੇ ਘਬਰਾ ਗਏ। ਗੁਰੂ ਸਾਹਿਬ ਜੀ ਨੇ ਦੁਬਾਰਾ ਫੇਰ ਉਹੀ ਬਚਨ ਕੀਤੇ ਕੋਈ ਅਜਿਹਾ ਹੈ ਜੋ ਧਰਮ ਹਿੱਤ ਆਪਣਾ ਸੀਸ ਬਲਿਦਾਨ ਦੇਵੇ। ਇਨ੍ਹਾਂ ਬਚਨਾ ਨੂੰ ਸੁਣ ਕੇ ਭਾਈ ਧਰਮ ਦਾਸ ਜੀ ਨੇ ਸੀਸ ਹਾਜਰ ਕੀਤਾ। ਸਤਿਗੁਰਾਂ ਨੇ ਇਸ ਨਾਲ ਵੀ ਪਹਿਲੇ ਵਾਂਗ ਕੌਤਕ ਕੀਤਾ। ਤੀਜੀ ਵਾਰ ਕਹਿਣ ਤੇ ਭਾਈ ਹਿੰਮਤ ਦਾਸ ਜੀ ਨੇ ਸੀਸ ਭੇਟ ਦਿੱਤਾ। ਫੇਰ ਚੌਥੀ ਵਾਰ ਸੀਸ ਦੀ ਮੰਗ ਕਰਨ ਤੇ ਭਾਈ ਮੋਹਕਮ ਦਾਸ ਜੀ ਉੱਠ ਕੇ ਅੱਗੇ ਵਧੇ। ਸਤਿਗੁਰੂ ਸਾਹਿਬ ਜੀ ਇਸ ਨੂੰ ਵੀ ਤੰਬੂ ਵਿਚ ਲੈ ਗਏ ਤੇ ਇਸ ਦਾ ਸੀਸ ਵੀ ਧੜ ਨਾਲੋਂ ਵੱਖਰਾ ਕਰ ਦਿੱਤਾ ਅਤੇ ਬਾਹਰ ਆ ਕੇ ਫੇਰ ਸ਼ੇਰ ਵਾਂਗ ਗਰਜਵੀਂ ਅਵਾਜ਼ ਵਿਚ ਪੰਜਵੇਂ ਸਿਰ ਦੀ ਮੰਗ ਕੀਤੀ ਤਾਂ ਭਾਈ ਸਾਹਿਬ ਦਾਸ ਜੀ ਨੇ ਆਪਣਾ ਸੀਸ

ਗੁਰੂ ਚਰਨਾ ਵਿਚ ਅਰਪਨ ਕੀਤਾ,ਸਤਿਗੁਰਾਂ ਨੇ ਤੰਬੂ ਵਿਚ ਲਿਜਾ ਕੇ ਪਹਿਲੇ ਚੌਹਾਂ ਦੀ ਤਰ੍ਹਾਂ ਇਸ ਦਾ ਸਿਰ ਵੀ ਸਰੀਰ ਨਾਲੋਂ ਵੱਖਰਾ ਕਰ ਦਿੱਤਾ ਫੇਰ ਆਪਣੀ ਆਤਮਿਕ ਸ਼ਕਤੀ ਨਾਲ ਪੰਜਾਂ ਨੂੰ ਸੁਰਜੀਤ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਇਨ੍ਹਾਂ ਪੰਜਾਂ ਨੂੰ ਛਕਾ ਕੇ ਖਾਲਸਾ ਨਾਮ ਦਿੱਤਾ।

ਸੋ ਇਸ ਪ੍ਰਕਾਰ ਪਿਆਰੇ ਦਇਆ ਸਿੰਘ ਜੀ ਦੇ ਸੀਸ ਦੇਣ ਤੋਂ ਖਾਲਸੇ ਵਿਚ ਦਇਆ ਆਈ। ਪਿਆਰੇ ਧਰਮ ਸਿੰਘ ਜੀ ਦੇ ਸੀਸ ਦੇਣ ਤੋਂ ਧਰਮ ਵਿਚ ਪਰਪੱਕ ਰਹਿਣ ਦਾ ਗੁਣ ਆਇਆ। ਪਿਆਰੇ ਹਿੰਮਤ ਸਿੰਘ ਜੀ ਤੋਂ ਅੰਮ੍ਰਿਤ ਵੇਲੇ ਉੱਠਣ, ਨਾਮ ਜਪਣ, ਜੁਲਮ ਅਤੇ ਵਿਕਾਰਾਂ ਦੇ ਵਿਰੁੱਧ ਲੜਨ ਦੀ ਹਿੰਮਤ ਪਰਵੇਸ਼ ਹੋਈ। ਪਿਆਰੇ ਮੋਹਕਮ ਸਿੰਘ ਜੀ ਤੋਂ ਇਸਥਿਤੀ, ਚਿੱਤ ਦਾ ਟਕਾਅ ਅਤੇ ਪਿਆਰੇ ਸਾਹਿਬ ਸਿੰਘ ਜੀ ਤੋਂ ਸਾਹਿਬ ਦੀ ਪ੍ਰਾਪਤੀ ਹੁੰਦੀ ਹੈ।

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਹਜੂਰ ਨੇ ਕਿਹਾ ਜਿਸ ਤਰ੍ਹਾਂ ਤੁਹਾਨੂੰ ਅੰਮ੍ਰਿਤ ਛਕਾਇਆ ਹੈ ਇਸ ਤਰ੍ਹਾਂ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ। ਇਹ ਸੁਣ ਕੇ ਪੰਜ ਪਿਆਰੇ ਅਸਚਰਜ ਹੋ ਗਏ ਬੇਨਤੀ ਕੀਤੀ ਮਹਾਰਾਜ ਜੀ ਅਸੀਂ ਕਲਜੁਗੀ ਜੀਵ ਔਗਣਾਂ ਦੇ ਭਰੇ ਹੋਏ ਹਾਂ ਆਪ ਜੀ ਨੂੰ ਕਿਸ ਤਰ੍ਹਾਂ ਅੰਮ੍ਰਿਤ ਛਕਾ ਸਕਦੇ ਹਾਂ ਅਤੇ ਇਸ ਤਰਾਂ ਪਿਛਲੇ ਜੁੱਗਾਂ ਵਿਚ ਵੀ ਨਹੀਂ ਹੋਇਆ ਕਿ ਕਿਸੇ ਸਿੱਖ ਨੇ ਗੁਰੂ ਨੂੰ ਗੁਰਦੀਖਿਆ ਦਿੱਤੀ ਹੋਵੇ। ਸਤਿਗੁਰਾਂ ਨੇ ਕਿਹਾ ਅਕਾਲਪੁਰਖ ਵਾਹਿਗੁਰੂ ਦਾ ਇਸੇ ਤਰ੍ਹਾਂ ਹੀ ਹੁਕਮ ਹੈ। ਪੰਜਾਂ ਪਿਆਰਿਆਂ ਨੇ ਆਗਿਆ ਮੰਨ ਕੇ ਉਸੇ ਤਰ੍ਹਾਂ ਅੰਮ੍ਰਿਤ ਤਿਆਰ ਕਰਕੇ ਛਕਾਇਆ। ਸਤਿਗੁਰੂ ਪਾਤਸ਼ਾਹ ਅੰਮ੍ਰਿਤ ਛਕ ਕੇ ਬਹੁਤ ਪ੍ਰਸੰਨ ਹੋਏ ਅਤੇ ਬਚਨ ਕੀਤਾ ਗੁਰਮੁਖੋ ਜੋ ਕੁਝ ਮੰਗਣਾ ਹੈ ਮੰਗ ਲਵੋ। ਪਿਆਰੇ ਦਇਆ ਸਿੰਘ ਜੀ ਨੇ ਬੇਨਤੀ ਕੀਤੀ ਆਪ ਜੀ ਨੇ ਹਰ ਵਕਤ ਦਰਸ਼ਨ ਬਖਸ਼ਣੇ, ਹਰ ਸਮੇਂ ਅੰਗ ਸੰਗ ਸਹਾਈ ਰਹਿਣਾ ਅਤੇ ਸਦਾ ਹੀ ਸਨਮੁਖ ਬਣਾਈ ਰੱਖਣਾ ਤਾਂ ਉਸ ਸਮੇਂ ਹਜੂਰ ਨੇ ਇਉਂ ਬਚਨ ਕੀਤੇ

**ਜੋ ਹਮਰੀ ਫੁਨ ਰਹਿਤ ਸੋ ਰਾਖੈ॥ ਗੁਰਬਾਣੀ ਰਸ ਨਿਤ ਉਠ ਚਾਖੈ॥**
**ਮੈ ਤਾ ਕੇ ਸਦ ਰਹਉਂ ਸਹਾਇਕ॥ਦੂਖ ਬਿਘਨ ਸਗਲੇ ਤਿਨ ਘਾਇਕ॥**

ਫਿਰ ਸਾਰੀ ਸਿੱਖਿਆ ਸੁਣਾਈ। ਉਸੇ ਹੀ ਦਿਨ ਚੌਹਾਂ ਸਾਹਿਬਜਾਦਿਆਂ, ਮਾਤਾ ਗੁਜਰੀ ਜੀ ਅਤੇ ਸਤਿਗੁਰਾਂ ਦੇ ਮਹਿਲ ਸਾਡੀਆਂ ਮਾਤਾਵਾਂ ਨੇ ਅੰਮ੍ਰਿਤ ਛਕਿਆ। ਫਿਰ ਸੰਗਤ ਵਿਚੋਂ ਵੀਹ ਹਜਾਰ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ। ਸਾਰੇ ਵਰਨਾਂ ਦਾ ਊਚ ਨੀਚ ਦਾ ਭੇਦ ਮਿਟਾ ਕੇ ਸਤਿਗੁਰਾਂ ਨੇ ਕਿਹਾ

**ਵਾਹਿਗੁਰੂ ਜੀ ਕਾ ਖਾਲਸਾ ॥ਵਾਹਿਗੁਰੂ ਜੀ ਕੀ ਫਤਹ॥**

ਹਜੂਰ ਨੇ ਰਹਿਤ ਵੀ ਦੱਸੀ। ਰਹਿਤਨਾਮੇ ਵਿਚ ਇਉਂ ਜਿਕਰ ਆਉਂਦਾ ਹੈ:-

੧. ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ। ਸਿੱਖ ਪਿਆਰਾ ਨਾਹਿ ਮਮ ਰਹਿਤ ਪਿਆਰੀ ਆਹਿ।

੨. ਰਹਿਣੀ ਰਹੈ ਸੋਈ ਸਿੱਖ ਮੇਰਾ। ਓਹ ਸਾਹਿਬ ਮੈ ਉਸਕਾ ਚੇਰਾ।

੩. ਇਹੈ ਮੋਰ ਆਗਿਆ ਸੁਨੋ ਹੇ ਪਿਆਰੇ। ਬਿਨਾ ਤੇਗ ਕੇਸੰ ਦੇਹੁ ਨ ਦਿਦਾਰੇ।

ਪੰਜ ਕਕਾਰਾਂ ਦੀ ਰਹਿਤ ਵਿਚ ਪ੍ਰਪੱਕ ਰਹਿਣ ਵਾਲੇ ਬਾਬਤ ਇਉਂ ਫੁਰਮਾਇਆ:-

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌਂ ਕਰੌਂ ਨਿਵਾਸ।**

## ਪਟਨਾ ਵਿਖੇ ਧਨੀ ਦੀ ਨੂੰਹ ਨੂੰ ਪੁੱਤਰਾਂ ਦਾ ਵਰ

ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਰੋਜਾਨਾ ਵਾਂਗ ਅੰਮ੍ਰਿਤ ਵੇਲੇ ਸੌਚ ਇਸ਼ਨਾਨ ਕੀਤਾ ਫਿਰ ਅਮੀਰ ਘਰਾਂ ਦੇ ਬਾਲਕ ਗੁਰੂ ਜੀ ਨਾਲ ਖੇਡਣ ਵਾਸਤੇ ਆ ਗਏ। ਉਨ੍ਹਾਂ ਵਿਚ ਇੱਕ ਬਾਲਕ ਸੀ ਉਸ ਨੇ ਇਹ ਗੱਲ ਕਹੀ ਹੇ ਗੁਰੂ ਜੀ ਮੈਂ ਆਪਣੇ ਘਰ ਦੀ ਬੇੜੀ ਬਣਾਈ ਹੈ। ਸਾਡੀ ਇਹ ਇੱਛਾ ਹੈ ਕਿ ਨਦੀ ਕਿਨਾਰੇ ਜਾ ਕੇ ਇਕੱਠੇ ਹੋ ਕੇ ਸਾਰੇ ਥਾਂਵਾਂ ਦੀ ਸੈਰ ਕਰੀਏ। ਮੇਰੇ ਪਿਤਾ ਜੀ ਨੇ ਵੀ ਖੁਸ਼ੀ ਦੇ ਨਾਲ ਕਿਹਾ ਹੈ ਕਿ ਆਪਣੇ ਚਰਨ ਕਮਲ ਬੇੜੀ ਨੂੰ ਛੁਹਾ ਦੇਵੋ ਤੇ ਖੇਡਾਂ ਕਰੀਏ। ਬੇੜੀ ਵਿਚ ਚੜ੍ਹ ਕੇ ਦੂਰ ਤੱਕ ਜਲ ਵਿਚ ਸੈਰ ਕਰੀਏ। ਸਾਰੇ ਬਾਲਕ ਕਹਿਣ ਲੱਗੇ ਹੇ ਗੁਰੂ ਜੀ ਸਾਰੇ ਚੱਲੀਏ ਇਸ ਨੇ ਬਹੁਤ ਚੰਗੀ ਗੱਲ ਦੱਸੀ ਹੈ। ਮਾਤਾ ਜੀ ਨੂੰ ਪੁੱਛ ਕੇ ਤੇ ਮਾਮਾ ਜੀ ਕਿਰਪਾਲ ਚੰਦ ਨੂੰ ਨਾਲ ਲੈ ਕੇ ਦਰਿਆ ਵਾਲੇ ਸਥਾਨ ਵੱਲ ਚੱਲ ਪਏ। ਇਕ ਸ਼ਾਹ ਨੇ ਆ ਕੇ ਪ੍ਰਸ਼ਾਦਿ ਰੱਖਿਆ ਤਾਂ ਅਰਦਾਸ ਕਰਕੇ ਸਾਰਿਆਂ ਦੇ ਵਿਚ ਵਰਤਾ ਦਿੱਤਾ। ਗੁਰੂ ਜੀ ਨੇ ਆਪਣੇ ਚਰਨ ਬੇੜੀ ਵਿਚ ਪਾਏ। ਪ੍ਰਸੰਨ ਹੋ ਕੇ ਬੇੜੀ ਵਿਚ ਬੈਠ ਕੇ ਚਲਾਉਣ ਲੱਗੇ। ਸਾਰੇ ਬੱਚੇ ਬਹੁਤ ਖੁਸ਼ ਸਨ। ਬੇੜੀ ਕਿਨਾਰਾ ਛੱਡ ਕੇ ਜਲ ਵਿਚ ਪਰਵੇਸ਼ ਕਰ ਗਈ। ਬੱਚੇ ਬਹੁਤ ਖੁਸ਼ ਹੋ ਗਏ। ਗੁਰੂ ਜੀ ਨੇ ਉਚਾਰਨ ਕਰਕੇ ਬਚਨ ਕੀਤਾ ਦੋ ਦਿਨ ਵਿਚ ਇਹ ਬੇੜੀ ਸਾਡੀ ਹੋ ਜਾਵੇਗੀ ਤੇ ਇਸ ਤੇ ਬੈਠ ਕੇ ਜਲ ਵਿਚ ਤਰਿਆ ਕਰਾਂਗੇ। ਬੇੜੀ ਦੇ ਮਾਲਕ ਸ਼ਾਹ ਨੇ ਹੱਥ ਜੋੜ ਕੇ ਕਿਹਾ ਇਹ ਤੁਹਾਡੀ ਹੀ ਹੈ। ਇਸ ਨੂੰ ਸ਼ਾਮ ਸਵੇਰ ਜਦ ਜੀਅ ਚਾਹੇ ਲੈ ਲਵੋ। ਗੁਰੂ ਜੀ ਨੇ ਸੁਣ ਕੇ ਹੋਰ ਪਰਸੰਗ ਚਲਾ ਦਿੱਤਾ। ਬੇੜੀ ਡੂੰਘੇ ਪਾਣੀ ਵਿਚ ਚਲੀ ਜਾ ਰਹੀ ਸੀ। ਹੋਰ ਬੇੜੀਆਂ ਦੇ ਨਾਲ ਗੁਰੂ ਜੀ ਦੀ ਬੇੜੀ ਤਰਦੀ ਹੋਈ ਦੌੜੀ। ਸਭ ਤੋਂ ਅੱਗੇ ਹੋ ਕੇ ਕਿਨਾਰੇ ਤੇ ਜਾ ਲੱਗੀ। ਉੱਥੇ ਸਭ ਹੇਠਾਂ ਉਤਾਰੇ। ਗੁਰੂ ਜੀ ਪਾਣੀ ਵਿਚ ਪਰਵੇਸ਼ ਕਰਕੇ ਪਾਣੀ

ਦੇ ਛਿੱਟੇ ਮਾਰ ਕੇ ਹੋਰਨਾ ਨੂੰ ਉਤਰਨ ਤੋਂ ਰੋਕਣ ਲੱਗੇ। ਦਲੇਰੀ ਦੇ ਕੇ ਦੋਵੇਂ ਪਾਸੀਂ ਦੌੜਦੇ ਹਨ ਤੇ ਬਾਲਕਾਂ ਨੂੰ ਪਾਣੀ ਨਾਲ ਭਿਉਂਦੇ ਹਨ। ਅਨੇਕਾਂ ਪ੍ਰਕਾਰ ਦੇ ਕੌਤਕ ਕਰਕੇ ਸਾਰੇ ਲੜਕੇ ਬਹੁਤ ਅਨੰਦ ਮਾਣ ਰਹੇ ਹਨ।

ਇੱਕ ਦਿਨ ਬਹੁਤ ਸਾਰੀਆਂ ਇਸਤਰੀਆਂ ਸੁੰਦਰ ਕੱਪੜੇ ਪਹਿਨ ਕੇ ਆਈਆਂ। ਸਾਰੀਆਂ ਇਸਤਰੀਆਂ ਨੇ ਗੁਰੂ ਜੀ ਦੇ ਗ੍ਰਹਿ ਪਰਵੇਸ਼ ਕਰਕੇ ਮਾਤਾ ਜੀ ਦੇ ਚਰਨਾ ਤੇ ਮੱਥਾ ਟੇਕਿਆ, ਸੁੰਦਰ ਭੇਟਾਵਾਂ ਚੜ੍ਹਾਈਆਂ, ਬਹੁਤ ਕੀਰਤੀ ਕਰਦੇ ਹੋਏ ਆਖਣ ਲੱਗੀਆਂ ਅਸੀਂ ਤਹਾਡੇ ਸੇਵਕ ਹਾਂ। ਪਵਿੱਤਰ ਚਰਨ ਕਮਲਾਂ ਦਾ ਸਿਮਰਨ ਕਰਦੇ ਹਾਂ। ਇਕ ਧਨਵਾਨ ਆਦਮੀ ਦੀ ਪਤਨੀ ਆਪਣੀ ਨੂੰਹ ਨੂੰ ਨਾਲ ਲੈ ਕੇ ਆਈ। ਦਰਾਣੀਆਂ ਜਠਾਣੀਆਂ ਨਾਲ ਸਨ। ਸਾਰੀਆਂ ਗੁਰੂ ਜੀ ਪਾਸੋਂ ਆਪਣੇ ਪੋਤਰੇ ਨੂੰ ਲੈਣ ਵਾਸਤੇ ਆਈਆਂ ਤੇ ਨਾਲ ਅਨੇਕਾਂ ਪਕਵਾਨ ਲਿਆਈਆਂ। ਮਾਤਾ ਗੂਜਰੀ ਜੀ ਨੇ ਆਪਣੇ ਸੇਵਕਾਂ ਨੂੰ ਭੇਜ ਕੇ ਖੇਡ ਰਹੇ ਗੁਰੂ ਪੁੱਤਰ ਨੂੰ ਆਪਣੇ ਪਾਸ ਬੁਲਾਇਆ। ਗੁਰੂ ਜੀ ਆ ਗਏ, ਸਾਰੀਆਂ ਇਸਤਰੀਆਂ ਪ੍ਰਭੂ ਦੇ ਸਰੂਪ ਨੂੰ ਵੇਖਦੀਆਂ ਹਨ। ਮਾਤਾ ਜੀ ਨੇ ਆਖਿਆ ਹੇ ਪੁੱਤਰ ਇਹ ਮਹਾਨ ਧਨਵਾਨ ਸ਼ਾਹਾਂ ਦੀਆਂ ਇਸਤਰੀਆਂ ਪ੍ਰੇਮ ਧਾਰ ਕੇ ਆਪਣੇ ਕੋਲ ਆਈਆਂ ਹਨ। ਇਹ ਆਪਣੇ ਮਨ ਦੀਆਂ ਕਾਮਨਾਵਾਂ ਹਮੇਸ਼ਾਂ ਤੁਹਾਡੇ ਪਾਸੋਂ ਮੰਗਦੀਆਂ ਹਨ। ਫਿਰ ਨੂੰਹ ਨੂੰ ਸਾਹਮਣੇ ਬਿਠਾ ਦਿੱਤਾ ਤੇ ਪੁੱਤਰ ਨੂੰ ਆਖਿਆ ਇਹ ਕਹੋ ਕਿ ਇਸ ਦੇ ਘਰ ਪੁੱਤਰ ਪੈਦਾ ਹੋਵੇ। ਗੁਰੂ ਜੀ ਨੇ ਆਖਿਆ ਕਿ ਤੁਹਾਡੇ ਪਾਸ ਇੱਕ ਸੁੰਦਰ ਬੇੜੀ ਹੈ ਉਹ ਸਾਨੂੰ ਦੇ ਦੇਵੋ, ਪੁੱਤਰ ਹੋਣ ਦੇ ਫੇਰ ਮੈਂ ਬਚਨ ਕਰਾਂਗਾ। ਬਾਲਕ ਸਰੂਪ ਗੁਰੂ ਜੀ ਤੋਂ ਇਹ ਸੁੰਦਰ ਬਚਨ ਸੁਣ ਕੇ ਸਭ ਇਸਤਰੀਆਂ ਹੱਸ ਪਈਆਂ। ਆਖਣ ਲੱਗੀਆਂ ਉੱਤਮ ਬੇੜੀ ਲੈ ਲਵੋ, ਆਪ ਜੀ ਨੂੰ ਦਿੱਤੇ ਸਾਰੇ ਪਦਾਰਥ ਸਫਲ ਹੁੰਦੇ ਹਨ, ਇਹ ਗੱਲ ਸਾਨੂੰ ਬਹੁਤ ਸੋਹਣੀ ਲੱਗੀ ਹੈ। ਧੰਨ ਤੁਸੀਂ ਗੁਰੂ ਜੀ ਹੋ ਜਿਸ ਨੂੰ ਉਪਦੇਸ ਦਿੰਦੇ ਹੋ ਉਹ ਭਗਤੀ ਰੂਪੀ ਬੇੜੀ ਲੈ ਕੇ ਤਰ ਕੇ ਭਵਜਲ ਪਾਰ ਕਰ ਜਾਂਦਾ ਹੈ। ਸਭ ਤਰ੍ਹਾਂ ਦੀਆਂ ਬੇਨਤੀਆਂ ਸੁਣ ਕੇ ਗੁਰੂ ਜੀ ਨੇ ਆਪਣੇ ਸੁੰਦਰ ਹੱਥ ਵਿਚ ਇਕ ਪਤਲੀ ਸੋਟੀ ਫੜ ਲਈ ਤੇ ਗੁਰੂ ਜੀ ਨੇ ਆਪਣੀ ਬਾਂਹ ਉੱਚੀ ਕਰਕੇ ਤੇ ਆਪ ਗਿਣਤੀ ਕਰਕੇ ਸੋਟੀਆਂ ਲਾਉਣ ਲੱਗੇ। ਪੰਜ ਵਾਰ ਉਸ ਇਸਤਰੀ ਦੇ ਸਿਰ ਤੇ ਹੌਲੀ ਹੌਲੀ ਸੋਟੀਆਂ ਰੱਖੀਆਂ ਤੇ ਸੁੰਦਰ ਬਚਨ ਕੀਤੇ ਜਿਸ ਨੂੰ ਸਾਰੀਆਂ ਇਸਤਰੀਆਂ ਸੁਣ ਰਹੀਆਂ ਸਨ। ਇੱਕ, ਦੋ, ਤਿੰਨ, ਚਾਰ ਸ੍ਰੇਸ਼ਟ ਪੰਜ ਪੁੱਤਰ ਹੋਣਗੇ। ਇਹ ਸੁਣ ਕੇ ਉਨ੍ਹਾਂ ਸਾਰੀਆਂ ਨੂੰ ਬਹੁਤ ਖੁਸ਼ੀ ਹੋਈ। ਗੁਰੂ ਸਰੂਪ ਵੱਲੋਂ ਪੁੱਤਰਾਂ ਦੇ ਜਨਮ ਹੋਣ ਬਾਰੇ ਅਨੰਦ ਭਰੇ ਬਚਨ ਇਸਤਰੀਆਂ ਨੇ ਸੁਣੇ। ਸਭ ਇਸਤਰੀਆਂ ਹੱਸ ਹੱਸ ਕੇ ਪ੍ਰਸੰਨ ਹੋ ਰਹੀਆਂ ਸਨ। ਮੁੜ ਮੁੜ ਕੇ ਬੰਦਨਾ ਕਰਦੀਆਂ ਸਨ। ਸਾਰੀਆਂ ਇਸਤਰੀਆਂ ਖੁਸ਼ੀਆਂ ਪ੍ਰਾਪਤ ਕਰਕੇ ਆਪਣੇ ਘਰਾਂ ਨੂੰ ਚਲੇ ਗਈਆਂ। ਸਾਰਾ ਹੀ ਪ੍ਰਸੰਗ ਜਾ ਕੇ ਆਪਣੇ ਪਤੀ ਨੂੰ ਦੱਸਿਆ ਜਾ ਕੇ ਬੇੜੀ

ਨੂੰ ਦੇਵੋ ਤੇ ਇਕਰਾਰ ਨੂੰ ਪੂਰਾ ਕਰੋ। ਇਹ ਸੁਣ ਕੇ ਸ਼ਾਹ ਨੇ ਪ੍ਰਸੰਨ ਹੋ ਕੇ ਕਿਹਾ ਗੁਰੂ ਜੀ ਧੰਨ ਹੈ। ਉਹ ਖੁਸ਼ੀਆਂ ਦੇ ਨਾਲ ਗੁਰੂ ਘਰ ਆਇਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਆਖਿਆ ਆਪ ਜੀ ਦੇ ਤਰਨ ਵਾਸਤੇ ਇਕ ਸੋਹਣੇ ਰੰਗ ਦੀ ਬੇੜੀ ਹੈ ਆਪ ਜੀ ਉਹ ਲੈ ਲਵੋ। ਆਪ ਤਾਂ ਸੰਸਾਰ ਸਾਗਰ ਤੋਂ ਤਰਨ ਵਾਸਤੇ ਪੁਲ ਦਿੰਦੇ ਹੋ। ਨਮਸਕਾਰ ਕਰਕੇ ਸ਼ਾਹ ਨੇ ਬੇੜੀ ਦਿੱਤੀ ਤੇ ਚਲਾ ਗਿਆ। ਸਮਾਂ ਪਾ ਕੇ ਉਸ ਦੇ ਘਰ ਭਾਗਾਂ ਵਾਲੇ ਪੰਜ ਪੁੱਤਰ ਪੈਦਾ ਹੋਏ। ਗੁਰੂ ਸਾਹਿਬ ਧਨੀਆਂ ਦੇ ਪੁੱਤਰਾਂ ਨਾਲ ਮਿਲਕੇ ਖੇਡਦੇ ਸਨ ਤੇ ਬੜੇ ਪ੍ਰਸੰਨ ਹੁੰਦੇ ਸਨ। ਨਦੀ ਦੇ ਜਲ ਦੀਆਂ ਖੇਡਾਂ ਖੇਡਦੇ ਸਨ। ਕਈ ਦਿਨ ਇਸ ਪ੍ਰਕਾਰ ਬਤੀਤ ਕੀਤੇ। ਬਾਲਕ ਸਰੂਪ ਸਤਿਗੁਰਾਂ ਦਾ ਪਟਨੇ ਸ਼ਹਿਰ ਵਿਚ ਬਹੁਤ ਜਸ ਪ੍ਰਗਟ ਹੋਇਆ। ਅਨੇਕ ਸੇਵਕ ਭਾਵਨਾਵਾਂ ਸਹਿਤ ਦਰਸ਼ਨ ਕਰਦੇ ਤੇ ਗਿਆਨ ਦੇ ਸਾਗਰ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ।

## ਰਿੱਛ ਦੀ ਕਲਿਆਣ ਬਾਰੇ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਨੂੰ ਦਰਸ਼ਨ ਬਖਸ਼ਿਸ਼ ਕਰਕੇ ਅਨੰਦਿਤ ਕਰ ਰਹੇ ਹਨ। ਬੇਅੰਤ ਸੰਗਤਾਂ ਸਤਿਗੁਰਾਂ ਦੇ ਚਰਨਾ ਵਿਚ ਭੇਟਾਵਾਂ ਰੱਖ ਕੇ ਦੀਵਾਨ ਵਿਚ ਸਜ ਰਹੀਆਂ ਹਨ। ਅੰਤਰਜਾਮੀ ਸਤਿਗੁਰੂ ਜੀ ਦੇ ਸੀਸ ਤੇ ਸੁੰਦਰ ਚਵਰ ਸਾਹਿਬ ਦੀ ਸੇਵਾ ਇੱਕ ਸਿੱਖ ਕਰ ਰਿਹਾ ਹੈ। ਕੁਝ ਸਮੇਂ ਬਾਅਦ ਇੱਕ ਕਲੰਦਰ ਰਿੱਛ ਲੈ ਕੇ ਆਇਆ। ਰਿੱਛ ਮਹਾਂ ਬਲੀ ਅਤੇ ਵੱਡੇ ਸਰੀਰ ਵਾਲਾ ਹੈ। ਰਿੱਛ ਦੇ ਸਾਰੇ ਅੰਗਾਂ ਤੇ ਬਹੁਤ ਵਾਲ ਸਨ,ਭੂਰਾ ਰੰਗ ਸੀ,ਨੱਕ ਪਾੜ ਕੇ ਨੱਥ ਪਾਈ ਹੋਈ ਸੀ। ਕਲੰਦਰ ਨੇ ਆਪਣੇ ਸਰੀਰ ਨਾਲ ਚਮੜਾ ਲਪੇਟਿਆ ਹੋਇਆ ਸੀ। ਇਹ ਰਿੱਛ ਨੂੰ ਡਰਾਉਣ ਵਾਸਤੇ ਹੱਥ ਵਿਚ ਸੋਟੀ ਫੜੀ ਹੋਈ ਸੀ। ਜਦ ਕਲੰਦਰ ਉਸ ਨੂੰ ਸੋਟੀ ਵਖਾਉਂਦਾ ਸੀ ਤਾਂ ਉਹ ਅੱਗੋਂ ਭਬਕਦਾ ਸੀ। ਸਤਿਗੁਰੂ ਜੀ ਦੀ ਦ੍ਰਿਸ਼ਟੀ ਅੱਗੇ ਉਹ ਭਾਰੀ ਬਲ ਵਿਖਾਉਣ ਲੱਗਾ। ਕਲੰਦਰ ਅਤੇ ਰਿੱਛ ਕੁਸ਼ਤੀ ਕਰਨ ਲੱਗੇ। ਬੜੀਆਂ ਭਿਆਨਕ ਅਵਾਜਾਂ ਕੱਢਦੇ ਸਨ। ਦੋ ਲੱਤਾਂ ਉੱਤੇ ਭਾਲੂ ਖੜ੍ਹਾ ਹੋ ਗਿਆ। ਆਪਸ ਵਿਚ ਉਹ ਜੱਫੇ ਭਰਦੇ ਸਨ। ਇੱਕ ਸਿੱਖ ਨੇ ਵੇਖ ਕੇ ਕਹਿ ਕੇ ਸੁਣਾਇਆ ਇਹ ਭਾਲੂ ਦਾ ਬਹੁਤ ਵੱਡਾ ਅਕਾਰ ਹੈ, ਅਜਿਹਾ ਰਿੱਛ ਪਹਿਲਾਂ ਕਦੇ ਨਹੀਂ ਵੇਖਿਆ। ਇੱਕ ਕੀਰਤੀਆ ਨਾਮ ਦਾ ਚੌਰਬਰਦਾਰ ਸੀ। ਉਹ ਖੜ੍ਹਾ ਹੋ ਕੇ ਬੜਾ ਸੁੰਦਰ ਚੌਰ ਕਰ ਰਿਹਾ ਸੀ। ਸੋਲ਼ਾਂ ਸਾਲ ਜਿਸ ਦੀ ਉਮਰ ਸੀ। ਉਹ ਭਾਲੂ ਨੂੰ ਚਿੱਤ ਵਿਚ ਬੜਾ ਪਰਸੰਨ ਹੋ ਕੇ ਵੇਖ ਰਿਹਾ ਸੀ। ਇਸ ਕੀਰਤੀਏ ਨਾਮ ਦੇ ਸਿੱਖ ਨੇ ਫਿਰ ਕਿਹਾ ਇਸ ਦਾ ਸਰੀਰ ਬਹੁਤ ਵੱਡਾ ਹੈ। ਇਹ ਦੁੱਖ ਦੇਣ ਵਾਲੇ ਨੂੰ ਕਿਵੇਂ ਫੜ ਲਿਆ ਹੈ। ਕਿਹੜੇ ਪਾਪਾਂ ਕਰਕੇ ਇਸ ਦੀ ਐਸੀ ਗਤੀ ਹੋਈ ਹੈ। ਸਤਿਗੁਰੂ ਜੀ ਤੋਂ ਬਗੈਰ ਹੋਰ ਕੋਈ ਨਹੀਂ ਜਾਣ ਸਕਦਾ। ਫਿਰ ਕਿਰਪਾ ਦੇ

ਸਾਗਰ ਗੁਰੂ ਜੀ ਨੇ ਮੁਸਕਰਾ ਕੇ ਸਭ ਸਿੱਖਾਂ ਵਿਚ ਪਰਗਟ ਰੂਪ ਵਿਚ ਕਿਹਾ ਹੇ ਕੀਰਤੀਆ ਪਿਛਲੇ ਜਨਮ ਵਿਚ ਇਹ ਰਿੱਛ ਤੇਰਾ ਬਾਪ ਸੀ। ਵੱਡੇ ਪਾਪਾਂ ਕਰਕੇ ਇਸ ਨੇ ਰਿੱਛ ਦਾ ਸਰੀਰ ਧਾਰਿਆ ਹੈ। ਕੀਰਤੀਏ ਸਮੇਤ ਜਿਹੜੇ ਉੱਥੇ ਸਿੱਖ ਸਨ ਉਨ੍ਹਾਂ ਸਾਰਿਆਂ ਨੇ ਸੁਣ ਕੇ ਮਹਾਂ ਅਚੰਭਾ ਮੰਨਿਆ। ਹੱਥ ਜੋੜ ਕੇ ਬੇਨਤੀ ਕੀਤੀ ਹੇ ਸਤਿਗੁਰੂ ਜੀ ਇਹ ਕੀ ਫਰਮਾਇਆ ਹੈ। ਆਪ ਜੀ ਦੇ ਪਿਤਾ ਪਾਸ ਮੇਰੇ ਪਿਤਾ ਜੀ ਸਦਾ ਸੇਵਾ ਕਰਦੇ ਰਹੇ ਹਨ। ਸੰਗਤ ਦੀ ਅਰਦਾਸ ਕਰਾਉਂਦੇ ਜਿਹੜਾ ਪ੍ਰਸ਼ਾਦਿ ਹੁੰਦਾ ਉਸ ਨੂੰ ਵਰਤਾ ਦਿੰਦੇ ਸਨ। ਉਹ ਨੌਂਵੇਂ ਪਾਤਿਸ਼ਾਹ ਜੀ ਦੀ ਹਜੂਰੀ ਵਿਚ ਰਹਿ ਕੇ ਨਿੱਤ ਸੇਵਾ ਕਰਦੇ ਸਨ। ਜੇ ਉਨ੍ਹਾਂ ਨੂੰ ਐਸਾ ਫਲ ਮਿਲਿਆ ਹੈ ਜਿਨ੍ਹਾਂ ਨੇ ਮਨੁੱਖਾ ਸਰੀਰ ਤੋਂ ਰਿੱਛ ਦਾ ਸਰੀਰ ਪਾਇਆ ਹੈ ਉਸ ਗੁਰੂ ਜੀ ਦੇ ਆਪ ਪੁੱਤਰ ਹੋਂ ਜਿਨ੍ਹਾਂ ਦੀ ਮੇਰੇ ਪਿਤਾ ਜੀ ਸੇਵਾ ਕਰਦੇ ਰਹੇ ਹਨ। ਜੇ ਆਪ ਜੀ ਦੀ ਸੇਵਾ ਕਰਕੇ ਐਸਾ ਫਲ ਮਿਲਦਾ ਹੈ ਤਾਂ ਮਨੁੱਖ ਇਸ ਤਰ੍ਹਾਂ ਸਮਝ ਕੇ ਕਿਵੇਂ ਸੇਵਾ ਕਰ ਸਕਣਗੇ। ਆਪ ਜੀ ਸਾਰੇ ਸਿੱਖਾਂ ਦਾ ਆਸਰਾ ਹੋ, ਕੀ ਕਾਰਨ ਹੋਇਆ ਹੈ ਮੇਰੇ ਪਿਤਾ ਜਿਨ੍ਹਾਂ ਦਾ ਨਾਮ ਗੁਰਦਾਸ ਸੀ ਉਹ ਰਿੱਛ ਦੀ ਜੂਨ ਵਿਚ ਪੈ ਗਏ। ਕਿਰਪਾ ਕਰਕੇ ਮੇਰੇ ਪਿਤਾ ਜੀ ਦੀ ਪਿਛਲੇ ਜਨਮ ਦੀ ਕਥਾ ਸੁਣਾਵੋ। ਫਿਰ ਇਸ ਰਿੱਛ ਦੀ ਜੂਨ ਤੋਂ ਛੁਟਕਾਰਾ ਦੇਵੋ। ਸਤਿਗੁਰੂ ਜੀ ਨੇ ਆਪਣੇ ਚੌਰਬਰਦਾਰ ਭਾਈ ਕੀਰਤੀਆ ਜੀ ਦੀ ਬੇਨਤੀ ਨੂੰ ਮੰਨ ਕੇ ਉਸ ਦੇ ਪਿਤਾ ਭਾਈ ਗੁਰਦਾਸ ਦੀ ਪਿਛਲੇ ਜਨਮ ਦੀ ਕਥਾ ਸੁਣਾਈ।

ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਦੀਵਾਨ ਸਜਿਆ ਹੋਇਆ ਸੀ। ਉਸ ਸਮੇਂ ਗੁਰੂ ਜੀ ਦੇ ਹਜੂਰ ਕੜਾਹ ਪ੍ਰਸ਼ਾਦਿ ਆਇਆ ਤੁਹਾਡੇ ਪਿਤਾ ਜੀ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਸੰਗਤ ਵਿਚ ਵਰਤਾਉਣ ਲੱਗੇ। ਹੌਲ਼ੀ-ਹੌਲ਼ੀ ਸਾਰਿਆਂ ਨੂੰ ਪ੍ਰਸ਼ਾਦਿ ਦਿੰਦੇ ਜਾਂਦੇ ਸਨ। ਉਸ ਸਮੇਂ ਇੱਕ ਸਿੱਖ ਗੱਡੇ ਵਿਚ ਗੁੜ ਲੱਦ ਕੇ ਰਸਤੇ ਤੇ ਚੱਲ ਰਿਹਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਇੱਥੇ ਗੁਰੂ ਜੀ ਦਾ ਦੀਵਾਨ ਸਜਿਆ ਹੋਇਆ ਹੈ ਤਾਂ ਗੁੜ ਦੀ ਇੱਕ ਭੇਲੀ ਆਪਣੇ ਹੱਥ ਵਿਚ ਲੈ ਕੇ ਉਸ ਨੇ ਗੁਰੂ ਜੀ ਅੱਗੇ ਧਰਕੇ ਦਰਸ਼ਨ ਕੀਤੇ ਬੰਦਨਾ ਕਰਕੇ ਬੈਠ ਗਿਆ। ਉੱਧਰ ਇਸ ਸਿੱਖ ਦਾ ਗੱਡਾ ਰਸਤੇ ਵਿਚ ਬਾਕੀ ਗੱਡਿਆਂ ਨਾਲ ਚੱਲ ਰਿਹਾ ਸੀ। ਉਹ ਸਿੱਖ ਆਪਣੇ ਗੱਡੇ ਨੂੰ ਚੱਲਦੇ ਗੱਡਿਆਂ ਵਿਚ ਛੱਡ ਕੇ ਪ੍ਰੇਮ ਸਹਿਤ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਇਸ ਸਿੱਖ ਨੂੰ ਆਪਣਾ ਗੱਡਾ ਸੰਭਾਲਣ ਦੀ ਕਾਹਲ਼ੀ ਸੀ। ਤੇਰੇ ਪਿਤਾ ਜੀ ਉਸ ਸਮੇਂ ਕੜਾਹ ਪ੍ਰਸ਼ਾਦਿ ਵਰਤਾ ਰਹੇ ਸਨ। ਉਹ ਸਿੱਖ ਕਾਹਲ਼ੀ ਨਾਲ ਤੇਰੇ ਪਿਤਾ ਜੀ ਪਾਸ ਗਿਆ ਜਿਸ ਦੇ ਉੱਤੇ ਰਾਹ ਦੀ ਬਹੁਤ ਧੂੜ ਪਈ ਹੋਈ ਸੀ। ਮੂੰਹ ਤੇ ਦਾੜ੍ਹੀ ਮਿੱਟੀ ਵਰਗੇ ਹੋ ਗਏ ਸਨ। ਜਿਸ ਦੇ ਕੱਪੜਿਆਂ ਉੱਤੇ ਮਿੱਟੀ ਚੜ੍ਹੀ ਹੋਈ ਸੀ। ਤੇਰੇ ਪਿਤਾ ਪਾਸੋਂ ਉਸ ਨੇ ਪ੍ਰਸ਼ਾਦਿ ਮੰਗਿਆ ਪਰ ਉਸ ਦੇ ਹੱਥ ਉੱਤੇ ਕੁਝ ਵੀ ਨਾ ਧਰਿਆ ਫਿਰ ਨੇੜੇ ਹੋ ਕੇ ਥੋੜ੍ਹਾ ਪ੍ਰਸ਼ਾਦਿ ਮੰਗਿਆ ਜਿਸ ਦੇ ਮਨ ਦਾ

ਸਿਦਕ ਅਟੱਲ ਸੀ। ਪ੍ਰਸ਼ਾਦਿ ਨੂੰ ਮੁੱਖ ਵਿਚ ਪਾ ਕੇ ਪਵਿੱਤਰ ਹੋਣਾ ਚਾਹੁੰਦਾ ਸੀ ਇਸ ਕਰਕੇ ਬਹੁਤ ਕਾਹਲ਼ਾ ਪੈ ਰਿਹਾ ਸੀ। ਤੇਰੇ ਪਿਤਾ ਨੇ ਬਹੁਤ ਕਰੋਧ ਕਰਕੇ ਉਸ ਸਮੇਂ ਉਸ ਸਿੱਖ ਨੂੰ ਝਿੜਕ ਕੇ ਕਿਹਾ ਹੇ ਮੂਰਖ ਮੱਤ ਵਾਲੇ ਰਿੱਛ ਵਾਂਗ ਭੇਸ ਕਰਕੇ ਕਿਉਂ ਸਾਰਿਆਂ ਉੱਤੇ ਚੜ੍ਹਦਾ ਜਾਂਦਾ ਹੈ, ਪਰ੍ਹੇ ਹੋ ਕੇ ਖਲੋਤਾ ਰਹੁ। ਕਿਉਂ ਅੱਗੇ ਆਉਂਦਾ ਹੈ। ਇਸ ਤਰ੍ਹਾਂ ਸੁਣ ਕੇ ਸਿਦਕ ਵਾਲੇ ਸਿੱਖ ਦਾ ਮਨ ਭੰਗ ਹੋ ਗਿਆ। ਉਹ ਸਰਮਿੰਦਾ ਹੋਇਆ ਧਰਤੀ ਵੱਲ ਵੇਖਣ ਲੱਗਾ, ਧਰਤੀ ਉੱਤੇ ਪ੍ਰਸ਼ਾਦਿ ਦਾ ਇੱਕ ਕਿਣਕਾ ਪਿਆ ਸੀ। ਉਸ ਨੂੰ ਧਰਤੀ ਤੋਂ ਚੁੱਕ ਲਿਆ ਤੇ ਗੁਰੂ ਜੀ ਦਾ ਹਿੱਤ ਜਾਣ ਕੇ ਆਪਣੇ ਮੂੰਹ ਵਿਚ ਪਾ ਲਿਆ। ਫਿਰ ਵਾਹਿਗੁਰੂ ਦਾ ਸਿਮਰਨ ਕਰਕੇ ਤੇਰੇ ਪਿਤਾ ਨੂੰ ਉਚਾਰਨ ਕਰਕੇ ਸਰਾਪ ਦਿੱਤਾ, ਤੇਰੇ ਵਿਚ ਲੇਸ ਮਾਤਰ ਵੀ ਗੁਰਸਿੱਖੀ ਨਹੀਂ ਹੈ ਹੁਣ ਤੇਰਾ ਸਰੀਰ ਰਿੱਛ ਹੋ ਜਾਵੇਗਾ। ਬੜੀ ਕਾਹਲ਼ੀ-ਕਾਹਲ਼ੀ ਚਲੇ ਗਿਆ ਤੇ ਗੱਡਿਆਂ ਨੂੰ ਜਾ ਕੇ ਮਿਲਿਆ ਤੇ ਆਪਣਾ ਗੱਡਾ ਸੰਭਾਲ ਕੇ ਚੱਲ ਪਿਆ।

ਕੁਝ ਦਿਨ ਬੀਤਣ ਤੋਂ ਉਪਰੰਤ ਜਦੋਂ ਤੇਰੇ ਪਿਤਾ ਜੀ ਦੀ ਉਮਰ ਪੂਰੀ ਹੋਈ ਤਾਂ ਉਹ ਮੌਤ ਦੇ ਵਸ ਹੋ ਗਿਆ। ਕਿਸੇ ਪਹਾੜ ਤੇ ਜਾ ਕੇ ਰਿੱਛ ਦਾ ਸਰੀਰ ਧਾਰਨ ਕੀਤਾ। ਜਦੋਂ ਇਸ ਦਾ ਸਰੀਰ ਛੋਟਾ ਸੀ ਇਸ ਕਲੰਦਰ ਨੇ ਫੜ ਲਿਆ। ਪ੍ਰੇਮੀ ਸਿੱਖ ਦਾ ਬਚਨ ਕਦੇ ਨਿਸਫਲ ਨਹੀਂ ਜਾਂਦਾ। ਸਾਰਿਆਂ ਨੇ ਸੁਣ ਕੇ ਅਸਚਰਜ ਮੰਨਿਆ। ਉਸ ਦੇ ਪੁੱਤਰ ਨੇ ਫਿਰ ਹੱਥ ਜੋੜ ਕੇ ਕਿਹਾ ਆਪ ਜੀ ਨੇ ਮੇਰੇ ਪਿਤਾ ਜੀ ਦੀ ਪਿਛਲੇ ਜਨਮ ਦੀ ਕਥਾ ਸੁਣਾਈ ਹੈ ਹੁਣ ਕਿਰਪਾ ਕਰਕੇ ਆਪਣੇ ਸਿੱਖ ਨੂੰ ਮੁਕਤ ਕਰ ਦਿਉ। ਉਸ ਸਮੇਂ ਗੁਰੂ ਜੀ ਨੇ ਇੱਕ ਸਿੱਖ ਨੂੰ ਭੇਜਿਆ ਤੇ ਕਿਹਾ ਕਲੰਦਰ ਨੂੰ ਕਹੋ ਮੁੱਲ ਲੈ ਕੇ ਰਿੱਛ ਦੇ ਜਾਵੇ। ਇਹ ਸੁਣ ਕੇ ਫਿਰ ਕਲੰਦਰ ਨੇ ਕਿਹਾ ਇਸ ਵਰਗਾ ਕੋਈ ਹੋਰ ਰਿੱਛ ਨਹੀਂ ਹੈ। ਇਸ ਦੇ ਨਾਲ ਹੀ ਮੇਰੀ ਕਮਾਈ ਚਲਦੀ ਹੈ ਇਸ ਕਰਕੇ ਮੈਂ ਪਿੰਡਾਂ ਨਗਰਾਂ ਤੋਂ ਬਹੁਤ ਭਿਖਿਆ ਲੈਂਦਾ ਹਾਂ। ਮੈਨੂੰ ਦੋ ਸੌ ਰੁਪਏ ਦੇਵੋ ਤੇ ਰਿੱਛ ਨੂੰ ਆਪ ਲੈ ਲਵੋ। ਸਤਿਗੁਰੂ ਜੀ ਨੇ ਕਿਹਾ ਇੰਨੇ ਹੀ ਦੇ ਦੇਵੋ। ਉਹ ਸਿੱਖ ਉੱਥੇ ਗਿਆ ਜਿੱਥੇ ਖਜਾਨਾ ਸੀ। ਖਜਾਨੇ ਵਿਚੋਂ ਪੈਸੇ ਲੈ ਕੇ ਦੇਣ ਵਾਸਤੇ ਕਲੰਦਰ ਕੋਲ ਗਿਆ। ਫਿਰ ਉਹ ਮੁੱਕਰ ਗਿਆ ਤੇ ਉਸ ਨੇ ਪੈਸੇ ਨਾ ਲਏ। ਕਹਿਣ ਲੱਗਿਆ ਮੈਂ ਬਹੁਤ ਪੈਸੇ ਲਵਾਂਗਾ। ਵਾਪਸ ਆ ਕੇ ਸਿੱਖ ਨੇ ਗੁਰੂ ਜੀ ਨੂੰ ਦੱਸਿਆ ਹੁਣ ਪੈਸੇ ਨਹੀਂ ਲੈਂਦਾ ਕੁਝ ਹੋਰ ਹੀ ਕਹਿੰਦਾ ਹੈ। ਤਦ ਗੁਰੂ ਜੀ ਨੇ ਕਿਹਾ ਕਿ ਰਿੱਛ ਕਲੰਦਰ ਪਾਸੋਂ ਖੋਹ ਲਵੋ। ਸਿੱਖ ਨੇ ਉਸੇ ਤਰ੍ਹਾਂ ਹੀ ਕੀਤਾ। ਰਿੱਛ ਨੂੰ ਲਿਆ ਕੇ ਇੱਕ ਅਸਥਾਨ ਤੇ ਬੰਨ੍ਹ ਦਿੱਤਾ। ਦਿਨ ਬੀਤ ਗਿਆ ਰਾਤ ਪੈ ਗਈ। ਜਦ ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਫਰਮਾਇਆ ਦੋ ਸੌ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਵਾਵੋ। ਸੁੱਚਮਤਾ ਰੱਖ ਕੇ ਜਲਦੀ ਨਾਲ ਤਿਆਰ ਕਰਕੇ ਲੈ ਆਵੋ। ਕੜਾਹ ਪ੍ਰਸ਼ਾਦਿ ਤਿਆਰ ਕਰਕੇ ਗੁਰੂ ਜੀ ਦੇ ਪਾਸ ਲੈ ਆਏ। ਖੜ੍ਹੇ ਹੋ ਕੇ ਅਰਦਾਸ ਕੀਤੀ। ਸਤਿਗੁਰੂ ਜੀ ਨੇ ਪ੍ਰਸ਼ਾਦਿ ਆਪਣੇ ਹੱਥ

ਵਿਚ ਲੈ ਕੇ ਕਿਣਕਾ ਮਾਤਰ ਛਕਿਆ। ਸੀਤ ਪ੍ਰਸ਼ਾਦਿ ਰਿੱਛ ਨੂੰ ਦਿੱਤਾ। ਜਦ ਰਿੱਛ ਨੇ ਪ੍ਰਸ਼ਾਦਿ ਨੂੰ ਆਪਣੇ ਮੁੱਖ ਵਿਚ ਪਾਇਆ ਤੇ ਪੇਟ ਵਿਚ ਜਾਂਦਿਆਂ ਹੀ ਤੁਰੰਤ ਮਰ ਗਿਆ। ਸਰਾਪ ਸਭ ਦੂਰ ਹੋ ਗਏ। ਉੱਤਮ ਗਤੀ ਨੂੰ ਪ੍ਰਾਪਤ ਹੋਇਆ, ਸਾਰੇ ਸਿੱਖਾਂ ਨੇ ਵੱਡਾ ਅਚੰਭਾ ਵੇਖਿਆ ਅਤੇ ਕਹਿੰਦੇ ਸਨ ਕਿ ਸਤਿਗੁਰੂ ਜੀ ਆਪਣੀ ਗਤੀ ਨੂੰ ਆਪ ਹੀ ਜਾਣਦੇ ਹਨ।

## ਰਤਨ ਰਾਏ ਨੇ ਅਨੰਦਪੁਰ ਸਾਹਿਬ ਵਿਖੇ ਦਰਸ਼ਨ ਕਰਨੇ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਦ ਕਾਮਰੂਪ ਦੇਸ ਦੇ ਪਾਸ ਗਏ ਉਥੇ ਰਾਜਾ ਬਿਸ਼ਨ ਸਿੰਘ ਅਤੇ ਕਾਮਰੂਪ ਦੇਸ ਦੇ ਰਾਜੇ ਦੀਂ ਸੰਧੀ ਕਰਾ ਦਿੱਤੀ ਸੀ। ਜਦ ਇੱਧਰ ਆਉਣ ਦੀ ਤਿਆਰੀ ਕੀਤੀ ਤਾਂ ਅਸਾਮ ਦੇਸ ਦਾ ਇੱਕ ਰਾਜਾ ਰਾਮ ਜਿਸ ਦੇ ਘਰ ਕੋਈ ਪੁੱਤਰ ਪੈਦਾ ਨਹੀਂ ਹੋਇਆ ਸੀ ਉਹ ਅਨੇਕਾਂ ਉਪਾਅ ਕਰਕੇ ਥੱਕ ਗਿਆ ਸੀ। ਉਸ ਦੀ ਸੁੰਦਰ ਜੁਆਨੀ ਬੀਤ ਗਈ ਸੀ। ਉਹ ਰਾਜਾ ਗੁਰੂ ਜੀ ਦਾ ਸ੍ਰੇਸਟ ਜਸ ਸੁਣ ਕੇ ਬਹੁਤ ਪ੍ਰਸੰਨ ਹੋਇਆ। ਰਾਜਾ ਆਪਣੀ ਰਾਣੀ ਨੂੰ ਨਾਲ ਲੈ ਕੇ ਉੱਥੇ ਆ ਮਿਲਿਆ ਜਿਥੇ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਡੇਰਾ ਸੀ। ਅਨੇਕਾਂ ਉਪਹਾਰ ਅਰਪਣ ਕਰਕੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੇਰੇ ਘਰ ਪੁੱਤਰ ਨਹੀਂ ਹੈ ਕਿਰਪਾ ਕਰਕੇ ਰਾਜ ਦਾ ਮਾਲਕ ਬਖਸ਼ਿਸ਼ ਕਰੋ। ਉਸ ਸਮੇਂ ਗੁਰੂ ਜੀ ਦੇ ਹੱਥ ਵਿਚ ਇੱਕ ਮੋਹਰ ਸੀ। ਉਸ ਮੋਹਰ ਨੂੰ ਗੁਰੂ ਜੀ ਨੇ ਉਸ ਰਾਜੇ ਦੇ ਪੱਟ ਉੱਤੇ ਲਾ ਦਿੱਤਾ ਫਿਰ ਉਸ ਨੂੰ ਵਰ ਦੇ ਕੇ ਬਚਨ ਕਹੇ ਤੇਰੇ ਘਰ ਵਿਚ ਪੁੱਤਰ ਪੈਦਾ ਹੋਵੇਗਾ ਉਸ ਦੇ ਸਿਰ ਉੱਤੇ ਸਾਡੀ ਮੋਹਰ ਹੋਵੇਗੀ। ਗੁਰੂ ਜੀ ਤੋਂ ਵਰ ਲੈ ਕੇ ਰਾਜਾ ਆਪਣੇ ਘਰ ਨੂੰ ਚਲਾ ਗਿਆ। ਇੱਕ ਸਾਲ ਬਾਅਦ ਪੁੱਤਰ ਪੈਦਾ ਹੋਇਆ ਜਿਸਦਾ ਨਾਂਅ ਰਤਨ ਰਾਇ ਰਖਿਆ ਗਿਆ। ਲੋਕਾਂ ਵਿਚ ਬਹੁਤ ਧਨ ਵੰਡਿਆ। ਪਿਆਰੇ ਪੁੱਤਰ ਦਾ ਬਹੁਤ ਪਿਆਰ ਨਾਲ ਪਾਲਣ ਪੋਸ਼ਣ ਕੀਤਾ। ਰਾਜਾ ਰਾਣੀ ਗੁਰੂ ਜੀ ਦਾ ਬਹੁਤ ਜਸ ਉਚਾਰਨ ਕਰਦੇ। ਜਦ ਸੱਤ ਸਾਲ ਦਾ ਇਹ ਪੁੱਤਰ ਹੋਇਆ ਤਾਂ ਉਮਰ ਪੂਰੀ ਹੋਣ ਤੇ ਰਾਜਾ ਮਰ ਗਿਆ, ਮਾਤਾ ਜਿਊਂਦੀ ਰਹੀ। ਇਸ ਦੀ ਸੇਵਾ ਸੰਭਾਲ ਮਾਤਾ ਕਰਦੀ ਰਹੀ। ਜਦ ਬਾਰਾਂ ਸਾਲ ਦਾ ਪੁੱਤਰ ਹੋਇਆ ਤਾਂ ਇੱਕ ਦਿਨ ਭਲੀ ਪਰਕਾਰ ਸ਼ੀਸ਼ਾ ਵੇਖਿਆ। ਕੇਸਾਂ ਵਿਚ ਕੰਘਾ ਕਰਕੇ ਫਿਰ ਜੂੜਾ ਬੰਨ੍ਹ ਲਿਆ। ਸ਼ੀਸ਼ੇ ਵਿਚ ਆਪਣੇ ਸਿਰ ਨੂੰ ਵੇਖ ਕੇ ਉਸ ਉੱਤੇ ਮੋਹਰ ਦਾ ਚਿੰਨ੍ਹ ਵੇਖਿਆ। ਉਂਗਲੀ ਨਾਲ ਉੱਥੋਂ ਕੇਸ ਹਟਾਏ ਤੇ ਬਾਰ-ਬਾਰ ਉਸ ਥਾਂ ਨੂੰ ਵੇਖਿਆ। ਚਿੰਨ੍ਹ ਵਾਲੇ ਸਥਾਨ ਉੱਤੇ ਕੇਸ ਨਹੀਂ ਉਗੇ ਹਨ, ਕੀ ਕਾਰਨ ਹੈ। ਛੋਟੀ ਉਮਰ ਵਿਚ ਹੀ ਕੋਈ ਸੱਟ ਲੱਗੀ ਹੈ ਜਾਂ ਇੱਥੇ ਕੋਈ ਫੋੜਾ ਨਿੱਕਲਿਆ ਹੈ। ਇਸ ਤਰ੍ਹਾਂ ਰਾਜੇ ਦਾ ਪੁੱਤਰ ਸ਼ੰਕਾ ਵਿਚ ਪੈ ਗਿਆ। ਪੱਗ ਬੰਨ੍ਹਦਾ ਵਿਚਾਰ ਕਰਦਾ ਸੀ ਮੇਰੇ ਮਾਤਾ ਜੀ ਇਸ ਕਾਰਨ ਨੂੰ ਜਾਣਦੇ

ਹੋਣਗੇ। ਇਸ ਤਰ੍ਹਾਂ ਮਨ ਵਿਚ ਧਾਰ ਕੇ ਚਲਾ ਗਿਆ ਜਿੱਥੇ ਮਾਤਾ ਰਾਣੀ ਦਾ ਨਿਵਾਸ ਸੀ। ਉੱਥੇ ਰਾਣੀ ਦੇ ਪਾਸ ਬੈਠ ਕੇ ਪੁੱਛਿਆ ਮੇਰੇ ਸਿਰ ਵਿਚ ਜਿਹੜਾ ਨਿਸ਼ਾਨ ਹੈ ਕੀ ਕਾਰਨ ਹੈ। ਇੱਥੇ ਸੱਟ ਲੱਗੀ ਸੀ ਜਾਂ ਫੋੜਾ ਨਿੱਕਲਿਆ ਸੀ, ਉੱਥੇ ਕੇਸ ਨਹੀਂ ਉਗੇ ਕਿਹੜਾ ਖੋਟ ਹੈ। ਇਹ ਸੁਣ ਕੇ ਰਾਣੀ ਨੇ ਸਾਰਾ ਬਿਰਤਾਂਤ ਕਿਹਾ। ਇੱਧਰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਏ ਹੋਏ ਸਨ। ਅਸੀਂ ਉਨ੍ਹਾਂ ਦੇ ਪਾਸ ਪੁੱਤਰ ਦੀ ਦਾਤ ਮੰਗਣ ਵਾਸਤੇ ਬੇਨਤੀ ਕੀਤੀ ਸੀ। ਉਸ ਸਮੇਂ ਗੁਰੂ ਜੀ ਨੇ ਆਪਣੇ ਹੱਥ ਨਾਲ ਤੇਰੇ ਪਿਤਾ ਜੀ ਦੇ ਪੱਟ ਤੇ ਮੋਹਰ ਲਾਈ ਸੀ। ਪੁੱਤਰ ਦਾ ਵਰ ਦਿੰਦੇ ਸਮੇਂ ਬਚਨ ਕੀਤੇ ਸਨ ਕਿ ਇਹ ਮੋਹਰ ਤੁਹਾਡੇ ਪੁੱਤਰ ਦੇ ਸਿਰ ਤੇ ਹੋਵੇਗੀ, ਉਹ ਸਾਡਾ ਸਿੱਖ ਹੋਵੇਗਾ। ਰਾਜੇ ਦਾ ਪੁੱਤਰ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ ਇਹ ਅਦਭੁਤ ਕਾਰਨ ਦੱਸਿਆ ਹੈ। ਹੇ ਮੇਰੇ ਮਾਤਾ ਜੀ ਉਹ ਸਤਿਗੁਰੂ ਜੀ ਹੁਣ ਕਿੱਥੇ ਹਨ ਜਿਨ੍ਹਾਂ ਵਿਚ ਇੰਨੀ ਮਹਾਨ ਸ਼ਕਤੀ ਹੈ, ਜਿਨ੍ਹਾਂ ਦੇ ਵਰ ਨਾਲ ਮੇਰਾ ਜਨਮ ਹੋਇਆ ਹੈ। ਰਾਣੀ ਨੇ ਕਿਹਾ ਉਹ ਸਤਿਗੁਰੂ ਜੀ ਤਾਂ ਬੈਕੁੰਠ ਚਲੇ ਗਏ ਹਨ। ਉਨ੍ਹਾਂ ਦੀ ਗੱਦੀ ਉਤੇ ਉਨ੍ਹਾਂ ਦਾ ਪੁੱਤਰ ਬੈਠਾ ਹੈ। ਉਹ ਪਟਨੇ ਸ਼ਹਿਰ ਵਿਚ ਪੈਦਾ ਹੋਏ ਸਨ ਅਤੇ ਹੁਣ ਉਹ ਪੰਜਾਬ ਦੇਸ ਵਿਚ ਟਿਕੇ ਹੋਏ ਹਨ। ਉਹ ਆਪਣੇ ਦੇਸ ਤੋਂ ਬਹੁਤ ਦੂਰ ਹੈ। ਰਾਜੇ ਦਾ ਪੁੱਤਰ ਸੁਣ ਕੇ ਬਹੁਤ ਪਰਸੰਨ ਹੋਇਆ ਤੇ ਦਰਸ਼ਨ ਕਰਨ ਦੀ ਇੱਛਾ ਜਾਗੀ। ਆਪਣੀ ਮਾਤਾ ਜੀ ਦੇ ਕਹਿਣ ਉਸ ਦਿਨ ਤੋਂ ਤਿਆਰੀ ਕਰਵਾਉਣ ਲੱਗਾ। ਭੇਟਾ ਵਾਸਤੇ ਅਜੀਬ ਵਸਤਾਂ ਦੀ ਖੋਜ ਕਰਨ ਲੱਗਾ। ਆਪਣੇ ਮੰਤਰੀਆਂ ਨਾਲ ਸਲਾਹ ਕੀਤੀ ਤੇ ਉਪਹਾਰ ਦੇ ਤੌਰ ਤੇ ਅਰਪਣ ਕਰਨ ਵਾਸਤੇ ਕਈ ਘੋੜੇ ਲਏ। ਸਾਰੇ ਘੋੜੇ ਬੜੇ ਚੰਚਲ, ਬਲਵਾਨ ਅਤੇ ਤੇਜ ਦੌੜਨ ਵਾਲੇ ਸਨ ਜਿਨ੍ਹਾਂ ਉੱਤੇ ਜਰੀ ਅਤੇ ਸੋਨੇ ਦੀਆਂ ਕਾਠੀਆਂ ਪਾਈਆਂ ਹੋਈਆਂ ਸਨ। ਇੱਕ ਅਦਭੁਤ ਹਾਥੀ ਸੀ ਉਸ ਦਾ ਅਕਾਰ ਛੋਟਾ ਸੀ। ਰੋਟੀ ਦੇ ਅਕਾਰ ਜਿੱਡਾ ਸਫੇਦ ਮੱਥਾ ਬਹੁਤ ਸੋਹਣਾ ਲੱਗਦਾ ਸੀ। ਇੱਕ ਚਿੱਟੀ ਲਕੀਰ ਸੁੰਡ ਤੱਕ ਉੱਤਰੀ ਹੋਈ ਸੀ, ਫਿਰ ਸਿਰ ਤੋਂ ਹੋ ਕੇ ਪਿੱਛੇ ਤੱਕ ਗਈ ਸੀ। ਹੋਰ ਸਾਰਾ ਸਰੀਰ ਕਾਲਾ ਸੀ। ਉਸ ਹਾਥੀ ਨੂੰ ਭਲੀ ਪਰਕਾਰ ਸਿੱਖਿਆ ਦਿੱਤੀ ਹੋਈ ਸੀ ਜਿਵੇਂ ਮੁਹਾਵਤ ਉਸ ਤੋਂ ਕਰਾਉਣਾ ਚਾਹੁੰਦਾ ਸੀ ਉਸ ਤਰ੍ਹਾਂ ਹੀ ਕਰ ਦਿੰਦਾ ਸੀ। ਸੁੰਡ ਵਿਚ ਮਸਾਲ ਫੜ ਲੈਂਦਾ ਸੀ। ਖੜ੍ਹੇ ਹੋ ਕੇ ਬਹੁਤ ਪਰਕਾਸ਼ ਕਰਦਾ ਸੀ। ਰਾਜੇ ਦੇ ਸਿਰ ਤੇ ਚੌਰ ਕਰਦਾ ਸੀ। ਜਿੰਨੇ ਵੀ ਕੋਈ ਤੀਰ ਚਲਾਉਂਦਾ ਸੀ ਉਹ ਲੱਭ ਕੇ ਲਿਆਉਂਦਾ ਸੀ। ਇਸ ਤਰ੍ਹਾਂ ਉਸ ਹਾਥੀ ਵਿਚ ਬਹੁਤ ਗੁਣ ਸਨ। ਰਾਜੇ ਦੇ ਪੁੱਤਰ ਨੇ ਅਜਿਹੇ ਗੁਣ ਸੁਣਕੇ ਮੂੰਹ ਮੰਗਿਆ ਧਨ ਭੇਜਿਆ। ਉਸ ਹਾਥੀ ਨੂੰ ਪਰਸੰਨ ਹੋ ਕੇ ਗੁਰੂ ਜੀ ਵਾਸਤੇ ਲੈ ਲਿਆ। ਖੰਡ ਘਿਉ ਆਦਿ ਖਾਣ ਨੂੰ ਦਿੱਤਾ। ਪੰਜ ਕਲਾਂ ਵਾਲਾ ਇੱਕ ਅਜੀਬ ਸ਼ਸਤਰ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਤਿਆਰ ਕਰਵਾਇਆ। ਇੱਕ ਅਜੀਬ ਚੌਂਕੀ ਸਤਿਗੁਰੂ ਜੀ ਵਾਸਤੇ ਲਈ।

ਜਦ ਇਸ ਚੌਂਕੀ ਦੀ ਕਲ ਨੂੰ ਦੱਬਦੇ ਸਨ ਤਾਂ ਚਾਰ ਪੁਤਲੀਆਂ ਨਿੱਕਲ ਕੇ ਬੈਠ ਜਾਂਦੀਆਂ ਸਨ। ਕਈ ਸੁੰਦਰ ਗਹਿਣੇ ਕਢਵਾਏ ਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਪਣੀ ਤਿਆਰੀ ਕਰ ਲਈ। ਸਿਆਣੀ ਮਾਤਾ ਨੂੰ ਨਾਲ ਲੈ ਕੇ ਰਤਨ ਰਾਇ ਨੇ ਅਨੰਦਪੁਰ ਸਾਹਿਬ ਪਹੁੰਚ ਗਏ। ਤੰਬੂ ਲਗਵਾ ਕੇ ਡੇਰਾ ਕੀਤਾ ਖਬਰ ਦੇਣ ਵਾਸਤੇ ਆਪਣਾ ਭਰੋਸੇ ਵਾਲਾ ਸੇਵਕ ਭੇਜਿਆ। ਉਸ ਨੇ ਸਤਿਗੁਰੂ ਕੋਲ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਆਸਾਮ ਦੇਸ ਦੇ ਰਾਜੇ ਦਾ ਪੁਤਰ ਰਤਨ ਰਾਇ ਆਪ ਜੀ ਦੇ ਦਰਸ਼ਨ ਕਰਨ ਆਇਆ ਹੈ। ਇਹ ਸੁਣ ਕੇ ਕਲਗੀਧਰ ਨੇ ਹੁਕਮ ਕੀਤਾ ਕਿ ਉਨ੍ਹਾਂ ਨੂੰ ਗੁਰੂ ਘਰ ਤੋਂ ਲੰਗਰ ਭੇਜੋ ਅਤੇ ਘੋੜਿਆਂ ਵਾਸਤੇ ਘਾਹ, ਦਾਣੇ, ਘਿਓ, ਖੰਡ ਅਤੇ ਨਿਹਾਰੀਆਂ ਭੇਜੋ। ਮਸੰਦਾਂ ਨੇ ਗੁਰੂ ਜੀ ਦੇ ਹੁਕਮਾਂ ਅਨੁਸਾਰ ਲੋੜੀਂਦੀਆਂ ਵਸਤਾਂ ਤੁਰੰਤ ਪਹੁੰਚਾ ਦਿੱਤੀਆਂ। ਲੰਗਰ ਛਕ ਕੇ ਸੁਖਾਂ ਨਾਲ ਰਾਤ ਬਤੀਤ ਕੀਤੀ। ਸਵੇਰੇ ਸੌਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ। ਰਤਨ ਰਾਇ ਨੇ ਆਪਣੇ ਸੇਵਾਦਾਰ ਨੂੰ ਸਤਿਗੁਰੂ ਜੀ ਦੇ ਦਰਬਾਰ ਵਿਚ ਦਰਸ਼ਨ ਕਰਨ ਦੀ ਬੇਨਤੀ ਕਰਨ ਲਈ ਭੇਜਿਆ। ਕਲਗੀਧਰ ਜੀ ਨੇ ਹੁਕਮ ਕੀਤਾ ਕਿ ਦਿਨ ਦੇ ਤੀਸਰੇ ਪਹਿਰ ਅਸੀਂ ਦਰਸ਼ਨ ਦੇਣ ਵਾਸਤੇ ਬੈਠਾਂਗੇ। ਉਸ ਸਮੇ ਆ ਕੇ ਆਪਣੀ ਇਛਾ ਪੂਰੀ ਕਰ ਲੇਣਾ। ਸੇਵਕ ਰਾਜੇ ਦੇ ਡੇਰੇ ਵਿਚ ਗਿਆ ਤੇ ਗੁਰੂ ਜੀ ਦਾ ਹੁਕਮ ਸੁਣਾਇਆ। ਦਿਨ ਦੇ ਤੀਜੇ ਪਹਿਰ ਰਤਨ ਰਾਇ ਸਾਰੀਆਂ ਭੇਟਾਂਵਾਂ ਲੈ ਕੇ ਸੂਰਮਿਆਂ ਦੇ ਸਮੇਤ ਨੰਗੇ ਪੈਰ ਸਤਿਗੁਰੂਆਂ ਦੇ ਦਰ ਤੇ ਪਹੁੰਚ ਕੇ ਸੀਸ ਨਿਵਾ ਕੇ ਅੰਦਰ ਪਰਵੇਸ਼ ਕੀਤਾ। ਕਲਗੀਧਰ ਦੇ ਦਰਸ਼ਨ ਕਰਕੇ ਸਾਰਿਆਂ ਨੇ ਮੱਥਾ ਟੇਕਿਆ। ਉਸ ਸਮੇਂ ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ ਤਦ ਮੰਤਰੀ ਨੇ ਹੱਥ ਜੋੜ ਕੇ ਕਿਹਾ ਕਿ ਵੱਡੇ ਗੁਰੂ ਜੀ ਉਸ ਅਸਥਾਨ ਤੇ ਪਹੁੰਚੇ ਹੋਏ ਸਨ। ਉਥੇ ਇਨ੍ਹਾਂ ਦੇ ਪਿਤਾ ਰਾਜਾ ਰਾਮ ਵੱਡੇ ਗੁਰੂ ਜੀ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਉਸ ਸਮੇਂ ਬੇਨਤੀ ਕੀਤੀ ਸੀ ਕਿ ਅਸੀਂ ਬਹੁਤ ਯਤਨ ਕੀਤੇ ਹਨ ਪਰ ਸਾਡੇ ਘਰ ਪੁੱਤਰ ਪੈਦਾ ਨਹੀਂ ਹੋਇਆ। ਤੁਸੀਂ ਕਿਰਪਾ ਕਰ ਕੇ ਰਾਜ ਦਾ ਮਾਲਕ ਬਖਸ਼ੋ। ਗੁਰੂ ਜੀ ਨੇ ਕਿਰਪਾ ਕਰਕੇ ਮੋਹਰ ਲਾ ਕੇ ਪੁੱਤਰ ਦਾ ਵਰ ਦਿੱਤਾ। ਜਦੋਂ ਇਨ੍ਹਾਂ ਦਾ ਜਨਮ ਹੋਇਆ ਗੁਰੂ ਜੀ ਦੀ ਮੋਹਰ ਦਾ ਚਿੰਨ੍ਹ ਇਨ੍ਹਾਂ ਦੇ ਸਿਰ ਉੱਤੇ ਹੈ। ਵੱਡੇ ਹੋ ਕੇ ਇਨ੍ਹਾਂ ਨੇ ਦਸਤਾਰ ਸਜਾਂਉਦੇ ਸਮੇਂ ਇਹ ਚਿੰਨ੍ਹ ਵੇਖਿਆ। ਇਹ ਸਾਰਾ ਪ੍ਰਸੰਗ ਆਪਣੀ ਮਾਤਾ ਜੀ ਪਾਸੋਂ ਸੁਣਿਆ ਕੀਮਤੀ ਭੇਟਾਂਵਾਂ ਲੈ ਕੇ ਹੁਣ ਇਹ ਆਪ ਜੀ ਦੇ ਚਰਨਾਂ ਵਿਚ ਪਹੁੰਚੇ ਹਨ। ਸਾਰੀਆਂ ਭੇਟਾਂਵਾਂ ਬਾਰੇ ਗੁਰੂ ਜੀ ਨੂੰ ਦੱਸਿਆ ਭੇਟਾਂਵਾਂ ਵੇਖ ਕੇ ਸਤਿਗੁਰੂਆਂ ਨੇ ਰਤਨ ਰਾਇ ਨੂੰ ਬਹੁਤ ਖੁਸ਼ੀਆਂ ਬਖਸ਼ੀਆਂ।

## ਕਾਲ ਝਿਰਾਣੀ ਵਿਖੇ ਕਾਂ ਅਤੇ ਸੱਪ ਦਾ ਉਧਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੱਚੇ ਪਾਤਸ਼ਾਹ ਘੋੜੇ ਤੇ ਸਵਾਰ ਹੋ ਕੇ

ਸਿੱਖ ਸੂਰਮਿਆਂ ਦੇ ਸਮੇਤ ਬੋਹੜੀ ਪਿੰਡ ਜਿਲ੍ਹਾ ਬਠਿੰਡਾ ਵਿਚ ਪਹੁੰਚੇ। ਉੱਥੋਂ ਚੱਲ ਕੇ ਕਾਲ ਝਿਰਾਣੀ ਪਹੁੰਚ ਗਏ। ਉਥੇ ਇਕ ਫਲਾਹੀ ਦਾ ਬ੍ਰਿਛ ਸੀ। ਉਸ ਬ੍ਰਿਛ ਵਿਚ ਇਕ ਕਾਲੇ ਰੰਗ ਦਾ ਕਾਂ ਰਹਿੰਦਾ ਸੀ। ਉਸ ਨੂੰ ਵੇਖ ਕੇ ਸਤਿਗੁਰੂ ਜੀ ਨੇ ਕਿਹਾ ਧਰਮ ਸਿੰਘ ਬ੍ਰਿੱਛ ਵੱਲ ਵੇਖੋ। ਆਲ੍ਹਣਾ ਬਣਾ ਕੇ ਇਸ ਵਿਚ ਵੀ ਕਾਂ ਰਹਿੰਦਾ ਹੈ। ਆਲ੍ਹਣੇ ਵਿਚ ਇਸ ਦੇ ਤਿੰਨ ਬੱਚੇ ਹਨ। ਇਨ੍ਹਾਂ ਵਿਚੋਂ ਜਿਹੜਾ ਚੁੰਝ ਖੋਲ ਕੇ ਤੁਹਾਡੇ ਵੱਲ ਆਵੇਗਾ ਉਸ ਦੀ ਧੌਣ ਮਰੋੜ ਦੇਵੋ ਹੋਰ ਦੋਹਾਂ ਨੂੰ ਕੁਝ ਨਾ ਕਹੋ। ਫਲਾਹੀ ਉੱਪਰ ਚੜ੍ਹ ਕੇ ਪਕੜ ਲਵੋ। ਗੁਰੂ ਜੀ ਦਾ ਹੁਕਮ ਸੁਣ ਕੇ ਦੋਵੇਂ ਭਰਾ ਗਏ। ਉਨ੍ਹਾਂ ਨੇ ਕਾਂ ਦੇ ਬੱਚੇ ਤੇ ਉਨ੍ਹਾਂ ਦੇ ਪਿਉ ਨੂੰ ਦੇਖਿਆ। ਧਰਮ ਸਿੰਘ ਦਰੱਖਤ ਦੇ ਥੱਲੇ ਖੜ੍ਹਾ ਹੋ ਗਿਆ ਤਦ ਪਰਮ ਸਿੰਘ ਦਰੱਖਤ ਦੇ ਉਪਰ ਚੜ੍ਹ ਗਿਆ। ਆਲ੍ਹਣੇ ਵਿਚ ਕਾਂ ਦੇ ਤਿੰਨ ਬੱਚੇ ਸਨ। ਇੱਕ ਨੇ ਚੁੰਝ ਖੋਲ੍ਹੀ ਸੀ ਉਸ ਨੂੰ ਹੱਥ ਵਿਚ ਫੜ ਕੇ ਪਰਖ ਲਿਆ। ਫਿਰ ਧੌਣ ਮਰੋੜ ਕੇ ਤੁਰੰਤ ਹੀ ਮਾਰ ਦਿੱਤਾ। ਸਾਰਿਆਂ ਨੇ ਵੇਖ ਕੇ ਹੈਰਾਨ ਹੋ ਕੇ ਆਖਿਆ ਹੇ ਸੱਚੇ ਪਾਤਿਸ਼ਾਹ ਇਸ ਨੂੰ ਕਿਉਂ ਮਰਵਾ ਦਿੱਤਾ ਹੈ। ਅਕਾਰਥ ਮਰ ਗਿਆ ਹੈ ਕਿਸੇ ਕੰਮ ਨਹੀਂ ਆਇਆ। ਆਪਣੇ ਪਿਆਰਿਆਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਪਵਿੱਤਰ ਮੁਖ ਤੋਂ ਆਖਿਆ ਇਹ ਕਾਂ ਸਾਡਾ ਲਾਂਗਰੀ ਸੀ। ਗੁਰੂ ਕੇ ਲੰਗਰ ਦੀ ਸੇਵਾ ਕਰਦਾ ਸੀ ਤੇ ਸਿੱਖਾਂ ਨੂੰ ਕਚੀਚੀਆਂ ਲੈ ਲੈ ਪੈਂਦਾ ਸੀ। ਭੋਜਨ ਦਿੰਦਾ ਲੜਦਾ ਹੀ ਰਹਿੰਦਾ ਸੀ। ਕਿਸੇ ਨਾਲ ਵੀ ਮਿੱਠਾ ਬਚਨ ਨਹੀਂ ਬੋਲਦਾ ਸੀ। ਜਦ ਇਕ ਸਿੱਖ ਨਾਲ ਲੜ ਪਿਆ ਤਾਂ ਉਸ ਨੇ ਇਸ ਨੂੰ ਕਿਹਾ ਤੂੰ ਸਦਾ ਕਰਲ-ਕਰਲ ਕਰਦਾ ਰਹਿੰਦਾ ਹੈ,ਕਾਂ ਵਾਂਗ ਕਾਂ-ਕਾਂ ਕਰਦਾ ਰਹਿੰਦਾ ਹੈ। ਲੰਗਰ ਵਿਚ ਬੜਾ ਰੌਲਾ ਪਾਉਂਦਾ ਹੈ। ਜਿਵੇਂ ਸਿੱਖ ਨੇ ਇਸ ਨੂੰ ਸਰਾਪ ਦਿੱਤਾ ਤਾਂ ਕਈ ਦਿਨਾ ਬਾਅਦ ਇਸ ਦੀ ਮੌਤ ਹੋ ਗਈ। ਫਿਰ ਇਸ ਨੇ ਆ ਕੇ ਕਾਂ ਦੀ ਜੂਨ ਵਿਚ ਜਨਮ ਲਿਆ ਤੇ ਹੁਣ ਸਿੱਖਾਂ ਨੂੰ ਵੇਖ ਕੇ ਉਮਗਦਾ ਹੈ। ਸੇਵਾ ਕਰਨ ਦਾ ਫਲ ਹੁਣ ਲਿਆ ਹੈ,ਜਿਸ ਕਰਕੇ ਕਾਂ ਦੀ ਜੂਨ ਤੋਂ ਛੁਟਕਾਰਾ ਹੋ ਗਿਆ ਹੈ। ਆਪਣਾ ਜਾਣ ਕੇ ਜੂਨ ਤੋਂ ਛੁਡਵਾਇਆ ਹੈ। ਇਸ ਦੀ ਮੁਕਤੀ ਕਰ ਦਿੱਤੀ ਹੈ। ਸਿਘਾਂ ਨੇ ਸਤਿਗੁਰੂ ਜੀ ਦੇ ਮੁਖ ਤੋਂ ਗਾਥਾ ਸੁਣ ਕੇ ਮੱਥਾ ਟੇਕਿਆ।

ਫਿਰ ਕਾਲ ਝਿਰਾਣੀ ਪਿੰਡ ਦੇ ਪੂਰਬ ਵਾਲੇ ਪਾਸੇ ਗਏ ਉੱਥੇ ਇਕ ਵੱਡਾ ਸਰੋਵਰ ਵੇਖਿਆ। ਉੱਥੇ ਇੱਕ ਸੱਪ ਭੱਜਿਆ ਆਉਂਦਾ ਸੀ ਉਸ ਨੇ ਕਾਹਲੀ ਨਾਲ ਆਪਣਾ ਫਣ ਖਲਾਰ ਕੇ ਉੱਚਾ ਚੁੱਕ ਲਿਆ। ਸਤਿਗੁਰੂ ਜੀ ਨੇ ਖਿੱਚ ਕੇ ਤੀਰ ਮਾਰਿਆ ਤਾਂ ਧਰਤੀ ਤੇ ਡਿੱਗ ਕੇ ਪ੍ਰਾਣ ਨਿੱਕਲ ਗਏ। ਸਤਿਗੁਰੂ ਜੀ ਨੇ ਫਿਰ ਸਭ ਨੂੰ ਸੁਣਾਇਆ ਇਹ ਸੱਪ ਪਿਛਲੇ ਜਨਮ ਵਿਚ ਮਸੰਦ ਸੀ ਅਤੇ ਬੜਾ ਹੰਕਾਰੀ ਸੀ। ਸਤਿਸੰਗਤ ਵਿਚ ਇਸ ਨੇ ਸਿਰ ਨਹੀਂ ਨਿਵਾਇਆ ਅਤੇ ਨਾ ਹੀ ਇਕ ਮਨ ਹੋ ਕੇ ਪ੍ਰਭੂ ਦਾ ਨਾਮ ਜਪਿਆ। ਗੁਰੂ ਕੀ ਕਾਰ ਬਹੁਤ ਆਉਂਦੀ ਸੀ। ਇਕੱਠੀ ਕਰਕੇ

ਬਹੁਤ ਧਨ ਜੋੜ ਲਿਆ। ਧਨ ਨੂੰ ਯਾਦ ਕਰਦਾ ਹੋਇਆ ਹੀ ਪ੍ਰਾਣ ਛੱਡ ਗਿਆ ਤੇ ਅਭਿਮਾਨ ਧਾਰ ਕੇ ਸੱਪ ਦੀ ਜੂਨੇ ਪੈ ਗਿਆ। ਸਾਨੂੰ ਵੇਖ ਕੇ ਸਾਹਮਣੇ ਚੱਲ ਕੇ ਆ ਗਿਆ। ਇਸ ਕਰਕੇ ਅਸੀਂ ਇਸ ਮਸੰਦ ਦੀ ਸੱਪ ਦੀ ਜੂਨੀ ਵਿਚ ਪਏ ਹੋਏ ਦੀ ਕਲਿਆਣ ਕਰ ਦਿੱਤੀ।

## ਭਾਈ ਗੁੱਜਰ ਲੁਹਾਰ ਦੀ ਢਾਲ

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਹਥਿਆਰਾਂ ਦਾ ਬੜਾ ਸ਼ੌਂਕ ਹੈ। ਜਦੋਂ ਕੋਈ ਸਿੱਖ ਹਥਿਆਰ ਭੇਟਾ ਕਰਦਾ ਤਾਂ ਆਪ ਜੀ ਉਸ ਉੱਤੇ ਬਹੁਤ ਖੁਸ਼ ਹੁੰਦੇ। ਸਭ ਪਾਸੇ ਇਹ ਗੱਲ ਫੈਲ ਗਈ ਕਿ ਕਲਗੀਆਂ ਵਾਲੇ ਸੱਚੇ ਪਾਤਿਸ਼ਾਹ ਨੂੰ ਖੁਸ਼ ਕਰਨਾ ਹੋਵੇ ਤਾਂ ਕੋਈ ਵਧੀਆ ਹਥਿਆਰ ਭੇਟਾ ਕਰਨਾ ਚਾਹੀਦਾ ਹੈ। ਭਾਈ ਗੁੱਜਰ ਨਾਮੀ ਲੁਹਾਰ ਨੂੰ ਵੀ ਇਸ ਗਲ ਦਾ ਪਤਾ ਸੀ। ਉਸ ਨੇ ਇਕ ਬਹੁਤ ਵਧੀਆ ਢਾਲ ਬਣਾਈ ਜਿਸ ਵਿਚ ਦੀ ਕੋਈ ਚੀਜ਼ ਪਾਰ ਨਹੀਂ ਹੋ ਸਕਦੀ ਸੀ ਨਾ ਗੋਲੀ, ਨਾ ਨੇਜਾ, ਨਾ ਹੀ ਤਲਵਾਰ। ਭਾਈ ਗੁੱਜਰ ਢਾਲ ਲੈ ਕੇ ਅਨੰਦਪੁਰ ਸਾਹਿਬ ਨੂੰ ਤੁਰ ਪਿਆ ਜਿਸ ਵੇਲੇ ਭਾਈ ਗੁੱਜਰ ਅਨੰਦਪੁਰ ਸਾਹਿਬ ਪਹੁੰਚਿਆ ਤਾਂ ਦਸਵੇਂ ਪਾਤਿਸ਼ਾਹ ਜੀ ਦਾ ਸ਼ਾਨਦਾਰ ਦੀਵਾਨ ਸਜਿਆ ਹੋਇਆ ਸੀ। ਹਜੂਰ ਦੇ ਇੱਕ ਪਾਸੇ ਸੂਰਮੇ ਸ਼ਸ਼ਤਰ ਸਜਾਈ ਬੈਠੇ ਸਨ ਅਤੇ ਦੂਸਰੇ ਪਾਸੇ ਵਿਦਵਾਨ, ਕਵੀ ਅਤੇ ਮਹਾਂਪੁਰਖ ਸਜ ਰਹੇ ਸਨ। ਸਾਹਮਣੇ ਕੀਰਤਨੀਏ ਪਵਿੱਤਰ ਬਾਣੀ ਦਾ ਕੀਰਤਨ ਕਰ ਰਹੇ ਸਨ। ਭਾਈ ਗੁੱਜਰ ਵੀ ਦਰਸ਼ਨ ਕਰਕੇ ਬੈਠ ਗਿਆ। ਕੀਰਤਨ ਸਮਾਪਤ ਹੋਇਆ ਤਾਂ ਉਠ ਕੇ ਭਾਈ ਗੁੱਜਰ ਨੇ ਆਪਣੀ ਢਾਲ ਪੇਸ਼ ਕੀਤੀ। ਗੁਰੂ ਸਾਹਿਬ ਨੇ ਢਾਲ ਨੂੰ ਵੇਖ ਕੇ ਆਖਿਆ ਇਹ ਢਾਲ ਬੜੀ ਚੰਗੀ ਹੈ। ਸਾਰੇ ਸੂਰਮਿਆਂ ਨੇ ਢਾਲ ਨੂੰ ਦੇਖਿਆ। ਢਾਲ ਸੱਚੀ ਮੁਚੀ ਬੜੀ ਚੰਗੀ ਸੀ। ਕਈ ਧਾਤਾਂ ਨੂੰ ਮਿਲਾ ਕੇ ਬਣਾਈ ਗਈ ਸੀ। ਭਾਰ ਵਿਚ ਹਲਕੀ ਅਤੇ ਪੱਕੀ ਸੀ। ਸਭ ਪਾਸੇ ਢਾਲ ਦੀ ਸਿਫਤ ਹੋ ਰਹੀ ਸੀ ਅਤੇ ਸਭ ਢਾਲ ਨੂੰ ਦੇਖ ਰਹੇ ਸਨ ਅਤੇ ਆਖ ਰਹੇ ਸਨ ਵਾਹ ਭਾਈ ਗੁੱਜਰ ਜੀ ਆਪ ਧੰਨ ਹੋ।

ਜੇਕਰ ਭਾਈ ਗੁੱਜਰ ਸਿਆਣਾ ਹੁੰਦਾ ਤਾਂ ਆਪਣੀ ਢਾਲ ਦੀ ਸਿਫਤ ਹੁੰਦੀ ਵੇਖ ਕੇ ਵਾਹਿਗੁਰੂ ਦਾ ਸ਼ੁਕਰ ਕਰਦਾ। ਪਰ ਭਾਈ ਗੁੱਜਰ ਨੂੰ ਉਸ ਵੇਲੇ ਹੰਕਾਰ ਆ ਗਿਆ ਅਤੇ ਗੁਰੂ ਜੀ ਵਲ ਮੂੰਹ ਕਰਕੇ ਆਖਣ ਲੱਗਾ ਮਹਾਰਾਜ ਇਹ ਢਾਲ ਐਸੀ ਪੱਕੀ ਹੈ ਕਿ ਇੱਥੇ ਬੈਠਾ ਕੋਈ ਵੀ ਗੋਲੀ ਨਹੀਂ ਲੰਘਾ ਸਕਦਾ। ਆਪ ਖੁਦ ਵੀ ਅਜਮਾ ਕੇ ਦੇਖ ਸਕਦੇ ਹੋ। ਗੁਰੂ ਜੀ ਭਾਵੇਂ ਢਾਲ ਨੂੰ ਚੰਗਾ ਸਮਝਦੇ ਸਨ ਪਰ ਭਾਈ ਗੁੱਜਰ ਦੀ ਚਾਲ ਨੂੰ ਚੰਗਾ ਨਹੀਂ ਸਮਝਦੇ ਸਨ। ਇਸ ਲਈ ਗੁਰੂ ਸਾਹਿਬ ਨੇ ਭਾਈ ਗੁੱਜਰ ਨੂੰ ਆਖਿਆ ਕਿ ਤੇਰੀ ਢਾਲ ਬੜੀ ਚੰਗੀ ਅਤੇ ਸ਼ਲਾਘਾ ਯੋਗ ਹੈ ਪਰ ਜੋ ਤੇਰਾ

ਇਹ ਦਾਅਵਾ ਹੈ ਕਿ ਤੇਰੀ ਬਣਾਈ ਹੋਈ ਢਾਲ ਵਿਚੋਂ ਇਥੇ ਕੋਈ ਵੀ ਗੋਲੀ ਪਾਰ ਨਹੀ ਕਰ ਸਕਦਾ ਇਹ ਤਾਂ ਅਸੀਂ ਕਲ੍ਹ ਨੂੰ ਵੇਖਾਂਗੇ। ਗੁਰੂ ਜੀ ਦੇ ਇਹ ਬਚਨ ਸੁਣ ਕੇ ਵੀ ਭਾਈ ਗੁੱਜਰ ਨੂੰ ਆਪਣੀ ਗਲਤੀ ਦਾ ਖਿਆਲ ਨਾ ਆਇਆ ਅਤੇ ਉਸੇ ਤਰ੍ਹਾਂ ਹੰਕਾਰ ਵਿਚ ਆ ਕੇ ਆਖਿਆ ਮੈਨੂੰ ਮਨਜੂਰ ਹੈ। ਦੀਵਾਨ ਦੀ ਸਮਾਪਤੀ ਤੋਂ ਉਪਰੰਤ ਭਾਈ ਗੁੱਜਰ ਨੂੰ ਇਕ ਸਿੱਖ ਨੇ ਇਕ ਪਾਸੇ ਲੈ ਜਾ ਕੇ ਆਖਿਆ ਤੂੰ ਅੱਜ ਬੜੀ ਵੱਡੀ ਭੁੱਲ ਕੀਤੀ ਹੈ। ਤੈਨੂੰ ਢਾਲ ਦੀ ਪਕਿਆਈ ਸੰਬੰਧੀ ਇੰਨਾ ਵਡਾ ਦਾਅਵਾ ਨਹੀਂ ਸੀ ਕਰਨਾ ਚਾਹੀਦਾ। ਆਮ ਸਿੰਘਾਂ ਵਾਸਤੇ ਹੋ ਸਕਦਾ ਹੈ ਕਿ ਤੇਰੀ ਢਾਲ ਵਿਚੋਂ ਗੋਲੀ ਪਾਰ ਕਰਨੀ ਮੁਸ਼ਕਲ ਹੋਵੇ ਪਰ ਗੁਰੂ ਸਾਹਿਬ ਵਾਸਤੇ ਜਿਨ੍ਹਾ ਦੀ ਸ਼ਕਤੀ ਅੱਗੇ ਕੋਈ ਚੀਜ ਵੀ ਮੁਸ਼ਕਲ ਨਹੀਂ ਤੇਰੀ ਢਾਲ ਨੂੰ ਗੋਲੀ ਨਾਲ ਵਿੰਨ੍ਹ ਕੇ ਛਾਨਣੀ ਬਣਾ ਦੇਣਾ ਵੀ ਆਸਾਨ ਹੈ। ਭਾਈ ਗੁੱਜਰ ਨੇ ਆਖਿਆ ਕਿ ਢਾਲ ਸੱਚੀ ਮੁਚੀ ਪੱਕੀ ਹੈ। ਉਹ ਸਿਖ ਅਤੇ ਗੁਰੂ ਲਈ ਵੀ ਪੱਕੀ ਹੈ। ਗੁਰੂ ਸਾਹਿਬ ਦੀਆਂ ਗੋਲੀਆਂ ਅਤੇ ਸਿੱਖਾਂ ਦੀਆਂ ਗੋਲੀਆਂ ਵਿਚ ਕੋਈ ਫਰਕ ਨਹੀਂ ਹੈ। ਉਸ ਗੁਰਸਿਖ ਨੇ ਆਖਿਆ ਭਾਈ ਗੁੱਜਰ ਇਹੋ ਤੇਰੀ ਭੁੱਲ ਹੈ। ਇਹ ਤੇਰੀ ਨਜਰ ਦਾ ਭੁਲੇਖਾ ਹੈ। ਇਹ ਤੇਰੀ ਗਲਤੀ ਕੱਲ ਨੂੰ ਠੀਕ ਤਾਂ ਹੋ ਜਾਣੀ ਹੈ ਪਰ ਤੇਰੀ ਡਾਢੀ ਬੇਇਜਤੀ ਕਰਾ ਕੇ ਦਰੁਸਤ ਹੋਈ ਤਾਂ ਕੀ ਫਾਇਦਾ। ਤੂੰ ਆਇਆ ਸੀ ਗੁਰੂ ਸਾਹਿਬ ਦੀ ਖੁਸ਼ੀ ਹਾਸਲ ਕਰਨ ਪਰ ਤੂੰ ਗੁਰੂ ਸਾਹਿਬ ਨਾਲ ਹੀ ਮੁਕਾਬਲਾ ਲਾ ਬੈਠਾ ਹੈਂ। ਭਾਈ ਗੁੱਜਰ ਨੇ ਆਖਿਆ ਕਿ ਗੁਰੂ ਸਾਹਿਬ ਕੋਲ ਕੋਈ ਖਾਸ ਬੰਦੂਕ ਹੋਵੇਗੀ। ਗੁਰਸਿਖ ਨੇ ਆਖਿਆ ਨਹੀਂ ਬੰਦੂਕ ਤਾਂ ਖਾਸ ਨਹੀਂ ਹੋਵੇਗੀ ਪਰ ਉਸ ਬੰਦੂਕ ਨੂੰ ਜਿਸ ਨੇ ਚਲਾਣਾ ਹੈ ਉਸ ਦੀ ਨਜਰ ਖਾਸ ਹੋਵੇਗੀ। ਸਿੰਘਾਂ ਦੀ ਨਜਰ ਵਿਚ ਤੇਰੀ ਢਾਲ ਹੀ ਨਜਰ ਆਉਂਦੀ ਹੈ ਪਰ ਗੁਰੂ ਸਾਹਿਬ ਨੂੰ ਤੇਰੀ ਢਾਲ ਦੇ ਪਿਛੇ ਤੇਰੀ ਚਾਲ ਵੀ ਨਜਰ ਪੈਂਦੀ ਹੈ। ਸਾਰਾ ਸੰਸਾਰ ਨਾਸਵਾਨ ਹੈ ਪਰ ਤੇਰੀ ਢਾਲ ਨਾਸ ਤੋਂ ਰਹਿਤ ਕਿਵੇਂ ਹੋ ਸਕਦੀ ਹੈ। ਜਦ ਭਾਈ ਗੁੱਜਰ ਨੂੰ ਨਿਸਚਾ ਹੋ ਗਿਆ ਕਿ ਮੇਰੀ ਢਾਲ ਵਿਚੋਂ ਕੱਲ੍ਹ ਨੂੰ ਗੁਰੂ ਸਾਹਿਬ ਦੀ ਗੋਲੀ ਨਿਕਲ ਜਾਣੀ ਹੈ ਤਾਂ ਆਖਣ ਲੱਗਾ ਬਾਬਾ ਜੀ ਮੇਰੇ ਕੋਲੋਂ ਭੁੱਲ ਹੋ ਗਈ ਹੈ। ਕੱਲ੍ਹ ਨੂੰ ਜਦੋਂ ਮੈਂ ਹਾਰ ਜਾਵਾਂਗਾ ਤਾਂ ਸਾਰੇ ਸਿੰਘ ਮੈਨੂੰ ਠਿੱਠ ਕਰਨਗੇ। ਮੈਂ ਤਾਂ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਕਰਨ ਲਈ ਪ੍ਰੇਮ ਨਾਲ ਮਿਹਨਤ ਕਰਕੇ ਢਾਲ ਤਿਆਰ ਕੀਤੀ ਹੈ। ਬਾਬਾ ਜੀ ਮੈਨੂੰ ਕੋਈ ਰਸਤਾ ਦੱਸੋ ਤਾਂ ਜੋ ਮੈਂ ਬੇਇਜਤ ਹੋਣੋ ਬਚ ਜਾਵਾਂ। ਗੁਰਸਿਖ ਨੇ ਆਖਿਆ ਇਸ ਦਾ ਇੱਕੋ ਹੀ ਰਸਤਾ ਹੈ ਜਿਸ ਅਕਾਲ ਪੁਰਖ ਨੇ ਤੇਰੀ ਢਾਲ ਵਿਚੋਂ ਗੋਲੀ ਪਾਰ ਕਰਨੀ ਹੈ ਉਸ ਅੱਗੇ ਸ਼ਰਧਾ ਨਾਲ ਅਰਦਾਸ ਕਰ ਕਿ ਮੇਰੀ ਇਜਤ ਕਾਇਮ ਰਹਿ ਜਾਵੇ। ਗੁਰਸਿਖ ਨੇ ਆਖਿਆ ਹੋਰ ਕੋਈ ਰਸਤਾ ਨਹੀਂ। ਤੂੰ ਪੰਜਾਂ ਸਿੰਘਾਂ ਨੂੰ ਪ੍ਰੇਮ ਨਾਲ ਪ੍ਰਸ਼ਾਦਾ ਛਕਾ ਜਦ ਉਹ ਪ੍ਰਸ਼ਾਦਾ ਛਕ ਕੇ ਪ੍ਰਸੰਨ ਹੋਣ ਤਾਂ ਉਨ੍ਹਾਂ ਪਾਸੋਂ ਅਰਦਾਸ ਕਰਵਾ। ਭਾਈ ਗੁੱਜਰ ਨੇ ਉਸੇ ਰਾਤ ਸਿਦਕ ਨਾਲ ਪੰਜ

ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ ਤੇ ਪ੍ਰਸ਼ਾਦਾ ਛਕਾਉਣ ਮਗਰੋਂ ਗਲ ਵਿਚ ਪੱਲਾ ਪਾ ਕੇ ਸਿੰਘਾਂ ਨੂੰ ਆਪਣੀ ਮੁਸ਼ਕਲ ਦੱਸੀ ਤੇ ਬੇਨਤੀ ਕੀਤੀ ਮੇਰੀ ਸਹਾਇਤਾ ਕਰੋ ਸਵਾਇ ਤੁਹਾਡੀ ਅਰਦਾਸ ਦੇ ਮੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ। ਭਾਈ ਗੁੱਜਰ ਦੀ ਨਿਮਰਤਾ, ਪ੍ਰੇਮ ਅਤੇ ਸਿਦਕ ਵੇਖ ਕੇ ਪੰਜਾਂ ਸਿੰਘਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਇਸ ਸਿੱਖ ਦੀ ਲਾਜ ਰੱਖਣਾ ਅਤੇ ਆਖਿਆ ਵਾਹਿਗੁਰੂ ਜੀ ਕਾ ਕਾਲਸਾ ਵਾਹਿਗੁਰੂ ਜੀ ਕੀ ਫਤਹਿ॥ ਅਗਲੇ ਦਿਨ ਸਜੇ ਹੋਏ ਦੀਵਾਨ ਵਿਚ ਗੁਰੂ ਸਾਹਿਬ ਨੇ ਪੁੱਛਿਆ ਕਿ ਭਾਈ ਗੁੱਜਰ ਕਿਥੇ ਹੈ। ਭਾਈ ਗੁੱਜਰ ਨੇ ਉੱਠ ਕੇ ਗਲ ਵਿਚ ਪੱਲਾ ਪਾ ਕੇ ਆਖਿਆ ਕਿ ਹਜ਼ੂਰ ਮੈਂ ਹਾਜਰ ਹਾਂ। ਢਾਲ ਦਾ ਨਿਸ਼ਾਨਾ ਰੱਖਿਆ ਗਿਆ, ਗੁਰੂ ਸਾਹਿਬ ਬੰਦੂਕ ਲੈ ਕੇ ਟੁਰੇ ਢਾਲ ਦਾ ਨਿਸ਼ਾਨਾ ਕਰਨ। ਬੜੇ ਬੜੇ ਸੂਰਮੇ ਉਡੀਕ ਰਹੇ ਸਨ, ਕਿ ਕਦ ਗੁਰੂ ਸਾਹਿਬ ਦੀ ਗੋਲੀ ਚੱਲੇ, ਕਦ ਢਾਲ ਵਿੰਨ੍ਹੀ ਜਾਵੇ ਅਤੇ ਕਦ ਇਸ ਮੂਰਖ ਭਾਈ ਗੁੱਜਰ ਨੂੰ ਅਸੀਂ ਠਿੱਠ ਕਰੀਏ। ਗੁਰੂ ਸਾਹਿਬ ਨੇ ਆਪਣੀ ਬੰਦੂਕ ਸਿੱਧੀ ਕੀਤੀ, ਮੋਢੇ ਨਾਲ ਲਾਈ ਅਤੇ ਢਾਲ ਦੀ ਸ਼ਿਸ਼ਤ ਬੰਨ੍ਹੀ, ਪਰ ਗੋਲੀ ਨਾ ਚਲੀ। ਗੁਰੂ ਸਾਹਿਬ ਨੇ ਫੇਰ ਸ਼ਿਸ਼ਤ ਬੰਨ੍ਹੀ, ਐਪਰ ਫੇਰ ਵੀ ਗੋਲੀ ਨਾ ਚਲੀ। ਸਿੰਘਾ ਨੇ ਕਿਹਾ, ਹਜ਼ੂਰ ਦੂਸਰੀ ਬੰਦੂਕ ਲਵੋ, ਇਹ ਬੰਦੂਕ ਖਰਾਬ ਹੋ ਗਈ ਹੋਵੇਗੀ। ਹਜ਼ੂਰ ਨੇ ਆਖਿਆ, ਨਹੀਂ ਦੂਸਰੀ ਬੰਦੂਕ ਦੀ ਲੋੜ ਨਹੀਂ। ਭਾਈ ਗੁੱਜਰ ਨੂੰ ਬੁਲਾਵੋ। ਭਾਈ ਗੁੱਜਰ ਗਲ ਵਿਚ ਪੱਲਾ ਪਾ ਕੇ ਅੱਗੇ ਵਧਿਆ ਅਤੇ ਅੱਖਾਂ ਨੀਵੀਆਂ ਕਰਕੇ ਹਜ਼ੂਰ ਦੇ ਸਾਹਮਣੇ ਖਲੋ ਗਿਆ। ਸ੍ਰੀ ਦਸ਼ਮੇਸ਼ ਨੇ ਤਦ ਪੁਛਿਆ, ਸਿੱਖਾ, ਕੱਲ੍ਹ ਦੇ ਦੀਵਾਨ ਮਗਰੋਂ ਜਾ ਕੇ ਰਾਤੀਂ ਕੀ ਕਰਦਾ ਰਿਹਾ ਹੈਂ। ਭਾਈ ਗੁੱਜਰ ਕਹਿਣ ਲੱਗਿਆ ਹਜ਼ੂਰ ਆਪਣੀ ਭੁਲ ਨੂੰ ਪਸ਼ਚਾਤਾਪ ਦੇ ਅਥਰੂਆਂ ਨਾਲ ਧੋਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਅਲਪੱਗ ਹਾਂ, ਸਰਬੱਗ ਨਾਲ ਮੇਰਾ ਕੀ ਮੁਕਾਬਲਾ। ਪੰਜਾਂ ਸਿੰਘਾਂ ਪਾਸੋਂ ਆਪ ਦੇ ਹੀ ਦਰ ਤੇ ਅਰਦਾਸ ਕਰਵਾਈ ਸੀ ਕਿ ਮੇਰਾ ਅਤੇ ਢਾਲ ਦਾ ਇਮਤਿਹਾਨ ਨਾ ਹੋਵੇ। ਇਮਤਿਹਾਨ ਵਿਚ ਅਸੀਂ ਦੋਵਾਂ ਨੇ ਹੀ ਕੱਚਿਆਂ ਨਿਕਲਣਾ ਹੈ। ਤਦ ਕਲਗੀਧਰ ਪਾਤਿਸ਼ਾਹ ਨੇ ਸਾਰੇ ਸਿੰਘਾਂ ਨੂੰ ਆਖਿਆ, ਖਾਲਸਾ ਜੀ,ਮੈਂ ਇਸ ਢਾਲ ਨੂੰ ਨਹੀਂ ਵਿੰਨ੍ਹ ਸਕਦਾ, ਇਸ ਢਾਲ ਦੀ ਰੱਖਿਆ ਲਈ ਆਪ ਅਕਾਲ ਪੁਰਖ ਦੇ ਰੂਪ ਵਿਚ ਨੌਂ ਪਾਤਿਸ਼ਾਹੀਆਂ ਖੜੀਆਂ ਹਨ। ਇਹ ਬਚਨ ਸੁਣ ਕੇ ਸਾਰੀ ਸੰਗਤ ਸਮੇਤ ਭਾਈ ਗੁੱਜਰ ਲੌਹਾਰ ਨੇ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕੀਤੀ ਹਜ਼ੂਰ ਨੇ ਬਚਨ ਕੀਤਾ ਕਿ ਸਸਤਰ ਤੇ ਅੰਨ੍ਹਾ ਭਰੋਸਾ ਨਹੀਂ ਕਰਨਾ ਚਾਹੀਦਾ।

## ਤੰਬਾਕੂ ਦੇ ਖੇਤ ਵਿਚ ਕਲਗੀਧਰ ਦੇ ਘੋੜੇ ਦਾ ਨਾ ਵੜਨਾ

ਇਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਲਵੇ ਦੇ ਇਲਾਕੇ ਵਿਚ ਜਾ ਕੇ ਪਿੰਡਾਂ ਵਿਚ ਚਰਨ ਪਾ ਰਹੇ ਸਨ। ਇਕ ਦਿਨ ਸਚੇ ਪਾਤਿਸ਼ਾਹ ਮਹਾਰਾਜ

ਜੀ ਸ਼ਿਕਾਰ ਖੇਡ ਕੇ ਆ ਰਹੇ ਸਨ। ਰਸਤੇ ਵਿਚ ਇਕ ਖੇਤ ਆਇਆ ਉਸ ਵਿਚ ਕਲਗੀਧਰ ਪਿਤਾ ਜੀ ਦਾ ਘੋੜਾ ਨਾ ਵੜਿਆ ਸਤਿਗੁਰਾਂ ਨੇ ਸਿੰਘਾਂ ਨੂੰ ਆਖਿਆ ਕਿ ਪਤਾ ਕਰੋ ਖੇਤ ਵਿਚ ਕੀ ਹੈ। ਸਿੰਘਾਂ ਨੇ ਘੋੜਿਆਂ ਤੋਂ ਹੇਠਾਂ ਉਤਰ ਕੇ ਦੇਖਿਆ ਕਿ ਇਸ ਖੇਤ ਵਿਚ ਤਮਾਕੂ ਦੀ ਖੇਤੀ ਹੈ। ਇਹ ਵੇਖ ਕਿ ਸਿੰਘਾਂ ਨੇ ਕਲਗੀਧਰ ਪਿਤਾ ਜੀ ਨੂੰ ਆਖਿਆ ਖੇਤ ਵਿਚ ਤਮਾਕੂ ਦੀ ਖੇਤੀ ਹੈ। ਸਤਿਗੁਰਾਂ ਨੇ ਬਚਨ ਕੀਤਾ ਕਿ ਤਮਾਕੂ ਦੀ ਖੇਤੀ ਕਾਰਨ ਹੀ ਸਾਡਾ ਘੋੜਾ ਇਸ ਖੇਤ ਵਿਚ ਨਹੀਂ ਵੜਿਆ। ਸਤਿਗੁਰਾਂ ਨੇ ਘੋੜੇ ਨੂੰ ਦੂਜੇ ਪਾਸੇ ਦੀ ਮੋੜ ਕੇ ਅੱਗੇ ਲੰਘਾਇਆ।

ਸਤਿਗੁਰੂ ਜੀ ਨੇ ਬਚਨ ਕੀਤਾ ਕਿ ਤਮਾਕੂ ਬਹੁਤ ਭੈੜੀ ਬੂਟੀ ਹੈ ਜਿਸ ਦੀ ਵਰਤੋਂ ਤੋਂ ਇਲਾਵਾ ਛੂਹਣ ਨਾਲ ਵੀ ਮਨ ਗੰਦਾ ਹੋ ਜਾਂਦਾ ਹੈ। ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਕਈ ਭਿਆਨਕ ਰੋਗ ਲਗ ਜਾਂਦੇ ਹਨ। ਇਸ ਲਈ ਇਸ ਦੀ ਵਰਤੋਂ ਕਰਨ ਵਾਲਿਆਂ ਨਾਲ ਵੀ ਸਾਂਝ ਨਹੀਂ ਕਰਨੀ।

**ਸੁਣ ਗੁਰਸਿਖ ਕੀ ਰਹਿਤ ਇਹ ਤਜੇ ਤਮਾਕੂ ਸੰਗ॥**
**ਮਰਨੀ ਮਰੈ ਤੌਂ ਅਤਿ ਭਲਾ ਜਗਤ ਜੂਠ ਨਹਿ ਅੰਗ॥**

ਸਕੰਧ ਪੁਰਾਣ ਧਿ: ੫੨ ਸਲੋਕ ੫੨ ਵਿਚ ਵੀ ਇਉਂ ਜ਼ਿਕਰ ਆਉਂਦਾ ਹੈ:

**ਧੂਮਰ ਪਾਨੰ ਰਤੰ ਬਿਪ੍ਰੰ ਦਾਨੰ ਦਿਜੰਤੀ ਜਿ ਨਰਾ॥**
**ਧਾਤਾ ਗੌਰਵੇ ਜਾਤਿਅੰ ਬ੍ਰਹਮਣੰ ਗ੍ਰਾਮ ਸੁ ਸ਼ੁਕਰਹ॥**

ਗੁਰਪੁਰਬ ਪ੍ਰਕਾਸ਼ ਵਿਚ ਵੀ ਇਉਂ ਜ਼ਿਕਰ ਆਇਆ ਹੈ:

**ਧੂਮਰ ਪਾਨੀਏ ਬਿਪਰ ਕੌਂ,ਦੇਹੈ ਦਾਨ ਜੇ ਕੋਇ॥**
**ਦਾਤਾ ਨਰਕੈ ਬਾਸ ਲਹੈ ਬਿਪ੍ਰ ਸੂਕਰ ਪੁਰ ਹੋਇ॥**

ਜਿਹੜਾ ਤਮਾਕੂ ਪੀਣ ਵਾਲੇ ਬ੍ਰਾਹਮਣ ਨੂੰ ਦਾਨ ਦਿੰਦਾ ਹੈ, ਸਾਧ ਸੰਗਤ ਜੀ! ਉਹ ਦਾਤਾ, ਰੁਰੂ ਨਾਮੇ ਨਰਕ ਵਿਚ ਜਾਂਦਾ ਹੈ ਤੇ ਜਿਹੜਾ ਤਮਾਕੂ ਪੀਣ ਵਾਲਾ ਬ੍ਰਾਹਮਣ ਦਾਨ ਲੈਂਦਾ ਹੈ,ਉਹ ਸੂਰ ਬਣ ਕੇ ਨਿਆਈਆਂ ਨੂੰ ਸਾਫ ਕਰਦਾ ਫਿਰਦਾ ਹੈ, ਵਿਸਟਾ ਖਾਂਦਾ ਹੈ, ਏਥੋਂ ਤਕ ਏਹ ਖੰਡਨ ਕੀਤਾ ਗਿਆ ਹੈ। ਇਹ ਸਕੰਧ ਪੁਰਾਣ ਵਿਚ ਸ਼ਿਵਜੀ ਤੇ ਸ਼ਾਮ ਕਾਰਤਕ ਦਾ ਆਪੋ ਵਿਚ ਦੀ ਸੰਬਾਦ ਆਉਂਦਾ ਹੈ, ਓਥੇ ਇਸ ਤਰ੍ਹਾਂ ਖੰਡਨ ਦੇ ਛੱਬੀ ਸਲੋਕ ਆਉਂਦੇ ਹਨ।

**ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜ ਜਾਇ॥**
**ਪਾਣੀ ਤਾਕੇ ਹਾਥ ਕਾ ਮਦਰਾ ਸਮ ਹੋਇ ਜਾਇ॥**

**(ਸ੍ਰੀ ਗੁ: ਪ੍ਰ: ਸੂ: ਗ੍ਰੰਥ, ਜਿਲਦ ੧੩,ਪੰਨਾ ੫੫੮੮)**

ਥੋੜਾ ਜਿਹਾ ਤਮਾਕੂ ਪੀਵੇ, ਨਸਵਾਰ ਲਵੇ, ਸਿਗਰਟ ਪੀਵੇ, ਬੀੜੀ ਪੀਵੇ,

ਉਹਦੇ ਦੇਵਤੇ ਜਿਹੜੇ ਹੁੰਦੇ ਹਨ, ਉਹਦੀ ਕੁਲ ਦੇ ਪਿਤਰ ਦੇਵਤੇ ਸਾਰੇ ਉਸ ਦੀ ਕੁਲ ਨੂੰ ਛੱਡ ਜਾਂਦੇ ਹਨ, ਉਹਦੇ ਹੱਥ ਦਾ ਦਾਨ ਕੀਤਾ ਪਾਣੀ ਵੀ ਉਹ ਸ਼ਰਾਬ ਵਾਂਗੂੰ ਸਮਝਦੇ ਹਨ। ਐਨਾ ਭੈੜਾ ਸਮਝਦੇ ਹਨ। ਉਸ ਕਰਕੇ ਇਨ੍ਹਾ ਦੇ ਦੇਵਤੇ ਪਿਤਰ ਜਿਹੜੇ ਹਨ, ਉਹਦੇ ਹੱਥੋਂ ਦਾਨ ਕੀਤਾ ਵੀ ਉਹ ਗ੍ਰਹਿਣ ਨਹੀਂ ਕਰਦੇ।

## ਨਾਰਦ ਮੁਨੀ ਨੇ ਹਮਾਯੂੰ ਪੰਛੀ ਦੇ ਖੰਭ ਭੇਟਾ ਕਰਨੇ

ਇਕ ਸਮੇ ਨਾਰਦ ਮੁਨੀ ਜੀ ਦੇ ਮਨ ਵਿਚ ਸੰਕਲਪ ਫੁਰਿਆ ਕਿ ਈਸ਼ਵਰ ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਕਰ ਲਈਏ। ਇਸ ਸੰਕਲਪ ਨੂੰ ਮੁੱਖ ਰੱਖ ਕੇ ਨਾਰਦ ਮੁਨੀ ਜੀ ਨੇ ਇੱਕ ਸਾਧੂ ਦੇ ਰੂਪ ਵਿਚ ਬ੍ਰਹਮ ਪੁਰੀ ਤੋਂ ਚੱਲ ਕੇ ਮਾਤ ਭੂਮੀ ਤੇ ਸ੍ਰੀ ਅਨੰਦਪੁਰ ਸਾਹਿਬ ਸਤਿਗੁਰਾਂ ਦੇ ਦਰਬਾਰ ਵਿਚ ਹਾਜਰ ਹੋ ਕੇ ਹਮਾਯੂੰ ਪੰਛੀ ਦੇ ਪੰਜ ਖੰਭ ਭੇਟਾ ਰੱਖ ਕੇ ਨਮਸਕਾਰ ਕੀਤੀ।

ਜਾਣੀ ਜਾਣ ਸਤਿਗੁਰਾਂ ਨੇ ਆਦਰ ਮਾਨ ਦੇ ਕੇ ਬਿਠਾਇਆ ਅਤੇ ਬਚਨ ਬਿਲਾਸ ਕਰਦਿਆਂ ਸਤਿਗੁਰਾਂ ਕਿਹਾ, ਹੇ ਮੁਨੀ ਜੀ, ਇਤਨੀ ਖੇਚਲ ਕਿਸ ਲਈ ਕਰਨੀ ਸੀ ਆਪ ਜੀ ਦੇ ਦਰਸ਼ਨ ਹੀ ਕਾਫੀ ਸਨ ਤਾਂ ਨਾਰਦ ਮੁਨੀ ਜੀ ਨੇ ਹੱਥ ਜੋੜ ਕੇ ਕਿਹਾ, ਹੇ ਤਿਰਲੋਕੀ ਨਾਥ, ਭਲਾ ਮੈਂ ਆਪ ਜੀ ਨੂੰ ਕੀ ਭੇਟਾ ਕਰ ਸਕਦਾ ਹਾਂ। ਇਹ ਤਾਂ ਸ਼ਾਸਤਰ ਦੀ ਮਰਿਆਦਾ ਰੱਖਣ ਲਈ ਆਪ ਜੀ ਦੇ ਚਰਨਾ ਵਿਚ ਹਾਜਰ ਹੋ ਕੇ ਭੇਟਾ ਕੀਤੇ ਹਨ। ਨਾਲੇ ਆਪ ਜੀ ਇਸ ਸਮੇਂ ਜੋਧਾ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਹੋ ਸੋ ਮੈਂ ਆਉਂਦਿਆਂ ਵਿਚਾਰਿਆ ਕਿ ਸਤਿਗੁਰੂ ਜੀ ਦੀ ਭੇਟਾ ਕੀ ਲੈ ਚਲੀਏ। ਵਿਚਾਰ ਕਰਦਿਆਂ-ਕਰਦਿਆਂ ਇਹ ਗੱਲ ਸੁੱਝੀ ਕਿ ਇਸ ਵੇਲੇ ਮਹਾਰਾਜ ਜੀ ਯੋਧਾ ਰੂਪ ਵਿਚ ਜੀਵਾਂ ਦੀ ਕਲਿਆਣਤਾ ਲਈ ਮਾਤ ਭੂਮੀ ਤੇ ਉੱਤਰੇ ਹੋਏ ਹਨ ਨਾਲੇ ਆਪ ਜੀ ਨੂੰ ਸ਼ਸਤਰਾਂ ਦਾ ਬਹੁਤ ਸ਼ੌਂਕ ਹੈ ਅਤੇ ਇਹ ਹਮਾਯੂੰ ਪੰਛੀ ਦੇ ਖੰਭ ਹਨ। ਇਨ੍ਹਾਂ ਨੂੰ ਆਪਣੇ ਬਾਣਾਂ ਨਾਲ ਲਗਾਉਣਾ ਕਰੋ। ਜਿਨ੍ਹਾਂ ਬਾਣਾਂ ਨਾਲ ਇਹ ਲੱਗ ਜਾਣਗੇ ਫਿਰ ਉਨ੍ਹਾਂ ਬਾਣਾਂ ਨੂੰ ਹਮਾਯੂੰ ਪੰਛੀ ਦੇ ਦੇਸ਼ ਵਿਚ ਲੈ ਜਾਣਗੇ।

ਨਾਰਦ ਮੁਨੀ ਜੀ ਦੇ ਚਲੇ ਜਾਣ ਤੇ ਸਾਹਿਬਾਂ ਨੇ ਇੱਕ ਸੇਵਾਦਾਰ ਨੂੰ ਬੁਲਾ ਕੇ ਭੱਥੇ ਵਿਚੋਂ ਪੰਜ ਤੀਰ ਤੇ ਪੰਜ ਹੀ ਉਹ ਨਾਰਦ ਮੁਨੀ ਜੀ ਦੇ ਭੇਟ ਕੀਤੇ ਹੋਏ ਖੰਭ ਦਿੰਦਿਆਂ ਕਿਹਾ ਕਿ ਇਹ ਲੈ ਜਾਹ ਅਤੇ ਕਾਰੀਗਰ ਤੋਂ ਇਨ੍ਹਾਂ ਤੀਰਾਂ ਨਾਲ ਖੰਭਾਂ ਨੂੰ ਜੜਵਾ ਕੇ ਲੈ ਆ। ਸਤਿਗੁਰਾਂ ਦੇ ਹੁਕਮ ਅਨੁਸਾਰ ਉਹ ਸਿੱਖ ਕਾਰੀਗਰ ਤੋਂ ਜੜਵਾ ਲਿਆਇਆ। ਫੇਰ ਸਤਿਗੁਰਾਂ ਨੇ ਖਾਲਸੇ ਨੂੰ ਕਿਹਾ ਕਿ, ਐ ਖਾਲਸਾ ਜੀ, ਸਭ ਤਿਆਰ ਹੋ ਜਾਉ, ਦੂਰ-ਦੂਰ ਤੱਕ ਚਲੇ ਜਾਉ। ਅਸੀਂ ਇਹ ਤੀਰ ਛੱਡਣ ਲੱਗੇ ਹਾਂ ਤੁਸੀਂ ਇਨ੍ਹਾਂ ਨੂੰ ਫੜ ਕੇ ਲਿਆਣਾ ਹੋਵੇਗਾ। ਸਤਿਗੁਰਾਂ ਦੇ ਹੁਕਮ ਕਰਨ ਦੀ ਦੇਰ ਸੀ ਕਿ ਉਸ ਵੇਲੇ ਸਭ ਸਿੰਘ ਦੂਰ-ਦੂਰ ਤੱਕ ਤੀਰਾਂ ਨੂੰ ਲੱਭ ਕੇ ਲਿਆਉਣ ਲਈ

ਖਿੱਲਰ ਗਏ।

ਸਤਿਗੁਰਾਂ ਫੇਰ ਕਿਹਾ, ਸਭ ਖਿਆਲ ਰੱਖਣਾ ਤੀਰ ਚੱਲਿਆ ਜੇ। ਤੀਰ ਨੂੰ ਧਨੁੱਖ ਦੇ ਚਿੱਲੇ ਤੇ ਚੜ੍ਹਾ ਕੇ ਐਸਾ ਜੋਰ ਦੀ ਖਿੱਚਿਆ ਜੋ ਤੀਰ ਗੂੰਜਦਾ ਹੋਇਆ ਅਕਾਸ਼ ਵੱਲ ਉਡ ਗਿਆ ਸਭ ਸਿੰਘ ਦੇਖਦੇ ਰਹਿ ਗਏ ਪਰ ਤੀਰ ਥੱਲੇ ਨਾ ਆਇਆ। ਦੂਰ-ਦੂਰ ਤੱਕ ਸਭ ਸਿੰਘ ਲੱਭਦੇ ਰਹੇ ਪਰ ਕਿਤੋਂ ਨਾ ਲੱਭਿਆ। ਇਸ ਤਰ੍ਹਾਂ ਸਤਿਗੁਰਾਂ ਨੇ ਵਾਰੀ-ਵਾਰੀ ਪੰਜ ਤੀਰ ਅਕਾਸ਼ ਵੱਲ ਛੱਡੇ ਪਰ ਇੱਕ ਵੀ ਤੀਰ ਕਿਸੇ ਦੇ ਹੱਥ ਨਾ ਆਇਆ। ਨਿਰਾਸ਼ ਹੋ ਕੇ ਸਤਿਗੁਰਾਂ ਪਾਸ ਵਾਪਿਸ ਆ ਗਏ। ਸਤਿਗੁਰਾਂ ਨੇ ਕਿਹਾ ਸਿੰਘੋ ਖਾਲੀ ਹੱਥ ਕਿਉਂ ਆ ਗਏ, ਤੀਰ ਕਿੱਥੇ ਗਏ। ਸਿੰਘਾਂ ਨੇ ਆਖਿਆ ਹੇ ਗਰੀਬ ਨਿਵਾਜ ਆਪ ਜੀ ਦੇ ਕੌਤਕ ਆਪ ਜੀ ਹੀ ਜਾਣਦੇ ਹੋ। ਅਕਾਸ਼ ਵੱਲ ਤੀਰ ਜਾਂਦੇ ਵੇਖੇ ਪਰ ਵਾਪਿਸ ਆਉਂਦੇ ਨਹੀਂ ਵੇਖੇ। ਹੁਣ ਆਪ ਜੀ ਕਿਰਪਾ ਕਰਕੇ ਦੱਸੋ ਇਹ ਤੀਰ ਕਿੱਥੇ ਚਲੇ ਗਏ ਹਨ। ਫੇਰ ਸਤਿਗੁਰਾਂ ਨੇ ਨਾਮ ਸਿਮਰਨ ਦੀ ਮਹੱਤਤਾ ਦੱਸਦਿਆਂ ਹੋਇਆਂ ਕਿਹਾ ਕਿ ਹੇ ਖਾਲਸਾ ਜੀ ਆਪ ਜੀ ਦੇ ਸਾਹਮਣੇ ਇਹ ਜੋ ਸਾਧੂ ਆਇਆ ਸੀ ਜਿਸ ਨੇ ਹਮਾਯੂੰ ਪੰਛੀ ਦੇ ਪੰਜ ਖੰਭ ਸਾਡੇ ਅੱਗੇ ਭੇਟਾ ਕੀਤੇ ਸਨ ਉਹ ਨਾਰਦ ਮੁਨੀ ਸੀ। ਉਹ ਖੰਭ ਤੁਸਾਂ ਨੇ ਤੀਰਾਂ ਨਾਲ ਜੜਵਾ ਲਿਆਂਦੇ। ਅੱਜ ਉਹ ਪੰਜ ਤੀਰ ਅਕਾਸ਼ ਵੱਲ ਛੱਡੇ। ਹਮਾਯੂੰ ਪੰਛੀ ਦੇ ਖੰਭ ਨਾਲ ਹੋਣ ਕਰਕੇ ਇਹ ਤੀਰ ਵੀ ਹਮਾਯੂੰ ਦੇ ਦੇਸ਼ ਵਿਚ ਚਲੇ ਗਏ।

ਇਸੇ ਤਰ੍ਹਾਂ ਹੇ ਪਿਆਰੇ ਖਾਲਸਾ ਜੀ ਜੋ ਵੀ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਰੂਪੀ ਖੰਭਾਂ ਨਾਲ ਜੁੜ ਜਾਂਦਾ ਹੈ ਉਸ ਦੀ ਰੂਹ ਵੀ ਚੌਰਾਸੀ ਦੇ ਚੱਕਰ ਵਿਚ ਨਹੀਂ ਫਸਦੀ ਅਕਾਲ ਪੁਰਖ ਨਾਲ ਹੀ ਮਿਲ ਜਾਂਦੀ ਹੈ। ਇਸ ਲਈ ਰਹਿਤਾਂ ਨਾਲ ਪਿਆਰ ਕਰੋ ਕੁਰਹਿਤਾਂ ਤੋਂ ਬਚੋ।

## ਭੰਗ ਦੀਆਂ ਕੁਰਲੀਆਂ ਕਰਾਉਣ ਬਾਰੇ

ਇੱਕ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਰਨਾ ਵਿਚ ਸਿੱਖਾਂ ਨੇ ਬੇਨਤੀ ਕੀਤੀ ਕਿ ਅਸੀਂ ਬਾਣੀ ਬਹੁਤ ਪੜ੍ਹਦੇ ਹਾਂ ਪਰ ਅਨੰਦ ਨਹੀਂ ਆਉਂਦਾ। ਸਤਿਗੁਰਾਂ ਨੇ ਆਖਿਆ ਕਿ ਖੇਤਾਂ ਵਿਚੋਂ ਭੰਗ ਲਿਆਉ। ਸਤਿਗੁਰਾਂ ਦਾ ਬਚਨ ਮੰਨ ਕੇ ਸਿੰਘ ਖੇਤਾਂ ਵਿਚੋਂ ਭੰਗ ਲੈ ਆਏ। ਸਤਿਗੁਰਾਂ ਦੀ ਆਗਿਆ ਦੇ ਅਨੁਸਾਰ ਉਸ ਭੰਗ ਨੂੰ ਸੁਨਹਿਰਿਆਂ (ਪੱਥਰ ਦੇ ਕੂੰਡੇ) ਵਿੱਚ ਪਾ ਕੇ ਸੋਟਿਆਂ ਨਾਲ ਖੂਬ ਰਗੜਿਆ ਉਸ ਰਗੜੀ ਹੋਈ ਭੰਗ ਨੂੰ ਪਾਣੀ ਵਿਚ ਮਿਲਾਇਆ ਗਿਆ। ਜਦੋਂ ਭੰਗ ਪੂਰੀ ਤਿਆਰ ਹੋ ਗਈ ਤਾਂ ਸਤਿਗੁਰਾਂ ਨੇ ਆਖਿਆ ਕਿ ਇਸ ਭੰਗ ਦੀਆਂ ਸਾਰਿਆਂ ਨੇ ਬੁੱਕ ਭਰ ਭਰ ਕੇ ਕੁਰਲੀਆਂ ਕਰਨੀਆਂ ਹਨ। ਕਿਸੇ ਸਿੰਘ ਨੇ ਇਸ ਨੂੰ ਪੀਣਾ ਨਹੀਂ ਹੈ। ਸਤਿਗੁਰਾਂ ਦਾ ਬਚਨ ਮੰਨ ਕੇ ਸਿੰਘਾਂ ਨੇ ਬੁੱਕ ਭਰ ਭਰ ਕੇ ਕੁਰਲੀਆਂ ਕਰਕੇ

ਸਾਰੀ ਭੰਗ ਦਾ ਬਾਟਾ ਮੁਕਾ ਦਿੱਤਾ। ਕਿਸੇ ਵੀ ਸਿੰਘ ਨੇ ਸਤਿਗੁਰਾਂ ਦੇ ਹੁਕਮ ਅਨੁਸਾਰ ਭੰਗ ਨਾ ਪੀਤੀ। ਜਦੋਂ ਭੰਗ ਖਤਮ ਹੋ ਗਈ ਤਾਂ ਸਤਿਗੁਰਾਂ ਨੇ ਪੁੱਛਿਆ ਕਿ ਭੰਗ ਦਾ ਕਿਸੇ ਨੂੰ ਨਸ਼ਾ ਹੋਇਆ ਹੈ। ਤਾਂ ਅੱਗੋਂ ਭੰਗ ਦੀਆਂ ਕੁਰਲੀਆਂ ਕਰਨ ਵਾਲੇ ਸਿੰਘਾਂ ਨੇ ਆਖਿਆ ਕਿ ਮਹਾਰਾਜ ਜੀ ਅਸੀਂ ਤਾਂ ਭੰਗ ਦੀਆਂ ਕੁਰਲੀਆਂ ਕੀਤੀਆਂ ਹਨ ਕਿਸੇ ਨੇ ਵੀ ਭੰਗ ਪੀਤੀ ਨਹੀਂ। ਭੰਗ ਪੀਣ ਤੋਂ ਬਗੈਰ ਨਸ਼ਾ ਕਿਵੇਂ ਹੋ ਸਕਦਾ ਹੈ।

ਸਤਿਗੁਰਾਂ ਨੇ ਆਖਿਆ ਕਿ ਸਿੰਘੋ ਜਿਸ ਤਰ੍ਹਾਂ ਤੁਸੀਂ ਭੰਗ ਦੀਆਂ ਕੁਰਲੀਆਂ ਕਰਦੇ ਰਹੇ ਹੋ ਕਿਸੇ ਨੇ ਵੀ ਪੀਤੀ ਨਹੀਂ। ਇਸ ਤਰ੍ਹਾਂ ਜਿਹੜੇ ਸਿੰਘ ਕੇਵਲ ਮੂੰਹ ਨਾਲ ਬਾਣੀ ਪੜ੍ਹਦੇ ਹਨ ਪਰ ਸੁਣ ਕੇ ਵੀਚਾਰ ਨਹੀਂ ਕੀਤੀ ਉਸ ਨੂੰ ਅਨੰਦ ਕਿਵੇਂ ਆ ਸਕਦਾ ਹੈ। ਇਸ ਲਈ ਬਾਣੀ ਪੜ੍ਹ ਸੁਣ ਕੇ ਵੀਚਾਰ ਕੇ ਧਾਰਨ ਕਰਨੀ ਚਾਹੀਦੀ ਹੈ ਫੇਰ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

## ਰਾਜਾ ਜੈਦ ਰਥ ਦੀ ਕਲਿਆਣ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਮਨਾ ਦੇ ਕੰਢੇ ਵਸਾਏ ਨਗਰ ਪਉਂਟਾ ਸਾਹਿਬ ਵਿਖੇ ਰਹਿ ਕੇ ਜੀਵਾਂ ਦੀ ਕਲਿਆਣ ਕਰਨ ਵਾਸਤੇ ਅਨੇਕ ਤਰ੍ਹਾਂ ਦੇ ਕੌਤਕ ਕਰਦੇ ਹਨ। ਉਸ ਸਮੇਂ ਪੀਰ ਬੁੱਧੂ ਸ਼ਾਹ ਸਢੌਰੇ ਵਾਲਾ ਜਗੀਰਦਾਰ ਆਪਣੇ ਮੁਰੀਦਾਂ ਤੋਂ ਕਾਰ ਭੇਟ ਲੈਂਦਾ ਹੋਇਆ ਗੁਰੂ ਜੀ ਦੀ ਮਹਿਮਾ ਸੁਣ ਕੇ ਦੀਦਾਰ ਕਰਨ ਲਈ ਪਾਉਂਟਾ ਸਾਹਿਬ ਆਇਆ। ਪੀਰ ਜੀ ਨੇ ਗੁਰੂ ਸਾਹਿਬ ਨੂੰ ਕਈ ਪ੍ਰਕਾਰ ਦੇ ਪ੍ਰਸ਼ਨ ਪੁੱਛੇ। ਚੌਥੇ ਪਦ ਦੇ ਉੱਤਰ ਸੁਣ ਕੇ ਉਸ ਦੀ ਧਰ ਟਿਕਾਣੇ ਹੋ ਗਈ। ਸਤਿਗੁਰਾਂ ਦੇ ਕੋਲ ਰਾਜੇ ਫਤਹਿ ਸ਼ਾਹ ਸੈਨਾ ਦੇ ਸਮੇਤ ਆਇਆ ਹੋਇਆ ਹੈ। ਦੂਸਰੇ ਪਾਸੇ ਰਾਜਾ ਮੇਦਨੀ ਪਰਕਾਸ਼ ਸੈਨਾ ਦੇ ਸਮੇਤ ਆਇਆ ਹੋਇਆ ਹੈ। ਜਦੋਂ ਰਾਜਾ ਮੇਦਨੀ ਪਰਕਾਸ਼ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਆਇਆ ਤਾਂ ਚਰਨ ਕਮਲਾਂ ਤੇ ਬੰਦਨਾ ਕਰਕੇ ਬੈਠ ਗਿਆ। ਗੁਰੂ ਜੀ ਨੇ ਬਹੁਤ ਸਨਮਾਨ ਕੀਤਾ ਤੇ ਵਿਰੋਧ ਦੇ ਖਤਮ ਕਰਨ ਬਾਰੇ ਪ੍ਰਸੰਗ ਸੁਣਾਇਆ। ਇਹ ਸੁਣ ਕੇ ਮੇਦਨੀ ਪਰਕਾਸ਼ ਨੇ ਬਹੁਤ ਪ੍ਰੇਮ ਦੇ ਸ਼ਬਦ ਕਹੇ ਅਤੇ ਆਖਿਆ ਅਸੀਂ ਤੁਹਾਡਾ ਕਿਹਾ ਹੋਇਆ ਹਰ ਪ੍ਰਕਾਰ ਮੰਨਦੇ ਹਾਂ। ਜਿਸ ਪ੍ਰਕਾਰ ਸਾਡਾ ਭਲਾ ਹੋਵੇ ਕਿਰਪਾ ਕਰਕੇ ਉਸ ਤਰ੍ਹਾਂ ਬਚਨ ਕਰੋ। ਸਤਿਗੁਰੂ ਜੀ ਨੇ ਕਿਹਾ ਜਦ ਸਵੇਰ ਹੋਏਗੀ ਅਸੀਂ ਬੁਲਾਵਾਂਗੇ ਤਾਂ ਦੋਵੇਂ ਰਾਜੇ ਆ ਜਾਣ। ਪ੍ਰੇਮ ਨਾਲ ਮਿਲੋ ਤੇ ਬਿਗਾੜ ਛੱਡੋ। ਸੌਂ ਕੇ ਰਾਤ ਬਿਤਾਈ ਤੇ ਸਵੇਰੇ ਦਰਬਾਰ ਸਜਿਆ। ਦੋਵੇਂ ਰਾਜੇ ਆਏ ਦੋਹਾਂ ਨੇ ਗੁਰੂ ਜੀ ਦੇ ਚਰਨ ਕਮਲਾਂ ਤੇ ਬੰਦਨਾ ਕੀਤੀ। ਗੁਰੂ ਜੀ ਨੇ ਉਨ੍ਹਾਂ ਦਾ ਸਨਮਾਨ ਕੀਤਾ। ਸਤਿਗੁਰੂ ਜੀ ਨੇ ਕਿਹਾ ਆਪਸ ਵਿਚ ਜੱਫੀ ਪਾ ਕੇ ਪਿਆਰ ਨਾਲ ਇਸ ਥਾਂ ਮਿਲੋ। ਜਿਹੜਾ ਵਿਰੋਧ ਹੈ ਸਭ ਛੱਡ ਦੇਵੋ ਤੇ ਪਹਿਲੀ

ਵਾਰਤਾ ਨੂੰ ਯਾਦ ਨਾ ਕਰੋ। ਗੁਰੂ ਜੀ ਦਾ ਹੁਕਮ ਮੰਨ ਕੇ ਦੋਵੇਂ ਉੱਠ ਖੜੋਤੇ ਆਪਸ ਵਿਚ ਮਿਲ ਕੇ ਵੈਰ ਨੂੰ ਛੱਡ ਕੇ ਸਤਿਗੁਰੂ ਜੀ ਨੂੰ ਬੰਦਨਾ ਕਰਕੇ ਬੈਠ ਗਏ। ਵੈਰ ਮਿਟਾਉਣ ਨਾਲ ਹਿਰਦੇ ਅਨੰਦ ਨਾਲ ਭਰ ਗਏ।

ਦੂਣ ਸੁੰਦਰੀ ਵਿਚ ਇੱਕ ਭਿਆਨਕ ਸ਼ੇਰ ਰਹਿੰਦਾ ਸੀ। ਉਸ ਦਾ ਸ਼ਿਕਾਰ ਕਰਨ ਦੀਆਂ ਗੱਲਾਂ ਕਰਨ ਲੱਗੇ। ਦੋਵੇਂ ਰਾਜਿਆਂ ਅਤੇ ਗੁਰੂ ਜੀ ਨੇ ਸੁਣਿਆ। ਸਤਿਗੁਰਾਂ ਨੇ ਆਖਿਆ ਕਿ ਹੁਣ ਸ਼ਾਮ ਹੋ ਗਈ ਹੈ ਸ਼ਿਕਾਰ ਦਾ ਸਮਾਂ ਨਹੀਂ ਰਿਹਾ ਸਵੇਰੇ ਚੱਲਾਂਗੇ। ਰਾਤ ਸਭ ਨੇ ਅਰਾਮ ਕੀਤਾ ਸਵੇਰੇ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਦੋਵਾਂ ਰਾਜਿਆਂ ਨੂੰ ਵੀ ਨਾਲ ਲਿਆ। ਦੋਵੇਂ ਰਾਜਿਆਂ ਸਮੇਤ ਸਤਿਗੁਰੂ ਜੀ ਉਸ ਜੰਗਲ ਵਿਚ ਪਹੁੰਚ ਗਏ ਜਿੱਥੇ ਭਿਆਨਕ ਸ਼ੇਰ ਮਾਸ ਦਾ ਅਹਾਰ ਕਰਕੇ ਸੁੱਤਾ ਪਿਆ ਸੀ। ਜਦੋਂ ਸ਼ੇਰ ਨੇ ਘੋੜੇ ਦੀ ਹਿਣਕਣ ਦੀ ਅਵਾਜ ਸੁਣੀ ਤਾਂ ਉਹ ਖੜ੍ਹਾ ਹੋ ਗਿਆ। ਸ਼ੇਰ ਦਾ ਮੂੰਹ ਬਹੁਤ ਭਿਆਨਕ ਸੀ। ਨਹੁੰਦਰਾਂ ਤਿੱਖੀਆਂ ਅਤੇ ਮੋੜਵੀਆਂ ਸਨ। ਮੂੰਹ ਵਿਚ ਬਹੁਤ ਭਿਆਨਕ ਦਾੜ੍ਹਾਂ ਸਨ। ਗਰਦਨ ਦੇ ਵਾਲ ਲੰਮੇ ਅਤੇ ਅੱਖਾਂ ਲਾਲ ਸਨ। ਪੂਛ ਸਹਿਤ ਉਸ ਦੀ ਬੇਲ ਲੰਮੀ ਸੀ। ਉਸ ਦੀ ਛਾਤੀ, ਧੌਣ ਅਤੇ ਢਿੱਡ ਚਿੱਟਾ ਸੀ। ਕੱਦ ਬਹੁਤ ਵੱਡਾ ਸੀ। ਗੁਰੂ ਜੀ ਨੇ ਵੰਗਾਰਨ ਵਾਸਤੇ ਆਖਿਆ ਕਿ ਇੱਕ ਸੂਰਬੀਰ ਤਲਵਾਰ ਤੇ ਢਾਲ ਲੈ ਕੇ ਆਵੇ ਤੇ ਅੱਗੇ ਚੱਲ ਕੇ ਸ਼ੇਰ ਨੂੰ ਲਲਕਾਰੇ। ਇਹ ਸੁਣ ਕੇ ਫਤਹਿ ਸ਼ਾਹ ਨੇ ਕਿਹਾ ਕਿ ਹੇ ਗੁਰੂ ਜੀ ਸ਼ੇਰ ਵਿਚ ਅਥਾਹ ਸ਼ਕਤੀ ਹੈ ਕਿਹੜਾ ਮਨੁੱਖ ਇਸ ਦਾ ਸ਼ਿਕਾਰ ਕਰ ਸਕਦਾ ਹੈ। ਤੁਹਾਡੇ ਬਰਾਬਰ ਕੌਣ ਹੈ ਜਿਹੜਾ ਸ਼ੇਰ ਦਾ ਸ਼ਿਕਾਰ ਕਰ ਸਕੇ ਨਹੀਂ ਤਾਂ ਬੰਦੂਕਾਂ ਚੱਲਣ ਦੇਵੋ। ਬਹੁਤ ਗੋਲੀਆਂ ਇਕੱਠੀਆਂ ਸ਼ੇਰ ਨੂੰ ਵੱਜਣਗੀਆਂ ਅਤੇ ਮਾਰਿਆ ਜਾਵੇਗਾ। ਨਹੀਂ ਤਾਂ ਕਿਸੇ ਉਪਰ ਪਹੁੰਚ ਜਾਵੇਗਾ। ਸ਼ੇਰ ਨੂੰ ਮਿਲਕੇ ਵੀ ਮਾਰਨਾ ਮੁਸ਼ਕਿਲ ਹੈ। ਤਦ ਕਲਗੀਧਰ ਜੀ ਨੇ ਤਲਵਾਰ ਅਤੇ ਢਾਲ ਲੈ ਕੇ ਹਾਥੀ ਤੋਂ ਥੱਲੇ ਉਤਰਨਾ ਕੀਤਾ। ਗੁਰੂ ਜੀ ਨੇ ਸ਼ੇਰ ਨੂੰ ਵੰਗਾਰਿਆ। ਇਹ ਸੁਣ ਕੇ ਸ਼ੇਰ ਕ੍ਰੋਧ ਕਰਕੇ ਅੱਖਾਂ ਲਾਲ ਕਰਕੇ ਭਿਆਨਕ ਗਰਦਨ ਦੇ ਵਾਲਾਂ ਨੂੰ ਫੁਲਾ ਕੇ ਸਾਹਮਣੇ ਆਇਆ ਛਾਲ ਮਾਰ ਕੇ ਉਪਰ ਉੱਛਲਿਆ। ਗੁਰੂ ਜੀ ਨੇ ਤੁਰੰਤ ਢਾਲ ਅੱਗੇ ਕਰ ਦਿੱਤੀ। ਬਲ ਧਾਰ ਕੇ ਤਲਵਾਰ ਦਾ ਵਾਰ ਕੀਤਾ। ਤਲਵਾਰ ਨਾਲ ਸ਼ੇਰ ਨੂੰ ਇਸ ਤਰ੍ਹਾਂ ਚੀਰ ਦਿੱਤਾ ਜਿਵੇਂ ਸਾਬਣ ਵਿਚੋਂ ਦੀ ਤਾਰ ਲੰਘ ਜਾਂਦੀ ਹੈ। ਸ਼ੇਰ ਪਿਛਲੇ ਪੈਰਾਂ ਤੇ ਡਿੱਗ ਗਿਆ। ਇਹ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ। ਦੋਵਾਂ ਰਾਜਿਆਂ ਨੇ ਹਾਥੀਆਂ ਨੂੰ ਭਜਾਇਆ ਤੇ ਗੁਰੂ ਜੀ ਪਾਸ ਪਹੁੰਚ ਕੇ ਧੰਨ-ਧੰਨ ਕਹਿਣ ਲੱਗੇ। ਸਾਰੇ ਸੂਰਮੇ ਅਤੇ ਦੋਵੇਂ ਰਾਜੇ ਕਹਿਣ ਲੱਗੇ ਕਿ ਅਸੀਂ ਅਜਿਹਾ ਵੱਡਾ ਸ਼ੇਰ ਕਿਤੇ ਨਹੀਂ ਵੇਖਿਆ। ਉਸ ਵੇਲੇ ਰਾਜੇ ਮੇਦਨੀ ਪਰਕਾਸ਼ ਨੇ ਪੁੱਛਿਆ ਤੂੰ ਕੌਣ ਹੈਂ ਤਾਂ ਸ਼ੇਰ ਦੀ ਰੂਹ ਨੇ ਆਖਿਆ ਮੈਂ ਪਹਿਲੇ ਜੈਦ ਰਥ ਨਾਮ ਦਾ ਰਾਜਾ ਸੀ। ਮਹਾਂਭਾਰਤ ਦੇ ਜੰਗ ਵਿਚ ਅਭਿਮਨਯੂ ਆਦਿ ਅਨੇਕ

ਯੋਧਿਆਂ ਨੂੰ ਛਲ ਬਲ ਕਰਕੇ ਮਾਰਦਾ ਰਿਹਾ ਸੀ। ਜਿਸ ਦਾ ਫਲ ਮੈਨੂੰ ਇਹੋ ਜਿਹੀਆਂ ਚੰਦਰੀਆਂ ਤਾਮਸੀ ਜੂਨਾ ਮਿਲਦੀਆਂ ਰਹੀਆਂ। ਹੁਣ ਗੁਰੂ ਸਾਹਿਬ ਨੇ ਮੇਰੀ ਤਾਮਸੀ ਜੂਨ ਕੱਟ ਦਿੱਤੀ। ਹੁਣ ਮੈਂ ਦੇਵਤਾ ਬਣ ਕੇ ਬੈਕੁੰਠ ਨੂੰ ਚੱਲਿਆ ਹਾਂ। ਹਮੇਸ਼ਾਂ ਉੱਥੇ ਹੀ ਨਿਵਾਸ ਕਰਾਂਗਾ। ਇੰਨਾ ਕਹਿ ਕੇ ਉਹ ਬਿਬਾਨ ਪਰ ਬੈਠ ਅਕਾਸ਼ ਵੱਲ ਨੂੰ ਚਲਾ ਗਿਆ। ਇਹ ਚਰਿੱਤਰ ਵੇਖ ਕੇ ਪੀਰ ਬੁੱਧੂ ਸ਼ਾਹ ਤੇ ਰਾਜੇ ਆਦਿ ਸਭ ਲੋਕ ਅਸਚਰਜ ਰਹਿ ਗਏ। ਉਸ ਦਿਨ ਤੋਂ ਸਤਿਗੁਰੂ ਸਾਹਿਬ ਜੀ ਨੂੰ ਪਰਤੱਖ ਈਸ਼ਵਰ ਸਮਝ ਕੇ ਗੁਰੂ ਜੀ ਦੇ ਬਚਨਾ ਤੇ ਭਰੋਸਾ ਰੱਖਣ ਲੱਗ ਪਏ। ਤਦ ਕਲਗੀਧਰ ਜੀ ਨੇ ਸੁਣਾਇਆ ਇਸ ਸ਼ੇਰ ਨੇ ਪਾਂਡਵਾਂ ਦੀ ਕੁਲ ਵਿਚ ਮਨੁੱਖ ਦੇ ਤੌਰ ਤੇ ਜਨਮ ਲਿਆ ਸੀ। ਕੁਰਕਸ਼ੇਤਰ ਦੀ ਜੰਗ ਵਿਚ ਬੁਰੇ ਢੰਗ ਨਾਲ ਮਾਰਿਆ ਗਿਆ। ਭਾਵੀ ਵਸ ਹੋ ਕੇ ਇਸ ਧਰਤੀ ਉੱਤੇ ਬਹੁਤ ਜਨਮ ਲਏ। ਹੁਣ ਇਹ ਸ਼ੇਰ ਦੀ ਜੂਨੀ ਵਿਚ ਸੀ। ਹੁਣ ਮਰ ਕੇ ਭਲੀ ਪ੍ਰਕਾਰ ਗਤੀ ਪ੍ਰਾਪਤ ਕੀਤੀ ਹੈ। ਸੰਸਾਰ ਵਿਚ ਇਸ ਦਾ ਹੋਰ ਜਨਮ ਨਹੀਂ ਹੋਵੇਗਾ। ਇਹ ਸੁਣ ਕੇ ਸਾਰੇ ਧੰਨ-ਧੰਨ ਕਹਿਣ ਲੱਗੇ ਉਨ੍ਹਾਂ ਨੇ ਗੁਰੂ ਜੀ ਦੇ ਮਹਾਂ ਪਰਤਾਪ ਨੂੰ ਜਾਣਿਆ। ਇਸ ਤਰ੍ਹਾਂ ਬੁੱਧੂ ਸ਼ਾਹ ਗੁਰੂ ਜੀ ਦੀ ਮਹਿਮਾ ਕਰਦਾ ਹੋਇਆ ਵਿਦਾ ਹੋਇਆ।

## ਬੇਗਮ ਨਸੀਰਾਂ ਨੂੰ ਸ਼ਹੀਦ ਪੁੱਤਰਾਂ ਦੇ ਦਰਸ਼ਨ

ਪੀਰ ਬੁੱਧੂ ਸ਼ਾਹ ਆਪਣੇ ਡੇਰੇ ਸਢੌਰੇ ਰਹਿ ਰਿਹਾ ਸੀ। ਉਸ ਸਮੇਂ ਦਾਮਲਾ ਨਗਰ ਦੇ ਪਠਾਣ ਜੋ ਔਰੰਗਜੇਬ ਦੀ ਫੌਜ ਵਿਚ ਨੌਕਰੀ ਕਰਦੇ ਸਨ ਕਿਸੇ ਗਲਤੀ ਕਰਕੇ ਔਰੰਗਜੇਬ ਨੇ ਇਨ੍ਹਾਂ ਪੰਜ ਸੌ ਪਠਾਣਾਂ ਨੂੰ ਆਪਣੀ ਫੌਜ ਵਿਚੋਂ ਕੱਢ ਦਿੱਤਾ ਸੀ। ਬਾਦਸ਼ਾਹ ਦਾ ਹੁਕਮ ਸੀ ਕਿ ਇਨ੍ਹਾਂ ਨੂੰ ਕੋਈ ਵੀ ਰਾਜਾ ਆਪਣੀ ਫੌਜ ਵਿਚ ਭਰਤੀ ਨਾ ਕਰੇ। ਅਜਿਹੇ ਸਖਤੀ ਵਾਲੇ ਹੁਕਮਾਂ ਤੋਂ ਡਰਦੇ ਕੋਈ ਵੀ ਇਨ੍ਹਾਂ ਪਠਾਣਾਂ ਨੂੰ ਮੂੰਹ ਨਹੀਂ ਸੀ ਲਾਉਂਦਾ ਕਿਉਂਕਿ ਇਹ ਸਾਰੇ ਬਾਦਸ਼ਾਹ ਦੇ ਕਸੂਰਵਾਰ ਸਨ। ਹੁਣ ਜਿਹੜਾ ਵੀ ਇਨ੍ਹਾਂ ਨੂੰ ਰੱਖੇਗਾ ਉਹ ਸਜਾ ਪ੍ਰਾਪਤ ਕਰੇਗਾ। ਜਦ ਇਨ੍ਹਾਂ ਨੂੰ ਕਿਸੇ ਨੇ ਨੌਕਰੀ ਵਿਚ ਨਾ ਰੱਖਿਆ ਤਾਂ ਬਹੁਤ ਗਰੀਬ ਹੋ ਗਏ। ਆਖਰਕਾਰ ਸਢੌਰੇ ਦੇ ਪੀਰ ਬੁੱਧੂ ਸ਼ਾਹ ਕੋਲ ਪਹੁੰਚ ਗਏ। ਸਲਾਮ ਕੀਤਾ ਤੇ ਬੈਠ ਗਏ। ਪੀਰ ਜੀ ਨੇ ਪੁੱਛਿਆ ਕਿਥੋਂ ਆਏ ਹੋ। ਉਨ੍ਹਾਂ ਪਠਾਣਾਂ ਨੇ ਸਾਰਾ ਬਿਰਤਾਂਤ ਸੁਣਾਇਆ। ਰੋਜੀ ਵਾਸਤੇ ਅਸੀਂ ਸਾਰੇ ਫਿਰਦੇ ਰਹੇ ਹਾਂ ਪਰ ਕਿਸੇ ਨੇ ਵੀ ਭਰੋਸਾ ਨਹੀਂ ਦਿੱਤਾ। ਅਸੀਂ ਨਿਰਾਸ ਹੋ ਕੇ ਘਰਾਂ ਨੂੰ ਚੱਲੇ ਹਾਂ ਸਾਰੇ ਹੀ ਬਾਦਸ਼ਾਹ ਪਾਸੋਂ ਡਰਦੇ ਹਨ। ਜਿਹੜਾ ਨੌਰੰਗੇ ਤੋਂ ਨਾ ਡਰਦਾ ਹੋਵੇ ਉਹ ਹੀ ਸਾਨੂੰ ਆਪਣੇ ਪਾਸ ਨੌਕਰ ਰੱਖ ਸਕਦਾ ਹੈ। ਅਜਿਹਾ ਕੋਈ ਦਿਖਾਈ ਨਹੀਂ ਦਿੱਤਾ। ਅਸੀਂ ਹੁਣ ਰੋਜੀ ਰੋਟੀ ਵਾਸਤੇ ਲਾਚਾਰ ਹਾਂ। ਹੇ ਪੀਰ ਜੀ ਸਾਡੇ ਤੇ ਉਪਕਾਰ ਕਰੋ। ਪੀਰ ਬੁੱਧੂ ਸਾਹ ਨੇ ਦੀਨਾ ਦੀ ਬੇਨਤੀ ਸੁਣ

ਕੇ ਆਖਿਆ ਕਿ ਇਹ ਕਾਰਜ ਕਲਗੀਧਰ ਸਤਿਗੁਰੂ ਪਾਸੋਂ ਹੀ ਬਣ ਸਕਦਾ ਹੈ। ਇਹ ਸੁਣ ਕੇ ਭੀਖਨ ਖਾਨ ਬੋਲਿਆ ਸਾਰੇ ਪਠਾਨ ਤੁਹਾਡੇ ਮਰੀਦ ਹਨ। ਜੇਕਰ ਇਨ੍ਹਾਂ ਨੂੰ ਰੋਜਗਾਰ ਦਿਵਾ ਦੇਵੋ ਤਾਂ ਵੱਡਾ ਅਹਿਸਾਨ ਸਾਡੇ ਤੇ ਕਰੋਗੇ। ਖਾਨ ਜ਼ਾਦੇ, ਭੀਖਨ ਖਾਂ, ਕਾਲੇ ਖਾਂ ਅਤੇ ਹਿਆਤ ਖਾਂ ਨੇ ਕਿਹਾ ਕਿ ਹੇ ਪੀਰ ਜੀ ਗੁਰੂ ਜੀ ਕੋਲ ਹੁਣ ਸਾਡੇ ਵਾਸਤੇ ਜਾਉ ਉਨ੍ਹਾਂ ਕੋਲ ਜਾ ਕੇ ਸਾਡੀ ਸਿਫਤ ਕਰੋ।

ਦੂਜੇ ਦਿਨ ਪੰਜ ਸੌ ਪਠਾਣਾਂ ਨੂੰ ਨਾਲ ਲੈ ਕੇ ਪੀਰ ਬੁੱਧੂ ਸ਼ਾਹ ਨੇ ਪਹੁੰਚ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਬੇਨਤੀ ਕੀਤੀ ਕਿ ਇਹ ਪੰਜ ਸੌ ਪਠਾਣ ਨੌਕਰੀ ਵਾਸਤੇ ਆਏ ਹਨ। ਇਹ ਪਠਾਣ ਰਣ ਖੇਤਰ ਵਿਚ ਡਟ ਕੇ ਵੈਰੀ ਦਾ ਮੁਕਾਬਲਾ ਕਰਨ ਵਾਲੇ ਹਨ। ਹਥਿਆਰਾਂ ਦਾ ਇਨ੍ਹਾਂ ਨੂੰ ਬਹੁਤ ਅਭਿਆਸ ਹੈ। ਇਨ੍ਹਾਂ ਦੇ ਚਾਰ ਸਰਦਾਰ ਹਨ। ਦੀਵਾਨ ਨੰਦ ਚੰਦ ਨੇ ਸਤਿਗੁਰਾਂ ਦੇ ਹੁਕਮ ਅਨੁਸਾਰ ਇਨ੍ਹਾਂ ਦੇ ਹੁਲੀਏ ਲਿਖ ਲਏ। ਪੀਰ ਬੁੱਧੂ ਸ਼ਾਹ ਦਾ ਸਤਿਗੁਰਾਂ ਨੇ ਬਹੁਤ ਸਨਮਾਨ ਕੀਤਾ। ਇਨ੍ਹਾਂ ਨੂੰ ਭਰਤੀ ਕਰਵਾ ਕੇ ਪੀਰ ਬੁੱਧੂ ਸ਼ਾਹ ਵਾਪਸ ਸਢੌਰੇ ਚਲੇ ਗਏ।

ਕੁਝ ਸਮੇਂ ਬਾਅਦ ਰਾਜਾ ਫਤਹਿ ਸ਼ਾਹ ਸ੍ਰੀ ਨਗਰ ਵਾਲੇ ਦੇ ਅਹਿਲਕਾਰਾਂ ਨੇ ਆ ਕੇ ਸਤਿਗੁਰਾਂ ਕੋਲ ਬੇਨਤੀ ਕੀਤੀ ਕਿ ਰਾਜੇ ਦੀ ਪੁੱਤਰੀ ਦਾ ਵਿਆਹ ਹੈ ਕਿਰਪਾ ਕਰਕੇ ਸਾਰੇ ਸਮਾਜ ਸਮੇਤ ਸ੍ਰੀ ਨਗਰ ਨੂੰ ਚਰਨ ਪਾ ਕੇ ਪਵਿੱਤਰ ਕਰੋ। ਗੁਰੂ ਜੀ ਨੇ ਬਚਨ ਕੀਤਾ ਕਿ ਸਾਡੇ ਨਾਲ ਬਹੁਤ ਸਿੱਖ ਸੂਰਮੇ ਹਨ ਜਿਸ ਭੀੜ ਨੂੰ ਦੇਖ ਕੇ ਰਾਜਾ ਭੀਮ ਚੰਦ ਬੁਰਾ ਮੰਨੇਗਾ। ਇਸ ਕਰਕੇ ਸਾਡਾ ਜਾਣਾ ਨਹੀਂ ਬਣਦਾ। ਤੰਬੋਲ ਭੇਜ ਦੇਵਾਂਗੇ। ਆਖਿਰ ਗੁਰੂ ਜੀ ਨੇ ਪੰਜ ਘੋੜੇ ਸਾਜ ਸਮੇਤ ਤੇਵਰ ਜੇਵਰ ਬਰਤਨ ਬਹੁਤ ਸਾਰੀ ਨਕਦੀ ਅਮੋਲਕ ਸਮੱਗਰੀ ਪਹਾੜੀਆਂ ਦੀ ਛਾਤੀ ਸਾੜਨ ਲਈ ਸਵਾ ਲੱਖ ਦਾ ਤੰਬੋਲ ਦਇਆ ਰਾਮ ਪ੍ਰੋਹਤ ਤੇ ਨੰਦ ਚੰਦ ਦੀਵਾਨ ਦੇ ਹੱਥ ਚੋਣਵੇਂ ਇੱਕ ਸੌ ਸਵਾਰਾਂ ਸਮੇਤ ਸ੍ਰੀ ਨਗਰ ਭੇਜ ਦਿੱਤਾ। ਇੱਧਰ ਉਸੇ ਰਾਤ ਨੂੰ ਭੀਮ ਚੰਦ ਦਾ ਵਜੀਰ ਪਰਮਾਨੰਦ ਪਉਂਟਾ ਸਾਹਿਬ ਦੇ ਰਸਤੇ ਸ੍ਰੀ ਨਗਰ ਪਹੁੰਚਣ ਲਈ ਦੂਲੋ ਨੂੰ ਲੈ ਕੇ ਆਇਆ। ਗੁਰੂ ਜੀ ਦੇ ਯੋਧੇ ਉਸ ਨੂੰ ਲੈ ਕੇ ਗੁਰੂ ਜੀ ਪਾਸ ਲੈ ਆਏ। ਪਰਮਾਨੰਦ ਨੇ ਬੇਨਤੀ ਕੀਤੀ ਕਿ ਇਹ ਰਾਜਾ ਭੀਮ ਚੰਦ ਦਾ ਪੁੱਤਰ ਹੈ। ਮੈਂ ਇਸ ਨੂੰ ਲੈ ਕੇ ਸ੍ਰੀ ਨਗਰ ਸਮੇਂ ਸਿਰ ਪਹੁੰਚਣਾ ਹੈ। ਸਾਨੂੰ ਆਗਿਆ ਦੇਵੋ। ਜਾਣੀ ਜਾਣ ਸਤਿਗੁਰਾਂ ਨੇ ਵਜੀਰ ਦੀ ਚਤੁਰਾਈ ਜਾਣਦੇ ਹੋਏ ਵੀ ਦੂਲੋ ਨੂੰ ਵਿਦਾ ਕਰ ਦਿੱਤਾ। ਵਿਆਹ ਬੜੀ ਧੂਮ ਧਾਮ ਨਾਲ ਹੋਇਆ। ਖੱਟ ਦੇ ਸਮੇਂ ਰਾਜਾ ਫਤਹਿ ਸ਼ਾਹ ਨੇ ਤੰਬੋਲ ਅਤੇ ਬਾਕੀ ਸਮੱਗਰੀ ਲਈ। ਉਸ ਸਮੇਂ ਭੱਟ ਨੇ ਇੱਕ-ਇੱਕ ਚੀਜ ਦੀ ਕੀਮਤ ਦੱਸੀ। ਉਸ ਸਮੇਂ ਰਾਜਾ ਭੀਮ ਚੰਦ ਸੜ ਬਲ ਕੇ ਕੋਲਾ ਹੋ ਗਿਆ। ਬਾਕੀ ਪਹਾੜੀ ਰਾਜੇ ਜੋ ਭੀਮਚੰਦ ਦੇ ਵੈਰੀ ਸਨ ਤੇ ਉੱਤੋਂ ਮਿੱਠੇ ਬਣੇ ਹੋਏ ਸਨ ਉਨ੍ਹਾਂ ਨੇ ਭੀਮ ਚੰਦ ਨੂੰ ਭੜਕਾ ਦਿੱਤਾ ਕਿ ਤੇਰੇ ਕੁੜਮ ਫਤਹਿ ਸ਼ਾਹ ਨੂੰ ਗੁਰੂ ਜੀ ਨੇ ਬਹੁਤ ਮਹਿੰਗਾ ਤੰਬੋਲ ਦਿੱਤਾ ਹੈ। ਇੰਨੀ

ਕੀਮਤ ਦਾ ਤੰਬੋਲ ਕਿਸੇ ਰਾਜੇ ਨੇ ਵੀ ਕਿਸੇ ਨੂੰ ਨਹੀਂ ਦਿੱਤਾ। ਸਭ ਤੇ ਉਪਰ ਦੀ ਹੋ ਕੇ ਸਭ ਦਾ ਨੱਕ ਵੱਢ ਦਿੱਤਾ ਹੈ। ਇਸ ਲਈ ਤੰਬੋਲ ਖੋਹ ਕੇ ਸਿੱਖਾਂ ਨੂੰ ਧੱਕੇ ਮਾਰ ਕੇ ਕੱਢੋ। ਇਸ ਤਰ੍ਹਾਂ ਭੀਮ ਚੰਦ ਭੀਮ ਬਣਾ ਦਿੱਤਾ।

ਭੀਮ ਚੰਦ ਆਪਣੇ ਕੁੜਮ ਫਤਹਿ ਸਾਹ ਨੂੰ ਬੁਲਾ ਕੇ ਕਹਿਣ ਲੱਗਿਆ ਤੂੰ ਗੁਰੂ ਗੋਬਿੰਦ ਸਿੰਘ ਜੋ ਸਾਡੇ ਵੈਰੀ ਹਨ ਉਨ੍ਹਾਂ ਨਾਲ ਮਿੱਤਰਤਾ ਪਾਈ ਹੈ। ਜੇ ਤੂੰ ਤੰਬੋਲ ਰੱਖ ਕੇ ਉਸ ਨਾਲ ਸਾਲਸੀ ਰੱਖਣੀ ਹੈ ਤਾਂ ਅਸੀਂ ਤੇਰੀ ਬੇਟੀ ਦਾ ਡੋਲਾ ਇੱਥੇ ਹੀ ਛੱਡ ਜਾਵਾਂਗੇ। ਫਤਹਿ ਸ਼ਾਹ ਨੇ ਆਪਣੇ ਕੁੜਮ ਭੀਮ ਚੰਦ ਨੂੰ ਬਹੁਤ ਸਮਝਾਇਆ ਪਰ ਭੀਮਚੰਦ ਡੋਲਾ ਛੱਡ ਕੇ ਤੁਰ ਪਿਆ। ਜੇ ਫਤਹਿ ਸ਼ਾਹ ਸਿਦਕ ਰੱਖਦਾ ਤਾਂ ਉਸ ਦਾ ਕਾਰਜ ਗੁਰੂ ਜੀ ਰਾਸ ਕਰ ਦਿੰਦੇ। ਰਾਜੇ ਭੀਮ ਚੰਦ ਦੇ ਬੇਟੇ ਨੂੰ ਉਸ ਦੇ ਘਰ ਮੰਗਾ ਦਿੰਦੇ ਪਰ ਫੇਰ ਵੀ ਉਹ ਕੱਚਾ ਪਹਾੜੀਆ ਨਿੱਕਲ ਗਿਆ। ਦੋਹਾਂ ਕੁੜਮਾਂ ਨੇ ਇੱਕ ਮਿੱਕ ਹੋ ਕੇ ਸਲਾਹ ਕਰ ਲਈ ਕਿ ਤੰਬੋਲ ਅਤੇ ਘੋੜੇ ਸ਼ਸਤਰ ਬਸਤਰ ਸਿੱਖਾਂ ਤੋਂ ਖੋਹ ਕੇ ਇਨ੍ਹਾਂ ਦਾ ਦਲੀਆ ਅਜਿਹਾ ਕਰੋ ਕੋਈ ਖਬਰ ਦੇਣ ਜੋਗਾ ਨਾ ਰਹੇ। ਇੱਧਰ ਗੁਰੂ ਸਾਹਿਬ ਦਾ ਦੀਵਾਨ ਨੰਦ ਚੰਦ ਬੜਾ ਸਿਆਣਾ ਸੀ। ਉਸ ਨੇ ਸਾਰੇ ਸਿੰਘਾਂ ਨੂੰ ਇਕੱਠੇ ਕਰਕੇ ਝੱਟਪੱਟ ਖੱਟ ਲੁੱਟ ਲਈ। ਤਲਵਾਰਾਂ ਸੂਤ ਕੇ ਸਭ ਨੂੰ ਭਜਾ ਦਿੱਤਾ।

ਸਾਰਾ ਸਾਜੋ ਸਮਾਨ ਲੈ ਕੇ ਸਿੰਘ ਪਉਂਟਾ ਸਾਹਿਬ ਪਹੁੰਚ ਗਏ। ਨੰਦ ਚੰਦ ਨੇ ਸਾਰਾ ਬਿਰਤਾਂਤ ਸੁਣਾ ਕੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਹੁਣ ਜੰਗ ਦੀ ਤਿਆਰੀ ਕਰੋ ਪਹਾੜੀ ਰਾਜੇ ਆਏ ਜਾਣੋ। ਗੁਰੂ ਜੀ ਨੇ ਸੱਚ ਨੂੰ ਸੁਣ ਕੇ ਸਾਰੇ ਸੂਰਮਿਆਂ ਨੂੰ ਗੋਲੀ ਬਰੂਦ ਵਰਤਾਅ ਦਿੱਤਾ। ਸਾਰੇ ਦੇਸ ਵਿਚ ਹੁਕਮਨਾਮੇ ਭੇਜ ਦਿੱਤੇ ਜਿਨ੍ਹਾ ਨੂੰ ਸੁਣ ਕੇ ਬੇਅੰਤ ਸਿੱਖ ਸੂਰਬੀਰ ਹਥਿਆਰ ਅਤੇ ਖਰਚ ਬੰਨ੍ਹ ਕੇ ਘਰਾਂ ਤੋਂ ਚੱਲ ਆਏ। ਉੱਧਰ ਦੀਵਾਨ ਨੰਦ ਚੰਦ ਦੀ ਲੁੱਟ ਖੋਹ ਤੋਂ ਭੀਮਚੰਦ ਨੂੰ ਕਰੋਧ ਆ ਗਿਆ। ਉਸ ਨੇ ਸਾਰਿਆਂ ਰਾਜਿਆਂ ਵੱਲ ਤੱਕ ਕੇ ਕਿਹਾ ਕਿ ਸਿੱਖਾਂ ਨੇ ਖੱਟ ਨਹੀਂ ਲੁੱਟੀ ਬਲਕਿ ਬਾਈ ਧਾਰ ਦੇ ਰਾਜਿਆਂ ਦੀ ਮੁੱਛ ਕੱਟ ਦਿੱਤੀ ਗਈ ਸਮਝੋ।

ਸਾਰੇ ਰਾਜੇ ਨਗਾਰੇ ਵਜਾਉਂਦੇ ਹੋਏ ਉਮੰਡ ਕੇ ਆਏ। ਰਾਜਾ ਮੇਦਨੀ ਪ੍ਰਕਾਸ਼ ਕਿਸੇ ਵੱਲ ਨਾ ਹੋਇਆ ਪਰ ਅੰਦਰੋਂ ਦਾਰੂ ਸਿੱਕਾ ਰਸਦ ਬਸਦ ਆਦਿ ਗੁਰੂ ਜੀ ਵੱਲ ਪਹੁੰਚਾਉਂਦਾ ਰਿਹਾ। ਇੱਧਰੋਂ ਗੁਰੂ ਸਾਹਿਬ ਜੀ ਆਪਣੇ ਸੂਰਮੇ ਦੀ ਸਲਾਹ ਨਾਲ ਪਉਂਟਾ ਸਾਹਿਬ ਨੂੰ ਪਿੱਛੇ ਰੱਖ ਕੇ ਛੇ ਕੋਹ ਅੱਗੇ ਜਿੱਧਰੋਂ ਰਾਜਿਆ ਨੇ ਆਉਣਾ ਸੀ ਗਿਰੀ ਨਦੀ ਤੇ ਜਮੁਨਾ ਦੇ ਵਿਚਕਾਰ ਭੰਗਾਣੀ ਪਿੰਡ ਦੇ ਪਾਸ ਜਾ ਮੋਰਚੇ ਕਾਇਮ ਕੀਤੇ। ਉਸ ਸਮੇਂ ਜੋ ਪੀਰ ਬੁੱਧੂ ਸ਼ਾਹ ਨੇ ਪੰਜ ਸੌ ਪਠਾਣ ਗੁਰੂ ਜੀ ਦੀ ਫੌਜ ਵਿਚ ਭਰਤੀ ਕਰਾਏ ਸਨ ਉਹ ਰਾਜਾ ਫਤਹਿ ਸ਼ਾਹ ਦੇਵਜੀਰ ਰਤਨਚੰਦ ਤੇ ਭੀਮਚੰਦ ਦੇ ਵਜੀਰ ਪਰਮਾਨੰਦ ਦੀ ਚੱਕ ਵਿਚ ਆ ਗਏ। ਉਹ ਨਮਕ ਹਰਾਮ ਹੋ ਗਏ। ਉਹ ਗੁਰੂ ਜੀ ਪਾਸ ਜਾ ਕੇ ਬੇਨਤੀ ਕਰਨ ਲੱਗੇ ਕਿ ਸਾਡੇ ਮੁੰਡੇ ਕੁੜੀਆਂ ਦੇ ਕਈ ਨਿਕਾਹ

ਹੋਣੇ ਹਨ। ਸੁੰਨਤੀ ਬਹਿਣੇ ਹਨ। ਸਾਨੂੰ ਛਿਮਾਹੀ ਦੀ ਤਨਖਾਹ ਦੇ ਕੇ ਛੁੱਟੀ ਬਖਸ਼ੋ। ਅਸੀਂ ਜਰੂਰ ਜਾਣਾ ਹੈ ਜੇ ਨਹੀਂ ਭੇਜੋਂਗੇ ਤਾਂ ਵੀ ਜਾਵਾਂਗੇ। ਤਾਂ ਮਾਮਾ ਕਿਰਪਾਲ ਚੰਦ ਨੇ ਕਿਹਾ ਤੁਸੀਂ ਉਹ ਗੱਲ ਕਰਦੇ ਹੋ ਕਿ ਸ਼ਿਕਾਰ ਵੇਲੇ ਕੁੱਤੀ ਹਲਕਾਈ। ਕੰਮ ਦੇ ਵੇਲੇ ਹੁਣ ਡਰਦੇ ਮਾਰੇ ਵਿਆਹ ਤੇ ਸੁੰਨਤਾ ਦੇ ਬਹਾਨੇ ਬਣਾ ਕੇ ਆਪਣੀ ਜਾਤ ਨੂੰ ਵੱਟਾ ਲਾਉਂਦੇ ਹੋ ਅਤੇ ਤੁਸੀਂ ਆਪਣੇ ਪੀਰ ਬੁੱਧੂ ਸ਼ਾਹ ਦੀ ਲਾਜ ਵੀ ਨਹੀਂ ਰੱਖ ਰਹੇ। ਗੁਰੂ ਸਾਹਿਬ ਜੀ ਨੇ ਵੀ ਇਨ੍ਹਾਂ ਦੀ ਤਨਖਾਹ ਕਈ ਗੁਣਾ ਕਰਨ ਦੀ ਆਖੀ ਪਰ ਮਾੜੀ ਮੱਤ ਵਾਲਿਆਂ ਨੂੰ ਕੋਈ ਸਮਝ ਨਾ ਲੱਗੀ। ਇਹ ਸਾਰੇ ਖਿਸਕ ਗਏ। ਜਦੋਂ ਇਸ ਗੱਲ ਦਾ ਪਤਾ ਪੀਰ ਬੁੱਧੂ ਸ਼ਾਹ ਨੂੰ ਲੱਗਿਆ ਤਾਂ ਉਹ ਆਪਣੇ ਚਾਰੇ ਪੁੱਤਰ ਅਤੇ ਪੰਜ ਸੌ ਮਰੀਦ ਲੈ ਕੇ ਭੰਗਾਣੀ ਦੇ ਮੈਦਾਨੇ ਜੰਗ ਵਿਚ ਕੁੱਦ ਪਿਆ। ਦੁਸ਼ਮਣਾਂ ਦੇ ਨਗਾਰਿਆਂ ਦੀ ਅਵਾਜ ਸੁਣ ਕੇ ਗੁਰੂ ਸਾਹਿਬ ਦੇ ਕੋਲ ਜੋ ਮਹੰਤ ਕਿਰਪਾਲ ਦਾਸ ਦੇ ਪੰਜ ਸੌ ਉਦਾਸੀ ਸਾਧੂ ਸਨ ਉਹ ਵੀ ਰਾਤ ਨੂੰ ਖਿਸਕ ਗਏ। ਇਕੱਲਾ ਮਹੰਤ ਕਿਰਪਾਲ ਦਾਸ ਰਹਿ ਗਿਆ। ਸਤਿਗੁਰਾਂ ਨੇ ਆਖਿਆ ਕਿ ਇਨ੍ਹਾਂ ਦੀ ਜੜ ਰਹਿ ਗਈ। ਘਮਸਾਨ ਦਾ ਯੁੱਧ ਹੋਇਆ। ਇਸ ਵਿਚ ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਸ਼ਹੀਦ ਹੋ ਗਏ। ਪੀਰ ਬੁੱਧੂ ਸ਼ਾਹ ਨੇ ਹਯਾਤ ਖਾਂ ਨੂੰ ਮੈਦਾਨੇ ਜੰਗ ਵਿਚ ਆਪਣਾ ਸੋਟਾ ਮਾਰ ਕੇ ਮਾਰ ਦਿੱਤਾ। ਗੁਰੂ ਸਾਹਿਬ ਜੀ ਦੇ ਭੂਆ ਦੇ ਪੁੱਤਰ ਸੰਗੋ ਸ਼ਾਹ ਤੇ ਜੀਤ ਮੱਲ ਇਸ ਜੰਗ ਵਿਚ ਸ਼ਹੀਦੀ ਪਾ ਗਏ। ਪਿਛਲਾ ਪਹਿਰ ਗੁਰੂ ਜੀ ਇਸ਼ਨਾਨ ਕਰਕੇ ਸੰਗਤ ਨੂੰ ਵਿਦਾ ਕਰ ਰਹੇ ਸਨ ਉਸ ਵੇਲੇ ਪੀਰ ਬੁੱਧੂ ਸ਼ਾਹ ਵਿਦਾ ਹੋਣ ਲਈ ਹਾਜਰ ਹੋਇਆ। ਗੁਰੂ ਜੀ ਕੰਘਾ ਕਰ ਰਹੇ ਸਨ। ਬੁੱਧੂ ਸ਼ਾਹ ਨੂੰ ਅੱਧੀ ਦਸਤਾਰ, ਇੱਕ ਪੌਸ਼ਾਕ, ਇੱਕ ਹੁਕਮਨਾਮਾ, ਇੱਕ ਕਟਾਰ ਅਤੇ ਸਮੇਤ ਕੇਸਾਂ ਦੇ ਕੰਘਾ ਬਖਸ਼ਿਆ। ਬਾਕੀ ਰਹਿੰਦੀ ਅੱਧੀ ਦਸਤਾਰ ਮਹੰਤ ਕਿਰਪਾਲ ਦਾਸ ਉਦਾਸੀ ਨੂੰ ਬਖਸ਼ੀ। ਪੀਰ ਬੁੱਧੂ ਸ਼ਾਹ ਭੰਗਾਣੀ ਦੇ ਯੁੱਧ ਵਿਚ ਆਪਣੇ ਦੋ ਪੁੱਤਰਾਂ ਅਤੇ ਬਹੁਤ ਸਾਰੇ ਮੁਰੀਦਾਂ ਨੂੰ ਸ਼ਹੀਦ ਕਰਾਉਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸਿਰੋਪਾਓ ਲੈਂਦੇ ਸਮੇਂ ਕੇਸਾਂ ਸਮੇਤ ਕੰਘਾ, ਅੱਧੀ ਦਸਤਾਰ ਅਤੇ ਕਟਾਰ ਲੈ ਕੇ ਸਢੌਰੇ ਜਾ ਕੇ ਆਪਣੀ ਬੇਗਮ ਨਸੀਰਾਂ ਨੂੰ ਮਿਲਿਆ। ਨਸੀਰਾਂ ਨੇ ਆਪਣੇ ਦੋਵੇਂ ਪੁੱਤਰਾਂ ਬਾਰੇ ਪੁੱਛਿਆ ਤਾਂ ਪੀਰ ਬੁੱਧੂ ਸ਼ਾਹ ਨੇ ਦੱਸਿਆ ਕਿ ਦੋ ਪੁੱਤਰ ਮੈਦਾਨੇ ਜੰਗ ਵਿਚ ਸ਼ਹੀਦੀ ਪਾ ਗਏ ਹਨ ਤੇ ਉਨ੍ਹਾਂ ਦਾ ਅੱਲਾ ਦੀ ਦਰਗਾਹ ਪੁੱਜਣ ਤੇ ਗੁਰੂ ਜੀ ਨੇ ਮੈਨੂੰ ਸਿਰੋਪਾਓ ਬਖਸ਼ਿਆ ਹੈ। ਪੀਰ ਜੀ ਦੀ ਇਹ ਗੱਲ ਸੁਣ ਕੇ ਨਸੀਰਾਂ ਬਹੁਤ ਵਿਰਲਾਪ ਕਰਨ ਲੱਗੀ। ਮਨ ਵਿਚ ਸੋਚਣ ਲੱਗੀ ਕਿ ਜੇ ਪੀਰ ਨੇ ਪੰਜ ਸੌ ਪਠਾਣ ਭਰਤੀ ਕਰਵਾਏ ਉਹ ਨਮਕ ਹਰਾਮ ਹੋ ਗਏ ਤਾਂ ਮੇਰੇ ਜਿਗਰ ਦੇ ਟੋਟਿਆਂ ਨੂੰ ਜਾਨ ਦੇਣੀ ਪਈ। ਉਹ ਕਿਹੜੀ ਘੜੀ ਸੀ ਜਦੋਂ ਅਸੀਂ ਉਹ ਪਠਾਣ ਭਰਤੀ ਕਰਾਏ। ਪੀਰ ਜੀ ਨੇ ਨਸੀਰਾਂ ਨੂੰ ਬਹੁਤ ਸਮਝਾਇਆ ਪਰ ਮਾਂ ਦੀ ਮਮਤਾ ਬਹੁਤ ਹੁੰਦੀ ਹੈ। ਫੇਰ ਪੀਰ ਬੁੱਧੂ ਸ਼ਾਹ ਨੇ ਆਪਣੀ

ਬੇਗਮ ਨਸੀਰਾਂ ਨੂੰ ਆਖਿਆ ਕਿ ਹੇ ਨਸੀਰਾਂ ਕਲਗੀਆਂ ਵਾਲੇ ਸੱਚੇ ਪਾਤਸ਼ਾਹ ਤੈਨੂੰ ਤੇਰੇ ਸ਼ਹੀਦ ਹੋਏ ਪੁੱਤਰਾਂ ਦੇ ਦਰਸ਼ਨ ਵੀ ਕਰਵਾ ਸਕਦੇ ਹਨ ਪਰ ਇਹ ਸਮਰੱਥਾ ਮੇਰੇ ਵਿਚ ਨਹੀਂ ਹੈ। ਗੁਰੂ ਜੀ ਹੀ ਸਮਰੱਥ ਹਨ। ਸਤਿਗੁਰਾਂ ਦਾ ਫੁਰਮਾਨ ਹੈ:-

*ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥* *ਆਦਿ ੧੧*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਦੀਨ ਦੁਨੀ ਦੇ ਮਾਲਕ ਦੇ ਚਰਨਾਂ ਵਿੱਚ ਜਦੋਂ ਪੀਰ ਬੁੱਧੂ ਸ਼ਾਹ ਆਪਣੀ ਬੇਗਮ ਨਸੀਰਾਂ ਨੂੰ ਲੈ ਕੇ ਪਹੁੰਚਿਆ ਤਾਂ ਹਜੂਰ ਨੇ ਨਸੀਰਾਂ ਬੇਗਮ ਨੂੰ ਸ਼ਹੀਦ ਹੋਏ ਦੋਨੋਂ ਪੁੱਤਰਾਂ ਦੇ ਖੁਦਾ ਦੀ ਦਰਗਾਹ ਵਿਚ ਦਰਸ਼ਨ ਕਰਵਾ ਦਿੱਤੇ। ਪੁੱਤਰਾਂ ਦੇ ਦਰਸ਼ਨ ਕਰਕੇ ਨਸੀਰਾਂ ਕਹਿਣ ਲੱਗੀ ਹੇ ਪੀਰ ਜੀ ਇਹ ਦੋ ਪੁੱਤਰ ਵਾਪਿਸ ਕਿਉਂ ਲਿਆਏ ਹੋ। ਇਹ ਵੀ ਮੇਰੇ ਪਿਆਰੇ ਪੁੱਤਰ ਹਨ। ਇਨ੍ਹਾਂ ਨੂੰ ਵੀ ਗੁਰੂ ਜੀ ਦੇ ਚਰਨਾ ਵਿੱਚ ਥਾਂ ਦਿਵਾਉਣੀ ਸੀ। ਇਸ ਤਰ੍ਹਾਂ ਆਪਣੇ ਪੁੱਤਰਾਂ ਦੇ ਦਰਗਾਹ ਵਿਚ ਦਰਸ਼ਨ ਕਰਕੇ ਨਸੀਰਾਂ ਨੂੰ ਗੁਰੂ ਘਰ ਵੱਲੋਂ ਮਿਲੇ ਸਿਰੋਪਾਓ ਦੀ ਸਮਝ ਲੱਗੀ।

## ਬਰਗਾੜੀ ਵਿਖੇ ਚੌਧਰੀ ਨੰਦ ਦਾ ਲੜਾਈ ਵਿੱਚ ਮਰਨਾ

ਚੌਧਰੀ ਕਪੂਰੇ ਦਾ ਭਰਾ ਬਰਗਾੜੀ ਨਗਰ ਵਿੱਚ ਰਹਿੰਦਾ ਸੀ। ਇਸ ਦਾ ਆਪਣੇ ਭਰਾ ਕਪੂਰੇ ਨਾਲ ਬਹੁਤ ਵੈਰ ਸੀ। ਜਦੋਂ ਲੜਾਈ ਵਾਸਤੇ ਨੰਦ ਬਾਹਰ ਨਿੱਕਲਿਆ ਉਸ ਸਮੇਂ ਸੁਣਿਆ ਕਿ ਇੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਉਤਾਰਾ ਕੀਤਾ ਹੋਇਆ ਹੈ। ਲੜਾਈ ਦਾ ਖਿਆਲ ਛੱਡ ਕੇ ਇਸ ਨੇ ਦਰਸ਼ਨ ਕਰਨੇ ਚਾਹੇ। ਆ ਕੇ ਸਤਿਗੁਰਾਂ ਦੇ ਚਰਨਾਂ ਤੇ ਬੰਦਨਾਂ ਕੀਤੀ। ਖਾਣ ਪੀਣ ਦੀ ਖਬਰ ਸਾਰ ਲਈ ਅਤੇ ਘੋੜਿਆਂ ਵਾਸਤੇ ਘਾਹ ਦਾਣਾ ਮੰਗਵਾਇਆ। ਪ੍ਰੇਮ ਨਾਲ ਸੇਵਾ ਕੀਤੀ। ਫੇਰ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਤਾਂ ਯੁੱਧ ਵਾਸਤੇ ਬਾਹਰ ਨਿੱਕਲਿਆ ਸੀ ਪਰ ਬਾਹਰ ਨਿਕਲਦਿਆਂ ਹੀ ਆਪ ਜੀ ਦੇ ਦਰਸ਼ਨ ਹੋ ਗਏ। ਹਜੂਰ ਨੇ ਆਖਿਆ ਤੇਰਾ ਵੈਰੀ ਸਵੇਰ ਨੂੰ ਬਹੁਤ ਭਾਰੀ ਯੁੱਧ ਮਚਾਵੇਗਾ। ਜਿਹੜੇ ਤੇਰੇ ਵੱਲੋਂ ਲੜਨਗੇ ਉਹ ਨਹੀਂ ਹਾਰਨਗੇ। ਤੁਸੀਂ ਘਰ ਵਿੱਚ ਹੀ ਰਹਿਣਾ ਹੈ। ਜੇਕਰ ਤੁਸੀਂ ਯੁੱਧ ਵਿੱਚ ਜਾਵੋਗੇ ਤਾਂ ਤੁਹਾਡੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ। ਤੇਰੀ ਵੈਰੀਆਂ ਉਪਰ ਫਤਹਿ ਹੋਵੇਗੀ। ਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਚਰਨਾਂ ਤੇ ਬੰਦਨਾਂ ਕਰਕੇ ਘਰ ਨੂੰ ਚਲਾ ਗਿਆ। ਸਵੇਰੇ ਕਪੂਰੇ ਦਾ ਭੇਜਿਆ ਹੋਇਆ ਦਲ ਆ ਕੇ ਸਰੀਕੇ ਨਾਲ ਲੜਨ ਲੱਗ ਪਿਆ। ਨੰਦ ਨੇ ਸਤਿਗੁਰਾਂ ਦੇ ਬਚਨਾਂ ਅਨੁਸਾਰ ਪਿੰਡ ਦੇ ਸੂਰਬੀਰ ਭੇਜੇ ਪਰ ਆਪ ਨਾ ਗਿਆ। ਘਰ ਵਿੱਚ ਚੁੱਪ ਕਰਕੇ ਬੈਠਾ ਰਿਹਾ। ਬਾਹਰ ਘਮਸਾਨ ਦਾ ਯੁੱਧ ਹੋਇਆ। ਸਰੀਕੇ ਪਾਸੋਂ ਡਰ ਕੇ ਨੰਦ ਦੀ ਪਤਨੀ ਨੇ ਗੁੱਸੇ ਨਾਲ ਪਤੀ ਨੂੰ ਵੰਗਾਰਿਆ। ਸਿਰ ਦੀ ਪੱਗ ਤੇ ਸਾਰੇ ਸ਼ਸਤਰ ਮੈਨੂੰ ਦੇਵੋ ਤਾਂ ਕਿ ਮੈਂ ਜੰਗ ਲੜਾਂ।

ਤੁਸੀਂ ਘੱਗਰੀ ਪਹਿਨ ਲਵੋ। ਸਿਰਪੁਰ ਚੁੰਨੀ ਲੈ ਲਵੋ। ਛੁਪ ਕੇ ਬੈਠੋ। ਸਰੀਕਾ ਦਰਵਾਜੇ ਤੇ ਆ ਕੇ ਲੜ ਰਿਹਾ ਹੈ। ਤੁਸੀਂ ਘਰ ਵਿੱਚ ਛੁਪ ਕੇ ਬੈਠੇ ਹੋ। ਕੁੱਲ ਨੂੰ ਲਾਜ ਲਵਾ ਦਿੱਤੀ ਹੈ। ਤੇਰਾ ਸਰੀਰ ਖੁਸਰੇ ਵਰਗਾ ਹੋ ਗਿਆ ਹੈ। ਗੁਰਾਂ ਦੇ ਬਚਨ ਘਰਵਾਲੀ ਦੇ ਤਾਹਨਿਆਂ ਨੇ ਉਲਟਾ ਦਿਤੇ। ਸ਼ਸਤਰ ਲੈ ਕੇ ਘੋੜੇ ਤੇ ਚੜ੍ਹ ਕੇ ਜੰਗ ਵਿੱਚ ਗਿਆ। ਵੈਰੀਆਂ ਦਾ ਬਹੁਤ ਨਾਸ ਕੀਤਾ। ਅੱਗੋਂ ਉਹ ਵੀ ਧੀਰਜ ਨਾਲ ਅੜ ਗਏ। ਗੋਲੀਆਂ ਚਲਾਈਆਂ। ਇੱਕ ਗੋਲੀ ਨੰਦ ਦੇ ਲੱਗੀ ਤੇ ਉਹ ਮਰ ਗਿਆ। ਉਸ ਨੂੰ ਲਿਆ ਕੇ ਪਿੰਡ ਵਿੱਚ ਲੰਮਾ ਪਾ ਦਿੱਤਾ। ਉਸ ਦਾ ਇੱਕ ਸਬੰਧੀ ਭੱਜ ਕੇ ਗੁਰੂ ਜੀ ਕੋਲ ਆਇਆ। ਉਸ ਨੂੰ ਬਚਨ ਚੇਤੇ ਸਨ। ਉਸ ਨੇ ਕਿਹਾ ਚੌਧਰੀ ਨੰਦ ਜਿਸ ਨੂੰ ਤੁਸੀਂ ਰੋਕਿਆ ਸੀ ਉਹ ਘਰਵਾਲੀ ਦੇ ਕਠੋਰ ਬੋਲ ਸਹਾਰ ਨਾ ਸਕਿਆ ਤੇ ਜੰਗ ਵਿੱਚ ਚਲਿਆ ਗਿਆ ਤੇ ਉਥੇ ਦੁਸ਼ਮਣ ਦੀ ਗੋਲੀ ਨਾਲ ਮਰ ਗਿਆ ਹੈ। ਗੁਰੂ ਜੀ ਨੇ ਕਿਹਾ ਉਹ ਮਰਿਆ ਨਹੀਂ। ਸੁਣ ਕੇ ਕਿਹਾ ਕਿ ਮੈਂ ਅੱਖੀਂ ਦੇਖਿਆ ਹੈ ਉਹ ਮਰ ਗਿਆ ਹੈ। ਫੇਰ ਗੁਰੂ ਜੀ ਨੇ ਕਿਹਾ ਉਹ ਮਰਿਆ ਨਹੀਂ। ਕਹਿਣ ਲੱਗਿਆ ਮੈਂ ਅੱਖੀਂ ਵੇਖਿਆ ਹੈ ਉਹ ਮਰ ਗਿਆ ਹੈ। ਗੁਰੂ ਜੀ ਨੇ ਤੀਜੀ ਵਾਰੀ ਕਿਹਾ ਚੌਧਰੀ ਨਹੀਂ ਮਰਿਆ। ਕਹਿੰਦਾ ਮੈਂ ਆਪ ਵੇਖਿਆ ਹੈ। ਤੀਜੀ ਵਾਰ ਕਹਿ ਕੇ ਗੁਰੂ ਜੀ ਨੇ ਆਪਣਾ ਬਚਨ ਵਾਪਿਸ ਲੈ ਲਿਆ। ਗੁਰੂ ਜੀ ਨੇ ਮੁੱਠੀ ਖੋਲ੍ਹ ਕੇ ਕਿਹਾ ਕਿ ਅਸੀਂ ਛੱਡ ਦਿੱਤਾ ਤੇ ਉਹ ਆਤਮਾ ਸਰੀਰ ਛੱਡ ਕੇ ਗਈ ਹੈ। ਨਹੀਂ ਤਾਂ ਨੰਦ ਨੇ ਉੱਠ ਖੜ੍ਹਨਾ ਸੀ। ਉਹ ਬਹੁਤ ਪਛਤਾਇਆ। ਰੋਂਦੇ ਹੋਏ ਨੇ ਚੌਧਰੀ ਨੰਦ ਦਾ ਸਸਕਾਰ ਕਰ ਦਿੱਤਾ ਤੇ ਉਹ ਛਿੰਨਾ ਵਿੱਚ ਸੁਆਹ ਹੋ ਗਿਆ। ਫੇਰ ਗੁਰੂ ਜੀ ਇੱਥੋਂ ਚੱਲ ਕੇ ਬਹਿਬਲ ਨਗਰ ਗਏ। ਸ੍ਰੇਸ਼ਟ ਥਾਂ ਵੇਖ ਕੇ ਡੇਰਾ ਕੀਤਾ।

## ਤਿੱਤਰ ਦਾ ਸ਼ਿਕਾਰ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫਿਰੋਜਪੁਰ ਦੇ ਨੇੜੇ ਵਜੀਦਪੁਰ ਨਗਰ ਜਦੋਂ ਪਹੁੰਚੇ ਉਥੇ ਇੱਕ ਤਿੱਤਰ ਬੋਲਿਆ। ਕਿਰਪਾਲੂ ਸਤਿਗੁਰੂ ਜੀ ਨੇ ਤਿੱਤਰ ਦੀ ਅਵਾਜ ਸੁਣ ਕੇ ਆਖਿਆ ਜਾਂ ਬੋਲਿਆ ਤਾਂ ਲੱਭਿਆ। ਸਤਿਗੁਰੂ ਜੀ ਘੋੜੇ ਤੇ ਅਸਵਾਰ ਹੋ ਕੇ ਤਿੱਤਰ ਨੂੰ ਲੱਭਣ ਚੱਲ ਪਏ। ਤਿੱਤਰ ਦੇ ਪਿੱਛੇ ਬਾਜ ਛੱਡਿਆ ਪਰ ਬਾਜ ਨੇ ਝਪਟ ਨਹੀਂ ਮਾਰੀ। ਹਜੂਰ ਨੇ ਕੁੱਤੇ ਭਜਾਏ ਤਿੱਤਰ ਝਾੜੀਆਂ ਵਿੱਚ ਜਾ ਕੇ ਫਸ ਗਿਆ। ਫਿਰ ਝਾੜੀਆਂ ਵਿੱਚੋਂ ਕੱਢਿਆ ਤਾਂ ਉਡ ਗਿਆ। ਸਤਿਗੁਰੂ ਜੀ ਸਿੰਘਾਂ ਸਮੇਤ ਤਿੱਤਰ ਦੇ ਪਿੱਛੇ-ਪਿੱਛੇ ਕਾਹਲੀ ਨਾਲ ਜਾ ਰਹੇ ਹਨ। ਤਿੱਤਰ ਨੇ ਉਡਾਰੀ ਮਾਰੀ ਝਾੜੀਆਂ ਵਿੱਚ ਛੁਪ ਗਿਆ। ਇਸ ਤਰ੍ਹਾਂ ਕਈ ਕੋਹ ਹੁੰਦਾ ਰਿਹਾ। ਫਿਰ ਯਤਨ ਕਰਕੇ ਤਿੱਤਰ ਨੂੰ ਫੜ ਲਿਆ। ਫਿਰ ਕਹਿ ਕੇ ਉਸ ਦੇ ਚੰਗੀ ਤਰ੍ਹਾਂ ਖੰਭ ਉਖਾੜੇ। ਫਿਰ ਤਿੱਤਰ ਨੂੰ ਬਾਜ ਦੇ ਅੱਗੇ ਛੁਡਵਾਇਆ ਤਾਂ ਬਾਜ ਜਿਉਂਦੇ

ਤਿੱਤਰ ਨੂੰ ਖਾਣ ਲੱਗਿਆ। ਤਿੱਤਰ ਨੂੰ ਬਹੁਤ ਕਸ਼ਟ ਦਿੰਦਾ ਸੀ। ਸਤਿਗੁਰੂ ਜੀ ਆਪਣੀ ਹਜੂਰੀ ਵਿੱਚ ਖੜ੍ਹੇ ਹੋ ਕੇ ਉਸ ਦਾ ਮਾਸ ਬਾਜ ਨੂੰ ਖਵਾਉਂਦੇ ਸਨ। ਫਿਰ ਦਾਨ ਸਿੰਘ ਬੇਨਤੀ ਕਰਨ ਲੱਗਿਆ ਹੇ ਸਤਿਗੁਰੂ ਜੀ ਕਿੰਨੀ ਦੌੜ ਲਾ ਕੇ ਇਸ ਤਿੱਤਰ ਨੂੰ ਫੜਿਆ ਹੈ। ਆਪ ਜੀ ਤਾਂ ਸ਼ੇਰਾਂ ਦਾ ਸ਼ਿਕਾਰ ਕਰਨ ਵਾਲੇ ਹੋ। ਸਤਿਗੁਰਾਂ ਨੇ ਸਮਝਾਇਆ ਦਾਨ ਸਿੰਘ ਜੀ ਸੁਣੋ ਸਾਡੀ ਸ਼ਿਕਾਰ ਖੇਡਣ ਦੀ ਕੋਈ ਚਾਹ ਨਹੀਂ ਹੈ। ਪਿਛਲੇ ਜਨਮ ਵਿੱਚ ਇਹ ਤਿੱਤਰ ਜੱਟ ਸੀ ਅਤੇ ਬਾਜ ਬਾਣੀਆ ਸੀ। ਜੱਟ ਨੇ ਬਾਣੀਏ ਪਾਸੋਂ ਕਰਜਾ ਲਿਆ ਸੀ। ਫਿਰ ਜੱਟ ਕਿਸੇ ਹੋਰ ਪਿੰਡ ਵਿੱਚ ਜਾ ਵਸਿਆ। ਜਦ ਦਾਅ ਲੱਗਿਆ ਤਾਂ ਬਾਣੀਏ ਨੇ ਜੱਟ ਨੂੰ ਉਥੇ ਹੀ ਫੜ ਲਿਆ ਤੇ ਕਹਿਣ ਲੱਗਾ ਧਨ ਲਏ ਬਗੈਰ ਮੈਂ ਛੱਡਾਂਗਾ ਨਹੀਂ। ਜੱਟ ਨੇ ਤਰਲੇ ਕਰਕੇ ਕਿਹਾ ਇਸ ਵਾਰੀ ਛੱਡ ਦੇਵੋ ਮੈਂ ਤੁਹਾਡੀ ਕੌਡੀ-ਕੌਡੀ ਤੱਕ ਚੁਕਾ ਦੇਵਾਂਗਾ। ਇਹ ਸੁਣ ਕੇ ਬਾਣੀਏ ਨੇ ਕਿਹਾ ਜਾਮਨੀ ਦੇਵੋ ਤਾਂ ਆਪਣੇ ਘਰ ਦਾ ਰਾਹ ਲਵੋ। ਜੱਟ ਕਹਿਣ ਲੱਗਿਆ ਮੇਰਾ ਜਾਮਨ ਗੁਰੂ ਹੈ। ਬਾਣੀਏ ਨੇ ਗੁਰੂ ਜੀ ਦੀ ਜਾਮਨੀ ਤੇ ਜੱਟ ਨੂੰ ਛੱਡ ਦਿੱਤਾ। ਹੁਣ ਸਾਡੇ ਹੱਥ ਛੂਹਣ ਨਾਲ ਬਾਜ ਨੂੰ ਪਿਛਲੇ ਜਨਮ ਦਾ ਗਿਆਨ ਹੋ ਗਿਆ ਹੈ ਇਸ ਕਰਕੇ ਤਿੱਤਰ ਨੂੰ ਨਹੀਂ ਮਾਰਿਆ। ਇਸ ਨੇ ਹਿਰਦੇ ਵਿੱਚ ਧਾਰਨ ਕੀਤਾ ਕਿ ਜਾਮਨ ਪਾਸੋਂ ਹਿਸਾਬ ਲਵਾਂਗੇ। ਹੁਣ ਅਸੀਂ ਆਪਣੀ ਜਾਮਨੀ ਲਾਹ ਦਿੱਤੀ ਹੈ। ਜਿਉਂ ਹੀ ਫੜ ਕੇ ਦਿੱਤਾ ਇਹ ਵੱਢ-ਵੱਢ ਖਾਂਦਾ ਹੈ। ਇਹ ਸੁਣ ਕੇ ਦਾਨ ਸਿੰਘ ਨੇ ਹੱਥ ਜੋੜੇ ਤੇ ਚਰਨਾਂ ਵਿੱਚ ਢਹਿ ਪਿਆ। ਸਾਰੀ ਸੰਗਤ ਨੇ ਚਰਨਾਂ ਤੇ ਨਮਸਕਾਰ ਕੀਤੀ।

### ਘੋਗੜ ਦਾ ਸ਼ਿਕਾਰ

ਦਸਵੇ ਪਾਤਸ਼ਾਹ ਮੁਕਤਸਰ ਸਾਹਿਬ ਤੋਂ ਤਿੰਨ ਕੋਹ ਦੱਖਣ ਵੱਲ ਚੱਲ ਕੇ ਰੁਪਾਣੇ ਨਗਰ ਪਹੁੰਚੇ। ਉਥੇ ਇੱਕ ਘੋਗੜ ਨੂੰ ਤੀਰ ਮਾਰ ਕੇ ਡੇਗ ਲਿਆ ਤਦ ਜੋਰਾ ਸਿੰਘ ਨੇ ਬੇਨਤੀ ਕੀਤੀ ਇਹ ਘੋਗੜ ਕਿਸੇ ਕੰਮ ਨਹੀਂ ਆਉਣਾ। ਘੋਗੜ ਇੱਕ ਗਿਰਜ ਵਰਗਾ ਪੰਛੀ ਹੁੰਦਾ ਹੈ ਜਿਹੜਾ ਪਿੰਡ ਦੇ ਆਲੇ ਦੁਆਲੇ ਰਹਿੰਦਾ ਹੋਇਆ ਗੰਦਗੀ ਖਾਂਦਾ ਹੈ। ਸਤਿਗੁਰਾਂ ਨੇ ਆਪਣੇ ਮੁੱਖ ਤੋਂ ਸਮਝਾਇਆ ਕਿ ਇਹ ਪਿਛਲੇ ਜਨਮ ਵਿੱਚ ਰਾਜਾ ਸੀ। ਉਸ ਨੇ ਘੋਗੜ ਦਾ ਸਰੀਰ ਧਾਰਨ ਕੀਤਾ ਸੀ। ਉਸ ਸਮੇਂ ਇਸ ਦੀ ਪਰਜਾ ਵਿੱਚ ਇੱਕ ਗਰੀਬ ਸਿੱਖ ਸੀ। ਇੱਕ ਦਿਨ ਸਿੱਖ ਦੇ ਮਨ ਵਿੱਚ ਆਇਆ ਕਿ ਮੈਂ ਗੁਰੂ ਨਵਿੱਤ ਲੰਗਰ ਦੀ ਸੇਵਾ ਕਰਾਂ। ਉਸ ਨੇ ਸਾਰੇ ਸਿੱਖਾਂ ਨੂੰ ਲੰਗਰ ਦਾ ਸੱਦਾ ਦਿੱਤਾ। ਇਲਾਕੇ ਦਾ ਰਾਜਾ ਵੀ ਸਿੱਖ ਸੀ। ਉਸ ਨੂੰ ਵੀ ਨਿਉਂਦਾ ਭੇਜਿਆ। ਸਾਰਿਆਂ ਨੇ ਲੰਗਰ ਛਕਿਆ ਅਰਦਾਸ ਕੀਤੀ। ਉਸ ਸਿੱਖ ਦੀ ਸੁੰਦਰ ਨੌਜੁਆਨ ਲੜਕੀ ਸੀ। ਰਾਜੇ ਨੇ ਉਸ ਨੂੰ ਚਰਾਉਣਾ ਚਾਹਿਆ। ਉਹ ਰਾਜਾ ਘਰ ਚਲਿਆ ਗਿਆ। ਜਦੋਂ ਰਾਤ ਹੋਈ ਤਾਂ ਰਾਜੇ ਨੇ ਬੰਦੇ ਭੇਜ ਕੇ ਇਸ ਨੌਜੁਆਨ

ਕੰਨਿਆ ਨੂੰ ਮੰਗਵਾਇਆ। ਪਿਤਾ ਜੀ ਬਹੁਤ ਦੁਖੀ ਹੋਏ। ਲੜਕੀ ਆਪਣੇ ਪਿਤਾ ਜੀ ਨੂੰ ਨਾਲ ਲੈ ਕੇ ਰਾਜੇ ਕੋਲ ਪਹੁੰਚੀ ਤੇ ਕਹਿਣ ਲੱਗੀ ਕਿ ਹੁਣ ਆਉਣ ਦਾ ਸਮਾਂ ਠੀਕ ਨਹੀਂ ਹੈ। ਅਗਲੇ ਦਿਨ ਮੈਂ ਬਿਨਾਂ ਬੁਲਾਏ ਆਪ ਆ ਜਾਵਾਂਗੀ। ਰਾਜੇ ਨੇ ਆਖਿਆ ਜੇ ਤੇਰਾ ਆਖਿਆ ਝੂਠਾ ਹੋਇਆ ਤਾਂ ਬਹੁਤ ਸਜਾ ਪਾਵੇਂਗੀ। ਇਹ ਮੇਰਾ ਹੁਕਮ ਯਾਦ ਰੱਖੀਂ। ਲੜਕੀ ਆਪਣੇ ਪਿਤਾ ਨਾਲ ਘਰ ਵਾਪਿਸ ਆ ਗਈ। ਘਰ ਆ ਕੇ ਇਸ ਨੇ ਜਹਿਰ ਖਾ ਲਈ। ਮਰਨ ਸਮੇਂ ਤਕਲੀਫ ਵਿੱਚ ਸਰਾਪ ਦਿੱਤਾ ਤੂੰ ਰਾਜ ਕਰਨ ਦੇ ਯੋਗ ਨਹੀਂ। ਘੋਗੜ ਦਾ ਸਰੀਰ ਪਾਵੇਂ। ਇਕੱਲਾ ਰਹੇਂ। ਤੇਰਾ ਕੋਈ ਸਹਾਈ ਨਾ ਹੋਵੇ। ਪਾਪ ਦਾ ਫਲ ਤੈਨੂੰ ਮਿਲੇ। ਕੁਝ ਸਮਾਂ ਪਾ ਕੇ ਰਾਜਾ ਮਰ ਗਿਆ। ਇਸ ਨੇ ਸੌ ਦੇਹਾਂ ਘੋਗੜ ਦੇ ਜਨਮ ਧਾਰਨ ਕੀਤੇ। ਪਿੰਡ ਦੀ ਗੰਦਗੀ ਖਾਂਦਾ ਰਿਹਾ। ਸਤਿਗੁਰਾਂ ਨੇ ਆਖਿਆ ਕਿ ਆਪਣਾ ਸਿੱਖ ਜਾਣ ਕੇ ਇਸ ਦੀ ਕਲਿਆਣ ਕਰ ਦਿੱਤੀ ਹੈ। ਸਾਰੇ ਸਿੰਘਾਂ ਨੇ ਸਤਿਗੁਰਾਂ ਨੂੰ ਧਨ ਧਨ ਕਹਿ ਕੇ ਨਮਸਕਾਰ ਕੀਤੀ।

## ਸਾਹਿਬਜਾਦਿਆਂ ਦੇ ਸਸਕਾਰ ਦੀ ਸੇਵਾ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਮਦਮਾ ਸਾਹਿਬ ਮਾਲਵੇ ਵਿੱਚ ਚਰਨ ਪਾ ਕੇ ਭਾਗ ਲਾ ਰਹੇ ਹਨ। ਇੱਕ ਦਿਨ ਰਾਮ ਤੇ ਤਿਲੋਕਾ ਆਟੇ ਦਾਲ ਦਾ ਗੱਡਾ ਭਰ ਕੇ ਸਤਿਗੁਰਾਂ ਕੋਲ ਪਹੁੰਚੇ। ਦੋਨਾਂ ਨੇ ਸਤਿਗੁਰਾਂ ਨੂੰ ਨਮਸਕਾਰ ਕੀਤੀ। ਕੁਝ ਸਮੇਂ ਬਾਅਦ ਉੱਠ ਖੜੇ ਹੋਏ ਸਤਿਗੁਰਾਂ ਨੇ ਪੁੱਛਿਆ ਹੇ ਰਾਮ ਸਿੰਘ ਤਿਲੋਕ ਸਿੰਘ ਸੁਣੋ ਤੁਸੀਂ ਗੱਡਾ ਭਰਕੇ ਰਸਦ ਲਿਆਏ ਹੋ ਇਹ ਕਿਥੋਂ ਖਰੀਦ ਕੇ ਲਿਆਂਦੀ ਹੈ ਜਾਂ ਆਪਣੇ ਘਰ ਤੋਂ ਲਿਆਂਦੀ ਹੈ। ਦੋਨਾਂ ਨੇ ਕਿਹਾ ਕੁਝ ਘਰੋਂ, ਕੁਝ ਸਬੰਧੀਆਂ ਤੋਂ ਕੁਝ ਰਸਦ ਇਕੱਠੀ ਕਰਕੇ ਲਿਆਂਦੀ ਹੈ। ਆਪ ਜੀ ਦੇ ਦਰਸ਼ਨਾਂ ਦੀ ਵੱਡੀ ਇੱਛਾ ਸੀ। ਸਤਿਗੁਰਾਂ ਦੇ ਕੋਲ ਇਕ ਸਿੱਖ ਖੜਾ ਸੀ ਕਹਿਣ ਲੱਗਿਆ ਕਿ ਇਨ੍ਹਾਂ ਨੇ ਸਾਹਿਬਜਾਦਿਆਂ ਦਾ ਉਥੇ ਸਸਕਾਰ ਕੀਤਾ ਸੀ। ਇਹ ਸੁਣੋ ਇਕ ਬਰਾੜ ਫਿਰ ਸੁਣਾਉਣ ਲੱਗਿਆ। ਸਾਰੇ ਸੂਰਬੀਰ ਮਾਰ ਕੇ ਜਦ ਯੁੱਧ ਖਤਮ ਹੋ ਗਿਆ ਹੇ ਸਤਿਗੁਰੂ ਜੀ ਤੁਰਕਾਂ ਦਾ ਡਰ ਧਾਰ ਕੇ ਅਸੀਂ ਪਾਗਲਾਂ ਵਾਲਾ ਆਪਣਾ ਭੇਸ ਧਾਰਨ ਕਰ ਲਿਆ। ਸਿਰ ਤੋਂ ਨੰਗੇ ਸੀ ਸਰੀਰ ਧੂੜ ਨਾਲ ਭਰੇ ਸਨ। ਲੋਥਾਂ ਵਿਚ ਬਹੁਤ ਫਿਰੇ। ਤੁਰਕਾਂ ਨਾਲ ਯੱਧ ਕਰਦੇ ਗੁਰੂ ਜੀ ਦੇ ਦੋਨੋਂ ਪੁੱਤਰ ਯੁੱਧ ਕਰਦੇ ਅਲੋਪ ਹੋ ਗਏ। ਉਹ ਦੋਨੋਂ ਭਰਾ ਕਿਸੇ ਨੂੰ ਦਿਖਾਈ ਨਾ ਦਿੱਤੇ। ਜੇ ਉਹ ਦਿਖਾਈ ਦਿੰਦੇ ਤਾਂ ਸਿਰ ਵੱਢ ਕੇ ਲੈ ਜਾਂਦਾ। ਆਪਣੇ ਸੇਵਕ ਜਾਣ ਕੇ ਇਨਾਂ ਦੋਨਾਂ ਸੇਵਕਾਂ ਨੂੰ ਦੋਵੇਂ ਲਾਸ਼ਾਂ ਦਿਖਾਈ ਦੇ ਗਈਆਂ। ਬਹੁਤ ਗਹਿਰੇ ਜਖਮ ਸਨ। ਲਹੂ ਨਾਲ ਭਰੇ ਹੋਏ ਸਨ। ਵੱਡੇ ਸੂਰਬੀਰ ਧਰਤੀ ਤੇ ਪਏ ਸਨ। ਪਹਿਲਾਂ ਅਸੀਂ ਬਹੁਤ ਲੱਕੜ ਇਕੱਠੀ ਕੀਤੀ ਫਿਰ ਚਿਖਾ ਬਣਾ ਕੇ ਉਨ੍ਹਾਂ ਦੇ ਸਰੀਰ ਧਰ ਦਿੱਤੇ ਤੇ ਦੋਨਾਂ ਭਰਾਵਾਂ ਦਾ

ਸਸਕਾਰ ਕਰ ਦਿੱਤਾ। ਤੁਹਾਡੇ ਸੇਵਕਾਂ ਨੇ ਇਸ ਪ੍ਰਕਾਰ ਕੀਤਾ ਹੈ। ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਮੁਖ ਤੋਂ ਬਚਨ ਕੀਤਾ ਹੇ ਰਾਮ ਸਿੰਘ ਤਿਲੋਕ ਸਿੰਘ ਸੁਣੋ ਸਾਡੇ ਪਾਸੋਂ ਮੂੰਹ ਮੰਗੀ ਮੁਰਾਦ ਮੰਗ ਲਵੋ। ਗੁਰੂ ਜੀ ਨੂੰ ਚੰਗੀ ਤਰ੍ਹਾਂ ਆਪਣੇ ਅਨੁਕੂਲ ਜਾਣ ਕੇ ਦੋਨਾਂ ਨੇ ਆਪਣੀ ਚਿੱਤ ਦੀ ਇੱਛਾ ਅਨੁਸਾਰ ਮੰਗਿਆ ਹੇ ਪ੍ਰਭੂ ਜੀ ਜਦੋਂ ਦੇ ਅਸੀਂ ਇਧਰ ਆਏ ਹਾਂ ਭਲੀ ਪ੍ਰਕਾਰ ਪੈਰ ਨਹੀਂ ਜਮਾਏ। ਕਿਤੇ ਵੀ ਸਾਡੀ ਆਪਣੀ ਧਰਤੀ ਨਹੀਂ ਹੈ ਜਿਵੇਂ ਹੋਰ ਕਿਰਸਾਨਾਂ ਦੀ ਆਪਣੀ ਧਰਤੀ ਹੈ। ਦਇਆ ਦੇ ਸਾਗਰ ਗੁਰੂ ਜੀ ਸੁਣ ਕੇ ਧੀਰਜ ਦਿੱਤਾ ਤੁਸੀਂ ਤਾਂ ਦੇਸ ਹੀ ਲੈ ਲਿਆ ਹੈ। ਐਸੇ ਪੈਰ ਤੁਹਾਡੇ ਜਮਾਵਾਗੇ ਕਿ ਬਹੁਤ ਦੇਸਾਂ ਦੇ ਰਾਜੇ ਤੁਹਾਡੇ ਅੱਗੇ ਬੰਦਨਾ ਕਰਨਗੇ। ਦਿੱਲੀ ਲਹੌਰ ਦੇ ਵਿਚ ਵਧੋਗੇ ਹਜਾਰਾਂ ਪਿੰਡਾਂ ਦੇ ਮਾਲਕ ਬਣੋਗੇ। ਪੁਸਤ ਦਰ ਪੁਸਤ ਤੁਹਾਡਾ ਰਾਜ ਚੱਲੇਗਾ। ਤੁਹਾਡੇ ਪਾਸ ਧਨ ਦੌਲਤ ਅਤੇ ਸਾਜੋ ਸਮਾਨ ਹੋਵੇਗਾ। ਦੋਨਾਂ ਨੂੰ ਦਸਤਾਰਾਂ ਦਿੱਤੀਆਂ। ਸੱਤ ਦਿਨ ਗੁਰੂ ਜੀ ਪਾਸ ਰਹੇ ਫੇਰ ਆਪਣੇ ਘਰ ਨੂੰ ਆ ਗਏ। ਤਦ ਤੋਂ ਵੱਡੇ ਰਾਜੇ ਹੋਏ। ਨਾਭਾ ਅਤੇ ਪਟਿਆਲਾ ਗੁਰੂ ਜੀ ਦੇ ਬਚਨਾਂ ਨਾਲ ਇਹ ਉਨ੍ਹਾਂ ਸਥਾਨਾਂ ਦੇ ਰਾਜੇ ਬਣੇ।

## ਸ਼ਰਧਾ ਅਤੇ ਭਗਤੀ ਵਾਲਿਆਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ

ਦਸਵੇਂ ਪਾਤਸ਼ਾਹ ਦੱਖਣ ਦੇਸ ਦੀ ਯਾਤਰਾ ਸਮੇਂ ਨੌਸਰ ਸ਼ਹਿਰ ਜਾ ਪਹੁੰਚੇ ਜਿਥੇ ਗੁਰਦੁਆਰਾ ਨਾਈਆਂ ਦੇ ਘਰਾਂ ਵਿਚ ਹੈ। ਉਥੇ ਕਬੂਤਰ ਬਹੁਤ ਫਿਰਦੇ ਸਨ। ਇਕ ਕਬੂਤਰ ਜਾਰੀ ਵਾਲੇ ਉਦੇ ਸਿੰਘ ਦੇ ਪੈਰ ਦੀ ਠੋਕਰ ਨਾਲ ਮਰ ਗਿਆ। ਉਥੋਂ ਦੇ ਲੋਕ ਜੈਨੀ ਸਨ। ਉਹ ਸਿੰਘ ਨੂੰ ਬੁਰਾ ਭਲਾ ਕਹਿਣ ਲੱਗੇ ਤਾਂ ਮਹਾਰਾਜ ਬੋਲੇ ਲੜਦੇ ਕਿਉਂ ਹੋ ਸਭ ਨੇ ਮਰ ਜਾਣਾ ਹੈ। ਉਹ ਅਹਿਮਕ ਬੋਲੇ ਐਡੇ ਸਿਧ ਹੋ ਤਾਂ ਹੁਣੇ ਮਾਰ ਕੇ ਦਿਖਾਓ ਖਾਂ। ਗੁਰੂ ਜੀ ਇਤਨਾ ਕਹਿਣ ਨਾਲ ਕਿ ਔਹ ਮਰ ਗਏ ਸਭ ਬੇਜਾਨ ਹੋ ਕੇ ਭੁੰਝੇ ਆ ਪਏ। ਉਨ੍ਹਾਂ ਨੂੰ ਦੇਖ ਕੇ ਸਭ ਲੋਕ ਹੈਰਾਨ ਹੋ ਗਏ। ਗੁਰੂ ਜੀ ਅੱਗੇ ਲੱਗੇ ਬੇਨਤੀਆਂ ਕਰਨ। ਜਿਵੇਂ ਮਾਰੇ ਹਨ ਤਿਵੇਂ ਜਿਵਾ ਦਿਓ। ਗੁਰੂ ਜੀ ਨੇ ਫੁਰਮਾਇਆ ਚੋਗਾ ਪਾਓ ਆਪੇ ਚੁਗਣਗੇ। ਉਨ੍ਹਾਂ ਮੋਠ ਬਾਜਰੀ ਚੋਗ ਸਿੱਟੀ ਤਾਂ ਇਕ ਕਬੂਤਰ ਜੋ ਸਿਖ ਤੋਂ ਮਰਿਆ ਸੀ ਉਸ ਤੋਂ ਬਿਨਾ ਹੋਰ ਸਭ ਚੋਗਾ ਚੁਗਣ ਲਗ ਪਏ। ਇਸ ਸਕਤੀ ਨੂੰ ਵੇਖ ਕੇ ਸਾਰਾ ਨਗਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗਿਆ। ਇਕ ਕਿਸ਼ਨ ਲਾਲ ਜੋਤਸ਼ੀ ਪੰਡਿਤ ਆਇਆ ਉਸ ਦੀ ਸੋਭਾ ਸੁਣ ਕੇ ਮਹਾਰਾਜ ਬੋਲੇ ਪੰਡਿਤ ਜੀ ਦੱਸੋ ਸਾਡਾ ਕੀ ਪ੍ਰਸ਼ਨ ਹੈ। ਉਸਨੇ ਵਿਚਾਰ ਕੇ ਆਖਿਆ ਤੁਸੀਂ ਬਾਦਸ਼ਾਹ ਨੂੰ ਮਿਲਣ ਚੱਲੇ ਹੋ ਪਰ ਮਿਲੇਗਾ ਨਹੀਂ ਕਿਉਂਕਿ ਉਸਦੇ ਮਰਨ ਵਿਚ ਥੋੜੇ ਦਿਨ ਰਹਿੰਦੇ ਹਨ। ਉਸਦਾ ਪੁੱਤਰ ਤੁਸਾਂ ਨੂੰ ਮਿਲੇਗਾ। ਪੰਡਿਤ ਦੀ ਜੋਤਿਸ ਸੁਣ ਕੇ ਸਤਿਗੁਰਾਂ ਨੇ ਦੋ ਅਸਰਫੀਆਂ ਦੇਣ ਲੱਗੇ ਤਾਂ ਉਸਨੇ ਮੱਥਾ ਟੇਕਿਆ। ਹੱਥ ਜੋੜ

ਕੇ ਬੇਨਤੀ ਕੀਤੀ ਗਰੀਬ ਨਿਵਾਜ ਮੈਨੂੰ ਸੱਚੀ ਦੌਲਤ ਬਖਸ਼ੋ। ਜੋ ਲੋਕ ਪ੍ਰਲੋਕ ਵਿਚ ਸੁਖ ਹੈ। ਬਿਪਰ ਦੀ ਸ਼ਰਧਾ ਪ੍ਰੀਤ ਵੇਖ ਕੇ ਆਪਣੀ ਪਵਿੱਤਰ ਬਾਣੀ ਤੇ ਸ਼ਕਤੀ ਨਾਲ ਬ੍ਰਹਮ ਗਿਆਨ ਦੀ ਰੌਸ਼ਨੀ ਭਰ ਦਿੱਤੀ। ਜਿਸ ਤੋਂ ਅਤਿਅੰਤ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਫੜ ਲਏ ਅਤੇ ਆਖਿਆ......

***ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥***

***ਆਦਿ ੨੭੨***

ਜਿਹੜੇ ਸਿਖ ਹਰ ਵੇਲੇ ਹਜ਼ੂਰ ਦੇ ਪਾਸ ਹਾਜਰ ਰਹਿੰਦੇ ਹਨ ਉਹ ਤਾਂ ਪਰਮ ਪਦਵੀ ਪਾ ਕੇ ਨਿਹਾਲ ਹੋ ਰਹੇ ਹੋਣਗੇ। ਬਚਨ ਹੋਇਆ ਕਿ ਪੰਡਿਤ ਜੀ ਇਹ ਪਰਮ ਪਦ ਸ਼ਰਧਾ ਭਗਤੀ ਤੇ ਸਮਝ ਵਾਲੇ ਪਾਉਂਦੇ ਹਨ। ਦੂਸਰੇ ਨਹੀਂ। ਜਿਵੇਂ ਕਿਸੇ ਸੁਦਾਗਰ ਨੇ ਪ੍ਰਦੇਸ ਜਾਣ ਸਮੇਂ ਦੁੱਧ ਪੀਣ ਵਾਸਤੇ ਇਕ ਗਊ ਨਾਲ ਲੈ ਲਈ। ਜਿਸ ਟਾਪੂ ਵਿਚ ਗਿਆ ਉਤੇ ਗਊ ਭੈਸਾਂ ਨਹੀਂ ਸੀ। ਜਿਸ ਮਿੱਤਰ ਦੇ ਘਰ ਉਤਰਿਆ ਸੀ ਉਸਨੇ ਗਊ ਦੇ ਗੁਣ ਸੁਣ ਕੇ ਦੁੱਧ ਪੀ ਕੇ ਗਊ ਮੰਗ ਲਈ। ਉਹ ਗਊ ਦੇ ਕੇ ਚਲਾ ਗਿਆ। ਪਿਛੋਂ ਜਦ ਦੁੱਧ ਚੋਣ ਲਈ ਉਨ੍ਹਾਂ ਨੇ ਬੱਛਾ ਛੱਡਿਆ ਗਊ ਪਸਮੀ ਤੇ ਮੂਤਣ ਲੱਗੀ। ਉਨ੍ਹਾਂ ਬੇਸਮਝਾਂ ਨੇ ਮੂਤਰ ਭਾਂਡੇ ਵਿਚ ਲੈ ਲਿਆ। ਦੁੱਧ ਬੱਛਾ ਚੁੰਘ ਗਿਆ। ਜਦ ਮੁਤਰ ਗਰਮ ਕਰਕੇ ਪੀਣ ਲੱਗੇ ਤਾਂ ਬਦਬੋ ਵਾਲਾ ਖਾਰਾ ਮਲੂਮ ਹੋਇਆ ਤਾਂ ਆਖਣ ਲੱਗੇ ਮੇਰਾ ਮਿੱਤਰ ਮੇਰੇ ਨਾਲ ਧੋਖਾ ਕਰ ਗਿਆ। ਫੇਰ ਇਕ ਦਿਨ ਕੋਈ ਹੋਰ ਗਿਆਤਾ ਪੁਰਖ ਆ ਗਿਆ ਤਾਂ ਉਸਨੇ ਦੁੱਧ ਚੋਣਾ ਸਿਖਾ ਦਿੱਤਾ ਤਾਂ ਫੇਰ ਪਛਤਾਏ ਤੇ ਆਖਣ ਲੱਗੇ ਅਸੀਂ ਭੁੱਲੇ ਹੋਏ ਆਪਣੇ ਮਿੱਤਰ ਨੂੰ ਦੋਸ਼ ਦਿੰਦੇ ਸਾਂ। ਇਸੇ ਪ੍ਰਕਾਰ ਸਤਿਗੁਰਾਂ ਸੰਤਾਂ ਪਾਸੋਂ ਵਿਦਿਆ ਰੂਪੀ ਗਊ ਲੈ ਕੇ ਕੋਈ ਕੋਈ ਸ਼ਰਧਾ ਸਮਝ ਵਾਲੇ ਬ੍ਰਹਮ ਗਿਆਨ ਰੂਪੀ ਦੁੱਧ ਛਕਦੇ ਹਨ। ਬਾਕੀ ਬੇਸਮਝ ਵਿਸ਼ੇ ਭੋਗ ਮੂਤਰ ਪੀਂਦੇ ਹਨ। ਜਿਸ ਦਾ ਫਲ ਕੌੜਾ ਤੇ ਦੁਖਦਾਈ ਹੁੰਦਾ ਹੈ। ਇਹ ਬਚਨ ਸੁਣ ਕੇ ਪੰਡਿਤ ਨੇ ਨਮਸਕਾਰ ਕੀਤੀ।

## ਭਾਈ ਡੱਲੇ ਤੋਂ ਡੱਲਾ ਸਿੰਘ ਬਣਨਾ

ਗਿਆਨੀ ਗਿਆਨ ਸਿੰਘ ਜੀ ਨ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ ਦੇ ਪੰਨਾ ੧੦੯੧ ਉਪਰ ਇਸ ਤਰ੍ਹਾਂ ਲਿਖਿਆ ਹੈ: ਇਕ ਦਿਨ ਤਲਵੰਡੀ ਸਾਬੋ ਕੀ ਭਾਈ ਡੱਲਾ (ਸਿੰਘ) ਸ਼ਸਤ੍ਰਧਾਰੀ ਹੋ ਕੇ ਸਾਰੀ ਰਾਤ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਲੰਘ ਪਾਸ ਪਹਿਰੇ ਉਪਰ ਸਾਵਧਾਨ ਖੜਾ ਰਿਹਾ। ਪੰਜ ਵਾਰੀ ਰਾਤ ਨੂੰ ਗੁਰੂ ਜੀ ਬੋਲੇ ਪਹਿਰੇ ਪਰ ਕੌਣ ਹੈ? ਸਰਦਾਰ ਡੱਲਾ ਹੀ ਬੋਲਦਾ ਰਿਹਾ ਜਿਸ ਤੋਂ ਪ੍ਰਸੰਨ ਹੋ ਕੇ ਗੁਰਦੇਵ ਨੇ ਕਿਹਾ ਰਾਇ ਡੱਲਾ ਮੰਗ ਜੋ ਤੇਰੀ ਇੱਛਿਆ ਹੈ। ਤਾਂ ਭਾਈ ਡੱਲੇ ਨੇ ਕਿਹਾ ਜੀ ਆਪ ਜੀ ਦੇ ਚਰਣਾਂ ਵਿਚ ਨਿਵਾਸ ਲਈ ਪੀੜੀ ਜਿੰਨੀ ਥਾਂ ਬਖਸ਼ੋ।

ਹਜ਼ੂਰ ਨੇ ਕਿਹਾ ਅੰਮ੍ਰਿਤ ਛੱਕ ਜੇ ਚਰਣਾਂ ਵਿਚ ਭਾਵ ਦਰਗਾਹ ਵਿਚ ਸਦੀਵੀ ਨਿਵਾਸ ਲੈਣਾ ਹੈ। ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਡੱਲੇ ਨੇ ਕਿਹਾ ਜੀ ਪ੍ਰਭੂ ਜਿਥੇ ਤੁਹਾਡਾ ਨਿਵਾਸ ਹੈ, ਉਥੇ ਇਕ ਪੀੜੀ ਜਿੰਨੀ ਥਾਂ ਬਖਸ਼ੋ ਜੀ, ਉਥੇ ਆਪਣੇ ਪਾਸ ਹੀ ਹਮੇਸ਼ਾ ਰੱਖਣਾ ਕਰੋ।

ਭਾਈ ਡੱਲਾ ਕਹਿੰਦਾ ਜੀ ਮੈਂ ਤਾਂ ਅੰਮ੍ਰਿਤ ਬਹੁਤ ਛਕਿਆ ਹੈ। ਹਜ਼ੂਰ ਕਹਿੰਦੇ ਕਿੱਥੇ ਛਕਿਆ ਹੈ। ਕਹਿੰਦਾ ਜੀ ਮੈਂ ਆਪ ਦਾ ਸੀਤ ਪ੍ਰਸਾਦਿ ਥਾਲ ਲੈ ਕੇ ਛਕਦਾ ਰਿਹਾ ਹਾਂ। ਗੁਰਦੇਵ ਕਹਿੰਦੇ ਭਾਈ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਕਰ, ਤਾਂ ਡੱਲਾ ਕਹਿੰਦਾ ਜੀ ਉਹ ਵੀ ਖੰਡੇ ਦਾ ਹੈ, ਉਸ ਵਿਚ ਪ੍ਰਸ਼ਾਦਾ ਛੱਕਣ ਤੋਂ ਪਹਿਲਾਂ ਅਰਦਾਸ ਕਰਕੇ ਕਿਰਪਾਨ ਭੇਟ ਕਰੀਦੀ ਹੈ।

ਕਲਗੀਧਰ ਜੀ ਕਹਿੰਦੇ ਭਾਈ ਡੱਲੇ, ਜੋ ਖੰਡਾ ਬਾਟੇ ਦਾ ਅੰਮ੍ਰਿਤ ਛਕ ਲੈਂਦਾ, ਉਹ ਗੁਰੂ ਕੇ ਜਹਾਜ਼ ਚੜ੍ਹ ਜਾਂਦਾ ਹੈ। ਅਗਲੇ ਦਿਨ ਭਾਈ ਡੱਲੇ ਨੇ ਤੇ ਸੌ ਨਾਲ ਹੋਰ ਜੀਆਂ ਨੇ ਅੰਮ੍ਰਿਤ ਛਕਿਆ, ਜਿਸ ਤੋਂ ਭਾਈ ਡੱਲਾ ਸਿੰਘ 'ਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਉਸ ਨੂੰ ਇੱਕ ਖੰਡਾ ਤੇ ਢਾਲਾ, ਦੋ ਕੜੇ ਨਾਲ ਆਪਣੇ ਬਸਤ੍ਰ ਬਖਸ਼ਣਾ ਕੀਤੇ।

ਇਹ ਸਾਰੀਆਂ ਬਖਸ਼ਿਸ਼ਾਂ ਭਾਈ ਡੱਲਾ ਸਿੰਘ ਜੀ ਦੇ ਪ੍ਰਵਾਰ ਪਾਸ ਹਨ। ਵੈਸਾਖੀ ਆਦਿ, ਖਾਸ ਖਾਸ ਦਿਨਾਂ ਨੂੰ ਇਨ੍ਹਾਂ ਦੇ ਦਰਸ਼ਨ ਕਰਾਉਂਦੇ ਹਨ।

# ਭਾਗ ਚੌਥਾ
# ਪੰਨਾ 591 ਤੋਂ 648 ਤਕ
# ਫੁਟਕਲ ਸਾਖੀਆਂ

## ਦੋ ਕਬੂਤਰਾਂ ਰਾਹੀਂ ਅਧਿਕਾਰੀ ਦੀ ਪਰਖ ਕਰਨੀ

ਇਕ ਮਹਾਤਮਾ ਪਾਸ ਦੋ ਆਦਮੀ ਸੇਵਕ ਬਣਨ ਲਈ ਆਏ। ਮਹਾਤਮਾ ਨੇ ਦੋਹਾਂ ਨੂੰ ਇਕ ਇਕ ਕਬੂਤਰ ਦਿੱਤਾ ਅਤੇ ਕਿਹਾ ਜਿਹੜਾ ਕਬੂਤਰ ਪਹਿਲਾਂ ਮਾਰ ਕੇ ਲਿਆਵੇਗਾ ਉਸ ਨੂੰ ਚੇਲਾ ਬਣਾਵਾਂਗਾ ਪਰ ਮਾਰਨਾ ਉਥੇ ਹੈ ਜਿਥੇ ਕੋਈ ਨਾ ਵੇਖੇ। ਇਕ ਨੇ ਤਾਂ ਜਰਾ ਕੁ ਕੰਧ ਦੇ ਉਹਲੇ ਹੋ ਕੇ ਆਸਾ ਪਾਸਾ ਵੇਖ ਕੇ ਝੱਟ ਗਰਦਨ ਮਰੋੜ ਲਿਆਂਦੀ। ਦੂਜਾ ਆਦਮੀ ਪਹਿਲਾਂ ਜੰਗਲ ਵਿਚ ਲੈ ਕੇ ਗਿਆ ਫਿਰ ਗੁਫਾ ਵਿਚ ਲਿਜਾ ਕੇ ਮਾਰਨ ਲਗਾ ਤਾਂ ਸੋਚਿਆ ਕਿ ਮੇਰੀਆਂ ਅੱਖਾਂ ਇਸ ਨੂੰ ਅਤੇ ਇਸ ਦੀਆਂ ਅੱਖਾਂ ਮੈਨੂੰ ਵੇਖ ਰਹੀਆਂ ਹਨ। ਇਉਂ ਸੋਚ ਕੇ ਆਪਣੀਆਂ ਅਤੇ ਕਬੂਤਰ ਦੀਆਂ ਅੱਖਾਂ ਤੇ ਕੱਪੜਾ ਬੰਨ੍ਹ ਕੇ ਗਰਦਨ ਮਰੋੜਨ ਲਗਾ ਤਾਂ ਵੀਚਾਰ ਫੁਰੀ ਜਿਹੜਾ ਮੈਨੂੰ ਅਨੁਭਵ ਕਰਾ ਰਿਹਾ ਹੈ ਕਿ ਇਸ ਦੀ ਗਰਦਨ ਇਥੋਂ ਮਰੋੜ ਉਹ ਤਾਂ ਮੈਨੂੰ ਵੇਖ ਹੀ ਰਿਹਾ ਹੈ। ਉਸ ਨੇ ਜਿਉਂਦਾ ਕਬੂਤਰ ਹੀ ਮਹਾਤਮਾ ਅੱਗੇ ਲਿਆ ਕੇ ਰੱਖ ਦਿਤਾ ਅਤੇ ਕਿਹਾ ਜੀ ਮੈਨੂੰ ਤਾਂ ਐਸੀ ਕੋਈ ਜਗ੍ਹਾ ਨਹੀਂ ਲੱਭੀ ਜਿਥੇ ਕੋਈ ਨਾ ਦੇਖਦਾ ਹੋਵੇ। ਆ ਲਓ ਆਪਣਾ ਕਬੂਤਰ। ਤੁਹਾਡੀ ਮਰਜੀ ਹੈ ਚੇਲਾ ਬਣਾਓ ਚਾਹੇ ਨਾ ਬਣਾਓ। ਜਿਸਨੇ ਕੰਧ ਉਹਲੇ ਕਬੂਤਰ ਮਾਰ ਲਿਆਂਦਾ ਸੀ ਮਹਾਂਪੁਰਖਾਂ ਨੇ ਉਸ ਨੂੰ ਕਿਹਾ ਤੂੰ ਭਾਈ ਜਾਹ ਅੱਜ ਤੂੰ ਕਬੂਤਰ ਦੀ ਗਰਦਨ ਮਰੋੜੀ ਹੈ ਕਲ੍ਹ ਨੂੰ ਕਿਸੇ ਹੋਰ ਦੀ ਮਰੋੜੇਂਗਾ ਤੇਰਾ ਕੀ ਭਰੋਸਾ ਹੈ। ਇਸ ਪ੍ਰਕਾਰ ਪਰਮੇਸ਼ਰ ਦਾ ਭੈ ਕਰੇ ਤੋਂ ਬਿਨਾ ਪ੍ਰਭੂ ਦੀ ਭਗਤੀ ਨਹੀਂ ਹੁੰਦੀ। ਜਿਉਂਦਾ ਕਬੂਤਰ ਵਾਪਿਸ ਕਰਨ ਵਾਲੇ ਆਦਮੀ ਨੂੰ ਮਹਾਂਪੁਰਖਾਂ ਨੇ ਅਧਿਕਾਰੀ ਜਾਣ ਕੇ ਵਿੱਦਿਆ ਦੇਣ ਵਾਸਤੇ ਆਪਣਾ ਚੇਲਾ ਬਣਾ ਲਿਆ।

## ਦਸਾਂ ਗੁਰਾਂ ਦੇ ਪਰਤੱਖ ਦਰਸ਼ਨ

ਇਕ ਵਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਜਥੇ ਸਮੇਤ ਪਟਿਆਲੇ ਗਏ ਹੋਏ ਸਨ। ਉਨ੍ਹਾਂ ਦਿਨਾ ਵਿਚ ਮਹਾਂਪੁਰਖਾਂ ਕੋਲ ਗਿਆਨੀ ਮੁਕੰਦ ਸਿੰਘ ਜੀ ਨੇ ਬੇਨਤੀ ਕੀਤੀ ਕਿ ਮੈਂ ਸਰਕਾਰੀ ਰੇਲ਼ ਮਹਿਕਮੇ ਵਿਚ ਡਿਪਟੀ ਲੱਗਿਆ ਹੋਇਆ ਹਾਂ। ਦਫਤਰ ਦੇ ਸਾਰੇ ਕਰਮਚਾਰੀ ਆਪਣੇ ਆਪ ਹੀ ਕੰਮ ਕਰੀ ਜਾਂਦੇ ਹਨ ਮੈਂ ਤਾਂ ਕੇਵਲ ਹਸਤਾਖਰ ਹੀ ਕਰਦਾ ਹਾਂ। ਪਿਛਲੇ ਕਾਫੀ ਸਮੇਂ ਤੋਂ ਮੈਂ ਨਾਮ ਦਾ ਅਭਿਆਸ ਕਰ ਰਿਹਾ ਹਾਂ। ਮੇਰੀ ਇੱਛਾ ਬਣੀ ਹੋਈ ਹੈ ਕਿ ਮੈਂ ਦਸਾਂ ਸਰੂਪਾਂ ਦੇ ਦਰਸ਼ਨ ਕਰਾਂ ਪਰ ਅਜੇ ਤੱਕ ਇਹ ਸ਼ੁਭ ਸੰਕਲਪ ਪੂਰਾ ਨਹੀਂ ਹੋਇਆ। ਹੁਣ ਮੈਨੂੰ ਕੀ ਕਰਣਾ ਚਾਹੀਦਾ ਹੈ। ਬਹੁਤ ਬੇਨਤੀਆਂ ਕਰਨ ਤੇ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਤੁਸੀਂ ਜਿਨ੍ਹਾਂ ਸਤਿਗੁਰਾਂ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਕੀ ਉਨ੍ਹਾਂ ਦੇ ਪਵਿੱਤਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਕਰਦੇ ਹੋ ਅਤੇ ਰਹਿਤ

ਵਿਚ ਤਿਆਰ ਪੁਰ ਤਿਆਰ ਹੋ। ਤਾਂ ਗਿਆਨੀ ਮੁਕੰਦ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਕੇਵਲ ਨਾਮ ਦਾ ਅਭਿਆਸ ਕਰਦਾ ਹਾਂ ਸਹਿਜ ਪਾਠ ਨਹੀਂ ਕਰਦਾ। ਸਤਿਗੁਰਾਂ ਦੀ ਕਿਰਪਾ ਦੁਆਰਾ ਰਹਿਤ ਵਿੱਚ ਤਿਆਰ ਪੁਰ ਤਿਆਰ ਹਾਂ। ਮਹਾਂਪੁਰਖਾਂ ਨੇ ਬਚਨ ਕੀਤਾ ਕਿ ਤੁਸੀਂ ਰੋਜਾਨਾ ਸਹਿਜ ਪਾਠ ਕਰਿਆ ਕਰੋ ਗੁਰੂ ਮਹਾਰਾਜ ਕਿਰਪਾ ਕਰਨਗੇ। ਜਦੋਂ ਅਗਲੇ ਸਾਲ ਮਹਾਂਪੁਰਖ ਜਥੇ ਸਮੇਤ ਪਟਿਆਲਾ ਵਿਖੇ ਪਹੁੰਚੇ ਹੋਏ ਸਨ ਤਾਂ ਉਨ੍ਹਾਂ ਦਿਨਾ ਵਿਚ ਗਿਆਨੀ ਮੁਕੰਦ ਸਿੰਘ ਜੀ ਨੇ ਮੁੜ ਬੇਨਤੀ ਕੀਤੀ ਕਿ ਮਹਾਂਪੁਰਖੋ ਮੈਂ ਆਪ ਜੀ ਦੇ ਬਚਨਾ ਅਨੁਸਾਰ ਰੋਜਾਨਾ ਸਹਿਜ ਪਾਠ ਕਰਕੇ ਹਰ ਮਹੀਨੇ ਭੋਗ ਪਾਉਂਦਾ ਰਿਹਾ ਹਾਂ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਮਨ ਦੀ ਇਕਾਗਰਤਾ ਤਾਂ ਬਹੁਤ ਬਣ ਗਈ ਹੈ ਪਰ ਮੇਰਾ ਸ਼ੁਭ ਸੰਕਲਪ ਦਸਾਂ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਅਜੇ ਪੂਰਾ ਨਹੀਂ ਹੋਇਆ। ਆਪ ਜੀ ਦੀ ਕਿਰਪਾ ਦੀ ਲੋੜ ਹੈ। ਗਿਆਨੀ ਮੁਕੰਦ ਸਿੰਘ ਜੀ ਦੇ ਬਹੁਤਾ ਜੋਰ ਪਾਉਣ ਤੇ ਮਹਾਂਪੁਰਖਾਂ ਨੇ ਇਨ੍ਹਾਂ ਦਾ ਭਰੋਸਾ ਪਰਖ ਕੇ ਬਚਨ ਕੀਤੇ ਕਿ ਅੰਮ੍ਰਿਤ ਵੇਲੇ ਦੋ ਵਜੇ ਕੇਸੀ ਇਸ਼ਨਾਨ ਕਰਕੇ ਬਸਤਰ ਸਾਫ ਪਾ ਕੇ ਆ ਜਾਣਾ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ ਉਸ ਵਕਤ ਪ੍ਰਕਾਸ਼ ਅਸਥਾਨ ਦੇ ਕੋਲ ਆ ਕੇ ਅਧੀਨਗੀ ਸਹਿਤ ਅਰਦਾਸ ਵਿਚ ਜੁੜਨਾ ਹੈ।

ਗਿਆਨੀ ਮੁਕੰਦ ਸਿੰਘ ਜੀ ਅੰਮ੍ਰਿਤ ਵੇਲੇ ਸਮੇਂ ਅਨੁਸਾਰ ਮਹਾਂਪੁਰਖਾਂ ਕੋਲ ਪਹੁੰਚ ਗਏ। ਉਸ ਦਿਨ ਅੰਮ੍ਰਿਤ ਵੇਲੇ ਰਾਗੀ ਗੁਰਬਚਨ ਸਿੰਘ ਜੀ ਉੱਪਲਹੇੜੀ ਵਾਲਿਆਂ ਦੇ ਨਾਲ ਮਹਾਪੁਰਖਾਂ ਨੇ ਗਿਆਨੀ ਮੁਕੰਦ ਸਿੰਘ ਜੀ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਪਹੁੰਚ ਗਏ। ਰਾਗੀ ਗੁਰਬਚਨ ਸਿੰਘ ਜੀ ਮਹਾਰਾਜ ਦੇ ਪਵਿੱਤਰ ਸਰੂਪ ਸੱਚਖੰਡ ਵਿੱਚੋਂ ਆਪਣੇ ਸੀਸ ਤੇ ਲੈ ਕੇ ਆਏ। ਮਹਾਂਪੁਰਖਾਂ ਨੇ ਪ੍ਰੇਮ ਵਿਚ ਭਿਜ ਕੇ ਸਤਿਗੁਰਾਂ ਦੇ ਚਰਨਾ ਵਿਚ ਆਪ ਅਰਦਾਸ ਕੀਤੀ। ਅਰਦਾਸ ਤੋਂ ਬਾਅਦ ਜਿਸ ਵਕਤ ਗੁਰੂ ਮਹਾਰਾਜ ਦੇ ਸਰੂਪ ਦਾ ਪ੍ਰਕਾਸ਼ ਕੀਤਾ ਤਾਂ ਸਾਰੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਇਸ ਪ੍ਰਕਾਸ਼ ਵਿਚੋਂ ਦਸਾਂ ਸਤਿਗੁਰਾਂ ਦੇ ਦਰਸ਼ਨ ਗਿਆਨੀ ਮੁਕੰਦ ਸਿੰਘ ਜੀ ਅਤੇ ਹਾਜਰ ਸਿੰਘਾਂ ਨੂੰ ਹੋਏ। ਐਸੇ ਗੁਰਮੁਖ ਜਿਨ੍ਹਾਂ ਦੀ ਸਤਿਗੁਰਾਂ ਨਾਲ ਪ੍ਰੀਤ ਹੈ ਉਹ ਆਪ ਬੇਨਤੀਆਂ ਤੇ ਅਰਦਾਸਾਂ ਦੁਆਰਾ ਸਤਿਗੁਰਾਂ ਦੇ ਸਰੂਪ ਦੇ ਦਰਸ਼ਨ ਹੋਰਨਾ ਪ੍ਰੇਮੀਆਂ ਨੂੰ ਉਨ੍ਹਾਂ ਦੀ ਸ਼ਰਧਾ ਅਨੁਸਾਰ ਕਰਵਾ ਦਿੰਦੇ ਹਨ। ਅਸੀਂ ਐਸੇ ਮਹਾਂਪੁਰਖਾਂ ਤੋਂ ਹਮੇਸ਼ਾਂ ਬਲਿਹਾਰ ਜਾਂਦੇ ਹਾਂ।

## ਅਜਾਮਲ ਪਾਪੀ ਦਾ ਉਧਾਰ

ਬ੍ਰਾਹਮਣ ਵਿਦਵਾਨ ਦੇ ਘਰ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਅਜਾਮਲ

ਰੱਖਿਆ ਗਿਆ। ਜਿਸ ਦਾ ਅਰਥ ਹੈ-ਅਜ-ਬ੍ਰਹਮਾਂ, ਕੰਨੇ ਵਿਚੋਂ ਐੜਾ ਲੈ ਕੇ ਅਮਲ-ਕਰਮ-ਕੰਮ ਭਾਵ ਜਿਸ ਦਾ ਕਰਮ ਬ੍ਰਹਮਾ ਵਰਗਾ ਹੋਵੇ, ਭਾਵ ਵੇਦਾਂ ਨੂੰ ਪੜ੍ਹਨ ਪੜ੍ਹਾਉਣ ਵਾਲਾ ਹੋਵੇ। ਜਦੋਂ ਅਜਾਮਲ ਪੜ੍ਹਨ ਦੇ ਯੋਗ ਹੋਇਆ ਤਾਂ ਇਸ ਦੇ ਪਿਤਾ ਨੇ ਇਹ ਸੋਚਕੇ ਕਿ ਇਸ ਨੇ ਮੇਰੇ ਕੋਲੋਂ ਠੀਕ ਤਰ੍ਹਾਂ ਪੜ੍ਹਨਾ ਨਹੀਂ ਅਤੇ ਮੈਂ ਕੇਵਲ ਵਿਦਵਾਨ ਹਾਂ, ਆਪਣੇ ਪੁੱਤਰ ਨੂੰ ਉੱਚੇ ਜੀਵਨ ਵਾਲਾ ਨਹੀਂ ਬਣਾ ਸਕਦਾ। ਇਸ ਲਈ ਅਜਾਮਲ ਨੂੰ ਇਕ ਵਿਦਵਾਨ ਮਹਾਂਪੁਰਖ ਕੋਲ ਪੜ੍ਹਨੇ ਪਾਇਆ। ਇਹ ਮਹਾਂਪੁਰਖ ਸ਼ਹਿਰ ਤੋਂ ਬਾਹਰ ਕੁਟੀਆ ਬਣਾ ਕੇ ਰਹਿੰਦੇ ਸਨ। ਇਸ ਤਰ੍ਹਾਂ ਵਿਦਿਆ ਦੇ ਨਾਲ-ਨਾਲ ਮਹਾਂਪੁਰਖ ਇਸ ਨੂੰ ਸ਼ੁਭ ਸਿੱਖਿਆ ਵੀ ਦਿੰਦੇ ਰਹੇ। ਮਹਾਂਪੁਰਖ ਰੋਜਾਨਾ ਹੀ ਅਜਾਮਲ ਨੂੰ ਕਹਿੰਦੇ ਕਿ ਮੇਰੇ ਕੋਲ ਸ਼ਹਿਰ ਦੇ ਵਿਚੋਂ ਦੀ ਨਹੀਂ ਆਉਣਾ ਬਲਕਿ ਬਾਹਰ ਦੇ ਰਸਤੇ ਆਇਆ ਕਰ। ਜਦੋਂ ਅਜਾਮਲ ਜਵਾਨ ਹੋਣ ਲੱਗਾ ਅਤੇ ਇਸ ਦੀ ਵਿਦਿਆ ਵੀ ਸੰਪੂਰਨ ਹੋਣ ਲੱਗੀ ਤਾਂ ਗੁਰੂ ਜੀ ਦੇ ਰੋਜ ਪੁੱਛਣ ਤੋਂ ਕਿ ਸ਼ਹਿਰ ਵਿਚਲੇ ਰਸਤੇ ਆਇਆ ਹੈਂ ਕਿ ਬਾਹਰਲੇ ਤਾਂ ਇਕ ਦਿਨ ਅਜਾਮਲ ਨੇ ਸੋਚਿਆ ਕਿ ਗੁਰੂ ਜੀ ਮੈਨੂੰ ਹਰ ਰੋਜ ਪੁੱਛਦੇ ਹਨ ਤੇ ਸ਼ਹਿਰ ਵਿਚੋਂ ਆਉਣ ਦੀ ਆਗਿਆ ਨਹੀਂ ਦਿੰਦੇ, ਇਸ ਵਿਚ ਜ਼ਰੂਰ ਕੋਈ ਕਾਰਨ ਹੈ। ਇਸ ਤਰ੍ਹਾਂ ਇਕ ਦਿਨ ਆਪਣੀ ਮਰਜ਼ੀ ਨਾਲ ਅਜਾਮਲ ਸ਼ਹਿਰ ਵਿਚੋਂ ਉਸ ਬਾਜ਼ਾਰ ਵਿਚੋਂ ਲੰਘਿਆ ਜੋ ਵੇਸਵਾਵਾਂ ਦਾ ਬਾਜ਼ਾਰ ਸੀ। ਇਸ ਨੇ ਸੋਚਿਆ ਕਿ ਗੁਰੂ ਨੂੰ ਕਿਹੜਾ ਪਤਾ ਲੱਗਣਾ ਹੈ ਤੇ ਜੇ ਲੱਗ ਵੀ ਗਿਆ ਤਾਂ ਕੀ ਹੋ ਚੱਲਿਆ ਹੈ। ਮੇਰੀ ਤਾਂ ਵਿੱਦਿਆ ਪੂਰੀ ਹੋਣ ਵਾਲੀ ਹੈ ਬਥੇਰਾ ਪੜ੍ਹ ਲਿਆ ਹੈ। ਜੇ ਅੱਗੇ ਨਾ ਵੀ ਪੜ੍ਹਾਂਗੇ ਤਾਂ ਕੋਈ ਗੱਲ ਨਹੀਂ ਹੈ। ਜਦੋਂ ਗੁਰੂ ਨੇ ਪੁੱਛਣਾ ਤਾਂ ਇਸ ਨੇ ਝੂਠ ਬੋਲ ਦੇਣਾ। ਇਸ ਤਰ੍ਹਾਂ ਰੋਜਾਨਾ ਆਉਣ ਕਰਕੇ ਅਜਾਮਲ ਦੇ ਨੇਤ੍ਰ ਚੰਚਲ ਹੋ ਗਏ ਤੇ ਇਕ ਸੁੰਦਰ ਨੌਜੁਆਨ ਵੇਸਵਾ ਨੇ ਹਾਵ-ਭਾਵ ਦਿਖਾ ਕੇ ਇਸ ਨੂੰ ਕਾਬੂ ਕਰ ਲਿਆ। ਜਦੋਂ ਸੰਥਿਆ ਚੰਗੀ ਤਰ੍ਹਾਂ ਪੱਕਦੀ ਨਾ ਦੇਖੀ ਤਾਂ ਮਹਾਂਪੁਰਖਾਂ ਨੇ ਇਸ ਦੇ ਪਿਤਾ ਨੂੰ ਪੜ੍ਹਾਈ ਵਿਚ ਰੁਚੀ ਨਾ ਦੇਖ ਕੇ ਇਸ ਦੀ ਸ਼ਾਦੀ ਕਰਨ ਦੀ ਸਲਾਹ ਦਿੱਤੀ। ਇਸ ਦੇ ਪਿਤਾ ਨੇ ਬਚਨ ਮੰਨ ਕੇ ਇਕ ਸੁਸ਼ੀਲ ਕੰਨਿਆ ਨਾਲ ਇਸ ਦੀ ਸ਼ਾਦੀ ਕਰ ਦਿੱਤੀ। ਪਰ ਫਿਰ ਵੀ ਚੋਰੀ ਵੇਸਵਾ ਪਾਸ ਜਾਣ ਤੋਂ ਨਾ ਰੁਕਿਆ। ਇਨ੍ਹਾਂ ਦਿਨਾ ਵਿਚ ਹੀ ਇਸ ਦੇ ਪਿਤਾ ਦੀ ਮੌਤ ਹੋਣ ਤੋਂ ਬਾਦਸ਼ਾਹ ਨੇ ਇਸ ਦੇ ਪਿਤਾ ਦੀ ਥਾਂ ਇਸ ਨੂੰ ਰਾਜ ਪੰਡਿਤ ਬਣਾ ਦਿੱਤਾ ਪਰ ਹੌਲੀ ਹੌਲੀ ਇਸ ਦਾ ਵੇਸਵਾ ਗਮਨ ਵਾਲਾ ਔਗੁਣ ਪ੍ਰਗਟ ਹੋ ਗਿਆ। ਬਾਦਸ਼ਾਹ ਨੂੰ ਪਤਾ ਲੱਗਣ ਤੋਂ ਭਰੇ ਦਰਬਾਰ ਵਿਚ ਅਜਾਮਲ ਅਤੇ ਵੇਸਵਾ ਨੂੰ ਦੇਸ਼ ਨਿਕਾਲਾ ਦੇ ਦਿੱਤਾ ਤੇ ਅਜਾਮਲ ਦੀ ਸਾਰੀ ਧਨ,ਸੰਪਤੀ ਇਸ ਦੀ ਇਸਤਰੀ ਨੂੰ ਦੇ ਦਿੱਤੀ। ਸਰੀਰ ਤੇ ਪਹਿਨੇ ਹੋਏ ਬਸਤਰਾਂ ਤੋਂ ਇਲਾਵਾ ਕੋਈ ਵੀ ਵਸਤੂ ਨਹੀਂ ਦਿੱਤੀ। ਇਸ ਪ੍ਰਕਾਰ ਅਜਾਮਲ ਤੇ ਵੇਸਵਾ ਨੇ ਜੰਗਲ ਵਿਚ ਕੁਟੀਆ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਦ

ਇਸ ਦੇ ਘਰ ਬੱਚੇ ਪੈਦਾ ਹੋਣੇ ਸ਼ੁਰੂ ਹੋ ਗਏ। ਆਪਣੇ ਤੇ ਬੱਚਿਆਂ ਦੇ ਭੋਜਨ ਵਾਸਤੇ ਜੀਵ ਹੱਤਿਆ ਕਰਕੇ ਉਨ੍ਹਾਂ ਦਾ ਮਾਸ ਭੁੰਨ ਕੇ ਖਾ ਕੇ ਗੁਜ਼ਾਰਾ ਕਰਦਾ ਤੇ ਪਿਛਲੇ ਜੀਵਨ ਬਾਰੇ ਸੋਚ ਕੇ ਪਸ਼ਚਾਤਾਪ ਕਰਦਾ। ਇਸ ਪ੍ਰਕਾਰ ਇਸ ਦੇ ਛੇ ਬੱਚੇ ਪੈਦਾ ਹੋਏ। ਇਕ ਦਿਨ ਮੀਂਹ ਪੈ ਰਿਹਾ ਸੀ ਤੇ ਇਹ ਵੀ ਸ਼ਿਕਾਰ ਕਰਕੇ ਘਰ ਨਹੀਂ ਆਇਆ। ਇਸ ਦੇ ਪਿਛੋਂ ਮਹਾਂਪੁਰਖ ਇਸ ਦੇ ਘਰ ਆ ਗਏ ਅਤੇ ਵੇਸਵਾ ਨੇ ਜਦੋਂ ਅਜਾਮਲ ਵਾਪਸ ਆਇਆ ਤਾਂ ਅੱਗੇ ਹੋ ਕੇ ਇਸ਼ਾਰਾ ਕੀਤਾ ਕਿ ਮਹਾਂਪੁਰਖ ਆਏ ਹਨ ਤੇ ਜੀਵ ਹਿੰਸਾ ਦੇਖ ਕੇ ਕਿਤੇ ਘਰੋਂ ਨਾ ਚਲੇ ਜਾਣ। ਅੱਜ ਆਪਾਂ ਵੈਸ਼ਨੂੰ ਭੋਜਨ ਹੀ ਕਰੀਏ। ਤਦ ਇਸ ਨੇ ਸ਼ਿਕਾਰ ਜੋ ਮਾਰ ਕੇ ਲਿਆਂਦਾ ਸੀ ਲੁਕਾ ਦਿੱਤਾ ਤੇ ਮੂੰਹ ਹੱਥ ਧੋ ਕੇ ਮਹਾਤਮਾ ਨੂੰ ਨਮਸਕਾਰ ਕੀਤੀ। ਭੋਜਨ ਬਣਾ ਕੇ ਛਕਾਇਆ। ਰਾਤ ਦੇ ਸਮੇਂ ਮੁੱਠੀ ਚਾਪੀ ਕਰਦਾ ਹੋਇਆ ਰੋ-ਰੋ ਕੇ ਆਪਣੇ ਸਾਰੇ ਔਗੁਣ ਦੱਸਣ ਲੱਗਾ ਕਿ ਕਿਸ ਤਰ੍ਹਾਂ ਮਹਾਂ ਪੰਡਿਤ ਤੋਂ ਮਹਾਂ ਪਾਪੀ ਬਣ ਗਿਆ ਹਾਂ। ਫਿਰ ਬੇਨਤੀ ਕੀਤੀ ਕਿ ਕਿਸੇ ਤਰ੍ਹਾਂ ਮਹਾਂਪੁਰਖੋ ਮੇਰਾ ਵੀ ਉਧਾਰ ਕਰੋ। ਤਦ ਮਹਾਤਮਾ ਨੇ ਕਿਹਾ ਕਿ ਆਪਣੀ ਘਰਵਾਲੀ ਦੇ ਪੇਟ ਤੋਂ ਹੋਣ ਵਾਲੇ ਬੱਚੇ ਦਾ ਨਾਮ ਨਾਰਾਇਣ ਰੱਖੀਂ। ਮਹਾਂਪੁਰਖਾਂ ਦਾ ਬਚਨ ਮੰਨ ਕੇ ਅਜਾਮਲ ਨੇ ਆਪਣੇ ਪੁੱਤਰ ਦਾ ਨਾਮ ਨਾਰਾਇਣ ਰੱਖਿਆ ਅਤੇ ਇਸ ਨਾਲ ਬਹੁਤ ਪ੍ਰੇਮ ਕਰਨ ਲੱਗਾ। ਜਦੋਂ ਅੰਤ ਸਮੇਂ ਜਮ ਦੇਖੇ ਤਾਂ ਕਹਿਣ ਲੱਗਾ ਕਿ ਪੁੱਤਰ ਨਾਰਾਇਣ ਰੱਖਿਆ ਕਰੀਂ। ਉਸ ਸਮੇਂ ਪੁੱਤਰ ਤਾਂ ਭੁੱਲ ਗਿਆ ਤੇ ਕਹਿੰਦਾ ਰਿਹਾ ਨਾਰਾਇਣ ਰੱਖਿਆ ਕਰੀਂ,ਨਾਰਾਇਣ ਰੱਖਿਆ ਕਰੀਂ। ਜਿਸ ਤੋਂ ਪਰਮੇਸ਼ਰ ਨੇ ਆਪਣੇ ਬਿਰਦ ਦੀ ਲਾਜ ਰੱਖਦਿਆਂ ਜਮਾਂ ਤੋਂ ਛੁਡਾ ਕੇ ਮਹਾਂ ਪਾਪੀ ਤੋਂ ਪਵਿੱਤਰ ਕਰਕੇ ਇਸ ਦੀ ਕਲਿਆਣ ਕੀਤੀ ਤੇ ਆਪਣੇ ਚਰਨਾ ਵਿਚ ਨਿਵਾਸ ਦਿੱਤਾ।

## ਵਿਦੇਸ਼ ਗਏ ਰਾਜੇ ਅਤੇ ਰਾਣੀਆਂ ਦਾ ਪ੍ਰਸੰਗ

ਇਕ ਰਾਜਾ ਆਪਣੇ ਰਾਜ ਵਿਚ ਰਾਜ ਕਰ ਰਿਹਾ ਹੈ। ਉਸ ਦੇ ਮਹਿਲਾਂ ਵਿਚ ਇਕ ਪਟਰਾਣੀ ਅਤੇ ਬਹੁਤ ਸਾਰੀਆਂ ਰਾਣੀਆਂ ਰਹਿ ਰਹੀਆਂ ਹਨ। ਇਕ ਵਾਰੀ ਰਾਜਾ ਆਪਣੇ ਦੇਸ਼ ਤੋਂ ਬਾਹਰ ਪ੍ਰਦੇਸ਼ ਗਿਆ। ਉੱਥੇ ਜਾਕੇ ਰਾਜੇ ਨੇ ਵੇਖਿਆ ਕਿ ਮੇਰੇ ਦੇਸ਼ ਨਾਲੋਂ ਇਥੇ ਵਧੀਆ ਵਧੀਆ ਸੁੰਦਰ ਵਸਤੂਆਂ ਹਨ। ਉਸ ਨੇ ਆਪਣੀਆਂ ਰਾਣੀਆਂ ਨੂੰ ਖੁਸ਼ ਕਰਨ ਵਾਸਤੇ ਪੱਤਰ ਲਿਖਕੇ ਭੇਜੇ ਕਿ ਦੱਸਿਆ ਜਾਵੇ ਕਿ ਕਿਹੜੀ ਕਿਹੜੀ ਰਾਣੀ ਨੂੰ ਕੀ ਕੀ ਚਾਹੀਦਾ ਹੈ। ਸਾਰੀਆਂ ਰਾਣੀਆਂ ਨੇ ਪਟਰਾਣੀ ਸਮੇਤ ਉਸੇ ਦੂਤ ਕੋਲ ਆਪਣੀ ਆਪਣੀ ਇਛਾ ਅਨੁਸਾਰ ਵਧੀਆ ਤੋਹਫੇ ਪ੍ਰਾਪਤ ਕਰਨ ਵਾਸਤੇ ਪੱਤਰ ਲਿਖਕੇ ਭੇਜ ਦਿੱਤੇ ਪਰ ਸਭ ਤੋਂ ਛੋਟੀ ਰਾਣੀ ਨੇ ਰਾਜੇ ਦੇ ਦਰਸ਼ਨਾ ਦੀ ਇੱਛਾ ਜਾਹਿਰ ਕਰਕੇ ਪੱਤਰ ਭੇਜਿਆ। ਰਾਜੇ ਨੂੰ ਸਾਰੇ ਪੱਤਰ ਪਹੁੰਚਾ ਦਿਤੇ

ਗਏ। ਰਾਜੇ ਨੇ ਸਾਰੀਆਂ ਰਾਣੀਆਂ ਦੀ ਇੱਛਾ ਅਨੁਸਾਰ ਕੀਮਤੀ ਤੋਹਫੇ ਖਰੀਦ ਕਰਵਾ ਕੇ ਉਨ੍ਹਾਂ ਕੋਲ ਪਹੁੰਚਾ ਦਿਤੇ। ਸਭ ਤੋਂ ਛੋਟੀ ਰਾਣੀ ਦੀ ਇੱਛਾ ਅਨੁਸਾਰ ਰਾਜਾ ਉਸ ਦੇ ਮਹਿਲ ਵਿਚ ਪਹੁੰਚ ਗਿਆ। ਛੋਟੀ ਰਾਣੀ ਨੇ ਦਰਸ਼ਨ ਕੀਤੇ ਅਤੇ ਪਿਆਰ ਲਿਆ। ਰਾਜੇ ਨੇ ਆਪਣੀ ਖੁਸ਼ੀ ਦੇ ਨਾਲ ਸਭ ਤੋਂ ਵੱਧ ਕੀਮਤੀ ਨੌਂ ਲੱਖਾ ਹਾਰ ਵੀ ਦਿੱਤਾ। ਛੋਟੀ ਰਾਣੀ ਸੇਵਾ ਕਰਕੇ ਬਹੁਤ ਖੁਸ਼ ਰਹਿ ਰਹੀ ਸੀ। ਬਾਕੀ ਰਾਣੀਆਂ ਅਤੇ ਪਟਰਾਣੀ ਨੂੰ ਬਹੁਤ ਦੁਖ ਹੋਇਆ ਕਿ ਕੀ ਕੀਤਾ ਜਾਵੇ। ਰਾਜੇ ਨੇ ਤਾਂ ਛੋਟੀ ਰਾਣੀ ਵਲ ਹੀ ਰਹਿਣਾ ਸ਼ੁਰੂ ਕਰ ਦਿੱਤਾ ਹੈ। ਪਟਰਾਣੀ ਨੇ ਸੁਨੇਹਾ ਘੱਲਿਆ ਤਾਂ ਰਾਜੇ ਨੇ ਸੁਨੇਹਾ ਦਿੱਤਾ ਕਿ ਤੁਸੀਂ ਜੋ ਮੰਗਿਆ ਸੀ ਉਹ ਤੁਹਾਨੂੰ ਮਿਲ ਗਿਆ ਹੈ। ਛੋਟੀ ਰਾਣੀ ਨੇ ਦਰਸ਼ਨ ਮੰਗੇ ਸਨ ਇਸ ਲਈ ਮੈਂ ਇਧਰ ਰਹਿਣਾ ਸ਼ੁਰੂ ਕਰ ਦਿੱਤਾ। ਪਟਰਾਣੀ ਛੋਟੀ ਰਾਣੀ ਦੇ ਸੁਖਾਂ ਨੂੰ ਦੇਖ ਕੇ ਬਹੁਤ ਦੁਖੀ ਹੋ ਰਹੀ ਹੈ। ਉਹ ਹੁਣ ਸੋਚਣ ਲੱਗੀ ਕਿ ਛੋਟੀ ਰਾਣੀ ਨੂੰ ਮੈਂ ਕਿਵੇਂ ਦੁਖੀ ਕਰ ਸਕਦੀ ਹਾਂ। ਉਸ ਨੇ ਇਕ ਸਕੀਮ ਬਣਾ ਕੇ ਰਾਜੇ ਨੂੰ ਸੁਨੇਹਾ ਭੇਜਿਆ ਕਿ ਮੈਂ ਆਪਣੇ ਪੁੱਤਰ ਸਮੇਤ ਰਾਜ ਮਹਿਲਾਂ ਚੋਂ ਬਾਹਰ ਜਾ ਰਹੀਂ ਹਾਂ। ਜਾਂ ਤੁਸੀਂ ਜਲਦੀ ਆਓ। ਰਾਜੇ ਨੇ ਮਨ ਵਿਚ ਵੀਚਾਰਿਆ ਕਿ ਰਾਜ ਦਾ ਮਾਲਕ ਭਾਵ ਪੁੱਤਰ ਹੀ ਪਟਰਾਣੀ ਘਰੋਂ ਲੈਕੇ ਬਾਹਰ ਚਲੀ ਗਈ ਤਾਂ ਪੁੱਤਰ ਕਿਸ ਕੰਮ ਦਾ।

ਇਹ ਸੋਚਕੇ ਰਾਜਾ ਛੋਟੀ ਰਾਣੀ ਨੂੰ ਸਮਝਾ ਕੇ ਪਟਰਾਣੀ ਵਲ ਆ ਗਿਆ। ਪਟਰਾਣੀ ਨੂੰ ਰਾਜੇ ਦੇ ਆਉਣ ਨਾਲ ਜੋ ਸੁਖ ਮਿਲਣੇ ਸਨ ਉਨ੍ਹਾਂ ਬਾਰੇ ਨਹੀਂ ਸੋਚਦੀ ਸਗੋਂ ਇਸ ਦੇ ਉਲਟ ਆਪਣੀ ਗੋਲੀ ਨੂੰ ਭੇਜ ਕੇ ਪਤਾ ਕੀਤਾ ਕਿ ਛੋਟੀ ਰਾਣੀ ਹੁਣ ਦੁਖੀ ਹੈ ਕਿ ਨਹੀਂ। ਗੋਲੀ ਹਰ ਵਾਰੀ ਪਟਰਾਣੀ ਨੂੰ ਇਹ ਖਬਰ ਪਹੁੰਚਾਉਂਦੀ ਰਹਿੰਦੀ ਹੈ ਕਿ ਛੋਟੀ ਰਾਣੀ ਤਾਂ ਬਹੁਤ ਖੁਸ਼ ਰਹਿੰਦੀ ਹੈ। ਉਸ ਦੀ ਖੁਸ਼ੀ ਦਾ ਕਾਰਨ ਸਮਝ ਨਾ ਸਕੀ। ਆਖਿਰ ਪਟਰਾਣੀ ਨੇ ਗੋਲੀ ਨੂੰ ਸਮਝਾ ਕੇ ਭੇਜਿਆ ਕਿ ਉੱਥੇ ਰਹਿ ਕੇ ਚੰਗੀ ਤਰ੍ਹਾਂ ਪਤਾ ਕਰ ਕਿ ਛੋਟੀ ਰਾਣੀ ਖੁਸ਼ ਕਿਉਂ ਰਹਿੰਦੀ ਹੈ। ਗੋਲੀ ਨੇ ਆਪਣੀ ਸਮਝ ਅਨੁਸਾਰ ਪਟਰਾਣੀ ਨੂੰ ਦੱਸਿਆ ਕਿ ਛੋਟੀ ਰਾਣੀ ਕੋਲ ਇੱਕ ਬਹੁਤ ਕੀਮਤੀ ਨੌਂ ਲੱਖਾ ਹਾਰ ਹੈ ਉਸ ਕਰਕੇ ਖੁਸ਼ ਰਹਿੰਦੀ ਹੈ। ਪਟਰਾਣੀ ਨੇ ਰਾਜੇ ਨੂੰ ਆਖਿਆ ਮੈ ਤਾਂ ਖੁਸ਼ ਹੋਵਾਂਗੀ ਜੇਕਰ ਤੁਸੀਂ ਨੌਂ ਲੱਖਾ ਹਾਰ ਛੋਟੀ ਰਾਣੀ ਤੋਂ ਮੰਗਵਾ ਕੇ ਮੈਨੂੰ ਦਿਓ। ਦੂਜਾ ਉਸ ਨੂੰ ਮਹਿਲਾਂ ਵਿਚੋਂ ਬਾਹਰ ਕੱਢੋ। ਰਾਜੇ ਨੇ ਪਟਰਾਣੀ ਦੇ ਆਖੇ ਲੱਗ ਕੇ ਨੌਂ ਲੱਖਾ ਹਾਰ ਵਾਪਸ ਮੰਗਵਾ ਲਿਆ ਅਤੇ ਛੋਟੀ ਰਾਣੀ ਮਹਿਲਾਂ ਤੋਂ ਪਰ੍ਹੇ ਇਕ ਨਿਵੇਕਲੀ ਥਾਂ ਤੇ ਰਹਿਣ ਲੱਗ ਪਈ। ਉਸ ਨੂੰ ਬੜੀ ਖੁਸ਼ੀ ਹੈ ਕਿ ਰਾਜੇ ਨੇ ਮੈਨੂੰ ਯਾਦ ਰੱਖਿਆ ਹੋਇਆ ਹੈ। ਪਟਰਾਣੀ ਨੇ ਫੇਰ ਗੋਲੀ ਨੂੰ ਭੇਜ ਕੇ ਪਤਾ ਮੰਗਵਾਇਆ ਕਿ ਹੁਣ ਛੋਟੀ ਰਾਣੀ ਦੁਖੀ ਹੋਵੇਗੀ। ਗੋਲੀ ਨੇ ਛੋਟੀ ਰਾਣੀ ਦੇ ਕੋਲ ਰਹਿਕੇ ਵੇਖਿਆ ਕਿ

ਇਹ ਤਾਂ ਬਹੁਤ ਖੁਸ਼ ਰਹਿੰਦੀ ਹੈ। ਇਹ ਰਿਪੋਰਟ ਉਸ ਨੇ ਪਟਰਾਣੀ ਨੂੰ ਦਿਤੀ। ਇਹ ਸੁਣਕੇ ਪਟਰਾਣੀ ਬਹੁਤ ਸੰਤਾਪ ਕਰਨ ਲੱਗੀ। ਪਟਰਾਣੀ ਨੇ ਰਾਜੇ ਨੂੰ ਪੁੱਛਿਆ ਕਿ ਤੁਸੀਂ ਮੇਰੀ ਸੌਂਕਣ ਨੂੰ ਕੀ ਦਿਤਾ ਹੋਇਆ ਹੈ ਜਿਸ ਕਰਕੇ ਉਹ ਹਮੇਸ਼ਾ ਹੀ ਸੁਖੀ ਰਹਿੰਦੀ ਹੈ। ਰਾਜੇ ਨੇ ਦੱਸਿਆ ਕਿ ਉਹ ਮੈਨੂੰ ਹਮਾਸ਼ਾ ਯਾਦ ਰੱਖਦੀ ਹੈ। ਇਸ ਕਰਕੇ ਉਹ ਹਮੇਸ਼ਾ ਹੀ ਖੁਸ਼ ਰਹਿੰਦੀ ਹੈ। ਤੁਸੀਂ ਮੇਰੇ ਨੇੜੇ ਰਹਿ ਕੇ ਵੀ ਮੈਨੂੰ ਯਾਦ ਨਹੀਂ ਕਰਦੇ, ਉਸ ਨੂੰ ਹੀ ਯਾਦ ਕਰਦੇ ਰਹਿੰਦੇ ਹੋ।

ਇਹ ਹਾਲਤ ਸਾਰੇ ਸੰਸਾਰ ਦੀ ਹੈ। ਅਸੀਂ ਦੂਜਿਆਂ ਦੇ ਸੁਖ ਵੇਖਕੇ ਦੁਖੀ ਹੁੰਦੇ ਹਾਂ। ਆਪਣੇ ਦੁਖ ਨੂੰ ਦੂਰ ਕਰਨ ਵਾਸਤੇ ਕੋਈ ਸੇਵਾ ਸਿਮਰਨ ਨਹੀਂ ਕਰਦੇ। ਪਰਮੇਸ਼ਰ ਨੂੰ ਯਾਦ ਨਹੀਂ ਕਰਦੇ। ਜਿਸ ਕਰਕੇ ਸਾਰਾ ਸੰਸਾਰ ਹੀ ਦੁਖੀ ਹੈ।

## ਗੋਰਖ ਨਾਥ ਦਾ ਗੁਰੂ ਮਛਿੰਦਰ ਨਾਥ

ਇਕ ਵਾਰੀ ਸ਼ਿਵਜੀ ਕਰੌਂਚ ਦੀਪ ਵਿਚ ਸਮੁੰਦਰ ਦੇ ਕਿਨਾਰੇ ਤੇ ਬੈਠਕੇ ਪਾਰਬਤੀ ਨੂੰ ਅਮਰ ਕਰਨ ਵਾਸਤੇ ਅਮਰ ਕਥਾ ਸੁਨਾਉਣ ਲੱਗੇ। ਜਦੋਂ ਪਾਰਬਤੀ ਸੁਣਨ ਲੱਗੀ ਤਾਂ ਉਸ ਨੂੰ ਆਲਸ ਆ ਗਈ। ਜਦੋਂ ਸੁੱਤੀ ਉੱਠੀ ਅੱਖ ਖੁੱਲ੍ਹੀ ਤਾਂ ਕੀ ਵੇਖਦੀ ਹੈ ਕਿ ਇਕ ਮੱਛ ਸਮੁੰਦਰ ਦੇ ਕੰਡੇ ਨਾਲ ਲੱਗਾ ਅਚੱਲ ਹੋਇਆ ਖੜ੍ਹਾ ਹੈ। ਉਸੇ ਵੇਲੇ ਸ਼ਿਵਾ ਨੂੰ ਪਾਰਬਤੀ ਨੇ ਪੁੱਛਿਆ ਕੇ ਹੇ ਭੋਲੇ ਨਾਥ ਜੀ ਇਹ ਮੱਛ ਕਿਉਂ ਅਚੱਲ ਹੋਇਆ ਖੜਾ ਹੈ। ਮੱਛ ਦਾ ਸੁਭਾਅ ਚੰਚਲ ਹੁੰਦਾ ਹੈ ਪਰ ਇਹ ਇਕ ਥਾਂ ਖੜ੍ਹਾ ਹੈ ਕੀ ਕਾਰਨ ਹੈ। ਸੁਣਕੇ ਸ਼ਿਵਜੀ ਨੇ ਕਿਹਾ ਕਿ ਹੇ ਪਾਰਬਤੀ ਤੂੰ ਤਾਂ ਆਲਸ ਕੀਤੀ ਹੈ। ਪਰ ਇਸ ਮੱਛ ਨੇ ਕਥਾ ਸੁਣ ਲਈ ਹੈ। ਇਸ ਕਰਕੇ ਚੰਚਲਤਾਈ ਛੱਡ ਕੇ ਅਚੱਲ ਹੋਇਆ ਖੜ੍ਹਾ ਹੈ। ਹੁਣ ਇਸ ਦੇ ਪੇਟ ਵਿਚੋਂ ਸਿੱਧਾਂ ਦੇ ਪੀਰ, ਗੋਰਖਨਾਥ ਦਾ ਗੁਰੂ ਮਛਿੰਦਰ ਨਾਥ ਪੈਦਾ ਹੋਵੇਗਾ।

(ਫੇਰ ਮੋਹਣੀ ਅਵਤਾਰ ਵੇਲੇ ਸ਼ਿਵਜੀ ਦਾ ਚਿੱਤ ਅਨਿਸਥਿਰ ਹੋ ਗਿਆ ਸੀ,ਉਸ ਵੇਲੇ ਸ਼ਿਵ ਜੀ ਦੀ ਧਾਤੂ ਸਮੁੰਦਰ ਵਿਚ ਡਿਗ ਪਈ ਸੀ। ਉਹ ਇਸ ਮੱਛੀ ਨੇ ਨਿਗਲ ਲਈ ਸੀ ਅਤੇ ਉਸ ਤੋਂ ਮਛਿੰਦਰ ਨਾਥ ਪੈਦਾ ਹੋਇਆ)।

ਇਸ ਪ੍ਰਕਾਰ ਸਿੱਧਾਂ ਦਾ ਪੀਰ ਮਛਿੰਦਰ ਨਾਥ ਅਕਾਲ ਪੁਰਖ ਦੇ ਪਵਿੱਤਰ ਨਾਮ ਨੂੰ ਸੁਣ ਕੇ ਹੀ ਪੈਦਾ ਹੋਇਆ ਸੀ। ਪਰਮੇਸ਼ਰ ਦੇ ਨਾਮ ਸਰਵਣ ਦੀ ਮਹਿਮਾ ਐਨੀ ਵੱਡੀ ਹੈ।

ਇਸ ਪ੍ਰਕਾਰ ਸਿੱਧ,ਪੀਰ,ਦੇਵਤੇ,ਨਾਥ ਭੀ ਸਾਰੇ ਪਰਮੇਸ਼ਰ ਦੇ ਨਾਮ ਦੇ ਸਰਵਣ ਦੀ ਮਹਿਮਾ (ਮਹਾਤਮ) ਕਥਨ ਪੈਦਾ ਕਰਦੇ ਹਨ।

ਇਹ ਸਾਰੀਆਂ ਪਦਵੀਆਂ ਸਿੱਧ,ਪੀਰ,ਦੇਵਤਾ,ਨਾਥ ਆਦਿਕ ਵਾਹਿਗੁਰੂ ਦੇ ਨਾਮ ਨੂੰ ਸਰਵਣ ਕਰਕੇ ਹੀ ਪੇਦਾ ਹੁੰਦੀਆਂ ਹਨ।

ਸਾਰੇ ਗ੍ਰੰਥ ਵੀ ਇਹੋ ਕਹਿੰਦੇ ਹਨ ਕਿ ਜੋ ਪਰਮੇਸ਼ਰ ਦੇ ਨਾਮ ਦਾ ਸਰਵਣ ਸਿੱਧ ਬਨਣ ਦੀ ਇੱਛਾ ਕਰਕੇ ਕਰਦੇ ਹਨ ਉਹ ਸਿੱਧ ਬਣਨਗੇ। ਜਿਹੜਾ ਪੀਰ ਬਣਨ ਦੀ ਇੱਛਾ ਕਰਕੇ ਸੁਣੇਗਾ ਉਹ ਪੀਰ ਬਣੇਗਾ। ਦੇਵਤਾ ਬਣਨ ਦੀ ਇੱਛਾ ਵਾਲਾ ਦੇਵਤਾ ਬਣੇਗਾ। ਨਾਥ ਬਣਨ ਦੀ ਇੱਛਾ ਵਾਲਾ ਨਾਥ ਬਣੇਗਾ। ਇਸ ਪ੍ਰਕਾਰ ਜਿਸ ਇੱਛਾ ਨੂੰ ਲੈ ਕੇ ਕੋਈ ਨਾਮ ਦਾ ਸਰਵਣ ਕਰਦਾ ਹੈ,ਉਹ ਉਸ ਦੀ ਪੂਰੀ ਹੋ ਜਾਂਦੀ ਹੈ।

ਇਸ ਪ੍ਰਕਾਰ ਵਾਹਿਗੁਰੂ ਪਰਮੇਸ਼ਰ ਦੇ ਨਾਮ ਸਰਵਣ ਦੀ ਮਹਿਮਾ ਨੂੰ ਸਾਰੇ ਸਿੱਧ, ਆਦਿਕ ਗਾ ਰਹੇ ਹਨ, ਸਿਧਾਂ ਦਾ ਪੀਰ ਗੋਰਖਨਾਥ ਭੀ ਅਤੇ (ਸੁਰਿਨਾਥ) ਦੇਵਤਿਆਂ ਦਾ ਨਾਥ ਬ੍ਰਿਹਸਪਤ ਵਾ ਇੰਦ੍ਰ ਆਦਿਕ ਗਾ ਰਹੇ ਹਨ।

## ਨਾਮ ਦੀ ਮਹਿਮਾ

ਜਿਨ੍ਹਾਂ ਜਿਨ੍ਹਾਂ ਨੇ ਵਾਹਿਗੁਰੂ ਪਰਮੇਸ਼ਰ ਦਾ ਨਾਮ ਸਰਵਣ ਕੀਤਾ ਹੈ ,ਉਨ੍ਹਾਂ ਦੀਆਂ ਸਾਰੀਆਂ (ਪੀਰ) ਪੀੜਾਂ ਸਿਧ ਹੋ ਗਈਆਂ ਹਨ, ਭਾਵ ਮਿਟ ਗਈਆਂ ਹਨ। ਜਿਵੇਂ:-ਦੇਵਤਿਆਂ ਦੇ ਨਾਥ ਇੰਦ੍ਰ ਨੂੰ ਗੋਤਮ ਰਿਖੀ ਦੇ ਘਰ ਜਾ ਕੇ ਉਸ ਦੀ ਇਸਤ੍ਰੀ ਅਹਿੱਲਿਆ ਦਾ ਸਤ ਤੋੜਨ ਕਰਕੇ ਰਿਖੀ ਤੋਂ ਸਰਾਪ ਮਿਲਿਆ ਕਿ ਜਾਹ ਤੂੰ ਇਕ ਭਗ ਬਦਲੇ ਆਇਆ ਹੈਂ,ਤੇਰੇ ਸਰੀਰ ਤੇ ਹਜ਼ਾਰਾਂ ਭਗਾਂ ਹੋ ਜਾਣ। ਉਸ ਵੇਲੇ ਬੜਾ ਰੋਇਆ। ਇਸ ਦੇ ਸਾਰੇ ਸਰੀਰ ਤੇ ਹਜ਼ਾਰਾਂ ਵਿਆਈਆਂ ਫੁੱਟ ਗਈਆਂ ਕੋੜ੍ਹ ਦੀ ਨਿਆਈ ਜਖ਼ਮ ਹੋਕੇ ਖੂਨ ਵਗਣ ਲੱਗ ਪਿਆ। ਬਹੁਤ ਪੀੜਾ ਸਹਿਤ ਹੋਇਆ। ਉਸ ਵੇਲੇ ਸ਼ਰਮ ਦਾ ਮਾਰਿਆ ਸਵਰਗ ਵਿਚ ਨਹੀਂ ਗਿਆ। ਮਾਨ ਸਰੋਵਰ ਝੀਲ ਵਿਚ ਜਾਕੇ ਕਵਲਾਂ ਦੀ ਬਗੀਚੀ ਵਿਚ ਲੁਕ ਗਿਆ। ਉਥੇ ਲੁਕੇ ਹੋਏ ਨੂੰ ਜਦੋਂ ਸ਼ਿਵਜੀ ਨੇ ਦੇਖਿਆ ਤਾਂ ਕਹਿਣ ਲੱਗਾ ਹੁਣ ਗਲ ਬਣੀ ਹੈ। ਮੇਰੇ ਭਿਆਨਕ ਸਰੂਪ ਧਾਰੇ ਨੂੰ ਦੇਖ ਕੇ ਹਸਦਾ ਸੀ। ਹੁਣ ਤੇਰੀ ਕੀ ਹਾਲਤ ਹੈ। ਜਦੋਂ ਇੰਦ੍ਰ ਸਵਰਗ ਵਿਚ ਨਾ ਗਿਆ ਤਾਂ ਦੇਵਤਿਆਂ ਦਾ ਗੁਰੂ ਬ੍ਰਿਹਸਪਤ ਮਾਨ ਸਰੋਵਰ ਤੇ ਇੰਦ੍ਰ ਕੋਲ ਆਇਆ ਅਤੇ ਆਕੇ ਇੰਦ੍ਰ ਨੂੰ ਵਾਹਿਗੁਰੂ ਪਰਮੇਸ਼ਰ ਦਾ ਨਾਮ ਸੁਣਾਉਣਾ ਕੀਤਾ। ਨਾਮ ਦਾ ਸ੍ਰਵਣ ਕਰਨੇ ਕਰਕੇ ਇੰਦ੍ਰ ਦੇ ਹਜਾਰਾਂ ਭਗਾਂ ਦੀ ਥਾਂ ਹਜ਼ਾਰਾਂ ਨੇਤ੍ਰ ਹੋ ਗਏ ਅਤੇ ਪੀੜਾ ਤੋਂ ਰਹਿਤ ਹੋਇਆ ਅਤੇ ਸਵਰਗ ਵਿਚ ਚਲਾ ਗਿਆ।

ਇਸ ਪ੍ਰਕਾਰ ਪਰਮੇਸ਼ਰ ਦਾ ਨਾਮ ਸਿਮਰਨੇ ਕਰਕੇ ਦੇਵਤਿਆਂ ਦਾ ਨਾਥ ਇੰਦ੍ਰ ਪੀੜਾਂ ਤੋਂ ਰਹਿਤ ਹੋਇਆ। ਸੋ ਜੋ ਜੋ ਵੀ ਪਰਮੇਸ਼ਰ ਦਾ ਨਾਮ ਸ੍ਰਵਣ ਕਰੇਗਾ ਉਸ ਦੀਆਂ ਸਾਰੀਆਂ ਪੀੜਾਂ ਸਿਧ ਹੋ ਜਾਣਗੀਆਂ।

ਜਿਨ੍ਹਾਂ ਜਿਨ੍ਹਾਂ ਨੇ ਵਾਹਿਗੁਰੂ ਪਰਮੇਸ਼ਰ ਦੇ ਨਾਮ ਨੂੰ ਸਰਵਣ ਕੀਤਾ ਹੈ ਉਨ੍ਹਾਂ ਦੀ ਹਉਮੈ ਦੀ ਪੀੜ,ਜੰਮਣ ਮਰਨ ਦੀ ਪੀੜ ਸਿਧ ਹੋ ਗਈ ਹੈ। ਅਤੇ ਉਹ ਦੈਵੀ ਸੰਪਦਾ ਦੇ ਮਾਲਕ ਬਣ ਬਿਬੇਕੀ ਪੁਰਖ ਬਣ ਗਏ। ਦੇਵਤਿਆਂ ਦੇ ਭੀ ਸਰੋਮਣੀ ਬਣ

ਜਾਂਦੇ ਹਨ।

## ਬਾਲਮੀਕ ਬਟਵਾਰੇ ਦਾ ਮਹਾਂਪੁਰਖ ਬਣਨਾ

ਬਾਲਮੀਕ ਜੀ ਪਹਿਲਾਂ ਬੜਾ ਦੁਸ਼ਟਪੁਣਾ ਕਰਿਆ ਕਰਦੇ ਸੀ। ਜਿਹੜਾ ਭੀ ਕੋਈ ਗਰੀਬ ਹੋਵੇ ਭਾਵੇਂ ਅਮੀਰ, ਰਾਹ ਤੋਂ ਲੰਘਦਾ ਵੇਖਦਾ, ਉਸ ਨੂੰ ਮਾਰ ਕੁੱਟ ਕੇ ਸਭ ਕੁਝ ਖੋਹ ਲੈਂਦਾ ਸੀ। ਇਸੇ ਤਰਾਂ ਸਾਰੀ ਉਮਰ ਬਿਅਰਥ ਬੀਤਦੀ ਜਾ ਰਹੀ ਸੀ। ਇਕ ਦਿਨ ਦੇਵਨੇਤ ਨਾਲ ਪਰਮੇਸ਼ਰ ਜੀ ਦੇ ਪਿਆਰੇ ਮਹਾਤਮਾ ਪੁਰਖ ਰਾਹ ਵਿਚ ਜਾਂਦੇ ਮਿਲੇ। ਇਸ ਨੇ ਸੁਭਾਅ ਅਨੁਸਾਰ ਉਨ੍ਹਾਂ ਨੂੰ ਵੀ ਰੋਕ ਲਿਆ ਅਤੇ ਕਿਹਾ ਕਿ ਜੋ ਕੁਝ ਵੀ ਤੁਹਾਡੇ ਪਾਸ ਹੈ ਮੈਨੂੰ ਦੇ ਦਿਓ,ਨਹੀਂ ਤਾਂ ਮੈਂ ਮਾਰ ਦੇਵਾਂਗਾ। ਮਹਾਤਮਾ ਨੇ ਕਿਹਾ, ਕਿ ਸਾਡੇ ਪਾਸ ਤਾਂ ਇੱਕ ਚਿੱਪੀ ਹੈ ਤੇ ਗੇਰੂ ਦੇ ਰੰਗੇ ਹੋਏ ਬਸਤਰ ਹਨ। ਇਹ ਤੇਰੇ ਕਿਸੇ ਕੰਮ ਨਹੀਂ ਅਤੇ ਇਹ ਜੋ ਸਾਡੇ ਹੱਥ ਵਿਚ ਤੂੰਬੀ ਹੈ,ਇਸ ਦਾ ਬਜਾਰ ਵਿਚੋਂ ਧੇਲਾ ਵੀ ਨਹੀਂ ਮਿਲਣਾ। ਮਹਾਤਮਾ ਦੇ ਬਚਨ ਸੁਣ ਕੇ ਕਹਿਣ ਲੱਗਾ ਕਿ ਮੇਰੀ ਮਾਤਾ ਬਹੁਤ ਸਿਆਣੀ ਹੈ ਉਹ ਆਪੇ ਸਵਾਰ ਲਵੇਗੀ,ਰੰਗ ਲਾਹ ਕੇ ਵਰਤ ਲਵੇਗੀ। ਇਸ ਤਰ੍ਹਾਂ ਇਹ ਕੱਪੜੇ ਤਾਂ ਮੇਰੇ ਕੰਮ ਆ ਹੀ ਜਾਣਗੇ। ਜਦ ਬਾਲਮੀਕ ਨੇ ਇਹ ਕਿਹਾ ਤਾਂ ਮਹਾਤਮਾ ਕਹਿਣ ਲੱਗੇ, ਕਿ ਹੇ ਪੁਰਖੋ!ਜਿਨ੍ਹਾਂ ਦੇ ਵਾਸਤੇ ਤੂੰ ਕੁਕਰਮ,ਪਾਪ,ਅਪਰਾਧ ਕਰਦਾ ਹੈਂ ਉਨ੍ਹਾਂ ਸੰਬੰਧੀਆਂ ਨੇ ਤੈਨੂੰ ਜਮ ਰਾਜ ਦੇ ਡੰਡ ਤੋਂ ਨਹੀਂ ਛੁਡਾਣਾ ਤੇ ਇਨ੍ਹਾਂ ਪਾਪਾਂ ਦਾ ਫਲ ਤੈਨੂੰ ਆਪ ਨੂੰ ਹੀ ਭੋਗਣਾ ਪਏਗਾ। ਜੇ ਤੂੰ ਸਾਡੇ ਕਹੇ ਉਪਰ ਪ੍ਰਤੀਤ ਨਹੀਂ ਕਰਦਾ ਤਾਂ ਜਾਹ ਆਪਣੇ ਘਰ ਦੇ ਸੰਬੰਧੀਆਂ ਪਾਸੋਂ ਪੁੱਛ ਆ। ਅਸੀਂ ਤੇਰੇ ਆਉਣ ਤੱਕ ਇਥੇ ਹੀ ਰਹਾਂਗੇ। ਤਾਂ ਬਾਲਮੀਕ ਨੇ ਕਿਹਾ,ਮੈਂ ਸਭ ਜਾਣਦਾ ਹਾਂ। ਇਹ ਤੁਸੀਂ ਛੁਟਣ ਦਾ ਉਪਰਾਲਾ ਕਰ ਰਹੇ ਹੋ। ਮਹਾਤਮਾ ਕਿਹਾ ਸਾਡਾ ਬਚਨ ਹੋਇਆ ਅਸੀਂ ਇਥੇ ਹੀ ਰਹਾਂਗੇ। ਤਾਂ ਬਾਲਮੀਕ ਆਪਣੇ ਘਰ ਗਿਆ,ਜਾ ਕੇ ਇਸ ਨੇ ਸਭ ਤੋਂ ਵੱਖੋ ਵੱਖ ਪੁੱਛਿਆ ਕਿ ਜਿਸ ਵੇਲੇ ਮੇਰਾ ਅੰਤ ਦਾ ਸਮਾਂ ਆਵੇਗਾ ਤਾਂ ਤੁਸੀਂ ਮੇਰੀ ਸਹਾਇਤਾ ਕਰੋਗੇ। ਤਾਂ ਮਾਤਾ ਪਿਤਾ ਨੇ ਕਿਹਾ ਅਸੀਂ ਤੈਨੂੰ ਪਾਲਿਆ ਪੋਸਿਆ ਹੈ,ਵੱਡਾ ਕੀਤਾ ਹੈ,ਵਿਆਹਿਆ ਹੈ,ਆਪਣਾ ਫ਼ਰਜ਼ ਨਿਬਾਹ ਦਿੱਤਾ ਹੈ। ਹੁਣ ਤੂੰ ਆਪਣਾ ਫ਼ਰਜ਼ ਨਿਬਾਹੁਣਾ ਕਰ। ਅਸੀਂ ਬਜ਼ੁਰਗ ਹੋ ਗਏ ਹਾਂ ਜਿਥੋ ਮਰਜੀ ਖੱਟ ਕਮਾ ਕੇ ਸਾਡੀ ਪਾਲਣਾ ਕਰ। ਇਸਤਰੀ ਨੇ ਭੀ ਇਹੋ ਗੱਲ ਕਹੀ,ਕਿ ਮੈਂ ਤੇਰੇ ਲੜ ਲੱਗੀ ਹਾਂ। ਤੇਰਾ ਧਰਮ ਹੈ ਮੇਰਾ ਖਿਆਲ ਰੱਖਣਾ। ਪਰ ਮੈਂ ਤੇਰੇ ਪਾਪਾਂ ਦੀ ਜਿੰਮੇਵਾਰ ਨਹੀਂ ਹਾਂ। ਪੁੱਤਰ ਨੇ ਭੀ ਕੋਰਾ ਜਵਾਬ ਦੇ ਦਿੱਤਾ,ਕਿ ਤੁਸੀਂ ਮੇਰੇ ਪਿਤਾ ਹੋ ਮੇਰੀ ਪਾਲਣਾ ਭੀ ਤੁਸਾਂ ਨੇ ਹੀ ਕਰਨੀ ਹੈ। ਤੁਸੀਂ ਪਾਪ ਕਰਮ ਛਡ ਕੇ ਨੇਕ ਕਮਾਈ ਕਰਕੇ ਆਪਣਾ ਫ਼ਰਜ਼ ਨਿਭਾਓ। ਅਸੀਂ ਪਾਪਾਂ ਦਾ ਭਾਗੀ ਨਹੀਂ ਬਣਨਾ। ਜਦੋਂ ਸਾਰਿਆਂ ਦੇ ਪਾਸੋਂ ਇਸ ਤਰ੍ਹਾਂ ਦੇ

ਜਵਾਬ ਸੁਣੇ ਤਾਂ ਉਨ੍ਹਾਂ ਦੇ ਬਚਨ ਬਾਣਾਂ ਦੀ ਨਿਆਈਂ ਉਸ ਦੇ ਹਿਰਦੇ ਨੂੰ ਵਿੰਨ੍ਹ ਗਏ। ਬਾਲਮੀਕ ਉਦਾਸ ਹੋ ਕੇ ਵਾਪਸ ਮਹਾਤਮਾ ਪਾਸ ਪੁੱਜਾ ਤੇ ਚਰਨੀਂ ਪੈ ਕੇ ਮਾਫ਼ੀ ਮੰਗੀ ਅਤੇ ਬੇਨਤੀ ਕੀਤੀ,ਹੇ ਸੁਆਮੀ ਜੀ ਮੇਰੀ ਰੱਖਿਆ ਕਰੋ,ਤੁਹਾਡੀ ਸ਼ਰਨ ਹਾਂ। ਮੇਰੀ ਸਾਰੀ ਉਮਰ ਕੁਕਰਮ ਕਰਨ ਵਿਚ ਬਿਅਰਥ ਹੀ ਬੀਤ ਗਈ ਹੈ। ਹੁਣ ਤਾਂ ਤੁਹਾਡੇ ਬਿਨਾ ਮੇਰਾ ਕੋਈ ਭੀ ਰੱਖਯਕ ਨਹੀਂ ਹੈ। ਇਸ ਲਈ ਜਿਸ ਤਰ੍ਹਾਂ ਚਾਹੋ ਮੇਰੀ ਸਹਾਇਤਾ ਕਰੋ। ਜਦ ਮਹਾਤਮਾ ਨੇ ਉਸ ਦੀ ਇਹ ਬੇਨਤੀ ਸੁਣੀ,ਤਾਂ ਪਰਉਪਕਰੀ ਮਹਾਂਪੁਰਖਾਂ ਨੇ ਇਸ ਦਾ ਭਲਾ ਕਰਨ ਵਾਸਤੇ ਉਪਦੇਸ਼ ਦਿਤਾ। ਇਸ ਨੂੰ ਨੀਚ ਕਰਮਾਂ ਦੇ ਕਰਨ ਵਾਲਾ ਜਾਣ ਕੇ ਰਾਮ ਰਾਮ ਦੇ ਥਾਂ 'ਮਰਾ''ਮਰਾ' ਦਾ ਉਪਦੇਸ਼ ਦੇ ਦਿਤਾ ਕਿ ਆਪੇ ਜਾਪ ਕਰਦਿਆਂ ਕਰਦਿਆਂ 'ਰਾਮ' 'ਰਾਮ' ਮੰਤ੍ਰ ਬਣ ਜਾਵੇਗਾ ਅਤੇ ਨਾਲ ਹੀ ਨਾਮ ਦੀ ਮਹਿਮਾ ਚੰਗੀ ਤਰ੍ਹਾਂ ਸ੍ਰਵਣ ਕਰਾ ਦਿਤੀ ਕਿ ਇਸ ਦੇ ਜਪਣ ਨਾਲ ਹੀ ਤੇਰਾ ਉਧਾਰ ਹੋਵੇਗਾ। ਸੋ ਬਾਲਮੀਕ ਨੇ ਉਪਦੇਸ਼ ਸੁਣ ਕੇ ਐਸਾ ਅਭਿਆਸ ਕੀਤਾ,ਕਿ ਸਾਰਿਆਂ ਦੇ ਸਲਾਹੁਣ ਜੋਗ ਹੋ ਗਿਆ। ਜਦੋਂ ਮਹਾ ਭਾਰਤ ਦੇ ਯੁੱਧ ਵਿਚ ਹੋਈ ਜੀਵ ਹੱਤਿਆ ਦੇ ਪ੍ਰਾਸਚਿਤ ਵਜੋਂ ਪਾਂਡਵਾਂ ਨੇ ਯੱਗ ਕੀਤੀ। ਉਸ ਵਿਚ ਸਾਰੇ ਨਿਓਂਦੇ ਦਿਤੇ। ਪਰ ਬਾਲਮੀਕ ਜੀ ਨੂੰ ਨਾ ਸੱਦਿਆ। ਜਦੋਂ ਸਾਰੇ ਰਿਖੀ,ਮੁਨੀ ,ਮਹਾਤਮਾ ਭੋਜਨ ਖਾ ਚੁਕੇ ਤਾਂ ਯੱਗ ਦੀ ਸੰਪੂਰਨਤਾ ਦਾ ਘੰਟਾ ਨਾ ਖੜਕਿਆ। ਪਾਂਡਵਾਂ ਨੇ ਸ੍ਰੀ ਕ੍ਰਿਸ਼ਨ ਜੀ ਤੋਂ ਇਸ ਦਾ ਕਾਰਨ ਪੁੱਛਿਆ,ਤਾਂ ਉਨ੍ਹਾਂ ਨੇ ਦਸਿਆ ਕਿ ਤੁਸੀਂ, ਬਾਲਮੀਕ ਜੋ ਨਿਰਾਸ਼ਾ ਪੁਰਸ਼ ਹੈ ਉਸ ਨੂੰ ਨਹੀਂ ਸੱਦਿਆ ਤਾਂ ਕਰਕੇ ਯੱਗ ਸੰਪੂਰਨ ਨਹੀਂ ਹੋਇਆ। ਜਾਓ ਉਨ੍ਹਾਂ ਨੂੰ ਲੈ ਕੇ ਆਓ। ਪਾਂਡਵ ਲੈਣ ਵਾਸਤੇ ਗਏ ਤਾਂ ਬਾਲਮੀਕ ਜੀ ਨੇ ਕਿਹਾ ਕਿ ਸੌ ਅਸੁਮੇਧ ਯੱਗ ਦਾ ਫਲ ਮੈਨੂੰ ਦਿਓ ਤਾਂ ਚਲਦਾ ਹਾਂ। ਵਾਪਸ ਮੁੜ ਆਏ ਕਿ ਸਾਥੋਂ ਤਾਂ ਇਕ ਯੱਗ ਸੰਪੂਰਨ ਨਹੀਂ ਹੋ ਰਿਹਾ,ਸੌ ਜੱਗ ਦਾ ਫਲ ਕਿਥੋਂ ਦਈਏ। ਪਰ ਫੇਰ ਦ੍ਰੋਪਤੀ ਨੇ ਜਾ ਕੇ ਬੇਨਤੀ ਕੀਤੀ ਕਿ ਸ਼ਾਸ਼ਤ੍ਰਾਂ ਵਿਚ ਲਿਖਿਆ ਹੈ,ਮਹਾਤਮਾਂ ਕੋਲ ਚਲਕੇ ਜਾਈਏ ਤਾਂ ਪੈਰ-ਪੈਰ ਤੇ ਅਸੁਮੇਧ ਯੱਗ ਦਾ ਫਲ ਮਿਲਦਾ ਹੈ। ਇਕ ਸੌ ਦਾ ਫਲ ਤੁਸੀਂ ਰੱਖ ਲਵੋ ਬਾਕੀ ਦਾ ਮੈਨੂੰ ਦੇ ਦੇਵੋ ਤੇ ਨਾਲ ਚਲੋ। ਬਾਲਮੀਕ ਜੀ ਜਦੋਂ ਆਏ ਤਾਂ ਕ੍ਰਿਸ਼ਨ ਜੀ ਨੇ ਚਰਨ ਧੋਤੇ ਅਤੇ ਕੋਲ ਬੈਠ ਕੇ ਪ੍ਰਸ਼ਾਦਿ ਛਕਾਇਆ ਤਾਂ ਯੱਗ ਸੰਪੂਰਨ ਹੋਇਆ।

ਸੋ ਦੇਖ ਲਓ ਭਾਵੇਂ ਬਾਲਮੀਕ ਭੀਲਾਂ ਦੇ ਘਰ ਜਨਮਿਆ,ਰਾਹੀ ਮੁਸਾਫਰਾਂ ਤੇ ਮਹਾਤਮਾਂ ਨੂੰ ਲੁਟਦਾ ਰਿਹਾ। ਪਰ ਜਦੋਂ ਮਹਾਤਮਾਂ ਤੋਂ ਪਰਮੇਸ਼ਰ ਦਾ ਨਾਮ ਸੁਣਿਆ ਤੇ ਕਮਾਈ ਕੀਤੀ ਤਾਂ ਮੰਦੇ ਕਰਮ ਕਰਨ ਵਾਲੇ ਬਟਵਾਰੇ ਦੀ ਸਿਫ਼ਤ ਵਿਸ਼ਨੂੰ ਜੀ ਦੇ ਅਵਤਾਰ ਕ੍ਰਿਸ਼ਨ ਜੀ ਨੂੰ ਭੀ ਕਰਨੀ ਪਈ। ਭਾਵੇਂ ਮੌਕੇ ਦੇ ਅਵਤਾਰ ਆਪ ਹਾਜਰ ਸਨ, ਪਰ ਬਾਲਮੀਕ ਜੀ ਦੇ ਯੱਗ ਵਿਚ ਆਉਣ ਤੋਂ ਬਿਨਾ ਯੱਗ ਸੰਪੂਰਨ ਨਾ ਹੋ ਸਕਿਆ।

## ਭਾਈ ਰੰਗ ਜੀ ਦੀ ਅਵਸਥਾ

ਸੰਤ ਬਾਬਾ ਅੱਡਣ ਸ਼ਾਹ ਜੀ ਦੇ ਵਕਤ, ਰੰਗ ਜੀ ਨਾਮੇ ਹੋਇਆ ਹੈ। ਇਕ ਵਾਰੀ ਇਕ ਸਰਦਾਰ ਦੀਆਂ ਸਰਦਾਰਨੀਆਂ ਰਥ ਵਿਚ ਚੜ੍ਹ ਕੇ ਆਈਆਂ ਅਤੇ ਇਹ ਵੀ ਉਨ੍ਹਾਂ ਦੇ ਨਾਲ ਰਥ ਵਿਚ ਚੜ੍ਹ ਕੇ ਆਇਆ। ਤਾਂ ਉਸ ਵੇਲੇ ਅੱਡਣ ਸ਼ਾਹ ਜੀ ਦੇ ਕੋਲ,ਕਿਸੇ ਨੇ ਸ਼ਿਕਾਇਤ ਕੀਤੀ ਕਿ ਬਾਬਾ ਜੀ ਤੁਹਾਡਾ ਰੰਗ ਜੀ ਸਰਦਾਰ ਦੀਆਂ ਸਰਦਾਰਨੀਆਂ ਦੇ ਨਾਲ ਰਥ ਵਿਚ ਬੈਠ ਕੇ ਆਇਆ ਹੈ ਸੁਣ ਕੇ ਅੱਡਣ ਸ਼ਾਹ ਜੀ ਹੱਸ ਪਏ। ਜਦੋਂ ਰੰਗ ਜੀ ਕੋਲ ਆਇਆ,ਤਾਂ ਪੁੱਛਣ ਲੱਗਾ, ਤੁਸੀਂ ਸਰਦਾਰਨੀਆਂ ਨਾਲ ਕਿਉਂ ਬੈਠ ਕੇ ਆਏ ਹੋ। ਕਹਿੰਦੇ,ਹਾਂ ਜੀ!ਚਾਰ ਉਹ ਸਰਦਾਰਨੀਆਂ ਸਨ ਅਤੇ ਪੰਜਵੀਂ ਮੈਂ ਵੀ ਪ੍ਰਮੇਸਰ ਦੀ ਸਖੀ ਸੀ!ਬਾਬਾ ਜੀ ਇਸ ਦੇ ਮਨ ਨੂੰ ਵੇਖ ਕੇ,ਕਿ ਇਸ ਦਾ ਮਨ ਨਹੀਂ ਡੋਲਿਆ,ਬੜਾ ਲਾਇਕ ਹੈ। ਉਸ ਵੇਲੇ ਬਾਬਾ ਅੱਡਣ ਸ਼ਾਹ ਜੀ ਕਹਿਣ ਲੱਗੇ, ਠੀਕ ਭਾਈ ਤੈਂ ਇਹ ਸਖੀ ਦਾ ਵੇਸ ਸੱਚ ਹੀ ਧਾਰਿਆ ਹੈ।

ਸੋ ਇਸ ਪ੍ਰਕਾਰ ਦੇਵੀਆਂ ਦੇ ਵੇਸ ਵਿਚ ਰਹਿਣ ਵਾਲੇ ਵੀ ਕਿਤਨੇ ਹੀ ਬ੍ਰਹਮ ਬੇਤੇ ਹਨ।

## ਜੱਟ ਦਾ ਕਬੀਰ ਬਣਨਾ

ਭਗਤ ਕਬੀਰ ਜੀ ਦਾ ਬੜਾ ਭਾਰੀ ਜਸ ਹੁੰਦਾ ਵੇਖ ਕੇ ਇਕ ਜੱਟ ਦੇ ਮਨ ਵਿਚ ਆਇਆ ਕਿ ਮੈਂ ਵੀ ਕਬੀਰ ਵਰਗਾ ਤੇਜ ਪ੍ਰਤਾਪੀ ਬਣਾਂ ਤੇ ਮੇਰਾ ਵੀ ਜਸ ਹੋਵੇ। ਇਹ ਵੀਚਾਰ ਕੇ ਭਗਤ ਜੀ ਦੇ ਪਾਸ ਆਇਆ। ਭਗਤ ਜੀ ਨੇ ਅੰਤਰਜਾਮਤਾ ਨਾਲ ਜਾਣ ਲਿਆ ਕਿ ਇਹ ਕਬੀਰ ਬਣਨਾ ਚਾਹੁੰਦਾ ਹੈ। ਭਗਤ ਜੀ ਨੇ ਆਪਣੀ ਸੁਪਤਨੀ ਭਗਤਣੀ ਲੋਈ ਨੂੰ ਸੱਦਿਆ ਤੇ ਕਿਹਾ,ਵੇਖ ਅਕਾਸ਼ ਵਿਚ ਕਿੰਨੇ ਬੱਦਲ ਹਨ, ਕੋਠੇ ਦੇ ਪਰਨਾਲੇ ਨੂੰ ਮਿੱਟੀ ਲਉਣੀ ਹੈ,ਇਸ ਵਾਸਤੇ ਬਾਹਰੋ ਮਿੱਟੀ ਲਿਆ। ਭਾਵੇਂ ਉਸ ਵਕਤ ਬੱਦਲ ਨਹੀਂ ਸਨ ਫੇਰ ਭੀ ਲੋਈ ਜੀ ਭਗਤ ਜੀ ਨੂੰ ਪਰਮੇਸਰ ਰੂਪ ਸਮਝਦੇ ਸਨ ਤੇ ਸਦਾ ਹੁਕਮ ਮੰਨਦੇ ਤੇ ਪਤੀ ਬ੍ਰਤਾ ਧਰਮ ਵਿਚ ਪ੍ਰੱਪਕ ਸਨ। ਇਸ ਵਾਸਤੇ ਸਤਿ ਬਚਨ ਕਹਿ ਕਿ ਮਿੱਟੀ ਲੈ ਆਈ। ਤਾਂ ਭਗਤ ਜੀ ਨੇ ਕਿਹਾ,ਕਿ ਇਸ ਨੂੰ ਕੁੱਟ ਕੇ ਬਰੀਕ ਕਰ ਕੇ ਕਪੜ-ਛਾਣ ਕਰ। ਤਾਂ ਸਤਿ ਬਚਨ ਕਹਿ ਕਿ ਕਪੜ-ਛਾਣ ਕਰ ਦਿਤੀ ਫੇਰ ਕਿਹਾ ਘਿਓ ਪਾ ਕੇ ਗੋਣਾ ਕਰ ਤਾਂ ਘਿਓ ਪਾ ਕੇ ਮਿੱਟੀ ਗੋ ਦਿਤੀ। ਫੇਰ ਕਿਹਾ ਕਿ ਪਰਨਾਲਾ ਲਿੱਪਣਾ ਕਰ ਤਾਂ ਕਿ ਪਾਣੀ ਤਿਲਕ ਕੇ ਥੱਲੇ ਡਿੱਗੇ ਤਾਂ ਬਚਨ ਮੰਨ ਕੇ ਲਿਪ ਦਿਤਾ।

ਇਹ ਵੇਖ ਕੇ ਜੱਟ ਨੇ ਮਨ ਵਿਚ ਵੀਚਾਰਿਆ ਕਿ ਕਬੀਰ ਬਣਨਾ ਤਾਂ ਬੜੀ ਹੀ ਸੌਖੀ ਜਿਹੀ ਗੱਲ ਹੈ। ਛੇਤੀ ਛੇਤੀ ਘਰ ਪਹੁੰਚ ਕੇ ਘਰ ਵਾਲੀ ਨੂੰ ਕਹਿਆ ਭਾਗਾਂ

ਵਾਲੀਏ ਅਕਾਸ਼ ਵਿਚ ਬੱਦਲ ਹਨ। ਆਪਾਂ ਪਰਨਾਲਾ ਲਿੱਪਣਾ ਹੈ, ਇਸ ਵਾਸਤੇ ਬਾਹਰੋਂ ਮਿੱਟੀ ਲਿਆ। ਅੱਗੋਂ ਘਰ ਵਾਲੀ ਕਹਿੰਦੀ ਅਕਾਸ਼ ਵਿਚ ਬੱਦਲ ਕਿੱਥੇ ਹਨ, ਤੂੰ ਅੰਨ੍ਹਾਂ ਹੈਂ। ਤੇ ਮਿੱਟੀ ਤੂੰ ਸਿਰ ਵਿਚ ਮਾਰਨੀ ਹੈ, ਮੈਥੋਂ ਨਹੀਂ ਲਿਆਂਦੀ ਜਾਂਦੀ। ਤਾਂ ਮਿੰਨਤਾ ਕਰਕੇ ਮਿੱਟੀ ਮੰਗਵਾਈ ਫੇਰ ਕਹਿਣ ਲੱਗਾ,ਇਸ ਨੂੰ ਬਰੀਕ ਕਰਕੇ ਕਪੜ-ਛਾਣ ਕਰ ਤਾਂ ਕਹਿਣ ਲੱਗੀ ਤੂੰ ਕਮਲਾ ਤਾਂ ਨਹੀਂ ਹੋ ਗਿਆ,ਕਦੇ ਕਿਸੇ ਨੇ ਮਿੱਟੀ ਵੀ ਕਪੜ-ਛਾਣ ਕੀਤੀ ਹੈ ਤਾਂ ਬਹੁਤ ਹੀ ਮਿੰਨਤਾ ਕਰਕੇ ਜਿਉਂ ਤਿਉਂ ਕਰਕੇ ਮਿੱਟੀ ਕਪੜ-ਛਾਣ ਕਰਵਾ ਲਈ। ਫੇਰ ਜਿਮੀਦਾਰ ਕਹਿਣ ਲੱਗਾ ਕਿ ਘਿਓ ਪਾਕੇ ਇਸ ਨੂੰ ਗੌਣਾ ਕਰ। ਤਾਂ ਸੁਣ ਕੇ ਉਸ ਨੇ ਰੌਲਾ ਪਾ ਦਿੱਤਾ ਕਿ ਇਹ ਕਮਲਾ ਹੋ ਗਿਆ ਅਤੇ ਕਹਿ ਕੇ ਪੁੱਤਰਾਂ ਕੋਲ ਇਸ ਨੂੰ ਸੰਗਲ ਮਰਵਾ ਕੇ ਰੁੱਖ ਨਾਲ ਬਨ੍ਹਾ ਦਿਤਾ।

ਕੁਝ ਚਿਰ ਪਿੱਛੋਂ ਭਗਤ ਜੀ ਉਸ ਪਾਸ ਆਏ ਤਾਂ ਵੇਖ ਕੇ ਹੱਥ ਜੋੜ ਕੇ ਕਹਿੰਦਾ, ਬਾਬਾ ਮੈਨੂੰ ਛੱਡਾ,ਮੈਂ ਕਬੀਰ ਨਹੀਂ ਬਣਦਾ,ਕਿਰਪਾ ਕਰ। ਤਾਂ ਭਗਤ ਜੀ ਨੇ ਉਸ ਦੇ ਪਰਿਵਾਰ ਨੂੰ ਸਾਰੀ ਸਾਖੀ ਦੱਸੀ ਕਿ ਇਹ ਕਬੀਰ ਬਣਨਾ ਚਾਹੁੰਦਾ ਸੀ। ਇਹ ਪਾਗਲ ਨਹੀਂ ਹੈ। ਇਸ ਨੂੰ ਛੱਡ ਦਿਓ। ਇਸ ਤਰ੍ਹਾਂ ਛਡਾਉਣਾ ਕੀਤਾ ਸੀ।

ਸੋ ਸਤਿਗੁਰੂ ਜੀ ਕਹਿੰਦੇ ਹਨ ਕਿ ਝੂਠੇ ਪੁਰਖਾਂ ਦੀਆਂ ਝੂਠੀਆਂ ਹੀ ਗੱਪਾਂ ਹੁੰਦੀਆਂ ਹਨ। ਤੇ ਮਹਾਤਮਾ ਦੇ ਬਰਾਬਰ ਪਹੁੰਚ ਨਹੀਂ ਸਕਦੇ,ਅਤੇ ਸਿਮਰਨ ਭਜਨ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ।

## ਸੁਬੇਗ ਸਿੰਘ ਜੀ ਤੇ ਸ਼ਾਹਬਾਜ ਸਿੰਘ ਦਾ ਚਰਖੜੀ ਤੇ ਚੜ੍ਹਨਾ

ਸ਼ਹੀਦ ਭਾਈ ਸੁਬੇਗ ਸਿੰਘ ਜੀ ਅਤੇ ਤਿਨ੍ਹਾਂ ਦੇ ਸਪੁੱਤਰ ਭਾਈ ਸ਼ਾਹਬਾਜ ਸਿੰਘ ਜੀ ਜੋ ਮੁਸਲਮਾਨਾ ਦੇ ਰਾਜ ਦੇ ਅੰਤਮ ਸਮੇਂ ਹੋਏ ਹਨ। ਸ਼ਾਹਬਾਜ ਸਿੰਘ ਜੋ ਵਿਦਿਆ ਵਿਚ ਬੜਾ ਨਿਪੁੰਨ ਸੀ,ਉੱਤਰ ਦੇਣ ਵਿਚ ਚਤੁਰ ਸੀ। ਕਾਜੀਆਂ ਨੇ ਲਾਹੌਰ ਦੇ ਸੂਬੇ ਨੂੰ ਆਖਿਆ,ਐਸਾ ਚਤੁਰ ਆਦਮੀ ਸਿੱਖ ਧਰਮ ਵਿਚ ਰਹਿਣੇ ਯੋਗ ਨਹੀਂ। ਇਸ ਦੇ ਮੁਸਲਮਾਨ ਬਣਨ ਤੋਂ ਹੋਰ ਵੀ ਕਈ ਸਿਆਣੇ ਮਜਹਬ ਵਲ ਆਪ ਹੀ ਪ੍ਰੇਰੇ ਜਾਣਗੇ। ਇਨ੍ਹਾਂ ਦੋਹਾਂ ਪਿਤਾ ਪੁੱਤਰ ਨੂੰ ਪਕੜ ਕੇ ਬੇੜੀਆਂ ਲਾ ਕੇ ਬੰਦੀ ਖ਼ਾਨੇ ਵਿਚ ਰੱਖਿਆ ਗਿਆ। ਬੜੇ ਲਾਲਚ ਦਿੱਤੇ ਪਰ ਗੁਰੂ ਪਿਆਰੇ ਦੀਨ ਨਾ ਮੰਨੇ। ਇਕ ਦਿਨ ਸ਼ਾਹਬਾਜ ਸਿੰਘ ਨੂੰ ਪੁੱਛਿਆ ਕਿ ਮੁਸਲਮਾਨ ਬਣਨਾ ਹੈ ਯਾ ਨਹੀਂ। ਉਹ ਚੁੱਪ ਰਿਹਾ, ਤੁਰਕਾਂ ਨੇ ਆਪਣੇ ਮਨ ਵਿਚ ਸਮਝਿਆ ਜਿਹੜਾ ਬੋਲਿਆ ਨਹੀਂ, ਇਹ ਮੰਨ ਗਿਆ ਹੈ। ਸ਼ਹੀਦ ਸੁਬੇਗ ਸਿੰਘ ਨੂੰ ਜਾ ਆਖਿਆ, ਬਾਬਾ ਤੂੰ ਸਿੱਖ ਬਣ ਕੇ ਕੀ ਕਰੇਂਗਾ। ਤੇਰੇ ਪੁੱਤਰ ਨੇ ਮੁਸਲਮਾਨ ਬਣਨਾ ਮੰਨ ਲਿਆ ਹੈ। ਭਾਈ ਸੁਬੇਗ ਸਿੰਘ ਜੀ ਨੇ ਕਿਹਾ ਮੈਨੂੰ ਤੁਹਾਡੇ ਤੇ ਇਤਬਾਰ ਨਹੀਂ। ਤੁਸੀਂ ਝੂਠ ਬੋਲਦੇ ਹੋ, ਉਸ ਨੂੰ ਮੇਰੇ ਸਾਹਮਣੇ ਲਿਆਓ। ਸ਼ਾਹਬਾਜ ਸਿੰਘ ਜੀ ਨੂੰ ਲਿਆਂਦਾ ਗਿਆ। ਤਾਂ ਭਾਈ ਸੁਬੇਗ ਸਿੰਘ ਜੀ

ਨੇ ਪੁੱਤਰ ਦੇ ਮੱਥੇ ਤੇ ਨਿਗ੍ਹਾ ਮਾਰੀ ਕਿ ਕੀ ਕਾਰਨ ਹੈ। ਇਹ ਢਿੱਲਾ ਹੋਕੇ ਬੋਲਿਆ, ਗੱਜ ਕੇ ਉੱਤਰ ਕਿਉਂ ਨਹੀਂ ਦਿੰਦਾ ਰਿਹਾ। ਵੇਖਿਆ ਤਾਂ ਮੱਥੇ ਤੇ ਲੇਖ ਲਿਖਿਆ ਹੋਇਆ ਸੀ ਕਿ ਇਕ ਵਾਰੀ ਇਹ ਮੁਸਲਮਾਨ ਬਣੇਗਾ। ਭਾਈ ਸਾਹਿਬ ਜੀ ਨੇ ਲੇਖ ਮਟੇਣ ਵਾਸਤੇ ਬੇੜੀਆਂ ਸਮੇਤ ਪੈਰਾਂ ਦਾ ਪੰਜਾ ਮੱਥੇ ਵਿਚ ਮਾਰ ਕੇ ਪੂਰਾ ਲੇਖ ਹੀ ਮੇਟ ਦਿਤਾ ਤੇ ਕਿਹਾ ਲਓ ਹੁਣ ਤੁਸੀਂ ਸਾਰਾ ਜੋਰ ਲਾ ਲਓ ਤਾਂ ਵੀ ਇਹ ਮੁਸਲਮਾਨ ਨਹੀਂ ਬਣੇਗਾ। ਸਾਰੇ ਕਾਜੀ ਮੁਲਾਣੇ ਜੋਰ ਲਾਕੇ ਹੰਭ ਗਏ। ਆਖੀਰ ਫਤਵਾ ਲਾਕੇ ਚਰਖੜੀ ਤੇ ਚਾੜ੍ਹ ਕੇ ਤੂੰਬਾ ਤੂੰਬਾ ਕਰ ਦਿਤਾ। ਭਾਵੇਂ ਭਾਈ ਸ਼ਾਹਬਾਜ ਸਿੰਘ ਜੀ ਸ਼ਹੀਦ ਹੋ ਗਏ ਪਰ ਧਰਮ ਨਹੀਂ ਹਾਰੇ। ਇਸ ਪ੍ਰਕਾਰ ਪੂਰਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਤੇ ਉਨ੍ਹਾਂ ਦੇ ਸਿੰਘਾਂ ਦਾ ਮੱਥੇ ਤੇ ਲਿਖੇ ਲੇਖਾਂ ਨੂੰ ਮਿਟਾ ਦੇਣਾ ਵੀ ਅਮੋਲਕ ਹੈ।

## ਇਸਤਰੀ ਤੋਂ ਸੂਰੀ ਬਣਨਾ

ਇਕ ਆਦਮੀ ਤੇ ਇਕ ਉਸ ਦੀ ਇਸਤਰੀ ਤੇ ਤੀਜਾ ਉਨ੍ਹਾਂ ਦਾ ਪੁੱਤਰ ਸੀ। ਉਹ ਬਹੁਤ ਗਰੀਬ ਸਨ। ਜੰਗਲ 'ਚੋਂ ਲੱਕੜਾਂ ਆਦਿ ਇਕੱਠੀਆਂ ਕਰਕੇ ਇਹ ਬਜ਼ਾਰ ਵਿਚ ਵੇਚ ਕੇ ਉਸਦਾ ਅੰਨ ਆਦਿ ਲੈ ਕੇ ਗੁਜ਼ਾਰਾ ਕਰਦੇ ਸਨ। ਇਕ ਦਿਨ ਉਸ ਗਰੀਬ ਆਦਮੀ ਨੂੰ ਇਕ ਸ਼ਿਵ ਜੀ ਦਾ ਉਪਾਸ਼ਕ ਮਿਲਿਆ ਤਾਂ ਇਸ ਨੇ ਆਪਣਾ ਗਰੀਬੀ ਦਾ ਹਾਲ ਦੱਸਿਆ। ਉਸ ਨੂੰ ਇਸ ਤੇ ਤਰਸ ਆਇਆ ਤੇ ਕਿਹਾ ਤੁਸੀਂ ਸ਼ਿਵ ਭਗਵਾਨ ਦੀ ਉਪਾਸ਼ਨਾ ਕਰੋ,ਉਹ ਛੇਤੀ ਪ੍ਰਸੰਨ ਹੋ ਜਾਂਦੇ ਹਨ। ਉਨ੍ਹਾਂ ਪਾਸੋਂ ਤੁਸੀਂ ਆਪਣੀ ਗਰੀਬੀ ਦੂਰ ਕਰਵਾ ਲਇਓ। ਇਹ ਸੁਣ ਕੇ ਤਿੰਨੇ ਹੀ ਜੰਗਲ ਵਿਚ ਜਾ ਕੇ ਸ਼ਿਵ ਜੀ ਦੀ ਉਪਾਸ਼ਨਾ ਵਿਚ ਜੁੜ ਗਏ। ਕੁਝ ਸਮਾਂ ਬੀਤਣ ਤੋਂ ਪਿਛੋਂ ਸ਼ਿਵ ਭਗਵਾਨ ਪ੍ਰਸੰਨ ਹੋਏ ਆ ਕੇ ਉਸ ਪੁਰਸ਼ ਦੀ ਇਸਤਰੀ ਨੂੰ ਕਿਹਾ ਵਰੰਭੂ ਵਰ ਮੰਗ ਤਾਂ ਉਸ ਨੇ ਕਿਹਾ ਮੇਰਾ ਸਰੂਪ ਸੁੰਦਰ ਤੇ ਸਰੀਰ ਨੌਜੁਵਾਨ ਹੋ ਜਾਵੇ ਤਾਂ ਸ਼ਿਵ ਜੀ ਨੇ ਕਿਹਾ ਤਥਾ ਅਸਤੂ ਇਸੇ ਤਰ੍ਹਾਂ ਹੋਵੇਗਾ। ਉਸ ਵਕਤ ਉਸਦਾ ਸੁੰਦਰ ਸਰੂਪ ਹੋ ਗਿਆ। ਇਤਨੇ ਚਿਰ ਨੂੰ ਇਕ ਰਾਜਾ ਘੋੜੇ ਤੇ ਚੜਿਆ ਸ਼ਿਕਾਰ ਖੇਡਦਾ ਖੇਡਦਾ ਇਸ ਪਾਸੇ ਆ ਨਿਕਲਿਆ। ਜਦੋਂ ਇਸ ਇਸਤਰੀ ਦਾ ਸੁੰਦਰ ਸਰੂਪ ਵੇਖਿਆ ਤਾਂ ਉਸ ਦਾ ਚਿੱਤ ਲੁਭਾਇਮਾਨ ਹੋ ਗਿਆ ਤੇ ਉਸ ਨੂੰ ਆਪਣੀ ਰਾਣੀ ਬਣਾਉਣ ਵਾਸਤੇ ਆਪਣੇ ਪਿੱਛੇ ਚੜ੍ਹਾ ਲਿਆ ਤੇ ਸ਼ਹਿਰ ਵਲ ਵਾਪਸ ਤੁਰ ਪਿਆ। ਇਸ ਇਸਤਰੀ ਦੇ ਪਤੀ ਨੂੰ ਇਹ ਵੇਖ ਕੇ ਕ੍ਰੋਧ ਆਇਆ ਕਿ ਮੇਰੀ ਇਸਤਰੀ ਕਿਸੇ ਹੋਰ ਨਾਲ ਤੁਰ ਚੱਲੀ ਹੈ। ਇਹ ਇਉਂ ਵੀਚਾਰ ਕਰ ਹੀ ਰਿਹਾ ਸੀ ਕਿ ਸ਼ਿਵ ਜੀ ਨੇ ਇਸ ਨੂੰ ਆ ਕੇ ਦਰਸ਼ਨ ਦੇ ਕੇ ਕਿਹਾ ਪੁਰਸ਼ਾ ਵਰ ਮੰਗ ਤਾਂ ਇਸ ਨੇ ਗੁੱਸੇ ਨਾਲ ਕਿਹਾ ਮੇਰੀ ਘਰ ਵਾਲੀ ਸੂਰੀ ਬਣ ਜਾਵੇ। ਤਾਂ ਸ਼ਿਵ ਜੀ ਨੇ ਕਿਹਾ ਇਸੇ ਤਰ੍ਹਾਂ ਹੋ ਜਾਵੇਗਾ। ਤਾਂ ਉਸੇ

ਵਕਤ ਘੋੜੇ ਤੇ ਬੈਠੀ ਸੂਰੀ ਬਣ ਕੇ ਘੁਰ ਘੁਰ ਕਰਨ ਲੱਗੀ। ਤਾਂ ਉਸ ਰਾਜੇ ਨੇ ਸੋਚਿਆ ਇਹ ਤਾਂ ਕੋਈ ਜੰਗਲ ਦੀ ਬਲਾ ਹੈ ਇਸ ਨੇ ਰੂਪ ਵਟਾ ਕੇ ਮੇਰੇ ਨਾਲ ਛਲ ਕੀਤਾ ਹੈ। ਉਸੇ ਵੇਲੇ ਘਬਰਾ ਕੇ ਘੋੜੇ ਤੋਂ ਥੱਲੇ ਸੁੱਟ ਦਿਤੀ ਤੇ ਘੁਰ ਘੁਰ ਕਰਦੀ ਫੇਰ ਆਪਣੇ ਪੁੱਤਰ ਪਾਸ ਆ ਗਈ ਤਾਂ ਪੁੱਤਰ ਨੂੰ ਤਰਸ ਆ ਗਿਆ ਤੇ ਹੈਰਾਨ ਹੋਇਆ ਇੱਛਾ ਕੀਤੀ ਕਿ ਮੇਰੀ ਮਾਤਾ ਉਸੇ ਸਰੂਪ ਵਿਚ ਹੋ ਜਾਵੇ। ਉਸੇ ਵੇਲੇ ਸ਼ਿਵਾ ਨੇ ਆ ਕੇ ਕਿਹਾ ਹੇ ਬੱਚੇ ਅਸੀਂ ਤੇਰੇ ਤੇ ਪ੍ਰਸੰਨ ਹਾਂ ਤੂੰ ਵਰ ਮੰਗ, ਤਾਂ ਆਪਣੀ ਜੋ ਇੱਛਾ ਸੀ ਪ੍ਰਗਟ ਕੀਤੀ ਕਿ ਮੇਰੀ ਮਾਤਾ ਉਸੇ ਪਹਿਲੇ ਸਰੂਪ ਵਿਚ ਹੋ ਜਾਵੇ। ਭਗਵਾਨ ਸ਼ਿਵ ਜੀ ਨੇ ਕਿਹਾ ਤਥਾ ਅਸਤੂ ਇਹ ਕਹਿ ਕੇ ਚਲੇ ਗਏ ਤੇ ਉਹ ਸੂਰੀ ਤੋਂ ਬਦਲ ਕੇ ਪਹਿਲੇ ਰੂਪ ਤਰ੍ਹਾਂ ਇਸਤਰੀ ਹੀ ਬਣ ਗਈ। ਤਿੰਨਾ ਨੇ ਵਰ ਭੀ ਮੰਗ ਲਏ ਤੇ ਪ੍ਰਾਪਤੀ ਭੀ ਕੁਝ ਨਾ ਹੋਈ।

(ਸੰਪੈ) ਬਿਭੂਤੀ ਦੀ ਪ੍ਰਾਪਤੀ ਵਾਸਤੇ ਸ਼ਿਵ ਜੀ ਨੂੰ (ਧਿਆਈਐ) ਧਿਆਉਂਦੇ ਹਨ ਪਰ ਪ੍ਰਾਪਤੀ ਨਹੀਂ ਹੁੰਦੀ। ਪੂਰਬਲੇ ਕੀਤੇ ਹੋਏ ਚੰਗੇ ਕਰਮ ਹੋਣ ਤਾਂ ਪ੍ਰਾਪਤੀ ਹੁੰਦੀ ਹੈ ਨਹੀਂ ਤਾਂ ਇਨ੍ਹਾਂ ਤਿੰਨਾਂ ਵਾਂਗ ਖਾਲੀ ਰਹਿ ਜਾਂਦੇ ਹਨ। ਇਸ ਵਾਸਤੇ ਬਿਨਾਂ ਕਰਮਾਂ ਤੋਂ ਕੀ ਕਿਸੇ ਨੂੰ ਮਿਲਦਾ ਹੈ, ਭਾਵ ਨਹੀਂ ਮਿਲਦਾ।

**ਸੰਪੈ ਕਉ ਈਸਰ ਧਿਆਈਐ॥ ਸੰਪੈ ਪੁਰਬ ਲਿਖੇ ਕੀ ਪਾਈਐ॥**

## ਸੇਵਾ ਨਾਲ ਦੁਖਾਂ ਤੋਂ ਛੁਟਕਾਰਾ ਪਾਉਣਾ

***ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥ ਆਦਿ ੧੨੪੯***

ਇਕ ਜਿਮੀਦਾਰ ਦੇ ਦੋ ਪੁੱਤਰ ਸਨ। ਵੱਡੇ ਪੁੱਤਰ ਦੀ ਬਚਪਨ ਵਿਚ ਲੱਤ ਟੁੱਟ ਗਈ ਸੀ ਜੋ ਠੀਕ ਨਹੀਂ ਹੋ ਸਕੀ ਸੀ। ਉਹ ਤੁਰਨ ਵੇਲੇ ਲੰਗ ਮਾਰਦਾ ਸੀ। ਜਮੀਨ ਉਪਰ ਬਿਨਾ ਆਸਰੇ ਖੜ੍ਹਾ ਨਹੀਂ ਹੋ ਸਕਦਾ ਸੀ। ਟੇਢਾ ਤੁਰਨ ਕਰਕੇ ਪਿਠ ਵਿਚ ਵੀ ਕੁੱਬ ਪੈ ਗਿਆ ਸੀ। ਇਨ੍ਹਾਂ ਕਾਰਨਾ ਕਰਕੇ ਇਸ ਦੇ ਪਿਤਾ ਨੇ ਛੋਟੇ ਭਰਾ ਦਾ ਵਿਆਹ ਕਰ ਦਿੱਤਾ। ਕੁਝ ਸਮੇਂ ਬਾਅਦ ਇਨ੍ਹਾਂ ਦੋਵਾਂ ਭਰਾਵਾਂ ਦੇ ਮਾਤਾ ਪਿਤਾ ਚੜ੍ਹਾਈ ਕਰ ਗਏ। ਛੋਟੇ ਭਰਾ ਨੇ ਪਟਵਾਰੀ ਨਾਲ ਮਿਲ ਕੇ ਪਿਤਾ ਦੀ ਸਾਰੀ ਜਮੀਨ ਆਪਣੇ ਨਾਮ ਕਰਾ ਲਈ। ਕੁਝ ਸਮੇ ਬਾਅਦ ਜਦੋਂ ਵੱਡੇ ਭਰਾ ਲੰਗੜੇ ਨੂੰ ਪਤਾ ਲਗਿਆ ਕਿ ਮੇਰਾ ਹਿੱਸਾ ਮੇਰੇ ਛੋਟੇ ਭਰਾ ਨੇ ਆਪਣੇ ਨਾਮ ਕਰਾ ਲਿਆ ਹੈ ਤਾਂ ਉਸ ਨੂੰ ਬਹੁਤ ਦੁਖ ਹੋਇਆ। ਉਹ ਹਰ ਸਮੇਂ ਰੋਂਦਾ ਰਹਿੰਦਾ। ਖੇਤਾਂ ਵਿਚ ਫਸਲ ਦੀ ਰਾਖੀ ਕਰਦੇ ਸਮੇਂ ਇਕੱਲਾ ਹੀ ਬਹੁਤ ਝੂਰਦਾ ਰਹਿੰਦਾ। ਜਮੀਨ ਵਿਚ ਹਿੱਸਾ ਨਾ ਰਹਿਣ ਕਰਕੇ ਇਹ ਗਾਵਾਂ ਮੱਝਾਂ ਨੂੰ ਚਾਰਨ ਤੋਂ ਹੱਟ ਗਿਆ। ਆਪਣੀ ਕਿਸਮਤ ਨੂੰ ਕੋਸਦਾ ਰਹਿੰਦਾ। ਕਈ ਸਾਲ ਬੀਤ ਜਾਣ ਦੇ ਬਾਵਜੂਦ ਵੀ ਛੋਟੇ ਭਰਾ ਦੇ ਘਰ ਕੋਈ ਸੰਤਾਨ ਨਾ ਹੋਈ। ਇਸ ਤਰ੍ਹਾਂ ਸਭ ਕੁਝ ਹੁੰਦੇ ਹੋਏ ਵੀ ਦੋਨੋਂ ਭਰਾ ਰੋਂਦੇ

ਰਹਿੰਦੇ। ਛੋਟੇ ਭਰਾ ਦੀ ਘਰ ਵਾਲੀ ਸੰਤਾਨ ਨਾ ਹੋਣ ਕਰਕੇ ਬਹੁਤ ਦੁਖੀ ਰਹਿੰਦੀ। ਛੋਟੇ ਭਰਾ ਨੇ ਵੱਡੇ ਭਰਾ ਦੀ ਜਮੀਨ ਦਾ ਹਿੱਸਾ ਆਪਣੇ ਨਾਮ ਲਿਖਵਾ ਲਿਆ ਸੀ ਇਸ ਗੱਲ ਦਾ ਪਤਾ ਉਸ ਦੀ ਘਰ ਵਾਲੀ ਨੂੰ ਨਹੀਂ ਸੀ। ਇਸ ਕਰਕੇ ਉਹ ਸੋਚਦੀ ਰਹਿੰਦੀ ਕਿ ਵੱਡੇ ਭਾਅ ਜੀ ਕਿਉਂ ਦੁਖੀ ਰਹਿੰਦੇ ਹਨ। ਵੱਡੇ ਭਰਾ ਨੇ ਕਦੀ ਵੀ ਆਪਣੀ ਛੋਟੀ ਭਰਜਾਈ ਨੂੰ ਇਹ ਗੱਲ ਨਹੀਂ ਦੱਸੀ ਸੀ।

ਇਕ ਦਿਨ ਵੱਡਾ ਭਰਾ ਜੋ ਲੰਗੜਾ ਸੀ ਮਹਾਂਪੁਰਖਾਂ ਦੇ ਕੋਲ ਗਿਆ ਤੇ ਬੇਨਤੀ ਕੀਤੀ ਕਿ ਬਾਪੂ ਦੀ ਜਮੀਨ ਵਿਚੋਂ ਮੇਰਾ ਬਣਦਾ ਹੱਕ, ਛੋਟੇ ਭਰਾ ਨੇ ਚੋਰੀ ਚੋਰੀ ਪੈਸਾ ਟਕਾ ਖਰਚ ਕੇ ਆਪਣੇ ਨਾਮ ਕਰਵਾ ਲਿਆ ਹੈ ਜਿਸ ਕਾਰਨ ਕਰਕੇ ਮੈਂ ਬਹੁਤ ਦੁਖੀ ਹਾਂ, ਕਿਉਂਕਿ ਲੋਕ ਮੈਨੂੰ ਤਾਹਨੇ ਮਾਰਦੇ ਹਨ। ਇਹ ਤਾਹਨੇ ਮੇਰੇ ਤੋਂ ਸੁਣੇ ਨਹੀਂ ਜਾਂਦੇ। ਮੇਰੀ ਬੇਨਤੀ ਹੈ ਕਿ ਮੈਨੂੰ ਮੇਰਾ ਬਣਦਾ ਹੱਕ ਰੱਬ ਦੇ ਘਰੋਂ ਦਵਾਇਆ ਜਾਵੇ। ਜੇਕਰ ਮੈਨੂੰ ਰੱਬ ਦੇ ਘਰੋਂ ਵੀ ਇਨਸਾਫ ਨਾ ਮਿਲਿਆ ਤਾਂ ਫੇਰ ਮੈਂ ਮਰ ਜਾਵਾਂਗਾ। ਮਹਾਂਪੁਰਖਾਂ ਨੇ ਇਸ ਦੀ ਦੁਖ ਭਰੀ ਬੇਨਤੀ ਸੁਣੀ ਅਤੇ ਬਚਨ ਕੀਤਾ ਕਿ ਤੂੰ ਗੁਰੂ ਘਰ ਸੇਵਾ ਕਰਿਆ ਕਰ। ਸੇਵਾ ਕਰਨ ਦੇ ਨਾਲ ਤੇਰੇ ਪਾਪ ਨਾਸ ਹੋ ਜਾਣਗੇ। ਤੇਰੇ ਪਿਛਲੇ ਪਾਪਾਂ ਕਰਕੇ ਹੀ ਇਹ ਸਭ ਕੁਝ ਤੇਰੇ ਨਾਲ ਹੋਇਆ ਹੈ। ਰੱਬ ਦੇ ਘਰ ਵਿਚ ਨਾ ਦੇਰ ਹੈ ਅਤੇ ਨਾ ਹਨੇਰ ਹੈ। ਮਹਾਂਪੁਰਖਾਂ ਦੀ ਪਵਿੱਤਰ ਰਸਨਾ ਤੋਂ ਭਰੋਸੇ ਵਾਲੇ ਬਚਨ ਸੁਣ ਕੇ ਇਸ ਨੇ ਸੇਵਾ ਅਰੰਭ ਕਰ ਦਿਤੀ। ਕੁਝ ਸਮੇਂ ਬਾਅਦ ਇਸ ਦਾ ਵਿਆਹ ਇਕ ਗਰੀਬ ਕਿਸਾਨ ਦੀ ਕੁੜੀ ਨਾਲ ਹੋ ਗਿਆ। ਸਾਲ ਮਗਰੋਂ ਇਸ ਦੇ ਘਰ ਪੁੱਤਰ ਨੇ ਜਨਮ ਲੈ ਲਿਆ। ਛੋਟੇ ਭਰਾ ਤੇ ਭਰਜਾਈ ਨੇ ਮਨ ਵਿਚ ਵਿਚਾਰ ਕੀਤੀ ਕਿ ਆਪਾਂ ਨੇ ਵੱਡੇ ਭਰਾ ਦਾ ਹਿੱਸਾ ਆਪਣੇ ਨਾਂਅ ਕਰਵਾ ਲਿਆ ਹੈ ਇਸ ਕਰਕੇ ਹੀ ਅਸੀਂ ਦੁਖੀ ਹਾਂ ਸਾਨੂੰ ਪਰਾਈ ਅਮਾਨਤ ਨਹੀਂ ਰਖਣੀ ਚਾਹੀਦੀ ਇਸ ਤਰ੍ਹਾਂ ਮਨ ਵਿਚ ਸੋਚਣ ਨਾਲ ਹੀ ਦੋਵਾਂ ਭਰਾਵਾਂ ਵਿਚ ਮੇਲ ਜੋਲ ਵੱਧ ਗਿਆ। ਇਹ ਗਰੀਬ ਕਿਸਾਨ ਦੀ ਲੜਕੀ ਬਹੁਤ ਪਿਆਰ ਨਾਲ ਆਪਣੇ ਦਿਓਰ ਤੇ ਦਿਓਰਾਣੀ ਦੀ ਸੇਵਾ ਕਰਦੀ। ਉਨ੍ਹਾਂ ਨੇ ਖੁਸ਼ ਹੋ ਕੇ ਸਾਰੀ ਜਮੀਨ ਆਪਣੇ ਭਰਾ ਦੇ ਨਾਮ ਲਿਖਵਾ ਦਿਤੀ। ਜੋ ਜਮੀਨ ਦੂਜੇ ਪਾਸੇ ਛੋਟੇ ਭਰਾ ਕੋਲ ਚਲੀ ਗਈ ਸੀ ਗੁਰੂ ਘਰ ਦੀ ਸੇਵਾ ਕਰਕੇ ਉਹ ਜਮੀਨ ਮੁੜ ਕੇ ਵਾਪਸ ਆ ਗਈ। ਇਸ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਕੇ ਖੋਹਿਆ ਹੋਇਆ ਹੱਕ ਵੀ ਮਿਲ ਜਾਂਦਾ ਹੈ। ਮਹਾਂਪੁਰਖਾਂ ਦੀ ਪ੍ਰੇਰਨਾ ਦਾ ਸਦਕਾ ਕਲੇਸ ਤੋਂ ਹੱਟ ਕੇ ਸੇਵਾ ਵਿਚ ਲਗ ਗਿਆ।

## ਬੁਰੇ ਦਾ ਭਲਾ ਕਰਨ ਬਾਰੇ

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥* *ਆਦਿ ੧੩੮੧*

ਇੱਕ ਵਾਰੀ ਗੁਰੂ ਘਰ ਵਿਖੇ ਗੁਰਪੁਰਬ ਵੱਡੇ ਪੱਧਰ ਤੇ ਮਨਾਉਣਾ ਸੀ। ਜਿਸ ਵਿਚ ਬਹੁਤ ਸਾਰੀਆਂ ਸੰਗਤਾਂ ਨੇ ਹਾਜਰੀਆਂ ਭਰਨੀਆਂ ਸਨ। ਮਹਾਂਪੁਰਖਾਂ ਦਾ ਫੁਰਨਾ ਸੀ ਕਿ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੁਰਬ ਤੇ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਕੇ ਲੰਗਰ ਵਿਚ ਦੇਸੀ ਘੀ ਦੀਆਂ ਜਲੇਬੀਆਂ ਅਤੇ ਲੱਡੂ ਵਰਤਾਏ ਜਾਣ। ਪਰ ਉਸ ਸਮੇਂ ਗੁਰੂ ਘਰ ਵਿਖੇ ਖੰਡ ਨਹੀਂ ਸੀ। ਮਾਈਆਂ ਨੇ ਕੱਤਕ ਦੇ ਮਹੀਨੇ ਦੇਸੀ ਘੀ ਕਾਫੀ ਮਾਤਰਾ ਵਿਚ ਇਕੱਠਾ ਕੀਤਾ ਹੋਇਆ ਸੀ ਅਤੇ ਛੋਲਿਆਂ ਨੂੰ ਪੀਸ ਕੇ ਬੇਸਨ ਵੀ ਤਿਆਰ ਕਰ ਲਿਆ ਸੀ। ਲੱਡੂ, ਜਲੇਬੀਆਂ ਨੂੰ ਤਿਆਰ ਕਰਨ ਵਾਸਤੇ ਸਿਰਫ ਖੰਡ ਦੀ ਕਮੀ ਸੀ। ਇੱਕ ਬੀਬੀ ਨੇ ਦੱਸਿਆ ਕਿ ਆਪਣੇ ਪਿੰਡ ਦੀ ਸੁਸਾਇਟੀ ਵਿਚ ਖੰਡ ਦੀਆਂ ਬੋਰੀਆਂ ਆਈਆਂ ਹੋਈਆਂ ਹਨ। ਮਹਾਂਪੁਰਖਾਂ ਨੇ ਇਕ ਸਿੰਘ ਨੂੰ ਸੁਸਾਇਟੀ ਦੇ ਪ੍ਰਧਾਨ ਸਾਹਿਬ ਦੇ ਘਰ ਪਿੰਡ ਦੇ ਰਾਸ਼ਨ ਕਾਰਡ ਇਕੱਠੇ ਕਰਕੇ ਖੰਡ ਲੈਣ ਲਈ ਭੇਜਿਆ। ਉਸ ਨੇ ਪ੍ਰਧਾਨ ਨੂੰ ਆਖਿਆ ਕਿ ਕੱਤਕ ਦੀ ਪੂਰਨਮਾਸ਼ੀ ਨੂੰ ਦੇਸੀ ਘੀ ਦੇ ਲੱਡੂ ਅਤੇ ਜਲੇਬੀਆਂ ਗੁਰੂ ਕੇ ਲੰਗਰ ਵਿਚ ਵਰਤਾਉਣੀਆਂ ਹਨ, ਇਸ ਲਈ ਖੰਡ ਦੀ ਲੋੜ ਹੈ। ਜਿੰਨੀ ਖੰਡ ਆਪ ਜੀ ਗੁਰੂ ਘਰ ਨੂੰ ਕੰਟਰੋਲ ਰੇਟ ਤੇ ਦੇ ਸਕਦੇ ਹੋ ਉਹ ਦਿਓ। ਇਹ ਬੇਨਤੀ ਸੁਣ ਕੇ ਪ੍ਰਧਾਨ ਸਾਹਿਬ ਗੁੱਸੇ ਨਾਲ ਬੋਲੇ ਕਿ ਮੈਂ ਗੁਰੂ ਘਰ ਨੂੰ ਖੰਡ ਦੇ ਕੇ ਅੰਦਰ ਹੋਣਾ ਹੈ! ਮੈਂ ਗੁਰੂ ਘਰ ਨੂੰ ਇਕ ਛਟਾਂਕ ਵੀ ਖੰਡ ਨਹੀਂ ਦੇ ਸਕਦਾ। ਇਹ ਸਿੰਘ ਪ੍ਰਧਾਨ ਸਾਹਿਬ ਦੇ ਗੁੱਸੇ ਨੂੰ ਦੇਖ ਕੇ ਮਹਾਂਪੁਰਖਾਂ ਕੋਲ ਵਾਪਸ ਆ ਗਿਆ। ਸਿੰਘ ਨੇ ਆ ਕੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਉਸ ਨੇ ਮੈਨੂੰ ਖੰਡ ਨਹੀਂ ਦਿੱਤੀ। ਮਹਾਂਪੁਰਖ ਆਖਣ ਲੱਗੇ ਕਿ ਉਨ੍ਹਾਂ ਨੇ ਕੀ ਆਖਿਆ ਹੈ। ਅਗੋਂ ਸਿੰਘ ਨੇ ਆਖਿਆ ਕਿ ਪ੍ਰਧਾਨ ਸਾਹਿਬ ਕਹਿੰਦੇ ਹਨ ਕਿ ਗੁਰੂ ਘਰ ਨੂੰ ਖੰਡ ਦੇ ਕੇ ਮੈਂ ਅੰਦਰ ਹੋਣਾ ਹੈ। ਮਹਾਂਪੁਰਖ ਆਖਣ ਲੱਗੇ ਕਿ ਜੇਕਰ ਉਸ ਦੀ ਇਹੀ ਇਛਾ ਹੈ ਤਾਂ ਗੁਰੂ ਮਹਾਰਾਜ ਪੂਰੀ ਕਰ ਦੇਣਗੇ। ਕੁਝ ਸਮੇਂ ਬਾਅਦ ਅਚਨਚੇਤ ਸੁਸਾਇਟੀ ਦਾ ਸਟੋਰ ਚੈੱਕ ਹੋ ਗਿਆ। ਸਰਕਾਰੀ ਰਿਕਾਰਡ ਅਨੁਸਾਰ ਸਟਾਕ ਵਿਚ ਖੰਡ ਵੀ ਘਟ ਸੀ ਤੇ ਰਕਮ ਵੀ ਘਟ ਸੀ। ਰਿਪੋਟ ਹੋਣ ਤੇ ਪਰਚਾ ਦਰਜ ਹੋ ਗਿਆ। ਜਿਸ ਕਾਰਨ ਕਰਕੇ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸੁਸਾਇਟੀ ਦਾ ਕੋਈ ਵੀ ਉੱਚ ਅਧਿਕਾਰੀ ਉਨ੍ਹਾਂ ਦੇ ਹੱਕ ਵਿਚ ਨਾ ਬੋਲਿਆ। ਉਸ ਨੂੰ ਜੇਲ ਵਿਚ ਡੱਕ ਦਿੱਤਾ ਗਿਆ। ਇਸ ਦੌਰਾਨ ਪ੍ਰਧਾਨ ਸਾਹਿਬ ਦੀ ਘਰ ਵਾਲੀ ਮਹਾਂਪੁਰਖਾਂ ਕੋਲ ਰੋਂਦੀ ਹੋਈ ਆਈ ਅਤੇ ਬੇਨਤੀ ਕਰਨ ਲੱਗੀ ਕਿ ਸਰਦਾਰ ਜੀ ਜੇਲ੍ਹ ਵਿਚ ਬੰਦ ਹਨ। ਜਿਹੜੇ ਲੋਕ ਖੰਡ ਲੈਂਦੇ ਸਨ ਉਨ੍ਹਾਂ ਨੇ ਕੋਈ ਖਬਰ ਸਾਰ ਨਹੀਂ ਲਈ। ਸਾਰੇ ਹੀ ਤਮਾਸ਼ਾ ਦੇਖ ਰਹੇ ਹਨ ਹੁਣ ਤਾਂ ਆਪ ਜੀ ਦੀ ਕਿਰਪਾ ਦੀ ਲੋੜ ਹੈ। ਮਹਾਂਪੁਰਖਾਂ ਨੇ ਇਕ ਅਮੀਰ ਪ੍ਰੇਮੀ ਨੂੰ ਬੁਲਾਇਆ ਉਸ ਨੂੰ

ਬਚਨ ਕੀਤੇ ਕਿ ਪ੍ਰਧਾਨ ਨੂੰ ਬਾਹਰ ਕਢਾਓ। ਪ੍ਰੇਮੀ ਬਚਨ ਮੰਨ ਕੇ ਸਹਾਇਕ ਰਜਿਸਟਰਾਰ, ਜਿਲ੍ਹਾ ਸਹਿਕਾਰੀ ਸਭਾਵਾਂ ਨੂੰ ਮਿਲਿਆ। ਉਨ੍ਹਾਂ ਨੇ ਦੱਸਿਆ ਕਿ ਸੁਸਾਇਟੀ ਦੇ ਪ੍ਰਧਾਨ ਨੇ ਕੰਟਰੋਲ ਰੇਟ ਵਾਲੀ ਖੰਡ ਬਿਨਾ ਰਾਸ਼ਨ ਕਾਰਡਾਂ ਤੋਂ ਮਹਿੰਗੇ ਰੇਟ ਵਿਚ ਵੇਚ ਦਿਤੀ ਹੈ। ਰਿਕਾਰਡ ਅਨੁਸਾਰ ਚੀਨੀ ਵੀ ਘੱਟ ਹੈ ਅਤੇ ਰਕਮ ਵੀ ਜਮ੍ਹਾਂ ਨਹੀਂ ਕਰਵਾਈ ਹੋਈ। ਹੁਣ ਇਹ ਰਕਮ ਜਮ੍ਹਾਂ ਕਰਵਾਉਣ ਉਪਰੰਤ ਹੀ ਜਮਾਨਤ ਹੋ ਕੇ ਜੇਲ੍ਹ ਤੋਂ ਬਾਹਰ ਆ ਸਕਦਾ ਹੈ। ਬਾਅਦ ਵਿਚ ਇਸ ਦੇ ਕੇਸ ਦਾ ਨਿਪਟਾਰਾ ਹੋਵੇਗਾ। ਇਸ ਪ੍ਰੇਮੀ ਨੇ ਆਪਣੇ ਕੋਲੋ ਪ੍ਰਬੰਧ ਕਰਕੇ ਬਣਦੀ ਰਕਮ ਬੈਂਕ ਵਿਚ ਜਮ੍ਹਾ ਕਰਵਾ ਦਿੱਤੀ ਅਤੇ ਉਸ ਨੂੰ ਜਮਾਨਤ ਤੇ ਰਿਹਾ ਕਰਵਾ ਦਿੱਤਾ। ਪ੍ਰੇਮੀ ਨੇ ਵਾਪਸ ਆ ਕੇ ਸਾਰਾ ਕੁਝ ਮਹਾਂਪੁਰਖਾ ਨੂੰ ਦੱਸਿਆ ਕਿ ਜੇਕਰ ਇਹ ਪ੍ਰਧਾਨ ਬਚਨ ਮੰਨ ਕੇ ਰਾਸ਼ਨ ਕਾਰਡਾਂ ਦੇ ਅਨੁਸਾਰ ਖੰਡ ਜਾਰੀ ਕਰਕੇ ਗੁਰੂ ਘਰ ਨੂੰ ਭੇਜ ਦਿੰਦਾ ਤਾਂ ਇਹ ਭਾਣਾ ਨਾ ਵਾਪਰਦਾ ਪਰ ਇਸ ਨੇ ਗੁਰੂ ਘਰ ਨੂੰ ਛੋਟਾ ਸਮਝਿਆ ਅਤੇ ਜਿਮੀਦਾਰਾਂ ਦੇ ਲਿਹਾਜ ਅਤੇ ਮਾਇਆ ਨੂੰ ਵੱਡਾ ਸਮਝਿਆ।

## ਪਾਣੀ ਵਾਲੀ ਕਮਾਈ ਦਾ ਪਾਣੀ ਵਿਚ ਹੀ ਰੁੜ੍ਹ ਜਾਣਾ

ਸ਼ਹਿਰ ਦੇ ਬਾਹਰ ਵਾਰ ਇਕ ਪਿੰਡ ਵਿਚ ਕਈ ਜਾਤੀਆਂ ਦੇ ਲੋਕ ਰਹਿੰਦੇ ਸਨ। ਉਨ੍ਹਾਂ ਵਿਚ ਇਕ ਗਵਾਲਿਆਂ ਦਾ ਪਰਿਵਾਰ ਰਹਿੰਦਾ ਸੀ। ਇਹ ਪਰਿਵਾਰ ਮੱਝਾਂ ਰੱਖ ਕੇ ਦੁੱਧ ਦਾ ਕੰਮ ਕਰਦਾ ਸੀ। ਜਿਸ ਨਾਲ ਆਪਣੇ ਪਰਿਵਾਰ ਦੀ ਪਾਲਣਾ ਕਰਦਾ ਸੀ। ਇਸ ਪਰਿਵਾਰ ਦੀ ਇਕ ਬੀਬੀ ਨਦੀ ਦੇ ਕੰਡੇ ਤੇ ਰਹਿੰਦੇ ਮਹਾਤਮਾ ਨੂੰ ਰੋਜਾਨਾ ਦੁੱਧ ਦੀ ਗੜਵੀ ਦੇ ਕੇ ਆਉਂਦੀ ਸੀ। ਇਸ ਨਦੀ ਦੇ ਵਿਚ ਰੋਜਾਨਾ ਮੱਝਾਂ ਨੂੰ ਪਾਣੀ ਪਿਲਾਉਂਦੀ ਸੀ ਅਤੇ ਨੁਹਾਇਆ ਕਰਦੀ ਸੀ। ਬੱਚਿਆਂ ਦੇ ਖਰਚ ਵੱਧਣ ਕਰਕੇ ਇਹ ਬੀਬੀ ਦੁੱਧ ਵਿਚ ਪਾਣੀ ਦੀ ਮਿਲਾਵਟ ਕਰਨ ਲਗ ਪਈ। ਸ਼ਹਿਰ ਦੇ ਲੋਕ ਇਸ ਬੀਬੀ ਤੇ ਬਹੁਤ ਵਿਸ਼ਵਾਸ਼ ਕਰਦੇ ਸਨ। ਉਹ ਲੰਮਾ ਸਮਾਂ ਇਸ ਬਬਿੀ ਕੋਲੋਂ ਦੁੱਧ ਖਰੀਦ ਕੇ ਆਪਣੇ ਬੱਚਿਆਂ ਨੂੰ ਪਿਲਾਉਂਦੇ ਸਨ। ਦੁੱਧ ਵਿਚ ਪਾਣੀ ਦੀ ਮਿਲਾਵਟ ਕਰਨ ਨਾਲ ਇਸ ਦੇ ਘਰ ਵਿਚ ਕਾਫੀ ਪੈਸਾ ਜਮ੍ਹਾ ਹੋ ਗਿਆ। ਬੀਬੀ ਨੇ ਸੋਚਿਆ ਕਿ ਜਿਥੇ ਬੱਚੇ ਪੈਸੇ ਪੱਖੋਂ ਤੰਗ ਰਹਿੰਦੇ ਸਨ ਉਹ ਹੁਣ ਮੌਜਾਂ ਨਾਲ ਖੁਲ੍ਹਾ ਖਰਚ ਕਰਨ ਲਗ ਪਏ ਹਨ। ਫੇਰ ਵੀ ਪੈਸੇ ਅਜੇ ਬਾਕੀ ਹਨ। ਇਸ ਬੀਬੀ ਦੇ ਮਨ ਵਿਚ ਆਇਆ ਕਿ ਸ਼ਹਿਰ ਵਾਲੀਆਂ ਬੀਬੀਆਂ ਸੋਨੇ ਦੇ ਗਹਿਣੇ ਪਹਿਨਦੀਆਂ ਹਨ ਮੈਂ ਕਿਹੜਾ ਉਨ੍ਹਾਂ ਤੋਂ ਘਟ ਹਾਂ। ਇਹ ਸੋਚਕੇ ਉਸ ਨੇ ਇਕ ਸੋਨੇ ਦੀ ਅੰਗੂਠੀ ਬਣਾ ਲਈ। ਸੋਨੇ ਦੀ ਅੰਗੂਠੀ ਨਾਲ ਬਹੁਤ ਪਿਆਰ ਸੀ ਜਿਸ ਕਰਕੇ ਇਸ ਅੰਗੂਠੀ ਨੂੰ ਆਪਣੇ ਹੱਥ ਦੀ ਉਂਗਲ ਵਿਚ ਹਮੇਸ਼ਾ ਪਹਿਨ ਕੇ ਰੱਖਦੀ ਸੀ। ਇਕ ਦਿਨ ਇਹ ਬੀਬੀ ਆਪਣੀਆਂ ਮੱਝਾਂ ਨੂੰ ਨਦੀ ਦੇ ਕੰਡੇ ਤੇ ਪਾਣੀ ਪਿਲਾ ਕੇ ਨਹਾ ਰਹੀ ਸੀ।

ਅਚਾਨਕ ਉਸ ਦੀ ਅੰਗੂਠੀ ਨਦੀ ਵਿਚ ਡਿੱਗ ਪਈ। ਉਸ ਵੇਲੇ ਬੀਬੀ ਨੇ ਨਦੀ ਵਿਚ ਅੰਗੂਠੀ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਅੰਗੂਠੀ ਨਾ ਮਿਲੀ। ਜਦੋਂ ਇਹ ਬੀਬੀ ਨਦੀ ਦੇ ਕੰਡੇ ਤੇ ਬੈਠ ਕੇ ਬਹੁਤ ਵਿਰਲਾਪ ਕਰ ਰਹੀ ਸੀ ਤਾਂ ਉਸ ਸਮੇਂ ਉਹ ਮਹਾਤਮਾ ਮੌਕੇ ਤੇ ਆ ਗਏ। ਉਨ੍ਹਾਂ ਨੇ ਪੁੱਛਿਆ ਕਿ ਬੀਬੀ ਕੀ ਗੱਲ ਹੈ। ਤਾਂ ਉਸ ਨੇ ਕਿਹਾ ਕਿ ਮੇਰੀ ਸੋਨੇ ਦੀ ਅੰਗੂਠੀ ਨਦੀ ਵਿਚ ਡਿੱਗ ਪਈ ਹੈ। ਮਹਾਂਪੁਰਖ ਕਹਿਣ ਲੱਗੇ ਕਿ ਤੇਰੀ ਅੰਗੂਠੀ ਨਦੀ ਵਿਚੋਂ ਕਢਵਾ ਦਿਆਂਗੇ ਪਹਿਲਾਂ ਇਹ ਦੱਸ ਇਹ ਅੰਗੂਠੀ ਪੇਕਿਆਂ ਵਾਲੀ ਹੈ ਜਾਂ ਸਹੁਰਿਆਂ ਵਾਲੀ ਬੀਬੀ ਕਹਿਣ ਲਗੀ ਕਿ ਇਹ ਨਾ ਪੇਕਿਆਂ ਵਾਲੀ ਹੈ ਨਾ ਸਹੁਰਿਆਂ ਵਾਲੀ ਇਹ ਤਾਂ ਮੈਂ ਦੁੱਧ ਵਿਚ ਪਾਣੀ ਮਿਲਾ ਕਿ ਬਣਾਈ ਸੀ ਸੱਚੀ ਗਲ ਤਾਂ ਇਹ ਹੈ। ਮਹਾਂਪੁਰਖ ਕਹਿਣ ਲੱਗੇ ਹਰ ਕੋਈ ਆਪਣੇ ਨੂੰ ਆਪਣੇ ਨਾਲ ਰੱਖਦਾ ਹੈ ਪਾਣੀ ਵਾਲੀ ਅੰਗੂਠੀ ਪਾਣੀ ਨੇ ਰੱਖ ਲਈ ਹੈ। ਸਗੋਂ ਪਰਮੇਸ਼ਰ ਨੇ ਤੇਰੀ ਲਾਜ ਰੱਖੀ ਹੈ ਤੂੰ ਸੇਵਾ ਕਰਦੀ ਹੈਂ ਅਗਾਂਹ ਨੂੰ ਮਿਲਾਵਟ ਨਹੀ ਕਰਨੀ ਤੇਰੇ ਪਰਿਵਾਰ ਵਿਚ ਸੁਖ ਸ਼ਾਂਤੀ ਬਣੀ ਰਹੇਗੀ ਬੱਚੇ ਪੜ੍ਹ ਲਿਖ ਕੇ ਆਪਣਾ ਗੁਜਾਰਾ ਆਪ ਕਰ ਲੈਣਗੇ। ਤੁਸੀਂ ਫਿਕਰ ਨਹੀਂ ਕਰਨਾ। ਮਹਾਂਪੁਰਖਾਂ ਦੀ ਪਵਿੱਤਰ ਰਸਨਾ ਤੋਂ ਪਵਿੱਤਰ ਬਚਨ ਸੁਣ ਕਿ ਬੀਬੀ ਚੁੱਪ ਕਰ ਗਈ ਤੇ ਦੁੱਧ ਸਾਫ ਸੁਥਰਾ ਵੇਚਦੀ ਰਹੀ। ਬਚੇ ਪੜ੍ਹ ਕੇ ਆਪਣੇ ਕੰਮਾਂ ਕਾਰਾਂ ਵਿਚ ਲੱਗ ਗਏ ਬੀਬੀ ਆਪਣੇ ਬੱਚਿਆਂ ਨੂੰ ਇਹ ਹੀ ਸਮਝਾਉਂਦੀ ਰਹੀ ਕਿ ਹੇਰਾ ਫੇਰੀ ਕਰਨਾ ਪਾਪ ਹੈ।

## ਹਠਯੋਗ ਨਾਲ ਮਨ ਵਾਸਨਾ ਤੋਂ ਰਹਿਤ ਨਹੀਂ ਹੁੰਦਾ

*ਮਨੁ ਨਿਰਮਲੁ ਨਹੀ ਦਸਵੈ ਦੁਆਰ॥ ਭ੍ਰਮਿ ਭ੍ਰਮਿ ਆਵੈ ਮੂੜ੍ਾ ਵਾਰੋ ਵਾਰ॥*
*ਆਦਿ ੧੧੬੯*

ਇੱਕ ਵਾਰੀ ਮਹਾਂਪੁਰਖ ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕੁਝ ਸਿੰਘਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਨ। ਰੋਪੜ ਨੇੜੇ ਰਸਤੇ ਉਪਰ ਇੱਕ ਜੋਗੀ ਸਮਾਧੀ ਵਿਚ ਬੈਠਾ ਸੀ। ਉਹ ਬੈਠਾ ਬੈਠਾ ਖਿੜ ਖਿੜਾ ਕੇ ਹੱਸ ਪਿਆ। ਮਹਾਂਪੁਰਖਾਂ ਨੇ ਉਸ ਜੋਗੀ ਨੂੰ ਪੁੱਛਿਆ ਕਿ ਕੀ ਕਾਰਨ ਹੈ ਤੁਸੀਂ ਬੈਠੇ ਬੈਠੇ ਇਕੱਲੇ ਹੀ ਹੱਸ ਪਏ ਹੋ। ਜੋਗੀ ਕਹਿਣ ਲੱਗਿਆ ਕਿ ਮੈਂ ਇੱਥੇ ਬੈਠਿਆ ਸਮਾਧੀ ਰਾਹੀਂ ਦਿੱਲੀ ਵਿਚ ਇੱਕ ਵੇਸਵਾ ਦਾ ਨਾਚ ਦੇਖ ਰਿਹਾ ਸੀ। ਨੱਚਦੀ ਹੋਈ ਵੇਸਵਾ ਦਾ ਨਾਲ਼ਾ ਟੁੱਟ ਗਿਆ। ਸਾਰੀ ਸਭਾ ਹੱਸ ਪਈ ਮੇਰੀ ਵੀ ਹਾਸੀ ਆ ਗਈ। ਮਹਾਂਪੁਰਖ ਕਹਿਣ ਲੱਗੇ ਜਾ ਓਏ ਕੋਹੜੀਆ ਸਮਾਧੀ ਲਾ ਕੇ ਕੀ ਖੇਹ ਉਡਾਉਂਦਾ ਹੈਂ।

ਇਸੇ ਤਰ੍ਹਾਂ ਇੱਕ ਰਿਆਸਤੀ ਰਾਜੇ ਨੇ ਇੱਕ ਜੋਗੀ ਨੂੰ ਪੁੱਛਿਆ ਕਿ ਤੈਨੂੰ ਆਪਣੇ ਸਵਾਸ ਦਸਮ ਦੁਆਰ ਵਿਚ ਚੜ੍ਹਾਉਣੇ ਆਉਂਦੇ ਹਨ ਤਾਂ ਜੋਗੀ ਕਹਿਣ ਲੱਗਿਆ ਜੀ ਹਾਂ। ਰਾਜਾ ਕਹਿਣ ਲੱਗਿਆ ਚੜ੍ਹਾ ਕੇ ਦਿਖਾਓ। ਜੋਗੀ ਕਹਿਣ

ਲੱਗਿਆ ਮੈਨੂੰ ਵਧੀਆ ਜਿਹਾ ਘੋੜਾ ਤੇ ਜੋੜਾ ਦੇ ਦਿਓ। ਰਾਜੇ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਕਿਹਾ ਕਿ ਸਵਾਸ ਦਸਮ ਦੁਆਰ ਵਿਚ ਚੜ੍ਹਾ ਕੇ ਵਿਖਾ। ਉਸ ਨੇ ਘੋੜੇ ਤੇ ਜੋੜੇ ਦੇ ਲਾਲਚ ਵਿਚ ਆਪਣੇ ਸਵਾਸ ਦਸਮ ਦੁਆਰ ਵਿਚ ਚੜ੍ਹਾ ਲਏ। ਸਾਰਾ ਦਿਨ ਬੀਤ ਗਿਆ ਰਾਤ ਬੀਤ ਗਈ ਉਹ ਵਾਪਸ ਨਾ ਆਇਆ। ਕਈ ਦਿਨ ਇਸੇ ਤਰ੍ਹਾਂ ਹੀ ਬੀਤ ਗਏ। ਜਿੱਥੇ ਉਹ ਬਾਗ ਵਿਚ ਬੈਠਿਆ ਸੀ ਉਸ ਦੇ ਸਰੀਰ ਦੀ ਰੱਖਿਆ ਵਾਸਤੇ ਇੱਕ ਕੜਾਹਾ ਉਲਟਾ ਕਰਕੇ ਰੱਖ ਦਿੱਤਾ ਤਾਂ ਜੋ ਹਵਾ ਧੁੱਪ ਜਾਂ ਮੀਹ ਆਦਿ ਨਾਲ ਇਸ ਦੀ ਦੇਹੀ ਖਰਾਬ ਨਾ ਹੋਵੇ। ਜਦੋਂ ਇਹ ਸਵਾਸ ਵਾਪਿਸ ਆਪਣੀ ਧੁਨੀ ਵਿਚ ਲਿਆਵੇਗਾ ਤਾਂ ਇਹ ਕੜਾਹੇ ਨੂੰ ਖੜਕਾਏਗਾ ਤੇ ਅਸੀਂ ਕੜਾਹਾ ਉਲਟਾ ਕੇ ਪਰੇ ਕਰ ਦਿਆਂਗੇ। ਪਰ ਇਹ ਜੋਗੀ ਸਵਾਸ ਚੜ੍ਹਾ ਕੇ ਲੰਮਾ ਸਮਾਂ ਵਾਪਸ ਨਾ ਆਇਆ। ਰਾਜਾ ਚੜ੍ਹਾਈ ਕਰ ਗਿਆ। ਕੜਾਹੇ ਉਪਰ ਬਹੁਤ ਮਿੱਟੀ ਘੱਟਾ ਪੈ ਗਿਆ। ਰਾਜੇ ਦਾ ਪੁੱਤਰ ਵੀ ਰਾਜ ਕਰਕੇ ਚੜ੍ਹਾਈ ਕਰ ਗਿਆ। ਅੱਗੇ ਪੋਤਰਾ ਰਾਜ ਕਰਦਾ ਹੋਵੇਗਾ। ਬਹੁਤ ਸਮਾ ਬੀਤ ਗਿਆ। ਜਦੋਂ ਬਾਗ ਵਿਚ ਉੱਚੀ ਥਾਂ ਨੂੰ ਪੱਧਰਾ ਕਰਨ ਲੱਗੇ ਤਾਂ ਮਿੱਟੀ ਦੇ ਢੇਰ ਦੇ ਹੇਠਾਂ ਉਲਟਾ ਕੜਾਹਾ ਮਿਲਿਆ। ਕੜਾਹਾ ਸਿੱਧਾ ਕੀਤਾ ਤਾਂ ਥੱਲੇ ਜੋਗੀ ਬੈਠਾ ਸੀ। ਰਾਜੇ ਨੇ ਕਿਸੇ ਨੂੰ ਪੁੱਛਿਆ ਇਹ ਕੀ ਕਾਰਨ ਹੈ। ਕਿਸੇ ਨਾ ਦੱਸਿਆ ਕਿ ਇਸ ਨੇ ਆਪਣੇ ਸਵਾਸ ਦਸਵੇਂ ਦੁਆਰ ਵਿਚ ਚੜ੍ਹਾਏ ਹੋਏ ਹਨ। ਪਤਾ ਕੀਤਾ ਕਿ ਇਸ ਦੇ ਸਵਾਸ ਵਾਪਿਸ ਕਿਵੇਂ ਸਰੀਰ ਵਿਚ ਲਿਆਂਦੇ ਜਾ ਸਕਦੇ ਹਨ ਤਾਂ ਕਿਸੇ ਨੇ ਆਖਿਆ ਕਿ ਮੈਂ ਇਸ ਦੇ ਸਵਾਸਾਂ ਨੂੰ ਵਾਪਿਸ ਲਿਆ ਸਕਦਾ ਹਾਂ। ਮੱਖਣ ਅਤੇ ਕਸਤੂਰੀ ਮੰਗਵਾਈ ਜਾਵੇ। ਮੱਖਣ ਅਤੇ ਕਸਤੂਰੀ ਦੀ ਮਾਲਿਸ਼ ਨਾਲ ਇਸ ਦੇ ਸਵਾਸ ਵਾਪਿਸ ਲਿਆਂਦੇ। ਜਦੋ ਸਰੀਰ ਗਰਮ ਹੋ ਗਿਆ ਤਾਂ ਬੋਲਣ ਲੱਗ ਪਿਆ। ਕਹਿਣ ਲੱਗਿਆ "ਘੋੜਾ-ਜੋੜਾ ਜੋੜਾ-ਘੋੜਾ"। ਸਾਰੇ ਸੁਣ ਕੇ ਬੜੇ ਹੈਰਾਨ ਹੋਏ। ਕਹਿਣ ਲੱਗੇ ਇਹ ਕਿਹੜਾ ਮੰਤਰ ਹੈ ਜੋਗੀ ਕਹਿਣ ਲੱਗਿਆ ਕਿ ਤੁਸੀਂ ਮੈਨੂੰ ਬਚਨ ਦਿੱਤਾ ਸੀ ਕਿ ਘੋੜਾ ਅਤੇ ਜੋੜਾ ਦਿਉਂਗੇ। ਇਸੇ ਤਰ੍ਹਾਂ ਜਦੋਂ ਇਹ ਆਪਣੇ ਸਵਾਸ ਦਸਮ ਵਿਚ ਲਿਜਾਂਦੇ ਹਨ ਤਾਂ ਜੋ ਮਨ ਵਿਚ ਸੰਕਲਪ ਹੁੰਦਾ ਹੈ ਉਥੇ ਹੀ ਖੜਾ ਰਹਿੰਦਾ ਹੈ। ਭਾਵੇਂ ਜਿੰਨਾ ਮਰਜੀ ਸਮਾਂ ਬੀਤ ਜਾਵੇ। ਪਵਿੱਤਰ ਬਾਣੀ ਨਾਲ ਮਨ ਨਿਰਮਲ ਹੋ ਕੇ ਵਾਸ਼ਨਾ ਤੋਂ ਰਹਿਤ ਹੋ ਜਾਂਦਾ ਹੈ।

## ਬੱਚੇ ਦੇ ਜਨਮ ਤੋਂ ੨੦ ਸਾਲ ਪਹਿਲਾਂ ਗੁਰਮਤਿ ਪੜ੍ਹਨ ਬਾਰੇ

ਇੱਕ ਵਾਰੀ ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਇੱਕ ਨਗਰ ਵਿਚ ਕਥਾ ਕਰ ਰਹੇ ਸਨ। ਮਹਾਂਪੁਰਖਾਂ ਨੇ ਆਖਿਆ ਕਿ ਜੇਕਰ ਆਪਾਂ ਆਪਣੇ ਬੱਚਿਆਂ ਨੂੰ ਗੁਰਸਿੱਖੀ ਵਿਚ ਪ੍ਰਪੱਕ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਬੱਚੇ ਬੱਚੀਆਂ ਦੇ ਵਿਆਹ ਗੁਰਸਿੱਖਾਂ ਨਾਲ ਕਰਨੇ ਚਾਹੀਦੇ ਹਨ। ਜਦੋਂ ਮਾਪੇ

ਅੰਮ੍ਰਿਤਧਾਰੀ ਹੋਣਗੇ ਤਾਂ ਬੱਚੇ ਵੀ ਤਿਆਰ ਪੁਰ ਤਿਆਰ ਹੋਣਗੇ। ਕਥਾਂ ਤੋਂ ਉਪਰੰਤ ਉਸ ਨਗਰ ਦੀ ਇੱਕ ਨੌਜੁਆਨ ਨੂੰਹ ਮਹਾਂਪੁਰਖਾਂ ਨੂੰ ਬੇਨਤੀ ਕਰਨ ਲੱਗੀ ਕਿ ਮੇਰੇ ਪੁੱਤਰ ਨੇ ਕਾਲਜ ਵਿਚ ਜਾ ਕੇ ਕੇਸ ਕਟਵਾ ਦਿੱਤੇ ਹਨ। ਮਹਾਂਪੁਰਖ ਕਹਿਣ ਲੱਗੇ ਕਿ ਪੁੱਤਰੀ ਤੁਹਾਡੇ ਪਰਿਵਾਰ ਵਿਚ ਕਿਸੇ ਨੇ ਕੇਸਾਂ ਦੀ ਬੇਅਦਬੀ ਕੀਤੀ ਹੋਵੇਗੀ। ਉਹ ਬੱਚੀ ਕਹਿਣ ਲੱਗੀ ਕਿ ਮਹਾਂਪੁਰਖੋ ਮੇਰਾ ਪੇਕਾ ਪਰਿਵਾਰ ਅੰਮ੍ਰਿਤਧਾਰੀ ਹੈ ਅਤੇ ਮੇਰਾ ਸਹੁਰਾ ਪਰਿਵਾਰ ਵੀ ਅੰਮ੍ਰਿਤਧਾਰੀ ਹੈ। ਮੈਂ ਤੇ ਮੇਰਾ ਘਰ ਵਾਲਾ ਵੀ ਅੰਮ੍ਰਿਤਧਾਰੀ ਹਨ। ਪਰ ਸਾਡੇ ਬੱਚੇ ਨੇ ਕਾਲਜ ਵਿਚ ਜਾ ਕੇ ਕੇਸ ਕਟਵਾ ਲਏ ਹਨ। ਮਹਾਂਪੁਰਖ ਕਹਿਣ ਲੱਗੇ ਕਿ ਇਸ ਦਾ ਉੱਤਰ ਅਸੀਂ ਕੱਲ੍ਹ ਤੁਹਾਡੇ ਘਰ ਵਿਚ ਆ ਕੇ ਦੇਵਾਂਗੇ।

ਦੂਜਾ ਦਿਨ ਕਥਾ ਦੀ ਸਮਾਪਤੀ ਤੋਂ ਉਪਰੰਤ ਮਹਾਂਪੁਰਖ ਸੰਗਤ ਦੇ ਨਾਲ ਇਸ ਬੀਬੀ ਦੇ ਗ੍ਰਹਿ ਵਿਖੇ ਗਏ। ਇਸ ਬੀਬੀ ਦੇ ਸੱਸ ਤੇ ਸਹੁਰਾ ਅੰਮ੍ਰਿਤਧਾਰੀ ਸਨ ਤੇ ਉਨ੍ਹਾਂ ਦੇ ਦਾਦਾ ਦਾਦੀ ਵੀ ਅੰਮ੍ਰਿਤਧਾਰੀ ਸਨ। ਸਾਰਿਆਂ ਨੇ ਮਹਾਂਪੁਰਖਾਂ ਨੂੰ ਅਤੇ ਸੰਗਤ ਨੂੰ ਸਤਿਕਾਰ ਨਾਲ ਬਿਠਾਇਆ ਅਤੇ ਜਲ ਪਾਣੀ ਛਕਾਇਆ। ਫੇਰ ਇਹ ਸਾਰੀ ਵਿੱਥਿਆ ਦੱਸੀ। ਮਹਾਂਪੁਰਖ ਕਹਿਣ ਲੱਗੇ ਕਿ ਤੁਹਾਡੇ ਘਰ ਵਿਚ ਕੋਈ ਅਜਿਹਾ ਜੀਅ ਵੀ ਹੈ ਜਿਸ ਨੇ ਕੇਸਾਂ ਦੀ ਬੇਅਦਬੀ ਕੀਤੀ ਹੋਵੇ। ਉਸ ਨੂੰ ਵੇਖ ਕੇ ਇਸ ਬੱਚੇ ਨੇ ਕਾਲਜ ਵਿਚ ਜਾ ਕੇ ਕੇਸ ਕਤਲ ਕੀਤੇ ਹੋਣ। ਸਾਰਾ ਪਰਿਵਾਰ ਕਹਿਣ ਲੱਗਿਆ ਕਿ ਮਹਾਂਪੁਰਖੋ ਸਤਿਗੁਰਾਂ ਦੀ ਮਿਹਰ ਸਦਕਾ ਸਾਰੇ ਹੀ ਤਿਆਰ ਪੁਰ ਤਿਆਰ ਹਨ। ਮਹਾਂਪੁਰਖਾਂ ਨੇ ਆਖਿਆ ਕਿ ਚਲੋ ਤੁਹਾਡੇ ਸਾਰੇ ਘਰ ਦੀਆਂ ਕੋਠੜੀਆਂ ਵਿਚ ਸੰਗਤ ਦੇ ਚਰਨ ਪਵਾਉਂਦੇ ਹਾਂ। ਇਹ ਬਚਨ ਕਰਕੇ ਮਹਾਂਪੁਰਖ ਸਿੰਘਾਂ ਦੇ ਸਮੇਤ ਘਰ ਦੇ ਵੱਖਰੇ ਵੱਖਰੇ ਕੋਠੜੀਆਂ ਵਿਚ ਗਏ। ਉਸ ਕੋਠੜੀ ਵਿਚ ਪਹੁੰਚ ਗਏ ਜਿਸ ਵਿਚ ਇਹ ਬੀਬੀ ਰਾਤ ਨੂੰ ਸੌਂਦੀ ਸੀ। ਉਸ ਕੋਠੜੀ ਦੀ ਕੱਚੀ ਕੰਧ ਵਿਚ ਇੱਕ ਡੂੰਘਾ ਆਲਾ ਸੀ। ਉਸ ਆਲੇ ਵਿਚ ਇੱਕ ਗੋਰੇ ਦੀ ਫੋਟੋ ਲੱਗੀ ਹੋਈ ਸੀ। ਉਸ ਗੋਰੇ ਨੇ ਸਿਰ ਤੇ ਟੋਪ ਪਾਇਆ ਹੋਇਆ ਸੀ ਜਿਸ ਨੇ ਸਿਰ ਮੂੰਹ ਮੁੰਨਿਆ ਹੋਇਆ ਸੀ। ਮਹਾਂਪੁਰਖ ਇਹ ਫੋਟੋ ਵੇਖ ਕੇ ਕਹਿਣ ਲੱਗੇ ਕਿ ਇਹ ਕਿਸ ਦੀ ਫੋਟੋ ਹੈ। ਇਹ ਬੀਬੀ ਕਹਿਣ ਲੱਗੀ ਕਿ ਮਹਾਂਪੁਰਖੋ ਇਹ ਕੋਈ ਸਾਡਾ ਰਿਸ਼ਤੇਦਾਰ ਨਹੀਂ ਹੈ। ਜਦੋਂ ਮੈਂ ਕੁਆਰੀ ਸਾਂ ਉਸ ਸਮੇਂ ਮੈਂ ਮੇਲੇ ਤੇ ਆਪਣੀਆਂ ਸਹੇਲੀਆਂ ਨਾਲ ਗਈ ਸੀ। ਮੈਨੂੰ ਇਹ ਫੋਟੋ ਬਹੁਤ ਸੋਹਣੀ ਲੱਗੀ ਇਸ ਕਰਕੇ ਮੈਂ ਮੇਲੇ ਤੋਂ ਇਹ ਫੋਟੋ ਖਰੀਦ ਲਈ ਸੀ। ਕੁਝ ਸਮੇਂ ਬਾਅਦ ਜਦੋਂ ਮੇਰਾ ਵਿਆਹ ਹੋਇਆ ਤਾਂ ਮੈਂ ਇਹ ਫੋਟੋ ਪੇਕੇ ਘਰ ਤੋਂ ਬਾਕੀ ਸਮਾਨ ਦੇ ਨਾਲ ਲੈ ਆਈ ਸਾਂ। ਫੇਰ ਮੈਂ ਇਹ ਫੋਟੋ ਆਪਣੇ ਸੰਦੂਕ ਵਿਚੋਂ ਕੱਢ ਕੇ ਇਸ ਆਲੇ ਵਿਚ ਸਜਾ ਲਈ ਕਿਉਂਕਿ ਇਹ ਫੋਟੋ ਮੈਨੂੰ ਬਹੁਤ ਸੋਹਣੀ

ਲਗਦੀ ਸੀ। ਮਹਾਂਪੁਰਖ ਕਹਿਣ ਲੱਗੇ ਪੁੱਤਰੀ ਤੂੰ ਇਹ ਫੋਟੋ ਰੋਜਾਨਾ ਰੀਝ ਨਾਲ ਵੇਖਦੀ ਸੀ। ਜਦੋਂ ਇਹ ਤੇਰਾ ਬੱਚਾ ਤੇਰੇ ਪੇਟ ਵਿਚ ਪਲਦਾ ਸੀ ਉਸ ਬੱਚੇ ਨੂੰ ਕੇਸਾਂ ਦੀ ਬੇਅਦਬੀ ਕਰਨ ਵਾਲਾ ਰੋਗ ਲੱਗ ਗਿਆ। ਇਹ ਬੱਚਾ ਜਦੋਂ ਜਨਮ ਤੋਂ ਬਾਅਦ ਇਸ ਉਮਰ ਵਿਚ ਆਇਆ ਤਾਂ ਇਸ ਨੇ ਆਪਣੇ ਸਿਰ ਦੇ ਕੇਸ ਕਤਲ ਕਰਵਾ ਦਿੱਤੇ ਅਤੇ ਮੂੰਹ ਦਾ ਦਾੜ੍ਹਾ ਵੀ ਮੁੰਨਵਾ ਦਿੱਤਾ। ਤੇਰੀ ਅਜਿਹੀ ਸੋਚਣ ਸ਼ਕਤੀ ਨਾਲ ਬੱਚੇ ਨੂੰ ਇਹ ਰੋਗ ਲੱਗਿਆ ਹੈ। ਇਸ ਲਈ ਜੇਕਰ ਆਪਾਂ ਆਉਣ ਵਾਲੇ ਸਮੇਂ ਵਿਚ ਆਪਣੇ ਬੱਚਿਆਂ ਨੂੰ ਗੁਰਮਤਿ ਦੇ ਧਾਰਨੀ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪ ਗੁਰਮਤਿ ਦੇ ਧਾਰਨੀ ਹੋਣਾ ਪਵੇਗਾ। ਕੁਸੰਗਤ ਤੋਂ ਬਚਾ ਕੇ ਆਪਣਾ ਜੀਵਨ ਸੰਭਾਲਣਾ ਚਾਹੀਦਾ ਹੈ। ਇਸ ਲਈ ਬੱਚੇ ਦੇ ਜਨਮ ਤੋਂ ੨੦ ਸਾਲ ਪਹਿਲਾਂ ਬਣਨ ਵਾਲੇ ਮਾਤਾ ਪਿਤਾ ਨੂੰ ਆਪਣਾ ਜੀਵਨ ਗੁਰਮਤਿ ਰਾਹੀਂ ਸਵਾਰਨਾ ਚਾਹੀਦਾ ਹੈ।

## ਕੀੜੀ ਅਤੇ ਚੂਹੀ ਦੀ ਸਾਖੀ ਰਾਹੀਂ ਉਪਦੇਸ਼

ਇੱਕ ਘਰ ਵਿਚ ਦੋ ਭੈਣਾ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ। ਵੱਡੀ ਛੋਟੀ ਨੂੰ ਕਹਿੰਦੀ ਸੀ ਕਿ ਤੂੰ ਘੱਟ ਕੰਮ ਕਰਦੀ ਹੈਂ ਅਤੇ ਛੋਟੀ ਵੱਡੀ ਨੂੰ ਕਹਿੰਦੀ ਸੀ ਕਿ ਤੂੰ ਘੱਟ ਕੰਮ ਕਰਦੀ ਹੈਂ। ਵੱਡੀ ਕਹਿੰਦੀ ਸੀ ਤੂੰ ਜਦੋਂ ਕੰਮ ਕਰਦੀ ਹੈਂ ਤਾਂ ਕੰਮ ਘੱਟ ਕਰਦੀ ਹੈਂ ਤੇ ਵਿਗਾੜਦੀ ਜਿਆਦਾ ਹੈਂ। ਛੋਟੀ ਵੱਡੀ ਨੂੰ ਕਹਿੰਦੀ ਸੀ ਕਿ ਤੂੰ ਕੀ ਕੰਮ ਕੀਤਾ ਮੈਨੂੰ ਨਜਰ ਹੀ ਨਹੀਂ ਪੈਂਦਾ। ਵੱਡੀ ਕਹਿੰਦੀ ਕਿ ਮੈਂ ਤਾ ਤੇਰਾ ਵਿਗਾੜਿਆ ਹੋਇਆ ਹੀ ਠੀਕ ਕਰਦੀ ਰਹਿੰਦੀ ਹਾਂ। ਛੋਟੀ ਕਹਿਣ ਲੱਗੀ ਤੈਨੂੰ ਤਾਂ ਨੁਕਸ ਹੀ ਕੱਢਣਾ ਆਉਂਦਾ ਹੈ। ਛੋਟੀ ਬਹੁਤ ਚਤੁਰ ਚਲਾਕ ਸੀ। ਉਹ ਬੋਲਣ ਵਿਚ ਕਿਸੇ ਨੂੰ ਅੱਗੇ ਨਹੀਂ ਸੀ ਆਉਣ ਦਿੰਦੀ। ਇਨ੍ਹਾਂ ਦੀ ਮਾਂ ਸਮਝਦੀ ਸੀ ਕਿ ਮੇਰੀ ਵੱਡੀ ਧੀ ਸਾਰੇ ਕੰਮ ਨੂੰ ਤਰਤੀਬ ਅਨੁਸਾਰ ਕਰਦੀ ਹੈ ਪਰ ਉਹ ਛੋਟੀ ਧੀ ਤੋਂ ਡਰਦੀ ਹੋਈ ਕੁਝ ਕਹਿਣ ਤੋਂ ਅਸਮਰਥ ਸੀ। ਜਦੋਂ ਘਰ ਵਿਚ ਰੌਲਾ ਪੈਂਦਾ ਸੀ ਤਾਂ ਬਾਹਰੋਂ ਆ ਕੇ ਕੋਈ ਪੁੱਛਦਾ ਸੀ ਕਿ ਇਨ੍ਹਾਂ ਦੋਹਾਂ ਦਾ ਕੀ ਰੌਲਾ ਹੈ ਤਾਂ ਇਨ੍ਹਾਂ ਦੀ ਮਾਂ ਸੱਚ ਕਹਿਣ ਦੀ ਬਜਾਏ ਰੋਣ ਲੱਗ ਜਾਂਦੀ ਸੀ। ਬਾਹਰੋਂ ਆਏ ਸੱਜਣ ਨੇ ਆਖਿਆ ਕਿ ਮੈਂ ਤੁਹਾਨੂੰ ਇੱਕ ਸਾਖੀ ਸੁਣਾਉਂਦਾ ਹਾਂ। ਇੱਕ ਘਰ ਵਿਚ ਇਕ ਕੀੜੀ ਰਹਿੰਦੀ ਸੀ ਤੇ ਇੱਕ ਚੂਹੀ ਰਹਿੰਦੀ ਸੀ। ਕੀੜੀ ਆਪਣੇ ਪੇਟ ਨੂੰ ਭਰਨ ਵਾਸਤੇ ਮਿੱਟੀ ਵਿਚ ਖਿੰਡੀ ਹੋਈ ਖੰਡ ਨੂੰ ਚੁਗ ਕੇ ਗੁਜਾਰਾ ਕਰ ਲੈਂਦੀ ਸੀ। ਵਿਹਲੇ ਸਮੇਂ ਵਿਚ ਮਿਟੀ ਵਿਚੋਂ ਖੰਡ ਚੁਗ ਕੇ ਉੱਚੀ ਥਾਂ ਤੇ ਇਕੱਤਰ ਕਰ ਲੈਂਦੀ ਸੀ। ਉਹ ਮਨ ਵਿਚ ਵਿਚਾਰ ਰੱਖਦੀ ਸੀ ਕਿ ਜਦੋਂ ਮਿੱਟੀ ਤੇ ਮੀਂਹ ਪਵੇਗਾ ਤਾਂ ਖੰਡ ਮਿੱਟੀ ਵਿਚ ਪਾਣੀ ਨਾਲ ਘੁਲ ਜਾਵੇਗੀ। ਇਸ ਲਈ ਉਹ ਮਿਟੀ ਵਿਚੋਂ ਖੰਡ ਚੁਗ-ਚੁਗ ਕੇ ਉੱਚੀ ਥਾਂ ਤੇ ਇਕੱਤਰ ਕਰਦੀ ਰਹਿੰਦੀ ਸੀ। ਚੂਹੀ ਇਸ ਦੇ ਉਲਟ ਬੋਰੀ ਵਿਚ ਪਈ ਖੰਡ ਨੂੰ ਮਿੱਟੀ ਵਿਚ ਰਲਾ ਦਿੰਦੀ ਸੀ।

ਇਸ ਤਰ੍ਹਾਂ ਉਹ ਕੀੜੀ ਨੂੰ ਕਹਿੰਦੀ ਸੀ ਕਿ ਵੇਖ ਮੇਰੀ ਖੰਡ ਦੀ ਢੇਰੀ ਤੇਰੀ ਢੇਰੀ ਨਾਲੋਂ ਵੱਡੀ ਹੈ। ਜਦੋਂ ਕਿ ਪਹਿਲਾਂ ਇਹ ਖੰਡ ਦੀ ਬੋਰੀ ਸੁਰੱਖਿਅਤ ਥਾਂ ਤੇ ਪਈ ਹੁੰਦੀ ਸੀ। ਚੂਹੀ ਕੀੜੀ ਨੂੰ ਕਹਿਣ ਲੱਗੀ ਕਿ ਹੁਣੇ ਦੱਸ ਕਿ ਮੇਰੀ ਢੇਰੀ ਵੱਡੀ ਹੈ ਜਾਂ ਤੇਰੀ ਢੇਰੀ ਵੱਡੀ ਹੈ। ਬਾਹਰੋਂ ਆਏ ਸੱਜਣ ਨੂੰ ਵੀ ਚੂਹੀ ਕਹਿਣ ਲੱਗੀ ਕਿ ਦੱਸੋ ਜੀ ਮੇਰੀ ਢੇਰੀ ਵੱਡੀ ਹੈ ਜਾਂ ਕੀੜੀ ਦੀ ਢੇਰੀ ਵੱਡੀ ਹੈ। ਸੱਜਣ ਨੇ ਬੜੀ ਬਰੀਕੀ ਨਾਲ ਵੇਖਣ ਉਪਰੰਤ ਆਖਿਆ ਕਿ ਇਹ ਫੈਸਲਾ ਮੈਂ ਕੁਝ ਦਿਨਾ ਨੂੰ ਦੇਵਾਂਗਾ। ਉਸ ਨੂੰ ਪਤਾ ਸੀ ਕਿ ਜਦੋਂ ਮੀਂਹ ਪਵੇਗਾ ਤਾਂ ਇਹ ਚੂਹੀ ਵਾਲੀ ਵੱਡੀ ਢੇਰੀ ਸਾਰੀ ਪਾਣੀ ਨਾਲ ਮਿੱਟੀ ਵਿਚ ਹੀ ਘੁਲ ਜਾਣੀ ਹੈ। ਇਸ ਤੋਂ ਇਲਾਵਾ ਜਦੋਂ ਬੋਰੀ ਵਾਲਾ ਮਾਲਕ ਵੇਖੇਗਾ ਕਿ ਚੂਹੀ ਨੇ ਮੇਰੀ ਬੋਰੀ ਕੱਟ ਦਿਤੀ ਹੈ ਤਾਂ ਉਹ ਵੀ ਚੂਹੀ ਨੂੰ ਸਜਾ ਦੇਵੇਗਾ। ਕੁਝ ਦਿਨਾ ਮਗਰੋਂ ਜਦੋਂ ਉਹ ਸੱਜਣ ਆਇਆ ਤਾਂ ਚੂਹੀ ਵਾਲੀ ਢੇਰੀ ਮੀਂਹ ਪੈਣ ਨਾਲ ਸਾਰੀ ਰੁੜ੍ਹ ਗਈ ਸੀ ਅਤੇ ਚੂਹੀ ਬੋਰੀ ਦੇ ਮਾਲਕ ਨੇ ਪਿੰਜਰੇ ਵਿਚ ਬੰਦ ਕਰ ਰੱਖੀ ਸੀ। ਉਸ ਸਮੇਂ ਕੀੜੀ ਮੀਂਹ ਦੇ ਦਿਨਾ ਵਿਚ ਉੱਚੀ ਥਾਂ ਤੇ ਪਈ ਖੰਡ ਦੀ ਢੇਰੀ ਵਿਚੋਂ ਹੌਲੀ-ਹੌਲੀ ਖਾ ਰਹੀ ਸੀ। ਪਿੰਜਰੇ ਵਿਚ ਫਸੀ ਹੋਈ ਚੂਹੀ ਬੋਲੀ ਕਿ ਤੁਸੀਂ ਸਾਰੇ ਰਲੇ ਹੋਏ ਹੋ। ਜਾਣ ਬੁੱਝ ਕੇ ਸਮੇਂ ਸਿਰ ਫੈਸਲਾ ਨਹੀਂ ਦਿੰਦੇ। ਉਸ ਸੱਜਣ ਨੇ ਕੀੜੀ ਅਤੇ ਚੂਹੀ ਦੀ ਸਾਖੀ ਸੁਣਾ ਕੇ ਦੋਵਾਂ ਭੈਣਾਂ ਤੇ ਉਨ੍ਹਾਂ ਦੀ ਮਾਂ ਦੇ ਸੁਭਾਅ ਨੂੰ ਨੰਗਾ ਕੀਤਾ। ਸੋ ਸਾਨੂੰ ਕੀੜੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਕਿ ਜਦੋਂ ਕੋਈ ਕੰਮ ਕਰਨਾ ਹੈ ਤਾਂ ਆਉਣ ਵਾਲੇ ਸਮੇਂ ਨੂੰ ਵਿਚਾਰ ਕੇ ਕਰੋ। ਚੂਹੀ ਤੋ ਇਹ ਸਿੱਖਿਆ ਮਿਲਦੀ ਹੈ ਕਿ ਜੇਕਰ ਆਪਾਂ ਚੂਹੀ ਦੀ ਤਰ੍ਹਾਂ ਬਿਨਾ ਸੋਚੇ ਸਮਝੇ ਦੂਜੇ ਨੂੰ ਨੀਵਾਂ ਦਿਖਾਉਣ ਵਾਲਾ ਕੰਮ ਕਰਾਂਗੇ ਤਾਂ ਆਪਣੇ ਬਣਾਏ ਹੋਏ ਹੰਕਾਰ ਦੇ ਪਿੰਜਰੇ ਵਿਚ ਫਸ ਕੇ ਰੋਂਦੇ ਰਹਾਂਗੇ। ਤੀਜਾ ਮਾਂ ਤੋਂ ਸਿੱਖਿਆ ਲੈਣੀ ਹੈ ਕਿ ਜੇਕਰ ਆਪਾਂ ਸਮੇਂ ਸਿਰ ਕਿਸੇ ਨੂੰ ਸਹੀ ਸਿੱਖਿਆ ਨਹੀਂ ਦੇਵਾਂਗੇ ਤਾਂ ਉਹ ਵੀ ਸਾਡਾ ਦੁਸ਼ਮਣ ਬਣ ਜਾਂਦਾ ਹੈ।

## ਗਣੇਸ਼ ਬਾਰੇ

ਇੱਕ ਸਮੇਂ ਦੇਵਤਿਆਂ ਦਾ ਆਪਸ ਵਿਚ ਵਿਵਾਦ ਹੋ ਗਿਆ। ਇੱਕ ਕਹੇ ਮੈਂ ਸਭ ਤੋਂ ਵੱਡਾ ਹਾਂ, ਦੂਜਾ ਕਹੇ ਮੈਂ ਵੱਡਾ ਹਾਂ ਅਤੇ ਤੀਜਾ ਕਹੇ ਮੈਂ ਵੱਡਾ ਹਾਂ। ਇੱਕ ਨੇ ਕਿਹਾ ਜਿਵੇਂ ਸ਼ਿਵ ਜੀ ਕਹਿਣ ਉਸ ਅਨੁਸਾਰ ਚੱਲੋ। ਸਰਬ ਸੰਮਤੀ ਨਾਲ ਜਦ ਸ਼ਿਵ ਪਾਸ ਆਏ ਤੇ ਪ੍ਰਾਰਥਨਾ ਕੀਤੀ ਤਾਂ ਸ਼ਿਵ ਨੇ ਕਿਹਾ ਜੋ ਤ੍ਰਿਲੋਕੀ ਦੀ ਪ੍ਰਕਰਮਾ ਪਹਿਲੇ ਕਰ ਆਵੇ ਉਹੀ ਦੇਵਤਾ ਜਗਤ ਦਾ ਪੂਜਨੀਕ ਹੋਵੇਗਾ। ਇਹ ਸੁਣ ਕੇ ਸਭ ਦੇਵਤੇ ਆਪੋ ਆਪਣੇ ਵਾਹਨਾ ਤੇ ਅਸਵਾਰ ਹੋ ਕੇ ਤੁਰ ਪਏ ਤੇ ਰਾਹ ਵਿਚ ਆਪੋ ਆਪਣੀਆਂ ਨਿਸ਼ਾਨੀਆਂ ਕੋਈ ਸਰ੍ਹੋਂ ਤੇ ਕੋਈ ਤਿਲ ਆਦਿਕ ਸੁੱਟਦੇ ਗਏ। ਗਣੇਸ਼ ਵੀ ਗਿਆ ਪਰ ਇਹ ਆਪਣੀ ਅਸਮ੍ਰਥਾ ਦੇਖ ਕੇ ਅੱਧ ਵਿਚਕਾਰੋਂ ਮੁੜ ਆਇਆ।

ਸ਼ਿਵ ਜੀ ਤਾਂ ਸਮਾਧੀ ਵਿਚ ਸਨ ਤੇ ਮਾਤਾ ਪਾਰਬਤੀ ਪਾਸ ਬੈਠੀ ਸੀ। ਉਸ ਦੇ ਚਰਨੀ ਆ ਪਿਆ ਤੇ ਬੇਨਤੀ ਕੀਤੀ ਹੇ ਮਾਤਾ ਮੇਰੀ ਲੱਜਿਆ ਤੈਨੂੰ ਹੈ। ਮੇਰਾ ਖਿਆਲ ਤੁਸਾਂ ਨੇ ਕਰਨਾ ਹੈ। ਹੋਰ ਸਾਰੇ ਅੱਗੇ ਅੱਗੇ ਦੌੜ ਗਏ ਹਨ ਮੈਂ ਪਿੱਛੇ ਰਹਿ ਗਿਆ ਸੀਅੱਧ ਵਿਚਕਾਰੋਂ ਮੁੜ ਆਇਆ ਹਾਂ। ਉਸ ਵੇਲੇ ਮਾਤਾ ਪਾਰਬਤੀ ਨੇ ਸ਼ਰਨ ਵਿਚ ਆਇਆ ਸਮਝ ਕੇ ਰਾਮ ਨਾਮ ਲਿਖ ਦਿੱਤਾ ਤੇ ਕਿਹਾ ਹੇ ਪੁੱਤਰ ਤੂੰ ਆਪਣੇ ਵਾਹਨ ਤੇ ਬੈਠ ਕੇ ਇਸੇ ਨਾਮ ਨੂੰ ਜਪੀ ਜਾ ਤੇ ਇਸੇ ਦੀ ਪ੍ਰਕਰਮਾ ਕਰਦਾ ਜਾ ਨਾਲ ਚਾਵਲ ਸੁਟਦਾ ਜਾ। ਗਣੇਸ਼ ਨੇ ਉਸੇ ਤਰ੍ਹਾਂ ਕੀਤਾ। ਇਸ ਗੱਲ ਦਾ ਇਹ ਅਸਰ ਹੋਇਆ ਕਿ ਜਿਹੜੇ ਦੇਵਤੇ ਪ੍ਰਕਰਮਾ ਨੂੰ ਤੁਰੇ ਹੋਏ ਸਨ ਉਨ੍ਹਾਂ ਨੇ ਕੀ ਤੱਕਿਆ ਕਿ ਗਣੇਸ਼ ਦਾ ਵਾਹਨ ਜੋ ਚੂਹਾ ਹੈ ਉਸ ਦੇ ਪੈਰ ਅੱਗੇ ਲੱਗੇ ਹੋਏ ਹਨ ਤੇ ਚਾਵਲਾਂ ਦੀ ਨਿਸ਼ਾਨੀ ਭੀ ਹੈ। ਵਿਚਾਰਿਆ ਕਿ ਗਣੇਸ਼ ਜੀ ਸਭ ਤੋਂ ਅੱਗੇ ਜਾ ਰਹੇ ਹਨ। ਜਦ ਸਾਰੇ ਦੇਵਤੇ ਪ੍ਰਕਰਮਾਂ ਕਰਕੇ ਆਏ ਗਣੇਸ਼ ਜੀ ਸਭ ਤੋਂ ਪਹਿਲੇ ਬੈਠੇ ਸਨ। ਸ਼ਿਵ ਜੀ ਨੇ ਸਮਾਧੀ ਤੋਂ ਉਠ ਕੇ ਦੇਖਿਆ ਕਿ ਗਣੇਸ਼ ਜੀ ਸਭ ਤੋਂ ਪਹਿਲਾਂ ਪ੍ਰਕਰਮਾਂ ਕਰ ਆਏ ਹਨ। ਉਸ ਵੇਲੇ ਗਣੇਸ਼ ਸਭ ਦਾ ਪੂਜਯ ਬਣਾ ਦਿੱਤਾ। ਇਹ ਸਾਖੀ ਸ਼ਿਵ ਸੰਘਤਾ ਗ੍ਰੰਥ ਵਿਚ ਲਿਖੀ ਹੋਈ ਹੈ।

## ਤੇਲੀ ਅਤੇ ਕਾਜੀ ਦੇ ਬਲਦ

ਇਕ ਨਗਰ ਵਿੱਚ ਤੇਲੀ ਅਤੇ ਕਾਜੀ ਰਹਿੰਦੇ ਸਨ। ਉਨ੍ਹਾਂ ਦੇ ਪਸ਼ੂ ਖੇਤਾਂ ਵਿੱਚ ਇਕੱਠੇ ਚਰਦੇ ਸਨ। ਇਕ ਦਿਨ ਤੇਲੀ ਦੇ ਬਲਦ ਨੇ ਕਾਜੀ ਦੇ ਬਲਦ ਨੂੰ ਮਾਰ ਦਿੱਤਾ। ਜਦ ਤੇਲੀ ਨੂੰ ਪਤਾ ਲੱਗਾ ਤਾਂ ਉਸ ਨੇ ਕਾਜੀ ਨੂੰ ਆ ਕੇ ਪੁੱਛਿਆ ਜੇਕਰ ਬਲਦ ਆਪਸ ਵਿਚ ਭਿੜ ਪੈਣ ਤੇ ਇੱਕ ਮਰ ਜਾਵੇ ਤਾਂ ਕੀ ਕਾਰਵਾਈ ਹੁੰਦੀ ਹੈ। ਇਹ ਸੁਣ ਕੇ ਕਾਜੀ ਨੇ ਕਿਹਾ ਉਹ ਦੋਨੋ ਪਸ਼ੂ ਹਨ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਉਸ ਸਮੇਂ ਕਾਜੀ ਦੇ ਲੜਕੇ ਨੇ ਕਿਹਾ ਕਿ ਪਿਤਾ ਜੀ ਆਪਣੇ ਬਲਦ ਨੇ ਤੇਲੀ ਦੇ ਬਲਦ ਨੂੰ ਮਾਰ ਦਿੱਤਾ ਹੈ ਪਰ ਕਾਜੀ ਨੂੰ ਭੁਲੇਖਾ ਲੱਗਿਆ ਕਿ ਮੇਰਾ ਬਲਦ ਮਰ ਗਿਆ ਹੈ। ਇਹ ਸੁਣ ਕੇ ਕਾਜੀ ਨੂੰ ਬੜਾ ਅਫਸੋਸ ਲੱਗਾ ਤੇ ਆਖਦਾ ਹੈ ਓਇ ਮੁੰਡਿਆ ਔਹ ਲਾਲ ਕਤੇਬ ਫੜਾਵੀਂ ਪੜ੍ਹ ਕੇ ਵੇਖੀਏ ਤਾਂ ਸਹੀ ਕਾਨੂੰਨ ਕੀ ਕਹਿੰਦਾ ਹੈ। ਉਸ ਵਿਚ ਕਾਨੂੰਨ ਲਿਖਿਆ ਤਾਂ ਕੋਈ ਨਹੀਂ ਸੀ ਪਰ ਐਵੇਂ ਮਨ ਦੇ ਫੁਰਨੇ ਅਨੁਸਾਰ ਉਸ ਨੂੰ ਸੁਣਾ ਦਿੱਤਾ ਕਿ:-

**ਲਾਲ ਕਤੇਬ ਬਖਾਣੇ ਇਉਂ।**
**ਤੇਲੀ ਬਲਦ ਮਰਾਇਆ ਕਿਉਂ।**
**ਖਲ ਖੁਆਇ ਕੀਆ ਮੁਸਟੰਡ।**
**ਬਲਦ ਕਾ ਬਲਦ ਤੀਹ ਰੁਪੈ ਦੰਡ।**

ਜਿਸ ਦਾ ਅਰਥ ਹੈ ਕਿ ਲੋਕਾਂ ਨੂੰ ਫੈਸਲੇ ਸੁਣਾਉਣ ਵਾਲੀ ਲਾਲ ਕਿਤਾਬ ਇਸ ਤਰ੍ਹਾਂ ਦੱਸਦੀ ਹੈ ਕਿ ਤੇਲੀ ਦੇ ਬਲਦ ਨੇ ਕਾਜੀ ਦੇਬਲਦ ਨੂੰ ਮਾਰ ਦਿੱਤਾ ਕਿਉਂਕਿ ਤੇਲੀ ਨੇ ਆਪਣੇ ਬਲਦ ਨੂੰ ਮੁਫਤ ਦੀ ਰੋਜਾਨਾ ਖਲ ਖੁਆ ਖੁਆ ਕੇ ਤਕੜਾ ਕਰ ਲਿਆ। ਤਕੜਾ ਹੋਣ ਕਰਕੇ ਕਾਜੀ ਦੇ ਬਲਦ ਨੂੰ ਮਾਰ ਦਿੱਤਾ ਜਿਸਦੇ ਬਦਲੇ ਵਿਚ ਤੇਲੀ ਕਾਜੀ ਨੂੰ ਇੱਕ ਬਲਦ ਅਤੇ ਤੀਹ ਰੁਪਏ ਜੁਰਮਾਨੇ ਵਜੋਂ ਦੇਵੇਗਾ।

ਆਪਣੇ ਪਿਤਾ ਕਾਜੀ ਦਾ ਫੈਸਲਾ ਸੁਣ ਕੇ ਕਾਜੀ ਦੇ ਪੁੱਤਰ ਨੇ ਕਿਹਾ ਕਿ ਪਿਤਾ ਜੀ ਸਗੋਂ ਆਪਣੇ ਬਲਦ ਨੇ ਤੇਲੀ ਦੇ ਬਲਦ ਨੂੰ ਮਾਰ ਦਿੱਤਾ ਹੈ ਤਾਂ ਉਸ ਸਮੇਂ ਕਾਜੀ ਨੇ ਦੁਬਾਰਾ ਲਾਲ ਕਤੇਬ ਖੋਲ ਕੇ ਆਖਿਆ:-

**ਲ਼ਾਲ ਕਤੇਬ ਬਖਾਣੇ ਇਉਂ।**
**ਫੈਸਲਾ ਜਿਉਂ ਕਾ ਤਿਉਂ।**
**ਖਲ ਖੁਆਇ ਕੀਆ ਮੁਸਟੰਡ।**
**ਕਾਜੀ ਕੇ ਬਲਦ ਕਾ ਲੱਗਾ ਬਲਵੰਡ।**
**ਇਸਕੇ ਬਦਲੇ ਤੀਸ ਰੁਪਏ ਦੰਡ।**

ਜਿਸ ਦਾ ਅਰਥ ਹੈ ਕਿ ਲੋਕਾਂ ਨੂੰ ਫੈਸਲਾ ਸੁਣਾਉਣ ਵਾਲੀ ਲਾਲ ਕਿਤਾਬ ਇਸ ਤਰ੍ਹਾਂ ਦੱਸਦੀ ਹੈ ਕਿ ਫੈਸਲਾ ਜਿਵੇਂ ਪਹਿਲਾਂ ਕੀਤਾ ਗਿਆ ਸੀ ਉਸੇ ਪ੍ਰਕਾਰ ਹੀ ਰਹੇਗਾ ਕਿਉਂਕਿ ਤੇਲੀ ਨੇ ਆਪਣੇ ਬਲਦ ਨੂੰ ਮੁਫਤ ਦੀ ਰੋਜਾਨਾ ਖਲ ਖੁਆ ਖੁਆ ਕੇ ਤਕੜਾ ਕਰ ਲਿਆ ਜਿਸ ਨੂੰ ਮਾਰਨ ਵਿਚ ਕਾਜੀ ਦੇ ਬਲਦ ਦਾ ਬਹੁਤ ਬਲ ਲੱਗ ਗਿਆ। ਇਸ ਦੇ ਬਦਲੇ ਤੇਲੀ ਕਾਜੀ ਨੂੰ ਤੀਹ ਰੁਪਏ ਜੁਰਮਾਨੇ ਵਜੋਂ ਦੇਵੇਗਾ।

## ਕੀੜੀਆਂ ਨੇ ਲਿੱਦ ਖਾਣੀ

ਇੱਕ ਕੀੜੀ ਨੇ ਕਾਫੀ ਦੂਰ ਜਾ ਕੇ ਹਲਵਾਈ ਦੀ ਦੁਕਾਨ ਤੇ ਬਿਖਰੇ ਹੋਏ ਮਿੱਠੇ ਨੂੰ ਖਾਧਾ ਤਾਂ ਉਹਨੂੰ ਬਹੁਤ ਸਵਾਦ ਆਇਆ। ਉਸ ਕੀੜੀ ਨੇ ਸੋਚਿਆ ਕਿ ਆਪਣੇ ਨਾਲ ਦੀਆਂ ਬਾਕੀ ਕੀੜੀਆਂ ਨੂੰ ਵੀ ਇਹ ਮਿੱਠਾ ਖੁਆ ਕੇ ਖੁਸ਼ੀ ਪ੍ਰਾਪਤ ਕਰਾਂ। ਇਸ ਕੀੜੀ ਨੇ ਬਾਕੀ ਦੀਆਂ ਕੀੜੀਆਂ ਨੂੰ ਉਸ ਹਲਵਾਈ ਦੇ ਬਿਖਰੇ ਹੋਏ ਮਿੱਠੇ ਨੂੰ ਖਾਣ ਵਾਸਤੇ ਬਹੁਤ ਸਮਝਾਇਆ ਪਰ ਉਹ ਨਾ ਸਮਝਣ। ਇੱਕ ਦਿਨ ਇਸ ਕੀੜੀ ਨੇ ਆਖਿਆ ਕਿ ਤੁਸੀਂ ਮੇਰੇ ਕਹਿਣ ਤੇ ਇੱਕ ਵਾਰ ਜਰੂਰ ਚਲੋ। ਕੀੜੀ ਦੇ ਮੁੜ ਮੁੜ ਕਹਿਣ ਤੇ ਇਹ ਕੀੜੀਆਂ ਮੰਨ ਗਈਆਂ। ਬੜੀ ਕਾਹਲੀ ਨਾਲ ਘੋੜਿਆਂ ਦੀ ਲਿੱਦ ਖਾਂਦੀਆਂ ਖਾਂਦੀਆਂ ਮਿਠੇ ਵਾਲੀ ਥਾਂ ਤੇ ਪਹੁੰਚ ਗਈਆਂ। ਜਦੋਂ ਉਨ੍ਹਾਂ ਨੇ ਬਿਖਰੀ ਹੋਈ ਖੰਡ ਚੁਗ ਲਈ ਤਾਂ ਇਸ ਕੀੜੀ ਨੇ ਪੁੱਛਿਆ ਕਿ ਮਿੱਠੇ ਦਾ ਸੁਆਦ ਕਿਹੋ ਜਿਹਾ ਲਗਿਆ ਤਾਂ ਸਾਰੀਆਂ ਕੀੜੀਆਂ ਨੇ ਆਖਿਆ ਕਿ ਪਹਿਲੇ ਵਾਲਾ ਹੀ ਸੁਆਦ ਹੈ,ਕੋਈ ਫਰਕ ਨਹੀਂ ਹੈ। ਇਨ੍ਹਾਂ ਕੀੜੀਆਂ ਤੋਂ ਸੁਣ ਕੇ ਕੀੜੀ ਬਹੁਤ

ਹੈਰਾਨ ਹੋਈ। ਸੋਚੀਂ ਪੈ ਗਈ, ਫੇਰ ਸੋਚਿਆ ਕਿ ਇਨ੍ਹਾਂ ਕੀੜੀਆਂ ਦੇ ਮੂੰਹ ਵਿਚ ਘੋੜਿਆਂ ਦੀ ਲਿਦ ਹੈ। ਇਸ ਲਈ ਕੀੜੀ ਨੇ ਸਕੀਮ ਬਣਾਈ ਕਿ ਇਨ੍ਹਾਂ ਕੀੜੀਆਂ ਦੇ ਮੂੰਹ ਵਿਚੋਂ ਪਹਿਲਾਂ ਲਿਦ ਕੱਢਣੀ ਚਾਹੀਦੀ ਹੈ ਤਾਂ ਇਨ੍ਹਾਂ ਨੂੰ ਮਿੱਠੇ ਦਾ ਸੁਆਦ ਆਵੇਗਾ। ਕੁਝ ਦਿਨਾਂ ਬਾਅਦ ਦੁਬਾਰਾ ਫੇਰ ਇਸ ਕੀੜੀ ਨੇ ਬਾਕੀ ਕੀੜੀਆਂ ਨੂੰ ਬਿਖਰਿਆ ਮਿੱਠਾ ਖਾਣ ਲਈ ਬਹੁਤ ਮਿੰਨਤਾਂ ਕਰਕੇ ਪ੍ਰੇਰਿਆ,ਆਖਿਰ ਨੂੰ ਉਹ ਮੰਨ ਗਈਆਂ। ਬਣਾਈ ਹੋਈ ਸਕੀਮ ਅਨੁਸਾਰ ਇਹ ਕੀੜੀ ਬਾਕੀ ਸਾਰੀਆਂ ਕੀੜੀਆਂ ਨੂੰ ਹੁਣ ਦੂਜੇ ਰਸਤੇ ਦੀ ਲੈ ਕੇ ਗਈ ਜਿਸ ਰਸਤੇ ਖੂਹ ਦੇ ਪਾਣੀ ਦੀ ਖਾਲ ਵਗਦੀ ਸੀ। ਜਦੋਂ ਸਾਰੀਆਂ ਕੀੜੀਆਂ ਉਸ ਪਾਣੀ ਦੀ ਖਾਲ ਤੇ ਪਹੁੰਚ ਗਈਆਂ ਤਾਂ ਸਾਰੀਆਂ ਕੀੜੀਆਂ ਦੇ ਪਾਣੀ ਨਾਲ ਮੂੰਹ ਸਾਫ ਕਰਵਾਏ ਫੇਰ ਉਸ ਮਿੱਠੇ ਵਾਲੀ ਥਾਂ ਤੇ ਮਿਠਾ ਖਾਣ ਲਈ ਆਖਿਆ। ਸਾਰੀਆਂ ਕੀੜੀਆਂ ਨੂੰ ਮਿੱਠੇ ਦਾ ਸੁਆਦ ਤੁਰੰਤ ਆ ਗਿਆ ਅਤੇ ਲਿੱਦ ਫਿੱਕੀ ਲੱਗਣ ਲਗ ਪਈ। ਜਿੰਨਾਂ ਸਮਾਂ ਲਿੱਦ ਖਾਣ ਵਿਚ ਗੁਜਾਰਿਆ ਉਸ ਦਾ ਪਛਤਾਵਾ ਕਰਨ ਲੱਗੀਆਂ। ਸੋ ਪ੍ਰੇਮੀਓ ਜਿਵੇਂ ਕੀੜੀਆਂ ਦੇ ਮੂੰਹ ਵਿਚ ਲਿੱਦ ਹੋਣ ਕਰਕੇ ਉਨ੍ਹਾਂ ਨੂੰ ਮਿੱਠੇ ਦਾ ਸੁਆਦ ਨਹੀਂ ਆਇਆ ਤਿਵੇਂ ਸਾਡੇ ਮਨ ਵਿਕਾਰਾਂ ਨਾਲ ਭਰੇ ਹੋਏ ਹਨ ਜਦੋਂ ਤੱਕ ਵਿਕਾਰਾਂ ਨੂੰ ਤਿਆਗਦੇ ਨਹੀਂ ਉਦੋਂ ਤਕ ਅੰਮ੍ਰਿਤ ਰੂਪ ਬਾਣੀ ਦਾ ਸੁਆਦ ਨਹੀਂ ਆ ਸਕਦਾ।

## ਮੂਰਖਾਂ ਦਾ ਟੱਬਰ

ਇਕ ਜਿਮੀਂਦਾਰ ਦੇ ਦੋ ਪੁੱਤਰ ਸਨ। ਉਨ੍ਹਾਂ ਦੀ ਬਰਾਦਰੀ ਵਿਚੋਂ ਕੋਈ ਆਦਮੀ ਚੜ੍ਹਾਈ ਕਰ ਗਿਆ ਸੀ। ਜਿਮੀਦਾਰ ਨੇ ਛੋਟੇ ਪੁੱਤਰ ਨੂੰ ਕਿਹਾ ਤੂੰ ਜਾ ਕੇ ਪ੍ਰਚਾਵਨੀ ਕਰ ਆ। ਛੋਟਾ ਲੜਕਾ ਉਥੇ ਚਲਾ ਗਿਆ। ਉਸ ਨੂੰ ਕੋਈ ਗੱਲ ਕਰਨੀ ਨਾ ਆਈ। ਚੁੱਪ ਕਰਕੇ ਵਾਪਿਸ ਮੁੜ ਆਇਆ। ਵਾਪਿਸ ਆ ਕੇ ਪਿਤਾ ਨੂੰ ਕਹਿਣ ਲੱਗਾ ਮੈਨੂੰ ਅਫਸੋਸ ਕਰਨੇ ਦਾ ਵਲ ਨਹੀਂ ਆਉਂਦਾ। ਮੈਂ ਉਥੇ ਦੋ ਘੜੀਆਂ ਬੈਠ ਕੇ ਮੁੜ ਆਇਆ ਹਾਂ। ਤਦ ਜਿਮੀਦਾਰ ਨੇ ਆਪਣੇ ਵੱਡੇ ਪੁੱਤਰ ਨੂੰ ਕਿਹਾ ਕਿ ਤੂੰ ਜਾ ਕੇ ਪ੍ਰਚਾਵਨੀ ਕਰ ਆ ਤਾਂ ਵੱਡੇ ਲੜਕੇ ਨੇ ਕਿਹਾ ਮੈਂ ਉਥੇ ਜਾ ਕੇ ਕੀ ਆਖਾਂ। ਤਾਂ ਜਿਮੀਦਾਰ ਨੇ ਕਿਹਾ ਜੋ ਲੋਕ ਆਖਦੇ ਹੋਣਗੇ ਸੋ ਤੂੰ ਵੀ ਆਖ ਦਈਂ। ਉਸ ਨੇ ਕਿਹਾ ਚੰਗਾ। ਇਹ ਕਹਿ ਕੇ ਚਲਾ ਗਿਆ। ਅੱਗੇ ਜੋ ਪੁਰਸ਼ ਚੜ੍ਹਾਈ ਕਰ ਗਿਆ ਸੀ ਉਸ ਦੇ ਵੈਰੀ ਰਸਤੇ ਵਿਚ ਕਹਿ ਰਹੇ ਸਨ ਚੰਗਾ ਹੋਇਆ ਜੋ ਅਮਕਾ ਪੁਰਸ਼ ਮਰ ਗਿਆ। ਬੜਾ ਦੁਸ਼ਟ ਸੀ। ਉਹ ਲੜਕਾ ਉਥੇ ਪਹੁੰਚ ਗਿਆ ਜਿੱਥੇ ਸਬੰਧੀ ਸੋਗ ਕਰ ਰਹੇ ਸਨ। ਉਥੇ ਜਾ ਕੇ ਉਸੇ ਤਰ੍ਹਾਂ ਕਹਿਣ ਲੱਗਾ ਕਿ ਭਲਾ ਹੋਇਆ ਨੀਚ ਮਰ ਗਿਆ ਹੈ ਕਿਉਂਕਿ ਬੜਾ ਦੁਸ਼ਟ ਸੀ। ਅਜਿਹੇ ਦਾ ਮਰਨਾ ਹੀ ਚੰਗਾ ਹੈ। ਜਿਨ੍ਹਾਂ ਦਾ ਸਬੰਧੀ ਮਰਿਆ ਸੀ ਉਨ੍ਹਾਂ ਨੂੰ ਸੁਣ ਕੇ ਬੜਾ ਕਰੋਧ ਆਇਆ ਅਤੇ ਉਨ੍ਹਾਂ ਨੇ

ਜਿਮੀਦਾਰ ਦੇ ਲੜਕੇ ਦੀ ਚੰਗੀ ਤਰ੍ਹਾਂ ਮਾਰ ਕੁੱਟ ਕੀਤੀ। ਕਹਿਣ ਲੱਗੇ ਤੇਰਾ ਉਸ ਨੇ ਕੀ ਵਗਾੜਿਆ ਸੀ। ਧੱਕੇ ਦੇ ਕੇ ਬਾਹਰ ਕੱਢ ਦਿੱਤਾ। ਉਹ ਲੜਕਾ ਮਾਰ ਖਾ ਕੇ ਰੋਂਦਾ ਹੋਇਆ ਪਿਤਾ ਪਾਸ ਪੁੱਜਾ ਤੇ ਸਾਰੀ ਵਾਰਤਾ ਸੁਣਾਈ। ਤਾਂ ਪਿਤਾ ਨੇ ਕਿਹਾ ਤੂੰ ਐਸੇ ਜਾ ਕੇ ਕਿਉਂ ਆਖਿਆ ਤਾਂ ਪੁੱਤਰ ਨੇ ਕਿਹਾ ਜੋ ਤੁਸਾਂ ਨੇ ਕਿਹਾ ਸੀ ਕਿ ਜੋ ਲੋਕ ਕਹਿੰਦੇ ਹੋਣਗੇ ਸੋ ਤੂੰ ਭੀ ਜਾ ਕੇ ਕਹਿ ਦਈਂ। ਇਸ ਕਰਕੇ ਮੈਂ ਉਸੇ ਤਰ੍ਹਾਂ ਕਹਿ ਦਿੱਤਾ ਸੀ। ਤਦ ਜਿਮੀਦਾਰ ਆਪ ਚੱਲ ਕੇ ਉਥੇ ਪੁੱਜਾ ਅਤੇ ਕਹਿਣ ਲੱਗਾ ਕਿ ਉਸ ਬਾਲਕ ਦੀ ਗੱਲ ਦਾ ਆਪ ਨੇ ਕਿਉਂ ਗੁੱਸਾ ਕੀਤਾ। ਸਬੰਧੀਆਂ ਨੇ ਕਿਹਾ ਜਿਸ ਤਰ੍ਹਾਂ ਤੇਰੇ ਪੁੱਤਰ ਨੇ ਕਿਹਾ ਇਸ ਤਰ੍ਹਾਂ ਤਾਂ ਵੈਰੀ ਭੀ ਨਹੀਂ ਆਖਦੇ। ਜਿਮੀਦਾਰ ਨੇ ਕਿਹਾ ਪਿਛਲੀ ਗੱਲ ਤਾਂ ਤੁਸੀਂ ਮਾਫ ਕਰੋ ਕਿਉਂਕਿ ਦੋਨੋਂ ਪੁੱਤਰ ਮੇਰੇ ਮੂਰਖ ਹਨ ਜੇਕਰ ਹੁਣ ਕੋਈ ਤੁਹਾਡਾ ਮਰੇਗਾ ਤਾਂ ਮੈਂ ਆਪ ਖੁਦ ਚੱਲ ਕੇ ਆਵਾਂਗਾ। ਤਾਂ ਉਨ੍ਹਾਂ ਨੇ ਸਮਝਿਆ ਕਿ ਇਹ ਤਾਂ ਸਾਰਾ ਟੱਬਰ ਹੀ ਮੂਰਖਾਂ ਦਾ ਹੈ।

## ਰਾਜਾ ਸਰਬਜੀਤ

ਇਕ ਰਾਜੇ ਨੇ ਸਾਰੀ ਧਰਤੀ ਨੂੰ ਜਿੱਤ ਕੇ ਆਪਣਾ ਨਾਮ ਸਰਬਜੀਤ ਰਖਵਾ ਲਿਆ ਤਾਂ ਉਸ ਦੁਨੀਆ ਦੇ ਲੋਕ ਰਾਜਾ ਨੂੰ ਸਰਬਜੀਤ ਕਹਿਣ ਲੱਗੇ। ਪਰੰਤੂ ਰਾਜੇ ਦੀ ਮਾਤਾ ਰਾਜੇ ਨੂੰ ਸਰਬਜੀਤ ਕਹਿ ਕੇ ਨਹੀਂ ਬੁਲਾਉਂਦੀ ਸੀ। ਜੋ ਪਹਿਲਾ ਨਾਮ ਸੀ ਉਹ ਨਾਮ ਲੈ ਕੇ ਬੁਲਾਉਂਦੀ ਸੀ। ਇੱਕ ਦਿਨ ਰਾਜੇ ਨੇ ਆਪਣੀ ਮਾਤਾ ਨੂੰ ਕਿਹਾ ਮਾਤਾ ਜੀ ਸਭ ਲੋਕ ਮੈਨੂੰ ਸਰਬਜੀਤ ਕਹਿ ਕੇ ਬੁਲਾਉਂਦੇ ਹਨ ਪਰ ਤੁਸੀਂ ਮੈਨੂੰ ਸਰਬਜੀਤ ਕਹਿ ਕੇ ਨਹੀਂ ਬੁਲਾਉਂਦੇ ਕੀ ਕਾਰਨ ਹੈ। ਰਾਜ ਮਾਤਾ ਨੇ ਉੱਤਰ ਦਿੱਤਾ ਹੇ ਬੇਟਾ ਦੁਨੀਆ ਦੀਆਂ ਜੋ ਰਵਾਇਤਾਂ ਹਨ ਉਸ ਨੂੰ ਜਿੱਤਣ ਨਾਲ ਸਰਬਜੀਤ ਨਹੀਂ ਹੋ ਸਕਦਾ। ਹੇ ਬੇਟਾ ਆਪਣੇ ਮਨ ਨੂੰ ਜਿੱਤਣ ਕਰਕੇ ਪੁਰਸ਼ ਸਰਬਜੀਤ ਹੋ ਸਕਦਾ ਹੈ। ਬਾਹਰਲੇ ਦੁਸ਼ਮਨ ਜਿੱਤਣ ਕਰਕੇ ਪੁਰਸ਼ ਸ਼ੱਤਰੂ ਜੀਤ ਨਹੀਂ ਹੋ ਸਕਦਾ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਦੁਸ਼ਮਨਾਂ ਨੂੰ ਜਿੱਤਣ ਕਰਕੇ ਪੁਰਸ਼ ਸ਼ੱਤਰੂ ਜੀਤ ਹੋ ਸਕਦਾ ਹੈ। ਹੇ ਬੇਟਾ ਤੂੰ ਕਹਿੰਦਾ ਹੈ ਕਿ ਸਾਰੀ ਪ੍ਰਿਥਵੀ ਦੇ ਲੋਕ ਮੇਰੀ ਆਗਿਆ ਵਿਚ ਚੱਲਦੇ ਹਨ। ਪਰ ਮੇਰੀ ਗੱਲ ਉੱਤੇ ਆਪ ਗੁੱਸੇ ਨਹੀਂ ਹੋਣਾ ਹੇ ਬੇਟਾ ਜੋ ਤੇਰਾ ਸ਼ਰੀਰ ਹੈ ਸੋ ਭੀ ਤੇਰੀ ਆਗਿਆ ਵਿਚ ਨਹੀਂ ਚੱਲਦਾ ਕਰਮਾਂ ਅਨੁਸਾਰ ਵਿੰਗਾ ਟੇਢਾ ਚੱਲਦਾ ਹੈ। ਕਦੀ ਕੋਈ ਰੋਗ ਕਦੀ ਚਿੰਤਾ ਵਿਚ ਫਸ ਜਾਂਦਾ ਹੈ। ਦਿਨ ਬਦਿਨ ਸ਼ਰੀਰ ਬਿਰਧ ਹੁੰਦਾ ਜਾਂਦਾ ਹੈ। ਇੱਕ ਦਿਨ ਐਸਾ ਆ ਜਾਵੇਗਾ ਜੋ ਸਰੀਰ ਨਾਸ ਹੋ ਜਾਵੇਗਾ। ਤੇਰੀਆਂ ਇੰਦ੍ਰੀਆਂ ਅਤੇ ਤੇਰਾ ਮਨ ਭੀ ਤੇਰੇ ਵਸ ਵਿਚ ਨਹੀਂ ਹੈ। ਨਿਤ ਹੀ ਮਨ ਤੈਨੂੰ ਵਿਸ਼ਿਆਂ ਵਿਕਾਰਾਂ ਵਿਚ ਭਟਕਾਉਂਦਾ ਹੈ। ਪਹਿਲੇ ਤੂੰ ਸਰੀਰ, ਮਨ ਅਤੇ ਇੰਦ੍ਰੀਆਂ ਨੂੰ ਜਿੱਤਣਾ ਕਰੋ। ਜਦੋਂ ਤੁਸੀਂ ਮਨ ਅਤੇ ਇੰਦ੍ਰੀਆਂ ਨੂੰ

ਜਿੱਤ ਲਵੋਗੇ ਫਿਰ ਮੈਂ ਭੀ ਆਪ ਜੀ ਨੂੰ ਸਰਬਜੀਤ ਨਾਮ ਕਰਕੇ ਬੁਲਾਇਆ ਕਰਾਂਗੀ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ।

*ਮਨਿ ਜੀਤੈ ਜਗੁ ਜੀਤੁ॥* *ਆਦਿ ੬*

## ਕਬੀਰ ਦੀ ਰੀਸ

*ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥*
*ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥* *ਆਦਿ ੭*

ਕਬੀਰ ਭਗਤ ਜੀ ਦਾ ਬਹੁਤ ਜਸ ਫੈਲ ਗਿਆ ਤਾਂ ਕਬੀਰ ਦਾ ਇੱਕ ਸ਼ਰੀਕ ਭਾਈ ਜੁਲਾਹਾ ਕਬੀਰ ਜੀ ਪਾਸ ਆ ਕੇ ਕਹਿਣ ਲੱਗਾ ਹੇ ਕਬੀਰ ਸਾਨੂੰ ਤਾਂ ਕੋਈ ਜਾਣਦਾ ਨਹੀਂ ਤੇ ਤੇਰਾ ਬੜਾ ਜਸ ਫੈਲ ਗਿਆ ਹੈ ਇਹ ਕੀ ਕਾਰਨ ਹੈ। ਕਬੀਰ ਨੇ ਕਿਹਾ ਸਾਡੇ ਘਰ ਵਿੱਚ ਇਤਫਾਕ ਹੈ ਅਤੇ ਇਸਤਰੀ ਮੇਰੀ ਆਗਿਆਕਾਰੀ ਹੈ ਇਸ ਕਰਕੇ ਮੇਰਾ ਜਸ ਹੁੰਦਾ ਹੈ। ਜਿਸ ਘਰ ਵਿੱਚ ਦੁਬਿਧਾ ਹੋਵੇ ਭਾਵ ਬੇ ਇਤਫਾਕੀ ਹੋਵੇ ਉਸ ਘਰ ਵਿੱਚ ਬਦਨਾਮੀ ਹੁੰਦੀ ਹੈ। ਤਾਂ ਉਸ ਜੁਲਾਹੇ ਨੇ ਕਿਹਾ ਮੈਨੂੰ ਤੂੰ ਆਪਣੇ ਘਰ ਦਾ ਇਤਫਾਕ ਦਿਖਾ। ਕਬੀਰ ਨੇ ਉਸੀ ਵੇਲੇ ਲੋਈ ਨੂੰ ਬੁਲਾ ਕੇ ਕਿਹਾ ਹੇ ਪ੍ਰਿਯ ਬਾਹਰ ਜਾ ਕੇ ਕੱਚੀ ਮਿੱਟੀ ਦੇ ਢੇਲੇ ਲੈ ਆ। ਉਸ ਮਿੱਟੀ ਨੂੰ ਚੰਗੀ ਤਰ੍ਹਾਂ ਕੁੱਟ ਕੇ ਕੱਪੜ ਛਾਣ ਕਰਕੇ ਵਿੱਚ ਪਾਣੀ ਤੇ ਘਿਉ ਮਿਲਾ ਕੇ ਗੋ ਦੇ। ਤਾਂ ਲੋਈ ਛੇਤੀ ਨਾਲ ਬਾਹਰੋਂ ਮਿੱਟੀ ਲੈ ਆਈ। ਬਰੀਕ ਕਰਕੇ ਕੱਪੜ ਛਾਣ ਭੀ ਕੀਤਾ ਅਤੇ ਬਹਤੁ ਸਾਰਾ ਘਿਉ ਤੇ ਪਾਣੀ ਪਾ ਕੇ ਚੰਗੀ ਤਰ੍ਹਾਂ ਮਿੱਟੀ ਗੋ ਦਿੱਤੀ ਤੇ ਕਬੀਰ ਦੇ ਅੱਗੇ ਰੱਖ ਦਿੱਤੀ। ਤਾਂ ਫੇਰ ਕਬੀਰ ਨੇ ਕਿਹਾ ਇਸ ਮਿੱਟੀ ਦੇ ਦੀਵੇ ਬਣਾ ਕੇ ਵਿੱਚ ਹੋਰ ਘਿਉ ਪਾ ਕੇ ਉਸੀ ਅਸਥਾਨ ਤੇ ਜਗਾ ਕੇ ਰੱਖ ਆ ਜਿੱਥੋਂ ਮਿੱਟੀ ਲਿਆਉਂਦੀ ਸੀ। ਲੋਈ ਨੇ ਸਤਿ ਬਚਨ ਕਹਿ ਕੇ ਉਸੀ ਤਰ੍ਹਾਂ ਕੀਤਾ ਜਿਵੇਂ ਪਤੀ ਨੇ ਕਿਹਾ ਸੀ। ਇਹ ਵਾਰਤਾ ਦੇਖ ਕੇ ਜੁਲਾਹਾ ਮਨ ਵਿੱਚ ਵਿਚਾਰਨ ਲੱਗਾ ਇਹ ਤਾਂ ਸੁਖੱਲੀ ਹੀ ਗੱਲ ਹੈ। ਇਸ ਤਰ੍ਹਾਂ ਮੈਂ ਆਪਣੀ ਇਸਤਰੀ ਤੋਂ ਕਰਤੱਬ ਕਰਾ ਲਵਾਂਗਾ ਅਤੇ ਮੇਰਾ ਭੀ ਬਹੁਤ ਜਸ ਫੈਲ ਜਾਵੇਗਾ। ਜੁਲਾਹੇ ਨੇ ਘਰ ਜਾ ਕੇ ਜੋਰ ਨਾਲ ਆਵਾਜ ਮਾਰੀ ਤੇ ਕਿਹਾ ਅਰੀ ਜੁਲਾਹੀ ਬਾਹਰੋਂ ਜਾ ਕੇ ਕੱਚੀ ਮਿੱਟੀ ਦੇ ਢੇਲੇ ਲੈ ਆ ਤਾਂ ਜੁਲਾਹੀ ਨੇ ਉੱਤਰ ਦਿੱਤਾ ਕਿ ਕਦੀ ਜਨਾਨੀਆਂ ਵੀ ਬਾਹਰ ਜਾਂਦੀਆਂ ਚੰਗੀਆਂ ਲਗਦੀਆਂ ਹਨ ਤੂੰ ਤਾਂ ਪੁਰਸ਼ ਹੈਂ ਤੂੰ ਭੱਜ ਕੇ ਲੈ ਆ। ਜੁਲਾਹੇ ਨੇ ਜੁਲਾਹੀ ਨੂੰ ਧੱਕੇ ਦੇ ਕੇ ਮਿੱਟੀ ਲੈਣ ਭੇਜਿਆ ਤਾਂ ਰੋਂਦੀ ਚੀਕਦੀ ਜੁਲਾਹੀ ਨੇ ਮਿੱਟੀ ਦੇ ਢੇਲੇ ਲਿਆ ਕੇ ਜੁਲਾਹੇ ਅੱਗੇ ਕਰੋਧ ਨਾਲ ਸੁੱਟ ਦਿੱਤੇ। ਜੁਲਾਹੇ ਨੇ ਫੇਰ ਕਿਹਾ ਇਸ ਮਿੱਟੀ ਨੂੰ ਕੁੱਟ ਕੇ ਬਰੀਕ ਕਰਕੇ ਕੱਪੜ ਛਾਣ ਕਰਦੇ ਤਾਂ ਜੁਲਾਹੀ ਬੋਲੀ ਮੈਂ ਬਾਹਰ ਜਾ ਕੇ ਮਿੱਟੀ ਲਿਆਉਂਦੀ ਹੈ ਅਤੇ ਤੂੰ ਆਪੇ ਕੁੱਟ ਲੈ। ਤਾਂ

ਜੁਲਾਹੇ ਨੇ ਜੁਲਾਹੀ ਨੂੰ ਦੋ ਚਪੇੜਾਂ ਮਾਰੀਆਂ ਅਤੇ ਕਿਹਾ ਤੈਨੂੰ ਜੋ ਮੈਂ ਹੁਕਮ ਦਿੰਦਾ ਹਾਂ ਸੋਈ ਤੂੰ ਕਰੀ ਜਾ। ਰੋਂਦੀ ਕੁਰਲਾਂਦੀ ਜੁਲਾਹੀ ਨੇ ਮਿੱਟੀ ਨੂੰ ਕੁੱਟ ਕੇ ਕੱਪੜ ਛਾਣ ਵੀ ਕਰ ਦਿੱਤਾ ਤਾਂ ਫੇਰ ਜੁਲਾਹਾ ਕਹਿਣ ਲੱਗਾ ਇਸ ਮਿੱਟੀ ਵਿੱਚ ਘਿਉ ਮਿਲਾ ਕੇ ਚੰਗੀ ਤਰ੍ਹਾਂ ਗੌ ਦੇ। ਇਸ ਸੁਣ ਕੇ ਤਾਂ ਜੁਲਾਹੀ ਨੇ ਹਾਲ ਪਾਹਰਿਆ ਪਾ ਦਿੱਤੀ। ਉੱਚੀ ਉੱਚੀ ਕਹਿਣ ਲੱਗੀ ਕਿ ਮੇਰੇ ਪਤੀ ਨੂੰ ਭੂਤ ਚਿੰਬੜ ਗਿਆ ਹੈ। ਇਹ ਕਹਿੰਦਾ ਹੈ ਮਿੱਟੀ ਵਿੱਚ ਘਿਉ ਪਾ ਕੇ ਗੁੰਨ ਦੇ ਐਸੀਆਂ ਗੱਲਾਂ ਤਾਂ ਕੋਈ ਮੂਰਖ ਵੀ ਨਹੀਂ ਕਰਦਾ। ਉਧਰੋਂ ਜੁਲਾਹੇ ਦੇ ਮਨ ਵਿੱਚ ਕਰੋਧ ਵਧ ਗਿਆ ਤੇ ਡੰਡਾ ਲੈ ਕੇ ਜੁਲਾਹੀ ਦੇ ਦੁਆਲੇ ਹੋ ਗਿਆ ਤਾਂ ਲੋਕਾਂ ਨੇ ਸਮਝਿਆ ਕਿ ਸਚਮੁਚ ਹੀ ਇਸ ਦੇ ਅੰਦਰ ਭੂਤ ਵੜ ਗਿਆ ਹੈ ਤਾਂ ਲੋਕਾਂ ਨੇ ਭੂਤ ਪ੍ਰੇਤ ਕੱਢਣ ਵਾਲੇ ਕਾਜੀ ਨੂੰ ਬੁਲਾ ਲਿਆਉਂਦਾ। ਕਾਜੀ ਨੇ ਕਿਹਾ ਇਸ ਦੇ ਅੰਦਰ ਕੋਈ ਵੱਡਾ ਭੂਤ ਪ੍ਰਵੇਸ਼ ਕਰ ਗਿਆ ਹੈ। ਤੁਸੀਂ ਬਹੁਤ ਸਾਰੀਆਂ ਲਾਲ ਮਿਰਚਾਂ ਲੈ ਆਉ ਤਾਂ ਉਸੇ ਵੇਲੇ ਇੱਕ ਆਦਮੀ ਮਿਰਚਾਂ ਲੈ ਆਇਆ। ਕਾਜੀ ਨੇ ਮਿਰਚਾਂ ਦਾ ਤੋਬਰਾ ਜੁਲਾਹੇ ਦੇ ਮੂੰਹ ਉਪਰ ਚੜ੍ਹਾਇਆ ਤਾਂ ਜੁਲਾਹਾ ਬੜਾ ਖਰੂਦ ਕਰਨ ਲੱਗਾ। ਬਹੁਤ ਲੋਕੀ ਇਕੱਠੇ ਹੋ ਗਏ। ਇਹ ਡੰਡ ਰੌਲਾ ਸੁਣ ਕੇ ਕਬੀਰ ਜੀ ਵੀ ਆ ਪਹੁੰਚੇ ਤਾਂ ਕਬੀਰ ਨੇ ਕਿਹਾ ਹੇ ਕਾਜੀ ਇਸ ਜੁਲਾਹੇ ਨੂੰ ਕੋਈ ਵੀ ਭੂਤਨਾ ਨਹੀਂ ਚਿੰਬੜਿਆ ਹੋਇਆ ਇਹ ਤਾਂ ਕੇਵਲ ਮੇਰੀ ਰੀਸ ਕਰਨਾ ਚਾਹੁੰਦਾ ਸੀ। ਤੁਸੀਂ ਇਸ ਨੂੰ ਛੱਡ ਦੇਵੋ ਮੈਂ ਆਪ ਹੀ ਸਮਝਾ ਲਵਾਂਗਾ।

## ਗਿਆਨੀ ਨਿਰਅਕੰਸ਼

*ਗਿਆਨ ਖੰਡ ਕਾ ਆਖਹੁ ਕਰਮੁ॥* *ਆਦਿ ੭*

*ਕਥਾ ਸੁਣੋ ਭਗਵਾਨ ਕੀ, ਛਾਡੋ ਸਭੀ ਵਿਕਾਰ॥*
*ਪ੍ਰੇਮਾ ਭਗਤੀ ਮਨ ਗਹੋ, ਹੋ ਜਾਏ ਨਿਸਤਾਰ॥*

ਇੱਕ ਸਮੇਂ ਗੋਕਲ ਵਿੱਚ ਗੋਪੀਆਂ ਨੇ ਕ੍ਰਿਸ਼ਨ ਜੀ ਨੂੰ ਕਿਹਾ ਜੋ ਆਪਦਾ ਗੁਰੂ ਦੁਰਬਾਸ਼ਾ ਰਿਖੀ ਹੈ ਤਿਸ ਦੇ ਦਰਸ਼ਨ ਕਰਨ ਵਾਸਤੇ ਸਾਡਾ ਮਨ ਬਹੁਤ ਚਾਹੁੰਦਾ ਹੈ। ਪਰੰਤੂ ਉਹ ਜਮੁਨਾ ਦੇ ਪਾਰਲੇ ਕਿਨਾਰੇ ਰਹਿੰਦੇ ਹਨ। ਜਮਨਾ ਨਦੀ ਠਾਠਾਂ ਮਾਰਦੀ ਹੈ ਅਤੇ ਅਸੀਂ ਪਾਰ ਕੈਸੇ ਜਾਈਏ। ਤਦ ਕ੍ਰਿਸ਼ਨ ਜੀ ਨੇ ਕਿਹਾ ਕਿ ਤੁਸੀਂ ਬਹੁਤ ਸੁੰਦਰ ਪਕੇ ਭੋਜਨ ਤਿਆਰ ਕਰਕੇ ਦੁਰਬਾਸ਼ਾ ਰਿਖੀ ਦੀ ਭੇਟਾ ਲੈ ਜਾਵੋ ਅਤੇ ਰਸਤੇ ਵਿੱਚ ਜਮਨਾ ਨਦੀ ਨੂੰ ਇਹ ਕਹਿਣਾ ਕਿ ਜੇਕਰ ਕ੍ਰਿਸ਼ਨ ਸਦਾ ਹੀ ਜਤੀ ਹੈ ਭਾਵ ਇਸਤਰੀ ਸਾਥ ਸਪਰਸ਼ ਨਹੀਂ ਕੀਤਾ ਤਾਂ ਸਾਨੂੰ ਰਸਤਾ ਦੇ ਦੇ। ਜਦੋਂ ਗੋਪੀਆਂ ਜਮਨਾ ਦੇ ਕਿਨਾਰੇ ਗਈਆਂ ਤਾਂ ਅੱਗੇ ਨਦੀ ਬਹੁਤ ਉੱਛਲ ਰਹੀ ਸੀ ਤਾਂ ਗੋਪੀਆਂ ਨੇ ਕਿਹਾ ਹੇ ਜਮਨਾ ਨਦੀ ਜੇ ਸਾਡਾ ਕ੍ਰਿਸ਼ਨ ਸਦਾ ਹੀ ਜਤੀ ਹੈ ਤਾਂ ਸਾਨੂੰ ਰਸਤਾ ਦੇ

ਦੇ। ਜਮਨਾ ਸੁਣਦੇ ਸਾਰ ਹਥ ਭਰ ਹੋ ਗਈ ਅਤੇ ਸਾਰੀਆਂ ਗੋਪੀਆਂ ਜਮਨਾ ਤੋਂ ਪਾਰ ਹੋ ਗਈਆਂ। ਅੱਗੇ ਦੁਰਬਾਸ਼ਾ ਰਿਖੀ ਜੀ ਆਪਣੀ ਕੁਟੀਆ ਵਿੱਚ ਬੈਠੇ ਹੋਏ ਸਨ। ਸਾਰੀਆਂ ਗੋਪੀਆਂ ਨੇ ਦੁਰਬਾਸ਼ਾ ਨੂੰ ਨਮਸਕਾਰ ਕਰਕੇ ਦੁੱਧ, ਦਹੀਂ, ਮੱਖਣ, ਪੇੜੇ ਆਦਿ ਭੇਟਾ ਕੀਤੇ ਤਾਂ ਦੁਰਬਾਸ਼ਾ ਰਿਖੀ ਨੇ ਸਭ ਕੁਝ ਹੀ ਖਾ ਲਿਆ। ਗੋਪੀਆਂ ਵਾਸਤੇ ਕੁਝ ਸੀਤ ਪ੍ਰਸ਼ਾਦਿ ਭੀ ਨਾ ਰੱਖਿਆ। ਤਦ ਗੋਪੀਆਂ ਨਮਸਕਾਰ ਕਰਕੇ ਵਾਪਸ ਚੱਲ ਪਈਆਂ। ਅੱਗੇ ਕੀ ਦੇਖਦੀਆਂ ਹਨ ਕਿ ਜਮਨਾ ਦਾ ਪ੍ਰਵਾਹ ਉਛਾਲੇ ਮਾਰ ਰਿਹਾ ਹੈ। ਫੇਰ ਵਾਪਸ ਆ ਕੇ ਦੁਰਬਾਸ਼ਾ ਰਿਖੀ ਪਾਸ ਬੇਨਤੀ ਕੀਤੀ ਕਿ ਹੇ ਰਿਖੀ ਜੀ ਸਾਨੂੰ ਜਮਨਾ ਤੋਂ ਪਾਰ ਲੰਘਾ ਦੇਵੋ ਤਾਂ ਦੁਰਬਾਸ਼ਾ ਨੇ ਕਿਹਾ ਕਿ ਗੋਪੀਓ ਤੁਸੀਂ ਜਾ ਕੇ ਜਮਨਾ ਨੂੰ ਕਹਿਣਾ ਕਿ ਜੇਕਰ ਦੁਰਬਾਸ਼ਾ ਰਿਖੀ ਨਿਰ ਅਹਾਰੀ ਹੈ ਭਾਵ ਕਦੀ ਕੁਝ ਵੀ ਨਹੀਂ ਖਾਧਾ ਤਾਂ ਸਾਨੂੰ ਰਸਤਾ ਦੇ ਦੇਵੋ। ਤਾਂ ਗੋਪੀਆਂ ਨੇ ਤੈਸੇ ਹੀ ਜਾ ਕੇ ਕਹਿ ਦਿੱਤਾ ਤਦ ਜਮਨਾ ਨਦੀ ਗੋਡੇ ਗੋਡੇ ਹੋ ਗਈ। ਗੋਪੀਆਂ ਨਦੀ ਪਾਰ ਹੋ ਕੇ ਕ੍ਰਿਸ਼ਨ ਜੀ ਪਾਸ ਜਾ ਕੇ ਕਹਿਣ ਲੱਗੀਆਂ ਕਿ ਹੇ ਮਹਾਰਾਜ ਜੈਸੇ ਆਪ ਚੇਲੇ ਹੋ ਤੈਸੇ ਹੀ ਆਪ ਜੀ ਦਾ ਗੁਰੂ ਹੈ। ਆਪ ਨੇ ਅਨੇਕਾਂ ਵਾਰੀ ਸਾਡੇ ਨਾਲ ਕਲੋਲ ਕੀਤੇ ਹਨ ਪਰ ਆਪ ਨੂੰ ਜਮਨਾ ਜਤੀ ਸਮਝਦੀ ਹੈ। ਕਿੰਨੇ ਹੀ ਪੇੜੇ ਆਦਿ ਪਦਾਰਥਾਂ ਦੇ ਥਾਲ ਭਰੇ ਭਰਾਏ ਤੁਹਾਡੇ ਗੁਰੂ ਜੀ ਨੇ ਖਾ ਲਏ ਤਿਸ ਦੁਰਬਾਸ਼ਾ ਨੂੰ ਜਮਨਾ ਨੇ ਨਿਰ ਅਹਾਰੀ ਸਮਝਿਆ ਹੈ ਇਹ ਬੜਾ ਹੀ ਅਸਚਰਜ ਹੈ। ਤਾਂ ਕ੍ਰਿਸ਼ਨ ਜੀ ਨੇ ਕਿਹਾ ਗੋਪੀਓ ਮੇਰੇ ਮਨ ਵਿੱਚ ਕੋਈ ਵਾਸ਼ਨਾ ਨਹੀਂ ਹੈ। ਜੋ ਤੁਹਾਡੇ ਨਾਲ ਮੈਂ ਕਰੀੜਾ ਕਰਾਂ ਤੁਸੀਂ ਆਪਣੇ ਮਨ ਦੀਆਂ ਇਛਾਂ ਪੂਰਨ ਕਰਨ ਵਾਸਤੇ ਮੇਰੇ ਨਾਲ ਕਲੋਲ ਕਰਦੀਆਂ ਹੋ ਤੇ ਮੈਂ ਮਨ ਕਰਕੇ ਕੁਝ ਨਹੀਂ ਕਰਦਾ। ਦੁਰਬਾਸ਼ਾ ਰਿਖੀ ਕਿੰਨੇ ਦਿਨਾਂ ਤੋਂ ਜੰਗਲ ਵਿੱਚ ਭੁੱਖੇ ਬੈਠੇ ਸਨ ਉਨ੍ਹਾਂ ਨੂੰ ਕੋਈ ਵਾਸ਼ਨਾ ਨਹੀਂ ਸੀ ਫੁਰੀ ਕਿ ਮੈਨੂੰ ਕੋਈ ਭੋਜਨ ਛਕਾ ਜਾਵੇ। ਤੁਸੀਂ ਸੁਭਾਵਕ ਹੀ ਉੱਥੇ ਜਾ ਕੇ ਭੋਜਨ ਛਕਾਇਆ ਹੈ। ਰਿਖੀ ਨੇ ਮਨ ਕਰਕੇ ਕੁਝ ਭੀ ਨਹੀਂ ਛਕਿਆ। ਜੋ ਮਨ ਕਰਕੇ ਕਰਤਬ ਨਾ ਕੀਤਾ ਜਾਵੇ ਸੋ ਨਾ ਕੀਤੇ ਵਰਗਾ ਹੁੰਦਾ ਹੈ। ਇਸੇ ਕਰਕੇ ਸ਼ਾਸਤਰ ਨੇ ਗਿਆਨਵਾਨ ਨੂੰ ਕਰਤਾ ਭੀ ਅਕਰਤਾ ਕਿਹਾ ਹੈ ਤੇ ਭੋਗਤਾ ਭੀ ਅਭੋਗਤਾ ਕਿਹਾ ਹੈ।

## ਮਨ ਅਪੁਨੇ ਤੇ ਬੁਰਾ ਮਿਟਾਨਾ

ਇਕ ਰਾਜਾ ਰੋਗ ਕਰਕੇ ਬੜਾ ਬੀਮਾਰ ਰਹਿੰਦਾ ਸੀ। ਇਹ ਸੁਣ ਕੇ ਇਕ ਸੁਦਾਗਰ ਨੇ ਬਹੁਤ ਸਾਰਾ ਚੰਦਨ ਖਰੀਦ ਲੀਤਾ ਤੇ ਵਿਚਾਰਿਆ ਕਿ ਜਦੋਂ ਰਾਜਾ ਮ੍ਰਿਤੂ ਹੋਵੇਗਾ ਰਾਜਾ ਦੀ ਚਿਖਾ ਲਈ ਮੇਰੇ ਪਾਸੋਂ ਚੰਦਨ ਖਰੀਦਣਗੇ ਅਤੇ ਮੈਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ। ਪ੍ਰੰਤੂ ਪਰਮੇਸ਼ਰ ਦੀ ਅਗਾਧ ਗਤੀ ਹੈ। ਈਸ਼ਵਰ ਦੀ ਕਿਰਪਾ ਨਾਲ ਕੁਝ ਦਿਨਾਂ ਮਗਰੋਂ ਰਾਜੇ ਦਾ ਰੋਗ ਦੂਰ ਹੋ ਗਿਆ, ਕਿਉਂਕਿ ਬੜੇ ਬੜੇ ਵੈਦ ਇਲਾਜ

ਕਰ ਰਹੇ ਸਨ। ਰਾਜੇ ਦੀ ਅਰੋਗਤਾ ਸੁਣ ਕੇ ਸੁਦਾਗਰ ਨੂੰ ਬਹੁਤ ਚਿੰਤਾ ਹੋਈ ਕਿ ਮੇਰਾ ਚੰਦਨ ਖਰੀਦਿਆ ਹੋਇਆ ਨਿਸਫਲ ਹੀ ਗਿਆ। ਪਰ ਏਹੀ ਬਾਰੰਬਾਰ ਮਨ ਵਿਚ ਚਿਤਵੇ ਕਿ ਰਾਜਾ ਛੇਤੀ ਮ੍ਰਿਤੂ ਹੋਵੇ ਤੇ ਮੇਰਾ ਚੰਦਨ ਛੇਤੀ ਵਿਕੇ।

ਇਕ ਦਿਨ ਰਾਜਾ ਫਿਰਦਾ ਹੋਇਆ ਸੁਦਾਗਰ ਦੇ ਮਕਾਨ ਕੋਲੋਂ ਲੰਘਿਆ ਤਾਂ ਦੇਖਿਆ ਕਿ ਮੇਰੇ ਮੰਦਰ ਨਾਲੋਂ ਭੀ ਇਹ ਮਕਾਨ ਬਹੁਤ ਸੁੰਦਰ ਹੈ। ਵਜ਼ੀਰ ਨੂੰ ਹੁਕਮ ਕੀਤਾ ਕਿ ਇਹ ਮਕਾਨ ਗਿਰਾ ਦੇਵੋ ਕਿਉਂਕਿ ਮੇਰੇ ਮੰਦਰ ਤੋਂ ਵੀ ਉੱਚਾ ਹੈ। ਵਜ਼ੀਰ ਇਹ ਸੁਣ ਕੇ ਚੁੱਪ ਕਰ ਗਿਆ। ਕੁਝ ਕੁ ਦਿਨਾਂ ਮਗਰੋਂ ਫੇਰ ਰਾਜਾ ਉਥੋਂ ਦੀ ਲੰਘਿਆ ਤੇ ਵਜ਼ੀਰ ਨੂੰ ਕ੍ਰੋਧ ਨਾਲ ਕਿਹਾ ਕਿ ਤੂੰ ਇਹ ਮਕਾਨ ਕਿਉਂ ਨਹੀਂ ਗਿਰਾਇਆ, ਮੈਂ ਤੈਨੂੰ ਦੰਡ ਦੇਵਾਂਗਾ। ਵਜ਼ੀਰ ਨੇ ਨਿਮਰਤਾ ਨਾਲ ਕਿਹਾ ਮਹਾਰਾਜ! ਹੁਣ ਗਿਰਾ ਦੇਵਾਂਗੇ। ਫੇਰ ਵਜ਼ੀਰ ਨੇ ਵਿਚਾਰਿਆ ਕਿ ਰਾਜਾ ਬੜਾ ਧਰਮਾਤਮਾ ਹੈ ਬਿਨਾਂ ਅਪਰਾਧ ਤੋਂ ਕਿਸੇ ਦਾ ਨੁਕਸਾਨ ਨਹੀਂ ਕਰਦਾ। ਇਸ ਸੁਦਾਗਰ ਨੇ ਕੋਈ ਅਪਰਾਧ ਕੀਤਾ ਹੋਵੇਗਾ ਜਿਸ ਕਰਕੇ ਰਾਜਾ ਇਸਦੇ ਮੰਦਰ ਨੂੰ ਗਿਰਾਉਣਾ ਚਾਹੁੰਦਾ ਹੈ। ਵਜ਼ੀਰ ਨੇ ਇਕਾਂਤ ਅਸਥਾਨ ਵਿਖੇ ਸੁਦਾਗਰ ਨੂੰ ਬੁਲਾ ਕੇ ਪੁਛਿਆ ਕਿ ਤੂੰ ਸਚ ਕਹੁ, ਰਾਜੇ ਦਾ ਕੀ ਨੁਕਸਾਨ ਕੀਤਾ ਹੈ ਜਿਸ ਕਰਕੇ ਰਾਜਾ ਤੇਰੇ ਪਰ ਕਰੋਧਵਾਨ ਹੈ। ਜੇਕਰ ਝੂਠ ਬੋਲੇਂਗਾ ਤਾਂ ਤੇਰਾ ਮਕਾਨ ਹੁਣੇ ਹੀ ਗਿਰਵਾ ਦੇਵਾਂਗਾ। ਸੁਦਾਗਰ ਨੇ ਹਥ ਜੋੜ ਕੇ ਕਿਹਾ ਹੇ ਵਜ਼ੀਰ ਜਦ ਰਾਜਾ ਸਖਤ ਬੀਮਾਰ ਹੋ ਗਿਆ ਸੀ ਉਸ ਸਮੇਂ ਮੈਂ ਚੰਦਨ ਖਰੀਦ ਲਿਆ ਸੀ ਕਿ ਰਾਜੇ ਦੇ ਸਸਕਾਰ ਕਰਨ ਲਈ ਮੇਰੇ ਪਾਸੋਂ ਚੰਦਨ ਖਰੀਦਣਗੇ ਅਤੇ ਮੈਨੂੰ ਲਾਭ ਹੋਵੇਗਾ। ਸੋ ਹੁਣ ਈਸ਼ਵਰ ਦੀ ਨੇਤ ਨਾਲ ਰਾਜਾ ਅਰੋਗ ਹੋ ਗਿਆ ਹੈ ਤੇ ਮੇਰੇ ਚੰਦਨ ਨੂੰ ਹੋਰ ਕੋਈ ਖਰੀਦ ਨਹੀਂ ਸਕਦਾ ਤੇ ਮੈਂ ਏਹੀ ਮਨ ਕਰਕੇ ਚਿਤਵਦਾ ਰਹਿੰਦਾ ਹਾਂ ਕਿ ਰਾਜਾ ਛੇਤੀ ਮਰੇ ਤੇ ਮੇਰਾ ਚੰਦਨ ਵਿਕੇ ਉਸੀ ਸਮੇਂ ਵਜ਼ੀਰ ਨੇ ਧਨ ਦੇ ਕੇ ਸਾਰਾ ਚੰਦਨ ਖਰੀਦ ਲਿਆ ਅਤੇ ਰਾਜੇ ਦੇ ਖਜ਼ਾਨੇ ਵਿਚ ਜਮ੍ਹਾ ਕਰ ਦਿਤਾ। ਤਦੋਂ ਸੁਦਾਗਰ ਦੇ ਮਨ ਵਿਚੋਂ ਰਾਜਾ ਦੇ ਮਰਨੇ ਦਾ ਫੁਰਨਾ ਦੂਰ ਹੋ ਗਿਆ।

ਫੇਰ ਕੁਝ ਦਿਨਾਂ ਮਗਰੋਂ ਰਾਜਾ ਸੁਦਾਗਰ ਦੇ ਮਕਾਨ ਕੋਲੋਂ ਲੰਘਿਆ ਤੇ ਬਹੁਤ ਸੁੰਦਰ ਮਕਾਨ ਵੇਖ ਕੇ ਵਜ਼ੀਰ ਨੂੰ ਕਹਿਣ ਲਗਾ, ਹੇ ਵਜ਼ੀਰ! ਇਸ ਮਕਾਨ ਨੂੰ ਨਾ ਗਿਰਾਣਾ, ਤੈਨੇ ਚੰਗਾ ਕੀਤਾ ਹੈ, ਕਿ ਇਸ ਮੰਦਰ ਨੂੰ ਨਹੀਂ ਗਿਰਾਇਆ। ਜੇਕਰ ਤੂੰ ਇਸ ਮੰਦਰ ਨੂੰ ਗਿਰਾ ਦੇਂਦਾ ਤਾਂ ਮੈਨੂੰ ਬੜਾ ਪਾਪ ਲਗਣਾ ਸੀ। ਹੁਣ ਇਸ ਮਕਾਨ ਨੂੰ ਬਿਲਕੁਲ ਨਹੀਂ ਗਿਰਾਣਾ। ਵਜ਼ੀਰ ਨੇ ਕਿਹਾ ਮਹਾਰਾਜ! ਜੋ ਮੰਦਰ ਗਿਰਾਨੇ ਵਾਲਾ ਸੰਕਲਪ ਸੀ ਸੋ ਨਿਕਲ ਗਿਆ ਹੈ, ਹੁਣ ਇਹ ਮਕਾਨ ਨਹੀਂ ਗਿਰੇਗਾ। ਸਿਧਾਂਤ ਇਹ ਹੈ ਜਦ ਸੁਦਾਗਰ ਦੇ ਮਨ ਵਿਚ ਦੁਸ਼ਟ ਸੰਕਲਪ ਸੀ, ਤਦ ਰਾਜਾ ਭੀ ਸੁਦਾਗਰ ਪਰ ਕਰੋਧਵਾਨ ਸੀ, ਜਿਸ ਵੇਲੇ ਸੁਦਾਗਰ ਦੇ ਮਨ ਵਿਚੋਂ ਦੁਸ਼ਟ ਸੰਕਲਪ

ਦੂਰ ਹੋ ਗਿਆ ਤਦ ਰਾਜਾ ਵੀ ਪ੍ਰਸੰਨ ਹੋ ਗਿਆ।

## ਡੋਰਿਆਂ ਦਾ ਟੱਬਰ

ਇਕ ਡੋਰਿਆਂ ਦਾ ਕੁਟੰਬ ਸੀ ਭਾਵ ਸਾਰੇ ਹੀ ਡੋਰੇ ਸਨ ਉਸ ਕੁਟੰਬ ਵਿਚੋਂ ਪਿਉ ਨੇ ਪੁੱਤਰ ਨੂੰ ਹਲ ਵਾਹੁਣ ਵਾਸਤੇ ਭੇਜਿਆ। ਤਿਸ ਦੀ ਪੈਲੀ ਨਾਲ ਸੜਕ ਸੀ। ਜਾਂਦੇ ਹੋਏ ਸਿਪਾਹੀ ਨੇ ਉਸ ਲੜਕੇ ਤੋਂ ਸ਼ਹਿਰ ਦਾ ਰਸਤਾ ਪੁਛਿਆ। ਉਸ ਲੜਕੇ ਨੇ ਇਹ ਸਮਝਿਆ ਕਿ ਸਿਪਾਹੀ ਕਹਿੰਦਾ ਹੈ ਕਿ ਇਹ ਬੈਲ ਕਿਥੋਂ ਲਏ ਹਨ ਤਾਂ ਲੜਕੇ ਨੇ ਕਿਹਾ ਕਿ ਇਕ ਬਲਦ ਮੇਰੇ ਸਹੁਰਿਆਂ ਨੇ ਦਿੱਤਾ ਸੀ ਅਤੇ ਇਕ ਘਰ ਦਾ ਹੈ। ਸਿਪਾਹੀ ਨੇ ਜਾਣਿਆ ਕਿ ਮੈਨੂੰ ਹਾਸੀ ਕਰਦਾ ਹੈ। ਸੋ ਸਿਪਾਹੀ ਨੇ ਲੜਕੇ ਨੂੰ ਦੋ ਡੰਡੇ ਲਗਾਏ ਅਤੇ ਆਪ ਚਲਾ ਗਿਆ, ਜਦ ਫਿਰ ਉਸ ਲੜਕੇ ਦੀ ਇਸਤਰੀ ਰੋਟੀ ਲਿਆਈ ਤਦ ਲੜਕਾ ਆਪਣੀ ਇਸਤਰੀ ਨੂੰ ਮਾਰਨ ਲਗਾ, ਕਿ ਤੇਰੇ ਪਿਤਾ ਨੇ ਮੈਨੂੰ ਚੋਰੀ ਦਾ ਬਲਦ ਦਿਤਾ ਹੈ, ਇਕ ਸਿਪਾਹੀ ਨੇ ਪਛਾਣ ਲਿਆ ਹੈ ਪਤਾ ਨਹੀਂ ਉਹ ਕੀ ਕਰੇਗਾ। ਇਸਤਰੀ ਨੇ ਸਮਝਿਆ ਕਿ ਰੋਟੀ ਦੇਰ ਨਾਲ ਪਹੁੰਚੀ ਹੈ ਜਿਸ ਕਰਕੇ ਮਾਰਦਾ ਹੈ। ਸੋ ਕਹਿਣ ਲਗੀ, ਤੇਰੀ ਮਾਤਾ ਨੇ ਪਕਾਉਣ ਕਰਕੇ ਦੇਰ ਕਰ ਦਿਤੀ ਹੈ, ਸੋ ਆ ਕੇ ਸਸ ਨਾਲ ਲੜਨ ਲਗੀ ਜੋ ਤੂੰ ਰੋਟੀ ਪਕਾਉਣ ਵਿਚ ਦੇਰ ਕਰ ਦਿਤੀ ਸੀ ਇਸ ਕਰਕੇ ਤੇਰੇ ਪੁਤਰ ਨੇ ਮੈਨੂੰ ਮਾਰਿਆ ਹੈ। ਸਸ ਨੇ ਆਪਣੇ ਪਤੀ ਨੂੰ ਜਾ ਕੇ ਕਿਹਾ, ਤੇਰੀ ਨੂੰਹ ਨੂੰ ਅਜ ਰੋਟੀ ਦੇਣ ਵਾਸਤੇ ਭੇਜਿਆ ਸੀ ਸੋ ਆ ਕੇ ਲੜ ਪਈ ਹੈ। ਜ਼ਿਮੀਦਾਰ ਨੇ ਸਮਝਿਆ ਜੋ ਮੈਂ ਵਾਨ ਵੱਟਦਾ ਹਾਂ, ਇਹ ਮੈਨੂੰ ਕਹਿੰਦੀ ਹੈ ਕਿ ਵਾਨ ਮੋਟਾ ਹੈ, ਉਸ ਜ਼ਿਮੀਦਾਰ ਨੇ ਵਾਨ ਲੈ ਕੇ ਆਪਣੀ ਇਸਤਰੀ ਦੇ ਮੱਥੇ ਤੇ ਮਾਰ ਕੇ ਸਿੱਟ ਦਿੱਤਾ ਤੇ ਕਿਹਾ ਕਿ ਮੈਨੂੰ ਤਾਂ ਐਸਾ ਹੀ ਵੱਟਨਾ ਆਉਂਦਾ ਹੈ, ਬਰੀਕ ਵਟਾਉਨਾ ਹੈ ਤਾਂ ਕਿਸੇ ਹੋਰ ਖਸਮ ਪਾਸੋਂ ਵਟਾ ਲੈ। ਐਸੇ ਸਾਰੇ ਹੀ ਡੋਰੇ ਸਨ ਇਕ ਦੂਜੇ ਦੀ ਬਾਤ ਕੋਈ ਨਾ ਸਮਝੇ।

## ਅਗਨੀ ਦਾਸ

ਇਕ ਨਗਰ ਦੇ ਬਾਹਰ ਵਾਰ ਇੱਕ ਮਹਾਤਮਾ ਆਣ ਕੇ ਉਤਰਿਆ। ਇਸ ਮਹਾਤਮਾ ਦਾ ਜਸ ਸਾਰੇ ਨਗਰ ਵਿੱਚ ਫੈਲ ਗਿਆ। ਸੁਥਰੇ ਨੇ ਕਿਸੇ ਮਨੁੱਖ ਪਾਸੋਂ ਪੁੱਛਿਆ ਕਿ ਇਸ ਮਹਾਤਮਾ ਦਾ ਨਾਮ ਕੀ ਹੈ। ਉਸ ਨੇ ਕਿਹਾ ਕਿ ਮਹਾਤਮਾ ਦਾ ਨਾਮ ਸੀਤਲਾ ਦਾਸ ਹੈ। ਸੁਥਰੇ ਨੇ ਚਿੱਤ ਵਿੱਚ ਵਿਚਾਰਿਆ ਕਿ ਇਸ ਮਹਾਤਮਾ ਦੀ ਪ੍ਰੀਖਿਆ ਕਰਨੀ ਚਾਹੀਦੀ ਹੈ। ਸੁਥਰਾ ਉਸ ਸੰਤ ਦੇ ਪਾਸ ਜਾ ਕੇ ਕਹਿਣ ਲੱਗਾ ਕਿ ਸੰਤ ਜੀ ਮੈਨੂੰ ਥੋੜੀ ਜਿਹੀ ਅਗਨੀ ਦੇ ਦੇਵੋ। ਸੰਤ ਨੇ ਕਿਹਾ ਅਰੇ ਭਾਈ ਇੱਥੇ ਕੋਈ ਲੰਗਰ ਪੱਕਦਾ ਹੈ ਜੋ ਮੇਰੇ ਪਾਸ ਅਗਨੀ ਹੋਵੇ। ਮੈਂ ਤਾਂ ਆਪਣੀ ਸਮਾਧੀ ਵਿੱਚ ਅਸਥਿਤ ਹਾਂ। ਫੇਰ ਸੁਥਰੇ ਨੇ ਕਿਹਾ ਜੀ ਮੈਨੂੰ ਅਗਨੀ ਦੀ ਬਹੁਤ ਲੋੜ ਹੈ ਆਪ

ਜਰੂਰ ਹੀ ਦੇਵੋ। ਸੰਤ ਨੇ ਕਿਹਾ ਇੱਥੇ ਅਗਨੀ ਨਹੀਂ ਹੈ ਤੁਸੀਂ ਭਜਨ ਵਿੱਚ ਵਿਘਨ ਨਾ ਪਾਉ। ਫੇਰ ਸੁਥਰੇ ਨੇ ਤੀਜੀ ਵਾਰ ਕਿਹਾ ਸੰਤ ਜੀ ਮੈਨੂੰ ਤੁਸੀਂ ਅਗਨੀ ਨਹੀਂ ਦਿੰਦੇ ਤਾਂ ਆਪ ਇੱਥੋਂ ਉਠ ਜਾਓ। ਸੰਤ ਸੀਤਲ ਦਾਸ ਨੂੰ ਬਹੁਤ ਕਰੋਧ ਆਇਆ ਤੇ ਕਹਿਣ ਲੱਗਾ ਕਿ ਤੇਰੇ ਪਿਓ ਦਾ ਨਗਰ ਹੈ ਅਤੇ ਚਿਮਟਾ ਲੈ ਕੇ ਸੁਥਰੇ ਨੂੰ ਮਾਰਨ ਲਈ ਪਿੱਛੇ ਨਠਿਆ। ਪਰੰਤੂ ਸੁਥਰਾ ਨੱਸ ਗਿਆ ਤੇ ਸੰਤ ਨੂੰ ਆਖਿਆ ਤੂੰ ਝੂਠ ਬੋਲਦਾ ਸੀ ਕਿ ਮੇਰੇ ਪਾਸ ਅਗਨੀ ਨਹੀਂ ਹੈ ਤੇਰੇ ਅੰਦਰ ਤਾਂ ਭਾਂਬੜ ਮੱਚਦੇ ਹਨ। ਸੁਥਰਾ ਲੋਕਾਂ ਨੂੰ ਆ ਕੇ ਕਹਿਣ ਲੱਗਾ ਤੁਸੀਂ ਤਾਂ ਸੰਤ ਸੀਤਲ ਦਾਸ ਕਹਿੰਦੇ ਸੀ ਪਰੰਤੂ ਇਹ ਤਾਂ ਅਗਨੀ ਦਾਸ ਨਿਕਲਿਆ।

## ਦੋ ਹੁਕਮਨਾਮੇ

ਇੱਕ ਰਾਜੇ ਨੇ ਦੋ ਨੌਕਰਾਂ ਨੂੰ ਪ੍ਰਦੇਸ਼ ਵਿੱਚ ਕਿਸੇ ਕੰਮ ਵਾਸਤੇ ਭੇਜਿਆ। ਜਦ ਛੇ ਮਹੀਨੇ ਬੀਤ ਗਏ ਤੇ ਉਨ੍ਹਾਂ ਦੋਹਾਂ ਦਾ ਕੋਈ ਚਿੱਠੀ ਪੱਤਰ ਨਾ ਆਇਆ ਤਾਂ ਰਾਜੇ ਆਪਣੇ ਦੋਹਾਂ ਨੌਕਰਾਂ ਨੂੰ ਦੋ ਹੁਕਮਨਾਮੇ ਲਿਖ ਕੇ ਭੇਜ ਦਿੱਤੇ ਅਤੇ ਵਿੱਚ ਲਿਖਿਆ ਕਿ ਇਸ ਹੁਕਮਨਾਮੇ ਨੂੰ ਪੂਜਯ ਕਰਕੇ ਮੰਨਣਾ। ਉਹ ਦੋਵੇਂ ਹੁਕਮਨਾਮੇ ਦੋਹਾਂ ਦੇ ਪਾਸ ਪਹੁੰਚ ਗਏ। ਇੱਕ ਨੌਕਰ ਨੇ ਉਸ ਹੁਕਮਨਾਮੇ ਨੂੰ ਸੁੱਚੇ ਰੁਮਾਲ ਵਿੱਚ ਲਪੇਟਕੇ ਚੌਂਕੀ ਉਤੇ ਰੱਖ ਦਿੱਤਾ ਅਤੇ ਹਰ ਰੋਜ ਧੂਪ ਦੀਪ ਵੀ ਕਰਿਆ ਕਰੇ। ਸੁਗੰਧੀ ਵਾਲੇ ਪੁਸ਼ਪ ਵੀ ਚੜ੍ਹਾਇਆ ਕਰੇ ਅਤੇ ਬਾਰ ਬਾਰ ਹੁਕਮਨਾਮੇ ਨੂੰ ਨਮਸਕਾਰ ਵੀ ਕਰਿਆ ਕਰੇ। ਪਰ ਜੋ ਹੁਕਮਨਾਮੇ ਵਿੱਚ ਲਿਖਿਆ ਸੀ ਉਹ ਕਾਰਜ ਨੌਕਰ ਨੇ ਨਾ ਕੀਤਾ। ਜਦ ਦੂਸਰੇ ਨੌਕਰ ਨੂੰ ਰਾਜੇ ਦਾ ਹੁਕਮ ਨਾਮਾ ਪਹੁੰਚਿਆ ਤਾਂ ਜੋ ਜੋ ਹੁਕਮਨਾਮੇ ਵਿੱਚ ਲਿਖੇ ਹੋਏ ਸਨ ਸਭ ਕੰਮ ਠੀਕ ਕਰ ਦਿੱਤੇ। ਜਦ ਉਹ ਦੋਵੇਂ ਨੌਕਰ ਰਾਜੇ ਕੋਲ ਪਹੁੰਚੇ ਜਿਸ ਨੌਕਰ ਨੇ ਹੁਕਮਨਾਮੇ ਤੇ ਅਮਲ ਕੀਤਾ ਸੀ ਭਾਵ ਸਭ ਕੰਮ ਠੀਕ ਕਰ ਲਏ ਸਨ। ਉਸ ਨੌਕਰ ਤੇ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਉਸ ਨੌਕਰ ਦਾ ਅਹੁਦਾ ਵਧਾ ਦਿੱਤਾ ਤੇ ਬਹੁਤ ਮਾਨ ਆਦਰ ਕੀਤਾ। ਦੂਸਰਾ ਨੌਕਰ ਜੋ ਹੁਕਮਨਾਮੇ ਨੂੰ ਚੌਂਕੀ ਤੇ ਰੱਖ ਕੇ ਕੇਵਲ ਪੂਜਾ ਹੀ ਕਰਦਾ ਰਿਹਾ ਅਤੇ ਹੁਕਮਨਾਮੇ ਵਿੱਚ ਜੋ ਲਿਖਿਆ ਸੀ ਉਸ ਉਤੇ ਅਮਲ ਨਾ ਕੀਤਾ ਉਸ ਨੌਕਰ ਤੇ ਰਾਜਾ ਬਹੁਤ ਨਰਾਜ ਹੋਇਆ ਅਤੇ ਉਸ ਨੂੰ ਆਪਣੇ ਦਰਬਾਰ ਵਿੱਚੋਂ ਨਿਕਾਲ ਦਿੱਤਾ।

## ਕਵੀ ਕਾਲੀਦਾਸ ਤੇ ਰਾਜਾ ਭੋਜ

ਇਕ ਸਮੇਂ ਕਾਲੀਦਾਸ ਵਜੀਰ ਦੀ ਇਸਤਰੀ ਵਿਦਿਆਵੰਤੀ ਅਤੇ ਰਾਜਾ ਭੋਜ ਦੀ ਇਸਤਰੀ ਭਾਨਮਤੀ ਇਸ ਦੋਨੋਂ ਆਪਸ ਵਿਚ ਝਗੜ ਪਈਆਂ। ਵਿਦਿਆਵੰਤੀ ਨੇ ਕਿਹਾ ਮੇਰਾ ਪਤੀ ਮੇਰੇ ਬਹੁਤ ਅਧੀਨ ਹੈ ਜੇ ਮੈਂ ਆਪਣੇ ਪਤੀ ਕਾਲੀਦਾਸ ਦੀ ਦਾੜ੍ਹੀ ਮੁਛ ਮੁਨਾਣੀ ਚਾਹਾਂ ਤਾਂ ਮੁਨਾ ਸਕਦੀ ਹਾਂ। ਇੱਧਰੋਂ ਭਾਨਮਤੀ ਨੇ ਕਿਹਾ ਕਿ

ਤੇਰੇ ਪਤੀ ਨਾਲੋਂ ਮੇਰਾ ਪਤੀ ਬਹੁਤ ਅਧੀਨ ਹੈ। ਜੇ ਮੈਂ ਆਪਣੇ ਪਤੀ ਨੂੰ ਗਧਾ ਬਣਾਉਣਾ ਚਾਹਾਂ ਤਾਂ ਬਣਾ ਸਕਦੀ ਹਾਂ। ਦੋਹਾਂ ਨੇ ਆਪਸ ਵਿੱਚ ਪ੍ਰਤੱਗਿਆ ਕਰ ਲਈ ਕਿ ਅੱਜ ਹੀ ਰਾਤ ਨੂੰ ਇਹ ਕੰਮ ਕਰਕੇ ਦਿਖਾਵਾਂਗੀਆਂ। ਐਸੀ ਆਪ ਵਿੱਚ ਵਾਰਤਾ ਕਰਕੇ ਰਾਤ ਨੂੰ ਆਪੋ ਆਪਣੇ ਮੰਦਰਾਂ ਵਿੱਚ ਚਲੀਆਂ ਗਈਆਂ।

ਰਾਤ ਨੂੰ ਭਾਨਮਤੀ ਨੇ ਰਾਜਾ ਭੋਜ ਨੂੰ ਕਿਹਾ ਕਿ ਤੇਰੇ ਰਾਜ ਵਿੱਚ ਮੈਂ ਕੁਝ ਵੀ ਨਹੀਂ ਦੇਖਿਆ। ਕੈਦੀਆਂ ਦੀ ਤਰ੍ਹਾਂ ਤੇਰੇ ਮੰਦਰ ਵਿੱਚ ਡੱਕੀ ਰਹਿੰਦੀ ਹਾਂ। ਰਾਜਾ ਭੋਜ ਨੇ ਕਿਹਾ ਹੇ ਪਿਆਰੀ ਤੂੰ ਕੀ ਦੇਖਣਾ ਚਾਹੁੰਦੀ ਹੈਂ। ਭਾਨਮਤੀ ਨੇ ਕਿਹਾ ਕਿ ਮੈਨੂੰ ਗਧਾ ਦੇਖਣ ਦੀ ਬਹੁਤ ਇੱਛਾ ਹੈ। ਰਾਜਾ ਭੋਜ ਨੇ ਕਿਹਾ ਕਿ ਦਿਨ ਚੜ੍ਹੇ ਤੈਨੂੰ ਗਧਾ ਦਿਖਾ ਦਿਆਂਗਾ। ਭਾਨਮਤੀ ਨੇ ਕਿਹਾ ਮੈਨੂੰ ਹੁਣੇ ਹੀ ਦਿਖਾਉ ਕਿ ਉਹ ਗਧਾ ਕਿਸ ਤਰ੍ਹਾਂ ਦਾ ਹੁੰਦਾ ਹੈ। ਤਦ ਰਾਜਾ ਆਪ ਹੀ ਗਧੇ ਦੀ ਤਰ੍ਹਾਂ ਕੋਡਾ ਹੋ ਕੇ ਟੱਪਣ ਲੱਗਾ। ਭਾਨਮਤੀ ਰਾਜਾ ਦੇ ਉਪਰ ਚੜ੍ਹ ਬੈਠੀ ਅਤੇ ਕਹਿਣ ਲੱਗੀ ਗਧਾ ਬੋਲਦਾ ਕਿਵੇਂ ਹੈ। ਫੇਰ ਰਾਜਾ ਭੋਜ ਗਧੇ ਦੀ ਤਰ੍ਹਾਂ ਹਿਣਕਿਆ ਤਾਂ ਰਾਣੀ ਬਹੁਤ ਖੁਸ਼ ਹੋਈ। ਰਾਜਾ ਭੋਜ ਨੇ ਕਿਹਾ ਕਿ ਦੇਖ ਰਾਣੀ ਮੈਂ ਤੇਰੇ ਕੈਸੇ ਅਧੀਨ ਹਾਂ ਜੋ ਮੈਂ ਚੱਕਰਵਰਤੀ ਰਾਜਾ ਹੋ ਕੇ ਤੇਰੇ ਲਈ ਗਧਾ ਬਣਿਆ ਹਾਂ। ਭਾਨਮਤੀ ਨੇ ਕਿਹਾ ਹੇ ਰਾਜਨ ਤੂੰ ਕੋਈ ਵੱਖਰਾ ਮੇਰੇ ਅਧੀਨ ਹੈਂ ਇਹ ਤਾਂ ਸਾਰੇ ਸੰਸਾਰ ਦੀ ਰੀਤੀ ਐਸੇ ਹੀ ਚਲੀ ਆਉਂਦੀ ਹੈ। ਅੱਜ ਰਾਤ ਨੂੰ ਵਿਦਿਆਵੰਤੀ ਨੇ ਭੀ ਆਪਣੇ ਪਤੀ ਕਾਲੀਦਾਸ ਦੀਆਂ ਮੁੱਛਾਂ ਤੇ ਦਾੜ੍ਹੀ ਮੁਨਾ ਦੇਣੀ ਹੈ। ਇੱਧਰ ਜਦ ਰਾਤ ਨੂੰ ਕਾਲੀਦਾਸ ਵਿਦਿਆਵੰਤੀ ਦੇ ਪਾਸ ਗਿਆ ਤਾਂ ਵਿਦਿਆਵੰਤੀ ਕਹਿਣ ਲੱਗੀ ਹੇ ਪਤੀਦੇਵ ਇਹ ਆਪ ਦੀਆਂ ਮੁੱਛਾਂ ਦੇ ਦਾੜ੍ਹੀ ਮੈਨੂੰ ਸੂਲਾਂ ਵਾਂਗ ਦੁਖ ਦਿੰਦੀਆਂ ਹਨ। ਕਾਲੀਦਾਸ ਨੇ ਕਿਹਾ ਅੱਛਾ ਕੱਲ੍ਹ ਨੂੰ ਦਿਨ ਚੜ੍ਹੇ ਨਾਈ ਨੂੰ ਬੁਲਾ ਕੇ ਮੁਨਾ ਦੇਵਾਂਗਾ। ਵਿਦਿਆਵੰਤੀ ਨੇ ਕਿਹਾ ਕਿ ਇਸ ਨੂੰ ਹੁਣੇ ਹੀ ਮੁਨਾ ਸੁੱਟੋ। ਕਾਲੀਦਾਸ ਨੇ ਕਿਹਾ ਕਿ ਹੁਣ ਰਾਤ ਵੇਲੇ ਕੌਣ ਮੁੰਨੇ। ਤਾਂ ਵਿਦਿਆਵੰਤੀ ਨੇ ਕਿਹਾ ਕਿ ਮੈਂ ਹੀ ਮੁੰਨ ਦਿੰਦੀ ਹਾਂ। ਕਾਲੀਦਾਸ ਨੇ ਕਿਹਾ ਚੰਗਾ ਤੇਰੀ ਖੁਸ਼ੀ। ਉਸੇ ਵੇਲੇ ਵਿਦਿਆਵੰਤੀ ਨੇ ਉਸਤਰਾ ਲੈ ਕੇ ਕਾਲੀਦਾਸ ਦੀਆਂ ਦਾੜ੍ਹੀ ਮੁੱਛਾਂ ਸਾਫ ਕਰ ਦਿੱਤੀਆਂ। ਕਾਲੀਦਾਸ ਨੇ ਕਿਹਾ ਦੇਖ ਪਿਆਰੀ ਮੈਂ ਤੇਰੇ ਕੈਸੇ ਅਧੀਨ ਹਾਂ। ਮੈਂ ਤੇਰੇ ਕਹਿਣ ਕਰਕੇ ਆਪਣੀ ਬਦਸ਼ਕਲ ਕਰਾ ਲਈ ਹੈ। ਵਿਦਿਆਵੰਤੀ ਨੇ ਕਿਹਾ ਤੂੰ ਕੋਈ ਵੱਖਰਾ ਮੇਰੇ ਅਧੀਨ ਹੈ। ਸਾਰੇ ਮਨੁੱਖ ਹੀ ਇਸਤਰੀਆਂ ਦੇ ਅਧੀਨ ਹਨ। ਅੱਜ ਰਾਤ ਨੂੰ ਭਾਨਮਤੀ ਨੇ ਭੀ ਰਾਜਾ ਭੋਜ ਨੂੰ ਗਧਾ ਬਣਾਉਣਾ ਹੈ। ਜਦ ਦਿਨ ਚੜ੍ਹਿਆ ਤਾਂ ਕਾਲੀਦਾਸ ਰਾਜਾ ਭੋਜ ਦੀ ਸਭਾ ਵਿੱਚ ਗਿਆ ਤਾਂ ਰਾਜਾ ਭੋਜ ਨੇ ਕਾਲੀਦਾਸ ਵਜੀਰ ਦੀ ਬਦਸ਼ਕਲ ਦੇਖ ਕੇ ਕਿਹਾ ਹੇ ਕਵੀ ਕਾਲੀਦਾਸ ਤੂੰ ਕਿਹੜੇ ਤੀਰਥ ਤੇ ਜਾ ਕੇ ਇਹ ਮੁੰਡਨ ਕਰਾਇਆ ਹੈ। ਅੱਗੋਂ ਕਾਲੀਦਾਸ ਨੇ ਕਿਹਾ ਕਿ ਹੇ ਰਾਜਨ ਜਿਸ ਤੀਰਥ ਪਰ ਆਪ ਗਧਾ ਬਣ ਕੇ ਹਿਣਕੇ

ਸੀ ਤਿਸ ਹੀ ਤੀਰਥ ਪਰ ਮੈਂ ਭੀ ਮੁੰਡਨ ਕਰ ਆਇਆ ਹਾਂ। ਇਹ ਸੁਣ ਕੇ ਰਾਜਾ ਭੋਜ ਚਿੱਤ ਵਿੱਚ ਬਹੁਤ ਸ਼ਰਮਿੰਦਾ ਹੋਇਆ।

## ਮਾਇਆ ਦਾ ਚਲਿੱਤਰ

***ਸਾਂਕਲ ਜੇਵਰੀ ਲੈ ਹੈ ਆਈ॥ ਆਦਿ ੩੨੯***

ਇੱਕ ਵਾਰੀ ਮਾਇਆ ਇਸਤਰੀ ਦਾ ਰੂਪ ਧਾਰ ਕੇ ਹੱਥਾਂ ਵਿੱਚ ਸੰਗਲ ਤੇ ਜੇਵਰੀ ਲੈ ਕੇ ਜੰਗਲ ਵਿੱਚ ਆ ਕੇ ਇੱਕ ਤਪੱਸਵੀ ਨੂੰ ਮਿਲੀ। ਤਪੱਸਵੀ ਨੇ ਪੁੱਛਿਆ ਕਿ ਦੇਵੀ ਇਹ ਹੱਥ ਵਿੱਚ ਸੰਗਲ ਤੇ ਜੇਵਰੀਆਂ ਕਿਸ ਵਾਸਤੇ ਫੜੀਆਂ ਹੋਈਆਂ ਹਨ ਤਾਂ ਮਾਇਆ ਨੇ ਕਿਹਾ ਜੋ ਵੱਡੇ ਵੱਡੇ ਵਿਰਕਤ ਮਹਾਤਮਾ ਆਪਣੇ ਆਪ ਨੂੰ ਅਖਵਾਉਂਦੇ ਹਨ ਤਿਨਾਂ ਵਾਸਤੇ ਸੰਗਲ ਹਨ। ਜੋ ਛੋਟੇ ਛੋਟੇ ਸੰਤ ਹਨ ਉਨ੍ਹਾਂ ਦੇ ਵਾਸਤੇ ਇਹ ਜੇਵਰੀਆਂ ਹਨ ਤਾਂ ਤਪੱਸਵੀ ਨੇ ਕਿਹਾ ਮੇਰੇ ਵਾਸਤੇ ਕੀ ਲਿਆਂਦਾ ਹੈ। ਮਾਇਆ ਨੇ ਕਿਹਾ ਤੇਰੇ ਕਿਹੇ ਟੱਟੂ ਵਾਸਤੇ ਮੈਂ ਕੀ ਲਿਆਉਣਾ ਹੈ। ਤੇਰੇ ਉਪਰ ਤਾਂ ਰੱਸੀ ਤੋਂ ਬਿਨਾਂ ਚੜ੍ਹ ਸਕਦੀ ਹਾਂ। ਤਪੱਸਵੀ ਨੇ ਕਰੋਧ ਨਾਲ ਆਪਣਾ ਚਿਮਟਾ ਬੜੇ ਜੋਰ ਨਾਲ ਮਾਰਿਆ ਤੇ ਕਹਿਣ ਲੱਗਿਆ ਮੈਨੂੰ ੧੨ ਸਾਲ ਤਪੱਸਿਆ ਕਰਦੇ ਨੂੰ ਹੋਏ ਹਨ। ਤੂੰ ਮੈਨੂੰ ਕਿਵੇਂ ਛਲ ਸਕਦੀ ਹੈਂ। ਮਾਇਆ ਉਸ ਵੇਲੇ ਅਲੋਪ ਹੋ ਗਈ। ਕੁਝ ਸਮੇਂ ਬਾਅਦ ਮਾਇਆ ਸੁੰਦਰ ਲੜਕੀ ਦਾ ਰੂਪ ਧਾਰ ਕੇ ਰਾਤ ਸਮੇਂ ਤਪੱਸਵੀ ਦੀ ਕੁਟੀਆ ਕੋਲ ਆ ਕੇ ਉੱਚੀ ਉੱਚੀ ਰੋਵਣ ਲੱਗੀ। ਤਪੱਸਵੀ ਸੁਣ ਕੇ ਬਾਹਰ ਨਿਕਲ ਕੇ ਕਹਿਣ ਲੱਗਿਆ ਹੇ ਦੇਵੀ ਤੂੰ ਕੌਣ ਹੈਂ ਤੇ ਕਿਉਂ ਰੋਂਦੀ ਹੈ। ਮਾਇਆ ਨੇ ਕਿਹਾ ਮੈਂ ਆਪਣੇ ਮਾਪਿਆਂ ਤੋਂ ਵਿੱਛੜ ਗਈ ਹਾਂ। ਮੈਂ ਸੁਣਿਆ ਸੀ ਕਿ ਸੰਤ ਮਹਾਤਮਾ ਦਇਆਵਾਨ ਹੁੰਦੇ ਹਨ। ਆਪ ਕਿਰਪਾ ਕਰਕੇ ਮੈਨੂੰ ਮੇਰੇ ਪਿੰਡ ਪਹੁੰਚਾ ਦੇਵੋ। ਤਪੱਸਵੀ ਦੇ ਮਨ ਵਿੱਚ ਦਇਆ ਆ ਗਈ। ਲੜਕੀ ਨੂੰ ਨਾਲ ਲੈ ਕੇ ਤੁਰ ਪਿਆ। ਰਸਤੇ ਵਿੱਚ ਮਾਇਆ ਕਹਿਣ ਲੱਗੀ ਆਪ ਮੇਰੀ ਉਂਗਲੀ ਪਕੜ ਲਵੋ ਕਿਉਂਕਿ ਇਸ ਜੰਗਲ ਵਿੱਚ ਗਿੱਦੜ ਆਦਿ ਬੋਲਦੇ ਹਨ ਤੇ ਮੈਨੂੰ ਡਰ ਲਗਦਾ ਹੈ। ਤਾਂ ਤਪੱਸਵੀ ਨੇ ਉਂਗਲੀ ਪਕੜ ਲਈ। ਜਿਸ ਵੇਲੇ ਅੱਗੇ ਗਏ ਤਾਂ ਮਾਇਆ ਨੇ ਆਪਣੀ ਸ਼ਕਤੀ ਨਾਲ ਨਦੀ ਬਣਾ ਦਿਤੀ। ਮਾਇਆ ਨੇ ਕਿਹਾ ਮੈਨੂੰ ਆਪ ਚੁੱਕ ਕੇ ਨਦੀ ਪਾਰ ਲੰਘਾ ਦੇਵੋ। ਤਾਂ ਤਪੱਸਵੀ ਨੇ ਦਇਆ ਵਿੱਚ ਆ ਕੇ ਮਾਇਆ ਨੂੰ ਮੋਢਿਆਂ ਉੱਪਰ ਚੁੱਕ ਲਿਆ। ਜਦ ਨਦੀ ਦੇ ਵਿਚਕਾਰ ਗਏ ਤਾਂ ਮਾਇਆ ਤਪੱਸਵੀ ਨੂੰ ਅੱਡੀਆਂ ਮਾਰ ਕੇ ਟੱਟੂ ਦੀ ਤਰ੍ਹਾਂ ਹੱਕਣ ਲੱਗੀ। ਮੁੱਖ ਤੋਂ ਕਿਹਾ ਦੇਖ ਤਪੱਸਵੀ ਤੈਨੂੰ ਮੈਂ ਸੰਗਲੀ, ਜੇਵਰੀ ਅਤੇ ਰੱਸੇ ਤੋਂ ਬਿਨਾਂ ਹੀ ਟੱਟੂ ਬਣਾ ਲਿਆ ਹੈ। ਤਪੱਸਵੀ ਨੇ ਮਾਇਆ ਨੂੰ ਸੁੱਟ ਦਿੱਤਾ। ਉਸ ਸਮੇਂ ਨਾਂ ਮਾਇਆ ਰਹੀ ਨਾ ਨਦੀ। ਤਪੱਸਵੀ ਹੈਰਾਨ ਹੋ ਕੇ ਸੋਚੀਂ ਪੈ ਗਿਆ ਇਹ ਕੀ ਹੋ ਗਿਆ।

## ਜੁਲਾਹੇ ਦੀਆਂ ਧੀਆਂ

*ਇਹ ਰਸ ਛਾਡੇ ਉਹ ਰਸੁ ਆਵਾ॥*
*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥* *ਆਦਿ-੩੪੨*

ਇੱਕ ਜੁਲਾਹੇ ਦੀਆਂ ਦੋ ਧੀਆਂ ਸਨ। ਇੱਕ ਧੀ ਘੁਮਿਆਰ ਦੇ ਘਰ ਦੂਜੀ ਜਿਮੀਦਾਰ ਦੇ ਘਰ ਵਿਆਹੀ ਸੀ। ਜਦੋਂ ਵਿਆਹੀਆਂ ਹੋਈਆਂ ਨੂੰ ਬਹੁਤ ਚਿਰ ਹੋ ਗਿਆ ਤਾਂ ਲੜਕੀਆਂ ਦੀ ਮਾਂ ਆਪਣੇ ਪਤੀ ਨੂੰ ਕਹਿਣ ਲੱਗੀ ਤੁਸੀ ਆਪਣੀਆਂ ਧੀਆਂ ਦੀ ਖਬਰ ਸਾਰ ਲੈ ਆਉ ਜੁਲਾਹਾ ਲੜਕੀਆਂ ਦੇ ਨਗਰ ਵਿਖੇ ਚਲਿਆ ਗਿਆ। ਪਹਿਲਾਂ ਵੱਡੀ ਲੜਕੀ ਨੂੰ ਜਾ ਮਿਲਿਆ ਜੋ ਜਿਮੀਦਾਰ ਦੇ ਘਰ ਸੀ। ਉਸ ਨੂੰ ਘਰ ਦਾ ਹਾਲ ਚਾਲ ਪੁੱਛਿਆ ਤਾਂ ਲੜਕੀ ਕਹਿਣ ਲੱਗੀ ਹੇ ਪਿਤਾ ਜੀ ਜੇਕਰ ਇਸ ਸਮੇਂ ਵਰਖਾ ਹੋ ਗਈ ਤਾਂ ਮੈਂ ਵਸ ਪਵਾਂਗੀ ਕਿਉਂਕਿ ਜਮੀਨ ਵਿੱਚ ਮੱਕੀ ਦਾ ਬੀਜ ਪਾਇਆ ਸੀ। ਮੱਕੀ ਦੇ ਟਾਂਡੇ ਸੋਹਣੇ ਉਗੇ ਹਨ। ਵਰਖਾ ਨਾਲ ਟਾਂਡੇ ਤਕੜੇ ਹੋ ਜਾਣਗੇ। ਜੇਕਰ ਇਸ ਸਮੇਂ ਵਰਖਾ ਨਾ ਹੋਈ ਤਾਂ ਮੈਂ ਉਜੜ ਜਾਵਾਂਗੀ। ਕਿਉਂਕਿ ਬੀਜ ਅਤੇ ਮਿਹਨਤ ਨਿਸਫਲ ਜਾਵੇਗੀ।ਪਿਤਾ ਜੀ ਅਰਦਾਸ ਕਰੋ ਕਿ ਮੀਂਹ ਪੈ ਜਾਵੇ। ਫਿਰ ਉਹ ਜੁਲਾਹਾ ਛੋਟੀ ਲੜਕੀ ਦੇ ਘਰ ਗਿਆ ਜੋ ਘੁਮਿਆਰ ਦੇ ਘਰ ਵਿਆਹੀ ਹੋਈ ਸੀ। ਉਸ ਨੇ ਆਪਣੀ ਛੋਟੀ ਲੜਕੀ ਤੋਂ ਘਰ ਦਾ ਹਾਲ ਚਾਲ ਪੁੱਛਿਆ ਤਾਂ ਲੜਕੀ ਨੇ ਕਿਹਾ ਹੇ ਪਿਤਾ ਜੀ ਅਸੀਂ ਬਹੁਤ ਮਿਹਨਤ ਕਰਕੇ ਕੱਚੇ ਭਾਂਡੇ ਘੜ ਕੇ ਆਵਾ ਤਿਆਰ ਕੀਤਾ ਹੈ ਤੇ ਆਵੇ ਨੂੰ ਅੱਗ ਵੀ ਲਾ ਦਿੱਤੀ ਹੈ। ਇੱਧਰੋਂ ਬੜੇ ਕਾਲੇ ਬੱਦਲ ਆ ਰਹੇ ਹਨ। ਜੇਕਰ ਵਰਖਾ ਹੋ ਗਈ ਤਾਂ ਮੈਂ ਉਜੜ ਜਾਵਾਂਗੀ। ਜੇਕਰ ਵਰਖਾ ਨਾ ਹੋਈ ਤਾਂ ਮੈਂ ਵਸ ਜਾਵਾਂਗੀ ਕਿਉਂਕਿ ਆਵਾ ਤਿਆਰ ਕਰਨ ਵਿੱਚ ਬਹੁਤ ਮਿਹਨਤ ਅਤੇ ਖਰਚ ਹੋ ਚੁੱਕਾ ਹੈ। ਇਸ ਲਈ ਪਿਤਾ ਜੀ ਅਰਦਾਸ ਕਰੋ ਕਿ ਮੀਂਹ ਨਾ ਪਵੇ।

ਦੋਨਾਂ ਲੜਕੀਆਂ ਨੂੰ ਮਿਲ ਕੇ ਜਦੋਂ ਜੁਲਾਹਾ ਆਪਣੇ ਘਰ ਪਹੁੰਚਿਆ ਤਾਂ ਜੁਲਾਹੀ ਨੇ ਕਿਹਾ ਮੇਰੀਆਂ ਧੀਆਂ ਦਾ ਕੀ ਹਾਲ ਹੈ। ਜੁਲਾਹੇ ਨੇ ਉਤਰ ਦਿੱਤਾ ਤੇਰੀਆਂ ਦੋਹਾਂ ਧੀਆਂ ਵਿੱਚੋਂ ਇੱਕ ਧੀ ਤਾਂ ਹੈ ਨਹੀਂ ਭਾਵ ਤੇਰੀ ਇੱਕ ਧੀ ਉੱਜੜ ਜਾਵੇਗੀ। ਜੇਕਰ ਵਰਖਾ ਹੋਈ ਤਾਂ ਘੁਮਿਆਰ ਵਾਲੀ ਉੱਜੜ ਜਾਵੇਗੀ ਅਤੇ ਜੇਕਰ ਨਾ ਹੋਈ ਤਾਂ ਜਿਮੀਦਾਰ ਵਾਲੀ ਉੱਜੜ ਜਾਵੇਗੀ।

ਭਾਵ ਜੇਕਰ ਵਿਅਕਤੀ ਇਹ ਵਿਸ਼ੇ ਰਸ ਛੱਡ ਦੇਵੇ ਤਾਂ ਆਤਮ ਰਸ ਦਾ ਅਨੰਦ ਲੈ ਸਕਦਾ ਹੈ।

## ਥੰਮਾਂ ਵਾਲੇ ਮਕਾਨ ਦਾ ਅਲੰਕਾਰ

ਕਿਸੇ ਰਾਜੇ ਨੇ ਇੱਕ ਮਹਾਤਮਾ ਅੱਗੇ ਬੇਨਤੀ ਕੀਤੀ ਕਿ ਮੈਨੂੰ ਉਪਦੇਸ਼ ਦਿਉ

ਜੀ। ਮਹਾਤਮਾ ਨੇ ਕਿਹਾ ਰਾਜਨ ਇੱਕ ਮਕਾਨ ਬਣਵਾਉ ਜਿਸਦਾ ਇੱਕ ਬੂਹਾ ਹੋਵੇ। ਸੋ ਰਾਜੇ ਨੇ ਬਣਵਾ ਦਿਤਾ। ਮਹਾਤਮਾ ਨੇ ਕਾਰੀਗਰ ਨੂੰ ਕਹਿ ਕੇ ਉਸ ਮਕਾਨ ਦੇ ਅੰਦਰ ਥੰਮ ਹੀ ਥੰਮ ਬਣਵਾ ਦਿੱਤੇ। ਜੋ ਮਕਾਨ ਦਾ ਦਰਵਾਜਾ ਸੀ ਉਹ ਵੀ ਬੰਦ ਕਰਵਾ ਦਿੱਤਾ। ਤਾਂ ਮਹਾਤਮਾ ਨੇ ਕਿਹਾ ਰਾਜਾ ਸਾਹਿਬ ਆਪ ਇਸ ਮਕਾਨ ਅੰਦਰ ਨਿਵਾਸ ਕਰੋ ਤਾਂ ਉਪਦੇਸ ਦੇਵਾਂਗੇ। ਰਾਜੇ ਨੇ ਕਿਹਾ ਮਹਾਤਮਾ ਜੀ ਆਪ ਨੇ ਦਰਵਾਜਾ ਹੀ ਬੰਦ ਕਰਵਾ ਦਿੱਤਾ ਹੈ। ਜੇਕਰ ਦਰਵਾਜਾ ਭੰਨ ਵੀ ਲਈਏ ਤਾਂ ਉਸਦੇ ਅੰਦਰ ਥਾਂ ਹੀ ਨਹੀਂ ਕਿਉਂਕਿ ਉਸ ਦੇ ਅੰਦਰ ਤਾਂ ਥੰਮ ਹੀ ਥੰਮ ਹਨ। ਕਿਥੇ ਬੈਠਾਂਗੇ। ਮਹਾਤਮਾ ਨੇ ਕਿਹਾ ਹੇ ਰਾਜਾ ਇਸੇ ਤਰ੍ਹਾਂ ਤੇਰੇ ਅੰਦਰ ਵੀ ਉਪਦੇਸ਼ ਲਈ ਕੋਈ ਥਾਂ ਨਹੀਂ। ਪਹਿਲਾ ਤਾਂ ਬੂਹਾ ਹੀ ਬੰਦ ਹੈ। ਭਾਵ ਮਨ ਦਾ ਅਗਿਆਨ ਰੂਪੀ ਜੰਦਰਾ ਮੋਹ ਜਾਂ ਦੇਹ ਅਧਿਆਸ ਦਾ ਕੁੰਡਾ ਆਸਾ ਅੰਦੇਸਾ ਦੇ ਤਖਤੇ ਹੀ ਨਹੀਂ ਖੁੱਲੇ।

***ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।***
***ਆਦਿ-੮੭੭***

ਅੰਦਰ ਰਸਾਂ ਕਸਾਂ ਦੇ ਫੁਰਨਿਆਂ ਰੂਪ ਥੰਮਲੇ ਉਸਰੇ ਹੋਏ ਹਨ। ਸੋਨੇ ਚਾਂਦੀ (ਕਾਮਣਿ) ਇਸਤਰੀ ਦੇ ਵਿਸ਼ੇ ਰਸ ਚੰਦਨ ਦੀ ਖੁਸ਼ਬੂ ਘੋੜੇ ਅਥਵਾ ਅਸਵਾਰੀਆਂ ਤੇ ਚੜ੍ਹਨ ਦੀ ਇਛਾ, ਸੋਹਣੀਆਂ ਚਿੱਟੀਆਂ ਸੇਜਾਂ, ਮੰਦਰਾਂ 'ਚ ਨਿਵਾਸ ਮਿੱਠੇ ਭੋਜਨ ਤੇ ਮਾਸ ਖਾਣ ਨਾਲ ਇਤਨੇ ਰਸਾਂ ਦੇ ਭੋਗਨ ਦੀ ਇੱਛਾ ਨਾਲ ਰਿਦਾ ਮੰਦਰ ਭਰਿਆ ਹੈ। ਕਿਹੜੀ ਜਗ੍ਹਾ ਖਾਲੀ ਹੈ ਜਿਥੇ ਨਾਮ ਦਾ ਨਿਵਾਸ ਹੋ ਸਕੇ।

***ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥***
***ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥***
***ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥ ਆਦਿ-੧੫***
***ਤਥਾ - ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥ ਆਦਿ-੪੭੪***
***ਭਾਂਡੇ ਵਿਚ ਹੋਰ ਚੀਜ ਤਾਂ ਹੀ ਪਵੇਗੀ ਜੇ ਪਹਿਲੀ ਵਸਤੂ ਬਾਹਰ ਕੱਢੀ ਜਾਵੇ।***
***ਸੋ:-***
***ਇਹ ਰਸ ਛਾਡੇ ਉਹ ਰਸੁ ਆਵਾ॥***
***ਉਹ ਰਸੁ ਪੀਆ ਇਹ ਰਸ ਨਹੀ ਭਾਵਾ॥ ਆਦਿ-੩੪੨***

ਇਨ੍ਹਾਂ ਰਸਾਂ ਦਾ ਤਿਆਗ ਕਰ ਤਾਂ ਨਾਮ ਦੀ ਪ੍ਰਾਪਤੀ ਹੋਵੇਗੀ ਐਵੇਂ ਵਿਕਾਰਾਂ ਵਿਚ ਜਨਮ ਨਾ ਗਵਾ।

## ਆਜੜੀ ਦੇ ਝੂਠ ਬੋਲਣ ਬਾਰੇ

ਇੱਕ ਆਜੜੀ ਜੰਗਲ ਵਿੱਚ ਆਪਣੀਆਂ ਭੇਡਾਂ ਬੱਕਰੀਆਂ ਰੋਜਾਨਾ ਚਾਰਨ

ਜਾਇਆ ਕਰਦਾ ਸੀ। ਇਹ ਸਾਰਾ ਦਿਨ ਇਕੱਲਾ ਹੀ ਜੰਗਲ ਵਿੱਚ ਭੇਡਾਂ ਬੱਕਰੀਆਂ ਦੇ ਨਾਲ ਰਹਿੰਦਾ ਸੀ। ਇਸ ਆਜੜੀ ਨੇ ਮਨ ਵਿੱਚ ਸੋਚਿਆ ਕਿ ਮੈਂ ਲੋਕਾਂ ਨੂੰ ਕਿਵੇਂ ਆਪਣੇ ਕੋਲ ਬੁਲਾ ਸਕਦਾ ਹਾਂ। ਹੋਰ ਤਾਂ ਇਸ ਆਜੜੀ ਵਿੱਚ ਕੋਈ ਅਜਿਹਾ ਗੁਣ ਨਹੀਂ ਸੀ ਜਿਸ ਕਰਕੇ ਲੋਕ ਇਸ ਦੇ ਕੋਲ ਜੰਗਲ ਵਿੱਚ ਜਾਂ ਪਿੰਡ ਦੇ ਬਾੜੇ ਵਿੱਚ ਮਿਲਣ ਆਉਣ। ਇਸ ਨੇ ਯੋਜਨਾ ਬਣਾ ਕੇ ਇੱਕ ਉਚੇ ਦਰਖਤ ਤੇ ਚੜ੍ਹ ਕੇ ਉਚੀ-ਉਚੀ ਰੌਲਾ ਪਾ ਦਿੱਤਾ ਕਿ ਸ਼ੇਰ ਆ ਗਿਆ-ਸ਼ੇਰ ਆ ਗਿਆ। ਖੇਤਾਂ ਵਿੱਚ ਕੰਮ ਕਰਦੇ ਵਿਚਾਰੇ ਜਿਮੀਦਾਰ ਡੰਡੇ ਸੋਟੇ ਲੈ ਕੇ ਇਕੱਠੇ ਹੋ ਕੇ ਇਸ ਦੇ ਕੋਲ ਆ ਗਏ। ਆਜੜੀ ਵਿਚਾਰਾਂ ਤੋਂ ਹੀਣਾਂ ਸੀ। ਉਸ ਨੂੰ ਕੋਈ ਗੱਲ ਕਰਨੀ ਨਹੀਂ ਆਉਂਦੀ ਸੀ। ਲੋਕਾਂ ਦੇ ਆਉਣ ਤੇ ਦਰੱਖਤ ਪਰ ਚੜ੍ਹੇ ਹੋਏ ਨੇ ਉਚੀ ਉਚੀ ਹੱਸਣਾ ਸ਼ੁਰੂ ਕਰ ਦਿੱਤਾ। ਲੋਕ ਇਸ ਦੀ ਮੂਰਖਤਾ ਨੂੰ ਵੇਖ ਕੇ ਵਾਪਿਸ ਚਲੇ ਗਏ। ਕੁਝ ਦਿਨਾਂ ਮਗਰੋਂ ਫੇਰ ਇਸ ਨੇ ਉਚੇ ਦਰਖਤ ਤੇ ਚੜ੍ਹ ਕੇ ਉਚੀ-ਉਚੀ ਰੌਲਾ ਪਾਇਆ ਕਿ ਸ਼ੇਰ ਆ ਗਿਆ-ਸ਼ੇਰ ਆ ਗਿਆ। ਖੇਤਾਂ ਵਿੱਚ ਕੰਮ ਕਰਦੇ ਮਜਦੂਰ ਡੰਡੇ ਸੋਟੇ ਲੈ ਕੇ ਬੜੀ ਕਾਹਲੀ ਨਾਲ ਇਸ ਦੇ ਕੋਲ ਆ ਪਹੁੰਚੇ। ਜਦੋਂ ਦਰੱਖਤ ਦੇ ਨੇੜੇ ਆਏ ਤਾਂ ਉਚੀ-ਉਚੀ ਹੱਸਣ ਲੱਗ ਪਿਆ। ਇਹ ਮਜਦੂਰ ਵੀ ਪਹਿਲਾਂ ਆਏ ਜਿਮੀਦਾਰਾਂ ਦੀ ਤਰ੍ਹਾਂ ਇਸ ਦੀ ਅਕਲ ਨੂੰ ਵੇਖਦੇ ਹੋਏ ਵਾਪਿਸ ਚਲੇ ਗਏ।

ਕੁਝ ਸਮੇਂ ਬਾਅਦ ਇਸ ਦੀਆਂ ਬੱਕਰੀਆਂ ਤੇ ਭੇਡਾਂ ਨੂੰ ਵੇਖ ਕੇ ਸੱਚੀ ਮੁਚੀ ਇੱਕ ਸ਼ੇਰ ਆ ਗਿਆ। ਜਿਉਂ ਹੀ ਇਸ ਨੇ ਸ਼ੇਰ ਨੂੰ ਵੇਖਿਆ ਤਿਉਂ ਹੀ ਉਹ ਭੱਜ ਕੇ ਦਰੱਖਤ ਤੇ ਚੜ੍ਹ ਗਿਆ। ਇਸ ਨੇ ਪਹਿਲਾਂ ਦੀ ਤਰ੍ਹਾਂ ਉਚੀ-ਉਚੀ ਰੌਲਾ ਪਾਇਆ ਕਿ ਅੱਜ ਸੱਚੀ ਮੁੱਚੀ ਸ਼ੇਰ ਆ ਗਿਆ ਹੈ। ਕਈ ਵਾਰੀ ਪੁਕਾਰ ਕੀਤੀ ਪਰ ਖੇਤਾਂ ਵਿੱਚੋਂ ਇਸ ਦਾ ਰੌਲਾ ਸੁਣਨ ਦੇ ਬਾਵਜੂਦ ਵੀ ਕੋਈ ਨਾ ਆਇਆ। ਸਾਰਿਆਂ ਨੇ ਮਨਾਂ ਵਿੱਚ ਵਿਚਾਰ ਕਰ ਲਈ ਕਿ ਇਹ ਮੂਰਖ ਆਜੜੀ ਝੂਠ ਹੀ ਬੋਲਦਾ ਰਹਿੰਦਾ ਹੈ।

ਸ਼ੇਰ ਇਸ ਦੀਆਂ ਬੱਕਰੀਆਂ ਨੂੰ ਖਾ ਕੇ ਜਦੋਂ ਚਲਾ ਗਿਆ ਤਾਂ ਇਸ ਨੇ ਪਿੰਡ ਵਿੱਚ ਜਾ ਕੇ ਕਈਆਂ ਨੂੰ ਪੁੱਛਿਆ ਕਿ ਤੁਸੀਂ ਮੇਰੇ ਰੌਲਾ ਪਾਉਣ ਤੇ ਕਿਉਂ ਨਹੀਂ ਆਏ ਜਦੋਂ ਕਿ ਮੈਂ ਆਖਿਆ ਸੀ ਕਿ ਅੱਜ ਸ਼ੇਰ ਸੱਚੀ ਮੁੱਚੀ ਆ ਗਿਆ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਤੂੰ ਪਹਿਲਾਂ ਝੂਠ ਬੋਲਦਾ ਸੀ ਇਸ ਕਰਕੇ ਤੇਰੇ ਸੱਚ ਤੇ ਕਿਸੇ ਨੇ ਭਰੋਸਾ ਨਹੀਂ ਕੀਤਾ। ਇਹ ਮੂਰਖ ਆਜੜੀ ਮਨ ਵਿੱਚ ਸੋਚਣ ਲੱਗਿਆ ਕਿ ਇਹ ਸਾਰਿਆਂ ਨੇ ਮੈਨੂੰ ਇੱਕੋ ਜਿਹਾ ਜਵਾਬ ਦਿੱਤਾ ਹੈ। ਇਨ੍ਹਾਂ ਨੇ ਸਲਾਹ ਕੀਤੀ ਹੋਈ ਸੀ। ਇਸ ਤਰ੍ਹਾਂ ਮੂਰਖ ਆਜੜੀ ਆਪਣੀ ਮੂਰਖਤਾਈ ਨੂੰ ਨਹੀਂ ਵੇਖਦਾ ਸੀ ਸਗੋਂ ਹੋਰਨਾਂ ਤੇ ਦੋਸ਼ ਲਗਾਉਂਦਾ ਸੀ।

## ਨੌਕਰ ਦੇ ਝੂਠ ਬੋਲਣ ਬਾਰੇ

ਇੱਕ ਪਠਾਣ ਨੇ ਨੌਕਰ ਰੱਖਿਆ। ਨੌਕਰ ਨੇ ਕਿਹਾ ਕਿ ਮੈਨੂੰ ਤਨਖਾਹ ਦੀ ਲੋੜ ਨਹੀਂ ਕੇਵਲ ਦੋ ਵੇਲੇ ਰੋਟੀ ਖਾਇਆ ਕਰਾਂਗਾ। ਪਠਾਣ ਨੇ ਆਖਿਆ ਤੈਨੂੰ ਹੋਰ ਕੋਈ ਐਬ ਤੇ ਨਹੀਂ। ਨੌਕਰ ਕਹਿਣ ਲੱਗਿਆ ਅਜਿਹਾ ਕੋਈ ਖਾਸ ਐਬ ਨਹੀਂ ਪਰ ਮਹੀਨੇ ਮਗਰੋਂ ਮੈਂ ਇੱਕ ਝੂਠ ਬੋਲਦਾ ਹਾਂ। ਪਠਾਣ ਕਹਿਣ ਲੱਗਿਆ ਮਹੀਨੇ ਬਾਅਦ ਇੱਕ ਝੂਠ ਬੋਲਣ ਤੇ ਸਾਨੂੰ ਕੋਈ ਇਤਰਾਜ ਨਹੀਂ। ਨੌਕਰ ਨੇ ਪਠਾਣ ਦੇ ਘਰ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦੋ ਵੇਲੇ ਰੋਟੀ ਰੱਜ ਕੇ ਖਾ ਲੈਂਦਾ। ਪੰਜ ਚਾਰ ਮਹੀਨਿਆਂ ਮਗਰੋਂ ਪਠਾਣ ਕਿਸੇ ਕੰਮ ਲਈ ਦੂਰ ਕਿਸੇ ਨਗਰ ਵਿੱਚ ਗਿਆ ਸੀ। ਉਨ੍ਹਾਂ ਦਿਨਾਂ ਵਿੱਚ ਨੌਕਰ ਨੇ ਬੀਵੀ ਨੂੰ ਕਿਹਾ ਕਿ ਮੈਂ ਤਨਖਾਹ ਲੈਣੀ ਹੈ ਤਾਂ ਬੀਵੀ ਨੇ ਕਿਹਾ ਖਾਨ ਸਾਹਿਬ ਅਮਕੇ ਨਗਰ ਵਿੱਚ ਗਏ ਹੋਏ ਹਨ। ਆਪਣੀ ਤਨਖਾਹ ਉਥੇ ਜਾ ਕੇ ਲੈ ਲਉ ਅਤੇ ਖਾਨ ਜੀ ਨੂੰ ਕਹਿਣਾ ਕਿ ਆਪਣੇ ਨਗਰ ਛੇਤੀ ਚਲੇ ਜਾਵੋ ਕਿਉਂਕਿ ਬੀਵੀ ਉਦਾਸ ਹੈ। ਉਹ ਨੌਕਰ ਉਸ ਨਗਰ ਵਿਖੇ ਪਹੁੰਚ ਕੇ ਪਠਾਣ ਨੂੰ ਸਲਾਮ ਕਰਕੇ ਚੁੱਪ ਚਾਪ ਬੈਠ ਗਿਆ। ਜਦ ਪਠਾਣ ਨੇ ਵਿਹਲੇ ਹੋ ਕੇ ਆਪਣੇ ਘਰ ਦੀ ਸੁਖ ਸਾਂਦ ਪੁੱਛੀ ਤਾਂ ਨੌਕਰ ਨੇ ਕਿਹਾ ਕਿ ਤੁਹਾਡੀ ਕੁੱਤੀ ਮਰ ਗਈ ਹੈ ਹੋਰ ਸਭ ਠੀਕ ਠਾਕ ਹੈ। ਪਠਾਣ ਨੇ ਪੁੱਛਿਆ ਕੁੱਤੀ ਕਿਵੇਂ ਮਰ ਗਈ ਹੈ। ਨੌਕਰ ਨੇ ਕਿਹਾ ਕਿ ਆਪ ਜੀ ਦੀ ਘੋੜੀ ਦੀ ਹੱਡੀ ਕੁੱਤੀ ਦੇ ਸੰਘ ਵਿੱਚ ਫਸ ਗਈ ਸੀ। ਪਠਾਣ ਨੇ ਪੁੱਛਿਆ ਘੋੜੀ ਕਿਵੇਂ ਮਰੀ। ਨੌਕਰ ਨੇ ਕਿਹਾ ਕਿ ਆਪ ਜੀ ਦੀ ਬੀਵੀ ਦੀ ਕਬਰ ਲਈ ਇੱਟਾਂ ਢੋਦਿਆਂ ਹੋਇਆਂ ਬਹੁਤੇ ਬੋਝ ਕਰਕੇ ਮਰ ਗਈ ਹੈ। ਪਠਾਣ ਨੇ ਪੁੱਛਿਆ ਕਿ ਬੀਵੀ ਕਿਵੇਂ ਮਰ ਗਈ। ਤਾਂ ਨੌਕਰ ਨੇ ਕਿਹਾ ਆਪ ਜੀ ਦਾ ਅਟਾਰੀ ਵਾਲਾ ਵੱਡਾ ਮਹੱਲ ਡਿੱਗ ਪਿਆ ਸੀ ਉਸ ਦੇ ਥੱਲੇ ਆ ਕੇ ਮਰ ਗਈ। ਇਹ ਸਾਰੀ ਵਾਰਤਾ ਸੁਣ ਕੇ ਪਠਾਣ ਰੋਂਦਾ ਹੋਇਆ ਆਪਣੇ ਨਗਰ ਘਰ ਵਿੱਚ ਪਹੁੰਚ ਗਿਆ। ਸਭ ਨੂੰ ਰਾਜੀ ਖੁਸ਼ੀ ਵੇਖ ਕੇ ਪਠਾਣ ਨੇ ਨੌਕਰ ਨੂੰ ਕਿਹਾ ਤੂੰ ਇਤਨਾ ਕੁਫਰ ਕਿਉਂ ਤੋਲਿਆ। ਨੌਕਰ ਨੇ ਕਿਹਾ ਜਨਾਬ ਮੈਂ ਆਪ ਜੀ ਨੂੰ ਪਹਿਲੇ ਦੱਸ ਦਿੱਤਾ ਸੀ ਕਿ ਮਹੀਨੇ ਮਗਰੋਂ ਇੱਕ ਝੂਠ ਬੋਲਿਆ ਕਰਾਂਗਾ। ਹੁਣ ਕਈ ਮਹੀਨਿਆਂ ਦਾ ਇਕੱਠਾ ਝੂਠ ਹੋ ਗਿਆ ਸੀ।

ਜਿਵੇਂ ਨੌਕਰ ਝੂਠ ਬੋਲ ਕੇ ਫਸ ਗਿਆ ਤਿਵੇਂ ਮਨਮੁਖ ਆਪਣੇ ਝੂਠ ਵਿੱਚ ਆਪ ਹੀ ਫਸ ਜਾਂਦਾ ਹੈ।

## ਧਰੂ ਭਗਤ ਬਾਰੇ

ਧਰੂ ਭਗਤ ਉਤਾਨ ਪਦ ਰਾਜੇ ਦਾ ਪੁੱਤਰ ਸੀ। ਸੁਨੀਤੀ ਇਸ ਦੀ ਮਾਂ ਦਾ ਨਾਮ ਸੀ। ਇਹ ਬਹੁਤ ਸੁੰਦਰ ਅਤੇ ਨੇਕ ਚਾਲ ਚੱਲਣ ਵਾਲਾ ਸੀ। ਉਤਾਨ ਪਦ ਰਾਜੇ ਦੀਆਂ ਦੋ ਰਾਣੀਆਂ ਸਨ। ਧਰੂ ਦੀ ਮਾਂ ਦਾ ਰਾਜੇ ਨਾਲ ਪ੍ਰੇਮ ਘੱਟ ਸੀ। ਧਰੂ ਦੀ

ਮਤਰੇਈ ਮਾਂ ਸੁਰਚੀ ਜਦੋਂ ਰਾਜੇ ਨੂੰ ਧਰੂ ਨਾਲ ਪਿਆਰ ਕਰਦਿਆਂ ਵੇਖਦੀ ਸੀ ਤਾਂ ਬਹੁਤ ਦੁਖੀ ਹੁੰਦੀ ਸੀ।

ਇੱਕ ਦਿਨ ਬਾਲਕ ਧਰੂ ਹਸਦਾ ਖੇਡਦਾ ਆਇਆ ਅਤੇ ਰਾਜੇ ਪਿਤਾ ਦੀ ਗੋਦ ਵਿੱਚ ਬੈਠ ਗਿਆ। ਮਤਰੇਈ ਮਾਂ ਸੁਰਚੀ ਨੇ ਬਾਹੋਂ ਫੜ ਕੇ ਉਠਾ ਦਿੱਤਾ ਤੇ ਕਿਹਾ ਇਸ ਗੋਦ ਵਿੱਚ ਤੂੰ ਨਹੀਂ ਬਹਿ ਸਕਦਾ। ਧਰੂ ਰੋਂਦਾ ਹੋਇਆ ਆਪਣੀ ਮਾਂ ਪਾਸ ਗਿਆ ਤੇ ਕਹਿਣ ਲੱਗਿਆ ਮਾਤਾ ਜੀ ਅਸਾਂ ਨੂੰ ਧੱਕੇ ਕਿਉਂ ਪੈਂਦੇ ਹਨ। ਮਾਂ ਨੇ ਕਿਹਾ ਬੱਚਾ ਅਸਾਂ ਭਜਨ ਬੰਦਗੀ ਨਹੀਂ ਕੀਤੀ ਹੈ। ਬਾਲਕ ਨੇ ਕਿਹਾ ਜੇ ਅਸਾਂ ਨੇ ਭਜਨ ਨਹੀਂ ਕੀਤਾ ਤਾਂ ਮੈਂ ਭਜਨ ਕਰਾਂ। ਇਹ ਗੱਲ ਸੁਣ ਕੇ ਮਾਂ ਚੁੱਪ ਰਹੀ। ਜਦੋਂ ਰਾਤ ਨੂੰ ਮਾਂ ਸੌਂ ਗਈ ਬਾਲਕ ਧਰੂ ਮਾਂ ਦੀਆਂ ਪ੍ਰਕਰਮਾਂ ਕਰਕੇ ਜੰਗਲ ਵੱਲ ਤੁਰ ਪਿਆ। ਰਸਤੇ ਵਿੱਚ ਨਾਰਦ ਮਿਲਿਆ। ਉਸ ਨੇ ਪੁੱਛਿਆ ਹੇ ਬਾਲਕ ਕਿੱਧਰ ਨੂੰ ਜਾਂਦਾ ਹੈਂ ਤਾਂ ਧਰੂ ਨੇ ਕਿਹਾ ਭਜਨ ਕਰਨ। ਇਹ ਗੱਲ ਸੁਣ ਕੇ ਬ੍ਰਹਮਾ ਪੁੱਤਰ ਨਾਰਦ ਹੱਸ ਪਏ ਤੇ ਕਹਿਣ ਲੱਗੇ ਜਾਹ ਓਏ ਬਾਲਕੇ ਘਰ ਨੂੰ ਦੌੜ ਜਾਹ ਐਵੇਂ ਕਿਤੇ ਸ਼ੇਰ ਬਘਿਆੜ ਖਾ ਜਾਣਗੇ। ਭਜਨ ਕਰਨਾ ਔਖਾ ਹੈ। ਜੰਗਲ ਵਿੱਚ ਭੁੱਖਾ ਮਰੇਂਗਾ। ਉਥੇ ਤੈਨੂੰ ਰੋਟੀ ਕੌਣ ਖੁਆਏਗਾ। ਜੰਗਲ ਵਿੱਚ ਵੱਡੇ ਵੱਡੇ ਸੱਪ ਰਹਿੰਦੇ ਹਨ ਉਹ ਤੈਨੂੰ ਮਾਰ ਦੇਣਗੇ।

ਜਦੋਂ ਇਸ ਤਰ੍ਹਾਂ ਡਰਾਉਣ ਦਾ ਯਤਨ ਨਾਰਦ ਨੇ ਕੀਤਾ ਧਰੂ ਡੋਲਿਆ ਨਹੀਂ ਕਹਿਣ ਲੱਗਿਆ ਮੈਂ ਜਰੂਰ ਭਜਨ ਕਰਾਂਗਾ। ਜੰਗਲ ਵਿੱਚ ਜਾ ਕੇ ਭਜਨ ਬੰਦਗੀ ਕਰਨ ਲੱਗਿਆ। ਮਨ ਇਕਾਗਰ ਕਰ ਲਿਆ। ਮੀਂਹ ਹਨੇਰੀਆਂ ਆਈਆਂ ਪਰ ਬਾਲਕ ਧਰੂ ਦਾ ਮਨ ਨਾ ਡੋਲਿਆ। ਓੜਕ ਧਰੂ ਨੂੰ ਸਫਲਤਾ ਪ੍ਰਾਪਤ ਹੋਈ। ਭਗਵਾਨ ਨੇ ਦਰਸ਼ਨ ਬਖਸ਼ੇ। ਧਰੂ ਨੇ ਅੱਖਾਂ ਨਾ ਖੋਲੀਆਂ। ਭਗਵਾਨ ਨੇ ਜੱਫੀ ਪਾਈ ਤੇ ਕਿਹਾ ਬੱਚਾ ਬੱਸ ਕਰ। ਧਰੂ ਨੇ ਕਿਹਾ ਮਹਾਰਾਜ ਜੀ ਤੁਸੀਂ ਮੇਰੀ ਮਾਂ ਪਾਸ ਜਾਉ ਤਾਂ ਮੈਂ ਇਸ ਕਠਨ ਤਪ ਤੋਂ ਹਟਾਂਗਾ। ਭਗਵਾਨ ਨੇ ਕਿਹਾ ਤੇਰੀ ਮਾਂ ਦੀ ਭਗਤੀ ਘੱਟ ਹੈ ਤੇਰੀ ਜਿਆਦਾ ਹੈ ਇਸ ਲਈ ਤੈਨੂੰ ਦਰਸ਼ਨ ਦਿੱਤੇ ਹਨ। ਧਰੂ ਨੇ ਕਿਹਾ ਜੇਕਰ ਮੇਰੀ ਮਾਂ ਨੂੰ ਦਰਸ਼ਨ ਨਹੀਂ ਦੇਣੇ ਤਾਂ ਮੈਂ ਵੀ ਦਰਸ਼ਨ ਨਹੀਂ ਕਰਾਂਗਾ। ਮੇਰੀ ਮਾਂ ਨੇ ਮੈਨੂੰ ਭਗਤੀ ਦੇ ਮਾਰਗ ਤੇ ਲਾਇਆ ਹੈ। ਤਾਂ ਭਗਵਾਨ ਨੇ ਧਰੂ ਦਾ ਹਠ ਵੇਖ ਕੇ ਮਾਤਾ ਜੀ ਨੂੰ ਵੀ ਦਰਸ਼ਨ ਦਿੱਤੇ। ਭਗਵਾਨ ਨੇ ਕਿਹਾ ਧਰੂ ਜੀ ਹੁਣ ਮੰਗੋ। ਧਰੂ ਨੇ ਕਿਹਾ ਭਗਤੀ ਕਰਨ ਨਾਲ ਮੇਰੀਆਂ ਸਾਰੀਆਂ ਇੱਛਾਵਾਂ ਮੁੱਕ ਗਈਆਂ ਹਨ ਹੁਣ ਕੋਈ ਇੱਛਾ ਨਹੀਂ ਹੈ ਤਾਂ ਭਗਵਾਨ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਤੁਸੀਂ ਰਾਜ ਦੀ ਇੱਛਾ ਲੈ ਕੇ ਭਗਤੀ ਅਰੰਭ ਕੀਤੀ ਸੀ ਇਸ ਲਈ ਤੁਹਾਨੂੰ ਰਾਜ ਵੀ ਬਖਸ਼ਿਸ਼ ਕੀਤਾ ਅਤੇ ਮੁਕਤੀ ਵੀ ਬਖਸ਼ਿਸ਼ ਕੀਤੀ।

***ਪਾਂਚ ਬਰਖ ਕੋ ਅਨਾਥੁ ਧਰੂ ਬਾਰਿਕ ਹਰਿ ਸਿਮਰਤ ਅਮਰ ਅਟਾਰੇ॥***

***ਆਦਿ ੯੯੯***

## ਸ੍ਰੀ ਰਾਮ ਚੰਦਰ ਜੀ ਨੇ ਭੀਲਣੀ ਨੂੰ ਨਿਵਾਜਣਾ

ਜਿਸ ਵੇਲੇ ਸ੍ਰੀ ਰਾਮ ਚੰਦ੍ਰ ਜੀ ਆਪਣੇ ਪਿਤਾ ਦਸਰਥ ਬਾਦਸ਼ਾਹ ਦਾ ਹੁਕਮ ਮੰਨ ਕੇ ੧੪ ਸਾਲ ਬਨਵਾਸ ਰਹੇ। ਉਨ੍ਹਾਂ ਦਿਨਾਂ ਵਿੱਚ ਜੰਗਲ ਦੇ ਵਿੱਚ ਪੰਪਾਸਰ ਦੇ ਪਾਣੀ ਵਿੱਚ ਕਿਰਮ ਪੈ ਜਾਣ ਕਰਕੇ ਬਦਬੂ ਪੈਦਾ ਹੋ ਗਈ ਸੀ। ਇਸ ਸਰੋਵਰ ਵਿੱਚੋਂ ਬਹੁਤ ਸਾਰੇ ਰਿਸ਼ੀ ਜੋ ਤਪੱਸਿਆ ਜੰਗਲ ਵਿੱਚ ਕਰ ਰਹੇ ਸਨ ਪਾਣੀ ਵਰਤਦੇ ਸਨ। ਇਸ ਸਰੋਵਰ ਵਿੱਚ ਇਸ਼ਨਾਨ ਵੀ ਕਰਦੇ ਸਨ। ਕੁਦਰਤ ਦੀ ਕਰੋਪੀ ਕਰਕੇ ਪੰਪਾਸਰ ਦਾ ਪਾਣੀ ਖਰਾਬ ਹੋਣ ਕਰਕੇ ਰਿਸ਼ੀ ਬਹੁਤ ਵਿਆਕੁਲ ਹੋਏ। ਜਦੋਂ ਸ੍ਰੀ ਰਾਮ ਚੰਦ੍ਰ ਜੀ ਇਸ ਜੰਗਲ ਵਿੱਚ ਗਏ ਤਾਂ ਮਤੰਗ ਰਿਸ਼ੀ ਆਦਿ ਸਾਰਿਆਂ ਨੇ ਸ੍ਰੀ ਰਾਮ ਚੰਦ੍ਰ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਸਾਡੇ ਸਰੋਵਰ ਦਾ ਪਾਣੀ ਖਰਾਬ ਹੋ ਚੁੱਕਾ ਹੈ ਜਿਸ ਕਰਕੇ ਅਸੀਂ ਬਹੁਤ ਪ੍ਰੇਸ਼ਾਨ ਹਾਂ। ਪਾਣੀ ਪੀਣ ਅਤੇ ਇਸ਼ਨਾਨ ਦੀ ਬਹੁਤ ਮੁਸ਼ਕਿਲ ਬਣੀ ਹੋਈ ਹੈ। ਕਿਰਪਾ ਕਰਕੇ ਸਰੋਵਰ ਦਾ ਜਲ ਸ਼ੁੱਧ ਕਰੋ। ਸ੍ਰੀ ਰਾਮ ਚੰਦ੍ਰ ਜੀ ਨੇ ਬਚਨ ਕੀਤੇ ਕਿ ਇਹ ਸਰੋਵਰ ਦਾ ਜਲ ਤਾਂ ਠੀਕ ਹੋਵੇਗਾ ਜੇਕਰ ਇਸ ਸਰੋਵਰ ਵਿੱਚ ਕੋਈ ਨਿਰਵੈਰ ਪੁਰਖ ਆਪਣੇ ਚਰਨ ਪਾਵੇ। ਸ੍ਰੀ ਰਾਮ ਚੰਦ੍ਰ ਜੀ ਨੂੰ ਸਾਰੇ ਰਿਸ਼ੀਆਂ ਨੇ ਬੇਨਤੀ ਕੀਤੀ ਕਿ ਇਸ ਸਰੋਵਰ ਵਿੱਚ ਵੱਡੇ ਵੱਡੇ ਰਿਸ਼ੀ ਚਰਨ ਪਾਉਂਦੇ ਰਹਿੰਦੇ ਹਨ। ਜਲ ਠੀਕ ਨਹੀਂ ਹੋਇਆ ਹੁਣ ਆਪ ਜੀ ਕਿਰਪਾ ਕਰਕੇ ਆਪਣੇ ਚਰਨ ਪਾਓ। ਸ੍ਰੀ ਰਾਮ ਚੰਦ੍ਰ ਜੀ ਨੇ ਨਿਮਰਤਾ ਅਤੇ ਭਗਤੀ ਭਾਵ ਨਾਲ ਬਚਨ ਕੀਤੇ ਕਿ ਮੇਰਾ ਤਾਂ ਆਪ ਰਾਵਣ ਨਾਲ ਵੈਰ ਚਲਦਾ ਰਹਿੰਦਾ ਹੈ। ਇਸ ਲਈ ਮੇਰੇ ਵਿੱਚ ਇੰਨੀ ਸਮਰੱਥਾ ਨਹੀਂ ਕਿ ਮੈਂ ਸਰੋਵਰ ਦੇ ਜਲ ਨੂੰ ਠੀਕ ਕਰ ਸਕਾਂ। ਸ੍ਰੀ ਰਾਮ ਚੰਦ੍ਰ ਜੀ ਦੇ ਭਗਤੀ ਭਾਵ ਵਾਲੇ ਇਹ ਪਵਿੱਤਰ ਬਚਨ ਜੰਗਲ ਦੇ ਰਿਸ਼ੀ ਸਮਝ ਨਾ ਸਕੇ। ਸਾਰੇ ਪਾਸੇ ਚੁੱਪ ਛਾ ਗਈ।

ਸ੍ਰੀ ਰਾਮ ਚੰਦ੍ਰ ਜੀ ਨੇ ਹੱਥ ਨਾਲ ਇਸ਼ਾਰਾ ਕਰਕੇ ਆਖਿਆ ਉਹ ਸਾਹਮਣੇ ਝੌਂਪੜੀ ਵਿੱਚ ਕਿਹੜਾ ਰਿਸ਼ੀ ਰਹਿੰਦਾ ਹੈ। ਸਾਰੇ ਰਿਸ਼ੀ ਕਹਿਣ ਲੱਗੇ ਕਿ ਉਹ ਤਾਂ ਭੀਲਾਂ ਦੀ ਲੜਕੀ ਹੈ। ਨਾ ਉਸ ਦਾ ਪੇਕਾ ਪਰਿਵਾਰ ਹੈ ਨਾ ਉਸ ਦਾ ਸਹੁਰਾ ਪਰਿਵਾਰ ਹੈ। ਇਹ ਸੁਣ ਕੇ ਸ੍ਰੀ ਰਾਮ ਚੰਦ੍ਰ ਜੀ ਨੇ ਮਨ ਵਿੱਚ ਵਿਚਾਰ ਕੀਤੀ ਕਿ ਇਹ ਸਾਰੇ ਰਿਸ਼ੀ ਅਜੇ ਜਾਤ ਪਾਤ ਦੇ ਚੱਕਰ ਵਿੱਚ ਫਸੇ ਹੋਏ ਹਨ। ਪਰਮੇਸ਼ਰ ਦੇ ਨਾਮ ਦੀ ਮਹਿਮਾ ਸਮਝਣ ਤੋਂ ਅਸਮਰਥ ਹਨ। ਸ੍ਰੀ ਰਾਮ ਚੰਦ੍ਰ ਜੀ ਆਪ ਚੱਲ ਕੇ ਉਸ ਝੌਂਪੜੀ ਵਿੱਚ ਪਹੁੰਚ ਗਏ। ਜਦੋਂ ਸ੍ਰੀ ਰਾਮ ਚੰਦ੍ਰ ਜੀ ਦੇ ਭੀਲਣੀ ਨੇ ਦਰਸ਼ਨ ਕੀਤੇ ਤਾਂ ਬਹੁਤ ਹੈਰਾਨ ਹੋਈ। ਇਹ ਸ੍ਰੀ ਰਾਮ ਚੰਦ੍ਰ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ ਬੈਠ ਗਈ। ਇਸ ਦੀ ਝੌਂਪੜੀ ਵਿੱਚ ਬੇਰ ਪਏ ਸਨ। ਉਹ ਬੇਰ ਆਪਣੀ ਜੁਬਾਨ ਨਾਲ ਚਖ ਚਖ ਕੇ ਸ੍ਰੀ ਰਾਮ ਚੰਦ੍ਰ ਜੀ ਨੂੰ ਭੋਗ ਲਗਾਉਣ ਵਾਸਤੇ ਦੇ ਰਹੀ ਹੈ।

ਮਨ ਵਿੱਚ ਵਿਚਾਰ ਕਰਦੀ ਹੈ ਕਿ ਕੋਈ ਖੱਟਾ ਬੇਰ ਸ੍ਰੀ ਰਾਮ ਚੰਦ੍ਰ ਜੀ ਨੂੰ ਨਾ ਦਿੱਤਾ ਜਾਏ। ਸ੍ਰੀ ਰਾਮ ਚੰਦ੍ਰ ਜੀ ਨੇ ਇਹਦੀ ਸ਼ਰਧਾ ਨੂੰ ਅੰਗੀਕਾਰ ਕਰਦੇ ਹੋਏ ਬੇਰਾਂ ਨੂੰ ਭੋਗ ਲਾਇਆ ਅਤੇ ਬਚਨ ਕੀਤਾ ਕਿ ਪੰਪਾਸਰ ਵਿੱਚ ਕਿਰਮ ਪੈ ਜਾਣ ਕਰਕੇ ਬਦਬੂ ਪੈਦਾ ਹੋ ਗਈ ਹੈ ਤੁਸੀਂ ਆਪਣੇ ਚਰਨ ਉਸ ਵਿੱਚ ਪਾਓ ਤਾਂ ਜੋ ਕਿਰਮ ਸ਼ਾਂਤ ਹੋ ਜਾਣ। ਪਾਣੀ ਦੀ ਕਿੱਲਤ ਜੰਗਲ ਦੇ ਸਾਰੇ ਰਿਸ਼ੀਆਂ ਦੀ ਦੂਰ ਹੋ ਸਕੇ। ਰਾਮ ਚੰਦ੍ਰ ਜੀ ਦੇ ਇਹ ਬਚਨ ਸੁਣ ਕੇ ਇਹ ਭੀਲਾਂ ਦੀ ਲੜਕੀ ਜਿਸ ਨੂੰ ਭੀਲਣੀ ਕਹਿੰਦੇ ਸਨ ਭੁੱਬਾਂ ਮਾਰ ਕੇ ਰੋ ਪਈ। ਸ੍ਰੀ ਰਾਮ ਚੰਦ੍ਰ ਜੀ ਨੇ ਰੋਣ ਤੋਂ ਹਟਾਇਆ। ਫਿਰ ਇਹ ਬੇਨਤੀ ਕਰਨ ਲੱਗੀ ਕਿ ਮੈਂ ਜੰਗਲ ਵਿੱਚੋਂ ਸੁੱਕੀਆਂ ਲੱਕੜਾਂ ਲੈ ਕੇ ਰਿਸ਼ੀਆਂ ਦੇ ਲੰਗਰ ਵਿੱਚ ਹਨੇਰੇ ਹਨੇਰੇ ਸੁੱਟ ਆਉਂਦੀ ਸੀ। ਜਦੋਂ ਰਿਸ਼ੀਆਂ ਨੂੰ ਖਿਆਲ ਆਇਆ ਕਿ ਸਾਡੇ ਲੰਗਰ ਵਿੱਚ ਲੱਕੜਾਂ ਦੀ ਸੇਵਾ ਕੌਣ ਕਰਦਾ ਹੈ ਤਾਂ ਉਨ੍ਹਾਂ ਨੇ ਰਾਤ ਦੇ ਹਨੇਰੇ ਵਿੱਚ ਮੈਨੂੰ ਲੱਕੜਾਂ ਸੁੱਟਦੀ ਨੂੰ ਵੇਖ ਲਿਆ। ਮੌਕੇ ਤੇ ਪਕੜ ਕੇ ਮੇਰੀ ਬਹੁਤ ਕੁੱਟ ਮਾਰ ਕੀਤੀ। ਰਿਸ਼ੀ ਕਹਿਣ ਲੱਗੇ ਤੂੰ ਸ਼ੂਦਰ ਜਾਤੀ ਅਤੇ ਇਸਤਰੀ ਸਰੀਰ ਵਿੱਚ ਹੋਣ ਕਰਕੇ ਸਾਡੇ ਲੰਗਰ ਨੂੰ ਭਰਿਸ਼ਟ ਕਰ ਦਿੱਤਾ ਹੈ। ਉਸ ਤੋਂ ਬਾਅਦ ਜੰਗਲ ਵਿੱਚ ਜਿਨ੍ਹਾਂ ਪਗਡੰਡੀਆਂ ਤੇ ਰਿਸ਼ੀ ਸੈਰ ਕਰਦੇ ਹਨ ਉਨ੍ਹਾਂ ਤੇ ਝਾੜੂ ਮੈਂ ਲਾਉਂਦੀ ਹਾਂ ਪਰ ਝਾੜੂ ਲਾਉਂਦੀ ਸਮੇਂ ਮੈਂ ਆਪ ਪਗਡੰਡੀ ਤੇ ਪੈਰ ਨਹੀਂ ਰੱਖਦੀ। ਹੁਣ ਮੈਂ ਸਰੋਵਰ ਵਿੱਚ ਕਿਵੇਂ ਆਪਣੇ ਪੈਰ ਪਾ ਸਕਦੀ ਹਾਂ। ਇੱਕ ਤਾਂ ਮੈਂ ਸ਼ੂਦਰ ਜਾਤੀ ਵਿੱਚ ਪੈਦਾ ਹੋਈ ਹਾਂ। ਦੂਜਾ ਮੇਰਾ ਇਸਤਰੀ ਸਰੀਰ ਹੈ। ਸ੍ਰੀ ਰਾਮ ਚੰਦ੍ਰ ਜੀ ਨੇ ਆਖਿਆ ਕਿ ਐਸੀ ਨਿਮਰਤਾ ਰੱਖਣ ਵਾਲੇ, ਨਾਮ ਜਪਣ ਵਾਲੇ ਚਰਨਾਂ ਦੇ ਪਾਣੀ ਨਾਲ ਸਰੋਵਰ ਪਵਿੱਤਰ ਹੋ ਜਾਵੇਗਾ। ਤੁਸੀਂ ਸਰੋਵਰ ਵਿੱਚੋਂ ਇੱਕ ਬਾਲਟੀ ਪਾਣੀ ਦੀ ਭਰ ਕੇ ਉਸ ਵਿੱਚ ਆਪਣੇ ਚਰਨ ਪਾ ਕੇ ਮੁੜ ਪ੍ਰਵਾਹ ਕਰ ਦੇਵੋ ਜਲ ਸ਼ੁੱਧ ਹੋ ਜਾਵੇਗਾ। ਸ੍ਰੀ ਰਾਮ ਚੰਦ੍ਰ ਜੀ ਦੇ ਬਚਨ ਮੰਨ ਕੇ ਭੀਲਣੀ ਨੇ ਇਸੇ ਪ੍ਰਕਾਰ ਕੀਤਾ। ਸਰੋਵਰ ਦਾ ਜਲ ਪਵਿੱਤਰ ਹੋ ਗਿਆ। ਸਾਰੇ ਰਿਸ਼ੀਆਂ ਨੂੰ ਗਿਆਨ ਹੋਇਆ ਕਿ ਪ੍ਰਮੇਸ਼ਰ ਦੇ ਨਾਮ ਦੀ ਕਿੰਨੀ ਵੱਡੀ ਮਹਿਮਾ ਹੈ।

## ਸੰਤ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਦੇ ਜਲੋਧਰ ਦੇ ਰੋਗ ਬਾਰੇ

ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪਿੰਡ ਖੁੜੰਜਾ ਤੋਂ ਦੀਵਾਨ ਲਗਵਾ ਕੇ ਵਾਪਿਸ ਆ ਰਹੇ ਸਨ। ਮਹਾਂਪੁਰਖ ਰਸਤੇ ਵਿੱਚ ਸੂਏ ਦੇ ਕੰਢੇ ਤੇ ਹਰੇ ਘਾਹ ਤੇ ਬੈਠੇ ਸਨ। ਭਾਈ ਬੁੱਧ ਸਿੰਘ ਜੀ ਵੀ ਫਤਹਿ ਬੁਲਾ ਕੇ ਬੈਠ ਗਏ। ਬੇਨਤੀ ਕਰਨ ਲੱਗਿਆ ਕਿ ਮੇਰੇ ਲੜਕੇ ਨੂੰ ਜਲੋਧਰ ਦੀ ਬਿਮਾਰੀ ਹੈ। ਮੈਂ ਆਪ ਜੀ ਦੀ ਰਸਨਾ ਤੋਂ ਸੁਣਿਆ ਸੀ ਕਿ ਗੁਰਬਾਣੀ ਵਿਚ ਬਹੁਤ ਸ਼ਕਤੀ ਹੁੰਦੀ ਹੈ। ਸਾਰੇ ਰੋਗ ਬਾਣੀ ਕੱਟ ਦਿੰਦੀ ਹੈ। ਸਾਰੀ ਸੰਗਤ ਦੇ ਕਹਿਣ ਤੇ ਅਸੀਂ ਅਖੰਡ ਪਾਠ ਸਾਹਿਬ ਭੀ

ਕਰਵਾਏ ਪਰ ਕੁਝ ਨਹੀਂ ਬਣਿਆ। ਮਹਾਂਪੁਰਖਾਂ ਨੇ ਸੋਚਿਆ ਕਿ ਪਾਠੀਆਂ ਦੀ ਪਵਿੱਤਰਤਾ ਨਹੀਂ ਰਹੀ ਹੋਵੇਗੀ। ਵਿਸ਼ੇ ਵਾਸ਼ਨਾ ਕਰਕੇ ਤਨ ਮਨ ਪਲੀਤ ਹੋ ਗਿਆ ਹੋਵੇਗਾ। ਸੰਤਾਂ ਨੇ ਕਿਹਾ ਗੁਰਮੁਖਾ ਇਉਂ ਨਾ ਕਹੋ ਕਿ ਗੁਰੂ ਸਾਹਿਬ ਦੇ ਪਾਠ ਨੇ ਮੇਰਾ ਪੁੱਤਰ ਰਾਜੀ ਨਹੀਂ ਕੀਤਾ। ਗੁਰਬਾਣੀ ਤਾਂ ਜਲੋਧਰ, ਕੁਸ਼ਟ ਆਦਿ ਰੋਗ ਤਾਂ ਕਿਹੜੀ ਗਿਣਤੀ ਵਿੱਚ ਹਨ ਹਉਮੈ ਦਾ ਵੱਡਾ ਰੋਗ ਕੱਟ ਕੇ ਚੁਰਾਸੀ ਤੋਂ ਛੁਟਕਾਰਾ ਕਰ ਦਿੰਦੀ ਹੈ।

ਸੰਤਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਅਰਦਾਸਾ ਸੋਧਿਆ। ਭਾਈ ਬੁੱਧ ਸਿੰਘ ਦੇ ਪੁੱਤਰ ਦਾ ਰੋਗ ਬਿਨਾਂ ਦਵਾਈਓਂ ਕੱਟ ਦਿੱਤਾ। ਪੁੱਤਰ ਦੇ ਠੀਕ ਹੋਣ ਉਪਰੰਤ ਭਾਈ ਬੁੱਧ ਸਿੰਘ ਲੱਭਦਾ ਲੱਭਦਾ ਸੰਤਾਂ ਕੋਲ ਆਇਆ ਮੱਥਾ ਟੇਕਿਆ ਅਤੇ ਕਿਹਾ ਕਿ ਤੁਸੀਂ ਮੇਰੇ ਪੁੱਤਰ ਦਾ ਰੋਗ ਬਿਨਾਂ ਦਵਾਈਓਂ ਕੱਟ ਦਿੱਤਾ ਹੈ। ਸੰਤਾਂ ਕਿਹਾ ਬੱਸ ਇਹ ਗੱਲ ਨਾ ਕਹਿ। ਗੁਰੂ ਸਾਹਿਬ ਕਿਰਪਾਲਤਾ ਕਰ ਦੇਣ ਤਾਂ ਕੋਈ ਰੋਗ ਰਹਿਣ ਹੀ ਨਹੀਂ ਦਿੰਦੇ। ਇਸ ਤਰ੍ਹਾਂ ਭਾਈ ਬੁੱਧ ਸਿੰਘ ਦਾ ਸਾਰਾ ਪਰਿਵਾਰ ਗੁਰੂ ਸਾਹਿਬ ਦੀ ਸੇਵਾ ਵਿੱਚ ਲੱਗ ਗਿਆ।

ਅਕਾਲੀ ਲਹਿਰ ਦੇ ਦਿਨਾਂ ਵਿੱਚ ਸਿੰਘਾਂ ਨੇ ਜੇਲ੍ਹਾਂ ਅੰਦਰ ਭੁੱਖੇ ਰਹਿਣ ਦੀ ਹੜਤਾਲ ਕੀਤੀ ਹੋਈ ਸੀ। ਉਸ ਦਿਨ ਮੋਗੇ ਭਾਰੀ ਇਕੱਠ ਸੀ। ਸੰਤ ਭਿੰਡਰਾਂ ਤੋਂ ਪੈਦਲ ਹੀ ਤੁਰ ਪਏ। ਪੇਟ ਖਾਲੀ ਸੀ। ਪੰਦਰਾਂ ਹਜਾਰ ਆਦਮੀ ਦੀਵਾਨ ਵਿੱਚ ਸਜੇ ਹੋਏ ਸਨ। ਸੰਤਾਂ ਨੇ ਲਗਾਤਾਰ ਪੰਜ ਘੰਟੇ ਉਚੀ ਅਵਾਜ ਵਿੱਚ ਕੀਰਤਨ ਤੇ ਵਖਿਆਨ ਕੀਤਾ। ਬਹੁਤ ਪਸੀਨਾ ਆਇਆ ਹੋਇਆ ਸੀ। ਬਹੁਤ ਤ੍ਰੇਹ ਲੱਗੀ ਹੋਈ ਸੀ। ਸੰਤਾਂ ਨੇ ਝੱਟਪਟ ਠੰਡੇ ਪਾਣੀ ਦਾ ਗਲਾਸ ਬੈਠ ਕੇ ਪੀ ਲਿਆ। ਉਹ ਪਾਣੀ ਸਾਰੇ ਸਰੀਰ ਵਿੱਚ ਤਾਰ ਵਾਂਗਰ ਫਿਰ ਗਿਆ। ਉਸੇ ਦਿਨ ਤੋਂ ਸੰਤਾਂ ਦੇ ਸਰੀਰ ਵਿੱਚ ਬਿਮਾਰੀ ਸ਼ੁਰੂ ਹੋ ਗਈ। ਬਿਮਾਰੀ ਬਹੁਤ ਜੋਰ ਪਕੜ ਗਈ। ਡਾਕਟਰੀ ਮੁਆਇਨੇ ਵਿੱਚ ਪਤਾ ਲੱਗਿਆ ਕਿ ਸੰਤਾਂ ਦਾ ਜਿਗਰ ਫੈਲ ਕੇ ਸੁੰਗੜ ਗਿਆ ਹੈ। ਖੂਨ ਬਨਾਣੋ ਅਸਮਰਥ ਹੋ ਗਿਆ ਹੈ। ਖੁਰਾਕ ਦਾ ਪਾਣੀ ਬਣਨ ਲੱਗ ਪਿਆ। ਡਾਕਟਰ ਸਾਹਿਬ ਨੇ ਵੇਖਿਆ ਕਿ ਆਪ ਜੀ ਦੇ ਸਰੀਰ ਵਿੱਚ ਪਾਣੀ ਪੈਣਾ ਸ਼ੁਰੂ ਹੋ ਗਿਆ ਹੈ। ਹੁਣ ਇਲਾਜ ਹੋਵੇ ਤਾਂ ਠੀਕ ਹੈ। ਸੰਤਾਂ ਕਿਹਾ ਇਹ ਰੱਬੀ ਹੁਕਮ ਹੈ ਇਸੇ ਤਰ੍ਹਾਂ ਹੋਵੇਗਾ ਭਾਵੇਂ ਕਿਤਨੇ ਇਲਾਜ ਕਰੀਏ। ਸੰਤਾਂ ਦਾ ਮੁਲਾਜਾ ਕਰਕੇ ਸਿਵਲ ਸਰਜਨ ਨੇ ਕਿਹਾ ਕਿ ਫਿਕਰ ਦੀ ਕੋਈ ਗੱਲ ਨਹੀਂ ਤਸੀਂ ਠੀਕ ਹੋ ਜਾਵੋਗੇ। ਸੰਤਾਂ ਕਿਹਾ ਪ੍ਰੇਮੀਆ ਸੱਚ ਬੋਲਣਾ ਚਾਹੀਦਾ ਹੈ। ਸਾਡੇ ਪ੍ਰੇਮ ਵਿੱਚ ਆ ਕੇ ਝੂਠ ਨਾ ਕਹੋ। ਡਾਕਟਰ ਸਾਹਿਬ ਨੇ ਹੱਥ ਜੋੜ ਕੇ ਮੁਆਫੀ ਮੰਗੀ। ਦੋ ਵਾਰੀ ਸੂਆ ਲਾ ਕੇ ਬਾਲਟੀ ਪਾਣੀ ਦੀ ਕੱਢੀ। ਮਸਤੂਆਣੇ ਦੇ ਗਿਆਨੀ ਇੰਦਰ ਸਿੰਘ ਨੇ ਬੇਨਤੀ ਕੀਤੀ ਇਹ ਕੀ ਕਾਰਨ ਹੈ। ਸੰਤਾਂ ਕਿਹਾ ਭਾਈ ਭਗਤੂ ਦੀ ਕਥਾ ਸੁਣੀਦੀ ਹੈ ਕਿ ਉਨ੍ਹਾਂ ਅਤੀਸਾਰਾਂ ਨਾਲ ਬਿਮਾਰ

ਹੋਣ ਦਾ ਕਾਰਨ ਕੋਈ ਮੰਦ ਵਾਸ਼ਨਾ ਵਾਲਾ ਦੁੱਧ ਜਾਂ ਭੋਜਨ ਦੱਸਿਆ ਸੀ। ਸੋ ਇਸੇ ਤਰ੍ਹਾਂ ਸਰੀਰਾਂ ਨੂੰ ਬੇਅੰਤ ਕਾਰਨਾਂ ਕਰਕੇ ਕਸ਼ਟ ਹੁੰਦੇ ਹਨ। ਇਹ ਸਾਡੇ ਲਈ ਇਮਤਿਹਾਨ ਹੈ। ਤੁਸੀਂ ਅਰਦਾਸ ਕਰੋ ਕਿ ਮੈਂ ਪਾਸ ਹੋ ਜਾਵਾਂ। ਸਰੀਰ ਪਿਆ ਰੋਗੀ ਹੋ ਜਾਵੇ ਪਰੰਤੂ ਅੰਤਹਿਕਰਨ ਰੋਗੀ ਨਾ ਹੋਵੇ। ਪੰਦਰਾਂ ਫਰਵਰੀ ਸੰਨ ੧੯੩੦ ਨੂੰ ਮਹਾਂਪੁਰਖ ਬੋਪਾਰਾਇ ਵਿਖੇ ਸੱਚਖੰਡ ਜਾ ਬਿਰਾਜੇ।

## ਸੰਤ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਦੇ ਜਨਮ ਬਾਰੇ

ਭਿੰਡਰਾਂ ਨਗਰ ਜਿਲ੍ਹਾ ਫਿਰੋਜਪੁਰ ਤਹਿਸੀਲ ਮੋਗਾ ਵਿੱਚ ਹੈ। ਇਸ ਪਿੰਡ ਵਿੱਚ ਜਿਮੀਦਾਰਾਂ ਵਿੱਚੋਂ ਭਾਈ ਮੱਖਣ ਸਿੰਘ ਜੀ ਹੋਏ ਜੋ ਖੇਤੀਬਾੜੀ ਦਾ ਕੰਮ ਕਰਦੇ ਸਨ। ਆਪਣੇ ਹੱਥੀਂ ਦਾਣੇ ਬੀਜੇ, ਵੱਢੇ ਅਤੇ ਕੱਢੇ ਹੋਣ ਤਾਂ ਉਨ੍ਹਾਂ ਦੇ ਆਟੇ ਦਾ ਹੀ ਪ੍ਰਸ਼ਾਦਾ ਛਕਦੇ ਸਨ। ਬੁਢਾਪੇ ਸਮੇਂ ਵੀ ਨਿਗਾ ਬੜੀ ਤੇਜ, ਦਾੜ੍ਹਾ ਚਿੱਟਾ, ਚਾਂਦੀ ਦੀਆਂ ਤਾਰਾਂ ਵਰਗੇ ਬਾਲ, ਪਗੜੀ ਪੁਰਾਣੇ ਨਮੂਨੇ ਦੀ ਸਾਦੀ ਗੋਲ, ਗਲ਼ ਲੰਮੀਆਂ ਬਾਹਾਂ ਵਾਲੀ ਝੱਗੀ, ਤੇੜ ਕਛਹਿਰਾ, ਖੱਦਰ ਦੇ ਕੱਪੜੇ ਰੱਖਿਆ ਕਰਦੇ। ਲਾਠੀ ਹਰ ਵੇਲੇ ਹੱਥ ਵਿੱਚ ਰੱਖਦੇ। ਸਾਧੂ ਮਹਾਤਮਾ ਦੀ ਸੇਵਾ ਕਰਕੇ ਪ੍ਰਸੰਨ ਰਹਿੰਦੇ।

ਇਨ੍ਹਾਂ ਗ੍ਰਹਿ ਵਿਖੇ ਤਿੰਨ ਪੁੱਤਰ ਪੈਦਾ ਹੋਏ ਭਾਈ ਪ੍ਰੇਮ ਸਿੰਘ, ਭਾਈ ਖੇਮ ਸਿੰਘ ਅਤੇ ਭਾਈ ਖਜਾਨ ਸਿੰਘ। ਤਿੰਨੇ ਪੁੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਸਨ। ਭਾਈ ਖੇਮ ਸਿੰਘ ਜੀ ਗਿਆਨੀ ਵੀ ਸਨ, ਭਾਈ ਖਜਾਨ ਸਿੰਘ ਜੀ ਪੂਰੇ ਸਤਿਸੰਗੀ ਸਨ ਜੋ ਮਹਾਂਪੁਰਖਾਂ ਦੇ ਪਿਤਾ ਜੀ ਹੋਏ। ਆਪਣੇ ਹੱਥੀਂ ਕਿਰਤ ਕਰਨੀ ਇਨ੍ਹਾਂ ਨੇ ਆਪਣੇ ਪਿਤਾ ਜੀ ਤੋਂ ਸਿੱਖਿਆ। ਭਾਈ ਖਜਾਨ ਸਿੰਘ ਜੀ ਕੰਮ ਕਰਦੇ ਸਮੇਂ ਬਾਣੀ ਪੜ੍ਹਦੇ ਰਹਿੰਦੇ। ਨੌਜੁਆਨੀ ਸਮੇਂ ਵੀ ਮਾੜੀ ਸੰਗਤ ਵਿੱਚ ਨਹੀਂ ਬੈਠੇ।

ਆਪਣੀ ਜਮੀਨ ਜੋ ਹਿੱਸੇ ਤੇ ਦਿੱਤੀ ਹੁੰਦੀ ਸੀ ਉਸ ਵਿੱਚੋਂ ਕਦੇ ਕੋਈ ਛੱਲੀ, ਸਿੱਟਾ ਜਾਂ ਗੰਨਾ ਨਹੀਂ ਲੈਂਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਮੈਂ ਆਪਣੇ ਬੱਚਿਆਂ ਨੂੰ ਖਾਣ ਲਈ ਪਰਾਏ ਹੱਕ ਵਿੱਚੋਂ ਕੁਝ ਨਹੀਂ ਦੇਣਾ। ਪਰਾਏ ਹੱਕ ਨੂੰ ਉਹ ਜਹਿਰ ਸਮਾਨ ਸਮਝਦੇ ਸਨ। ਜਿਹੜੇ ਖੇਤ ਕਿਸੇ ਦੂਜੇ ਨੂੰ ਹਿੱਸੇ ਦੇ ਦਿੱਤੇ ਹੁੰਦੇ ਸਨ ਉਨ੍ਹਾਂ ਖੇਤਾਂ ਵਿੱਚੋਂ ਦਾਣੇ ਤੇ ਨੀਰਾ ਵੰਡਣ ਤੱਕ ਕੋਈ ਚੀਜ ਆਪਣੇ ਘਰ ਨਹੀਂ ਲਿਆਉਂਦੇ ਸਨ। ਦਾਣੇ ਤੇ ਨੀਰਾ ਅੱਧੋ ਅੱਧ ਕਰਦੇ ਸਮੇਂ ਇੱਕ ਮਟਕਾ ਦਾਣਿਆਂ ਦਾ ਅਤੇ ਇੱਕ ਪੰਡ ਨੀਰੇ ਦੀ ਦੂਜੇ ਹਿੱਸੇਦਾਰ ਨੂੰ ਆਪਣੇ ਹਿੱਸੇ ਵਿੱਚੋਂ ਵੱਧ ਦਿੰਦੇ ਅਤੇ ਕਿਹਾ ਕਰਦੇ ਕਿ ਭੁੱਲ ਚੁੱਕ ਕੇ ਕੋਈ ਛੱਲੀ ਜਾਂ ਸਿੱਟਾ ਮੇਰੇ ਬੱਚਿਆਂ ਨੇ ਖਾਧਾ ਹੋਵੇਗਾ ਜਾਂ ਮੇਰੇ ਡੰਗਰਾਂ ਨੇ ਹੀ ਮੂੰਹ ਪਾ ਛੱਡਿਆ ਹੋਵੇਗਾ ਇਹ ਦਾਣਿਆਂ ਦਾ ਮਟਕਾ ਅਤੇ ਨੀਰੇ ਦੀ ਪੰਡ ਉਸ ਦੇ ਮੁਜਰੇ ਹੈ। ਉਹ ਹਮੇਸ਼ਾ ਜਪੁ ਜੀ ਸਾਹਿਬ ਦੇ ੨੫ ਪਾਠ ਰੋਜਾਨਾ ਕਰਦੇ ਸਨ। ਹਰੇਕ ਸੰਗਰਾਂਦ ਨੂੰ ਸਹਿਜ ਪਾਠ ਦਾ ਭੋਗ ਪਾਉਂਦੇ। ਉਸ ਦਿਨ ਗਰੀਬ ਗੁਰਬੇ ਨੂੰ ਲੰਗਰ ਛਕਾਉਂਦੇ।

ਆਏ ਗਏ ਸਾਧੂ ਸੰਤਾਂ ਦੀ ਸੇਵਾ ਉਤਸ਼ਾਹ ਨਾਲ ਕਰਦੇ ਸਨ। ਹਰ ਰੋਜ ਸੰਝ ਵੇਲੇ ਇਸੇ ਤਾੜ ਵਿੱਚ ਰਹਿੰਦੇ ਜੇ ਕਿਤੇ ਕੋਈ ਪਾਂਧੀ ਜਾਂ ਕੋਈ ਰਮਤਾ ਸਾਧੂ ਰਹਿਣ ਵਾਲਾ ਮਿਲ ਜਾਵੇ ਤਾਂ ਉਸ ਨੂੰ ਪ੍ਰੇਮ ਨਾਲ ਘਰ ਲਿਜਾਂਦੇ ਤੇ ਸੇਵਾ ਕਰਦੇ। ਨਾਮ ਬਾਣੀ ਸੁਣਦੇ ਸੁਣਾਂਦੇ ਪਿੰਡ ਦੇ ਡੇਰਿਆਂ ਅਤੇ ਗੁਰੂ ਘਰਾਂ ਵਿੱਚ ਹਰ ਰੋਜ ਇੱਕ ਵਾਰੀ ਜਰੂਰ ਮੱਥਾ ਟੇਕਣ ਜਾਂਦੇ। ਗਰਮੀਆਂ ਦੇ ਦਿਨਾਂ ਵਿੱਚ ਚੁਰਸਤੇ ਤੇ ਛਬੀਲ ਲਗਾਉਂਦੇ।

ਜਨਮ ਸਾਖੀਆਂ, ਗੁਰੂ ਨਾਨਕ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਉਨ੍ਹਾਂ ਨੇ ਚੰਗੀ ਤਰ੍ਹਾਂ ਵਿਚਾਰਿਆ ਹੋਇਆ ਸੀ। ਰਾਤ ਨੂੰ ਇਨ੍ਹਾਂ ਗ੍ਰੰਥਾਂ ਵਿੱਚੋਂ ਆਪਣੇ ਪਰਿਵਾਰ ਨੂੰ ਅਤੇ ਰਾਹਗੀਰਾਂ ਨੂੰ ਇੱਕ ਦੋ ਸਾਖੀਆਂਰੋਜਾਨਾ ਸੁਣਾਇਆ ਕਰਦੇ ਸਨ। ਆਪਣੀ ਵਿੱਦਿਆ ਕਮਾਈ ਦਾ ਫਲ ਵੀ ਉਹ ਵੰਡ ਕੇ ਛਕਦੇ ਸਨ।

ਬਾਬਾ ਖਜਾਨ ਸਿੰਘ ਜੀ ਦੀ ਸੁਪਤਨੀ ਦਾ ਨਾਮ ਮਹਿਤਾਬ ਕੌਰ ਸੀ। ਇਨ੍ਹਾਂ ਦਾ ਜਨਮ ਧੂੜ ਕੋਟ ਤਹਿਸੀਲ ਮੋਗਾ ਜਿਲ੍ਹਾ ਫਿਰੋਜਪੁਰ ਦਾ ਹੈ। ਇਨ੍ਹਾਂ ਦੇ ਪਿਤਾ ਨੰਬਰਦਾਰ ਸਾਵਣ ਸਿੰਘ ਬੜੇ ਨੇਕ ਸਿੱਖ ਸਨ। ਬੀਬੀ ਮਹਿਤਾਬ ਕੌਰ ਨੂੰਬਚਪਨ ਤੋਂ ਹੀ ਬਾਣੀ ਯਾਦ ਕਰਨ ਦਾ ਸ਼ੌਂਕ ਸੀ। ਪਰਮੇਸ਼ਰ ਦੀ ਕਿਰਪਾ ਦਾ ਸਦਕਾ ਇਨ੍ਹਾਂ ਦਾ ਵਿਆਹ ਬਾਬਾ ਖਜਾਨ ਸਿੰਘ ਨਿਵਾਸੀ ਭਿੰਡਰਾਂ ਨਾਲ ਹੋ ਗਿਆ। ਸੁਭਾਗੀ ਜੋੜੀ ਅੰਮ੍ਰਿਤ ਵੇਲੇ ਪਹਿਰ ਦੇ ਤੜਕੇ ਇਸ਼ਨਾਨ ਕਰਦੀ ਗੁਰਬਾਣੀ ਦਾ ਪਾਠ ਬਹੁਤ ਪਿਆਰ ਨਾਲ ਕਰਦੀ। ਗ੍ਰਹਿਸਤ ਵਿੱਚ ਆਏ ਗਏ ਸਾਧ ਸੰਤ ਦੀ ਸੇਵਾ, ਨਾਮ ਦਾ ਰਸਅਤੇ ਸਿੱਖੀ ਜੀਵਨ ਤਦ ਹੀ ਬਤੀਤ ਹੋ ਸਕਦਾ ਹੈ ਜੇਕਰ ਘਰ ਵਾਲੀ ਇਸਤਰੀ ਭੀ ਉਸੇ ਲਾਈਨ ਤੇ ਚੱਲੇ। ਇਹੋ ਕਾਰਨ ਸੀ ਕਿ ਬਾਬਾ ਖਜਾਨ ਸਿੰਘ ਜੀ ਦਾ ਘਰ ਸੁਰਗਾਪੁਰੀ ਬਣਿਆ ਹੋਇਆ ਸੀ। ਦੰਪਤੀ ਜੋੜੀ ਦਿਨ ਰਾਤ ਘਰ ਦਾ ਕਾਰ ਵਿਹਾਰ ਕਰਦੇ ਸਮੇਂ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ। ਇੱਕ ਵਾਰੀ ਕੱਤਕ ਦੀ ਪੂਰਨਮਾਸੀ ਨੂੰ ਬਾਬਾ ਖਜਾਨ ਸਿੰਘ ਜੀ ਨੇ ਪ੍ਰਣ ਕੀਤਾ ਕਿ ਅਗਲੇ ਸਾਲ ਦੀ ਕੱਤਕ ਦੀ ਪੂਰਨਮਾਸੀ ਤੱਕ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਆਲਸ ਤੋਂ ਬਚ ਕੇ ਸਾਵਧਾਨ ਹੋ ਕੇ ਕਰਾਂਗਾ। ਇਸ ਤਰ੍ਹਾਂ ਪੂਰਾ ਇੱਕ ਸਾਲ ਸੁਖਮਨੀ ਸਾਹਿਬ ਜੀ ਦਾ ਪਾਠ ਮਰਿਆਦਾ ਨਾਲ ਕੀਤਾ। ਬਾਬਾ ਖਜਾਨ ਸਿੰਘ ਜੀ ਬਹੁਤ ਵੈਰਾਗ ਦਸ਼ਾ ਵਿੱਚ ਆ ਗਏ ਅਤੇ ਘਰ ਵੀ ਤਿਆਗ ਗਏ ਤਾਂ ਕੁਝ ਪ੍ਰੇਮੀ ਸੱਜਣ ਉਨ੍ਹਾਂ ਨੂੰ ਪ੍ਰੇਰ ਕੇ ਘਰ ਲੈ ਆਏ। ਜਦੋਂ ਬਾਬਾ ਜੀ ਸਮਾਧੀ ਵਿੱਚ ਬੈਠੇ ਸਨ ਤਾਂ ਇਹ ਗੁਰਵਾਕ ਅੱਖਾਂ ਦੇ ਸਾਹਮਣੇ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਦਿਸਿਆ।

***ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ਆਦਿ ੭੩੦***

ਬਾਬਾ ਜੀ ਦੀ ਸੰਗਤ ਦਾ ਅਸਰ ਮਾਤਾ ਮਹਿਤਾਬ ਕੌਰ ਦੇ ਮਨ ਤੇ ਵੀ ਚੜ੍ਹ ਗਿਆ। ਮਾਤਾ ਜੀ ਦਾ ਮਨ ਵੀ ਰੰਗਿਆ ਗਿਆ। ਦੋਨੋਂ ਵੈਰਾਗ ਵਿੱਚ ਰਹਿਣ ਲੱਗ ਪਏ। ਕਈ ਵਾਰੀ ਚਣੇ ਚੱਬ ਕੇ ਹੀ ਗੁਜਾਰਾ ਕਰਦੇ।

ਦੋਨਾਂ ਨੇ ਫੈਸਲਾ ਕੀਤਾ ਕਿ ਅਸਾਂ ਨੇ ਯਾਤਰਾ ਤੇ ਜਾਣਾ ਹੈ। ਇਸ ਤਰ੍ਹਾਂ ਸੱਚਖੰਡ ਸ੍ਰੀ ਹਜੂਰ ਸਾਹਿਬ ਚਲੇ ਗਏ। ਬਾਬਾ ਜੀ ਨੇ ਮਹਿਤਾਬ ਕੌਰ ਨੂੰ ਆਖਿਆ ਇੱਥੇ ੪੦ ਦਿਨ ਨਿਸ਼ਕਾਮ ਸੇਵਾ ਕਰਨੀ ਹੈ। ਕੋਈ ਕਾਮਨਾ ਨਹੀਂ ਕਰਨੀ। ਮਾਤਾ ਮਹਿਤਾਬ ਕੌਰ ਜੀ ਦਿਨ ਰਾਤ ਲੰਗਰ ਦੀ ਸੇਵਾ ਵਿੱਚ ਡਟੇ ਰਹਿੰਦੇ, ਮੁੱਖੋਂ ਮੂਲਮੰਤਰ, ਗੁਰਮੰਤਰ ਅਤੇ ਜਪੁ ਜੀ ਸਾਹਿਬ ਦੇ ਪਾਠ ਕਰਦੇ ਰਹਿੰਦੇ। ਅਜੇ ਚਲੀਸਾ ਪੂਰਾ ਵੀ ਨਹੀਂ ਹੋਇਆ ਸੀ ਬਾਬਾ ਖਜਾਨ ਸਿੰਘ ਜੀ ਨੂੰ ਅੰਮ੍ਰਿਤ ਵੇਲੇ ਸਮਾਧੀ ਵਿੱਚ ਦਸਵੇਂ ਪਾਤਿਸ਼ਾਹ ਜੀ ਦੇ ਦਰਸ਼ਨ ਹੋਏ। ਸਤਿਗੁਰਾਂ ਨੇ ਬਚਨ ਕੀਤੇ ਕਿ ਭਾਈ ਖਜਾਨ ਸਿੰਘ ਤੇਰੇ ਘਰ ਅਸੀਂ ਭੁਝੰਗੀ ਭੇਜ ਰਹੇ ਹਾਂ। ਜਦੋਂ ਬਾਬਾ ਜੀ ਸਮਾਧੀ ਤੋਂ ਉੱਠੇ ਅਤੇ ਦੁਪਹਿਰ ਨੂੰ ਆਪਣੀ ਘਰ ਵਾਲੀ ਮਹਿਤਾਬ ਕੌਰ ਨੂੰ ਮਿਲੇ ਤਾਂ ਕਹਿਣ ਲੱਗੇ ਤੁਹਾਨੂੰ ਬਚਨ ਕੀਤਾ ਸੀ ਕਿ ਤੁਸੀਂ ਇੱਥੇ ਨਿਸ਼ਕਾਮ ਸੇਵਾ ਕਰਨੀ ਹੈ ਪਰ ਤੁਸੀਂ ਭੁਝੰਗੀ ਲਈ ਅਰਦਾਸ ਕਰ ਦਿੱਤੀ ਹੈ। ਮੈਨੂੰ ਕਲਗੀਧਰ ਪਿਤਾ ਜੀ ਨੇ ਦੱਸਿਆ ਹੈ। ਮਾਤਾ ਮਹਿਤਾਬ ਕੌਰ ਨੇ ਆਖਿਆ ਮੈਂ ਤਾਂ ਭੁਝੰਗੀ ਵਾਸਤੇ ਫੁਰਨਾ ਵੀ ਨਹੀਂ ਕੀਤਾ।

ਇਸ ਤਰ੍ਹਾਂ ਦੂਜੇ ਦਿਨ ਬਾਬਾ ਖਜਾਨ ਸਿੰਘ ਜੀ ਅੰਮ੍ਰਿਤ ਵੇਲੇ ਸਮਾਧੀ ਵਿੱਚ ਇਸਥਿਤ ਸਨ ਤਾਂ ਕਲਗੀਧਰ ਦੇ ਦਰਸ਼ਨ ਹੋਏ ਅਤੇ ਬਚਨ ਹੋਏ ਕਿ ਖਜਾਨ ਸਿੰਘ ਬੀਬੀ ਨੂੰ ਕੁਝ ਨਾ ਕਹਿ। ਉਨ੍ਹਾਂ ਨੇ ਭੁਝੰਗੀ ਵਾਸਤੇ ਅਰਦਾਸ ਨਹੀਂ ਕੀਤੀ। ਭੁਝੰਗੀ ਤਾਂ ਅਸੀਂ ਤੁਹਾਡੀ ਸੇਵਾ ਤੇ ਪ੍ਰਸੰਨ ਹੋ ਕੇ ਭੇਜ ਰਹੇ ਹਾਂ। ਇਹ ਪੂਰਨ ਸੰਤ ਬ੍ਰਹਮ ਗਿਆਨੀ ਹੋਣਗੇ। ਇਨ੍ਹਾਂ ਵਾਸਤੇ ਸਾਨੂੰ ਅਜਿਹੇ ਘਰ ਦੀ ਲੋੜ ਸੀ। ਦੂਜਾ ਦਿਨ ਬਾਬਾ ਖਜਾਨ ਸਿੰਘ ਜੀ ਨੇ ਆਪਣੇ ਘਰ ਵਾਲੀ ਮਹਿਤਾਬ ਕੌਰ ਨੂੰ ਦੱਸਿਆ ਕਿ ਮੈਨੂੰ ਕਲਗੀਧਰ ਪਿਤਾ ਜੀ ਨੇ ਦੱਸਿਆ ਹੈ ਕਿ ਭੁਝੰਗੀ ਦੀ ਸੇਵਾ ਤੁਹਾਡੀ ਰਹਿਤ ਤੇ ਖੁਸ਼ ਹੋ ਕੇ ਦੇ ਰਹੇ ਹਾਂ, ਬੀਬੀ ਮਹਿਤਾਬ ਕੌਰ ਨੂੰ ਕੁਝ ਨਹੀਂ ਕਹਿਣਾ। ਇਸ ਤਰ੍ਹਾਂ ਸਾਲ ਬਾਅਦ ਮਹਾਂਪੁਰਖਾਂ ਦਾ ਜਨਮ ਅੱਠ ਭਾਦਰੋਂ ਸੰਮਤ ੧੯੪੦ ਬਿਕ੍ਰਮੀ ਦਿਨ ਵੀਰਵਾਰ ਨੂੰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖਵਾਕ ਦੇ ਪਹਿਲੇ ਅੱਖਰ ਤੋਂ ਸੁੰਦਰ ਸਿੰਘ ਨਾਮ ਰੱਖਿਆ। ਮੁੱਖਵਾਕ ਸੀ:

***ਬਿਲਾਵਲ ਮਹਲਾ ੫॥ ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥ ਆਦਿ ੮੨੦***

ਇਨ੍ਹਾਂ ਮਹਾਂਪੁਰਖਾਂ ਨੇ ਦਮਦਮੀ ਟਕਸਾਲ ਦੇ ਦਸਵੇਂ ਮੁਖੀ ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਪਾਸੋਂ ਬ੍ਰਹਮ ਵਿੱਦਿਆ ਪ੍ਰਾਪਤ ਕਰਕੇ ਅਭਿਆਸ ਕੀਤਾ।ਕਲਗੀਧਰ ਦੀ ਕਿਰਪਾ ਦਾ ਸਦਕਾ ਉਨ੍ਹਾਂ ਮਹਾਂਪੁਰਖਾਂ ਦੇ ਸੱਚਖੰਡ ਜਾਣ

ਉਪਰੰਤ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ ਬਣੇ।

## ਰਹਿਬਾਂ ਦਾ ਮੱਕੇ ਜਾਣਾ

ਇਸਲਾਮ ਦੀਆਂ ਕਿਤਾਬਾਂ ਵਿੱਚ ਲਿਖਿਆ ਹੈ ਕਿ ਇੱਕ ਰਹਿਬਾਂ ਨਾਮੇ ਮੁਸਲਮਾਨਾਂ ਦੀ ਲੜਕੀ ਸੀ। ਇਸ ਦੇ ਮਾਤਾ ਪਿਤਾ ਪ੍ਰਲੋਕ ਸਿਧਾਰ ਗਏ। ਪਿੱਛੋਂ ਕਿਸੇ ਨੇ ਵੇਸਵਾ ਪਾਸ ਵੇਚ ਦਿੱਤਾ। ਜਦੋਂ ਕੁਝ ਜਵਾਨ ਹੋਈ ਤਾਂ ਵੇਸਵਾ ਨੇ ਰਹਿਬਾਂ ਕੋਲੋਂ ਵੀ ਮੰਦ ਕਰਮ ਕਰਾਉਣ ਵਾਸਤੇ ਆਪਣੀ ਦੁਕਾਨ ਵਿੱਚ ਬਿਠਾ ਲਿਆ। ਰਹਿਬਾਂ ਪ੍ਰਮੇਸਰ ਦੀ ਭਗਤਣੀ ਸੀ। ਛੋਟੀ ਉਮਰ ਤੋਂ ਹੀ ਨਾਮ ਸਿਮਰਨ ਕਰਦੀ ਸੀ।

ਜਦੋਂ ਵੇਸਵਾ ਨੇ ਇੱਕ ਸ਼ਾਹੂਕਾਰ ਨੂੰ ਰਹਿਬਾਂ ਪਾਸ ਭੇਜਿਆ ਤਾਂ ਪ੍ਰਮਾਤਮਾ ਨੇ ਰਹਿਬਾਂ ਦੀ ਇੱਜਤ ਆਪ ਰੱਖੀ। ਸ਼ਾਹੂਕਾਰ ਨੂੰ ਅੱਗੋਂ ਸ਼ੇਰਨੀ ਬੈਠੀ ਹੋਈ ਦਿਸੀ ਤਾਂ ਬਹੁਤ ਡਰ ਗਿਆ। ਫਿਰ ਜਦੋਂ ਵਿਸ਼ੱਈ ਭਾਵਨਾ ਤਿਆਗ ਕੇ ਨਿਸ਼ਕਪਟ ਮਨ ਨਾਲ ਤੱਕਿਆ ਤਾਂ ਲੜਕੀ ਦਿਸੀ। ਸ਼ਾਹੂਕਾਰ ਨੇ ਪ੍ਰਮਾਤਮਾ ਦੀ ਭਗਤਣੀ ਜਾਣ ਕੇ ਵੇਸਵਾ ਨੂੰ ੫੦੦ ਰੁਪਏ ਦੇ ਕੇ ਰਹਿਬਾਂ ਨੂੰ ਆਪਣੇ ਘਰ ਲਿਆਂਦਾ ਅਤੇ ਕਿਹਾ ਪੁੱਤਰੀ ਤੂੰ ਗੋਲੀ ਨਹੀਂ ਹੈਂ। ਜੇ ਕਿਤੇ ਜਾਣਾ ਹੋਵੇ ਆਪਣੀ ਇੱਛਾ ਅਨੁਸਾਰ ਜਾ ਆ ਸਕਦੀ ਹੈਂ। ਇਹ ਸੁਣ ਕੇ ਰਹਿਬਾਂ ਨੇ ਕਿਹਾ ਪਿਤਾ ਜੀ, ਮੈਂ ਮੱਕੇ ਦੀ ਯਾਤਰਾ ਕਰਨਾ ਚਾਹੁੰਦੀ ਹਾਂ। ਸ਼ਾਹੂਕਾਰ ਨੇ ਖਰਚ ਦੇ ਕੇ ਭੇਜ ਦਿੱਤਾ।

ਜਦੋਂ ਰਹਿਬਾਂ ਮੱਕੇ ਤੋਂ ੬੦ ਕੋਹ ਦੂਰ ਰਹਿ ਗਈ ਤਾਂ ਰਸਤੇ ਵਿੱਚ ਇੱਕ ਕੁੱਤੀ ਵੇਖੀ ਜੋ ਪਿਆਸ ਕਰਕੇ ਮਰ ਰਹੀ ਸੀ। ਉਸ ਦੇ ਕਤੂਰੇ ਤਰਲੇ ਲੈ ਰਹੇ ਸਨ। ਰਹਿਬਾਂ ਨੇ ਆਪਣੇ ਸੀਸ ਦੇ ਉਪਰੋਂ ਕੱਪੜਾ ਉਤਾਰ ਕੇ ਖੂਹ ਵਿੱਚੋਂ ਪਾਣੀ ਕੱਢ ਕੇ ਕੁੱਤੀ ਅਤੇ ਕਤੂਰਿਆਂ ਨੂੰ ਪਿਲਾਇਆ। ਕੁੱਤੀ ਅਤੇ ਕਤੂਰਿਆਂ ਦੀ ਜਾਨ ਬਚਾ ਦਿੱਤੀ। ਥੱਕੀ ਹੋਣ ਕਰਕੇ ਉਥੇ ਹੀ ਬੈਠ ਗਈ ਅਤੇ ਕਹਿਣ ਲੱਗੀ ਜੇ ਖੁਦਾ ਮੈਨੂੰ ਹੁਣ ਮੱਕੇ ਦੇ ਦਰਸ਼ਨ ਕਰਾ ਦੇਵੇ ਤਾਂ ਠੀਕ ਹੈ। ਬੇਨਤੀ ਕਰਨ ਤੇ ਝੱਟ ਹੀ ਮੱਕੇ ਦੇ ਦਰਸ਼ਨ ਹੋ ਗਏ।

ਸਿਰ ਕੀ ਸੋਭ ਉਤਾਰ ਕੇ, ਚੀਨਯੋ ਆਤਮ ਰਾਮ। ਸਾਠ ਕੋਸ ਮੱਕਾ ਮਿਲਿਓ ਦੇਖ ਦਇਆ ਕੇ ਕਾਮ॥

ਮੁਹੰਮਦ ਸਾਹਿਬ ਵੀ ਮੱਕੇ ਦੇ ਦਰਸ਼ਨ ਕਰਨ ਵਾਸਤੇ ਆਏ ਪਰ ਦਰਸ਼ਨ ਨਾ ਹੋਏ। ਪੁੱਛਣ ਤੇ ਮਜੌਰਾਂ ਨੇ ਦੱਸਿਆ ਕਿ ਇੱਕ ਰਹਿਬਾਂ ਨਾਮੀ ਗਰੀਬ ਲੜਕੀ ਇੱਥੋਂ ੬੦ ਕੋਹ ਤੇ ਬੈਠੀ ਹੈ। ਮੱਕਾ ਉਥੇ ਦਰਸ਼ਨ ਦੇਣ ਗਿਆ ਹੈ। ਇਹ ਸੁਣ ਕੇ ਮੁਹੰਮਦ ਸਾਹਿਬ ਜੀ ਉਥੇ ਹੀ ਆ ਗਏ। ਕੀ ਦੇਖਿਆ ਕਿ ਰਹਿਬਾਂ ਪਾਸ ਬਹੁਤ ਸਾਰੇ ਪਸ਼ੂ, ਪੰਛੀ, ਜਾਨਵਰ ਬੈਠੇ ਹਨ ਜਿਹੜੇ ਮੁਹੰਮਦ ਸਾਹਿਬ ਨੂੰ ਦੇਖਦਿਆਂ ਹੀ ਭੱਜ ਗਏ। ਮੁਹੰਮਦ ਸਾਹਿਬ ਨੇ ਮੱਕੇ ਦੇ ਦਰਸ਼ਨ ਕੀਤੇ ਫਿਰ ਰਹਿਬਾਂ ਤੋਂ ਪੁੱਛਿਆ ਹੇ ਪੁੱਤਰੀ

ਇਹ ਪਸ਼ੂ, ਪੰਛੀ, ਜਾਨਵਰ ਮੇਰੇ ਆਉਣ ਤੇ ਕਿਉਂ ਭੱਜ ਗਏ ਹਨ ਤਾਂ ਰਹਿਬਾਂ ਨੇ ਕਿਹਾ ਹੇ ਪੀਰ ਜੀ ਤੁਹਾਡੀ ਤਾਮਸੀ ਬਿਰਤੀ ਹੈ। ਤੁਸੀਂ ਗੋਸ਼ਤ ਖਾਂਦੇ ਹੋ ਇਸ ਕਰਕੇ ਤੁਹਾਡੇ ਤੋਂ ਡਰਦੇ ਦੌੜ ਗਏ ਹਨ। ਪਰ ਮੈਂ ਕੁਝ ਨਹੀਂ ਕਹਿੰਦੀ ਸਗੋਂ ਜੀਵਾਂ ਤੇ ਦਇਆ ਕਰਦੀ ਹਾਂ ਇਸ ਕਰਕੇ ਮੇਰੇ ਨਾਲ ਇਹ ਸਾਰੇ ਪਿਆਰ ਕਰਦੇ ਹਨ, ਤਾਂ ਮੁਹੰਮਦ ਸਾਹਿਬ ਨੇ ਨਮਸਕਾਰ ਕੀਤੀ। ਐਸੀ ਹੈ ਦਇਆ ਜਿਸ ਨੂੰ ਕਰਨ ਕਰਕੇ ਪੈਗੰਬਰ ਵੀ ਨਮਸਕਾਰਾਂ ਕਰਨ ਲੱਗ ਪੈਂਦੇ ਹਨ।

## ਲੈਂਪ ਦੀ ਚਿਮਨੀ ਮਾਂਜਣ ਬਾਰੇ

ਦੀਵੇ ਦੇ ਉਪਰ ਚਿਮਨੀ ਟਿਕਾ ਦਿੱਤੀ ਜਾਵੇ ਉਸ ਨੂੰ ਲੈਂਪ ਕਹਿੰਦੇ ਹਨ। ਇਹ ਚਿਮਨੀ ਕੱਚ ਦੀ ਹੁੰਦੀ ਹੈ। ਚਿਮਨੀ ਹੋਣ ਕਰਕੇ ਲੈਂਪ ਦੀ ਲਾਟ ਤੇ ਹਵਾ ਦਾ ਅਸਰ ਨਹੀਂ ਹੁੰਦਾ। ਚਾਨਣਾ ਸਾਰੇ ਪਾਸੇ ਹੁੰਦਾ ਹੈ। ਪਰ ਜਦੋਂ ਕਾਫੀ ਦੇਰ ਬੱਤੀ ਜਲੀ ਜਾਵੇ ਤਾਂ ਚਿਮਨੀ ਨੂੰ ਕਾਲਖ ਲਗ ਜਾਂਦੀ ਹੈ ਜਿਸ ਨਾਲ ਚਾਨਣਾ ਮੱਧਮ ਪੈ ਜਾਂਦਾ ਹੈ। ਇਸ ਤਰ੍ਹਾਂ ਲੈਂਪ ਦਾ ਤੇਲ ਵੀ ਸੜ ਰਿਹਾ ਹੁੰਦਾ ਹੈ, ਬੱਤੀ ਵੀ ਜਲ ਰਹੀ ਹੁੰਦੀ ਹੈ ਪਰ ਚਾਨਣਾ ਬਿਲਕੁਲ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ ਸਾਨੂੰ ਚਿਮਨੀ ਮਾਂਜਣੀ ਪੈਂਦੀ ਹੈ। ਚਿਮਨੀ ਮਾਂਜਣ ਨਾਲ ਚਾਨਣਾ ਵਧ ਜਾਂਦਾ ਹੈ।

ਇਸੇ ਤਰ੍ਹਾਂ ਕਰਮਕਾਂਢੀ ਬਾਣੀ ਪੜ੍ਹੀ ਜਾਂਦੇ ਹਨ, ਸਮਾਂ ਵੀ ਪੂਰਾ ਲਾਉਂਦੇ ਹਨ ਪਰ ਪ੍ਰਕਾਸ਼ ਨਹੀਂ ਹੁੰਦਾ। ਬਾਣੀ ਪੜ੍ਹਨ ਦਾ ਮਨੋਰਥ ਇਹ ਹੈ ਕਿ ਮਨ ਨੂੰ ਜਿਹੜੀ ਜਨਮਾਂ ਜਨਮਾਂ ਦੀ ਮੈਲ ਲੱਗੀ ਹੋਈ ਹੁੰਦੀ ਹੈ ਉਸ ਨੂੰ ਸਾਫ ਕਰਨਾ ਹੈ। ਬਾਣੀ ਪੜ੍ਹਨ ਨਾਲ ਕਿਰਿਆ ਕੇਵਲ ਬੁੱਲ੍ਹਾਂ ਤੀਕ ਸੀਮਿਤ ਰਹਿ ਜਾਂਦੀ ਹੈ। ਜਿਸ ਮਨ ਨੂੰ ਸਾਫ ਕਰਨਾ ਹੈ ਉਸ ਨੂੰ ਬਾਣੀ ਸੁਣਾਈ ਹੀ ਨਹੀਂ ਜਾਂਦੀ। ਜੇ ਕੋਈ ਪਵਿੱਤਰ ਬਾਣੀ ਸੁਣਾ ਵੀ ਲਵੇ ਤਾਂ ਬਾਣੀ ਦੁਆਰਾ ਮਿਲੇ ਹੁਕਮ ਨੂੰ ਜੀਵ ਮੰਨਦਾ ਨਹੀਂ। ਜਿਸ ਕਰਕੇ ਮਨ ਦੀ ਮੈਲ ਕੱਟੀ ਨਹੀਂ ਜਾਂਦੀ। ਬਾਣੀ ਦੁਆਰਾ ਮਿਲੇ ਹੁਕਮ ਅਨੁਸਾਰ ਨਿਸ਼ਕਾਮ ਸੇਵਾ ਕਰਕੇ ਆਪਣੇ ਮਨ ਦੀ ਮੈਲ ਕੱਟੀ ਜਾਂਦੀ ਹੈ। ਜਿਵੇਂ ਚਿਮਨੀ ਮਾਂਜ ਕੇ ਚਾਨਣਾ ਵਧ ਜਾਂਦਾ ਹੈ ਤਿਵੇਂ ਬਾਣੀ ਨਾਲ ਮਨ ਦੀ ਮੈਲ ਸਾਫ ਹੋਣ ਨਾਲ ਪ੍ਰਕਾਸ਼ ਹੋ ਜਾਂਦਾ ਹੈ। ਮਨ ਦੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਇਹ ਜੀਵ ਪ੍ਰਮੇਸ਼ਰ ਦੇ ਭਾਣੇ ਵਿੱਚ ਰਹਿਣ ਲੱਗ ਜਾਂਦਾ ਹੈ। ਜਿਵੇਂ ਲੈਂਪ ਦੀ ਲਾਟ ਤੇ ਹਵਾ ਦਾ ਕੋਈ ਅਸਰ ਨਹੀਂ ਹੁੰਦਾ ਇਸੇ ਪ੍ਰਕਾਰ ਜਦੋਂ ਭਾਣੇ ਵਾਲੀ ਚਿਮਨੀ ਮਨ ਤੇ ਲੱਗ ਜਾਂਦੀ ਹੈ ਤਾਂ ਸੰਸਾਰ ਦੇ ਤਾਹਨਿਆਂ ਮਿਹਨਿਆਂ ਦਾ ਕੋਈ ਅਸਰ ਨਹੀਂ ਹੁੰਦਾ।

## ਹੰਸ ਅਤੇ ਡੱਡੂ

ਮਾਨ ਸਰੋਵਰ ਦਾ ਹੰਸ ਉਡਦਾ ਉਡਦਾ ਇੱਕ ਖੂਹ ਤੇ ਆ ਬੈਠਿਆ, ਜਿਸ ਵਿੱਚ ਡੱਡੂ ਰਹਿੰਦਾ ਸੀ। ਹੰਸ ਨੇ ਡੱਡੂ ਨੂੰ ਕਿਹਾ ਆ ਮਿੱਤਰਾ ਤੈਨੂੰ ਮਾਨ ਸਰੋਵਰ

ਦੇ ਦਰਸ਼ਨ ਕਰਾਈਏ। ਡੱਡੂ ਨੇ ਪੁੱਛਿਆ ਤੇਰਾ ਮਾਨ ਸਰੋਵਰ ਕਿਤਨਾ ਕੁ ਵੱਡਾ ਹੈ। ਹੰਸ ਨੇ ਕਿਹਾ ਬਹੁਤ ਵੱਡਾ। ਡੱਡੂ ਨੇ ਇੱਕ ਛਾਲ ਮਾਰ ਕੇ ਕਿਹਾ ਇਤਨਾ ਕੁ ਵੱਡਾ ਹੋਵੇਗਾ। ਹੰਸ ਨੇ ਕਿਹਾ ਨਹੀਂ। ਫਿਰ ਦੂਜੀ ਛਾਲ ਮਾਰ ਕੇ ਕਿਹਾ ਇਤਨਾ ਕੁ ਵੱਡਾ ਹੋਵੇਗਾ। ਫਿਰ ਹੰਸ ਨੇ ਕਿਹਾ ਨਹੀਂ। ਫਿਰ ਤੀਜੀ ਤੇ ਚੌਥੀ ਛਾਲ ਮਾਰ ਕੇ ਖੂਹ ਦੇ ਦੂਜੇ ਪਾਸੇ ਵੱਜਿਆ ਤੇ ਪੁੱਛਿਆ ਕਿ ਇਤਨਾ ਕੁ ਵੱਡਾ ਹੋਵੇਗਾ। ਹੰਸ ਨੇ ਕਿਹਾ ਇਸ ਨਾਲੋਂ ਤਾਂ ਉਹ ਕਿਤੇ ਵੱਡਾ ਹੈ। ਡੱਡੂ ਨੇ ਗੁੱਸੇ ਨਾਲ ਕਿਹਾ ਜਾਹ ਜਾਹ ਤੂੰ ਝੂਠ ਬੋਲਦਾ ਹੈਂ। ਇਸ ਨਾਲੋਂ ਵੱਡੀ ਚੀਜ ਤਾਂ ਦੁਨੀਆਂ ਵਿੱਚ ਕੋਈ ਹੈ ਹੀ ਨਹੀਂ। ਇਸੇ ਤਰ੍ਹਾਂ ਸੰਸਾਰੀ ਲੋਕ ਸੰਤਾਂ ਪਾਸੋਂ ਪੁੱਛਦੇ ਹਨ ਕਿ ਬ੍ਰਹਮ ਦੀ ਅਭੇਦਤਾ ਦਾ ਕਿਤਨਾ ਕੁ ਅਨੰਦ ਹੈ ਤਾਂ ਸੰਤ ਕਹਿੰਦੇ ਹਨ ਕਿ ਵਰਣਨ ਅਤੇ ਬਿਆਨ ਕਰਨ ਦੁਆਰਾ ਇਨਸਾਨ ਇਸ ਨੂੰ ਸਮਝ ਨਹੀਂ ਸਕਦਾ। ਜਿਹੜਾ ਵੇਖਦਾ ਉਹ ਹੀ ਇਸ ਨੂੰ ਅਨਭਵ ਕਰ ਸਕਦਾ ਹੈ। ਹਜੂਰ ਦਾ ਫੁਰਮਾਨ ਹੈ:

***ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ॥ ਆਦਿ ੮੮੩***

ਅੱਗੋਂ ਸੰਸਾਰੀ ਲੋਕ ਕਹਿੰਦੇ ਹਨ ਜੇ ਕਿਸੇ ਦਾ ਵਿਆਹ ਨਾ ਹੁੰਦਾ ਹੋਵੇ ਪਰ ਹੋ ਜਾਵੇ, ਘਰ ਵਿੱਚ ਪੁੱਤਰ ਨਾ ਹੋਵੇ ਪਰ ਹੋ ਜਾਵੇ, ਅੱਗੇ ਪੋਤਰਾ ਨਾ ਹੁੰਦਾ ਹੋਵੇ ਪਰ ਹੋ ਜਾਵੇ ਤਾਂ ਅਨੰਦ ਹੋ ਜਾਂਦਾ ਹੈ। ਇਸ ਤੋਂ ਅੱਗੇ ਅਨੰਦ ਹੀ ਅਨੰਦ ਹੈ। ਖੂਹ ਦੇ ਡੱਡੂ ਦੀ ਤਰ੍ਹਾਂ ਹੰਸਾਂ ਦੀ ਨਿਆਈਂ ਸੰਤਾਂ ਨੂੰ ਗੁੱਸੇ ਨਾਲ ਆਖਦੇ ਹਨ ਕਿ ਤੁਸੀਂ ਝੂਠ ਬੋਲਦੇ ਹੋ ਪਰ ਸੰਤ ਕਹਿੰਦੇ ਹਨ ਅਨੰਦ ਸਤਿਗੁਰੂ ਪਾਸੋਂ ਮਿਲਦਾ ਹੈ। ਹਜੂਰ ਦਾ ਫੁਰਮਾਨ ਹੈ:

***ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਆਦਿ ੯੧੭***

***ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥***
***ਐਸਾ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥***
***ਆਦਿ ੩੪੬***

## ਅਖੌਤੀ ਬ੍ਰਹਮ ਗਿਆਨੀਆਂ ਦਾ ਹਾਲ

ਇੱਕ ਸਾਧੂ ਸੀ ਉਸ ਨੂੰ ਭੁੱਖ ਲੱਗੀ ਤਾਂ ਰੋਟੀ ਮੰਗਣ ਗਿਆ। ਜਿਸ ਨਗਰ ਵਿੱਚ ਉਹ ਗਿਆ ਉਸ ਨਗਰ ਦੇ ਸਾਰੇ ਆਦਮੀ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿੰਦੇ ਸਨ। ਉਹ ਕਹਿੰਦੇ ਸਨ ਕਿ ਪਾਪ ਪੁੰਨ ਦਾ ਫਲ ਸਾਡੇ ਲਈ ਕੋਈ ਨਹੀਂ। ਅਸੀਂ ਇਨ੍ਹਾਂ ਗੱਲਾਂ ਤੋਂ ਉੱਪਰ ਹਾਂ। ਬ੍ਰਹਮ ਨੂੰ ਕਰਮਾਂ ਦੇ ਫਲ ਦਾ ਲੇਸ ਨਹੀਂ। ਇਸ ਲਈ ਕਿਸੇ ਸਾਧੂ ਫਕੀਰ ਨੂੰ ਰੋਟੀ ਦੇਣ ਦਾ ਕੋਈ ਲਾਭ ਨਹੀਂ। ਬ੍ਰਹਮ ਗਿਆਨੀ ਕਹਿਲਾਉਣ ਵਾਲਿਆਂ ਦੇ ਘਰੀਂ ਸਾਧ ਵਿਚਾਰਾ ਅਲੱਖ ਗਜਾ ਗਜਾ ਕੇ ਖਾਲੀ ਤੇ

ਭੁੱਖਾ ਮੁੜ ਆਇਆ। ਸਾਧੂ ਨੇ ਸੋਚਿਆ ਕਿ ਇਨ੍ਹਾਂ ਨੂੰ ਚੁੰਚ ਗਿਆਨ ਤੋਂ ਹਟਾਉਣਾ ਚਾਹੀਦਾ ਹੈ ਅਤੇ ਅਮਲੀ ਜੀਵਨ ਵੱਲ ਲਿਆਉਣਾ ਚਾਹੀਦਾ ਹੈ।

ਉਨ੍ਹੀ ਦਿਨੀ ਉਸ ਨਗਰ ਦਾ ਰਾਜਾ ਬਿਮਾਰ ਸੀ। ਸਾਧੂ ਇੱਕ ਪ੍ਰਸਿੱਧ ਹਕੀਮ ਦਾ ਰੂਪ ਧਾਰ ਕੇ ਰਾਜੇ ਕੋਲ ਗਿਆ ਤੇ ਨਬਜ ਵੇਖ ਕੇ ਕਿਹਾ ਬਿਮਾਰੀ ਸਾਰੇ ਇਲਾਜਾਂ ਦੀ ਹੱਦ ਨੂੰ ਟੱਪ ਗਈ ਹੈ। ਹੁਣ ਕੇਵਲ ਇੱਕ ਇਲਾਜ ਹੈ ਉਹ ਇਹ ਕਿ ਬ੍ਰਹਮ ਗਿਆਨੀ ਦਾ ਤੇਲ ਰਾਜੇ ਦੀ ਮਾਲਿਸ਼ ਵਾਸਤੇ ਚਾਹੀਦਾ ਹੈ। ਰਾਜੇ ਨੇ ਕਿਹਾ ਇਹ ਔਖਾ ਇਲਾਜ ਨਹੀਂ। ਸਾਡੇ ਨਗਰ ਦੇ ਸੌ ਵਿੱਚੋਂ ੯੯ ਬ੍ਰਹਮ ਗਿਆਨੀ ਹੀ ਹਨ। ਰਾਜੇ ਨੇ ਨਗਰ ਦੇ ਬ੍ਰਹਮ ਗਿਆਨੀਆਂ ਨੂੰ ਬੁਲਾਇਆ ਅਤੇ ਕਿਹਾ ਤੁਹਾਡਾ ਸਰੀਰ ਨਾਲ ਕੋਈ ਸੰਬੰਧ ਨਹੀਂ। ਕਿਸੇ ਇੱਕ ਬ੍ਰਹਮ ਗਿਆਨੀ ਦਾ ਸਰੀਰ ਚਾਹੀਦਾ ਹੈ ਤਾਂ ਜੋ ਉਸ ਵਿਚੋਂ ਤੇਲ ਕੱਢਿਆ ਜਾ ਸਕੇ। ਇਹ ਗੱਲ ਸੁਣ ਕੇ ਸਾਰੇ ਬ੍ਰਹਮ ਗਿਆਨੀ ਪੁਕਾਰ ਉੱਠੇ ਕਿ ਮਹਾਰਾਜ ਅਸੀਂ ਤਾਂ ਆਪਣੇ ਮਤਲਬ ਦੇ ਬ੍ਰਹਮ ਗਿਆਨੀ ਹਾਂ। ਜਿਸ ਵੇਲੇ ਸਾਨੂੰ ਲਾਹਾ ਹੋਵੇ ਅਸੀਂ ਬ੍ਰਹਮ ਗਿਆਨੀ ਹਾਂ ਨਾ ਹੋਵੇ ਤਾਂ ਨਹੀਂ ਹਾਂ। ਰਾਜੇ ਨੇ ਸਭ ਨੂੰ ਦੰਡ ਦਿੱਤਾ। ਉਸ ਦੀ ਬਿਮਾਰੀ ਦਾ ਇਲਾਜ ਮਹਾਤਮਾ ਦੇ ਇਸ਼ਨਾਨ ਵਾਲੇ ਪਾਣੀ ਨਾਲ ਹੋ ਗਿਆ। ਉਸ ਨੇ ਨਗਰ ਦੇ ਬ੍ਰਹਮ ਗਿਆਨੀਆਂ ਨੂੰ ਵੀ ਛੁਡਾ ਦਿੱਤਾ। ਖੈਰ ਮਤਲਬ ਇਹ ਹੈ ਕਿ ਬ੍ਰਹਮ ਗਿਆਨ ਮੂੰਹੋਂ ਕਹਿਣ ਨਾਲ ਨਹੀਂ ਆਉਂਦਾ ਜਦ ਤੱਕ ਉਨ੍ਹਾਂ ਨੂੰ ਅਮਲੀ ਤੌਰ ਤੇ ਵਰਤਿਆ ਨਾ ਜਵੇ। ਇਸ ਦੀ ਵਰਤੋਂ ਅਭਿਆਸ ਨਾਲ ਹੀ ਹੋ ਸਕਦੀ ਹੈ।

ਭੁੱਖੇ ਆਦਮੀ ਨੂੰ ਰੋਟੀ ਦਾ ਕਿਤਨਾ ਹੀ ਗਿਆਨ ਹੋਵੇ ਅੱਖਾਂ ਦੇ ਸਾਹਮਣੇ ਰੋਟੀ ਥਾਲ ਵਿੱਚ ਨਜਰ ਪੈਂਦੀ ਹੋਵੇ ਇਸ ਤਰ੍ਹਾਂ ਗਿਆਨ ਨਾਲ, ਵੇਖਣ ਨਾਲ, ਭੁੱਖੇ ਨੂੰ ਕੋਈ ਆਸਰਾ ਨਹੀਂ ਮਿਲੇਗਾ। ਗਿਆਨ ਦੇ ਤੌਰ ਤੇ ਅਸੀਂ ਕਿਤਨਾ ਹੀ ਕਿਉਂ ਨਾ ਜਾਣ ਜਾਈਏ ਕਿ ਅਰੋਗਤਾ ਕੀ ਚੀਜ ਹੈ, ਅਰੋਗ ਕਿਵੇਂ ਰਹੀਦਾ ਹੈ, ਅਰੋਗਤਾ ਦੇ ਕੀ ਨਿਯਮ ਹਨ ਪਰੰਤੂ ਇਨ੍ਹਾਂ ਸਭਨਾਂ ਦਾ ਗਿਆਨ ਸਾਨੂੰ ਅਰੋਗ ਨਹੀਂ ਬਣਾ ਸਕਦਾ, ਜਿਤਨਾ ਚਿਰ ਇਹ ਸਾਰੇ ਗਿਆਨ ਨੂੰ ਅਮਲ ਵਿੱਚ ਨਾ ਲਿਆਈਏ। ਸਾਨੂੰ ਗਿਆਨ ਦੇ ਤੌਰ ਤੇ ਬ੍ਰਹਮ ਦਾ ਕਿਤਨਾ ਹੀ ਗਿਆਨ ਕਿਉਂ ਨਾ ਹੋ ਜਾਵੇ ਪਰੰਤੂ ਜਦੋਂ ਤੱਕ ਉਸ ਨੂੰ ਅਮਲੀ ਤੌਰ ਤੇ ਅਨੁਭਵ ਨਾ ਕਰਾਂਗੇ ਇਹ ਲਫਜੀ ਬ੍ਰਹਮ ਗਿਆਨ ਵਾਲਾ ਸਖਣਾ ਹੀ ਰਹੇਗਾ। ਐਸਾ ਗਿਆਨ ਸਾਡੇ ਸੁਭਾਅ ਨੂੰ ਪਲਟ ਨਹੀਂ ਸਕਦਾ।

## ਰਾਜੇ ਦੀਆਂ ਦੋ ਰਾਣੀਆਂ

ਇਕ ਚੱਕਰਵਰਤੀ ਰਾਜਾ ਸੀ ਉਸ ਦੀਆਂ ਦੋ ਰਾਣੀਆਂ ਸਨ। ਇਕ ਛੋਟੀ ਤੇ ਇਕ ਵੱਡੀ। ਰਾਜਾ ਛੋਟੀ ਰਾਣੀ ਦੇ ਵਸ ਹੋਇਆ ਹੋਇਆ ਸੀ। ਸਦਾ ਉਸੇ ਕੋਲ

ਰਹਿੰਦਾ। ਵੱਡੀ ਰਾਣੀ ਨੇ ਕੁਝ ਵਿਚਾਰ ਕੀਤੀ ਤਾਂ ਲੱਗੀ ਸੇਵਾ ਕਰਨ। ਛੋਟੀ ਰਾਣੀ ਦੇ ਲੰਗਰ ਵਿਚ ਆ ਕੇ ਜੂਠੇ ਭਾਂਡੇ ਮਾਂਜਿਆ ਕਰੇ। ਇਤਨੀ ਸੇਵਾ ਕੀਤੀ ਕਿ ਛੋਟੀ ਰਾਣੀ ਪ੍ਰਸੰਨ ਹੋ ਗਈ ਤੇ ਕਹਿਣ ਲਗੀ ਕਿ ਮੰਗ ਜੋ ਕੁਝ ਮੰਗਣਾ ਹੈ। ਵੱਡੀ ਨੇ ਕਿਹਾ ਕਿ ਇਕ ਦਿਨ ਰਾਜੇ ਨੂੰ ਮੇਰੇ ਘਰ ਆ ਜਾਣ ਦੇ। ਬਸ ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਛੋਟੀ ਰਾਣੀ ਨੇ ਵੱਡੀ ਗਲ ਜਾਣ ਕੇ ਉਸ ਕੋਲੋਂ ਨੌਲੱਖਾ ਹਾਰ ਜੋ ਉਸਨੂੰ ਪੇਕਿਆਂ ਨੇ ਦਿੱਤਾ ਸੀ, ਇਸ ਦੇ ਇਵਜ ਵਿਚ ਮੰਗਿਆ। ਵੱਡੀ ਰਾਣੀ ਨੇ ਝੱਟ ਦੇ ਦਿੱਤਾ।

ਰਾਜਾ ਵੱਡੀ ਰਾਣੀ ਦੇ ਘਰ ਗਿਆ। ਵੱਡੀ ਦੀ ਨਿਰਮਾਣ ਸੇਵਾ ਕਰਕੇ ਓਸਦਾ ਹੀ ਹੋ ਗਿਆ ਤੇ ਮੁੜ ਛੋਟੀ ਦੇ ਘਰ ਨਾ ਗਿਆ। ਰਾਜੇ ਨੇ ਵੱਡੀ ਰਾਣੀ ਨੂੰ ਪੁਛਿਆ ਕਿ ਤੂੰ ਛੋਟੀ ਰਾਣੀ ਨੂੰ ਮੇਰਾ ਇਧਰ ਆਉਣਾ ਕਿਵੇਂ ਮਨਵਾ ਲਿਆ। ਉਸ ਨੇ ਬਿਨੈ ਕੀਤੀ ਕਿ ਓਸਨੇ ਨੌਲੱਖਾ ਹਾਰ ਮੰਗਿਆ ਮੈਂ ਓਸਨੂੰ ਤੁਛ ਜਾਣ ਕੇ ਆਪ ਜੀ ਦੇ ਮੇਲ ਨੂੰ ਬੇਸਬਰਾ ਜਾਣ ਕੇ ਝੱਟ ਦੇ ਛੱਡਿਆ। ਰਾਜੇ ਨੇ ਵਿਚਾਰਿਆ ਕਿ ਛੋਟੀ ਰਾਣੀ ਨੇ ਮੈਨੂੰ ਨੌਲੱਖੇ ਤੋਂ ਵੀ ਘੱਟ ਜਾਣਿਆ ਹੈ। ਉਸਨੇ ਜਾਣਾ ਹੀ ਛੱਡ ਦਿੱਤਾ ਤੇ ਵੱਡੀ ਰਾਣੀ ਦਾ ਹੀ ਹੋ ਗਿਆ।

ਸੋ ਇਸ ਤਰ੍ਹਾਂ ਮਨ ਰਾਜਾ ਹੈ ਵੱਡੀ ਰਾਣੀ ਸੁੱਧ ਬੱਧੀ ਹੈ ਅਤੇ ਕੁਬੁੱਧੀ ਛੋਟੀ ਰਾਣੀ ਹੈ। ਭਾਂਡੇ ਮਾਂਜਣੇ ਸਾਧ ਸੰਗਤ ਦੀ ਸੇਵਾ ਹੈ। ਮਨ ਰਾਜਾ ਸੁੱਧ ਬੁੱਧੀ ਦੇ ਘਰ ਆਇਆ ਤਾਂ ਕੁਬੁੱਧ ਦਾ ਤਿਆਗ ਹੀ ਕਰ ਦਿੱਤਾ। ਗੋਲਕਾਂ ਨੌਲੱਖਾ ਹਾਰ ਹੈ। ਮਨ ਨੇ ਕਿਹਾ ਕਿ ਮੈਂ ਸਰਬ ਸੰਸਾਰ ਦਾ ਪ੍ਰਕਾਸ਼ਕ ਹਾਂ। ਕੁਬੁੱਧੀ ਨੇ ਮੈਨੂੰ ਗੋਲਕਾਂ ਦਾ ਵਿਸ਼ਾ ਹੀ ਸਮਝ ਛੱਡਿਆ ਹੈ। ਸੋ ਇਸ ਤਰ੍ਹਾਂ ਸੁੱਧ ਬੁੱਧੀ ਦੇ ਘਰ ਆ ਕੇ ਮਨ ਨੂੰ ਸੋਝੀ ਭਾਵ ਅਮਲੀ ਗਿਆਨ ਪ੍ਰਾਪਤ ਹੋਇਆ। ਸੁੱਧ ਬੁੱਧ ਭਾਵ ਵੱਡੀ ਰਾਣੀ ਨੇ ਰਾਜੇ ਨੂੰ ਨਿਰਮਾਣ ਸੇਵਾ ਅਤੇ ਨੌਲੱਖੇ ਹਾਰ ਦੀ ਕੁਰਬਾਨੀ ਨਾਲ ਭਟਕਦੇ ਰਾਜੇ ਨੂੰ ਆਪਣੇ ਗਰ ਲੈ ਆਂਦਾ। ਮਤਲਬ ਇਹ ਹੈ ਕਿ ਸੇਵਾ ਸਭ ਤੋਂ ਵੱਧ ਅੰਤਰ ਕਰਣ ਦੀ ਸੁੱਧੀ ਕਰਦੀ ਹੈ। ਸੇਵਾ ਨਾਲ ਹੀ ਮਨ ਨੂੰ ਵਸ ਕਰੀਦਾ ਹੈ।

***ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥ ਆਦਿ ੫੫੨***

## ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੀ ਸੇਵਾ ਬਾਰੇ

ਮਹਾਤਮਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਜਦੋਂ ਸਿਮਰਨ ਲਈ ਬਾਹਰ ਜਾਇਆ ਕਰਦੇ ਸਨ ਤਾਂ ਆਪਣੇ ਨਾਲ ਇਕ ਪਾਣੀ ਦੀ ਟਿੰਡ ਭਰ ਕੇ ਲੈ ਜਾਂਦੇ ਸਨ। ਲੋੜ ਅਨੁਸਾਰ ਜਲ ਵਰਤ ਲਿਆ ਕਰਦੇ ਸਨ। ਇਕ ਦਿਨ ਕੜਕਦੀ ਧੁੱਪ ਵਿਚ ਮਹਾਤਮਾ ਜੀ ਦੀ ਪਾਣੀ ਨਾਲ ਭਰੀ ਹੋਈ ਟਿੰਡ ਰੁੜ੍ਹ ਗਈ। ਉਸੇ ਵੇਲੇ ਉਹਨਾਂ ਦੇ ਵਿਦਿਆਰਥੀ ਸੰਤ ਗਿਆਨੀ ਸੁੰਦਰ ਸਿੰਘ ਜੀ ਦੇ ਮਨ ਨੂੰ ਤਰਕ ਵੱਜੀ ਕਿ

ਮਹਾਤਮਾ ਜੀ ਤਾਂ ਪਿਆਸੇ ਹੋਣਗੇ। ਠੰਡੇ ਜਲ ਦਾ ਗੜਵਾ ਭਰਿਆ ਤੇ ਧੁੱਪੇ ਹੀ ਮਹਾਤਮਾ ਜੀ ਦੀ ਭਾਲ ਵਿਚ ਟੁਰ ਪਏ। ਤੁਰਦੇ ਹੋਏ ਇਹ ਸਬਦ ਮਸਤੀ ਨਾਲ ਗਾਉਂਦੇ ਸਨ-

*ਸੁਣ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ॥*

ਖਾਰੀਆਂ ਸਟੇਸ਼ਨ ਤੋਂ ਅੱਗੇ ਲੰਘ ਗਏ। ਰੇਲ ਦੇ ਪੁਲ ਦੇ ਬਰਾਬਰ ਇਕ ਬ੍ਰਿਛ ਹੇਠਾਂ ਮਹਾਤਮਾ ਜੀ ਬੈਠੇ ਇਸ ਤਰ੍ਹਾਂ ਆਪਣੇ ਆਪ ਨੂੰ ਹੱਸ ਕੇ ਕਹਿੰਦੇ ਸਨ "ਪੀ ਲੈ ਪਾਣੀ, ਰਖਦਾ ਸੈ ਟਿੰਡ ਭਰ ਕੇ ਕੋਲ"। ਸੰਤ ਪਿਛੇ ਕੋਲ ਹੀ ਪਹੁੰਚ ਚੁੱਕੇ ਸਨ। ਅਗੋਂ ਹੀ ਹੋ ਕੇ ਗੜਵਾ ਅਗੇ ਰੱਖ ਦਿੱਤਾ ਤੇ ਮੱਥਾ ਟੇਕ ਕੇ ਆਗਿਆ ਅਨੁਸਾਰ ਬੈਠ ਗਏ। ਮਹਾਤਮਾ ਜੀ ਨੇ ਜਲ ਛਕਿਆ ਤੇ ਮੇਹਰ ਦੀ ਨਿਗਾਹ ਨਾਲ ਸੰਤਾਂ ਦੇ ਮੂੰਹ ਵਲ ਤੱਕਿਆ। ਅੱਜ ਅੱਖਾਂ ਵਿਚੋਂ ਪੂਰੇ ਜੋਰ ਦੀ ਬਿਜਲੀ ਸੰਤਾਂ ਦੀਆਂ ਅੱਖਾਂ ਵਿਚ ਇਸ ਤਰ੍ਹਾਂ ਭਰੀ ਕਿ ਕਿ ਸੰਤਾਂ ਨੂੰ ਆਪੇ ਦੀ ਸੁੱਧ ਹੀ ਨਾ ਰਹੀ। ਸੰਤਾਂ ਨੇ ਆਪਣੇ ਇਕ ਨਿਕਟਵਰਤੀ ਸੇਵਕ ਨੂੰ ਇਹ ਭੀ ਕਿਹਾ ਸੀ ਕਿ ਉਸ ਵੇਲੇ ਉਹਨਾਂ ਨੂੰ ਗੁਰੂ ਨਾਨਕ ਸਾਹਿਬ ਦੇ ਪਰਤੱਖ ਦਰਸ਼ਨ ਹੋਏ। ਮਹਾਤਮਾ ਜੀ ਉਠ ਕੇ ਤੁਰਨ ਲਗੇ ਤਾਂ ਸੰਤ ਵੀ ਪਿੱਛੇ ਤੁਰਨ ਲਗੇ ਤਾਂ ਮਹਾਤਮਾ ਨੇ ਕਿਹਾ ਹੁਣ ਤੁਸੀਂ ਵਾਹਿਗੁਰੂ ਮੰਤਰ ਵਿਚ ਬਿਰਤੀ ਇਕਾਗਰ ਕਰੋ। ਮਨ ਅਭਿਆਸ ਵਿਚ ਇਨਾ ਇਕਾਗਰ ਹੋਇਆ ਕਿ ਆਪਣੇ ਆਪ ਨੂੰ ਭੁਲ ਗਏ। ਦਿਨ ਡੁੱਬੇ ਮਹਾਤਮਾ ਜੀ ਉਧਰੋਂ ਮੁੜੇ ਤਾਂ ਸੰਤਾਂ ਨੂੰ ਇਕ ਟੱਕ ਸਮਾਧੀ ਵਿਚ ਡਿੱਠਾ। ਮਹਾਤਮਾ ਜੀ ਨੇ ਸੰਤਾਂ ਨੂੰ ਹਲੂਣ ਕੇ ਚਲਣ ਲਈ ਕਿਹਾ ਤੇ ਸਤਿ ਬਚਨ ਕਹਿ ਕੇ ਇਹ ਸਬਦ ਪ੍ਰੇਮ ਵਿਚ ਭਿੱਜ ਕੇ ਸੁਣਾਇਆ।

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥ (੯੫੭)*

## ਚੰਦਨ ਦਾ ਬਾਗ ਸਾੜਨ ਬਾਰੇ

ਇੱਕ ਰਾਜਾ ਸ਼ਿਕਾਰ ਗਿਆ। ਬਹੁਤ ਤ੍ਰੇਹ ਲੱਗੀ। ਉਸ ਨੂੰ ਜੰਗਲ ਵਿੱਚ ਪਾਣੀ ਲੱਕੜਹਾਰੇ ਕੋਲੋਂ ਮਿਲਿਆ। ਲੱਕੜਹਾਰੇ ਨੇ ਪ੍ਰੇਮ ਨਾਲ ਰਾਜੇ ਨੂੰ ਜਲ ਛਕਾਇਆ। ਰਾਜੇ ਨੇ ਇੱਕ ਅੰਗੂਠੀ ਉਸ ਨੂੰ ਦਿੱਤੀ ਤੇ ਕਿਹਾ ਇਹ ਅੰਗੂਠੀ ਲੈ ਕੇ ਮੇਰੇ ਦਰਬਾਰ ਵਿੱਚ ਅਵੇਂਗਾ ਤਾਂ ਹੋਰ ਵੀ ਇਨਾਮ ਦੇਵਾਂਗਾ। ਕੁਝ ਸਾਲਾਂ ਬਾਅਦ ਲੱਕੜਹਾਰਾ ਅੰਗੂਠੀ ਲੈ ਕੇ ਰਾਜੇ ਦੇ ਦਰਬਾਰ ਵਿੱਚ ਹਾਜਰ ਹੋਇਆ ਤਾਂ ਉਸ ਨੂੰ ਇੱਕ ਚੰਦਨ ਦੇ ਬੂਟਿਆਂ ਦਾ ਬਾਗ ਰਾਜੇ ਨੇ ਦਾਨ ਕਰ ਦਿੱਤਾ।

ਲੱਕੜਹਾਰਾ ਬਾਗ ਵਿੱਚ ਗਿਆ ਅਤੇ ਇੱਕ ਬੂਟੇ ਨਾਲੋਂ ਡੰਡਾ ਲਾਹ ਕੇ ਕੁਹਾੜੇ ਦਾ ਦਸਤਾ ਬਣਾਇਆ। ਫਿਰ ਕੀ ਸੀ, ਕੁਹਾੜੇ ਨਾਲ ਸਾਰੇ ਦਰੱਖਤ ਵੱਢ ਵੱਢ ਕੇ ਕੋਇਲੇ ਬਣਾ ਦਿੱਤੇ। ਕੇਵਲ ਇੱਕੋ ਹੀ ਦਸਤਾ ਜੋ ਕੁਹਾੜੇ ਵਿੱਚ ਪਾਇਆ ਸੀ ਉਹ ਬਚ ਗਿਆ। ਬਜਾਰ ਕੋਇਲੇ ਵੇਚਣ ਗਿਆ ਤਾਂ ਅੱਗੋਂ ਇੱਕ ਆਦਮੀ ਨੇ ਕੋਇਲਿਆਂ ਦਾ ਮੁੱਲ ਬਹੁਤ ਥੋੜ੍ਹਾ ਦੱਸਿਆ ਪਰੰਤੂ ਕਹਿਣ ਲੱਗਾ ਇਹ ਦਸਤਾ ਵੇਚਣਾ ਹੋਵੇ ਤਾਂ ਇਤਨੀ ਰਕਮ ਦੇਵਾਂਗਾ। ਇਹ ਸੁਣ ਕੇ ਲੱਕੜਹਾਰਾ ਬਹੁਤ ਪਛਤਾਇਆ ਅਤੇ ਕਹਿਣ ਲੱਗਾ ਕਿ ਇਸੇ ਲੱਕੜੀ ਦੇ ਗੱਡਿਆਂ ਦੇ ਗੱਡੇ ਸਾੜ ਕੇ ਮੈਂ ਕੋਇਲੇ ਕਰ ਛੱਡੇ ਹਨ। ਸੋ ਇਸ ਤਰ੍ਹਾਂ ਵਾਹਿਗੁਰੂ ਪਾਤਿਸ਼ਾਹ ਹੈ, ਜੀਵ ਲੱਕੜਹਾਰਾ ਹੈ, ਚੰਗੇ ਕਰਮ ਕਰਨੇ ਪਾਣੀ ਪਿਆਉਣਾ ਹੈ। ਵਾਹਿਗੁਰੂ ਰਾਜੇ ਦੀ ਮਿਹਰ ਕਰਕੇ ਮਨੁੱਖਾ ਜਨਮ ਅੰਗੂਠੀ ਮਿਲਣੀ ਹੈ, ਉਮਰ ਇੱਕ ਚੰਦਨ ਦਾ ਬਾਗ ਹੈ ਜਿਸ ਵਿੱਚ ਸੁਆਸ ਅਨੇਕਾਂ ਬੂਟੇ ਹਨ। ਇਨ੍ਹਾਂ ਸੁਆਸਾਂ ਨੂੰ ਲੱਕੜਹਾਰਾ ਜੀਵ ਰਾਗ ਦੁਐਖ ਦੀ ਅੱਗ ਵਿੱਚ ਸਾੜ ਸਾੜ ਕੇ ਕੋਇਲੇ ਕਰ ਰਿਹਾ ਹੈ। ਕਿਸੇ ਸਮੇਂ ਕੁਝ ਸੁਆਸਾਂ ਨਾਲ ਵਾਹਿਗੁਰੂ ਜਪਿਆ, ਸੇਵਾ ਕੀਤੀ, ਅਖੀਰਲੇ ਸਮੇਂ ਇਸ ਦੀ ਕੀਮਤ ਪੈਣ ਤੋਂ ਜੀਵ ਨੇ ਬਹੁਤ ਪਸ਼ਚਾਤਾਪ ਕੀਤਾ ਪਰ ਸਮੇਂ ਸਿਰ ਸੇਵਾ ਅਤੇ ਸਿਮਰਨ ਨਾ ਕਰਕੇ ਮਨੁੱਖਾ ਜਨਮ ਵਿਅਰਥ ਗੁਆ ਲਿਆ।

## ਜਿਮੀਦਾਰ ਨੇ ਲਾਲਾਂ ਦੇ ਗੁਲੇਲੇ ਬਣਾ ਕੇ ਪਛਤਾਉਣਾ

ਇੱਕ ਜਿਮੀਦਾਰ ਦਾ ਨਦੀ ਦੇ ਨਾਲ ਲਗਵਾਂ ਬਾਜਰੇ ਦਾ ਖੇਤ ਬੀਜਿਆ ਹੋਇਆ ਸੀ। ਬਾਜਰੇ ਦੀ ਰਾਖੀ ਲਈ ਉਸ ਨੇ ਗੁਲੇਲ ਲੈ ਲਈ। ਇਸ ਗੁਲੇਲ ਰਾਹੀਂ ਉਹ ਗੁਲੇਲੇ ਚਲਾ ਕੇ ਪੰਛੀਆਂ ਨੂੰ ਬਾਜਰੇ ਦੇ ਖੇਤ ਵਿੱਚੋਂ ਉਡਾਉਂਦਾ ਹੁੰਦਾ ਸੀ। ਇੱਕ ਦਿਨ ਇਹ ਜਿਮੀਦਾਰ ਗੁਲੇਲੇ ਵੱਟਣ ਵਾਸਤੇ ਮਿੱਟੀ ਪੁੱਟਦਾ ਸੀ। ਉਸ ਸਮੇਂ ਧਰਤੀ ਵਿੱਚੋਂ ਉਸ ਨੂੰ ਇੱਕ ਗਾਗਰ ਲਾਲਾਂ ਦੀ ਭਰੀ ਹੋਈ ਲੱਭੀ। ਬੜਾ ਖੁਸ਼ ਹੋਇਆ ਕਿ ਗੁਲੇਲੇ ਵੱਟੇ ਵਟਾਏ ਮਿਲ ਗਏ। ਆਪਣੀ ਗੁਲੇਲ ਨਾਲ ਪੰਛੀਆਂ ਨੂੰ ਉਡਾਉਣ ਵਾਸਤੇ ਇਹ ਲਾਲ ਗੁਲੇਲੇ ਸਮਝ ਕੇ ਚਲਾਈ ਗਿਆ। ਇੱਕ ਇੱਕ ਕਰਕੇ ਸਾਰੇ ਲਾਲ ਨਦੀ ਵਿੱਚ ਸੁੱਟ ਮਾਰੇ। ਜਦੋਂ ਇੱਕ ਲਾਲ ਰਹਿੰਦਾ ਸੀ ਉਸ ਦੀ ਘਰ ਵਾਲੀ ਰੋਟੀ ਲੈ ਕੇ ਖੇਤ ਵਿੱਚ ਆ ਗਈ। ਉਸ ਨੂੰ ਸੋਹਣਾ ਲੱਗਿਆ ਅਤੇ ਘਰ ਵਾਲੇ ਪਾਸੋਂ ਆਪਣੇ ਬੱਚੇ ਨੂੰ ਖਡਾਉਣ ਵਾਸਤੇ ਇਹ ਲੈ ਲਿਆ। ਜਿਮੀਦਾਰ ਕਹਿਣ ਲੱਗਿਆ ਇਨ੍ਹਾਂ ਦੀ ਤਾਂ ਮੈਂ ਸਾਰੀ ਗਾਗਰ ਚਲਾ ਛੱਡੀ ਹੈ। ਪਹਿਲਾਂ ਆਉਂਦੀ ਤਾਂ ਹੋਰ ਵੀ ਲੈ ਸਕਦੀ ਸੀ।

ਘਰ ਵਾਲੀ ਉਹ ਲਾਲ ਘਰ ਲੈ ਗਈ ਅਤੇ ਬੱਚੇ ਨੂੰ ਖੇਡਣ ਵਾਸਤੇ ਦੇ ਦਿੱਤਾ। ਨਗਰ ਦੇ ਸ਼ਾਹ ਦੀ ਘਰ ਵਾਲੀ ਨੇ ਬੱਚੇ ਕੋਲ ਇਹ ਲਾਲ ਵੇਖਿਆ। ਇਸ ਤਰ੍ਹਾਂ ਸ਼ਾਹ ਦੀ ਘਰ ਵਾਲੀ ਦੇ ਕਹਿਣ ਤੇ ਹੋਰ ਸ਼ਾਹ ਇਕੱਠੇ ਹੋ ਗਏ। ਲਾਲ ਦਾ ਮੁੱਲ ਪੈਣ ਲੱਗਾ

ਤਾਂ ਉਸ ਬਦਲੇ ਸੀਸ ਮਹਿਲ ਅਤੇ ਘੋੜੇ ਆਦਿ ਉਸ ਜੱਟ ਦੀ ਵਹੁਟੀ ਨੂੰ ਮਿਲੇ। ਬਹੁਤ ਪ੍ਰਸੰਨ ਹੋਈ। ਸ਼ਾਮ ਨੂੰ ਜਿਮੀਦਾਰ ਆਪਣੇ ਘਰ ਆਇਆ ਤਾਂ ਸਾਰੀ ਗੱਲ ਸੁਣ ਕੇ ਇਤਨਾ ਪਸ਼ਚਾਤਾਪ ਕੀਤਾ ਕਿ ਸ਼ੀਸ਼ ਮਹਿਲ ਦੀਆਂ ਕੰਧਾਂ ਨਾਲ ਸਿਰ ਮਾਰ ਕੇ ਮਰ ਗਿਆ।

ਸੋ ਇਸ ਤਰ੍ਹਾਂ ਕਾਲ ਚੱਕਰ ਨਦੀ ਦਾ ਪ੍ਰਵਾਹ ਹੈ। ਲਾਲਾਂ ਦੀ ਭਰੀ ਹੋਈ ਗਾਗਰ ਦੇਹ ਹੈ। ਵਿਸ਼ੇ ਵਿਕਾਰ ਬਾਜਰੇ ਦਾ ਖੇਤ ਹੈ। ਪੰਜ ਇੰਦਰੇ ਗੁਲੇਲ ਹਨ। ਆਪਣੇ ਸੁਆਸ ਵਿਸ਼ੇ ਵਿਕਾਰਾਂ ਦੇ ਸੁਆਦ ਵਿੱਚ ਖਤਮ ਕਰ ਦਿੱਤੇ। ਜਦੋਂ ਸ੍ਰੇਸ਼ਟ ਬੁੱਧੀ ਭਾਵ ਇਸਤਰੀ ਪ੍ਰੇਰ ਕੇ ਸਤਿਸੰਗਤ ਵਿੱਚ ਲਿਆਈ ਉਸ ਘੜੀ ਦੀ ਕੀਮਤ ਬਹੁਤ ਪਈ। ਫਿਤ ਬਹੁਤ ਅਫਸੋਸ ਹੋਇਆ ਕਿ ਮੈਂ ਸਾਰੀ ਉਮਰ ਸੁਆਸਾਂ ਦੀ ਸੰਭਾਲ ਨਹੀਂ ਕੀਤੀ।

## ਰਾਜੇ ਨੇ ਬਾਗ ਰਾਹੀਂ ਉਪਦੇਸ਼ ਦੇਣਾ

ਇੱਕ ਰਾਜੇ ਨੇ ਬਹੁਤ ਸੁੰਦਰ ਬਾਗ ਲਗਵਾਇਆ। ਉਸ ਵਿੱਚ ਫੁਹਾਰੇ, ਨਹਿਰਾਂ ਹਰ ਤਰ੍ਹਾਂ ਦੇ ਬੂਟੇ ਅਤੇ ਬਹੁਤ ਸੁੰਦਰ ਬੰਗਲਾ ਬਣਾਇਆ। ਬਾਗ ਦੇ ਫਾਟਕ ਉਤੇ ਇੱਕ ਫੱਟਾ ਲਗਵਾ ਦਿੱਤਾ ਜਿਸ ਉਤੇ ਇਹ ਲਿਖ ਦਿੱਤਾ ਜੋ ਆਦਮੀ ਇਸ ਬਾਗ ਵਿੱਚ ਆ ਕੇ ਮੈਨੂੰ ਲੱਭੇਗਾ ਮੈਂ ਉਸ ਨੂੰ ਤਖਤ ਦਾ ਮਾਲਿਕ ਬਣਾਵਾਂਗਾ। ਨਾਲ ਸ਼ਰਤ ਇਹ ਹੈ ਕਿ ਕੋਈ ਆਦਮੀ ਬੂਟਿਆਂ, ਫੁਹਾਰਿਆਂ ਅਤੇ ਮਕਾਨ ਦੀ ਬੇਅਦਬੀ ਨਾ ਕਰੇ।

ਇਹ ਫੱਟਾ ਪੜ੍ਹ ਕੇ ਕਈ ਆਦਮੀ ਬਾਗ ਵਿੱਚ ਆਏ। ਆਪਣੇ ਆਪਣੇ ਸੁਭਾਵਾਂ ਅਨੁਸਾਰ ਵੱਖ ਵੱਖ ਥਾਵਾਂ ਤੇ ਲੱਭਣ ਲੱਗੇ। ਕਈਆਂ ਨੇ ਫੁੱਲਾਂ ਵਿੱਚ, ਫਲਾਂ ਵਾਲੇ, ਦਰੱਖਤਾਂ ਵਿੱਚ, ਬੰਗਲੇ ਦੀਆਂ ਮੰਜਿਲਾਂ ਵਿੱਚ ਲੱਭਣ ਦੀ ਕੋਸ਼ਿਸ਼ ਕੀਤੀ ਪਰੰਤੂ ਸਭ ਭਟਕ ਭਟਕ ਕੇ ਆਪਣਾ ਸਮਾਂ ਪੂਰਾ ਕਰਕੇ ਬਾਗ ਵਿੱਚੋਂ ਚਲੇ ਜਾਂਦੇ ਰਹੇ। ਇੱਕ ਸਿਆਣਾ ਆਦਮੀ ਆਇਆ ਉਸ ਨੇ ਆਪਣੇ ਮਨ ਦੀ ਮਰਜੀ ਕਰਨ ਦੀ ਬਜਾਏ ਬਾਗ ਦੇ ਮਾਲੀ ਦੀ ਸਹਾਇਤਾ ਲਈ। ਮਾਲੀ ਨੇ ਉਸ ਨੂੰ ਰਾਹੇ ਪਾ ਦਿੱਤਾ। ਉਸ ਨੇ ਮਨ ਨੂੰ ਮੋਹਣ ਵਾਲੇ ਸਾਰੇ ਨਜਾਰੇ ਛੱਡ ਕੇ ਮਿੱਟੀ ਦੀ ਢੇਰੀ ਉਤੇ ਨਿਗਾਹ ਟਿਕਾਈ। ਮਿੱਟੀ ਦੀ ਤਹਿ ਹੇਠਾਂ ਇੱਕ ਦਰਵਾਜਾ ਵੇਖਿਆ ਜਿਸ ਨੂੰ ਜਿੰਦਰਾ ਵੱਜਿਆ ਹੋਇਆ ਸੀ। ਮਾਲੀ ਕੋਲੋਂ ਕੁੰਜੀ ਲਈ ਦਰਵਾਜਾ ਖੋਲ੍ਹਿਆ। ਅੰਦਰ ਰਾਜੇ ਨੂੰ ਪ੍ਰਤੱਖ ਪਾ ਲਿਆ। ਇਸ ਤਰ੍ਹਾਂ ਨਾਲ ਤਖਤ ਉਤੇ ਜਾ ਬੈਠਾ। ਇਹ ਸੰਸਾਰ ਬਾਗ ਹੈ।

*ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥ ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾਂ ਅੰਚ ਨ ਲਾਗ॥* *ਆਦਿ ੧੩੮੨*

*ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥ ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥* *ਆਦਿ ੧੩੮੨*

*ਇਸ ਬਾਗ ਵਿੱਚ ਆ ਕੇ ਜੀਵ ਰੰਗਾ ਰੰਗ ਦੀ ਮਾਇਆ ਵਿੱਚ ਮੋਹਿਤ ਹੋ ਜਾਂਦੇ ਹਨ। ਇਹ ਸਰੀਰ ਮਿੱਟੀ ਦੀ ਢੇਰੀ ਹੈ। ਕਿਸੇ ਨੂੰ ਦੁਖ ਦੇਣਾ ਜਾਂ ਸਰੀਰ ਨੂੰ ਢਾਣਾ ਜਾਂ ਸਰੀਰ ਦੇ ਰੋਮਾਂ, ਕੇਸਾਂ ਆਦਿ ਦੀ ਬੇਅਦਬੀ ਕਰਨੀ ਇਹ ਬਾਗ ਦੇ ਫਲ ਬੂਟਿਆਂ ਨੂੰ ਖਰਾਬ ਕਰਨਾ ਹੈ। ਇਸ ਸਥੂਲ ਸਰੀਰ ਦੀ ਢੇਰੀ ਵਿੱਚ ਇੱਕ ਅੰਤਹਿਕਰਨ ਕੋਠੜੀ ਹੈ। ਆਸਾ ਅੰਦੇਸਾ ਦੋਵੇ ਤਖਤਿਆਂ ਦੇ ਫੱਟੇ ਹਨ। ਮੋਹ ਰੂਪੀ ਕੁੰਡਾ ਲੱਗਿਆ ਹੋਇਆ ਹੈ ਅਤੇ ਅਗਿਆਨ ਰੂਪੀ ਜਿੰਦਰਾ ਵੱਜਿਆ ਹੋਇਆ ਹੈ। ਬੰਗਲਾ ਮਾਤ ਲੋਕ ਹੈ।*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ ਆਦਿ ੧੨੩੭*

ਸਿੱਖ ਨੇ ਗੁਰੂ ਮਾਲੀ ਕੋਲ ਜਾ ਕੇ ਪੁੱਛਿਆ ਰਾਜਾ ਕਿੱਥੇ ਹੈ। ਗੁਰਬਾਣੀ ਗੁਰੂ ਹੈ ਜਿਸ ਨੇ ਦੱਸਿਆ ਕਿ:

*ਗੁਰਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ॥*
*ਆਦਿ ੫੨੭*

ਬਸ ਗੁਰੂ ਤੋਂ ਬਾਣੀ ਕੁੰਜੀ ਲੈ ਕੇ ਅਭਿਆਸ ਰੂਪ ਜੰਦਰੇ ਵਿੱਚ ਫੇਰੀ, ਦਰਵਾਜਾ ਖੁੱਲ੍ਹ ਗਿਆ। ਅਨੰਦ ਵਿੱਚ ਗਰਜ ਕੇ ਕਿਹਾ:

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ਆਦਿ ੯੬੯*

## ਮਨ ਵਸ ਕਰਨ ਦੀ ਵਿਧੀ

ਇੱਕ ਬ੍ਰਾਹਮਣ ਨੇ ਵਿੱਦਿਆ ਪੜ੍ਹੀ। ਬੜਾ ਧਨ ਖੱਟਿਆ। ਧਨ ਲੈ ਕੇ ਘਰ ਨੂੰ ਆ ਰਿਹਾ ਸੀ। ਰਸਤੇ ਵਿੱਚ ਇੱਕ ਜੰਗਲ ਸੀ। ਤਿੰਨ ਚੋਰ ਮਗਰ ਲੱਗ ਗਏ। ਇਨ੍ਹਾਂ ਚੋਰਾਂ ਵਿੱਚ ਇੱਕ ਬ੍ਰਾਹਮਣ ਸੀ, ਇੱਕ ਜੱਟ ਸੀ ਅਤੇ ਇੱਕ ਚੰਡਾਲ ਸੀ। ਤਿੰਨੇ ਬ੍ਰਾਹਮਣ ਨੂੰ ਲੁੱਟਣ ਲੱਗੇ ਤਾਂ ਉਸ ਨੂੰ ਇੱਕ ਬਚਣ ਦਾ ਉਪਾਅ ਸੁੱਝਿਆ। ਜੱਟ ਅਤੇ ਬ੍ਰਾਹਮਣ ਨੂੰ ਇੱਕ ਪਾਸੇ ਕੀਤਾ। ਅੱਡ ਕਰਕੇ ਬ੍ਰਾਹਮਣ ਨੂੰ ਕਹਿਣ ਲੱਗਿਆ ਤੂੰ ਮੇਰਾ ਜਾਤ ਭਾਈ ਹੈਂ ਤੇ ਜੱਟ ਨੂੰ ਕਹਿਣ ਲੱਗਿਆ ਤੂੰ ਮੇਰਾ ਜਜਮਾਨ ਹੈਂ। ਤੁਸੀਂ ਚੰਡਾਲ ਨੂੰ ਕਿਉਂ ਧਨ ਦਿੰਦੇ ਹੋ। ਦੋਨੋਂ ਜਣੇ ਰਲ ਕੇ ਵੰਡ ਲੈਣਾ। ਬੇਸ਼ੱਕ ਮੈਨੂੰ ਨਾ ਦੇਣਾ। ਇਹ ਸੁਣ ਕੇ ਉਨ੍ਹਾਂ ਨੇ ਚੰਡਾਲ ਨੂੰ ਨਖੇੜ ਦਿੱਤਾ। ਦੋਨੋ ਜਣੇ ਬ੍ਰਾਹਮਣ ਕੋਲੋਂ ਧਨ ਮੰਗਣ ਲੱਗੇ ਤਾਂ ਬ੍ਰਾਹਮਣ ਨੇ ਬ੍ਰਾਹਮਣ ਚੋਰ ਨੂੰ ਇੱਕ ਪਾਸੇ ਕਰਕੇ ਕਿਹਾ ਬ੍ਰਾਹਮਣ ਦਾ ਧਨ ਜੱਟ ਦੇ ਘਰ ਕਿਉਂ ਜਾਵੇ। ਤੂੰ ਮੈਨੂੰ ਥੋੜ੍ਹਾ ਦੇ ਦੇਵੀਂ। ਅਸੀਂ ਦੋਨੋਂ ਜਾਣੇ ਰਲ ਕੇ ਜੱਟ ਨੂੰ ਧੱਕ ਦਈਏ। ਇਸੇ ਤਰ੍ਹਾਂ ਕੀਤਾ ਗਿਆ। ਜੱਟ ਨੂੰ ਧੱਕਾ ਦੇ ਦਿੱਤਾ।

ਇਤਨੇ ਚਿਰ ਨੂੰ ਪਿੰਡ ਨੇੜੇ ਆ ਗਿਆ। ਚੋਰ ਬ੍ਰਾਹਮਣ ਨੇ ਧਨੀ ਬ੍ਰਾਹਮਣ ਨੂੰ ਕਿਹਾ ਕਿ ਧਨ ਦੇ ਦੇ। ਉਸ ਨੇ ਪਿੰਡ ਨੇੜੇ ਦੇ ਹੌਂਸਲੇ ਉੱਤੇ ਅਤੇ ਨੰਬਰਦਾਰਾਂ ਪਾਸ ਰਿਪੋਰਟ ਕਰਨ ਦਾ ਡਰਾਵਾ ਦੇ ਕੇ ਉਸ ਨੂੰ ਵੀ ਜਵਾਬ ਦੇ ਦਿੱਤਾ। ਇਹ ਜੀਵ ਬ੍ਰਹਮ ਦੀ ਜੋਤ ਹੋਣ ਤੇ ਬ੍ਰਾਹਮਣ ਹੈ।

*ਕਹੁ ਕਬੀਰ ਇਹੁ ਰਾਮੁ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥*
*ਆਦਿ ੮੭੧*

ਤਿੰਨ ਗੁਣ ਸਤੋ, ਰਜੋ, ਕਮੋ ਤਿੰਨ ਚੋਰ ਹਨ। ਸਤੋ ਬ੍ਰਾਹਮਣ ਹੈ, ਰਜੋ ਜੱਟ ਹੈ, ਤਮੋ ਚੰਡਾਲ ਹੈ। ਇਹ ਜੀਵ ਪਾਸ ਆਤਮਾ ਧਨ ਹੈ, ਸੰਸਾਰ ਜੰਗਲ ਹੈ। ਜੀਵ ਜੰਗਲ ਵਿੱਚ ਸਫਰ ਕਰ ਰਿਹਾ ਹੈ। ਆਤਮ ਧਨ ਲੁੱਟਣ ਨੂੰ ਇਹ ਤਿੰਨ ਚੋਰ ਇਸ ਨੂੰ ਚਿੰਬੜੇ ਹੋਏ ਹਨ। ਜਦੋਂ ਤੱਕ ਇਹ ਤਿੰਨ ਚੋਰ ਪ੍ਰਬਲ ਹਨ ਤਦ ਤੱਕ ਇਹ ਜੀਵ ਆਪਣੇ ਘਰ ਨਹੀਂ ਜਾ ਸਕਦਾ। ਸਤਿਗੁਰੂ ਦੀ ਸ਼ੁਭ ਸਿੱਖਿਆ ਲੈ ਕੇ ਜੀਵ ਨੇ ਸੋਚਿਆ ਕਿ ਇਨ੍ਹਾਂ ਤਿੰਨਾਂ ਗੁਣਾਂ ਤੋਂ ਛੁਟਕਾਰਾ ਪਾਇਆ ਜਾਵੇ। ਰਜੋ ਅਤੇ ਸਤੋ ਦਾ ਆਸਰਾ ਲੈ ਕੇ ਤਮੋ ਜੋ ਤਿਆਗਣ ਯੋਗ ਹੈ ਉਸ ਨੂੰ ਤਿਆਗਿਆ ਹੈ। ਜਦੋਂ ਤਮੋ ਦਾ ਤਿਆਗ ਹੋਇਆ ਤਾਂ ਰਜੋ ਦੁਖ ਰੂਪ ਜਾਪਿਆ।

*ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥*
*ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥*
*ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥ ਆਦਿ ੧੫*

ਸਤੋ ਦੇ ਆਸਰੇ ਜੀਵ ਨੇ ਰਜੋ ਨੂੰ ਵੀ ਤਿਆਗ ਦਿੱਤਾ ਤਾਂ ਦੁੱਖ ਦੂਰ ਹੋ ਗਏ। ਫਿਰ ਪਿੰਡ ਨੇੜੇ ਤਾਂ ਕੁਝ ਹੌਂਸਲਾ ਹੋਇਆ।

*ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਆਦਿ ੩੪੫*
*ਹਰਖ ਅਨੰਤ ਸੋਗ ਨਹੀਂ ਬੀਆ॥ ਸੋ ਘਰੁ ਗੁਰਿ ਨਾਨਕ ਕਉ ਦੀਆ॥*
*ਆਦਿ ੧੮੬*

ਆਪ ਤਕੜਾ ਹੋਇਆ ਤਾਂ ਇਸ ਤੋਂ ਉਪਰ ਨਿਰੋਲ ਆਪਣੇ ਸਰੂਪ ਵਿੱਚ ਆ ਗਿਆ।

ਤ੍ਰਿਗੁਣ ਅਤੀਤ ਚਤੁਰਥ ਗੁਨ ਗੰਮਿਤਾ ਕੈ ਪੰਚ ਤਤ ਉਲੰਘਿ ਪਰਮ ਤਤ ਵਾਸੀ ਹੈ॥ ਵਾਰ ੩੧ ਭਾਈ ਗੁਰਦਾਸ ਜੀ

*ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ॥ ਆਦਿ ੪੮੪*

ਤਿੰਨਾਂ ਗੁਣਾਂ ਤੋਂ ਛੁਟਕਾਰਾ ਤਿੰਨਾਂ ਰੋਗਾਂ ਤੋਂ ਛੁਟਕਾਰਾ ਹੈ ਤੇ ਫੇਰ ਆਪਣੇ

ਸਰੂਪ ਵਿੱਚ ਹੀ ਲੀਨ ਰਹਿੰਦਾ ਹੈ।

## ਸੰਤਾਂ ਦੀ ਮਰਿਆਦਾ

ਇੱਕ ਮਹਾਤਮਾ ਸਨ ਜਿਨ੍ਹਾਂ ਦੀ ਇੱਕ ਸੌ ਸਾਲ ਤੋਂ ਉਪਰ ਆਰਬਲਾ ਸੀ। ਬ੍ਰਹਮ ਸ੍ਰੋਤਰੀ ਬ੍ਰਹਮ ਨੇਸਟੀ ਅਤੇ ਸਾਰੇ ਸ਼ਾਸਤਰਾਂ ਦੇ ਗਿਆਤਾ ਸਨ। ਇੱਕ ਸ਼ਾਹੂਕਾਰ ਦੇ ਪੁੱਤਰ ਨੇ ਉਨ੍ਹਾਂ ਪਾਸੋਂ ਬ੍ਰਹਮ ਵਿੱਦਿਆ ਪ੍ਰਾਪਤ ਕਰਨੀ ਚਾਹੀ। ਸ਼ਾਹੂਕਾਰ ਦੇ ਪੁੱਤਰ ਨੂੰ ਮਹਾਂਪੁਰਖਾਂ ਨੇ ਸਾਰੇ ਵਿਦਿਆਰਥੀਆਂ ਵਿੱਚੋਂ ਚੰਗਾ ਜਾਣਕੇ ਵਿਚਾਰਿਆ ਕਿ ਜੇਕਰ ਇਹ ਪੜ੍ਹ ਜਾਵੇ ਤਾਂ ਸੰਸਾਰ ਦਾ ਭਲਾ ਕਰੇਗਾ। ਇਹ ਸੋਚ ਕੇ ਮਹਾਂਪੁਰਖਾਂ ਨੇ ਬ੍ਰਹਮ ਵਿੱਦਿਆ ਪੜ੍ਹਾਉਣੀ ਸ਼ੁਰੂ ਕਰ ਦਿੱਤੀ।

ਕਿਸੇ ਚੁਗਲ ਨੇ ਸ਼ਾਹੂਕਾਰ ਕੋਲ ਚੁਗਲੀ ਕੀਤੀ। ਸ਼ਾਹੂਕਾਰ ਨੇ ਆਪਣੇ ਲੜਕੇ ਨੂੰ ਮਹਾਂਪੁਰਖਾਂ ਪਾਸੋਂ ਬੁਲਾ ਲਿਆ। ਲੜਕਾ ਫੇਰ ਮਹਾਂਪੁਰਖਾਂ ਕੋਲ ਚਲਾ ਗਿਆ। ਚੁਗਲ ਨੇ ਫੇਰ ਸ਼ਾਹੂਕਾਰ ਕੋਲ ਚੁਗਲੀ ਕੀਤੀ ਕਿ ਮਹਾਤਮਾ ਦੀ ਆਰਬਲਾ ਸੌ ਸਾਲ ਤੋਂ ਉਪਰ ਹੈ। ਉਹ ਆਪਣਾ ਚੇਲਾ ਬਣਾਉਣਾ ਚਾਹੁੰਦਾ ਹੈ। ਉਹ ਤੇਰੇ ਪੁੱਤਰ ਨੂੰ ਛੱਡੇਗਾ ਨਹੀਂ। ਚੁਗਲ ਨੇ ਸ਼ਾਹੂਕਾਰ ਨੂੰ ਸਮਝਾਇਆ ਜੇਕਰ ਤੂੰ ਆਪਣੇ ਲੜਕੇ ਨੂੰ ਘਰ ਰੱਖਣਾ ਚਾਹੁੰਦਾ ਹੈਂ ਤਾਂ ਆਪਣੇ ਲੜਕੇ ਨੂੰ ਸਿਖਾ ਕਿ ਉਹ ਮਹਾਂਪੁਰਖਾਂ ਨੂੰ ਆਖੇ ਕਿ ਮੇਰੇ ਪਿਤਾ ਜੀ ਨੂੰ ਇੱਕ ਲਾਲ ਦੇ ਦੇਵੋ ਤਾਂ ਉਹ ਪੜ੍ਹਨ ਦੇਣਗੇ। ਲੜਕੇ ਨੇ ਮਹਾਂਪੁਰਖਾਂ ਕੋਲ ਜਾ ਕੇ ਇਸੇ ਤਰ੍ਹਾਂ ਆਖ ਦਿੱਤਾ। ਮਹਾਂਪੁਰਖ ਸਭ ਕੁਝ ਜਾਣਦੇ ਸਨ ਉਹ ਸਮਝ ਗਏ। ਮਹਾਂਪੁਰਖ ਉਸ ਲੜਕੇ ਨੂੰ ਕਹਿਣ ਲੱਗੇ ਕਿ ਤੇਰੀ ਕਿਸਮਤ ਚੰਗੀ ਹੋਵੇਗੀ ਤਾਂ ਲਾਲ ਵੀ ਮਿਲ ਜਾਵੇਗਾ।

ਇੱਕ ਦਿਨ ਮਹਾਂਪੁਰਖ ਸਮੁੰਦਰ ਦੇ ਕੰਢੇ ਤੇ ਜਾ ਕੇ ਬੈਠ ਗਏ। ਉਥੇ ਬਰੇਤੀ ਵੱਲ ਤੱਕਿਆ ਤਾਂ ਲਾਲਾਂ ਦੀ ਮਟਕੀ ਮਿਲ ਗਈ। ਮਹਾਂਪੁਰਖਾਂ ਨੇ ਉਹ ਮਟਕੀ ਲੜਕੇ ਨੂੰ ਲਿਆ ਕੇ ਦੇ ਦਿੱਤੀ ਅਤੇ ਆਖਿਆ ਤੂੰ ਇੱਕ ਲਾਲ ਮੰਗਿਆ ਸੀ। ਤੈਨੂੰ ਲਾਲਾਂ ਦੀ ਮਟਕੀ ਦਿੰਦੇ ਹਾਂ। ਇਹ ਲਾਲਾਂ ਦੀ ਮਟਕੀ ਤੂੰ ਆਪਣੇ ਪਿਤਾ ਜੀ ਨੂੰ ਜਾ ਕੇ ਦੇ ਆ। ਲੜਕਾ ਆਪਣੇ ਪਿਤਾ ਨੂੰ ਲਾਲਾਂ ਦੀ ਮਟਕੀ ਦੇ ਕੇ ਮਹਾਂਪੁਰਖਾਂ ਕੋਲ ਆ ਕੇ ਵਿੱਦਿਆ ਪੜ੍ਹਨ ਲੱਗ ਪਿਆ। ਫੇਰ ਕਿਸੇ ਦਿਨ ਉਹ ਚੁਗਲ ਸ਼ਾਹੂਕਾਰ ਨੂੰ ਮਿਲਿਆ ਅਤੇ ਕਹਿਣ ਲੱਗਿਆ ਕਿ ਸ਼ਾਹੂਕਾਰਾ ਤੇਰਾ ਲੜਕਾ ਮਹਾਤਮਾ ਨੇ ਮੁੱਲ ਖਰੀਦ ਲਿਆ। ਹੁਣ ਤੇਰੇ ਘਰ ਨਹੀਂ ਆਵੇਗਾ। ਸ਼ਾਹੂਕਾਰ ਕਹਿਣ ਲੱਗਿਆ ਹੁਣ ਕੀ ਕਰਾਂ। ਚੁਗਲ ਕਹਿਣ ਲੱਗਿਆ ਕਿ ਮਹਾਤਮਾ ਨੂੰ ਨਿਉਂਦੇ ਦੇ ਬਹਾਨੇ ਸੱਦ ਕੇ ਘਰ ਵਿੱਚ ਕਤਲ ਕਰ ਦੇ। ਇਸ ਤਰ੍ਹਾਂ ਸ਼ਾਹੂਕਾਰ ਨੇ ਤ੍ਰੈਕਾਲ ਦਰਸ਼ੀ ਮਹਾਤਮਾ ਨੂੰ ਨਿਉਂਦੇ ਦੇ ਬਹਾਨੇ ਘਰ ਸੱਦ ਕੇ ਕਤਲ ਕਰਾ ਦਿੱਤਾ ਅਤੇ ਮਾਸ ਕਸਾਈ ਨੂੰ ਦੇ ਦਿੱਤਾ। ਕਸਾਈ ਬੱਕਰੇ ਦੇ ਮਾਸ ਵਿੱਚ ਰਲਾ ਕੇ ਵੇਚਣ ਲੱਗ ਪਿਆ। ਸਾਰੀ ਦਿਹਾੜੀ

ਮਾਸ ਵੇਚਦਾ ਰਿਹਾ। ਦਿਨ ਦਾ ਸਤਾਇਆ ਹੋਇਆ ਇੱਕ ਸਿਪਾਹੀ ਮਾਸ ਲੈਣ ਆਇਆ। ਇਹ ਸਿਪਾਹੀ ਇਸ ਕਸਾਈ ਪਾਸੋਂ ਰੋਜਾਨਾ ਮਾਸ ਲੈ ਕੇ ਜਾਂਦਾ ਸੀ। ਸਿਪਾਹੀ ਨੇ ਕਸਾਈ ਤੋਂ ਸੇਰ ਮਾਸ ਮੰਗਿਆ। ਕਸਾਈ ਨੇ ਆਖਿਆ ਸੇਰ ਨਹੀਂ ਪਾਈਆ ਮਾਸ ਹੋਵੇਗਾ। ਮਹਾਂਪੁਰਖਾਂ ਦਾ ਜਿਹੜਾ ਮਾਸ ਪਿਆ ਸੀ ਉਸ ਵਿੱਚੋਂ ਅਵਾਜ ਆਈ ਕਿ ਪਾਈਆ ਨਹੀਂ ਸੇਰ ਪੂਰਾ ਹੋਵੇਗਾ। ਇਹ ਅਵਾਜ ਸਿਪਾਹੀ ਨੂੰ ਵੀ ਸੁਣ ਗਈ। ਸਿਪਾਹੀ ਨੂੰ ਸ਼ੱਕ ਹੋ ਗਿਆ, ਕਹਿਣ ਲੱਗਿਆ ਬੋਲਣ ਵਾਲਾ ਜਿਉਂਦਾ ਹੋ ਸਕਦਾ ਹੈ। ਅਵਾਜ ਆਈ ਸਾਡਾ ਕੀ ਵਿਗੜਿਆ ਹੈ। ਜਿਉਂਦਾ ਹੋ ਸਕਦੇ ਹਾਂ। ਮੇਰੇ ਮਾਸ ਤੇ ਚਾਦਰ ਪਾ ਕੇ ਸਤਿਨਾਮੁ ਵਾਹਿਗੁਰੂ ਦਾ ਜਾਪ ਕਰੋ ਮੈਂ ਜਿਉਂਦਾ ਹੋ ਜਾਵਾਂਗਾ। ਇਹ ਗੱਲ ਸੁਣ ਕੇ ਸਿਪਾਹੀ ਨੇ ਸਾਰੇ ਹਾਕਮ ਬੁਲਾ ਲਿਆਂਦੇ। ਕਸਾਈ ਨੂੰ ਪਕੜ ਲਿਆ। ਉਨ੍ਹਾਂ ਨੇ ਮਹਾਂਪੁਰਖਾਂ ਦੇ ਮਾਸ ਤੇ ਚਾਦਰ ਪਾ ਕੇ ਸਤਿਨਾਮੁ ਵਾਹਿਗੁਰੂ ਕਿਹਾ ਸੰਤ ਜਿਉਂਦੇ ਹੋ ਕੇ ਬੈਠ ਗਏ। ਉਹ ਕਹਿਣ ਲੱਗੇ ਕਿ ਮਹਾਰਾਜ ਦੱਸੋ ਸਿਪਾਹੀ ਨੂੰ ਕੀ ਦੰਡ ਦੇਈਏ। ਇਸ ਨੂੰ ਫਾਂਸੀ ਦੇਈਏ, ਦਰਿਆ ਵਿੱਚ ਡੋਬ ਕੇ ਮਾਰੀਏ ਜਾਂ ਬੇਲਣੇ ਨਾਲ ਪੀੜੀਏ। ਮਹਾਂਪੁਰਖ ਕਹਿਣ ਲੱਗੇ ਜਿਵੇਂ ਅਸੀਂ ਕਹਾਂਗੇ ਉਵੇਂ ਕਰਿਓ। ਸੁਣ ਕੇ ਕਸਾਈ ਕਹਿਣ ਲੱਗਿਆ ਮੇਰਾ ਕੋਈ ਕਸੂਰ ਨਹੀਂ। ਸ਼ਾਹੂਕਾਰ ਨੇ ਇਨ੍ਹਾਂ ਨੂੰ ਮਾਰਿਆ ਸੀ ਮੈਂ ਤਾਂ ਮਾਸ ਹੀ ਵੇਚਿਆ ਹੈ। ਇਸ ਤਰ੍ਹਾਂ ਸ਼ਾਹੂਕਾਰ ਪਕੜਿਆ ਗਿਆ। ਉਸ ਵੇਲੇ ਸੰਤਾਂ ਨੇ ਹਾਕਮਾਂ ਨੂੰ ਕਿਹਾ ਜੇਕਰ ਸਾਡਾ ਕਿਹਾ ਮੰਨੋਗੇ ਤਾਂ ਐਵੇਂ ਕਰੋ ਕਿ ਸ਼ਾਹੂਕਾਰ ਦੇ ਲੜਕੇ ਨੂੰਦੋ ਚਾਰ ਦਿਨਾਂ ਵਾਸਤੇ ਮੈਨੂੰ ਦੇ ਦਿਓ। ਹਾਕਮ ਕਹਿਣ ਲੱਗੇ ਇਹ ਤੁਸੀਂ ਕੀ ਕਹਿ ਰਹੇ ਹੋ। ਮਹਾਂਪੁਰਖ ਕਹਿਣ ਲੱਗੇ ਬੱਚਾ ਹੋਣਹਾਰ ਹੈ ਬ੍ਰਹਮ ਵਿੱਦਿਆ ਪੜ੍ਹ ਲਵੇਗਾ ਤਾਂ ਦੁਨੀਆਂ ਦਾ ਭਲਾ ਕਰੇਗਾ। ਇਹ ਸੁਣ ਕੇ ਸਾਰੇ ਹੈਰਾਨ ਹੋਏ। ਮਹਾਂਪੁਰਖਾਂ ਦੀ ਪਵਿੱਤਰ ਮਰਿਆਦਾ ਨੂੰ ਸਮਝ ਕੇ ਸਾਰੇ ਹਾਕਮ ਕਹਿਣ ਲੱਗੇ ਕਿ ਇਹ ਮਹਾਂਪੁਰਖ ਕਿੰਨੇ ਪਰਉਪਕਾਰੀ ਹਨ ਜਿਹੜੇ ਬੁਰੇ ਨਾਲ ਵੀ ਭਲਿਆਈ ਹੀ ਕਰਦੇ ਹਨ। ਹਾਕਮਾਂ ਦੇ ਕਹਿਣ ਤੇ ਬਾਦਸ਼ਾਹ ਨੇ ਦੋ ਤਿੰਨ ਪਿੰਡ ਮਹਾਂਪੁਰਖਾਂ ਨੂੰ ਸੌਂਪ ਦਿੱਤੇ ਤਾਂ ਕਿ ਇਹ ਮਹਾਂਪੁਰਖ ਆਪਣੇ ਵਿਦਿਆਰਥੀਆਂ ਨੂੰ ਇਨ੍ਹਾਂ ਪਿੰਡਾਂ ਦੀ ਆਮਦਨ ਨਾਲ ਪੜ੍ਹਾ ਲਿਖਾ ਸਕਣ। ਇਹ ਹੈ ਸੰਤਾਂ ਦੀ ਮਰਿਆਦਾ ਕਿ ਸੰਤ ਕਿਵੇਂ ਭਲਾ ਕਰਦੇ ਹਨ।

# ਭਾਗ ਪੰਜਵਾਂ

## ਪੰਨਾ 649 ਤੋਂ 664 ਤੱਕ

## ਕਲਗੀਧਰ ਦੇ 52 ਬਚਨ

## ਅਤੇ

## ਮਹਾਂਪੁਰਖਾਂ ਦੇ ਅਨਮੋਲ ਬਚਨ

# ਕਲਗੀਧਰ ਦੇ 52 ਬਚਨ

੧. ਧਰਮ ਦੀ ਕਿਰਤ ਕਰਨੀ।
੨. ਦਸਵੰਧ ਗੁਰੂ ਕਾ।
੩. ਗੁਰਬਾਣੀ ਕੰਠ ਕਰਨੀ।
੪. ਅੰਮ੍ਰਿਤ ਵੇਲੇ ਉੱਠਣਾ।
੫. ਸਿੱਖਾਂ ਦੀ ਸੇਵਾ ਰੁਚੀ ਨਾਲ ਕਰਨੀ।
੬. ਗੁਰਸਿੱਖ ਪਾਸੋਂ ਗੁਰਬਾਣੀ ਦੇ ਅਰਥ ਪੜ੍ਹਨੇ।
੭. ਪੰਜ ਕਕਾਰਾਂ ਦੀ ਰਹਿਤ ਦ੍ਰਿੜ ਰੱਖਣੀ।
੮. ਰੋਜਾਨਾ ਸਤਿਸੰਗਤ ਕਰਨੀ।
੯. ਧਿਆਨ ਸਤਿ ਸਰੂਪ ਸਤਿਗੁਰੂ ਦਾ ਕਰਨਾ।
੧੦. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ।
੧੧. ਅਰਦਾਸ ਸਭ ਕਾਰਜਾਂ ਦੇ ਆਰੰਭ ਵਿਚ ਕਰਨੀ।
੧੨. ਕਰੇ ਕੜਾਹ ਜਪੁ ਪਾਠ ਸੋ ਠਾਨੇ।
੧੩. ਜਦੋਂ ਤੱਕ ਕੜਾਹ ਪ੍ਰਸ਼ਾਦਿ ਵਰਤਦਾ ਰਹੇ ਸਾਰੀ ਸੰਗਤ ਅਡੋਲ ਬੈਠੀ ਰਹੇ।
੧੪. ਵਿਆਹ ਅਨੰਦ ਬਿਨਾਂ ਗ੍ਰਹਿਸਤ ਨਹੀਂ ਕਰਨਾ।
੧੫. ਪਰ ਇਸਤ੍ਰੀ ਮਾਂ,ਭੈਣ,ਧੀ ਕਰਨ ਜਾਨਣੀ।
੧੬. ਮਰਦ ਨੇ ਇਸਤ੍ਰੀ ਦਾ ਅਤੇ ਇਸਤ੍ਰੀ ਨੇ ਮਰਦ ਦਾ ਮੂੰਹ ਨਹੀਂ ਫਿਟਕਾਰਨਾ।
੧੭. ਜਗਤ ਜੂਠ,ਤੰਮਾਕੂ ਨੂੰ ਨਾ ਸੇਵਨਾ।
੧੮. ਰਹਿਤਵਾਨ ਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਸੰਗਤ ਕਰਨੀ।
੧੯. ਜਿਤਨੇ ਕੰਮ ਆਪਣੇ ਕਰਨ ਦੇ ਹੋਣ ਉਨ੍ਹਾਂ ਦੇ ਕਰਨ ਵਿੱਚ ਦਲਿੱਦਰ ਨਹੀਂ ਕਰਨਾ।
੨੦. ਗੁਰਬਾਣੀ ਦਾ ਕੀਰਤਨ ਅਤੇ ਕਥਾ ਰੋਜ ਸੁਣਨਾ ਅਤੇ ਕਰਨਾ।
੨੧. ਕਿਸੇ ਦੀ ਨਿੰਦਾ, ਚੁਗਲੀ ਤੇ ਈਰਖਾ ਨਹੀਂ ਕਰਨੀ।
੨੨. ਧਨ,ਜੁਆਨੀ,ਕੁਲ, ਜਾਤ ਦਾ ਗਰਬ ਨਾ ਕਰੋ।
੨੩. ਮਤ ਉਚੀ ਤੇ ਸੁੱਚੀ ਰੱਖਣੀ।

੨੪. ਸ਼ੁਭ ਕਰਮਨ ਤੇ ਕਬਹੂੰ ਨਾ ਟਰਨਾ।
੨੫. ਬੁੱਧ, ਬਲ ਦਾ ਦਾਤਾ ਵਾਹਿਗੁਰੂ ਹੈ।
੨੬. ਕਸਮ, ਸਹੁੰ, ਸੌਗੰਧ ਦੇ ਕਰ ਇਤਬਾਰ ਜਨਾਉਣ ਵਾਲੇ ਤੇ ਯਕੀਨ ਨਹੀਂ ਕਰਨਾ।
੨੭. ਸੁਤੰਤਰ ਵਿਚਰਨਾ।
੨੮. ਰਾਜਨੀਤੀ ਪੜ੍ਹਨੀ।
੨੯. ਸ਼ਤਰੂ ਨਾਲ ਸਾਮ, ਦਾਮ, ਦੰਡ, ਭੇਦ, ਅਦਿਕ ਉਪਾਓ ਵਰਤਣੇ।
੩੦. ਸ਼ਸਤ੍ਰ ਵਿਦਿਆ ਤੇ ਘੋੜ ਸਵਾਰੀ ਦਾ ਅਭਿਆਸ ਕਰਨਾ।
੩੧. ਦੂਸਰੇ ਮਤਾਂ ਦੀ ਪੁਸਤਕ ਵਿਦਿਆ ਪੜ੍ਹਨੀ।
੩੨. ਕਰਮਾਂ ਵਿਚ ਖਚਤ ਕਰਮ ਕਾਂਢੀਆਂ ਦੇ ਉਪਦੇਸ਼ ਵਲ ਧਿਆਨ ਨਹੀਂ ਦੇਣਾ।
੩੩. ਰਹਿਰਾਸ ਦਾ ਪਾਠ ਕਰੋ, ਖੜੇ ਹੋਕੇ ਅਰਦਾਸ ਕਰਨੀ।
੩੪. ਸੌਣ ਕਾਲ ਸੋਹਿਲਾ ਅਤੇ ਪਵਣ ਗੁਰੂ ਪਾਣੀ ਪਿਤਾ ਦਾ ਸਲੋਕ ਪੜ੍ਹਨਾ।
੩੫. ਦਸਤਾਰ ਬਿਨਾਂ ਨਹੀਂ ਰਹਿਣਾ, ਕੇਸ ਨੰਗੇ ਨਹੀਂ ਰੱਖਣੇ।
੩੬. ਸਿੰਘ ਦਾ ਅੱਧਾ ਨਾਮ ਨਹੀਂ ਬੁਲਾਉਣਾ।
੩੭. ਸ਼ਰਾਬ ਨਹੀਂ ਸੇਵਣੀ।
੩੮. ਸਿਰ ਮੁੰਨੇ ਨੂੰ ਕੰਨਿਆ ਨਹੀਂ ਦੇਣੀ।
੩੯. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਵਿਚ ਕਰਨੇ ਤੇ ਗੁਰਬਾਣੀ ਅਨੁਸਾਰ ਕਰਨੇ।
੪੦. ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ।
੪੧. ਬਚਨ ਕੌੜਾ ਨਹੀਂ ਕਹਿਣਾ, ਜਿਸ ਕਰਕੇ ਕਿਸੇ ਦਾ ਦਿਲ ਦੁਖਦਾ ਹੋਵੇ।
੪੨. ਦਰਸ਼ਨ ਯਾਤਰਾ ਗੁਰਦੁਆਰਿਆਂ ਦੀ ਹੀ ਕਰਨੀ।
੪੩. ਬਚਨ ਕਰਕੇ ਪਾਲਣਾ।
੪੪. ਅਥਿਤੀ, ਪਰਦੇਸੀ, ਲੋੜਵੰਦ, ਦੁਖੀ, ਅਪੰਗ ਮਨੁੱਖ ਮਾਤ੍ਰ ਦੀ ਯਥਾ-ਸਤਕ ਦੀ ਸੇਵਾ ਕਰਨੀ।
੪੫. ਪੁੱਤਰੀ ਦਾ ਧਨ ਬਿਖ ਜਾਣਨਾ।
੪੬. ਸਵਾਂਗੀ ਦਿਖਾਵੇ ਦਾ ਸਿਖ ਨਹੀਂ ਬਣਨਾ।
੪੭. ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣੀ।
੪੮. ਚੋਰੀ, ਯਾਰੀ, ਠੱਗੀ, ਧੋਖਾ, ਦਗਾ ਨਹੀਂ ਕਰਨਾ।
੪੯. ਸਿੱਖ-ਸਿੱਖ ਦਾ ਇਤਬਾਰ ਕਰੇ।
੫੦. ਝੂਠੀ ਗਵਾਹੀ ਨਹੀਂ ਦੇਣੀ।
੫੧. ਦਰੋਗ ਨਹੀਂ ਰਹਿਣਾ।
੫੨. ਲੰਗਰ, ਪ੍ਰਸਾਦਿ ਇੱਕ ਰਸ ਵਰਤਾਉਣ।

## ਮਹਾਂਪੁਰਖਾਂ ਦੇ ਅਨਮੋਲ ਬਚਨ

੧. ਸੰਸਾਰ ਦੇ ਪਦਾਰਥ ਮੁੱਲ ਖਰੀਦੇ ਜਾ ਸਕਦੇ ਹਨ ਪਰ ਗੁਣ ਵੱਡਿਆਂ ਦੀ ਸੇਵਾ ਕਰਕੇ ਹੀ ਮਿਲ ਸਕਦੇ ਹਨ।

੨. ਨਾਮ ਜਪਣ ਨਾਲ ਰਸਨਾਂ ਪਵਿੱਤਰ ਹੋ ਜਾਂਦੀ ਹੈ,ਜੋ ਕੰਮ ਰਾਜਸੀ ਸ਼ਕਤੀ ਨਾਲ ਨਾ ਹੋ ਸਕੇ ਉਹ ਪਵਿੱਤਰ ਰਸਨਾ ਦੇ ਬਚਨਾਂ ਨਾਲ ਸੁਤੇ ਹੀ ਹੋ ਸਕਦਾ ਹੈ।

੩. ਨਿਆਂ ਕਰਨ ਵੇਲੇ ਦਇਆ ਦਾ ਵਰਤਾਰਾ ਕਰਨਾ ਚਾਹੀਦਾ ਹੈ।

੪. ਕੋਈ ਵੀ ਕੰਮ ਕਰਨ ਤੋਂ ਪਹਿਲਾਂ ਉਸ ਦੇ ਸਿੱਟਿਆਂ ਬਾਰੇ ਜਰੂਰ ਸੋਚੋ।

੫. ਪਹਿਲਾਂ ਵਿਚਾਰੋ ਫੇਰ ਬੋਲੋ।

੬. ਦੁਖ ਦੇ ਸਮੇਂ ਘਬਰਾਉਣਾ ਨਹੀਂ ਚਾਹੀਦਾ। ਸਮਾਂ ਆਪਣੀ ਚਾਲ ਚਲਦਾ ਰਹਿੰਦਾ ਹੈ।

੭. ਵੈਰ ਭਾਵਨਾਂ ਵਾਲੇ ਵਿਅਕਤੀ ਦੀ ਦੂਜਿਆਂ ਕੋਲ ਸਿਫਤ ਕਰੋ ਉਹ ਭੀ ਤੁਹਾਡਾ ਮਿੱਤਰ ਬਣ ਸਕਦਾ ਹੈ।

੮. ਜਾਇਦਾਦ ਜਾਂ ਧਨ ਜਾਣ ਤੇ ਆਪਣੇ ਵਿੱਚ ਸੋਗ ਨਾ ਕਰੋ।ਸਗੋਂ ਬੁਰਿਆਈਆਂ ਅਤੇ ਕੁਰਹਿਤਾਂ ਨੂੰ ਦੂਰ ਕਰੋ।

੯. ਨੌਕਰ ਨੂੰ ਆਪਣੇ ਮਨ ਦਾ ਭੇਦ ਨਾ ਦਿਓ,ਉਸ ਦੀਆਂ ਲੋੜਾਂ ਨੂੰ ਪੂਰਾ ਕਰੋ।

੧੦. ਮਜਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਦੀ ਮਜਦੂਰੀ ਦਿਓ।

੧੧. ਸਾਦਾ ਪਹਿਨੋ ਅਤੇ ਸਾਦਾ ਖਾਓ।

੧੨. ਸੁਖ ਲੈਣ ਲਈ ਗੁਰੂ ਸਾਹਿਬ ਨੂੰ ਸਦਾ ਅੰਗ ਸੰਗ ਸਮਝੋ।

੧੩. ਆਪਣੇ ਗੁਣਾਂ ਦੀ ਕਦੇ ਸਿਫਤ ਨਾ ਕਰੋ,ਦੂਜਿਆਂ ਦੇ ਗੁਣਾਂ ਨੂੰ ਸੰਗਤਾਂ ਵਿੱਚ ਦੱਸੋ, ਗੁਣਵਾਨ ਪੁਰਖ ਆਪਣੇ ਆਪ ਤੁਹਾਡੀ ਕਦਰ ਕਰੇਗਾ।

੧੪. ਚੜ੍ਹਦੀ ਉਮਰ ਵਿੱਚ ਸੇਵਾ ਕਰਨ ਦਾ ਆਨੰਦ ਜਿਆਦਾ ਹੁੰਦਾ ਹੈ।

੧੫. ਦੂਜਿਆਂ ਦੇ ਦੁਖ ਦੀ ਨਵਿਰਤੀ ਲਈ ਸਾਨੂੰ ਮਿਲਕੇ ਉਦਮ ਕਰਨਾ ਚਾਹੀਦਾ ਹੈ।

੧੬. ਰੋਟੀ ਦੇਣ ਨਾਲੋਂ ਰੋਟੀ ਕਮਾਉਣ ਜੋਗਾ ਬਣਾਉਣਾ ਚਾਹੀਦਾ ਹੈ।

੧੭. ਸਾਰਿਆਂ ਗੁਣਾਂ ਤੋਂ ਉਤਮ ਗੁਣ ਆਪਣੇ ਗੁਰੂ ਨੂੰ ਅੰਗ ਸੰਗ ਸਮਝਣਾ ਹੈ।

੧੮. ਅਮੀਰ ਨਾਲੋਂ ਗਰੀਬ ਦੀ ਜਿਆਦਾ ਸੁਣੋ।

੧੯. ਮਿੱਤਰ ਦੀ ਪਰਖ ਮੁਸੀਬਤ ਵੇਲੇ ਹੁੰਦੀ ਹੈ।

੨੦. ਮੂਰਖ ਮਿੱਤਰ ਨਾਲੋਂ ਅਕਲਮੰਦ ਦੁਸ਼ਮਣ ਚੰਗਾ ਹੁੰਦਾ ਹੈ।

੨੧. ਮਨੁੱਖਾ ਜਨਮ ਪਰਮੇਸ਼ਰ ਦੀ ਪ੍ਰਾਪਤੀ ਲਈ ਹੈ।

੨੨. ਦੂਜਿਆਂ ਦਾ ਭਲਾ ਕਰੋ ਆਪਣਾ ਭਲਾ ਆਪ ਹੀ ਹੋ ਜਾਂਦਾ ਹੈ।

੨੩. ਹਰ ਸਮੇਂ ਸ਼ੰਕਾ ਕਰਨੀ ਠੀਕ ਨਹੀਂ ਹੁੰਦੀ। ਗੁਰੂ ਕਾ ਹੁਕਮ ਮੰਨਣ ਨਾਲ ਹੀ ਸਿੱਖ ਤੇ ਗੁਰੂ ਦਾ ਰਿਸ਼ਤਾ ਕਾਇਮ ਰਹਿੰਦਾ ਹੈ।

੨੪. ਬੰਦੇ ਦੀ ਪਰਖ ਉਸ ਦੇ ਕੰਮ ਤੋਂ ਹੁੰਦੀ ਹੈ।
੨੫. ਪਰਮੇਸ਼ਰ ਸਰਬ ਵਿਆਪਕ ਹੈ।ਚੋਰੀ,ਯਾਰੀ,ਠੱਗੀ ਅਤੇ ਐਬ ਨਾ ਕਰੋ।
੨੬. ਭਗਤਾਂ ਨਾਲ ਹੀ ਨਗਰ ਦੀ ਸੋਭਾ ਹੁੰਦੀ ਹੈ।
੨੭. ਲਾਲਚ ਦੇ ਕੇ, ਜਾਂ ਗੱਲਾਂ ਨਾਲ ਬਣਾਏ ਮਿੱਤਰ ਕੰਮ ਨਹੀਂ ਆਉਂਦੇ।
੨੮. ਵਿਅਕਤੀ ਦੇ ਸੁਭਾਅ ਨਾਲ ਬਣੇ ਮਿੱਤਰ ਕੰਮ ਆ ਸਕਦੇ ਹਨ।
੨੯. ਖੁਸ਼ੀ ਸਮੇਂ ਪਰਮੇਸ਼ਰ ਨੂੰ ਯਾਦ ਰੱਖਣ ਲਈ ਬਾਣੀ ਹੋਰ ਜਿਆਦਾ ਪੜ੍ਹਨੀ ਚਾਹੀਦੀ ਹੈ।
੩੦. ਮਨ ਨੂੰ ਕਾਬੂ ਕਰਨ ਲਈ ਸਾਨੂੰ ਪਵਿੱਤਰ ਬਾਣੀ ਨੂੰ ਪੜ੍ਹਨਾ ਸੁਣਨਾ ਚਾਹੀਦਾ ਹੈ।
੩੧. ਝੂਠ ਬੋਲਣ ਨਾਲ ਧਰਮ ਦਾ ਨਾਸ ਹੋ ਜਾਂਦਾ ਹੈ।
੩੨. ਦੂਜਿਆਂ ਦੇ ਪਦਾਰਥ ਵੇਖ ਕੇ ਕਦੇ ਨਾ ਝੂਰੋ।
੩੩. ਉਦਮ ਕਰਕੇ ਗੁਣਵਾਨ ਪੁਰਖਾਂ ਦੀ ਸੰਗਤ ਵਿੱਚ ਸੁਖ ਪ੍ਰਾਪਤ ਹੁੰਦਾ ਹੈ।
੩੪. ਵਾਸ਼ਨਾਵਾਂ ਨਾਲ ਸਰੀਰ ਕਮਜੋਰ ਹੋ ਜਾਂਦਾ ਹੈ।
੩੫. ਆਪਣੀਆਂ ਅੱਖਾਂ ਨਾਲ ਕਦੇ ਬੁਰਾ ਨਾ ਵੇਖੋ।
੩੬. ਨਿਤਨੇਮ ਵਿੱਚ ਢਿੱਲ ਨਾ ਕਰੋ।
੩੭. ਲਾਲਚ ਬੁਰੀ ਬਲਾ ਹੈ।
੩੮. ਕਿਸੇ ਨਾਲ ਮਖੌਲ ਨਾ ਕਰੋ।
੩੯. ਵੱਡਿਆਂ ਦੀ ਸੇਵਾ ਕਰਨ ਨਾਲ ਅਸੀਸ ਮਿਲ ਜਾਂਦੀ ਹੈ।
੪੦. ਜਿਸ ਪਰਮੇਸ਼ਰ ਨੇ ਮਾਤਾ ਦੇ ਪੇਟ ਵਿੱਚ ਪ੍ਰਤਿਪਾਲਣਾ ਕੀਤੀ ਹੈ ਉਸ ਨੂੰ ਹਰ ਸਮੇਂ ਯਾਦ ਰੱਖੋ।
੪੧. ਸੰਗੀ ਸਾਥੀ ਦੀ ਯੋਗਤਾ ਪਰਖ ਕੇ ਉਸ ਦੀ ਬਣਦੀ ਇੱਜਤ ਕਰੋ।
੪੨. ਬੁਰੇ ਦੀ ਸੰਗਤ ਨਾ ਕਰੋ।
੪੩. ਵਿਦਵਾਨਾਂ ਦੀ ਸੰਗਤ ਕਰਨੀ ਚੰਗੀ ਹੁੰਦੀ ਹੈ।
੪੪. ਆਪਣੀ ਕਮਜੋਰੀ ਨੂੰ ਹਮੇਸ਼ਾ ਯਾਦ ਰੱਖੋ।
੪੫. ਭਲਾ ਕਰਕੇ ਭੁਲਾ ਦਿਓ।
੪੬. ਜੁਆਨੀ ਵਿੱਚ ਸੰਭਲਕੇ ਰਹਿਣਾ ਸਾਰੀ ਉਮਰ ਵਿਸ਼ਵਾਸ਼ ਬਣਿਆ ਰਹਿੰਦਾ ਹੈ।
੪੭. ਕਿਸੇ ਦੇ ਭਲੇ ਵਿੱਚ ਭਾਨੀ ਨਾ ਮਾਰੋ।
੪੮. ਕਿਸੇ ਨੂੰ ਵਸ ਕਰਨ ਲਈ ਉਸ ਦੀ ਨੇਕੀ ਕਰੋ।
੪੯. ਭਲਾਈ ਕਰਕੇ ਜਣਾਉਣ ਵਾਲਾ ਮੂਰਖ ਹੁੰਦਾ ਹੈ।
੫੦. ਚੱਲ ਰਹੀ ਗੱਲ ਬਾਤ ਵਿੱਚ ਬੋਲਣਾ ਚੰਗਾ ਨਹੀਂ ਹੁੰਦਾ।
੫੧. ਬਿਨਾਂ ਬੁਲਾਏ ਬੋਲਣਾ ਚੰਗਾ ਨਹੀਂ ਹੁੰਦਾ।
੫੨. ਜਿਸ ਨੇ ਤੁਹਾਡੀ ਸਹਾਇਤਾ ਕੀਤੀ ਹੈ ਉਸ ਨੂੰ ਨਾ ਭੁਲਾਓ।

੫੩. ਹੰਕਾਰ ਦਾ ਨਾਮ ਨਾਲ ਵਿਰੋਧ ਹੈ।

੫੪. ਬਹੁਤਿਆਂ ਦੇ ਉਲਟ ਗੱਲ ਨਹੀਂ ਕਰਨੀ ਚਾਹੀਦੀ।

੫੫. ਕਦੇ ਕਿਸੇ ਨੂੰ ਤਾਹਨਾ ਨਾ ਮਾਰੋ। ਤਾਹਨੇ ਦਾ ਜਖਮ ਗਹਿਰਾ ਤੇ ਅਮਿੱਟ ਹੁੰਦਾ ਹੈ।

੫੬. ਕਦੇ ਕਿਸੇ ਨੂੰ ਸ਼ਰਮਿੰਦਾ ਨਾ ਕਰੋ।

੫੭. ਕਦੇ ਕਿਸੇ ਨੂੰ ਨੀਵਾਂ ਨਾ ਦਿਖਾਉ।

੫੮. ਪਰਾਈਆਂ ਇਸਤਰੀਆਂ ਨਾਲ ਮਿਲਣ ਗਿਲਣ ਤੋਂ ਸੰਕੋਚ ਰੱਖੋ।

੫੯. ਬੁਰੇ ਕੰਮ ਕਰਨ ਤੋਂ ਬਚਣ ਲਈ ਦੇਰੀ ਕਰੀ ਜਾਓ।

੬੦. ਗੁੱਸੇ ਸਮੇਂ ਚੁੱਪ ਰਹਿਣ ਦੀ ਆਦਤ ਪਾਓ।

੬੧. ਕਿਸੇ ਦਾ ਫਜ਼ੂਲ ਝਗੜਾ ਆਪਣੇ ਜ਼ਿੰਮੇ ਨਾ ਲਓ।

੬੨. ਸਭਾ ਵਿੱਚ ਸਾਰੀ ਗੱਲ ਸੁਣਨ ਤੋਂ ਪਹਿਲਾਂ ਉੱਤਰ ਦੇਣਾ ਚੰਗਾ ਨਹੀਂ ਹੁੰਦਾ।

੬੩. ਖੁਸ਼ੀ ਅਤੇ ਗਮੀ ਸਮੇਂ ਇੱਕ ਰਸ ਰਹਿਣ ਦੀ ਆਦਤ ਪਾਓ।

੬੪. ਧਨ, ਜੁਗਤੀ ਵਾਲੇ ਦਾ ਨੌਕਰ ਅਤੇ ਸੂਮ ਦਾ ਮਾਲਕ ਹੁੰਦਾ ਹੈ।

੬੫. ਦਰ ਦਰ ਤੇ ਮੰਗਣ ਵਾਲੇ ਨੂੰ ਫਕੀਰ ਨਹੀਂ ਸਮਝ ਲੈਣਾ ਚਾਹੀਦਾ।

੬੬. ਬੁਰੇ ਨਾਲ ਨਫਰਤ ਨਾ ਕਰੋ ਉਸ ਦੀ ਬੁਰਿਆਈ ਨਾਲ ਨਫਰਤ ਕਰੋ।

੬੭. ਕਿਸੇ ਦਾ ਗੁਨਾਹ ਵੇਖ ਕੇ ਉਸ ਦੀ ਬੁੱਧੀ ਦਾ ਪਤਾ ਸਿਆਣੇ ਪੁਰਖ ਲਾ ਲੈਂਦੇ ਹਨ।

੬੮. ਬਦਚਲਣ ਔਰਤ ਦਾ ਸੱਚ ਬੋਲਣ ਤੇ ਵੀ ਸਾਥ ਨਾ ਦਿਓ।

੬੯. ਪਰਾਈ ਔਰਤ ਨਾਲ ਗੱਲ ਬਾਤ ਕਰਨ ਨਾਲ ਸੋਭਾ ਨਹੀਂ ਰਹਿੰਦੀ।

੭੦. ਗੁੱਸਾ ਅਕਲ ਦਾ ਵੈਰੀ ਹੈ।

੭੧. ਆਪਣੀ ਆਮਦਨ ਵਿੱਚੋਂ ਕੁਝ ਹਿੱਸਾ ਬਚਾਕੇ ਰੱਖਣਾ ਜਰੂਰੀ ਹੈ।

੭੨. ਲੜਾਈ ਸਮੇਂ ਚੁੱਪ ਹੋਣ ਨਾਲ ਲੜਾਈ ਟਲ ਸਕਦੀ ਹੈ।

੭੩. ਗੁਪਤ ਰੱਖਣ ਵਾਲੀ ਗੱਲ ਆਪਣੇ ਮਿੱਤਰ ਨੂੰ ਵੀ ਨਾ ਦੱਸੋ।

੭੪. ਦਾਨ ਕੀਤੀ ਚੀਜ ਵਲ ਮੁੜ ਤੱਕਣਾ ਚੰਗਾ ਨਹੀਂ ਹੁੰਦਾ।

੭੫. ਈਰਖਾ ਨੇਕੀ ਨੂੰ ਖਾ ਜਾਂਦੀ ਹੈ।

੭੬. ਬਹੁਤ ਸਾਰੇ ਸੰਬੰਧੀ ਸੁਆਰਥੀ ਹੁੰਦੇ ਹਨ।

੭੭. ਦੁਨੀਆ ਇੱਕ ਸਰ੍ਹਾਂ ਹੈ,ਹਰ ਕੋਈ ਯਾਤਰਾ ਕਰਕੇ ਚਲਾ ਜਾਂਦਾ ਹੈ।

੭੮. ਨਿੰਦਕ, ਚੋਰ, ਬਦਚਲਣ ਔਰਤ ਦੀ ਸਿਫਤ ਕਰਨ ਵਾਲਿਆਂ ਦੀ ਸਿਫਤ ਨਹੀਂ ਹੋਇਆ ਕਰਦੀ।

੭੯. ਝੂਠਿਆਂ ਤੇ ਇਤਬਾਰ ਨਾ ਕਰੋ।

੮੦. ਇੱਜਤ ਦੀ ਮੌਤ ਬੇਇਜਤੀ ਦੀ ਜਿੰਦਗੀ ਨਾਲੋਂ ਕਿਤੇ ਚੰਗੀ ਹੁੰਦੀ ਹੈ।
੮੧. ਲੋੜ ਤੋਂ ਵੱਧ ਇਕਰਾਰ ਨਾ ਕਰੋ।
੮੨. ਹਿੰਮਤ ਕਦੇ ਛੱਡਣੀ ਨਹੀਂ ਚਾਹੀਦੀ।
੮੩. ਝੂਠ ਬਹੁਤਾ ਸਮਾਂ ਛਿਪਿਆ ਨਹੀਂ ਰਹਿੰਦਾ।
੮੪. ਗਿਆਨਹੀਣ ਵਿਅਕਤੀ ਪਸ਼ੂ ਵਰਗਾ ਹੀ ਹੁੰਦਾ ਹੈ।
੮੫. ਮਾਇਕੀ ਧੰਦਿਆਂ ਵਿੱਚ ਫਸਿਆ ਮਨੁੱਖ ਅੰਨ੍ਹਾ ਹੁੰਦਾ ਹੈ।
੮੬. ਮਨ ਨੂੰ ਜਿੱਤਣ ਨਾਲ ਜਗਤ ਦੀ ਜਿੱਤ ਸੁਤੇ ਹੀ ਹੋ ਜਾਂਦੀ ਹੈ।
੮੭. ਆਪਣੀ ਵਡਿਆਈ ਕਰਨ ਵਾਲੇ ਦਾ ਸਭਾ ਵਿੱਚ ਸਤਿਕਾਰ ਨਹੀਂ ਹੁੰਦਾ।
੮੮. ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੇ ਨਤੀਜਿਆਂ ਤੇ ਨਜਰ ਮਾਰੋ।
੮੯. ਗੁਰੂ ਸੇਵਾ, ਕੁਰਬਾਨੀ ਅਤੇ ਪ੍ਰੇਮਾ ਭਗਤੀ ਕਰਕੇ ਲੋਕ ਪਰਲੋਕ ਵਿੱਚ ਸਤਿਕਾਰ ਹੁੰਦਾ ਹੈ।
੯੦. ਚਾਦਰ ਵੇਖ ਕੇ ਪੈਰ ਪਸਾਰੋ।
੯੧. ਗੁਰੂ ਦੇ ਉਪਦੇਸ਼ ਤੇ ਚਲੋ,ਗੁਰੂ ਰੱਖਿਆ ਕਰਦਾ ਹੈ।
੯੨. ਇਕਰਾਰ ਤੇ ਕਾਇਮ ਰਹਿਣ ਵਾਲਾ ਵਿਅਕਤੀ ਸੱਚਾ ਹੁੰਦਾ ਹੈ।
੯੩. ਸੱਚੀ ਗੱਲ ਬੇਸਮਝ ਨੂੰ ਬੁਰੀ ਲਗਦੀ ਹੈ।
੯੪. ਹੋਛਾ ਆਦਮੀ ਧਨ ਪਾਕੇ ਆਪੇ ਤੋਂ ਬਾਹਰ ਹੋ ਜਾਂਦਾ ਹੈ।
੯੫. ਅੰਨ੍ਹੇ ਤੇ ਲੂਲ੍ਹੇ ਨੂੰ ਦਾਨ ਦੇਣਾ ਭਲਾ ਹੈ।
੯੬. ਆਪਣੀਆਂ ਵਾਸ਼ਨਾਵਾਂ ਤੇ ਕਾਬੂ ਪਾਉਣ ਵਾਲਾ ਪੁਰਸ਼ ਸੁਖ ਦੀ ਨੀਂਦ ਸੌਂਦਾ ਹੈ।
੯੭. ਆਪਣੀ ਸ਼ਕਤੀ ਨੂੰ ਚੰਗੀ ਥਾਂ ਵਰਤੋ।
੯੮. ਸੰਤ ਸੰਗਤ ਤੋਂ ਵਧੀਆ ਹੋਰ ਕੋਈ ਥਾਂ ਨਹੀਂ।
੯੯. ਧਨ, ਵਿੱਦਿਆ, ਸਿਮਰਨ ਅਤੇ ਹਥਿਆਰ ਔਖੇ ਸਮੇਂ ਕੰਮ ਆਉਂਦੇ ਹਨ।
੧੦੦. ਸਹੁੰ ਖਾਣ ਵਾਲੇ ਤੇ ਇਤਬਾਰ ਆਪਣੀ ਤਸੱਲੀ ਨਾਲ ਕਰੋ।
੧੦੧. ਜੂਆ ਖੇਡਣਾ ਪਾਪ ਹੈ।
੧੦੨. ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਗੁਰੂ ਦੇ ਉਪਦੇਸ ਦੀ ਕਮਾਈ ਕਰਕੇ ਹੀ ਬਚਿਆ ਜਾ ਸਕਦਾ ਹੈ।
੧੦੩. ਮੂਰਖ ਤੋਂ ਦੂਰ ਰਹੋ।
੧੦੪. ਬਿਪਤਾ ਸਮੇਂ ਦੂਜਿਆਂ ਦੀ ਸਲਾਹ ਜਰੂਰ ਲਓ।
੧੦੫. ਹਰੇਕ ਕੰਮ ਸਮੇਂ ਸਿਰ ਕਰੋ।
੧੦੬. ਧਰਮ ਦੇ ਮਾਰਗ ਤੇ ਚਲਣ ਵਾਲਿਆਂ ਦੇ ਚਰਨਾਂ ਨੂੰ ਪੂਜਣਾ ਚਾਹੀਦਾ ਹੈ।

੧੦੭. ਤੰਦਰੁਸਤੀ ਸੇਵਾ ਅਤੇ ਸਿਮਰਨ ਨਾਲ ਸੰਭਾਲੀ ਜਾ ਸਕਦੀ ਹੈ।
੧੦੮. ਦੁਨੀਆ ਵਿੱਚ ਗਰੀਬ ਬਣ ਕੇ ਰਹੋ।
੧੦੯. ਰੱਬ ਤੋਂ ਡਰੋ।
੧੧੦. ਜਿਥੇ ਪੈਸੇ ਨਾਲ ਕੰਮ ਹੋ ਸਕਦਾ ਹੈ ਉਥੇ ਜਾਨ ਖਤਰੇ ਵਿੱਚ ਨਾ ਪਾਓ।
੧੧੧. ਦੋਸਤ ਉਹ ਚੰਗਾ ਹੈ ਜਿਸ ਨਾਲ ਇਜਤ ਬਣੇ।
੧੧੨. ਆਪਣੇ ਸੰਗੀ ਸਾਥੀਆਂ ਨੂੰ ਧਰਮ ਦੀ ਸਿਖਿਆ ਦਿੰਦੇ ਰਹੋ।
੧੧੩. ਸੱਜੇ ਹੱਥ ਨਾਲ ਦਿੱਤਾ ਦਾਨ ਖੱਬੇ ਨੂੰ ਨਾ ਪਤਾ ਲਗੇ।
੧੧੪. ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨੋ।
੧੧੫. ਸਿਆਣੇ ਨੂੰ ਇਸ਼ਾਰਾ ਅਤੇ ਮੂਰਖ ਨੂੰ ਘਸੁੰਨ ਦੀ ਲੋੜ ਹੁੰਦੀ ਹੈ।
੧੧੬. ਬੀਤ ਚੁੱਕੀ ਗੱਲ ਤੇ ਸੋਗ ਨਾ ਕਰੋ।
੧੧੭. ਜਿਸ ਪਾਸੋਂ ਲੋਕਾਂ ਨੂੰ ਫਾਇਦਾ ਮਿਲੇ ਉਸ ਨੂੰ ਚੰਗਾ ਮਨੁੱਖ ਆਖਿਆ ਜਾ ਸਕਦਾ ਹੈ।
੧੧੮. ਅੰਮ੍ਰਿਤ ਵੇਲੇ ਜਾਗਣ ਲਈ ਰਾਤ ਨੂੰ ਸਮੇਂ ਸਿਰ ਸੌਣਾ ਜਰੂਰੀ ਹੈ।
੧੧੯. ਆਦਤ ਬੜੀ ਮੁਸ਼ਕਿਲ ਨਾਲ ਬਦਲਦੀ ਹੈ।
੧੨੦. ਬਦੀ ਦਾ ਨਤੀਜਾ ਬਦੀ ਹੀ ਹੁੰਦਾ ਹੈ।
੧੨੧. ਨਲਾਇਕ ਦੀ ਨਿਸ਼ਾਨੀ, ਦੂਜਿਆਂ ਨੂੰ ਮਾੜਾ ਕਹਿੰਦਾ ਹੈ।
੧੨੨. ਭੁੱਲ ਹੋ ਜਾਵੇ ਤਾਂ ਮੁਆਫੀ ਮੰਗਣੀ ਚਾਹੀਦੀ ਹੈ।
੧੨੩. ਜੋਸ਼ ਦੇ ਨਾਲ ਹੋਸ਼ ਜਰੂਰੀ ਹੈ।
੧੨੪. ਸੂਰਮਾ ਉਹ ਹੈ ਜੋ ਧਰਮ ਲਈ ਜਾਨ ਵਾਰ ਦੇਵੇ।
੧੨੫. ਕਿਸੇ ਨੂੰ ਨਜਾਇਜ ਦੁੱਖ ਦੇਣ ਵਾਲਾ ਚੰਡਾਲ ਹੁੰਦਾ ਹੈ।
੧੨੬. ਸਮੇਂ ਦੀ ਕਦਰ ਕਰੋ।
੧੨੭. ਅਪੀਲ ਤੇ ਦਲੀਲ ਖਤਮ ਹੋ ਜਾਣ ਤੇ ਸ਼ਸਤਰ ਚੁੱਕਣਾ ਧਰਮ ਹੈ।
੧੨੮. ਧਨ ਹੋਣ ਤੇ ਅਭਿਮਾਨ ਨਾ ਕਰੋ।
੧੨੯. ਅਗਿਆਨੀ ਮਨੁੱਖ ਦੁਖੀ ਜਿਆਦਾ ਹੁੰਦਾ ਹੈ।
੧੩੦. ਖੁਦਗਰਜ ਬੰਦਾ ਅੰਨ੍ਹਾਂ ਹੁੰਦਾ ਹੈ।
੧੩੧. ਬੱਚਿਆਂ ਨੂੰ ਗੁਰਮਤਿ ਦੇ ਧਾਰਨੀ ਬਣਾਓ।
੧੩੨. ਪ੍ਰੇਮ ਨਾਲ ਰਹਿਣਾ ਸਹਿਣਾ ਧਰਮੀ ਮਨੁੱਖ ਦੀ ਨਿਸ਼ਾਨੀ ਹੈ।
੧੩੩. ਆਪਣੀਆਂ ਕਮਜੋਰੀਆਂ ਵੇਖੋ ਅਤੇ ਦੂਜਿਆਂ ਦੇ ਗੁਣਾਂ ਨੂੰ ਦੇਖੋ।
੧੩੪. ਸਿਆਣੇ ਦਾ ਆਖਿਆ ਔਲੇ ਦਾ ਖਾਧਾ ਪਿਛੋਂ ਸੁਆਦ ਦਿੰਦਾ ਹੈ।
੧੩੫. ਲੋਭੀ ਦਾ ਵਿਸਾਹ ਨਾ ਕਰੋ।

੧੩੬. ਕਾਮ ਕ੍ਰੋਧ ਸ਼ਰੀਰ ਦੀ ਸ਼ਕਤੀ ਖਤਮ ਕਰਦੇ ਹਨ।
੧੩੭. ਵੱਡਿਆਂ ਦੀ ਇੱਜਤ ਜਰੂਰ ਕਰੋ।
੧੩੮. ਪਰਮੇਸ਼ਰ ਦਾ ਆਸਰਾ ਲੈਕੇ ਕੰਮ ਸ਼ੁਰੂ ਕਰੋ।
੧੩੯. ਬੇਅਕਲ ਮਨੁੱਖ ਮੌਤ ਨੂੰ ਯਾਦ ਨਹੀਂ ਰੱਖਦਾ।
੧੪੦. ਚਿੰਤਾ ਨਾਲ ਸਰੀਰ ਨਾਸ ਹੁੰਦਾ ਹੈ।
੧੪੧. ਚਿੰਤਾ ਗੁਰੂ ਦੇ ਉਪਦੇਸ ਦੀ ਕਮਾਈ ਕਰਕੇ ਨਾਸ ਹੋ ਜਾਂਦੀ ਹੈ।
੧੪੨. ਕਿਸੇ ਦਾ ਹੱਕ ਮਾਰਨਾ ਚੰਗਾ ਨਹੀਂ ਹੁੰਦਾ।
੧੪੩. ਦਾਨ ਦੇਣ ਨਾਲ ਦੁਖ ਘਟਦਾ ਹੈ।
੧੪੪. ਆਪਣੇ ਬਸਤਰ ਅਤੇ ਸਰੀਰ ਦੀ ਸਫਾਈ ਜਰੂਰੀ ਹੈ।
੧੪੫. ਲੋਕਾਂ ਨੂੰ ਖੁਸ਼ ਰੱਖਣ ਨਾਲ ਵਿਦਿਆ ਨਾਸ ਹੋ ਜਾਂਦੀ ਹੈ।
੧੪੬. ਮਾੜੇ ਖਿਆਲ ਹੀ ਸਾਡੇ ਦੁਸ਼ਮਣ ਹੁੰਦੇ ਹਨ।
੧੪੭. ਵਿਹਲੇ ਰਹਿਣਾ ਰੋਗੀ ਪੁਰਸ਼ ਦੀ ਨਿਸ਼ਾਨੀ ਹੈ।
੧੪੮. ਵਿਦਿਆ ਚੁਰਾਈ ਨਹੀਂ ਜਾ ਸਕਦੀ।
੧੪੯. ਹਰੇਕ ਕਾਰਜ ਲਈ ਅਰਦਾਸ ਕਰੋ।
੧੫੦. ਮਹਾਂਪੁਰਖਾਂ ਦੀ ਸੰਗਤ ਜੁਆਨੀ ਵਿੱਚ ਵੀ ਕਰਨੀ ਚਾਹੀਦੀ ਹੈ।
੧੫੧. ਨਿਮਰਤਾ, ਖਿਮਾਂ ਅਤੇ ਮਿੱਠੇ ਬੋਲ ਗਰੀਬ ਕੋਲ ਵੀ ਹੋਣ ਤਾਂ ਉਸ ਦਾ ਵੀ ਸਤਿਕਾਰ ਹੁੰਦਾ ਹੈ।
੧੫੨. ਧਨ ਦੀ ਪ੍ਰਾਪਤੀ ਵਾਸਤੇ ਕਿਸੇ ਨੂੰ ਮਾਰਨਾ ਮਹਾਂ ਪਾਪ ਹੈ ਅਤੇ ਜੀਵ ਜਮਾਂ ਦੇ ਵਸ ਹੋ ਜਾਂਦਾ ਹੈ।
੧੫੩. ਸਿਆਣੇ ਪੁਰਖ ਬ੍ਰਹਮ ਵਿਦਿਆ ਪ੍ਰਾਪਤ ਕਰਕੇ ਝੁਕ ਜਾਂਦੇ ਹਨ।
੧੫੪. ਧਾਗੇ ਤਵੀਤਾਂ ਰੱਖਾਂ ਤੋਂ ਦੂਰ ਰਹੋ।
੧੫੫. ਸੇਵਾ ਕਰਕੇ ਕੁਝ ਮੰਗਣ ਦੀ ਲੋੜ ਨਹੀਂ ਸਭ ਕੁਝ ਆਪ ਹੀ ਮਿਲ ਜਾਂਦਾ ਹੈ।
੧੫੬. ਦੁਖੀ ਦਾ ਦਰਦ ਪਿਆਰ ਨਾਲ ਵੰਡਾਉਣ ਵਾਲਾ ਸੁਖਾਂ ਦੀ ਮੰਜਲ ਪਾ ਲੈਂਦਾ ਹੈ।
੧੫੭. ਗੁਨਾਹ ਕਦੇ ਵੀ ਛੁਪਿਆ ਨਹੀਂ ਰਹਿੰਦਾ। ਮਹਾਂਪੁਰਖ ਅਤੇ ਮਾਪੇ ਮੱਥੇ ਤੇ ਪੜ੍ਹ ਲੈਂਦੇ ਹਨ।
੧੫੮. ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ।
੧੫੯. ਸਵੇਰੇ ਉਠ ਕੇ ਦਾਤਨ ਕਰਕੇ ਇਸ਼ਨਾਨ ਕਰਕੇ ਪਰਮੇਸ਼ਰ ਨੂੰ ਚੇਤੇ ਕਰੋ।
੧੬੦. ਦਸਵੰਧ ਗੁਰੂ ਕਾ ਹੈ।
੧੬੧. ਢਾਈ ਘੰਟੇ ਦਾ ਦਸਵੰਧ ਵੀ ਕੱਢੋ।
੧੬੨. ਬੋਲੋ ਘਟ ਸੁਣੋ ਜਿਆਦਾ।

੧੬੩. ਬਦਲਾ ਲੈਣ ਦੀ ਭਾਵਨਾ ਨੂੰ ਤਿਆਗੋ।
੧੬੪. ਪਰਾਏ ਸਰੀਰ ਅਤੇ ਪਰਾਏ ਧਨ ਤੋਂ ਦੂਰ ਰਹੋ।
੧੬੫. ਖ਼ੁਸ਼ਾਮਦੀ ਬੰਦਿਆਂ ਤੋਂ ਬਚੋ।
੧੬੬. ਸਭਾ ਵਿੱਚ ਆਪਣੀ ਸਿਫਤ ਕਰਾਉਣ ਵਾਲਾ ਵਿਅਕਤੀ ਸੇਵਾ ਤੋਂ ਵਾਂਝਾ ਹੋ ਸਕਦਾ ਹੈ।
੧੬੭. ਮਰ ਚੁੱਕੇ ਵਿਅਕਤੀਆਂ ਦੀਆਂ ਕਮਜੋਰੀਆਂ ਤੇ ਸਮਾਂ ਬਰਬਾਦ ਨਾ ਕਰੋ।
੧੬੮. ਦੂਜੇ ਦੇ ਮਨ ਦੇ ਫੁਰਨੇ ਨੂੰ ਬੁੱਝ ਕੇ ਦੱਸਣਾ ਚੰਗਾ ਨਹੀਂ ਹੁੰਦਾ।
੧੬੯. ਚਿੰਤਾ ਵਰਗਾ ਕੋਈ ਦੁਸ਼ਮਣ ਨਹੀਂ ਹੁੰਦਾ, ਉਤਸ਼ਾਹ ਵਰਗਾ ਕੋਈ ਮਿੱਤਰ ਨਹੀਂ ਹੁੰਦਾ।
੧੭੦. ਗੁੱਸਾ ਅਕਲ ਨੂੰ ਖਾ ਜਾਂਦਾ ਹੈ
ਹੰਕਾਰ ਮਨ ਨੂੰ ਖਾ ਜਾਂਦਾ ਹੈ
ਚਿੰਤਾ ਉਮਰ ਨੂੰ ਖਾ ਜਾਂਦੀ ਹੈ
ਲਾਲਚ ਇਮਾਨ ਨੂੰ ਖਾ ਜਾਂਦਾ ਹੈ
ਰਿਸ਼ਵਤ ਇਨਸਾਫ ਨੂੰ ਖਾ ਜਾਂਦੀ ਹੈ।
੧੭੧. ਗੁਣ ਨਾ ਹੋਵੇ ਤਾਂ ਰੂਪ ਫਜ਼ੂਲ ਹੈ
ਨਿਮਰਤਾ ਨਾ ਹੋਵੇ ਤਾਂ ਵਿੱਦਿਆ ਫਜ਼ੂਲ ਹੈ
ਉਪਯੋਗ ਨਾ ਆਵੇ ਤਾਂ ਧਨ ਫਜ਼ੂਲ ਹੈ
ਹੌਂਸਲਾ ਨਾ ਹੋਵੇ ਤਾਂ ਹਥਿਆਰ ਫਜ਼ੂਲ ਹੈ
ਭੁੱਖ ਨਾ ਹੋਵੇ ਤਾਂ ਭੋਜਨ ਫਜ਼ੂਲ ਹੈ
ਹੋਸ਼ ਨਾ ਹੋਵੇ ਤਾਂ ਜੋਸ਼ ਫਜ਼ੂਲ ਹੈ
ਉਪਕਾਰ ਨਾ ਕਰਨ ਵਾਲੇ ਦਾ ਤਾਂ ਜੀਵਨ ਫਜ਼ੂਲ ਹੈ।
੧੭੨. ਦੁਨੀਆ ਦਾ ਸਭ ਤੋਂ ਵਧੀਆ ਜੇਵਰ ਤੁਹਾਡੀ ਆਪਣੀ ਮਿਹਨਤ ਹੈ।
੧੭੩. ਜਿਹੜੇ ਹਰ ਵੇਲੇ ਆਪਣੀ ਕਿਸਮਤ ਨੂੰ ਕੋਸਦੇ ਹਨ ਉਹ ਸਭ ਤੋਂ ਵੱਡੇ ਸੁਸਤ ਹੁੰਦੇ ਹਨ।
੧੭੪. ਮੂਰਤੀ ਦੀ ਪੂਜਾ ਕਮਜੋਰ ਵਿਅਕਤੀ ਕਰਦਾ ਹੈ।
੧੭੫. ਜਿਹੜੀ ਮੁਸਕਾਨ ਤੁਸੀਂ ਅੱਜ ਦੇ ਸਕਦੇ ਉਸ ਨੂੰ ਕੱਲ੍ਹ ਤੇ ਨਾ ਛੱਡੋ।
੧੭੬. ਦੂਜਿਆਂ ਦੇ ਦੁਖ ਮਿਟਾਉਣ ਲਈ ਆਪਣਾ ਜੀਵਨ ਲਾਉਣ ਵਾਲਾ ਹੀ ਰੱਬ ਹੁੰਦਾ ਹੈ।
੧੭੭. ਪਰਉਪਕਾਰ ਕਰਨਾ ਵਿਅਕਤੀ ਦਾ ਸ਼ੌਂਕ ਹੋਣਾ ਚਾਹੀਦਾ ਹੈ।

੧੭੮. ਮੂਰਖ ਦਾ ਰਾਜ ਘਰ ਵਿੱਚ ਹੁੰਦਾ ਹੈ। ਗੁਣਵਾਨ ਦਾ ਸੰਸਾਰ ਵਿੱਚ ਰਾਜ ਹੁੰਦਾ ਹੈ।
੧੭੯. ਆਪਣਿਆ ਨੂੰ ਜੋਰ ਨਾਲ ਦਬਾਉਣ ਨਾਲ ਉਹ ਪਰਾਏ ਬਣ ਜਾਂਦੇ ਹਨ।
੧੮੦. ਸਭਾ ਵਿੱਚ ਬੈਠਣ ਸਮੇਂ ਹਰੇਕ ਦੇ ਗੁਣਾਂ ਨੂੰ ਪ੍ਰਗਟ ਕਰੋ।
੧੮੧. ਤੋਹਫੇ ਦੇਣ ਦੀ ਬਜਾਏ ਲੋੜਵੰਦ ਨੂੰ ਮਾਇਆ ਦੇਵੋ।
੧੮੨. ਦਸਤਾਰ ਦੀ ਪਰਖ ਕਿਰਦਾਰ ਤੋਂ ਹੁੰਦੀ ਹੈ।
੧੮੩. ਤਾਹਨੇ ਮੇਹਣੇ ਮਾਰਨ ਨਾਲੋਂ ਸਿੱਧੇ ਰੂਪ ਵਿੱਚ ਬੇਨਤੀਆਂ ਕਰਨ ਦਾ ਸੁਭਾਅ ਬਣਾਓ।
੧੮੪. ਆਪਣੀ ਅੱਖ ਤੇ ਜੁਬਾਨ ਨੂੰ ਕਾਬੂ ਵਿੱਚ ਰੱਖੋ।
੧੮੫. ਖਰਚ ਘਟਾਉਣ ਲਈ ਆਪਣੇ ਤੋਂ ਗਰੀਬ ਵਿਅਕਤੀ ਵੱਲ ਨਿਗਾ ਮਾਰੋ।
੧੮੬. ਨਵੀਂ ਚੀਜ ਖਰੀਦਣ ਤੋਂ ਪਹਿਲਾਂ ਪੁਰਾਣੀ ਬਾਰੇ ਜਰੂਰ ਸੋਚੋ।
੧੮੭. ਵਿਦਿਆਰਥੀ ਨੂੰ ਆਪਣੇ ਮਿੱਤਰਾਂ ਦੀ ਪਰਖ ਆਪਣੇ ਮਾਪਿਆਂ ਜਾਂ ਉਸਤਾਦ ਤੋਂ ਕਰਾਉਣੀ ਚਾਹੀਦੀ ਹੈ।
੧੮੮. ਭੈੜੇ ਮਨੁੱਖ ਨਾਲੋਂ ਸਬੰਧ ਤੋੜ ਲਵੋ। ਬਦਲਾ ਲੈਣ ਬਾਰੇ ਨਾ ਸੋਚੋ।
੧੮੯. ਜਾਇਦਾਦ ਵਾਸਤੇ ਕਿਸੇ ਦਾ ਕਤਲ ਨਾ ਕਰੋ।
੧੯੦. ਬੇਸਮਝ ਬੀਬੀਆਂ ਧਾਗੇ ਤਵੀਤਾਂ ਦੇ ਚੱਕਰ ਵਿੱਚ ਪੈ ਕੇ ਆਪਣੇ ਪਰਿਵਾਰ ਨੂੰ ਖਤਮ ਕਰ ਲੈਂਦੀਆਂ ਹਨ।
੧੯੧. ਸਾਹਮਣੇ ਪਏ ਸੱਪ ਨਾਲੋਂ ਪਹਿਲਾਂ ਬੁੱਕਲ ਦੇ ਸੱਪ ਤੋਂ ਬਚੋ।
੧੯੨. ਆਪਣੇ ਬੱਚਿਆਂ ਨੂੰ ਬਚਪਨ ਤੋਂ ਗੁਰਮਤਿ ਦੇ ਧਾਰਨੀ ਬਣਾਉ। ਗੁਰਮਤਿ ਮਹਾਂਪੁਰਖਾਂ ਦੀ ਸੰਗਤ ਵਿੱਚੋਂ ਮਿਲਦੀ ਹੈ।
੧੯੩. ਆਪਣੇ ਬੱਚਿਆਂ ਨੂੰ ਪਾਰਖੂ ਬਣਾਉ ਪਰ ਨਫਰਤ ਤੋਂ ਬਚਾਉ।
੧੯੪. ਮੁਆਫ ਕਰਨ ਵਾਲਾ ਵੱਡਾ ਹੁੰਦਾ ਹੈ।
੧੯੫. ਆਪਣੀ ਕਮਜੋਰੀ ਬਾਰੇ ਜਰੂਰ ਸੋਚੋ।
੧੯੬. ਵਡਿਆਂ ਦੀ ਟੋਕ ਨੂੰ ਸਿਖਿਆ ਸਮਝ ਕੇ ਸਵੀਕਾਰ ਕਰੋ।
੧੯੭. ਕਿਸੇ ਨੂੰ ਦੋਸ਼ ਨਾ ਦਿਉ।
੧੯੮. ਜਿਸ ਭਾਂਡੇ ਵਿੱਚ ਖਾਈਏ ਉਸ ਨੂੰ ਨਾ ਭੰਨੋ।
੧੯੯. ਕ੍ਰੋਧ ਆਉਣ ਸਮੇਂ ਪਾਣੀ ਪੀਉ।
੨੦੦. ਦੂਜੇ ਦੇ ਕੰਮ ਨੂੰ ਵਿਗਾੜਨ ਵਾਲਾ ਰਾਖਸ਼ ਹੁੰਦਾ ਹੈ।
੨੦੧. ਜਿਸ ਕੋਲੋਂ ਆਪਣਾ ਸਤਿਕਾਰ ਚਾਹੁੰਦੇ ਹੋ ਉਸ ਪਾਸੋਂ ਕਦੇ ਕੁਝ ਨਾ ਮੰਗੋ।
੨੦੨. ਜਿਸ ਇਸਤਰੀ ਦੇ ਨੇਤਰਾਂ ਵਿੱਚ ਲੱਜਿਆ ਅਤੇ ਸ਼ਰਮ ਨਹੀਂ ਉਹ ਘਰ ਨਹੀਂ ਵਸਾ ਸਕਦੀ।

੨੦੩. ਪਰਮੇਸ਼ਰ ਭਗਤਾਂ ਲਈ ਕਿਰਪਾਲੂ ਅਤੇ ਪਾਪੀਆਂ ਲਈ ਨਿਆਂਇਕਾਰੀ ਹੈ।

੨੦੪. ਨਿੰਦਕਾਂ ਦਾ ਵਾਸਾ ਨਰਕਾਂ ਵਿੱਚ ਹੁੰਦਾ ਹੈ।

੨੦੫. ਔਖੇ ਸਮੇਂ ਲਈ ਮਾਇਆ ਸੰਭਾਲਣੀ ਸਮਝਦਾਰੀ ਹੈ।

੨੦੬. ਖੋਤੇ ਤੋਂ ਡਿਗ ਕੇ ਘੁਮਿਆਰ ਤੇ ਗੁੱਸਾ ਕਰਨਾ ਠੀਕ ਨਹੀਂ ਭਾਵ ਦੂਜੇ ਤੇ ਗੁੱਸਾ ਨਾ ਕੱਢੋ।

੨੦੭. ਪਾਪ ਕਰਮ ਹੋਣ ਤੇ ਗੁਰੂ ਸਾਹਮਣੇ ਮਹਾਂਪੁਰਖਾਂ ਰਾਹੀਂ ਭੁੱਲ ਬਖਸ਼ਾਓ।

੨੦੮. ਚੰਗੀ ਜਾਂ ਮਾੜੀ ਸੁਣ ਕੇ ਕਦੇ ਗੁੱਸਾ ਨਾ ਕਰੋ।

੨੦੯. ਗੁੱਸੇ ਵਾਲਾ ਮਨੁੱਖ ਤਰੱਕੀ ਨਹੀਂ ਕਰ ਸਕਦਾ।

੨੧੦. ਗੁੱਸਾ ਵਿਚਾਰ ਨਾਲ ਸ਼ਾਂਤ ਕਰਨ ਦਾ ਸੁਭਾਅ ਬਣਾਓ।

੨੧੧. ਆਪਣੇ ਵਿਰੋਧੀ ਵਿਚਾਰਾਂ ਵਾਲੇ ਦੀ ਗੱਲ ਸੁਣਨ ਵਾਸਤੇ ਉਪਰਾਲੇ ਕਰੋ।

੨੧੨. ਮੂਰਖ ਨੂੰ ਗੁੱਸਾ ਜਿਆਦਾ ਆਉਂਦਾ ਹੈ। ਉਸ ਤੋਂ ਬਚੋ।

੨੧੩. ਦਲੀਲਹੀਣ ਮਨੁੱਖ ਮਰਨ ਦਾ ਡਰਾਵਾ ਦਿੰਦਾ ਹੈ। ਉਸ ਨੂੰ ਗੁਰ ਇਤਿਹਾਸ ਸੁਣਾਓ।

੨੧੪. ਸਤਿ ਪੁਰਖ ਦੂਜਿਆਂ ਦੇ ਬੱਚਿਆਂ ਨੂੰ ਮੱਤ ਦੇ ਕੇ ਖੁਸ਼ ਰਹਿੰਦਾ ਹੈ।

੨੧੫. ਦੁਨੀਆ ਦਾ ਸਭ ਤੋਂ ਚੰਗਾ ਦੋਸਤ ਤੁਹਾਡਾ ਆਪਣਾ ਇਰਾਦਾ ਹੈ।

੨੧੬. ਮਾਤਾ ਪਿਤਾ ਦੀਆਂ ਕਮਜੋਰੀਆਂ ਦਾ ਰੌਲਾ ਪਾਉਣ ਵਾਲਾ ਮੂਰਖ ਹੁੰਦਾ ਹੈ।

੨੧੭. ਮਾਤਾ ਪਿਤਾ ਦੀਆਂ ਕਮਜੋਰੀਆਂ ਤੋਂ ਸਾਵਧਾਨ ਰਹਿਣ ਵਾਲਾ ਅਕਲਮੰਦ ਹੁੰਦਾ ਹੈ।

੨੧੮. ਮਾਤਾ ਪਿਤਾ ਦੀ ਸੇਵਾ ਕਰਨ ਨਾਲ ਮਨ ਸਾਰੀ ਜਿੰਦਗੀ ਟਕਾਅ ਵਿੱਚ ਰਹਿੰਦਾ ਹੈ।

੨੧੯. ਮਾਪਿਆਂ ਦੀ ਸੇਵਾ ਭਾਗਾਂ ਨਾਲ ਮਿਲਦੀ ਹੈ।

੨੨੦. ਮਾਤਾ ਪਿਤਾ ਦੀ ਸੇਵਾ ਕਰਨੀ ਧੀਆਂ ਪੁੱਤਰਾਂ ਦਾ ਧਰਮ ਹੈ।

੨੨੧. ਮਾਤਾ ਪਿਤਾ ਤੋਂ ਗਲਤੀ ਛੁਪਾਉਣਾ ਪਾਪ ਹੈ।

੨੨੨. ਗਲਤੀ ਹੋਣ ਤੇ ਮਾਤਾ ਪਿਤਾ ਕੋਲ ਕਿਸੇ ਰਿਸ਼ਤੇਦਾਰ ਨੂੰ ਲੈ ਕੇ ਭੁੱਲ ਬਖਸ਼ਾਓ।

੨੨੩. ਨਲਾਇਕ ਧੀ ਪੁੱਤ ਆਪਣੇ ਮਾਪਿਆਂ ਦੀ ਗੱਲ ਨਹੀਂ ਸੁਣਦਾ।

੨੨੪. ਪਾਪੀ ਆਪਣੇ ਮਾਤਾ ਪਿਤਾ ਨਾਲ ਝਗੜਦਾ ਹੈ। ਉਸ ਦਾ ਵਿਸਾਹ ਨਾ ਕਰੋ।

੨੨੫. ਗਲਤੀ ਨੂੰ ਸਵੀਕਾਰ ਕਰਨ ਨਾਲ ਅਹੰਕਾਰ ਖਤਮ ਹੁੰਦਾ ਹੈ।

## ਯਯੇ ਅੱਖਰਾਂ ਵਾਲੇ ਪਾਠਾਂ ਦਾ ਉਚਾਰਨ

| ਪਾਠ | ਉਚਾਰਨ | ਅਰਥ |
|---|---|---|
| ਦੁਯਾ | ਦੁਇਆ | ਦੂਜਾ |
| ਦਯੁ | ਦਈਉ | ਪ੍ਰੇਰਕ,ਦਿਆਲੂ |
| ਦਯੈ | ਦਈਐ | ਪ੍ਰੇਰਕ ਨੂੰ |
| ਦੁਯੈ | ਦੁਇਐ | ਦ੍ਵੈਤ ਭਾਵ |
| ਭਯਾ | ਭਈਆ | ਭਾਈ,ਭਰਾ |
| ਰਯਤਿ | ਰਈਅਤਿ | ਪਰਜਾ |
| ਦਯਿ | ਦਈਇ | ਪ੍ਰੇਰਕ,ਦਿਆਲੂ |
| ਮੁਯੇ | ਮੁਈਏ | ਪਿਆਰੀਏ |
| ਪਾਯੰ | ਪਾਇਅੰ | ਪਾਉਣਾ |
| ਰਮਯੇ | ਰਮਈਏ | ਰਮਿਆ ਹੋਇਆ |
| ਅਯੋ | ਅਇਓ | ਆਇਆ |
| ਦੁਯੀ | ਦੁਇਈ | ਦੂਜੀ |
| ਅਯਾਨਾ | ਅਇਆਨਾ | ਬਾਲਕ ਅਞਾਣਾ |
| ਕਾਯਾ | ਕਾਇਆ | ਦੇਹ,ਸਰੀਰ |
| ਪਯਾ | ਪਇਆ | ਪਈ,ਲਿਖਤ |
| ਕਾਯਉ | ਕਾਇਅਉ | ਦੇਹ/ਸਰੀਰ |
| ਭੈਯਾਨ | ਭੈਇਆਨ | ਭੈ ਦਾਇਕ |
| ਤੁਯੰ | ਤੁਇਅੰ | ਤੇਰੀ,ਤੇਰੇ ਤੇ |
| ਮਯਰ | ਮਇਅਰ | ਸਰੂਪ |
| ਧਾਯੰਤੇ | ਧਾਇਅੰਤੇ | ਧਾਵਾ ਕਰਨਾ |
| ਰਮਣੀਯ | ਰਮਣੀਅ | ਸੁੰਦਰ |
| ਪਯਾਲ | ਪਇਆਲ | ਪਤਾਲ |
| ਦ੍ਰਿੜੰਤਣਹ: | ਦ੍ਰਿੜੰਤਣਹ | ਦ੍ਰਿੜ ਕਰਨਾ |

## ਮਹੱਲੇ ਪਦ ਦਾ ਉਚਾਰਨ

ਮਹਾਂਪੁਰਖਾਂ ਨੇ ਸੰਥਿਆ ਦੌਰਾਨ ਸਾਰੇ ਵਿਦਿਆਰਥੀਆਂ ਨੂੰ ਸਮਝਾਇਆ ਕਿ 'ਮਹੱਲਾ' ਉਚਾਰਨ ਕਰਨਾ ਹੈ। ਅੱਜ ਕੱਲ੍ਹ ਕਈ ਸਿੰਘ 'ਮਹਿਲਾ' ਉਚਾਰਨ ਲੱਗ ਪਏ ਹਨ ਜੋ ਕਿ ਠੀਕ ਨਹੀਂ। ਜਦੋਂ ਦਸਵੇਂ ਪਾਤਿਸ਼ਾਹ ਨੇ ਦਮਦਮਾ ਸਾਹਿਬ ਵਿਖੇ ਆਦਿ ਦੀ ਲੜੀਵਾਰ ਕਥਾ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸੁਣਾਈ ਸੀ ਉਸ ਸਮੇਂ 'ਮਹੱਲਾ' ਉਚਾਰਨ ਕਰਵਾਇਆ ਸੀ। ਉਸ ਸਮੇਂ ਤੋਂ ਲੈ ਕੇ ਸਾਰਿਆਂ ਤਖਤ ਸਾਹਿਬਾਨ ਅਤੇ ਇਤਿਹਾਸਿਕ ਅਸਥਾਨਾ ਤੇ 'ਮਹੱਲਾ' ਉਚਾਰਨ ਕੀਤਾ ਜਾ ਰਿਹਾ ਹੈ। ਉਸ ਸਮੇਂ ਤੋਂ ਲੈ ਕੇ ਸਾਰੀਆਂ ਸੰਪਰਦਾਵਾਂ ਦੇ ਵਿਦਿਆਰਥੀ ਸੀਨਾ ਬਸੀਨਾ 'ਮਹੱਲਾ' ਹੀ ਉਚਾਰਨ ਕਰਦੇ ਆ ਰਹੇ ਹਨ। ਹੁਣ ਪਿੱਛੇ ਜਿਹੇ ਸ਼੍ਰੋਮਣੀ ਕਮੇਟੀ ਨੇ ਵੀ ਇੱਕ ਪੱਤਰ ਸਾਰੇ ਗੁਰੂ ਘਰਾਂ ਨੂੰ ਭੇਜਿਆ ਸੀ ਜੋ ਇੱਥੇ ਦਰਸਾਇਆ ਜਾਂਦਾ ਹੈ।

ੴ

ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਪਤ੍ਰਿਕਾ ਨੰ 2478/8-3, ਮਿਤੀ 19-07-80 ਦਾ ਉਤਾਰਾ

ਸਮੂਹ ਮੈਨੇਜਰ ਸਾਹਿਬਾਨ,
ਗੁਰਦੁਆਰਾ ਸਾਹਿਬਾਨ ਸੈਕਸ਼ਨ 85,

**ਪ੍ਰਯੋਜਨ:- ਗੁਰਬਾਣੀ ਮਹੱਲਾ ਪੱਦ ਦਾ ਉਚਾਰਨ**

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ, ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਰਿਪੋਰਟ ਪੁੱਜੀ ਹੈ ਕਿ ਕਈ ਗ੍ਰੰਥੀ ਸਿੰਘ ਜਾਂ ਪਾਠੀ ਸਿੰਘ ਗੁਰਬਾਣੀ ਵਿੱਚ ਗੁਰੂ ਸਾਹਿਬਾਨ ਲਈ ਵਰਤਿਆ ਮਹੱਲਾ ਪਦ ਦੀ ਥਾਂ ਮਹਿਲਾ ਪਦ ਦਾ ਉਚਾਰਨ ਕਰਦੇ ਹਨ ਜੋ ਸ਼ੁੱਧ ਨਹੀਂ ਹੈ। ਪੁਰਾਤਨ ਸਮੇਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਤਖਤ ਸਾਹਿਬਾਨ, ਇਤਿਹਾਸਕ ਗੁਰਦੁਆਰਾ ਸਾਹਿਬਾਨ ਅਥਵਾ ਸਿੱਖ ਸੰਪਰਦਾਵਾਂ ਦੇ ਅਸਥਾਨਾਂ ਵਿੱਚ ਮਹੱਲਾ ਉਚਾਰਨ ਦੀ ਪ੍ਰੰਪਰਾ ਚੱਲੀ ਆ ਰਹੀ ਹੈ। ਇਸ ਲਈ ਪ੍ਰਧਾਨ ਸਾਹਿਬ ਨੇ ਲਿਖਣ ਦੀ ਆਗਿਆ ਕੀਤੀ ਹੈ ਕਿ ਸਿੰਘ ਸਾਹਿਬਾਨ ਦੀ ਵਿਚਾਰ ਅਨੁਸਾਰ ਮਹੱਲਾ ਉਚਾਰਨ ਹੀ ਰਹਿਣਾ ਚਾਹੀਦਾ ਹੈ। ਸੋ ਆਪ ਜੀ ਨੇ ਸਮੂਹ ਗ੍ਰੰਥੀ ਸਿੰਘ/ ਪਾਠੀ ਸਿੰਘਾਂ ਨੂੰ ਹਦਾਇਤ ਕਰਨ ਦੀ ਖੇਚਲ ਕਰਨੀ ਕਿ ਉਹ ਗੁਰਬਾਣੀ ਦਾ ਵਾਕ ਲੈਣ ਤੇ ਪਾਠ ਕਰਨ ਸਮੇਂ ਮਹੱਲਾ ਉਚਾਰਨ ਕਰਿਆ ਕਰਨ।

ਸਹੀ/-
ਸਕੱਤਰ,
ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ,
ਸ਼੍ਰੀ ਅੰਮ੍ਰਿਤਸਰ ਸਾਹਿਬ,

ੴ

ਨੰਬਰ...... ਮਿਤੀ 21-08-80

ਉਤਾਰਾ:- ਸਮੂਹ ਗ੍ਰੰਥੀ ਸਿੰਘਾਂ ਪਾਸ ਤੁਰੰਤ ਅਮਲ ਕਰਨ ਹਿਤ

ਅਜੀਤ ਸਿੰਘ ਮੈਨੇਜਰ,
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

**ਸਮਾਪਤੀ ਦਾ ਮੰਗਲ**

*ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥*
*ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ॥*
*ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥*
*ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੇ ਸਦਾ ਬਿਬੇਕ॥*
*ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥*
*ਹੇ ਸੰਤਾ ਕੇ ਸਦਾ ਸੰਗ ਨਿਧਾਰਾ ਅਧਾਰ॥*
*ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥*
*ਨਾਨਕ ਦੀਜੈ ਨਾਮ ਦਾਨੁ ਰਾਖਉਂ ਹੀਐ ਪਰੋਇ॥*
*ਆਇ ਪ੍ਰਭ ਸਰਨਾਗਤੀ ਕਿਰਪਾਨਿਧਿ ਦਇਆਲ॥*
*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥*
*ਵਾਹਿਗੁਰੂ ਨਾਮ ਜਹਾਜ ਹੈ ਚੜ੍ਹੇ ਸੁ ਉਤਰੇ ਪਾਰ॥*
*ਜੋ ਸ਼ਰਧਾ ਕਰ ਸੇਂਵਦੇ ਪਾਰ ਉਤਾਰਨਿ ਹਾਰ॥*

***ਸਲੋਕੁ***

*ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥*
*ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥*
*ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥*
*ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥*
*ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥*
*ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥*
*ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥*
*ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥*
*ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥1॥*

***ਆਦਿ 250***

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

ਯਾਦਗਾਰੀ ਤਸਵੀਰਾਂ

ਪੰਨਾ **667** ਤੋਂ **674** ਤੱਕ



ਸੰਗੀ ਸਾਥੀ ਸਗਲ ਤਰਾਈ॥




ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥



ਗੁਰਸਿਖਾ ਕੀ ਭੁਖ ਸਭ ਗਈ ਤਿਨ੍ ਪਿਛੈ ਹੋਰ ਖਾਇ ਘਨੇਰੀ॥



ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥



**ਸਭ ਤੇ ਊਤਮ ਹਰਿ ਕੀ ਕਥਾ॥**



**ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥**



ਐਸੀ ਪ੍ਰੀਤਿ ਕਰਹੁ ਮਨ ਮੇਰੇ॥ ਆਠ ਪਹਰ ਪ੍ਰਭ ਜਾਨਹੁ ਨੇਰੇ॥



ਏਕੁ ਬਗੀਚਾ ਪੇਡ ਘਨ ਕਰਿਆ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥



ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥



ਸਚੁ ਮੰਤ੍ਰ ਤੁਮਾਰਾ ਅੰਮ੍ਰਿਤ ਬਾਣੀ॥



ਸੰਤ ਕਾ ਸੰਗੁ ਵਡਭਾਗੀ ਪਾਈਐ ॥



ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ॥




ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥



ਅਤਿ ਊਚਾ ਤਾ ਕਾ ਦਰਬਾਰਾ॥



ਸੁਣਿ ਹਰਿ ਕਥਾ ਉਤਾਰੀ ਮੈਲੁ॥